172

# PUNJAB VIDHAN SABHA

## DEBATES

*Friday, the 18th March, 2005*

**Vol. IX - No. 1**

OFFICIAL REPORT

CONTENTS




**Punjab Vidhan Sabha Secretariat, Chandigarh**

**Price : Rs.** 1.00

# PUNJAB VIDHAN SABHA

*Friday, the 18th March, 2005*

*The Vidhan Sabha met in the Punjab Vidhan Sabha Hall, Vidhan Bhawan, Sector 1, Chandigarh, at 4.00 P.M. Mr. Speaker (Doctor Kewal Krishan) in the Chair.*

---

## OATH OF AFFIRMATION

**ਮਾਨਯੋਗ ਸਪੀਕਰ :** ਸਰਦਾਰ ਹਰਪ੍ਰਤਾਪ ਸਿੰਘ ਜੀ, ਐਮ.ਐਲ.ਏ. ਸਹੁੰ ਚੁੱਕਣ ਦੀ ਰਸਮ ਲਈ ਤਸ਼ਰੀਫ ਲਿਆਉਣ। (ਥੰਪਿੰਗ)

**Sardar Harpartap Singh Ajnala** who has been elected from Ajnala Constituency took oath in English. (Thumping)

---

## OBITUARY REFERENCES

**Mr. Speaker : Obituary references. C.M. Sahib.**

**Chief Minister (Captain Amarinder Singh) :** Speaker Sir, it is my sad duty to stand here to farewell to so many Members, who have been in this House and served the State. But, we all have to go some day. However, they will always be part of annals of history of Punjab and this country.

Firstly, Speaker Sir, I am deeply grieved and I think we all are on the sad demise of Shri P.V. Narasimha Rao, Ex-Prime Minister of our country who left us on 23rd December, 2004. He was 83. He was born at Village Vangra, District Karim Nagar in Andhra Pradesh on 28th June, 1921. He remained Prime Minister of our country from 1991 to 1996. Earlier to this he had been the Chief Minister of Andhra Pradesh for three years from 1971 onwards and remained elected Legislative Member for 20 years from Manbani constituency. During the regime of Mrs. Indira Gandhi and Shri Rajiv Gandhi, he worked as Foreign Minister, Defence Minister, Home Minister and Human Resources Development Minister in the Central Government. With his sad demise, the country has been deprived of the services of an eminent politician with profound grief and sorrow. I pay my sincere homage to him.

**[Chief Minister]**

Speaker, Sir, I am deeply grieved on the demise of Chaudhary Matu Ram,. Ex-M.L.A. Punjab, who left us on 22nd December, 2004. He was born at Village Bhikhwara, District Alwar in Rajasthan in 1914. He started his political career in the year 1930 and was later elected as M.L.A. on Congress Party ticket from Muktsar constituency. He remained as Honorary Sub Registrar in the Kairon Ministry. He worked as President of Nagar Council, Muktsar and remained its member for 50 years. He was the first President of All India Dhanak Bradri and he was given Dhanak Ratna Award. In the year 1979, he was elected M.LA. from Malout constituency for the second time on Congress ticket and was appointed Parliamentary Secretary. With his sad demise, the society has been deprived of the services of an eminent politician. With profound grief and sorrow, I pay my sincere homage to him. Mr. Speaker, Sir with profound grief and sorry I pay my sincere homage on the death of S. Surjit Singh Sidhu,Ex-M.L.A., Punjab who left for his heavenly abode on 17th January, 2005.

He was born at Bhatinda on 15th October, 1930. He was elected from Pakka Kalan Constituency in 1972. With his sad demise, the State has been deprived of the services of an eminent politician. With profound grief and sorry, I pay my sincere homage to him.

Mr. Speaker, Sir, with profound grief and sorrow I pay my sincere homage on the death of Sh. Ajit Singh, Ex-M.L.A. Punjab who left for his heavenly abode on 25th January, 2005. He was born at Bhatinda on 19th February, 1925. He was elected as M.L.A. on Congress ticket from Talwandi Sabo Constituency in the year 1969. With his sad demise, the State has been deprived of the services of an eminent politician. With profound grief and sorrow, I pay my sincere homage to him.

Mr. Speaker, Sir, we all are deeply grieved on the sad demise of Sardar Ujagar Singh Rangretta, Ex-M.L.A. on 17th March, 2005. He was born in Ram Dass town in Amritsar on 23rd March, 1923 and was elected from Verka as an M.L.A. in 1977. He remained a member of S.G.P.C. for 17 years and remained Vice President for 6 years and he also remained Acting President of S.G.P.C. for 3 and half years. With his sad demise, the State has been deprived of the services of an eminent politician. With profound grief and sorrow, we pay our sincere homage to him.

Mr. Speaker, Sir, I am also filled with grief on the death of Shri Raj Singh Kapur, Freedom Fighter who left for his heavenly abode on 24th December, 2004 at the age of 88. He was born at Sheikhupura in Pakistan and remained in jail during the Freedom Struggle in Sialkot for 1 year and 3 months. With his sad demise, the State has been deprived of the services of a great freedom fighter. With profound grief and sorrow, I pay my sincere homage to him.

We have also Mr. Speaker, Sir, recently lost Shri Bal Kishan Singh, International Hockey Olympian who left for his heavenly abode on 31st December, 2004. He was born on 10th March, 1933. He remained a Chief International Coach and our National Hockey Coach at NIS, Patiala from 1969 to 1986. He was Captain of Indian Railway Hockey Team in 1957, 1958, 1959 and 1961 and played in Indian Hockey Team in the Olympics held at Melbourne in 1956 and at Rome in 1960. He remained Hockey coach of the Indian Hockey Team for about 20 years which participated in Olympics held in the year 1968, 1987 and 1992. He was also an Arjuna Awardee. He retired as Regional Director Sports, North Zone from the All India Sports Authority in 1995 and with his sad demise, the State has been deprived of the services of an eminent Sports Personality. With profound grief and sorrow, I pay my sincere homage to him.

Mr. Speaker, Sir, we also have lost Professor Gursewak Singh ji former Director Education (Colleges) and former Vice Chancellor, Punjabi University, Patiala who left for his heavenly abode on 9th February, 2005. He was born in 1923 and took an active part in sports. He remained a Vice President of the Indian Hockey Federation and virtually remained Advisor in Indian Olympic Association. He remained memeber of the Punjab State Planning Board also. With his sad demise, the State has been deprived of an eminent educationist. With profound grief and sorrow, I pay my sincere homage to him. We have also Mr. Speaker, Sir, sadly lost Mr. Gurcharan Singh Deepak Jaitoi, an eminent Gazalkar and Shair, who left for his heavenly abode on 12th February, 2005. He was born at Jaito on 26th April, 1919 and he devoted his life for patronizing Punjabi Culture and for the promotion of Punjabi

**[Chief Minister]**

Music. He was honoured with Shiromani Punjabi Kavi Award by Punjab Government and also with Punjabi Sahitiya Academy Award. With his sad demise, the State has been deprived of the services of a prominent Gazalkar. With profound grief and sorrow. I pay my sincere homage to him.

Lastly, Speaker Sir, I come to a very sad happening which took place in this part of the world, which was Tsunami, which devasted part of Tamil Nadu, Andaman and Nicobar Islands, Pondicherry, Kerala, Sri Lanka, Indonesia, etc. We don't know exactly how many people lost their lives in this Tsunami. Figures vary. When I was in the Nicobar, at that time a few bodies had been recovered and there were 5,000 people still missing. This is one of the greatest tragedies of this period and I think we all, I am sure, offer our condolences to those families who have suffered and we wish that God gives all of them a chance to recover in their lives. The Government of India is taking a great deal of the care for the reconstruction of these areas and people. Punjab had contributed a little bit. We wish that the life returns to normalcy and that the people there have a bright future ahead. We regret very much over what has happened there. These are the things, which are not in our head. All we can do, we can extend the help to the best of our ability.

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਸਾਡੇ ਦੇਸ਼ ਦੀਆਂ ਅਤੇ ਸਾਡੇ ਸੂਬੇ ਦੀਆਂ ਕੁਝ ਮਹਾਨ ਸ਼ਖਸੀਅਤਾਂ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ ਜਿਨ੍ਹਾਂ ਦਾ ਸਾਨੂੰ ਬਹੁਤ ਅਫ਼ਸੋਸ ਹੈ ਤੇ ਸਾਨੂੰ ਬਹੁਤ ਘਾਟਾ ਪਿਆ ਹੈ। ਇਹੋ ਜਿਹੀਆਂ ਦੁਖਦਾਈ ਘਟਨਾਵਾਂ ਵੀ ਹੋਈਆਂ ਹਨ ਜਿਨ੍ਹਾਂ ਨਾਲ ਬਹੁਤ ਵੱਡਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਸ਼੍ਰੀ ਪੀ.ਵੀ. ਨਰਸਿੰਮ੍ਹਾ ਰਾਓ, ਜਿਹੜੇ 1991 ਤੋਂ 1994 ਤੱਕ ਸਾਡੇ ਦੇਸ਼ ਦੇ ਪੰਜ ਸਾਲ ਪ੍ਰਧਾਨ ਮੰਤਰੀ ਰਹੇ ਹਨ, ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਗਹਿਰਾ ਦੁੱਖ ਹੈ, ਬਹੁਤ ਅਫ਼ਸੋਸ ਹੈ। ਉਨ੍ਹਾਂ ਨੇ ਵੱਖ-ਵੱਖ ਤਰੀਕਿਆਂ ਨਾਲ, ਵੱਖ-ਵੱਖ ਪੁਜ਼ੀਸ਼ਨਾਂ ਵਿੱਚ ਦੇਸ਼ ਦੀ ਸੇਵਾ ਕੀਤੀ। ਉਹ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਔਰ ਲੰਮਾ ਸਮਾਂ 20 ਸਾਲ ਦੇ ਕਰੀਬ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਵੀ ਰਹੇ। ਉਨ੍ਹਾਂ ਨੇ ਦੇਸ਼ ਦੇ ਫੱਰਨ ਮਨਿਸਟਰ ਦੇ ਤੌਰ ਤੇ, ਡਿਫੈਂਸ ਮਨਿਸਟਰ ਦੇ ਤੌਰ ਤੇ, ਹੋਮ ਮਨਿਸਟਰ ਦੇ ਤੌਰ ਤੇ ਅਤੇ ਹਿਊਮਨ ਰਿਸੋਰਸਿਜ਼ ਐਂਡ ਡਿਵੈਲਪਮੈਂਟ ਮਨਿਸਟਰ ਦੇ ਤੌਰ ਤੇ ਵੀ ਦੇਸ਼ ਦੀ ਸੇਵਾ ਕੀਤੀ। ਉਹ ਬਹੁਤ ਵਿਦਵਾਨ ਸਨ, ਲਿਖਾਰੀ ਸਨ ਔਰ ਉਨ੍ਹਾਂ ਨੇ ਰਿਟਾਇਰ ਹੋਣ ਤੋਂ ਬਾਅਦ ਇਕ ਕਿਤਾਬ ਜਿਸਦਾ ਨਾਂ "The Insiders" ਭੀ ਲਿਖੀ। ਉਨ੍ਹਾਂ ਦੇ ਚਲੇ ਜਾਣ ਦਾ ਸਾਡੇ ਦੇਸ਼ ਨੂੰ ਅਤੇ ਸਮੁੱਚੀ ਮਨੁੱਖਤਾ ਨੂੰ ਬਹੁਤ ਹੀ ਦੁਖ ਅਤੇ ਅਫਸੋਸ ਹੈ। ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਜਲੀ ਭੇਟ ਕਰਦਾ ਹਾਂ।

ਸਪੀਕਰ ਸਾਹਿਬ, ਚੌਧਰੀ ਮਾਤੂ ਰਾਮ ਜੀ ਇਸ ਸਦਨ ਦੇ ਦੋ ਵਾਰ ਮੈਂਬਰ ਰਹੇ। ਉਹ ਇਕ ਦਫਾ ਮੁਕਤਸਰ ਅਸੈਂਬਲੀ ਕਾਂਸਟੀਚੂਐਂਸੀ ਦੇ ਵਿਚੋਂ ਜਿੱਤੇ, ਇਕ ਦਫਾ ਮਲੋਟ ਕਾਂਸਟੀਚੂਐਂਸੀ ਤੋਂ ਜਿੱਤੇ। ਉਨ੍ਹਾਂ ਦਾ ਤੁਆਲੱਕ ਧਾਨਿਕ ਬਰਾਦਰੀ ਨਾਲ ਸੀ, ਉਹ ਆਲ ਇੰਡੀਆ ਧਾਨਿਕ ਬਰਾਦਰੀ ਦੇ ਪਹਿਲੇ ਪ੍ਰੈਜ਼ੀਡੈਂਟ ਵੀ ਰਹੇ, ਸੂਬੇ ਦੇ ਪਾਰਲੀਮੈਂਟਰੀ ਸੈਕਟਰੀ ਵੀ ਰਹੇ ਔਰ ਮਿਊਂਸੀਪਲ ਕਮੇਟੀ, ਮੁਕਤਸਰ ਦੇ ਉਹ ਲੰਮਾ ਸਮਾਂ ਮੈਂਬਰ ਵੀ ਰਹੇ ਅਤੇ ਪ੍ਰੈਜ਼ੀਡੈਂਟ ਵੀ ਰਹੇ। ਉਹ ਬੜੇ ਸੱਚੇ ਸੁੱਚੇ ਇਨਸਾਨ ਸਨ ਅਤੇ ਉਨ੍ਹਾਂ ਦੀ ਆਦਤ ਸੀ ਕਿ ਜੋ ਸੱਚ ਹੈ ਉਸ ਤੇ ਪਹਿਰਾ ਦੇਣਾ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਮਾਜ ਨੂੰ ਬਹੁਤ ਘਾਟਾ ਪਿਆ ਹੈ।

ਸਰਦਾਰ ਸੁਰਜੀਤ ਸਿੰਘ, ਐਮ.ਐਲ.ਏ. ਜਿਨ੍ਹਾਂ ਦਾ ਜਨਮ ਬਠਿੰਡਾ ਹੋਇਆ ਔਰ ਉਹ ਪੱਕਾ ਕਲਾਂ ਕਾਂਸਟੀਚੂਐਂਸੀ ਤੋਂ 1973 ਵਿੱਚ ਇਲੈਕਟ ਹੋਏ। ਉਹ ਬਹੁਤ ਅੱਛੇ ਪਾਰਲੀਮੈਂਟੇਰੀਅਨ ਵੀ ਸਨ ਔਰ ਸਮਾਜ ਸੇਵਕ ਵੀ ਸਨ। ਉਨ੍ਹਾਂ ਦੇ ਚਲੇ ਜਾਣ ਦਾ ਵੀ ਬਹੁਤ ਗਹਿਰਾ ਦੁਖ ਅਤੇ ਅਫ਼ਸੋਸ ਹੈ। ਉਨ੍ਹਾਂ ਨੂੰ ਵੀ ਮੈਂ ਆਪਣੀ ਪਾਰਟੀ ਵੱਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਏਸੇ ਤਰ੍ਹਾਂ ਹੀ ਸਰਦਾਰ ਅਜੀਤ ਸਿੰਘ ਜੀ ਵੀ ਬਠਿੰਡਾ ਜ਼ਿਲ੍ਹੇ ਦੇ ਹੀ ਹਨ ਔਰ ਬਠਿੰਡੇ ਹੀ ਉਹ ਪੈਦਾ ਹੋਏ। ਤਲਵੰਡੀ ਸਾਬੋ ਤੋਂ ਉਹ ਐਮ.ਐਲ.ਏ. ਬਣੇ। ਉਨ੍ਹਾਂ ਦੀ ਵੀ ਇਹ ਬਹੁਤ ਦੁਖਦਾਈ ਖਬਰ ਹੈ ਕਿ ਉਹ ਸਾਨੂੰ ਜ਼ੁਦਾਈ ਦੇ ਗਏ ਹਨ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਸਰਦਾਰ ਉਜਾਗਰ ਸਿੰਘ ਰੰਘਰੇਟਾ ਜਿਨ੍ਹਾਂ ਨੇ ਲੰਮਾ ਸਮਾਂ ਫੌਜ ਵਿੱਚ ਵੀ ਸੇਵਾ ਕੀਤੀ। ਧਾਰਮਿਕ ਤੌਰ ਤੇ, ਸਿਆਸੀ ਤੌਰ ਤੇ ਉਨ੍ਹਾਂ ਦੀ ਜਿਹੜੀ ਸੇਵਾ ਹੈ ਉਹ ਬੜੀ ਹੀ ਅਹਿਮ ਹੈ। ਉਹ 1997 ਵਿਚ ਐਮ.ਐਲ.ਏ. ਬਣੇ। ਉਹ 17 ਸਾਲ ਤੱਕ ਐਸ.ਜੀ.ਪੀ.ਸੀ. ਦੇ ਮੈਂਬਰ ਰਹੇ। ਉਹ ਐਸ.ਜੀ.ਪੀ.ਸੀ. ਦੇ ਵਾਈਸ ਪ੍ਰੈਜ਼ੀਡੈਂਟ ਵੀ ਰਹੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰੈਜ਼ੀਡੈਂਟ ਵੀ ਰਹੇ। ਉਨ੍ਹਾਂ ਨੇ ਆਪਣੀ ਡਿਊਟੀ ਬੜੀ ਚੰਗੀ ਤਰ੍ਹਾਂ ਸਰਅੰਜ਼ਾਮ ਦਿੱਤੀ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਗਹਿਰਾ ਦੁਖ ਅਤੇ ਗਹਿਰਾ ਅਫ਼ਸੋਸ ਹੈ।

ਸ਼੍ਰੀ ਰਾਜ ਸਿੰਘ ਕਪੂਰ ਇਕ ਬੜੇ ਵੱਡੇ ਫਰੀਡਮ ਫਾਈਟਰ ਸਨ ਅਤੇ ਉਹ 88 ਸਾਲ ਦੀ ਉਮਰ ਵਿਚ ਸਾਨੂੰ ਜੁਦਾਈ ਦੇ ਗਏ ਹਨ। ਉਨ੍ਹਾਂ ਨੇ ਫਰੀਡਮ ਮੂਵਮੈਂਟ ਵਿਚ ਹਿੱਸਾ ਲਿਆ ਅਤੇ ਸਿਆਲਕੋਟ ਵਿਚ ਲੰਮਾ ਸਮਾਂ ਜੇਲ੍ਹ ਦੀ ਯਾਤਰਾ ਕੀਤੀ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਅਫ਼ਸੋਸ ਹੈ।

ਸ਼੍ਰੀ ਬਾਲ ਕਿਸ਼ਨ ਸਿੰਘ ਹਾਕੀ ਦੇ ਇੰਟਰਨੈਸ਼ਨਲ ਪਲੇਅਰ ਹੋਏ ਹਨ। ਉਹ ਇੰਟਰਨੈਸ਼ਨਲ ਕੋਚ ਰਹੇ ਹਨ ਅਤੇ ਨੈਸ਼ਨਲ ਹਾਕੀ ਦੇ ਕੋਚ ਦੇ ਤੌਰ ਤੇ ਐਨ.ਆਈ.ਐਸ., ਪਟਿਆਲਾ ਵਿਚ 1969 ਤੋਂ ਲੈ ਕੇ 1986 ਤੱਕ ਉਨ੍ਹਾਂ ਨੇ ਕੋਚਿੰਗ ਦਿੱਤੀ। ਉਹ ਰੇਲਵੇ ਦੀ ਹਾਕੀ ਟੀਮ ਦੇ 4-5 ਵਾਰ ਕੈਪਟਨ ਰਹੇ ਹਨ। ਉਨ੍ਹਾਂ ਨੇ ਓਲੰਪਿਕਸ ਵਿਚ ਵੀ ਪਾਰਟ ਲਿਆ। ਉਹ ਅਰਜਨ ਐਵਾਰਡੀ ਵੀ ਸਨ। ਉਹ ਆਲ ਇੰਡੀਆ ਸਪੋਰਟਸ ਅਥਾਰਟੀ ਤੋਂ 1995 ਵਿਚ ਰੀਜਨਲ ਡਾਇਰੈਕਟਰ ਸਪੋਰਟਸ, ਨਾਰਥ ਜੋਨ ਦੇ ਅਹੁਦੇ ਤੋਂ ਰਿਟਾਇਰ ਹੋਏ। ਉਹ ਹਿੰਦੁਸਤਾਨ ਦੇ ਬੜੇ ਵੱਡੇ ਸਪੋਰਟਸਮੈਨ ਸਨ। ਉਹ ਸਾਥੋਂ ਵਿਛੜ ਗਏ ਹਨ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਗਹਿਰਾ ਦੁਖ ਹੈ।

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਰਦਾਰ ਗੁਰਸੇਵਕ ਸਿੰਘ ਬੜੇ ਵੱਡੇ ਐਜੂਕੇਸ਼ਨਿਸਟ ਸਨ। ਉਨ੍ਹਾਂ ਦੀ ਖੇਡਾਂ ਵਿਚ ਵੀ ਬੜੀ ਦਿਲਚਸਪੀ ਸੀ। ਉਹ ਡਾਇਰੈਕਟਰ ਐਜੂਕੇਸ਼ਨ, ਪੰਜਾਬ (ਕਾਲਜਿਜ਼) ਅਤੇ ਵਾਈਸ-ਚਾਂਸਲਰ ਵੀ ਰਹੇ ਹਨ। ਉਹ ਹਾਕੀ ਫੈਡਰੇਸ਼ਨ ਦੇ ਵਾਈਸ ਪ੍ਰੈਜ਼ੀਡੈਂਟ ਵੀ ਰਹੇ ਹਨ। ਉਹ ਉਲੰਪਿਕ ਐਸੋਸੀਏਸ਼ਨ ਦੇ ਐਡਵਾਈਜ਼ਰ ਵੀ ਰਹੇ ਹਨ। ਸਟੇਟ ਪਲਾਨਿੰਗ ਬੋਰਡ ਦੇ ਮੈਂਬਰ ਵੀ ਰਹੇ ਹਨ। ਉਹ ਵੀ ਸਾਥੋਂ ਵਿਛੜ ਗਏ ਹਨ। ਉਨ੍ਹਾਂ ਦੇ ਵਿਛੜਨ ਦਾ ਵੀ ਸਾਨੂੰ ਅਫ਼ਸੋਸ ਹੈ।

ਇਸੇ ਤਰ੍ਹਾਂ ਸ਼੍ਰੀ ਗੁਰਚਰਨ ਸਿੰਘ ਦੀਪਕ ਜੈਤੋਈ ਹਿੰਦੁਸਤਾਨ ਦੇ ਮੰਨੇ-ਪ੍ਰਮੰਨੇ ਸ਼ਾਇਰ ਸਨ। ਉਹ ਵੀ ਸਾਡੇ ਕੋਲੋਂ ਚਲੇ ਗਏ ਹਨ। ਉਹ ਜੈਤੋ ਵੀ ਰਹਿੰਦੇ ਸਨ। ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਕਵੀ ਐਵਾਰਡ ਅਤੇ ਪੰਜਾਬ ਸਾਹਿਤ ਅਕਾਦਮੀ ਦਾ ਐਵਾਰਡ ਵੀ ਦਿੱਤਾ ਗਿਆ। ਉਨ੍ਹਾਂ ਦੇ ਚਲੇ ਜਾਣ ਨਾਲ ਅਸੀਂ ਇਕ ਅਹਿਮ ਸਖਸ਼ੀਅਤ ਤੋਂ ਵਾਂਝੇ ਹੋ ਗਏ ਹਾਂ।

ਸਪੀਕਰ ਸਾਹਿਬ, ਇਸ ਸਦੀ ਦਾ, ਮੈਂ ਕਹਾਂਗਾ ਕਿ ਸਭ ਤੋਂ ਵੱਡਾ ਨੁਕਸਾਨ ਜਿਸ ਵਿਚ ਮਨੁੱਖਤਾ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ, ਉਹ ਸੁਨਾਮੀ ਲਹਿਰਾਂ ਅਤੇ ਸਮੁੰਦਰੀ ਅਰਥਕੁਐਕ ਨਾਲ ਹੋਇਆ ਹੈ। ਇਹ ਬਹੁਤ ਵੱਡਾ ਨੁਕਸਾਨ ਹੋਇਆ ਹੈ। ਹਿੰਦੁਸਤਾਨ ਵਿਚ ਇਹ ਤਾਮਿਲਨਾਡੂ ਵਿਚ ਹੋਇਆ ਹੈ। ਇਸੇ ਤਰ੍ਹਾਂ ਨਿਕੋਬਾਰ ਅਤੇ ਅੰਡੇਮਾਨ ਜ਼ਜ਼ੀਰਿਆਂ ਵਿਚ ਵੀ ਨੁਕਸਾਨ ਹੋਇਆ ਹੈ। ਮੈਨੂੰ ਵੀ ਤਾਮਿਲਨਾਡੂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਮੈਂ ਰੱਖੜਾ ਪਰਿਵਾਰ ਦਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਪੰਜ ਕਰੋੜ ਰੁਪਿਆ ਉਥੇ ਪੀੜਤਾਂ ਵਾਸਤੇ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਉਥੇ ਇਕ ਮਹੀਨਾ ਲੰਗਰ ਲਗਾਇਆ ਹੈ ਜਿਸ ਦੇ ਨਾਲ ਪੰਜਾਬ ਦਾ ਉਥੋਂ ਦੇ ਲੋਕਾਂ ਵਿਚ ਬੜਾ ਸਤਿਕਾਰ ਅਤੇ ਪਿਆਰ ਵਧਿਆ ਹੈ। ਇਸੇ ਤਰ੍ਹਾਂ ਅੰਡੇਮਾਨ ਅਤੇ ਨਿਕੋਬਾਰ ਵਿਖੇ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਆਪਣੀ ਟੀਮ ਭੇਜੀ ਜਿਸ ਨੇ ਉਥੇ ਉਨ੍ਹਾਂ ਸਾਰਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਜੋ ਦੁਖ ਤਕਲੀਫਾਂ ਸਨ, ਉਹ ਲਿਖ ਕੇ ਲਿਆਏ। ਫਿਰ ਉਥੇ ਖੁਦ ਬੀਬੀ ਜਗੀਰ ਕੌਰ ਪ੍ਰਧਾਨ, ਸ਼੍ਰੋਮਣੀ ਕਮੇਟੀ ਅਤੇ ਉਨ੍ਹਾਂ ਦੇ ਨਾਲ ਹੋਰ ਮੈਂਬਰ ਸਾਹਿਬਾਨ ਉਥੇ ਗਏ। ਇਕ ਕਰੋੜ ਰੁਪਿਆ ਉਨ੍ਹਾਂ ਨੇ ਉਥੇ ਦਿੱਤਾ। ਹੁਣ ਵੀ ਉਨ੍ਹਾਂ ਲੋਕਾਂ ਦੇ ਨਾਲ ਤਾਲਮੇਲ ਕੀਤਾ ਹੋਇਆ ਹੈ। ਅਗਰ ਕਿਸੇ ਵੀ ਤਰ੍ਹਾਂ ਦਾ ਦੁਖ ਜਾਂ ਤਕਲੀਫ ਉਨ੍ਹਾਂ ਨੂੰ ਹੋਵੇਗੀ ਤਾਂ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਪੂਰਾ ਭਰੋਸਾ ਦਿਵਾਇਆ ਹੈ ਕਿ ਉਹ ਉਨ੍ਹਾਂ ਦੀ ਪੂਰੀ ਮਦਦ ਕਰੇਗੀ। ਇਹ ਇਤਨਾ ਵੱਡਾ ਨੁਕਸਾਨ ਹੈ ਜਿਹੜਾ ਕਿ ਕਦੀ ਵੀ ਪੂਰਾ ਨਹੀਂ ਹੋ ਸਕਦਾ। ਲੇਕਿਨ ਦੇਸ਼ ਦੇ ਲੋਕਾਂ ਨੇ, ਸਮੁੱਚੇ ਦੇਸ਼ ਨੇ ਇਸ ਦੁਖਦ ਸਮੇਂ ਵਿੱਚ ਉਨ੍ਹਾਂ ਦੀ ਹਮਦਰਦੀ ਵਾਸਤੇ ਬਹੁਤ ਹੀ ਯੋਗਦਾਨ ਪਾਇਆ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜੋ ਸਾਰੇ ਵਿਅਕਤੀ ਸਾਡੇ ਤੋਂ ਵਿਛੜੇ ਹਨ ਉਨ੍ਹਾਂ ਦੇ ਪਰਿਵਾਰਾਂ ਨੂੰ ਸਾਨੂੰ ਮਤਾ ਪਾਸ ਕਰਕੇ ਭੇਜਣਾ ਚਾਹੀਦਾ ਹੈ ਔਰ ਉਨ੍ਹਾਂ ਦੇ ਦੁਖ ਵਿੱਚ ਸ਼ਰੀਕ ਹੋਣਾ ਚਾਹੀਦਾ ਹੈ। ਬਹੁਤ-ਬਹੁਤ ਧੰਨਵਾਦ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਸਪੀਕਰ ਸਾਹਿਬ, ਹਰ ਸੈਸ਼ਨ ਦੇ ਪਹਿਲੇ ਦਿਨ ਅਸੀਂ ਉਨ੍ਹਾਂ ਰੂਹਾਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਦਾ ਸੂਬੇ ਵਿੱਚ, ਦੇਸ਼ ਵਿਚ ਜਾਂ ਸਮਾਜ ਵਿਚ ਕੋਈ ਬਹੁਤ ਵੱਡਾ ਯੋਗਦਾਨ ਹੁੰਦਾ ਹੈ ਜਾਂ ਅਜਿਹੀਆਂ ਘਟਨਾਵਾਂ ਦੇ ਵਿੱਚ ਬਹੁਤ ਵੱਡੀ ਗਿਣਤੀ ਦੇ ਵਿੱਚ ਲੋਕ ਮਾਰੇ ਜਾਂਦੇ ਹਨ ਜਿਸ ਦੇ ਨਾਲ ਇਨਸਾਨੀ ਦਿਲ ਹਿੱਲ ਕੇ ਰਹਿ ਜਾਂਦੇ ਹਨ। ਮੈਨੂੰ ਯਾਦ ਹੈ ਸਪੀਕਰ ਸਾਹਿਬ, ਕਿ ਪਿਛਲੇ ਸੈਸ਼ਨ ਦੇ ਦੌਰਾਨ ਇਕ ਬਹੁਤ ਵੱਡੀ

ਰੇਲ ਦੁਰਘਟਨਾ ਮੁਕੇਰੀਆਂ ਵਿਖੇ ਹੋਈ ਸੀ ਅਤੇ ਉਥੇ ਮੁੱਖ ਮੰਤਰੀ ਸਾਹਿਬ ਵੀ ਗਏ ਸਨ ਅਤੇ ਤੁਸੀਂ ਵੀ ਗਏ ਸੀ। ਸਾਰੇ ਹਾਊਸ ਵਿੱਚ ਬਹੁਤ ਜਿਆਦਾ ਦੁਖ ਸੀ ਪਰ ਇਹ ਨਹੀਂ ਪਤਾ ਸੀ ਕਿ ਥੋੜ੍ਹੇ ਦਿਨ ਬਾਅਦ ਹੀ ਸਾਰੇ ਮੁਲਕ ਨੂੰ ਇਕ ਬਹੁਤ ਵੱਡੀ ਦੁਰਘਟਨਾ ਸਹਿਣ ਕਰਨ ਲਈ ਤਿਆਰ ਹੋਣਾ ਪਵੇਗਾ। ਭਾਰਤ, ਸ੍ਰੀ ਲੰਕਾ, ਮਲੇਸ਼ੀਆ ਔਰ ਜੋ ਸਾਡੇ ਦੱਖਣ ਪਾਸੇ ਦੇ ਬਹੁਤ ਸਾਰੇ ਮੁਲਕ ਹਨ ਉਨ੍ਹਾਂ ਦੇ ਵਿੱਚ ਸੁਨਾਮੀ ਲਹਿਰਾਂ ਦਾ ਜੋ ਤਾਂਡਵ ਨ੍ਰਿਤ ਹੋਇਆ, ਜੋ ਇਨਸਾਨੀਅਤ ਦਾ ਘਾਣ ਹੋਇਆ ਔਰ ਬੜੀ ਵੱਡੀ ਗਿਣਤੀ ਵਿੱਚ ਲੋਕ ਮਾਰੇ ਗਏ, ਹਜ਼ਾਰਾਂ ਘਰ ਉਜੱੜ ਗਏ, ਕਈ ਬੱਚੇ ਅਨਾਥ ਹੋ ਗਏ, ਕਈ ਔਰਤਾਂ ਔਰ ਸਾਡੀਆਂ ਭੈਣਾਂ ਵਿਧਵਾ ਹੋ ਗਈਆਂ ਔਰ ਕਈਆਂ ਦੇ ਬੱਚੇ ਉਨ੍ਹਾਂ ਤੋਂ ਵਿਛੜ ਗਏ, ਇਕ ਬਹੁਤ ਵੱਡਾ ਹਾਦਸਾ ਸੀ। ਸਾਰੀ ਦੁਨੀਆਂ ਦੇ ਦੇਸ਼ਾਂ ਨੇ ਇਸਦੇ ਵਿੱਚ ਸਹਾਇਤਾ ਦੇ ਰੂਪ ਵਿੱਚ ਯੋਗਦਾਨ ਪਾਇਆ। ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੇ ਵੀ, ਸਾਡੀਆਂ ਵੱਖ-ਵੱਖ ਸਿਆਸੀ ਪਾਰਟੀਆਂ ਨੇ ਵੀ ਐਮ.ਐਲ.ਏ., ਐਮ.ਪੀ. ਸਾਹਿਬਾਨ ਦੇ ਰਾਹੀਂ ਇਸ ਘਟਨਾਂ ਵਿੱਚ ਜਿੰਨਾ ਨੁਕਸਾਨ ਹੋਇਆ, ਉਨ੍ਹਾਂ ਦੀ ਥੋੜ੍ਹੀ ਬਹੁਤ ਮਦਦ ਕਰਨ ਦੀ ਕੋਸ਼ਿਸ਼ ਕੀਤੀ ਪਰ ਸਪੀਕਰ ਸਾਹਿਬ, ਅੱਜ ਵੀ ਬਹੁਤ ਸਾਰੇ ਲੋਕ ਜੋ ਕਾਰੋਬਾਰ ਤੋਂ ਉੱਜੜ ਚੁੱਕੇ ਹਨ, ਪੰਜਾਬ ਦੇ ਵੀ ਬਹੁਤ ਸਾਰੇ ਐਸੇ ਲੋਕ ਹਨ ਜਿਨ੍ਹਾਂ ਦੀਆਂ ਨੌਕਰੀਆਂ ਛੁਟ ਗਈਆਂ ਉਨ੍ਹਾਂ ਦੀ ਮਦਦ ਦੇ ਕਈ ਉਪਰਾਲੇ ਹੋਏ ਵੀ ਹਨ ਪਰ ਹਾਲੇ ਵੀ ਉਨ੍ਹਾਂ ਨੂੰ ਮਦਦ ਦੀ ਲੋੜ ਹੈ। ਮੈਂ ਵੀ ਆਪਣੇ ਵੱਲੋਂ ਦੁਖ ਦਾ ਪ੍ਰਗਟਾਵਾ ਕਰਦਾ ਹੋਇਆ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਇਸੇ ਤਰ੍ਹਾਂ ਪਿਛਲੇ ਸਮੇਂ ਦੇ ਵਿੱਚ ਵੱਖ-ਵੱਖ ਸਖਸ਼ੀਅਤਾਂ ਜਿਨ੍ਹਾਂ ਦਾ ਨਾਮ ਇਸ ਦੇਸ਼ ਵਿੱਚ, ਸੂਬੇ ਵਿੱਚ ਸੀ, ਉਹ ਵੀ ਸਾਨੂੰ ਸਦੀਵੀਂ ਵਿਛੋੜਾ ਦੇ ਗਈਆਂ ਹਨ, ਜਿਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਸ਼ਖਸੀਅਤ ਸ੍ਰੀ ਪੀ.ਵੀ.ਨਰਸਿੰਮਾ ਰਾਓ ਦਾ ਨਾਮ ਹੈ। ਉਹ ਇਕ ਬਹੁਤ ਹੀ ਸੁਲਝੇ ਹੋਏ ਰਾਜਨੀਤਿਕ ਸਨ ਅਤੇ ਲਿਖਾਰੀ ਵੀ ਸਨ ਔਰ ਉਨ੍ਹਾਂ ਨੇ ਵੱਖ-ਵੱਖ ਜ਼ਿਮੇਵਾਰੀਆਂ ਨਿਭਾਉਂਦੇ ਹੋਏ ਇਹ ਸਾਬਤ ਕੀਤਾ ਕਿ ਜਿਹੜਾ ਇਨਸਾਨ ਸੰਜੀਦਗੀ ਦੇ ਨਾਲ, ਈਮਾਨਦਾਰੀ ਦੇ ਨਾਲ ਰਾਜਨੀਤਿਕ ਖੇਤਰ ਵਿੱਚ ਉਤਰਦਾ ਹੈ, ਉਹ ਕੁਝ ਨਾ ਕੁਝ ਕਰਕੇ ਦਿਖਾਉਂਦਾ ਹੈ। ਇਹ ਮੁਲਕ ਸ੍ਰੀ ਪੀ.ਵੀ. ਨਰਸਿੰਮਾ ਰਾਓ ਅਤੇ ਉਨ੍ਹਾਂ ਦੀ ਦੇਸ਼ ਪ੍ਰਤੀ ਸੇਵਾਵਾਂ ਨੂੰ ਨਹੀਂ ਭੁਲਾ ਸਕਦਾ। ਮੈਂ ਵੀ ਵਿਛੜੀ ਆਤਮਾ ਦੀ ਆਤਮਿਕ ਸ਼ਾਂਤੀ ਲਈ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸ ਤੋਂ ਬਾਅਦ, ਚੌਧਰੀ ਮਾਤੂ ਰਾਮ ਜੀ, ਸਾਬਕਾ ਐਮ.ਐਲ.ਏ. ਜੀ ਨੇ ਵੀ ਸੂਬੇ ਦੀ ਬਿਹਤਰੀ ਲਈ ਬਹੁਤ ਯੋਗਦਾਨ ਪਾਇਆ ਚਾਹੇ ਉਹ ਮਿਊਂਸਪਲ ਕਮੇਟੀ ਦੇ ਮੈਂਬਰ ਰਹੇ ਜਾਂ ਪ੍ਰਧਾਨ ਰਹੇ, ਚਾਹੇ ਐਮ.ਐਲ.ਏ. ਚੁਣੇ ਗਏ, ਉਹ ਇਕ ਚੰਗੇ ਲੇਜਿਸਲੇਟਰ, ਲੋਕਾਂ ਦਾ ਦਿਲ ਜਿੱਤਣ ਵਾਲੇ, ਲੋਕਾਂ ਦੀ ਸੇਵਾ ਕਰਨ ਵਾਲੇ ਸਨ। ਇਸੇ ਤਰ੍ਹਾਂ ਸਰਦਾਰ ਸੁਰਜੀਤ ਸਿੰਘ ਜੀ ਸਿੱਧੂ, ਸਾਬਕਾ ਐਲ.ਐਮ.ਏ., ਬਠਿੰਡਾ ਜ਼ਿਲ੍ਹੇ ਨੂੰ ਬੀਲੌਂਗ ਕਰਦੇ ਸਨ। ਤਲਵੰਡੀ ਸਾਬੋ ਤੋਂ ਉਹ ਐਮ.ਐਲ.ਏ. ਬਣੇ। 1972 ਵਿੱਚ ਉਹ ਪੱਕਾ ਕਲਾਂ ਤੋਂ ਐਮ.ਐਲ.ਏ. ਬਣੇ। ਅੱਜ ਉਹ ਸਾਡੇ ਵਿੱਚ ਨਹੀਂ ਹਨ। ਉਨ੍ਹਾਂ ਦੁਆਰਾ ਪਾਏ ਯੋਗਦਾਨ ਨੂੰ ਇਹ ਹਾਊਸ ਹਮੇਸ਼ਾ ਯਾਦ ਰੱਖੇਗਾ।

ਸਰਦਾਰ ਅਜੀਤ ਸਿੰਘ, ਸਾਬਕਾ ਐਮ.ਐਲ.ਏ. ਜੋ ਸਾਡੇ ਵਿਚੋਂ ਚਲੇ ਗਏ ਹਨ, ਇਸ ਵਿਛੜੀ ਰੂਹ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

[ਸ਼੍ਰੀ ਤਿਕਸ਼ਨ ਸੂਦ]

ਸਰਦਾਰ ਉਜਾਗਰ ਸਿੰਘ ਜੀ ਰੰਘਰੇਟਾ, ਸਾਬਕਾ ਐਮ.ਐਲ.ਏ. ਸਾਡੇ ਵਿੱਚੋਂ ਚਲੇ ਗਏ ਹਨ। ਉਹ ਪਿਛਲੀ ਵਿਧਾਨ ਸਭਾ ਵਿੱਚ ਸਾਡੇ ਨਾਲ ਕੁਲੀਗ ਰਹੇ। ਬਹੁਤ ਵਾਰ ਉਨ੍ਹਾਂ ਨਾਲ ਮਿਲਨ ਹੁੰਦਾ ਸੀ। ਇੱਕ ਪਿਆਰੀ ਸ਼ਖਸੀਅਤ ਦੇ ਉਹ ਮਾਲਕ ਸਨ। ਐਸ.ਜੀ.ਪੀ.ਸੀ. ਦੀ ਵੀ ਉਨ੍ਹਾਂ ਨੂੰ ਬਤੌਰ ਮੈਂਬਰ, ਬਤੌਰ ਵਾਈਸ ਪ੍ਰੈਜ਼ੀਡੈਂਟ, ਬਤੌਰ ਐਕਟਿੰਗ ਪ੍ਰੈਜ਼ੀਡੈਂਟ ਸੇਵਾ ਕਰਨ ਦਾ ਮੌਕਾ ਮਿਲਿਆ। ਉਹ ਹਮੇਸ਼ਾ ਹੀ ਲੋਕਾਂ ਦੇ ਦੁਖ ਦਰਦ ਵਿੱਚ ਸ਼ਾਮਲ ਹੁੰਦੇ ਸਨ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਰਾਜ ਸਿੰਘ ਜੀ ਕਪੂਰ, ਸੁਤੰਤਰਤਾ ਸੰਗਰਾਮੀ ਸਾਡੇ ਵਿੱਚੋਂ ਚਲੇ ਗਏ ਹਨ। ਸਪੀਕਰ ਸਾਹਿਬ, ਹੁਣ ਤਾਂ ਬਹੁਤ ਘੱਟ ਗਿਣਤੀ ਵਿੱਚ ਸੁਤੰਤਰਤਾ ਸੰਗਰਾਮੀ ਬਚੇ ਹਨ। ਉਨ੍ਹਾਂ ਦੁਆਰਾ ਪਾਏ ਯੋਗਦਾਨ ਸਦਕਾ ਹੀ ਅੱਜ ਅਸੀਂ ਇੱਥੇ ਬੈਠੇ ਹਾਂ ਅਤੇ ਲੋਕਤੰਤਰ ਦਾ ਅਨੰਦ ਮਾਣ ਰਹੇ ਹਾਂ। ਇਹ ਸਾਰੀ ਘਾਲਣਾ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੇ ਆਪਣਾ ਬਲੀਦਾਨ ਦੇ ਕੇ, ਘਰ ਬਾਰ ਛੱਡ ਕੇ, ਆਪਣੀਆਂ ਜਾਨਾਂ ਦੀ ਬਾਜ਼ੀ ਲਗਾ ਕੇ ਇਸ ਦੇਸ਼ ਨੂੰ ਅਜ਼ਾਦ ਕਰਵਾਇਆ।

ਇਸੇ ਤਰ੍ਹਾਂ ਬਾਲ ਕਿਸ਼ਨ ਸਿੰਘ, ਜੋ ਕਿ ਉਲੰਪੀਅਨ ਅਤੇ ਹਾਕੀ ਖਿਡਾਰੀ ਰਹੇ, ਸਾਡੇ ਵਿੱਚੋਂ ਚਲੇ ਗਏ ਹਨ। ਹਾਕੀ ਵਿੱਚ ਉਨ੍ਹਾਂ ਦਾ ਬਹੁਤ ਨਾਂ ਸੀ। ਹਾਕੀ ਵਿੱਚ ਹਿੰਦੁਸਤਾਨ ਹਮੇਸ਼ਾਂ ਬਾਜ਼ੀ ਮਾਰਦਾ ਸੀ। ਇਹ ਇਸ ਕਰਕੇ ਸੀ ਕਿਉਂਕਿ ਇਸ ਤਰ੍ਹਾਂ ਦੇ ਖਿਲਾੜੀ ਹਿੰਦੁਸਤਾਨ ਵਿੱਚ ਹੋਏ। ਬਤੌਰ ਰੇਲਵੇ ਦੀ ਹਾਕੀ ਟੀਮ, ਹਿੰਦੁਸਤਾਨ ਦੀ ਹਾਕੀ ਟੀਮ ਵਿੱਚ ਉਨ੍ਹਾਂ ਨੇ ਖਿਲਾੜੀ ਅਤੇ ਫਿਰ ਕੋਚ ਵਜੋਂ ਨਾਂ ਕਮਾਇਆ। ਖੇਡਾਂ ਦੇ ਖੇਤਰ ਵਿੱਚ ਉਨ੍ਹਾਂ ਦੁਆਰਾ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਇਸੇ ਤਰ੍ਹਾਂ, ਸ਼੍ਰੀ ਗੁਰਚਰਨ ਸਿੰਘ ਦੀਪਕ ਜੈਤੋਈ ਇੱਕ ਉਘੇ ਗਜ਼ਲਕਾਰ ਅਤੇ ਸ਼ਾਇਰ ਸਨ। ਉਹ ਵੀ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਸਾਰੇ ਪਰਿਵਾਰ ਨੂੰ ਮੈਂ ਬਹੁਤ ਵਾਰ ਮਿਲਿਆ ਹਾਂ। ਇਹ ਸਾਰਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਹੈ। ਉਨ੍ਹਾਂ ਦੀ ਭੈਣ ਬੀਬੀ ਗੁਰਚਰਨ ਕੌਰ ਜੀ ਭਾਰਤੀ ਜਨਤਾ ਪਾਰਟੀ ਵਲੋਂ ਰਾਜ ਸਭਾ ਵਿੱਚ ਪਿਛਲੇ ਪੰਜ ਸਾਲ ਮੈਂਬਰ ਰਹੇ। ਉਨ੍ਹਾਂ ਦੇ ਇੱਕ ਭਰਾ ਪਰਵਾਨਾ ਜੀ ਸਨ ਜੋ ਕਿ ਦੇਸ਼ ਭਗਤ ਵੀ ਸਨ ਅਤੇ ਇੱਕ ਕਵੀ ਵੀ ਸਨ ਪਰ ਅੱਤਵਾਦ ਦੇ ਦੌਰਾਨ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਇਸ ਤਰ੍ਹਾਂ ਇਸ ਪਰਿਵਾਰ ਦੀ ਬਹੁਤ ਵੱਡੀ ਦੇਣ ਹੈ। ਉਨ੍ਹਾਂ ਨੇ ਪੰਜਾਬੀ ਕਲਚਰ, ਪੰਜਾਬੀ ਸੱਭਿਆਚਾਰ, ਪੰਜਾਬੀ ਕਵਿਤਾ, ਪੰਜਾਬੀ ਸਾਹਿਤ ਵਿੱਚ ਯੋਗਦਾਨ ਪਾਇਆ ਅਤੇ ਉਸ ਯੋਗਦਾਨ ਨੂੰ ਪੰਜਾਬੀ ਭੁਲਾ ਨਹੀਂ ਸਕਦੇ। ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਕਵੀ ਅਤੇ ਪੰਜਾਬੀ ਅਕਾਦਮੀ ਵੱਲੋਂ ਐਵਾਰਡ ਵੀ ਮਿਲੇ।

ਸਪੀਕਰ ਸਾਹਿਬ, ਇਹ ਸਾਰੀਆਂ ਸ਼ਖਸੀਅਤਾਂ ਸਾਡੇ ਵਿੱਚ ਨਹੀਂ ਹਨ। ਮੈਂ ਇਨ੍ਹਾਂ ਦੇ ਅਕਾਲ ਚਲਾਣੇ ਤੇ ਦੁਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਸਤਿਗੁਰੂ ਅੱਗੇ, ਅਕਾਲ ਪੁਰਖ ਅੱਗੇ, ਪਰਮਾਤਮਾ ਅੱਗੇ, ਵਾਹਿਗੁਰੂ ਅੱਗੇ, ਗਾਡ ਅੱਗੇ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ। ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਹੀ ਅਸੀਂ ਦੇਸ਼ ਦੀ ਡਿਵੈਲਪਮੈਂਟ ਵਿੱਚ ਯੋਗਦਾਨ ਪਾ ਸਕੀਏ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਸਪੀਕਰ ਸਾਹਿਬ, ਅੱਜ ਜਦੋਂ ਇਹ ਸੈਸ਼ਨ ਸ਼ੁਰੂ ਹੋਇਆ ਹੈ ਤੇ ਪਿਛਲੇ ਸੈਸ਼ਨ ਤੋਂ ਲੈ ਕੇ ਹੁਣ ਦੇ ਸੈਸ਼ਨ ਤੱਕ ਕਈ ਮਹਾਨ ਸ਼ਖਸੀਅਤਾਂ ਸਾਡੇ ਵਿੱਚੋਂ ਖੁਸ ਗਈਆਂ ਹਨ। ਅਸੀਂ ਉਨ੍ਹਾਂ ਮਹਾਨ ਸ਼ਖਸੀਅਤਾਂ ਨੂੰ ਯਾਦ ਕਰ ਰਹੇ ਹਾਂ। ਸਪੀਕਰ ਸਾਹਿਬ, ਇਸੇ ਤਰ੍ਹਾਂ ਇਸ ਸਮੇਂ ਦੌਰਾਨ ਇੱਕ ਬਹੁਤ ਵੱਡੀ ਤਬਾਹੀਕੁੰਨ ਘਟਨਾ ਵਾਪਰੀ ਹੈ, ਉਸ ਦਾ ਸਾਨੂੰ ਦੁਖ ਹੈ।

ਸ਼੍ਰੀ ਪੀ.ਵੀ.ਨਰਸਿਮ੍ਹਾ ਰਾਓ ਜੀ ਦੱਖਣ ਵਿੱਚੋਂ ਹਿੰਦੁਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਸਨ। ਉਨ੍ਹਾਂ ਨੇ ਵੱਖ-ਵੱਖ ਅਹੁਦਿਆਂ ਤੇ ਕੰਮ ਕੀਤਾ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਬਹੁਤ ਲੰਬਾ ਸਮਾਂ ਇੱਕ ਗੱਲ ਲਈ ਯਾਦ ਕੀਤਾ ਜਾਵੇਗਾ ਕਿ ਜੋ ਅੱਜ ਦੇਸ਼ ਦਾ ਪ੍ਰਧਾਨ ਮੰਤਰੀ ਹੈ, ਡਾਕਟਰ ਮਨਮੋਹਨ ਸਿੰਘ, ਇਨ੍ਹਾਂ ਨੂੰ ਇੰਡੀਅਨ ਪਾਲੇਟਿਕਸ ਵਿੱਚ ਉਨ੍ਹਾਂ ਨੇ ਇੰਟਰੋਡਿਊਸ ਕੀਤਾ, ਜਿਨ੍ਹਾਂ ਨੇ ਸ਼ੋਸ਼ਲ ਰਿਫਾਰਮਜ਼ ਲਿਆਂਦੀਆ, ਦੇਸ਼ ਦੀ ਇਕਾਨਮੀ ਨੂੰ ਪੈਰਾਂ ਤੇ ਖੜ੍ਹਾ ਕੀਤਾ ਹੈ ਔਰ ਬਹੁਤ ਲੰਬੇ ਸਮੇਂ ਤੱਕ ਜਦੋਂ ਵੀ ਡਾਕਟਰ ਮਨਮੋਹਨ ਸਿੰਘ ਦਾ ਜ਼ਿਕਰ ਆਵੇਗਾ, ਉਸ ਦੇ ਨਾਲ ਪੀ.ਵੀ. ਨਰਸਿਮ੍ਹਾ ਰਾਓ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ। ਉਹ ਅੱਜ ਸਾਡੇ ਤੋਂ ਖੁਸ ਗਏ ਹਨ।

ਸਪੀਕਰ ਸਾਹਿਬ, ਮਾਡੂ ਰਾਮ ਜੀ, ਸਰਦਾਰ ਸੁਰਜੀਤ ਸਿੰਘ ਤੇ ਸਰਦਾਰ ਅਜੀਤ ਸਿੰਘ ਜੀ, ਜਿਹੜੇ ਮੁਕਤਸਰ ਤੋਂ, ਬਠਿੰਡਾ ਤੋਂ ਵੱਖ-ਵੱਖ ਥਾਵਾਂ ਤੋਂ ਸਾਡੇ ਐਮ.ਐਲ.ਏ. ਰਹੇ ਹਨ, ਉਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੈ। ਇਹ ਬੜਾ ਪਵਿੱਤਰ ਸਦਨ ਹੈ। ਸਪੀਕਰ ਸਾਹਿਬ, ਇਥੇ ਕੋਈ ਅਸੀਂ ਸਾਰੀਆਂ ਗੱਲਾਂ ਰਸਮੀ ਨਹੀਂ ਕਰਨੀਆਂ। ਕੁਝ ਗੱਲਾਂ ਹਕੀਕਤ ਹਨ। ਜਿਹੜੇ ਪੁਰਾਣੇ ਪਾਲੀਟੀਸ਼ੀਅਨ ਸਨ, ਉਹ ਬਹੁਤ ਇਮਾਨਦਾਰ ਸਨ। ਉਹ ਪੁਰਾਣੀ ਪੀੜ੍ਹੀ ਸਾਡੇ ਤੋਂ ਜ਼ੁਦਾ ਹੋ ਰਹੀ ਹੈ, ਜਿਨ੍ਹਾਂ ਤੋਂ ਅਸੀਂ ਗਾਈਡੈਂਸ ਲੈਂਦੇ ਸੀ। ਜਿਹੜੇ ਇਸ ਹਾਊਸ ਦੇ ਵਿੱਚ ਸੇਵਾ ਵਾਸਤੇ ਆਉਂਦੇ ਸਨ। ਉਸ ਵੇਲੇ ਤੱਕ ਪੈਸੇ ਦੀ ਕੋਈ ਦੌੜ ਨਹੀਂ ਸੀ ਔਰ ਨਾ ਹੀ ਉਨ੍ਹਾਂ ਲੋਕਾਂ ਨੂੰ ਆਪਣੇ ਪਰਿਵਾਰਾਂ ਤੱਕ ਮੋਹ ਸੀ। ਉਨ੍ਹਾਂ ਨੂੰ ਸਾਰੇ ਪੰਜਾਬ ਨਾਲ ਹਮਦਰਦੀ ਸੀ। ਉਹ ਆਪਣੇ ਇਲਾਕੇ ਦੀ ਡਿਵੈਲਪਮੈਂਟ ਚਾਹੁੰਦੇ ਸਨ। ਉਹ ਦਿਆਨਤਦਾਰ ਲੋਕ ਸਨ। ਅੱਜ ਉਨ੍ਹਾਂ ਲੋਕਾਂ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੈ।

ਸਪੀਕਰ ਸਾਹਿਬ, ਸਰਦਾਰ ਉਜਾਗਰ ਸਿੰਘ ਰੰਘਰੇਟਾ ਥੋੜ੍ਹੇ ਦਿਨ ਹੋਏ ਸਾਡੇ ਤੋਂ ਖੁਸ ਗਏ ਹਨ। ਉਹ ਦੇਸ਼ ਦੀ ਫੌਜ ਦੇ ਸਿਪਾਹੀ ਵੀ ਰਹੇ ਹਨ। ਉਨਾਂ ਨੇ ਫੌਜ਼ ਦੀ ਵੀ ਨੌਕਰੀ ਕੀਤੀ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਵਾਈਸ ਪ੍ਰਧਾਨ ਰਹੇ। ਉਹ ਇਸ ਹਾਊਸ ਦੇ ਮੈਂਬਰ ਵੀ ਸਨ, ਐਮ.ਐਲ.ਏ. ਰਹੇ ਔਰ ਬੜੇ ਹੀ ਸਪੱਸ਼ਟ ਸਨ। ਸਪੀਕਰ ਸਾਹਿਬ, ਅੱਜ ਲੋਕ ਛੋਟੇ-ਛੋਟੇ ਅਹੁਦਿਆਂ ਵਾਸਤੇ ਲੀਡਰਾਂ ਦੀ ਬਹੁਤ ਪ੍ਰਸ਼ੰਸਾ ਕਰਦੇ ਹਨ ਪਰ ਮੈਂ ਉਸ ਇਨਸਾਨ ਨੂੰ ਬਹੁਤ ਲਾਗਿਓਂ ਦੇਖਿਆ ਹੈ। ਉਹ ਵੱਡੇ ਤੋਂ ਵੱਡੇ ਬੰਦੇ ਦੇ ਮੂੰਹ ਤੇ ਸੱਚੀ ਗੱਲ ਕਰਨ ਦੀ ਹਿੰਮਤ ਰੱਖਦੇ ਸਨ। ਅੱਜ ਇਸ ਤਰ੍ਹਾਂ ਦੇ ਬਹੁਤ ਘੱਟ ਲੋਕ ਹਨ। ਅੱਜ ਅਸੀਂ ਆਪਣੇ ਮਤਲਬ ਵਾਸਤੇ, ਆਪਣੇ ਮੁਫਾਦ ਵਾਸਤੇ ਭਾਸ਼ਾ ਜਿਹੜੀ ਹੈ, ਉਹ ਕਈ ਤਰ੍ਹਾਂ ਇਸਤੇਮਾਲ ਕਰਦੇ ਹਾਂ ਪਰ, ਬਹੁਤ ਘੱਟ ਲੋਕ ਹਨ ਜਿਹੜੇ ਸੱਚ ਬੋਲਣ ਵਿੱਚ ਯਕੀਨ ਰੱਖਦੇ ਹਨ ਔਰ ਉਨ੍ਹਾਂ ਨੂੰ ਸੱਚ ਬੋਲਣ ਦਾ ਖਮਿਆਜ਼ਾ ਵੀ ਭੁਗਤਣਾ ਪਿਆ। ਮੈਂ ਸਮਝਦਾ ਹਾਂ ਕਿ ਲੰਬੇ ਸਮੇਂ ਤੱਕ ਐਸੇ ਪਾਲੀਟੀਸ਼ੀਅਨ ਨੂੰ ਸੂਬੇ ਦੇ ਲੋਕ ਯਾਦ ਕਰਨਗੇ, ਜਿਨ੍ਹਾਂ ਵਿੱਚ ਸੱਚ ਬੋਲਣ ਦੀ ਹਿੰਮਤ ਸੀ। ਉਹ ਸਾਡੇ ਤੋਂ ਖੁਸ ਗਏ ਹਨ। ਅਸੀਂ ਸਾਰੇ ਉਨ੍ਹਾਂ ਦੇ ਪਰਿਵਾਰ ਨਾਲ ਦੁਖ ਸਾਂਝਾ ਕਰਦੇ ਹਾਂ।

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਸਪੀਕਰ ਸਾਹਿਬ, ਸਾਡੇ ਕੋਲੋਂ ਮਹਾਨ ਓਲੰਪੀਅਨ, ਮਹਾਨ ਹਾਕੀ ਖਿਡਾਰੀ ਬਾਲ ਕਿਸ਼ਨ ਸਿੰਘ ਜੀ ਖੁਸ ਗਏ ਹਨ, ਜਿਨ੍ਹਾਂ ਨੇ ਇੰਡੀਅਨ ਹਾਕੀ ਨੂੰ ਉਭਾਰਨ ਵਾਸਤੇ ਬੜਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਵੱਖ-ਵੱਖ ਅਹੁਦਿਆਂ ਤੇ ਰਹਿ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ। ਉਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੈ।

ਪ੍ਰੋਫੈਸਰ ਗੁਰਸੇਵਕ ਸਿੰਘ, ਜਿਹੜੇ ਗੌਰਮਿੰਟ ਕਾਲਜ ਰੋਪੜ ਦੇ ਪ੍ਰਿੰਸੀਪਲ ਵੀ ਰਹੇ ਹਨ, ਜਿਹੜੇ ਡੀ.ਪੀ.ਆਈ. (ਕਾਲਜ) ਵੀ ਰਹੇ ਹਨ, ਜਿਹੜੇ ਵਾਈਸ ਚਾਂਸਲਰ ਵੀ ਰਹੇ ਹਨ, ਜਿਨ੍ਹਾਂ ਨੂੰ ਖੇਡਾਂ ਵਿੱਚ ਵੀ ਡੂੰਘੀ ਦਿਲਚਸਪੀ ਸੀ ਔਰ ਬਹੁਤ ਵੱਡੇ ਐਜੂਕੇਸ਼ਨੇਸਿਟ ਸਨ। ਮੈਂ ਪ੍ਰੋਫੈਸਰ ਗੁਰਸੇਵਕ ਸਿੰਘ ਨੂੰ ਦੇਖਿਆ ਹੈ। ਉਨ੍ਹਾਂ ਨੂੰ ਪੰਜਾਬ ਦੀਆਂ ਘਟਨਾਵਾਂ ਦਾ ਬੜਾ ਗਿਆਨ ਹੁੰਦਾ ਸੀ। ਉਨ੍ਹਾਂ ਵਿਚ ਮਾੜੇ ਨੂੰ ਮਾੜਾ ਕਹਿਣ ਦੀ ਹਿੰਮਤ ਸੀ। ਸਪੀਕਰ ਸਾਹਿਬ, ਐਸੇ ਆਦਮੀ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੈ।

ਸਪੀਕਰ ਸਾਹਿਬ, ਸਾਡੇ ਤੋਂ ਸ਼੍ਰੀ ਗੁਰਚਰਨ ਸਿੰਘ ਦੀਪਕ ਜੈਤੋਈ, ਜਿਹੜੇ ਗਜ਼ਲ ਦੇ ਅਤੇ ਸ਼ੇਅਰਾਂ ਦੇ ਮਾਹਿਰ ਸਨ, ਜਿਨ੍ਹਾਂ ਦੇ ਪਿਛੋਕੜ ਬਾਰੇ ਸੂਦ ਸਾਹਿਬ ਨੇ ਦੱਸਿਆ ਹੈ, ਉਹ ਪੁਲੀਟੀਕਲ ਪਰਿਵਾਰ ਦੇ ਨਾਲ ਸਬੰਧਤ ਸਨ ਅਤੇ ਉਨ੍ਹਾਂ ਦਾ ਆਪਣਾ ਜੀਵਨ ਗਜ਼ਲਕਾਰਾਂ ਔਰ ਸ਼ਾਇਰੋ-ਸ਼ਾਇਰੀ ਵਿੱਚ ਬੜਾ ਨਿਪੁੰਨ ਸੀ, ਅਜਿਹੇ ਸੱਜਣ ਦੇ ਜਾਣ ਦਾ ਸਾਨੂੰ ਬੜਾ ਦੁਖ ਹੈ। ਸਪੀਕਰ ਸਾਹਿਬ, ਸਭ ਤੋਂ ਵੱਡਾ ਇਹ ਦੁਖ ਹੈ ਕਿ ਸੁਨਾਮੀ ਲਹਿਰਾਂ ਨੇ ਹਿੰਦੁਸਤਾਨ ਦੇ, ਸ਼੍ਰੀ ਲੰਕਾ ਦੇ ਅਤੇ ਇੰਡੋਨੇਸ਼ੀਆ ਦੇ ਇਲਾਕਿਆਂ ਵਿੱਚ ਬਹੁਤ ਜ਼ਿਆਦਾ ਤਬਾਹੀ ਕੀਤੀ ਹੈ, ਇਹ ਬਹੁਤ ਵੱਡਾ ਦੁਖ ਹੈ। ਉਥੇ ਕਈ ਲੋਕ ਛੁੱਟੀ ਮਨਾਉਣ ਲਈ ਗਏ ਸਨ, ਕੋਈ ਕਿਸੇ ਨੂੰ ਮਿਲਣ ਵਾਸਤੇ ਗਏ ਹੋਏ ਸਨ। ਉਥੇ ਇੰਨੀ ਵੱਡੀ ਤਬਾਹੀ ਹੋਈ ਉਸ ਸਮੁੰਦਰ ਤੋਂ, ਜਿਸ ਦੀ ਕਿ ਅਸੀਂ ਪੂਜਾ ਵੀ ਕਰਦੇ ਹਾਂ। ਜਲ ਨੂੰ ਦੁਖ ਅਤੇ ਸੁਖ ਲਈ ਸਾਥ ਰੱਖਿਆ ਜਾਂਦਾ ਹੈ ਪਰ ਉਸ ਜਲ ਨੇ ਜਿੰਨੀ ਤਬਾਹੀ ਕੀਤੀ ਉਹ ਰੌਂਗਟੇ ਖੜ੍ਹੇ ਕਰਨ ਵਾਲੀ ਹੈ ਔਰ ਇਹ ਸਾਡੇ ਇਕੱਲਿਆਂ ਲਈ ਨਹੀਂ ਸਗੋਂ ਸਾਰੇ ਸੰਸਾਰ ਦੇ ਲਈ ਬੜਾ ਵੱਡਾ ਕਹਿਰ ਹੋਇਆ ਹੈ। ਕਈ ਮਾਸੂਮ ਬੱਚੇ ਜਿਨ੍ਹਾਂ ਨੇ ਜ਼ਿੰਦਗੀ ਦਾ ਹਾਲੇ ਬਹੁਤ ਕੁਝ ਵੇਖਣਾ ਸੀ, ਉਹ ਲੋਕ ਵੀ ਉਥੇ ਗਏ ਹੋਏ ਸਨ, ਉਨ੍ਹਾਂ ਦੇ ਜਾਣ ਦਾ ਬਹੁਤ ਦੁੱਖ ਹੈ। ਇੱਕ ਗੱਲ ਦੀ ਮੈਨੂੰ ਖੁਸ਼ੀ ਹੈ ਕਿ ਪੰਜਾਬ ਦੇ ਲੋਕਾਂ ਨੇ ਜਿਹੜੇ ਕਿ ਉਥੋਂ ਬਹੁਤ ਦੂਰ ਰਹਿਣ ਵਾਲੇ ਹਨ, ਉਨ੍ਹਾਂ ਨੇ ਆਪਣੀਆਂ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰੱਖਦਿਆਂ ਹੋਇਆਂ ਉਥੇ ਲੋਕਾਂ ਦੀ ਮਦਦ ਕੀਤੀ ਹੈ, ਪੰਜਾਬ ਦੇ ਲੋਕ ਹਮੇਸ਼ਾਂ ਹੀ ਕਿਸੇ ਦੇ ਦੁਖ ਸੁਖ ਵਿੱਚ ਭਾਈਵਾਲ ਹੁੰਦੇ ਹਨ, ਉਹ ਦੂਜਿਆਂ ਦੇ ਦੁਖ ਨੂੰ ਆਪਣਾ ਦੁਖ ਸਮਝਦੇ ਹਨ। ਇਸ ਤਰ੍ਹਾਂ ਪੰਜਾਬ ਦੇ ਲੋਕਾਂ ਨੇ ਉਥੇ ਵੀ ਆਪਣੇ ਗੌਰਵਮਈ ਵਿਰਸੇ ਨੂੰ ਕਾਇਮ ਰੱਖਿਆ ਔਰ ਪੰਜਾਬ ਦੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਵੀ ਉਥੇ ਗਏ ਔਰ ਇਨ੍ਹਾਂ ਨੇ ਆਪਣੀ ਇੱਕ ਟੀਮ ਵੀ ਭੇਜੀ ਔਰ ਉਥੇ ਲੋਕਾਂ ਦੀ ਇਮਦਾਦ ਕੀਤੀ ਔਰ ਉਥੇ ਕਈ ਧਾਰਮਿਕ ਅਸਥਾਨਾਂ ਦੀ ਮੁਰੰਮਤ ਵੀ ਕਰਵਾ ਕੇ ਆਏ। ਇਸ ਤੋਂ ਇਲਾਵਾ ਸਰਦਾਰ ਸੁਰਜੀਤ ਸਿੰਘ ਰੱਖੜਾ, ਸਾਡੇ ਮੈਂਬਰ ਸਾਹਿਬ ਨੇ ਵੀ ਉਥੇ ਬਹੁਤ ਸੇਵਾ ਕੀਤੀ ਹੈ। ਸਾਰਾ ਸਦਨ ਇਨ੍ਹਾਂ ਦੀ ਪ੍ਰਸ਼ੰਸਾ ਕਰਦਾ ਹੈ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਉਥੇ ਮਜ਼ਲੂਮਾਂ ਦੀ ਸਹਾਇਤਾ ਵਾਸਤੇ, ਗਰੀਬਾਂ ਦੀ ਸਹਾਇਤਾ ਵਾਸਤੇ, ਬੇਆਸਰੇ ਲੋਕਾਂ ਦੀ ਬਹੁਤ ਮਦਦ ਤੇ ਸੇਵਾ ਕੀਤੀ ਗਈ ਹੈ, ਸਾਰਾ ਹਾਊਸ ਇਨ੍ਹਾਂ ਦੀ ਪ੍ਰਸ਼ੰਸਾ ਕਰਦਾ ਹੈ, ਪੰਜਾਬ ਸਰਕਾਰ ਦੀ ਵੀ, ਸਰਦਾਰ ਸੁਰਜੀਤ ਸਿੰਘ ਰੱਖੜਾ ਸਾਹਿਬ ਅਤੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ, ਜਿਨ੍ਹਾਂ ਨੇ ਉਥੇ ਔਖੇ ਵੇਲੇ ਲੋਕਾਂ ਦੀ ਔਰ ਦੇਸ਼ ਦੇ ਲੋਕਾਂ ਦੀ ਮੋਢਾ ਜੋੜ ਕੇ ਸੇਵਾ ਕੀਤੀ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਔਰ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਉਨ੍ਹਾਂ ਸੱਜਣਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਜਿਹੜੇ ਕਿ ਸਾਡੇ ਕੋਲੋਂ ਜੁਦਾ ਹੋ ਗਏ ਹਨ। ਸਪੀਕਰ ਸਾਹਿਬ, ਮੁਆਫ਼ ਕਰਨਾ ਜੀ। ਸਪੀਕਰ ਸਾਹਿਬ, ਮੈਂ ਇਸ ਪਵਿੱਤਰ ਹਾਊਸ ਦੇ ਵਿੱਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਕੋਲੋਂ ਪਿਛੇ ਜਿਹੇ ਇੱਕ ਉਚ ਕੋਟੀ ਦੀ ਸ਼ਖਸੀਅਤ, ਸੰਤ ਸਿੰਘ ਜੀ ਮਸਕੀਨ ਵਿਛੜ ਗਏ ਹਨ ਜਿਨ੍ਹਾਂ ਦੇ ਬਾਰੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਵਲੋਂ ਵੀ ਅਫ਼ਸੋਸ ਕੀਤਾ ਗਿਆ ਹੈ। ਉਹ ਕਿਸੇ ਵੀ ਪਾਰਟੀ ਨਾਲ ਸਬੰਧ ਨਹੀਂ ਸਨ ਰੱਖਦੇ ਅਤੇ ਨਾ ਹੀ ਕਿਸੇ ਮਜ਼ਹਬ ਦੇ ਖਿਲਾਫ਼ ਸਨ, ਉਹ ਬਹੁਤ ਵਧੀਆ ਪ੍ਰਚਾਰਕ ਸਨ ਔਰ ਇਸ ਤਰੀਕੇ ਨਾਲ ਲੋਕਾਂ ਦੀ ਪੂਰੀ ਸੇਵਾ ਕਰਦੇ ਸਨ। ਉਹ ਇਸ ਸਮਾਜ ਦੀ, ਲੋਕਾਂ ਦੀ ਕਲਯੁੱਗ ਦੇ ਸਮੇਂ ਵਿੱਚ ਬਹੁਤ ਸੇਵਾ ਕਰਦੇ ਸਨ। ਅੱਜ ਦੇ ਸਮੇਂ ਵਿੱਚ ਲੋਕਾਂ ਨੂੰ ਪੈਸੇ ਦੀ ਦੌੜ ਲੱਗ ਹੋਈ ਹੈ ਪਰ ਉਨ੍ਹਾਂ ਨੇ ਅਜਿਹੇ ਸਮੇਂ ਵਿੱਚ ਪ੍ਰਚਾਰਕ ਦੇ ਤੌਰ ਤੇ ਲੋਕਾਂ ਦੀ ਬਹੁਤ ਸੇਵਾ ਕੀਤੀ ਹੈ। ਅਜਿਹੇ ਕਲਯੁੱਗ ਦੇ ਸਮੇਂ ਵਿੱਚ ਸੰਤ ਸਿੰਘ ਮਸਕੀਨ ਜੀ ਦਾ ਚਲਿਆ ਜਾਣਾ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਸਾਰੀ ਮਾਨਵਤਾ ਨੂੰ ਸਾਰੀ ਮਨੁੱਖਤਾ ਨੂੰ ਔਰ ਸਾਰੇ ਦੇਸ਼ ਨੂੰ ਘਾਟਾ ਪਿਆ ਹੈ। ਮੈਂ, ਉਨ੍ਹਾਂ ਨੂੰ ਵੀ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

**ਮਾਨਯੋਗ ਸਪੀਕਰ** : ਇਸ ਸਦਨ ਦੇ ਲੀਡਰ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ, ਪੰਜਾਬ ਜੀ ਨੇ ਜਿਹੜਾ ਸ਼ੋਕ ਪ੍ਰਸਤਾਵ ਰੱਖਿਆ ਹੈ ਔਰ ਜਿਸ ਸਬੰਧੀ ਵਿਚਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਲੀਡਰ ਆਫ ਦਿ ਆਪੋਜੀਸ਼ਨ, ਬੀ.ਜੇ.ਪੀ. ਦੇ ਨੇਤਾ ਸ਼੍ਰੀ ਤਿਕਸ਼ਨ ਸੂਦ ਅਤੇ ਸਰਦਾਰ ਸੁੱਚਾ ਸਿੰਘ ਛੋਟੇਪੁਰ ਜੀ ਨੇ ਵੀ ਵਿਅਕਤ ਕੀਤੇ ਹਨ, ਮੈਂ ਵੀ ਆਪਣੇ ਜਜ਼ਬਾਤ ਉਨ੍ਹਾਂ ਨਾਲ ਸ਼ਾਮਲ ਕਰਦਾ ਹਾਂ ਔਰ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਸ਼੍ਰੀ ਪੀ.ਵੀ. ਨਰਸਿੰਮ੍ਹਾ ਰਾਓ ਜੀ ਦਾ ਸਹਿਯੋਗ ਉਸ ਵੇਲੇ ਸੀ, ਜਦੋਂ ਪੰਜਾਬ ਅੱਤਵਾਦ ਦੇ ਵਿੱਚ ਗ੍ਰਸਿਆ ਜਾ ਰਿਹਾ ਸੀ। ਉਹ ਪੰਜਾਬ ਦੇ ਬਾਰੇ ਸੱਚਮੁੱਚ ਹੀ ਬਹੁਤ ਚਿੰਤਤ ਸਨ ਔਰ ਹਮੇਸ਼ਾਂ ਪੰਜਾਬ ਦੀ ਬਿਹਤਰੀ ਵਾਸਤੇ ਸੋਚਦੇ ਰਹਿੰਦੇ ਸਨ। ਇਸ ਤੋਂ ਇਲਾਵਾ ਸਾਡੇ ਵਿਚੋਂ ਚਾਰ ਐਮ.ਐਲ.ਏ. ਸਾਹਿਬਾਨ, ਜਿਹੜੇ ਕਿ ਇਸ ਪਵਿੱਤਰ ਹਾਊਸ ਵਿੱਚ ਆਪਣੇ ਜਜ਼ਬਾਤ ਰੱਖਦੇ ਸਨ, ਉਹ ਸਾਡੇ ਕੋਲੋਂ ਜੁਦਾ ਹੋ ਗਏ ਹਨ ਜਿਨ੍ਹਾਂ ਵਿੱਚ ਸ਼੍ਰੀ ਮਾਤੂ ਰਾਮ ਜੀ, ਸਰਦਾਰ ਸੁਰਜੀਤ ਸਿੰਘ ਸਿੱਧੂ ਔਰ ਸਰਦਾਰ ਉਜਾਗਰ ਸਿੰਘ ਰੰਘਰੇਟਾ ਜੀ ਵੀ ਇਸ ਹਾਊਸ ਵਿੱਚ ਆਪਣੇ ਜਜ਼ਬਾਤ ਰੱਖਦੇ ਸਨ। ਇਹ ਹਾਊਸ ਉਨ੍ਹਾਂ ਦਾ ਸਨਮਾਨ ਕਰਦਾ ਹੈ ਔਰ ਉਨ੍ਹਾਂ ਨੂੰ ਯਾਦ ਵੀ ਕਰਦਾ ਹੈ। ਸਾਡੇ ਸ਼ਾਇਰ, ਸ਼੍ਰੀ ਗੁਰਚਰਨ ਸਿੰਘ ਦੀਪਕ ਜੈਤੋਈ ਅਤੇ ਪ੍ਰਸਿੱਧ ਧਰਮ ਪ੍ਰਚਾਰਕ ਸੰਤ ਸਿੰਘ ਮਸਕੀਨ ਜੀ, ਜਿਨ੍ਹਾਂ ਦਾ ਨਾਂ ਵੀ ਇਥੇ ਲਿਆ ਗਿਆ ਹੈ, ਮੈਂ ਸਮਝਦਾ ਹਾਂ ਕਿ ਜਿਹੜੇ ਸ਼ਾਇਰ ਹਨ ਇਹ ਆਪਣੇ ਜ਼ਜਬਾਤ ਲੋਕਾਂ ਦੇ ਭਲੇ ਵਾਸਤੇ ਦਰਦਮੰਦਾਂ ਦੇ ਦਰਦ ਵਾਸਤੇ ਰੱਖਦੇ ਹਨ । ਉਨ੍ਹਾਂ ਦੀਆਂ ਸ਼ਾਂਤਮਈ ਗਜ਼ਲਾਂ ਅਤੇ ਸ਼ੇਅਰ ਹੀ ਯਾਦ ਰਹਿ ਜਾਂਦੇ ਹਨ । ਇਸ ਦੇ ਨਾਲ ਹੀ ਸਾਡੇ ਖਿਡਾਰੀ, ਓਲੰਪੀਅਨ ਸ਼੍ਰੀ ਬਾਲ ਕਿਸ਼ਨ ਸਿੰਘ, ਸ਼੍ਰੀ ਗੁਰਸੇਵਕ ਸਿੰਘ, ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਐਜੂਕੇਸ਼ਨਿਸਟ ਇਹ ਸਾਡੇ ਸਭ ਤੋਂ ਅਲੱਗ ਹੋ ਗਏ ਹਨ । ਮੈਂ ਵੀ ਆਪਣੇ ਆਪ ਨੂੰ ਉਨ੍ਹਾਂ ਦੇ ਚਲੇ ਜਾਣ ਤੇ ਦੁਖ ਵਿਚ ਸ਼ਾਮਲ ਕਰਦਾ ਹਾਂ ।

[ਮਾਨਯੋਗ ਸਪੀਕਰ]

ਸੁਨਾਮੀ ਲਹਿਰਾਂ ਦੇ ਕਹਿਰ ਨਾਲ ਜੋ ਬਰਬਾਦੀ ਹੋਈ ਹੈ, ਇਸ ਤਰ੍ਹਾਂ ਲਗਦਾ ਸੀ ਜਿਵੇਂ ਸਾਰੇ ਇਲਾਕੇ ਲਈ ਕਿਆਮਤ ਆ ਗਈ ਹੈ । ਇਸ ਦਾ ਸਾਨੂੰ ਸਾਰਿਆਂ ਨੂੰ ਬਹੁਤ ਦੁਖ ਹੈ । ਉਸ ਕਹਿਰ ਵਾਸਤੇ ਸਾਰੀ ਦੁਨੀਆਂ ਨੇ ਪੰਜਾਬ ਨੇ, ਪੰਜਾਬ ਦੀਆਂ ਸੰਸਥਾਵਾਂ ਨੇ ਸਭ ਨੇ ਉਨ੍ਹਾਂ ਨਾਲ ਹਮਦਰਦੀ ਰੱਖਦਿਆਂ ਹੋਇਆ ਜੋ ਸਹਿਯੋਗ ਦਿੱਤਾ ਹੈ, ਉਹ ਲਾਸਾਨੀ ਸੀ । ਇਸ ਹਾਊਸ ਵਿਚ ਜੋ ਜਜ਼ਬਾਤ ਰੱਖੇ ਗਏ ਹਨ ਜਿੰਨੇ ਵੀ ਮਹਾਨ ਵਿਅਕਤੀ ਸਾਡੇ ਤੋਂ ਅਲੱਗ ਹੋ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ੋਕ ਪ੍ਰਸਤਾਵ ਭੇਜਿਆ ਜਾਵੇਗਾ । ਸੁਨਾਮੀ ਲਹਿਰਾਂ ਕਾਰਨ ਜਿਹੜੇ ਮੁਲਕਾਂ ਨੂੰ ਇਸ ਮੁਸੀਬਤ ਦਾ ਸਾਮ੍ਹਣਾ ਕਰਨਾ ਪਿਆ ਉਨ੍ਹਾਂ ਨੂੰ ਵੀ ਇਸ ਸਦਨ ਦੇ ਜਜ਼ਬਾਤ ਭੇਜ ਦਿਤੇ ਜਾਣਗੇ । ਮੈਂ ਇਨ੍ਹਾਂ ਸ਼ਬਦਾਂ ਨਾਲ ਕਿ :

मौत आगे किसी की पेश नहीं जाती
सभी मौत के आगे झुकते रहे हैं
किसी के लिए मौत रूकती नहीं है
चमन से एक फूल बिछड़ा
तो नई कली से निकलने की आवाज़ देना

ਇਹ ਸੰਦੇਸ਼ ਹਰੇਕ ਦੇ ਦਿਲ ਵਿਚ ਹੈ । ਹੁਣ ਆਪਾਂ ਵਿਛੜੀਆਂ ਹੋਈਆਂ ਆਤਮਾਵਾਂ ਦੀ ਸ਼ਾਂਤੀ ਲਈ ਦੋ ਮਿੰਟ ਲਈ ਖਾਮੋਸ਼ੀ ਨਾਲ ਪ੍ਰਾਰਥਨਾ ਕਰੀਏ ।

(ਇਸ ਸਮੇਂ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ।)

ਧੰਨਵਾਦ।

The House stands adjourned till 2.00 P.M. on Monday, the 21st March, 2005.

| *4.44 PM. | (The Sabha then adjourned* till 2.00 P.M. on Monday, the 21st March, 2005) |
|---|---|

---

6435/PVS—Govt. Press, U.T., Chd.

Published under the authority of the Punjab Vidhan Sabha and printed by the Controller, Printing and Stationery , U.T., Chandigarh.

—o—

# PUNJAB VIDHAN SABHA

## DEBATES

*Monday, the 21st March, 2005*

Vol. IX-No. 2

OFFICIAL REPORT

CONTENTS




Punjab Vidhan Sabha Secretariat, Chandigarh.

Price Rs.——————

## PUNJAB VIDHAN SABHA

*Monday, the 21st March, 2005*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

### ਫਿਰਨੀਆਂ ਨੂੰ ਪੱਕਾ ਕਰਨਾ

*1092. **ਸ਼੍ਰੀ ਤਰਲੋਚਨ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ "ਫਿਰਨੀਆਂ ਨੂੰ ਪੱਕਾ ਕਰਨ" ਦਾ ਕੰਮ ਮੰਡੀ ਬੋਰਡ (ਖੇਤੀਬਾੜੀ ਵਿਭਾਗ) ਤੋਂ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਤਬਦੀਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ)** : ਪੰਜਾਬ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਵੱਲੋਂ ਫਿਰਨੀਆਂ ਦੇ ਕੇਵਲ ਉਸ ਭਾਗ ਦੀ ਉਸਾਰੀ ਕੀਤੀ ਜਾਂਦੀ ਹੈ ਜੋ ਕਿ ਲਿੰਕ ਸੜਕਾਂ ਦਾ ਭਾਗ ਹੁੰਦੀਆਂ ਹਨ। ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਤਜ਼ਵੀਜ਼ ਨਹੀਂ ਹੈ ਕਿ ਇਹ ਕੰਮ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਸੌਂਪਿਆ ਜਾਵੇ।

**ਸ਼੍ਰੀ ਤਰਲੋਚਨ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਪੰਚਾਇਤਾਂ ਵੱਲੋਂ ਕੰਕਰੀਟ ਦੀਆਂ ਫਿਰਨੀਆਂ ਬਣਾਈਆਂ ਜਾ ਸਕਦੀਆਂ ਹਨ ਤਾਂ ਪਿੰਡਾਂ ਦੀਆਂ ਗਲੀਆਂ ਜੋ ਹਨ, ਉਹ ਲੁੱਕ ਦੀਆਂ ਕਿਉਂ ਨਹੀਂ ਬਣਾਈਆਂ ਜਾ ਸਕਦੀਆਂ ? ਕੀ ਮੰਤਰੀ ਸਾਹਿਬ ਇਸ ਦਾ ਜਵਾਬ ਦੇਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਵੈਸੇ ਮੈਂ ਇਨ੍ਹਾਂ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਫਿਰਨੀਆਂ ਦਾ ਕੰਮ ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਕਰਦਾ ਹੈ। ਇਸ ਮਹਿਕਮੇ ਪਾਸ ਪਹਿਲਾਂ ਹੀ ਇਹ ਕੰਮ ਹੈ। ਇਹ ਕੰਮ ਮੰਡੀਕਰਨ ਬੋਰਡ ਦੇ ਤਹਿਤ ਨਹੀਂ ਆਉਂਦਾ। ਇਸ ਦੇ ਵਿਚ ਤਬਦੀਲੀ ਨਹੀਂ ਕੀਤੀ ਜਾ ਰਹੀ।

---

## ਸਰਕਾਰੀ ਕਾਲਜ, ਮੁਹਾਲੀ ਵਿਖੇ ਹੋਸਟਲ ਦੀ ਉਸਾਰੀ

*1035. **ਸਰਦਾਰ ਬੀਰ ਦਵਿੰਦਰ ਸਿੰਘ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਕਾਲਜ, ਮੁਹਾਲੀ ਵਿਖੇ ਹੋਸਟਲ ਦੀ ਉਸਾਰੀ ਕਿਸ ਸਕੀਮ ਅਧੀਨ ਕੀਤੀ ਜਾ ਰਹੀ ਹੈ ਅਤੇ ਇਸ ਉਤੇ ਹੋਏ ਖਰਚੇ/ਕੀਤੇ ਜਾਣ ਵਾਲੇ ਖਰਚੇ ਦੇ ਵੇਰਵੇ ਕੀ ਹਨ ਅਤੇ ਇਹ ਹੋਸਟਲ ਕਦੋਂ ਤੱਕ ਰਹਿਣ ਲਈ ਤਿਆਰ ਹੋ ਜਾਵੇਗਾ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਰਕਾਰੀ ਕਾਲਜ, ਮੁਹਾਲੀ ਵਿਖੇ ਹੋਸਟਲ ਦੀ ਉਸਾਰੀ "ਸੈਂਟਰਲੀ ਸਪਾਂਸਰਡ ਪ੍ਰੋਗਰਾਮ ਆਫ਼ ਹੋਸਟਲਜ਼ ਫਾਰ ਸ਼ਡਿਊਲਡ ਕਾਸਟ/ਸ਼ਡਿਊਲਡ ਟਰਾਈਬ ਗਰਲਜ਼/ਬੁਆਏਜ਼ ਸਟਡਿੰਗ ਇਨ ਮਿਡਲ, ਸੈਕੰਡਰੀ ਸਕੂਲਜ਼, ਕਾਲਜਿਜ਼ ਐਂਡ ਯੂਨੀਵਰਸਿਟੀ ਸਟੇਜ ਆਫ ਐਜੂਕੇਸ਼ਨ" ਸਕੀਮ ਅਧੀਨ ਕੀਤੀ ਜਾ ਰਹੀ ਹੈ। ਉਸਾਰੀ ਤੇ ਹੁਣ ਤੱਕ 46.00 ਲੱਖ ਰੁਪਏ ਖਰਚੇ ਕੀਤੇ ਜਾ ਚੁੱਕੇ ਹਨ। ਹੋਸਟਲ ਦੀ ਮੁਕੰਮਲ ਉਸਾਰੀ ਲਈ 134.00 ਲੱਖ ਰੁਪਏ ਹੋਰ ਖਰਚ ਕੀਤੇ ਜਾਣੇ ਹਨ। ਹੋਸਟਲ ਦਾ ਇੱਕ ਭਾਗ ਅਗਲਾ ਅਕੈਡਮਿਕ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਤਿਆਰ ਹੋ ਜਾਵੇਗਾ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪਲੀਮੈਂਟਰੀ, ਸਰ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਹੋਸਟਲ ਦੀ ਉਸਾਰੀ ਲਈ ਜਿਹੜਾ ਇਨ੍ਹਾਂ ਨੇ ਸੈਂਟਰਲ ਗੌਰਮਿੰਟ ਦੀ ਸਪਾਂਸਰਡ ਸਕੀਮ ਦੇ ਬਾਰੇ ਦੱਸਿਆ ਹੈ, ਇਸ ਹੋਸਟਲ ਦੀ ਉਸਾਰੀ ਲਈ ਜਿਹੜੀ ਪਹਿਲੀ ਕਿਸ਼ਤ ਭਾਰਤ ਸਰਕਾਰ ਵਲੋਂ ਪ੍ਰਾਪਤ ਹੋਈ ਹੈ, ਉਹ ਕਿਹੜੇ ਸਾਲ ਵਿਚ ਅਤੇ ਕਿਹੜੇ ਮਹੀਨੇ ਵਿਚ ਪੰਜਾਬ ਸਰਕਾਰ ਨੂੰ ਪ੍ਰਾਪਤ ਹੋਈ ਹੈ ? ਪੰਜਾਬ ਸਰਕਾਰ ਵੱਲੋਂ ਕਿਹੜੇ ਸਾਲ ਅਤੇ ਕਿਹੜੇ ਮਹੀਨੇ ਵਿਚ ਦਿੱਤੀ ਗਈ ਹੈ ?

**ਉਪ ਮੁੱਖ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਪਹਿਲੀ ਕਿਸ਼ਤ ਸਾਲ 1995-96 ਦੇ ਵਿਚ ਦਿੱਤੀ ਗਈ ਹੈ ਕਿਉਂਕਿ ਇਹ ਹੋਸਟਲ ਸਾਲ 1983-84 ਦ ਵਿਚ ਖੋਲ੍ਹਣ ਦਾ ਫੈਸਲਾ ਹੋਇਆ ਸੀ। ਲੇਕਿਨ ਉਸ ਤੋਂ ਬਾਅਦ ਕੇਸ ਚਲਦਾ ਰਿਹਾ ਹੈ। ਹੁਣ ਆ ਕੇ ਸਾਲ 1995-96 ਦੇ ਵਿਚ ਪਹਿਲੀ ਕਿਸ਼ਤ ਛੇ ਲੱਖ ਰੁਪਏ ਦੀ ਪੀ.ਡਬਲਯੂ.ਡੀ. ਨੇ ਇਸ ਤੇ ਖਰਚ ਕੀਤੀ ਹੈ। ਇਹ ਭਾਰਤ ਸਰਕਾਰ ਤੋਂ ਪੈਸਾ ਲਿਆ ਗਿਆ ਹੈ। ਹੁਣ ਇਹ ਸਿਲਸਿਲਾ ਚਲ ਰਿਹਾ ਹੈ। ਕੰਮ ਦੇ ਮੁਤਾਬਿਕ ਹੋਰ ਵੀ ਪੈਸਾ ਜੋ ਬਾਕੀ ਕੰਮ ਤੇ ਲੱਗਣਾ ਹੈ, ਉਹ ਮੰਗ ਰਹੇ ਹਾਂ।

**ਮਾਨਯੋਗ ਸਪੀਕਰ** : ਹੋਰ ਵੀ ਕੁਝ ਪੁੱਛਣਾ ਚਾਹੋਗੇ ?

**ਸਰਦਾਰ ਬੀਰ ਦਵਿੰਦਰ ਸਿੰਘ** : ਸਰ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਭਾਰਤ ਸਰਕਾਰ ਦੀ ਕਿਸ਼ਤ ਆਈ ਹੈ, ਇਸ ਦੇ ਵਿਚ ਸਟੇਟ ਗੌਰਮਿੰਟ ਦਾ ਕਿੰਨਾ ਸ਼ੇਅਰ ਹੈ ਅਤੇ ਇਹ ਕਦੋਂ ਦਿੱਤਾ ਗਿਆ ਹੈ। ਇਨ੍ਹਾਂ ਨੇ ਕਿੰਨਾ ਸ਼ੇਅਰ ਕੰਟਰੀਬਿਊਟ ਕੀਤਾ ਹੈ ? ਅਗਲੇ ਸਾਲ ਲਈ 135 ਲੱਖ ਰੁਪਏ ਵਿਚੋਂ ਕਿੰਨਾ ਸ਼ੇਅਰ ਕੰਟਰੀਬਿਊਟ ਕਰਨਗੇ ?

**MR. SPEAKER :** How much share ?

**ਉਪ ਮੁੱਖ ਮੰਤਰੀ :** ਸਰ, ਇਸ ਸਕੀਮ ਦੇ ਤਹਿਤ 50:50 ਦੀ ਰੇਸ਼ੋ ਦੇ ਨਾਲ ਹੋਸਟਲ ਦਾ ਖਰਚਾ ਕਰਦੇ ਹਾਂ । ਬਾਕੀ ਜੋ ਐਡਮਨਿਸਟਰੇਟਿਵ ਬਲਾਕ ਹੈ ਜਾਂ ਹੋਰ ਕੋਈ ਖਰਚਾ ਹੈ, ਉਸ ਦੇ ਲਈ ਦੋ ਕਰੋੜ ਰੁਪਏ ਸਟੇਟ ਗੌਰਮਿੰਟ ਦੇ ਖਰਚੇ ਵਿਚੋਂ ਲਗਾਇਆ ਗਿਆ ਹੈ । ਇਸ ਸਕੀਮ ਦੇ ਤਹਿਤ ਹੋਸਟਲ ਦੇ ਵਿਚ ਸਪੈਸ਼ਲੀ ਜੋ ਖਰਚਾ ਹੋਣਾ ਹੈ, ਉਸ ਦਾ 50:50 ਦੇ ਹਿਸਾਬ ਨਾਲ ਸਾਨੂੰ 46 ਲੱਖ ਰੁਪਿਆ ਆ ਚੁੱਕਿਆ ਹੈ ਅਤੇ 134 ਲੱਖ ਰੁਪਿਆ ਅਸੀਂ ਮੰਗ ਰਹੇ ਹਾਂ । ਸਟੂਡੈਂਟ ਸੈਂਟਰ ਦੇ ਲਈ 35 ਲੱਖ 28 ਹਜ਼ਾਰ ਰੁਪਿਆ ਮੁੱਖ ਮੰਤਰੀ ਦੇ ਫੰਡ ਵਿਚੋਂ ਵੀ ਦਿੱਤਾ ਗਿਆ ਹੈ । ਤਕਰੀਬਨ ਸਾਢੇ ਚਾਰ ਲੱਖ ਰੁਪਿਆ ਜਿਹੜੇ ਹੋਸਟਲ ਦੇ 10 ਕਮਰੇ ਤਿਆਰ ਹੋਏ ਹਨ, ਇਨ੍ਹਾਂ ਕਮਰਿਆਂ ਵਿਚ ਬਿਜਲੀ ਆਦਿ ਦੇ ਖਰਚੇ ਵਾਸਤੇ ਰੱਖਿਆ ਗਿਆ ਹੈ ਔਰ ਲਗਭਗ ਸਾਢ 12 ਲੱਖ ਰੁਪਏ, ਹੋਸਟਲ ਨੂੰ ਫਰਨਿਸ਼ ਕਰਨ ਵਾਸਤੇ, ਜੁਲਾਈ ਮਹੀਨੇ ਦੇ ਸੈਸ਼ਨ ਤੋਂ ਪਹਿਲਾਂ ਹੋਸਟਲ ਨੂੰ ਫਰਨਿਸ਼ ਕਰਨਾ ਚਾਹੁੰਦੇ ਹਾਂ, ਉਹ ਵੀ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਵੱਲੋਂ ਰਿਲੀਜ਼ ਕੀਤਾ ਗਿਆ ਹੈ । ਦੋ ਕਰੋੜ ਰੁਪਏ ਪਹਿਲਾਂ ਸਟੇਟ ਗੌਰਮਿੰਟ ਵਲੋਂ ਆਏ ਹਨ ਅਤੇ 38 ਲੱਖ 28 ਹਜ਼ਾਰ ਰੁਪਿਆ ਸਟੇਟ ਗੌਰਮਿੰਟ ਵੱਲੋਂ ਖਰਚ ਹੋਇਆ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੇਰਾ ਸਵਾਲ ਬੜਾ ਸਪੈਸੇਫਿਕ ਹੈ । ਇਹ ਹੋਸਟਲ ਦੇ ਬਾਰੇ ਹੈ, ਜੋ ਕਿ ਸ਼ਡਿਊਲਡ ਕਾਸਟ ਬੱਚਿਆਂ ਲਈ ਉਸਾਰਿਆ ਜਾਣਾ ਹੈ । ਇਹ ਹੋਸਟਲ ਭਾਰਤ ਸਰਕਾਰ ਦੀ ਸਕੀਮ ਦੇ ਤਹਿਤ ਉਸਾਰਿਆ ਜਾਣਾ ਹੈ । ਸਵਾਲ ਬੜਾ ਸਪੈਸੇਫਿਕ ਹੈ ਕਿ ਪੰਜਾਬ ਸਰਕਾਰ ਨੇ ਇਸ ਹੋਸਟਲ ਵਾਸਤੇ ਕਿੰਨਾ ਸ਼ੇਅਰ ਦਿੱਤਾ ਹੈ ਅਤੇ ਕਦੋਂ ਦਿੱਤਾ ਹੈ । ਕਿਉਂਕਿ ਇਸ ਵਿਚ ਕੁੱਲ 9 ਸਾਲ ਦਾ ਗੈਪ ਹੈ । ਇਨ੍ਹਾਂ 9 ਸਾਲਾਂ ਦੇ ਵਿਚ ਪੰਜਾਬ ਸਰਕਾਰ ਨੇ ਆਪਣਾ ਪੈਸਾ ਕਦੋਂ ਕੰਟਰੀਬਿਊਟ ਕੀਤਾ ਹੈ ?

**ਉਪ ਮੁੱਖ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਦੱਸਿਆ ਹੈ ਕਿ ਇਹ ਪੈਸੇ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੇ ਥਰੂ ਦਿੱਤੇ ਜਾਂਦੇ ਹਨ । ਇਸ ਦੇ ਵਿੱਚ ਗੌਰਮਿੰਟ ਆਫ਼ ਇੰਡੀਆ ਦਾ ਵੀ ਹਿੱਸਾ ਹੁੰਦਾ ਹੈ । ਗੌਰਮਿੰਟ ਆਫ਼ ਇੰਡੀਆ ਵੱਲੋਂ 46 ਲੱਖ ਰੁਪਿਆ ਆ ਚੁੱਕਾ ਹੈ ਅਤੇ ਅਸੀਂ 34 ਲੱਖ ਰੁਪਿਆ ਬਾਕਾਇਆ ਹੋਰ ਮੰਗਿਆ ਹੈ । ਸਟੇਟ ਗੌਰਮਿੰਟ 29.28 ਲੱਖ ਰੁਪਿਆ ਖਰਚ ਕਰ ਚੁਕੀ ਹੈ । ਇਸ ਤੋਂ ਇਲਾਵਾ ਸਟੇਟ ਗੌਰਮਿੰਟ ਵੱਲੋਂ ਬਾਕੀ ਪਰਪਜ ਵਾਸਤੇ, ਸਟੂਡੈਂਟਸ ਦੀ ਵੈਲਫੇਅਰ ਲਈ ਵੀ ਖਰਚ ਕੀਤੇ ਜਾ ਰਹੇ ਹਨ ।

———

## Laying of Sewerage in Moga City

***1097. Sardar Tota Singh :** Will the Local Government Minister be pleased to state whether the work on laying of Sewerage in Moga City has since been completed as per agreement made with HUDCO; if not, the reasons therefor together with the time by which it is likely to be completed ?

**Chaudhary Jagjit Singh .** No Sir. The work of sewerage in Moga city is held up for want of funds from Municipal Council, Govt. of Punjab and HUDCO. As and when the funds are received from the concerned, it is expected to complete the pending works in 2 years period.

**ਸਰਦਾਰ ਤੋਤਾ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਨੂੰ ਜਵਾਬ ਹੁਣੇ ਹੀ ਟੇਬਲ ਤੇ ਮਿਲਿਆ ਹੈ । ਸਾਡੇ ਕੋਲ ਜਵਾਬ ਆਉਣ ਦਾ ਟਾਈਮ ਬਾਊਂਡ ਕੀਤਾ ਜਾਵੇ ਤਾਂਕਿ ਸਵਾਲਾਂ ਦੇ ਜਵਾਬ ਚੰਗੀ ਤਰ੍ਹਾਂ ਦੇਖ ਸਕੀਏ । ਮੈਂ, ਤੁਹਾਡੇ ਰਾਹੀਂ ਸਰਕਾਰ ਤੋਂ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਕਿ ਦੋ ਤਿੰਨ ਸਾਲਾਂ ਦੇ ਵਿੱਚ ਇਸ ਪ੍ਰਾਜੈਕਟ ਨੂੰ ਮੁਕੰਮਲ ਕਰ ਦਿਆਂਗੇ ਜੇਕਰ ਫੰਡਜ਼ ਉਪਲਬਧ ਹੋਣਗੇ । ਪਰ ਸਰਕਾਰ ਕਹਿ ਰਹੀ ਹੈ ਕਿ ਸਾਡੇ ਕੋਲ ਫੰਡਜ਼ ਦੀ ਕੋਈ ਕਮੀ ਨਹੀਂ ਹੈ, ਖਜ਼ਾਨਾ ਭਰਿਆ ਹੋਇਆ ਹੈ । ਫਿਰ ਫੰਡਜ਼ ਦੀ ਕਮੀ ਕਾਰਨ ਇਹ ਪ੍ਰਾਜੈਕਟ ਪੂਰਾ ਕਿਉਂ ਨਹੀਂ ਕੀਤਾ ਜਾ ਰਿਹਾ । ਇਸ ਪ੍ਰਾਜੈਕਟ ਲਈ ਮਿਉਂਸਿਪਲ ਕਮੇਟੀਆਂ ਕੋਲ ਫੰਡਜ਼ ਕੀ ਕਮੀ ਹੁੰਦੀ ਹੈ, ਜਿਸ ਕਾਰਨ ਉਹ ਆਪਣਾ ਹਿੱਸਾ ਨਹੀਂ ਪਾ ਸਕਦੀਆਂ । ਉਨ੍ਹਾਂ ਦੀ ਆਰਥਿਕ ਹਾਲਤ ਬਹੁਤ ਮਾੜੀ ਹੁੰਦੀ ਹੈ । ਇਸ ਲਈ ਪੰਜਾਬ ਸਰਕਾਰ ਆਪਣਾ ਹਿੱਸਾ ਪਾ ਕੇ ਅਤੇ ਹੁਡਕੋ ਦੇ ਹਿੱਸੇ ਨਾਲ ਇਸ ਪ੍ਰਾਜੈਕਟ ਨੂੰ ਜਲਦੀ ਤੋਂ ਜਲਦੀ ਕੰਪਲੀਟ ਕਰੇਗੀ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮਿਉਂਸਿਪਲ ਕਮੇਟੀ, ਮੋਗਾ ਪਹਿਲਾਂ ਹੀ ਹਿੱਸਾ ਪਾਉਣ ਵਿਚ ਡਿਫਾਲਟਰ ਰਹੀ ਹੈ । ਇਸ ਕਰਕੇ ਜਦ ਤੱਕ ਮਿਉਂਸਿਪਲ ਕਮੇਟੀ ਆਪਣਾ ਹਿੱਸਾ ਨਹੀਂ ਪਾਵੇਗੀ, ਉਤਨੀ ਦੇਰ ਤੱਕ ਪੰਜਾਬ ਸਰਕਾਰ ਆਪਣਾ ਹਿੱਸਾ ਅਤੇ ਹੁੱਡਕੋ ਦਾ ਹਿੱਸਾ ਨਹੀਂ ਪਾਵੇਗੀ । ਜਦ ਕਿ ਇਸ ਪ੍ਰਾਜੈਕਟ ਦੇ ਉਤੇ 60% ਸੀਵਰੇਜ ਦਾ ਕੰਮ ਹੋ ਚੁੱਕਾ ਹੈ । ਮਿਉਂਸਿਪਲ ਕਮੇਟੀ ਦੇ ਪੈਸਿਆਂ ਬਾਰੇ ਮੈਂਬਰ ਸਾਹਿਬਾਨ ਇੰਤਜ਼ਾਮ ਕਰ ਦੇਣ ।

**ਸਰਦਾਰ ਤੋਤਾ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮਾਰਚ 2002 ਤੱਕ ਕਿੰਨਾ ਹਿੱਸਾ ਪੰਜਾਬ ਸਰਕਾਰ ਨੇ ਖਰਚ ਕੀਤਾ ਤੇ ਹੁਣ ਤੱਕ ਸਰਕਾਰ ਵੱਲੋਂ ਕਿੰਨਾ ਖਰਚ ਕੀਤਾ ਗਿਆ ਹੈ ? ਇਹ ਕੰਮ ਅਧੂਰਾ ਰਹਿਣ ਦੇ ਕੀ ਕਾਰਨ ਹਨ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਹੁਡਕੋ ਨੇ 320.59 ਲੱਖ ਰੁਪਏ ਦਾ ਹਿੱਸਾ ਪਾਇਆ ਹੈ, ਪੰਜਾਬ ਸਰਕਾਰ ਨੇ 240 ਲੱਖ ਰੁਪਏ ਦਾ ਹਿੱਸਾ ਪਾਇਆ ਹੈ ਅਤੇ ਮਿਉਂਸਿਪਲ ਕਮੇਟੀ ਨੇ 63.90 ਲੱਖ ਰੁਪਏ ਦਾ ਹਿੱਸਾ ਪਾਇਆ ਹੈ । ਇਹ ਖਰਚ ਹੋ ਚੁੱਕਾ ਹੈ ।

---

## ਘੱਗਰ ਬ੍ਰਾਂਚ ਨਹਿਰ ਤੋਂ ਪਾਣੀ ਦੇ ਮੋਘੇ

*1062. **ਸਰਦਾਰ ਹਰਬੰਤ ਸਿੰਘ ਦਾਤੇਵਾਸ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੁੱਲਰ ਘਰਾਟ–ਬੋਹਾ ਮੇਨ ਬ੍ਰਾਂਚ ਨਹਿਰ ਦੀ ਘੱਗਰ ਬ੍ਰਾਂਚ ਵਿਚੋਂ ਪਾਣੀ ਦੇ ਕਿੰਨੇ ਮੋਘੇ ਦਿੱਤੇ ਗਏ ਹਨ ਅਤੇ ਉਨ੍ਹਾਂ ਸਰਕਾਰੀ ਹਦਾਇਤਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਅਧੀਨ ਉਕਤ ਮੋਘੇ ਦਿੱਤੇ ਗਏ ਹਨ ?

**ਸਰਦਾਰ ਲਾਲ ਸਿੰਘ** : ਸੁੱਲਰ ਘਰਾਟ (ਆਰ.ਡੀ. 135000 ਘੱਗਰ ਬ੍ਰਾਂਚ) ਤੋਂ ਬੋਹਾ ਮੇਨ ਬ੍ਰਾਂਚ ਹੈਡ ਤੱਕ ਘੱਗਰ ਬ੍ਰਾਂਚ ਉੱਤੇ 26 ਮੋਘੇ ਮਨਜ਼ੂਰ ਕੀਤੇ ਗਏ ਹਨ । ਇਹ ਮੋਘੇ ਉੱਤਰੀ ਭਾਰਤ ਕੈਨਾਲ ਅਤੇ ਡਰੇਨੇਜ ਐਕਟ (8) 1873 ਦੀ ਧਾਰਾ 30-ਬੀ (2) ਅਧੀਨ ਮਨਜ਼ੂਰ ਕੀਤੇ ਗਏ ਹਨ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 2004 ਵਿਚ, ਜਿਹੜੀ ਜੀ.ਬੀ. ਬਰਾਂਚ ਨਹਿਰ ਪਟਿਆਲੇ ਵਲੋਂ ਨਿਕਲਦੀ ਹੈ, ਉਥੇ ਕਿੰਨੇ ਮੋਗੇ ਲੱਗੇ ਹਨ ਅਤੇ ਇਨ੍ਹਾਂ ਦੀ ਗਿਣਤੀ ਦੱਸੀ ਜਾਵੇ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸਿਆ ਹੈ ਕਿ 26 ਮੋਘੇ ਲੱਗੇ ਹੋਏ ਹਨ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਜੋ ਜੀ.ਬੀ. ਬਰਾਂਚ ਨਹਿਰ ਹੈ, ਉਹ ਬੋਹਾ ਨਾਲ ਅਟੈਚ ਹੈ, ਇਸ ਦੇ ਉਤੇ ਮੈਂ ਸਪੈਸੇਫਿਕ ਪੁੱਛਿਆ ਸੀ, ਕਿ ਇਸ ਉਤੇ ਕਿੰਨੇ ਮੋਘੇ ਲੱਗੇ ਹੋਏ ਹਨ । ਇਹ ਸਾਰਾ ਸਰਕਲ ਬੋਹਾ ਬਰਾਂਚ ਦਾ ਹੈ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਕੀਤੇ ਸਵਾਲ ਦਾ ਜਵਾਬ ਦੇ ਦਿੱਤਾ ਹੈ । ਇਹ ਡਿਟੇਲ ਇਨ੍ਹਾਂ ਨੇ ਮੰਗੀ ਨਹੀਂ । ਇਹ ਦੁਬਾਰਾ ਸਵਾਲ ਕਰ ਦੇਣ, ਮੈਂ ਜਵਾਬ ਦੇ ਦਿਆਂਗਾ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਟੇਲਾਂ ਵਾਲਾ ਏਰੀਆ ਹੈ, ਇਹ ਤਾਂ ਪਹਿਲਾਂ ਹੀ ਪਾਣੀ ਦੀ ਸ਼ਾਰਟੇਜ ਵਾਲਾ ਏਰੀਆ ਹੈ । ਇਸ ਏਰੀਏ ਦਾ ਸਬ-ਸੁਆਇਲ ਵਾਟਰ ਵੀ ਪੰਜਾਬ ਵਿਚ ਸਭ ਤੋਂ ਵੱਧ ਖਾਰਾ ਹੈ । ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਆਪ ਦੱਸਿਆ ਹੈ ਕਿ ਇਸ ਏਰੀਏ ਵਿਚ 26 ਮੋਘੇ ਹੋਰ ਦੇ ਦਿੱਤੇ ਗਏ ਹਨ । ਇਸ ਨਾਲ ਤਾਂ ਉਸ ਏਰੀਏ ਵਿਚ ਪਾਣੀ ਦੀ ਹੋਰ ਘਾਟ ਆ ਜਾਵੇਗੀ । ਕੀ ਮੰਤਰੀ ਜੀ ਟੇਲਾਂ ਵਾਲਿਆਂ ਨਾਲ ਹੋਈ ਇਸ ਜ਼ਿਆਦਤੀ ਨੂੰ ਦੂਰ ਕਰਨ ਦਾ ਕੋਈ ਯਤਨ ਕਰਨਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਇਸ ਸਾਲ ਮੌਨਸੂਨ ਫੇਲ੍ਹ ਹੋਣ ਕਾਰਨ ਪਾਣੀ ਦੀ ਘਾਟ ਬਹੁਤ ਰਹੀ ਹੈ। ਕਿਉਂਕਿ ਮੋਘੇ ਦੇਣ ਦੀ ਪੁਰਾਣੀ ਪਿਰਤ ਹੈ, ਫੇਰ ਵੀ ਇਸ ਸਾਲ ਪਿਛਲੇ ਸਾਲ ਦੀ ਬਨਿਸਬਤ ਅਸੀਂ ਬਹੁਤ ਘੱਟ ਗਿਣਤੀ ਵਿਚ ਮੋਘੇ ਦਿੱਤੇ ਹਨ। ਇਸ ਸਾਲ ਪਾਣੀ ਦੀ ਬਹੁਤ ਘਾਟ ਰਹੀ ਹੈ ਕਿਉਂਕਿ ਨਾ ਬਰਫ਼ ਪਈ ਹੈ ਤੇ ਨਾ ਹੀ ਮੌਨਸੂਨ ਆਇਆ, ਜਿਸ ਕਾਰਨ 95 ਫੁੱਟ ਵਾਟਰ ਲੈਵਲ ਨੀਚੇ ਚਲਾ ਗਿਆ ਤੇ ਪਾਣੀ ਦਾ ਫਲੋਅ ਨਹਿਰਾਂ ਵਿਚ ਵੀ ਘੱਟ ਰਿਹਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਵਜ਼ੀਰ ਸਾਹਿਬ ਤੋਂ ਏਨਾ ਐਨਸ਼ਿਓਰ ਕਰਾਉਣਾ ਚਾਹੁੰਦਾ ਹਾਂ ਕਿ ਇਸ ਏਰੀਏ ਵਿਚ ਸਬ-ਸੁਆਇਲ ਵਾਟਰ ਕੁਝ ਸਵੀਟ ਅਤੇ ਅੱਗੇ ਸਾਲਟੀ ਹੈ ਪਰ ਪਿਛਲੇ ਏਰੀਏ ਵਿਚ ਤਾਂ ਨਾ ਥੱਲੇ ਵਾਲਾ ਪਾਣੀ ਹੈ ਤੇ ਨਾ ਉਪਰ ਵਾਲਾ ਪਾਣੀ ਹੈ। ਕੀ ਅਗਲੇ ਸਾਲ ਤੋਂ ਮੋਘੇ ਦੇਣ ਦੀ ਪ੍ਰਥਾ ਇਹ ਬੰਦ ਕਰ ਦੇਣਗੇ ਤਾਂਕਿ ਟੇਲਾਂ ਤੇ ਪਾਣੀ ਪੂਰਾ ਜਾ ਸਕੇ ?

**ਮਾਨਯੋਗ ਸਪੀਕਰ** : ਹਾਂ ਜੀ, ਮੰਤਰੀ ਜੀ, ਦੱਸੋ।

**ਮੰਤਰੀ** : ਇਨ੍ਹਾਂ ਦੀ ਪ੍ਰਾਬਲਮ ਤਾਂ ਜਾਇਜ਼ ਹੈ। ਅਸੀਂ ਦੁਆ ਕਰਦੇ ਹਾਂ ਕਿ ਅਗਲੇ ਸਾਲ ਪਾਣੀ ਦੀ ਘਾਟ ਹੀ ਨਾ ਰਹੇ। ਮੌਨਸੂਨ ਵੀ ਪੂਰੀ ਆਵੇ ਤੇ ਬਰਫ਼ ਵੀ ਪਵੇ। ਬਾਕੀ ਇਨ੍ਹਾਂ ਦੇ ਸੁਝਾਓ ਤੇ ਅਸੀਂ ਜ਼ਰੂਰ ਵਿਚਾਰ ਕਰਾਂਗੇ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਇਨ੍ਹਾਂ ਦੀ ਸਰਕਾਰ ਬਣੀ ਸੀ, ਉਸ ਸਾਲ ਮੁੱਖ ਮੰਤਰੀ ਸਾਹਿਬ ਇਸ ਟੇਲਾਂ ਦੇ ਇਲਾਕੇ ਵਿਚ ਜਾ ਕੇ ਵਾਇਦਾ ਕਰਕੇ ਆਏ ਸੀ ਕਿ ਟੇਲਾਂ ਤੇ ਪਾਣੀ ਸਾਰਿਆਂ ਨੂੰ ਪੂਰਾ ਦਿੱਤਾ ਜਾਵੇਗਾ। ਹੁਣ 3 ਸਾਲ ਦਾ ਸਮਾਂ ਬੀਤ ਗਿਆ ਹੈ, ਟੇਲਾਂ ਤੇ ਪਾਣੀ ਪੂਰਾ ਕਰਨ ਦੀ ਬਜਾਏ ਜਿਵੇਂ ਵਜ਼ੀਰ ਸਾਹਿਬ ਆਪ ਕਲੇਮ ਕਰ ਰਹੇ ਹਨ, ਇਨ੍ਹਾਂ ਨੇ 26 ਮੋਘੇ ਹੋਰ ਦੇ ਦਿੱਤੇ ਹਨ। ਟੇਲਾਂ ਤੇ ਅੱਗੇ ਜ਼ਿਲ੍ਹਾ ਮਾਨਸਾ ਪੈਂਦਾ ਹੈ, ਜਿਸ ਜੀ.ਬੀ. ਬ੍ਰਾਂਚ ਬਾਰੇ ਹੁਣੇ ਮੈਂ ਪੁੱਛਿਆ ਵੀ ਹੈ ਕਿ ਇਹ ਟੋਟਾ ਕਿਥੋਂ ਲੈ ਕੇ ਕਿਥੇ ਤੱਕ ਪੈਂਦਾ ਹੈ, ਜੀ.ਬੀ. ਬ੍ਰਾਂਚ ਕਿਸ ਨੂੰ ਕਹਿੰਦੇ ਹਨ ? ਇਹ ਦੱਸ ਦੇਣ।

**ਮਾਨਯੋਗ ਸਪੀਕਰ** : ਇਹ ਤਾਂ ਇਸ ਦਾ ਦਸਤੀ ਜਵਾਬ ਦੇ ਚੁੱਕੇ ਹਨ।

**ਮੰਤਰੀ** ; ਮਾਨਯੋਗ ਸਪੀਕਰ ਸਾਹਿਬ, ਇਹ ਇਸ ਬਾਰੇ ਨਵਾਂ ਸਵਾਲ ਕਰ ਲੈਣ, ਮੈਂ ਜਵਾਬ ਦੇ ਦੇਵਾਂਗਾ। ਇਨ੍ਹਾਂ ਨੇ ਜੋ ਸਵਾਲ ਪੁੱਛਿਆ ਹੈ, ਉਸ ਦਾ ਜਵਾਬ ਮੈਂ ਦੇ ਦਿੱਤਾ ਹੈ ਕਿ 26 ਮੋਘੇ ਲਾ ਕੇ ਦਿੱਤੇ ਹਨ, ਜਿਹੜੇ ਕਿ ਪਾਲਿਸੀ ਤੇ ਰੂਲਾਂ ਦੇ ਮੁਤਾਬਿਕ ਲਾਏ ਹਨ। ਜਿਥੋਂ ਤੱਕ ਟੇਲਾਂ ਦਾ ਸਵਾਲ ਹੈ, ਜਿਸ ਦਾ ਇਹ ਜ਼ਿਕਰ ਕਰ ਰਹੇ ਹਨ, ਮੈਂ ਦੱਸਣਾ ਚਾਹੁੰਦਾ ਹਾਂ ਲਿਖਤੀ ਤੌਰ ਤੇ ਮੈਨੂੰ ਮਹਿਕਮੇ ਨੇ ਦੱਸਿਆ ਹੈ ਕਿ ਟੇਲਾਂ ਤੱਕ ਪਾਣੀ ਜਾ ਰਿਹਾ ਹੈ। ਬਾਕੀ ਇਨ੍ਹਾਂ ਨੂੰ ਜੇ ਕੋਈ ਹੋਰ ਪ੍ਰਾਬਲਮ ਹੈ ਤਾਂ ਦੱਸ ਦੇਣ, ਠੀਕ ਕਰ ਦਿਆਂਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਬੀਬੀ ਜੀ ਦਾ ਵੀ ਇਲਾਕਾ ਉਹੀ ਹੈ । ਉਨ੍ਹਾਂ ਨੂੰ ਹੀ ਦੇ ਦੇਣਾ । ਸਾਡੀ ਤਾਂ ਖੈਰ ਹੈ ।

**ਉਪ ਮੁੱਖ ਮੰਤਰੀ (ਸ੍ਰੀਮਤੀ ਰਜਿੰਦਰ ਕੌਰ ਭੱਠਲ) (ਬੈਠੇ ਬੈਠੇ)** : ਤੁਹਾਡੇ ਕਰਕੇ ਮੈਂ ਵੀ ਮਾਰੀ ਗਈ ਹਾਂ । (ਹਾਸਾ)

**ਮਾਨਯੋਗ ਸਪੀਕਰ** : ਹਾਂ ਜੀ, ਅਗਲਾ ਸਵਾਲ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ।

— —

## ਟਿਊਬਵੈੱਲਾਂ ਲਈ ਵਾਰੀ ਤੋਂ ਬਿਨਾਂ (ਆਊਟ ਆਫ ਟਰਨ) ਬਿਜਲੀ ਦੇ ਕੁਨੈਕਸ਼ਨ

*1075. **ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਸੰਗਰੂਰ ਵਿਚ ਟਿਊਬਵੈੱਲਾਂ ਲਈ ਵਾਰੀ ਤੋਂ ਬਿਨਾਂ (ਆਊਟ ਆਫ ਟਰਨ) ਜਾਰੀ ਕੀਤੇ ਗਏ ਬਿਜਲੀ ਦੇ ਕੁਨੈਕਸ਼ਨਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਸੁਨਾਮ (ਦਿਹਾਤੀ) ਡਿਵੀਜ਼ਨ ਵਿਚ ਜਾਰੀ ਕੀਤੇ ਗਏ ਅਜਿਹੇ ਕੁਨੈਕਸ਼ਨਾਂ ਦੀ ਗਿਣਤੀ ਕਿੰਨੀ ਹੈ ;

(ਅ) ਪੰਜਾਬ ਰਾਜ ਬਿਜਲੀ ਬੋਰਡ ਦੇ ਸੁਨਾਮ (ਦਿਹਾਤੀ) ਡਿਵੀਜ਼ਨ ਵਿਚ ਟਿਊਬਵੈੱਲਾਂ ਲਈ ਬਿਜਲੀ ਦੇ ਕੁਨੈਕਸ਼ਨ ਜਾਰੀ ਕਰਨ ਲਈ ਪੈਂਡਿੰਗ ਪਏ ਕੇਸਾਂ ਦੀ ਗਿਣਤੀ ਕਿੰਨੀ ਹੈ ਅਤੇ ਟਿਊਬਵੈੱਲਾਂ ਲਈ ਵਾਰੀ ਤੋਂ ਬਿਨਾਂ ਬਿਜਲੀ ਦੇ ਕੁਨੈਕਸ਼ਨ ਜਾਰੀ ਕਰਨ ਲਈ ਕੀ ਕਸੌਟੀ ਅਪਣਾਈ ਗਈ ਹੈ ?

**ਸਰਦਾਰ ਲਾਲ ਸਿੰਘ** : (ੳ) ਸਾਲ 2004-2005 ਵਿੱਚ ਸੰਗਰੂਰ ਸਰਕਲ ਵਿੱਚ 1482 ਕੁਨੈਕਸ਼ਨ (ਆਊਟ ਆਫ ਟਰਨ) ਵੱਖ-ਵੱਖ ਸ਼੍ਰੇਣੀਆਂ ਨੂੰ ਪਹਿਲ ਦੇ ਅਧਾਰ ਤੇ ਜਾਰੀ ਕੀਤੇ ਗਏ ਸਨ; ਇਨ੍ਹਾਂ ਵਿਚੋਂ 286 ਕੁਨੈਕਸ਼ਨ, ਸੁਨਾਮ ਸਬ-ਅਰਬਨ ਨਾਲ ਸਬੰਧਿਤ ਹਨ ।

(ਅ) ਜਿਥੋਂ ਤੱਕ ਦਿਹਾਤੀ ਉਪ ਮੰਡਲ, ਸੁਨਾਮ ਦਾ ਸਬੰਧ ਹੈ, ਉਥੇ ਮਿਤੀ 1-3-2005 ਤੱਕ ਕੁੱਲ 1237 ਕੇਸ, ਕੁਨੈਕਸ਼ਨ ਜਾਰੀ ਕਰਨ ਹਿਤ ਬਕਾਇਆ ਪਏ ਹਨ । ਅਜਿਹੇ ਸਾਰੇ ਬਕਾਇਆ ਕੁਨੈਕਸ਼ਨ, ਸੀਨੀਅਰਤਾ ਅਨੁਸਾਰ (ਟੈਸਟ ਰਿਪੋਰਟ ਪ੍ਰਾਪਤ ਹੋਣ ਦੀ ਮਿਤੀ ਤੋਂ) ਸਮਾਨ ਉਪਲਬਧ ਹੋਣ ਦੀ ਸੂਰਤ ਵਿੱਚ ਮਿਤੀ 31-3-2005 ਤੱਕ ਰਲੀਜ਼ ਕੀਤੇ ਜਾ ਰਹੇ ਹਨ ।

**ਮਾਨਯੋਗ ਸਪੀਕਰ** : ਹਾਂ ਜੀ, ਢੀਂਡਸਾ ਜੀ ਕੁਝ ਪੁੱਛਣਾ ਚਾਹੋਗੇ ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹਵਾਂਗਾ ਕਿ ਜਿਹੜੇ ਪ੍ਰਾਇਰਟੀ ਕੁਨੈਕਸ਼ਨ ਇਸ਼ੂ ਕੀਤੇ ਜਾ ਰਹੇ ਹਨ, ਉਨ੍ਹਾਂ ਨੂੰ ਇਸ਼ੂ ਕਰਨ ਦਾ ਕ੍ਰਾਈਟੇਰੀਆ ਕੀ ਹੈ ? ਕੀ ਇਹ ਕੁਨੈਕਸ਼ਨ ਇਸ਼ੂ ਕਰਨ ਦੀ ਕੋਈ ਲਿਮਿਟ ਹੈ ਕਿ ਇਸ ਤੋਂ ਵੱਧ ਕੁਨੈਕਸ਼ਨ ਇਸ਼ੂ ਨਹੀਂ ਕੀਤੇ ਜਾ ਸਕਦੇ ?

**ਮਾਨਯੋਗ ਸਪੀਕਰ** : ਹਾਂ ਜੀ, ਵਜ਼ੀਰ ਸਾਹਿਬ, ਦੱਸੋ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਪ੍ਰਾਇਰਟੀ ਤੇ ਕੁਨੈਕਸ਼ਨ ਇਸ਼ੂ ਕਰਨ ਦਾ ਕ੍ਰਾਈਟੇਰੀਆ ਹੈ । ਜਿਹੜੇ ਪ੍ਰਾਇਰਟੀ ਦੇ ਆਧਾਰ ਤੇ ਕੁਨੈਕਸ਼ਨ ਦਿੱਤੇ ਜਾਂਦੇ ਹਨ, ਉਹ 14 ਤਰ੍ਹਾਂ ਦੇ ਲੋਕਾਂ ਨੂੰ ਦਿੱਤੇ ਜਾ ਸਕਦੇ ਹਨ ।

ਕ੍ਰਾਈਟੇਰੀਆ ਹੇਠ ਲਿਖੇ ਅਨੁਸਾਰ ਹੈ :-

1. ਇੰਟਰਨੈਸ਼ਨਲ ਬਾਰਡਰ ਵਿਚ ਪੈਂਦੇ ਕੁਨੈਕਸ਼ਨ
2. ਨੀਮ ਪਹਾੜੀ/ਕੰਡੀ ਏਰੀਆ
3. ਸ਼ਡਿਊਲਡ ਕਾਸਟ ਫੈਮਿਲੀਜ਼ ਦੇ ਮੈਂਬਰਾਂ ਵਾਸਤੇ
4. ਲੜਾਈ ਦੌਰਾਨ ਅੰਗਹੀਣ ਹੋਏ ਫੌਜੀ ਕਰਮਚਾਰੀਆਂ ਲਈ ਜਿਹੜੇ ਫੌਜ ਵਿਚ ਸੇਵਾ ਕਰ ਰਹੇ ਹਨ
5. ਸਾਬਕਾ ਫੌਜੀ
6. ਆਜ਼ਾਦੀ ਘੁਲਾਟੀਏ ਅਤੇ ਉਨ੍ਹਾਂ ਦੀਆਂ ਵਿਧਵਾਵਾਂ
7. ਚੇਅਰਮੈਨ ਦਾ ਕੋਟਾ
8. ਅਪਾਹਜ/ਅੰਨ੍ਹੇ ਵਿਅਕਤੀ
9. ਧਾਰਮਿਕ ਅਤੇ ਚੈਰੀਟੇਬਲ ਸੰਸਥਾਵਾਂ
10. ਸਿੰਚਾਈ ਲਈ ਸਰਕਾਰੀ ਟਿਊਬਵੈੱਲ
11. ਪਰਿਵਾਰਕ ਵੰਡਾਂ ਵਾਸਤੇ (ਜਿਥੇ ਪਰਿਵਾਰ ਵੰਡਿਆ ਗਿਆ ਹੋਵੇ)
12. ਬਹਾਦਰੀ ਪੁਰਸਕਾਰ ਵਿਜੇਤਾ (ਫੌਜੀ ਕਰਮਚਾਰੀ ਅਤੇ ਸਿਵਿਲੀਅਨਜ਼)
13. ਪੇਂਡੂ ਪੰਚਾਇਤਾਂ
14. ਕਾਰਗਿਲ ਦੇ ਸ਼ਹੀਦ ।

ਇਨ੍ਹਾਂ ਕੈਟਾਗਰੀਜ਼ ਨੂੰ ਪ੍ਰਾਇਰਟੀ ਤੇ ਕੁਨੈਕਸ਼ਨ ਦਿੱਤੇ ਜਾਂਦੇ ਹਨ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸ਼੍ਰੇਣੀਆਂ ਤੋਂ ਬਾਹਰ ਵੀ ਕੋਈ ਕੁਨੈਕਸ਼ਨ ਦਿੱਤੇ ਗਏ ਜਾਂ ਦਿੱਤੇ ਜਾ ਸਕਦੇ ਹਨ ? ਦੂਜੀ ਗੱਲ ਇਹ ਹੈ ਕਿ ਇਹ ਕੁਨੈਕਸ਼ਨ ਜ਼ਿਆਦਾਤਰ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ, ਜਿਹੜੇ ਪਹੁੰਚ ਰੱਖਦੇ ਹਨ । ਇਸ ਤਰ੍ਹਾਂ ਨਾਲ ਇਹ ਉਨ੍ਹਾਂ ਲੋਕਾਂ ਨਾਲ ਅਨਿਆਂ ਹੈ, ਜਿਹੜੇ ਪਹੁੰਚ ਨਹੀਂ ਕਰ ਸਕਦੇ । ਕੀ ਮੰਤਰੀ ਜੀ ਇਨ੍ਹਾਂ ਆਊਟ ਆਫ ਟਰਨ ਕੁਨੈਕਸ਼ਨਾਂ ਨੂੰ ਬੰਦ ਕਰਨ ਦੀ ਕੋਈ ਪ੍ਰੋਪੋਜ਼ਲ ਰੱਖਦੇ ਹਨ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੀ ਸ਼ੰਕਾ ਨਿਰਾਧਾਰ ਹੈ । ਮੈਂ ਇਨ੍ਹਾਂ ਨੂੰ ਡਿਟੇਲ ਦੱਸ ਦਿੱਤੀ ਹੈ, ਜਿਨ੍ਹਾਂ ਜਿਨ੍ਹਾਂ ਨੂੰ ਇਹ ਕੁਨੈਕਸ਼ਨ ਦਿੱਤੇ ਗਏ । ਇਸ ਦੇ ਵਿਚ ਕੋਈ ਗਲਤ ਕੁਨੈਕਸ਼ਨ ਨਹੀਂ ਦਿੱਤੇ ਗਏ । ਇਕੱਲੇ ਸੰਗਰੂਰ ਸਰਕਲ ਦੀ ਇਹ ਡਿਟੇਲ ਦਿੱਤੀ ਗਈ ਹੈ । ਸੈਲਫ ਫਾਈਨੈਂਸਿੰਗ ਸਕੀਮ ਤਹਿਤ 148 ਕੁਨੈਕਸ਼ਨ ਦਿੱਤੇ ਗਏ । ਜਨਰਲ ਕੈਟਾਗਰੀ ਨੂੰ ਪ੍ਰਾਇਰਟੀ ਤੋਂ ਬਗੈਰ 2221 ਕੁਨੈਕਸ਼ਨ ਦਿੱਤੇ ਗਏ । ਟੈਂਪਰੇਰੀ ਅਤੇ ਪੱਕੇ ਕੁਨੈਕਸ਼ਨ ਸਿਰਫ 10 ਦਿੱਤੇ ਗਏ । ਸਾਬਕਾ ਫੌਜੀਆਂ ਨੂੰ ਪ੍ਰਾਇਰਟੀ ਤੇ 702 ਕੁਨੈਕਸ਼ਨ ਦਿੱਤੇ ਗਏ । ਘਰੇਲੂ ਵੰਡ ਵਾਲੇ ਇਕ ਪਰਿਵਾਰ ਦੀ ਅੱਗੇ ਫਰਜ਼ ਕਰੋ ਕਿ 3 ਜਗ੍ਹਾ ਵੰਡ ਹੋ ਗਈ ਤਾਂ ਉਨ੍ਹਾਂ ਨੂੰ 3 ਕੁਨੈਕਸ਼ਨ ਦੇਣੇ ਲਾਜ਼ਮੀ ਹਨ । ਅਜਿਹੇ ਇਕ ਪਰਿਵਾਰ ਨੂੰ ਜੇਕਰ 15 ਹਾਰਸ ਪਾਵਰ ਦਾ ਇਕ ਕੁਨੈਕਸ਼ਨ ਮਿਲਿਆ ਹੋਇਆ ਹੈ ਤਾਂ ਉਨ੍ਹਾਂ ਨੂੰ ਅੱਗੇ 5-5 ਹਾਰਸ ਪਾਵਰ ਦੇ 3 ਕੁਨੈਕਸ਼ਨ ਦਿੱਤੇ ਜਾ ਸਕਦੇ ਹਨ । ਅਜਿਹੇ 306 ਕੁਨੈਕਸ਼ਨ ਦਿੱਤੇ ਗਏ । ਚੇਅਰਮੈਨ ਦੇ ਕੋਟੇ ਵਿਚੋਂ 299 ਕੁਨੈਕਸ਼ਨ ਦਿੱਤੇ ਗਏ । ਇਹ ਕਿਸੇ ਖਾਸ ਲਿਹਾਜ਼ ਨਾਲ ਦਿੱਤੇ ਗਏ । ਜਨਰਲ ਪ੍ਰਾਇਰਟੀ ਵਿਚ 17 ਕੁਨੈਕਸ਼ਨ ਦਿੱਤੇ ਗਏ । ਇਨ੍ਹਾਂ ਕੁਨੈਕਸ਼ਨਾਂ ਵਿਚ ਰਿਆਇਤ ਵਾਲੀ ਕੋਈ ਗੱਲ ਨਹੀਂ ਹੈ ਜਿਨ੍ਹਾਂ ਦਾ ਰਾਈਟ ਬਣਦਾ ਸੀ, ਉਨ੍ਹਾਂ ਨੂੰ ਇਹ ਕੁਨੈਕਸ਼ਨ ਦਿੱਤੇ ਗਏ ਹਨ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 299 ਕੁਨੈਕਸ਼ਨ ਚੇਅਰਮੈਨ ਦੇ ਕੋਟੇ ਵਿਚੋਂ ਦਿੱਤੇ ਗਏ, ਉਨ੍ਹਾਂ ਵਾਸਤੇ ਕੀ ਕਰਾਈਟੇਰੀਆ ਰੱਖਿਆ ਗਿਆ ਹੈ ? ਕੀ ਇਸ ਦੇ ਵਾਸਤੇ ਕੋਈ ਕਰਾਈਟੇਰੀਆ ਰੱਖਿਆ ਹੋਇਆ ਹੈ ਜਾਂ ਕਿ ਚੇਅਰਮੈਨ ਜਿਸ ਨੂੰ ਮਰਜ਼ੀ ਇਹ ਕੁਨੈਕਸ਼ਨ ਦੇ ਸਕਦਾ ਹੈ ਅਤੇ ਇਹ ਵੀ ਦੱਸਣ ਦੀ ਖੇਚਲ ਕੀਤੀ ਜਾਵੇ ਕਿ ਕੀ ਇਸ ਦੀ ਕੋਈ ਲਿਮਿਟ ਵੀ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਬੋਰਡ ਨੇ ਚੇਅਰਮੈਨ ਨੂੰ ਕੁਝ ਕੋਟਾ ਅਲਾਟ ਕੀਤਾ ਹੋਇਆ ਹੈ । ਜੇਕਰ ਚੇਅਰਮੈਨ ਇਹ ਮਹਿਸੂਸ ਕਰਦਾ ਹੈ ਕਿ ਕਿਸੇ ਵਿਅਕਤੀ ਨੂੰ ਪ੍ਰਾਇਰਟੀ ਦੇਣੀ ਹੈ ਤਾਂ ਉਸ ਨੂੰ ਉਹ ਦੇ ਸਕਦਾ ਹੈ । ਇਹ ਨਹੀਂ ਕਿ ਹਰੇਕ ਆਮ ਬੰਦੇ ਨੂੰ ਚੇਅਰਮੈਨ ਦੇ ਕੋਟੇ ਵਿਚੋਂ ਕੁਨੈਕਸ਼ਨ ਦੇ ਦਿਓ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਚੇਅਰਮੈਨ ਦੇ ਕੋਟੇ ਵਿਚੋਂ ਸੰਗਰੂਰ ਸਰਕਲ ਵਿਚ 299 ਔਡ ਕੁਨੈਕਸ਼ਨ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਦਿੱਤੇ ਗਏ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿਚ ਚੇਅਰਮੈਨ ਦਾ ਕੁੱਲ ਕਿੰਨਾ ਕੋਟਾ ਹੈ ਅਤੇ ਇਸ ਕੋਟੇ ਵਿਚੋਂ ਕਿੰਨੇ ਕੁਨੈਕਸ਼ਨ ਰਿਲੀਜ਼ ਕੀਤੇ ਗਏ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦਾ ਜਵਾਬ ਸਿਰਫ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਹੈ ਅਤੇ ਉਸ ਦਾ ਜਵਾਬ ਮੈਂ ਦੇ ਦਿੱਤਾ ਹੈ । ਸਾਰੇ ਪੰਜਾਬ ਦੇ ਸਵਾਲ ਦਾ ਜਵਾਬ ਤਾਂ ਮੈਂ ਇਸ ਵੇਲੇ ਨਹੀਂ ਦੇ ਸਕਦਾ । ਇਹ ਇਸ ਦੇ ਵਾਸਤੇ ਵੱਖਰਾ ਸਵਾਲ ਕਰ ਲੈਣ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਦੇ ਦੱਸਣ ਮੁਤਾਬਿਕ 1237 ਅਰਜ਼ੀਆਂ ਬਕਾਇਦਾ ਕੁਨੈਕਸ਼ਨ ਲੈਣ ਹਿਤ ਬਕਾਇਆ ਪਈਆਂ ਹੋਈਆਂ ਹਨ ਜਦ ਕਿ 1482 ਕੁਨੈਕਸ਼ਨ ਇਨ੍ਹਾਂ ਨੇ ਆਊਟ ਆਫ ਟਰਨ ਦੇ ਦਿੱਤੇ । ਜਿਹੜੇ 1237 ਕੇਸ ਬਕਾਇਆ ਪਏ ਹਨ, ਉਨ੍ਹਾਂ ਨਾਲ ਇਨਸਾਫ ਕਰਨ ਦੀ ਖਾਤਰ ਕੀ ਇਹ ਉਨ੍ਹਾਂ ਨੂੰ ਕੁਨੈਕਸ਼ਨ ਦੇਣ ਵਾਸਤੇ ਸਮੇਂ ਦੀ ਕੋਈ ਹੱਦ ਮਿਥਣਗੇ ਕਿ 6 ਮਹੀਨੇ ਜਾਂ 9 ਮਹੀਨੇ ਤੱਕ ਉਨ੍ਹਾਂ ਨੂੰ ਕੁਨੈਕਸ਼ਨ ਦੇ ਦਿੱਤੇ ਜਾਣਗੇ ਤਾਂ ਕਿ ਸਾਰੇ ਕੁਨੈਕਸ਼ਨ ਤਾਕਤਵਰ ਲੋਕ ਹੀ ਨਾ ਲੈ ਜਾਣ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਦੇ 5 ਸਾਲਾਂ ਵਿਚ 11000 ਟਿਊਬਵੈੱਲ ਕੁਨੈਕਸ਼ਨ ਜਾਰੀ ਕੀਤੇ ਗਏ । ਇਸ ਦੇ ਮੁਕਾਬਲੇ ਅਸੀਂ ਪਿਛਲੇ ਸਾਲ 40000 ਕੁਨੈਕਸ਼ਨ ਦਿੱਤੇ ਅਤੇ ਇਸ ਸਾਲ 40000 ਹੋਰ ਦੇਣ ਜਾ ਰਹੇ ਹਾਂ। ਇਸ ਕਰਕੇ ਗਲਤ ਗੱਲ ਕੋਈ ਨਹੀਂ ਹੋ ਰਹੀ । ਇਨ੍ਹਾਂ ਦਾ ਖਦਸ਼ਾ ਨਿਰਮੂਲ ਹੈ ।

**ਡਾਕਟਰ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਆਨੰਦਪੁਰ ਸਾਹਿਬ ਜਿਹੜਾ ਕਿ ਕੰਡੀ ਏਰੀਆ ਹੈ ਉਥੇ ਨਾ ਤਾਂ ਕੋਈ ਲਿਫਟ ਇਰੀਗੇਸ਼ਨ ਹੈ ਅਤੇ ਨਾ ਉਥੇ ਟਿਊਬਵੈੱਲ ਲਗਦਾ ਹੈ......

**ਮਾਨਯੋਗ ਸਪੀਕਰ** : ਇਹ ਠੀਕ ਨਹੀਂ, ਤੁਸੀਂ ਸਵਾਲ ਕਰੋ ।

**ਡਾਕਟਰ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਸੀ.ਐਮ. ਸਾਹਿਬ ਉਥੇ ਇਕ ਪੁਲ ਦਾ ਨੀਂਹ ਪੱਥਰ ਰੱਖਣ ਗਏ ਸੀ, ਉਹ ਉਥੇ ਅਨਾਊਂਸ ਕਰਕੇ ਆਏ ਹਨ । ਉਥੇ 40 ਹਜ਼ਾਰ ਕੁਨੈਕਸ਼ਨ ਲੱਗਣੇ ਹਨ, ਕੀ ਪਹਿਲ ਦੇ ਅਧਾਰ ਤੇ ਇਨ੍ਹਾਂ ਦੇ ਕੁਨੈਕਸ਼ਨ ਲਗਾ ਦਿੱਤੇ ਜਾਣਗੇ । ਮੈਂ......

**MR. SPEAKER** : No discussion please.

**ਡਾਕਟਰ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੁਨੈਕਸ਼ਨ ਪ੍ਰਾਇਰਟੀ ਉਤੇ ਦੇ ਦਿੱਤੇ ਜਾਣ ਕਿਉਂਕਿ ਉਥੇ ਕੋਈ ਹੋਰ ਸਾਧਨ ਨਹੀਂ ਹੈ......

ਮਾਨਯੋਗ ਸਪੀਕਰ : ਤੁਸੀਂ ਸਵਾਲ ਕਰੋ, ਤਕਰੀਰ ਨਹੀਂ ਕਰਨੀ ।

ਡਾਕਟਰ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਕੰਡੀ ਦਾ ਏਰੀਆ ਹੈ, ਕੀ ਪ੍ਰਾਇਰਟੀ ਤੇ......

MR. SPEAKER : Please take your seat Doctor Ramesh Dutt Ji ਇਹ ਠੀਕ ਨਹੀਂ । ਤੁਸੀਂ ਮਨਿਸਟਰ ਵੀ ਰਹੇ ਹੋ ।

ਕੈਪਟਨ ਕੰਵਲਜੀਤ ਸਿੰਘ : ਮਾਨਯੋਗ ਸਪੀਕਰ ਸਾਹਿਬ, ਜੋ ਮੰਤਰੀ ਜੀ ਨੇ ਵੇਰਵੇ ਦਿੱਤੇ ਹਨ, ਮੇਰਾ ਸਵਾਲ ਇਹ ਹੈ ਕਿ ਜਿਹੜੇ ਪ੍ਰਾਇਰਟੀ ਜਾਂ ਚੇਅਰਮੈਨ ਸਾਹਿਬ ਦੇ ਕੋਟੇ ਵਿੱਚੋ ਕੁਨੈਕਸ਼ਨ ਦਿੱਤੇ ਗਏ ਹਨ, ਜਿਹੜੇ ਫਰਵਰੀ 2004......

ਮਾਨਯੋਗ ਸਪੀਕਰ : ਤੁਸੀਂ ਸਵਾਲ ਕਰੋ ।

ਕੈਪਟਨ ਕੰਵਲਜੀਤ ਸਿੰਘ : ਫਰਵਰੀ, 2004 ਤੋਂ ਲੈ ਕੇ ਅਪ੍ਰੈਲ, 2005 ਤੱਕ ਜਦੋਂ ਕਿ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਸਨ, ਉਦੋਂ ਕਿੰਨੇ ਕੁਨੈਕਸ਼ਨ ਜਾਰੀ ਕੀਤੇ ਗਏ ?

ਮਾਨਯੋਗ ਸਪੀਕਰ : ਤੁਸੀਂ ਸਵਾਲ ਦਿਓ, ਫਿਰ ਜਵਾਬ ਆਏਗਾ ।

ਕੈਪਟਨ ਕੰਵਲਜੀਤ ਸਿੰਘ : ਇਨ੍ਹਾਂ ਨੇ ਇਕ ਸਾਲ ਦਾ ਵੇਰਵਾ ਦੱਸਿਆ ਹੈ । I want that brake up.

MR. SPEAKER : Next question,

---

ਨਿਸ਼ਾਨ ਵਾਲਾ ਪ੍ਰਸ਼ਨ ਨੰ : 1061

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

---

ਤਰਨਤਾਰਨ-ਗੋਇੰਦਵਾਲ ਸਾਹਿਬ ਸੜਕ ਦੀ ਮੁਰੰਮਤ

*1091. ਸਰਦਾਰ ਮਨਜੀਤ ਸਿੰਘ (ਸਰਦਾਰ ਗੁਲਜ਼ਾਰ ਸਿੰਘ ਰਣੀਕੇ ਵੱਲੋਂ ਪੇਸ਼ ਕੀਤਾ ਗਿਆ) : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਤਰਨਤਾਰਨ-ਗੋਇੰਦਵਾਲ ਸਾਹਿਬ ਮੁੱਖ ਸੜਕ ਦੀ ਮੁਰੰਮਤ ਪਿਛੇ ਕਿਸ ਸਾਲ ਵਿਚ ਕੀਤੀ ਗਈ ਸੀ ਅਤੇ ਇਸ ਦੀ ਦੁਬਾਰਾ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸ਼੍ਰੀਮਾਨ ਜੀ, ਤਰਨਤਾਰਨ-ਗੋਇੰਦਵਾਲ ਸਾਹਿਬ ਸੜਕ ਦੀ ਪਹਿਲਾਂ ਮੁਰੰਮਤ ਸਾਲ 1998-99 ਵਿਚ ਕੀਤੀ ਗਈ ਸੀ । ਇਸ ਸੜਕ ਦੀ ਮੁਰੰਮਤ ਸਾਲ 2005-06 ਦੌਰਾਨ ਨਬਾਰਡ ਸਕੀਮ ਤਹਿਤ ਕੀਤੇ ਜਾਣ ਦੀ ਸੰਭਾਵਨਾ ਹੈ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤਰਨ-ਤਾਰਨ-ਗੋਇੰਦਵਾਲ ਸਾਹਿਬ, ਬੜੀ ਇਤਿਹਾਸਕ ਸੜਕ ਹੈ । ਇਨ੍ਹਾਂ ਨੇ ਕਿਹਾ ਹੈ ਕਿ ਸੰਭਾਵਨਾ ਹੈ, ਸੰਭਾਵਨਾ ਨਾਲ ਕਾਫੀ ਸਮਾਂ ਲੱਗ ਸਕਦਾ ਹੈ, ਇਹ ਕੋਈ ਟਾਈਮ ਨੀਯਤ ਕਰ ਦੇਣ । ਉਥੇ ਗੁਰਦੁਆਰੇ ਦੇ ਦਰਸ਼ਨਾਂ ਲਈ ਬਹੁਤ ਸੰਗਤ ਆਉਂਦੀ ਹੈ, ਕੋਈ ਘੱਟ ਸਮਾਂ ਨੀਯਤ ਕਰਕੇ, ਇਸ ਸੜਕ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਕੀ ਇਹ ਘੱਟ ਸਮੇਂ ਵਿੱਚ ਤਿਆਰ ਕਰਵਾਉਣਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਠੀਕ ਹੈ । ਇਸ ਸੜਕ ਦੀ ਬਹੁਤ ਰੀਲੀਜੀਅੱਸ ਮਹੱਤਤਾ ਹੈ । ਸੰਭਾਵਨਾ ਸ਼ਬਦ ਮੇਰੇ ਕੋਲੋਂ ਗਲਤ ਵਰਤਿਆ ਗਿਆ ਹੈ । ਅਸੀਂ ਇਸ ਨੂੰ ਪੱਕੀ ਬਣਾ ਰਹੇ ਹਾਂ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਬਾਰਡ 10 ਥੱਲੇ ਇਸ ਸੜਕ ਤੇ 4.83 ਕਰੋੜ ਰੁਪਿਆ ਲੱਗ ਰਿਹਾ ਹੈ । 23 ਤਰੀਕ ਨੂੰ ਟੈਂਡਰ ਹੋਏ ਹਨ ਅਤੇ ਮਾਰਚ, 2006 ਤੱਕ ਇਹ ਮੁਕੰਮਲ ਕਰਾ ਦੇਵਾਂਗੇ । ਇਹ ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ।

**ਕੈਪਟਨ ਕੰਵਲਜੀਤ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸੜਕ ਤੇ ਟੋਲ ਟੈਕਸ ਲਾਉਣਗੇ ਜਿਹੜੀ ਕਿ ਇਨ੍ਹਾਂ ਦੀ ਟੋਲ ਟੈਕਸ ਲਗਾਉਣ ਦੀ ਪਾਲਿਸੀ ਹੈ ?

**MR. SPEAKER :** Let them complete the road first.

**ਕੈਪਟਨ ਕੰਵਲਜੀਤ ਸਿੰਘ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਟੈਂਡਰ ਦੀ ਡੇਟ ਦੱਸੀ ਹੈ, ਇਸ ਲਈ ਮੈਂ ਪੁੱਛਿਆ ਹੈ ।

**MR. SPEAKER :** No need.

———

## ਪਰਵਾਨਿਤ ਕਲੋਨੀਆਂ ਲਈ ਇਤਰਾਜ਼ਹੀਣਤਾ ਸਰਟੀਫਿਕੇਟ

***1036, ਸਰਦਾਰ ਬੀਰ ਦਵਿੰਦਰ ਸਿੰਘ :** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੁੱਡਾ ਨੇ ਜ਼ਿਲ੍ਹਾ ਰੋਪੜ ਦੀਆਂ ਖਰੜ ਅਤੇ ਮੁਹਾਲੀ ਤਹਿਸੀਲਾਂ ਵਿਚ ਕੁੱਝ ਕਲੋਨੀਆਂ ਨੂੰ ਪ੍ਰਵਾਨਗੀ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਕੀ ਅਜਿਹੀਆਂ ਕਲੋਨੀਆਂ ਨੂੰ ਪ੍ਰਵਾਨਗੀ ਦੇਣ ਤੋਂ ਪਹਿਲਾਂ ਕਿਸੇ ਪੱਧਰ ਤੇ ਡ੍ਰੇਨੇਜ਼ ਵਿਭਾਗ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕੀਤਾ ਗਿਆ ਸੀ ?

ਸ੍ਰੀ ਰਘੂਨਾਥ ਸਹਾਏ ਪੁਰੀ : ਸ੍ਰੀਮਾਨ ਜੀ, ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਤਹਿਤ ਨੋਟੀਫਾਈਡ ਕੀਤੀ ਕੰਪੀਟੈਂਟ ਅਥਾਰਟੀ ਵਲੋਂ ਮਿਊਂਸਿਪਲ ਕਮੇਟੀ ਖਰੜ ਦੀ ਹੱਦ ਅੰਦਰ ਨਾਲ ਨੱਥੀ ਅਨੁਲੱਗ-ੳ ਅਨੁਸਾਰ 15 ਲਾਇਸੈਂਸ, ਜੋ ਕਿ 187.975 ਏਕੜ ਭੋਂ ਦੇ ਹਨ, ਕਲੋਨੀਆਂ ਬਣਾਉਣ ਲਈ ਜਾਰੀ ਕੀਤੇ ਗਏ ਹਨ। ਮਿਊਂਸਿਪਲ ਕਮੇਟੀ ਮੁਹਾਲੀ ਦੀ ਹੱਦ ਅੰਦਰ ਕੋਈ ਲਾਇਸੈਂਸ ਜਾਰੀ ਨਹੀਂ ਕੀਤਾ ਗਿਆ ਹੈ। ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਡ੍ਰੇਨੇਜ ਵਿਭਾਗ ਤੋਂ ਐਨ. ੳ. ਸੀ ਪ੍ਰਾਪਤ ਨਹੀਂ ਕੀਤਾ ਗਿਆ ਸੀ। ਪਰ ਇਹ ਪਹਿਲੂ ਮੁੱਖ ਇੰਜੀਨੀਅਰ, ਪੁੱਡਾ ਵਲੋਂ ਇਸ ਸਬੰਧੀ ਰਿਪੋਰਟ ਭੇਜਣ ਸਮੇਂ ਧਿਆਨ ਵਿਚ ਰੱਖਿਆ ਜਾਂਦਾ ਹੈ ਅਤੇ ਸਬੰਧਤ ਮਿਊਂਸਿਪਲ ਕਮੇਟੀ ਵਲੋਂ ਜਾਰੀ ਕੀਤੇ ਐਨ.ੳ.ਸੀ. ਨੂੰ ਵੀ ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਧਿਆਨ ਵਿਚ ਰੱਖਿਆ ਜਾਂਦਾ ਹੈ।

## ਅਨੁਲੱਗ ੳ

### ਮਿਊਂਸਿਪਲ ਕਮੇਟੀ ਖਰੜ ਵਿਖੇ ਜਾਰੀ ਕੀਤੇ ਲਾਇਸੈਂਸਾਂ ਦੀ ਸੂਚੀ

| ਲੜੀ ਨੰ: | ਪ੍ਰਮੋਟਰ ਦਾ ਨਾਂ | ਕਲੋਨੀ ਦਾ ਨਾਂ | ਲਾਇਸੈਂਸ ਨੰ ਅਤੇ ਮਿਤੀ/ ਵੈਲਿਡ ਅੱਪ-ਟੂ | ਏਰੀਆ ਏਕੜ ਵਿੱਚ |
|---|---|---|---|---|
| 1 | 2 | 3 | 4 | 5 |
| 1. | ਮੈਸਰਜ਼ ਜਨਤਾ ਅਸਟੇਟ ਐਂਡ ਹਾਊਸਿੰਗ ਲਿਮਟਿਡ, ਐਸ.ਸੀ.ੳ. 523-24, ਸੈਕਟਰ-70, ਮੁਹਾਲੀ। | ਜਨਤਾ ਨਗਰ ਐਕਸਟੈਂਸ਼ਨ ਖਰੜ। | 96/02 9-5-96 8-5-99 | 4.81 |
| 2. | ਮੈਸਰਜ਼ ਸ਼ਿਵਾਲਿਕ ਡਿਵੈਲਪਰਜ਼ ਐਂਡ ਪ੍ਰਮੋਟਰਜ਼ ਪ੍ਰਾ. ਲਿਮਟਿਡ, ਐਸ.ਸੀ.ੳ. 510, ਸੈਕਟਰ-70, ਮੁਹਾਲੀ। | ਸ਼ਿਵਾਲਿਕ ਇਨਕਲੇਵ, ਖਰੜ। | 2001/74 17-4-01 16-4-04 | 4.775 |
| 3. | ਮੈਸਰਜ਼ ਸ਼ਿਵਾਲਿਕ ਡਿਵੈਲਪਰਜ਼ ਐਂਡ ਪ੍ਰਮੋਟਰਜ਼ ਪ੍ਰਾ. ਲਿਮਟਿਡ, ਐਸ.ਸੀ.ੳ. 510, ਸੈਕਟਰ-70, ਮੁਹਾਲੀ। | ਸ਼ਿਵਾਲਿਕ ਇਨਕਲੇਵ, ਐਕਸਟੈਂਸ਼ਨ-1, ਖਰੜ। | 2001/86 28-12-01 27-12-04 | 8.51 |

[ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ]

| 1 | 2 | 3 | 4 | 5 |
|---|---|---|---|---|
| 4. | ਮੈਸਰਜ਼ ਰੇਨਬੋਜ ਪ੍ਰੋਜੈਕਟ ਐਂਡ ਡਿਵੈਲਪਮੈਂਟ, 2505, ਸੈਕਟਰ 35-ਸੀ, ਚੰਡੀਗੜ੍ਹ । | ਐਨ.ਆਰ.ਆਈ. ਇਨਕਲੇਵ, ਖਰੜ । | 2002/90 9-1-02 8-1-05 | 4.562 |
| 5. | ਮੈਸਰਜ਼ ਟੈਕਨੋ ਬਿਲਡਰਜ, ਮਕਾਨ ਨੰ: 617, ਸੈਕਟਰ 16-ਡੀ, ਚੰਡੀਗੜ੍ਹ । | ਗੁਲਮੋਹਰ ਕੰਪਲੈਕਸ (ਕਮਰਸ਼ੀਅਲ), ਖਰੜ | 2002/92 18-1-02 17-1-04 | 1.25 |
| 6. | ਮੈਸਰਜ਼ ਸ਼ਿਵਾਲਿਕ ਡਿਵੈਲਪਰਜ ਐਂਡ ਪ੍ਰਮੋਟਰਜ ਪ੍ਰਾ. ਲਿਮਟਿਡ, ਐਸ.ਸੀ.ਓ. 510, ਸੈਕਟਰ 70, ਮੁਹਾਲੀ । | ਸ਼ਿਵਾਲਿਕ ਇਨਕਲੇਵ, ਐਕਸਟੈਂਸ਼ਨ-II, ਖਰੜ । | 2002/108 23-8-02 22-8-05 | 6.241 |
| 7. | ਮੈਸਰਜ਼ ਸ਼ਿਵਾਲਿਕ ਡਿਵੈਲਪਰਜ ਐਂਡ ਪ੍ਰਮੋਟਰਜ ਪ੍ਰਾ. ਲਿਮਟਿਡ, ਐਸ.ਸੀ.ਓ. 510, ਸੈਕਟਰ 70, ਮੁਹਾਲੀ । | ਸ਼ਿਵਾਲਿਕ ਇਨਕਲੇਵ, ਐਕਸਟੈਂਸ਼ਨ-III, ਖਰੜ । | 2002/109 23-8-02 22-8-05 | 4.618 |
| 8. | ਮੈਸਰਜ਼ ਹੇਮਕੁੰਟ ਹਾਊਸਿੰਗ ਡਿਵੈਲਪਮੈਂਟ ਪ੍ਰਾ. ਲਿਮਟਿਡ, ਮਕਾਨ ਨੰ: 1031, ਫੇਜ਼-9, ਮੁਹਾਲੀ । | ਮਾਡਲ ਟਾਊਨ | 2002/110 29-9-02 28-8-05 | 9.35 |
| 9. | ਮੈਸਰਜ਼ ਬਾਜਵਾ ਡਿਵੈਲਪਰਜ ਪ੍ਰਾ. ਲਿਮਟਿਡ, ਮਕਾਨ ਨੰ: 1126, ਫੇਜ਼-9, ਮੁਹਾਲੀ । | ਸੰਨੀ ਇਨਕਲੇਵ, ਖਰੜ । | 2002/112 29-9-02 28-8-05 | 8.52 |
| 10. | ਸ਼੍ਰੀ ਵੇਦ ਬੱਸੀ, ਮਕਾਨ ਨੰ: 23, ਸੈਕਟਰ 5, ਚੰਡੀਗੜ੍ਹ । | ਪੈਸੀਫਿਕ ਇਨਕਲੇਵ, ਖਰੜ । | 2004/135 20-7-04 19-7-07 | 8.82 |

| 1 | 2 | 4 | 4 | 5 |
|---|---|---|---|---|
| 11. | ਮੈਸਰਜ਼ ਸ਼ਿਵਾਲਿਕ ਡਿਵੈਲਪਰਜ ਐਂਡ ਪ੍ਰਮੋਟਰਜ ਪ੍ਰਾ. ਲਿਮਟਿਡ, ਐਸ.ਸੀ.ਓ. 510, ਸੈਟਕਰ 70, ਮੁਹਾਲੀ । | ਸ਼ਿਵਾਲਿਕ ਇਨਕਲੇਵ, ਐਕਸਟੈਂਸ਼ਨ-IV, ਖਰੜ । | 2004/131 24-8-04 23-8-07 | 18.667 |
| 12. | ਮੈਸਰਜ਼ ਸ਼ਿਵਾਲਿਕ ਡਿਵੈਲਪਰਜ ਐਂਡ ਪ੍ਰਮੋਟਰਜ ਪ੍ਰਾ ਲਿਮਟਿਡ, ਐਸ ਸੀ.ਓ. 510, ਸੈਕਟਰ 70, ਮੁਹਾਲੀ । | ਸ਼ਿਵਾਲਿਕ ਇਨਕਲੇਵ, ਐਕਸਟੈਂਸ਼ਨ-V, ਖਰੜ । | 2004/132 24-8-04 23-8-07 | 64.731 |
| 13. | ਮੈਸਰਜ਼ ਬਾਜਵਾ ਡਿਵੈਲਪਰਜ ਪ੍ਰਾ. ਲਿਮਟਿਡ, ਮਕਾਨ ਨੰ. 1126, ਫੇਜ਼-9, ਮੁਹਾਲੀ । | ਸੰਨੀ ਇਨਕਲੇਵ ਐਕਸਟੈਂਸ਼ਨ-1, ਖਰੜ । | 2004/133 26-8-04 25-8-07 | 4.905 |
| 14. | ਮੈਸਰਜ਼ ਬਾਜਵਾ ਡਿਵੈਲਪਰਜ ਪ੍ਰਾ: ਲਿਮਟਿਡ, ਮਕਾਨ ਨੰ: 1126, ਫੇਜ਼-9, ਮੁਹਾਲੀ । | ਸੰਨੀ ਇਨਕਲੇਵ, ਐਕਸਟੈਂਸ਼ਨ-II, ਖਰੜ । | 2004/144 26-8-04 25-8-07 | 34.10 |
| 15. | ਮੈਸਰਜ਼ ਮਾਡੇਜ ਹਾਊਸਿੰਗ ਡਿਵੈਲਪਮੈਂਟ ਪ੍ਰਾ ਲਿਮਟਿਡ, ਮਕਾਨ ਨੰ. 1088, ਫੇਜ਼ 9, ਮੁਹਾਲੀ । | ਮਾਡਲ ਟਾਊਨ, ਐਕਸਟੈਂਸ਼ਨ 1, ਖਰੜ । | 2004/129 3-9-04 2-9-07 | 14.106 |
| | | ਕੁੱਲ ਏਰੀਆ (ਏਕੜ ਵਿੱਚ) | | 187.975 |

**ਸਰਦਾਰ ਬੀਰ ਦਵਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜਿਹੜਾ ਮੇਰਾ ਸਵਾਲ ਹੈ, ਉਹ ਹੋਰ ਹੈ ਅਤੇ ਜਵਾਬ ਬਿਲਕੁਲ ਮੁਖਤਲਿਫ ਹੈ । ਸਵਾਲ ਮੇਰਾ ਹੈ ਕਿ ਜ਼ਿਲ੍ਹਾ ਰੋਪੜ ਵਿਚ ਖਰੜ ਅਤੇ ਮੁਹਾਲੀ ਤਹਿਸੀਲ ਵਿਚ ਕੁੱਲ ਕਿੰਨੀਆਂ ਕਲੋਨੀਆਂ ਨੂੰ ਪ੍ਰਵਾਨਗੀ ਦਿੱਤੀ ਹੈ । ਇਨ੍ਹਾਂ ਨੇ ਜਵਾਬ ਕੇਵਲ ਮਿਊਂਸਿਪਲ ਕਮੇਟੀਆਂ ਵਿਚ ਪ੍ਰਵਾਨ ਦਾ ਦਿੱਤਾ ਹੈ । ਮੇਰਾ ਸਵਾਲ ਤਹਿਸੀਲ ਦਾ ਹੈ ਕਿ ਉਥੇ ਕੁੱਲ ਕਿੰਨੀਆਂ ਕਲੋਨੀਆਂ ਬਣਾਉਣ ਦੀ ਪ੍ਰਵਾਨਗੀ ਦਿੱਤੀ ਹੈ । ਮਿਊਂਸਿਪਲ ਕਮੇਟੀ ਬਾਰੇ ਤਾਂ ਮੇਰਾ ਸਵਾਲ ਹੀ ਨਹੀਂ ਹੈ ।

**MINISTER :** Sir, I will read the question: "Will the Housing and Urban Development Minister be pleased to state whether it is a fact that PUDA has approved certain colonies in Kharar and Mohali of District Ropar, if so, whether "No Objection Certificate" from the Drainage Department was obtained at any stage before such colonies were approved ?"

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਹੀ ਇਹੀ ਹੈ, ਜਿਹੜਾ ਇਨ੍ਹਾਂ ਨੇ ਪੜ੍ਹਿਆ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ :** ਸਵਾਲ ਮੈਂ ਅੰਗਰੇਜ਼ੀ ਵਿਚ ਪੜ੍ਹ ਦਿੰਦਾ ਹਾਂ : "Will the Housing and Urban Development Minister be pleased to state whether it is a fact that PUDA has approved certain colonies in Kharar and Mohali Tehsils of District Ropar, if so, whether "No Objection Certificate" from the Drainage Department was obtained at any stage before such colonies were approved ?" ਮੈਂ ਤਾਂ ਪੂਰੀਆਂ ਦੋ ਤਹਿਸੀਲਾਂ ਦਾ ਵੇਰਵਾ ਮੰਗਿਆ ਹੈ ।

**ਮਾਨਯੋਗ ਸਪੀਕਰ :** ਮਨਿਸਟਰ ਸਾਹਿਬ, ਇਸ ਦਾ ਕੋਈ ਜਵਾਬ ਦਿਓਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਦੂਸਰੀ ਸਾਈਡ ਤੋਂ ਲੈ ਲਿਆ ਹੈ । ਖਰੜ ਅਤੇ ਮੁਹਾਲੀ, ਰੋਪੜ ਜ਼ਿਲ੍ਹੇ ਵਿਚ ਆਉਂਦੇ ਹਨ । ਇਹ ਦੁਬਾਰਾ ਸਵਾਲ ਕਰ ਦੇਣ । ਮੈਂ ਜਵਾਬ ਲੈ ਦੇਵਾਂਗਾ ।

**MR. SPEAKER :** I postpone this question till tomorrow.

---

**Name of the Hospitals Having Mortuaries**

***1060. Shri Tikshan Sud :** Will the Health and Family Welfare Minister be pleased to state the district-wise names of the Hospitals in the State having Mortuaries togetherwith the terms and conditions on which the dead bodies are kept therein ?

**Shri Romesh Chander Dogra :** The requisite information is placed on the Table of the House as Annexure.

## ANNEXURE

Facilities of mortuaries are available in 56 hospitals in the State managed by Department of Health & Family Welfare.

| | |
|---|---|
| + Civil Hospitals (CH) | 15 |
| + Sub Divisional Hospitals (SDH) | 34 |
| + Community Health Centres (CHC) | 07 |
| Total | 56 |

District-wise names of the hospital in the State having Mortuaries.

| Name of the District | Sr. No. | Name of the Hospital |
|---|---|---|
| 1 | 2 | 3 |
| Amritsar | 1. | CH Amritsar |
| | 2. | SDH Tarn Taran |
| | 3. | SDH Patti |
| Bathinda | 4. | CH Bathinda |
| | 5. | SDH Rampura Phul |
| | 6. | CHC Maur |
| Fatehgarh Sahib | 7. | CH Fatehgarh Sahib |
| | 8. | SDH Bassi Pathana |
| | 9. | SDH Amloh |
| | 10. | CHC Mandi Gobindgarh |
| Ferozepur | 11. | CH Ferozepur |
| | 12. | SDH Fazilka |
| | 13. | SDH Zeera |
| | 14. | SDH Abohar |

[Health and Family Welfare Minister]

| 1 | 2 | 3 |
|---|---|---|
| Faridkot | 15. | SDH Kotkapura |
| Gurdaspur | 16. | CH Gurdaspur |
| | 17. | SDH Pathankot |
| | 18. | SDH Batala |
| Hoshiarpur | 19. | CH Hoshiarpur |
| | 20. | SDH Mukerian |
| | 21. | SDH Dasuya |
| | 22. | SDH Garhshankar |
| Jalandhar | 23. | CH Jalandhar |
| | 24. | SDH Nakodar |
| | 25. | SDH Phillaur |
| Kapurthala | 26. | CH Kapurthala |
| | 27. | SDH Phagwara |
| | 28. | SDH Sultanpur Lodhi |
| Ludhiana | 29. | CH Ludhiana |
| | 30. | SDH Samrala |
| | 31. | SDH Khanna |
| | 32. | SDH Jagaraon |
| | 33. | CHC Sudhar |
| | 34. | CHC Maloud |
| Moga | 35. | CH Moga |
| Muktsar | 36. | CH Muktsar |
| | 37. | SDH Malout |
| | 38. | SDH Gidderbaha |

| 1 | 2 | 3 |
|---|---|---|
| Mansa | 39. | CH Mansa |
| | 40. | SDH Sardulgarh |
| | 41. | CHC Budladha |
| Nawanshahar | 42. | CH Nawanshahar |
| | 43. | SDH Banga |
| | 44. | SDH Balachaur |
| Patiala | 45. | SDH Rajpura |
| | 46. | SDH Nabha |
| | 47. | SDH Samana |
| Ropar | 48. | CH Ropar |
| | 49. | SDH Anandpur Sahib |
| | 50. | SDH Kharar |
| | 51. | CH SAS Nagar Mohali |
| Sangrur | 52. | CH Sangrur |
| | 53. | SDH Barnala |
| | 54. | SDH Malerkotla |
| | 55. | SDH Sunam |
| | 56. | CHC Dhuri |

(B) Terms & Conditions on which dead bodies are kept.

(i) No charges for bodies awaiting funeral brought by police or which are unknown, unclaimed and accidental awaiting legal procedures.

(ii) Non-Air Condition Mortuaries—Free of charges.

(iii) Air Condition Mortuaries —Rs. 100/- per day or the part thereof.

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਫਿਗਰ ਵੀ ਦੇ ਦਿੱਤੀ ਹੈ, ਜਿਨੀਆਂ ਮੋਰਚਰੀਜ਼ ਬਣੀਆਂ ਹੋਈਆਂ ਹਨ । 100 ਰੁਪਏ ਡੈਡ-ਬਾਡੀ ਰੱਖਣ ਲਈ ਲਏ ਜਾਂਦੇ ਹਨ । ਮੇਰਾ ਸਵਾਲ ਮੰਤਰੀ ਜੀ ਦੇ ਜ਼ਿਲੇ ਨਾਲ ਹੀ ਸਬੰਧਤ ਹੈ । ਮਿਤੀ 10 ਸਤੰਬਰ, 2004 ਨੂੰ ਇਕ ਲੇਡੀ ਗੁਰਮੇਜ ਕੌਰ ਦੀ ਡੈਡ-ਬਾਡੀ ਉਥੇ ਰੱਖਣ ਲਈ ਆਈ । ਉਸ ਦੇ ਵਾਰਸ ਬਾਹਰਲੇ ਮੁਲਕ ਚੋਂ ਆਏ ਸਨ । ਜਦੋਂ ਉਹ ਉਥੇ ਆਏ ਤਾਂ ਡੈਡ-ਬਾਡੀ ਸੜਦੀ ਪਈ ਸੀ । ਉਨ੍ਹਾਂ ਦੇ ਡਰਾਈਵਰ ਨੇ ਡੈਡ ਬਾਡੀ ਚੁੱਕਣ ਤੋਂ ਨਾਂਹ ਕਰ ਦਿੱਤੀ । ਇਸ ਦੀ ਅਖਬਾਰਾਂ ਵਿਚ ਵੀ ਖ਼ਬਰ ਆਈ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੜਾ ਸੀਰੀਅਸ ਮਾਮਲਾ ਸੀ, ਜਿਸ ਦਾ ਇੰਪਰੈਸ਼ਨ ਕੋਈ ਚੰਗਾ ਨਹੀਂ ਪਿਆ । ਇਸ ਦੀ ਇਨਕੁਆਰੀ ਵੀ ਮੰਗੀ ਸੀ । ਕੀ ਇਨਕੁਆਰੀ ਹੋਈ ਹੈ ? ਜੇ ਹੋਈ ਹੈ ਤਾਂ ਉਸ ਦਾ ਕੀ ਰਿਜ਼ਲਟ ਨਿਕਲਿਆ ? ਇਸ ਬਾਰੇ ਮੰਤਰੀ ਜੀ ਦੱਸਣ ।

**ਮੰਤਰੀ** : ਇਸ ਬਾਰੇ ਸੈਪਰੇਟ ਸਵਾਲ ਕਰ ਦੇਣ । ਮੈਂ ਜਵਾਬ ਦੇ ਦਿਆਂਗਾ ।

**ਮਾਨਯੋਗ ਸਪੀਕਰ** : ਸੂਦ ਸਾਹਿਬ, ਤੁਸੀਂ ਦੂਜਾ ਕੁਐਸਚਨ ਕਰੋ । ਤੁਸੀਂ ਮੋਰਚਰੀਜ਼ ਬਾਰੇ ਪੁੱਛਿਆ ਸੀ, ਉਹ ਉਨ੍ਹਾਂ ਨੇ ਦੱਸ ਦਿੱਤੀਆਂ ਹਨ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਨਾਲ ਹੀ ਡੈਡ-ਬਾਡੀ ਰੱਖਣ ਬਾਰੇ ਪ੍ਰੋਸੀਜ਼ਰ ਵੀ ਪੁਛਿਆ ਹੈ । ਇਹ ਬੜਾ ਬਰਨਿੰਗ ਇਸ਼ੂ ਸੀ ਅਤੇ ਲੋਕਾਂ ਨੇ ਬੜਾ ਬੁਰਾ ਮਨਾਇਆ ਸੀ । ਕੀ ਇਸ ਦੀ ਇਨਕੁਆਰੀ ਹੋਈ ? ਜੇ ਹੋਈ ਤਾਂ ਕੀ ਨਿਕਲਿਆ, ਮੰਤਰੀ ਜੀ ਇਸ ਬਾਰੇ ਦੱਸਣ ।

**ਮੰਤਰੀ** : ਕੋਈ ਸਪੈਸੀਫਿਕ ਇੰਸੀਡੈਂਟ ਤਾਂ ਮੈਨੂੰ ਪਤਾ ਨਹੀਂ । ਜੇ ਇਹ ਚਾਹੁੰਦੇ ਹਨ ਤਾਂ ਵੱਖਰਾ ਸਵਾਲ ਕਰ ਦੇਣ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਕੀ ਕੋਈ ਡੈਡ-ਬਾਡੀ ਲਈ ਕੁਐਸਚਨ ਕਰ ਸਕਦਾ ਹੈ ਜੇਕਰ ਅਸੀਂ ਫੀਸ ਲੈਂਦੇ ਹਾਂ ਤਾਂ ਪਰਾਪਰ ਸਹੂਲਤ ਕਿਉਂ ਨਹੀਂ ਦਿੰਦੇ ।

**ਮੰਤਰੀ** : ਪ੍ਰੋਸੀਜ਼ਰਜ ਤਾਂ ਬੜਾ ਕਲੀਅਰ ਹੈ......

**ਮਾਨਯੋਗ ਸਪੀਕਰ** : ਕੀ ਇਸ ਇੰਸੀਡੈਂਟ ਬਾਰੇ ਤੁਸੀਂ ਕੋਈ ਐਕਸ਼ਨ ਲਿਆ ਹੈ ?

**MINISTER** : I will definitely look into this complaint also. If he had asked me earlier about this, I would have given the reply in the House.

**ਸਰਦਾਰ ਜੋਗਿੰਦਰ ਸਿੰਘ ਮਾਨ** : ਮਾਨਯੋਗ ਸਪੀਕਰ ਸਾਹਿਬ, ਜਿਨ੍ਹਾਂ ਸਰਕਾਰੀ ਹਸਪਤਾਲਾਂ ਵਿੱਚ ਮੋਰਚਰੀਜ਼ ਬਣੇ ਹੋਏ ਹਨ ਕੀ ਉਨ੍ਹਾਂ ਦੇ ਵਿੱਚ ਲਾਸ਼ਾਂ ਨੂੰ ਰੱਖਣ ਲਈ ਪੁਖਤਾ ਪ੍ਰਬੰਧ ਕੀਤੇ ਹੋਏ ਹਨ ?

**Minister :** Sorry. Let him again please repeat the question.

**Mr. Speaker :** Mann Sahib, please repeat the question again.

**ਸਰਦਾਰ ਜੋਗਿੰਦਰ ਸਿੰਘ ਮਾਨ :** ਸਰ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਸਰਕਾਰੀ ਹਸਪਤਾਲਾਂ ਵਿੱਚ ਮੋਰਚਰੀ ਬਣੇ ਹੋਏ ਹਨ ਕੀ ਉਨ੍ਹਾਂ ਵਿੱਚ ਲਾਸ਼ਾਂ ਨੂੰ ਰੱਖਣ ਵਾਸਤੇ ਪੁਖਤਾ ਪ੍ਰਬੰਧ ਕੀਤੇ ਹੋਏ ਹਨ ?

**ਮੰਤਰੀ :** ਸਰ, ਮੋਰਚਰੀ ਬਣੇ ਹੋਏ ਹਨ । ਉਹ ਠੀਕ ਪ੍ਰਬੰਧ ਵਾਸਤੇ ਹੀ ਬਣਾਏ ਹੋਏ ਹਨ ।

**ਸ਼੍ਰੀ ਤਿਕਸ਼ਨ ਸੂਦ :** ਮਾਨਯੋਗ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪੁਖਤਾ ਪ੍ਰਬੰਧ ਹਨ । ਕੀ ਇਨ੍ਹਾਂ ਨੇ ਕਦੇ ਆਪ ਜਾ ਕੇ ਪ੍ਰਬੰਧ ਦੇਖਿਆ ਹੈ । ਇਨ੍ਹਾਂ ਦੇ ਆਪਣੇ ਸ਼ਹਿਰ ਦੀ ਗੱਲ ਮੈਂ ਕੀਤੀ ਸੀ । ਇਨਕੁਆਰੀ ਮਾਰਕ ਹੋ ਗਈ ਹੈ, ਉਹ ਇਨਕੁਆਰੀ ਕਿਸ ਨੇ ਕੀਤੀ ?

**ਮਾਨਯੋਗ ਸਪੀਕਰ :** ਸੂਦ ਸਾਹਿਬ, ਤੁਸੀਂ ਸਵਾਲ ਪੁੱਛੋ ਕਿ ਇਨਕੁਆਰੀ ਦੀ ਰਿਪੋਰਟ ਕਦੋਂ ਤੱਕ ਆ ਜਾਵੇਗੀ ?

**ਸ਼੍ਰੀ ਤਿਕਸ਼ਨ ਸੂਦ :** ਮਾਨਯੋਗ ਸਪੀਕਰ ਸਾਹਿਬ, ਚਲੋ ਮੈਂ ਸਵਾਲ ਪੁੱਛ ਲੈਂਦਾ ਹਾਂ ਕਿ ਕੀ ਮੰਤਰੀ ਜੀ ਇਸ ਸਬੰਧੀ ਇਨਕੁਆਰੀ ਕਰਾਉਣਗੇ ਅਤੇ ਦੋਸ਼ੀਆਂ ਨੂੰ ਸਜ਼ਾ ਦੇਣਗੇ ?

**Minister :** He should give me a specific complaint ਮੈਂ ਇਹ ਇਨਕੁਆਰੀ ਬਿਲਕੁਲ ਕਰਵਾਵਾਂਗਾ ।

**ਸ਼੍ਰੀ ਤਿਕਸ਼ਨ ਸੂਦ :** ਮਾਨਯੋਗ ਸਪੀਕਰ ਸਾਹਿਬ, ਇਹ ਗੁਰਮੇਜ ਕੌਰ ਦੀ ਕੰਪਲੇਂਟ ਹੈ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਪੁਆਇੰਟ ਆਫ ਆਰਡਰ ਮਾਨਯੋਗ ਸਪੀਕਰ ਸਾਹਿਬ ।

**Mr. Speaker :** No Point of Order. You can't raise this during questions.

---

### Cardiologists and Neurologists in the Civil Hospitals

***1072. Sardar Sohan Singh Thandal :** Will the Health and Family Welfare Minister be pleased to state the names of the Civil Hospitals in the State where Cardiologists and Neurologists have been posted together with the number of such Doctors in each Hospital ?

**Shri. Romesh Chander Dogra :** In none of the Civil Hospitals in the State Cardiologists and Neurologists have been posted.

**ਸਰਦਾਰ ਸੋਹਨ ਸਿੰਘ ਠੰਡਲ :** ਮਾਨਯੋਗ ਸਪੀਕਰ ਸਾਹਿਬ, ਜਵਾਬ ਨਾਂਹ ਵਿੱਚ ਆਇਆ ਹੈ । ਪੰਜਾਬ ਵਿੱਚ ਕੋਈ ਵੀ ਦਿਲ ਜਾਂ ਅੰਤੜੀਆਂ ਦੀ ਬੀਮਾਰੀ ਦਾ ਡਾਕਟਰ ਨਹੀਂ ਹੈ ਜਦ ਕਿ ਸਾਰੇ ਹੀ ਪੰਜਾਬ ਦੇ ਲੋਕ ਇਨ੍ਹਾਂ ਬੀਮਾਰੀਆਂ ਤੋਂ ਪੀੜ੍ਹਤ ਹਨ (ਸਦਨ ਵਿੱਚ ਹਾਸਾ) ਸਰ ਤਕਰੀਬਨ 10% ਲੋਕ ਇਨ੍ਹਾਂ ਬੀਮਾਰੀਆਂ ਤੋਂ ਪੀੜ੍ਹਤ ਹਨ ਅਤੇ ਇਹ ਬਹੁਤ ਗੰਭੀਰ ਬੀਮਾਰੀਆਂ ਹਨ ਅਤੇ ਸਾਡੇ ਇੱਥੇ ਕੋਈ ਡਾਕਟਰ ਨਹੀਂ ।

**ਮਾਨਯੋਗ ਸਪੀਕਰ :** ਠੰਡਲ ਸਾਹਿਬ ਦਾ ਕਹਿਣਾ ਹੈ ਕਿ ਸਾਰਿਆਂ ਨੂੰ ਬੀਮਾਰੀ ਹੋਵੇ ।

**ਸਰਦਾਰ ਸੋਹਨ ਸਿੰਘ ਠੰਡਲ :** ਮਾਨਯੋਗ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅਮੀਰ ਲੋਕ ਤਾਂ ਬਾਹਰੋਂ ਦਿਲ ਦਾ ਇਲਾਜ ਕਰਵਾ ਸਕਦੇ ਹਨ ਪਰ ਗਰੀਬ ਲੋਕਾਂ ਲਈ ਦੋ ਤਿੰਨ ਲੱਖ ਰੁਪਏ ਦਾ ਖਰਚਾ ਕਰਨਾ ਮੁਸ਼ਕਲ ਹੈ । ਕੀ ਸਰਕਾਰ ਉਨ੍ਹਾਂ ਵਾਸਤੇ ਕੋਈ ਵਿਚਾਰ ਕਰ ਸਕਦੀ ਹੈ । ਕੀ ਗਰੀਬਾਂ ਦੇ ਇਲਾਜ ਲਈ ਡਾਕਟਰਾਂ ਦਾ ਪ੍ਰਬੰਧ ਕਰਨ ਵਾਸਤੇ ਸਰਕਾਰ ਕੋਈ ਉਪਰਾਲਾ ਕਰੇਗੀ ?

**ਮੰਤਰੀ :** ਸਰ, ਕਾਰਡਿਆਲੋਜ਼ੀ ਅਤੇ ਨਿਊਰੋਲੋਜੀ ਸਬਜੈਕਟਾਂ ਦੀ ਨਿਯੁਕਤੀ ਸੁਪਰ ਸਪੈਸ਼ਲਿਟੀ ਹਸਪਤਾਲਾਂ ਵਿੱਚ ਹੁੰਦੀ ਹੈ ਅਤੇ ਇਹ ਸਾਡੇ ਹਸਪਤਾਲਾਂ ਵਿੱਚ ਨਹੀਂ ਹੈ । ਸਾਡੇ ਕਾਡਰ ਵਿੱਚ ਵੀ ਡੀ.ਐਮ. ਨਿਊਰਾਲੋਜ਼ੀ ਅਤੇ ਡੀ.ਐਮ. ਕਾਰਡਿਆਲੋਜ਼ੀ ਹੁੰਦੇ ਹਨ ਜੋ ਕਿ ਮੈਡੀਕਲ ਕਾਲਜਾਂ ਵਿੱਚ ਹੁੰਦੇ ਹਨ । ਇਹ ਟੱਰਸਰੀ ਮੈਡੀਕਲ ਕੇਅਰ ਹੈ ਸਾਡਾ ਸੈਕੰਡਰੀ ਮੈਡੀਕਲ ਕੇਅਰ ਵਿੱਚ ਆਉਂਦਾ ਹੈ । ਸਾਡੇ ਜੋ ਡਾਕਟਰ ਹਨ, ਉਹ ਹੀ ਇਨ੍ਹਾਂ ਬੀਮਾਰੀਆਂ ਨੂੰ ਦੇਖਦੇ ਹਨ । For Medical Specialists, who are in the hospitals, in case the case is not under their control, they refer is to the Super Specialist Hospitals or to the Colleges for treatment only.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਮੈਂ, ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹਾਂਗਾ ਕਿ ਜਿਹੜੀ ਹਾਰਟ ਦੀ ਡਜ਼ੀਜ਼ ਹੈ, ਇਹ ਪੰਜਾਬ ਵਿੱਚ ਖਾਸ ਕਰਕੇ ਪਕਿਊਲਰ ਹੈ । ਖਾਸ ਕਰਕੇ ਦਿਲ ਦੇ ਦੌਰੇ ਪੰਜਾਬ ਦੇ ਲੋਕਾਂ ਨੂੰ ਬਹੁਤ ਪੈਂਦੇ ਹਨ । ਬਾਈਪਾਸ ਸਰਜਰੀ ਅਤੇ ਐਂਜੋਗਰਾਫੀ ਤੇ ਕਾਫੀ ਖਰਚਾ ਆਉਂਦਾ ਹੈ ਜੋ ਕਿ ਪੰਜਾਬ ਦੇ ਲੋਕ ਅਫੋਰਡ ਨਹੀਂ ਕਰ ਸਕਦੇ । ਇਹ ਜੋ ਬਾਈਪਾਸ ਸਰਜ਼ਰੀ ਜਾਂ ਐਂਜੋਗਰਾਫੀ ਹੈ......

**ਮਾਨਯੋਗ ਸਪੀਕਰ :** ਇਹ ਤੁਹਾਡਾ ਸੁਜੈਸ਼ਨ ਤਾਂ ਹੋ ਸਕਦਾ ਹੈ. ਕੁਐਸਚਨ ਨਹੀਂ । ਅਗਲਾ ਸਵਾਲ ।

---

## ਅਵਾਰਾ ਪਸ਼ੂਆਂ ਦੁਆਰਾ ਫਸਲਾਂ ਦਾ ਨੁਕਸਾਨ

*1063. **ਸਰਦਾਰ ਹਰਬੰਤ ਸਿੰਘ ਦਾਤੇਵਾਸ** : ਕੀ ਪਸ਼ੂ-ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਕਿਸਾਨਾਂ ਦੀਆਂ ਫਸਲਾਂ ਨੂੰ ਆਵਾਰਾ ਪਸ਼ੂਆਂ ਦੁਆਰਾ ਕੀਤੇ ਜਾ ਰਹੇ ਨੁਕਸਾਨ ਤੋਂ ਰੋਕਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਜਗਮੋਹਨ ਸਿੰਘ ਕੰਗ** : ਇਹ ਇੱਕ ਗੰਭੀਰ ਸਮੱਸਿਆ ਹੈ । ਇਸ ਨੂੰ ਹੱਲ ਕਰਨ ਲਈ ਹੇਠ ਲਿਖੇ ਉਪਰਾਲੇ ਕੀਤੇ ਗਏ ਹਨ :—

1. ਕੈਟਲ ਕੈਚਿੰਗ ਸਕੀਮ ਅਧੀਨ ਅਵਾਰਾ ਪਸ਼ੂਆਂ ਨੂੰ ਪਕੜਨਾ ।
2. ਕੈਟਲ ਪਾਊਂਡ ਸਥਾਪਿਤ ਕਰਨਾ ।
3. 'ਕੋਠੀ ਰਾਣੀ ਧੀ, ਗਊਸਦਨ' ਨੂੰ ਮੁੜ ਸੁਰਜੀਤ ਕਰਾਉਣ ਲਈ ਯਤਨ ।
4. ਅਵਾਰਾ ਵੱਛਿਆਂ ਨੂੰ ਖੱਸੀ ਕਰਨਾ ।
5. 'ਹਰਡ ਰਜਿਸਟਰੇਸ਼ਨ ਐਕਟ' ਅਨੁਸਾਰ ਪਸ਼ੂਆਂ ਦੀ ਟੈਗਿੰਗ ਕਰਨ ਦੀ ਤਜਵੀਜ਼ ਹੈ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 'ਕੈਟਲ ਕੈਚਿੰਗ ਸਕੀਮ' ਤਹਿਤ ਅਵਾਰਾ ਪਸ਼ੂਆਂ ਨੂੰ ਫੜ੍ਹ ਰਹੇ ਹਾਂ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦੱਸਣਗੇ ਕਿ ਹੁਣ ਤੱਕ ਕਿੰਨੇ ਪਸ਼ੂ ਫੜ੍ਹੇ ਜਾ ਚੁੱਕੇ ਹਨ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਅਸੀਂ ਪਿਛਲੇ ਤਿੰਨ ਸਾਲਾਂ ਵਿੱਚ 4936 ਪਸ਼ੂ ਪਕੜੇ ਹਨ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਆਪ ਦੇ ਜਵਾਬ ਦੇ ਨੰ: 4 ਪੁਆਇੰਟ ਤੇ ਕਿਹਾ ਹੈ ਕਿ ਅਸੀਂ ਅਵਾਰਾ ਪਸ਼ੂਆਂ ਨੂੰ ਖੱਸੀ ਕਰਨ ਦੀ ਸਕੀਮ ਚਲਾ ਰਹੇ ਹਾਂ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਹੁਣ ਤੱਕ ਕਿੰਨੇ ਪਸ਼ੂ ਖੱਸੀ ਕਰ ਚੁੱਕੇ ਹਨ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਅਸੀਂ 12531 ਪਸ਼ੂ ਖੱਸੀ ਕਰ ਚੁੱਕੇ ਹਾਂ ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਅੱਜ ਤੋਂ ਇੱਕ ਸਾਲ ਪਹਿਲਾਂ ਬੀਬੀ ਰਾਜਿੰਦਰ ਕੌਰ ਜੀ ਭੱਠਲ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ ਸੀ । ਉਸ ਮੀਟਿੰਗ ਵਿੱਚ ਬੜੇ ਵਧੀਆ ਸੁਝਾਓ ਆਏ ਸਨ । ਗਊਸ਼ਾਲਾਵਾਂ ਦੇ ਪ੍ਰਬੰਧਕ ਅਤੇ ਹੋਰ ਯੂਨੀਅਨਾਂ ਵਾਲੇ ਵੀ ਬੁਲਾਏ ਗਏ ਸਨ । ਉਨ੍ਹਾਂ ਨੇ ਬਹੁਤ ਵਧੀਆ ਸੁਝਾਓ ਦਿੱਤੇ ਸਨ । 119 ਗਊਸ਼ਾਲਾਵਾਂ ਪੰਜਾਬ ਵਿੱਚ ਇਸ ਸਮੇਂ ਚੱਲ ਰਹੀਆਂ ਹਨ । ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਮੀਟਿੰਗ ਦੌਰਾਨ ਆਏ ਸੁਝਾਵਾਂ ਨੂੰ ਕੀ ਤੁਸੀਂ ਇੰਪਲੀਮੈਂਟ ਕਰਵਾਓਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਸਮੱਸਿਆ ਬਹੁਤ ਭਾਰੀ ਸਮੱਸਿਆ ਬਣਦੀ ਜਾ ਰਹੀ ਹੈ । ਇਹ ਸਮੱਸਿਆ ਸਿਰਫ ਪੰਜਾਬ ਦੀ ਹੀ ਨਹੀਂ ਬਲਕਿ ਹਰਿਆਣਾ, ਹਿਮਾਚਲ ਅਤੇ ਬਾਕੀ ਭਾਰਤ ਵਰਸ਼ ਵਿੱਚ ਵੀ ਲੋਕਾਂ ਨੂੰ ਇਸ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਮੈਂ ਇਸ ਪਵਿੱਤਰ ਸਦਨ ਵਿੱਚ ਸਾਡੇ ਕਿਸਾਨ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਪਸ਼ੂ ਜਦੋਂ ਕੰਮ ਕਰਨਾ ਬੰਦ ਕਰ ਦਿੰਦਾ ਹੈ ਤੇ ਉਸ ਨੂੰ ਡੰਡੇ ਮਾਰ ਕੇ ਮੰਡੀ ਵਿੱਚ ਛੱਡ ਆਉਂਦੇ ਹਨ, ਜਿਸ ਕਰਕੇ ਪਸ਼ੂਆਂ ਵਿੱਚ ਇਜ਼ਾਫਾ ਹੁੰਦਾ ਜਾ ਰਿਹਾ ਹੈ । ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਅਜਿਹਾ ਨਾ ਕਰਨ । ਪੰਚਾਇਤੀ ਰਾਜ ਐਕਟ ਅਧੀਨ ਇਹ ਵਿਵਸਥਾ ਬਣਾਈ ਗਈ ਹੈ ਕਿ ਅਜਿਹੇ ਪਸ਼ੂ ਲੋਕਲ ਬਾਡੀਜ਼ ਨੂੰ ਦੇਈਏ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਮੀਟਿੰਗ ਵਿੱਚ ਸੁਝਾਓ ਆਏ ਸਨ, ਉਨ੍ਹਾਂ ਨੂੰ ਇੰਪਲੀਮੈਂਟ ਜ਼ਰੂਰ ਕਰਾਂਗਾ ਪਰ ਸਾਨੂੰ ਜਮੀਨ ਦੀ ਬਹੁਤ ਦਿੱਕਤ ਆ ਰਹੀ ਹੈ । ਮੈਂ ਐਨ.ਜੀ.ਓਜ਼ ਅਤੇ ਗਊਸ਼ਾਲਾਵਾਂ ਦੀ ਸ਼ਲਾਘਾ ਕਰਦਾ ਹਾਂ ਕਿ ਉਹ ਫਰੰਟ ਫੁੱਟ ਤੇ ਆ ਕੇ ਇਹ ਆਫਰ ਅਡਾਪਟ ਕਰ ਰਹੇ ਹਨ । ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਬੀਬੀ ਭੱਠਲ ਜੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਜੋ ਸੁਝਾਓ ਆਏ ਸਨ, ਉਹ ਜਲਦੀ ਹੀ ਇੰਪਲੀਮੈਂਟ ਕਰ ਰਹੇ ਹਾਂ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮਾਨਯੋਗ ਸਪੀਕਰ ਸਾਹਿਬ, ਇਹ ਸਮੱਸਿਆ ਬਹੁਤ ਗੰਭੀਰ ਹੈ । ਗੰਭੀਰ ਇੰਨੀ ਹੈ ਕਿ ਹੁਣ ਕਤਲ ਵੀ ਹੋਣ ਲੱਗ ਪਏ ਹਨ । ਵਜ਼ੀਰ ਸਾਹਿਬ ਜੋ ਕਹਿ ਰਹੇ ਹਨ, ਗੱਲ ਉਸ ਤੋਂ ਕਾਫੀ ਉਲਟ ਹੈ । ਇਹ ਕਹਿ ਰਹੇ ਹਨ ਕਿ ਲੋਕ ਪਸ਼ੂਆਂ ਨੂੰ ਕੱਢ ਦਿੰਦੇ ਹਨ ਪਰ ਅਜਿਹਾ ਨਹੀਂ ਬਲਕਿ ਰਾਜਸਥਾਨ ਵਿਖੇ ਬੜਾ ਸੋਕਾ ਪੈ ਰਿਹਾ ਹੈ ਔਰ ਰਾਜਸਥਾਨ ਤੋਂ ਟਰੱਕਾਂ ਦੇ ਟਰੱਕ ਇੱਧਰ ਆ ਰਹੇ ਹਨ । ਇਹ ਬਹੁਤ ਹੀ ਸੀਰੀਅਸ ਗੱਲ ਹੈ । ਸਰਕਾਰ ਵੱਲੋਂ ਜੋ 4000 ਦੀ ਫਿਗਰ ਦੱਸੀ ਗਈ ਹੈ, ਇਹ ਤਾਂ ਕੁਝ ਵੀ ਨਹੀਂ । ਪਸ਼ੂ ਤਾਂ ਕਈ ਲੱਖਾਂ ਵਿੱਚ ਹਨ ਜਿਹੜੇ ਇਸੇ ਤਰ੍ਹਾਂ ਫਿਰ ਰਹੇ ਹਨ ਔਰ ਕਿਸਾਨਾਂ ਦੀ ਬਰਬਾਦੀ ਕਰ ਰਹੇ ਹਨ । ਇਨ੍ਹਾਂ ਨੇ ਕਿਹਾ ਹੈ ਕਿ ਜ਼ਮੀਨ ਵਾਸਤੇ ਉਪਰਾਲੇ ਕਰ ਰਹੇ ਹਾਂ । ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਸਾ ਜ਼ਿਲ੍ਹੇ ਵਿੱਚ 50 ਪਿੰਡਾਂ ਵਿੱਚ ਜ਼ਮੀਨ ਆਫਰ ਕਰਦਾ ਹਾਂ ਪਰ ਕੀ ਇਹ ਉਥੇ ਇੰਤਜ਼ਾਮ ਕਰਨਗੇ ? ਦੂਸਰੀ ਗੱਲ ਇਹ ਕਿ ਸਰਕਾਰ ਦੀ ਕੀ ਡਿਊਟੀ ਹੈ ? ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਕੀ ਇਹ ਆਪਣੀ ਡਿਊਟੀ ਪੂਰੀ ਕਰਨ ਦਾ ਯਤਨ ਕਰਨਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਗਊਆਂ ਨੂੰ ਨਾ ਮਾਰਨ ਲਈ ਐਕਟ ਬਣਾਇਆ ਗਿਆ ਹੈ । ਸਾਡੀ ਸਭਿਅਤਾ ਵੀ ਗਊ ਨੂੰ ਮਾਤਾ ਕਰਕੇ ਮੰਨਦੀ ਹੈ । ਲੇਕਿਨ ਜੋ ਮੈਂਬਰ ਸਾਹਿਬ ਨੇ ਆਫਰ ਦਿੱਤੀ ਹੈ, ਉਸ ਤੇ ਵਿਚਾਰ ਕੀਤਾ ਜਾਵੇਗਾ ।

**ਸ੍ਰੀ ਤਿਕਸ਼ਨ ਸੂਦ :** ਮਾਨਯੋਗ ਸਪੀਕਰ ਸਾਹਿਬ, ਇਹ ਮਸਲਾ ਵਾਕਿਆ ਹੀ ਗੰਭੀਰ ਹੈ । ਕਿਸਾਨਾਂ ਦੀਆਂ ਫਸਲਾਂ ਉਜੜ ਜਾਂਦੀਆਂ ਹਨ । ਇਹ ਵੀ ਮਾਨਯੋਗ ਸਪੀਕਰ ਸਾਹਿਬ, ਕੁਦਰਤੀ ਆਫਤ ਦੇ ਬਰਾਬਰ ਹੈ । ਇਥੇ ਵੀ ਇਨਸਾਨ ਦਾ ਕੋਈ ਚਾਰਾ ਨਹੀਂ ਚਲਦਾ । ਮੰਤਰੀ ਸਾਹਿਬ ਨੇ ਕਿਹਾ ਹੈ ਕਿ ਸਾਨੂੰ ਜਗ੍ਹਾ ਨਹੀਂ ਮਿਲਦੀ,

ਸਾਡੀ ਬੇਬਸੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਪਸ਼ੂ ਛੱਡਦੇ ਹਨ ਜਾਂ ਜੋ ਪਸ਼ੂ ਬਾਹਰੋਂ ਆਉਂਦੇ ਹਨ, ਕੀ ਉਨ੍ਹਾਂ ਨੂੰ ਰੋਕਣ ਲਈ ਕੋਈ ਕਾਨੂੰਨ ਜਾਂ ਰੂਲ ਅਸੀਂ ਬਣਾਵਾਂਗੇ ? ਦੂਸਰਾ ਜੋ ਫਸਲਾਂ ਨੂੰ ਨੁਕਸਾਨ ਹੁੰਦਾ ਹੈ, ਜਿੰਨੀ ਦੇਰ ਇਸ ਦਾ ਇੰਤਜ਼ਾਮ ਨਹੀਂ ਹੁੰਦਾ, ਉਨੀਂ ਦੇਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਪ੍ਰਬੰਧ ਕਰੋਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੁਆਵਜ਼ਾ ਦੇਣ ਦੀ ਕੋਈ ਤਜਵੀਜ਼ ਨਹੀਂ ਹੈ । ਮੈਂ ਪਹਿਲਾਂ ਵੀ ਬੇਨਤੀ ਕਰ ਚੁੱਕਿਆ ਹਾਂ ਕਿ ਆਵਾਰਾ ਪਸ਼ੂਆਂ ਦੇ ਹੱਲ ਲਈ ਪੰਜਾਬ ਪੰਚਾਇਤੀ ਰਾਜ ਐਕਟ ਦੇ ਚੈਪਟਰ 3, ਸੈਕਸ਼ਨ 30 ਦੀ ਧਾਰਾ 2 ਐਫ਼ ਅਧੀਨ ਪੰਚਾਇਤਾਂ ਦੀ ਜ਼ਿੰਮੇਵਾਰੀ ਬਣਦੀ ਹੈ । ਇਸੇ ਤਰ੍ਹਾਂ ਸ਼ਹਿਰਾਂ ਵਿੱਚ ਆਵਾਰਾ ਪਸ਼ੂਆਂ ਦਾ ਹੱਲ ਕਰਨ ਦੀ ਜ਼ਿੰਮੇਵਾਰੀ ਲੋਕਲ ਗੌਰਮਿੰਟ ਦੀ ਬਣਦੀ ਹੈ ਔਰ ਸਾਡਾ ਮਹਿਕਮਾਂ ਇਸ ਨੂੰ ਪੂਰੀ ਸਪੋਰਟ ਕਰਦਾ ਹੈ ।

**ਮਾਨਯੋਗ ਸਪੀਕਰ** : ਨਵਾਂ ਕਾਨੂੰਨ ਬਣਾਉਣ ਦੀ ਲੋੜ ਨਹੀਂ ਹੈ ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੇਰਾ ਜਵਾਬ ਨਹੀਂ ਆਇਆ ।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਕਾਨੂੰਨ ਪਹਿਲਾਂ ਹੀ ਬਣੇ ਹੋਏ ਹਨ, ਨਵਾਂ ਕਾਨੂੰਨ ਬਣਾਉਣ ਦੀ ਲੋੜ ਨਹੀਂ ਹੈ । ਮੁਆਵਜ਼ੇ ਦੀ ਗੱਲ ਵੀ ਉਨ੍ਹਾਂ ਨੇ ਕਹਿ ਦਿੱਤੀ ਹੈ ।

**ਸਰਦਾਰ ਸੁਖਪਾਲ ਸਿੰਘ** : ਮੈਂ ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਵਾਰਾ ਪਸ਼ੂਆਂ ਦੁਆਰਾ ਜਿਹੜਾ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ, ਉਹ ਫਸਲਾਂ ਤਾਂ ਦੁਬਾਰਾ ਲਗਾਈਆਂ ਜਾ ਸਕਦੀਆਂ ਹਨ ਪਰ ਜੋ ਇਨਸਾਨੀ ਜਾਨਾਂ ਦਾ ਨੁਕਸਾਨ ਆਵਾਰਾ ਪਸ਼ੂ ਕਰਦੇ ਹਨ, ਇਨ੍ਹਾਂ ਕਰਕੇ ਐਕਸੀਡੈਂਟ ਹੁੰਦੇ ਹਨ, ਪਰਿਵਾਰਾਂ ਦੇ ਪਰਿਵਾਰ ਕਈ ਵਾਰ ਇਸ ਕਰਕੇ ਮਾਰੇ ਜਾਂਦੇ ਹਨ, ਉਸ ਦੇ ਬਾਰੇ ਮੰਤਰੀ ਜੀ ਦੱਸਣਗੇ ਕਿ ਜਿਹੜੇ ਪਰਿਵਾਰਾਂ ਦਾ ਨੁਕਸਾਨ ਹੁੰਦਾ ਹੈ, ਉਸ ਦਾ ਹਰਜਾਨਾ ਕੌਣ ਭਰੇਗਾ ?

**ਮੰਤਰੀ** : ਮੈਂ ਮਾਨਯੋਗ ਸਪੀਕਰ ਸਾਹਿਬ, ਬੇਨਤੀ ਕਰਨੀ ਚਾਹੁੰਦਾ ਹਾਂ, ਮੈਂ ਪਹਿਲਾਂ ਵੀ ਹਾਊਸ ਨੂੰ ਅਪੀਲ ਕੀਤੀ ਸੀ ਕਿ ਅਸੀਂ ਸਾਰੇ ਪਿੰਡਾਂ ਦੇ ਜੰਮਪਲ ਹਾਂ ਔਰ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਔਰ ਸਾਡੀ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਉਨ੍ਹਾਂ ਨੂੰ ਸਮਝਾਈਏ ਕਿ ਮੰਡੀਆਂ ਵਿੱਚ ਪਸ਼ੂਆਂ ਨੂੰ ਨਾ ਛੱਡਿਆ ਜਾਵੇ । ਦੂਸਰੀ ਗੱਲ, ਮੁਆਵਜ਼ੇ ਬਾਰੇ ਕੋਈ ਕਾਨੂੰਨ ਹੈ ਨਹੀਂ ।

---

### ਮੋਗਾ ਵਿਚ ਬੱਸ ਸਟੈਂਡ ਦੀ ਉਸਾਰੀ

*1098. **ਸਰਦਾਰ ਤੋਤਾ ਸਿੰਘ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੋਗਾ ਵਿਖੇ ਬੱਸ ਸਟੈਂਡ ਦੀ ਉਸਾਰੀ ਦੀ ਅਨੁਮਾਨਤ ਲਾਗਤ ਕਿੰਨੀ ਹੈ ਅਤੇ ਇਸ ਤੇ ਹੁਣ ਤੱਕ ਕਿੰਨੀ ਰਕਮ ਖਰਚ ਕੀਤੀ ਗਈ ਹੈ ਅਤੇ ਇਸ ਦੀ ਉਸਾਰੀ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਮਹਿੰਦਰ ਸਿੰਘ ਕੇ. ਪੀ.** : ਬੱਸ ਸਟੈਂਡ ਮੋਗਾ ਦੀ ਉਸਾਰੀ ਦੀ ਐਸਟੀਮੇਟਿਡ ਕਾਸਟ 500.65 ਲੱਖ ਰੁਪਏ ਸੀ ਅਤੇ ਇਸ ਦੀ ਉਸਾਰੀ ਮੁਕੰਮਲ ਕਰਨ ਤੇ 474.38 ਲੱਖ ਰੁਪਏ ਖਰਚ ਆਏ ਸਨ । ਬੱਸ ਸਟੈਂਡ. 31-12-2001 ਨੂੰ ਮੁਕੰਮਲ ਹੋ ਗਿਆ ਸੀ ਅਤੇ ਉਸੇ ਮਿਤੀ ਤੋਂ ਓਪਰੇਸ਼ਨਲ ਹੈ ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਨੂੰ ਕੁਐਸ਼ਚਨ ਦਾ ਜਵਾਬ ਹੁਣ ਦਿੱਤਾ ਹੈ । ਮੇਰੀ ਇੱਕ ਰਿਕੁਐਸਟ ਹੈ ਕਿ ਮੈਂ ਇਨ੍ਹਾਂ ਨੂੰ ਪੁੱਛਿਆ ਸੀ ਕਿ ਟੋਟਲ ਕਿੰਨਾ ਐਸਟੀਮੇਟ ਸੀ । ਇਨ੍ਹਾਂ ਨੇ ਕਿਹਾ ਹੈ ਕਿ 5 ਕਰੋੜ 65 ਲੱਖ ਸੀ ਅਤੇ ਉਸ ਵਿਚੋਂ ਲੱਗਿਆ 4 ਕਰੋੜ 74 ਲੱਖ ਰੁਪਿਆ ਹੈ । ਸਿਰਫ ਬੱਸ ਸਟੈਂਡ ਹੀ ਚਾਲੂ ਹੋਇਆ ਹੈ, ਜਿਹੜਾ ਪਾਣੀ ਦਾ ਨਿਕਾਸ ਹੈ, ਲਾਈਟਾਂ ਹਨ, ਚਾਰ ਦੀਵਾਰੀ ਉਚੀ ਕਰਨੀ ਸੀ, ਉਹ ਅਧੂਰੀ ਪਈ ਹੈ ਅਤੇ ਇਸ ਲਈ ਫੰਡ ਨਹੀਂ ਭੇਜੇ ਗਏ । ਅਕਾਲੀ ਸਰਕਾਰ ਤੋਂ ਬਾਅਦ ਕੋਈ ਫੰਡ ਨਹੀਂ ਗਏ । ਜਦੋਂ ਤੋਂ ਸੂਬੇ ਵਿੱਚ ਇਨ੍ਹਾਂ ਦੀ 2002 ਵਿੱਚ ਸਰਕਾਰ ਆਈ ਹੈ, ਇੱਕ ਪੈਸਾ ਵੀ ਨਹੀਂ ਗਿਆ । ਉਥੇ ਚਾਰ ਦੀਵਾਰੀ ਪੂਰੀ ਨਹੀਂ ਹੋਈ, ਪਾਣੀ ਦਾ ਨਿਕਾਸ ਨਹੀਂ ਹੋ ਰਿਹਾ । ਜਿਹੜੇ ਕੰਮ ਅਧੂਰੇ ਪਏ ਹਨ, ਉਨ੍ਹਾਂ ਨੂੰ ਇਹ ਕਦੋਂ ਪੂਰੇ ਕਰਨਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਠੀਕ ਹੈ ਕਿ ਉਥੇ ਚਾਰ ਦੀਵਾਰੀ ਦੀ ਖਸਤਾ ਹਾਲਤ ਹੈ । ਉਸ ਨੂੰ ਦਰੁੱਸਤ ਕਰਨ ਵਾਸਤੇ ਅਸੀਂ ਫੰਡਜ਼ ਮੁਹੱਈਆ ਕਰਵਾ ਰਹੇ ਹਾਂ । ਜਲਦੀ ਹੀ ਫੰਡਜ ਦੇ ਦਿਆਂਗੇ ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਦਿੱਤੇ ਐਸਟੀਮੇਟ ਦੇ ਮੁਤਾਬਿਕ ਇਹ ਟਾਈਮ ਬਾਊਂਡ ਕਰਨਗੇ ਕਿ ਕਿੰਨੇ ਚਿਰ ਵਿੱਚ ਬੱਸ ਸਟੈਂਡ ਦੀ ਚਾਰ ਦੀਵਾਰੀ ਨੂੰ ਉਚਾ ਕਰਨਗੇ, ਲਾਈਟਾਂ ਲੁਗਾਉਣਗੇ ਅਤੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਬੱਸ ਸਟੈਂਡ ਦੀ ਮੈਨਟੀਨੈਂਸ ਪੀ.ਆਈ.ਡੀ.ਬੀ. ਕਰ ਰਹੀ ਹੈ । ਉਸ ਦੀ ਬਿੱਡ ਹੋਈ ਸੀ ਪਰ ਬਿੱਡ ਬੜੀ ਘੱਟ ਸੀ । ਹੁਣ ਇਹ ਦੁਬਾਰਾ ਫਿਰ ਹੋਏਗੀ । ਇਹ ਮੁਕੰਮਲ ਕਰਾ ਦਿਆਂਗੇ ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਟਾਈਮ ਬਾਊਂਡ ਨਹੀਂ ਕੀਤਾ, ਜਿਵੇਂ ਪਹਿਲਾਂ ਲੋਕਲ ਗੌਰਮਿੰਟ ਦੇ ਮੰਤਰੀ ਨੇ ਵੀ ਫੰਡਜ਼ ਬਾਰੇ ਕਿਹਾ ਸੀ, ਇਹ ਬੱਸ ਸਟੈਂਡ ਵੀ ਅਧੂਰਾ ਰਹਿ ਜਾਣਾ ਹੈ ।

**ਮਾਨਯੋਗ ਸਪੀਕਰ** : ਅਗਲਾ ਸਵਾਲ, ਬਾਠ ਸਾਹਿਬ ।

---

## ਟਰੱਕਾਂ ਵਿਚ ਲੱਦੀ ਜਾਂਦੀ ਤੂੜੀ/ਫੱਕ

*1100. **ਕੈਪਟਨ ਬਲਬੀਰ ਸਿੰਘ ਬਾਠ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਤੂੜੀ/ਫੱਕ ਨਾਲ ਲੱਦੇ ਟਰੱਕਾਂ ਨੂੰ ਦਿਨ ਸਮੇਂ ਸੜਕਾਂ ਤੇ ਚਲਾਉਣ ਦੀ

ਇਜਾਜ਼ਤ ਹੈ; ਜੇਕਰ ਅਜਿਹਾ ਹੋਵੇ, ਤਾਂ ਟਰੱਕਾਂ ਵਿਚ ਇਸ ਦੀ ਕੁਲ ਕਿੰਨੀ ਮਾਤਰਾ ਲੱਦਣ ਦੀ ਆਗਿਆ ਹੈ ਅਤੇ ਟਰੱਕਾਂ ਦੀ ਭਰਾਈ ਲਈ ਵੱਧ ਤੋਂ ਵੱਧ ਕਿੰਨੀ ਉਚਾਈ ਅਤੇ ਚੌੜਾਈ ਨਿਰਧਾਰਿਤ ਕੀਤੀ ਗਈ ਹੈ ?

**ਸਰਦਾਰ ਮਹਿੰਦਰ ਸਿੰਘ ਕੇ. ਪੀ :** ਹਾਂ ਜੀ । ਤੂੜੀ ਨਾਲ ਲੱਦੇ ਟਰੱਕਾਂ ਨੂੰ ਮੋਟਰ ਗੱਡੀ ਐਕਟ/ਰੂਲਾਂ ਅਨੁਸਾਰ ਦਿਨ ਦੇ ਸਮੇਂ ਵੀ ਚੱਲਣ ਤੇ ਕੋਈ ਰੋਕ ਨਹੀਂ ਹੈ। ਅਜਿਹੀਆਂ ਗੱਡੀਆਂ ਦਾ ਕੁੱਲ ਵਜਨ 16200 ਕਿਲੋਗ੍ਰਾਮ ਤੋਂ ਵੱਧ ਨਹੀਂ ਹੋਣਾ ਚਾਹੀਦਾ । ਟਰੱਕ ਨੂੰ ਇਸ ਢੰਗ ਨਾਲ ਲੱਦਿਆ ਹੋਣਾ ਚਾਹੀਦਾ ਹੈ ਕਿ ਭਾਰ ਜਾਂ ਭਾਰ ਦਾ ਕੋਈ ਵੀ ਹਿੱਸਾ ਟਰੱਕ ਦੀ ਬਾਡੀ ਦੇ ਕਿਸੇ ਵੀ ਪਾਸੇ ਤੋਂ ਬਾਹਰ ਨਹੀਂ ਹੋਣਾ ਚਾਹੀਦਾ ਅਤੇ ਇਸ ਦੀ ਉਚਾਈ 3.8 ਮੀਟਰ ਤੱਕ ਹੋ ਸਕਦੀ ਹੈ । ਗੱਡੀਆਂ ਦੀ ਬਾਡੀ ਦੀ ਵੱਧ ਤੋਂ ਵੱਧ ਚੌੜਾਈ 2.6 ਮੀਟਰ ਤੱਕ ਹੋ ਸਕਦੀ ਹੈ ।

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਇਸ ਗੱਲ ਨੂੰ ਤੁਸੀਂ ਵੀ ਜਾਣਦੇ ਹੋ, ਸਾਰਾ ਹਾਊਸ ਵੀ ਜਾਣਦਾ ਹੈ ਕਿ ਇਹ ਲੋਕ ਹਿੱਤਾਂ ਦੀ ਗੱਲ ਕੀਤੀ ਗਈ ਹੈ, ਪਰੰਤੂ ਜੋ ਮੰਤਰੀ ਜੀ ਨੇ ਗਿਣਤੀ ਮਿਣਤੀ ਦੱਸੀ ਹੈ, ਉਹ ਤਾਂ ਠੀਕ ਹੈ ਪਰ ਅਸਲੀਅਤ ਇਹ ਹੈ ਕਿ ਇਹ ਜੋ ਟਰੱਕ ਤੂੜੀ ਦੇ ਲੱਦੇ ਹੁੰਦੇ ਹਨ, ਇਹ ਕਈ ਗੁਣਾਂ ਜ਼ਿਆਦਾ ਭਾਰ ਨਾਲ ਲੱਦੇ ਹੋਏ ਹੁੰਦੇ ਹਨ । ਉਤਲੇ ਪਾਸੇ ਬਹੁਤ ਫੈਲਾਅ ਹੁੰਦਾ ਹੈ, ਬਾਹਰਲੇ ਪਾਸੇ ਫੈਲਾਅ ਹੁੰਦਾ ਹੈ ਔਰ ਜਿਸ ਦੇ ਨਾਲ ਐਕਸੀਡੈਂਟ ਹੁੰਦੇ ਹਨ, ਬਿਜਲੀ ਦੀਆਂ ਤਾਰਾਂ ਟੁੱਟਦੀਆਂ ਹਨ । ਇਹ ਬੜਾ ਚਿੰਤਾ ਦਾ ਵਿਸ਼ਾ ਹੈ । ਇਸ ਚੀਜ਼ ਦੇ ਉਤੇ ਰੋਕ ਲਗਾਈ ਜਾਵੇ । ਜਿਹੜੇ ਟਰੱਕਾਂ ਵਾਲੇ ਜ਼ਿਆਦਾ ਤੂੜੀ ਲੱਦਦੇ ਹਨ, ਉਨ੍ਹਾਂ ਦੇ ਉਤੇ ਪਾਬੰਦੀ ਲਗਾਈ ਜਾਵੇ ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਜੋ ਗਿਣਤੀ ਮਿਣਤੀ ਤੋਂ ਜ਼ਿਆਦਾ ਤੂੜੀ ਲੱਦਦੇ ਹਨ, ਬਾਹਰਲੇ ਵਾਲੇ ਪਾਸੇ ਫੈਲਾਅ ਜ਼ਿਆਦਾ ਹੁੰਦਾ ਹੈ ਤਾਂ ਉਨ੍ਹਾਂ ਦਾ ਸਾਡਾ ਡਿਪਾਰਟਮੈਂਟ ਚਲਾਨ ਕਰਦਾ ਹੈ ।

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਮੈਂ ਸਵਾਲ ਦੂਜੇ ਢੰਗ ਨਾਲ ਪੁੱਛ ਲੈਂਦਾ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਚਲਾਨ ਕੀਤੇ ਜਾਂਦੇ ਹਨ, ਇਹ ਠੀਕ ਹੈ ਪਰੰਤੂ ਇਹ ਜਿਹੜੇ ਟਰੱਕ ਚਲਦੇ ਹਨ, ਇਨ੍ਹਾਂ ਨੂੰ ਦਿਨ ਦੇ ਵਿੱਚ ਨਹੀਂ ਚਲਾਇਆ ਜਾਣਾ ਚਾਹੀਦਾ ਹੈ, ਇਸ ਦੇ ਉਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ ?

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ ਦੱਸੋ ਕਿ ਇਸ ਦੇ ਉਤੇ ਪਾਬੰਦੀ ਲਗਾਈ ਜਾ ਸਕਦੀ ਹੈ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਵੈਸੇ ਤਾਂ ਕਈ ਮਿਊਂਸਿਪਲ ਕਮੇਟੀਆਂ ਜਾਂ ਕਈ ਕਾਰਪੋਰੇਸ਼ਨਾਂ ਹਨ, ਜੋ ਆਪਣੇ ਇਲਾਕੇ ਦੇ ਵਿੱਚ ਇਸ ਤਰ੍ਹਾਂ ਦੇ ਤੂੜੀ ਦੇ ਟਰੱਕ ਨਹੀਂ ਲੰਘਣ ਦਿੰਦੀਆਂ ਪਰੰਤੂ ਜਿਹੜਾ ਗੌਰਮਿੰਟ ਆਫ ਇੰਡੀਆ ਦਾ ਐਕਟ ਹੈ, ਉਸ ਦੇ ਅਨੁਸਾਰ ਹਾਈਵੇ ਦੇ ਉਤੇ ਇਸ ਤਰ੍ਹਾਂ ਦੇ ਰੂਲ ਪ੍ਰੋਵਾਈਡ ਨਹੀਂ ਕਰਦੇ, ਉਨ੍ਹਾਂ ਨੂੰ ਰੋਕਿਆ ਨਹੀਂ ਜਾ ਸਕਦਾ ।

---

**Curbing Noise Pollution**

***1101. Captain Balbir Singh Bath :** Will the Chief Minister be pleased to State whether any law prohibits the use of loud speaker/sound systems in the religious places/social functions especially marriages; if so, steps taken by the Government to prevent the noise pollution together with the number of cases registered against the defaulters ?

**Minister for Local Govt. Parliamentary Affairs, Labour & Employment and Elections (Chaudhary Jagjit Singh) :** Yes, Sir, The Noise Pollution (Regulation and Control) Rules, 2000 have been framed under the Environment (Protection) Act, 1986 enacted by the Government of India.

The State Government has also issued instructions on the matter to all the District Magistrates/Senion Superintendents of Police from time to time. 56 cases have been registered against the defaulters during the period from 2000 to 11.3.2005.

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਇਹ ਦਰੁੱਸਤ ਹੈ ਕਿ ਇਨ੍ਹਾਂ ਨੇ 56 ਕੇਸ ਰਜਿਸਟਰ ਕੀਤੇ ਹਨ ਪਰੰਤੂ ਮੇਰੀ ਇਸ ਗੱਲ ਦੇ ਨਾਲ ਸਾਰਾ ਹਾਊਸ ਸਹਿਮਤ ਹੋਵੇਗਾ ਕਿ ਜੋ ਆਵਾਜ਼ ਪ੍ਰਦੂਸ਼ਣ ਦੀ ਗੱਲ ਕੀਤੀ ਗਈ ਹੈ, ਇਹ ਤਾਂ ਕਈ ਹਜ਼ਾਰ ਗੁਣਾਂ ਵੱਧ ਗਈ ਹੈ । ਇਸ ਨੂੰ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ । ਇਸ ਵਿਸ਼ੇ ਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਇਸ ਸਬੰਧੀ ਇੱਕ ਐਕਟ ਬਣਿਆ ਹੈ, ਰੂਲਜ਼ ਬਣੇ ਹਨ । ਉਨ੍ਹਾਂ ਦੇ ਮੁਤਾਬਿਕ ਜਿਹੜੇ ਸਾਡੇ ਡਿਪਟੀ ਕਮਿਸ਼ਨਰ ਹਨ, ਉਨ੍ਹਾਂ ਨੂੰ ਪਾਵਰਾਂ ਦਿੱਤੀਆਂ ਗਈਆਂ ਹਨ, ਐਸ.ਐਸ.ਪੀਜ਼ ਨੂੰ ਪਾਵਰਾਂ ਦਿੱਤੀਆਂ ਗਈਆਂ ਹਨ, ਇਥੋਂ ਤੱਕ ਕਿ ਡੀ.ਐਸ.ਪੀਜ਼ ਨੂੰ ਪਾਵਰਾਂ ਦਿੱਤੀਆਂ ਗਈਆਂ ਹਨ । ਜੇਕਰ ਉਨ੍ਹਾਂ ਕੋਲ ਕੋਈ ਸ਼ਿਕਾਇਤ ਕਰਦਾ ਹੈ ਤਾਂ ਉਨ੍ਹਾਂ ਨੂੰ 5 ਸਾਲ ਦੀ ਸਜ਼ਾ ਕਰਨ ਦੀ ਔਰ ਇੱਕ ਲੱਖ ਰੁਪਿਆ ਜੁਰਮਾਨਾ ਕਰਨ ਦੀਆਂ ਪਾਵਰਾਂ ਦਿੱਤੀਆਂ ਹੋਈਆਂ ਹਨ । ਇਸ ਲਈ ਮੈਂ, ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਨ੍ਹਾਂ ਦੇ ਧਿਆਨ ਵਿੱਚ ਇਸ ਤਰ੍ਹਾਂ ਦੀ ਕੋਈ ਗੱਲ ਆਉਂਦੀ ਹੈ ਤਾਂ ਇਹ ਇਧਰਲੇ ਵਾਲੇ ਪਾਸੇ ਕਾਰਵਾਈ ਕਰਨ । ਵੈਸੇ ਗੁਰਦੁਆਰਿਆਂ ਦੇ ਵਿੱਚ ਵੀ ਇਸ ਤਰ੍ਹਾਂ ਹੁੰਦਾ ਹੈ ਪਰ ਉਨ੍ਹਾਂ ਦੇ ਉਤੇ ਅਸੀਂ ਰਿਸਟ੍ਰਕਸ਼ਨ ਨਹੀਂ ਕਰ ਸਕਦੇ । ਜਿਥੇ ਕਿਤੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਦੂਜੇ ਪਾਸੇ ਹੀ ਕਾਰਵਾਈ ਕਰਨ, ਉਹੀ ਇਨ੍ਹਾਂ ਦੀ ਸੁਣਵਾਈ ਕਰ ਸਕਦੇ ਹਨ ।

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਮੈਂ ਲਾਸਟ ਸਵਾਲ ਕਰਨ ਲੱਗਾ ਹਾਂ । ਇਹ ਇਕੱਲਾ ਗੁਰਦੁਆਰਿਆਂ ਵਿੱਚ ਹੀ ਨਹੀਂ ਹੁੰਦਾ ਬਲਕਿ ਮੰਦਿਰਾਂ ਅਤੇ ਮਸਜਿਦਾਂ ਦੇ ਵਿੱਚ ਵੀ ਹੁੰਦਾ ਹੈ । ਇਸ ਲਈ ਇਹ ਜੋ ਵੋਲਿਊਮ ਦੀ ਗੱਲ ਹੈ,

ਇਸ ਦੇ ਉਤੇ ਕੰਟਰੋਲ ਕਰਨ ਦੀ ਗੱਲ ਕਰਨੀ ਹੀ ਪੈਣੀ ਹੈ। ਸਰਕਾਰ ਇਸ ਦੇ ਬਾਰੇ ਕਾਰਵਾਈ ਕਰੇ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਸ ਦੇ ਬਾਰੇ ਆਲਰੇਡੀ ਇੰਸਟ੍ਰਕਸ਼ਨਾਂ ਡਿਸਟ੍ਰਿਕਟ ਮੈਜਿਸਟਰੇਟ ਨੂੰ ਦਿੱਤੀਆਂ ਹੋਈਆਂ ਹਨ। ਉਹ ਇਸ ਦੇ ਉਤੇ ਕੰਟਰੋਲ ਕਰਵਾ ਸਕਦੇ ਹਨ ਕਿ ਆਵਾਜ਼ ਨੂੰ ਥੋੜ੍ਹਾ ਕੀਤਾ ਜਾਵੇ ਤਾਂ ਕਿ ਇਸ ਦਾ ਅਸਰ ਬੱਚਿਆਂ ਦੀ ਪੜ੍ਹਾਈ ਜਾਂ ਕਿਸੇ ਦੂਸਰਿਆਂ ਦੇ ਉਤੇ ਨਾ ਪਵੇ।

**ਕੈਪਟਨ ਬਲਬੀਰ ਸਿੰਘ ਬਾਠ :** ਮਾਨਯੋਗ ਸਪੀਕਰ ਸਾਹਿਬ, ਕਾਨੂੰਨ ਤਾਂ ਬਣੇ ਹੋਏ ਹਨ ਪਰ ਸਰਕਾਰ ਦੇ ਕੋਲ ਇਨ੍ਹਾਂ ਨੂੰ ਲਾਗੂ ਕਰਨ ਦੀ ਹਿੰਮਤ ਨਹੀਂ ਹੈ...(ਵਿਘਨ)...

**ਸਰਦਾਰ ਤੋਤਾ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਣਕਾਰੀ ਲੈਣੀ ਚਾਹੁੰਦਾ ਹਾਂ। ਇਨ੍ਹਾਂ ਨੇ ਧਾਰਮਿਕ ਸਥਾਨਾਂ ਦੇ ਸਬੰਧ ਵਿੱਚ ਗੱਲ ਕੀਤੀ ਹੈ ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਹੈਡ ਗਰੰਥੀ ਨੇ ਅਪੀਲ ਕੀਤੀ ਹੈ ਕਿ ਲਾਊਡ ਸਪੀਕਰਾਂ ਦੀ ਆਵਾਜ਼ ਗੁਰਦੁਆਰਿਆਂ ਦੇ ਅੰਦਰ ਹੀ ਰਹਿਣੀ ਚਾਹੀਦੀ ਹੈ, ਬਾਹਰ ਨਹੀਂ ਆਉਣੀ ਚਾਹੀਦੀ। ਬਹੁਤ ਸਾਰੀਆਂ ਪੰਚਾਇਤਾਂ ਤੇ ਇਸ ਦਾ ਅਸਰ ਹੋਇਆ ਹੈ। ਅਕਾਲ ਤਖਤ ਦੇ ਜਥੇਦਾਰ ਨੇ ਅਪੀਲ ਕੀਤੀ ਸੀ..

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸਰਦਾਰ ਤੋਤਾ ਸਿੰਘ :** ਮੈਂ ਸਵਾਲ ਪੁੱਛਣ ਲੱਗਿਆ ਹਾਂ ਕਿ ਜਿਹੜੇ ਮੈਰਿਜ ਪੈਲੇਸਾਂ ਵਾਲੇ ਹਨ, ਜਿਹੜੇ ਮੰਤਰੀ ਜੀ ਦੀ ਕਮਾਂਡ ਥੱਲੇ ਹਨ, ਉਹ ਵਿਆਹਾਂ ਤੇ ਮੁੰਡੇ ਨੇ ਜਦੋਂ ਘੋੜੀ ਚੜ੍ਹਨਾ ਹੁੰਦਾ ਹੈ ਤਾਂ ਢੋਲ ਢਮੱਕੇ ਸ਼ੁਰੂ ਕਰ ਦਿੰਦੇ ਹਨ ਜਿਹੜੇ ਕਿ ਇਕ-ਇਕ ਕਿਲੋਮੀਟਰ ਦੂਰ ਤੱਕ ਸੁਣਾਈ ਦਿੰਦੇ ਹਨ। ਜਿਹੜੇ ਮੈਰਿਜ ਪੈਲੇਸ ਸ਼ਹਿਰਾਂ ਵਿਚ ਹਨ, ਉਨ੍ਹਾਂ ਵਿਚ ਅਜਿਹੀਆਂ ਅਵਾਜਾਂ ਨੂੰ ਘਟਾਉਣ ਲਈ ਮੰਤਰੀ ਜੀ ਕੀ ਕਰ ਰਹੇ ਹਨ ?

**ਮੰਤਰੀ :** ਜਥੇਦਾਰ ਤੋਤਾ ਸਿੰਘ ਜੀ ਦੀ ਤਾਂ ਘੋੜੀ ਚੜ੍ਹਨ ਦੀ ਉਮਰ ਲੰਘ ਚੁੱਕੀ ਹੈ। (ਹਾਸਾ) ਲੇਕਿਨ ਅਸੀਂ ਰਾਤ ਦੇ 10 00 ਵਜੇ ਤੋਂ ਲੈ ਕੇ ਸਵੇਰੇ 6.00 ਵਜੇ ਤੱਕ ਬਿਲਕੁਲ ਰਿਸਟ੍ਰਿਕਟ ਕਰ ਦਿਤਾ ਹੈ, ਪਾਬੰਦੀ ਲਗਾਈ ਹੋਈ ਹੈ ਅਤੇ ਜੇਕਰ ਕੋਈ ਉਲੰਘਣਾ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

---

## DISBURSEMENT OF PENSIONS

*1071 1. Sardar Sohan Singh Thandal
2. Jathedar Tota Singh
3. Shri Tarlochan Singh
} : Will the Minister of state for Social Security be pleased to State the period for which pensions to the Old Aged Persons, Widows and Handicapped persons were disbursed district wise during the year from 2002-03 to 2004-05 to date ?

**Smt. Gurkanwal Kaur** : In year 2002-03, pension & Financial Assistance in all the districts have been disbursed for the period from April to October, 2002 In year 2003-04, Pension & Financial Assistance in all the Districts have been disbursed for the period from November, 2002 to March, 2003, out of this budget and from April to June, 2003.

In 2004-05 pension & Financial Assistance in the 11 Districts for the period from April to June, 2004 have been disbursed except Districts Patiala, Sangrur, Mansa, Muktsar, Moga and Ropar.

**ਸਰਦਾਰ ਸੋਹਨ ਸਿੰਘ ਠੰਡਲ** : ਸਪਲੀਮੈਂਟਰੀ, ਮਾਨਯੋਗ ਸਪੀਕਰ ਸਾਹਿਬ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 11 ਜਿਲ੍ਹਿਆਂ ਵਿਚ ਇਨ੍ਹਾਂ ਨੇ ਆਖਿਆ ਹੈ ਕਿ ਪੈਨਸ਼ਨ ਵੰਡ ਦਿੱਤੀ ਗਈ ਹੈ । ਜਿਹੜੇ ਦੂਸਰੇ 6 ਜ਼ਿਲ੍ਹੇ ਰਹਿੰਦੇ ਹਨ ਕੀ ਕਾਰਨ ਹੈ ਕਿ ਉਨ੍ਹਾਂ ਵਿਚ ਪੈਨਸ਼ਨ ਨਹੀਂ ਦਿਤੀ ਗਈ ?

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਇਹ ਅਲਫਾ-ਬੇਟੀਕਲੀ ਫੰਡ ਵੰਡੇ ਗਏ ਸਨ । ਜਿਵੇਂ ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਫਰੀਦਕੋਟ । ਬਾਕੀ ਜ਼ਿਲ੍ਹਿਆਂ ਵਿਚ ਫੰਡਜ਼ ਦੀ ਕਮੀ ਕਾਰਨ ਪੈਸਾ ਨਹੀਂ ਵੰਡਿਆ ਗਿਆ । ਮੈਂ ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦੀ ਹਾਂ ਕਿ ਡੈਡੀਕੇਟਿਡ ਫੰਡ 350 ਕਰੋੜ ਰੁਪਏ ਕੀਤਾ ਗਿਆ ਹੈ ਜਿਹੜਾ ਪਹਿਲੀ ਅਪ੍ਰੈਲ ਤੋਂ ਵੰਡਿਆ ਜਾਵੇਗਾ ।

**ਸਰਦਾਰ ਸੋਹਨ ਸਿੰਘ ਠੰਡਲ** : ਸਪਲੀਮੈਂਟਰੀ, ਮਾਨਯੋਗ ਸਪੀਕਰ ਸਾਹਿਬ । ਜਿਹੜੇ ਜ਼ਿਲ੍ਹਿਆਂ ਵਿਚ ਇਹ ਫੰਡ ਵੰਡੇ ਗਏ ਹਨ ਕੀ ਉਹ ਸਾਰਾ ਪੈਸਾ ਵੰਡਿਆ ਗਿਆ ਹੈ ਅਤੇ ਉਹ ਕਿੰਨੇ-ਕਿੰਨੇ ਪੈਸੇ ਜਾਰੀ ਕੀਤੇ ਗਏ ਹਨ ?

**ਰਾਜ ਮੰਤਰੀ** : ਮੈਂ ਤੁਹਾਨੂੰ ਸਾਰੀ ਡਿਟੇਲ ਦੱਸ ਦਿੰਦੀ ਹਾਂ । ਸੈਂਕਸ਼ਨਡ ਅਮਾਊਂਟ ਅੰਮ੍ਰਿਤਸਰ ਵਿਚ 4,78,94,000 ਰੁਪਏ ਹੋਈ ਸੀ, ਜਿਸ ਵਿਚੋਂ ਪੂਰੇ ਦਾ ਪੂਰਾ ਪੈਸਾ ਵੰਡਿਆ ਗਿਆ ਸੀ । ਬਠਿੰਡੇ ਵਿਚ 3,20,58,000 ਰੁਪਿਆ ਸੈਂਕਸ਼ਨ ਕੀਤਾ ਗਿਆ ਸੀ, ਜਿਸ ਵਿਚੋਂ 3,3,69,000 ਰੁਪਿਆ ਵੰਡਿਆ ਗਿਆ ਸੀ । ਫਰੀਦਕੋਟ ਵਿਚ 1,49,58,000 ਸੈਂਕਸ਼ਨ ਹੋਇਆ ਸੀ, ਜਿਸ ਵਿਚੋਂ 1,45,59,000 ਰੁਪਿਆ ਵੰਡਿਆ ਗਿਆ । ਫਿਰੋਜ਼ਪੁਰ ਵਿਚ 3,64,88,000 ਰੁਪਿਆ ਸੈਂਕਸ਼ਨ ਹੋਇਆ, ਜਿਸ ਵਿਚੋਂ ਪੂਰੇ ਦਾ ਪੂਰਾ ਵੰਡਿਆ ਗਿਆ ਸੀ । ਫਤਿਹਗੜ੍ਹ ਸਾਹਿਬ ਵਿਚ 1,57,24,000 ਰੁਪਏ ਵਿਚੋਂ 1,49,30,000 ਰੁਪਿਆ ਵੰਡਿਆ ਗਿਆ । ਗੁਰਦਾਸਪੁਰ ਵਿਚ 5.47 ਕਰੋੜ ਰੁਪਿਆ ਪੂਰਾ ਵੰਡਿਆ ਗਿਆ ਸੀ । ਹੁਸ਼ਿਆਰਪੁਰ ਵਿਚ 3,53,05,000 ਰੁਪਿਆ ਵੰਡਿਆ ਗਿਆ ਸੀ । ਜਲੰਧਰ ਵਿਚ 4,85,34,000 ਰੁਪਿਆ ਪੂਰਾ ਵੰਡਿਆ ਗਿਆ । ਕਪੂਰਥਲੇ ਵਿਚ 3,02,56,000 ਰੁਪਏ ਵਿਚੋਂ 2,87,65,000 ਰੁਪਿਆ ਵੰਡਿਆ ਗਿਆ । ਲੁਧਿਆਣੇ ਵਿਚ 4,81,03,000 ਰੁਪਿਆ ਪੂਰਾ ਵੰਡਿਆ ਗਿਆ । ਨਵਾਂ ਸ਼ਹਿਰ ਵਿਚ

2,20,37,000 ਰੁਪਏ ਵਿਚੋਂ 2,15,35,000 ਰੁਪਿਆ ਵੰਡਿਆ ਗਿਆ । ਮਾਨਸਾ, ਮੋਗਾ, ਮੁਕਤਸਰ, ਪਟਿਆਲਾ, ਰੋਪੜ ਤੇ ਸੰਗਰੂਰ ਵਿਚ ਪੈਸਾ ਨਹੀਂ ਵੰਡਿਆ ਗਿਆ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਟੋਟਲ ਲਾਭਪਾਤਰੀ ਕਿੰਨੇ ਹਨ ? ਇਨ੍ਹਾਂ ਨੇ ਵੇਰਵਾ ਦੱਸਿਆ ਹੈ ਕਿ ਕਿੰਨਾ ਪੈਸਾ ਵੰਡਿਆ ਗਿਆ ਹੈ । ਇਹ ਪੈਸਾ ਕਿਹੜੇ ਹਿਸਾਬ ਨਾਲ ਵੰਡਿਆ ਗਿਆ ਹੈ ? ਕੀ ਇਹ ਦੋ ਸੌ ਰੁਪਏ ਦੇ ਹਿਸਾਬ ਨਾਲ ਵੰਡਿਆ ਗਿਆ ਹੈ ਜਾਂ ਫਿਰ ਛੇ ਸੌ ਰੁਪਏ ਦੇ ਹਿਸਾਬ ਨਾਲ ਵੰਡਿਆ ਗਿਆ ਹੈ ? ਜੇ ਇਹ ਪੈਸਾ ਦੋ ਸੌ ਰੁਪਏ ਦੇ ਹਿਸਾਬ ਨਾਲ ਵੰਡਿਆ ਗਿਆ ਹੈ ਤਾਂ ਜਿਹੜਾ ਇਨ੍ਹਾਂ ਚੋਣ ਮੈਨੀਫੈਸਟੋ ਦੇ ਵਿਚ ਵਾਅਦਾ ਕੀਤਾ ਸੀ ਕਿ ਛੇ ਸੌ ਰੁਪਏ ਪੈਨਸ਼ਨ ਦੇਵਾਂਗੇ, ਇਨ੍ਹਾਂ ਨੇ ਆਪਣਾ ਉਹ ਵਾਅਦਾ ਪੂਰਾ ਨਹੀਂ ਕੀਤਾ .....(ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਕੰਸਰਨਡ ਮਨਿਸਟਰ ਜਵਾਬ ਦੇਣਗੇ ।

**ਕੈਪਟਨ ਕੰਵਲਜੀਤ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਦੋ ਸੌ ਰੁਪਏ ਦੇ ਹਿਸਾਬ ਨਾਲ ਦਿੱਤੇ ਗਏ ਹਨ ਤਾਂ why have they not fulfilled election promise ?

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਦੋ ਸੌ ਰੁਪਏ ਦੇ ਹਿਸਾਬ ਨਾਲ ਵੰਡੇ ਗਏ ਹਨ । ਓਲਡ ਏਜ ਬੈਨੀਫਿਸ਼ਰੀਜ਼ 7 ਲੱਖ 81 ਹਜ਼ਾਰ 433 ਹਨ । Financial assistance to destitute women and widows is Rs. 1,27,915. and financial assistance to dependent children is Rs. 40,297. Financial assistance to disabled persons is Rs. 51,000. ਟੋਟਲ 10 ਲੱਖ ਇੱਕ ਹਜ਼ਾਰ 307 ਬੈਨੀਫਿਸ਼ਰੀਜ਼ ਹਨ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੇਰਾ ਸਵਾਲ ਹੈ ਕਿ... (ਸ਼ੋਰ, ਵਿਘਨ) ..

(ਇਸ ਸਮੇਂ ਮਾਨਯੋਗ ਮੈਂਬਰ, ਸ੍ਰੀ ਤਿਕਸ਼ਨ ਸੂਦ ਵੀ ਆਪਣੀ ਸੀਟ ਤੇ ਬੋਲਣ ਲਈ ਖੜ੍ਹੇ ਹੋਏ ।)

ਮਾਨਯੋਗ ਸਪੀਕਰ ਸਾਹਿਬ, ਮੇਰਾ ਸਵਾਲ ਅਜੇ ਪੂਰਾ ਨਹੀਂ ਹੋਇਆ । ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਦੋ ਸੌ ਰੁਪਏ ਦੇ ਹਿਸਾਬ ਨਾਲ ਪੈਸਾ ਵੰਡਿਆ ਹੈ । ਮੈਂ ਇਸ ਦਾ ਕਾਰਨ ਪੁੱਛਣਾ ਚਾਹੁੰਦਾ ਹਾਂ । Why did not they fulfil the election promise ? ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਛੇ ਸੌ ਰੁਪਏ ਦੇ ਹਿਸਾਬ ਨਾਲ ਪੈਨਸ਼ਨ ਦੇਵਾਂਗੇ । ਇਹ ਇਸ ਗੱਲ ਦਾ ਜਵਾਬ ਦੇਣ ।

**ਮਾਨਯੋਗ ਸਪੀਕਰ** : ਇਹ ਸਵਾਲ ਨਹੀਂ ਬਣਦਾ । ਛੇ ਸੌ ਰੁਪਏ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਦੋ ਸੌ ਰੁਪਏ ਦੇ ਹਿਸਾਬ ਨਾਲ ਹੀ ਪੈਸੇ ਦਿੱਤੇ ਗਏ ਹਨ । ਮੰਤਰੀ ਸਾਹਿਬ, ਦੱਸੋ ਜੀ ਕਿ ਕੀ ਕੋਈ ਮੈਨੀਫੈਸਟੋ ਸਬੰਧੀ ਗੱਲ ਹੋਈ ਹੈ ?

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਇਹ ਮੈਨੀਫੈਸਟੋ ਬਾਰੇ ਹੁਣ ਨਹੀਂ ਪੁੱਛ ਸਕਦੇ । ਹੁਣ ਇਹ ਸਵਾਲ ਪੁੱਛ ਸਕਦੇ ਹਨ । ਇਹ ਸਵਾਲ ਪੁੱਛਣ ।

**ਮਾਨਯੋਗ ਸਪੀਕਰ** : ਹਾਂ ਜੀ, ਮੈਨੀਫੈਸਟੋ ਦਾ ਕੋਈ ਸਵਾਲ ਨਹੀਂ ਹੈ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੇ ਸਵਾਲ ਨੂੰ ਚੇਂਜ ਕਰ ਲੈਂਦਾ ਹਾਂ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਤਹਿਤ ਦੋ ਸੌ ਰੁਪਏ ਹੀ ਦੇਵੇਗੀ ਜਾਂ ਇਸ ਤੋਂ ਵੱਧ ਰੁਪਏ ਵੀ ਲੋਕਾਂ ਨੂੰ ਦੇਣ ਦਾ ਇਰਾਦਾ ਰੱਖਦੀ ਹੈ ?

**ਮਾਨਯੋਗ ਸਪੀਕਰ** : ਕੀ ਵਾਧਾ ਕਰਨ ਦਾ ਕੋਈ ਵਿਚਾਰ ਹੈ ?

**ਰਾਜ ਮੰਤਰੀ** : ਜਦੋਂ ਤੁਹਾਡਾ ਰਾਜ ਸੀ ਤਾਂ ਤੁਸੀਂ ਪੈਸੇ ਦੀ ਦੁਰਵਰਤੋਂ ਬਹੁਤ ਜ਼ਿਆਦਾ ਕੀਤੀ ਸੀ । ਸੰਗਤ ਦਰਸ਼ਨ ਪ੍ਰੋਗਰਾਮ ਦੇ ਤਹਿਤ ਵੀ ਬਹੁਤ ਪੈਸਿਆਂ ਦੀ ਦੁਰਵਰਤੋਂ ਕੀਤੀ ਗਈ ਸੀ ਜਿਸ ਦੇ ਕਾਰਨ ਹੀ ਸਾਨੂੰ ਮੁਸ਼ਕਿਲਾਂ ਪੇਸ਼ ਆਈਆਂ ਹਨ । ਇਸ ਦੇ ਕਾਰਨ ਹੀ 3 ਲੱਖ 7 ਹਜ਼ਾਰ 614 ਬੈਨੀਫਿਸ਼ਰੀਜ਼ ਦੇ ਕੇਸਾਂ ਵਿਚ ਗਲਤੀਆਂ ਸਨ ਜਿਸ ਕਰਕੇ ਸਾਰਾ ਸਿਸਟਮ ਠੀਕ ਕਰਨਾ ਪਿਆ ।

———

## BACKLOG IN THE POSTS FOR HANDICAPPED PERSONS

***1079. Sardar Parminder Singh Dhindsa :** Will the Minister of State for Social Security be pleased to State the details of backlog existing in the Group III & IV posts of the State Government reserved for the handicapped persons together with steps being taken to fill up the same ?

**SMT. GURKANWAL KAUR** : In the State of Punjab, the backlog of posts reserved for disabled persons in the Group III is 1444 and in Group IV is 210. Review to fill up the backlog is undertaken by the State Government from time to time.

Steps taken by the Govt. are :-

1. The policy regarding providing of 3% reservation in Govt. jobs for disabled persons category-wise in all the Groups, is being implemented by the Government.

2. These posts have been taken out from the preview of Punjab Public Service Commission and Punjab State Service Selection Board.

3. Instructions to all the Heads of Departments have been issued to fill up the backlog from time to time.

4. To review the progress of this backlog at State Level, a State Coordination Committee and a State Executive Committee have been constituted.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ 1654 ਪੋਸਟਾਂ ਡਿਸਏਬਲਡ ਪਰਸਨਜ਼ ਲਈ ਰਿਜ਼ਰਵ ਹਨ ਜੋ ਕ ਖਾਲੀ ਪਈਆਂ ਹਨ । ਇਹ ਗਿਣਤੀ ਬਹੁਤ ਜ਼ਿਆਦਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਦੇ ਵਿਚ ਕਿੰਨੀਆਂ ਪੋਸਟਾਂ ਭਰੀਆਂ ਹਨ ?

**ਮਾਨਯੋਗ ਸਪੀਕਰ** : ਕੀ ਤਿੰਨ ਸਾਲਾਂ ਦੇ ਵਿਚ ਕੋਈ ਅਸਾਮੀ ਭਰੀ ਹੈ ?

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, 72% ਪੋਸਟਾਂ ਭਰੀਆਂ ਹਨ । ਜਿਹੜੀਆਂ ਪੋਸਟਾਂ ਖਾਲੀ ਹਨ, ਉਨ੍ਹਾਂ ਨੂੰ ਭਰਨ ਦੀ ਕੋਸ਼ਿਸ਼ ਕਰ ਰਹੇ ਹਾਂ । ਉਨ੍ਹਾਂ ਦੀ ਲੀਗੈਲਟੀ ਨਹੀਂ ਬਣਦੀ । They cannot be filled because they are not genuine persons.

**MR. SPEAKER** : Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legistative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### ਪਿੰਡ ਨੰਗਲਾਂ ਵਿਖੇ ਪਾਵਰ ਗਰਿਡ ਸਟੇਸ਼ਨ

*1103. **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਉਪ-ਮੰਡਲ, ਤਲਵੰਡੀ ਸਾਬੋ ਵਿਚ ਪਿੰਡ ਨੰਗਲਾਂ ਵਿਖੇ ਲਗਾਏ ਜਾ ਰਹੇ ਪਾਵਰ ਗਰਿਡ ਸਟੇਸ਼ਨ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਦੇ ਕਦੋਂ ਤਕ ਮੁਕੰਮਲ ਹੋਣ ਦੀ ਸੰਭਾਵਨਾ ਹੈ ;

(ਅ) ਅਜਿਹੇ ਪਿੰਡਾਂ ਦੇ ਨਾਂ ਕੀ ਹਨ ਜਿਨ੍ਹਾਂ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਪਾਵਰ ਗਰਿਡ ਸਟੇਸ਼ਨ ਰਾਹੀਂ ਲਾਭ ਪ੍ਰਾਪਤ ਹੋਵੇਗਾ ?

ਸਰਦਾਰ ਲਾਲ ਸਿੰਘ : (ੳ) ਇਸ ਸਬ ਸਟੇਸ਼ਨ ਦੇ ਸਿਵਲ ਵਰਕਸ 75 ਪ੍ਰਤੀਸ਼ਤ ਪੂਰੇ ਕੀਤੇ ਜਾ ਚੁੱਕੇ ਹਨ ਅਤੇ ਬਿਜਲੀ ਦੇ ਕੰਮ 31-8-05 ਤੱਕ ਮੁਕੰਮਲ ਹੋ ਜਾਣਗੇ ।

(ਅ) ਇਸ ਸਬ ਸਟੇਸ਼ਨ ਨਾਲ ਜਿਨ੍ਹਾਂ 15 ਪਿੰਡਾਂ ਨੂੰ ਫਾਇਦਾ ਪਹੁੰਚੇਗਾ, ਉਹ ਹਨ :-

1. ਨੰਗਲਾਂ
2. ਜੌੜਕੀਆਂ
3. ਨਥੇਹਾ
4. ਗੋਲੇਵਾਲਾ
5. ਤਲਾਲਵਾਲਾ
6. ਰਾਈਆ
7. ਫੱਤਾਵਾਲੂ
8. ਲਹਿਰੀ
9. ਮੈਨੂੰਆਣਾ
10. ਮਿਰਜੇਆਣਾ
11. ਕੋਰੇਆਣਾ
12. ਗਹਿਲੇਵਾਲਾ
13. ਸਿੰਗੋ
14. ਪੇਰੋ
15. ਬਹਿਣੀਵਾਲਾ ।

---

## 24-ਘੰਟੇ ਬਿਜਲੀ ਸਪਲਾਈ ਅਧੀਨ ਲਿਆਂਦੇ ਗਏ ਪਿੰਡਾਂ ਦੇ ਨਾਂ

*1104. ਸਰਦਾਰ ਜੀਤਮਹਿੰਦਰ ਸਿੰਘ ਸਿੱਧੂ : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਾਲੂ ਮਾਲੀ ਸਾਲ ਦੇ ਦੌਰਾਨ ਉਪ-ਮੰਡਲ, ਤਲਵੰਡੀ ਸਾਬੋ ਵਿਚ 24-ਘੰਟੇ ਬਿਜਲੀ ਸਪਲਾਈ ਅਧੀਨ ਲਿਆਂਦੇ ਜਾ ਰਹੇ ਪਿੰਡਾਂ ਦੇ ਨਾਂ ਕੀ-ਕੀ ਹਨ ਅਤੇ ਅਜਿਹੀ ਬਿਜਲੀ ਸਪਲਾਈ ਲਈ ਯੋਗ ਹੋਰ ਪਿੰਡਾਂ ਦੇ ਨਾਂ ਕੀ ਹਨ ਅਤੇ ਇਨ੍ਹਾਂ ਨੂੰ ਕਿੰਨੇ ਸਮੇਂ ਦੇ ਅੰਦਰ-ਅੰਦਰ 24-ਘੰਟੇ ਬਿਜਲੀ ਸਪਲਾਈ ਉਪਲਬਧ ਕਰਵਾਏ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਲਾਲ ਸਿੰਘ** : ਪੰਜਾਬ ਰਾਜ ਬਿਜਲੀ ਬੋਰਡ ਤਲਵੰਡੀ ਸਾਬੋ ਸਬ ਡਵੀਜ਼ਨ ਦੇ ਪਿੰਡਾਂ ਨੂੰ 24 ਘੰਟੇ ਅਰਬਨ ਪੱਧਰ ਸਪਲਾਈ ਦੇਣ ਦਾ ਵੇਰਵਾ ਹੇਠ ਅਨੁਸਾਰ ਹੈ :-

**ਵਿੱਤੀ ਸਾਲ 2004-05**

(ੳ) ਭਗਵਾਨਪੁਰਾ ਅਤੇ ਲੇਲਾ ਵਾਲਾ ਪਿੰਡ, ਪੰ:ਰਾ:ਬਿ:ਬੋਰਡ ਰਾਹੀਂ ਚਾਲੂ ਕਰ ਦਿੱਤੇ ਗਏ ਹਨ।

(ਅ) ਹੇਠ ਲਿਖੇ 12 ਪਿੰਡਾਂ ਦਾ ਕੰਮ ਪੰਜਾਬ ਮੰਡੀ ਬੋਰਡ ਰਾਹੀਂ ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਨੂੰ 30-6-05 ਤੱਕ ਬਿਜਲੀ ਸਪਲਾਈ ਚਾਲੂ ਕਰ ਦਿੱਤੀ ਜਾਵੇਗੀ :-

ਗੁਰੂਸਰ, ਬਹਿਮਣ ਜੱਸਾਸਿੰਘ, ਬਹਿਮਣ ਕੌਰ ਸਿੰਘ, ਮਨੂੰਆਣਾ, ਮਿਰਜਾਵਾਣਾ, ਕੌੜਆਣਾ, ਗਹਿਲਾ ਵਾਲਾ, ਸੰਗਤ ਖੁਰਦ, ਤਿਉਣਾ ਪੁੰਨਾਰੀਆਂ, ਤੁੰਗਰਾਲੀ, ਗਾਟਵਾਲੀ, ਜੋਗੇਵਾਲਾ।

**ਵਿੱਤੀ ਸਾਲ 2005-06**

ਬਾਕੀ ਰਹਿੰਦੇ ਹੇਠ ਲਿਖੇ ਪਿੰਡਾਂ ਨੂੰ 30-9-05 ਤੱਕ 24 ਘੰਟੇ ਅਰਬਨ ਪੱਧਰ ਸਪਲਾਈ ਦੇਣ ਦਾ ਟੀਚਾ ਮਿਥਿਆ ਹੈ :-

ਚਹਿਲਾਂ ਵਾਲੀ, ਬਨ ਵਾਲਾ, ਧਿੰਨਗੜ, ਪੈਰੋਂ, ਜੱਗਾ ਰਾਮ ਤੀਰਥ।

---

## ਬੰਗਾ-ਮੁਕੰਦਪੁਰ ਸੜਕ ਦੀ ਮੁਰੰਮਤ

*1093. **ਸ੍ਰੀ ਤਰਲੋਚਨ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਬੰਗਾ-ਮੁਕੰਦਪੁਰ ਸੜਕ ਦੀ ਹਾਲਤ ਖਸਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸੜਕ ਨੂੰ ਮਜ਼ਬੂਤ ਕਰਨ, ਚੌੜਾਂ ਕਰਨ ਅਤੇ ਉੱਚਾ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸ਼੍ਰੀਮਾਨ ਜੀ, ਬੰਗਾ-ਮੁਕੰਦਪੁਰ ਸੜਕ ਅਪਰਾ ਤੱਕ ਦੀ ਕੁੱਲ 13.40 ਕਿਲੋਮੀਟਰ ਲੰਬਾਈ ਵਿਚੋਂ 4.70 ਕਿਲੋਮੀਟਰ ਲੰਬਾਈ ਚੰਗੀ ਹਾਲਤ ਵਿਚ ਹੈ ਜਦੋਂ ਕਿ ਬਾਕੀ ਦੀ 8.70 ਕਿਲੋਮੀਟਰ ਲੰਬਾਈ ਦੀ ਮੁਰੰਮਤ ਲੋੜੀਂਦੀ ਹੈ। ਇਸ 8.70 ਕਿਲੋਮੀਟਰ ਲੰਬਾਈ ਦੀ ਸਾਲ 2005-06 ਵਿਚ ਮੁਰੰਮਤ ਕਰਨ ਦੀ ਤਜਵੀਜ਼ ਹੈ।

---

## ਇਲੈਕਟ੍ਰੀਕਲ ਸਬ-ਸਟੇਸ਼ਨ ਹੈਡੋਂ ਬੇਟ ਨੂੰ ਚਾਲੂ ਕਰਨਾ

*1118. ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਕ ਮਾਛੀਵਾੜਾ ਵਿੱਚ ਹੈਡੋਂ ਬੇਟ ਵਿਖੇ ਸਥਾਪਿਤ ਕੀਤੇ ਗਏ ਪਾਵਰ ਗਰਿਡ ਸਟੇਸ਼ਨ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਲਾਲ ਸਿੰਘ :** ਪਿੰਡ ਹੈਡੋਂ ਬੇਟ ਵਿਖੇ 66 ਕੇਵੀ ਸਬ ਸਟੇਸ਼ਨ ਬਣਾਉਣ ਦਾ ਕੰਮ ਵਿੱਤੀ ਸਾਲ 2005-06 ਦੌਰਾਨ ਪੂਰਾ ਹੋਣ ਦੀ ਆਸ ਹੈ ।

---

# UNSTARRED QUESTIONS AND ANSWERS

## ਟਿਊਬਵੈੱਲ ਕੁਨੈਕਸ਼ਨਾਂ ਲਈ ਪੈਂਡਿੰਗ ਅਰਜ਼ੀਆਂ

133. ਸ਼੍ਰੀ ਤਿਕਸ਼ਨ ਸੂਦ : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਟਿਊਬਵੈੱਲ ਕੁਨੈਕਸ਼ਨ ਲਈ ਦੇਣ ਪੈਂਡਿੰਗ ਪਈਆਂ ਅਰਜ਼ੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਸਾਲ 2005-06 ਦੇ ਦੌਰਾਨ ਅਜਿਹੇ ਕਿੰਨੇ ਕੁਨੈਕਸ਼ਨ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਲਈ ਕੀ ਕਸੌਟੀ ਅਪਣਾਈ ਜਾਵੇਗੀ ?

**ਸਰਦਾਰ ਲਾਲ ਸਿੰਘ :** ਜ਼ਿਲ੍ਹਾਵਾਰ ਟਿਊਬਵੈੱਲ ਕੁਨੈਕਸ਼ਨਾਂ ਲਈ ਬਕਾਇਆ ਅਰਜ਼ੀਆਂ ਮਹੀਨਾ 12/2004 ਦੇ ਅੰਤ ਤੱਕ ਦੇ ਵੇਰਵੇ ਸਦਨ ਦੀ ਟੇਬਲ ਤੇ ਅਨੁਲੱਗ-ਏ ਅਨੁਸਾਰ ਰੱਖੇ ਜਾਂਦੇ ਹਨ ।

ਸਾਲ 2005-2006 ਦੌਰਾਨ 40,000 ਕੁਨੈਕਸ਼ਨ ਜਾਰੀ ਕੀਤੇ ਜਾਣਗੇ ਅਤੇ ਪਾਲਿਸੀ ਸਾਲ 2004-2005 ਵਾਲੀ ਹੀ ਲਾਗੂ ਰਹੇਗੀ ।

## ਅਨੁਲੱਗ 'ੲ'

| ਲੜੀ ਨੰ: | ਜ਼ਿਲ੍ਹਾ | ਟਿਊਬਵੈੱਲ ਕੁਨੈਕਸ਼ਨਾਂ ਲਈ ਬਕਾਇਆ ਅਰਜ਼ੀਆਂ |
|---|---|---|
| 1 | 2 | 3 |
| 1. | ਅੰਮ੍ਰਿਤਸਰ | 26185 |
| 2. | ਬਠਿੰਡਾ | 15896 |
| 3. | ਫ਼ਰੀਦਕੋਟ | 16929 |
| 4. | ਫਤਹਿਗੜ੍ਹ ਸਾਹਿਬ | 7179 |
| 5. | ਫਿਰੋਜ਼ਪੁਰ | 24589 |
| 6. | ਗੁਰਦਾਸਪੁਰ | 14719 |
| 7. | ਹੁਸ਼ਿਆਰਪੁਰ | 12378 |
| 8. | ਜਲੰਧਰ | 12182 |
| 9. | ਕਪੂਰਥਲਾ | 8342 |
| 10. | ਲੁਧਿਆਣਾ | 24294 |
| 11. | ਮਾਨਸਾ | 10601 |
| 12. | ਮੋਗਾ | 18713 |
| 13. | ਮੁਕਤਸਰ | 21036 |
| 14. | ਨਵਾਂ ਸ਼ਹਿਰ | 5665 |
| 15. | ਪਟਿਆਲਾ | 22307 |
| 16. | ਰੋਪੜ | 6925 |
| 17. | ਸੰਗਰੂਰ | 41440 |
| | ਕੁੱਲ ਜੋੜ | 289380 |

[ਸਿੰਜਾਈ ਅਤੇ ਬਿਜਲੀ ਮੰਤਰੀ]

ਕਰੀਟੇਰੀਆ (Criteria) : ਟੈਸਟ ਰਿਪੋਰਟਾਂ ਦੀ ਪ੍ਰਾਪਤੀ ਦੇ ਅਧਾਰ ਤੇ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਲਈ ਜਨਰਲ ਕੈਟਾਗਰੀ ਅਤੇ ਅਗੇਤਤਾਂ ਕੈਟਾਗਰੀਆਂ ਵਾਸਤੇ ਸੀਨੀਅਰਤਾ ਵੱਖ-ਵੱਖ ਤਿਆਰ ਕੀਤੀ ਗਈ ਹੈ। ਬੋਰਡ ਦੇ ਵਿਕਰੀ ਵਿਨਿਯਮਾਂ ਮੁਤਾਬਕ ਵੱਖ-ਵੱਖ ਅਗੇਤਤਾ ਕੈਟਾਗਰੀਆਂ ਹੇਠ ਦਿੱਤੇ ਅਨੁਸਾਰ ਹਨ :—

1) ਅੰਤਰਰਾਸ਼ਟਰੀ ਸਰਹੱਦ ਅੰਦਰ ਪੈਂਦੇ ਕੁਨੈਕਸ਼ਨ।

2) ਨੀਮ ਪਹਾੜੀ/ਕੰਡੀ ਖੇਤਰ।

3) ਲੜਾਈ ਦੌਰਾਨ ਅੰਗਹੀਣ ਹੋਏ ਫੌਜੀ ਕਰਮਚਾਰੀ ਜਿਹੜੇ ਫੌਜ ਵਿੱਚ ਸੇਵਾ ਕਰ ਰਹੇ ਹੋਣ।

---

**'ਅਸ਼ੀਰਵਾਦ ਸਕੀਮ' ਅਧੀਨ ਗ੍ਰਾਂਟ ਦੇਣ ਲਈ ਪੈਂਡਿੰਗ ਅਰਜ਼ੀਆਂ**

134. (1) ਸ੍ਰੀ ਤਿਕਸ਼ਨ ਸੂਦ
(2) ਸਰਦਾਰ ਸੋਹਨ ਸਿੰਘ ਠੰਡਲ
(3) ਸ੍ਰੀ ਤਰਲੋਚਨ ਸਿੰਘ
(4) ਸਰਦਾਰ ਗੁਲਜ਼ਾਰ ਸਿੰਘ ਰਣੀਕੇ

: ਕੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 'ਅਸ਼ੀਰਵਾਦ ਸਕੀਮ' ਅਧੀਨ ਗ੍ਰਾਂਟ ਦੇਣ ਲਈ ਪੈਂਡਿੰਗ ਪਈਆਂ ਅਰਜ਼ੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਸਾਲਾਂ 2002-03, 2003-04 ਅਤੇ 2004-05 ਦੌਰਾਨ ਉਕਤ ਸਕੀਮ ਅਧੀਨ ਕੁੱਲ ਕਿੰਨੀ ਰਕਮ ਮਖਸੂਸ ਕੀਤੀ ਗਈ/ਵੰਡੀ ਗਈ ?

ਸ੍ਰੀਮਤੀ ਗੁਰਕੰਵਲ ਕੌਰ : (ੳ) ਅਸ਼ੀਰਵਾਦ ਸਕੀਮ ਅਧੀਨ ਸਾਲ 2002-03 ਦੀ ਕੋਈ ਅਰਜ਼ੀ ਪੈਂਡਿੰਗ ਨਹੀਂ ਹੈ ਕਿਉਂਕਿ ਇਹ ਸਕੀਮ 26 ਜਨਵਰੀ, 2004 ਤੋਂ ਲਾਗੂ ਕੀਤੀ ਗਈ ਹੈ ਅਤੇ ਅਸ਼ੀਰਵਾਦ ਸਕੀਮ ਤਹਿਤ ਗਰਾਂਟ ਦੇਣ ਲਈ ਸਾਲ 2003-04 ਅਤੇ 2004-05 ਦੌਰਾਨ ਪੈਂਡਿੰਗ ਪਈਆਂ ਅਰਜ਼ੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਨਿਮਨ-ਲਿਖਤ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਸਾਲ 2003-04 ਦੀਆਂ ਲੰਬਿਤ ਅਰਜ਼ੀਆਂ | ਸਾਲ 2004-05 (28-2-05 ਤੱਕ) ਦੀਆਂ ਲੰਬਿਤ ਅਰਜ਼ੀਆਂ | ਕੁੱਲ ਲੰਬਿਤ ਦਰਖਾਸਤਾਂ ਦੀ ਗਿਣਤੀ (ਕਾਲਮ ਨੰ: 3+4) |
|---|---|---|---|---|
| 1 | 2 | 3 | 4 | 5 |
| 1. | ਅੰਮ੍ਰਿਤਸਰ | — | 4682 | 4682 |
| 2. | ਬਠਿੰਡਾ | 141 | 859 | 1000 |
| 3. | ਫਰੀਦਕੋਟ | 348 | 501 | 849 |
| 4. | ਫਤਹਿਗੜ੍ਹ ਸਾਹਿਬ | 109 | 775 | 884 |
| 5. | ਫਿਰੋਜ਼ਪੁਰ | 108 | 1925 | 2033 |
| 6. | ਗੁਰਦਾਸਪੁਰ | 909 | 3163 | 4072 |
| 7. | ਹੁਸ਼ਿਆਰਪੁਰ | — | 755 | 755 |
| 8. | ਜਲੰਧਰ | 453 | 2435 | 2888 |
| 9. | ਕਪੂਰਥਲਾ | — | 486 | 486 |
| 10. | ਲੁਧਿਆਣਾ | 98 | 885 | 983 |
| 11. | ਮਾਨਸਾ | 41 | 623 | 664 |
| 12. | ਮੋਗਾ | 90 | 798 | 888 |
| 13. | ਮੁਕਤਸਰ | 208 | 1017 | 1225 |
| 14. | ਨਵਾਂ ਸ਼ਹਿਰ | 224 | 746 | 970 |
| 15. | ਪਟਿਆਲਾ | 389 | 340 | 1729 |
| 16. | ਰੋਪੜ | 94 | 501 | 595 |
| 17. | ਸੰਗਰੂਰ | 205 | 1692 | 1897 |
| | ਕੁੱਲ ਜੋੜ | 3417 | 23,183 | 26,600 |

[ਰਾਜ ਮੰਤਰੀ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ]

(ਅ) ਅਸ਼ੀਰਵਾਦ ਸਕੀਮ ਅਧੀਨ ਸਾਲ 2002-03 ਦੌਰਾਨ ਕੋਈ ਰਕਮ ਮਖਸੂਸ/ਵੰਡੀ ਨਹੀਂ ਗਈ ਕਿਉਂਕਿ ਅਸ਼ੀਰਵਾਦ ਸਕੀਮ 26 ਜਨਵਰੀ 2004 ਤੋਂ ਲਾਗੂ ਕੀਤੀ ਗਈ ਹੈ ਅਤੇ ਅਸ਼ੀਰਵਾਦ ਸਕੀਮ ਤਹਿਤ ਸਾਲ 2003-04 ਅਤੇ 2004-05 ਦੌਰਾਨ ਮਖਸੂਸ ਕੀਤੀ ਅਤੇ ਵੰਡੀ ਗਈ ਰਕਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(ਰਕਮ ਲੱਖਾਂ ਵਿੱਚ)

| ਲੜੀ ਨੰ: | ਸਾਲ | ਮਖਸੂਸ ਕੀਤੀ ਗਈ ਰਕਮ | ਵੰਡੀ ਗਈ ਰਕਮ |
|---|---|---|---|
| 1 | 2 | 3 | 4 |
| 1. | 2003-04 | 199.958 (1 ਕਰੋੜ 99 ਲੱਖ 95 ਹਜ਼ਾਰ 8 ਸੌ ਰੁਪਏ) | 199.958 (1 ਕਰੋੜ 99 ਲੱਖ 95 ਹਜ਼ਾਰ 8 ਸੌ ਰੁਪਏ) |
| 2. | 2004-05 | 190.33 (1 ਕਰੋੜ 90 ਲੱਖ 33 ਹਜ਼ਾਰ ਰੁਪਏ) | 190.33 (1 ਕਰੋੜ 90 ਲੱਖ 33 ਹਜ਼ਾਰ ਰੁਪਏ) |
| | ਕੁੱਲ | 381.288 | 381.288 |

(ਤਿੰਨ ਕਰੋੜ ਇਕਾਸੀ ਲੱਖ ਅਠਾਈ ਹਜ਼ਾਰ ਅੱਠ ਸੌ ਰੁਪਏ)

## ਰਾਜ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ

135. **ਸ੍ਰੀ ਤਿਕਸ਼ਨ ਸੂਦ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਾਲ 1980 ਤੋਂ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਦੀ ਜ਼ਿਲ੍ਹਾ-ਵਾਰ ਸਥਿਤੀ ਕੀ ਹੈ ਅਤੇ ਸਰਕਾਰ ਦੁਆਰਾ ਪਾਣੀ ਦੀ ਸੰਭਾਲ ਅਤੇ ਪਾਣੀ ਦਾ ਪੱਧਰ ਉਪਰ ਕਰਨ (ਰੀਚਾਰਜ) ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਲਾਲ ਸਿੰਘ** : ਉੱਤਰ ਵਿਵਰਣ ਤੇ ਹੈ ਜੀ ।

## ਵਿਵਰਣ

ਸਾਲ 1984 ਦੇ ਅਧਾਰਿਤ ਅੰਕੜਿਆਂ ਨਾਲ ਤੁਲਨਾ ਅਨੁਸਾਰ ਰਾਜ ਦੇ ਤਕਰੀਬਨ 78% ਰਕਬੇ ਵਿੱਚ ਜਮੀਨ ਹੇਠਲੇ ਪਾਣੀ ਦੀ ਸਤਿਹ ਘੱਟ ਰਹੀ ਹੈ, ਜ਼ਿਲ੍ਹਾ ਵਾਰ ਵੇਰਵਾ ਅਨੈਕਚਰ 1 ਤੇ ਹੈ। ਇਹ ਰਕਬਾ ਮੁੱਖ ਤੌਰ ਤੇ ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਲੁਧਿਆਣਾ, ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ ਅਤੇ ਮੋਗਾ ਆਦਿ ਜਿਲ੍ਹਿਆਂ ਵਿੱਚ ਹੈ. ਜਿੱਥੇ ਜਮੀਨ ਹੇਠਲਾ ਪਾਣੀ ਖੇਤੀ ਯੋਗ ਹੈ। ਪੰਜਾਬ ਸਰਕਾਰ ਨੇ ਜਮੀਨ ਹੇਠਲੇ ਪਾਣੀ ਦੀ ਸਤਿਹ ਨੂੰ ਥੱਲੇ ਜਾਣ ਤੋਂ ਰੋਕਣ ਅਤੇ ਇਸਦੇ ਵਾਧੇ ਲਈ ਰੇਨ ਵਾਟਰ ਹਾਰਵੈਸਟਿੰਗ ਅਤੇ ਆਰਟੀਫੀਸ਼ੀਅਲ ਰੀਚਾਰਜ ਸਕੀਮਾਂ ਦੁਆਰਾ ਕਦਮ ਚੁੱਕੇ ਹਨ। ਜਮੀਨ ਹੇਠਲੇ ਪਾਣੀ ਦਾ ਮੌਜੂਦਾ ਨਹਿਰਾਂ, ਕੰਡੀ ਏਰੀਏ ਦੇ ਛੋਟੇ ਬੰਨ ਅਤੇ ਸਰਫੇਸ ਡਰੇਨੇਜ ਸਿਸਟਮ ਦੁਆਰਾ ਵੀ ਸੇਮ ਹੋਣ ਕਰਕੇ, ਰੀਚਾਰਜ ਹੋ ਰਿਹਾ ਹੈ।

ਇਸ ਤੋਂ ਇਲਾਵਾ ਜਮੀਨ ਹੇਠਲੇ ਪਾਣੀ ਨੂੰ ਪ੍ਰੀਜਰਵ ਕਰਨ ਲਈ ਅਤੇ ਇਸ ਦੀ ਮੰਗ/ਨਿਕਾਸੀ ਨੂੰ ਘਟਾਉਣ ਵਾਸਤੇ ਫਸਲੀ ਚੱਕਰ ਨੂੰ ਬਦਲਣ ਦਾ ਉਤਸ਼ਾਹ ਦੇਣ ਸਬੰਧੀ ਵੀ ਸਰਕਾਰ ਕਦਮ ਚੁੱਕ ਰਹੀ ਹੈ।

ਜਮੀਨ ਹੇਠਲੇ ਪਾਣੀ ਦੀ ਡਿੱਗ ਰਹੀ ਸਤਿਹ ਦੇ ਰੁਝਾਨ ਨੂੰ ਘੱਟ ਕਰਨ ਲਈ, ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਵਿੱਤੀ ਅਤੇ ਤਕਨੀਕੀ ਸਹਾਇਤਾ ਨਾਲ, ਰਾਜ ਵਿੱਚ ਸਿੰਚਾਈ ਵਿਭਾਗ, ਪੰਜਾਬ ਦੁਆਰਾ 8 ਸਕੀਮਾਂ ਸੰਗਰੂਰ, ਮੋਗਾ, ਜਲੰਧਰ-ਪਟਿਆਲਾ ਅਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ ਲਾਈਆਂ ਗਈਆਂ ਹਨ।

ਇਹਨਾਂ ਸਕੀਮਾਂ ਦੇ ਨਤੀਜੇ ਉਤਸ਼ਾਹਜਨਕ ਹਨ ਅਤੇ ਹੋਰ ਇਹੋ ਜਿਹੀਆਂ 10 ਸਕੀਮਾਂ ਸੈਂਟਰਲ ਗਰਾਊਂਡ ਵਾਟਰ ਬੋਰਡ ਨੂੰ ਮੰਨਜੂਰੀ ਲਈ ਭੇਜੀਆਂ ਹੋਈਆਂ ਹਨ। ਰਾਜ ਸਰਕਾਰ, "ਆਰਟੀਫੀਸ਼ੀਅਲ ਰੀਚਾਰਜ ਟੂ ਗਰਾਊਂਡ ਵਾਟਰ ਐਂਡ ਰੇਨ ਵਾਟਰ ਹਾਰਵੈਸਟਿੰਗ" ਸਬੰਧੀ 75.25 ਦੀ ਅਨੁਪਾਤ ਵਿੱਚ, ਕੀਮਤ ਸ਼ੇਅਰਿੰਗ ਆਧਾਰ ਤੇ, ਸੈਂਟਰਲੀ ਸਪੌਂਸਰਡ ਸਕੀਮ ਵਿੱਚ ਹਿੱਸਾ ਲਵੇਗੀ।

[ਸਿੰਜਾਈ ਅਤੇ ਬਿਜਲੀ ਮੰਤਰੀ]

## ANNEXURE—I

### DISTRICTWISE AREA OF RISE/FALL FOR THE PERIOD JUNE 1984 TO JUNE, 2002

(Figure in Sq. Kms.)

| S. No. | District | District Area | Area of Rise of Water Level | | | | Area of Fall of Water Level | | | | Hilly Area |
|---|---|---|---|---|---|---|---|---|---|---|---|
| | | | 0-3M | 3-5M | 5-10M | Above 10M | 0-3M | 3-5M | 5-10M | Above 10M | |
| 1 | 2 | 3 | 4 | 5 | 6 | 7 | 8 | 9 | 10 | 11 | 12 |
| 1. | Amritsar | 5088 | 87 | 0 | 0 | 0 | 1653 | 2461 | 887 | 0 | 0 |
| 2. | Gurdaspur | 3570 | 724 | 0 | 0 | 0 | 2570 | 0 | 0 | 0 | 276 |
| 3. | Hoshiarpur | 3310 | 1363 | 390 | 166 | 37 | 752 | 24 | 0 | 0 | 578 |
| 4. | Nawan Shahr | 1258 | 235 | 60 | 0 | 0 | 810 | 34 | 0 | 0 | 119 |
| 5. | Jalandhar | 2643 | 140 | 0 | 0 | 0 | 787 | 418 | 1189 | 109 | 0 |
| 6. | Kapurthala | 1633 | 161 | 0 | 0 | 0 | 634 | 545 | 293 | 0 | 0 |
| 7. | Ropar | 2117 | 86 | 0 | 0 | 0 | 989 | 300 | 195 | 0 | 547 |
| 8. | Ludhiana | 3762 | 0 | 0 | 0 | 0 | 1694 | 1402 | 666 | 0 | 0 |
| 9. | Patiala | 3627 | 0 | 0 | 0 | 0 | 1543 | 581 | 1503 | 0 | 0 |
| 10 | Fateh Garh Sahib | 1177 | 0 | 0 | 0 | 0 | 226 | 832 | 119 | 0 | 0 |
| 11. | Sangrur | 5021 | 0 | 0 | 0 | 0 | 0 | 973 | 3140 | 908 | 0 |
| 12. | Bathinda | 3401 | 393 | 389 | 924 | 253 | 351 | 318 | 655 | 118 | 0 |
| 13. | Mansa | 2150 | 192 | 56 | 0 | 0 | 860 | 808 | 234 | 0 | 0 |
| 14. | Faridkot | 1472 | 63 | 0 | 0 | 0 | 789 | 543 | 77 | 0 | 0 |
| 15. | Muktsar | 2608 | 669 | 155 | 435 | 642 | 707 | 0 | 0 | 0 | 0 |
| 16. | Moga | 1672 | 0 | 0 | 0 | 0 | 0 | 524 | 1148 | 0 | 0 |
| 17. | Ferozepur | 5853 | 1008 | 258 | 519 | 36 | 2826 | 819 | 387 | 0 | 0 |
| | Total | 50362 | 5121 | 1308 | 2044 | 968 | 17191 | 10582 | 10493 | 1135 | 1520 |
| | State | | 10% | 3% | 4% | 2% | 34% | 21% | 21% | 2% | 3% |

Vol-2

## ਬਿਜਲੀ ਦੀ ਘਾਟ

136. (1) ਸ੍ਰੀ ਤਿਕਸ਼ਨ ਸੂਦ
(2) ਸ੍ਰੀ ਰਮੇਸ਼ ਦੱਤ ਸ਼ਰਮਾ : ਕੀ ਸਿੰਜਾਈ ਅਤੇ
(3) ਸਰਦਾਰ ਬੀਰ ਦਵਿੰਦਰ ਸਿੰਘ

ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੁਆਰਾ ਕੁੱਲ ਕਿੰਨੀ ਬਿਜਲੀ ਪੈਦਾ ਕੀਤੀ ਜਾ ਰਹੀ ਹੈ ਅਤੇ ਇਸ ਦੀ ਮੰਗ ਕਿੰਨੀ ਹੈ ਅਤੇ ਬਿਜਲੀ ਦੀ ਘਾਟ ਨੂੰ ਪੂਰਾ ਕਰਨ ਲਈ ਆਰਜ਼ੀ ਅਤੇ ਸਥਾਈ ਤੌਰ ਤੇ ਕੀ ਉਪਾਅ ਕੀਤੇ ਜਾ ਰਹੇ ਹਨ ।

**ਸਰਦਾਰ ਲਾਲ ਸਿੰਘ** : ਰਾਜ ਵਿੱਚ ਸਥਾਪਤ ਉਤਪਾਦਨ ਸਮਰੱਥਾ 3145 ਮੈਗਾਵਾਟ ਹੈ । ਥਰਮਲ 2130 ਮੈਗਾਵਾਟ, ਹਾਈਡਰੋ-999 ਮੈਗਾਵਾਟ, ਪੋਡਾ-16 ਮੈਗਾਵਾਟ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਤੇ ਕੇਂਦਰੀ ਖੇਤਰ ਪ੍ਰੋਜੈਕਟਾਂ ਵਿੱਚ ਪੰਜਾਬ ਦਾ ਹਿੱਸਾ ਕ੍ਰਮਵਾਰ 1331 ਮੈਗਾਵਾਟ ਅਤੇ 1492 ਮੈਗਾਵਾਟ ਹੈ ।

80 ਪ੍ਰਤੀਸ਼ਤ ਉਪਲਬਧਤਾ ਦੇ ਆਧਾਰ ਤੇ ਉਤਪਾਦਨ ਸਮਰੱਥਾ 4800 ਮੈਗਾਵਾਟ ਦੇ ਲਗਭਗ ਹੈ । ਕੁੱਲ ਬਿਜਲੀ ਦੀ ਮੰਗ 6410 ਮੈਗਾਵਾਟ ਹੈ । ਇਸ ਖੱਪੇ ਨੂੰ ਘੱਟ ਸਮੇਂ ਅਤੇ ਲੰਮੇ ਸਮੇਂ ਲਈ ਕੀਤੇ ਉਪਰਾਲਿਆਂ ਰਾਹੀਂ ਪੂਰਾ ਕੀਤਾ ਜਾ ਰਿਹਾ ਹੈ । ਘੱਟ ਸਮੇਂ ਦੇ ਉਪਰਾਲਿਆਂ ਵਿੱਚ ਬਿਜਲੀ ਦੀ ਖਰੀਦ ਕਰਨਾ ਸ਼ਾਮਲ ਹੈ । ਲੰਮੇ ਸਮੇਂ ਦੇ ਉਪਰਾਲਿਆਂ ਵਿੱਚ ਹੋਰਨਾਂ ਦੇ ਨਾਲ ਨਾਲ ਲਹਿਰਾ ਮੁਹੱਬਤ ਸਟੇਜ-II, ਮੁਕੇਰੀਆਂ ਹਾਈਡਲ ਪ੍ਰੋਜੈਕਟ ਸਟੇਜ-II, ਬਠਿੰਡਾ ਦੀ ਯੂਨਿਟ-3-4 ਦੀ ਰੈਨੋਵੇਸ਼ਨ ਤੇ ਨਵੀਨੀਕਰਨ, ਭਾਖੜਾ ਲੈਫਟ ਬੈਂਕ ਅਤੇ ਬਠਿੰਡਾ ਪਲਾਂਟ ਦੀ ਯੂਨਿਟ-1 ਅਤੇ 2 ਦੀ ਰੈਨੋਵੇਸ਼ਨ ਅਤੇ ਨਵੀਨੀ-ਕਰਨ ਕਰਕੇ 10ਵੀਂ ਯੋਜਨਾ ਦੌਰਾਨ ਉਤਪਾਦਨ ਸਮਰੱਥਾ ਵਿੱਚ ਵਾਧਾ ਕਰਨਾ ਸ਼ਾਮਲ ਹੈ। 11ਵੀਂ ਪੰਜ ਸਾਲਾਂ ਯੋਜਨਾ ਦੌਰਾਨ ਸ਼ਾਹਪੁਰ ਕੰਢੀ ਅਤੇ ਯੂ.ਬੀ.ਡੀ.ਸੀ.-3 ਦਾ ਕੰਮ ਸ਼ੁਰੂ ਕਰਨਾ ਹੈ । ਗੋਇੰਦਵਾਲ ਸਾਹਿਬ ਪ੍ਰੋਜੈਕਟ ਬਾਰੇ ਗੱਲਬਾਤ ਵਿਚਾਰ ਅਧੀਨ ਚਲ ਰਹੀ ਹੈ। ਦੋਰਾਹਾ ਵਿਖੇ ਗੈਸ ਪਲਾਂਟ ਲਗਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ । ਇਸ ਤੋਂ ਇਲਾਵਾ ਪੰ:ਰਾ:ਬਿ:ਬੋ: ਨੂੰ ਕੇਂਦਰ ਸਰਕਾਰ ਦੇ ਪ੍ਰੋਜੈਕਟਾਂ ਵਿੱਚ ਹੋਰ ਹਿੱਸਾ ਜਿਹੜਾ ਕਿ ਕੁੱਲ 2383 ਮੈਗਾਵਾਟ ਬਣਦਾ ਹੈ, 11ਵੀਂ ਯੋਜਨਾ ਦੇ ਅੰਤ ਤੱਕ ਵਧਾਉਣ ਲਈ ਕਿਹਾ ਗਿਆ ਹੈ ।

---

## ਰਾਜ ਵਿੱਚ ਬਿਜਲੀ ਦੀ ਚੋਰੀ ਦੇ ਕੇਸ

143. **ਸ੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2002-03 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਬਿਜਲੀ ਦੀ ਚੋਰੀ ਕਰਨ ਦੇ ਪਕੜੇ ਗਏ ਕੇਸਾਂ ਦੀ ਸਾਲ-ਵਾਰ ਅਤੇ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਕੇਸਾਂ ਵਿੱਚ ਜੁਰਮਾਨੇ ਵਜੋਂ ਕਿੰਨੀ ਰਕਮ ਵਸੂਲ ਕੀਤੀ ਗਈ ?

**ਸਰਦਾਰ ਲਾਲ ਸਿੰਘ** : ਚੋਰੀ ਦੇ ਕੇਸ ਪਕੜਨ ਅਤੇ ਜੁਰਮਾਨਾ ਵਸੂਲ ਕਰਨ ਦਾ ਸਾਲਵਾਰ ਅਤੇ ਜ਼ਿਲ੍ਹਾਵਾਰ ਸਾਲ 2002-2003 ਤੋਂ ਜਨਵਰੀ, 2005 ਤੱਕ ਦੇ ਵੇਰਵੇ ਹੇਠ ਅਨੁਸਾਰ ਹਨ :—

(ਰਕਮ ਲੱਖਾਂ ਵਿੱਚ)

| ਲੜੀ ਨੰ. | ਜ਼ਿਲ੍ਹਾ | 2002-2003 | | 2003-2004 | | 2004-2005 | |
|---|---|---|---|---|---|---|---|
| | | ਕੇਸਾਂ ਦੀ ਗਿਣਤੀ | ਰਕਮ ਪ੍ਰਾਪਤੀ | ਕੇਸਾਂ ਦੀ ਗਿਣਤੀ | ਰਕਮ ਪ੍ਰਾਪਤੀ | ਕੇਸਾਂ ਦੀ ਗਿਣਤੀ | ਰਕਮ ਪ੍ਰਾਪਤੀ |
| 1 | 2 | 3 | 4 | 5 | 6 | 7 | 8 |
| 1. | ਅੰਮ੍ਰਿਤਸਰ | 195936 | 1175.82 | 46239 | 1352.39 | 54788 | 1192.17 |
| 2. | ਬਠਿੰਡਾ | 6725 | 278.57 | 8736 | 207.30 | 6537 | 193.97 |
| 3. | ਫਰੀਦਕੋਟ | 2922 | 30.18 | 2903 | 66.70 | 6814 | 160.15 |
| 4 | ਫਤਹਿਗੜ੍ਹ ਸਾਹਿਬ | 1791 | 69.40 | 569 | 32.04 | 954 | 69.78 |
| 5. | ਫਿਰੋਜ਼ਪੁਰ | 16912 | 488.61 | 18337 | 656.66 | 40531 | 1318.89 |
| 6. | ਗੁਰਦਾਸਪੁਰ | 20841 | 210.20 | 20530 | 183,14 | 27139 | 266.16 |
| 7. | ਹੁਸ਼ਿਆਰਪੁਰ | 2118 | 50.92 | 1895 | 55.11 | 1633 | 37.03 |
| 8. | ਜਲੰਧਰ | 7860 | 221,76 | 8459 | 393.70 | 15069 | 542.50 |
| 9. | ਕਪੂਰਥਲਾ | 7984 | 209.95 | 9819 | 351.73 | 18032 | 571.51 |
| 10. | ਲੁਧਿਆਣਾ | 37314 | 1055.68 | 22281 | 1134.51 | 49140 | 1447.72 |
| 11. | ਮਾਨਸਾ | 2635 | 87.09 | 2261 | 113.14 | 2925 | 137.39 |
| 12. | ਮੋਗਾ | 5235 | 138.53 | 7429 | 199.91 | 26215 | 897.11 |
| 13. | ਮੁਕਤਸਰ | 5394 | 270.57 | 4644 | 117.29 | 4541 | 106.71 |
| 14. | ਨਵਾਂਸ਼ਹਿਰ | 2714 | 62.82 | 1270 | 41.93 | 1112 | 34.32 |
| 15. | ਪਟਿਆਲਾ | 16554 | 493.11 | 12802 | 525.77 | 20685 | 555.06 |
| 16. | ਰੋਪੜ | 8331 | 291.10 | 7459 | 349.36 | 6904 | 288.25 |
| 17. | ਸੰਗਰੂਰ | 18453 | 859.12 | 17671 | 829.22 | 24283 | 1138.00 |
| | ਕੁੱਲ ਜੋੜ | 359719 | 5993.43 | 193304 | 6609.90 | 307302 | 8956,72 |

**ਗੰਨੇ ਦੀ ਫਸਲ ਅਧੀਨ ਰਕਬਾ**

144. **ਸਰਦਾਰ ਤੋਤਾ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਫਸਲੀ ਸਾਲਾਂ 1997-98 ਤੋਂ 2001-02 ਦੇ ਸਮੇਂ ਦੌਰਾਨ ਸਾਲਵਾਰ ਕਿੰਨੇ ਹੈਕਟੇਅਰ ਰਕਬੇ ਵਿੱਚ ਗੰਨਾ ਬੀਜਿਆ ਗਿਆ ਸੀ ਅਤੇ ਸਾਲਾਂ 2002-03 ਤੋਂ 2004-05 ਦੌਰਾਨ ਸਾਲ-ਵਾਰ ਕਿੰਨੇ ਹੈਕਟੇਅਰ ਰਕਬੇ ਵਿੱਚ ਗੰਨਾ ਬੀਜਿਆ ਗਿਆ ਸੀ ?

**ਕੈਪਟਨ ਅਮਰਿੰਦਰ ਸਿੰਘ :** ਫਸਲੀ ਸਾਲ 1997-98 ਤੋਂ 2001-2002 ਅਤੇ 2002-2003 ਤੋਂ ਸਾਲ 2004-2005 ਦੇ ਸਮੇਂ ਦੌਰਾਨ ਸਾਲ ਵਾਰ ਗੰਨੇ ਅਧੀਨ ਬੀਜੇ ਗਏ ਰਕਬੇ ਸਬੰਧੀ ਸਟੇਟਮੈਂਟ ਨਾਲ ਨੱਥੀ ਕੀਤੀ ਜਾਂਦੀ ਹੈ ।

**ਸਟੇਟਮੈਂਟ**

| ਸਾਲ | ਗੰਨੇ ਅਧੀਨ ਬੀਜਿਆ ਗਿਆ ਰਕਬਾ (ਹੈਕਟੇਅਰ ਵਿਚ) |
|---|---|
| 1997-1998 | 1,50,000 |
| 1998-1999 | 1,14,532 |
| 1999-2000 | 1,45,462 |
| 2000-2001 | 1,55,989 |
| 2001-2002 | 1,70,610 |
| 2002-2003 | 1,80,382 |
| 2003-2004 | 1,35,277 |
| 2004-2005 | 83,370 |

**ਰਾਜ ਵਿੱਚ ਦਰਜ ਕੀਤੇ ਗਏ ਹਸਪਤਾਲ/ਨਰਸਿੰਗ ਹੋਮਜ਼**

145. **ਕੈਪਟਨ ਬਲਬੀਰ ਸਿੰਘ ਬਾਠ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਪਿਛਲੇ ਦਸ ਸਾਲਾਂ ਦੇ ਦੌਰਾਨ ਦਰਜ਼ ਕੀਤੇ ਗਏ ਪ੍ਰਾਈਵੇਟ ਹਸਪਤਾਲਾਂ/ਨਰਸਿੰਗ ਹੋਮਜ਼ ਦੀ ਗਿਣਤੀ ਕਿੰਨੀ ਹੈ ਅਤੇ ਕੀ ਸਰਕਾਰ ਇਨ੍ਹਾਂ ਸੰਸਥਾਵਾਂ ਦੁਆਰਾ ਵਸੂਲ ਕੀਤੀ ਜਾਂਦੀ ਫੀਸ, ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਕੂੜੇ ਕਰਕਟ ਦੇ ਨਿਪਟਾਰੇ ਲਈ ਕੋਈ ਕੰਟਰੋਲ ਰੱਖਦੀ ਹੈ ?

ਸ੍ਰੀ ਰਮੇਸ਼ ਚੰਦਰ ਡੋਗਰਾ : ਰਾਜ ਵਿੱਚ ਅਜੇ ਅਜਿਹਾ ਕੋਈ ਐਕਟ ਨਹੀਂ ਹੈ ਜਿਸ ਅਧੀਨ ਪ੍ਰਾਈਵੇਟ ਹਸਪਤਾਲਾਂ/ਨਰਸਿੰਗ ਹੋਮਜ਼ ਦਾ ਪੰਜੀਕਰਨ ਅਤੇ ਫੀਸਾਂ ਤੇ ਸਹੂਲਤਾਂ ਦੀ ਪੜਤਾਲ ਕੀਤੀ ਜਾ ਸਕੇ । ਪ੍ਰਾਈਵੇਟ ਹਸਪਤਾਲਾਂ/ਨਰਸਿੰਗ ਹੋਮਜ਼ ਦੇ ਵੇਸਟ ਦੇ ਨਿਪਟਾਰੇ ਦੀ ਚੈਕਿੰਗ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਬਾਇਓ ਮੈਡੀਕਲ ਵੇਸਟ (ਹੈਂਡਲਿੰਗ ਅਤੇ ਮੈਨੇਜਮੈਂਟ) ਰੂਲਜ਼, 1998 ਅਧੀਨ ਕੀਤੀ ਜਾਂਦੀ ਹੈ ।

---

**ਤਲਵੰਡੀ ਸਾਬੋ ਸਬ-ਡਿਵੀਜ਼ਨ ਵਿੱਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ**

146. **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਿਵੀਜ਼ਨ, ਤਲਵੰਡੀ ਸਾਬੋ ਵਿੱਚ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਹਰਨਾਮ ਦਾਸ ਜੌਹਰ** : ਤਲਵੰਡੀ ਸਾਬੋ ਸਬ ਡਿਵੀਜ਼ਨ ਵਿਚ ਖਾਲੀ ਆਸਾਮੀਆਂ ਦੀ ਗਿਣਤੀ ਹੇਠ ਅਨੁਸਾਰ ਹੈ :—

| ਐਲੀਮੈਂਟਰੀ | ਸੈਕੰਡਰੀ |
|---|---|
| 113 | 73 |

ਸਿੱਧੀ ਭਰਤੀ ਤੇ ਪੂਰਨ ਤੌਰ ਤੇ ਰੋਕ ਲੱਗੀ ਹੋਈ ਹੈ ।

---

**ਰਾਜ ਵਿੱਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ**

147. **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਐਲੀਮੈਂਟਰੀ/ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਸਾਲ 2002-03 ਦੇ ਦੌਰਾਨ ਖਾਲੀ ਹੋਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਸਰਹੱਦੀ ਇਲਾਕਿਆਂ ਵਿੱਚ ਪਹਿਲ ਦੇ ਅਧਾਰ ਤੇ ਅਧਿਆਪਕਾਂ ਦੀ ਨਿਯੁਕਤੀ ਕਰਨ ਦੀ ਤਜਵੀਜ਼ ਰੱਖਦੀ ਹੈ ?

**ਸ੍ਰੀ ਹਰਨਾਮ ਦਾਸ ਜੌਹਰ :** (ੲ)

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਖਾਲੀ ਆਸਾਮੀਆਂ ਦੀ ਗਿਣਤੀ | | ਸਾਲ 2002-03 ਦੌਰਾਨ ਖਾਲੀ ਹੋਈਆਂ ਆਸਾਮੀਆਂ | |
|---|---|---|---|---|---|
| | | ਐਲੀਮੈਂਟਰੀ | ਸੈਕੰਡਰੀ | ਐਲੀਮੈਂਟਰੀ | ਸੈਕੰਡਰੀ |
| 1. | ਅੰਮ੍ਰਿਤਸਰ | 2163 | 366 | 1064 | 108 |
| 2. | ਬਠਿੰਡਾ | 506 | 255 | 70 | 21 |
| 3. | ਫਰੀਦਕੋਟ | 212 | 145 | 85 | 121 |
| 4. | ਫਤਿਹਗੜ੍ਹ ਸਾਹਿਬ | 505 | 161 | 82 | 479 |
| 5. | ਫਿਰੋਜ਼ਪੁਰ | 1090 | 626 | 212 | 664 |
| 6. | ਗੁਰਦਾਸਪੁਰ | 1669 | 561 | 157 | 302 |
| 7. | ਹੁਸ਼ਿਆਰਪੁਰ | 1542 | 649 | 316 | 457 |
| 8. | ਜਲੰਧਰ | 1491 | 729 | 390 | 628 |
| 9. | ਕਪੂਰਥਲਾ | 544 | 538 | 101 | 469 |
| 10. | ਲੁਧਿਆਣਾ | 2014 | 719 | 270 | 479 |
| 11. | ਮਾਨਸਾ | 287 | 465 | 112 | 520 |
| 12. | ਮੋਗਾ | 754 | 418 | 137 | 314 |
| 13. | ਮੁਕਤਸਰ | 486 | 333 | 121 | 210 |
| 14. | ਨਵਾਂ ਸ਼ਹਿਰ | 450 | 433 | 80 | 307 |
| 15. | ਪਟਿਆਲਾ | 1278 | 404 | 177 | 286 |
| 16. | ਰੋਪੜ | 738 | 150 | 181 | 92 |
| 17. | ਸੰਗਰੂਰ | 1250 | 828 | 252 | 552 |

ਅ) ਨਹੀਂ ਜੀ, ਭਰਤੀ ਸਬੰਧੀ ਪੂਰਨ ਤੌਰ ਤੇ ਰੋਕ ਲੱਗੀ ਹੋਈ ਹੈ ।

———

## ਰਾਜ ਵਿੱਚ ਸਕੂਲਾਂ ਦੀ ਗਿਣਤੀ

148. (1) ਸ੍ਰੀ ਰਮੇਸ਼ ਦੱਤ ਸ਼ਰਮਾ
(2) ਸਰਦਾਰ ਬੀਰ ਦਵਿੰਦਰ ਸਿੰਘ } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਅਜਿਹੇ ਸਰਕਾਰੀ ਐਲੀਮੈਂਟਰੀ/ਸੈਕੰਡਰੀ ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 50 ਜਾਂ ਇਸ ਤੋਂ ਵੀ ਘੱਟ ਹੈ ਅਤੇ ਅਜਿਹੇ ਸਕੂਲਾਂ ਨੂੰ ਅੱਗੋਂ ਚਲਾਉਣ ਲਈ ਸਰਕਾਰ ਦੁਆਰਾ ਅਪਨਾਈ ਜਾ ਰਹੀ ਨੀਤੀ ਦੇ ਵੇਰਵੇ ਕੀ ਹਨ ?

ਸ੍ਰੀ ਹਰਨਾਮ ਦਾਸ ਜੌਹਰ : ਸੂਚਨਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਐਲੀਮੈਂਟਰੀ ਸਕੂਲ | ਸੈਕੰਡਰੀ ਸਕੂਲ |
|---|---|---|---|
| 1. | ਅੰਮ੍ਰਿਤਸਰ | 270 | — |
| 2, | ਬਠਿੰਡਾ | 40 | — |
| 3. | ਫਰੀਦਕੋਟ | 29 | — |
| 4. | ਫਤਿਹਗੜ੍ਹ ਸਾਹਿਬ | 172 | — |
| 5. | ਫਿਰੋਜ਼ਪੁਰ | 362 | — |
| 6. | ਗੁਰਦਾਸਪੁਰ | 596 | 01 |
| 7. | ਹੁਸ਼ਿਆਰਪੁਰ | 515 | — |
| 8. | ਜਲੰਧਰ | 271 | — |
| 9. | ਕਪੂਰਥਲਾ | 212 | — |
| 10. | ਲੁਧਿਆਣਾ | 207 | — |
| 11. | ਮਾਨਸਾ | 13 | — |
| 12. | ਮੋਗਾ | 68 | -- |
| 13. | ਮੁਕਤਸਰ | 63 | — |
| 14. | ਨਵਾਂ ਸ਼ਹਿਰ | 141 | — |
| 15. | ਪਟਿਆਲਾ | 293 | — |
| 16. | ਰੋਪੜ | 350 | — |
| 17. | ਸੰਗਰੂਰ | 143 | — |
| | ਕੁੱਲ ਜੋੜ | 3745 | 01 |

ਸਰਕਾਰ ਦੀ ਪਾਲਿਸੀ ਇਨ੍ਹਾਂ ਸਕੂਲਾਂ ਨੂੰ ਚਲਾਉਣ ਦੀ ਹੈ ।

———

## ਸਕੂਲਾਂ ਵਿੱਚ ਪੀਣ ਵਾਲਾ ਪਾਣੀ

149, (1) ਸ਼੍ਰੀ ਤਰਲੋਚਨ ਸਿੰਘ
(2) ਸ਼੍ਰੀ ਰਮੇਸ਼ ਦੱਤ ਸ਼ਰਮਾ } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਅਜਿਹੇ ਸਰਕਾਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿੱਚ ਪੀਣ ਵਾਲਾ ਪਾਣੀ ਉਪਲਬਧ ਨਹੀਂ ਹੈ ਅਤੇ ਪਾਣੀ ਸਪਲਾਈ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ ?

**ਸ਼੍ਰੀ ਹਰਨਾਮ ਦਾਸ ਜੌਹਰ** : ਹੁਸ਼ਿਆਰਪੁਰ ਜ਼ਿਲ੍ਹੇ ਦੇ 60 ਐਲੀਮੈਂਟਰੀ ਸਕੂਲਾਂ ਵਿਚ ਅਤੇ ਮਾਨਸਾ ਜ਼ਿਲ੍ਹੇ ਦੇ 52 ਐਲੀਮੈਂਟਰੀ ਸਕੂਲਾਂ ਵਿਚ ਪੀਣ ਵਾਲਾ ਪਾਣੀ ਉਪਲਬਧ ਨਹੀਂ ਹੈ ।

ਰਾਜ ਦੇ ਸਾਰੇ ਸੈਕੰਡਰੀ ਸਕੂਲਾਂ ਵਿਚ ਪੀਣ ਵਾਲਾ ਪਾਣੀ ਉਪਲਬਧ ਹੈ ।

ਸਰਵ ਸਿੱਖਿਆ ਅਭਿਆਨ ਸਕੀਮ ਤਹਿਤ ਪੀਣ ਵਾਲੇ ਪਾਣੀ ਦੀ ਸਹੂਲਤ ਦੇਣ ਲਈ ਕਦਮ ਉਠਾਏ ਜਾ ਰਹੇ ਹਨ ।

---

## ਪਸ਼ੂ ਪਾਲਣ ਵਿਭਾਗ ਦੇ ਅਫ਼ਸਰਾਂ ਦੀ ਗਿਣਤੀ

153. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਸ਼ੂ ਪਾਲਣ ਵਿਭਾਗ ਦੇ ਰਾਜ ਪੱਧਰੀ ਪ੍ਰਬੰਧਕੀ ਵਿੰਗ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਵਿੰਗ ਵਿੱਚ ਤਾਇਨਾਤ ਕੀਤੇ ਗਏ ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਦੀਆਂ ਡਿਊਟੀਆਂ ਦਾ ਵੇਰਵਾ ਕੀ ਹੈ ?

**ਸਰਦਾਰ ਜਗਮੋਹਣ ਸਿੰਘ ਕੰਗ** : ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਚੰਡੀਗੜ੍ਹ ਦਾ ਦਫ਼ਤਰ ਪਸ਼ੂ ਪਾਲਣ ਵਿਭਾਗ ਦਾ ਰਾਜ ਪੱਧਰ ਦਾ ਪ੍ਰਬੰਧਕੀ ਵਿੰਗ ਹੈ । ਇਸ ਦੀ

[ਪਸ਼ੂ ਪਾਲਣ ਮੰਤਰੀ]

ਮੌਜੂਦਾ ਸਥਿਤੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਆਸਾਮੀ | ਮਨਜ਼ੂਰ | ਭਰੀਆਂ | ਖਾਲੀ |
|---|---|---|---|---|
| 1. | ਡਾਇਰੈਕਟਰ, ਪਸ਼ੂ ਪਾਲਣ ਵਿਭਾਗ | 1 | 1 | — |
| 2. | ਸੰਯੁਕਤ ਡਾਇਰੈਕਟਰ, ਪਸ਼ੂ ਪਾਲਣ | 3 | 1 | 2 |
| 3. | ਸੰਯੁਕਤ ਡਾਇਰੈਕਟਰ, (ਫੀਡ ਤੇ ਫਾਡਰ) | 1 | — | 1 |
| 4. | ਡਿਪਟੀ ਡਾਇਰੈਕਟਰ (ਅੰਕੜਾ) | 1 | — | 1 |
| 5. | ਡਿਪਟੀ ਡਾਇਰੈਕਟਰ (ਸ਼ੀਪ ਅਤੇ ਵੂਲ) | 1 | — | 1 |
| 6. | ਸਹਾਇਕ ਡਾਇਰੈਕਟਰ (ਸ਼ੀਪ ਅਤੇ ਵੂਲ) | 1 | 1 | — |
| 7. | ਪੋਲਟਰੀ ਜੈਨੇਟਿਸਟ | 1 | 1 | — |
| 8. | ਖੇਤੀਬਾੜੀ ਵਿਕਾਸ ਅਫ਼ਸਰ (ਫੀਡ ਤੇ ਫਾਡਰ) | 1 | 1 | — |
| 9. | ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ) | 1 | 1 | — |
| 10. | ਅਮਲਾ ਅਫ਼ਸਰ | 1 | — | 1 |
| 11. | ਪੀ.ਏ.-ਕਮ-ਪਲਾਨਿੰਗ ਅਫ਼ਸਰ | 1 | — | 1 |
| 12. | ਅੰਕੜਾ ਅਫ਼ਸਰ | 1 | 1 | — |
| 13. | ਸੁਪਰਡੰਟ ਗਰੇਡ-1 | 3 | — | 3 |
| 14. | ਸੁਪਰਡੰਟ ਗਰੇਡ-2 | 5 | 1 | 4 |
| 15. | ਸੈਕਸ਼ਨ ਅਫ਼ਸਰ | 1 | 1 | — |

ਇਸ ਸਮੇਂ ਕੁੱਲ 9 ਅਫਸਰ ਨਿਯੁਕਤ ਹਨ, ਜਿਨ੍ਹਾਂ ਦੀਆਂ ਡਿਊਟੀਆਂ ਅਨੁਲੱਗ ੳ ਤੇ ਨੱਥੀ ਹਨ ।

## ਅਨੁਲੱਗ ੳ

ਪਸ਼ੂ ਪਾਲਣ ਵਿਭਾਗ, ਪੰਜਾਬ ਦੇ ਸਦਰ ਦਫਤਰ ਤੇ ਕੰਮ ਕਰਦੇ ਅਫਸਰਾਂ ਦੀਆਂ ਡਿਊਟੀਆਂ

| ਲੜੀ ਨੰ: | ਅਫਸਰ ਦਾ ਨਾਂ ਅਤੇ ਅਹੁਦਾ | ਡਿਊਟੀਆਂ |
|---|---|---|
| 1. | ਡਾ: ਬਲਜੀਤ ਸਿੰਘ ਸਿੱਧੂ, ਡਾਇਰੈਕਟਰ ਪਸ਼ੂ ਪਾਲਣ | ਓਵਰਆਲ ਇੰਚਾਰਜ ਅਤੇ ਵਿਭਾਗ ਦਾ ਸਾਰਾ ਕੰਮ ਇਹਨਾਂ ਦੀ ਦੇਖ ਰੇਖ ਅਧੀਨ ਹੁੰਦਾ ਹੈ ਅਤੇ ਇਸ ਤੋਂ ਇਲਾਵਾ ਸੰਯੁਕਤ ਡਾਇਰੈਕਟਰ ਪਸ਼ੂ ਪਾਲਣ (ਏ.ਐਚ) ਦੀ ਆਸਾਮੀ ਦਾ ਸਾਰਾ ਕੰਮ ਹੇਠ ਅਨੁਸਾਰ :— |
| | | 1 ਐਨੀਮਲ ਹੈਲਥ ਨਾਲ ਸਬੰਧਤ ਸਾਰੀਆਂ ਪਲਾਨ/ਨਾਨ ਪਲਾਨ ਸਕੀਮਾਂ ਨੂੰ ਲਾਗੂ ਕਰਨ ਦਾ ਕੰਮ । |
| | | 2 ਵਿਭਾਗਾਂ ਦੇ ਗਰੁੱਪ ਏ ਦੇ ਅਫਸਰਾਂ ਦੀ ਇਸਟੈਬਲਿਸ਼ਮੈਂਟ |
| | | 3 ਲੀਗਲ ਕੇਸਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਕੰਮ । |
| | | 4 ਵੈਟਰਨਰੀ ਕੌਂਸਲ ਨਾਲ ਸਬੰਧਤ ਕੰਮ । |
| | | 5 ਟੀ. ਏ. ਬਿੱਲਾਂ/ਹੱਦ ਤੋਂ ਬਾਹਰ ਦੇ ਦੌਰੇ ਆਦਿ । |
| | | 6 ਐਸ.ਪੀ.ਸੀ.ਏ. ਦਾ ਸਾਰਾ ਕੰਮ |
| 2. | ਡਾ: ਵਿਨੋਦ ਕੁਮਾਰ ਗੁਪਤਾ, ਸੰਯੁਕਤ ਡਾਇਰੈਕਟਰ (ਐਸ.ਐਲ.ਬੀ.ਪੀ.) | 1 ਕੈਟਲ ਐਂਡ ਬਫੈਲੋਜ਼ ਨਾਲ ਸਬੰਧਤ ਏ. ਆਈ. ਬਰੀਡਿੰਗ ਅਤੇ ਐਨੀਮਲ ਪ੍ਰੋਡਕਸ਼ਨ ਦਾ ਸਾਰਾ ਕੰਮ । |
| | | 2 ਲਾਈਵਸਟਾਕ ਫਾਰਮਜ਼ ਅਤੇ ਸੀਮਨ ਬੈਂਕਾਂ ਨਾਲ ਸਬੰਧਤ ਸਾਰਾ ਕੰਮ । |
| | | 3 ਵੈਟਰਨਰੀ ਫਾਰਮਾਸਿਸਟਾਂ ਦੀ ਇਸਟੈਬ-ਲਿਸ਼ਮੈਂਟ ਨਾਲ ਸਬੰਧਤ ਸਾਰੇ ਮਾਮਲੇ । |

[ਪਸ਼ੂ ਪਾਲਣ ਮੰਤਰੀ]

| 1 | 2 | 3 |
|---|---|---|
| | | 4 ਐਨੀਮਲ ਪ੍ਰੋਡਕਸ਼ਨ ਨਾਲ ਸਬੰਧਤ ਸਾਰੀਆਂ ਪਲਾਨ/ਨਾਨ ਪਲਾਨ ਸਕੀਮਾਂ ਨੂੰ ਲਾਗੂ ਕਰਨ ਦਾ ਕੰਮ । |
| | | 5. ਗਊਸ਼ਾਲਾ ਡਿਵੈਲਪਮੈਂਟ ਵਰਕ । |
| 3. | ਸ: ਅਵਤਾਰ ਸਿੰਘ ਵਾਧੂ ਚਾਰਜ ਸੰਯੁਕਤ ਡਾਇਰੈਕਟਰ, (ਫੀਡ ਤੇ ਫਾਡਰ) | 1 ਫਾਡਰ ਸੈਕਸ਼ਨ ਦੀਆ ਵੱਖ-ਵੱਖ ਸਕੀਮਾਂ ਨੂੰ ਤਿਆਰ ਕਰਾਉਣ ਅਤੇ ਉਨ੍ਹਾਂ ਦੀ ਇਮਪਲੀਮੈਂਨਟੇਸ਼ਨ ਕਰਾਉਣੀ । |
| | | 2 ਫਾਡਰ ਵਿੰਗ ਨਾਲ ਪ੍ਰਬੰਧਕੀ ਕੇਸਾਂ ਦੇ ਨਿਪਟਾਰੇ ਸਬੰਧੀ ਟਿਪੱਣੀ ਸਹਿਤ ਨਿਰਦੇਸ਼ਕ ਜੀ ਨੂੰ ਭੇਜਕੇ'ਧ ਧ ਕਰਾਉਣਾ । |
| | | 3 ਫਾਡਰ ਸੈਕਸ਼ਨ ਨਾਲ ਸਬੰਧਤ ਸਕੀਮਾਂ ਦੇ ਬਣਾਉਣ ਅਤੇ ਉਨ੍ਹਾਂ ਦੀ ਐਗਜੀਕਿਊਸ਼ਨ ਕਰਾਉਣ ਵਿੱਚ ਡਾਇਰੈਕਟਰ, ਪਸ਼ੂ ਪਾਲਣ ਜੀ ਦੀ ਮਦਦ ਕਰਾਉਣਾ । |
| | | 4 ਡਾਇਰੈਕਟਰ, ਪਸ਼ੂ ਪਾਲਣ ਪੰਜਾਬ ਦੇ ਬਿਹਾਫ ਤੇ ਵੱਖ-ਵੱਖ ਸਮੇਂ ਤੇ ਹੋਣ ਵਾਲੀਆਂ ਪ੍ਰਬੰਧਕੀ ਮੀਟਿੰਗਾਂ ਜ਼ਿਲ੍ਹਾ ਪੱਧਰ/ਸਟੇਟ ਪੱਧਰ ਅਤੇ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਦੇ ਨੁਮਾਇੰਦੇ ਦੇ ਤੌਰ ਤੇ ਮੀਟਿੰਗਾਂ ਅਟੈਂਡ ਕਰਨੀਆਂ । |
| | | 5 ਇਸ ਤੋਂ ਇਲਾਵਾ ਹੋਰ ਕੋਈ ਕੰਮ ਜੋ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਵੱਲੋਂ ਸੌਂਪਿਆ ਹੋਵੇ । |
**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੀ 1260 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ, ਇਹ ਸਾਲ 2000 ਵਿੱਚ ਅਕਾਲੀ ਸਰਕਾਰ ਵੇਲੇ ਐਕੁਆਇਰ ਕੀਤੀ ਗਈ ਹੈ। ਹਾਈ ਕੋਰਟ ਦੇ ਵਿੱਚ 102 ਏਕੜ ਦੀ ਸਟੇਅ ਲੱਗੀ ਹੋਈ ਹੈ ਜਿਸ ਵਿੱਚ ਅਸੀਂ ਕਬਜ਼ਾ ਨਹੀਂ ਲੈ ਸਕੇ। ਇਹ ਲੈਂਡ ਡਿਫਰੈਂਟ ਜਗ੍ਹਾਂ ਤੇ ਹੈ, ਥੋਹੜੀਆਂ ਥੋਹੜੀਆਂ ਪੌਕਿਟਾਂ ਵਿੱਚ ਹੈ ਔਰ ਨਾਲ ਹੀ ਹਾਈ ਕੋਰਟ ਨੇ ਇਹ ਵੀ ਆਦੇਸ਼ ਦਿੱਤਾ ਹੈ ਕਿ ਜਿਹੜਾ ਬਾਕੀ ਬਚਦਾ ਏਰੀਆ ਹੈ ਜੇਕਰ ਤੁਸੀਂ ਇਸ ਤੇ ਡਿਵੈਲਪਮੈਂਟ ਕਰੋਗੇ ਤਾਂ ਉਹ ਆਪਣੇ ਰਿਸਕ ਤੇ ਕਰੋਗੇ। ਇਸ ਕਰਕੇ ਅਸੀਂ ਉਸ ਨੂੰ ਡਿਵੈਲਪ ਨਹੀਂ ਕਰ ਸਕਦੇ। ਅਸੀਂ ਤਾਂ ਆਪ ਬਹੁਤ ਚਿੰਤਤ ਹਾਂ। 27 ਅਪ੍ਰੈਲ, 2005 ਨੂੰ ਕੇਸ ਦੀ ਤਾਰੀਕ ਹੈ। ਮੈਨੂੰ ਆਸ ਹੈ ਕਿ 27 ਤਾਰੀਕ ਨੂੰ ਫੈਸਲਾ ਹੋਣ ਤੋਂ ਬਾਅਦ ਅਸੀਂ ਜਲਦੀ ਹੀ ਇਨ੍ਹਾਂ ਲੋਕਾਂ ਨੂੰ ਇਹ ਪਲਾਟ ਅਲਾਟ ਕਰ ਦੇਵਾਂਗੇ।

**ਸਰਦਾਰ ਭਾਗ ਸਿੰਘ ਮੱਲ੍ਹਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ 1162 ਏਕੜ ਜ਼ਮੀਨ ਹੈ, ਇਹਦੇ ਵਿੱਚੋਂ ਇਨ੍ਹਾਂ ਨੇ ਹਾਊਸਫੈਡ ਨੂੰ ਵੀ, ਰਾਧਾ ਸੁਆਮੀ ਟ੍ਰਸਟ ਨੂੰ ਵੀ ਔਰ ਗੋਲਡਨ ਬੈਲ ਸਕੂਲ ਨੂੰ ਵੀ ਅਲਾਟ ਕੀਤੀ ਹੈ, ਪਰੰਤੂ ਜਿਨ੍ਹਾਂ ਨੇ 25% ਪੈਸਾ ਜਮ੍ਹਾਂ ਕਰਵਾਇਆ ਹੈ, ਲਗਭੱਗ 82 ਕਰੋੜ ਰੁਪਏ, ਉਨ੍ਹਾਂ ਨੂੰ ਅਜੇ ਤੱਕ ਕਿਉਂ ਜ਼ਮੀਨ ਨਹੀਂ ਦਿੱਤੀ ਜਾ ਸਕੀ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ,ਰਾਧਾ ਸੁਆਮੀ ਟ੍ਰਸਟ ਨੂੰ ਜ਼ਮੀਨ ਅਲਾਟ ਕਰਨ ਦਾ ਮਸਲਾ ਉਠਾਇਆ ਹੈ ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਰੀਅਲਾਟਮੈਂਟ ਕੀਤੀ ਹੈ, ਕੋਈ ਨਵੀਂ ਅਲਾਟਮੈਂਟ ਨਹੀਂ ਕੀਤੀ ਗਈ ?

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਇਹ ਰੀਅਲਾਟਮੈਂਟ ਜਾਂ ਅਲਾਟਮੈਂਟ ਵਿੱਚ ਕਨਫਿਊਜ਼ਨ ਆਉਂਦੀ ਹੈ। ਸਿੰਪਲ ਕੁਐਸਚਨ ਇਹ ਹੈ ਕਿ ਸਰਕਾਰ ਨੇ ਲੋਕਾਂ ਤੋਂ ਪੈਸੇ ਜਮ੍ਹਾਂ ਕਰਵਾਏ ਹੋਏ ਹਨ, ਲੈਟਰ ਆਫ ਇੰਟੈਂਟ ਇਸ਼ੂਡ ਹੈ। ਜੇਕਰ ਬਾਕੀਆਂ ਨੂੰ ਅਲਾਟ ਹੋ ਸਕਦੀ ਹੈ ਜਿਨ੍ਹਾਂ ਨੇ 88 ਕਰੋੜ ਰੁਪਏ ਡਿਪਾਜ਼ਟ ਗੌਰਮਿੰਟ ਕੋਲ ਜ਼ਮ੍ਹਾ ਕਰਵਾਏ ਹਨ ਤਾਂ ਉਨ੍ਹਾਂ ਨੂੰ ਕਿਉਂ ਨਹੀਂ ਅਲਾਟ ਕੀਤੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਦਾ ਜਿਹੜਾ ਕੁਐਸਚਨ ਹੈ ਉਹ ਹਾਈ ਕੋਰਟ ਵਿੱਚ ਸਟੇਅ ਹੋਣ ਕਾਰਨ ਅਸੀਂ ਇਸ ਏਰੀਏ ਨੂੰ ਡਿਵੈਲਪ ਨਹੀਂ ਕਰ ਸਕਦੇ ਔਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿਨ੍ਹਾਂ ਨੂੰ ਲੈਟਰ ਆਫ ਇੰਟੈਂਟ ਮਿਲਿਆ ਹੈ ਉਨ੍ਹਾਂ ਵਿਚੋਂ ਕਿਸੇ ਨੇ ਵੀ ਆਪਣੇ ਪੈਸੇ ਵਾਪਸ ਲੈਣ ਲਈ ਕੋਈ ਐਪਲੀਕੇਸ਼ਨ ਨਹੀਂ ਦਿੱਤੀ। ਇਕ ਲੈਂਡ ਹੋਲਡਿੰਗ ਕਮੇਟੀ ਅੰਡਰ ਦੀ ਚੇਅਰਮੈਨਸ਼ਿਪ ਆਫ ਚੀਫ ਸੈਕਟਰੀ ਬਣਾਈ ਸੀ। ਉਸ ਵਿੱਚ ਚੀਫ ਸੈਕਟਰੀ ਦੀ ਰਿਪੋਰਟ ਫਾਇਨੇਲਾਈਜ਼ ਹੋ ਚੁੱਕੀ ਹੈ ਔਰ ਗੌਰਮਿੰਟ ਬੜੀ ਜਲਦੀ ਹੀ ਉਸ ਰਿਪੋਰਟ ਨੂੰ ਕੰਸਿਡਰ ਕਰਕੇ ਬਹੁਤ ਅਹਿਮ ਫੈਸਲਾ ਲੈਂਡ ਓਨਰਜ਼ ਬਾਰੇ ਲਵੇਗੀ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਹਾਈ ਕੋਰਟ ਦੀ ਸਟੇਅ ਕਰਕੇ ਅਸੀਂ ਜ਼ਮੀਨ ਦੀ ਡਿਵੈਲਪਮੈਂਟ ਨਹੀਂ ਕਰ ਸਕੇ। ਇਹ ਪੱਖਬਾਜੀ ਕਿਉਂ ? ਕਿਉਂ ਜੋ 4-5 ਕੇਸਾਂ ਵਿਚ ਜ਼ਮੀਨ ਅਲਾਟ ਹੋ ਗਈ। ਕੀ ਉਨ੍ਹਾਂ ਉਤੇ ਸਟੇਅ ਲਾਗੂ ਨਹੀਂ ਹੁੰਦੀ ?

**ਮੰਤਰੀ** : ਮੈਂ ਅੱਗੇ ਹੀ ਕਹਿ ਚੁੱਕਾ ਹਾਂ ਕਿ ਜਿਹੜੇ 1260 ਏਕੜ ਜ਼ਮੀਨ ਦੇ ਐਪਲੀਕੈਂਟਸ ਹਨ, ਉਨ੍ਹਾਂ ਵਿਚੋਂ ਕਿਸੇ ਨੂੰ ਵੀ ਅਲਾਟ ਨਹੀਂ ਕੀਤੀ ਗਈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਟੇਅ ਸਾਰੇ ਰਕਬੇ ਉਤੇ ਹੈ। ਜੇਕਰ ਸਾਰੇ ਰਕਬੇ ਉਤੇ ਨਹੀਂ ਤਾਂ ਕੀ ਉਸ ਬਚਦੇ ਰਕਬੇ ਵਿਚ ਅਲਾਟਮੈਂਟ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਸਟੇਅ 102 ਏਕੜ ਰਕਬੇ ਉਤੇ ਹੈ ਅਤੇ ਇਹ ਜ਼ਮੀਨ ਅਲੱਗ ਅਲੱਗ ਪੌਕਿਟਾਂ ਵਿਚ ਵੰਡੀ ਹੋਈ ਹੈ। ਇਸ ਕਰਕੇ ਡਿਵੈਲਪਮੈਂਟ ਕਰਨ ਵਿਚ ਰੁਕਾਵਟ ਹੈ। ਹਾਈ ਕੋਰਟ ਦਾ ਇਹ ਵੀ ਫੈਸਲਾ ਹੈ ਕਿ ਜੇਕਰ ਡਿਵੈਲਪਮੈਂਟ ਕਰਨੀ ਹੈ ਤਾਂ ਆਪਣੇ ਰਿਸਕ ਐਂਡ ਕਾਸਟ ਤੇ ਕਰ ਸਕਦੇ ਹੋ। ਇਸ ਕਰਕੇ ਅਸੀਂ ਬੜੀ ਬੇਸਬਰੀ ਨਾਲ ਹਾਈ ਕੋਰਟ ਦਾ ਫੈਸਲਾ ਉਡੀਕ ਰਹੇ ਹਾਂ ਅਤੇ ਉਮੀਦ ਹੈ ਕਿ 27 ਅਪ੍ਰੈਲ ਨੂੰ ਫੈਸਲਾ ਹੋ ਜਾਵੇਗਾ।

---

**ਹਸਪਤਾਲਾਂ/ਡਿਸਪੈਂਸਰੀਆਂ ਵਿਚ ਖਾਲੀ ਆਸਾਮੀਆਂ**

***1178. ਚੌਧਰੀ ਬਲਬੀਰ ਸਿੰਘ ਮਿਆਣੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੀ.ਐਚ.ਸੀ./ਮਿੰਨੀ ਪੀ.ਐਚ.ਸੀ./ਡਿਸਪੈਂਸਰੀਆਂ ਵਿੱਚ ਡਾਕਟਰਾਂ ਅਤੇ ਹੋਰ ਅਮਲੇ ਦੀਆਂ ਇਸ ਸਮੇਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ ਅਤੇ ਇਨ੍ਹਾਂ ਵਿਚ ਮਨਜ਼ੂਰਸ਼ੁਦਾ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ-ਕਿੰਨੀ ਹੈ ?

**Shri Romesh Chander Dogra** : The requisite information is placed on the Table of House as Annexure 'A'

**Annexure 'A'**

The details of Sanctioned and Vacant Posts of Doctors and other Staff in Primary Health Centers (PHC)/Mini PHC/Dispensaries in district Hoshiarpur :-

| Sr. No. | Name of Post | Sanctioned Posts | Filled | Vacant |
|---|---|---|---|---|
| 1 | Senior Medical Officer | 9 | 7 | 2 |
| 2. | Medical Officer | 155 | 129 | 26 |
| 3. | Medical Officer Dental | 12 | 7 | 5 |
| 4. | Staff Nurse | 58 | 58 | 0 |
| 5. | Pharmacist | 136 | 90 | 46 |
| 6. | Multipurpose Health Supervisor (Male) | 45 | 35 | 10 |
| 7 | Multipurpose health Supervisor (Female) | 55 | 55 | 0 |
| 8. | Medical Laboratory Technician Grade-I | 28 | 24 | 4 |
| 9. | Medical Laboratory Technician Grade-II | 29 | 26 | 3 |
| 10. | Opthalmic Officer | 10 | 9 | 1 |
| 11. | Radiographer | 14 | 11 | 3 |
| 12. | Driver | 11 | 9 | 2 |
| 13. | Senior Assistant | 9 | 9 | 0 |
| 14. | Steno Typist | 9 | 5 | 4 |
| 15. | Clerk | 18 | 13 | 5 |
| 16. | Computer | 10 | 5 | 5 |
| 17. | Trained Dai | 25 | 23 | 2 |
| 18. | Class-IV | 407 | 365 | 42 |

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਡਾਕਟਰਾਂ ਅਤੇ ਨਰਸਾਂ ਦੀ ਭਰਤੀ ਕੀਤੀ ਗਈ ਹੈ ਅਤੇ ਜਿਹੜੀਆਂ ਖਾਲੀ ਅਸਾਮੀਆਂ ਪਈਆਂ ਹਨ, ਉਨ੍ਹਾਂ ਨੂੰ ਭਰਨ ਦੀ ਕੋਈ ਤਜਵੀਜ਼ ਹੈ ?

**ਮੰਤਰੀ** : ਸਰ, ਕੋਈ ਭਰਤੀ ਨਹੀਂ ਕੀਤੀ ਗਈ। ਖਾਲੀ ਅਸਾਮੀਆਂ ਨੂੰ ਭਰਨ ਦੀ ਜਿਹੜੀ ਤਜਵੀਜ਼ ਹੈ, ਉਹ ਇਹ ਹੈ ਕਿ ਚੀਫ ਸੈਕਟਰੀ ਸਾਹਿਬ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣੀ ਹੋਈ ਹੈ। ਉਹ ਰਿਕੁਮੈਂਡ ਕਰੇਗੀ ਕਿ ਕਿੰਨੇ ਡਾਕਟਰ/ਮੈਡੀਕਲ ਅਫ਼ਸਰ ਭਰਤੀ ਕੀਤੇ ਜਾਣੇ ਹਨ। ਉਸ ਨੇ ਆਪਣੀ ਰਿਪੋਰਟ ਦੇ ਦਿੱਤੀ ਹੈ। ਇਹ ਰਿਪੋਰਟ ਮਨਿਸਟਰਜ਼ ਕਮੇਟੀ ਵਿਚ ਆ ਗਈ ਹੈ। ਉਸ ਦੀ ਇਕ ਮੀਟਿੰਗ ਵਿੱਤ ਮੰਤਰੀ ਜੀ ਦੀ ਚੇਅਰਮੈਂਨਸ਼ਿਪ ਹੇਠ ਹੋ ਚੁੱਕੀ ਹੈ। ਜਦੋਂ ਦੂਸਰੀ, ਮੀਟਿੰਗ ਹੋਵੇਗੀ ਉਸ ਤੋਂ ਬਾਅਦ it will go to cabinet and after that we will recruit, Sir, this is the position.

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਤਾਂ ਕਿਹਾ ਹੈ ਕਿ ਭਰਤੀ ਕਰ ਲਵਾਂਗੇ। ਪਰ ਜਿਹੜੀਆਂ ਪੋਸਟਾਂ ਭਰੀਆਂ ਹੋਈਆਂ ਹਨ ਉਨ੍ਹਾਂ ਤੇ ਜਿਹੜੇ ਡਾਕਟਰ ਤੇ ਦੂਸਰਾ ਸਟਾਫ ਕੰਮ ਕਰ ਰਿਹਾ ਹੈ ਉਸ ਵਿਚੋਂ ਕਿੰਨੇ ਡਾਕਟਰ ਜਾਂ ਨਰਸਾਂ ਡੈਪੂਟੇਸ਼ਨ ਤੇ ਹਨ ਅਤੇ ਕਿੱਥੇ-ਕਿੱਥੇ ਹਨ ?

**ਮੰਤਰੀ** : ਸਰ, ਮੇਰੀ ਸਬਮਿਸ਼ਨ ਹੈ ਕਿ ਮੈਂਬਰ ਸਾਹਿਬ ਕਿਥੋਂ ਦੀ ਗੱਲ ਕਰ ਰਹੇ ਹਨ। ਸਾਰੇ ਪੰਜਾਬ ਦੀ ਗੱਲ ਕਰ ਰਹੇ ਹਨ, ਹੁਸ਼ਿਆਰਪੁਰ ਦੀ ਗੱਲ ਕਰ ਰਹੇ ਹਨ ਜਾਂ ਕਿ ਪਾਰਟੀਕੁਲਰ ਪੌਕਿਟ ਦੀ ਗੱਲ ਕਰ ਰਹੇ ਹਨ। ਇਨ੍ਹਾਂ ਦਾ ਸਵਾਲ ਅਨਲਿਮਿਟਿਡ ਹੈ।

**ਸਰਦਾਰ ਬਲਬੀਰ ਸਿੰਘ ਮਿਆਣੀ** : ਮੈਂ ਕੇਵਲ ਹੁਸ਼ਿਆਰਪੁਰ ਦੀ ਗੱਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ** : ਹੁਸ਼ਿਆਰਪੁਰ ਜ਼ਿਲ੍ਹੇ ਦੀ ਗੱਲ ਕਰ ਰਹੇ ਹੋ ਜਾਂ ਸ਼ਹਿਰ ਦੀ। (ਹਾਸਾ)

**ਸਰਦਾਰ ਬਲਬੀਰ ਸਿੰਘ ਮਿਆਣੀ** : ਸਰ, ਮੈਂ ਹੁਸ਼ਿਆਰਪੁਰ ਜ਼ਿਲ੍ਹੇ ਬਾਰੇ ਪੁੱਛ ਰਿਹਾ ਹਾਂ।

**Minister :** Sir, in Hoshiarpur District there are 1040 sanctioned posts of doctors and other staff in PHCs and mini PHCs. Out of this 160 posts are vacant which include 33 doctors, 69 paramedical and 58 posts of other staff. One question that he has asked is regarding deputation, as to how many people have been sent on deputation. Sir, there is no specific limit for deputation. It is based on need. When we need a particular person to serve in a particular hospital or when there is a requirement in a particular hospital, we send the person on deputation. There is no particular limit regarding how many people will go on deputation. People will never remain permanently on deputation. It will be only time based and need based.

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਿਆਣੀ ਪਿੰਡ ਵਿਚ ਜਿਹੜਾ ਡਾਕਟਰ ਪਿਛਲੇ ਦੋ ਸਾਲਾਂ ਤੋਂ ਲਗਾਇਆ ਹੋਇਆ ਹੈ, ਉਸ ਨੂੰ ਕਿਧਰੇ ਹੋਰ ਭੇਜ ਦਿੱਤਾ ਜਾਂਦਾ ਹੈ, ਉਹ ਵੀ ਵਰਬਲੀ, ਕੋਈ ਆਰਡਰ ਨਹੀਂ ਕੀਤਾ ਜਾਂਦਾ। ਇਸੇ ਤਰ੍ਹਾਂ ਕਈ ਪਿੰਡਾਂ ਵਿਚ ਜਿਹੜੇ ਮਿਨੀ ਪੀ.ਐਚ.ਸੀ. ਹਨ, ਉਥੇ ਡਾਕਟਰ ਡਿਪਿਊਟ ਕਰ ਦਿੱਤੇ ਜਾਂਦੇ ਹਨ। ਪਰ ਉਹ ਡਾਕਟਰ ਉਥੇ ਜਾਂਦੇ ਨਹੀਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਜਿਹੇ ਪਿੰਡਾਂ ਵਿਚ ਡਾਕਟਰ ਲਗਾਏ ਜਾਣਗੇ ?

**Minister :** Sir, Dr. Harmit Singh Aneja is posted at Miani which is his home town. He works for three days in miani and three days in Tanda, which is on the main GT Road from Jammu to Jalandhar. Sir, it is a very important station and there are lot of accidents on this road. Sir, this fellow is Orthopedic doctor and his services are utilised at two stations.

**Mr. Speaker :** He has asked the question in Punjabi. You please reply in Punjabi.

**ਮੰਤਰੀ** : ਸਰ, ਅਸੀਂ ਡਾਕਟਰ ਸਾਹਿਬ ਦੀਆਂ ਤਿੰਨ ਦਿਨ ਲਈ ਸਰਵਿਸਿਜ਼ ਟਾਂਡਾ ਵਿਖੇ ਰਖੀਆਂ ਹਨ ਕਿਉਂਕਿ ਇਹ ਵੀ ਵੱਡਾ ਇੰਪਾਰਟੇਂਟ ਸਟੇਸ਼ਨ ਹੈ ਅਤੇ ਜੀ.ਟੀ. ਰੋਡ ਤੇ ਹੋਣ ਕਾਰਨ ਇਥੇ ਐਕਸੀਡੈਂਟਸ ਕਾਰਨ ਸਮੱਸਿਆ ਆਉਂਦੀ ਹੈ। ਇਸ ਲਈ ਤਿੰਨ ਦਿਨ ਲਈ ਅਸੀਂ ਡਾਕਟਰ ਸਾਹਿਬ ਦੀਆਂ ਸਰਵਿਸਿਜ਼ ਟਾਂਡਾ ਵਿਖੇ ਰੱਖੀਆਂ ਹਨ ਅਤੇ ਤਿੰਨ ਦਿਨ ਉਹ ਮਿਆਣੀ ਵਿਖੇ ਕੰਮ ਕਰਦਾ ਹੈ।

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਟਾਂਡੇ ਤੋਂ ਤੁਸੀਂ ਵੀ ਵਾਕਿਫ ਹੋ ਅਤੇ ਸਾਰੇ ਵਾਕਿਫ ਹਨ। ਕੀ ਉਥੇ ਕਿਸੇ ਹੋਰ ਡਾਕਟਰ ਨੂੰ ਨਹੀਂ ਲਗਾਇਆ ਜਾ ਸਕਦਾ ਅਤੇ ਕੀ ਮਿਆਣੀ ਦੇ ਡਾਕਟਰ ਨੂੰ ਹੀ ਉਥੇ ਲਗਾਉਣਾ ਹੈ। ਮਿਆਣੀ ਵੀ ਇਕ ਬਹੁਤ ਇੰਪਾਰਟੇਂਟ ਕਸਬਾ ਹੈ ਜੀ। ਕੀ ਟਾਂਡਾ ਵਿਖੇ ਕਿਸੇ ਹੋਰ ਡਾਕਟਰ ਨੂੰ ਨਹੀਂ ਲਗਾਇਆ ਜਾ ਸਕਦਾ ?

**ਮੰਤਰੀ** : ਸਰ, ਇਹ ਤਾਂ ਸਟੇਸ਼ਨ ਤੇ ਡਿਪੈਂਡ ਕਰਦਾ ਹੈ। ਦਸੂਹਾ ਵੀ ਮੇਨ ਰੋਡ ਤੇ ਹੈ ਪਰ ਦੂਰ ਦੇ ਸਟੇਸ਼ਨ ਤੋਂ ਡਾਕਟਰ ਨੂੰ ਇੱਥੇ ਨਹੀਂ ਲਗਾਇਆ ਜਾ ਸਕਦਾ। ਮੈਂ ਦਿਨ ਜ਼ਰੂਰ ਘਟਾ ਸਕਦਾ ਹਾਂ। I can reduce his stay. That is what I can do. There is no other way out. ਤਿੰਨ ਦਿਨ ਦੀ ਥਾਂ ਮੈਂ ਦੋ ਦਿਨ ਲਈ ਟਾਂਡਾ ਵਿਖੇ ਲਗਾ ਸਕਦਾ ਹਾਂ ਜੀ। ਹੋਰ ਦੂਰ ਦੁਰਾਡੇ ਤੋਂ ਡਾਕਟਰ ਨੂੰ ਟਾਂਡਾ ਵਿਖੇ ਨਹੀਂ ਲਗਾਇਆ ਜਾ ਸਕਦਾ।

**ਸਰਦਾਰ ਸੋਹਨ ਸਿੰਘ ਠੰਡਲ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਬਿੰਜੋ ਕਸਬੇ ਵਿੱਚ ਇਕ 25 ਬਿਸਤਰਿਆਂ ਦਾ ਹਸਪਤਾਲ ਹੈ। ਉਥੇ ਕਿੰਨੇ ਡਾਕਟਰ ਤਾਇਨਾਤ ਹਨ ਅਤੇ ਕਿੰਨੀਆਂ ਪੋਸਟਾਂ ਪ੍ਰਵਾਨਿਤ ਹਨ ?

**ਮੰਤਰੀ** : ਸਰ, ਇਹ ਸਵਾਲ ਦੋਬਾਰਾ ਕਰ ਦੇਣ। ਵੈਸੇ ਵੀ ਮੇਰੇ ਕੋਲ ਹਰ ਸਟੇਸ਼ਨ ਦੀ ਲਿਸਟ ਨਹੀਂ ਹੋ ਸਕਦੀ।

**ਮਾਨਯੋਗ ਸਪੀਕਰ** : ਅਗਲਾ ਸਵਾਲ, ਸਰਦਾਰ ਸੁਖਪਾਲ ਸਿੰਘ।

---

## ਜੀਪਾਂ ਨੂੰ ਗੈਰ-ਕਾਨੂੰਨੀ ਤੌਰ ਤੇ ਚਲਾਉਣਾ

*1121. **ਸਰਦਾਰ ਸੁਖਪਾਲ ਸਿੰਘ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਿਰੋਜ਼ਪੁਰ-ਫਾਜ਼ਿਲਕਾ ਸੜਕ ਉਤੇ ਯਾਤਰੀਆਂ ਨੂੰ ਲਿਜਾਣ ਲਈ ਗੈਰ-ਕਾਨੂੰਨੀ ਤੌਰ ਤੇ ਜੀਪਾਂ ਚਲਾਈਆਂ ਜਾ ਰਹੀਆਂ ਹਨ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀ ਮਹਿੰਦਰ ਸਿੰਘ ਕੇ.ਪੀ.** : ਹਾਂ ਜੀ। ਅਜਿਹੇ ਅਣ-ਅਧਿਕਾਰਤ ਤੌਰ ਤੇ ਚਲ ਰਹੇ ਗੱਡੀਆਂ ਦੇ ਓਪਰੇਸ਼ਨ ਨੂੰ ਰੋਕਣ ਸਬੰਧੀ ਟਰਾਂਸਪੋਰਟ ਵਿਭਾਗ ਦੇ ਇੰਨਫੋਰਸਮੈਂਟ ਅਧਿਕਾਰੀਆਂ ਨੂੰ ਪਹਿਲਾਂ ਹੀ ਸਖਤ ਹਦਾਇਤਾਂ ਕੀਤੀਆਂ ਹੋਈਆਂ ਹਨ। ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਫਿਰੋਜ਼ਪੁਰ ਅਤੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਫਿਰੋਜ਼ਪੁਰ ਵਲੋਂ ਮਿਤੀ 1 ਜਨਵਰੀ, 2004 ਤੋਂ ਮਿਤੀ 28 ਫਰਵਰੀ, 2005 ਤੱਕ 115 ਜੀਪਾਂ ਜੋ ਅਣ-ਅਧਿਕਾਰਤ ਤੌਰ ਤੇ ਫਿਰੋਜ਼ਪੁਰ ਤੋਂ ਫਾਜਿਲਕਾ ਰੋਡ ਤੇ ਚਲਦੀਆਂ ਸਨ, ਦੇ ਚਲਾਨ ਕੀਤੇ ਗਏ ਹਨ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚਲਾਨ ਕਰਨ ਨਾਲ ਇਹ ਮਸਲਾ ਹੱਲ ਨਹੀਂ ਹੋਣਾ। ਇਹ ਇਕ ਬਹੁਤ ਵੱਡਾ ਸਕੈਂਡਲ ਹੈ। ਫਿਰੋਜ਼ਪੁਰ-ਫਾਜਿਲਕਾ ਰੋਡ ਤੇ ਲੋਕਾਂ ਨੂੰ ਬਹੁਤ ਵੱਡੀ ਪ੍ਰਾਬਲਮ ਆ ਰਹੀ ਹੈ। ਇਸ ਰੂਟ ਤੇ ਬੱਸਾਂ ਨਹੀਂ ਚਲ ਰਹੀਆਂ ਅਤੇ ਬੱਸਾਂ ਨਾ ਚੱਲਣ ਕਰਕੇ ਹੀ ਜੀਪਾਂ ਦਾ ਕਾਰੋਬਾਰ ਸ਼ੁਰੂ ਕੀਤਾ ਗਿਆ ਹੈ। ਕੀ ਮੰਤਰੀ ਜੀ ਦੱਸਣਗੇ ਕਿ ਕੀ ਫਿਰੋਜ਼ਪੁਰ-ਫਾਜਿਲਕਾ ਰੋਡ ਤੇ ਬੱਸਾਂ ਠੀਕ ਚਲ ਰਹੀਆਂ ਹਨ ਅਤੇ ਰੂਟਾਂ ਮੁਤਾਬਿਕ ਚਲ ਰਹੀਆਂ ਹਨ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਅਣਅਧਿਕਾਰਤ ਜੀਪਾਂ ਬਾਰੇ ਪੁੱਛਿਆ ਸੀ ਜੋ ਦੱਸ ਦਿਤਾ ਹੈ, ਬੱਸਾਂ ਤਾਂ ਉਥੇ ਚਲ ਹੀ ਰਹੀਆਂ ਹਨ ਜੇ ਇਹ ਹੋਰ ਲੋੜ ਮਹਿਸੂਸ ਕਰਦੇ ਹਨ ਤਾਂ ਹੋਰ ਚਲਾ ਦਿੰਦੇ ਹਾਂ ਜੀ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 115 ਜੀਪਾਂ ਦੇ ਚਲਾਨ ਕੀਤੇ ਗਏ ਹਨ ਇਹ ਕਿਸ ਮਿਤੀ ਤੋਂ ਚਲਾਨ ਸ਼ੁਰੂ ਕੀਤੇ ਗਏ ਸਨ ?

**ਮੰਤਰੀ** : ਸਰ ਇਨ੍ਹਾਂ ਨੇ 1 ਜਨਵਰੀ, 2004 ਤੋਂ ਪੁੱਛਿਆ ਸੀ, ਇਹ ਦੱਸ ਦਿਤਾ ਹੈ ਜੀ।

---

## ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੇ ਸਮੂਹ ਵਿਚ ਪਾਈਆਂ ਨਵੀਆਂ ਬੱਸਾਂ

*1170. **ਸ਼੍ਰੀ ਦੇਸ ਰਾਜ ਧੁੱਗਾ** : ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2004-05 ਦੌਰਾਨ ਪੰਜਾਬ ਰੋਡਵੇਜ਼ ਲਈ ਪੰਜਾਬ ਸਰਕਾਰ ਦੁਆਰਾ ਕਿੰਨੀਆਂ ਨਵੀਆਂ ਬੱਸਾਂ ਖਰੀਦੀਆਂ ਗਈਆਂ ਹਨ ?

**Shri Mohinder Singh K.P. :** No, Sir.

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਭਰਤੀ ਤੇ ਬੈਨ ਲੱਗਿਆ ਹੋਇਆ ਹੈ ਤੇ ਜਿਹੜੀ ਪੋਸਟ ਖਾਲੀ ਹੋ ਗਈ ਉਹ ਖਤਮ ਕਰ ਦਿਤੀ ਜਾਂਦੀ ਹੈ ਕੀ ਪੰਜਾਬ ਰੋਡਵੇਜ ਦੀਆਂ ਬੱਸਾਂ ਤੇ ਵੀ ਬੈਨ ਲੱਗਿਆ ਹੋਇਆ ਹੈ ਕਿ ਜਿਹੜੀ ਬੱਸ ਕੰਡਮ ਹੋ ਗਈ ਉਸ ਦੀ ਥਾਂ ਤੇ ਨਵੀਂ ਨਹੀਂ ਪਾਉਣੀ ? ਸਰਕਾਰ ਨੂੰ ਬਥੇਰਾ ਪੈਸਾ ਆ ਰਿਹਾ ਹੈ ਫਿਰ ਨਵੀਆਂ ਬੱਸਾਂ ਕਿਉਂ ਨਹੀਂ ਪਾਈਆਂ ਜਾ ਰਹੀਆਂ ?

**ਮਾਨਯੋਗ ਸਪੀਕਰ** : ਹਾਂ ਜੀ, ਮੰਤਰੀ ਜੀ "ਬੱਸਾਂ ਤੇ ਬੈਨ" ਬਾਰੇ ਦੱਸੋ ? (ਹਾਸਾ)

**ਮੰਤਰੀ** : ਸਰ, ਅਸੀਂ 360 ਨਵੀਆਂ ਬੱਸਾਂ ਪਾਉਣ ਜਾ ਰਹੇ ਹਾਂ ਜੀ।

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਜਦੋਂ ਤਿੰਨ ਚਾਰ ਮਹੀਨੇ ਬੀਤਦੇ ਹਨ ਤਾਂ ਮੰਤਰੀ ਜੀ ਬਿਆਨ ਦੇ ਦਿੰਦੇ ਹਨ ਕਿ ਇਨੀਆਂ ਬੱਸਾਂ ਖਰੀਦੀਆਂ ਜਾ ਰਹੀਆਂ ਹਨ। ਇਹ ਲੋਕਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਕਿਤੇ ਇਹ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਲਾਭ ਪਹੁੰਚਾਉਣ ਲਈ ਤਾਂ ਨਹੀਂ ਹੋ ਰਿਹਾ ?

**ਮਾਨਯੋਗ ਸਪੀਕਰ** : ਹਾਂ ਜੀ, ਬੱਸਾਂ ਦੇ ਨਿੱਜੀਕਰਨ ਬਾਰੇ ਦੱਸੋ ? (ਸਦਨ ਵਿੱਚ ਹਾਸਾ)

**ਮੰਤਰੀ** : ਸਰ, ਪਨ ਬੱਸਾਂ ਚਲ ਰਹੀਆਂ ਹਨ ਜੀ।

**ਸਰਦਾਰ ਸੋਹਨ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਵੇਲੇ ਪੰਜਾਬ ਰੋਡਵੇਜ਼ ਕੋਲ ਕੁੱਲ ਕਿੰਨੀਆਂ ਬੱਸਾਂ ਹਨ ਅਤੇ ਕਿੰਨੀਆਂ ਰੂਟਾ ਤੇ ਚੱਲ ਰਹੀਆਂ ਹਨ ?

**ਮੰਤਰੀ** : 1431 ਬੱਸਾਂ ਸੜਕਾਂ ਤੇ ਚੱਲ ਰਹੀਆਂ ਹਨ ਜੀ।

---

## ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਦੀਆਂ ਇਮਾਰਤਾਂ ਦੀ ਉਸਾਰੀ/ਮੁਰੰਮਤ

***1122. ਸਰਦਾਰ ਸੁਖਪਾਲ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 2001 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਦੀਆ ਇਮਾਰਤਾਂ ਦੀ ਉਸਾਰੀ/ਮੁਰੰਮਤ ਲਈ ਜਾਰੀ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ ਅਤੇ ਸਿਖਲਾਈ ਸੈਮੀਨਾਰਾਂ/ਵਰਕਸ਼ਾਪਾਂ ਵਿਚ ਭਾਗ ਲੈਣ ਵਾਲਿਆਂ ਲਈ ਟੀ.ਏ./ਡੀ.ਏ. ਦੀ ਅਦਾਇਗੀ ਦੇ ਵੇਰਵੇ ਕੀ ਹਨ ?

**Shri Harnam Dass Johar :** The required details are placed as Annexure on the table of the House.

[ਸਿੱਖਿਆ ਮੰਤਰੀ]

## ANNEXURE

### Release of Funds

(Rs. in lacs)

| Year | Repair of buildings | Construction of buildings | T.A./D.A. |
|---|---|---|---|
| 1 | 2 | 3 | 4 |
| 2001-02 | Nil | Nil | 5.00 |
| 2002-03 | Nil | Nil | Nil |
| 2003-04 | Nil | 375.00 | Nil |
| 2004-05. | Nil | Nil | Nil |

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਸਾਲ 2003-04 ਦੌਰਾਨ 375 ਲੱਖ ਰੁਪਿਆ ਬਿਲਡਿੰਗਾਂ ਦੀ ਕਾਸਟ ਤੇ ਲਗਾਇਆ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੈਸਾ ਕਦੋਂ ਲਗਾਇਆ ਅਤੇ ਕਿਹੜੇ ਡਿਪਾਰਟਮੈਂਟ ਨੂੰ ਕੰਮ ਦਿੱਤਾ ਗਿਆ?

**ਮੰਤਰੀ** : ਸਪੀਕਰ ਸਾਹਿਬ, ਬਿਲਡਿੰਗਾਂ ਤੇ ਕੋਈ ਪੈਸਾ ਨਹੀਂ ਲਗਾਇਆ। ਕੰਸਟਰਕਸ਼ਨ ਤੇ ਕੋਈ ਪੈਸਾ ਨਹੀਂ ਲਗਾਇਆ। ਟੀ.ਏ./ਡੀ.ਏ. ਬਕਾਇਆ ਹਨ ਅਤੇ ਉਸ ਵਾਸਤੇ ਸਾਲ 2001-02 ਦੌਰਾਨ ਪੰਜ ਲੱਖ ਰੁਪਿਆ ਮੰਨਜ਼ੂਰ ਹੋਇਆ, ਜਿਸ ਵਿੱਚੋਂ ਕੇਵਲ 1,68,672 ਰੁਪਏ ਹੀ ਵਿਭਾਗ ਨੂੰ ਰਿਲੀਜ਼ ਕੀਤੇ ਗਏ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ ਮੰਤਰੀ ਜੀ ਨੇ ਜਵਾਬ ਵਿਚ ਕਿਹਾ ਹੈ ਕਿ ਸਾਲ 2003-04 ਦੌਰਾਨ 375 ਲੱਖ ਰੁਪਿਆ ਬਿਲਡਿੰਗ ਦੀ ਕੰਸਟਰਕਸ਼ਨ ਤੇ ਪੈਸਾ ਲਗਾਇਆ ਗਿਆ ਤੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੈਸਾ ਕਿਸ ਕੰਮ ਵਾਸਤੇ ਲਗਿਆ ਅਤੇ ਕਿਹੜੇ ਡਿਪਾਰਟਮੈਂਟ ਨੂੰ ਕੰਮ ਦਿੱਤਾ ਗਿਆ?

**ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤੱਕ 375 ਲੱਖ ਰੁਪਏ ਦਾ ਸਵਾਲ ਹੈ, ਇਹ ਅਮਾਊਂਟ ਸਾਨੂੰ 31 ਮਾਰਚ ਨੂੰ ਟਰੈਜ਼ਰੀ ਤੋਂ ਰਿਲੀਜ਼ ਹੋਈ। ਮੈਂ ਇਨ੍ਹਾਂ ਨੂੰ ਲਿਖ ਕੇ ਦਿੱਤਾ ਹੈ।

ਇਨ੍ਹਾਂ ਨੂੰ ਪੜ੍ਹਨਾ ਚਾਹੀਦਾ ਹੈ। 375 ਲੱਖ ਰੁਪਏ ਦੀ ਰਕਮ ਰਿਲੀਜ਼ ਕਰਵਾਉਣ ਲਈ 31 ਤਰੀਕ ਨੂੰ ਅਸੀਂ ਸਾਰਾ ਦਿਨ ਟਰੇਜ਼ਰੀ ਬੈਠੇ ਰਹੇ। ਗੌਰਮਿੰਟ ਆਫ ਇੰਡੀਆ ਨੇ ਇਹ ਪੈਸਾ ਭੇਜਿਆ ਸੀ।

**Mr Speaker** : Please be prepared. I postpone this question for tomorrow.

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1174*

(ਇਸ ਸਮੇਂ ਮਾਨਯੋਗ ਮੰਤਰੀ ਆਪਣੀ ਸੀਟ ਤੇ ਜਵਾਬ ਦੇਣ ਵਾਸਤੇ ਖੜ੍ਹੇ ਸਨ ਅਤੇ ਆਪਣੇ ਰਿਕਾਰਡ ਵਿੱਚੋਂ ਸਬੰਧਿਤ ਸਵਾਲ ਦਾ ਜਵਾਬ ਲੱਭ ਰਹੇ ਸਨ।)

**Mr Speaker** : Not prepared for answer. Then I postpone this question also for tomorrow.

**ਸਿੱਖਿਆ ਮੰਤਰੀ** : ਕਰ ਦਿਓ ਜੀ।

---

## ਸੈਲੂਲਰ ਕੰਪਨੀਆਂ ਦੇ ਟਾਵਰ

*1145 **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸੈਲੂਲਰ ਕੰਪਨੀਆਂ ਦੇ ਟਾਵਰਾਂ ਨੂੰ ਲਗਾਉਣ ਲਈ ਅਪਣਾਈ ਜਾ ਰਹੀ ਨੀਤੀ, ਜੇਕਰ ਕੋਈ ਹੋਵੇ, ਦੇ ਵੇਰਵੇ ਕੀ ਹਨ ?

**Captain Amarinder Singh** : Yes, the Government has adopted a policy for setting up of towers by the Cellular Companies in the State. The details of the policy is placed at Annexure 'D'

---

*For Starred Question No. 1174 and reply thereto, please see P.V.S. Debates dated 23rd March, 2005

**[Chief Minister]**

## ANNEXURE 'D'

**Policy guidelines for the installation of BTS/CDMA towers by the Telecom Service Operators in the state.**

The policy guidelines in regard to the BTS/CDMA towers are briefed below :

1. One time charges for the installation of Towers has been fixed at Rs. 10,000 and annual charges to be paid by the Telecom Licensees within the limits of Local Body/PUDA are fixed as Rs. 5,000.

2. A simplified procedure for according permission for setting up the telecom towers/antennas based on the procedure following by Delhi Municipal Corporation is followed. The detail of this procedure is explained at para (4) below.

3. A maximum time period of one week is allowed to the concerned Municipal Corporation/Committees to grant permission for setting up of towers/antennas after receiving the completed application form for approval of Tower/Antennas from the concerned Telecom Service Provider.

4. Procedure for according permission for settling up of Telecom Towers/Antennas :

An application shall have to be made to the Municipal Corporation/Council for regularization of the tower/antenna along with cabin put up on property roof top of the building with the supportive documents on the following terms and conditions :

(a) Consent letter of Property/Building owner.

(b) Four sets of Ferro Prints and two prints on tracing cloth/tracing film.

(c) Structural safety certificate from any one of the following Institutes :

(i) Indian Institute of Technology (IIT), Delhi.

(ii) Central Building Research Institute (CBRI), Roorkee.

(iii) Rail India Technical and Economic Services Ltd. (RITES), Delhi.

(iv) National Council for Building Material, Faridabad.

(v) Indian Institute of Technology (IIT), Roorkee.

(vi) Punjab Engineering College, Chandigarh.

(vii) Thapar Institute of Technology, Patiala.

(viii) Guru Nanak Engineering College, Ludhiana.

(ix) Recognized Structural Engineer.

(d) A one-time permission charges of Rs. 10,000 per tower as building application tax and Rs. 5,000 per tower as annual license renewal fee.

(e) In case the tower is shared by any other cellular operator/ operators, an additional amount of Rs. 7500 per sharing shall be payable.

(f) An indemnity bond shall be given on a stamp paper of Rs. 100 duly attested by the competent authority indemnifying Municipal Corporation/Municipal Council in case of accident or any cause arising due to concerned company's installations.

(i) That they shall be solely responsible for any damage to the building and for public safety from the tower erected on property.

(ii) In case of buildings which were unauthorized or which may be so declared at a later point of time, permission for installation of towers on it shall be granted on fulfillment of all the above conditions. However, that shall not imply any change whatsoever in the status of the unauthorized building and shall be without prejudice to the right of Municipal Corporation/Municipal Council to demolish the said building through the due process of law. In undertaking such a demolition Municipal Corporation/Municipal Council will not be under any obligation to send prior intimation to the owner of tower, not will it be liable for loss of the tower as a consequence of demolition of the unauthorized building. The operators shall indemnify Municipal Corporation/Municipal Council to this effect.

**[Chief Minister]**

(g) That the applicant shall submit an undertaking on stamp paper of Rs. 10 duly attested by the competent authority to the effect that they shall take special precautions for fire safety and lightening.

(h) That permission shall not be granted for any listed heritage building or for any other building prohibited for any new construction.

(i) That the applicant shall furnish to assessor (House Tax) and Commissioner/Executive officer of Municipal Corporation/ Municipal Council as the case may be, copy of the agreement concluded between the cellular or basic telecom operator and the owner of the building. A proof in this regard is to be submitted by the applicant to the building branch of the local authority.

(j) Generator sets installed at the tower site to cater to the power requirements of the antenna should conform to the noise and emission norms prescribed by PPCB. An N.O.C. to this effect is to be submitted from PPCB.

(k) The licensees shall share the towers for fixing their respective antenna provided that the prescribed conditions are duly fulfilled so as to ensure curtailing of multiple towers and optimizing the use of the existing one.

(l) In case of any complaint against such tower construction, the same shall be referred to the office of Director General, Cellular Operators Association of India and Secretary General, Association of Basic Telecom Service to investigate the compliants and take remedial measures wherever necessary.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਦਾ ਜਵਾਬ ਆ ਗਿਆ ਹੈ, ਇਨ੍ਹਾਂ ਨੇ ਫਰਮਾਇਆ ਹੈ ਕਿ ਦਿੱਲੀ ਮਿਉਂਸਿਪਲ ਕਾਰਪੋਰੇਸ਼ਨ ਜਾਂ ਦਿੱਲੀ ਮਿਉਂਸਿਪਲ ਕੌਂਸਲ ਦਾ ਕਾਨੂੰਨ ਅਪਣਾ ਲਿਆ ਹੈ। ਮੈਂ ਆਪ ਜੀ ਦੀ ਮਾਰਫਤ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਦੇ ਧਿਆਨ ਵਿੱਚ ਕੋਈ ਐਸੀ ਮਾਲੂਮਾਤ ਸਟੱਡੀ ਹੈ ਕਿ ਜਿਥੇ ਸੈਲੂਲਰ ਟਾਵਰ ਲਗਦੇ ਹਨ, ਉਥੇ ਰੇਡੀਏਸ਼ਨ ਕਰਕੇ ਇਨਸਾਨਾਂ ਦੀ ਸਿਹਤ ਤੇ ਮੰਦਾ ਅਸਰ ਪੈਂਦਾ ਹੈ। ਇਹ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ।

**Chief Minister :** I have not heard. ਮੈਂ ਕਦੇ ਨਹੀਂ ਸੁਣਿਆ ਕਿ ਟਾਵਰਜ਼ ਰੇਡੀਏਸ਼ਨ ਅਮਿਟ ਕਰਦੇ ਹਨ। ਅਗਰ ਮੈਂਬਰ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਹੈ ਤਾਂ ਅਸੀਂ ਚੈਕ ਕਰਵਾ ਲਵਾਂਗੇ but there is no indication, no report, nothing. ਅਸੀਂ ਤਾਂ ਜਿਵੇਂ ਜਿਵੇਂ ਡਿਮਾਂਡ ਹੁੰਦੀ ਹੈ, we try and ਗਾਈਡ ਲਾਈਨਜ਼ ਦੇ ਮੁਤਾਬਿਕ ਬਿਲਡਿੰਗਾਂ ਦੇ ਦਿੰਦੇ ਹਾਂ। ਲੇਕਿਨ we will check on this.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਾਨਯੋਗ ਹਾਈ ਕੋਰਟ, ਪੰਜਾਬ ਐਂਡ ਹਰਿਆਣਾ ਨੇ ਰੈਜ਼ੀਡੈਂਸ਼ੀਅਲ ਏਰੀਏ ਵਿੱਚ ਸੈਲੂਲਰ ਟਾਵਰ ਲਗਾਉਣ ਤੇ ਰੋਕ ਲਗਾ ਦਿੱਤੀ ਹੈ, ਸਟੇਅ ਕਰ ਲਿਆ ਹੈ ਕਿ ਨਵੇਂ ਰੈਜੀਡੈਂਸ਼ੀਅਲ ਏਰੀਏ ਵਿੱਚ ਇਹ ਟਾਵਰ ਨਹੀਂ ਲੱਗਣੇ। ਜੋ ਪੰਜਾਬ ਦੇ ਵਿੱਚ ਸੈਲੂਲਰ ਟਾਵਰ ਲਗਾਉਂਦੇ ਹਨ, ਇਹ ਸਾਡੇ ਜਿਹੜੇ ਛੋਟੇ ਸ਼ਹਿਰ ਹਨ ਜਾਂ ਸ਼ਹਿਰਾਂ ਦੀ ਸੰਘਣੀ ਆਬਾਦੀ ਵਿੱਚ ਇਹ ਸੈਲੂਲਰ ਟਾਵਰ, ਐਨਟੀਨਾ ਲਗਾਉਂਦੇ ਹਨ, ਮੈਂ ਇਨ੍ਹਾਂ ਤੋਂ ਏਨਾ ਆਸ਼ਵਾਸਨ ਚਾਹਾਂਗਾ ਕਿ ਮਿਉਂਸਿਪਲ ਕੌਂਸਲਾਂ ਅਤੇ ਕਾਰਪੋਰੇਸ਼ਨਾਂ ਪਰਮਿਸ਼ਨ ਦੇਣ ਸਮੇਂ, ਜਿਥੇ ਹੈਜ਼ਰਡਸ ਹੈ, ਉਥੇ ਐਨਟੀਨੇ ਨਾ ਲੱਗਣ ਦੇਣ। ਮੇਰੇ ਕੋਲ ਕਈ ਸ਼ਹਿਰਾਂ ਦੀਆਂ ਐਗਜ਼ਾਂਪਲ ਹਨ, ਜਿਥੇ ਸੈਲੂਲਰ ਕੰਪਨੀ ਨੇ ਟਾਵਰ ਹਟਾਏ ਹਨ। ਮੈਂ ਤਾਂ ਇਹੀ ਵਿਸ਼ਵਾਸ ਚਾਹਾਂਗਾ ਕਿ ਰੈਜ਼ੀਡੈਂਸ਼ੀਅਲ ਏਰੀਏ ਵਿੱਚ ਇਹ ਨਹੀਂ ਲੱਗਣੇ ਚਾਹੀਦੇ ਹਨ ?

**ਮਾਨਯੋਗ ਸਪੀਕਰ** : ਇਹ ਕਹਿੰਦੇ ਹਨ ਕਿ ਹਾਈ ਕੋਰਟ ਵੱਲੋਂ ਰੋਕ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਅਗਰ ਹਾਈ ਕੋਰਟ ਦੀਆਂ ਇਨਸਟ੍ਰਕਸ਼ਨਜ਼ ਹਨ ਤਾਂ how can government violate this ? ਨੈਚੁਰਲੀ ਸਰਕਾਰ ਨੇ ਉਹੀ ਗੱਲ ਕਰਨੀ ਹੈ, ਲੇਕਿਨ ਜਿਥੋਂ ਤੱਕ ਗੌਰਮਿਟ ਦਾ ਸਵਾਲ ਹੈ, ਇਹ ਤਾਂ ਕੰਪਨੀਜ਼ ਡਿਮਾਂਡ ਕਰਦੀਆਂ ਹਨ ਅਤੇ ਫਿਰ ਮਿਉਂਸਿਪਲ ਕਮੇਟੀਆਂ ਜਾਂ ਜਿਹੜੀਆਂ ਸਾਡੀਆਂ ਆਰਗੇਨਾਈਜੇਸ਼ਨਜ਼ ਹਨ, ਉਹ ਦੇਖਦੀਆਂ ਹਨ। If there is a government order on this, we will certainly follow this.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਅਖੀਰਲਾ ਸਵਾਲ ਕਰਨਾ ਚਾਹੁੰਦਾ ਹਾਂ। ਮੈਂ ਤੁਹਾਡੀ ਮਾਰਫਤ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਗੌਰਮਿੰਟ ਲੈਂਡ ਤੇ ਟਾਵਰ ਲਗਾਉਣ ਦੀ ਪਰਮਿਸ਼ਨ ਦਿੱਤੀ ਜਾ ਸਕਦੀ ਹੈ ? ਕਿਉਂਕਿ ਇਹ ਗੌਰਮਿੰਟ ਲੈਂਡ ਤੇ ਵੀ ਲੱਗੇ ਹੋਏ ਹਨ।

**Chief Minister :** It depends on the demand. ਪੰਜਾਬ ਭਵਨ ਵਿੱਚ ਵੀ ਲਗਾਇਆ ਹੈ। ਜਿਥੇ ਏਰੀਆ ਕਵਰ ਹੁੰਦਾ ਹੈ, that is technical requirement ਕਿ ਇੱਕ ਐਨਟੀਨਾ ਇੰਨਾ ਏਰੀਆ ਕਵਰ ਕਰਦਾ ਹੈ ਪਰ ਬੇਸੀਕਲੀ these are dependent on the requirements of the company, this is no. 1 ਨੰ: 2 ਜਿਥੋਂ ਤੱਕ ਹਾਈ ਕੋਰਟ ਦੇ ਸਟੇਅ ਦਾ ਸਵਾਲ ਹੈ, just for the information of the members, ਇਹ ਯੂ.ਟੀ. ਵਿੱਚ ਹੈ, ਪੰਜਾਬ ਵਿੱਚ ਨਹੀਂ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਪਿੱਛੇ ਬ੍ਰਿਟਿਸ਼ ਗੌਰਮਿੰਟ ਨੇ ਸਟੱਡੀ ਕਰਵਾਈ ਸੀ ਕਿ ਜਿਥੇ ਸੈਲੂਲਰ ਫੋਨਜ਼ ਦੇ ਟਾਵਰ ਹਨ, ਉਥੇ ਪੰਛੀਆ ਦੇ ਆਲ੍ਹਣੇ ਕੋਈ ਨਹੀਂ ਦੇਖੇ ਜਾਂਦੇ। ਉਥੇ ਚਿੜੀਆਂ ਦੀ ਗਿਣਤੀ ਬਹੁਤ ਘੱਟ ਗਈ ਹੈ। ਮੈਂ ਦੇਖਿਆ ਹੈ ਕਿ ਜਿਥੇ ਸੈਲੂਲਰ ਟਾਵਰ ਹਨ, ਉਥੇ ਟਾਵਰਾਂ ਤੇ ਪੰਛੀ ਆਲ੍ਹਣੇ ਨਹੀਂ ਪਾਉਂਦੇ ਜਦ ਕਿ ਦੂਸਰੇ ਖੰਭਿਆਂ ਤੇ ਉਨ੍ਹਾਂ ਦੇ ਆਲ੍ਹਣੇ ਹੁੰਦੇ ਹਨ। ਇਨ੍ਹਾਂ ਦੀ ਰੇਡੀਏਸ਼ਨ ਪੰਛੀਆਂ ਤੇ ਪ੍ਰਭਾਵ ਪਾ ਰਹੀ ਹੈ। ਕੀ ਚੀਫ ਮਨਿਸਟਰ ਸਾਹਿਬ ਇਸ ਗੱਲ ਦੀ ਸਟੱਡੀ ਕਰਵਾਉਣਗੇ ? ਜੇਕਰ ਪੰਛੀ ਆਪਣਾ ਆਲ੍ਹਣਾ ਬਦਲ ਰਹੇ ਹਨ ਤਾਂ ਜਿਹੜੇ ਇਨਸਾਨ ਹਨ, ਉਹ ਵੀ ਆਪਣਾ ਆਲ੍ਹਣਾ ਬਦਲਣ ਲਈ ਮਜ਼ਬੂਰ ਹੋਣਗੇ। ਉਨ੍ਹਾਂ ਤੇ ਵੀ ਇਸ ਰੇਡੀਏਸ਼ਨ ਦਾ ਪ੍ਰਭਾਵ ਪੈ ਰਿਹਾ ਹੈ। ਇਹ ਸਟੱਡੀ ਕਿੰਨੀ ਦੇਰ ਵਿੱਚ ਕੰਡਕਟ ਕਰਕੇ ਹਾਊਸ ਨੂੰ ਰਿਪੋਰਟ ਕਰਨਗੇ।

**ਮਾਨਯੋਗ ਸਪੀਕਰ** : ਬੜੀ ਦੂਰ ਦੀ ਸੋਚ ਰਹੇ ਹਨ।

**ਮੁੱਖ ਮੰਤਰੀ** : ਜਿਥੋਂ ਤੱਕ ਚਿੜੀਆਂ ਦੀ ਗੱਲ ਹੈ, I have not observed. ਮੈਂਬਰ ਸਾਹਿਬ ਬੜੇ ਅਬਜ਼ਰਵੈਂਟ ਹਨ। ਇਨ੍ਹਾਂ ਨੇ ਸਾਰੀਆਂ ਗੱਲਾਂ ਦੇਖੀਆਂ ਹਨ। ਮੈਂ ਕਹਿ ਚੁੱਕਿਆ ਹਾਂ ਕਿ ਸਾਡੇ ਕੋਲ ਕੋਈ ਰਿਪੋਰਟ ਨਹੀਂ ਹੈ। Regarding any radiation hazardous or damages, ਜੇ ਇਨ੍ਹਾਂ ਕੋਲ ਕੁਝ ਹੈ ਤਾਂ ਦੇ ਦੇਣ so we can find out, whether there is any such thing. ਅਗਰ ਮੈਂਬਰ ਸਾਹਿਬ ਕੋਲ ਯੂ.ਕੇ. ਦੀ ਰੇਡੀਏਸ਼ਨ ਰਿਪੋਰਟ ਹੈ ਤਾਂ ਇਹ ਸਾਨੂੰ ਦੇ ਦੇਣ it will make easier for us.

**Sardar Bir Devinder Singh** : I will make it available for you.

---

## ਡਾਇਰੈਕਟਰ ਜਨਰਲ ਆਫ਼ ਪੁਲਿਸ ਦੀ ਆਸਾਮੀ

***1147. ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਡਾਇਰੈਕਟਰ ਜਨਰਲ, ਪੁਲਿਸ ਦੀ ਆਸਾਮੀ ਕਿਸ ਸਾਲ ਵਿਚ ਸਿਰਜਿਤ ਕੀਤੀ ਗਈ ਸੀ ਅਤੇ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਇਸ ਆਸਾਮੀ ਤੇ ਸੇਵਾ ਕੀਤੀ ਅਤੇ ਹਰ ਇਕ ਨੇ ਕਿੰਨਾ-ਕਿੰਨਾ ਸਮਾਂ ਸੇਵਾ ਕੀਤੀ ਅਤੇ ਰਾਜ ਵਿਚ ਡਾਇਰੈਕਟਰ ਜਨਰਲ ਆਫ਼ ਪੁਲਿਸ ਦੇ ਤੌਰ ਤੇ ਸੇਵਾ ਕਰ ਰਹੇ ਅਫਸਰਾਂ ਦੀ ਇਸ ਸਮੇਂ ਗਿਣਤੀ ਕਿੰਨੀ ਹੈ ?

**Captain Amarinder Singh** : The cadre post of Inspector General of Police was upgraded as Director General of Police, Punjab by the Government of India. Ministry of Home Affairs, New Delhi with effect from 16th July, 1982. In the year 1980 ex-cadre post of Director General, Punjab Home Guard and Civil Defence, Punjab, Chandigarh was created by the State Government.

2. List of 25 IPS Officers, who served in the rank of Director General of Police in Punjab State during the period from 25th February, 1980 to 31st January, 2005 is attached as Annexure-'A'.

3. List of 8 IPS Officers presently working as Director, General of Police is attached as Annexure-'B'.

**Annexure 'A'**

| Sr. No. | Name of the Officer | Year of allotment | Place of posting | Duration of posting | Date of retirement |
|---|---|---|---|---|---|
| *Sarvshri/Shri* | | | | | |
| 1. | S. N. Mathur, IPS | 1948 | (ii) DG/Punjab Home Guards, & Civil Defence, Pb., Chd. | 25-02-80 to 11-3-82 | 31-12-82 |
| | | | (iii) Managing Director, Punjab Tourism Development Corporation, Chd. | 11-3-82 to 31-12-82 | |
| 2. | Birbal Nath, IPS | 1950 | Director General-cum-I.G.P., Pb. | 10-9-80 to 01-10-80 | 30-9-84 |
| 3. | C.K. Sawhney, IPS | 1955 | (i) Director General & Inspector General of Police, Pb., Chandigarh | 22-1-80 to 01-03-80 | |
| | | | (ii) DGP-cum-Chairman, PRTC, Chd. | 31-03-80 to 31-03-87 | |
| | | | (iii) Chairman, Pb. State Handloom & Textile Development Corporation, Chd. | 01-04-87 to 01-06-87 | 30-11-88 |
| | | | (iv) DGP-cum-Chairman, PRTC, Chd. | 01-06-87 to 30-11-88 | |
| 4. | K.S. Dhillon, IPS | MP : 1953 | Director General & Inspector General of Police, Pb., Chd. | 05-07-84 to 23-08-85 | |
| 5. | S.D. Pandey, IPS | MP : 1953 | Director General & Inspector General of Police, Pb., Chd. | 24-08-85 to 14-10-85 | |

**[Chief Minister]**

| Sr. No. | Name of the Officer | Year of allotment | Place of posting | Duration of posting | Date of retire-ment |
|---|---|---|---|---|---|
| 6. | Baljit Singh Dhaliwal, IPS | 1955 | (i) DGP/Pb. | 14-10-85 to 29-03-86 | Died on 22-04-88 |
| | | | (ii) DGP-cum-Comdt. General, PHG & Director, Civil Defence, Pb., Chd. | 26-05-86 to 22-04-88 | |
| 7. | J.F. Ribeiro, IPS | MAH : 1953 | Director General & Inspector General of Police, Pb., Chd. | 29-03-86 to 21-04-88 | |
| 8. | K.P.S. Gill, IPS | A & M : 1957 | (i) DGP, Punjab, Chd. | 21-04-88 to 18-12-90 | 31-12-95 |
| | | | (ii) DGP, Pb., Chd. | 11-11-91 to 31-12-95 | |
| 9. | Krishan Kumar, IPS | 1956 | DGP-cum-Chairman, Goindwal, Industrial Development Corporation, Chd. | 25-04-88 to 30-09-90 | 30-09-90 |
| 10. | Dalbir Singh Mangat, IPS | 1959 | (i) DGP-cum-Chief Dir., Vigi., Bureau, Pb., Chd. | 12-05-89 to 01-05-90 | 31-12-92 |
| | | | (ii) DGP/Ops., Pb. Chd. | 01-05-90 to 18-12-90 | |
| | | | (iii) DGP/Pb. | 18-12-90 to 11-12-91 | |
| | | | (iv) DGP-cum-Chairman, PRTC, Chd. | 26-12-91 to 31-12-92 | |

| Sr. No. | Name of the Officer | Year of allotment | Place of posting | Duration of posting | Date of retirement |
|---|---|---|---|---|---|
| 11. | Surjit Singh, IPS | 1962 | DGP/Vigi., Bureau, Pb., Chd. | 24-09-92 to 28-02-93 | 28-02-93 |
| 12 | Pritam Singh Hura, IPS | 1962 | DGP/Vigi., Bureau, Pb., Chd. | 13-04-93 to 30-04-94 | 30-04-94 |
| 13. | O.P. Sharma, IPS | U.P.: 1962 | DGP, Pb., Chd. | 01-01-96 to 03-07-96 | |
| 14. | R. K. Sharma, IPS | 1962 | (i) DGP/Ops., Pb-cum-IGP, CRPF, Pb. | 11-05-93 to 20-05-94 | 31-7-2K |
| | | | (ii) DGP-cum-OSD Rules, Pb. | 22-09-99 to 31-7-2000 | |
| 15. | Sube Singh, IPS | 1963 | (i) DGP/Vigi., Bureau, Pb. | 17-06-94 to 26-03-96 | |
| | | | (ii) DGP/Rules, Pb., Chd. | 27-03-96 to 03-07-96 | |
| | | | (iii) DGP/Pb., Chd. | 03-07-96 to 18-02-97 | 31-05-2000 |
| | | | (iv) DGP/PHG, Chd. | 18-02-97 to 17-02-99 | |
| | | | (v) DGP-cum-Chief Dir., Vig., Bureau, Pb., Chd. | 17-02-99 to 31-5-2000 | |

**[Chief Minister]**

| Sr. No. | Name of the Officer | Year of allotment | Place of posting | Duration of posting | Date of retire-ment |
|---|---|---|---|---|---|
| 16. | P. C. Dogra, IPS | 1964 | (i) DGP/Ops., Pb. Chd. | 26-07-95 to 11-03-96 | 16-02-99 |
| | | | (ii) DGP/Punjab Home Guards, Chd. | 12-03-96 to 14-02-97 | |
| | | | (iii) DGP, Pb., Chd. | 14-02-97 to 16-02-99 | |
| 17. | S. R. Sharma, IPS | 1964 | (i) DGP/Railways, Pb. | 26-07-95 to 22-02-96 | 30-06-96 |
| | | | (ii) DGP-cum-OSD to C.M. Punjab | 23-02-96 to 30-06-96 | |
| 18. | Krishan Kumar Sharma, IPS | 1964 | DGP-cum-Comdt. Genl. PHG, Pb., Chd. | 17-02-99 to 31-7-2000 | 31-7-2000 |
| 19. | Sarabjit Singh, IPS | 1965 | (i) DGP/Pb., Chd. | 16-02-99 to 28-02-02 | 31-05-04 |
| | | | (ii) DGP-cum-Comdt., Genl., PHG & Civil Defence, Pb. | 23-06-03 to 23-09-03 | |
| 20. | Jarnail Singh Chahal, IPS | 1965 | (i) DGP/GRP, Pb., Chd. | 16-07-01 to 05-03-02 | |
| | | | (ii) DGP-cum-Chairman, PRTC, Chd. | 07-03-02 to 20-06-03 | 30-06-04 |

| Sr. No. | Name of the Officer | Year of allotment | Place of posting | Duration of posting | Date of retire-ment |
|---|---|---|---|---|---|
| | | | (iii) DGP-cum-Chairman, PPHC, Chd. | 23-06-03 to 24-07-03 | |
| | | | (iv) DGP/Lokpal, Pb., Chd. | 25-07-03 to 30-06-04 | |
| 21. | M.S. Bhullar, IPS | 1965 | (i) DGP, PAP, Jal. | 26-06-01 to 27-02-02 | 31-07-03 |
| | | | (ii) DGP. Pb., Chd. | 28-02-02 to 31-07-03 | |
| 22. | S.V. Singh, IPS | 1967 | (i) DGP-cum-Chief Dir., VB, Pb., Chd. | 11-03-02 to 17-04-02 | |
| | | | (ii) DGP-cum-Comdt. Genl., Pb., Home. Guards & Dir. Civil Defence, Pb., Chd. | 17-04-02 to 31-01-03 | 31-01-03 |
| 23. | A.P. Bhatnagar, IPS | 1968 | DGP/Prisons, Pb., Chd. | 01-08-03 to 31-05-04 | 31-05-04 |
| 24. | A. A. Sddiqui, IPS | 1968 | DGP/Pb., Chd. | 01-08-03 to 31-01-05 | 31-01-05 |
| 25. | R.K. Gupta, IPS | 1969 | DGP-cum-Comdt., Genl. PHG & Dir., Civil Defence, Pb. | 06-08-04 to 31-01-05 | 31-01-05 |

**[Chief Minister]**

**Annexure 'B'**

| Sr. No. | Name of the Officer | Year of allotment | Place of posting | Duration of posting | Date of retire-ment |
|---|---|---|---|---|---|
| | *S/Sh.* | | | | |
| 1. | S. K. Verma, IPS | 1967 | (i) DG/Punjab State Human Rights Commission, Chd. | 01-08-03 to 01-02-05 | 30-11-05 |
| | | | (ii) DGP/Lokpal, Pb., Chd. | 02-02-05 to-date | |
| 2. | P. Lal, IPS | 1969 | (i) DGP/Lokpal, Pb., Chd. | 06-08-04 to 01-02-05 | 30-11-06 |
| | | | (ii) Chairman-cum-MD, Pb. Police Housing Corporation, Chd. | 01-02-05 to-date | |
| 3. | Lalit Bhatia, IPS | 1970 | DGP/Vigilance & Security, PSEB, Pb., Ptl. | Promoted in the rank of DGP on 31-01-05 but charge report is still awaited | 28-02-06 |
| 4. | S. S. Virk, IPS | MAH: 1970 | DGP/Pb., Chd. | 31-01-05 to-date | 31-07-09 |
| 5. | B. S. Jains, IPS | 1970 | DGP/Railways, Pb., Patiala | 31-01-05 to-date | 31-05-06 |
| 6. | G. S. Aujla, IPS | 1970 | DGP/Rules, Pb., Chd. | 11-02-05 to-date | 31-10-07 |
| 7. | M. P. S. Aulakh, IPS | 1970 | DGP/Prisons, Pb., Chd. | 01-02-05 to-date | 31-08-05 |
| 8. | K. K. Attri, IPS | 1971 | DGP-cum-Comdt. Genl., PHG, & Dir., Civil Defence, Pb., Chd. | 01-02-05 to-date | 30-06-09 |

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੇ ਵਿੱਚ ਇਸ ਵੇਲੇ 8 ਡਾਇਰੈਕਟਰ ਜਨਰਲ ਆਫ਼ ਪੁਲਿਸ ਅਫਸਰ ਤਾਇਨਾਤ ਹਨ। ਸਪੀਕਰ ਸਾਹਿਬ, ਪੰਜਾਬ ਇੱਕ ਛੋਟਾ ਜਿਹਾ ਸੂਬਾ ਹੈ, ਥੋੜ੍ਹੀ ਆਬਾਦੀ ਵਾਲਾ ਸੂਬਾ ਹੈ ਪਰ ਫਿਰ ਵੀ ਇੱਥੇ 8 ਡਾਇਰੈਕਟਰ ਜਨਰਲ ਆਫ਼ ਪੁਲਿਸ ਕੰਮ ਕਰ ਰਹੇ ਹਨ, ਇਸ ਦੀ ਕੀ ਵਜ੍ਹਾ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਦੀ ਵਜ੍ਹਾ ਹੈ ਕਿ ਜਿਸ ਤਰ੍ਹਾਂ ਚੀਫ ਸੈਕਟਰੀਜ਼ ਬਣਦੇ ਹਨ ਉਸੇ ਤਰ੍ਹਾਂ ਇਨ੍ਹਾਂ ਦੀ ਸਿਲੈਕਸ਼ਨ ਹੁੰਦੀ ਹੈ ਅਤੇ ਇਹ ਸਰਕਾਰ ਦਾ ਪ੍ਰੈਰੋਗੇਟਿਵ ਹੁੰਦਾ ਹੈ ਕਿ ਕਿਸ ਅਧਿਕਾਰੀ ਨੂੰ ਚੂਜ਼ ਕਰਨਾ ਹੁੰਦਾ ਹੈ। ਜਿਸ ਤਰ੍ਹਾਂ ਜਿਹੜਾ ਬੰਦਾ ਜੂਨੀਅਰ ਹੁੰਦਾ ਹੈ ਔਰ ਉਸ ਦੀ ਪਰਮੋਸ਼ਨ ਕੀਤੀ ਜਾਂਦੀ ਹੈ ਤਾਂ ਆਟੋਮੈਟੀਕਲੀ ਬਾਕੀ ਸਾਰਿਆਂ ਨੂੰ ਉਸ ਦੇ ਬਰਾਬਰ ਦਾ ਗਰੇਡ ਦੇਣਾ ਪੈਂਦਾ ਹੈ। ਵੈਸੇ ਤਾਂ ਤੁਹਾਡੇ ਵੇਲੇ ਵੀ ਇਸ ਤਰ੍ਹਾਂ ਹੋਇਆ ਹੈ। ਮੈਂ, ਤੁਹਾਨੂੰ ਤੁਹਾਡੀ ਯਾਦਾਸ਼ਤ ਲਈ ਗੱਲ ਦਸ ਦੇਂਦਾ ਹਾਂ ਕਿ ਇਨ੍ਹਾਂ ਨੇ ਸਾਲ 1997 ਦੇ ਵਿੱਚ ਇੱਕ ਚੀਫ ਸੈਕਟਰੀ ਬਣਾਇਆ ਸੀ ਔਰ ਉਦੋਂ 10 ਬੰਦਿਆਂ ਨੂੰ ਜੰਪ ਕਰਕੇ ਉਸ ਨੂੰ ਚੀਫ ਸੈਕਟਰੀ ਬਣਾਇਆ ਸੀ। ਸੋ, ਬੈਸੀਕਲੀ ਸੇਮ ਪੁਜ਼ੀਸਨ ਇਸ ਦੇ ਵਿੱਚ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 7–8 ਅਫਸਰ ਅਪਗਰੇਡ ਹੋ ਗਏ ਹਨ ਉਸ ਦੇ ਨਾਲ ਪੰਜਾਬ ਸਰਕਾਰ ਦੇ ਐਕਸਚੈਕਰ ਦੇ ਉਤੇ ਕਿੰਨਾ ਫਾਈਨਾਂਸ਼ੀਅਲ ਬਰਡਨ ਪਵੇਗਾ ?

**ਮੁੱਖ ਮੰਤਰੀ** : ਇਹ ਜੋ ਫਾਈਨਾਂਸ਼ੀਅਲ ਬਰਡਨ ਏ.ਡੀ.ਜੀ.ਪੀ. ਔਰ ਡੀ.ਜੀ.ਪੀ. ਦੇ ਬਾਰੇ ਪੁੱਛਿਆ ਗਿਆ ਹੈ, ਇਹ ਕੋਈ ਜ਼ਿਆਦਾ ਨਹੀਂ ਹੈ। ਇਹ ਸਿਰਫ਼ ਹਜ਼ਾਰਾਂ ਵਿੱਚ ਹੀ ਹੈ, ਇਸ ਤੋਂ ਵੱਧ ਨਹੀਂ ਹੈ। ਇਸ ਦੇ ਬਾਰੇ ਮੇਰੇ ਕੋਲ ਫਿਗਰ ਨਹੀਂ ਹੈ ਪਰ ਫਿਰ ਵੀ ਜੇਕਰ ਮੈਂਬਰ ਸਾਹਿਬ ਇਹ ਫਿਗਰ ਲੈਣੀ ਚਾਹੁੰਦੇ ਹਨ ਤਾਂ ਅਸੀਂ ਇਨ੍ਹਾਂ ਨੂੰ ਅਵੇਲੇਬਲ ਕਰਵਾ ਦਿਆਂਗੇ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਹੜੇ ਪੁਲਿਸ ਰੂਲਜ਼ ਹਨ ਔਰ ਉਨ੍ਹਾਂ ਦੇ ਮੁਤਾਬਿਕ ਇਕ ਡਾਇਰੈਕਟਰ ਜਨਰਲ ਪੁਲਿਸ ਦੀ ਪੋਸਟ ਸੈਂਕਸ਼ਨਡ ਹੈ ਫਿਰ 8 ਲਗਾਉਣ ਦੀ ਕੀ ਵਜ੍ਹਾ ਹੈ ?

**ਮਾਨਯੋਗ ਸਪੀਕਰ** : ਤੁਹਾਡੇ ਸਵਾਲ ਦਾ ਜਵਾਬ ਆ ਗਿਆ ਹੈ।

**ਮੁੱਖ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਹੜੇ ਆਈ.ਪੀ.ਐਸ., ਜਾਂ ਆਈ.ਏ.ਐਸ. ਅਫ਼ਸਰਾਂ ਸਬੰਧੀ ਰੂਲਜ਼ ਫਰੇਮ ਹੁੰਦੇ ਹਨ ਉਹ ਅਸੀਂ ਨਹੀਂ ਬਣਾਉਂਦੇ। ਉਹ ਰੂਲਜ਼ ਗੌਰਮਿੰਟ ਆਫ਼ ਇੰਡੀਆ ਵਲੋਂ ਫਰੇਮ ਕੀਤੇ ਜਾਂਦੇ ਹਨ। ਬਾਕੀ ਇਨ੍ਹਾਂ ਨੂੰ ਵੀ ਪਤਾ ਹੀ ਹੈ, ਇਹ ਵੀ ਆਰਮੀ ਦੇ ਸਟੂਡੈਂਟ ਰਹੇ ਹਨ। ਬਾਕੀ ਜੋ 8 ਬੰਦਿਆਂ ਨੂੰ ਬਣਾਉਣ ਦੀ ਗੱਲ ਹੈ, ਇਹ ਸਾਡੀ ਰਿਕੁਆਇਰਮੈਂਟ ਸੀ ਔਰ ਉਸ ਦੇ ਬਾਰੇ ਦੱਸ ਦਿੱਤਾ ਗਿਆ ਹੈ ਕਿ ਕੀ ਵਜ੍ਹਾ ਸੀ।

---

## ਤਰਸ ਦੇ ਆਧਾਰ ਤੇ ਨੌਕਰੀਆਂ

*1155. (1) ਸ਼੍ਰੀ ਰਮੇਸ਼ ਦੱਤ ਸ਼ਰਮਾ
(2) ਸ਼੍ਰੀ ਤਰਲੋਚਨ ਸਿੰਘ } : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਬਿਜਲੀ ਬੋਰਡ ਆਪਣੇ ਮਿਰਤਕ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਤਰਸ ਦੇ ਆਧਾਰ ਤੇ ਨੌਕਰਿਆਂ ਦੇਣ ਦੀ ਪੇਸ਼ਕਸ਼ ਕਰਦਾ ਹੈ; ਜੇਕਰ ਨਹੀਂ, ਤਾਂ ਇਸਦੇ ਕਾਰਣ ਕੀ ਹਨ ?

**ਸਰਦਾਰ ਲਾਲ ਸਿੰਘ** : ਨਹੀਂ ਜੀ। ਤਰਸ ਦੇ ਅਧਾਰ ਤੇ ਨਿਯੁਕਤੀਆਂ ਦੀ ਥਾਂ ਖੁੱਲ੍ਹਾ ਵਿੱਤੀ ਪੈਕੇਜ ਦਿੱਤਾ ਜਾ ਰਿਹਾ ਹੈ ਕਿਉਂਕਿ :—

(i) ਬੋਰਡ ਵਿੱਚ ਤੈਨਾਤ ਸਟਾਫ ਦਾ ਖਰਚਾ ਜ਼ਿਆਦਾ ਹੈ ਜੋ ਕਿ ਲੰਮੇ ਸਮੇਂ ਤੱਕ ਸਹਿਨ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਪੰਜਾਬ ਰਾਜ ਰੈਗੂਲੇਟਰੀ ਕਮਿਸ਼ਨ ਨੇ ਕਰਮਚਾਰੀਆਂ ਦੇ ਖਰਚੇ ਤੇ ਹੱਦ ਲਗਾ ਦਿੱਤੀ ਹੈ।

(ii) ਸਿੱਧੀ ਭਰਤੀ ਤੇ ਮੌਜੂਦਾ ਲੱਗੀ ਰੋਕ ਦੇ ਸਿੱਟੇ ਵਜੋਂ ਤਕਨੀਕੀ ਕਾਡਰਾਂ ਦੀਆਂ ਬਹੁਤ ਸਾਰੀਆਂ ਅਸਾਮੀਆਂ ਖਾਲੀ ਹਨ ਅਤੇ ਤਰਸ ਦੇ ਅਧਾਰ ਦੀ ਨੀਤੀ ਨਾਲ ਅਣਸਿਖਿਅਤ ਮੁਲਾਜ਼ਮਾਂ ਦਾ ਦੂਜੇ ਪਾਸੇ ਵਾਧਾ ਹੋਇਆ ਹੈ।

**ਸ਼੍ਰੀ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਇਹ ਜਾਣਨਾ/ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਬਣਨ ਤੋਂ ਬਾਅਦ ਪਹਿਲਾਂ ਤਾਂ ਸਾਰੇ ਡਿਪਾਰਟਮੈਂਟਾਂ ਵਿੱਚ ਕੰਪੈਸ਼ਨੇਟ ਗਰਾਊਂਡ ਦੇ ਉਤੇ ਪਾਬੰਦੀ ਲਗਾਈ ਹੋਈ ਸੀ ਪਰ ਹੁਣ ਬਾਕੀ ਮਹਿਕਮਿਆਂ ਦੇ ਵਿੱਚ ਇਹ ਪਾਬੰਧੀ ਖੋਲ੍ਹ ਦਿੱਤੀ ਗਈ ਹੈ। ਪਰੰਤੂ ਪੰਜਾਬ ਰਾਜ ਬਿਜ਼ਲੀ ਬੋਰਡ ਦੇ ਵਿੱਚ ਇਹ ਪਾਬੰਦੀ ਹੁਣ ਵੀ ਲਗਾਈ ਹੋਈ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਬਿਜਲੀ ਬੋਰਡ ਦੇ ਵਿੱਚ ਇਹ ਜੋ ਪਾਬੰਧੀ ਲਗਾਈ ਹੋਈ ਹੈ ਇਹ ਕਦੋਂ ਤੱਕ ਖੋਲ੍ਹਣ ਦੀ ਸੰਭਾਵਨਾ ਹੈ। ਕੀ ਮੰਤਰੀ ਜੀ ਉਨ੍ਹਾਂ ਲੋਕਾਂ ਦੇ ਫਾਦਰ ਜਾਂ ਮਦਰ ਦੀ ਇਨਕਮ ਸਬੰਧੀ ਕੋਈ ਪਾਲਿਸੀ ਬਣਾ ਕੇ ਉਨ੍ਹਾਂ ਸਾਰਿਆਂ ਨੂੰ ਪਹਿਲ ਦੇ ਆਧਾਰ ਉਤੇ ਨੌਕਰੀ ਤੇ ਰੱਖਿਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਪੀ.ਐਸ.ਈ.ਬੀ., ਦੇ ਵਿੱਚ ਕੋਈ ਵੀ ਨੌਕਰੀ ਖੋਲ੍ਹਣ ਦਾ ਕੋਈ ਪ੍ਰੋਗਰਾਮ ਨਹੀਂ ਹੈ ਤਰਸ ਦੇ ਆਧਾਰ ਤੇ ਬੰਦਿਆਂ ਨੂੰ ਕੰਮ ਕਾਰ ਤੇ ਲਗਾਉਣ ਵਾਸਤੇ ਪੱਕੇ ਤੌਰ ਤੇ ਅਸੀਂ ਵਿੱਤੀ ਪੈਕੇਜ ਦਿੰਦੇ ਹਾਂ। ਇਹ ਤਕਰੀਬਨ 3-4-5 ਲੱਖ ਦੇ ਦਰਮਿਆਨ ਬਣਦਾ ਹੈ। ਦੂਜੀ ਗੱਲ ਜਿਹੜਾ ਵੀ ਬੰਦਾ ਅਕਾਲ ਚਲਾਣਾ ਕਰਦਾ ਹੈ ਉਸ ਦੀ ਆਖਰੀ ਬੇਸਿਕ ਪੇ ਉਸ ਨੂੰ ਜਿਹੜੀ ਮਿਲਦੀ ਸੀ ਜਦੋਂ ਤੱਕ ਉਸਨੇ ਸਰਵਿਸ ਕਰਨੀ ਸੀ ਉਹ ਬੇਸਿਕ ਪੇ ਜਿਹੜੀ ਹੈ ਉਸ ਦੀ ਵਾਈਫ ਨੂੰ ਮਿਲਦੀ ਹੈ, ਪਰਿਵਾਰ ਨੂੰ ਮਿਲਦੀ ਹੈ। ਉਸ ਤੋਂ ਬਾਅਦ ਫੈਮਿਲੀ ਪੈਨਸ਼ਨ ਉਸ ਨੂੰ ਮਿਲਦੀ ਹੈ। ਇਸ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਵਿਚ ਜਾਬ ਆਪਰਚੂਨਟੀਜ਼ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਵਿਚ ਕਿੰਨੀਆਂ ਅਵੇਲੇਬਲ ਹਨ। ਕੀ ਜਿਹੜਾ ਕੋਈ ਮੁਲਾਜ਼ਮ ਐਕਸੀਡੈਂਟ ਵਿਚ, ਜੋ ਬਿਜਲੀ ਦੀ ਸਪਲਾਈ ਵਿਚ ਕੰਮ ਕਰਦਾ ਹੈ, ਜੇਕਰ ਕਿਸੇ ਦੀ ਐਕਸੀਡੈਂਟਲ ਡੈਥ ਹੁੰਦੀ ਹੈ ਕੀ ਉਸ ਉਤੇ ਵੀ ਇਹ ਪੈਮਾਨਾ ਲਾਗੂ ਹੈ? ਜੋ ਉਨ੍ਹਾਂ ਦੇ ਆਸ਼ਰਿਤ ਲੋਕ, ਪਰਿਵਾਰ ਵਾਲੇ ਹਨ ਉਨ੍ਹਾਂ ਨੂੰ ਕੰਪੈਸ਼ਨੇਟ ਗਰਾਊਡ ਤੇ ਕਿੰਨੀਆਂ ਨੂੰ ਭਰਤੀ ਕੀਤਾ ਜਾਂਦਾ ਹੈ? ਕੀ ਉਨ੍ਹਾਂ ਉਤੇ ਵੀ ਇਹ ਕਰਾਈਟੇਰੀਆ ਲਾਗੂ ਹੈ?

**ਮੰਤਰੀ** : ਸਾਰਿਆਂ ਤੇ ਇਕੋ ਪੈਮਾਨਾ ਲਾਗੂ ਹੈ ਜੀ।

---

## ਟਿਊਬਵੈੱਲਾਂ ਲਈ ਬਿਜਲੀ ਕੁਨੈਕਸ਼ਨਾਂ ਦੀ ਮਨਜ਼ੂਰੀ

*1166. (1) **ਸਰਦਾਰ ਗੁਰਬਿੰਦਰ ਸਿੰਘ ਅਟਵਾਲ**
(2) **ਸ਼੍ਰੀ ਤਰਲੋਚਨ ਸਿੰਘ** } : ਕੀ ਸਿੰਜਾਈ ਅਤੇ

ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਭੂਮੀ ਜੋਤਾਂ ਦੀ ਵੰਡ ਹੋ ਜਾਣ ਦੇ ਕਾਰਣ ਮੌਜੂਦਾ 10 ਹਾਰਸ-ਪਾਵਰ ਦੇ ਕੁਨੈਕੇਸ਼ਨ ਦੀ ਥਾਂ ਤੇ 5 ਹਾਰਸ-ਪਾਵਰ ਦੇ 2 ਵੱਖਰੇ-ਵੱਖਰੇ ਟਿਊਬਵੈੱਲ ਕੁਨੈਕਸ਼ਨਾਂ ਦੀ ਮਨਜ਼ੂਰੀ ਦੇਣ ਲਈ ਕੋਈ ਉਪਬੰਧ ਹੈ; ਜੇਕਰ ਨਹੀਂ, ਤਾਂ ਕੀ ਸਰਕਾਰ ਅਜਿਹਾ ਉਪਬੰਧ ਕਰਨ ਦਾ ਵਿਚਾਰ ਰੱਖਦੀ ਹੈ?

**ਸਰਦਾਰ ਲਾਲ ਸਿੰਘ** : ਮੌਜੂਦਾ ਹਦਾਇਤਾਂ ਅਨੁਸਾਰ ਚੱਲ ਰਹੀਆਂ 10 ਹਾਰਸ ਪਾਵਰ ਮੋਟਰਾਂ ਦੇ ਕੁਨੈਕਸ਼ਨ ਭੌਂ (ਜ਼ਮੀਨ) ਦੀ ਪਰਿਵਾਰਕ ਵੰਡ ਦੀ ਹਾਲਤ ਵਿੱਚ ਪੰਜ ਹਾਰਸ ਪਾਵਰ ਦੀਆਂ ਦੋ ਮੋਟਰਾਂ ਵਿੱਚ ਵੰਡੇ ਜਾ ਸਕਦੇ ਹਨ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਪਰਿਵਾਰਕ ਵੰਡ ਦੇ ਵੇਲੇ ਬੋਰਡ ਵੱਲੋਂ ਇਕੋ ਮੋਟਰ ਵਿੱਚੋਂ ਕੁਨੈਕਸ਼ਨ ਦੇਣ ਵਿਚ ਕੋਈ ਰੋਕ ਤਾਂ ਨਹੀਂ ਲਗਾਈ ਗਈ?

**ਮੰਤਰੀ** : ਨਹੀਂ ਜੀ, ਪ੍ਰਾਇਰਟੀ ਤੇ ਦਿਤਾ ਜਾਂਦਾ ਹੈ, ਕੋਈ ਰੋਕ ਨਹੀਂ।

**ਜਥੇਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਕਾਰੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਲੋਕਾਂ ਨੇ ਸਾਢੇ ਸੱਤ ਹਾਰਸ ਪਾਵਰ ਦੀਆਂ ਮੋਟਰਾਂ ਲਾਈਆਂ ਜਾਂ ਪੰਜ ਹਾਰਸ ਪਾਵਰ ਦੀਆਂ ਲਾਈਆਂ ਸਨ। ਪਰ ਬਾਅਦ ਵਿਚ ਪਾਣੀ ਨੀਚੇ ਜਾਣ ਕਾਰਨ ਪਰਿਵਾਰਕ ਵੰਡ ਹੋਣ ਕਾਰਨ ਉਨ੍ਹਾਂ ਨੂੰ ਮੁਸ਼ਕਲ ਆ ਗਈ। ਕੀ ਸਰਕਾਰ ਉਨ੍ਹਾਂ ਸਾਢੇ ਸੱਤ ਹਾਰਸ ਪਾਵਰ ਤੇ ਪੰਜ ਹਾਰਸ ਪਾਵਰ ਦੀਆਂ ਮੋਟਰਾਂ ਵਾਲਿਆਂ ਵੱਲ ਧਿਆਨ ਦੇਵੇਗੀ?

**ਮੰਤਰੀ** : ਬਿਲਕੁਲ ਠੀਕ ਸਵਾਲ ਹੈ। ਅਸੀਂ ਵੀ.ਡੀ.ਐਸ. ਸਕੀਮ ਲਾਗੂ ਕੀਤੀ ਸੀ। ਬਹੁਤ ਸਾਰੇ ਲੋਕ ਜਿਨ੍ਹਾਂ ਦਾ ਕੁਨੈਕਸ਼ਨ ਪੰਜ ਹਾਰਸ ਪਾਵਰ ਦਾ ਸੀ ਉਨ੍ਹਾਂ ਨੇ ਪਾਣੀ ਨੀਚੇ ਜਾਣ ਨਾਲ 10-10, 15-15 ਹਾਰਸ ਪਾਵਰ ਦੀਆਂ ਮੋਟਰਾਂ ਵਾਸਤੇ ਅਪਲਾਈ

[ਸਿੰਜਾਈ ਅਤੇ ਬਿਜਲੀ ਮੰਤਰੀ]

ਕੀਤਾ ਸੀ। ਸਰਕਾਰ ਨੇ ਉਨ੍ਹਾਂ ਦੀ ਮਜ਼ਬੂਰੀ ਦੇਖਦੇ ਹੋਏ ਇਹ ਖੁੱਲ੍ਹ ਦਿੱਤੀ ਸੀ ਅਤੇ 28 ਫਰਵਰੀ ਤੱਕ ਇਕ ਸਕੀਮ ਚਲਾਈ ਸੀ। ਜਿਸ ਤੋਂ 1 ਲੱਖ 60 ਹਜ਼ਾਰ ਫਾਰਮਰਜ਼ ਨੇ ਫਾਇਦਾ ਉਠਾਇਆ ਸੀ ਅਤੇ ਪੀ.ਐਸ.ਈ.ਬੀ. ਨੂੰ 28 ਕਰੋੜ ਰੁਪਏ ਦਾ ਲਾਭ ਹੋਇਆ ਸੀ। ਦੂਸਰਾ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸਮੇਂ ਵਿਚ ਪਾਵਰ ਵਧਾਉਣ ਵਾਸਤੇ ਜਿਹੜਾ ਪੰਜ ਹਜ਼ਾਰ ਰੁਪਿਆ ਪਰ ਹਾਰਸ ਪਾਵਰ ਰੱਖਿਆ ਸੀ ਉਸ ਨੂੰ ਘਟਾ ਕੇ ਇਕ ਹਜ਼ਾਰ ਰੁਪਿਆ ਪਰ ਹਾਰਸ ਪਾਵਰ ਕਰ ਦਿਤਾ ਗਿਆ ਹੈ। ਕੋਈ ਵੀ ਆ ਕੇ ਦੱਸੇ ਅਸੀਂ ਇਹ ਸਕੀਮ ਦੁਬਾਰਾ ਖੋਲ੍ਹਣ ਦਾ ਵਿਚਾਰ ਕਰ ਰਹੇ ਹਾਂ।

---

## ਹੁਸ਼ਿਆਰਪੁਰ-ਦਸੂਹਾ ਸੜਕ ਦੀ ਮੁਰੰਮਤ

***1167. ਸ਼੍ਰੀ ਦੇਸ਼ ਰਾਜ ਧੁੱਗਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹੁਸ਼ਿਆਰਪੁਰ-ਦਸੂਹਾ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**Sardar Partap Singh Bajwa** : Yes, sir. There is a proposal to repair Hoshiarpur-Dasuya Road. The road is proposed to be completed during 2005-06.

**ਸ਼੍ਰੀ ਦੇਸ਼ ਰਾਜ ਧੁੱਗਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਹਰ ਸਾਲ ਇਹੀ ਜਵਾਬ ਆਉਂਦਾ ਹੈ ਕਿ ਅਗਲੇ ਸਾਲ ਇਸ ਨੂੰ ਕਰਵਾਵਾਂਗੇ। ਸਪੀਕਰ ਸਾਹਿਬ, ਤੁਸੀਂ ਵੀ ਉਸੇ ਸੜਕ ਤੋਂ ਲੰਘਦੇ ਹੋ। ਹੁਣ ਤਾਂ ਉਥੇ ਮਿੱਟੀ ਵੀ ਪਾਉਣ ਵਾਸਤੇ ਮੁੱਕ ਗਈ ਹੈ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਹਰ ਸਾਲ ਇਹੀ ਜਵਾਬ ਆਵੇਗਾ ਜਾਂ ਉਹ ਸੜਕ ਨੂੰ ਪੱਕਾ ਕਰਵਾਉਣਗੇ?

**ਮੰਤਰੀ** : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਦੀ ਇਨ੍ਹਾਂ ਨੇ ਨਾ ਜਵਾਬ ਮੰਗਿਆ ਹੈ ਅਤੇ ਅੱਜ on the floor of the House it is a commitment to the House ਕਿ ਇਸ ਸੜਕ ਨੂੰ ਬਣਾ ਰਹੇ ਹਾਂ। ਸਾਢੇ ਸੱਤ ਕਰੋੜ ਰੁਪਿਆ, ਮੈਂ ਮਸ਼ਕੂਰ ਹਾਂ ਚੀਫ ਮਨਿਸਟਰ ਸਾਹਿਬ ਤੇ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਦਾ ਕਿ ਇਸ ਸੜਕ ਦੀ ਮਹੱਤਤਾ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਬੇਨਤੀ ਕੀਤੀ ਸੀ। ਸਾਢੇ ਸੱਤ ਕਰੋੜ ਰੁਪਏ ਵਿਚੋਂ ਪੰਜ ਕਰੋੜ ਰੁਪਿਆ ਹੁਸ਼ਿਆਰਪੁਰ-ਦਸੂਹਾ ਸੜਕ ਉਤੇ ਲਾਇਆ ਜਾ ਰਿਹਾ ਹੈ। 9 ਮਹੀਨਿਆਂ ਵਿਚ ਇਸ ਸੜਕ ਨੂੰ ਤਿਆਰ ਕਰਕੇ 31 ਮਾਰਚ ਤੋਂ ਪਹਿਲਾਂ-ਪਹਿਲਾਂ ਤਿਆਰ ਕਰਵਾ ਦਿਆਂਗੇ।

**Mr. Speaker :** Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## ਸੰਗਰੂਰ-ਲੁਧਿਆਣਾ ਸੜਕ ਦੀ ਮੁਰੰਮਤ

*1185. **ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੰਗਰੂਰ-ਲੁਧਿਆਣਾ ਮੁੱਖ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹਾਂ ਜੀ। ਸੰਗਰੂਰ-ਲੁਧਿਆਣਾ ਸੜਕ ਨੂੰ ਸਾਲ 2005-06 ਦੌਰਾਨ ਫੰਡ ਉਪਲਬਧ ਹੋਣ ਤੇ ਮੁਰੰਮਤ/ਮਜ਼ਬੂਤ ਕਰਨ ਦੀ ਤਜਵੀਜ਼ ਹੈ।

---

## ਸੂਚਨਾ ਤਕਨਾਲੌਜੀ ਵਿਚ ਵਰਤੀ ਜਾਂਦੀ ਸਮੱਗਰੀ ਤੇ ਸਬਸਿਡੀ

*1159. **ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਚਨਾ ਤਕਨਾਲੌਜੀ ਨਾਲ ਸਬੰਧਤ ਸਮੱਗਰੀ ਦੀ ਖਰੀਦ ਲਈ ਰਾਜ ਸਰਕਾਰ ਦੁਆਰਾ ਕਿੰਨੇ ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਰਹੀ ਹੈ ?

**ਕੈਪਟਨ ਅਮਰਿੰਦਰ ਸਿੰਘ** : ਉਦਯੋਗਿਕ ਪਾਲਸੀ 2003 ਮੁਤਾਬਿਕ ਇਨਫਰਮੇਸ਼ਨ ਟੈਕਨਾਲੌਜੀ ਨਾਲ ਸਬੰਧਤ ਮਾਲ ਦੀ ਖਰੀਦ ਤੇ ਰਾਜ ਵਿਚ ਉਪਦਾਨ ਦੇਣ ਦੀ ਕੋਈ ਵਿਵਸਥਾ ਨਹੀਂ।

---

## ਪੰਜਾਬ ਤੇ ਹੋਰ ਰਾਜਾਂ ਵਿਚ ਤਬਦੀਲ ਹੋਏ ਉਦਯੋਗਿਕ ਯੂਨਿਟਾਂ ਦੀ ਗਿਣਤੀ

*1183. (1) **ਸਰਦਾਰ ਬਲਵਿੰਦਰ ਸਿੰਘ ਭੂੰਦੜ**
(2) **ਸਰਦਾਰ ਮਨਪ੍ਰੀਤ ਸਿੰਘ ਬਾਦਲ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਪੰਜਾਬ ਰਾਜ ਵਿਚੋਂ ਹਿਮਾਚਲ ਪ੍ਰਦੇਸ਼, ਉਤਰਾਂਚਲ ਅਤੇ ਜੰਮੂ ਕਸ਼ਮੀਰ ਰਾਜਾਂ ਵਿੱਚ ਇਨ੍ਹਾਂ ਰਾਜਾਂ ਨੂੰ ਕੇਂਦਰ ਸਰਕਾਰ ਦੁਆਰਾ ਟੈਕਸ ਤੋਂ ਛੋਟ ਅਤੇ ਹੋਰ ਸਹੂਲਤਾਂ ਦੇਣ ਕਾਰਨ ਤਬਦੀਲ ਹੋਏ ਉਦਯੋਗਿਕ ਯੂਨਿਟਾਂ ਦੀ ਗਿਣਤੀ ਕਿੰਨੀ ਹੈ ?

**ਕੈਪਟਨ ਅਮਰਿੰਦਰ ਸਿੰਘ** : ਰਿਕਾਰਡ ਅਨੁਸਾਰ ਪੰਜਾਬ ਰਾਜ ਵਿਚੋਂ ਪਿਛਲੇ ਤਿੰਨ ਸਾਲਾਂ ਦੌਰਾਨ ਕੋਈ ਵੀ ਇਕਾਈ ਹਿਮਾਚਲ ਪ੍ਰਦੇਸ਼, ਉਤਰਾਂਚਲ ਅਤੇ ਜੰਮੂ ਅਤੇ ਕਸ਼ਮੀਰ ਨੂੰ ਕੇਂਦਰ ਸਰਕਾਰ ਵੱਲੋਂ ਇਹਨਾਂ ਰਾਜਾਂ ਨੂੰ ਕਰ ਛੋਟ ਅਤੇ ਹੋਰ ਰਿਆਇਤਾਂ ਦੇਣ ਕਰਕੇ ਤਬਦੀਲ ਨਹੀਂ ਹੋਈ। ਲੇਕਿਨ ਕੁਝ ਮੌਜੂਦਾ ਇਕਾਈਆਂ ਆਪਣੇ ਐਕਸਪੈਨਸ਼ਨ ਪ੍ਰੋਜੈਕਟ ਹਿਮਾਚਲ ਪ੍ਰਦੇਸ਼ ਵਿਚ ਲਗਾ ਰਹੇ ਹਨ।

---

UNSTARRED QUESTIONS AND ANSWERS

## ਰਾਜ ਸਰਕਾਰ ਨੂੰ ਵਿਕਰੀ ਕਰ ਆਦਿ ਤੋਂ ਪ੍ਰਾਪਤ ਹੋਈ ਰਕਮ

137. **ਸ਼੍ਰੀ ਤਿਕਸ਼ਨ ਸੂਦ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵੱਖ-ਵੱਖ ਸਾਲਾਂ 1998-99 ਤੋਂ 2004-05 ਦੌਰਾਨ ਰਾਜ ਸਰਕਾਰ ਨੂੰ ਵਿਕਰੀ ਕਰ, ਮਨੋਰੰਜਨ ਕਰ ਅਤੇ ਆਬਕਾਰੀ ਡਿਊਟੀ ਤੋਂ ਸਾਲ-ਵਾਰ ਕਿੰਨੀ-ਕਿੰਨੀ ਰਕਮ ਪ੍ਰਾਪਤ ਹੋਈ ?

**ਸਰਦਾਰ ਸਰਦੂਲ ਸਿੰਘ** : ਸਾਲ 1998-99 ਤੋਂ 2004-05 ਦੌਰਾਨ ਰਾਜ ਸਰਕਾਰ ਨੂੰ ਵਿਕਰੀ ਕਰ, ਮਨੋਰੰਜਨ ਕਰ ਅਤੇ ਆਬਕਾਰੀ ਡਿਊਟੀ ਤੋਂ ਸਾਲ-ਵਾਰ ਹੇਠ ਲਿਖੇ ਅਨੁਸਾਰ ਰਕਮ ਪ੍ਰਾਪਤ ਹੋਈ ਹੈ :—

(ਰਕਮ ਕਰੋੜਾਂ ਵਿੱਚ)

| ਸਾਲ | ਵਿਕਰੀ ਕਰ | ਮਨੋਰੰਜਨ ਕਰ | ਆਬਕਾਰੀ ਡਿਊਟੀ | ਕੁੱਲ ਜੋੜ |
|---|---|---|---|---|
| | ਮਾਲੀਆ | ਮਾਲੀਆ | ਮਾਲੀਆ | ਮਾਲੀਆ |
| 1998-99 | 1483.23 | 8.90 | 119.01 | 1611.14 |
| 1999-00 | 1972.02 | 10.28 | 100.95 | 2083.25 |
| 2000-01 | 2637.91 | 11.51 | 95.49 | 2744.91 |
| 2001-02 | 2678.07 | 10.88 | 93.79 | 2782.74 |
| 2002-03 | 3073.90 | 10.24 | 92.80 | 3176.94 |
| 2003-04 | 3309.88 | 8.66 | 89.58 | 3408.12 |
| 2004-05 (31.1.05 ਤੱਕ) | 3303.85 | 5.37 | 96.61 | 3405.83 |

## "ਸ਼ਗਨ ਸਕੀਮ" ਤੇ ਕੀਤਾ ਗਿਆ ਖਰਚ

138. **ਸ਼੍ਰੀ ਤਿਕਸ਼ਨ ਸੂਦ** : ਕੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1997-98 ਤੋਂ 2001-02 ਤੱਕ ਸ਼ਗਨ ਸਕੀਮ ਤੇ ਕਿੰਨੀ ਰਕਮ ਖਰਚ ਕੀਤੀ ਗਈ ?

**ਸ਼੍ਰੀਮਤੀ ਗੁਰਕੰਵਲ ਕੌਰ** : ਸ਼ਗਨ ਸਕੀਮ ਤਹਿਤ ਸਾਲ 1997-98 ਤੋਂ 2001-02 ਤੱਕ 9571.85 ਲੱਖ ਰੁਪਏ (ਪਚਾਨਵੇ ਕਰੋੜ ਇਕੱਤਰ ਲੱਖ ਪਚਾਸੀ ਹਜ਼ਾਰ ਰੁਪਏ) ਖਰਚ ਕੀਤੇ ਗਏ ਹਨ।

---

## ਰਾਜ ਵਿੱਚ ਕਣਕ ਅਤੇ ਝੋਨੇ ਦੀ ਪੈਦਾਵਾਰ

139. **ਸ੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਾਲਾਂ 1998 ਤੋਂ 2004 ਤੱਕ ਦੇ ਦੌਰਾਨ ਕਣਕ ਅਤੇ ਝੋਨੇ ਦੀ ਵੱਖ-ਵੱਖ ਕੁੱਲ ਕਿੰਨੀ ਪੈਦਾਵਾਰ ਹੋਈ ?

**ਕੈਪਟਨ ਅਮਰਿੰਦਰ ਸਿੰਘ** : ਸਾਲ 1998 ਤੋਂ 2004 ਤੱਕ ਫਸਲ ਕਣਕ ਅਤੇ ਝੋਨੇ ਦੀ ਪੈਦਾਵਾਰ ਦਾ ਵੇਰਵਾ ਹੇਠਾਂ ਅਨੁਸਾਰ ਹੈ :—

(ਪੈਦਾਵਾਰ ਲੱਖ ਟਨਾਂ ਵਿੱਚ)

| ਸਾਲ | ਕਣਕ | ਝੋਨਾ |
|---|---|---|
| 1998-1999 | 144.60 | 118.49 |
| 1999-2000 | 159.10 | 130.10 |
| 2000-2001 | 155.51 | 136.63 |
| 2001-2002 | 154.99 | 131.59 |
| 2002-2003 | 141.75 | 132.55 |
| 2003-2004 | 144.89 | 144.11 |

## ਮਿਊਂਸਿਪਲ ਕੌਂਸਲ, ਹੁਸ਼ਿਆਰਪੁਰ ਦੁਆਰਾ ਚਲਾਏ ਜਾ ਰਹੇ ਟਿਊਬਵੈੱਲ

140. **ਸ੍ਰੀ ਤਿਕਸ਼ਨ ਸੂਦ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਊਂਸਿਪਲ ਕੌਂਸਿਲ, ਹੁਸ਼ਿਆਰਪੁਰ ਦੁਆਰਾ ਚਲਾਏ ਜਾ ਰਹੇ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਲਗਾਉਣ ਦੀਆਂ ਤਰੀਕਾਂ, ਸ਼ੁਰੂ ਵਿੱਚ ਪਾਣੀ ਦੀ ਨਿਕਾਸੀ ਅਤੇ ਇਸ ਸਮੇਂ ਪਾਣੀ ਦੀ ਨਿਕਾਸੀ ਕਿੰਨੀ ਹੈ ਅਤੇ ਇਸ ਦੀ ਲਾਗਤ ਕਿੰਨੀ ਹੈ ?

**ਚੌਧਰੀ ਜਗਜੀਤ ਸਿੰਘ** : ਇਸ ਸਮੇਂ ਨਗਰ ਕੌਂਸਲ ਹੁਸ਼ਿਆਰਪੁਰ ਵੱਲੋਂ 53 ਟਿਊਬਵੈੱਲ ਚਲਾਏ ਜਾ ਰਹੇ ਹਨ। ਇਨ੍ਹਾਂ ਨੂੰ ਲਗਾਉਣ ਦੀਆਂ ਤਰੀਕਾਂ, ਸ਼ੁਰੂ ਵਿੱਚ ਪਾਣੀ ਦੀ ਨਿਕਾਸੀ ਅਤੇ ਇਸ ਸਮੇਂ ਪਾਣੀ ਦੀ ਨਿਕਾਸੀ ਕਿੰਨੀ ਹੈ ਅਤੇ ਇਸ ਦੀ ਲਾਗਤ ਕਿੰਨੀ ਹੈ, ਨਾਲ ਨੱਥੀ ਅਨੁਲੱਗ ਵਿੱਚ ਦਿੱਤੀ ਗਈ ਹੈ।

[ਸਥਾਨਕ ਸਰਕਾਰ ਸੰਸਦੀ ਮਾਮਲੇ ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ]

ਅਨੁਲੱਗ

| ਲੜੀ ਨੰਬਰ ਅਤੇ ਟਿਊਬਵੈੱਲ ਦਾ ਨਾਂ | ਲਗਾਉਣ ਦੀ ਮਿਤੀ | ਸ਼ੁਰੂ ਵਿੱਚ ਪਾਣੀ ਦਾ ਡਿਸਚਾਰਜ | ਮੌਜੂਦਾ ਪਾਣੀ ਦਾ ਡਿਸਚਾਰਜ | ਟਿਊਬਵੈੱਲ ਲਗਾਉਣ ਦੀ ਕੀਮਤ |
|---|---|---|---|---|
| 1 | 2 | 3 | 4 | 5 |
| 1 ਊਨਾ ਰੋਡ | 1971 | 15000 ਜੀ.ਪੀ.ਐਚ. | 11645 ਜੀ.ਪੀ.ਐਚ. | ਇਹ ਟਿਊਬਵੈੱਲ ਸੀਵਰੇਜ਼ ਬੋਰਡ ਦੀ |
| 2 ਸ਼ਿਮਲਾ ਪਹਾੜੀ | 1963 | 12000 ਜੀ.ਪੀ.ਐਚ. | 7000 ਜੀ.ਪੀ.ਐਚ. | ਬਣਤਰ ਤੋਂ ਪਹਿਲਾਂ ਨਗਰ ਕੌਂਸਲ ਵਲੋਂ |
| 3 ਰੋਸ਼ਨ ਗਰਾਊਂਡ | 1969 | 22000 ਜੀ.ਪੀ.ਐਚ. | 20400 ਜੀ.ਪੀ.ਐਚ. | ਲਗਾਏ ਗਏ ਸਨ। |
| 4 ਪ੍ਰੇਮਗੜ੍ਹ ਨੰ: 1 | 1969 | 9000 ਜੀ.ਪੀ.ਐਚ. | 4788 ਜੀ.ਪੀ.ਐਚ. | |
| 5 ਸ਼ਾਮ ਗਲੀ | 1971 | 11400 ਜੀ.ਪੀ.ਐਚ. | 5800 ਜੀ.ਪੀ.ਐਚ. | ਸਾਲ 1990 ਵਿੱਚ ਅੱਗ ਲੱਗਣ ਕਾਰਣ |
| 6 ਹਰੀ ਬਾਬਾ ਮੰਦਿਰ | 1972 | 10800 ਜੀ.ਪੀ.ਐਚ. | 8800 ਜੀ.ਪੀ.ਐਚ. | ਇਹ ਰਿਕਾਰਡ ਉਪਲਬੰਧ ਨਹੀ ਹੈ। |
| 7 ਕੱਚੇ ਕੁਆਟਰ | 1975 | 21000 ਜੀ.ਪੀ.ਐਚ. | 17500 ਜੀ.ਪੀ.ਐਚ. | 2.16 ਲੱਖ |
| 8 ਸੂਤੇਹਰੀ ਰੋਡ | 1981 | 12000 ਜੀ.ਪੀ.ਐਚ. | 10500 ਜੀ.ਪੀ.ਐਚ. | 2.20 ਲੱਖ |
| 9 ਗੋਕਲ ਨਗਰ ਨੰ: 1 | 1978 | 15000 ਜੀ.ਪੀ.ਐਚ. | 9000 ਜੀ.ਪੀ.ਐਚ. | 2.06 ਲੱਖ |
| 10 ਪ੍ਰੇਮਗੜ੍ਹ ਨੰ: 2 | 1979 | 11400 ਜੀ.ਪੀ.ਐਚ. | 9896 ਜੀ.ਪੀ.ਐਚ. | 2.35 ਲੱਖ |
| 11 ਧੰਨਾ ਸਿੰਘ ਪਾਰਕ | 1978 | 10800 ਜੀ.ਪੀ.ਐਚ. | 9185 ਜੀ.ਪੀ.ਐਚ. | 2.26 ਲੱਖ |
| 12 ਰੇਲਵੇ ਮੰਡੀ | 1979 | 9280 ਜੀ.ਪੀ.ਐਚ. | 5150 ਜੀ.ਪੀ.ਐਚ. | 2.00 ਲੱਖ |
| 13 ਸੁੱਖੀਆਬਾਦ | 1980 | 21000 ਜੀ.ਪੀ.ਐਚ. | 16600 ਜੀ.ਪੀ.ਐਚ. | 2.10 ਲੱਖ |
| 14 ਸ਼ਿਵਪੁਰੀ | 1980 | 21000 ਜੀ.ਪੀ.ਐਚ. | 18000 ਜੀ.ਪੀ.ਐਚ. | 2.15 ਲੱਖ |
| 15 ਨਣੋਆਂ | 1980 | 22200 ਜੀ.ਪੀ.ਐਚ. | 15000 ਜੀ.ਪੀ.ਐਚ. | 2.30 ਲੱਖ |
| 16 ਟਿੱਬਾ ਸਾਹਿਬ | 1980 | 20000 ਜੀ.ਪੀ.ਐਚ. | 17400 ਜੀ.ਪੀ.ਐਚ. | 2.50 ਲੱਖ |

| 1 | 2 | 3 | 4 | 5 |
|---|---|---|---|---|
| 17 ਬਹਾਦਰਪੁਰ ਡੋਹਰਾ | 1981 | 18000 ਜੀ.ਪੀ.ਐਚ. | 12529 ਜੀ.ਪੀ.ਐਚ. | 2.35 ਲੱਖ |
| 18 ਊਧਮ ਸਿੰਘ ਪਾਰਕ | 1981 | 18000 ਜੀ.ਪੀ.ਐਚ. | 13862 ਜੀ.ਪੀ.ਐਚ. | 2.00 ਲੱਖ |
| 19 ਰੇਲਵੇ ਰੋਡ ਕੱਚਾ ਟੋਬਾ | 1981 | 15000 ਜੀ.ਪੀ.ਐਚ. | 11000 ਜੀ.ਪੀ.ਐਚ. | 2.15 ਲੱਖ |
| 20 ਫਤਿਹਗੜ੍ਹ ਰੋਡ | 1982 | 12000 ਜੀ.ਪੀ.ਐਚ. | 10000 ਜੀ.ਪੀ.ਐਚ. | 3.61 ਲੱਖ |
| 21 ਗੌਰਮਿੰਟ ਕਾਲਿਜ ਰੋਡ | 1982 | 12000 ਜੀ.ਪੀ.ਐਚ. | 7200 ਜੀ.ਪੀ.ਐਚ. | 3.81 ਲੱਖ |
| 22 ਸੁਖਦੇਵ ਨਗਰ ਬਸੀ ਖਵਾਜੂ | 1978 | 11400 ਜੀ.ਪੀ.ਐਚ. | 71000 ਜੀ.ਪੀ.ਐਚ. | 2.34 ਲੱਖ |
| 23 ਗੋਕਲ ਨਗਰ 2 | 1985 | 11000 ਜੀ.ਪੀ.ਐਚ. | 5348 ਜੀ.ਪੀ.ਐਚ. | 7.34 ਲੱਖ |
| 24 ਅਸਲਾਮਾਬਾਦ-1 | 1986 | 19080 ਜੀ.ਪੀ.ਐਚ. | 10000 ਜੀ.ਪੀ.ਐਚ. | 8.59 ਲੱਖ |
| 25 ਚੌਂਕ ਸੁਰਾਜਾ | 1986 | 16704 ਜੀ.ਪੀ.ਐਚ. | 9000 ਜੀ.ਪੀ.ਐਚ. | 3.75 ਲੱਖ |
| 26 ਸਕੀਮ ਨੰਬਰ 10 | 1987 | 12600 ਜੀ.ਪੀ.ਐਚ. | 8235 ਜੀ.ਪੀ.ਐਚ. | 5.75 ਲੱਖ |
| 27 ਬਸੀ ਜਾਨਾ | 1988 | 28800 ਜੀ.ਪੀ.ਐਚ. | 29600 ਜੀ.ਪੀ.ਐਚ. | 7.58 ਲੱਖ |
| 28 ਗਾਂਧੀ ਚੌਂਕ | 1991 | 21720 ਜੀ.ਪੀ.ਐਚ. | 15000 ਜੀ.ਪੀ.ਐਚ. | 8.72 ਲੱਖ |
| 29 ਨਈ ਆਬਾਦੀ-2 | 1991 | 21720 ਜੀ.ਪੀ.ਐਚ. | 2500 ਜੀ.ਪੀ.ਐਚ. | 8.60 ਲੱਖ |
| 30 ਡੀ.ਐਫ.ਓ. ਕੰਮਪਲੈਕਸ | 1991 | 21720 ਜੀ.ਪੀ.ਐਚ. | 10000 ਜੀ.ਪੀ.ਐਚ. | 6.83 ਲੱਖ |
| 31 ਬੰਸੀ ਨਗਰ | 1992 | 19080 ਜੀ.ਪੀ.ਐਚ. | 7000 ਜੀ.ਪੀ.ਐਚ. | 6.84 ਲੱਖ |
| 32 ਸੁਤੈਹਰੀ ਖੁਰਦ | 1992 | 18000 ਜੀ.ਪੀ.ਐਚ. | 8000 ਜੀ.ਪੀ.ਐਚ. | 6.84 ਲੱਖ |
| 33 ਫਤਿਹਗੜ੍ਹ ਰਹੀਮਪੁਰ ਰੋਡ | 1992 | 19080 ਜੀ.ਪੀ.ਐਚ. | 10000 ਜੀ.ਪੀ.ਐਚ. | 6.84 ਲੱਖ |
| 34 ਅਸਲਾਮਾਬਾਦ | 1992 | 21720 ਜੀ.ਪੀ.ਐਚ. | 10000 ਜੀ.ਪੀ.ਐਚ. | 6.84 ਲੱਖ |

[ਸਥਾਨਕ ਸਰਕਾਰ ਮੰਤਰੀ]

| 1 | 2 | 3 | 4 | 5 |
|---|---|---|---|---|
| 35 ਪ੍ਰਲਾਦ ਨਗਰ | 1982 | 14520 ਜੀ.ਪੀ.ਐਚ. | 10385 ਜੀ.ਪੀ.ਐਚ. | 3.66 ਲੱਖ |
| 36 ਟੈਗੋਰ ਨਗਰ | 1995 | 12510 ਜੀ.ਪੀ.ਐਚ. | 7000 ਜੀ.ਪੀ.ਐਚ. | 5.62 ਲੱਖ |
| 37 ਓਲਡ ਤਹਿਸੀਲ ਕੰਪਲੈਕਸ | 1995 | 10680 ਜੀ.ਪੀ.ਐਚ. | 4924 ਜੀ.ਪੀ.ਐਚ. | 9.37 ਲੱਖ |
| 38 ਹੀਰਾ ਕਲੋਨੀ | 1993 | 18600 ਜੀ.ਪੀ.ਐਚ. | 12044 ਜੀ.ਪੀ.ਐਚ. | 9.23 ਲੱਖ |
| 39 ਮਾਡਲ ਟਾਊਨ | 1996 | 8300 ਜੀ.ਪੀ.ਐਚ. | 10000 ਜੀ.ਪੀ.ਐਚ. | 9.95 ਲੱਖ |
| 40 ਗ੍ਰੀਨਵਿਊ ਪਾਰਕ | 1999 | 18000 ਜੀ.ਪੀ.ਐਚ. | 10000 ਜੀ.ਪੀ.ਐਚ. | 7.00 ਲੱਖ |
| 41 ਰਵੀਦਾਸ ਨਗਰ | 1999 | 18600 ਜੀ.ਪੀ.ਐਚ. | 11000 ਜੀ.ਪੀ.ਐਚ. | 9.00 ਲੱਖ |
| 42 ਜਗਤਪੁਰਾ | 2001 | 14880 ਜੀ.ਪੀ.ਐਚ. | 10000 ਜੀ.ਪੀ.ਐਚ. | 7.50 ਲੱਖ |
| 43 ਪਿਪਲਾਂਵਾਲਾ | 2001 | 19080 ਜੀ.ਪੀ.ਐਚ. | 19646 ਜੀ.ਪੀ.ਐਚ. | 10.00 ਲੱਖ |
| 44 ਕਿਰਤੀ ਨਗਰ | 2002 | 20000 ਜੀ.ਪੀ.ਐਚ. | 18000 ਜੀ.ਪੀ.ਐਚ. | 6.80 ਲੱਖ |
| 45 ਫਤਿਹਗੜ੍ਹ | 2002 | 20000 ਜੀ.ਪੀ.ਐਚ. | 19000 ਜੀ.ਪੀ.ਐਚ. | 6.80 ਲੱਖ |
| 46 ਗੌਤਮ ਨਗਰ | 2002 | 21600 ਜੀ.ਪੀ.ਐਚ. | 12000 ਜੀ.ਪੀ.ਐਚ. | 6.80 ਲੱਖ |
| 47 ਇਨਡੋਰ ਸਟੇਡੀਅਮ | 2002 | 21600 ਜੀ.ਪੀ.ਐਚ. | 12000 ਜੀ.ਪੀ.ਐਚ. | 6.80 ਲੱਖ |
| 48 ਨਲੋਈਆਂ ਚੌਂਕ | 2002 | 21600 ਜੀ.ਪੀ.ਐਚ. | 18000 ਜੀ.ਪੀ.ਐਚ. | 6.80 ਲੱਖ |
| 49 ਮਾਡਲ ਟਾਊਨ ਨੀਅਰ ਪ੍ਰੈਜੀਡੈਂਸੀ | 2002 | 27600 ਜੀ.ਪੀ.ਐਚ. | 22000 ਜੀ.ਪੀ.ਐਚ. | 6.65 ਲੱਖ |
| 50 ਨਈ ਅਬਾਦੀ-1 | — | 13000 ਜੀ.ਪੀ.ਐਚ. | 6399 ਜੀ.ਪੀ.ਐਚ. | 8.82 ਲੱਖ |
| 51 ਰੂਪ ਨਗਰ | 2004 | 14880 ਜੀ.ਪੀ.ਐਚ. | 13000 ਜੀ.ਪੀ.ਐਚ. | 6.80 ਲੱਖ |
| 52 ਮਾਡਲ ਕਾਲੋਨੀ | 2004 | 14880 ਜੀ.ਪੀ.ਐਚ. | 13000 ਜੀ.ਪੀ.ਐਚ. | 9.80 ਲੱਖ |
| 53 ਕਮੇਟੀ ਚੌਂਕ | 2004 | 22000 ਜੀ.ਪੀ.ਐਚ. | 21000 ਜੀ.ਪੀ.ਐਚ. | 6.80 ਲੱਖ |

## ਰਾਜ ਵਿੱਚ ਪ੍ਰਤੀ ਵਿਅਕਤੀ ਆਮਦਨ

161. **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2001-02, 2002-03, 2003-04 ਅਤੇ 2004-05 ਦੇ ਦੌਰਾਨ ਰਾਜ ਵਿੱਚ ਪ੍ਰਤੀ ਵਿਅਕਤੀ ਆਮਦਨ ਕਿੰਨੀ-ਕਿੰਨੀ ਸੀ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਤੇ ਦੇਸ਼ ਵਿੱਚ ਹੋਰਨਾਂ ਰਾਜਾਂ ਦੇ ਮੁਕਾਬਲੇ ਰਾਜ ਦੀ ਮੌਜੂਦਾ ਸਥਿਤੀ ਕੀ ਹੈ ?

**ਸ਼੍ਰੀ ਸੁਰਿੰਦਰ ਸਿੰਗਲਾ** : ਪੰਜਾਬ ਰਾਜ ਵਿੱਚ ਸਾਲ 2001-02 ਤੋਂ 2004-05 ਤੱਕ ਪ੍ਰਤੀ ਵਿਅਕਤੀ ਆਮਦਨ ਦਾ ਵੇਰਵਾ ਅਤੇ ਪੰਜਾਬ ਰਾਜ ਦੀ ਪ੍ਰਤੀ ਵਿਅਕਤੀ ਆਮਦਨ ਦੀ ਸਥਿਤੀ ਦੂਜੇ ਰਾਜਾਂ ਦੇ ਮੁਕਾਬਲੇ ਹੇਠ ਲਿਖੇ ਅਨੁਸਾਰ ਹੈ :

| ਸਾਲ | ਪ੍ਰਤੀ ਵਿਅਕਤੀ ਆਮਦਨ ਸਥਿਰ ਕੀਮਤਾਂ (1993-94) ਤੇ ਰੁਪਿਆ ਵਿੱਚ | ਰਾਜ ਦੀ ਸਥਿਤੀ |
|---|---|---|
| 2001-02 (ਸੋਧੇ ਅਨੁਮਾਨ) | 15195 | ਤੀਜੀ |
| 2002-03 (ਪ੍ਰੋਵੀਜ਼ਨਲ ਅਨੁਮਾਨ) | 15264 | ਚੌਥੀ |
| 2003-04 (ਤੁਰੰਤ ਅਨੁਮਾਨ) | 15800 | ਉਪਲਬਧ ਨਹੀਂ |
| 2004-05 (ਐਡਵਾਂਸ ਅਨੁਮਾਨ) | 16121 | ਉਪਲਬਧ ਨਹੀਂ |

## ਮਨੋਰੰਜਨ ਕਰ ਤੋਂ ਛੋਟ ਦਿੱਤੀਆਂ ਗਈਆਂ ਪੰਜਾਬੀ ਫਿਲਮਾਂ

162. **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਜਾਰੀ ਕੀਤੀਆਂ ਗਈਆਂ ਪੰਜਾਬੀ ਫਿਲਮਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਰਾਜ ਸਰਕਾਰ ਦੁਆਰਾ ਮਨੋਰੰਜਨ ਕਰ ਤੋਂ ਛੋਟ ਦਿੱਤੀ ਗਈ ਹੈ।

**ਸਰਦਾਰ ਸਰਦੂਲ ਸਿੰਘ** : ਇਸ ਵਿਭਾਗ ਵਿਚ ਸਾਲ ਦੌਰਾਨ ਰਿਲੀਜ਼ ਹੋਈਆਂ ਪੰਜਾਬੀ ਫਿਲਮਾਂ ਦੀ ਗਿਣਤੀ ਬਾਰੇ ਕੋਈ ਸੂਚਨਾ ਪ੍ਰਾਪਤ ਨਹੀਂ ਹੁੰਦੀ। ਇਸ ਵਿਭਾਗ ਕੋਲ ਕੇਵਲ ਉਹਨਾਂ ਫਿਲਮਾਂ ਦੀ ਸੂਚਨਾ ਹੁੰਦੀ ਹੈ ਜਿਹਨਾਂ ਲਈ ਮਨੋਰੰਜਨ ਕਰ ਤੋਂ ਛੋਟ ਲੈਣ ਬਾਰੇ ਐਪਲੀਕੇਸ਼ਨਾਂ ਦਿੱਤੀਆਂ ਹੁੰਦੀਆਂ ਹਨ। ਸਬੰਧਤ ਸੂਚਨਾ ਪੰਜਾਬ ਦੇ ਮੁੱਖ ਫਿਲਮ ਡਿਸਟਰੀਬਿਊਟਰਜ਼ ਤੋਂ ਪ੍ਰਾਪਤ ਕੀਤੀ ਗਈ ਹੈ। ਇਸ ਸੂਚਨਾ ਅਨੁਸਾਰ ਪਿਛਲੇ ਤਿੰਨ ਸਾਲਾਂ ਦੌਰਾਨ ਅੱਠ ਪੰਜਾਬੀ ਫਿਲਮਾਂ ਰਿਲੀਜ਼ ਹੋਈਆਂ ਹਨ ਜਿਨ੍ਹਾਂ ਵਿਚੋਂ ਰਾਜ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਕੇਵਲ ਤਿੰਨ ਫਿਲਮਾਂ ਨੂੰ ਹੀ ਮਨੋਰੰਜਨ ਕਰ ਤੋਂ ਛੋਟ ਦਿੱਤੀ ਹੈ ਜਿਨ੍ਹਾਂ ਦੇ ਨਾਮ "ਖਾਲਸਾ ਮੇਰੋ ਰੂਪ ਹੈ ਖਾਸ", "ਪਿੰਡ ਦੀ ਕੁੜੀ" ਅਤੇ "ਦੇਸ ਹੋਇਆ ਪ੍ਰਦੇਸ" ਹਨ।

## ਰਾਜ ਵਿੱਚ ਇੰਜੀਨੀਅਰਿੰਗ ਕਾਲਜਾਂ ਦੀ ਗਿਣਤੀ

163. **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਇੰਜੀਨੀਅਰਿੰਗ ਕਾਲਜਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਹਰ ਇਕ ਕਾਲਜ ਵਿੱਚ ਸੀਟਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਖਾਲੀ ਪਈਆਂ ਸੀਟਾਂ ਦੀ ਗਿਣਤੀ ਕਿੰਨੀ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਰਾਜ ਵਿੱਚ ਇਸ ਸਮੇਂ 45 ਇੰਜੀਨੀਅਰਿੰਗ ਕਾਲਜ ਚੱਲ ਰਹੇ ਹਨ ਅਤੇ ਇਹਨਾਂ ਵਿੱਚ ਪ੍ਰਵਾਨਤ ਸੀਟਾਂ ਦੀ ਗਿਣਤੀ ਅਤੇ ਖਾਲੀ ਸੀਟਾਂ ਦੀ ਗਿਣਤੀ ਹੇਠ ਅਨੁਸਾਰ ਹੈ : -

| ਕ੍ਰਮ ਸੰਖ. | ਕਾਲਜ ਦਾ ਨਾਂ | ਕੁੱਲ ਸੀਟਾਂ | ਖਾਲੀ ਸੀਟਾਂ |
|---|---|---|---|
| 1 | ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੌਜੀ, ਪਟਿਆਲਾ। (ਡੀਮਡ ਯੂਨੀਵਰਸਿਟੀ) | 370 | 000 |
| 2 | ਡਾ: ਬੀ.ਆਰ. ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੌਜੀ, ਜਲੰਧਰ। (ਡੀਮਡ ਯੂਨੀਵਰਸਿਟੀ) | 345 | 089 |
| 3 | ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੌਜੀ, ਲੌਂਗੋਵਾਲ। (ਭਾਰਤ ਸਰਕਾਰ ਤੋਂ ਸਹਾਇਤਾ ਪ੍ਰਾਪਤ) | 320 | 033 |
| 4 | ਗਿਆਨੀ ਜ਼ੈਲ ਸਿੰਘ ਕਾਲਜ ਆਫ਼ ਇੰਜੀ: ਅਤੇ ਟੈਕ:, ਬਠਿੰਡਾ। (ਗੌਰਮਿੰਟ ਪ੍ਰੋਮੋਟਿਡ ਇੰਜੀਨੀਅਰਿੰਗ ਕਾਲਜ) | 310 | 019 |
| 5 | ਸ਼ਹੀਦ ਭਗਤ ਸਿੰਘ ਕਾਲਜ ਆਫ ਇੰਜੀ: ਅਤੇ ਟੈਕ:, ਫਿਰੋਜ਼ਪੁਰ। (ਗੌਰਮਿੰਟ ਪ੍ਰੋਮੋਟਿਡ ਇੰਜੀਨੀਅਰਿੰਗ ਕਾਲਜ) | 350 | 083 |
| 6 | ਬੇਅੰਤ ਕਾਲਜ ਆਫ ਇੰਜੀ: ਅਤੇ ਟੈਕ:, ਗੁਰਦਾਸਪੁਰ। (ਗੌਰਮਿੰਟ ਪ੍ਰੋਮੋਟਿਡ ਇੰਜੀਨੀਅਰਿੰਗ ਕਾਲਜ) | 300 | 053 |
| 7 | ਮਲੋਟ ਇੰਸ: ਆਫ ਮੈਨੇਜਮੈਂਟ ਅਤੇ ਇੰਜ: ਟੈਕ:, ਮਲੋਟ। (ਗੌਰਮਿੰਟ ਪ੍ਰੋਮੋਟਿਡ ਇੰਜੀਨੀਅਰਿੰਗ ਕਾਲਜ) | 240 | 008 |

| ਕ੍ਰਮ ਸੰਖ. | ਕਾਲਜ ਦਾ ਨਾਂ | ਕੁੱਲ ਸੀਟਾਂ | ਖਾਲੀ ਸੀਟਾਂ |
|---|---|---|---|
| 8 | ਆਦੇਸ਼ ਇੰਸ: ਆਫ ਇੰਜ: ਅਤੇ ਟੈਕ:, ਫਰੀਦਕੋਟ। | 300 | 180 |
| 9 | ਅੰਮ੍ਰਿਤਸਰ ਕਾਲਜ ਆਫ ਇੰਜੀ: ਅਤੇ ਟੈਕ:, ਅੰਮ੍ਰਿਤਸਰ | 360 | 122 |
| 10 | ਬਾਬਾ ਬੰਦਾ ਸਿੰਘ ਬਹਾਦਰ ਇੰਜੀ: ਕਾਲਜ, ਫਤਿਹਗੜ੍ਹ ਸਾਹਿਬ। | 360 | 025 |
| 11 | ਬਾਬਾ ਕੁਮਾ ਸਿੰਘ ਜੀ ਇੰਜੀ: ਕਾਲਜ, ਗੁਰੂਦੁਆਰਾ ਗੁਰੂ ਸਰ ਸਤਲਾਨੀ ਸਾਹਿਬ, ਵੀ.ਪੀ.ਓ. ਹੁਸ਼ਿਆਰਪੁਰ ਨਗਰ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ | 240 | 165 |
| 12 | ਭਾਈ ਗੁਰਦਾਸ ਇੰਸ: ਆਫ ਇੰਜ: ਅਤੇ ਟੈਕ:, ਪਟਿਆਲਾ ਰੋਡ, ਸੰਗਰੂਰ। | 360 | 209 |
| 13 | ਭਾਈ ਮਹਾਂ ਸਿੰਘ ਕਾਲਜ ਆਫ ਇੰਜ: ਅਤੇ ਟੈਕ:, ਕੋਟਕਪੂਰਾ ਰੋਡ, ਮੁਕਤਸਰ। | 360 | 320 |
| 14 | ਭੂਟਾ ਕਾਲਜ ਆਫ ਇੰਜੀ: ਅਤੇ ਟੈਕ:, ਵੀ.ਪੀ.ਓ., ਭੂਟਾ, ਜ਼ਿਲ੍ਹਾ ਲੁਧਿਆਣਾ। | 300 | 169 |
| 15 | ਸੀ.ਟੀ. ਇੰਸਟੀਚਿਊਟ ਆਫ ਇੰਜ: ਅਤੇ ਟੈਕ:, ਪਿੰਡ: ਸ਼ਾਹਪੁਰ, ਜ਼ਿਲ੍ਹਾ ਜਲੰਧਰ। | 240 | 165 |
| 16 | ਚੰਡੀਗੜ੍ਹ ਇੰਜੀਨੀਅਰਿੰਗ ਕਾਲਜ, ਲਾਂਡਰਾ, ਮੋਹਾਲੀ। | 360 | 016 |
| 17 | ਚਿੱਤਕਾਰਾ ਇੰਸ: ਆਫ ਇੰਜ: ਅਤੇ ਟੈਕ:, ਪਿੰਡ: ਜਾਂਸਲਾ, ਤਹਿ: ਰਾਜਪੁਰਾ, ਪਟਿਆਲਾ। | 360 | 036 |
| 18 | ਕਾਲਜ ਆਫ ਇੰਜੀਨੀਅਰਿੰਗ ਅਤੇ ਮੈਨੇਜਮੈਂਟ, 5 ਕਿ.ਮੀ. ਸਟੋਨ, ਗੋਇੰਦਵਾਲ ਰੋਡ, ਕਪੂਰਥਲਾ। | 300 | 270 |
| 19 | ਡੀ.ਏ.ਵੀ. ਇੰਸ: ਆਫ ਇੰਜ: ਅਤੇ ਟੈਕ:, ਕਬੀਰ ਨਗਰ, ਜਲੰਧਰ। | 420 | 055 |
| 20 | ਦੇਸ਼ ਭਗਤ ਕਾਲਜ ਆਫ ਇੰਜੀਨੀਅਰਿੰਗ, ਅਮਲੋਹ ਰੋਡ, ਮੰਡੀ ਗੋਬਿੰਦਗੜ੍ਹ। | 240 | 180 |
| 21 | ਜੀ.ਜੀ.ਐਸ. ਕਾਲਜ ਆਫ ਮਾਡਰਨ ਟੈਕਨਾਲੋਜੀ, ਖਰੜ, ਜ਼ਿਲ੍ਹਾ ਰੂਪਨਗਰ। | 300 | 210 |

[ਉਪ ਮੁੱਖ ਮੰਤਰੀ]

| ਕ੍ਰਮ ਸੰਖ. | ਕਾਲਜ ਦਾ ਨਾਂ | ਕੁੱਲ ਸੀਟਾਂ | ਖਾਲੀ ਸੀਟਾਂ |
|---|---|---|---|
| 22 | ਗੁਰੂ ਗੋਬਿੰਦ ਸਿੰਘ ਕਾਲਜ ਆਫ ਇੰਜ: ਅਤੇ ਟੈਕ:, ਤਲਵੰਡੀ ਸਾਬੋ, ਬਠਿੰਡਾ। | 330 | 269 |
| 23 | ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ। | 390 | 002 |
| 24 | ਗੁਰੂ ਤੇਗ ਬਹਾਦਰ ਖਾਲਸਾ ਇੰਸ: ਆਫ ਇੰਜ: ਅਤੇ ਟੈਕ:, ਛਾਪਿਆਂਵਾਲੀ, ਮਲੋਟ। | 360 | 292 |
| 25 | ਆਈ.ਆਈ.ਟੀ.ਟੀ. ਕਾਲਜ ਆਫ਼ ਇੰਜ: ਅਤੇ ਟੈਕ:, ਨਵਾਂ ਸ਼ਹਿਰ, ਪੋਜੇਵਾਲ। | 270 | 200 |
(ਅ) ਪੰਜਾਬ ਰਾਜ ਵਿਚ ਪਹਿਲਾਂ ਇੱਟਾਂ ਦੀ ਕੋਈ ਘਾਟ ਨਹੀਂ ਸੀ ਅਤੇ ਕੀਮਤਾਂ ਵੀ ਸਥਿਰ ਸਨ, ਪਰੰਤੂ ਮਿੱਟੀ ਵਿਚ 25 ਪ੍ਰਤੀਸ਼ਤ ਫਲਾਈ ਐਸ਼ ਮਿਲਾ ਕੇ ਇੱਟਾਂ ਤਿਆਰ ਕਰਨ ਲਈ ਭਾਰਤ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਨੋਟੀਫਿਕੇਸ਼ਨਾਂ ਅਤੇ ਮਾਨਯੋਗ ਦਿੱਲੀ ਹਾਈ ਕੋਰਟ ਵਿਚ ਫਲਾਈ ਐਸ਼ ਸਬੰਧੀ ਲੋਕ ਹਿੱਤ ਵਿਚ ਦਾਇਰ ਕੀਤੀ ਗਈ ਸਿਵਲ ਰਿੱਟ ਪਟੀਸ਼ਨ ਨੰ: 2145/1999, ਵਿਚ ਹੋਏ ਫੈਸਲੇ ਵਿਰੁੱਧ ਭੱਠਾ ਮਾਲਕਾਂ ਵੱਲੋਂ ਕੀਤੀ ਗਈ ਹੜਤਾਲ ਕਾਰਣ ਇੱਟਾਂ ਦੀ ਸਪਲਾਈ ਵਿਚ ਕਮੀ ਆਈ ਸੀ ਅਤੇ ਕੀਮਤਾਂ ਵਿਚ ਵਾਧਾ ਹੋਇਆ ਸੀ, ਜਿਸ ਤੇ ਕਾਬੂ ਪਾਉਣ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਸਨ ਕਿ ਭੱਠਾ ਮਾਲਕਾਂ ਵੱਲੋਂ ਇੱਟਾਂ ਦੀ ਸੇਲ ਤੇ ਕਰੜੀ ਨਿਗਰਾਨੀ ਰੱਖੀ ਜਾਵੇ । ਭੱਠਾ ਮਾਲਕਾਂ ਦੁਆਰਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੇ ਗਏ ਕੇਸ ਤੇ ਮਾਨਯੋਗ ਅਦਾਲਤ ਵੱਲੋਂ ਭੱਠਾ ਮਾਲਕਾਂ ਦੇ ਹੱਕ ਵਿਚ ਅੰਤਰਿਮ ਹੁਕਮ ਜਾਰੀ ਕਰਨ ਦੇ ਸਨਮੁੱਖ ਭੱਠੇ ਚੱਲ ਪਏ ਹਨ । ਇਸ ਲਈ ਇੱਟਾਂ ਦੀ ਕਮੀ ਅਤੇ ਕੀਮਤਾਂ ਵਿਚ ਸੁਧਾਰ ਆ ਰਿਹਾ ਹੈ ।

**ਸਰਦਾਰ ਸੋਹਨ ਸਿੰਘ ਠੰਡਲ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਇੱਟਾਂ ਦੇ ਭੱਠਿਆਂ ਦੀ ਹੜਤਾਲ ਹੋਈ ਸੀ ਉਹ ਕਿੰਨਾ ਸਮਾਂ ਚੱਲੀ ਅਤੇ ਉਹ ਹੜਤਾਲ ਖਤਮ ਹੋਣ ਤੋਂ ਬਾਅਦ ਕਿੰਨੇ ਇੱਟਾਂ ਦੇ ਭੱਠੇ ਚਾਲੂ ਹੋ ਗਏ ਹਨ ?

**ਮੰਤਰੀ :** ਸਪੀਕਰ ਸਾਹਿਬ, ਹੜਤਾਲ ਪੰਜਾਬ ਵਿੱਚ ਸਤੰਬਰ, 2004 ਦੇ ਮਹੀਨੇ ਵਿੱਚ ਹੋਈ ਸੀ । ਉਦੋਂ ਸਰਦੀਆਂ ਦਾ ਸੀਜ਼ਨ ਸੀ । ਹੁਣ ਭੱਠੇ ਚੱਲ ਪਏ ਹਨ

[ਖੁਰਾਕ ਅਤੇ ਸਪਲਾਈਜ਼ ਮੰਤਰੀ]

ਪਰ ਅਜੇ ਵੀ ਇੰਨੇ ਭੱਠੇ ਨਹੀਂ ਚੱਲੇ ਕਿਉਂਕਿ ਬਾਰਸ਼ ਹੁੰਦੀ ਰਹੀ ਹੈ । ਬਾਰਸ਼ ਕਰਕੇ ਭੱਠੇ ਖਾਸ ਨਹੀਂ ਚਲੇ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬਲੈਕ ਵਿੱਚ ਇੱਟਾਂ ਵਿੱਕ ਰਹੀਆਂ ਹਨ, ਉਸ ਚੀਜ਼ ਨੂੰ ਖਤਮ ਕਰਨ ਲਈ, ਕੀ ਇਹ ਇੱਟਾਂ ਦੀ ਉਪਰਲੀ ਪ੍ਰਾਈਸ ਲਿਮਿਟ ਕੋਈ ਮੁਕਰਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਕ ਕਮੇਟੀ ਕਾਂਸਟੀਚਿਊਟ ਹੋਈ ਸੀ । ਉਸ ਦਾ ਮੈਨੂੰ ਚੇਅਰਮੈਨ ਬਣਾਇਆ ਗਿਆ ਸੀ । ਮੈਂ ਭੱਠਾਂ ਮਾਲਕਾਂ ਨਾਲ ਵੀ ਮੀਟਿੰਗ ਕੀਤੀ ਸੀ ਕਿ ਜਿਹੜੀ ਪ੍ਰਾਈਸ ਹੈ ਉਸ ਨੂੰ ਨਾ ਵਧਾਇਆ ਜਾਵੇ । ਇਸ ਵਿੱਚ ਇਹ ਜ਼ਰੂਰ ਹੈ ਕਿ ਭੱਠਿਆਂ ਤੇ ਇੱਟਾਂ ਦੀ ਪ੍ਰਾਈਸ ਵਧੀ ਸੀ ਔਰ ਉਨ੍ਹਾਂ ਨਾਲ ਗਲਬਾਤ ਕਰਕੇ ਉਸ ਪ੍ਰਾਈਸ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿਉਂਕਿ ਗੌਰਮਿੰਟ ਕੋਲ ਹੁਣ ਕੋਈ ਕੰਟਰੋਲ ਨਹੀਂ ਹੈ ਜਿਹੜਾ ਉਨ੍ਹਾਂ ਤੇ ਕੋਈ ਕਾਨੂੰਨ ਲੱਗ ਸਕੇ । ਅੱਗੇ ਕੋਲਾ ਹੁੰਦਾ ਸੀ ਉਹ ਰਿਜ਼ਰਵ ਪ੍ਰਾਈਸ ਤੇ ਹੁੰਦਾ ਸੀ । ਡਿਪਟੀ ਕਮਿਸ਼ਨਰ ਕੋਲ ਉਸ ਦਾ ਕੰਟਰੋਲ ਹੁੰਦਾ ਸੀ । ਹੁਣ ਉਹ ਕੰਟਰੋਲ ਨਹੀਂ ਹੈ । ਉਸ ਤਰ੍ਹਾਂ ਸਖ਼ਤੀ ਕੀਤੀ ਹੈ ਤਾਂ ਕਿ ਕੰਜ਼ਿਊਮਰ ਨੂੰ ਕੋਈ ਮੁਸ਼ਕਲ ਨਾ ਆਵੇ ਜਿਸ ਨਾਲ ਇੱਟਾਂ ਵਧੇਰੇ ਕੀਮਤ ਤੇ ਵਿਕਣ ।

**ਸਰਦਾਰ ਸੋਹਨ ਸਿੰਘ ਠੰਡਲ** : ਸਪੀਕਰ ਸਾਹਿਬ,ਕਿਉਂਕਿ ਲਗਭਗ 8 ਮਹੀਨੇ ਭੱਠੇ ਬੰਦ ਰਹੇ ਹਨ ਅਤੇ ਭੱਠਿਆਂ ਦਾ ਕੰਮ ਸੀਜ਼ਨ ਵਿਚ ਸਾਲ ਵਿਚ 8-9 ਮਹੀਨੇ ਹੀ ਰਹਿੰਦਾ ਹੈ । ਇਸ ਦਾ ਮਤਲਬ ਇਕ ਪੂਰਾ ਸੀਜਨ ਭੱਠੇ ਨਹੀਂ ਚੱਲੇ । ਇੱਟਾਂ ਸਰਕਾਰੀ ਕੰਮਾਂ ਲਈ ਵੀ ਚਾਹੀਦੀਆਂ ਹਨ, ਖਾਸ ਕਰਕੇ ਪੰਚਾਇਤਾਂ ਨੂੰ ਅਤੇ ਆਮ ਲੋਕਾਂ ਨੂੰ ਵੀ ਆਪਣੇ ਕੰਮਾਂ ਲਈ ਚਾਹੀਦੀਆਂ ਹਨ । ਅੱਜ ਮਾਰਕੀਟ ਵਿਚ ਮਨਮਰਜ਼ੀ ਦਾ ਰੇਟ ਲਗਾਇਆ ਜਾ ਰਿਹਾ ਹੈ । ਕੀ ਮੰਤਰੀ ਜੀ ਦੱਸਣਗੇ ਕਿ ਹੜਤਾਲ ਤੋਂ ਪਹਿਲਾਂ ਇੱਟਾਂ ਦਾ ਰੇਟ ਕੀ ਸੀ ਅਤੇ ਹੁਣ ਕੀ ਰੇਟ ਚਲ ਰਿਹਾ ਹੈ ? ਕੀ ਸਰਕਾਰ ਰੇਟਾਂ ਨੂੰ ਕੰਟਰੋਲ ਕਰਨ ਲਈ ਕੋਈ ਉਪਰਾਲੇ ਕਰੇਗੀ ?

**ਮੰਤਰੀ** : ਪਹਿਲਾਂ ਇੱਟਾਂ 1,600 ਰੁਪਏ ਪ੍ਰਤੀ ਹਜ਼ਾਰ ਵਿਕਦੀਆਂ ਸਨ । ਬਾਅਦ ਵਿਚ ਰੇਟ 2100-2200 ਰੁਪਏ ਤੱਕ ਚਲਾ ਗਿਆ ਸੀ । ਮੈਂਬਰ ਸਾਹਿਬ

ਸਹੀ ਫੁਰਮਾਉਂਦੇ ਹਨ ਕਿ ਇੱਟਾਂ ਦੇ ਭਾਅ ਵੱਧ ਗਏ ਹਨ । ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ । ਅਸੀਂ ਭੱਠਿਆਂ ਦੀ ਫਿਜੀਕਲ ਵੈਰੀਫਿਕੇਸ਼ਨ ਵੀ ਕੀਤੀ ਹੈ । ਵਿਭਾਗ ਨੇ ਵੀ ਸਖ਼ਤੀ ਕੀਤੀ ਹੈ । ਹੁਣ ਜਿਤਨੇ ਭੱਠੇ ਚਾਲੂ ਹੋਣੇ ਚਾਹੀਦੇ ਸਨ, ਉਤਨੇ ਨਹੀਂ ਚੱਲੇ । ਕਿਉਂਜੋ ਜਿਹੜੀ ਸਟੇਅ ਹੈ ਉਹ ਇਨਟੈਰਿਮ ਹੈ ਅਤੇ 31-3-2005 ਤੱਕ ਹੀ ਹੈ । ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਭੱਠੇ ਚੱਲਣ ਅਤੇ ਇੱਟਾਂ ਸਹੀ ਰੇਟ ਤੇ ਮਿਲਣ ।

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੰਚਾਇਤਾਂ ਇੱਟਾਂ ਲੈਂਦੀਆਂ ਹਨ, ਭੱਠੇ ਵਾਲੇ ਉਨ੍ਹਾਂ ਨੂੰ 2,000 ਰੁਪਏ ਪ੍ਰਤੀ ਹਜ਼ਾਰ ਦਿੰਦੇ ਹਨ । ਪਰ ਜਦੋਂ ਪੰਚਾਇਤਾਂ ਨੂੰ ਆਪਣੀ ਗਰਾਂਟ ਦਾ ਵੇਰਵਾ ਦੇਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਸਰਕਾਰੀ ਰੇਟਾਂ ਅਨੁਸਾਰ 1,400 ਰੁਪਏ ਪ੍ਰਤੀ ਹਜ਼ਾਰ ਦੇ ਬਿੱਲ ਦੇਣੇ ਪੈਂਦੇ ਹਨ । ਕੀ ਮੰਤਰੀ ਜੀ ਇਸ ਵੱਲ ਧਿਆਨ ਦੇਣਗੇ ਕਿ ਜਿਤਨੇ ਰੇਟ ਤੇ ਉਹ ਇੱਟਾਂ ਲੈਂਦੇ ਹਨ, ਉਸੇ ਰੇਟ ਦੇ ਹਿਸਾਬ ਨਾਲ ਹੀ ਭੱਠਿਆਂ ਦੇ ਰੇਟ ਫਿਕਸ ਕੀਤੇ ਜਾਣ ।

**ਮੰਤਰੀ** : ਸਪੀਕਰ ਸਾਹਿਬ, ਡਿਪਾਰਟਮੈਂਟਲ ਕਮੇਟੀਆਂ ਬਣੀਆਂ ਹੁੰਦੀਆਂ ਹਨ ਅਤੇ ਉਹੀ ਟੈਂਡਰ ਲੈਂਦੀਆਂ ਹਨ । ਇਸ ਵਿਚ ਫੂਡ ਐਂਡ ਸਪਲਾਈ ਮਹਿਕਮੇ ਦੀ ਕੋਈ ਖਾਸ ਇੰਟਰਫੀਅਰੈਂਸ ਨਹੀਂ ਹੁੰਦੀ । ਜਿੰਨੇ ਰੇਟ ਤੇ ਉਹ ਟੈਂਡਰ ਕਾਲ ਕਰਦੇ ਹਨ, ਟੈਂਡਰ ਵਿਚ ਇੱਟਾਂ ਦੇ ਰੇਟ ਆਉਂਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਸ ਰੇਟ ਨੂੰ ਧਿਆਨ ਵਿਚ ਰੱਖਣ । ਜੇਕਰ ਉਹ ਇਸ ਤਰ੍ਹਾਂ ਨਹੀਂ ਕਰਦੀਆਂ ਤਾਂ ਇਹ ਸਾਡੇ ਧਿਆਨ ਵਿਚ ਲਿਆਉਣ, ਅਸੀਂ ਪੂਰੀ ਸਖਤੀ ਕਰਾਂਗੇ ।

-------

## ਰਾਜ ਵਿਚ ਅਧਿਆਪਕਾਂ ਤੋਂ ਬਿਨਾਂ ਐਲੀਮੈਂਟਰੀ ਸਕੂਲ

*1094. **ਸ਼੍ਰੀ ਤਰਲੋਚਨ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਅਧਿਆਪਕਾਂ ਤੋਂ ਬਿਨ੍ਹਾਂ ਸਰਕਾਰੀ ਐਲੀਮੈਂਟਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿ ਤੀ ਕਿੰਨੀ ਹੈ ਅਤੇ ਅਜਿਹੇ ਬਦਲਵੇਂ ਤਰੀਕਿਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਦੁਆਰਾ ਇਹ ਸਕੂਲ ਚਲਾਏ ਜਾ ਰਹੇ ਹਨ ?

**Shri Harnam Dass Johar :** The information is placed at annexure.

## ANNEXURE

The district wise number of Govt. Elementary schools in the State without teachers at present is given below :-

| Sr. No. | Name of the District | | Number of teacherless schools Primary wing | Middle wing |
|---|---|---|---|---|
| 1 | 2 | | 3 | 4 |
| 1. | Amritsar | .. | 65 | 9 |
| 2. | Bathinda | .. | 1 | - |
| 3. | Ferozepur | .. | 57 | 5 |
| 4. | Faridkot | .. | 1 | - |
| 5. | Fatehgarh Sahib | .. | 31 | - |
| 6. | Gurdaspur | .. | 98 | 2 |
| 7. | Hoshiarpur | .. | 34 | 4 |
| 8. | Jallandhar | .. | 19 | 1 |
| 9. | Kapurthala | .. | 10 | - |
| 10. | Ludhiana | .. | 44 | - |
| 11. | Mansa | .. | Nil | 6 |
| 12. | Muktsar | .. | 6 | - |
| 13. | Moga | .. | 23 | 9 |
| 14. | Nawan Shehar | .. | 8 | 4 |
| 15. | Patiala | .. | 80 | 2 |
| 16. | Ropar | .. | 27 | 1 |
| 17. | Sangrur | .. | 52 | 4 |
| | Total | .. | 556 | 47 |

In these schools alternative arrangement is made by sending teachers from the nearby schools.

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋ ਪੁੱਛਣਾ ਚਾਹੁੰਦਾ ਹਾਂ ਕਿ ਟੋਟਲ ਪ੍ਰਾਇਮਰੀ ਸਕੂਲ ਰਾਜ ਵਿਚ ਕਿੰਨੇ ਹਨ ?

**ਮੰਤਰੀ** : ਕੀ ਕਿੰਨੇ ਹਨ ?

**ਸ਼੍ਰੀ ਤਰਲੋਚਨ ਸਿੰਘ** : ਮੈਂ ਪੁੱਛਿਆ ਹੈ ਕਿ ਰਾਜ ਵਿਚ ਟੋਟਲ ਪ੍ਰਾਇਮਰੀ ਸਕੂਲ ਅਤੇ ਮਿਡਲ ਸਕੂਲ ਕਿਤਨੇ ਹਨ ?

**ਮਾਨਯੋਗ ਸਪੀਕਰ** : ਟੋਟਲ ਨੰਬਰ ਲੈ ਕੇ ਕੀ ਕਰੋਗੇ ?

**ਮੰਤਰੀ** : ਟੋਟਲ ਸਕੂਲ ਐਲੀਮੈਂਟਰੀ 15,318 ਹਨ ।

(ਕੁਝ ਅਵਾਜ਼ਾਂ : 6,000 ਹੋਣਗੇ) (ਸਦਨ ਵਿਚ ਹਾਸਾ)

ਸਰਦਾਰ ਤੋਤਾ ਸਿੰਘ (ਬੈਠੇ-ਬੈਠੇ) : ਪੰਜਾਬ ਵਿਚ ਟੋਟਲ 18,000 ਦੇ ਕਰੀਬ ਸਕੂਲ ਹਨ ।

(ਇਸ ਸਮੇਂ ਮਾਨਯੋਗ ਮੰਤਰੀ ਜੀ ਚੁੱਪ ਕਰਕੇ ਖੜ੍ਹੇ ਸਨ )

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੇ ਜਿਤਨੇ ਸਵਾਲ ਹਨ, ਉਹ ਪੋਸਟਪੋਨ ਕਰ ਦਿਓ ਜੀ ।

**Mr. Speaker :** I postpone this question for 28th March, 2005*.

---

## ਸੁਨਾਮੀ ਲਹਿਰਾਂ ਦੇ ਪੀੜਤਾਂ ਲਈ ਰਾਹਤ

***1068. ਸ਼੍ਰੀ ਤਿਕਸ਼ਨ ਸੂਦ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬੀ ਮੂਲ ਦੇ ਉਨ੍ਹਾਂ ਪਰਿਵਾਰਾਂ ਦੇ ਵੇਰਵੇ ਕੀ ਹਨ ਜਿਹੜੇ ਦੱਖਣੀ ਭਾਰਤ ਵਿਚ ਸੁਨਾਮੀ ਆਫ਼ਤ ਤੋਂ ਪ੍ਰਭਾਵਿਤ ਹੋਏ ਅਤੇ ਪੰਜਾਬ ਸਰਕਾਰ ਦੁਆਰਾ ਉਨ੍ਹਾਂ ਨੂੰ ਕਿੰਨੀ ਸਹਾਇਤਾ ਦਿੱਤੀ ਗਈ ?

---

*For supplementaries to starred Question No. 1094, please see P.V.S. Debates dated 28-3-2005.

**ਸਰਦਾਰ ਅਮਰਜੀਤ ਸਿੰਘ ਸਮਰਾ** : ਇਸ ਵਿਭਾਗ ਕੋਲ ਅਜਿਹੇ ਪਰਿਵਾਰਾਂ ਦੇ ਵੇਰਵੇ ਉਪਲਬਧ ਨਹੀਂ ਹਨ ਪਰ ਮਾਨਯੋਗ ਮੁੱਖ ਮੰਤਰੀ, ਪੰਜਾਬ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਵਿਚੋਂ ਉਸ ਇਲਾਕੇ ਦੇ ਸੁਨਾਮੀ ਪੀੜਤਾਂ ਲਈ ਪ੍ਰਧਾਨ ਮੰਤਰੀ ਰਾਹਤ ਫੰਡ ਲਈ 10 ਕਰੋੜ ਰੁਪਏ ਦਿੱਤੇ ਗਏ ਸਨ । ਇਸ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਜੀ ਨਾਲ ਮੈਂ ਵੀ ਸੁਨਾਮੀ ਆਉਣ ਪਿਛੋਂ ਪ੍ਰਭਾਵਿਤ ਇਲਾਕੇ ਦਾ ਦੌਰਾ ਕੀਤਾ ਸੀ ਅਤੇ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਕੁਝ ਰਾਹਤ ਪੈਕੇਜ ਦਾ ਐਲਾਨ ਮਿਤੀ 22-1-2005 ਨੂੰ ਪੋਰਟ ਬਲੇਅਰ ਵਿਖੇ ਕੀਤਾ ਗਿਆ ਸੀ । ਰਾਹਤ ਪੈਕੇਜ ਦੇ ਵੇਰਵੇ ਭਾਰਤ ਸਰਕਾਰ ਅਤੇ ਅੰਡੇਮਾਨ-ਨਿਕੋਬਾਰ ਪ੍ਰਸ਼ਾਸਨ ਦੇ ਵਿਚਾਰਨ ਲਈ ਪ੍ਰਧਾਨ ਮੰਤਰੀ ਜੀ ਨੂੰ ਭੇਜੇ ਗਏ ਸਨ, ਜਿਨ੍ਹਾਂ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਮੁੱਖ ਮੰਤਰੀ ਜੀ ਵੱਲੋਂ ਐਲਾਨੇ ਰਾਹਤ ਪੈਕੇਜ ਦੀ ਅਸਰਦਾਰ ਪੈਰਵੀ ਕਰਨ ਲਈ ਸਬੰਧਿਤ ਅਫਸਰਾਂ ਨੂੰ ਹਦਾਇਤ ਕਰ ਦਿੱਤੀ ਗਈ ਹੈ ।

Amarinder Singh

Chief Minister, Punjab,
Chandigarh
27th January, 2005

Dear Prime Minister,

I alongwith my Minister for Revenue, Relief and Rehabilitation, Shri Amarjit Singh Samra, visited Andaman & Nicobar to ascertain the relief requirement of Tsunami Hit Islands. I had separate meetings with Shri Ram Kapse, Lt. Governor, Lt. Gen Aditya Singh, General Officer Commanding and Shri R.V. Bhatt, Chief Secretary Andaman & Nicobar. Besides visiting Car-Nicobar and Campbell Bay Islands, an aerial survey of most of Tsunami Hit Islands was also carried out.

During my interaction with the civil administration, officers of Army, Air force and Navy and some of the people affected by Tsunami, I gathered three sets of issues namely, issues for consideration of Government of India, issues for consideration of Andaman & Nicobar Administration and the immediate relief requirements. Immediate relief requirements posed to me were met by way of a relief package announced by me in Port-Blair on 22nd January, 2005. Details of this package along with the issues for consideration of Government of India and Andaman & Nicobar Administration are given in the attached report.

I have advised the concerned officers of the State Government to ensure effective timely follow up action on the relief measures announced by me. I would like to assure you that the State Government would not in any way shirk its responsibility in providing timely relief to the Tsunami hit people of Andaman & Nicobar.

With best wishes.

Yours sincerely,
Sd/-
(Amarinder Singh)

Dr. Manmohan Singh

Prime Minister of India

New Delhi.

CC: CS for information & necessary action

PS/TE for information & necessary action

SMER for information & necessary action

DPI CM(C) for record and follow up action

**Visit to Andaman & Nicobar Islands by Capt. Amarinder Singh, Chief Minister of Punjab, from 20th -22nd January, 2005: A Report**

**I. Issues for Consideration of Government of India**

(i) To bring in necessary amendment in the law whereby the missing person can be declared dead for the various purposes without waiting for the 7 years period as per the present law. Till such time, the requisite amendments are carried out, the dependents of missing persons should be provided relief as in case of dead persons ;

(ii) To bring in an appropriate legislation for legal protection and security for ex-servicemen settlers so that they could be treated at par with the local residents of the Islands;

(iii) To bring an appropriate technology for reclaiming the land which has got sub-merged in sea or damaged as a result of tsunami ; and

(iv) To ensure local land re-settlement of ex-servicemen settlers who have lost their land as a result of Tsunami.

[ਮਾਲ ਅਤੇ ਪੁਨਰਵਾਸ ਮੰਤਰੀ]

**II. Immediate relief package announced by the Chief Minister, Punjab**

(i) Ex-gratia grant of Rs. one lac to each of the 209 ex-servicemen settlers families in Campbell Bay Island;

(ii) To set up a Tsunami Affected Children Educational Trust with a Corpus of Rs. 2 crore;

(iii) Grant of Rs. 1.5 crore for construction of 7 numbers school sites at the following Islands:-

(a) Katchaal
(b) Kamorta
(c) Car Nicobar
(d) Campbell Bay
(e) Nancowrie
(f) Teressa
(g) Hut Bay

(iv) 1% seats would be reserved in Educational Institutions of the State including Engineering college for the Tsunami affected students;

(v) To facilitate admission of Tsunami affected children/students in school and colleges of Punjab in relaxation to the existing norms, regarding their knowledge of Punjabi;

(vi) Provision of Sports Equipment and Kits to the youth of Islands; and

(vii) To provide clothing, baby foods etc. as per the requirements projected by the affected families.

**III. Issues for Consideration of Andaman & Nicobar Administration**

(i) To declare dependents of missing persons eligible for immediate relief, without waiting for the amendment of law;

(ii) To identify such children of affected families of settlers in Campbell Bay who need to be assisted for continuing their studies. They would be helped by the Tsunami Affected Children Education Trust being set up by the Chief Minister (Punjab); and

(iii) To identify the sites and agencies through which 7 numbers school buildings are to be constructed for which financial assistance would be provided by the Chief Minister (Punjab). The identified for the schools

are as follows:-

(a) Katchaal
(b) Kamorta
(c) Car Nicobar
(d) Campbell Bay
(e) Nancowrie
(f) Teressa
(g) Hut Bay

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮੈਂ ਸਵਾਲ ਕੀਤਾ ਸੀ ਕਿ ਪੰਜਾਬੀ ਮੂਲ ਦੇ ਪ੍ਰਵਾਰ ਜੋ ਦੱਖਣੀ ਭਾਰਤ ਵਿੱਚ ਸੁਨਾਮੀ ਆਫਤ ਦਾ ਸ਼ਿਕਾਰ ਹੋਏ ਹਨ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਕੀ ਇਨ੍ਹਾਂ ਨੇ ਉਨ੍ਹਾਂ ਦੇ ਵੇਰਵੇ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਹੈ । ਭਾਵ ਪੰਜਾਬੀ ਮੂਲ ਦੇ ਕਿੰਨੇ ਪ੍ਰਵਾਰ ਡਿਸਪਲੇਸ ਹੋਏ ਹਨ । ਵੈਸੇ ਇਨ੍ਹਾਂ ਕੋਲ ਵੇਰਵੇ ਤਾਂ ਹੈ ਨਹੀਂ ਪਰ ਕੀ ਇਨ੍ਹਾਂ ਨੇ ਵੇਰਵੇ ਕੁਲੈਕਟ ਕਰਨ ਦੀ ਕੋਈ ਕੋਸ਼ਿਸ਼ ਕੀਤੀ ਹੈ ?

**ਮੰਤਰੀ** : ਅਸੀਂ ਤਾਂ ਕਰ ਹੀ ਰਹੇ ਹਾਂ । ਇਸ ਆਫਤ ਨਾਲ ਕਾਫੀ ਇਲਾਕੇ ਪ੍ਰਭਾਵਿਤ ਹੋਏ ਸਨ । ਇਸ ਲਈ ਇਕੱਲੇ ਪੰਜਾਬੀ ਮੂਲ ਦੇ ਲੋਕਾਂ ਦੇ ਵੇਰਵੇ ਇਕੱਠੇ ਕਰਨੇ ਤਾਂ ਮੁਸ਼ਕਲ ਸਨ । ਅਸੀਂ ਅੰਡੇਮਾਨ ਨਿਕੋਬਾਰ, ਤਾਮਿਲਨਾਡੂ ਗਏ ਸੀ ਅਤੇ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ । ਸਪੀਕਰ ਸਾਹਿਬ, ਇਸ ਤਰ੍ਹਾਂ ਇਕੱਲੇ ਪੰਜਾਬੀ ਮੂਲ ਦੇ ਪ੍ਰਭਾਵਿਤ ਪ੍ਰਵਾਰਾਂ ਦੇ ਵੇਰਵੇ ਇਕੱਠੇ ਕਰਨਾ ਤਾਂ ਮੁਸ਼ਕਲ ਹੈ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜੇ ਸਰਕਾਰ ਹੀ ਇੰਨੀ ਬੇ-ਵੱਸ ਹੈ ਤਾਂ ਫਿਰ ਮੈਂ ਕੁਝ ਨਹੀਂ ਕਹਿ ਸਕਦਾ । ਇਹ ਸੈਰ ਕਰਕੇ ਆ ਗਏ ਹਨ, ਫੋਟੋ ਖਿਚਵਾ ਲਈ ਅਤੇ ਲੋਕਾਂ ਦੇ ਪੱਲੇ ਕੁਝ ਨਹੀਂ ਪਾਇਆ । ਜਿਹੜੇ ਐਲਾਨ ਕੀਤੇ ਉਨ੍ਹਾਂ ਦੇ ਵਿੱਚ ਵੀ ਪੰਜਾਬੀਆਂ ਲਈ ਕੋਈ ਵਿਸ਼ੇਸ਼ ਰਾਹਤ ਦੀ ਗੱਲ ਨਹੀਂ । ਜੋ ਪੰਜਾਬੀਆਂ ਲਈ ਐਜੂਕੇਸ਼ਨ ਟਰੱਸਟ ਬਣਾਇਆ, ਉਸ ਦੇ ਲਈ ਵੀ ਕੁਝ ਨਹੀਂ ਦਿੱਤਾ । ਸਪੀਕਰ ਸਾਹਿਬ, ਸਾਡੇ ਸ਼ਹਿਰ ਵਿੱਚ ਇਕ ਫੈਮਲੀ ਆਈ, ਉਨ੍ਹਾਂ ਦਾ ਸਾਰਾ ਕੁਝ ਸੁਨਾਮੀ ਵਿੱਚ ਰੁੜ੍ਹ ਗਿਆ । ਕੀ ਮੰਤਰੀ ਜੀ ਇਥੇ ਸਦਨ ਵਿੱਚ ਐਲਾਨ ਕਰਨਗੇ ਕਿ ਜਿਹੜੇ ਇਨ੍ਹਾਂ ਕੋਲ ਪਹੁੰਚ ਕਰਨਗੇ ਜਿਨ੍ਹਾਂ ਦੀ ਨੌਕਰੀ ਚਲੀ ਗਈ, ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇਗੀ ਜਾਂ ਕੋਈ ਮਕਾਨ ਰਹਿਣ ਲਈ ਦਿੱਤਾ ਜਾਵੇਗਾ ਜਾਂ ਕੋਈ ਹੋਰ ਫਾਈਨਾਂਸ਼ੀਅਲ ਸਹਾਇਤਾ ਦਿਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਜਦੋਂ ਪਹਿਲੀ ਵਾਰ ਉਥੇ ਸੀ.ਐਮ. ਸਾਹਿਬ ਗਏ ਸਨ, ਮੈਂ ਵੀ ਉਨ੍ਹਾਂ ਨਾਲ ਗਿਆ ਸੀ । ਉਥੇ ਲੋਕਾਂ ਵਿੱਚ ਚਰਚਾ ਸੀ ਕਿ ਪੰਜਾਬੀਆਂ ਨੂੰ ਹੀ ਇਹ ਰਾਹਤ ਦੇਣਗੇ । 209 ਪ੍ਰਵਾਰ ਅਜਿਹੇ ਸਨ ਭਾਵੇਂ ਉਹ ਕਿਸੇ ਵੀ ਸਟੇਟ ਦੇ ਸਨ, ਅਸੀਂ ਉਨ੍ਹਾਂ ਨੂੰ ਇਕ ਇਕ ਲੱਖ ਰੁਪਏ ਰਾਹਤ ਦਿਤੀ ਹੈ ਜਿਨ੍ਹਾਂ ਵਿੱਚੋਂ 153 ਨੂੰ ਰਾਹਤ ਭੇਜੀ ਜਾ ਚੁੱਕੀ ਹੈ । ਬਾਕੀ 2 ਕਰੋੜ ਰੁਪਏ ਨਾਲ ਅਸੀਂ ਇੱਕ ਐਜੂਕੇਸ਼ਨ ਟਰੱਸਟ ਪੰਜਾਬੀ ਪ੍ਰਵਾਰਾਂ ਨੂੰ ਰਾਹਤ ਦੇਣ ਲਈ ਬਣਾਇਆ ਹੈ । ਬਾਕੀ ਉਨ੍ਹਾਂ ਪ੍ਰਵਾਰਾਂ ਦੇ ਬੱਚਿਆਂ ਲਈ ਇਕ ਇਕ ਪਰਸੈਂਟ ਸੀਟ ਮੈਡੀਕਲ ਕਾਲਿਜਾਂ ਵਿੱਚ ਅਤੇ ਇੰਜਨੀਅਰਿੰਗ ਕਾਲਜਾਂ ਵਿੱਚ ਰਾਖਵੀਂ ਰੱਖੀ ਗਈ ਹੈ । ਉਥੇ 7 ਥਾਵਾਂ ਤੇ ਬਿਲਡਿੰਗਾਂ ਢਹਿ ਗਈਆਂ ਸਨ, ਡੇਢ ਕਰੋੜ ਰੁਪਏ ਮੁੱਖ ਮੰਤਰੀ ਸਾਹਿਬ, ਉਨ੍ਹਾਂ ਬਿਲਡਿੰਗਾਂ ਦੀ ਉਸਾਰੀ ਲਈ ਅਨਾਊਂਸ ਕਰਕੇ ਆਏ ਸਨ, ਉਹ ਬਿਲਡਿੰਗ ਬਣ ਰਹੀ ਹੈ । ਜੇ ਵੱਧ ਵੀ ਖ਼ਰਚਾ ਆਵੇਗਾ ਤਾਂ ਅਸੀਂ ਖ਼ਰਚ ਕਰਾਂਗੇ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਰ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬੀ ਪ੍ਰਵਾਰ ਪ੍ਰਭਾਵਿਤ ਹੋਏ ਹਨ, ਕੀ ਉਨ੍ਹਾਂ ਦੀ ਰੀਹੈਬਲੀਟੇਸ਼ਨ ਵਾਸਤੇ ਰੀਹੈਬਲੀਟੇਸ਼ਨ ਡਿਪਾਰਟਮੈਂਟ ਵਿੱਚ ਕੋਈ ਸੈਲ ਕਰੀਏਟ ਕੀਤਾ ਗਿਆ ਹੈ ਜਿਸ ਦੇ ਨਾਲ ਉਹ ਲੋਕ ਇਨ੍ਹਾਂ ਨਾਲ ਰਾਬਤਾ ਕਾਇਮ ਕਰ ਸਕਣ । ਜੇ ਕੀਤਾ ਗਿਆ ਹੈ ਤਾਂ ਉਸ ਦੇ ਵੇਰਵੇ ਕੀ ਹਨ ?

**ਮੰਤਰੀ** : ਉਥੇ ਜਾ ਕੇ ਉਨ੍ਹਾਂ ਦੀ ਮਦਦ ਕੀਤੀ ਹੈ ਜੀ, ਇੱਥੇ ਕੋਈ ਸੈਲ ਕਰੀਏਟ ਨਹੀਂ ਕੀਤਾ ਗਿਆ ਵੈਸੇ ਅਸੀਂ ਆਪਣੇ ਮਹਿਕਮੇ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਜਿਹੜਾ ਵੀ ਕੋਈ ਉਨ੍ਹਾਂ ਨਾਲ ਰਾਬਤਾ ਕਾਇਮ ਕਰਦਾ ਹੈ ਤਾਂ ਉਸ ਦੀ ਮੁਸ਼ਕਲ ਨੂੰ ਜ਼ਰੂਰ ਹੱਲ ਕੀਤਾ ਜਾਵੇ । ਵੈਸੇ ਵੀ ਹਰ ਇਨਸਾਨ ਦਾ ਇਹ ਫਰਜ਼ ਬਣਦਾ ਹੈ ਕਿ ਜਿੰਨੀ ਮਦਦ ਹੋ ਸਕੇ, ਕੀਤੀ ਜਾਵੇ, ਅਸੀਂ ਕੋਸ਼ਿਸ਼ ਕਰ ਰਹੇ ਹਾਂ । ਉਥੇ ਕੋਈ 209 ਫੈਮਲੀਜ਼ ਸਨ । ਉਹ ਫੌਜੀ ਪ੍ਰਵਾਰਾਂ ਨਾਲ ਸਬੰਧਤ ਸਨ । ਇੱਥੇ ਜਿਹੜਾ ਸਾਡਾ ਡੀਫੈਂਸ ਡਿਪਾਰਟਮੈਂਟ ਹੈ, ਉਹ ਡੇਅ-ਟੂ-ਡੇਅ ਉਨ੍ਹਾਂ ਨਾਲ ਕੰਟੈਕਟ ਰੱਖ ਰਿਹਾ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਫੁਰਮਾਇਆ ਹੈ ਕਿ ਨਿਕੋਬਾਰ ਜਾ ਕੇ ਆਏ ਹਨ ਉਥੇ ਰੋਜ਼ਗਾਰ ਦਾ ਕੋਈ ਸਾਧਨ ਨਹੀਂ ਰਿਹਾ ਕਿਉਂਕਿ ਸਮੁੰਦਰ ਦਾ ਪਾਣੀ ਆ ਗਿਆ ਹੈ । ਉਨ੍ਹਾਂ ਦੀ ਮੰਗ ਸੀ ਕਿ ਸਾਨੂੰ

ਪੰਜਾਬ ਵਿੱਚ ਜਾ ਕੇ ਕਿਸੇ ਤਰੀਕੇ ਨਾਲ ਵਸਾਓ । ਕੀ ਮੰਤਰੀ ਜੀ ਉਨ੍ਹਾਂ ਫੈਮਲੀਜ਼ ਨੂੰ ਇੱਥੇ ਲਿਆ ਕੇ ਵਸਾਉਣ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਉਸ ਵੇਲੇ ਵੀ ਇਸ ਦੀ ਚਰਚਾ ਹੋਈ ਸੀ । ਪ੍ਰਧਾਨ ਮੰਤਰੀ ਜੀ ਵੀ ਗਏ ਸੀ । ਉਨ੍ਹਾਂ ਨੂੰ ਵੀ ਅਫੈਕਟਿਡ ਬੰਦਿਆਂ ਨੇ ਆਖਿਆ ਸੀ ਕਿ ਸਾਨੂੰ ਪੰਜਾਬ ਵਿੱਚ ਜ਼ਮੀਨਾਂ ਦਿੱਤੀਆਂ ਜਾਣ ਪਰ ਪੰਜਾਬ ਵਿੱਚ ਜ਼ਮੀਨ ਨਹੀਂ ਹੈ । ਇੱਥੇ ਵੈਸੇ ਹੀ ਲੋਕ ਸਿਰਫ ਤਿੰਨ-ਚਾਰ ਏਕੜ ਦੇ ਮਾਲਕ ਹਨ । ਇਸ ਕਰਕੇ ਉਨ੍ਹਾਂ ਨੂੰ ਅਸੀਂ ਜ਼ਮੀਨਾਂ ਨਹੀਂ ਦੇ ਸਕਦੇ । ਅਜਿਹਾ ਸਾਡਾ ਕੋਈ ਪ੍ਰੋਗਰਾਮ ਨਹੀਂ ਹੈ ।

---------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1108

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

---------

## ਵਜ਼ੀਫੇ ਦੀ ਵੰਡ

*1095. (1) ਸ਼੍ਰੀ ਤਰਲੋਚਨ ਸਿੰਘ
(2) ਸਰਦਾਰ ਗੁਰਾ ਸਿੰਘ ਤੁੰਗਵਾਲੀ : ਕੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2002-03, 2003-04 ਅਤੇ 2004-05 ਦੇ ਦੌਰਾਨ ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਵੰਡਣ ਲਈ ਸਾਲ-ਵਾਰ ਕਿੰਨਾ ਬਜਟ ਮਖ਼ਸੂਸ ਕੀਤਾ ਗਿਆ ਅਤੇ ਇਸ ਵਿਚੋਂ ਅਸਲ ਵਿਚ ਕਿੰਨੀ ਰਕਮ ਵੰਡੀ ਗਈ ?

**ਸ਼੍ਰੀਮਤੀ ਗੁਰਕੰਵਲ ਕੌਰ** : ਸਾਲ 2002-2003, 2003-2004 ਅਤੇ 2004-2005 ਦੇ ਦੌਰਾਨ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵਜੀਫੇ ਲਈ ਸਾਲ-ਵਾਰ ਵਜੀਫੇ ਦੀ ਮੱਦ ਅਧੀਨ ਮਖ਼ਸੂਸ ਕੀਤੀ ਗਈ ਅਤੇ ਅਸਲ ਵਿੱਚ ਵੰਡੀ ਗਈ ਰਾਸ਼ੀ ਦਾ ਵੇਰਵਾ ਹੇਠ ਵਿਖੇ ਅਨੁਸਾਰ ਹੈ :-

(ਰੁਪਏ ਲੱਖਾਂ ਵਿਚ)

| ਲੜੀ ਨੰ: | ਸਾਲ | ਮਖ਼ਸੂਸ ਕੀਤੀ ਰਾਸ਼ੀ | ਅਸਲ ਵਿੱਚ ਵੰਡੀ ਗਈ ਰਾਸ਼ੀ/ਖ਼ਰਚਾ |
|---|---|---|---|
| 1. | 2002-03 | 5,040.81 | 4,399.41 |
| 2. | 2003-04 | 5,226.19 | 1,433.20 |
| 3. | 2004-05 | 4,781.25 | 714.64(ਮਿਤੀ 28-2-2005 ਤੱਕ) |

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਸਾਲ 2004-05 ਦੌਰਾਨ 47 ਕਰੋੜ ਰੁਪਿਆ ਰੱਖਿਆ ਗਿਆ ਸੀ ਪਰ ਸਿਰਫ ਸੱਤ ਕਰੋੜ ਰੁਪਿਆ ਹੀ ਵਜ਼ੀਫੇ ਦਾ ਰਿਲੀਜ਼ ਕੀਤਾ ਗਿਆ ਹੈ । ਸਪੀਕਰ ਸਾਹਿਬ, ਕੀ ਮੰਤਰੀ ਜੀ ਵਿਸ਼ਵਾਸ ਦੇਣਗੇ ਕਿ ਜਿਹੜਾ ਇੰਨਾ ਵੱਡਾ ਘੋਰ ਅਨਿਆਂ ਅਨੁਸੂਚਿਤ ਜਾਤੀਆਂ ਦੇ ਸਟੂਡੈਂਟਸ ਨਾਲ ਹੋ ਰਿਹਾ ਹੈ, ਕੀ ਉਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪਲਾਨਿੰਗ ਡਿਪਾਰਟਮੈਂਟ ਨੇ ਫੰਡਜ਼ ਰਿਲੀਜ਼ ਨਹੀਂ ਕੀਤੇ, ਪਰ ਅਸੀਂ ਫਿਰ ਵੀ ਕੋਸ਼ਿਸ਼ ਕੀਤੀ ਹੈ । ਮੈਂ ਦੱਸਣਾ ਚਾਹੁੰਦੀ ਹਾਂ ਕਿ 450 ਕਰੋੜ ਰੁਪਿਆ ਜਿਹੜਾ ਵੱਖ ਵੱਖ ਸਕੀਮਾਂ ਵਾਸਤੇ ਰੱਖਿਆ ਗਿਆ ਹੈ, ਇਹ ਡੈਡੀਕੇਟਿਡ ਫੰਡ ਹੈ ਔਰ ਅਗਰ ਮੈਂਬਰ ਸਾਹਿਬ ਚਾਹੁਣ ਤਾਂ ਮੈਂ ਵੱਖ ਵੱਖ ਸਕੀਮਾਂ ਬਾਰੇ ਵੀ ਦੱਸ ਦਿੰਦੀ ਹਾਂ ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਜਿਹੜਾ 450 ਕਰੋੜ ਰੁਪਏ ਦਾ ਡੈਡੀਕੇਟਿਡ ਫੰਡ ਹੈ, ਇਸ ਵਿੱਚ ਵੀ 40 ਕਰੋੜ ਰੁਪਏ ਦਾ ਬੈਕਲਾਗ ਹੈ । ਕੀ ਮੰਤਰੀ

ਜੀ ਵਿਸ਼ਵਾਸ ਦਿਵਾਉਣਗੇ ਕਿ ਆਉਣ ਵਾਲੇ ਸਮੇਂ ਇਹ ਬੈਕਲਾਗ ਪੂਰਾ ਕੀਤਾ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਬੈਕਲਾਗ ਪੂਰਾ ਕਰਨ ਬਾਰੇ ਤਾਂ ਮੈਂ ਕੁਝ ਕਹਿ ਨਹੀਂ ਸਕਦੀ ਪਰ ਪਹਿਲੀ ਅਪ੍ਰੈਲ ਤੋਂ ਇਹ ਫੰਡਜ਼ ਜ਼ਰੂਰ ਸ਼ੁਰੂ ਕਰਾਂਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੰਤਰੀ ਜੀ ਨੇ ਸਾਲ 2002-03, 2003-04 ਅਤੇ 2004-05 ਦੀ ਰਿਪੋਰਟ ਪੇਸ਼ ਕੀਤੀ ਹੈ । ਪਹਿਲੇ ਸਾਲ 43 ਕਰੋੜ ਰੁਪਿਆ ਵਜ਼ੀਫਾ ਦਿੱਤਾ ਗਿਆ, ਅਗਲੇ ਸਾਲ 14.50 ਕਰੋੜ ਅਤੇ ਫਿਰ ਤਕਰੀਬਨ 7 ਕਰੋੜ ਰੁਪਿਆ ਦਿੱਤਾ ਗਿਆ । ਅਜੇ ਇਸ ਸਾਲ ਦੀ ਰਿਪੋਰਟ ਆਉਣੀ ਹੈ । ਇਹ ਸਰਕਾਰ ਆਪਣੇ ਆਪ ਨੂੰ ਗਰੀਬਾਂ ਦੀ ਹਾਮੀ ਅਖਵਾਉਂਦੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਅਗਲੇ ਸਾਲ ਵਿੱਚ ਪਿਛਲੇ ਸਾਰੇ ਬਕਾਏ ਮੁਕੰਮਲ ਤੌਰ ਤੇ ਅਦਾ ਕਰ ਦਿੱਤੇ ਜਾਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਅਗਰ ਫੰਡਜ਼ ਹੋਏ ਤਾਂ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਇਹ ਬੈਕਲਾਗ ਪੂਰਾ ਕਰ ਸਕੀਏ ।

**ਸਰਦਾਰ ਗੁਰਾ ਸਿੰਘ ਤੁੰਗਵਾਲੀ** : ਸਪੀਕਰ ਸਾਹਿਬ, ਬਹੁਤ ਸਾਰੇ ਵਿਦਿਆਰਥੀਆਂ ਨੂੰ ਸਾਲ 2003 ਤੋਂ ਹੁਣ ਤੱਕ ਵਜ਼ੀਫਾ ਨਹੀਂ ਮਿਲਿਆ । ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਵਿਦਿਆਰਥੀਆਂ ਨੂੰ ਵਿੱਤੀ ਸਾਲ ਦੇ ਅੰਤ ਤੱਕ ਇਹ ਵਜ਼ੀਫੇ ਦੇ ਦਿੱਤੇ ਜਾਣਗੇ ?

**ਰਾਜ ਮੰਤਰੀ** : ਮੈਂ ਤੁਹਾਨੂੰ ਆਸ਼ਵਾਸਨ ਦਿਵਾਉਂਦੀ ਹਾਂ ਕਿ ਇਸ ਦੇ ਵਿੱਚ ਜਿਹੜੇ scholarship for post matric students of scheduled castes ਸਨ, ਅਸੀਂ ਪੰਜ ਕਰੋੜ ਰੁਪਿਆ ਇਸ ਵਾਰੀ ਰੱਖਿਆ ਹੈ । ਸੋਸ਼ਲ ਸਿਕਿਓਰਟੀ ਡੈਡੀਕੇਟਿਡ ਫੰਡ ਰੱਖਿਆ ਹੈ ਅਤੇ ਜਿਹੜੀ Promotion of Education amongst the Educationally backward classes ਹੈ, ਇਸ ਵਿੱਚ 32 ਕਰੋੜ ਰੁਪਿਆ ਰੱਖਿਆ ਹੈ । Attendance Scholarship to Scheduled Castes, Primary Girls, ਇਸ ਵਿੱਚ 23 ਕਰੋੜ ਰੁਪਿਆ ਰੱਖਿਆ ਗਿਆ ਹੈ । ਸੋ, ਸਾਡੀ ਪੂਰੀ ਕੋਸ਼ਿਸ਼ ਰਹੇਗੀ ਕਿ ਉਨ੍ਹਾਂ ਵਾਸਤੇ ਸਾਰੇ ਵਜ਼ੀਫੇ ਦੇ ਸਕੀਏ ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬਾ ਤੋਂ ਐਸ਼ਿਉਰੈਂਸ ਲੈਣੀ ਚਾਹੁੰਦਾ ਹਾਂ ਕਿ ਜਿਹੜਾ ਬੈਕਲਾਗ ਪਿਛਲੇ ਤਿੰਨ ਸਾਲਾਂ ਦਾ ਹੈ, ਉਸ ਲਈ ਐਸ਼ਿਉਰੈਂਸ ਦੇਣ । ਬਾਕੀ ਸਕੀਮਾਂ ਬਾਰੇ ਬਾਅਦ ਵਿੱਚ ਦੱਸ ਦੇਣ । ਇਸ ਦੀ ਐਸ਼ਿਉਰੈਂਸ ਦੇਣ ।

**Mr. Speaker :** Assurance for backlog.

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਹਿ ਚੁੱਕੀ ਹਾਂ, ਐਸ਼ਿਉਰੈਂਸ ਦੇ ਚੁੱਕੀ ਹਾਂ ਕਿ ਜਿਸ ਵੇਲੇ ਸਾਡੇ ਕੋਲ ਪੈਸੇ ਆਉਣਗੇ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਬੈਕਲਾਗ ਪੂਰਾ ਕਰ ਸਕੀਏ ।

**ਮਾਨਯੋਗ ਸਪੀਕਰ :** ਅਗਲਾ ਸਵਾਲ, ਸਰਦਾਰ ਬੀਰ ਦਵਿੰਦਰ ਸਿੰਘ ।

-------

## ਸਰਕਾਰੀ ਕੰਮ-ਕਾਰ ਨੂੰ ਈ-ਗਵਰਨੈਂਸ ਵਿਚ ਤਬਦੀਲ ਕਰਨਾ

*1037. **ਸਰਦਾਰ ਬੀਰ ਦਵਿੰਦਰ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਦੀ ਸਰਕਾਰੀ ਕੰਮ-ਕਾਰ ਨੂੰ ਈ-ਗਵਰਨੈਂਸ ਵਿਚ ਤਬਦੀਲ ਕਰਨ ਸਬੰਧੀ ਕੋਈ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ, ਤਾਂ ਹੁਣ ਤੱਕ ਰਾਜ, ਜ਼ਿਲ੍ਹਾ, ਉਪ-ਮੰਡਲ ਅਤੇ ਬਲਾਕ ਪੱਧਰ ਤੇ ਸਰਕਾਰੀ ਕੰਮ-ਕਾਰ ਨੂੰ ਈ-ਗਵਰਨੈਂਸ ਵਿਚ ਤਬਦੀਲ ਕਰਨ ਸਬੰਧੀ ਕੀ ਕਦਮ ਚੁੱਕੇ ਗਏ ਹਨ ?

**ਉਪ ਮੁੱਖ ਮੰਤਰੀ** (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ) : ਹਾਂ, ਸਰਕਾਰ ਦਾ ਰਾਜ ਵਿੱਚ ਈ-ਗਵਰਨੈਂਸ ਪੜ੍ਹਾਅਵਾਰ ਲਾਗੂ ਕਰਨ ਦਾ ਵਿਚਾਰ ਹੈ । ਈ-ਗਵਰਨੈਂਸ ਨੂੰ ਰਾਜ ਦੇ ਜ਼ਿਲ੍ਹਾ, ਤਹਿਸੀਲ ਅਤੇ ਬਲਾਕ ਪੱਧਰ ਤੇ ਲਾਗੂ ਕੀਤੇ ਜਾਣ ਸਬੰਧੀ ਵੇਰਵਾ ਅਨੁਲੱਗ ਤੇ ਦਿੱਤਾ ਗਿਆ ਹੈ ।

## ਅਨੁਲੱਗ

### ਰਾਜ ਵਿੱਚ ਈ-ਗਵਰਨੈਂਸ ਲਾਗੂ ਕਰਨ ਲਈ ਹੁਣ ਤੱਕ ਚੁੱਕੇ ਗਏ ਕਦਮ :-

(1) ਪੰਜਾਬ ਸਰਕਾਰ ਨੇ ਸੂਚਨਾ ਤਕਨਾਲੋਜੀ ਨੀਤੀ ਮੰਨਜੂਰ ਕੀਤੀ ਹੈ । ਜਿਸ ਵਿੱਚ ਚਾਰ ਧਿਆਨ ਦੇਣ ਯੋਗ ਖੇਤਰ, ਸੂਚਨਾ ਤਕਨਾਲੋਜੀ ਢਾਂਚਾ, ਈ-ਗਵਰਨੈਂਸ, ਮਾਨਵ ਸਰੋਤ ਵਿਕਾਸ ਅਤੇ ਸੂਚਨਾ ਤਕਨਾਲੋਜੀ ਉਦਯੋਗ ਲਈ ਲਾਭ ਸ਼ਾਮਲ ਹਨ ।

(2) ਸਰਕਾਰ ਨੇ ਮੁੱਖ ਮੰਤਰੀ, ਪੰਜਾਬ ਜੀ ਦੀ ਅਗਵਾਈ ਵਿੱਚ ਇਕ ਸੂਚਨਾ ਤਕਨਾਲੋਜੀ ਦ੍ਰਿਸ਼ਟੀਕੋਣ ਗਰੁਪ (ਵਿਜ਼ਿਨ ਗਰੁਪ) ਸੂਚਨਾ ਤਕਨਾਲੋਜੀ ਦ੍ਰਿਸ਼ਟੀਕੋਣ ਢੰਗ ਅਤੇ ਤਰੀਕੇ ਲਾਗੂ ਕਰਨ ਲਈ ਬਣਾਇਆ ਹੈ । ਜਲਦੀ ਹੀ ਗਰੁੱਪ ਦਾ ਪੁਨਰਗਠਨ ਕਰਕੇ ਉਸ ਨੂੰ ਸ਼ਕਤੀਸ਼ਾਲੀ ਬਣਾਇਆ ਜਾਵੇਗਾ ।

(3) ਮੁੱਖ ਸਕੱਤਰ, ਪੰਜਾਬ ਜੀ ਦੀ ਅਗਵਾਈ ਹੇਠ ਸਾਰੇ ਈ-ਗਵਰਨੈਂਸ ਪ੍ਰੋਜੈਕਟਾਂ ਦੀ ਇਕ ਹੀ ਖਿੜਕੀ ਹੇਠ ਯਕੀਨੀ ਨਿਪਟਾਰੇ ਅਤੇ ਦੇਖ-ਰੇਖ ਰਾਹੀਂ ਦਫਤਰੀ ਦੇਰੀਆਂ ਨੂੰ ਘਟਾਉਣ ਲਈ ਰਾਜ ਵਿੱਚ ਕੰਪਿਊਟਰਾਇਜੇਸ਼ਨ ਬਾਰੇ ਇਕ ਸ਼ਕਤੀਸ਼ਾਲੀ ਕਮੇਟੀ (ECC) ਦਾ ਗਠਨ ਕੀਤਾ ਗਿਆ ਹੈ ।

(4) ਸਰਕਾਰ ਨੇ ਜਨਤਾ ਨਾਲ ਸਬੰਧਤ ਟੈਕਸ ਦੇਣ ਵਾਲੇ ਖੇਤਰਾਂ ਨੂੰ ਪਹਿਲਾਂ ਈ-ਗਵਰਨੈਂਸ ਥਲੇ ਲਿਆਉਣ ਦਾ ਫੈਸਲਾ ਲਿਆ ਹੈ ।

(5) ਸਮੁੱਚੇ ਰਾਜ ਵਿੱਚ ਦੂਰਭਾਸ਼ ਕਾਰਕਾਂ ਲਈ ਬਿਨਾਂ ਮੁਸ਼ਕਲਾਂ ਤੋਂ ਮੁਫਤ ਕੁਨੈਕਟਿਵਿਟੀ ਨੂੰ ਯਕੀਨੀ ਬਣਾਉਣ ਲਈ ਰਾਹ ਦੇ ਅਧਿਕਾਰ ਸਬੰਧੀ ਇੱਕ ਨੀਤੀ ਬਣਾ ਕੇ ਲਾਗੂ ਕੀਤੀ ਗਈ ਹੈ ।

(6) ਰਾਜ ਵਿੱਚ ਸੂਚਨਾ ਤਕਨਾਲੋਜੀ ਦੀ ਰੀੜ ਦੀ ਹੱਡੀ ਕਾਇਮ ਕਰਨ ਲਈ ਭਾਰਤ ਸੰਚਾਰ ਨਿਗਮ ਲਿਮਿਟੇਡ, ਸੂਚਨਾ ਅਤੇ ਪ੍ਰਸਾਰਣ

[ਉਪ ਮੁੱਖ ਮੰਤਰੀ]

ਮੰਤਰਾਲਯ, ਭਾਰਤ ਸਰਕਾਰ ਦੇ ਅਦਾਰੇ ਨਾਲ ਪੰਜਾਬ ਰਾਜ ਵੱਡਾ ਖੇਤਰੀ ਨੈਟਵਰਕ ਸਥਾਪਿਤ ਕਰਨ ਲਈ ਸਮਝੌਤੇ ਤੇ ਹਸਤਾਖਰ ਕੀਤੇ ਗਏ ਹਨ।

(7) ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਸਰਕਾਰ ਦੇ ਆਮ ਲੋਕਾਂ ਪ੍ਰਤੀ ਕੰਮ-ਕਾਜ ਨੂੰ ਬਹਿਤਰ ਬਣਾਉਣ ਲਈ ਵਿਡੀਉ ਕਾਨਫਰੰਸਿੰਗ ਦੀ ਸੁਵਿਧਾ ਸ਼ੁਰੂ ਕੀਤੀ ਗਈ ਹੈ । ਇਸ ਸੁਵਿਧਾ ਅਧੀਨ ਰਾਜ ਦੇ ਅਧਿਕਾਰੀਆਂ ਨਾਲ ਦੂਰ ਸੰਪਰਕ ਰਾਹੀਂ ਕਈ ਸਕੀਮਾਂ, ਪ੍ਰੋਗਰਾਮਾਂ ਅਤੇ ਪ੍ਰੋਜੈਕਟਾਂ ਦੀ ਪ੍ਰਭਾਵੀ ਦੇਖ-ਰੇਖ, ਸਮੇਂ ਅਤੇ ਕੀਮਤ ਦੀ ਬੱਚਤ ਨਾਲ ਕੀਤੀ ਜਾਵੇਗੀ ।

(8) ਸੂਚਨਾ ਤਕਨਾਲੋਜੀ ਵਿਭਾਗ ਵਲੋਂ ਨਾਗਰਿਕ ਸੇਵਾਵਾਂ ਲਈ ਨਿੱਜੀ ਅਤੇ ਸਰਕਾਰੀ ਭਾਈਵਾਲਤਾ (ਪੀ.ਪੀ.ਪੀ.) ਸਬੰਧੀ ਨੀਤੀ ਬਣਾਕੇ ਸਾਰੇ ਵਿਭਾਗਾਂ ਨੂੰ ਅਪਣਾਉਣ ਲਈ ਭੇਜੀ ਗਈ ਹੈ ।

(9) ਸੂਚਨਾ ਤਕਨਾਲੋਜੀ ਦੇ ਸਾਧਨਾਂ ਨੂੰ ਮੁਕਾਬਲੇ ਦੀਆਂ ਕੀਮਤਾਂ ਅਤੇ ਖੁੱਲੇ ਤਰੀਕੇ ਰਾਹੀਂ ਸਮੇਂ ਸਿਰ ਖਰੀਦਣ ਸਬੰਧੀ ਸਰਕਾਰ ਦੁਆਰਾ ਸੂਚਨਾ ਤਕਨਾਲੋਜੀ ਸਾਧਨ ਖਰੀਦਣ ਅਤੇ ਨਿਪਟਾਉਣ ਸਬੰਧੀ ਨੀਤੀ ਬਣਾਈ ਗਈ ਹੈ ।

(10) ਰਾਜ ਸਰਕਾਰ ਵੱਲੋਂ ਹੇਠ ਲਿਖੇ ਵਿਭਾਗਾਂ ਵਿੱਚ ਅਗਰ-ਗਾਮੀ ਤਰੀਕੇ ਨਾਲ ਸੂਚਨਾ ਤਕਨਾਲੋਜੀ ਲਾਗੂ ਕੀਤੀ ਗਈ ਹੈ ਜਿਸ ਨਾਲ ਸਰਕਾਰ ਅਤੇ ਨਾਗਰਿਕ ਇੰਟਰਫੇਸ ਵਿਚ ਮਹੱਤਵਪੂਰਣ ਸੁਧਾਰ ਹੋਇਆ ਹੈ ।

(ੳ) ਡਿਪਟੀ ਕਮਿਸ਼ਨਰ ਦਫਤਰਾਂ ਵਿਚ ਨਾਗਰਿਕਾਂ ਨੂੰ ਕੁਸ਼ਲ ਅਤੇ ਉੱਤਮ ਸੇਵਾਵਾਂ ਪ੍ਰਦਾਨ ਕਰਨ ਲਈ ਸੁਵਿਧਾ (ਬਿਨੈਕਾਰਾਂ ਨੂੰ ਇੱਕ ਖਿੜਕੀ ਰਾਹੀਂ ਨਿਪਟਾਰੇ ਅਤੇ ਮੱਦਦ) ਪ੍ਰੋਜੈਕਟ ਚਾਲੂ ਕੀਤਾ ਗਿਆ ਹੈ ।

(ਅ) ਨਾਗਰਿਕਾਂ ਨੂੰ ਵੱਖ-ਵੱਖ ਵਿਭਾਗਾਂ ਦੀਆਂ ਕਾਫੀ ਸੇਵਾਵਾਂ ਨੂੰ ਇੱਕੋ ਛੱਤ ਹੇਠਾਂ ਪ੍ਰਦਾਨ ਕਰਨ ਲਈ ਸੁਖਮਨੀ ਪ੍ਰੋਜੈਕਟ ਪਾਇਲਟ ਦੇ ਤੌਰ ਤੇ ਸ਼ੁਰੂ ਕੀਤਾ ਗਿਆ ਹੈ ।

(ੲ) ਨਗਰ ਨਿਗਮ, ਲੁਧਿਆਣਾ ਵਿਖੇ ਪਾਣੀ ਅਤੇ ਸੀਵਰੇਜ਼ ਬਿਲ, ਹਾਊਸ ਟੈਕਸ ਅਤੇ ਵਪਾਰੀ ਟੈਕਸ ਦੀ ਉਗਰਾਹੀ ਲਈ ਸੂਚਨਾ ਤਕਨਾਲੋਜੀ ਨੂੰ ਲਾਗੂ ਕੀਤਾ ਗਿਆ ਹੈ ।

(ਸ) ਸਮਾਜਿਕ ਸੁਰੱਖਿਆ ਅਤੇ ਪਰਿਵਾਰ ਕਲਿਆਣ ਵਿਭਾਗ ਵਿਚ ਹਰ ਤਰ੍ਹਾਂ ਦੀਆਂ ਪੈਨਸ਼ਨ ਸਕੀਮਾਂ ਦੇ ਲਾਭਪਾਤਰਾਂ ਨੂੰ ਪ੍ਰਭਾਵੀ ਸਮੇਂ ਸਿਰ ਵੰਡ ਅਤੇ ਲੇਖਿਆਂ ਦਾ ਬੈਂਕਾਂ ਨਾਲ ਮਿਲਾਣ ਯਕੀਨੀ ਕੀਤਾ ਜਾਂਦਾ ਹੈ ।

(ਹ) ਕਰ ਅਤੇ ਆਬਕਾਰੀ ਵਿਭਾਗ ਵਿਚ ਟੈਕਸ ਦੀ ਚੋਰੀ ਘਟਾਉਣ ਲਈ ਰਾਜ ਦੇ ਵਿਕਰੀ ਕਰ ਨਾਕਿਆਂ ਅਤੇ ਜਾਂਚ ਖੇਤਰਾਂ ਨੂੰ ਕੇਂਦਰੀ ਕੰਪਿਊਟਰ ਢਾਂਚੇ ਨਾਲ ਜੋੜਿਆ ਗਿਆ ਹੈ । ਮੌਜੂਦਾ ਢਾਂਚੇ ਨੂੰ ਵੈਲਿਊ ਐਡਿਡ ਟੈਕਸ (ਵੈਟ) ਪ੍ਰਣਾਲੀ ਵਿਚ ਤਬਦੀਲ ਕੀਤਾ ਜਾ ਰਿਹਾ ਹੈ ।

(ਕ) ਹੇਠ ਲਿਖੇ ਖੇਤਰਾਂ ਵਿਚ ਸ਼ੁਰੂਆਤੀ ਪ੍ਰੋਜੈਕਟ ਚਲਾਏ ਜਾ ਰਹ ਹਨ ਜਿਹਨਾਂ ਨੂੰ ਸਫਲਤਾਪੂਰਵਕ ਅਜ਼ਮਾਇਸ਼ ਤੋਂ ਬਾਅਦ ਸਮੁੱਚੇ ਰਾਜ ਵਿਚ ਲਾਗੂ ਕੀਤਾ ਜਾਵੇਗਾ ।

ੳ. ਰਜਿਸਟ੍ਰੇਸ਼ਨ ਆਫ ਪ੍ਰਾਪਰਟੀਜ਼/ਜ਼ਮੀਨ ।

ਅ. ਭੌ ਰਿਕਾਰਡ ਦਾ ਕੰਪਿਊਟਰੀਕਰਨ ।

ੲ. ਟਰਾਂਸਪੋਰਟ ਵਿਭਾਗ ਵਿਚ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਕੰਪਿਊਟਰੀਕਰਨ ।

[ਉਪ ਮੁੱਖ ਮੰਤਰੀ]

(ਖ) ਖਜ਼ਾਨਾ ਅਤੇ ਲੇਖਾ ਵਿਭਾਗ ਵਿੱਚ ਜ਼ਿਲ੍ਹਾ ਅਤੇ ਉਪ ਖਜ਼ਾਨਾ ਦਫਤਰਾਂ ਵਿੱਚ ਰਾਜ ਦੇ ਬਜਟ ਦੀ ਪ੍ਰਾਪਤੀ, ਭੁਗਤਾਨ ਤੇ ਵੰਡ ਅਤੇ ਲੇਖਿਆਂ ਨਾਲ ਮਿਲਾਣ ਕਰਨ ਲਈ ਕੰਪਿਊਟਰੀਕਰਨ ਕੀਤਾ ਗਿਆ ਹੈ ।

(ਗ) ਐਡਵੋਕੇਟ ਜਨਰਲ ਦਫਤਰ ਵਿਖੇ ਸਰਕਾਰ ਦਾ ਪੱਖ ਪੂਰਨ ਲਈ ਕੋਰਟ ਕੇਸਾਂ ਦੇ ਉਚਿਤ ਪ੍ਰਬੰਧ ਅਤੇ ਪ੍ਰਭਾਵੀ ਦੇਖਭਾਲ ਕਰਨ ਹਿੱਤ ਕੰਪਿਊਟਰੀਕਰਨ ਕੀਤਾ ਗਿਆ ਹੈ ।

(ਘ) ਵੱਖ-ਵੱਖ ਵਿਭਾਗਾਂ ਵਿੱਚ ਸਰਕਾਰੀ ਕਰਮਚਾਰੀਆਂ ਸਬੰਧੀ ਅਮਲਾ ਰਿਕਾਰਡ ਦੇ ਪ੍ਰਬੰਧ ਲਈ ਪੀ.ਜੀ.ਪੀ.ਐਮ.ਐਸ. ਪ੍ਰੋਜੈਕਟ ਚਾਲੂ ਕੀਤਾ ਗਿਆ ਹੈ ।

(11) ਰਾਜ ਸਰਕਾਰ ਦੇ ਸਰਕਾਰੀ ਸਕੂਲਾਂ ਵਿਚ ਪ੍ਰਭਾਵੀ ਤਰੀਕੇ ਨਾਲ ਸੂਚਨਾ ਅਤੇ ਪ੍ਰਸਾਰਣ ਤਕਨੀਕ/ਕੰਪਿਊਟਰ ਸਿੱਖਿਆ ਪ੍ਰੋਗਰਾਮ ਨੂੰ ਜ਼ਰੂਰੀ ਤੌਰ ਤੇ ਅਪ੍ਰੈਲ, 2005 ਤੋਂ ਪੜਾਅਵਾਰ ਤਰਜ ਨਾਲ ਲਾਗੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਤਾਂ ਜੋ ਇਸ ਡਿਜੀਟਲ ਪਾੜੇ ਨੂੰ ਪੂਰਿਆ ਜਾ ਸਕੇ ।

(12) ਸੂਚਨਾ ਤਕਨਾਲੋਜੀ ਅਧੀਨ ਮਾਨਵ ਸੰਸਾਧਨ ਵਿਕਾਸ ਲਈ ਸਰਕਾਰੀ ਮੁਲਾਜਮਾਂ ਨੂੰ ਲੋੜ ਅਨੁਸਾਰ ਕੰਪਿਊਟਰ ਦੀ ਮੁੱਢਲੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਇਹ ਬੜਾ ਡਿਟੇਲਡ ਜਵਾਬ ਹੈ । ਮੈਂ ਤੁਹਾਡੇ ਰਾਹੀਂ ਉਪ ਮੁੱਖ ਮੰਤਰੀ ਸਾਹਿਬਾ ਤੋਂ ਜਾਣਨਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਅਜਿਹੇ ਡਿਪਾਰਟਮੈਂਟ ਹਨ, ਜਿਨ੍ਹਾਂ ਨੇ ਵੈਬਸਾਈਟ ਕਰੀਏਟ ਕੀਤੀ ਹੈ ? ਔਰ ਕਿਹੜੇ ਕਿਹੜੇ ਐਸੇ ਬਲਾਕ ਪੱਧਰ ਦੇ, ਤਹਿਸੀਲ ਪੱਧਰ ਦੇ ਜਾਂ ਜ਼ਿਲ੍ਹਾ ਪੱਧਰ ਦੇ ਦਫਤਰ ਹਨ, ਜਿਥੇ ਡਿਪਟੀ ਕਮਿਸ਼ਨਰ, ਐਸ.ਡੀ.ਐਮ., ਬੀ.ਡੀ.ਪੀ.ਓ., ਤਹਿਸੀਲਦਾਰ ਆਦਿ ਦੀ ਈ-ਮੇਲ ਆਈ.ਡੀ. ਮੌਜੂਦ ਹੈ ਔਰ ਕੀ ਉਨ੍ਹਾਂ ਨੂੰ ਈ-ਮੇਲ ਰਾਹੀਂ ਭੇਜੀ ਗਈ ਕਮਿਊਨੀਕੇਸ਼ਨ is valid or not ?

**ਉਪ ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਥੋਂ ਤੱਕ ਮਹਿਕਮਿਆਂ ਦਾ ਸਵਾਲ ਹੈ, ਜਮੀਨਾਂ ਦੀ ਰਜਿਸਟਰੀ ਵਾਸਤੇ ਅਸੀਂ ਸੰਗਰੂਰ ਜ਼ਿਲ੍ਹੇ ਵਿੱਚ ਇਹ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਹੈ । ਇਸੇ ਤਰ੍ਹਾਂ ਭੌਂ ਰਿਕਾਰਡ ਦੇ ਕੰਪੀਊਟਰੀਕਰਨ ਦਾ ਕੰਮ ਕਪੂਰਥਲਾ ਵਿੱਚ ਕਰ ਰਹੇ ਹਾਂ । ਟਰਾਂਸਪੋਰਟ ਡਿਪਾਰਟਮੈਂਟ ਦਾ ਕੰਮ ਅਸੀਂ ਰੋਪੜ ਜ਼ਿਲ੍ਹੇ ਵਿੱਚ ਕਰ ਰਹੇ ਹਾਂ । ਇਸ ਤੋਂ ਇਲਾਵਾ ਹੋਰ ਡਿਪਾਰਟਮੈਂਟ ਹਨ, ਜਿਵੇਂ ਖਜ਼ਾਨਾ ਵਿਭਾਗ ਹੈ, ਸਾਰਾ ਕੰਮ ਜੋ ਟਰੇਜ਼ਰੀ ਵਿੱਚ ਹੁੰਦਾ ਹੈ ਕਿ ਕਿੰਨੇ ਡਿਪਾਰਟਮੈਂਟਸ ਦਾ ਭੁਗਤਾਨ ਕਿਸ ਤਰ੍ਹਾਂ ਹੋਵੇ, ਕਿੰਨਾ ਬਜਟ ਹੈ, ਇਹ ਸਾਰਾ ਕੁਝ ਕੰਪਿਊਟਰੀਕਰਨ ਹੋਵੇਗਾ । ਇਸੇ ਤਰ੍ਹਾਂ ਐਡਵੋਕੇਟ ਜਨਰਲ ਵਿੱਚ ਵੀ ਹੋਵੇਗਾ ਕਿ ਸਰਕਾਰ ਦੇ ਖਿਲਾਫ ਕਿੰਨੇ ਕੇਸ ਹਨ, ਕਿਸ ਸਟੇਜ ਤੇ ਹਨ, ਇਹ ਸਾਰਾ ਕੁਝ ਕੀਤਾ ਗਿਆ ਹੈ । ਇਸ ਤੋਂ ਇਲਾਵਾ ਅੱਡ ਅੱਡ ਹੋਰ ਵਿਭਾਗਾਂ ਵਿੱਚ ਸਰਕਾਰੀ ਕਰਮਚਾਰੀਆਂ ਦਾ ਰਿਕਾਰਡ ਰੱਖਣ ਵਾਸਤੇ ਇਹ ਸਾਰਾ ਕੁਝ ਕੀਤਾ ਗਿਆ ਹੈ । ਬਾਕੀ ਜਿਹੜੀ ਡਿਸਟ੍ਰਿਕਟਸ ਦੀ ਗੱਲ ਹੈ, ਅਸੀਂ ਡਿਸਟ੍ਰਿਕਟ ਤੋਂ ਲੈ ਕੇ ਬਲਾਕ ਲੈਵਲ ਤੱਕ, ਤਹਿਸੀਲ ਲੈਵਲ ਤੱਕ ਜਾਣ ਦਾ ਪ੍ਰੋਗਰਾਮ ਬਣਾਇਆ ਹੈ । ਅਸੀਂ ਸਟੇਟ ਲੈਵਲ ਤੋਂ ਲੈ ਕੇ ਸਾਰੇ ਡਿਸਟਿਕਟਸ ਨੂੰ ਕੰਪੀਊਟਰਾਈਜੇਸ਼ਨ ਨਾਲ ਜੋੜਿਆ ਹੈ ।

**Sardar Bir Devinder Singh** : Sir, my question is about the websites, which we could visit through internet ? How many websites they have created ? My question is not about the Computerisation of the record but about the creation of websites.

**ਉਪ ਮੁੱਖ ਮੰਤਰੀ** : ਇਹ 271 ਈ-ਮੇਲ ਆਈ.ਡੀ. ਹਨ ।

**ਸਰਦਾਰ ਬੀਰ ਦਵਿੰਦਰ ਸਿੰਘ** : ਉਸ ਦੀ ਲਿਸਟ ਜੇਕਰ ਕੋਈ ਹੈ ਤਾਂ ਦੱਸ ਦੇਣ ।

**ਉਪ ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਲਿਸਟ ਮੈਂਬਰ ਸਾਹਿਬ ਨੂੰ ਭੇਜ ਦਿਆਂਗੀ ਕਿਉਂਕਿ ਲਿਸਟ ਬਹੁਤ ਲੰਬੀ ਹੈ ।

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਉਪ ਮੁੱਖ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਈ-ਗਵਰਨੈਂਸ ਕਰ ਰਹੇ ਹਨ, ਕੀ ਉਸ ਦੀ ਕਾਸਟਿੰਗ ਵੀ ਕੀਤੀ ਹੈ ? ਪਹਿਲਾਂ ਕਿੰਨੀ

[ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ]
ਕਾਸਟ ਪੈ ਰਹੀ ਸੀ, ਹੁਣ ਕਿੰਨੀ ਪੈ ਰਹੀ ਹੈ, ਪਹਿਲਾਂ ਕਿੰਨੀ ਐਫੀਸ਼ੈਂਸੀ ਸੀ ਹੁਣ ਵੱਧ ਰਹੀ ਹੈ ਜਾਂ ਨਹੀਂ । ਇਸ ਦੀ ਕੋਈ ਕਾਸਟਿੰਗ ਕੀਤੀ ਹੈ, ਜਿਹੜੀ ਈ-ਗਵਰਨੈਂਸ ਕੀਤੀ ਜਾਣੀ ਹੈ ?

**ਮਾਨਯੋਗ ਸਪੀਕਰ :** ਕੀ ਇਸ ਨਾਲ ਕੋਈ ਪ੍ਰਾਫਿਟ ਹੋਵੇਗਾ ਜਾਂ ਨਹੀਂ ?

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਪਹਿਲਾਂ ਇਹ ਹੈ ਨਹੀਂ ਸੀ । ਇਹ ਪ੍ਰੋਗਰਾਮ ਤਿੰਨ-ਚਾਰ ਸਾਲਾਂ ਤੋਂ ਚੱਲ ਰਿਹਾ ਹੈ । ਇਸ ਦਾ ਸਾਡੀ ਗੌਰਮਿੰਟ ਨੂੰ ਮਾਣ ਹਾਸਲ ਹੈ । ਇਹ ਸਾਰਾ ਕੁਝ ਐਕਟਿਵਲੀ ਕਰ ਰਹੇ ਹਾਂ ਤਾਂ ਕਿ ਲੋਕ ਖੱਜਲ-ਖੁਆਰ ਨਾ ਹੋਣ । ਰਜਿਸਟ੍ਰੀਆਂ ਦਾ ਕੰਮ ਕੀਤਾ ਹੈ ਅਤੇ ਹੋਰ ਬਹੁਤ ਸਾਰੇ ਡਿਪਾਰਟਮੈਂਟ ਇਸ ਵਿੱਚ ਇਨਵਾਲਵ ਕੀਤੇ ਹਨ । ਇਸ ਵਿੱਚ ਲੋਕਾਂ ਪਾਸ ਸਹੂਲਤ ਵਧੇਗੀ ਔਰ ਸਰਕਾਰ ਦੇ ਉਪਰ ਮੈਂ ਸਮਝਦੀ ਹਾਂ ਕਿ ਭਾਰ ਘੱਟ ਪੈਣਾ ਹੈ । ਅਸੀਂ ਇਹ ਸਾਰਾ ਪ੍ਰੋਗਰਾਮ ਪੜਾਅ ਵਾਰ ਲਾਗੂ ਕਰਨਾ ਹੈ ।

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਸ ਦੇ ਨਾਲ ਖਰਚਾ ਘਟ ਜਾਵੇਗਾ ਤਾਂ ਫਿਰ ਇਨ੍ਹਾਂ ਨੇ ਕੋਈ ਸਟੱਡੀ ਕੀਤੀ ਹੋਵੇਗੀ ਜਿਸ ਦੇ ਨਾਲ ਇਹ ਖਰਚਾ ਘੱਟ ਸਕਦਾ ਹੋਵੇ । ਕੀ ਇਹ ਕੀਤੀ ਹੋਈ ਸਟੱਡੀ ਸਾਨੂੰ ਮਿਲ ਸਕਦੀ ਹੈ ?

**ਉਪ ਮੁੱਖ ਮੰਤਰੀ :** ਇਸ ਦੀਆਂ ਡਿਟੇਲਜ਼ ਕਾਫੀ ਹਨ ਪਰ ਅਸੀਂ ਇਹ ਪਾਇਲਟ ਬੇਸਿਜ਼ ਤੇ ਕੰਮ ਚਲਾ ਰਹੇ ਹਾਂ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਸਾਨੂੰ ਇਸ ਕੰਮ ਦੇ ਵਿੱਚ ਕਾਫੀ ਫਾਇਦਾ ਹੋਣਾ ਹੈ । ਮੈਂ ਇਨ੍ਹਾਂ ਨੂੰ ਇਕ ਮਿਸਾਲ ਦੇ ਤੌਰ ਤੇ ਦੱਸਦੀ ਹਾਂ ਕਿ ਜੇਕਰ ਅਸੀਂ ਡੀ.ਸੀਜ਼ ਜਾਂ ਐਸ.ਐਸ.ਪੀਜ਼ ਦੇ ਨਾਲ ਮੀਟਿੰਗਾਂ ਕਰਦੇ ਹਾਂ ਤਾਂ ਉਹ ਸਾਰੇ ਲੋਕਾਂ ਦਾ ਕੰਮ ਛੱਡ ਕੇ ਆਉਂਦੇ ਹਨ ਅਤੇ ਕਾਰਾਂ ਲੈ ਕੇ ਆਉਂਦੇ ਹਨ । ਜੇਕਰ ਅਸੀਂ ਇਹ ਸਾਰਾ ਕੁਝ ਕੰਪਿਊਟਰੀਕਰਨ ਦੇ ਨਾਲ ਕਰਕੇ ਔਰ ਜਿਹੜੀਆਂ ਕਾਨਫਰੰਸਜ਼ ਹਨ, ਲੋਕਾਂ ਦੇ ਨਾਲ ਉਨ੍ਹਾਂ ਨੂੰ ਜੋੜ ਲਵਾਂਗੇ ਔਰ ਉਨ੍ਹਾਂ ਦੇ ਨਾਲ ਟੈਲੀਕਾਮ ਦੇ ਉਤੇ ਗੱਲ ਕਰ ਲਿਆ ਕਰਾਂਗੇ ਤਾਂ ਕੁਦਰਤੀ ਤੌਰ ਤੇ ਸਾਨੂੰ ਇਸ ਦਾ ਫਾਇਦਾ ਹੋਵੇਗਾ, ਪੈਸਾ ਵੀ ਬਚੇਗਾ ਲੋਕਾਂ ਦਾ ਟਾਈਮ ਵੀ ਬਚੇਗਾ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਦੇ ਵਿੱਚ ਵੀ ਦੱਸਿਆ ਹੈ ਕਿ ਗੌਰਮਿੰਟ ਆਈ. ਟੀ. ਵਿਜ਼ਨ ਗਰੁੱਪ ਚੀਫ਼ ਮਨਿਸਟਰ ਸਾਹਿਬ ਦੀ ਪ੍ਰਧਾਨਗੀ ਹੇਠ ਕਾਇਮ ਕਰੇਗੀ and another group Empowered Committee on Computerisation under the Chairmanship of Chief Secretary, Punjab. ਕੀ ਉਪ ਮੁੱਖ ਮੰਤਰੀ ਸਾਹਿਬਾ ਇਹ ਦੱਸਣਗੇ ਕਿ ਇਨ੍ਹਾਂ ਦੋਨਾਂ ਗਰੁੱਪਾਂ ਦੀਆਂ ਕਿੰਨੀਆਂ ਮੀਟਿੰਗਾਂ ਹੋਈਆਂ ਹਨ ?

**ਉਪ ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਇੱਕ ਗਰੁੱਪ ਦੀ ਮੀਟਿੰਗ ਦੇ ਬਾਰੇ ਪੁੱਛਿਆ ਹੈ ਉਹ ਵਿਜ਼ਨ ਕਮੇਟੀ ਦੇ ਚੇਅਰਮੈਨ, ਚੀਫ਼ ਮਨਿਸਟਰ ਹਨ ਔਰ ਉਸ ਦੇ ਵਿੱਚ ਹੋਰ ਮੈਂਬਰ ਵੀ ਐਡ ਕਰ ਰਹੇ ਹਨ । ਬਾਕੀ ਜੋ ਦੂਜੀ ਈ-ਗਵਰਨੈਂਸ ਕਮੇਟੀ ਦੇ ਬਾਰੇ ਪੁੱਛਿਆ ਹੈ ਉਸ ਦੇ ਵਿਚ ਚੀਫ਼ ਸੈਕਟਰੀ ਉਸ ਦਾ ਹੈਡ ਹੁੰਦਾ ਹੈ................

**ਮਾਨਯੋਗ ਸਪੀਕਰ** : ਉਨ੍ਹਾਂ ਨੇ ਮੀਟਿੰਗਾਂ ਦੀ ਗਿਣਤੀ ਬਾਰੇ ਪੁੱਛਿਆ ਹੈ ?

**ਉਪ ਮੁੱਖ ਮੰਤਰੀ** : ਉਹ ਮੈਂ ਦਸ ਰਹੀਂ ਹਾਂ ਜੀ । ਇਸ ਨੂੰ ਅਸੀਂ ਦੁਬਾਰਾ ਹੋਰ ਬਣਾ ਰਹੇ ਹਾਂ ਕਿ ਕਿਹੜਾ ਕਿਹੜਾ ਇਸ ਦੇ ਵਿੱਚ ਹੋਰ ਐਡ ਕੀਤਾ ਜਾਣਾ ਚਾਹੀਦਾ ਹੈ । ਕੰਸਟੀਚਿਊਐਂਸੀ ਤੋਂ ਕਿਸ ਨੂੰ ਲੈਣਾ ਹੈ, ਡਿਪਾਰਟਮੈਂਟ ਤੋਂ ਕਿਸ ਨੂੰ ਲੈਣਾ ਹੈ। ਸੋ ਅਸੀਂ ਇਸ ਨੂੰ ਰੀਕਾਂਸਟੀਚਿਊਟ ਕਰ ਰਹੇ ਹਾਂ । ਜਿਹੜੀ ਮੀਟਿੰਗ ਦੀ ਗੱਲ ਹੈ ਉਹ ਮੀਟਿੰਗਾਂ ਇੰਡੀਵਿਜੂਅਲੀ ਸਾਰੇ ਡਿਪਾਰਟਮੈਂਟਸ ਦੇ ਹੈੱਡਜ਼ ਨਾਲ ਤਕਰੀਬਨ ਮੁੱਖ ਮੰਤਰੀ ਸਾਹਿਬ ਨਾਲ ਹੋ ਚੁੱਕੀਆਂ ਹਨ ਲੇਕਿਨ ਸਮੁੱਚੀ ਬੋਰਡ ਦੀ ਕੋਈ ਮੀਟਿੰਗ ਨਹੀਂ ਕੀਤੀ ਗਈ ।

-------

## ਖੇਤੀਬਾੜੀ ਵਿਚ ਵਿਭਿੰਨਤਾ

*1080. **ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਦਗੇ ਕਿ ਰਾਜ ਵਿਚ ਹੁਣ ਤੱਕ ਫਸਲਾਂ ਵਿਚ ਵਿਭਿੰਨਤਾ ਲਿਆਉਣ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]
ਲਈ ਹੋਈ ਪ੍ਰਗਤੀ ਦੇ ਵੇਰਵੇ ਕੀ ਹਨ ਅਤੇ ਸਾਲਾਂ 2002-03, 2003-04 ਅਤੇ 2004-05 ਦੇ ਦੌਰਾਨ ਫਸਲਾਂ ਵਿਚ ਵਿਭਿੰਨਤਾ ਹੇਠ ਵੱਖ-ਵੱਖ ਕਿੰਨਾ ਰਕਬਾ ਲਿਆਂਦਾ ਗਿਆ ?

ਉਪ ਮੁੱਖ ਮੰਤਰੀ (ਸ੍ਰੀਮਤੀ ਰਾਜਿੰਦਰ ਕੌਰ ਭੱਠਲ): ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

**Progress of diversification of crops during the years 2002-03, 2003-04 and 2004-05**

1. Diversification of crops made through contract farming programme started by Punjab Agro Foodgrains Corporation in Rabi 2002 is as under :-

(Area in Acres)

| Sr. No. | Crop | 2002-03 | 2003-04 | | 2004-05 | |
|---|---|---|---|---|---|---|
| | | Rabi 2002-03 Acres | Kharif 2003 Acres | Rabi 2003-04 Acres | Kharif 2004 Acres | Rabi 2004-05 Anticipated Acreage |
| 1. | Hyola/Gobhi Sarson .. | 9,798 | - | 19,111 | - | 60,000 |
| 2. | Sunflower .. | 8,541 | - | 22,014 | - | 30,000 |
| 3. | Malting Barley .. | 820 | - | 5,341 | - | 5,500 |
| 4. | Winter Maize .. | 1,920 | - | - | - | - |
| 5. | Spring Maize .. | 1,233 | - | - | - | 7,500 |
| 6. | Durum Wheat .. | - | - | 11,362 | - | 8,500 |
| 7. | Moong .. | - | 2,412 | 2,081 | 2,604 | 2,800 |
| 8. | Basmati .. | - | 90,529 | - | 57,310 | - |
| 9. | Maize .. | - | 28,089 | - | 31,857 | - |
| 10. | Guar .. | - | 4,650 | - | - | - |
| 11. | Castor .. | - | 1,667 | - | 2,000 | - |
| | Total .. | 22,312 | 1,27,347 | 59,909 | 93,771 | 1,14,300 |
| | Grand Total .. | 22,312 | 187256 | | 208071 | |

Year-wise detail of additional area brought under fruits and vegetables by the Department of Horticulture, Punjab is as under :-

Area in Hectares

| Sr. No. | Year | | Fruits | Vegetables |
|---|---|---|---|---|
| 1. | 2002-03 | .. | 4,178 | 3,260 |
| 2. | 2003-04 | .. | 4,425 | 5,245 |
| 3. | 2004-05 | .. | 3,683<br>(Upto 31-1-05) | 5,600<br>(Upto 31-1-05) |

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਉਪ ਮੁੱਖ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਡਾਈਵਰਸੀਫਿਕੇਸ਼ਨ ਆਫ ਐਗਰੀਕਲਚਰ ਨੂੰ ਸਰਕਾਰ ਆਪਣੀ ਬੜੀ ਵੱਡੀ ਪ੍ਰਾਪਤੀ ਗਿਣਦੀ ਹੈ ਔਰ ਇਨ੍ਹਾਂ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਸਾਲ 2003 ਦੀ ਸਾਉਣੀ ਦੀ ਫਸਲ ਦੇ ਵਿੱਚ 1,27,000 ਏਕੜ ਰਕਬਾ ਇਸ ਦੇ ਅਧੀਨ ਲਿਆ ਸੀ, ਕਾਂਟਰੈਕਟ ਫਾਰਮਿੰਗ ਦੇ ਅਧੀਨ ਲਿਆ ਸੀ ਪਰੰਤੂ ਸਾਲ 2004 ਦੀ ਸਾਉਂਣੀ ਦੀ ਫਸਲ ਦੇ ਵਿੱਚ ਇਨ੍ਹਾਂ ਦਾ ਇਹ ਰਕਬਾ ਘੱਟ ਕੇ 93,700 ਏਕੜ ਰਹਿ ਗਿਆ ਹੈ । ਇਸ ਦੇ ਕੀ ਕਾਰਨ ਹਨ, ਕਿਨ੍ਹਾਂ ਕਾਰਨਾਂ ਕਰਕੇ ਇਹ ਰਕਬਾ ਘਟਿਆ ਹੈ ।

**ਉਪ ਮੁੱਖ ਮੰਤਰੀ** : ਅਸੀਂ ਕੋਸ਼ਿਸ਼ ਕੀਤੀ ਹੈ, ਲੋਕਾਂ ਦੇ ਵਿਚ ਬੜੀ ਅਵੇਰਨੈਸ ਕੀਤੀ ਹੈ, ਐਫਰਟਸ ਵੀ ਕੀਤੀਆਂ ਹਨ ਕਿ ਦੂਜੀਆਂ ਫਸਲਾਂ ਦੇ ਥੱਲੇ ਜਿਵੇਂ ਦਾਲਾਂ, ਬੀਜਾਂ ਆਦਿ ਅਧੀਨ ਰਕਬਾ ਲਿਆਂਦਾ ਜਾਵੇ ਪਰੰਤੂ ਜਿਸ ਤਰ੍ਹਾਂ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਕਣਕ ਅਤੇ ਝੋਨੇ ਦੇ ਵਿੱਚ ਅਸੀਂ ਬਹੁਤੀ ਵੱਡੀ ਪ੍ਰਾਪਤੀ ਨਹੀਂ ਕੀਤੀ । ਇਹ ਵਾਕਿਆ ਹੀ ਰਕਬਾ ਘਟਿਆ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਜੋ ਮੁੱਖ ਮਕਸਦ ਸੀ ਉਹ ਪੈਡੀ ਅਤੇ ਵੀਟ ਦੀ ਰੋਟੇਸ਼ਨ ਨੂੰ ਘੱਟ ਕਰਨਾ ਸੀ ਔਰ ਇਨ੍ਹਾਂ ਨੇ ਆਪਣੇ ਆਂਸਰ ਦੇ ਵਿੱਚ ਹੀ ਦੱਸਿਆ ਹੈ ਕਿ ਸਰਕਾਰ ਵਲੋਂ ਉਹ ਪ੍ਰਾਪਤੀ ਨਹੀਂ ਕੀਤੀ ਜਾ ਸਕੀ । ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਾਰਨਾਂ ਕਰਕੇ ਸਰਕਾਰ ਆਪਣੀ ਪੂਰੀ ਤਰ੍ਹਾਂ ਪ੍ਰਾਪਤੀ ਨਹੀਂ ਕਰ ਸਕੀ ?

**ਉਪ ਮੁੱਖ ਮੰਤਰੀ** : ਸਪੀਕਰ ਸਾਹਿਬ, ਲੋਕਾਂ ਨੂੰ ਪ੍ਰੇਰਨਾ ਦਿੱਤੀ ਜਾ ਸਕਦੀ ਹੈ । ਇਹ ਪਹਿਲਾਂ ਸਕੀਮ ਬਣਾਈ ਸੀ ਔਰ ਇੱਕ ਜੌਹਲ ਕਮੇਟੀ ਬਣਾਈ ਗਈ ਸੀ ਔਰ ਉਸ ਦੀ ਰਿਪੋਰਟ ਨੂੰ, ਜਦੋਂ ਸੈਂਟਰ ਦੇ ਵਿੱਚ ਬੀ.ਜੇ.ਪੀ. ਦੀ ਸਰਕਾਰ ਸੀ, ਉਨ੍ਹਾਂ ਕੋਲ ਭੇਜਿਆ ਸੀ । ਉਸ ਵਿੱਚ ਬੜੀਆਂ ਵਧੀਆਂ ਸਕੀਮਾਂ ਬਣਾ ਕੇ ਭੇਜੀਆਂ ਸਨ, ਫਿਰ ਅਸੀਂ ਐਫਰਟਸ ਵੀ ਕੀਤੀ ਔਰ ਉਸ ਕਮੇਟੀ ਦੀ ਰਿਪੋਰਟ ਬੜੀ ਸ਼ਲਾਘਾਯੋਗ ਸੀ । ਉਸ ਵਿੱਚ ਇਹ ਸੀ ਕਿ 10 ਹਜ਼ਾਰ ਰੁਪਏ ਪਰ ਏਕੜ ਦੇ ਹਿਸਾਬ ਨਾਲ ਦਿੱਤਾ ਜਾਵੇਗਾ ਜਿਹੜਾ ਕਣਕ ਅਤੇ ਝੋਨਾ ਨਹੀਂ ਬੀਜੇਗਾ ਔਰ ਉਸ ਕਿਸਾਨ ਨੂੰ ਕਹਿ ਦੇਈਏ ਕਿ ਹੋਰ ਫਸਲ ਬੀਜੋ ਇਹ ਨਾ ਬੀਜ । ਇਹ ਸਕੀਮ ਕਈ ਪੜ੍ਹਾਵਾਂ ਤੱਕ ਚਲਦੀ ਰਹੀ । ਅੱਜ ਤੱਕ ਇਹ ਐਪਰੂਵ ਨਹੀਂ ਹੋਈ । ਇਸ ਵਿਚ ਗੌਰਮਿੰਟ ਆਫ਼ ਇੰਡੀਆ ਨੂੰ ਫਾਇਦਾ ਰਹਿੰਦਾ ਹੈ । ਜੋ ਐਫਰਟਸ ਕੀਤੀਆਂ ਹਨ ਉਸ ਵਿਚ ਗੌਰਮਿੰਟ ਵਲੋਂ ਪੈਸੇ ਲੱਗੇ ਹੋਏ ਹਨ । ਹਰ ਤਰੀਕੇ ਨਾਲ ਪਬਲਿਸਿਟੀ ਕਰਨ ਵਾਲੇ ਪਾਸੇ ਲੱਗੇ ਹੋਏ ਹਾਂ । ਅਸੀਂ ਕੰਪੈਲ ਨਹੀਂ ਕਰ ਸਕਦੇ । ਮੈਂ ਐਡਮਿਟ ਕਰਦੀ ਹਾਂ ਕਿ ਇਸ ਪਾਸੇ ਸਾਨੂੰ ਜ਼ਿਆਦਾ ਪ੍ਰਾਪਤੀ ਨਹੀਂ ਹੋਈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਚੀਫ ਮਨਿਸਟਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਕੀਮ ਤੇ ਖ਼ਰਚ ਕਿੰਨਾ ਕੀਤਾ ਗਿਆ ?

**ਉਪ ਮੁੱਖ ਮੰਤਰੀ** : ਇਸ ਉਤੇ ਮੇਨ ਪਬਲਿਸਿਟੀ ਵਾਸਤੇ 12 ਕਰੋੜ ਰੁਪਿਆ ਖ਼ਰਚ ਕੀਤਾ ਗਿਆ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਆਪ ਮੰਨਿਆ ਹੈ ਕਿ ਇਨ੍ਹਾਂ ਨੂੰ ਸਫ਼ਲਤਾ ਨਹੀਂ ਮਿਲੀ । ਕੀ ਇਹ ਜਿਹੜੀ ਡਾਈਵਰਸੀਫਿਕੇਸ਼ਨ ਦੀ ਪਲਾਨ ਜਿਹੜੀ ਸੀ ਇਸ ਕਰਕੇ ਫੇਲ੍ਹ ਹੋਈ ਕਿ ਸਰਕਾਰ ਦੀ ਜਿਹੜੀ ਬਨਿਆਦੀ ਅਪਰੋਚ ਸੀ, ਉਹ ਗਲਤ ਸੀ, ਨਾ ਮੰਡੀਕਰਨ ਤੇ ਖ਼ਰਚ ਕੀਤਾ...

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ।

**ਕੈਪਟਨ ਕੰਵਲਜੀਤ ਸਿੰਘ** : ਸਵਾਲ ਹੀ ਹੈ ਜੀ । ਇਹ ਕਿਸਾਨ ਨੂੰ ਡਾਈਵਰਸੀਫਾਈਡ ਕਰੋਪਸ ਲਾਉਣ ਲਈ ਪ੍ਰੇਰਿਤ ਕਰਦੇ ਹਨ ਕਿ ਉਨ੍ਹਾਂ ਨੂੰ ਕਣਕ, ਝੋਨੇ ਤੋਂ ਆਮਦਨ ਘੱਟ ਹੈ ਇਸ ਕਰਕੇ ਉਹ ਦੂਜੀਆਂ ਫਸਲਾਂ ਤੇ ਸ਼ਿਫਟ ਕਰ ਜਾਣ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਡਾਈਵਰਸੀਫਿਕੇਸ਼ਨ ਪਲਾਨ ਪੇਸ਼ ਕੀਤੀ ਕੀ ਉਹ ਬੁਨਿਆਦੀ ਤੌਰ ਤੇ ਗਲਤ ਸੀ ਜਿਸ ਕਰਕੇ ਉਹ ਫੇਲ੍ਹ ਹੋਈ ?

**ਮਾਨਯੋਗ ਸਪੀਕਰ** : ਹਾਂ ਜੀ, ਦੱਸੋ ਬੁਨਿਆਦੀ ਤੌਰ ਤੇ ਗਲਤ ਸੀ ?

**ਉਪ ਮੁੱਖ ਮੰਤਰੀ** : ਸਾਡੇ ਲੋਕ ਇਹ ਸਮਝਦੇ ਸੀ ਕਿ ਕਣਕ, ਚੌਲ ਸੌਖੀ ਕਰੋਪ ਹੈ ਅਤੇ ਮਾਰਕਿਟਿੰਗ ਦਾ ਪ੍ਰਬੰਧ ਵੀ ਹੁੰਦਾ ਹੈ । ਮੈਂ ਸਮਝਦੀ ਹਾਂ ਕਿ ਆਹਿਸਤਾ-ਆਹਿਸਤਾ ਅਸੀਂ ਐਗਰੋ ਦੇ ਰਾਹੀਂ ਉਨ੍ਹਾਂ ਨੂੰ ਕੰਟਰੈਕਟ ਫਾਰਮਿੰਗ ਦੇ ਥੱਲੇ ਪ੍ਰੋਟੈਕਟ ਵੀ ਕੀਤਾ ਹੈ ਔਰ ਕੋਈ ਸ਼ਿਕਾਇਤ ਵੀ ਨਹੀਂ ਆਈ । ਹੌਲੀ ਹੌਲੀ ਲੋਕ ਇਸ ਪਾਸੇ ਜ਼ਰੂਰ ਆਉਣਗੇ । ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਕਾਮਯਾਬ ਨਹੀਂ ਹੋਵੇਗੀ । ਅਜ਼ਾਦੀ ਲੈਣ ਵਾਸਤੇ ਵੀ 50 ਸਾਲ ਤੋਂ ਵੱਧ ਸਮਾਂ ਲੱਗਾ ਸੀ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਚੀਫ ਮਨਿਸਟਰ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ 12 ਕਰੋੜ ਰੁਪਿਆ ਐਡਵਰਟਾਈਜ਼ਮੈਂਟ ਤੇ ਖ਼ਰਚ ਕੀਤਾ ਹੈ ਪਰ ਪ੍ਰਾਪਤੀ ਕੋਈ ਨਹੀਂ ਹੋਈ । ਉਸ 12 ਕਰੋੜ ਰੁਪਏ ਵਿਚੋਂ ਟੀ.ਵੀ. ਵਾਲਿਆਂ ਨੂੰ ਕਿੰਨਾ ਰੁਪਿਆ ਦਿਤਾ ਗਿਆ ਹੈ ?

**ਉਪ ਮੁੱਖ ਮੰਤਰੀ** : ਇਹ ਕਿਹੜੇ ਟੀ.ਵੀ. ਬਾਰੇ ਪੁੱਛਣਾ ਚਾਹੁੰਦੇ ਹਨ ? (ਹਾਸਾ)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਬਹੁਤ ਇੰਪਾਰਟੈਂਟ ਕੁਐਸਚਨ ਹੈ ਪੰਜਾਬ ਦੀ ਇਕਾਨਮੀ ਨਾਲ ਤਾਅਲੁਕ ਰੱਖਦਾ ਹੈ । ਮੈਂ ਜਾਨਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬਾ ਨੇ ਆਪਣੇ ਉਤਰ ਵਿਚ ਕਿਹਾ ਹੈ ਕਿ ਬੀ.ਜੇ.ਪੀ. ਦੀ ਸਰਕਾਰ ਸੀ ਜਦੋਂ ਇਹ ਸਕੀਮ ਸ਼ੁਰੂ ਹੋਈ, ਉਨ੍ਹਾਂ ਨੇ ਦਿੱਲੀ ਇਹ ਗੱਲ ਮੰਨੀ ਨਹੀਂ । ਮੈਂ ਡਾਇਰੈਕਟ ਇਸ ਦੇ ਫੇਲ੍ਹ ਹੋਣ ਦਾ ਕਾਰਨ ਦੱਸ ਕੇ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਤੁਸੀਂ ਮੈਨੂੰ ਪ੍ਰੋਟੈਕਟ ਕਰਨਾ ਮੈਂ ਜ਼ਿਆਦਾ ਸਮਾਂ ਨਹੀਂ ਲੈਣਾ । ਮੈਂ ਪੁੱਛਣਾ ਚਾਹੁੰਦਾ ਹਾਂ, ਕਿ ਨਰਮੇ ਦੀ ਫਸਲ ਫੇਲ੍ਹ ਹੋ ਗਈ ਅਤੇ ਨਰਮਾ 1700 ਰੁਪਏ ਕੁਇੰਟਲ ਵਿਕਿਆ ਜਦ ਕਿ ਸਪੋਰਟ ਪ੍ਰਾਈਸ 1800 ਰੁਪਏ ਸੀ................

**ਮਾਨਯੋਗ ਸਪੀਕਰ** : ਅਸੀਂ ਇਥੇ ਡਿਬੇਟ ਨਹੀਂ ਕਰ ਰਹੇ । ਸਵਾਲ ਕਰੋ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਡਾਇਰੈਕਟ ਕੁਐਸਚਨ ਕਰ ਰਿਹਾ ਹਾਂ ਜੀ ।

**Mr. Speaker** : No discussion.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਰ, ਤੁਸੀਂ ਸੁਣੋ ਤਾਂ ਸਹੀ ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਹ ਸਪੋਰਟ ਪ੍ਰਾਈਸ ਸੀ ਉਸ ਤੇ ਨਰਮਾ ਨਹੀਂ ਵਿਕਿਆ ਤੇ 180 ਕਰੋੜ ਰੁਪਏ ਦੀ ਐਕਸਾਈਜ਼ ਛੂਟ ਦਿਤੀ । ਸਟੇਟ ਗੌਰਮਿੰਟ ਨਰਮੇ ਦੀ ਸਪੋਰਟ ਪ੍ਰਾਈਸ ਦੇ ਦੇਵੇ ਡਾਈਵਰਸੀਫਿਕੇਸ਼ਨ ਆਪੇ ਹੀ ਹੋ ਜਾਵੇਗੀ । ਕੀ ਇਹ ਕਰਨ ਨੂੰ ਤਿਆਰ ਹਨ । ਨਰਮਾ ਘੱਟ ਵਿਕਿਆ । ਇਹ ਐਕਸਾਈਜ਼ ਦੀ ਛੂਟ ਨਾ ਦਿੰਦੇ ਨਰਮੇ ਦੀ ਸਪੋਰਟ ਪ੍ਰਾਈਸ ਦੇ ਦਿੰਦੇ ।

**ਉਪ ਮੁੱਖ ਮੰਤਰੀ** : ਇਸ ਸੁਝਾਅ ਨੂੰ ਵਿਚਾਰ ਲਵਾਂਗੇ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 12 ਕਰੋੜ ਰੁਪਿਆ ਐਡਵਰਟਾਈਜ਼ਮੈਂਟਸ ਤੇ ਖ਼ਰਚ ਕੀਤਾ ਦੱਸਿਆ ਗਿਆ ਹੈ, ਕਿਸਾਨਾਂ ਨੂੰ ਐਡਵਰਟਾਈਜ਼ਮੈਂਟਸ ਦੀ ਲੋੜ ਨਹੀਂ । ਇਸ ਦੀ ਬਜਾਏ ਸੈਮੀਨਾਰ ਹੋ ਜਾਂਦੇ, ਅਖ਼ਬਾਰਾਂ ਵਿਚ ਖਬਰ ਆ ਜਾਂਦੀ । ਉਨ੍ਹਾਂ ਲਈ ਇਹ ਹੀ ਬਹੁਤ ਸੀ । 12 ਕਰੋੜ ਵਿਚੋਂ 10 ਕਰੋੜ ਕਿਸਾਨਾਂ ਲਈ ਖ਼ਰਚ ਦਿੰਦੇ............

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ।

**ਸ਼੍ਰੀ ਤਿਕਸ਼ਨ ਸੂਦ** : ਪੁੱਛਣ ਲੱਗਿਆ ਹਾਂ ਜੀ । ਕੀ ਅਗਲੀ ਵਾਰੀ ਇਹ 10 ਕਰੋੜ ਰੁਪਿਆ ਕਿਸਾਨਾਂ ਵਾਸਤੇ ਖ਼ਰਚਣਗੇ ਬਜਾਏ ਕਿ ਐਡਵਰਟਾਈਜ਼ਮੈਂਟਸ ਤੇ ਖ਼ਰਚ ਕਰਨ ਦੇ ?

**ਮਾਨਯੋਗ ਸਪੀਕਰ** : ਇਹ ਕੋਈ ਸਵਾਲ ਨਹੀਂ ਹੈ ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਬੜੇ ਅਫ਼ਸੋਸ ਦੀ ਗੱਲ ਹੈ ਕਿ............

**ਮਾਨਯੋਗ ਸਪੀਕਰ :** ਅਫ਼ਸੋਸ ਨਾ ਕਰੋ, ਸਵਾਲ ਕਰੋ ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਕਿਉਂਕਿ ਇਹ ਪੰਜਾਬ ਦੀ ਕਿਸਮਤ ਦਾ ਸਵਾਲ ਹੈ, ਇਸ ਤੇ ਅਫਸੋਸ ਕਰ ਰਹੇ ਹਾਂ ।

**ਮਾਨਯੋਗ ਸਪੀਕਰ :** ਅਫ਼ਸੋਸ ਬਾਅਦ ਵਿਚ ਕਰ ਲੈਣਾ । ਹੁਣ ਸਵਾਲ ਕਰੋ ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਸਾਰੇ ਮੰਤਰੀ ਸਾਹਿਬਾਨ ਇੱਕੋ ਹੀ ਜਵਾਬ ਦੇ ਰਹੇ ਹਨ ਕਿ ਕੋਸ਼ਿਸ਼ ਕਰਾਂਗੇ, ਕੋਸ਼ਿਸ਼ ਕਰਾਂਗੇ । ਕੀ ਸਰਕਾਰ ਕੋਸ਼ਿਸ਼ ਹੀ ਕਰਦੀ ਰਹੇਗੀ ਜਾਂ ਫਿਰ ਪੰਜਾਬ ਵਿਚ ਇਸ ਡਾਈਵਰਸੀਫਿਕੇਸ਼ਨ ਕਰਨ ਕਾਰਨ ਕੁਝ ਕਰਕੇ ਵੀ ਦਿਖਾਉਣਗੇ ? ਕੀ ਸਰਕਾਰ ਇਸ ਕੰਮ ਲਈ ਵਚਨਬੱਧ ਹੋਵੇਗੀ ?

**ਮਾਨਯੋਗ ਸਪੀਕਰ :** ਇਹ ਕੋਈ ਪ੍ਰਸ਼ਨ ਨਹੀਂ ਹੈ । ਹਾਂ ਜੀ, ਬਾਦਲ ਸਾਹਿਬ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਸ ਸਕੀਮ ਤੇ 12 ਕਰੋੜ ਰੁਪਿਆ ਖ਼ਰਚ ਕੀਤਾ ਹੈ । ਇਨ੍ਹਾਂ ਨੇ ਦੱਸਿਆ ਹੈ ਕਿ 12 ਕਰੋੜ ਰੁਪਿਆ ਖ਼ਰਚਾ ਕੀਤਾ ਹੈ । ਕੀ ਇਹ ਇਸ ਬਾਰੇ ਵੇਰਵਾ ਦੇਣਗੇ ਕਿ ਇਹ ਕਿੱਥੇ-ਕਿੱਥੇ ਕਿਸ ਤਰ੍ਹਾਂ ਖ਼ਰਚ ਕੀਤਾ ਹੈ ?

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਜਿੰਨੇ ਵੀ ਟੀ.ਵੀ. ਚੈਨਲ ਹਨ, ਸਮੇਤ ਦੂਰਦਰਸ਼ਨ ਦੇ ਔਰ ਪ੍ਰਿੰਟ ਮੀਡੀਆ ਹਨ, ਅਤੇ ਪ੍ਰੈਸ ਵਾਲੇ ਹਨ, ਇਨ੍ਹਾਂ ਸਾਰਿਆਂ ਕੋਲ ਐਡਵਰਟਾਈਜ਼ਮੈਂਟਸ ਦਿੱਤੀਆਂ ਹਨ ਅਤੇ ਲੋਕਾਂ ਨੂੰ ਗਾਈਡ ਕੀਤਾ ਹੈ । ਮੈਂ ਸਮਝਦੀ ਹਾਂ ਕਿ ਜਿਸ ਤਰ੍ਹਾਂ ਲੋਕਾਂ ਨੇ ਸਬਜ਼ੀਆਂ ਥੱਲੇ ਰਕਬਾ ਵਧਾਇਆ ਹੈ, ਇਸੇ ਤਰ੍ਹਾਂ ਹਰ ਨਵਾਂ ਕੰਮ ਸ਼ੁਰੂ ਕਰਨ ਵਿਚ ਟਾਈਮ ਲਗਦਾ ਹੈ । ਅਸੀਂ ਲੋਕਾਂ ਨੂੰ ਸਮਝਾਉਣ ਵਾਸਤੇ ਪੈਸਾ ਖਰਚਿਆ ਹੈ । ਲੋਕਾਂ ਵਾਸਤੇ ਹੀ ਐਡਵਰਟਾਈਜ਼ਮੈਂਟ ਕਰ ਰਹੇ ਹਾਂ ਕਿਉਂਕਿ ਹਰ ਨਵੇਂ ਕੰਮ ਵਿਚ ਕੁਝ ਸਮਾਂ ਤਾਂ ਲਗਦਾ ਹੀ ਹੈ ।

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1099*

**ਮਾਨਯੋਗ ਸਪੀਕਰ :** ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---------

## ਮੇਅਰਾਂ/ਪ੍ਰਧਾਨਾਂ ਨੂੰ ਹੋਰ ਅਧਿਕਾਰ ਦੇਣੇ

***1202 (1) ਸ਼੍ਰੀ ਜੁਗਲ ਕਿਸ਼ੋਰ ਸ਼ਰਮਾ**
**(2) ਸ਼੍ਰੀ ਰਮੇਸ਼ ਦੱਤ ਸ਼ਰਮਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਮਿਊਂਸਿਪਲ ਕਾਰਪੋਰੇਸ਼ਨਾਂ/ਮਿਊਂਸਿਪਲ ਕੌਂਸਲਾਂ ਦੇ ਮੇਅਰਾਂ/ਪ੍ਰਧਾਨਾਂ ਨੂੰ ਹੋਰ ਅਧਿਕਾਰ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ-ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**Chaudhary Jagjit singh :** Sir, the matter is under consideration of the Govt. to give more powers to Mayors of Muncipal Corporations in the STATE However, no such proposal is under consideration of the Govt. to give more powers to the Presidents of the Councils in the STATE

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਕਾਰਪੋਰੇਸ਼ਨ ਹੈ, ਇਹ ਲੋਕਲ ਸੈਲਫ ਗੌਰਮਿੰਟ ਹੈ । ਇਨ੍ਹਾਂ ਦੀ ਜਦੋਂ ਜਨਰਲ ਬਾਡੀ ਦੀ ਮੀਟਿੰਗ ਹੁੰਦੀ ਹੈ ਤਾਂ ਰੈਜ਼ੋਲਿਊਸ਼ਨ ਪਾਸ ਕਰਕੇ ਭੇਜਦੇ ਹਨ । ਉਸ ਤੋਂ ਬਾਅਦ ਕਮਿਸ਼ਨਰ ਦੇ ਕੁਮੈਂਟਸ ਹੁੰਦੇ ਹਨ । ਕੀ ਸਰਕਾਰ ਯਕੀਨੀ ਬਣਾਏਗੀ ਕਿ ਜਿਹੜਾ ਰੈਜ਼ੋਲਿਊਸ਼ਨ ਕਾਰਪੋਰੇਸ਼ਨ ਪਾਸ ਕਰਦੀ ਹੈ, ਕੀ ਉਸ ਨੂੰ ਫਾਈਨਲ ਰੈਜ਼ੋਲਿਊਸ਼ਨ ਸਮਝਕੇ ਹੀ ਸਰਕਾਰ ਨੂੰ ਭੇਜੇ ਜਾਣਗੇ ?

**ਮੰਤਰੀ :** ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਕਾਰਪੋਰੇਸ਼ਨ ਵਲੋਂ ਪਾਸ ਕਰਕੇ ਕਮਿਸ਼ਨਰ ਨੂੰ ਭੇਜਿਆ ਜਾਂਦਾ ਹੈ । ਕਮਿਸ਼ਨਰ ਵੀ ਆਪਣੇ ਕੁਮੈਂਟਸ ਦਿੰਦਾ ਹੈ । ਕਮਿਸ਼ਨਰ ਆਪਣੇ ਕੁਮੈਂਟਸ ਉਥੇ ਦਿੰਦਾ ਹੈ ਜਿਹੜੇ ਰੂਲਜ਼ ਦੇ ਮੁਤਾਬਿਕ ਨਾ ਹੋਣ । ਅਸੀਂ ਉਸ ਰੈਜ਼ੋਲਿਊਸ਼ਨ ਦੀ ਡਾਇਰੈਕਟਰ ਲੈਵਲ ਤੇ ਘੋਖ ਕਰਦੇ ਹਾਂ । ਜੇ ਉਹ ਠੀਕ ਹੋਣ ਤਾਂ ਮਨਜ਼ੂਰੀ ਦੇ ਦਿੰਦੇ ਹਾਂ ।

---

*For S. Q. No. 1099 and reply thereto, please see Appendix to this Debates.

**ਡਾਕਟਰ ਰਮੇਸ਼ ਦੱਤ ਸ਼ਰਮਾ :** ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਵੱਧ ਅਧਿਕਾਰ ਸਿਰਫ ਮੇਅਰਾਂ ਨੂੰ ਹੀ ਦੇ ਰਹੇ ਹਨ ? ਮਿਊਂਸਿਪਲ ਕਮੇਟੀਆਂ ਦੇ ਪ੍ਰਧਾਨਾਂ ਲਈ ਵੀ ਇਕੋ ਹੀ ਐਕਟ ਹੈ । ਇਹ ਮਿਊਂਸਿਪਲ ਕਮੇਟੀਆਂ ਦੇ ਪ੍ਰਧਾਨਾਂ ਨੂੰ ਵੱਧ ਅਧਿਕਾਰ ਫਿਰ ਕਿਉਂ ਨਹੀਂ ਦਿੰਦੇ ?

**ਮੰਤਰੀ :** ਸਪੀਕਰ ਸਾਹਿਬ, ਸਾਡੀਆਂ ਕਾਰਪੋਰੇਸ਼ਨਾਂ ਦੇ ਮਅਰਾਂ ਅਤੇ ਮਿਊਂਸਿਪਲ ਕਮੇਟੀਆਂ ਦੇ ਪ੍ਰਧਾਨਾਂ ਦੇ ਵੱਖਰੇ-ਵੱਖਰੇ ਕੰਮ ਹਨ । ਮਿਊਂਸਿਪਲ ਕਮੇਟੀਆਂ ਦੇ ਪ੍ਰਧਾਨਾਂ ਨੂੰ ਅੱਗੇ ਹੀ ਬਹੁਤ ਸਾਰੇ ਅਧਿਕਾਰ ਦਿੱਤੇ ਹੋਏ ਹਨ । ਅੱਗੇ ਹੀ ਉਨ੍ਹਾਂ ਦਾ ਕੰਮ ਠੀਕ ਚਲਦਾ ਹੈ ।

**ਡਾਕਟਰ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ, ਕਾਰਪੋਰੇਸ਼ਨ ਦੇ ਕਿਹੜੇ-ਕਿਹੜੇ ਵੱਖਰੇ-ਵੱਖਰੇ ਕੰਮ ਹਨ ? ਉਹ ਕਿਹੜੇ ਸਪੈਸ਼ਲ ਵੱਖਰੇ ਕੰਮ ਹਨ, ਜਿਨ੍ਹਾਂ ਦੇ ਵਾਸਤੇ ਵਿਸ਼ੇਸ਼ ਅਧਿਕਾਰ ਦਿੱਤੇ ਜਾ ਰਹੇ ਹਨ ?

**ਮੰਤਰੀ :** ਸਪੀਕਰ ਸਾਹਿਬ, ਮਿਊਂਸਿਪਲ ਕਾਰਪੋਰੇਸ਼ਨ ਦਾ ਦਾਇਰਾ/ਘੇਰਾ ਜਿਹੜਾ ਹੈ, ਉਹ ਬਹੁਤ ਵੱਡਾ ਹੈ ਔਰ ਦਾਇਰੇ ਦੇ ਅਖਤਿਆਰ ਵਿਚ ਬਹੁਤ ਸਾਰੀਆਂ ਚੀਜ਼ਾਂ ਹਨ । ਜਿਹੜਾ ਸਾਡਾ ਐਕਟ ਹੈ, ਉਸ ਦੇ ਮੁਤਾਬਿਕ ਜ਼ਿਆਦਾ ਅਧਿਕਾਰ ਕਮਿਸ਼ਨਰ ਕਾਰਪੋਰੇਸ਼ਨ ਕੋਲ ਹਨ । ਇਸ ਤਰ੍ਹਾਂ ਮੇਅਰਾਂ ਦੇ ਕੋਲ ਘੱਟ ਅਧਿਕਾਰ ਹਨ । ਇਸ ਲਈ ਇਲੈਕਟਿਡ ਬਾਡੀਜ਼ ਦੇ ਮੇਅਰਾਂ ਨੂੰ ਜ਼ਿਆਦਾ ਤਕੜਾ ਕਰਨ ਵਾਸਤੇ ਅਸੀਂ ਹੋਰ ਕੁਝ ਅਧਿਕਾਰ ਦੇਣਾ ਚਾਹੁੰਦੇ ਹਾਂ ਤਾਂ ਕਿ ਉਹ ਅੱਛੇ ਢੰਗ ਨਾਲ ਕੰਮ ਕਰ ਸਕਣ ।

--------

## ਇੰਪਰੂਵਮੈਂਟ ਟਰਸਟਾਂ ਦੇ ਚੇਅਰਮੈਨਾਂ ਨੂੰ ਹੋਰ ਅਧਿਕਾਰ ਦੇਣੇ

*1203 (1) **ਸ੍ਰੀ ਜੁਗਲ ਕਿਸ਼ੋਰ ਸ਼ਰਮਾ**
(2) **ਡਾਕਟਰ ਰਮੇਸ਼ ਦੱਤ ਸ਼ਰਮਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਇੰਪਰੂਵਮੈਂਟ ਟਰੱਸਟਾਂ ਦੇ ਚੇਅਰਮੈਨਾਂ ਨੂੰ ਹੋਰ ਅਧਿਕਾਰ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਚੌਧਰੀ ਜਗਜੀਤ ਸਿੰਘ** : ਨਹੀਂ ਜੀ ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇੰਪਰੂਵਮੈਂਟ ਟਰੱਸਟ ਦਾ ਐਕਟ 1973 ਦੇ ਵਿਚ ਬਣਿਆ ਸੀ । ਉਦੋਂ ਚੇਅਰਮੈਨ ਕੋਲ ਜ਼ਿਆਦਾ ਪਾਵਰਾਂ ਸੀ, ਜਿਹੜੀਆਂ ਕਿ ਆਹਿਸਤਾ-ਆਹਿਸਤਾ ਘਟਾ ਦਿੱਤੀਆਂ ਗਈਆਂ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ 1973 ਦੇ ਐਕਟ ਵਾਲੀਆਂ ਪਾਵਰਜ਼ ਫਿਰ ਤੋਂ ਬਹਾਲ ਕਰਾਂਗੇ ?

**ਮੰਤਰੀ** : ਸਪੀਕਰ ਸਾਹਿਬ, ਬਹੁਤ ਸਾਰੀਆਂ ਪਾਵਰਜ਼ ਇਨ੍ਹਾਂ ਕੋਲ ਹੁਣ ਵੀ ਹਨ । ਟਰੱਸਟ ਪ੍ਰਬੰਧਕੀ ਤੌਰ ਤੇ ਬਹੁਤ ਸਾਰੇ ਇੰਤਜ਼ਾਮ ਕਰ ਸਕਦੇ ਹਨ । ਅਖਤਿਆਰਾਂ ਦੇ ਮੁਤਾਬਿਕ ਇਨ੍ਹਾਂ ਦਾ ਕੰਮ ਠੀਕ ਚਲ ਰਿਹਾ ਹੈ । ਨਵੀਆਂ ਪਾਵਰਜ਼ ਦੇਣ ਦੀ ਲੋੜ ਨਹੀਂ ਹੈ ।

**ਡਾਕਟਰ ਰਮੇਸ਼ ਦੱਤ ਸ਼ਰਮਾ** : ਸਪੀਕਰ ਸਾਹਿਬ, ਇਹ ਜਿਹੜੇ ਇੰਪਰੂਵਮੈਂਟ ਟਰੱਸਟਾਂ ਦੇ ਚੇਅਰਮੈਨ ਹਨ ਇਹ ਨੋਮੀਨੇਟਿਡ ਹਨ ਜਦ ਕਿ ਮਿਊਂਸਿਪਲ ਕਮੇਟੀਜ਼ ਦੇ ਪ੍ਰਧਾਨ ਇਲੈਕਟਿਡ ਹਨ । ਫਿਰ ਇਹ ਤਿੰਨੇ ਅਲਗ-ਅਲਗ ਅਦਾਰਿਆਂ ਦਾ ਅਲਗ-ਅਲਗ ਪਾਵਰਜ਼ ਦੇਣ ਦਾ ਪੈਮਾਨਾ ਕਿਉਂ ਹੈ ?

**ਮੰਤਰੀ** : ਸਪੀਕਰ ਸਾਹਿਬ, ਮਿਊਂਸਿਪਲ ਕਮੇਟੀਜ਼, ਮਿਊਂਸਿਪਲ ਕਾਰਪੋਰੇਸ਼ਨਾਂ ਅਤੇ ਇੰਪਰੂਵਮੈਂਟ ਟਰਸਟ ਅਲਗ-ਅਲਗ ਅਦਾਰੇ ਹਨ, ਇਸ ਲਈ ਇਨ੍ਹਾਂ ਦੀਆਂ ਪਾਵਰਜ਼ ਵੀ ਅਲਗ-ਅਲਗ ਹਨ ।

--------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1120*

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

---------

*For S. Q. No. 1120 and reply thereto, please see Appendix to this Debates.

## ਫਗਵਾੜਾ-ਨਕੋਦਰ, ਫਗਵਾੜਾ-ਹੁਸ਼ਿਆਰਪੁਰ ਅਤੇ ਫਗਵਾੜਾ-ਮੁਹਾਲੀ ਸੜਕਾਂ ਦੀ ਮੁਰੰਮਤ

***1212. ਸਰਦਾਰ ਜੋਗਿੰਦਰ ਸਿੰਘ ਮਾਨ :** ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਗਵਾੜਾ-ਨਕੋਦਰ (ਬਰਾਸਤਾ ਜੰਡਿਆਲਾ), ਫਗਵਾੜਾ-ਹੁਸ਼ਿਆਰਪੁਰ ਅਤੇ ਫਗਵਾੜਾ-ਮੁਹਾਲੀ ਸੜਕਾਂ ਦੀ ਹਾਲਤ ਖਸਤਾ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**Sardar Partap Singh Bajwa :** Yes, Sir, These roads are being repaired as under :-

**Phagwara-Nakodar Road** (via Jandiala) :- The length of this road is 31.20 Km. 6.24 Km. stretch (2.36 Km. to 8.60 Km.) is being widened and has been completed upto Ist coat of surfacing on widened portion. Widening of 8.60 Km to 13.00 Km road is in progress and is likely to be completed by 31-5-2005 upto Ist coat of surfacing. The widening & strengthening from 13.00 Km. to 18.60 Km. is in progress and is likely to be completed upto premix carpet by 31-5-2005. Widening in Km. 18.60 Km. 31.20 is in progress and likely to be completed by 30-6-2005 upto Ist coat of surfacing on widened portion. The central portion of the road where only widening is in progress, is proposed to be repaired in the year 2005-06.

**Phagwara-Hoshiarpur Road :-** This road with a length of 35.50 Km. is proposed to be repaired during the year 2005-06.

**Phagwara-Mohali Road :-** This road with a length of 5.20 Km is proposed to be repaired during the year 2005-06.

**ਸਰਦਾਰ ਜੋਗਿੰਦਰ ਸਿੰਘ ਮਾਨ :** ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਸ ਕੰਮ ਨੂੰ ਟਾਈਮ ਬਾਊਂਡ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਪਹਿਲੀ ਰੋਡ ਫਗਵਾੜਾ-ਨਕੋਦਰ ਹੈ ਇਸ ਨੂੰ 6 ਮਹੀਨੇ ਦੇ ਵਿਚ ਮੁਕੰਮਲ ਕਰਵਾ ਦਿੱਤਾ ਜਾਵੇਗਾ ਅਤੇ ਇਸ ਰੋਡ ਨੂੰ ਨਾਬਾਰਡ-11 ਸਕੀਮ ਦੇ ਵਿਚ ਇਨਕਲਊਡ ਕਰ ਲਿਆ ਗਿਆ ਹੈ । ਦੂਜੀ ਸੜਕ ਫਗਵਾੜਾ-ਹੁਸ਼ਿਆਰਪੁਰ ਰੋਡ ਦੇ ਲਈ ਅਸੀਂ ਟੈਂਡਰ ਕਾਲ ਕੀਤੇ ਹੋਏ ਹਨ ਅਤੇ ਇਸ ਦੇ ਲਈ ਟੈਂਡਰ 7 ਅਪ੍ਰੈਲ ਤੱਕ ਆ ਜਾਣੇ ਹਨ । ਇਸ ਦੇ ਵਾਸਤੇ 5 ਕਰੋੜ

[ਲੋਕ ਕਾਰਜ (ਭਵਨ ਅਤੇ ਮਾਰਗ ਮੰਤਰੀ)]
ਰੁਪਿਆ ਰੱਖਿਆ ਗਿਆ ਹੈ ਅਤੇ ਅਗਲੇ ਸਾਲ 31 ਮਾਰਚ ਤੱਕ ਕੰਮ ਮੁਕੰਮਲ ਹੋ ਜਾਵੇਗਾ । ਤੀਸਰੀ ਰੋਡ ਫਗਵਾੜਾ-ਮੁਹਾਲੀ ਰੋਡ ਦੀ ਰੀਪੇਅਰਜ਼ ਦੇ ਕੰਮ ਨੂੰ 6 ਮਹੀਨਿਆਂ ਦੇ ਵਿਚ ਮੁਕੰਮਲ ਕਰ ਲਿਆ ਜਾਵੇਗਾ ਅਤੇ ਇਸ ਨੂੰ ਵੀ ਨਾਬਰਡ-11 ਸਕੀਮ ਦੇ ਵਿਚ ਇਨਕੁਲਿਊਡ ਕਰਨ ਦਾ ਵਿਚਾਰ ਹੈ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** :-ਸਪੀਕਰ ਸਾਹਿਬ, ਫਗਵਾੜਾ-ਜਲੰਧਰ ਬਾਈਪਾਸ ਰੋਡ ਤੇ ਬੜੇ ਐਕਸੀਡੈਂਟ ਹੋ ਰਹੇ ਹਨ ਉਥੇ ਚੌਂਕ ਨਹੀਂ ਬਣਾਇਆ ਗਿਆ ਹੈ । ਕੀ ਸਰਕਾਰ ਉਥੇ ਐਕਸੀਡੈਂਟਸ ਨੂੰ ਅਵਾਈਡ ਕਰਨ ਲਈ ਚੌਂਕ ਬਣਾਉਣ ਦਾ ਪ੍ਰਬੰਧ ਕਰੇਗੀ ਅਤੇ ਕਦੋਂ ਤੱਕ ਇਸ ਕੰਮ ਨੂੰ ਕਰ ਦੇਵੇਗੀ ?

**ਮੰਤਰੀ** :-ਸਪੀਕਰ ਸਾਹਿਬ, ਇਸ ਸਵਾਲ ਦੇ ਨਾਲ ਇਸ ਦਾ ਕੋਈ ਸਬੰਧ ਨਹੀਂ ਪਰ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ, ਉਹ ਬੜੀ ਵਾਜਬ ਹੈ । ਇਹ ਸੜਕ ਚੰਡੀਗੜ੍ਹ ਤੋਂ ਜਲੰਧਰ ਰੋਡ ਤੇ ਆਉਂਦੀ ਹੈ ਇਸ ਨੂੰ ਪੰਜਾਬ ਇਨਫਰਾਸਟਰਕੱਚਰ ਡਿਵੈਲਪਮੈਂਟ ਬੋਰਡ ਨੇ ਬਣਾਇਆ ਸੀ । ਉਨ੍ਹਾਂ ਵਲੋਂ ਇਹ ਬੜੀ ਵੱਡੀ ਗਲਤੀ, ਚੌਂਕ ਨਾ ਬਨਾਉਣ ਦੀ ਰਹਿ ਗਈ ਸੀ । ਹੁਣ ਇਸ ਨੂੰ ਅਸੀਂ ਨੈਸ਼ਨਲ ਹਾਈਵੇਅ ਦੇ ਨਾਲ ਜੋੜ ਕੇ ਇਹ ਮੈਟਰ ਗੌਰਮਿੰਟ ਆਫ ਇੰਡੀਆ ਦੇ ਨਾਲ ਟੇਕ ਅੱਪ ਕੀਤਾ ਹੈ ਇਸ ਵਿਚ ਸਰਦਾਰ ਚਰਨਜੀਤ ਸਿੰਘ ਅਟਵਾਲ ਸਾਹਿਬ ਨੇ ਵੀ ਕਾਫੀ ਕੋਸ਼ਿਸ਼ ਕਰਕੇ, ਸਾਡੇ ਅਫਸਰਾਂ ਦੀ ਮੀਟਿੰਗ ਗੌਰਮਿੰਟ ਆਫ ਇੰਡੀਆ ਨਾਲ ਕਰਵਾਈ ਹੈ । ਇਹ ਕੰਮ ਨੂੰ ਗੌਰਮਿੰਟ ਆਫ ਇੰਡੀਆ ਨੇ ਕਰਨਾ ਹੈ ਅਤੇ ਸਾਡੀ ਪੁਰਜ਼ੋਰ ਕੋਸ਼ਿਸ਼ ਹੈ ਕਿ ਇਹ ਪੁੱਲ ਇਥੇ ਜਲਦੀ ਤੋਂ ਜਲਦੀ ਬਣ ਸਕੇ ਤਾਂ ਕਿ ਐਕਸੀਡੈਂਟਸ ਨਾ ਹੋਣ ।

**Mr. Speaker** : Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

--------------

# WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1194*

(ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ ।)

---------

## ਲਿੰਕ ਸੜਕਾਂ ਬਣਾਉਣਾ

***1213. ਸਰਦਾਰ ਜੋਗਿੰਦਰ ਸਿੰਘ ਮਾਨ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਕੂਲਾਂ, ਧਾਰਮਿਕ ਸਥਾਨਾਂ ਅਤੇ ਧਰਮਸ਼ਾਲਾਵਾਂ ਲਈ ਨਵੀਆਂ ਲਿੰਕ ਸੜਕਾਂ ਬਣਾਉਣ ਸਬੰਧੀ ਨੀਤੀ ਦੇ ਵੇਰਵੇ ਕੀ ਹਨ ?

**ਕੈਪਟਨ ਅਮਰਿੰਦਰ ਸਿੰਘ** : ਸਕੂਲ, ਧਾਰਮਿਕ ਅਸਥਾਨ ਅਤੇ ਧਰਮਸ਼ਾਲਾ ਨੂੰ ਜਾਣ ਵਾਲੀਆਂ ਨਵੀਆਂ ਸੜਕਾਂ ਦੀ ਉਸਾਰੀ ਸਬੰਧਤ ਮਾਰਕੀਟ ਕਮੇਟੀ ਦੇ ਫੰਡਾਂ ਵਿੱਚੋਂ ਕੀਤੀ ਜਾ ਸਕਦੀ ਹੈ ।

------

## ਸ਼ਰਾਬ ਤੇ ਆਬਕਾਰੀ ਡਿਊਟੀ ਵਿਚ ਵਾਧਾ

***1074. ਸਰਦਾਰ ਸੋਹਨ ਸਿੰਘ ਠੰਡਲ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2004-05 ਦੇ ਦੌਰਾਨ ਸ਼ਰਾਬ ਤੇ ਆਬਕਾਰੀ ਡਿਊਟੀ ਵਿਚ ਕੁੱਲ ਕਿੰਨਾ ਵਾਧਾ ਹੋਇਆ ?

---

*For S. Q. No. 1194 and reply thereto, please see Appendix to this Debates.

**ਸਰਦਾਰ ਸਰਦੂਲ ਸਿੰਘ** : ਸਾਲ 2004-2005 ਦੌਰਾਨ (ਮਿਤੀ 31-1-2005 ਤੱਕ) ਸ਼ਰਾਬ ਤੇ ਆਬਕਾਰੀ ਡਿਊਟੀ ਤੋਂ ਹੇਠ ਲਿਖੇ ਅਨੁਸਾਰ ਵਾਧਾ ਹੋਇਆ ਹੈ :-

| ਸਾਲ 2003-04 (31-1-2004 ਤੱਕ) | ਸਾਲ 2004-05 (31-1-2005 ਤੱਕ) | ਵਾਧਾ | ਪ੍ਰਤੀਸ਼ਤ |
|---|---|---|---|
| 69.56 ਕਰੋੜ | 96.61 ਕਰੋੜ | 27.05 ਕਰੋੜ | 38.89% |

## UNSTARRED QUESTIONS AND ANSWERS

### ਰਾਜ ਵਿਚ ਮਿਊਂਸਿਪਲ ਕਾਰਪੋਰੇਸ਼ਨਾਂ/ਕੌਂਸਲਾਂ ਵਿਚ ਖਾਲੀ ਅਸਾਮੀਆਂ

141. **ਸ਼੍ਰੀ ਤਿਕਸ਼ਨ ਸੂਦ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੀਆਂ ਨਗਰ-ਪਾਲਿਕਾਵਾਂ ਵਿਚ ਕਾਰਜਕਾਰੀ ਅਫਸਰਾਂ, ਲੇਖਾਕਾਰਾਂ, ਸੁਪਰਡੈਂਟਾਂ, ਇੰਜੀਨੀਅਰਾਂ, ਇੰਸਪੈਕਟਰਾਂ ਅਤੇ ਨਗਰ ਯੋਜਨਾਕਾਰਾਂ ਦੀਆਂ ਖਾਲੀ ਆਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਆਸਾਮੀਆਂ ਕਿਸ-ਕਿਸ ਮਿਤੀ ਤੋਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

**ਚੌਧਰੀ ਜਗਜੀਤ ਸਿੰਘ** : ਖਾਲੀ ਆਸਾਮੀਆਂ ਬਾਰੇ ਸੂਚਨਾ ਅਨੁਲਗ-ੳ ਤੇ ਹੈ । ਸਿੱਧੀ ਭਰਤੀ ਤੇ ਪੰਜਾਬ ਸਰਕਾਰ ਨੇ ਬੈਨ ਲਗਾਇਆ ਹੋਇਆ ਹੈ । ਤਰੱਕੀ ਦੇ ਮੰਤਵ ਲਈ ਸੀਨੀਅਰਤਾ ਦੇਣ ਸਬੰਧੀ ਕਲੈਰੀਫਿਕੇਸ਼ਨ ਪ੍ਰਸੋਨਲ ਵਿਭਾਗ ਦੇ ਵਿਚਾਰ ਅਧੀਨ ਹੈ । ਫੈਸਲਾ ਹੋਣ ਉਪਰੰਤ ਛੇਤੀ ਹੀ ਲੋੜ ਅਨੁਸਾਰ ਤਰੱਕੀ ਕੋਟੇ ਦੀਆਂ ਆਸਾਮੀਆਂ ਭਰਨ ਲਈ ਕਾਰਵਾਈ ਕੀਤੀ ਜਾਵੇਗੀ ।

## ਅਨੁਲੱਗ-ੳ

### ਨਗਰ ਕੌਂਸਲਾਂ/ਨਗਰ ਪੰਚਾਇਤਾਂ ਵਿੱਚ ਖਾਲੀ ਅਸਾਮੀਆਂ ਸਬੰਧੀ ਸੂਚਨਾ

| ਲੜੀ ਨੰ: | ਪੋਸਟ ਖਾਲੀ ਹੋਣ ਦੀ ਮਿਤੀ | | ਖਾਲੀ ਪੋਸਟਾਂ ਦੀ ਗਿਣਤੀ |
|---|---|---|---|
| 1 | 2 | | 3 |
| **ਕਾਰਜ ਸਾਧਕ ਅਫਸਰ ਦਰਜਾ-1** | | | |
| 1. | 30-9-2002 | .. | 1 |
| 2. | 31-7-2003 | .. | 1 |
| 3. | 31-8-2003 | .. | 1 |
| 4. | 31-10-2003 | .. | 1 |
| 5. | 31-5-2004 | .. | 1 |
| 6. | 30-11-2004 | .. | 1 |
| 7. | 28-2-2005 | .. | 1 |
| | ਕੁੱਲ | .. | 7 |
| **ਕਾਰਜ ਸਾਧਕ ਅਫਸਰ ਦਰਜਾ-2** | | | |
| 1. | 31-10-2001 | .. | 8 |
| 2. | 28-2-2002 | .. | 1 |
| 3. | 31-1-2003 | .. | 1 |
| 4. | 28-2-2003 | .. | 1 |
| 5. | 30-4-2003 | .. | 1 |

[ਸਥਾਨਕ ਸਰਕਾਰ ਮੰਤਰੀ]

| 1 | 2 | | 3 |
|---|---|---|---|
| 6. | 31-10-2003 | .. | 2 |
| 7. | 30-11-2003 | .. | 1 |
| 8. | 31-12-2003 | .. | 1 |
| 9. | 30-11-2004 | .. | 1 |
| | ਕੁੱਲ | .. | 17 |

ਲੇਖਾਕਾਰ

| | | | |
|---|---|---|---|
| 1. | 30-4-2003 | .. | 2 |
| 2. | 30-4-2004 | .. | 1 |
| 3. | 31-10-2004 | .. | 1 |
| 4. | 30-11-2004 | .. | 2 |
| | ਕੁੱਲ | .. | 6 |

ਸੁਪਰਡੰਟ

| | | | |
|---|---|---|---|
| 1. | 31-12-2001 | .. | 3 |
| 2. | 30-4-2003 | .. | 1 |
| 3. | 31-7-2003 | .. | 1 |
| 4. | 31-10-2004 | .. | 1 |
| | ਕੁੱਲ | .. | 6 |

| 1 | 2 | | 3 |
|---|---|---|---|
| **ਮਿਊਂਸਿਪਲ ਇੰਜੀਨੀਅਰ** | | | |
| 1. | 31-10-2003 | .. | 1 |
| 2. | 17-11-2003 | .. | 1 |
| | ਕੁੱਲ | .. | 2 |
| **ਸਹਾਇਕ ਮਿਊਂਸਿਪਲ ਇੰਜੀਨੀਅਰ** | | | |
| 1. | 31-7-2000 | .. | 1 |
| 2. | 30-11-2000 | .. | 2 |
| 3. | 30-6-2002 | .. | 2 |
| 4. | 31-5-2003 | .. | 1 |
| 5. | 30-11-2003 | .. | 1 |
| 6. | 30-11-2004 | .. | 1 |
| | ਕੁੱਲ | .. | 8 |
| **ਜੂਨੀਅਰ ਇੰਜੀਨੀਅਰ** | | | |
| 1. | 1-2-2001 | .. | 1 |
| 2. | 31-3-2001 | .. | 1 |
| 3. | 5-6-2001 | .. | 1 |
| 4. | 2-11-2001 | .. | 1 |
| 5. | 5-11-2001 | .. | 1 |
| 6. | 31-12-2002 | .. | 1 |
| 7. | 30-6-2003 | .. | 1 |
| 8. | 31-12-2003 | .. | 1 |
| 9. | 31-8-2004 | .. | 1 |
| | ਕੁੱਲ | .. | 9 |

[ਸਥਾਨਕ ਸਰਕਾਰ ਮੰਤਰੀ]

| 1 | 2 | | 3 |
|---|---|---|---|
| **ਇੰਸਪੈਕਟਰ** | | | |
| 1. | 28-2-2001 | .. | 1 |
| 2. | 31-3-2001 | .. | 1 |
| 3. | 30-4-2001 | .. | 2 |
| 4. | 31-5-2001 | .. | 1 |
| 5. | 30-6-2001 | .. | 1 |
| 6. | 8-7-2001 | .. | 1 |
| 7. | 31-7-2001 | .. | 3 |
| 8. | 31-8-2001 | .. | 4 |
| 9. | 31-1-2002 | .. | 4 |
| 10. | 11-2-2002 | .. | 1 |
| 11. | 29-2-2002 | .. | 3 |
| 12. | 4-3-2002 | .. | 1 |
| 13. | 31-3-2002 | .. | 1 |
| 14. | 15-4-2002 | .. | 3 |
| 15 | 24-4-2002 | .. | 2 |
| 16. | 30-4-2002 | .. | 1 |
| 17. | 26-5-2002 | .. | 1 |
| 18. | 31-5-2002 | .. | 2 |
| 19. | 3-6-2002 | .. | 1 |
| 20. | 8-6-2002 | .. | 2 |
| 21. | 30-6-2002 | .. | 1 |
| 22. | 31-7-2002 | .. | 3 |
| 23. | 31-8-2002 | .. | 2 |

| 1 | 2 | | 3 |
|---|---|---|---|
| 24. | 9-9-2002 | .. | 1 |
| 25. | 31-10-2002 | .. | 4 |
| 26. | 30-11-2002 | .. | 1 |
| 27. | 31-12-2002 | .. | 2 |
| 28. | 31-1-2003 | .. | 1 |
| 29. | 28-2-2003 | .. | 2 |
| 30. | 30-4-2003 | .. | 1 |
| 31. | 30-5-2003 | .. | 1 |
| 32. | 19-6-2003 | .. | 1 |
| 33. | 31-7-2003 | .. | 5 |
| 34. | 31-8-2003 | .. | 1 |
| 35. | 30-9-2003 | .. | 1 |
| 36. | 31-10-2003 | .. | 2 |
| 37. | 30-11-2003 | .. | 2 |
| 38. | 29-2-2004 | .. | 2 |
| 39. | 31-3-2004 | .. | 1 |
| 40. | 7-4-2004 | .. | 1 |
| 41. | 30-4-2004 | .. | 4 |
| 42. | 31-5-2004 | .. | 2 |
| 43. | 30-9-2004 | .. | 1 |
| 44. | 31-10-2004 | .. | 2 |
| 45. | 31-1-2005 | .. | 1 |
| 46. | 28-2-2005 | .. | 1 |
| | ਕੁੱਲ | .. | 82 |

## ਹੁਸ਼ਿਆਰਪੁਰ ਸ਼ਹਿਰ ਵਿਚ ਮਿਊਂਸਿਪਲ ਪਾਰਕਾਂ

142. **ਸ਼੍ਰੀ ਤਿਕਸ਼ਨ ਸੂਦ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹੁਸ਼ਿਆਰਪੁਰ ਸ਼ਹਿਰ ਵਿਚ ਮਿਊਂਸਿਪਲ ਪਾਰਕਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਪਾਰਕਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਦੀ ਦੇਖ-ਭਾਲ ਲਈ ਇਨ੍ਹਾਂ ਨੂੰ ਇਨ੍ਹਾਂ ਗੈਰ-ਸਰਕਾਰੀ ਸੰਸਥਾਵਾਂ ਨੂੰ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਲਈ ਕਿੰਨੀ-ਕਿੰਨੀ ਗ੍ਰਾਂਟ ਦਿੱਤੀ ਗਈ ?

**ਚੌਧਰੀ ਜਗਜੀਤ ਸਿੰਘ** : ਨਗਰ ਕੌਂਸਲ, ਹੁਸ਼ਿਆਰਪੁਰ ਦੀ ਹਦੂਦ ਅੰਦਰ ਇਸ ਸਮੇਂ ਕੁੱਲ 31 ਪਾਰਕਾਂ ਹਨ, ਜਿਨ੍ਹਾਂ ਵਿਚੋਂ ਇੱਕ ਪਾਰਕ (ਨਵੀਂ ਆਬਾਦੀ ਪਾਰਕ) ਫਰੈਂਡਜ ਕਲੱਬ ਨਵੀਂ ਆਬਾਦੀ, ਹੁਸ਼ਿਆਰਪੁਰ ਨੂੰ ਰੱਖ-ਰਖਾਓ ਲਈ ਨਗਰ ਕੌਂਸਲ ਹੁਸ਼ਿਆਰਪੁਰ ਵੱਲੋਂ ਦਿੱਤੀ ਹੋਈ ਹੈ । ਇਸ ਪ੍ਰਾਰਕ ਦੀ ਮੈਨਟੀਨੈਂਸ ਕਰਨ ਲਈ ਨਗਰ ਕੌਂਸਲ, ਹੁਸ਼ਿਆਰਪੁਰ ਵੱਲੋਂ ਉਕਤ ਸੰਸਥਾ/ਕਲੱਬ ਨੂੰ ਕੋਈ ਵੀ ਗ੍ਰਾਂਟ ਜਾਂ ਰਕਮ ਉਪਲੱਬਧ ਨਹੀਂ ਕਰਵਾਈ ਜਾਂਦੀ । ਸਰਕਾਰ ਵੱਲੋਂ ਇਨ੍ਹਾਂ ਪਾਰਕਾਂ ਦੀ ਮੈਨਟੀਨੈਂਸ ਲਈ ਕੋਈ ਗਰਾਂਟ ਨਗਰ ਕੌਂਸਲ ਹੁਸ਼ਿਆਰਪੁਰ ਨੂੰ ਨਹੀਂ ਦਿੱਤੀ ਗਈ ।

---------

## ਰਾਜ ਵਿਚ ਦਰਜ ਹੋਏ ਬਲਾਤਕਾਰ ਦੇ ਕੇਸਾਂ ਦੀ ਗਿਣਤੀ

150. **(1) ਸ਼੍ਰੀ ਤਿਕਸ਼ਨ ਸੂਦ**
**(2) ਚੌਧਰੀ ਬਲਬੀਰ ਸਿੰਘ ਮਿਆਣੀ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲਾਂ 2002 ਤੋਂ 2005 ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਦਰਜ ਕੀਤੇ ਗਏ ਬਲਾਤਕਾਰ ਦੇ ਕੇਸਾਂ ਦੀ ਸਾਲ-ਵਾਰ ਅਤੇ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਅਜਿਹੇ ਕੇਸਾਂ ਦੀ ਮੌਜੂਦਾ ਸਥਿਤੀ ਕੀ ਹੈ ?

**ਕੈਪਟਨ ਅਮਰਿੰਦਰ ਸਿੰਘ** : ਸੂਚਨਾ ਸਦਨ ਦੀ ਮੇਜ ਤੇ ਅਨੁਲੱਗ 'ਏ', 'ਬੀ', 'ਸੀ' ਅਤੇ 'ਡੀ' ਤੇ ਰੱਖੀ ਜਾਂਦੀ ਹੈ ।

## ਅਨੁਲੱਗ-ਏ

### ਸਾਲ 2002 ਵਿੱਚ ਦਰਜ ਹੋਏ ਬਲਾਤਕਾਰ ਦੇ ਕੇਸਾਂ ਦੀ ਸਥਿਤੀ

| ਲੜੀ ਨੰ: | ਜ਼ਿਲ੍ਹਾ | | ਕੁੱਲ ਦਰਜ ਮੁਕੱਦਮੇ | ਜੇਰ-ਸਮਾਇਤ | ਅਖਰਾਜ | ਅਦਮਪਤਾ | ਸਜਾ | ਬਰੀ | ਜੇਰ ਤਫਤੀਸ਼ |
|---|---|---|---|---|---|---|---|---|---|
| 1 | 2 | | 3 | 4 | 5 | 6 | 7 | 8 | 9 |
| 1. | ਸੰਗਰੂਰ | .. | 14 | 1 | 2 | 1 | – | 10 | – |
| 2. | ਮੋਗਾ | .. | 5 | 1 | 1 | – | – | 3 | – |
| 3. | ਜਗਰਾਓਂ | .. | 13 | 6 | 1 | 1 | – | 5 | – |
| 4. | ਪਟਿਆਲਾ | .. | 19 | 14 | 3 | 2 | – | – | – |
| 5. | ਗੁਰਦਾਸਪੁਰ | .. | 17 | 4 | 1 | – | 3 | 9 | – |
| 6. | ਤਰਨਤਾਰਨ | .. | 12 | 7 | 1 | – | 2 | 2 | – |
| 7. | ਰੋਪੜ | .. | 6 | 4 | 1 | – | – | 1 | – |
| 8. | ਜਲੰਧਰ | .. | 20 | 4 | 2 | 1 | 5 | 8 | – |
| 9. | ਕਪੂਰਥਲਾ | .. | 17 | 1 | 1 | 1 | 3 | 11 | – |
| 10. | ਮਾਨਸਾ | .. | 10 | 4 | – | – | 2 | 4 | – |
| 11. | ਬਰਨਾਲਾ | .. | 10 | 3 | – | 1 | 3 | 3 | – |
| 12. | ਅੰਮ੍ਰਿਤਸਰ | .. | 5 | – | 2 | – | – | 3 | – |
| 13. | ਜੀ.ਆਰ.ਪੀ./ ਪਟਿਆਲਾ | .. | – | – | – | – | – | – | – |
| 14. | ਫਿਰੋਜ਼ਪੁਰ | .. | 21 | 4 | 9 | – | 2 | 6 | – |
| 15. | ਖੰਨਾ | .. | 8 | 6 | – | – | 1 | 1 | – |
| 16. | ਫਤਹਿਗੜ੍ਹ ਸਾਹਿਬ | .. | 5 | 1 | – | – | – | 3 | 1 |

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| 17. | ਹੁਸ਼ਿਆਰਪੁਰ .. | 19 | 5 | 3 | 2 | 3 | 6 | – |
| 18. | ਬਟਾਲਾ .. | 13 | 4 | 3 | – | 1 | 5 | – |
| 19. | ਮਜੀਠਾ .. | 9 | 4 | 2 | – | 1 | 2 | – |
| 20. | ਫਰੀਦਕੋਟ .. | 6 | 4 | 2 | – | – | – | – |
| 21. | ਨਵਾਂ ਸ਼ਹਿਰ .. | 8 | 1 | 2 | – | – | 4 | 1 |
| 22. | ਬਠਿੰਡਾ .. | 15 | 6 | 3 | 1 | – | 5 | – |
| 23. | ਮੁਕਤਸਰ .. | 8 | 6 | – | – | – | 2 | – |
| 24. | ਲੁਧਿਆਣਾ .. | 40 | 14 | 6 | 2 | 6 | 12 | – |
| | ਕੁੱਲ ਜੋੜ .. | 300 | 104 | 45 | 12 | 32 | 105 | 2 |

## ਅਨੁਲੱਗ-ਬੀ

## ਸਾਲ 2003 ਵਿੱਚ ਦਰਜ ਹੋਏ ਬਲਾਤਕਾਰ ਦੇ ਕੇਸਾਂ ਦੀ ਸਥਿਤੀ

| ਲੜੀ ਨੰ: | ਜ਼ਿਲ੍ਹਾ | ਕੁੱਲ ਦਰਜ ਮੁਕੱਦਮੇ | ਜੇਰ-ਸਮਾਇਤ | ਅਖਰਾਜ | ਅਦਮਪਤਾ | ਸਜਾ | ਬਰੀ | ਜੇਰ ਤਫਤੀਸ਼ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1. | ਸੰਗਰੂਰ .. | 19 | 5 | 2 | – | 1 | 11 | – |
| 2. | ਮੋਗਾ .. | 9 | 3 | 1 | – | – | 5 | – |

| 1 | 2 | | 3 | 4 | 5 | 6 | 7 | 8 | 9 |
|---|---|---|---|---|---|---|---|---|---|
| 3. | ਜਗਰਾਓਂ | .. | 12 | 6 | 2 | 1 | 1 | 2 | – |
| 4. | ਪਟਿਆਲਾ | .. | 33 | 25 | 5 | 3 | – | – | – |
| 5. | ਗੁਰਦਾਸਪੁਰ | .. | 15 | 2 | 1 | – | – | 9 | – |
| 6. | ਤਰਨਤਾਰਨ | .. | 14 | 9 | 1 | – | 1 | 1 | 2 |
| 7. | ਰੋਪੜ | .. | 10 | 1 | 2 | – | 2 | 5 | – |
| 8. | ਜਲੰਧਰ | .. | 33 | 8 | 3 | 4 | 3 | 14 | 1 |
| 9. | ਕਪੂਰਥਲਾ | .. | 11 | 1 | 3 | 1 | – | 6 | – |
| 10. | ਮਾਨਸਾ | .. | 11 | 4 | – | 1 | 1 | 5 | – |
| 11. | ਬਰਨਾਲਾ | .. | 13 | 5 | – | – | 1 | 7 | – |
| 12. | ਅੰਮ੍ਰਿਤਸਰ | .. | 11 | 6 | 2 | – | 1 | 2 | – |
| 13. | ਜੀ.ਆਰ.ਪੀ./ ਪਟਿਆਲਾ | .. | 1 | – | – | – | – | 1 | – |
| 14. | ਫਿਰੋਜ਼ਪੁਰ | .. | 30 | 7 | 8 | – | 6 | 6 | 3 |
| 15. | ਖੰਨਾ | . | 7 | 6 | 1 | – | – | – | – |
| 16. | ਫਤਹਿਗੜ੍ਹ ਸਾਹਿਬ | .. | 8 | 3 | 2 | – | – | 3 | – |
| 17. | ਹੁਸ਼ਿਆਰਪੁਰ | .. | 30 | 5 | 2 | – | 4 | 17 | 2 |
| 18. | ਬਟਾਲਾ | .. | 13 | 10 | – | – | 1 | 2 | – |
| 19. | ਮਜੀਠਾ | .. | 12 | 3 | 2 | – | 2 | 5 | – |
| 20. | ਫਰੀਦਕੋਟ | .. | 10 | 3 | 3 | 1 | – | 3 | – |
| 21. | ਨਵਾਂ ਸ਼ਹਿਰ | .. | 14 | 9 | – | – | – | 2 | 3 |
| 22. | ਬਠਿੰਡਾ | .. | 15 | 2 | 4 | – | 1 | 8 | – |
| 23. | ਮੁਕਤਸਰ | .. | 9 | 9 | – | – | – | – | – |
| 24. | ਲੁਧਿਆਣਾ | .. | 40 | 25 | 8 | – | 2 | 5 | – |
| | ਕੁੱਲ ਜੋੜ | .. | 380 | 160 | 52 | 11 | 27 | 119 | 11 |

[ਮੁੱਖ ਮੰਤਰੀ]

## ਅਨੁਲੱਗ-ਸੀ

## ਸਾਲ 2004 ਵਿੱਚ ਦਰਜ ਹੋਏ ਬਲਾਤਕਾਰ ਦੇ ਕੇਸਾਂ ਦੀ ਸਥਿਤੀ

| ਲੜੀ ਨੰ: | ਜ਼ਿਲ੍ਹਾ | ਕੁੱਲ ਦਰਜ ਮੁਕੱਦਮੇ | ਜੇਰ-ਸਮਾਇਤ | ਅਖਰਾਜ | ਅਦਮਪਤਾ | ਸਜਾ | ਬਰੀ | ਜੇਰ ਤਫਤੀਸ਼ |
|---|---|---|---|---|---|---|---|---|
| 1 | 2 | 3 | 4 | 5 | 6 | 7 | ੪ | 9 |
| 1. | ਸੰਗਰੂਰ .. | 21 | 13 | 1 | 2 | – | 2 | 3 |
| 2. | ਮੋਗਾ .. | 11 | 6 | 1 | 1 | – | – | 3 |
| 3. | ਜਗਰਾਓਂ .. | 19 | 13 | – | – | – | 1 | 5 |
| 4. | ਪਟਿਆਲਾ .. | 20 | 8 | 2 | 2 | – | – | 8 |
| 5. | ਗੁਰਦਾਸਪੁਰ .. | 16 | 10 | – | – | – | 2 | 4 |
| 6. | ਤਰਨਤਾਰਨ .. | 14 | 8 | – | 2 | – | – | 4 |
| 7. | ਰੋਪੜ .. | 8 | 7 | – | – | – | – | 1 |
| 8. | ਜਲੰਧਰ .. | 31 | 10 | 2 | 3 | – | 9 | 7 |
| 9. | ਕਪੂਰਥਲਾ .. | 12 | 6 | – | 1 | 1 | 4 | – |
| 10. | ਮਾਨਸਾ .. | 7 | 4 | 1 | – | – | 2 | – |
| 11. | ਬਰਨਾਲਾ .. | 13 | 9 | 1 | – | – | 3 | – |
| 12. | ਅੰਮ੍ਰਿਤਸਰ .. | 25 | 15 | – | 1 | – | – | 9 |
| 13. | ਜੀ.ਆਰ.ਪੀ./ ਪਟਿਆਲਾ .. | – | – | – | – | – | – | – |
| 14. | ਫਿਰੋਜ਼ਪੁਰ .. | 31 | 5 | 1 | – | 3 | 4 | 18 |
| 15. | ਖੰਨਾ .. | 8 | 3 | 2 | 1 | – | 2 | – |
| 16. | ਫਤਹਿਗੜ੍ਹ ਸਾਹਿਬ .. | 4 | 3 | 1 | – | – | – | – |

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| 17. | ਹੁਸ਼ਿਆਰਪੁਰ .. | 23 | 13 | 1 | – | – | 4 | |
| 18. | ਬਟਾਲਾ .. | 8 | 5 | 1 | – | – | 2 | – |
| 19. | ਮਜੀਠਾ .. | 14 | 12 | – | – | – | – | 2 |
| 20. | ਫਰੀਦਕੋਟ .. | 13 | 8 | 3 | – | – | 1 | 1 |
| 21. | ਨਵਾਂ ਸ਼ਹਿਰ .. | 14 | 5 | 1 | – | – | 1 | 7 |
| 22. | ਬਠਿੰਡਾ .. | 22 | 10 | 5 | – | 2 | 3 | 2 |
| 23. | ਮੁਕਤਸਰ .. | 7 | 4 | – | 1 | – | 1 | 1 |
| 24. | ਲੁਧਿਆਣਾ .. | 48 | 39 | 4 | – | – | – | 5 |
| | ਕੁੱਲ ਜੋੜ .. | 389 | 216 | 27 | 14 | 6 | 41 | 85 |

## ਅਨੁਲੱਗ-ਡੀ

### ਸਾਲ 2005 (10-3-2005 ਤੱਕ) ਵਿੱਚ ਦਰਜ ਹੋਏ ਬਲਾਤਕਾਰ ਦੇ ਕੇਸਾਂ ਦੀ ਸਥਿਤੀ

| ਲੜੀ ਨੰ: | ਜ਼ਿਲ੍ਹਾ | ਕੁੱਲ ਦਰਜ ਮੁਕੱਦਮੇ | ਜੇਰ-ਸਮਾਇਤ | ਅਖਰਾਜ | ਅਦਮਪਤਾ | ਸਜਾ | ਬਰੀ | ਜੇਰ ਤਫਤੀਸ਼ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1. | ਸੰਗਰੂਰ .. | 3 | – | – | – | – | – | 3 |
| 2. | ਮੋਗਾ .. | 2 | – | – | – | – | – | 2 |
| 3. | ਜਗਰਾਓਂ .. | 1 | 1 | – | – | – | – | – |
| 4. | ਪਟਿਆਲਾ .. | 2 | – | – | – | – | – | 2 |

[ਮੁੱਖ ਮੰਤਰੀ]

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| 5. | ਗੁਰਦਾਸਪੁਰ .. | 1 | – | – | – | – | – | 1 |
| 6. | ਤਰਨਤਾਰਨ .. | 2 | – | – | – | – | – | 2 |
| 7. | ਰੋਪੜ .. | 3 | 2 | – | – | – | – | 1 |
| 8. | ਜਲੰਧਰ .. | 6 | – | – | – | – | – | 6 |
| 9. | ਕਪੂਰਥਲਾ .. | 3 | 2 | 1 | – | – | – | – |
| 10. | ਮਾਨਸਾ .. | 1 | – | – | – | – | – | 1 |
| 11. | ਬਰਨਾਲਾ .. | 1 | – | – | – | – | – | 1 |
| 12. | ਅੰਮ੍ਰਿਤਸਰ .. | – | – | – | – | – | – | – |
| 13. | ਜੀ.ਆਰ.ਪੀ./ ਪਟਿਆਲਾ .. | – | – | – | – | – | – | – |
| 14. | ਫਿਰੋਜ਼ਪੁਰ .. | 3 | – | – | – | – | – | 3 |
| 15. | ਖੰਨਾ .. | – | – | – | – | – | – | – |
| 16. | ਫਤਹਿਗੜ੍ਹ ਸਾਹਿਬ .. | – | – | – | – | – | – | – |
| 17. | ਹੁਸ਼ਿਆਰਪੁਰ .. | 3 | – | – | – | – | – | 3 |
| 18. | ਬਟਾਲਾ .. | 7 | 1 | – | – | – | – | 6 |
| 19. | ਮਜੀਠਾ .. | 2 | – | – | – | – | – | 2 |
| 20. | ਫਰੀਦਕੋਟ .. | 1 | – | – | – | – | – | 1 |
| 21. | ਨਵਾਂ ਸ਼ਹਿਰ .. | 1 | – | – | – | – | – | 1 |
| 22. | ਬਠਿੰਡਾ .. | 4 | – | – | – | – | – | 4 |
| 23. | ਮੁਕਤਸਰ .. | 3 | – | – | – | – | – | 3 |
| 24. | ਲੁਧਿਆਣਾ .. | 3 | – | – | – | – | – | 3 |
| | ਕੁੱਲ ਜੋੜ .. | 52 | 6 | 1 | – | – | – | 45 |

## ਰਾਜ ਵਿਚ ਦਰਜ ਹੋਏ ਕਤਲ ਦੇ ਕੇਸਾਂ ਦੀ ਗਿਣਤੀ

**151. ਸ਼੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ **ਰਾਜ ਵਿਚ ਸਾਲਾਂ** 2002 ਤੋਂ 2005 ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਦਰਜ ਕੀਤੇ ਗਏ ਕਤਲ ਦੇ ਕੇਸਾਂ ਦੀ ਸਾਲ-ਵਾਰ ਅਤੇ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਅਜਿਹੇ ਕੇਸਾਂ ਦੀ ਮੌਜੂਦਾ ਸਥਿਤੀ ਕੀ ਹੈ ?

**ਕੈਪਟਨ ਅਮਰਿੰਦਰ ਸਿੰਘ** : ਸੂਚਨਾ ਸਦਨ ਦੀ ਮੇਜ਼ ਤੇ ਅਨੁਲੱਗ 'ਏ', 'ਬੀ', 'ਸੀ' ਅਤੇ 'ਡੀ' ਤੇ ਰੱਖੀ ਜਾਂਦੀ ਹੈ ।

### ਅਨੁਲੱਗ-ਏ

**ਸਾਲ 2002**

| ਲੜੀ ਨੰ: | ਜ਼ਿਲ੍ਹਾ | ਰਜਿਸ-ਟਰਡ ਕੇਸ | ਜੇਰ ਸਮਾਇਤ | ਅਖਰਾਜ | ਅਦਮਪਤਾ | ਰੱਦ ਕੀਤੇ ਕੇਸ | ਬਰੀ | ਜੇਰ ਤਫਤੀਸ਼ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1. | ਮੋਗਾ .. | 27 | 15 | 3 | 3 | 2 | 4 | - |
| 2. | ਸੰਗਰੂਰ .. | 42 | 5 | 10 | 5 | 4 | 18 | - |
| 3. | ਫਿਰੋਜ਼ਪੁਰ .. | 39 | 30 | - | 2 | 3 | 2 | 2 |
| 4. | ਪਟਿਆਲਾ .. | 46 | 32 | - | 10 | 4 | - | - |
| 5. | ਰੋਪੜ .. | 27 | 19 | - | 2 | 3 | 3 | - |
| 6. | ਗੁਰਦਾਸਪੁਰ .. | 26 | 12 | 3 | 5 | 2 | 3 | 1 |
| 7. | ਖੰਨਾ .. | 21 | 12 | - | 1 | 3 | 5 | - |

| 1 | 2 | | 3 | 4 | 5 | 6 | 7 | 8 | 9 |
|---|---|---|---|---|---|---|---|---|---|
| 8. | ਜਲੰਧਰ | .. | 59 | 15 | 7 | 16 | 2 | 19 | – |
| 9. | ਬਰਨਾਲਾ | .. | 10 | 5 | 1 | 2 | – | 2 | – |
| 10. | ਤਰਨਤਾਰਨ | .. | 51 | 37 | – | 5 | 4 | 5 | – |
| 11. | ਜਗਰਾਓਂ | .. | 15 | 10 | – | 2 | 3 | – | – |
| 12. | ਫ਼ਤਹਿਗੜ੍ਹ ਸਾਹਿਬ | .. | 14 | 7 | 2 | 3 | – | 2 | – |
| 13. | ਹੁਸ਼ਿਆਰਪੁਰ | .. | 31 | 7 | 5 | 3 | 3 | 13 | – |
| 14. | ਮੁਕਤਸਰ | .. | 18 | 15 | – | – | 1 | 2 | – |
| 15. | ਲੁਧਿਆਣਾ | .. | 68 | 34 | 9 | 19 | 5 | – | 1 |
| 16. | ਨਵਾਂ ਸ਼ਹਿਰ | .. | 22 | 11 | – | 3 | 2 | 5 | 1 |
| 17. | ਫਰੀਦਕੋਟ | .. | 12 | – | 7 | 1 | 1 | 3 | – |
| 18. | ਮਾਨਸਾ | .. | 25 | 9 | 6 | 2 | 3 | 5 | – |
| 19. | ਬਠਿੰਡਾ | .. | 34 | 16 | 5 | 4 | 3 | 6 | – |
| 20. | ਕਪੂਰਥਲਾ | .. | 31 | 9 | 6 | 9 | 3 | 3 | 1 |
| 21. | ਅੰਮ੍ਰਿਤਸਰ | .. | 51 | 33 | 1 | 9 | 3 | 5 | – |
| 22. | ਮਜੀਠਾ | .. | 28 | 6 | 9 | 4 | 1 | 8 | – |
| 23. | ਬਟਾਲਾ | .. | 30 | 15 | 1 | 3 | 3 | 8 | – |
| 24. | ਜੀ.ਆਰ.ਪੀ./ | .. | 5 | 2 | – | – | – | 2 | 1 |
| | ਕੁੱਲ ਜੋੜ | .. | 732 | 356 | 75 | 113 | 58 | 123 | 7 |

## ਅਨੁਲੱਗ-ਬੀ

**ਸਾਲ 2003**

| ਲੜੀ ਨੰ: | ਜ਼ਿਲ੍ਹਾ | | ਰਜਿਸ-ਟਰਡ ਕੇਸ | ਜੇਰ ਸਮਾਇਤ | ਅਖਰਾਜ | ਅਦਮਪਤਾ | ਰੱਦ ਕੀਤੇ ਕੇਸ | ਬਰੀ | ਜੇਰ ਤਫਤੀਸ਼ |
|---|---|---|---|---|---|---|---|---|---|
| 1 | 2 | | 3 | 4 | 5 | 6 | 7 | 8 | 9 |
| 1. | ਮੋਗਾ | .. | 26 | 13 | 2 | 3 | – | 4 | 4 |
| 2. | ਸੰਗਰੂਰ | .. | 33 | 12 | 6 | 3 | 3 | 9 | – |
| 3. | ਫਿਰੋਜ਼ਪੁਰ | .. | 52 | 45 | – | 1 | 3 | – | 3 |
| 4. | ਪਟਿਆਲਾ | .. | 47 | 30 | – | 14 | 3 | – | – |
| 5. | ਰੋਪੜ | .. | 24 | 17 | – | 4 | 3 | – | – |
| 6. | ਗੁਰਦਾਸਪੁਰ | .. | 23 | 15 | – | 1 | – | 2 | 5 |
| 7. | ਖੰਨਾ | .. | 18 | 9 | 2 | 5 | – | – | 2 |
| 8. | ਜਲੰਧਰ | .. | 55 | 34 | 1 | 6 | 4 | 7 | 3 |
| 9. | ਬਰਨਾਲਾ | .. | 16 | 10 | – | – | – | 3 | 3 |
| 10. | ਤਰਨਤਾਰਨ | .. | 32 | 23 | 1 | 2 | – | 5 | 1 |
| 11. | ਜਗਰਾਓਂ | .. | 23 | 14 | – | 4 | 2 | 2 | 1 |
| 12. | ਫ਼ਤਹਿਗੜ੍ਹ ਸਾਹਿਬ | .. | 12 | 8 | – | 3 | – | – | 1 |
| 13. | ਹੁਸ਼ਿਆਰਪੁਰ | .. | 38 | 17 | 9 | – | 1 | 11 | – |
| 14. | ਮੁਕਤਸਰ | .. | 15 | 9 | – | 6 | – | – | – |
| 15. | ਲੁਧਿਆਣਾ | .. | 64 | 36 | 3 | 15 | 6 | – | 4 |
| 16. | ਨਵਾਂ ਸ਼ਹਿਰ | .. | 15 | 10 | – | – | 1 | – | 4 |
| 17. | ਫਰੀਦਕੋਟ | .. | 12 | 8 | – | 1 | 2 | – | 1 |

[ਮੁੱਖ ਮੰਤਰੀ]

| 1 | 2 | | 3 | 4 | 5 | 6 | 7 | 8 | 9 |
|---|---|---|---|---|---|---|---|---|---|
| 18. | ਮਾਨਸਾ | .. | 17 | 9 | – | 3 | 2 | 3 | – |
| 19. | ਬਠਿੰਡਾ | .. | 51 | 32 | 1 | 5 | 3 | 7 | 3 |
| 20. | ਕਪੂਰਥਲਾ | .. | 22 | 5 | 3 | 4 | 1 | 8 | 1 |
| 21. | ਅੰਮ੍ਰਿਤਸਰ | .. | 49 | 32 | – | 3 | 2 | 3 | 9 |
| 22. | ਮਜੀਠਾ | .. | 42 | 26 | 3 | 3 | 2 | 7 | 1 |
| 23. | ਬਟਾਲਾ | .. | 34 | 24 | 1 | 5 | – | 4 | – |
| 24. | ਜੀ.ਆਰ.ਪੀ./ | .. | 10 | 5 | – | 1 | 1 | – | 3 |
| | ਕੁੱਲ ਜੋੜ | .. | 730 | 443 | 32 | 92 | 39 | 75 | 49 |

## ਅਨੁਲੱਗ-ਸੀ

**ਸਾਲ 2004**

| ਲੜੀ ਨੰ: | ਜ਼ਿਲ੍ਹਾ | | ਰਜਿਸ-ਟਰਡ ਕੇਸ | ਜੇਰ ਸਮਾਇਤ | ਅਖਰਾਜ | ਅਦਮਪਤਾ | ਰੱਦ ਕੀਤੇ ਕੇਸ | ਬਰੀ | ਜੇਰ ਤਫਤੀਸ਼ |
|---|---|---|---|---|---|---|---|---|---|
| 1 | 2 | | 3 | 4 | 5 | 6 | 7 | 8 | 9 |
| 1. | ਮੋਗਾ | .. | 35 | 23 | – | 1 | 3 | – | 8 |
| 2. | ਸੰਗਰੂਰ | .. | 44 | 27 | 1 | 2 | 4 | 3 | 7 |
| 3. | ਫਿਰੋਜ਼ਪੁਰ | .. | 50 | 48 | – | – | – | – | 2 |
| 4. | ਪਟਿਆਲਾ | .. | 49 | 30 | – | 4 | 3 | – | 12 |

| 1 | 2 | | 3 | 4 | 5 | 6 | 7 | 8 | 9 |
|---|---|---|---|---|---|---|---|---|---|
| 5. | ਰੋਪੜ | .. | 25 | 23 | – | – | – | – | 2 |
| 6. | ਗੁਰਦਾਸਪੁਰ | .. | 19 | 12 | – | – | – | 1 | 6 |
| 7. | ਖੰਨਾ | .. | 20 | 12 | – | 1 | 1 | – | 6 |
| 8. | ਜਲੰਧਰ | .. | 74 | 50 | – | – | 1 | 6 | 17 |
| 9. | ਬਰਨਾਲਾ | .. | 12 | 9 | – | 1 | – | – | 2 |
| 10. | ਤਰਨਤਾਰਨ | .. | 42 | 28 | 1 | 1 | 1 | 1 | 10 |
| 11. | ਜਗਰਾਓਂ | .. | 29 | 13 | – | – | 1 | – | 15 |
| 12. | ਫ਼ਤਹਿਗੜ੍ਹ ਸਾਹਿਬ | .. | 26 | 18 | – | – | – | – | 8 |
| 13. | ਹੁਸ਼ਿਆਰਪੁਰ | .. | 35 | 13 | 2 | – | 5 | 3 | 12 |
| 14. | ਮੁਕਤਸਰ | .. | 16 | 14 | – | – | – | – | 2 |
| 15. | ਲੁਧਿਆਣਾ | .. | 53 | 32 | – | 4 | – | – | 17 |
| 16. | ਨਵਾਂ ਸ਼ਹਿਰ | .. | 23 | 12 | – | – | – | – | 11 |
| 17. | ਫਰੀਦਕੋਟ | .. | 19 | 17 | – | – | 1 | – | 1 |
| 18. | ਮਾਨਸਾ | .. | 28 | 20 | – | 1 | 1 | 1 | 5 |
| 19. | ਬਠਿੰਡਾ | .. | 36 | 26 | – | – | 2 | 1 | 8 |
| 20. | ਕਪੂਰਥਲਾ | .. | 22 | 9 | 2 | 1 | 1 | 3 | 6 |
| 21. | ਅੰਮ੍ਰਿਤਸਰ | .. | 48 | 33 | – | 1 | 1 | 1 | 12 |
| 22. | ਮਜੀਠਾ | .. | 34 | 26 | – | – | 1 | 1 | 6 |
| 23. | ਬਟਾਲਾ | .. | 27 | 19 | – | – | 1 | 3 | 4 |
| 24. | ਜੀ.ਆਰ.ਪੀ./ | .. | 9 | 2 | – | 1 | – | 1 | 5 |
| | ਕੁੱਲ ਜੋੜ | .. | 775 | 516 | 6 | 18 | 27 | 25 | 184 |

## ਅਨੁਲੱਗ-ਡੀ

ਸਾਲ 2005 (ਮਿਤੀ 10-3-2005 ਤੱਕ)

| ਲੜੀ ਨੰ: | ਜ਼ਿਲ੍ਹਾ | ਰਜਿਸ-ਟਰਡ ਕੇਸ | ਜੇਰ ਸਮਾਇਤ | ਅਖਰਾਜ | ਅਦਮਪਤਾ | ਰੱਦ ਕੀਤੇ ਕੇਸ | ਬਰੀ | ਜੇਰ ਤਫਤੀਸ਼ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1. | ਮੋਗਾ .. | 3 | – | – | – | – | – | 3 |
| 2. | ਸੰਗਰੂਰ .. | 7 | 3 | – | – | – | – | 4 |
| 3. | ਫਿਰੋਜ਼ਪੁਰ .. | 6 | – | – | – | – | – | 6 |
| 4. | ਪਟਿਆਲਾ .. | 7 | – | – | – | – | – | 7 |
| 5. | ਰੋਪੜ .. | 4 | 1 | – | – | – | – | 3 |
| 6. | ਗੁਰਦਾਸਪੁਰ .. | 6 | – | – | – | – | – | 6 |
| 7. | ਖੰਨਾ .. | 1 | – | – | – | – | – | 1 |
| 8. | ਜਲੰਧਰ .. | 15 | – | – | – | – | – | 15 |
| 9. | ਬਰਨਾਲਾ .. | 3 | – | – | – | – | – | 3 |
| 10. | ਤਰਨਤਾਰਨ .. | 6 | – | – | – | – | – | 6 |
| 11. | ਜਗਰਾਓਂ .. | 4 | – | – | – | – | – | 4 |
| 12. | ਫ਼ਤਹਿਗੜ੍ਹ ਸਾਹਿਬ .. | 5 | – | – | – | – | – | 5 |
| 13. | ਹੁਸ਼ਿਆਰਪੁਰ .. | 5 | – | – | – | – | – | 5 |
| 14. | ਮੁਕਤਸਰ .. | 2 | – | – | – | – | – | 2 |
| 15. | ਲੁਧਿਆਣਾ .. | 8 | – | – | – | – | – | 8 |
| 16. | ਨਵਾਂ ਸ਼ਹਿਰ .. | 2 | – | – | – | – | – | 2 |

| 1 | 2 | | 3 | 4 | 5 | 6 | 7 | 8 | 9 |
|---|---|---|---|---|---|---|---|---|---|
| 17. | ਫਰੀਦਕੋਟ | .. | 4 | – | – | – | – | – | 4 |
| 18. | ਮਾਨਸਾ | .. | 3 | – | – | – | – | – | 3 |
| 19. | ਬਠਿੰਡਾ | .. | 7 | – | – | – | – | – | 7 |
| 20. | ਕਪੂਰਥਲਾ | .. | 3 | 2 | – | – | – | – | 1 |
| 21. | ਅੰਮ੍ਰਿਤਸਰ | .. | 10 | – | – | – | – | – | 10 |
| 22. | ਮਜੀਠਾ | .. | 5 | – | – | – | – | – | 5 |
| 23. | ਬਟਾਲਾ | .. | 3 | – | – | – | – | – | 3 |
| 24. | ਜੀ.ਆਰ.ਪੀ./ | .. | 3 | – | – | – | – | – | 3 |
| | ਕੁੱਲ ਜੋੜ | .. | 121 | 6 | – | – | – | – | 115 |

-----

## MATTERS RAISED DURING ZERO HOUR

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਕਾਲ ਅਟੈਨਸ਼ਨ ਤੋਂ ਪਹਿਲਾਂ ਮੈਨੂੰ ਅੱਧਾ ਸਕਿੰਟ ਬੋਲਣ ਲਈ ਅਲਾਓ ਕਰ ਦਿਓ । ਮੈਂ ਪ੍ਰਿਵਿਲੇਜ ਮੋਸ਼ਨ ਦਿੱਤਾ ਸੀ । ਸਾਡੇ ਟੈਲੀਫੋਨ ਪਿਛਲੇ 3 ਸਾਲਾਂ ਤੋਂ ਟੇਪ ਹੋਈ ਜਾ ਰਹੇ ਹਨ । ਜੋ ਲੋਕ ਰਾਜ ਦੇ ਅਗੇਂਸਟ ਗੱਲ ਹੈ.................

**Mr. Speaker :** I will decide this.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਇਸ ਅਜ਼ੀਮ ਸਦਨ ਦੇ ਧਿਆਨ ਵਿਚ ਇਕ ਬੜਾ ਵੱਡਾ ਲੋਕ ਮਹੱਤਤਾ ਦਾ ਮਸਲਾ ਉਠਾਉਣਾ ਚਾਹੁੰਦਾ ਹਾਂ ਕਿ ਗਿੱਦੜਬਾਹਾ ਹਲਕੇ ਵਿਚ ਪਿਛਲੇ 40 ਦਿਨਾਂ ਦੇ ਦੌਰਾਨ ਕੈਂਸਰ ਦੀ ਬੀਮਾਰੀ ਨਾਲ 100 ਆਦਮੀਆਂ ਦੀ ਮੌਤ ਹੋ ਚੁੱਕੀ ਹੈ..........

**Mr. Speaker :** Not epidemic. ਤੁਸੀਂ ਬੈਠੋ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਉ, ਬਹੁਤ ਜ਼ਰੂਰੀ ਹੈ । ਉਥੇ 100 ਆਦਮੀਆਂ ਦੀ ਮੌਤ ਹੋ ਚੁੱਕੀ ਹੈ, ਮੇਰੇ ਕੋਲ ਇਕ ਇਕ ਪਰਿਵਾਰ ਦਾ ਵੇਰਵਾ ਹੈ............

**Mr. Speaker :** No, no. No need. I am not agreeing. You are obstructing the proceedings of the House. Please take your seat. I have heard your views. I have not expunged. Call Attention, Sardar Balwinder Singh Bhunder.

CALL ATTENTION NOTICES UNDER RULE 66

(ਕ੍ਰਮ ਨੰ : 10)

1. **ਸਰਦਾਰ ਬਲਵਿੰਦਰ ਸਿੰਘ ਭੂੰਦੜ**
2. **ਸਰਦਾਰ ਤੋਤਾ ਸਿੰਘ**
3. **ਸਰਦਾਰ ਮਨਪ੍ਰੀਤ ਸਿੰਘ ਬਾਦਲ**

: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤੀ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਰਾਜ ਵਿੱਚ ਨਰਮੇ ਦੀਆਂ ਕੀਮਤਾਂ ਬਹੁਤ ਘੱਟ ਰਹੀਆਂ ਹਨ । ਮਾਰਕੀਟ ਵਿੱਚ ਕਾਟਨ ਕਾਰਪੋਰੇਸ਼ਨ ਜਾਂ ਕੋਈ ਹੋਰ ਸਰਕਾਰੀ ਏਜੰਸੀ ਨਰਮੇ ਦੀ ਖਰੀਦ ਨਹੀਂ ਕਰ ਰਹੀ । ਕਿਸਾਨ ਨੇ ਬਹੁਤ ਮਿਹਨਤ ਕਰਕੇ ਅਤੇ ਖਰਚਾ ਕਰਕੇ ਨਰਮੇ ਦੀ ਫਸਲ ਪਾਲੀ ਹੈ ਪਰ ਉਸ ਦੇ ਪੱਲੇ ਲਾਗਤ ਮੁੱਲ ਵੀ ਨਹੀਂ ਪੈ ਰਿਹਾ । ਇਸ ਕਰਕੇ ਕਿਸਾਨੀ ਵਿੱਚ ਭਾਰੀ ਹਾਹਾਕਾਰ ਮਚੀ ਹੋਈ ਹੈ । ਇਸ ਲਈ ਸਰਕਾਰ ਇਸ ਮਾਮਲੇ ਵੱਲ ਤੁਰੰਤ ਧਿਆਨ ਦੇਵੇ ਅਤੇ ਮਾਰਕਫੈਡ ਨੂੰ ਮਾਰਕੀਟ ਵਿੱਚ ਦਾਖਲ ਹੋਣ ਦੀ ਹਦਾਇਤ ਕਰੇ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਸਹਿਕਾਰਤਾ ਅਤੇ ਬਾਗਬਾਨੀ ਮੰਤਰੀ** (ਸਰਦਾਰ ਜਸਜੀਤ ਸਿੰਘ ਰੰਧਾਵਾ) : **ਸਰ, ਸਾਲ** 2004-05 ਦੌਰਾਨ, ਕਪਾਹ ਦੀ ਭਰਵੀਂ ਫਸਲ ਹੋਣ ਕਾਰਨ ਅਤੇ ਇਸ ਦੀ ਸਾਰੇ ਸੰਸਾਰ ਅਤੇ ਭਾਰਤ ਵਿੱਚ ਉਪਲੱਭਤਾ ਹੋਣ ਕਾਰਨ, ਇਹ ਸੰਭਵ

ਸੀ ਕਿ ਕਪਾਹ ਦੀਆਂ ਕੀਮਤਾਂ ਘੱਟੋ-ਘੱਟ ਸਮਰੱਥਨ ਮੁੱਲ ਤੋਂ ਹੇਠਾਂ ਰਹਿਣਗੀਆਂ । ਇਸ ਲਈ ਮਾਰਕਫੈੱਡ ਨੇ ਇਹ ਮਾਮਲਾ ਰਾਜ ਸਰਕਾਰ ਕੋਲ ਉਠਾਇਆ ਤਾਂ ਕਿ ਕੇਂਦਰ ਸਰਕਾਰ ਪੰਜਾਬ ਦੇ ਕਪਾਹ ਦੇ ਕਾਸ਼ਤਕਾਰਾਂ ਦੇ ਹਿੱਤਾਂ ਲਈ ਮਾਰਕਫੈੱਡ ਨੂੰ ਕਪਾਹ ਦੀ ਖਰੀਦ ਕਰਨ ਦੀ ਪ੍ਰਵਾਨਗੀ ਦੇਵੇ । ਭਾਰਤ ਸਰਕਾਰ ਨੇ ਨੈਫ਼ੇਡ (ਨੈਸ਼ਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਆਫ ਇੰਡੀਆ ਲਿਮ:) ਨੂੰ ਸੀ.ਸੀ.ਆਈ. ਦੇ ਪੈਟਰਨ ਉਤੇ ਕਪਾਹ ਖਰੀਦ ਕਰਨ ਲਈ ਪ੍ਰਵਾਨਗੀ ਦਿੱਤੀ ਹੈ ਅਤੇ ਨੈਫੇਡ ਨੇਂ ਮਾਰਕਫੈਡ ਨੂੰ ਮਿਤੀ 7-3-2005 ਨੂੰ ਕਪਾਹ ਖਰੀਦ ਕਰਨ ਲਈ ਆਪਣੀ ਏਜੰਸੀ ਨਿਯੁਕਤ ਕੀਤਾ ਹੈ ਜੋ ਨਰਮੇ ਦੀਆਂ ਐਫ.ਏ.ਕਿਯੂ. ਕਿਸਮਾਂ 1,815/- ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਅਤੇ ਬੰਗਾਲ ਦੇਸੀ 1,310/- ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਰਾਜ ਵਿਚੋਂ ਘੱਟੋ-ਘੱਟ ਸਮਰਥਨ ਮੁੱਲ ਤੇ ਕੱਚੀ ਕਪਾਹ ਖਰੀਦ ਕਰੇਗੀ ।

ਮਾਰਕਫੈੱਡ ਨੇ 7 ਮਾਰਚ, 2005 ਤੋਂ ਫਿਰੋਜ਼ਪੁਰ, ਬਠਿੰਡਾ, ਮਾਨਸਾ ਅਤੇ ਮੁਕਤਸਰ ਜ਼ਿਲ੍ਹੇ ਦੀਆਂ ਮੁੱਖ ਮੰਡੀਆਂ ਵਿੱਚੋਂ ਕੱਚੀ ਕਪਾਹ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ ਤੇ ਸ਼ੁਰੂ ਕਰ ਦਿੱਤੀ ਹੈ ਅਤੇ 19 ਮਾਰਚ, 2005 ਤੱਕ ਸੀ.ਸੀ.ਆਈ. ਦੇ ਪੈਟਰਨ ਤੇ ਆੜ੍ਹਤੀਆਂ ਰਾਹੀਂ 20,018 ਕੁਇੰਟਲ ਯਾਨੀ 3,887 ਗੰਢਾਂ ਕਪਾਹ ਦੀ ਖਰੀਦ ਕਰ ਚੁੱਕੀ ਹੈ ਜਿਸ ਦੀ ਕੀਮਤ 4.00 ਕਰੋੜ ਰੁਪਏ ਬਣਦੀ ਹੈ ।

ਮਾਰਕਫੈੱਡ ਨੇ ਅਖਬਾਰਾਂ ਅਤੇ ਇਲੈਕਟ੍ਰੋਨਿਕ ਮੀਡੀਆ ਰਾਹੀਂ ਕਿਸਾਨਾਂ ਨੂੰ ਮਾਰਕਫੈੱਡ ਦੁਆਰਾ ਖਰੀਦ ਕਰਨ ਸਬੰਧੀ ਅਤੇ ਉਨ੍ਹਾਂ ਦੀ ਕੀਮਤੀ ਫਸਲ ਨੂੰ ਮੰਦੇ ਭਾਅ ਨਾ ਵੇਚਣ ਲਈ ਵੱਡੀ ਪੱਧਰ ਤੇ ਪ੍ਰਚਾਰ ਕੀਤਾ ਹੈ । ਮਾਰਕਫੈੱਡ ਦੇ ਮੰਡੀ ਵਿਚ ਦਾਖਲ ਹੋਣ ਨਾਲ ਕੱਚੀ ਕਪਾਹ ਦੀ ਖਰੀਦ ਦਾ ਰੁਝਾਨ ਉਪਰ ਵੱਲ ਜਾਣ ਲੱਗ ਗਿਆ ਹੈ ਅਤੇ ਕਪਾਹ ਹੁਣ ਘੱਟੋ-ਘੱਟ ਸਮਰੱਥਨ ਮੁੱਲ ਤੇ ਜਾਂ ਹੋਰ ਉੱਚੀ, ਇਥੋਂ ਤੱਕ 1,850/- ਰੁਪਏ ਪ੍ਰਤੀ ਕੁਇੰਟਲ ਬੁਢਲਾਡਾ, ਰਾਮਾਂ ਅਤੇ ਮੁਕਤਸਰ ਵਰਗੀਆਂ ਮੰਡੀਆਂ ਵਿੱਚ ਵਿਕ ਰਹੀ ਹੈ । ਕਿਸਾਨਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਕਿਸੇ ਵੀ ਔਕੜ ਆਉਣ ਤੇ ਜਾਂ ਕੋਈ ਸੂਚਨਾ ਲੈਣ ਲਈ ਮਾਰਕਫੈੱਡ ਜ਼ਿਲ੍ਹਾ ਮੈਨੇਜਰਾਂ ਜਾਂ ਬਰਾਂਚ ਅਫਸਰਾਂ ਨਾਲ ਸਬੰਧ ਸਥਾਪਤ ਕਰਨ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, 3,800 ਦੇ ਕਰੀਬ ਗੰਢਾਂ 7 ਮਾਰਚ ਤੋਂ ਬਾਅਦ ਖਰੀਦੀਆਂ ਗਈਆਂ ਹਨ ਜਿਸ ਤਰ੍ਹਾਂ ਕਿ ਇਨ੍ਹਾਂ ਨੇ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਇਨਫਰਮੇਸ਼ਨ ਦਿੱਤੀ ਹੈ । ਸਾਢੇ 17 ਲੱਖ ਗੰਢਾਂ ਖਰੀਦਣ ਦਾ ਸਰਕਾਰ ਦਾ ਐਸਟੀਮੇਟ ਹੈ । ਪਿਛਲੀ ਵਾਰ ਨਰਮਾ 2,800/- ਰੁਪਏ ਪ੍ਰਤੀ ਕੁਇੰਟਲ ਵਿਕਿਆ ਹੈ । ਇਸ ਵਾਰ 1,815/- ਰੁਪਏ ਪ੍ਰਤੀ ਕੁਇੰਟਲ ਸਰਕਾਰੀ ਸਪੋਰਟ ਪ੍ਰਾਈਸ ਸੀ ਲੇਕਿਨ ਨਰਮਾ ਜੋ ਵਿਕਿਆ ਹੈ, ਉਹ 1,600-1,700/- ਰੁਪਏ ਕੁਇੰਟਲ ਦੇ ਹਿਸਾਬ ਨਾਲ ਵਿਕਿਆ ਹੈ । ਇਹ ਮੀਨੀਮਮ ਸਪੋਰਟ ਪ੍ਰਾਈਸ ਤੇ ਵੀ ਨਹੀਂ ਵਿਕਿਆ, 2,800/- ਰੁਪਏ ਦੇ ਹਿਸਾਬ ਨਾਲ ਵਿਕਣ ਦੀ ਤਾਂ ਗੱਲ ਹੀ ਛੱਡੋ ਹਾਲਾਂ ਕਿ ਮਹਿੰਗਾਈ ਪਹਿਲਾਂ ਨਾਲੋਂ ਵੀ ਵਧੀ ਹੈ । ਇਸ ਤਰੀਕੇ ਨਾਲ ਜ਼ਿਮੀਂਦਾਰ ਲੁੱਟਿਆ ਜਾ ਚੁੱਕਾ ਹੈ । ਜ਼ਿਮੀਂਦਾਰ ਦੀ ਫਸਲ ਅਕਤੂਬਰ ਜਾਂ ਨਵੰਬਰ ਦੇ ਪਹਿਲੇ ਹਫਤੇ ਤੱਕ ਆ ਜਾਂਦੀ ਹੈ । ਤਕਰੀਬਨ 99% ਫਸਲ ਵਿਕ ਚੁੱਕੀ ਹੈ ਅਤੇ ਸਿਰਫ 1% ਹੀ ਬਾਕੀ ਰਹਿ ਗਈ ਹੈ । ਜ਼ਿਮੀਂਦਾਰ ਦੀ ਫਸਲ ਬਹੁਤ ਘੱਟ ਰੇਟ ਤੇ ਵਿਕੀ ਹੈ । 1,815/- ਰੁਪਏ ਦੇ ਰੇਟ ਵਿਚ ਅਤੇ ਜਿਸ ਰੇਟ ਤੇ ਫਸਲ ਵਿਕੀ, ਉਸ ਰੇਟ ਵਿਚ ਕਾਫੀ ਵੱਡਾ ਗੈਪ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਗੈਪ ਨੂੰ ਪੂਰਾ ਕਰਨ ਲਈ ਤਿਆਰ ਹੈ ਤਾਂ ਜੋ ਕਿਸਾਨ ਨਾਲ ਹੋਈ ਬੇਇਨਸਾਫੀ ਦੂਰ ਹੋ ਸਕੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਨੇ ਮੰਡੀਆਂ ਵਿਚ ਸ਼ੁਰੂ ਤੋਂ ਹੀ ਖਰੀਦ ਕੀਤੀ ਸੀ । ਉਨ੍ਹਾਂ ਨੇ ਖਰੀਦ ਤਾਂ ਸ਼ੁਰੂ ਕਰ ਦਿੱਤੀ ਲੇਕਿਨ ਉਨ੍ਹਾਂ ਕੋਲ ਆਪਣੇ ਗਡਾਊਨਜ਼ ਨਹੀਂ ਸਨ । ਉਨ੍ਹਾਂ ਨੇ ਫਸਲ ਨੂੰ ਪ੍ਰਾਈਵੇਟ ਫੈਕਟਰੀਆਂ ਵਿਚ ਅਤੇ ਕੁਝ ਸਕੂਲਾਂ ਵਿਚ ਸਟੋਰ ਕੀਤਾ ਲੇਕਿਨ ਇਸ ਵਿਚ ਦਿੱਕਤ ਇਹ ਆ ਗਈ ਹੈ ਕਿ ਪ੍ਰਾਈਵੇਟ ਕਾਟਨ ਮਿੱਲਾਂ ਵਾਲੇ ਕਹਿਣ ਲੱਗੇ ਕਿ ਪਹਿਲਾਂ ਅਸੀਂ ਆਪਣੀ ਜਿਨਿੰਗ ਪ੍ਰਾਸੈਸਿੰਗ ਕਰਨੀ ਹੈ । ਉਨ੍ਹਾਂ ਦੀ ਆਪਣੀ ਜਿਨਿੰਗ ਪ੍ਰਾਸੈਸਿੰਗ ਨਹੀਂ ਸੀ ਹੋ ਰਹੀ । ਐਗਰੀਕਲਚਰ ਡਿਪਾਰਟਮੈਂਟ ਨੇ ਪੰਜਾਬ ਰਾਜ ਬਿਜਲੀ ਬੋਰਡ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਨੂੰ ਬਿਜਲੀ ਦੀ ਸਪਲਾਈ ਵੱਧ ਕਰੋ ਤਾਂਕਿ ਉਹ ਆਪਣੀ ਜਿਨਿੰਗ ਬੰਦ ਕਰਕੇ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਦੀ ਜੋ ਖਰੀਦ ਹੈ, ਉਸ ਨੂੰ ਸਟੋਰ ਕਰ ਸਕਣ ਲੇਕਿਨ ਬਿਜਲੀ ਬੋਰਡ ਨੇ ਜਵਾਬ ਦਿੱਤਾ ਕਿ ਇਸ ਦੇ ਵਾਸਤੇ ਸਪੈਸ਼ਲ ਲਾਈਨਾਂ ਲੇਅ ਨਹੀਂ ਹੋਈਆਂ ਜਿਸ ਕਰਕੇ ਇੰਨੀ ਛੇਤੀ ਪ੍ਰਬੰਧ ਨਹੀਂ ਕੀਤਾ ਜਾ ਸਕਦਾ । ਕਾਟਨ ਕਾਰਪੋਰੇਸ਼ਨ ਆਫ ਇੰਡੀਆ ਨੇ ਇਕ ਲੱਖ ਅਠੱਤੀ ਹਜ਼ਾਰ ਬੇਲਜ਼ ਮਾਰਕਫੈੱਡ ਤੋਂ ਖਰੀਦੀਆਂ। ਮਾਰਕਫੈੱਡ ਪਹਿਲਾਂ ਕਦੇ ਪ੍ਰਚੇਜ਼ ਨਹੀਂ ਕਰਦੀ ਸੀ ਲੇਕਿਨ ਹੁਣ ਸਾਰੇ ਪ੍ਰਬੰਧ ਹੋ ਗਏ ਹਨ । ਇਸ ਤੋਂ ਇਲਾਵਾ ਪਹਿਲਾਂ ਕੁਝ ਝਗੜੇ ਪੈਦਾ ਹੋ ਗਏ ਸਨ ਅਤੇ

ਕੁਝ ਮਿੱਲਾਂ ਲਿਕਿਉਡੇਸ਼ਨ ਵਿਚ ਵੀ ਆ ਗਈਆਂ ਸਨ ਜਿਸ ਕਰਕੇ ਮੁਸ਼ਕਲ ਆ ਗਈ ਸੀ । ਇਹੋ ਜਿਹੀਆਂ ਕੁਝ ਗੱਲਾਂ ਕਰਕੇ ਇਸ ਸਾਲ ਦਿੱਕਤ ਆਈ ਹੈ ਲੇਕਿਨ ਹੁਣ ਮਾਰਕਫੈੱਡ ਨੇਫੈੱਡ ਦੀ ਇਕ ਪਰਮਾਨੈਂਟ ਏਜੰਸੀ ਬਣ ਗਈ ਹੈ । ਇਸ ਕਰਕੇ ਅਗਲੇ ਸਾਲ ਤੋਂ ਇਹੋ ਜਿਹੀ ਕੋਈ ਪ੍ਰਾਬਲਮ ਨਹੀਂ ਆਵੇਗੀ । ਸ਼ੁਰੂ ਤੋਂ ਹੀ ਖਰੀਦ ਹੋ ਜਾਇਆ ਕਰੇਗੀ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਇਕ ਸ਼ੇਅਰ ਹੈ-

ਅਗਰ ਬਰਸਾ ਭੀ ਤੋਂ ਦਰਿਆਓ ਪਰ ਬਰਸਾ,
ਮੂੰਹ ਖੁਲ੍ਹਾ ਰਹਿ ਗਯਾ ਸਹਿਰਾਓਂ ਕਾ ।

ਸਪੀਕਰ ਸਾਹਿਬ, ਨਰਮੇ ਦੀ ਖਰੀਦ ਵਿਚ ਇਸ ਸਾਲ ਜ਼ਰੂਰ ਗਲਤੀਆਂ ਹੋਈਆਂ ਹਨ । 1,700/- ਰੁਪਿਆ ਪ੍ਰਤੀ ਕੁਇੰਟਲ ਐਵਰੇਜ ਭਾਅ ਨਰਮੇ ਦਾ ਰਿਹਾ ਹੈ । ਜਦ ਤੱਕ ਮਾਰਕਫੈੱਡ ਮੰਡੀਆਂ ਵਿਚ ਆਇਆ,ਉਦੋਂ ਤੱਕ ਕਿਸਾਨ ਸਾਰਾ ਨਰਮਾ ਵੇਚ ਚੁੱਕਾ ਸੀ । ਸਰਕਾਰ ਇਥੇ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੀ ਰਹਿੰਦੀ ਹੈ । ਜੇ ਸਰਕਾਰ 200/- ਰੁਪਿਆ ਪ੍ਰਤੀ ਕੁਇੰਟਲ ਸਬਸਿਡੀ ਦੇ ਦਿੰਦੀ ਤਾਂ ਇਹ ਡਾਈਵਰਸੀਫਿਕੇਸ਼ਨ ਦੀ ਗੱਲ ਕੰਪਲੀਟ ਹੋ ਜਾਣੀ ਸੀ । 180 ਕਰੋੜ ਰੁਪਿਆ ਐਕਸਾਈਜ਼ ਦੇ ਠੇਕਿਆਂ ਨੂੰ ਦੇ ਦਿੱਤਾ ਪਰ 50 ਕਰੋੜ ਰੁਪਿਆ ਨਰਮੇ ਦੀ ਸਬਸਿਡੀ ਵਾਸਤੇ ਕਿਸਾਨ ਨੂੰ ਨਹੀਂ ਦਿੱਤਾ ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮੈਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਅਗਲੇ ਸਾਲ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਦੀ ਜਿਨਿੰਗ ਵਾਸਤੇ ਪੈਦਾਵਾਰ ਨੂੰ ਇਨਸ਼ੋਅਰ ਕਰੇਗੀ ਅਤੇ ਮੀਨੀਮਮ ਸਪੋਰਟ ਪ੍ਰਾਈਸ ਇਨਸ਼ੋਅਰ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਸਾਡੀ ਸਰਕਾਰ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ, ਕਿਸਾਨ ਦੀ ਬਿਹਤਰੀ ਵਾਸਤੇ ਪੂਰੀ ਤਰ੍ਹਾਂ ਕਮਿਟਿਡ ਹੈ । ਸਰਕਾਰ ਉਨ੍ਹਾਂ ਦੀ ਪ੍ਰੋਡਿਊਸ ਦੀ ਮਾਰਕੀਟਿੰਗ ਦਾ ਪ੍ਰਾਪਰ ਪ੍ਰਬੰਧ ਕਰਦੀ ਹੈ । ਇਸ ਸਾਲ ਵੀ ਮਾਰਕਫੈੱਡ ਨੇ ਪ੍ਰਬੰਧ ਕੀਤਾ ਸੀ ਪਰ ਗੌਰਮਿੰਟ ਆਫ ਇੰਡੀਆ ਦੀ ਪਰਮਿਸ਼ਨ ਨਾ ਆਉਣ ਤੇ ਕੁਝ ਡਿਲੇਅ ਹੋ ਗਈ । ਹੁਣ ਨੇਫੈੱਡ ਦੀ

[ਸਹਿਕਾਰਤਾ ਅਤੇ ਬਾਗਬਾਨੀ ਮੰਤਰੀ]

ਏਜੰਸੀ ਬਣ ਗਈ ਹੈ ਅਤੇ ਅਗਲੇ ਸਾਲ ਤੋਂ ਕੀਮਤਾਂ ਡਿੱਗਣ ਨਹੀਂ ਦਿੱਤੀਆਂ ਜਾਣਗੀਆਂ । ਸ਼ੁਰੂ ਵਿੱਚ ਨਰਮਾ ਜ਼ਰੂਰ ਘੱਟ ਭਾਅ ਤੇ ਵਿਕਿਆ ਹੈ ਲੇਕਿਨ ਬਾਅਦ ਵਿਚ ਇਹ 1,850/- ਰੁਪਏ ਪ੍ਰਤੀ ਕੁਇੰਟਲ ਤੱਕ ਵੀ ਵਿਕਿਆ ਹੈ ਯਾਨੀ ਨਿਰਧਾਰਤ ਸਪੋਰਟ ਪ੍ਰਾਈਸ ਤੋਂ ਵੀ ਉਪਰ ਵਿਕਿਆ ਹੈ ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਕਾਲ ਅਟੈਨਸ਼ਨ ਦਿੱਤੀ ਸੀ ਉਸ ਦਾ ਮਤਲਬ ਇਹ ਸੀ ਕਿ ਜਿਹੜਾ ਗਰੀਬ ਕਿਸਾਨ ਹੈ, ਜਿਸ ਦਾ ਨਰਮਾ ਘੱਟ ਰੇਟ ਤੇ ਵਿਕਿਆ, ਉਸ ਦੀ ਨਰਮੇ ਵਿੱਚ ਲੁੱਟ ਹੋਈ । ਆਪਾਂ ਵਾਰ ਵਾਰ ਕਿਹਾ ਕਿ ਖੇਤੀ ਵਿੱਚ ਵਿਭਿੰਨਤਾ ਲਿਆਂਦੀ ਜਾਵੇ, ਭਿੰਨ ਭਿੰਨ ਫਸਲ ਬੀਜੀ ਜਾਵੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੂੰ ਮਾਰਕੀਟਿੰਗ ਦਾ ਪ੍ਰਬੰਧ ਪਹਿਲਾਂ ਨਹੀਂ ਕਰਨਾ ਚਾਹੀਦਾ ਸੀ ? ਪਿਛਲੇ ਸਾਲ ਜਿਸ ਜ਼ਿਮੀਦਾਰ ਨੇ ਨਰਮਾ 2,800-3,000/- ਰੁਪਏ ਵੇਚਿਆ ਇਸ ਵਾਰ 15% ਨਰਮਾ..........

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਆ ਗਿਆ ਹੈ ।

**ਸਰਦਾਰ ਤੋਤਾ ਸਿੰਘ** : ਸਰ ਸਵਾਲ ਬਣ ਗਿਆ ਹੈ ਜੀ । 15% ਨਰਮਾ ਚੁੱਕਿਆ ਗਿਆ । 2-2 ਕੁਇੰਟਲ ਦੇ ਕਰੀਬ ਜਿਹੜਾ ਸੀ ਉਹ ਵੇਚਿਆ 2,400/- ਰੁਪਏ ਨੂੰ ਔਰ ਜਿਹੜਾ ਬਾਅਦ ਵਿੱਚ ਵੇਚਿਆ ਜਦੋਂ ਮਾਰਕੀਟ ਜ਼ੋਬਨ ਤੇ ਆ ਗਈ ਉਦੋਂ ਉਹ 1,600/- ਨੂੰ ਵਿਕਿਆ । 75% ਨਰਮਾ ਬਾਅਦ ਵਿੱਚ 1,500-1,600/- ਰੁਪਏ ਨੂੰ ਵਿਕਿਆ, ਜਦੋਂ ਕਿ ਮਿਨੀਮਮ ਪ੍ਰਾਈਸ 1,815/- ਰੁਪਏ ਪ੍ਰਤੀ ਕੁਇੰਟਲ ਮਿਥੀ ਗਈ ਸੀ । ਜਿਹੜਾ ਨਰਮਾ ਗਰੀਬ ਕਿਸਾਨ ਦਾ 1,500-1,600/- ਰੁਪਏ ਪ੍ਰਤੀ ਕੁਇੰਟਲ ਨੂੰ ਵਿਕਿਆ, ਮਿਨੀਮਮ ਪ੍ਰਾਈਸ ਤੋਂ ਘੱਟ ਵਿਕਿਆ, ਉਸ ਮੁਤਾਬਿਕ ਜਿਹੜਾ ਗੇਪ ਹੈ, ਕੀ ਪੰਜਾਬ ਸਰਕਾਰ ਉਹ ਦੇਵੇਗੀ ?

**ਮਾਨਯੋਗ ਸਪੀਕਰ** : ਹਾਂ ਜੀ, ਮੰਤਰੀ ਜੀ ਕੀ ਉਹ ਗੈਪ ਪੂਰਾ ਕਰੋਗੇ ?

**ਮੰਤਰੀ** : ਨਹੀਂ ਜੀ । ਗੈਪ ਪੂਰਾ ਨਹੀਂ ਕੀਤਾ ਜਾ ਸਕਦਾ । ਮੇਰੀ ਬੇਨਤੀ ਹੈ ਕਿ ਅੱਗੇ ਤੋਂ ਸਰਕਾਰ ਨੇ ਪ੍ਰਬੰਧ ਕੀਤਾ ਹੈ ਕਿ ਅਗਲੇ ਸਾਲ ਤੋਂ ਮਾਰਕਫੈਡ ਸ਼ੁਰੂ ਤੋਂ ਹੀ ਐਂਟਰ ਕਰਿਆ ਕਰੇਗੀ ।

**Mr. Speaker** : Now, next Call Attention, Sardar Bir Devinder Singh Ji.

---------------

(SERIAL NO. 13)

**Sardar Bir Devinder Singh :** Sir, I beg to draw the attention of the Government towards a matter of urgent public importance, namely, show cause noticed issued to the small and medium scale industrial units situated in Focal Points, Mohali by the Punjab State Small Scale Industries & Export Corporation Limited. These small and medium scale industrial units are established on the focal points for the last more than 15-20 years. All of them have received notices in the month of March, 2005 for cancellation of their industrial plots. This has caused a great resentment and sense of disquiet amongst the entrepreneurs who are planning to shift their units out of Punjab under compelling circumstances, which may result into great revenue loss to the Government as well as cause labour problems in S.A.S. Nagar (Mohali).

Keeping in view the obvious and urgent importance of the matter, the Minister concerned may please be asked to make a statement on the floor of the House.

**ਉਪ ਮੁੱਖ ਮੰਤਰੀ** (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ) : ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਰਾਜ ਸਰਕਾਰ ਦੀ ਇਕ ਅਜਿਹੀ ਏਜੰਸੀ ਹੈ, ਜਿਸ ਨੂੰ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਫੋਕਲ ਪੁਆਇੰਟਾਂ ਤੇ ਸੈਂਟਰ ਦੇ ਵਿਕਾਸ ਦਾ ਕਾਰਜ ਸੌਂਪਿਆ ਗਿਆ ਹੈ । ਨਿਗਮ ਵੱਲੋਂ ਫੇਜ਼ 7, 8 ਅਤੇ 8ਏ 9 ਵਿਸਥਾਰ, ਮੁਹਾਲੀ ਵਿਖੇ ਉਦਮੀਆਂ ਨੂੰ ਆਪਣੇ ਉਦਯੋਗ ਸਥਾਪਿਤ ਕਰਨ ਲਈ 1,472 ਪਲਾਟ ਅਲਾਟ ਕੀਤੇ ਗਏ ਸਨ । ਅਲਾਟਮੈਂਟ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਅਨੁਸਾਰ ਉਦਯੋਗਿਕ ਪਲਾਟਾਂ ਦੇ ਅਲਾਟੀਆਂ ਵੱਲੋਂ ਪਲਾਟਾਂ ਦੀ ਵਰਤੋਂ ਸਿਰਫ ਉਦਯੋਗਿਕ ਮੰਤਵ ਲਈ ਹੀ ਕਰਨੀ ਹੁੰਦੀ ਹੈ । ਉਦਯੋਗਿਕ ਪਲਾਟਾਂ ਦਾ ਵਪਾਰਕ, ਰਿਹਾਇਸ਼ੀ, ਦੁਰਵਰਤੋਂ ਕਰਨ ਦੀ ਸੂਰਤ ਵਿਚ ਨਿਗਮ ਵੱਲੋਂ ਦੋਸ਼ੀ ਅਲਾਟੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਉਪਰੰਤ ਅਲਾਟਮੈਂਟਾਂ ਰੱਦ ਕਰ ਦਿੱਤੀਆਂ ਜਾਂਦੀਆਂ ਹਨ । ਪੀ.ਐਸ.ਆਈ.ਈ.ਸੀ. ਵੱਲੋਂ ਫੋਕਲ ਪੁਆਇੰਟ, ਮੁਹਾਲੀ ਵਿਖੇ ਜਨਵਰੀ, ਫ਼ਰਵਰੀ, 2005 ਵਿੱਚ ਅਲੱਗ ਅਲੱਗ ਫੇਜ਼ ਦਾ ਸਰਵੇਖਣ ਕੀਤਾ ਗਿਆ । ਇਸ ਸਰਵੇਖਣ ਦੌਰਾਨ ਹੇਠ ਲਿਖੇ ਫੇਜ਼ਾਂ ਵਿੱਚ 163 ਅਲਾਟੀਆਂ ਨੂੰ ਉਦਯੋਗਿਕ ਪਲਾਟਾਂ ਦੀ ਜਗ੍ਹਾ ਰਿਹਾਇਸ਼ੀ ਤੌਰ ਤੇ ਦੁਰਵਰਤੋਂ ਕਰਨ ਦਾ ਦੋਸ਼ੀ ਪਾਇਆ ਗਿਆ ਜੋ ਕਿ ਅਲਾਟਮੈਂਟ ਦੀਆਂ ਟਰਮਜ਼ ਅਤੇ ਕੰਡੀਸ਼ਨਜ਼ ਦੀ ਖੁਲ੍ਹੇ ਤੌਰ ਤੇ ਉਲੰਘਣਾ ਹੈ । ਇਨ੍ਹਾਂ ਉਦਯੋਗਿਕ ਪਲਾਟਾਂ ਦੀ ਢਾਬਾ, ਕਿਰਿਆਨਾ ਸਟੋਰ, ਸੀਮਿੰਟ ਸਟੋਰ, ਹਾਰਡਵੇਅਰ ਦੁਕਾਨ, ਮੈਰਿਜ ਪੈਲੇਸ, ਐਲ.ਪੀ.ਜੀ. ਗੈਸ ਗੁਦਾਮ, ਟੈਂਟ ਸਟੋਰ, ਸ਼ਰਾਬ ਦਾ ਗੁਦਾਮ ਆਦਿ ਦੇ ਰੂਪ ਵਿੱਚ ਦੁਰਵਰਤੋਂ ਕੀਤੀ ਜਾ ਰਹੀ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਉਪ ਮੁੱਖ ਮੰਤਰੀ ਸਾਹਿਬਾ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਸਰਕਾਰ ਨੇ 1989 ਵਿੱਚ ਨੋਟੀਫਿਕੇਸ਼ਨ ਨੰਬਰ S.I.misc./52/notification/34/10487 ਮਿਤੀ 5-10-1989 ਜਾਰੀ ਕੀਤੀ ਸੀ, ਉਸ ਦੇ ਮੁਤਾਬਿਕ 33% ਜਿਹੜੀ ਅਕਾਮੋਡੇਸ਼ਨ ਹੈ ਇੰਡਸਟਰੀਅਲ ਪਲਾਟ ਦੀ ਉਹ ਰੈਜ਼ੀਡੈਂਸ਼ੀਅਲ ਪਰਪਜ਼ ਲਈ ਇਸਤੇਮਾਲ ਕੀਤੀ ਜਾ ਸਕਦੀ ਹੈ । ਇਕ ਮੈਂ ਜਾਣਨਾ ਚਾਹੁੰਦਾ ਹਾਂ ਕਿ ਆਇਆ ਕੀ ਇਹ ਨੋਟੀਫਿਕੇਸ਼ਨ ਸਰਕਾਰ ਨੇ ਵਿਦਡਰਾਅ ਕਰ ਲਈ ਹੈ ? ਦੂਸਰਾ, ਇਹ ਕਿ ਜਿਹੜਾ ਇੰਡਸਟਰੀਅਲ ਫੋਕਲ ਪੁਆਇੰਟ ਹੈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ ਅਤੇ ਬਠਿੰਡਾ ਇਨ੍ਹਾਂ ਸਾਰੇ ਥਾਵਾਂ ਤੇ ਰੈਜ਼ੀਡੈਂਸ਼ੀਅਲ ਯੂਜ਼ ਲਈ certain area they have allowed, why this pattern is not being followed in Mohali ?

**ਉਪ ਮੁੱਖ ਮੰਤਰੀ** : ਜਿਥੋਂ ਤੱਕ ਸਪੀਕਰ ਸਾਹਿਬ, ਮੁਹਾਲੀ ਦਾ ਤਾਅੱਲੁਕ ਹੈ, ਇਸ ਨੂੰ ਪੰਜਾਬ ਦੇ ਬਾਕੀ ਹਿੱਸਿਆਂ ਨਾਲ ਨਹੀਂ ਮਿਲਾਇਆ ਜਾ ਸਕਦਾ । ਮੁਹਾਲੀ ਦਾ ਬਿਲਕੁਲ ਚੰਡੀਗੜ੍ਹ ਦੇ ਨਾਲ ਸਿਰ ਤੇ ਮੱਥਾ ਲਗਦਾ ਹੈ ਅਤੇ ਇਥੇ ਵੱਡੀਆਂ ਵੱਡੀਆਂ ਇੰਡਸਟਰੀਆਂ ਆ ਰਹੀਆਂ ਹਨ । ਇਸ ਦੇ ਨਾਲ ਜਿਥੇ ਲੋਕਾਂ ਨੂੰ, ਪੰਜਾਬ ਦੇ ਹਰ ਵਰਗ ਦੇ ਨੌਜਵਾਨਾਂ ਨੂੰ ਕਾਫੀ ਫਾਇਦਾ ਹੋਣਾ ਹੈ, ਉਥੇ ਪੰਜਾਬ ਦੀ ਸਰਕਾਰ ਦਾ ਅਤੇ ਸਾਰੀ ਸਟੇਟ ਦਾ ਨਾਮ ਵੀ ਹੋਣਾ ਹੈ । ਜਿਹੜੇ ਜ਼ਿਲ੍ਹਿਆਂ ਅੰਮ੍ਰਿਤਸਰ ਤੇ ਬਠਿੰਡਾ ਵਗੈਰਾ ਦੀ ਗੱਲ ਹੈ, ਉਨ੍ਹਾਂ ਥਾਵਾਂ ਤੇ, ਫੋਕਲ ਪੁਆਇੰਟਾਂ ਵਿਚ ਕਈ ਪਲਾਟ ਬੰਦ ਹੀ ਪਏ ਸਨ, ਕਈ ਥਾਵਾਂ ਤੇ ਵਿਕਦੇ ਹੀ ਨਹੀਂ ਸਨ ਜਾਂ ਕੁਝ ਇੰਡਸਟਰੀ ਘਟ ਗਈ ਸੀ, ਕੁਝ ਦੂਰ ਹੋਣ ਕਰਕੇ ਜਾਂ ਦੂਸਰੇ ਕਾਰਨਾਂ ਕਰਕੇ । ਜਿਥੇ ਇੰਡਸਟਰੀ ਘਟ ਗਈ ਸੀ ਅਤੇ ਪਲਾਟ ਬੰਦ ਪਏ ਸਨ, ਉਥੇ ਸਰਕਾਰ ਨੇ ਜ਼ਰੂਰ ਅਲਾਓ ਕੀਤਾ ਹੈ ਕਿ ਰੈਜ਼ੀਡੈਂਸ ਬਣਾਇਆ ਜਾ ਸਕਦਾ ਹੈ । ਪਰ ਇਥੇ ਤਾਂ ਜ਼ਮੀਨ ਬਹੁਤ ਜ਼ਿਆਦਾ ਮਹਿੰਗੀ ਹੈ ਅਤੇ ਬੜੇ ਵੱਡੇ ਵੱਡੇ ਲੋਕ ਤੇ ਇੰਡਸਟਰੀਲਿਸਟ ਬਾਹਰੋਂ ਆ ਰਹੇ ਹਨ । ਜਿਥੇ ਇੰਡਸਟਰੀ ਡਾਊਨ ਹੋ ਗਈ ਸੀ ਜਾਂ ਫੋਕਲ ਪੁਆਇੰਟਾਂ ਤੇ ਮੁਸ਼ਕਲਾਂ ਸਨ, ਕੇਵਲ ਉਥੇ ਹੀ ਰੈਜ਼ੀਡੈਂਸ ਅਲਾਓ ਕੀਤਾ ਹੈ । ਇਥੇ ਮੁਹਾਲੀ ਅਲਾਓ ਨਹੀਂ ਕੀਤਾ ਜਾ ਸਕਦਾ ।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਕੋਈ ਲੈਟਰ ਦਾ ਰੈਫਰੈਂਸ ਵੀ ਦਿੱਤਾ ਸੀ ।

**ਉਪ ਮੁੱਖ ਮੰਤਰੀ** : ਇਸ ਵੇਲੇ ਮੇਰੇ ਕੋਲ ਜਾਣਕਾਰੀ ਨਹੀਂ ਹੈ । ਪਰ ਜਿਥੋਂ ਤੱਕ ਮੈਨੂੰ ਦੱਸਿਆ ਗਿਆ ਹੈ ਕਿ ਬਾਕੀ ਥਾਵਾਂ ਅਤੇ ਜ਼ਿਲਿਆਂ ਵਿਚ ਜਿਥੇ

ਇੰਡਸਟਰੀ ਘੱਟ ਗਈ ਹੈ ਉਥੇ ਸਰਕਾਰ ਟਾਈਮ-ਟੂ- ਟਾਈਮ ਅਲਾਓ ਕਰ ਦਿੰਦੀ ਹੈ । ਜਿਥੋਂ ਤੱਕ ਪੱਤਰ ਦੀ ਗੱਲ ਹੈ, ਇਸ ਬਾਰੇ ਮੈਂ ਮੈਂਬਰ ਸਾਹਿਬ ਨੂੰ ਦੱਸ ਦਿਆਂਗੀ ।

---------

(ਕ੍ਰਮ ਨੰ: 14)

**1. ਸ਼੍ਰੀ ਦੇਸ ਰਾਜ ਧੁੱਗਾ**
**2. ਸਰਦਾਰ ਹਰਬੰਤ ਸਿੰਘ ਦਾਤੇਵਾਸ** } : ਸ਼੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤੀ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕੰਡੀ ਖੇਤਰ ਵਿੱਚ ਜੰਗਲੀ ਸੂਰਾਂ ਦੁਆਰਾ ਬਹੁਤ ਹੀ ਜਾਨੀ ਅਤੇ ਮਾਲੀ ਅਤੇ ਫਸਲਾਂ ਦਾ ਭਾਰੀ ਨੁਕਸਾਨ ਕਰਦੇ ਹਨ । ਉਹਨਾਂ ਜੰਗਲੀ ਸੂਰਾਂ ਦੀ ਰੋਕਥਾਮ ਨਾ ਕਰਨ ਕਰਕੇ ਇਲਾਕੇ ਦੇ ਲੋਕਾਂ ਵਿੱਚ ਭਾਰੀ ਡਰ ਤੇ ਰੋਸ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਉਪ ਮੁੱਖ ਮੰਤਰੀ** (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ) : ਜੰਗਲੀ ਸੂਰਾਂ ਵੱਲੋਂ ਫਸਲਾਂ ਦੇ ਕੀਤੇ ਜਾ ਰਹੇ ਨੁਕਸਾਨ ਦੀ ਸਮੱਸਿਆ ਬਾਰੇ ਸਰਕਾਰ ਪੂਰੀ ਤਰ੍ਹਾਂ ਜਾਣੂੰ ਹੈ । ਇਸ ਬਾਰੇ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਦੋ ਤਰਫਾ ਕਾਰਵਾਈ ਕੀਤੀ ਜਾ ਰਹੀ ਹੈ । ਪਹਿਲੀ ਜਿਨ੍ਹਾਂ ਇਲਾਕਿਆਂ ਵਿਚ ਜੰਗਲੀ ਸੂਰ ਜ਼ਿਆਦਾ ਹਨ, ਉਨ੍ਹਾਂ ਦੇ ਨਾਲ ਲਗਦੇ ਵਣ ਰਕਬਿਆਂ ਵਿਚ ਹੈਬੀਟਾਟ ਦੇ ਤੇ ਸੁਧਾਰ ਦੇ ਕੰਮ ਕਰਵਾਏ ਜਾ ਰਹੇ ਹਨ ਤਾਂ ਜੋ ਇਨ੍ਹਾਂ ਜਾਨਵਰਾਂ ਨੂੰ ਜੰਗਲ ਵਿਚੋਂ ਹੀ ਆਪਣੀ ਖੁਰਾਕ ਮਿਲ ਸਕੇ ਅਤੇ ਉਹ ਫਸਲਾਂ ਦਾ ਨੁਕਸਾਨ ਨਾ ਕਰਨ । ਦੂਸਰਾ, ਜੰਗਲੀ ਸੂਰਾਂ ਦਾ ਮਿਥੇ ਪੈਮਾਨੇ ਵਿਚ ਸ਼ਿਕਾਰ ਖੋਲਣ ਬਾਰੇ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਹੈ । ਇਹ ਮਾਮਲਾ ਪੰਜਾਬ ਰਾਜ ਜੰਗਲੀ ਜੀਵ ਬੋਰਡ ਦੀ ਅਗਲੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ । ਬੋਰਡ ਦਾ ਗਠਨ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 7-3-2005 ਰਾਹੀਂ ਕੀਤਾ ਜਾ ਚੁੱਕਾ ਹੈ ।

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਜਿਹੜਾ ਮੇਰਾ ਗੜ੍ਹਦੀਵਾਲਾ ਦਾ ਇਲਾਕਾ ਹੈ, ਉਥੇ ਬਕਾਇਦਾ ਜੰਗਲੀ ਜੀਵਾਂ ਨੂੰ ਰੱਖਣ ਲਈ ਸੈਂਕਚੁਅਰੀ ਬਣੀ ਹੋਈ

[ਸ਼੍ਰੀ ਦੇਸ ਰਾਜ ਧੁੱਗਾ]

ਹੈ । ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਜਿਹੜੇ ਉਥੇ ਜੰਗਲੀ ਸੂਰ ਜਾਂ ਦੂਸਰੇ ਜੰਗਲੀ ਜਾਨਵਰਾਂ ਲਈ ਕਰਮਚਾਰੀ ਜਾਂ ਹੋਰ ਪ੍ਰਬੰਧ ਕੀਤੇ ਗਏ ਹਨ, ਉਨ੍ਹਾਂ ਨੂੰ ਠੀਕ ਤਰੀਕੇ ਨਾਲ ਰੱਖਣ ਲਈ ਹੋਰ ਅੱਛੇ ਪ੍ਰਬੰਧ ਕੀਤੇ ਜਾਣਗੇ ।

**ਉਪ ਮੁੱਖ ਮੰਤਰੀ** : ਜਿਵੇਂ ਕਿ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਉਸ ਏਰੀਏ ਵਿਚ ਜਿਥੇ ਉਹ ਹੁਣ ਰਹਿੰਦੇ ਹਨ, ਉਨ੍ਹਾਂ ਵਾਸਤੇ ਉਸੇ ਏਰੀਏ ਵਿਚ ਹੀ ਕੋਈ ਇਸ ਤਰ੍ਹਾਂ ਦੀ ਫਸਲ ਜਾਂ ਉਨ੍ਹਾਂ ਦੇ ਖਾਣ ਵਾਲਾ ਮੈਟੀਰੀਅਲ ਉਥੇ ਹੀ ਬਿਜਵਾਇਆ ਜਾਏ ਤਾਂ ਜੋ ਉਹ ਉਥੇ ਹੀ ਰਹਿ ਸਕਣ ਅਤੇ ਬਾਹਰ ਨਾ ਆਉਣ । ਰਾਜ ਵਿਚ ਜੰਗਲੀ ਸੂਰਾਂ ਦੀ ਗਿਣਤੀ 1,400 ਹੈ, ਜਿਨ੍ਹਾਂ ਵਿੱਚ 1,300 ਇਕੱਲੇ ਕੰਡੀ ਦੇ ਏਰੀਏ ਵਿਚ ਹੀ ਹਨ । ਇਸ ਮੁਸ਼ਕਲ ਨੂੰ ਧਿਆਨ ਵਿਚ ਰੱਖਿਆ ਹੋਇਆ ਹੈ, ਜਿਸ ਲਈ ਇਕ ਬੋਰਡ ਦਾ ਗਠਨ ਕੀਤਾ ਹੋਇਆ ਹੈ । ਜਦੋਂ ਬੋਰਡ ਆਪਣੀ ਮੀਟਿੰਗ ਕਰੇਗਾ ਉਸ ਵਕਤ ਇਹ ਮਾਮਲਾ ਵਿਚਾਰਿਆ ਜਾਵੇਗਾ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਜੰਗਲੀ ਸੂਰਾਂ ਦੀ ਸਮੱਸਿਆ ਹੈ, ਉਥੇ ਪੰਜਾਬ ਵਿਚ ਅਵਾਰਾ ਪਸ਼ੂਆਂ ਦੀ ਵੀ ਸਮੱਸਿਆ ਹੈ । ਉਹ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਕਰ ਰਹੇ ਹਨ । ਕੀ ਇਸ ਸਬੰਧ ਵਿਚ ਸਰਕਾਰ ਕੋਈ ਉਪਰਾਲੇ ਕਰ ਰਹੀ ਹੈ ਕਿ ਅਵਾਰਾ ਪਸ਼ੂਆਂ ਵਾਸਤੇ ਕੋਈ ਗਊਸ਼ਾਲਾਵਾਂ ਆਦਿ ਸਥਾਪਤ ਕੀਤੀਆਂ ਜਾ ਰਹੀਆਂ ਹਨ ਜਾਂ ਨਹੀਂ ।

**ਉਪ ਮੁੱਖ ਮੰਤਰੀ** : ਇਹ ਸਵਾਲ ਨਾਲ ਤਾਂ ਤੁਅੱਲੁਕ ਨਹੀਂ ਰੱਖਦਾ । ਪਰ ਜਿਸ ਤਰ੍ਹਾਂ ਰੂਰਲ ਡਿਵੈਲਪਮੇਂਟ ਕੋਲ ਕੈਟਲ ਫੇਅਰ ਫੰਡ ਹੁੰਦਾ ਹੈ । ਉਸ ਦੇ ਵਿਚ ਸਾਡੀ ਸਰਕਾਰ ਨੇ ਵੀ ਕੋਸ਼ਿਸ਼ ਕੀਤੀ ਹੈ ਕਿ ਪਿੰਡਾਂ ਦੀਆਂ ਪੰਚਾਇਤਾਂ ਨੂੰ ਜ਼ਮੀਨ ਦਿੱਤੀ ਜਾ ਸਕੇ ਅਤੇ ਗਊਸ਼ਾਲਾ ਬਣਾਉਣ ਲਈ ਪੈਸਾ ਵੀ ਦਿੱਤਾ ਜਾ ਸਕੇ ਲੇਕਿਨ ਇਸ ਤੋਂ ਪਹਿਲਾਂ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਕਿ ਸੂਰ ਅਤੇ ਨੀਲ-ਗਊਆਂ ਹਨ ਅਤੇ ਹੋਰ ਵੀ ਬਹੁਤ ਸਾਰੇ ਜਾਨਵਰ ਹਨ, ਜਿਹੜੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਫਸਲਾਂ ਦਾ ਨੁਕਸਾਨ ਕਰਦੇ ਹਨ, ਉਨ੍ਹਾਂ ਸਾਰਿਆਂ ਦੇ ਬਾਰੇ ਸ਼ਿਕਾਰਾਂ ਦੇ ਰਾਹੀਂ ਜਾਂ ਹੋਰ ਤਰੀਕਿਆਂ ਦੇ ਨਾਲ, ਅਸੀਂ ਇਹ ਜਿਹੜਾ ਬੋਰਡ ਬਣਾਇਆ ਹੈ, ਉਹ ਵਿਚਾਰ ਕਰਕੇ ਇਸ ਦਾ ਹਲ ਕੱਢੇਗਾ ।

--------

## PAPERS LAID ON THE TABLE

**Minister for Local Government Parliamentary Affairs, Labour & Employment and Elections** (Chaudhary Jagjit Singh) : Sir, I beg to lay on the Table :-

1. The 34th Annual Report of the Punjab State Warehousing Corporation for the 2000-2001, as required under Section 31 (11) of the Warehousing Corporation Act, 1962.

2. The Annual Reports of Punjab State Hosiery and Knitwear Development Corporation Ltd. for the year 2001-2002, 2002-2003 and 2003-2004, as required under Section 619-A of the companies Act, 1956.

3. The Annual Statement of Account of Punjab Urban Planning and Development Authority for the year 2002-2003, as required under Section 53 (1) of the Punjab Regional and Town Planning and Development Act, 1995.

--------------

## PRESENTATION OF REPORT OF THE COMMITTEE ON PUBLIC ACCOUNTS

**ਮਾਨਯੋਗ ਸਪੀਕਰ** : ਹੁਣ ਸਭਾਪਤੀ, ਲੋਕ ਲੇਖਾ ਕਮੇਟੀ ਰਿਪੋਰਟ ਪੇਸ਼ ਕਰਨਗੇ ।

**ਸਭਾਪਤੀ, ਲੋਕ ਲੇਖਾ ਕਮੇਟੀ** (ਸਰਦਾਰ ਬਲਵਿੰਦਰ ਸਿੰਘ ਭੂੰਦੜ) : ਸ਼੍ਰੀ ਮਾਨ ਜੀ, ਮੈਂ

(1) ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨਾਲ ਸਬੰਧਤ ਸਾਲਾਂ 1995-1996, 1996-1997 ਅਤੇ 1999-2000 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 1995-1996, 1996-1997 ਅਤੇ 1999-2000 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 152ਵੀਂ ਰਿਪੋਰਟ ਪੇਸ਼ ਕਰਦਾ ਹਾਂ, ਅਤੇ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

(2) ਸਿੰਜਾਈ ਵਿਭਾਗ ਨਾਲ ਸਬੰਧਤ ਸਾਲਾਂ 1995-1996, 1996-1997 ਅਤੇ 1997-1998, 1998-1999 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 1995-1996, 1996-1997 ਅਤੇ 1997-1998, 1998-1999 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 153ਵੀਂ ਰਿਪੋਰਟ ਪੇਸ਼ ਕਰਦਾ ਹਾਂ ।

---------

## LEGISLATIVE BUSINESS

### THE PUNJAB VALUE ADDED TAX BILL, 2005 (REPLACING ORDINANCE)

**Minister For Excise & Taxation And Printing & Stationery** (Sardar Sardul Singh) : Sir, I beg to introduce the Punjab Value Added Tax Bill, 2005.

*3.23 ਵਜੇ ਬਾਅਦ ਦੁਪਹਿਰ | ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।

### RESOLUTION reg. RECOMMENDATION TO THE STATE GOVT. TO TAKE IMMEDIATE STEPS FOR PREVENTION OF THE ABUSE OF INTOXICANTS/DRUGS AMONG THE YOUTHS OF THE STATE.

**ਮਾਨਯੋਗ ਡਿਪਟੀ ਸਪੀਕਰ :** ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਆਪਣਾ ਮਤਾ ਪੇਸ਼ ਕਰਨਗੇ ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਸ਼੍ਰੀ ਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ :

ਇਹ ਸਦਨ ਰਾਜ ਸਰਕਾਰ ਨੂੰ ਰਾਜ ਵਿਚ ਨੌਜਵਾਨਾਂ ਵਿੱਚ ਨਸ਼ੀਲੇ ਪਦਾਰਥਾਂ/ਨਸ਼ੀਲੀਆਂ ਦਵਾਈਆਂ ਦੀ ਵਰਤੋਂ ਨੂੰ ਰੋਕਣ ਲਈ ਤੁਰੰਤ ਕਾਰਵਾਈ ਕਰਨ ਦੀ ਸਿਫਾਰਸ਼ ਕਰਦਾ ਹੈ ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਰੈਜੋਲਿਊਸ਼ਨ ਤੇ ਬੋਲਣ ਵਾਸਤੇ ਇਜਾਜ਼ਤ ਦਿੱਤੀ ਹੈ । ਮੈਂ ਸਦਨ ਦੇ ਵਿੱਚ ਇਹ ਰੈਜੋਲਿਊਸ਼ਨ ਪੇਸ਼ ਕਰਦਾ ਹਾਂ ਜਿਹੜਾ ਕਿ ਪੰਜਾਬ ਦੇ ਵਿੱਚ ਇਕ ਅਹਿਮ ਮਸ੍ਲਾ ਬਣ ਗਿਆ ਹੈ । ਅੱਜ ਪੰਜਾਬ ਦੇ ਨੌਜਵਾਨ ਜਿਹੜੇ ਹਨ ਉਹ ਨਸ਼ਿਆਂ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ । ਅੱਜ ਪੰਜਾਬ ਦੇ ਨੌਜਵਾਨ ਜਿਹੜੇ ਹਨ, ਉਨ੍ਹਾਂ ਦੀ ਸੁੰਦਰਤਾ ਨਸ਼ਿਆਂ ਕਾਰਨ ਖਰਾਬ ਹੁੰਦੀ ਜਾ ਰਹੀ ਹੈ । ਇਹ ਨਸ਼ੇ ਪੰਜਾਬ ਦੇ ਵਿੱਚ ਇਸ ਤਰ੍ਹਾਂ ਫੈਲ ਰਹੇ ਹਨ ਜਿਵੇਂ ਕਿ ਜੰਗਲ ਵਿੱਚ ਅੱਗ ਫੈਲ ਰਹੀ ਹੈ । ਮੈਂ ਸਮਝਦਾ ਹਾਂ ਕਿ ਅੱਜ ਪੰਜਾਬ ਦੇ ਨੌਜਵਾਨ ਖੋਖਲੇ ਹੁੰਦੇ ਜਾ ਰਹੇ ਹਨ ਕਿਉਂਕਿ ਇਹ ਨਸ਼ੇ ਜਿਹੜੇ ਹਨ ਸਕੂਲਾਂ ਅਤੇ ਕਾਲਿਜ਼ਾਂ ਦੇ ਬੱਚੇ ਵੀ ਇਨ੍ਹਾਂ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ । ਇਸਦੀ ਰੋਕਥਾਮ ਵਾਸਤੇ ਸਰਕਾਰ ਨੂੰ ਹੋਰ ਕਦਮ ਉਠਾਉਣੇ ਚਾਹੀਦੇ ਹਨ । ਇਸ ਦੇ ਕਾਰਨ ਮੈਂ ਵੀ ਸਮਝਦਾ ਹਾਂ ਕਿ ਅੱਜ ਦੇ ਸਮੇਂ ਵਿੱਚ ਜਿਹੜੇ ਬੇਰੋਜ਼ਗਾਰ ਨੌਜਵਾਨ ਹਨ ਉਨ੍ਹਾਂ ਦੇ ਕੋਲ ਕੋਈ ਕੰਮ ਨਹੀਂ ਰਿਹਾ । ਪਾਪੂਲੇਸ਼ਨ ਇਸ ਦਾ ਮੁੱਖ ਕਾਰਨ ਹੈ ਕਿਉਂਕਿ ਪੰਜਾਬ ਦੀ ਪਾਪੂਲੇਸ਼ਨ ਇੰਨੀ ਵੱਧ ਗਈ ਹੈ ਕਿ ਸਰਕਾਰ ਵੀ ਜਿਹੜੀ ਹੈ ਉਹ ਇੰਨੇ ਲੋਕਾਂ ਨੂੰ ਨੌਕਰੀਆਂ ਨਹੀਂ ਦੇ ਸਕਦੀ । ਨੌਜਵਾਨਾਂ ਦਾ ਧਿਆਨ ਦੂਸਰੇ ਪਾਸੇ ਲਗਾਉਣਾ ਬਹੁਤ ਜ਼ਰੂਰੀ ਹੈ । ਮਹਾਤਮਾ ਗਾਂਧੀ ਜੀ ਨੇ ਵੀ ਆਪਣੇ ਸਮੇਂ ਵਿਚ ਲੋਕਾਂ ਨੂੰ ਜਾਗਰੂਕ ਕੀਤਾ ਸੀ ਉਥੇ ਸਾਡੀਆਂ ਭੈਣਾਂ ਨੇ ਵੀ ਜਿਹੜੀਆਂ ਨਸ਼ੇ ਦੀਆਂ ਦੁਕਾਨਾਂ ਸਨ, ਉਨ੍ਹਾਂ ਦੇ ਅੱਗੇ ਖੜ੍ਹੇ ਹੋ ਕੇ ਧਰਨੇ ਦਿੱਤੇ ਸਨ ਕਿਉਂਕਿ ਉਸ ਸਮੇਂ ਸਾਡੇ ਹਿੰਦੁਸਤਾਨ ਦੀ ਨਾਰੀ ਪਰਦੇ ਵਿੱਚ ਰਹਿੰਦੀ ਸੀ ਪਰ ਫਿਰ ਨਾਰੀਆਂ ਵਿੱਚ ਜਾਗਰੂਕਤਾ ਆਈ । ਉਨ੍ਹਾਂ ਨੇ ਸੜਕਾਂ ਤੇ ਸ਼ਰਾਬ ਦੇ ਠੇਕਿਆਂ ਅੱਗੇ ਧਰਨੇ ਦਿੱਤੇ ਔਰ ਹੋਰ ਨਸ਼ਿਆਂ ਵਾਲੀਆਂ ਦੁਕਾਨਾਂ ਅੱਗੇ ਧਰਨੇ ਦਿੱਤੇ । ਮੈਂ ਸਮਝਦਾ ਹਾਂ ਕਿ ਨਸ਼ਿਆਂ ਦਾ ਬੱਚਿਆਂ ਉਤੇ ਬੜਾ ਭੈੜਾ ਅਸਰ ਪੈ ਰਿਹਾ ਹੈ । ਮੈਂ ਇੱਕ ਉਦਾਹਰਣ ਦੇਣੀ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਸਾਡੇ ਵਿਜੈ ਨਗਰ ਵਿੱਚ ਜਿਹੜਾ ਕਿ ਮੇਰੀ ਹੀ ਕਾਂਸਟੀਚਿਊਐਂਸੀ ਵਿੱਚ ਪੈਂਦਾ ਹੈ, ਇੱਕ ਬੱਚਾ ਨਸ਼ਿਆਂ ਦਾ ਸ਼ਿਕਾਰ ਹੋ

[ਸ਼੍ਰੀ ਜੁਗਲ ਕਿਸ਼ੋਰ ਸ਼ਰਮਾ]

ਗਿਆ ਔਰ ਉਸ ਦੇ ਘਰਦਿਆਂ ਨੂੰ ਇਸ ਦਾ ਪਤਾ ਲੱਗ ਗਿਆ । ਉਨ੍ਹਾਂ ਨੂੰ ਲੱਗਿਆ ਕਿ ਸਾਡਾ ਬੱਚਾ ਨਸ਼ੇ ਕਰਦਾ ਹੈ ਜਿਸ ਕਰਕੇ ਉਸ ਦੀ ਸਿਹਤ ਡਾਊਨ ਹੁੰਦੀ ਜਾ ਰਹੀ ਹੈ । ਉਨ੍ਹਾਂ ਨੇ ਬੱਚੇ ਵੱਲ ਬਿਲਕੁਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਇਹ ਸਮੈਕ ਲੈਂਦਾ ਹੈ । ਉਨ੍ਹਾਂ ਨੇ ਆਪਣੇ ਹੀ ਘਰ ਵਿੱਚ ਆਪਣੇ ਬੱਚੇ ਨੂੰ ਦੋ ਮਹੀਨੇ ਲਈ ਬੰਦ ਕਰ ਦਿੱਤਾ ਔਰ ਉਸ ਤੋਂ ਬਾਅਦ ਉਹ ਬੱਚਾ ਨਸ਼ੇ ਕਰਨ ਦੀ ਆਦਤ ਤੋਂ ਛੁੱਟ ਗਿਆ । ਮੈਂ ਪੰਜਾਬ ਸਰਕਾਰ ਅਤੇ ਖਾਸ ਤੌਰ ਤੇ ਮੁੱਖ ਮੰਤਰੀ ਸਾਹਿਬ ਦਾ ਆਭਾਰੀ ਹਾਂ ਕਿ ਉਨ੍ਹਾਂ ਨੇ ਨੌਜਵਾਨਾਂ ਦਾ ਧਿਆਨ ਦੂਜੇ ਬੰਨੇ ਕਰਨ ਲਈ ਵਿਰਾਸਤ ਮੇਲੇ ਕੀਤੇ । ਇਹ ਵਿਰਾਸਤ ਮੇਲੇ ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਲੱਗੇ । ਇਸ ਤਰ੍ਹਾਂ ਬੱਚਿਆਂ ਦਾ ਧਿਆਨ ਦੂਜੇ ਪਾਸੇ ਕੀਤਾ । ਇਸ ਦੇ ਨਾਲ ਨਾਲ ਪੰਜਾਬ ਵਿੱਚ ਹਿੰਦੁਸਤਾਨ-ਪਾਕਿਸਤਾਨ ਦੀਆਂ ਖੇਡਾਂ ਹੋਈਆਂ । ਇਹ ਵੀ ਇੱਕ ਚੰਗਾ ਉਪਰਾਲਾ ਕੀਤਾ ਗਿਆ ਕਿ ਨੌਜਵਾਨਾਂ ਦਾ ਧਿਆਨ ਦੂਜੇ ਬੰਨੇ ਲੱਗ ਸਕੇ । ਮੈਂ ਸਮਝਦਾ ਹਾਂ ਕਿ ਨਸ਼ੇ ਨੂੰ ਰੋਕਣ ਲਈ ਕਠੋਰ ਨਿਯਮ ਬਣਾਉਣੇ ਪੈਣਗੇ । ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿੱਚ ਸਮੈਕ ਪਿੱਛੇ ਜਿਹੇ ਪਕੜੀ ਗਈ । ਸਾਡੇ ਐਸ.ਐਸ.ਪੀ. ਸਾਹਿਬ ਨੇ ਬੜੀ ਦਲੇਰੀ ਕੀਤੀ । ਇਹ ਸਮੈਕ ਛੇਹਰਟਾ ਕੋਲੋਂ ਪਕੜੀ ਗਈ । ਮੈਂ ਸਮਝਦਾ ਹਾਂ ਕਿ ਜਿਹੜੇ ਸਮੈਕ ਵੇਚ ਰਹੇ ਸੀ, ਉਨ੍ਹਾਂ ਨੂੰ ਤਾਂ ਫੜ ਲਿਆ ਪਰ ਜਿਹੜੇ ਲੋਕ ਇਸ ਦੇ ਪਿੱਛੇ ਹਨ, ਜੋ ਇਹ ਧੰਦਾ ਕਰਵਾ ਰਹੇ ਹਨ, ਉਹ ਨਹੀਂ ਪਕੜੇ ਗਏ । ਜਿਨਾਂ ਚਿਰ ਤੱਕ ਉਨ੍ਹਾਂ ਲੋਕਾਂ ਨੂੰ ਨਹੀਂ ਫੜਿਆ ਜਾਂਦਾ ਜਿਹੜੇ ਇਹ ਧੰਦਾ ਕਰਵਾ ਰਹੇ ਹਨ, ਉਦੋਂ ਤੱਕ ਇਸ ਬਿਮਾਰੀ ਤੇ ਠੱਲ ਨਹੀਂ ਪਾਇਆ ਜਾ ਸਕਦਾ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਅਫਸਰ ਚੰਗਾ ਕੰਮ ਕਰਦੇ ਹਨ, ਉਨ੍ਹਾਂ ਦੀ ਪਿੱਠ ਠੋਕਣੀ ਚਾਹੀਦੀ ਹੈ ਪਰ ਜਿਹੜੇ ਅਫਸਰ ਪੂਰੀ ਤਰ੍ਹਾਂ ਧਿਆਨ ਨਹੀਂ ਦਿੰਦੇ ਜਾ ਸਮੈਕ ਦੇ ਧੰਦੇ ਵਿਚ ਸਹਿਯੋਗ ਦਿੰਦੇ ਹਨ, ਚਾਹੇ ਉਹ ਕਿੰਨਾ ਵੀ ਵੱਡਾ ਅਫਸਰ ਕਿਉਂ ਨਾ ਹੋਵੇ, ਕਿੰਨਾ ਵੱਡਾ ਲੀਡਰ ਕਿਉਂ ਨਾ ਹੋਵੇ, ਉਸ ਨੂੰ ਜ਼ਰੂਰ ਸਜ਼ਾ ਦੇਣੀ ਚਾਹੀਦੀ ਹੈ ਕਿਉਂਕਿ ਜਦੋਂ ਤੱਕ ਇਹ ਧੰਦਾ ਪਿੱਛੋਂ ਬੰਦ ਨਹੀਂ ਹੁੰਦਾ ਉਦੋਂ ਤੱਕ ਕੁਝ ਨਹੀਂ ਹੋ ਸਕਦਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਸਾਨੂੰ ਇਹ ਮਸਲਾ ਪਾਰਟੀ ਪੱਧਰ ਤੋਂ ਉਪਰ ਉਠ ਕੇ, ਰਾਜਨੀਤਿਕ ਪੱਧਰ ਤੋਂ ਉਪਰ ਉਠ ਕੇ ਹੱਲ ਕਰਨਾ ਚਾਹੀਦਾ ਹੈ ਔਰ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਇਸ ਦੇ ਨਾਲ ਹੀ ਮੇਰਾ ਸੁਝਾਓ ਹੈ ਕਿ ਜ਼ਿਲ੍ਹਾ ਪੱਧਰ ਤੇ ਸਰਕਾਰੀ ਤੌਰ ਤੇ ਕਮੇਟੀਆਂ ਵੀ ਬਣਾਈਆਂ ਜਾਣ ਜਿਨ੍ਹਾਂ ਵਿੱਚ ਪਬਲਿਕ ਦੇ ਨੁਮਾਇੰਦੇ ਵੀ ਸ਼ਾਮਲ ਹੋਣ ਤਾਂ ਕਿ ਪੰਜਾਬ ਵਿੱਚ ਜਿਹੜਾ

ਨਸ਼ਿਆਂ ਦਾ ਦੌਰ ਸ਼ੁਰੂ ਹੋਇਆ ਹੈ, ਉਹ ਖ਼ਤਮ ਹੋ ਸਕੇ । ਪੁਰਾਣੇ ਯੁੱਗ ਵਿੱਚ ਜਦੋਂ ਰਾਜਿਆਂ-ਮਹਾਰਾਜਿਆਂ ਦਾ ਸਤਿਕਾਰ ਹੁੰਦਾ ਸੀ, ਉਸ ਵੇਲੇ ਜਿਹੜਾ ਛੋਟਾ ਰਾਜਾ ਹੁੰਦਾ ਸੀ, ਉਹ ਕੋਸ਼ਿਸ਼ ਕਰਦਾ ਸੀ ਕਿ ਤਾਕਤਵਰ ਰਾਜੇ ਦੇ ਲੋਕਾਂ ਨੂੰ ਨਸ਼ੀਲੇ ਪਦਾਰਥ ਭੇਜੇ ਜਾਣ ਤਾਂ ਕਿ ਉਨ੍ਹਾਂ ਨੂੰ ਕਮਜ਼ੋਰ ਕੀਤਾ ਜਾ ਸਕੇ । ਅੱਜ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਸਾਰੇ ਜਿਹੜੇ ਹਾਂ, ਇਸ ਗੱਲ ਤੋਂ ਦੁਖੀ ਹਾਂ ਕਿ ਕੋਈ ਸ਼ਹਿਰ, ਕੋਈ ਮੁਹੱਲਾ, ਕੋਈ ਏਰੀਆ ਐਸਾ ਨਹੀਂ ਰਹਿ ਗਿਆ, ਜਿਸ ਵਿੱਚ ਇਹ ਨਸ਼ਾ ਨਾ ਵਗਦਾ ਹੋਵੇ । ਨਸ਼ੇ ਤਾਂ ਸਾਰੇ ਹੀ ਬਹੁਤ ਮਾੜੇ ਹਨ ਅਤੇ ਬੁਰੇ ਹਨ ਪਰ ਅੱਜ ਜਿਹੜਾ ਹੈਰੋਇਨ ਜਾਂ ਸਮੈਕ ਦਾ ਨਸ਼ਾ ਸਾਡੇ ਬੱਚਿਆਂ ਵਿੱਚ ਲੱਗ ਰਿਹਾ ਹੈ, ਉਨ੍ਹਾਂ ਦੇ ਨਾਲ ਮੈਂ ਸਮਝਦਾ ਹਾਂ ਨਾ ਕੇਵਲ ਬੱਚਿਆਂ ਦੀ ਜ਼ਿੰਦਗੀ ਤਬਾਹ ਹੋ ਰਹੀ ਹੈ ਬਲਕਿ ਉਨ੍ਹਾਂ ਪਰਿਵਾਰਾਂ ਦੇ, ਏਰੀਏ ਦੇ ਲੋਕ ਜਿਹੜੇ ਹਨ, ਉਹ ਵੀ ਖਰਾਬ ਹੋ ਰਹੇ ਹਨ । ਮੈਂ ਪਰਿਵਾਰਾਂ ਦੇ ਪਰਿਵਾਰ ਦੇਖੇ ਹਨ ਕਿ ਬੱਚਾ ਸਾਹਮਣੇ ਪਿਆ ਹੁੰਦਾ ਹੈ, ਚੱਲ ਨਹੀਂ ਸਕਦਾ, ਗੱਲ ਨਹੀਂ ਕਰ ਸਕਦਾ, ਕੋਈ ਐਸੀ ਉਹ ਸੋਚ ਨਹੀਂ ਰੱਖਦਾ ਪਰ ਨਸ਼ੇ ਵਾਸਤੇ ਉਹ ਤੜਫਦਾ ਹੈ । ਨਸ਼ੇ ਦੀ ਬਿਮਾਰੀ ਨੂੰ ਸ਼ੁਰੂ ਤੋਂ ਹੀ, ਡਿਪਟੀ ਸਪੀਕਰ ਸਾਹਿਬ, ਖ਼ਤਮ ਕਰਨਾ ਚਾਹੀਦਾ ਹੈ ਤਾਂ ਕਿ ਸਾਡੇ ਪੰਜਾਬ ਵਿੱਚ ਜਿਹੜਾ ਇਹ ਕਲੰਕ ਆ ਰਿਹਾ ਹੈ, ਉਹ ਬੰਦ ਹੋ ਸਕੇ । ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਨਸ਼ੇ ਦਾ ਕਾਰੋਬਾਰ ਕਰਾਉਂਦੇ ਹਨ, ਉਹ ਦਰਿੰਦੇ ਹਨ, ਉਹ ਪੰਜਾਬ ਦੇ ਉੱਤੇ ਅਭਿਸ਼ਾਪ ਹਨ । ਉਨ੍ਹਾਂ ਲੋਕਾਂ ਨੂੰ ਕਦੇ ਵੀ ਬਖਸ਼ਣਾ ਨਹੀਂ ਚਾਹੀਦਾ ਤਾਂ ਕਿ ਇਹ ਜਿਹੜੀ ਸਾਡੀ ਅੱਜ ਨੌਜਵਾਨ ਪੀੜ੍ਹੀ ਖਰਾਬ ਹੁੰਦੀ ਜਾ ਰਹੀ ਹੈ, ਅੱਜ ਕਮਜ਼ੋਰ ਹੁੰਦੀ ਜਾ ਰਹੀ ਹੈ, ਉਹ ਠੀਕ ਰਾਹ ਤੇ ਜਾ ਸਕੇ । ਜੇ ਨੌਜਵਾਨੀ ਕਮਜ਼ੋਰ ਹੋ ਗਈ ਤਾਂ ਸਾਡੇ ਪੰਜਾਬ ਦਾ ਆਉਣ ਵਾਲਾ ਭਵਿੱਖ ਕੀ ਰਹੇਗਾ । ਜਿਹੜਾ ਮਤਾ ਅੱਜ ਇਥੇ ਪੇਸ਼ ਕੀਤਾ ਹੈ, ਸਾਨੂੰ ਸਰਕਾਰੀ ਤੌਰ ਤੇ ਇਸ ਬਾਰੇ ਜਿਥੇ ਕਮੇਟੀਆਂ ਦਾ ਗਠਿਨ ਕਰਨਾ ਚਾਹੀਦਾ ਹੈ, ਉਥੇ ਉਸ ਦੇ ਨਾਲ ਨਾਲ ਹੀ ਸਾਨੂੰ ਸਾਰਿਆਂ ਨੂੰ ਲੋਕਾਂ ਵਿੱਚ ਵੀ ਜਾ ਕੇ ਪ੍ਰਚਾਰ ਵੀ ਕਰਨਾ ਪਏਗਾ ਕਿਉਂਕਿ ਇਹ ਇੱਕ ਬੰਦੇ ਦਾ ਕੰਮ ਨਹੀਂ ਹੈ, ਇਹ ਆਵਾਮ ਦਾ ਕੰਮ ਹੈ । ਜਿੰਨਾ ਚਿਰ ਆਮ ਲੋਕ ਨਹੀਂ ਜੁੜਣਗੇ, ਸਰਕਾਰ ਕੁਝ ਨਹੀਂ ਕਰ ਸਕਦੀ । ਸਾਨੂੰ ਸਾਰਿਆਂ ਨੂੰ ਇਸ ਵਾਸਤੇ ਇੱਕ ਮੱਤ ਹੋ ਕੇ ਤੁਰਨਾ ਪਏਗਾ ਤਾਂ ਕਿ ਅਸੀਂ ਇਹ ਨਸ਼ੇ ਦੀ ਜਿਹੜੀ ਬਿਮਾਰੀ ਹੈ, ਇਹ ਨਸ਼ੇ ਦਾ ਜਿਹੜਾ ਅਭਿਸ਼ਾਪ ਸਾਡੇ ਨੌਜਵਾਨਾਂ ਤੇ ਪੈ ਰਿਹਾ ਹੈ, ਉਸ ਨੂੰ ਅਸੀਂ ਮਿਟਾ ਸਕੀਏ । ਇਸ ਵਾਸਤੇ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਅੱਜ ਇਹ ਮਤਾ ਪੇਸ਼ ਕੀਤਾ ਹੈ, ਤੁਸੀਂ ਉਸ ਦੀ

[ਸ਼੍ਰੀ ਜੁਗਲ ਕਿਸ਼ੋਰ ਸ਼ਰਮਾ]

ਪ੍ਰਵਾਨਗੀ ਵੀ ਦਿੱਤੀ ਹੈ, ਤੁਹਾਡਾ ਧੰਨਵਾਦ ਕਰਦਾ ਹਾਂ । ਉਸ ਦੇ ਨਾਲ ਨਾਲ ਹੀ ਇਹ ਜਰੂਰ ਕਹਾਂਗਾ ਕਿ ਕੋਈ ਇਹੋ ਜਿਹੇ ਨਿਯਮ, ਕੋਈ ਐਕਟ ਬਣਾਉਣਾ ਚਾਹੀਦਾ ਹੈ ਤਾਂ ਕਿ ਜਿਹੜੇ ਲੋਕ ਇਸ ਵਪਾਰ ਵਿੱਚ ਹਨ, ਉਨ੍ਹਾਂ ਦੇ ਉਤੇ ਕਿਧਰੇ ਨਾ ਕਿਧਰੇ ਐਸੀ ਕਾਰਵਾਈ ਕਰਕੇ ਕੋਈ ਸਖ਼ਤੀ ਕਰੀਏ ਤਾਂ ਕਿ ਜਿਹੜਾ ਨਸ਼ਾ ਬਾਹਰੋਂ ਆਉਂਦਾ ਹੈ, ਉਹ ਬੰਦ ਹੋ ਸਕੇ । ਇਸ ਦੇ ਨਾਲ ਹੀ ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ । ਜੈ ਹਿੰਦ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** (ਗਿੱਦੜਬਾਹਾ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਬੜੇ ਹੀ ਲਾਇਕ ਜੁਗਲ ਕਿਸ਼ੋਰ ਜੀ ਨੂੰ ਵਧਾਈ ਵੀ ਪੇਸ਼ ਕਰਨੀ ਚਾਹੁੰਦਾ ਹਾਂ, ਜਿਨ੍ਹਾਂ ਨੇ ਲੋਕ ਮਹੱਤਤਾ ਦਾ ਇੱਕ ਬਹੁਤ ਅਹਿਮ ਮਤਾ ਇਸ ਸਦਨ ਵਿੱਚ ਉਠਾਇਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਕੱਲ੍ਹ ਰਾਤ ਇੱਕ ਪੱਤਰਕਾਰ ਨਾਲ ਬੈਠਾ ਸੀ । ਉਹ ਮੈਨੂੰ ਕਹਿ ਰਿਹਾ ਸੀ ਕਿ ਇਸ ਸਦਨ ਵਿੱਚ ਬੜੇ ਮਤੇ ਹੋਰ ਆ ਸਕਦੇ ਹਨ । ਉਹ ਮੈਨੂੰ ਕਹਿੰਦਾ ਕਿ ਸੋਚ ਸਮਝ ਕੇ ਕੋਈ ਚੱਜ ਦਾ ਮਤਾ ਲਿਆਇਆ ਕਰੋ । ਇਹ ਉਸ ਨੇ ਮਜ਼ਾਕ ਵਿੱਚ ਬੋਲਿਆ ਅਤੇ ਮੈਂ ਜਵਾਬ ਦਿੱਤਾ ਕਿ ਇਹ ਠੀਕ ਹੈ ਕਿ ਮਤੇ ਹੋਰ ਆ ਸਕਦੇ ਹਨ ਔਰ ਇਹ ਮਤਾ ਕਈ ਮਰਤਬਾ ਇਸ ਹਾਊਸ ਵਿੱਚ ਡਿਸਕਸ ਹੋ ਚੁੱਕਿਆ ਹੈ ਪਰ ਮੈਂ ਅੱਜ ਵੀ ਇਹ ਸਮਝਦਾ ਹਾਂ ਕਿ ਇਹ ਇੰਨਾ ਜ਼ਰੂਰੀ ਮਤਾ ਹੈ,ਪੰਜਾਬ ਦੇ ਸਮਾਜ ਨੂੰ, ਨੌਜਵਾਨ ਪੀੜੀ ਨੂੰ ਇਸ ਕਿਸਮ ਦੀ ਬਿਮਾਰੀ ਲੱਗ ਚੁੱਕੀ ਹੈ, ਜਿਵੇਂ ਜੰਗਲ ਵਿੱਚ ਕੋਈ ਅੱਗ ਲਗਦੀ ਹੈ । ਜੰਗਲ ਦੀ ਅੱਗ ਵਰਗੀ ਹੀ ਸ਼ਿੱਦਤ ਇਹ ਬਿਮਾਰੀ ਅਖਤਿਆਰ ਕਰ ਚੁੱਕੀ ਹੈ । ਸਾਡਾ ਪੰਜਾਬ ਦਾ ਜੋ ਸਰਮਾਇਆ ਹੈ, ਜਿਹੜੀ ਸਾਡੀ ਔਲਾਦ ਹੈ, ਜਿਹੜੀ ਅਗਲੀ ਪੀੜ੍ਹੀ ਹੈ, ਉਹ ਇਸ ਕਦਰ ਨਸ਼ੇ ਵਿੱਚ ਗਰਕ ਹੋ ਗਈ ਹੈ ਕਿ ਪੰਜਾਬ ਦੀ ਜਵਾਨੀ ਖ਼ਤਮ ਹੋ ਚੁੱਕੀ ਹੈ ਅਤੇ ਇਹ ਲਾਜ਼ਮੀ ਬਣ ਗਿਆ ਹੈ ਕਿ ਇਸ ਸਦਨ ਵਿੱਚ ਇਸ ਸਬੰਧੀ ਧਿਆਨ ਦਿੱਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਕੋਈ ਦੋ-ਤਿੰਨ ਸਾਲ ਪਹਿਲਾਂ ਆਈ.ਪੀ.ਐਸ. ਅਫ਼ਸਰ ਐਸੋਸੀਏਸ਼ਨ ਦਾ ਜਿਹੜਾ ਸਾਲਾਨਾ ਇਜਲਾਸ ਹੁੰਦਾ ਹੈ, ਉਸ ਇਜਲਾਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਨੇ ਆਈ.ਪੀ.ਐਸ. ਅਫ਼ਸਰਾਂ ਦੀ ਐਸੋਸੀਏਸ਼ਨ ਦੀ ਆਲਾ ਅਫ਼ਸਰਾਂ ਦੀ ਮੀਟਿੰਗ ਵਿੱਚ ਇਹ ਚੈਲਿੰਜ ਕੀਤਾ ਸੀ ਕਿ ਤੁਸੀਂ ਮੈਨੂੰ ਪੰਜਾਬ ਦੇ 12 ਹਜ਼ਾਰ ਪਿੰਡਾਂ ਵਿਚੋਂ ਇੱਕ ਵੀ ਪਿੰਡ ਦਾ ਨਾਮ ਦੱਸ ਦਿਉ ਜਿਥੇ ਨਸ਼ਾ ਨਾ ਚਲਦਾ ਹੋਵੇ । ਅਫ਼ਸੋਸ ਇਸ ਗੱਲ ਦਾ ਹੈ ਕਿ ਪੁਲਿਸ ਨੂੰ ਵੀ ਪਤਾ ਸੀ ਔਰ ਅਫ਼ਸਰਾਂ

ਨੂੰ ਵੀ ਪਤਾ ਸੀ ਪਰ ਉਸ ਚੈਲਿੰਜ ਨੂੰ ਕਿਸੇ ਵੀ ਪੁਲਿਸ ਅਫ਼ਸਰ ਨੇ ਕਬੂਲ ਨਹੀਂ ਕੀਤਾ । ਸੋ, ਇਸ ਕਦਰ ਅੱਜ ਪੰਜਾਬ ਦੀ ਹਾਲਤ ਹੈ । ਮੈਨੂੰ ਹਿਸਟਰੀ ਦਾ ਇੱਕ ਵਾਕਿਆ ਯਾਦ ਆਉਂਦਾ ਹੈ ਕਿ ਜਦੋਂ 1830 ਦੇ ਵਿਚ ਚੀਨ ਦੇ ਵਿਚ ਜੰਗ ਲੜੀ ਗਈ ਸੀ ਇਸ ਜੰਗ ਦਾ ਨਾਮ ਸੀ "ਉਪੀਅਮ ਵਾਰ" । ਜਿਹੜੀ ਈਸਟ ਇੰਡੀਆ ਕੰਪਨੀ ਸੀ ਔਰ ਜਿਹੜਾ ਅੰਗਰੇਜ਼ ਚੀਨ ਦੇ ਨਾਲ ਵਪਾਰ ਕਰਦਾ ਸੀ । ਉਸ ਵੇਲੇ ਚੀਨ ਦੇ ਵਿੱਚ ਚਾਹ ਪੈਦਾ ਹੁੰਦੀ ਸੀ । ਦਾਰਜੀਲਿੰਗ, ਆਸਾਮ ਜਾਂ ਸ਼੍ਰੀ ਲੰਕਾ ਵਿੱਚ ਪੈਦਾ ਨਹੀਂ ਸੀ ਹੁੰਦੀ । ਇਹ ਚਾਹ ਜਿਹੜੀ ਹੈ ਉਹ ਚੀਨ ਦੇ ਵਿੱਚ ਹੀ ਪੈਦਾ ਹੁੰਦੀ ਸੀ ਤਾਂ ਫਿਰ ਈਸਟ ਇੰਡੀਆ ਕੰਪਨੀ ਨੇ 1885 ਦੇ ਵਿੱਚ ਚੀਨ ਤੋਂ ਚਾਹ ਖਰੀਦਣੀ ਸ਼ੁਰੂ ਕਰ ਦਿੱਤੀ ਔਰ ਥੋੜ੍ਹੀ ਬਹੁਤ ਰੇਸ਼ਮ ਵਗੈਰਾ ਵੀ ਖਰੀਦਣੀ ਸ਼ੁਰੂ ਕਰ ਦਿੱਤੀ । ਇਹ ਠੀਕ ਸੀ ਕਿ ਚੀਨ ਚਾਹ ਅਤੇ ਰੇਸ਼ਮ ਈਸਟ ਇੰਡੀਆ ਕੰਪਨੀ ਨੂੰ ਵੇਚਦਾ ਸੀ ਪਰ ਕਿਸੇ ਅੰਗਰੇਜ਼ ਤੋਂ ਚੀਨ ਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਸੀ । ਤਕਰੀਬਨ 15 ਮਿਲੀਅਨ ਪੌਂਡ ਜਿਹੜਾ ਬੈਲੈਂਸ ਆਫ਼ ਟਰੇਡ ਸੀ, ਉਹ ਚਾਈਨਾ ਦੇ ਫੇਵਰ ਵਿੱਚ ਸੀ । ਈਸਟ ਇੰਡੀਆ ਕੰਪਨੀ ਨੇ ਦੇਖਿਆ ਕਿ ਇਹ ਤਾਂ ਸਾਡੇ ਲਈ ਬਹੁਤ ਵੱਡਾ ਘਾਟਾ ਹੈ, ਅਸੀਂ ਚੀਨ ਨੂੰ ਕਿਵੇਂ ਨਾ ਕਿਵੇਂ ਕਿਹੜੀ ਚੀਜ਼ ਵੇਚੀਏ । ਹਿੰਦੁਸਤਾਨ ਦੇ ਵਿੱਚ ਉਸ ਵੇਲੇ ਅੰਗਰੇਜ਼ਾਂ ਦਾ ਕਬਜ਼ਾ ਹੋ ਚੁੱਕਿਆ ਸੀ ਔਰ ਹਿੰਦੁਸਤਾਨ ਦੇ ਵਿੱਚ ਅਫ਼ੀਮ ਜਿਹੜੀ ਸੀ ਉਹ ਚੀਨੀਆਂ ਨੂੰ ਦੇਣੀ ਸ਼ੁਰੂ ਕਰ ਦਿੱਤੀ । ਪਹਿਲਾਂ ਪਹਿਲਾਂ ਤਾਂ ਅਫੀਮ ਮੁਫਤ ਦੇਣ ਲੱਗ ਪਏ ਅਤੇ ਫਿਰ ਹੌਲੀ ਹੌਲੀ ਇਸ ਦੀ ਕੀਮਤ ਵਧਾਉਂਦੇ ਗਏ ਤਾਂ ਫਿਰ ਇੱਕ ਸਮਾਂ ਅਜਿਹਾ ਆ ਗਿਆ ਜਦੋਂ ਸਾਰਾ ਚੀਨ ਅਫੀਮ ਦਾ ਨਸ਼ਈ ਹੋ ਚੁੱਕਿਆ ਸੀ । ਜਦ ਚੀਨ ਦੇ ਕੋਲ ਕੋਈ ਵੀ ਅਜਿਹਾ ਰਸਤਾ ਨਹੀਂ ਸੀ ਬਚਿਆ ਤਾਂ ਫਿਰ ਉਨ੍ਹਾਂ ਨੇ ਈਸਟ ਇੰਡੀਆ ਕੰਪਨੀ ਦੇ ਨਾਲ ਆਪਣੇ ਮੁਲਕ ਦਾ ਪਿੱਛਾ ਛੁਡਾਉਣ ਵਾਸਤੇ ਜੰਗ ਛੇੜ ਦਿੱਤੀ । ਉਸ ਜੰਗ ਦੇ ਵਿੱਚ ਚੀਨ ਬੁਰੀ ਤਰ੍ਹਾਂ ਹਾਰ ਗਿਆ ਔਰ ਫਿਰ ਚੀਨ ਨੂੰ ਤਕਰੀਬਨ, ਚੀਨ ਦੇ ਜਿਹੜੇ ਲੋਕ, ਅਵਾਮ ਸਨ, ਉਨ੍ਹਾਂ ਨੂੰ 100-150 ਸਾਲ ਗੁਲਾਮੀ ਦੀਆਂ ਜੰਜ਼ੀਰਾਂ ਦੇ ਵਿੱਚ ਰਹਿਣਾ ਪਿਆ । ਡਿਪਟੀ ਸਪੀਕਰ ਸਾਹਿਬ, ਮੈਨੂੰ ਅੱਜ ਇਸ ਗੱਲ ਦਾ ਖਦਸ਼ਾ ਹੈ ਕਿ ਪੰਜਾਬ ਦੀ ਫਿੱਗਰ ਅਲਕੋਹਲ ਦੀ ਕੰਜਪਸ਼ਨ ਦੀ ਜਿਹੜੀ ਹੈ ਉਹ ਦੁਨੀਆਂ ਦੇ ਵਿੱਚ ਸਭ ਤੋਂ ਵੱਧ ਹੈ ਜਦ ਕਿ ਹੋਰ ਬਹੁਤ ਮੁਲਕ ਹਨ ਜਿਵੇਂ ਰੂਸ ਜਾਂ ਕੈਨੇਡਾ ਵਗੈਰਾ ਠੰਡੇ ਮੁਲਕ ਵੀ ਹਨ । ਪਰ ਸਾਡੇ ਤਾਂ ਸੋਸ਼ਲ ਕਲਚਰ ਦੇ ਵਿੱਚ ਵੀ, ਰਿਲੀਜਿਅਸ ਫੰਕਸ਼ਨ ਦੇ ਵਿੱਚ ਵੀ ਸ਼ਰਾਬ ਪੀਂਦੇ ਹਨ । ਬਾਵਜੂਦ ਇਸ ਗੱਲ ਦੇ ਅੱਜ ਪੰਜਾਬ ਦੇ ਅੰਦਰ ਜੋ ਅਲਕੋਹਲ ਦੀ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਕੰਜਪਸ਼ਨ ਹੈ ਉਹ ਦੁਨੀਆਂ ਦੇ ਵਿੱਚ ਸਭ ਤੋਂ ਵੱਧ ਹੈ। ਮੈਨੂੰ ਖਦਸ਼ਾ ਹੈ ਕਿ ਚੀਨ ਨੇ ਸਿਰਫ਼ ਅਫੀਮ ਦੀ ਲੜਾਈ ਲੜੀ ਸੀ ਪਰ ਸਾਡੇ ਪੰਜਾਬ ਦੇ ਵਿੱਚ ਸਮੈਕ, ਸ਼ਰਾਬ, ਹੈਰੋਇਨ, ਚਰਸ, ਪੋਸਤ, ਹਸ਼ੀਸ਼ ਅਤੇ ਇੱਥੋਂ ਤੱਕ ਕਿ ਜਿਹੜੀਆਂ ਪੇਨਕਿੱਲਰ ਦਵਾਈਆਂ ਹਨ ਜਿਵੇਂ ਮਾਰਫੀਨ, ਪੈਥਾਡਾਈਨ ਜਾਂ ਜੋ ਵਿਕਸ ਵਗੈਰਾ ਇਸਤੇਮਾਲ ਕਰਦੇ ਹਨ, ਉਨ੍ਹਾਂ ਚੀਜ਼ਾਂ ਦਾ ਵੀ ਇਸਤੇਮਾਲ ਅੱਜ ਪੰਜਾਬੀ ਕਰ ਰਹੇ ਹਨ ਔਰ ਇਹ ਸਾਡੀ ਲੜਾਈ ਚੀਨ ਦੀ ਲੜਾਈ ਨਾਲੋਂ ਬਹੁਤ ਵੱਡੀ ਹੈ। ਇਸ ਲਈ ਸਾਨੂੰ ਇਸ ਪਾਸੇ ਤਵੱਜੋ ਜਿਹੜੀ ਹੈ, ਉਹ ਦੇਣੀ ਪਵੇਗੀ। ਡਿਪਟੀ ਸਪੀਕਰ ਸਾਹਿਬ, ਅਸੀਂ ਜਦੋਂ ਆਪਣੇ ਇਲਾਕਿਆਂ ਦੇ ਵਿੱਚ ਬਤੌਰ ਐਮ.ਐਲ.ਏ. ਜਾਂ ਜੋ ਸਾਡੀ ਜ਼ਿੰਮੇਵਾਰੀ ਹੁੰਦੀ ਹੈ, ਅਸੀਂ ਪਿੰਡਾਂ ਦੇ ਵਿੱਚ ਜਾ ਕੇ ਦੇਖਦੇ ਹਾਂ ਕਿ ਅੱਜ ਜਿਹੜੇ ਸਾਡੇ ਨੌਜਵਾਨ ਹਨ, ਉਨ੍ਹਾਂ ਦੇ ਚਿਹਰਿਆਂ ਤੇ ਕੋਈ ਨੂਰ ਹੀ ਨਹੀਂ ਹੈ, ਉਨ੍ਹਾਂ ਦੀਆਂ ਗੱਲ੍ਹਾਂ ਅੰਦਰ ਨੂੰ ਵੜੀਆਂ ਪਈਆਂ ਹਨ, ਇਵੇਂ ਲਗਦਾ ਹੈ ਕਿ ਜਿਵੇਂ ਕੋਈ ਪਸ਼ੂ ਜਾਂ ਡੰਗਰ ਹੁੰਦੇ ਹਨ ਔਰ ਇਸ ਕਿਸਮ ਦੇ ਨੌਜਵਾਨ ਸਾਨੂੰ ਨਸ਼ਿਆਂ ਦੇ ਵਿਚ ਗਰਕ ਮਿਲਦੇ ਹਨ। ਡਿਪਟੀ ਸਪੀਕਰ ਸਾਹਿਬ, ਅੱਜ ਜਿਹੜਾ ਪੰਜਾਬ ਹੈ ਉਹ ਅਮਲੀਆਂ, ਪੋਸਤੀਆਂ ਅਤੇ ਸ਼ਰਾਬੀਆਂ ਦੇ ਲੋਕਾਂ ਦਾ ਸੂਬਾ ਬਣ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਜਿਹੜਾ ਸਟੇਟ ਦਾ ਹੈਲਥ ਡਿਪਾਰਟਮੈਂਟ ਹੈ ਉਸ ਦਾ ਆਪਣਾ ਸਰਵੇ ਹੈ ਕਿ ਅੱਜ ਪੰਜਾਬ ਦਾ 40 ਫੀਸਦੀ ਨੌਜਵਾਨ ਜਿਹੜਾ ਕਿ 15 ਤੋਂ 25 ਸਾਲ ਦੀ ਉਮਰ ਦੇ ਵਿੱਚ ਹੈ ਉਹ ਐਡਿਕਟ ਹੋ ਚੁੱਕੇ ਹਨ, ਆਦੀ ਹੋ ਚੁੱਕੇ ਹਨ, ਲਿਕੂਅਰ ਤੇ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਦੁਆਬੇ ਤੇ ਮਾਝੇ ਵਿਚ 65% ਪਰਿਵਾਰ ਐਸੇ ਹਨ ਜਿਨ੍ਹਾਂ ਵਿਚੋਂ ਇਕ ਨਾ ਇਕ ਪਰਿਵਾਰ ਦਾ ਮੈਂਬਰ ਜਿਹੜਾ ਹੈ ਉਹ ਐਡਿਕਟ ਹੈ। ਇਸ ਕਿਸਮ ਦੇ ਹਾਲਾਤ ਹਨ। ਅੱਜ ਪੰਜਾਬ ਵਿਚ ਮਹਿਕਮਾ ਸਿਹਤ ਦੇ ਆਪਣੇ ਅੰਕੜਿਆਂ ਅਨੁਸਾਰ 48% ਕਿਸਾਨ ਤੇ ਖੇਤੀ ਮਜ਼ਦੂਰ ਇਸ ਵੇਲੇ ਨਸ਼ਿਆਂ ਵਿਚ ਗਰਕ ਹੋ ਚੁੱਕਿਆ ਹੈ। ਡਿਪਟੀ ਸਪੀਕਰ ਸਾਹਿਬ, ਇਕ ਹੋਰ ਸਰਵੇ ਆਇਆ ਹੈ ਇੰਸਟੀਚਿਊਟ ਆਫ਼ ਡਿਵੈਲਪਮੈਂਟ ਐਂਡ ਕਮਿਊਨਿਕੇਸ਼ਨ, ਚੰਡੀਗੜ੍ਹ ਦਾ। ਇਨ੍ਹਾਂ ਦੀ ਸਟੱਡੀ ਇਹ ਕਹਿੰਦੀ ਹੈ ਕਿ ਜਿਹੜੀ ਡਰੱਗ ਅਬਿਊਜ਼ ਹੈ, ਇਨ੍ਹਾਂ ਨੇ ਪੰਜਾਬ ਨੂੰ ਤਿੰਨ ਖੇਤਰਾਂ ਵਿਚ ਵੰਡਿਆ ਹੈ। ਦੁਆਬਾ, ਮਾਲਵਾ ਤੇ ਮਾਝਾ। ਮਾਝੇ ਵਿਚ 61% ਹਾਊਸ ਹੋਲਡ ਡਰੱਗ ਅਬਿਊਜ਼ ਦੇ ਸ਼ਿਕਾਰ ਹਨ ਤੇ ਮਾਲਵੇ ਵਿਚ 64%, ਦੁਆਬੇ ਵਿਚ ਥੋੜ੍ਹੀ ਜਿਹੀ ਕਿਉਂਕਿ ਖੁਸ਼ਹਾਲੀ ਹੈ ਤੇ ਜ਼ਿਆਦਾਤਰ ਐਨ.ਆਰ.ਆਈਜ਼. ਹਨ ਉਥੇ 68% ਡਰੱਗ ਐਡਿਕਟ ਪਰਿਵਾਰਾਂ ਵਿਚ ਹਨ। ਠੇਕੇ ਤੇ ਜਿਹੜੀ ਸ਼ਰਾਬ ਵਿਕਦੀ ਹੈ, ਇਸ ਦੀ ਮਿਸਾਲ ਤਾਂ ਜਿਵੇਂ ਅੰਗਰੇਜ਼ੀ ਵਿਚ ਕਹਿੰਦੇ ਹਨ 'ਟਿਪ ਆਫ਼ ਦੀ ਆਈਸ

ਬਰਗ' ਹੈ । ਇਸ ਦੇ ਅੰਕੜੇ ਲਈਏ ਤਾਂ ਇਵੇਂ ਲਗਦਾ ਹੈ ਕਿ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਸ਼ਾਇਦ ਘੱਟ ਵਹਿੰਦਾ ਹੋਵੇ ਪਰ ਇਹ ਜਿਹੜੀ ਸ਼ਰਾਬ ਹੈ ਉਹ ਇਸ ਘਾਟ ਨੂੰ ਪੂਰਾ ਕਰ ਸਕਦੀ ਹੈ । ਮਿਸਾਲ ਦੇ ਤੌਰ ਤੇ ਮੈਂ ਦੱਸਦਾ ਹਾਂ ਕਿ 1992 ਵਿਚ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੋਈ ਉਹ 485 ਕਰੋੜ ਤੇ ਹੋਈ, ਅੱਜ ਜਿਹੜੀ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੈ ਤਕਰੀਬਨ 1300 ਕਰੋੜ ਹੈ । ਇਹ ਤਿੰਨ ਗੁਣਾ ਇਜ਼ਾਫਾ ਹੈ । 125 ਕਰੋੜ ਦੀ ਸ਼ਰਾਬ ਸਿਰਫ਼ ਲੁਧਿਆਣੇ ਸ਼ਹਿਰ ਵਿਚ ਖਪਦੀ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਪਿੰਡ ਵਿਚ ਰਹਿੰਦਾ ਹਾਂ । ਪਿੰਡਾਂ ਦੇ ਲੋਕ ਠੇਕਿਆਂ ਤੋਂ ਸ਼ਰਾਬ ਘੱਟ ਲੈ ਕੇ ਪੀਂਦੇ ਹਨ । ਕਈ ਪਿੰਡਾਂ ਵਾਲਿਆਂ ਨੂੰ ਤੁਸੀਂ ਮਾਣ ਨਾਲ ਕਹਿੰਦੇ ਸੁਣਿਆ ਹੋਵੇਗਾ ਕਿ ਸਾਡੇ ਪਿੰਡ ਦੇਸੀ ਸ਼ਰਾਬ ਬੜੀ ਵਧੀਆ ਨਿਕਲਦੀ ਹੈ । ਗੁਰਦਾਸ ਮਾਨ ਦਾ ਗਾਣਾ ਵੀ ਹੈ :

"ਆਪਣਾ ਪੰਜਾਬ ਹੋਵੇ
ਘਰ ਦੀ ਸ਼ਰਾਬ ਹੋਵੇ
ਮੂਲੀ ਨਾਲ ਗੰਢਾ ਹੋਵੇ, ਬਾਣ ਵਾਲਾ ਮੰਜਾ ਹੋਵੇ
ਮੰਜੇ ਉਤੇ ਬੈਠਾ ਜੱਟ ਬਣਿਆ ਨਵਾਬ ਹੋਵੇ,
ਆਪਣਾ ਪੰਜਾਬ ਹੋਵੇ ।"

ਸਾਡੇ ਪਿੰਡਾਂ ਦੇ ਲੋਕ ਫ਼ਖਰ ਕਰਦੇ ਹਨ, ਠੇਕੇ ਤੋਂ ਕੋਈ ਸ਼ਰਾਬ ਲੈ ਕੇ ਨਹੀਂ ਪੀਂਦਾ ਇਸ ਦੇ ਬਾਵਜੂਦ ਵੀ ਅੰਕੜੇ ਇੰਨੇ ਜ਼ਿਆਦਾ ਵੱਧ ਰਹੇ ਹਨ । ਖਾਸ ਕਰਕੇ ਸਾਡੇ ਮਾਝੇ ਦੇ ਇਲਾਕੇ, ਘੱਗਰ ਦੇ ਨਾਲ ਲਗਦੇ ਇਲਾਕੇ, ਹਿਮਾਚਲ ਦੇ ਬਾਰਡਰ ਨਾਲ ਲਗਦੇ ਇਲਾਕਿਆਂ ਵਿਚ ਸ਼ਰਾਬ ਦਾ ਜਿਹੜਾ ਕਾਰੋਬਾਰ ਹੈ ਬਹੁਤ ਵਧਿਆ ਹੈ । ਇਹ ਜਿਹੜੀ ਠੇਕੇ ਦੀ ਸ਼ਰਾਬ ਹੈ, ਇਹ ਟਿਪ ਆਫ਼ ਦਿ ਆਈਸਬਰਗ ਹੈ । ਸ਼ਰਾਬ ਦੀ ਅਡਿਕਸ਼ਨ ਬਹੁਤ ਛੋਟੀ ਹੈ । ਡਰੱਗ ਅਬਿਊਜ਼ ਦੇ ਅੰਕੜੇ ਦੇਖਦੇ ਹਾਂ Alcoholism is a small problem. ਵੱਡੀ ਪ੍ਰਾਬਲਮ ਹੈ ਪੋਸਤ ਵਗੈਰਾ, ਨਵੀਂ ਕਿਸਮ ਦੀਆਂ ਡਰੱਗਜ਼ ਆ ਚੁੱਕੀਆਂ ਹਨ । ਡਿਪਟੀ ਸਪੀਕਰ ਸਾਹਿਬ, ਮੇਰਾ ਖੁਦ ਦਾ ਇਲਾਕਾ ਰਾਜੱਸਥਾਨ ਨਾਲ ਹਮਸਾਇਆ ਇਲਾਕਾ ਹੈ । ਰਾਜਸਥਾਨ ਵਿਚ ਪੋਸਤ ਲੀਗਲ ਹੈ, ਇਹ ਠੇਕਿਆਂ ਤੇ ਮੁਹੱਈਆ ਹੁੰਦੀ ਹੈ, ਮਿਲਦੀ ਹੈ । ਸਾਡੇ ਇਲਾਕੇ ਵਿਚ ਇਹ ਇੰਨੀ ਸ਼ਿੱਦਤ ਅਖਤਿਆਰ ਕਰ ਚੁੱਕੀ ਹੈ ਕਿ ਔਰਤਾਂ ਵੀ ਇਸ ਦੀ ਵਰਤੋਂ ਕਰਦੀਆਂ ਹਨ, ਕਿਉਂਕਿ ਰਾਜਸਥਾਨ ਦਾ ਬਾਰਡਰ ਨਾਲ ਲਗਦਾ ਹੈ ਪੈਦਲ ਚੱਲ ਕੇ ਜਾ ਸਕਦੇ ਹਾਂ ।

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਗੰਗਾਨਗਰ, ਹਨੂਮਾਨਗੜ੍ਹ ਦੇ ਇਲਾਕੇ ਬਾਰਡਰ ਦੇ ਨਾਲ ਲਗਦੇ ਹਨ, ਜਿਵੇਂ ਟੂਰਿਜ਼ਮ ਹੁੰਦਾ ਹੈ ਇਸ ਕਿਸਮ ਦਾ ਵਪਾਰ ਉਥੇ ਪੋਸਤ ਦਾ ਚੱਲ ਰਿਹਾ ਹੈ । ਮੈਂ ਪਾਰਟੀ ਲੈਵਲ ਤੋਂ ਉਠ ਕੇ ਇਸ ਸਬੰਧੀ ਬੜੇ ਅਫ਼ਸੋਸ ਨਾਲ ਕਹਿੰਦਾ ਹਾਂ ਕਿ ਇਹ ਸਾਡੀ ਕੌਮ ਦੇ ਮੁਸਤਕਬਿਲ ਦਾ ਸਵਾਲ ਹੈ । ਮੈਂ ਬੜੇ ਅਫ਼ਸੋਸ ਨਾਲ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੂੰ ਸਮੱਗਲਰ ਕਿਹਾ ਜਾਂਦਾ ਹੈ, ਉਹ ਜਿਸ ਕਿਸਮ ਦੇ ਵੀ ਠੇਕੇਦਾਰ ਹਨ ਅਤੇ ਡਰੱਗਜ਼ ਦੀ ਖਰੀਦੋ ਫਰੋਖ਼ਤ ਕਰਦੇ ਹਨ । ਇਸ ਦੇ ਵਿਚ ਸਿਆਸੀ ਲੋਕ ਵੀ ਸ਼ਾਮਿਲ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਬੰਦਿਆਂ ਨੂੰ ਸਿਆਸੀ ਲੋਕਾਂ ਦੀ ਪ੍ਰੋਟੈਕਸ਼ਨ ਵੀ ਮਿਲਦੀ ਹੈ । ਮੈਂ ਇਹ ਗੱਲ ਅਫ਼ਸੋਸ ਨਾਲ ਕਹਿੰਦਾ ਹਾਂ ਕਿ ਜਿਹੜਾ ਪੰਜਾਬ ਦਾ ਇਲੈਕਸ਼ਨ ਸੀਨਾਰੀਓ ਹੈ, ਪੰਜਾਬ ਦੀਆਂ ਇਲੈਕਸ਼ਨਜ਼ ਦੇ ਵਿਚ ਸ਼ਰਾਬ ਜਾਂ ਪੋਸਤ ਤੋਂ ਬਗੈਰ ਕੋਈ ਵੀ ਕੈਂਡੀਡੇਟ ਲੜ ਨਹੀਂ ਸਕਦਾ । ਇਹ ਇੱਕ ਤਲਖ ਹਕੀਕਤ ਹੈ ਕਿ ਅੱਜ ਸ਼ਰਾਬ ਅਤੇ ਪੋਸਤ ਤੋਂ ਬਿਨਾਂ ਪੰਜਾਬ ਦੇ ਵਿਚ ਕੋਈ ਐਮ.ਐਲ.ਏ. ਦੀ ਇਲੈਕਸ਼ਨ ਨਹੀਂ ਲੜ ਸਕਦਾ । ਐਮ.ਐਲ.ਏ. ਦੀ ਇਲੈਕਸ਼ਨ ਤਾਂ ਕੀ, ਅੱਜ ਤਾਂ ਪਿੰਡਾਂ ਦੇ ਵਿਚ ਛੋਟੀਆਂ-ਛੋਟੀਆਂ ਇਲੈਕਸ਼ਨਾਂ ਜਿਵੇਂ ਪੰਚੀ, ਸਰਪੰਚੀ ਆਦਿ ਲਈ ਵੀ ਲੋਕਾਂ ਨੂੰ ਨਸ਼ੇ ਵੰਡੇ ਜਾਂਦੇ ਹਨ । ਇਸ ਦੇ ਵਿਚ ਪੁਲਿਸ ਦਾ ਵੀ ਰੋਲ ਹੈ । ਰਾਜਸਥਾਨ ਦੇ ਨਾਲ ਇੱਕ ਪਿੰਡ ਵਜ਼ੀਦਪੁਰ ਦੀ ਗੱਲ ਦੱਸਦਾ ਹਾਂ । ਰਾਜਸਥਾਨ ਦੀ ਹੱਦ ਉਸ ਪਿੰਡ ਦੇ ਦਰਮਿਆਨ ਜਾਂਦੀ ਹੈ ਅਤੇ ਮਾਂ ਬਾਪ ਆਪਣੇ ਬੱਚਿਆਂ ਦੀ ਪੁਲਿਸ ਕੋਲ ਸ਼ਿਕਾਇਤ ਕਰਦੇ ਹਨ ਕਿ ਇਸ ਬੱਚੇ ਕੋਲ ਹੈਰੋਇਨ, ਸਮੈਕ ਹੈ ਅਤੇ ਥਾਣੇ ਦੇ ਵਿਚ ਬੱਚਿਆਂ ਨੂੰ ਬਿਠਾ ਦਿੱਤਾ ਜਾਂਦਾ ਹੈ ਪਰ ਸਮੈਕ ਜਾਂ ਹੈਰੋਇਨ ਵੇਚਣ ਵਾਲੇ ਲੋਕਾਂ ਕੋਲ ਇੰਨੀ ਤਾਕਤ ਹੈ ਕਿ ਉਹ ਉਨ੍ਹਾਂ ਬੱਚਿਆਂ ਨੂੰ ਪੁਲਿਸ ਕੋਲੋਂ ਛੁਡਵਾ ਲੈਂਦੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਕਮੇਟੀ ਬਣਾਈ ਜਾਵੇ ਅਤੇ ਉਨ੍ਹਾਂ ਬੱਚਿਆਂ ਦੇ ਮਾਂ-ਬਾਪਾਂ ਦੇ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ, ਅਗਰ ਇਜ਼ਾਜ਼ਤ ਹੋਵੇ । ਡਰੱਗਜ਼ ਵੇਚਣ ਵਾਲੇ ਲੋਕ ਉਨਾਂ ਬੱਚਿਆਂ ਨੂੰ ਆਪਣੇ ਮਾਂ-ਬਾਪਾਂ ਕੋਲ ਨਹੀਂ ਜਾਣ ਦਿੰਦੇ ।

ਡਿਪਟੀ ਸਪੀਕਰ ਸਾਹਿਬ, ਫਿਰੋਜ਼ਪੁਰ ਜ਼ਿਲ੍ਹੇ ਦੇ ਵਿਚ ਤਾਂ ਪੁਲਿਸ ਵੀ ਵਿੱਚ ਮਿਲ ਚੁੱਕੀ ਹੈ । ਪੁਲਿਸ ਦੀ ਪ੍ਰੋਟੈਕਸ਼ਨ ਦੇ ਥੱਲੇ ਹਰ ਇੱਕ ਪਿੰਡ ਦੇ ਵਿਚ ਪੋਸਤ ਦੀ ਔਕਸ਼ਨ ਕੀਤੀ ਜਾਂਦੀ ਹੈ । ਪਿੰਡਾਂ ਦੇ ਵਿਚ ਪੁਲਿਸ ਪੋਸਤ ਦੀ ਔਕਸ਼ਨ ਕਰਦੀ ਹੈ । ਅੱਜ ਮੁੱਖ ਮੰਤਰੀ ਸਾਹਿਬ ਆਪਣੀ ਕੁਰਸੀ ਤੇ ਬੈਠੇ ਨਹੀਂ ਹਨ । ਸ਼ਾਇਦ ਮੁੱਖ ਮੰਤਰੀ ਸਾਹਿਬ ਨੂੰ ਇਸ ਗੱਲ ਦਾ ਨਹੀਂ ਪਤਾ । ਅੱਜ ਇਹੋ ਜਿਹੇ ਹਾਲਾਤ ਹਨ, ਇਹ ਵੀ

ਹਕੀਕਤ ਹੈ ਕਿ ਪੁਲਿਸ ਮਹੀਨਾ ਲੈਂਦੀ ਹੈ । ਪੁਲਿਸ ਸਮੱਗਲਰਾਂ ਅਤੇ ਠੇਕੇਦਾਰਾਂ ਕੋਲੋਂ ਮਹੀਨਾ ਲੈਂਦੀ ਹੈ। ਪੁਲਿਸ ਦੀਆਂ ਗੱਡੀਆਂ ਦੇ ਵਿਚ ਡਰੱਗਜ਼ ਜਾਂ ਹੋਰ ਕਿਸਮ ਦੇ ਨਸ਼ੇ ਟਰਾਂਸਪੋਰਟ ਹੁੰਦੇ ਹਨ । ਇਥੋਂ ਤੱਕ ਕਿ, ਡਿਪਟੀ ਸਪੀਕਰ ਸਾਹਿਬ, ਤਰਨਤਾਰਨ ਹਲਕਾ ਜੋ ਹੈ, ਇਹ ਸ਼ਹਿਰ ਹੈ ਜਾਂ ਕਸਬਾ ਹੈ, ਉਥੇ ਇੱਕ ਕੈਂਪ ਲੱਗਿਆ ਸੀ ਕਿ ਨਿਸ਼ਾਨਦੇਹੀ ਕਰੋ ਕਿ ਜਿਹੜੇ ਨਸ਼ਿਆਂ ਦੇ ਸ਼ਿਕਾਰ ਹਨ, ਡਰੱਗ ਐਡਿਕਟਸ ਹਨ, ਉਹ ਕਿੰਨੇ ਕੁ ਹਨ । ਤਰਨਤਾਰਨ ਵਿਚ ਹਜ਼ਾਰ ਸ਼ਖਸ਼ ਦੀ ਸ਼ਨਾਖਤ ਹੋਈ ਹੈ । ਇਸ ਵੇਲੇ ਇਹ ਗਿਣਤੀ ਹਜ਼ਾਰਾਂ ਵਿਚ ਹੈ ।

ਡਿਪਟੀ ਸਪੀਕਰ ਸਾਹਿਬ, ਇਹ ਕੋਈ ਸ਼ੌਂਕ ਨਹੀਂ ਹੈ, ਇਹ ਇੱਕ ਬਿਮਾਰੀ ਹੈ । ਉਥੇ ਹਜ਼ਾਰਾਂ ਬੰਦੇ ਬਿਮਾਰ ਹਨ । ਉਨ੍ਹਾਂ ਹਜ਼ਾਰਾਂ ਬੰਦਿਆਂ ਦੇ ਵਿਚੋਂ ਸ਼ਰਾਬ ਔਰ ਦੂਜੇ ਨਸ਼ਿਆਂ ਦੇ 327 ਸ਼ਿਕਾਰ ਪੁਲਿਸ ਦੇ ਮੁਲਾਜ਼ਮ ਖੁਦ ਸਨ । ਇਹ ਇੰਨੀ ਸਮੱਸਿਆ ਸਮਾਜ ਦੀ ਬਣ ਚੁੱਕੀ ਹੈ । ਕੁਝ ਅੰਕੜੇ ਹਨ ਕਿ ਪੁਲਿਸ ਜੋ ਸਮੈਕ ਅਤੇ ਅਫ਼ੀਮ ਆਦਿ ਨਸ਼ਿਆਂ ਦੀ ਰਿਕਵਰੀ ਕਰ ਰਹੀ ਹੈ, ਉਸ ਦੇ ਵਿਚ ਹਰ ਸਾਲ ਤਿੰਨ-ਤਿੰਨ ਗੁਣਾ ਦਾ ਇਜ਼ਾਫਾ ਹੁੰਦਾ ਜਾ ਰਿਹਾ ਹੈ । ਇਸ ਹਾਊਸ ਦੇ ਵਿਚ ਕਈ ਵਾਰੀ ਡਿਸਕਸ ਹੁੰਦਾ ਹੈ ਕਿ ਕਿਸਾਨ ਸੁ-ਸਾਈਡ ਕਰ ਰਹੇ ਹਨ । ਪੰਜਾਬ ਦਾ ਕਿਸਾਨ ਆਤਮ ਹੱਤਿਆ ਕਰ ਰਿਹਾ ਹੈ । ਦੇਸ਼ ਭਰ ਦਾ ਕਿਸਾਨ ਵੀ ਆਤਮ-ਹੱਤਿਆ ਕਰ ਰਿਹਾ ਹੈ । ਮੈਂ ਇਥੇ ਪੰਜਾਬ ਦੇ ਕਿਸਾਨ ਦੀ ਗੱਲ ਕਰਦਾ ਹਾਂ । ਜਦੋਂ ਇਹ ਵੇਖਿਆ ਜਾਂਦਾ ਹੈ ਕਿ ਜਿਸ ਕਿਸਾਨ ਨੇ ਸੁ-ਸਾਈਡ ਕੀਤੀ ਹੈ, ਉਸ ਦੇ ਕੀ ਕਾਰਨ ਸਨ । ਕਈ ਵਾਰ ਘਰੇਲੂ ਝਗੜੇ ਹੁੰਦੇ ਹਨ ਜਾਂ ਫਿਰ ਕਰਜ਼ਾ ਸਿਰ ਹੁੰਦਾ ਹੈ, ਸੁ-ਸਾਈਡ ਕਰਨ ਦੇ ਇਹ ਕਾਰਨ ਬਣਦੇ ਹਨ । ਇਹ ਨਤੀਜਾ ਨਿਕਲਦਾ ਹੈ ਕਿ ਘਰੇਲੂ ਝਗੜਿਆਂ ਅਤੇ ਕਰਜ਼ੇ ਦਾ ਕਾਰਨ ਵੀ ਸਿਰਫ ਨਸ਼ੇ ਕਰਨਾ ਹੀ ਹੁੰਦਾ ਹੈ । ਕਈ ਵਾਰੀ ਇਹ ਕਿਸਾਨ ਇੰਨਾ ਨਸ਼ਾ ਕਰਦੇ ਹਨ ਕਿ ਘਰੇਲੂ ਝਗੜੇ ਵਧਦੇ ਹਨ ਅਤੇ ਕਰਜ਼ਾ ਵੀ ਸਿਰ ਚੜ੍ਹ ਜਾਂਦਾ ਹੈ । ਪਰਿਵਾਰਾਂ ਵਿਚ ਲੜਾਈ ਦਾ ਕਾਰਨ ਵੀ ਇਹੀ ਹੁੰਦਾ ਹੈ ਕਿ ਪਰਿਵਾਰ ਦੇ ਜੀਅ ਨਸ਼ਾ ਕਰਦੇ ਹਨ । ਇਸੇ ਕਾਰਨ ਹੀ ਲੜਾਈ ਰਹਿੰਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਯੂਥ ਵਿਚ, ਪੰਜਾਬ ਦੇ ਕਿਸਾਨਾਂ ਵਿਚ, ਨਸ਼ੇ ਕਰਨ ਦਾ ਰੁਝਾਨ ਇੰਨਾ ਵੱਧ ਚੁੱਕਾ ਹੈ ਕਿ ਅੱਜ ਇਸ ਬਾਰੇ ਪੰਜਾਬ ਦੀ ਵਿਧਾਨ ਸਭਾ ਦੇ ਵਿਚ ਵੀ ਬਹਿਸ ਹੋ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਰਹੀ ਹੈ । ਜਿਸ ਤਰ੍ਹਾਂ ਕਿ ਮਾਨਯੋਗ ਮੈਂਬਰ ਸਾਹਿਬ ਨੇ ਫਰਮਾਇਆ ਹੈ ਕਿ ਪੰਜਾਬ ਦਾ ਯੂਥ ਅਨਇੰਪਲਾਇਡ ਹੈ, ਏਮ-ਲੈਸ ਹੈ । ਕੋਈ ਇਨਸਾਨ ਅਨਇੰਪਲਾਇਡ ਹੋਵੇ, ਏਮ-ਲੈਸ ਹੋਵੇ ਅਤੇ ਉਸ ਦੇ ਸਾਹਮਣੇ ਜ਼ਿੰਦਗੀ ਦਾ ਕੋਈ ਮਕਸਦ ਨਾ ਹੋਵੇ ਅਤੇ ਇਨਸਾਨ ਦੇ ਸਾਹਮਣੇ ਕੋਈ ਮੰਜ਼ਿਲ ਨਾ ਹੋਵੇ ਤਾਂ ਨਸ਼ੇ ਦਾ ਸ਼ਿਕਾਰ ਮਨੁੱਖ ਬਹੁਤ ਤਲਖ ਤੇ ਬੇਸਲੈੱਸ ਹੋ ਜਾਂਦਾ ਹੈ । ਫਿਰ ਵੀ ਜੇ ਪੰਜਾਬ ਨੂੰ ਇਸ ਨਰਕ ਦੇ ਵਿਚੋਂ ਕੱਢਣਾ ਹੈ, ਪੰਜਾਬ ਨੇ ਆਪਣੇ ਨੌਜਵਾਨਾਂ ਨੂੰ ਇਨ੍ਹਾਂ ਡਰਗਜ਼ ਦੇ ਨਸ਼ਿਆਂ ਤੋਂ ਬਚਾਉਣਾ ਹੈ ਤਾਂ ਪੰਜਾਬ ਦੇ ਯੂਥ ਨੂੰ ਓਪਰਚਊਨਟੀ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਨਸ਼ੇ ਦੀ ਬੁਰੀ ਬਿਮਾਰੀ ਤੋਂ ਬੱਚ ਸਕੇ ਅਤੇ ਰੋਜ਼ਗਾਰ ਦੇ ਸਾਧਨ ਉਨ੍ਹਾਂ ਲਈ ਪੈਦਾ ਕੀਤੇ ਜਾ ਸਕਣ । ਬਾਕੀ ਜੋ ਸਰਕਾਰ ਵਲੋਂ ਮੇਲੇ ਲਗਾਏ ਜਾਂਦੇ ਹਨ ਇਨ੍ਹਾਂ ਦੇ ਨਾਲ ਸੁਧਾਰ ਉਦੋਂ ਤੱਕ ਨਹੀਂ ਹੋਵੇਗਾ ਜਦੋਂ ਤੱਕ ਸਰਕਾਰ ਇਨ੍ਹਾਂ ਯੂਥਾਂ ਨੂੰ ਰੁਜ਼ਗਾਰ ਦੇ ਮੌਕੇ ਨਹੀਂ ਦਿੰਦੀ । ਡਰੱਗਜ਼ ਦੀ ਬਿਮਾਰੀ ਇਤਨੀ ਯੂਥ ਵਿਚ ਹਾਵੀ ਹੋ ਚੁੱਕੀ ਹੈ ਕਿ ਇਸ ਦੇ ਲਈ ਸਰਕਾਰ ਨੂੰ ਨੈਸ਼ਨਲ ਲੈਵਲ ਤੇ ਮੂਵਮੈਂਟ ਸ਼ੁਰੂ ਕਰਨੀ ਚਾਹੀਦੀ ਹੈ । ਬਾਹਰਲੇ ਦੇਸ਼ਾਂ ਦੀਆਂ ਸਰਕਾਰਾਂ ਸਾਡੇ ਨਾਰਥ-ਈਸਟ ਬਾਰਡਰਜ਼ ਤੇ ਗੋਲੀ-ਸਿੱਕਾ ਅਤੇ ਬਾਰੂਦ ਦੀ ਖਰੀਦ ਵਾਸਤੇ ਇਸ ਤਰ੍ਹਾਂ ਦੇ ਨਸ਼ਿਆਂ ਦਾ ਫੈਲਾਓ ਪਹਿਲੇ ਪੈਦਾ ਕਰਦੀਆਂ ਹਨ । ਪਹਿਲੇ ਬਾਰਡਰ ਦੇ ਏਰੀਏ ਵਿਚ ਡਰੱਗਜ਼, ਹੀਰੋਈਨ, ਸਮੈਕ ਵੇਚਦੇ ਹਨ । ਹਿੰਦੁਸਤਾਨ ਦੀ ਜੁਗਰਾਫੀਕਲ ਲੋਕੇਸ਼ਨ ਇਸ ਤਰ੍ਹਾਂ ਦੀ ਹੈ ਕਿ ਇਕ ਪਾਸੇ ਬਰਮਾ ਦਾ ਬਾਰਡਰ ਹੈ ਤੇ ਦੂਜੇ ਪਾਸੇ ਅਫਗਾਨਿਸਤਾਨ ਦਾ ਬਾਰਡਰ ਲਗਦਾ ਹੈ ਅਤੇ ਦਰਮਿਆਨ ਵਿਚ ਇੰਡੀਆ ਪੈਂਦਾ ਹੈ । ਇੰਡੀਆ ਦਾ ਬਾਰਡਰ ਬਰਮਾ ਅਤੇ ਅਫਗਾਨਿਸਤਾਨ ਨਾਲ ਲਗਣ ਕਰਕੇ ਡਰੱਗਜ਼ ਦਾ ਫੈਲਾਓ ਜ਼ਿਆਦਾ ਹੁੰਦਾ ਹੈ । ਸਾਡੇ ਦੇਸ਼ ਦੀ 100 ਕਰੋੜ ਦੀ ਆਬਾਦੀ ਹੈ । ਇਨ੍ਹਾਂ ਬਾਰਡਰਜ਼ ਉਤੇ ਟੈਰੋਰਿਸਟ ਆਰਗੇਨਾਈਜੇਸ਼ਨਜ਼ ਵੀ ਕੰਮ ਕਰ ਰਹੀਆਂ ਹਨ ਅਤੇ ਸਾਰੇ ਵਾਤਾਵਰਣ ਨੂੰ ਖਰਾਬ ਕਰ ਰਹੀਆਂ ਹਨ । ਪੰਜਾਬ ਦੀ ਹਾਲਤ ਬਹੁਤ ਹੀ ਸੀਰੀਅਸ ਹੀ ਨਹੀਂ ਬਲਕਿ ਕਰੀਟੀਕਲ ਹੋ ਗਈ ਹੈ । ਪੰਜਾਬ ਦੇ ਨੌਜਵਾਨਾਂ ਨੂੰ ਫੌਜ ਵਿਚ ਭਰਤੀ ਕਰਨ ਦਾ ਇੰਤਜਾਮ ਕਰਨਾ ਚਾਹੀਦਾ ਹੈ । ਮੇਰੀ ਪਿਛੇ ਜਿਹੇ ਬਠਿੰਡੇ ਵਿਖੇ ਇੱਕ ਜਰਨੈਲ ਨਾਲ ਪੰਜਾਬ ਦੀ ਭਰਤੀ ਬਾਰੇ ਗੱਲ ਹੋਈ ਹੈ । ਗੱਲ ਹੋਣ ਲੱਗੀ ਤਾਂ ਉਹ ਕਹਿਣ ਲੱਗੇ ਕਿ ਪੰਜਾਬ ਦੇ ਨੌਜਵਾਨ ਅੱਗੇ ਨਹੀਂ ਆ ਰਹੇ ਕਿਉਂਕਿ ਉਨ੍ਹਾਂ ਦੀ ਨਾ ਹੀ ਉਹ ਸਿਹਤ ਰਹੀ ਹੈ ਔਰ ਨਾ ਹੀ ਭਰਤੀ ਦਾ ਰੁਝਾਨ ਰਿਹਾ ਹੈ । ਪਹਿਲਾਂ ਫੌਜ ਦੇ ਵਿੱਚ ਸਿੱਖ ਰੈਜੀਮੈਂਟ ਹੁੰਦੀ ਸੀ, ਗੋਰਖਾ ਰੈਜੀਮੈਂਟ ਹੁੰਦੀ ਸੀ, ਉਨ੍ਹਾਂ ਵਿੱਚ ਪੰਜਾਬ ਦੇ ਨੌਜਵਾਨ ਦੀ ਬਹੁਤੀ ਭਰਤੀ ਹੁੰਦੀ ਸੀ ਔਰ ਉਨ੍ਹਾਂ ਦੀ ਗਿਣਤੀ ਫੌਜ ਵਿਚ ਬਹੁਤ

ਜ਼ਿਆਦਾ ਸੀ ਅਤੇ ਸਿੱਖ ਰੈਜੀਮੈਂਟ ਮੰਨੀ ਹੋਈ ਸੀ । ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਨੌਜਵਾਨ ਫੌਜ ਵਿੱਚ ਰਿਕਰੂਟ ਹੋਣ ਤਾਂ ਕਿ ਕੁਝ ਸੁਧਾਰ ਹੋ ਸਕੇ । ਮੇਰੇ ਖਿਆਲ ਦੇ ਵਿਚ ਸ਼ਹਿਰਾਂ ਅਤੇ ਪਿੰਡਾਂ ਦੇ ਲੋਕੀ ਭਰਤੀ ਲਈ ਨਹੀਂ ਜਾਂਦੇ ਬਲਕਿ ਬਾਰਡਰ ਏਰੀਏ ਦੇ ਲੋਕ ਫੌਜ ਵਿੱਚ ਭਰਤੀ ਹੋਣ ਲਈ ਜਾਂਦੇ ਹਨ ਪਰ ਸਰਕਾਰ ਨੂੰ ਇਨ੍ਹਾਂ ਨੌਜਵਾਨਾਂ ਦੀ ਭਰਤੀ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਕਿ ਉਹ ਫੌਜ ਦੇ ਵਿੱਚ ਭਰਤੀ ਹੋਣ ਕਰਕੇ ਇਨ੍ਹਾਂ ਡਰੱਗਜ਼ ਦੇ ਨਸ਼ਿਆਂ ਤੋਂ ਬਚ ਸਕਣ । ਇਹ ਜਿਹੜਾ ਰੈਜ਼ੋਲਿਊਸ਼ਨ ਮੈਂਬਰ ਸਾਹਿਬ ਨੇ ਹਾਊਸ ਵਿਚ ਲਿਆਂਦਾ ਹੈ, ਇਹ ਬੜਾ ਅੱਛਾ ਹੈ, । ਇਸ ਉਤੇ ਸਰਕਾਰ ਨੂੰ ਬੜਾ ਸੀਰੀਅਸਲੀ ਵਿਚਾਰ ਕਰਨਾ ਚਾਹੀਦਾ ਹੈ ਪਰ ਇਨ੍ਹਾਂ ਗੱਲਾਂ ਉਤੇ ਵਿਚਾਰ ਕਰਨ ਦਾ ਸਰਕਾਰ ਕੋਲ ਕੋਈ ਟਾਈਮ ਹੀ ਨਹੀਂ ਹੈ । ਮੇਰੇ ਖਿਆਲ ਵਿੱਚ ਜਦ ਤੱਕ ਪੰਜਾਬ ਦੀਆਂ ਸੋਸ਼ਲ, ਰਿਲੀਜੀਅਸ ਆਰਗੇਨਾਈਜੇਸ਼ਨਾਂ ਇਸ ਬਿਮਾਰੀ ਨੂੰ ਦੂਰ ਕਰਨ ਲਈ ਅੱਗੇ ਨਹੀਂ ਆਉਣਗੀਆਂ ਇਹ ਬਿਮਾਰੀ ਦੂਰ ਨਹੀਂ ਹੋ ਸਕਦੀ । ਇਸ ਲਈ ਸਾਡੀਆਂ ਸੋਸ਼ਲ ਆਰਗੇਨਾਈਜੇਸ਼ਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ । ਮੈਂ ਇਨ੍ਹਾਂ ਦਾ ਬੜਾ ਮਸ਼ਕੂਰ ਹਾਂ ਅਤੇ ਜਿਹੜਾ ਮਤਾ ਇਨ੍ਹਾਂ ਨੇ ਲਿਆਂਦਾ ਹੈ ਮੇਰੀ ਬੇਨਤੀ ਹੈ ਕਿ ਇਸ ਨੂੰ ਹਾਊਸ ਵਿਚ ਪਾਸ ਕਰ ਦਿੱਤਾ ਜਾਵੇ ਅਤੇ ਸਰਕਾਰ ਇਸ ਤੇ ਪੂਰੀ ਤਰ੍ਹਾਂ ਅਮਲ ਕਰਵਾਏ । ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ ।

**ਸ੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਹਾਊਸ ਦੇ ਵਿੱਚ ਇਸ ਅਹਿਮ ਮਸਲੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਨੇ ਜੋ ਮਤਾ ਲਿਆਂਦਾ ਹੈ, ਇਹ ਬੜਾ ਅਹਿਮ ਮਤਾ ਹੈ । ਸਦਨ ਵਿਚ ਸਾਰੇ ਮੈਂਬਰ ਸਾਹਿਬਾਨ ਨੂੰ ਮੌਕਾ ਦਿੱਤਾ ਹੈ ਕਿ ਇਸ ਉਤੇ ਆਪਣੇ ਆਪਣੇ ਵਿਚਾਰ ਪ੍ਰਗਟ ਕਰਨ ਤਾਂਕਿ ਇਸ ਗੰਭੀਰ ਸਮੱਸਿਆ ਦਾ ਸਰਕਾਰ ਕੋਈ ਹੱਲ ਲੱਭ ਸਕੇ ਪਰ ਇਹ ਗੰਭੀਰ ਸਮੱਸਿਆ ਸਰਕਾਰ ਦੇ ਹੱਥੋਂ ਨਿਕਲਦੀ ਜਾ ਰਹੀ ਹੈ । ਇਸ ਵੱਲ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ । ਇਹੀ ਕਾਰਨ ਹੈ ਕਿ ਸਾਨੂੰ ਅੱਜ ਇਸ ਮਸਲੇ ਤੇ ਸਦਨ ਦਾ ਕੀਮਤੀ ਸਮਾਂ ਲਗਾਉਣਾ ਪੈ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਇਹ ਸਮੱਸਿਆ ਇਕ ਦਿਨ ਵਿਚ ਪੈਦਾ ਹੋ ਗਈ, ਅਜਿਹਾ ਨਹੀਂ ਹੈ ਪਰ ਜਿੰਨੀ ਤੇਜ਼ੀ ਨਾਲ ਇਹ ਵੱਧ ਰਹੀ ਹੈ,

[ਸ਼੍ਰੀ ਤਿਕਸ਼ਨ ਸੂਦ]

ਇਹ ਦੇਖਣ ਵਾਲੀ ਗੱਲ ਹੈ । ਜਿਸ ਤਰ੍ਹਾਂ ਕਿਸੇ ਲੱਕੜੀ ਨੂੰ ਘੁਣ ਲਗ ਜਾਂਦਾ ਹੈ, ਪਹਿਲਾਂ ਥੋੜ੍ਹਾ ਥੋੜ੍ਹਾ ਹੁੰਦਾ ਹੈ, ਪਰ ਜੇਕਰ ਉਸਦੀ ਰੋਕਥਾਮ ਨਾ ਹੋਵੇ, ਲੱਕੜੀ ਦੀ ਦੇਖਭਾਲ ਨਾ ਹੋਵੇ ਤਾਂ ਉਹ ਲੱਕੜੀ ਇਕਦਮ ਖੋਖਲੀ ਹੋ ਜਾਂਦੀ ਹੈ । ਅੱਜ ਪੰਜਾਬ ਦੀ ਜਵਾਨੀ, ਪੰਜਾਬ ਦਾ ਭਵਿੱਖ ਦਾਅ ਤੇ ਲੱਗਿਆ ਹੋਇਆ ਹੈ । ਅਸੀਂ ਇਸ ਵਾਸਤੇ ਜਿਹੜਾ ਮਰਜ਼ੀ ਲਫਜ਼ ਵਰਤ ਲਈਏ, ਗੰਭੀਰ ਸਮੱਸਿਆ, ਕ੍ਰਿਟੀਕਲ, ਜੰਗਲ ਦੀ ਅੱਗ, ਇਸ ਵਾਸਤੇ ਕੋਈ ਵੀ ਲਫਜ਼ ਫਿੱਟ ਨਹੀਂ ਹੁੰਦਾ ।

ਇਸ ਦੇ ਵੀ ਦੋ ਪੱਖ ਹਨ । ਇਕ ਕਾਨੂੰਨੀ ਪੱਖ ਹੈ ਤੇ ਇਕ ਸਮਾਜਿਕ ਪੱਖ ਹੈ । ਅੱਜ ਇਹ ਇਕੱਲੀ ਕਾਨੂੰਨੀ ਬੁਰਾਈ ਨਹੀਂ ਰਹੀ, ਕਾਨੂੰਨੀ ਜੁਰਮ ਨਹੀਂ ਰਿਹਾ । ਨਸ਼ਿਆਂ ਨੂੰ ਵੇਚਣਾ, ਖਰੀਦ ਕਰਨਾ, ਇਹ ਸਮਾਜਿਕ ਬੁਰਾਈ ਜ਼ਿਆਦਾ ਬਣ ਗਈ ਹੈ । ਅਸੀਂ ਸਾਰੇ ਜਾਣਦੇ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਜਿਹੜੀ ਸਮਾਜਿਕ ਬੁਰਾਈ ਬਣ ਜਾਂਦੀ ਹੈ, ਉਹ ਕਾਨੂੰਨੀ ਢੰਗਾਂ ਨਾਲ ਖ਼ਤਮ ਨਹੀਂ ਹੋ ਸਕਦੀ । ਜਦੋਂ ਤੱਕ ਸਾਰਾ ਸਮਾਜ ਅੱਗੇ ਨਾ ਆਵੇ ਇਸ ਦਾ ਕੋਈ ਹੱਲ ਨਹੀਂ ਨਿਕਲ ਸਕਦਾ ਕਿਉਂਕਿ ਸਰਕਾਰ ਇਸ ਮਾਮਲੇ ਵਿਚ ਫੇਲ੍ਹ ਹੋ ਚੁਕੀ ਹੈ, ਇਹ ਇਸ ਰੈਜ਼ੋਲਿਊਸ਼ਨ ਦਾ ਪੇਸ਼ ਹੋਣਾ ਹੀ ਸਾਬਤ ਕਰਦਾ ਹੈ । ਡਿਪਟੀ ਸਪੀਕਰ ਸਾਹਿਬ, ਸਰਕਾਰ ਜੇ ਸਿੱਧੇ ਤੌਰ ਤੇ ਇਸ ਨੂੰ ਖ਼ਤਮ ਨਹੀਂ ਕਰ ਸਕਦੀ, ਮੈਂ ਸਮਝਦਾ ਹਾਂ ਕਿ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸਮਾਜਿਕ ਪੱਖਾਂ ਨੂੰ ਮਜਬੂਤੀ ਦੇਵੇ । ਜਿਵੇਂ ਹੁਣੇ ਮੇਰੇ ਫਾਜ਼ਲ ਦੋਸਤ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਧਾਰਮਕ ਤੇ ਸਮਾਜਿਕ ਤੌਰ ਤੇ ਲੋਕ ਅੱਗੇ ਆਉਣ, ਜਿਹੜੇ ਸਮਾਜ ਦੀ ਨੁਮਾਇੰਦਗੀ ਕਰਦੇ ਹਨ, ਧਾਰਮਕ ਆਗੂ ਹਨ, ਉਹ ਅੱਗੇ ਆਉਣ ਤਾਂਕਿ ਇਸ ਸਮੱਸਿਆ ਨੂੰ ਥੋੜ੍ਹੀ ਬਹੁਤ ਠੱਲ੍ਹ ਪੈ ਸਕੇ ।

ਡਿਪਟੀ ਸਪੀਕਰ ਸਾਹਿਬ, ਸਰਕਾਰ ਇਸ ਸਬੰਧ ਵਿਚ ਕੀ ਕੀ ਕਰ ਸਕਦੀ ਹੈ, ਮੈਂ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਇਸ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰਾਂਗਾ । ਸਭ ਤੋਂ ਪਹਿਲਾਂ, ਡਿਪਟੀ ਸਪੀਕਰ ਸਾਹਿਬ, ਮਾਂ ਬਾਪ ਬੱਚੇ ਨੂੰ ਪਾਲਦੇ ਹਨ । ਜੇ ਮਾਂ ਬਾਪ ਕੋਲ ਹੀ ਸਮਾਂ ਨਾ ਹੋਵੇ, ਜੋ ਅੱਜ ਦੇ ਸਮੇਂ ਵਿਚ ਚਲ ਰਿਹਾ ਹੈ, ਅੱਜ ਦੇ ਸਮਾਜ ਵਿਚ ਚਲ ਰਿਹਾ ਹੈ, ਮੈਂ ਸਮਝਦਾ ਹਾਂ ਕਿ ਬੱਚਾ ਇਧਰ ਉਧਰ ਕੰਪਨੀ ਵਿਚ ਬੈਠਦਾ ਹੈ ਤੇ ਉਸਨੂੰ ਕਈ ਵਾਰ ਚੰਗੀ ਕੰਪਨੀ ਮਿਲ ਜਾਂਦੀ ਹੈ ਤੇ ਕਈ ਵਾਰ ਮਾੜੀ ਕੰਪਨੀ ਵੀ ਮਿਲ ਜਾਂਦੀ ਹੈ । ਮਾਂ ਬਾਪ ਕੋਲ ਉਸ ਵਾਸਤੇ ਟਾਈਮ ਨਹੀਂ ਹੁੰਦਾ ਤੇ ਪਹਿਲਾਂ ਸ਼ਰਾਰਤ ਦੇ ਤੌਰ ਤੇ, ਇੱਲਤ ਦੇ ਤੌਰ ਤੇ ਬੱਚਾ ਇਸ ਤਰ੍ਹਾਂ ਦੇ ਨਸ਼ਿਆਂ ਵੱਲ ਵਧਦਾ

ਹੈ। ਉਸ ਤੋਂ ਬਾਅਦ ਇਹ ਉਸਦੀ ਜ਼ਰੂਰਤ ਬਣ ਜਾਂਦੀ ਹੈ, ਫਿਰ ਕਮਜ਼ੋਰੀ ਬਣ ਜਾਂਦੀ ਹੈ ਤੇ ਉਸ ਕਮਜ਼ੋਰੀ ਨੂੰ ਪੂਰਾ ਕਰਨ ਲਈ, ਆਪਣੀ ਇਸ ਜ਼ਰੂਰਤ ਨੂੰ ਪੂਰਾ ਕਰਨ ਲਈ ਉਹ ਕੋਈ ਵੀ ਕਦਮ ਚੁੱਕ ਸਕਦਾ ਹੈ । ਪਹਿਲਾਂ ਉਹ ਘਰ ਵਿਚ ਬਾਪ ਦੀ ਜੇਬ ਵਿਚੋਂ, ਬਾਪ ਦੇ ਪਰਸ ਵਿਚੋਂ ਪੈਸੇ ਕੱਢਦਾ ਹੈ । ਫਿਰ ਘਰ ਦਾ ਸਮਾਨ ਚੁੱਕ ਕੇ ਵੇਚਦਾ ਹੈ । ਡਿਪਟੀ ਸਪੀਕਰ ਸਾਹਿਬ, ਨੌਜਵਾਨ ਬੱਚੇ, ਚੰਗੇ ਚੰਗੇ ਪਰਿਵਾਰਾਂ ਦੇ ਬੱਚੇ, ਇਸ ਤਰ੍ਹਾਂ ਦੇ ਕੰਮ ਕਰਦੇ ਦੇਖੇ ਗਏ ਹਨ । ਸਾਡੇ ਵੀ ਕਈ ਵਾਰ ਦੇਖਣ ਵਿਚ ਆਇਆ ਹੈ, ਮੈਂ ਖੁਦ ਪਿੰਡ ਦੇ ਕਿਸੇ ਫੰਕਸ਼ਨ ਵਿਚ ਗਿਆ ਹੋਇਆ ਸੀ, ਉਥੇ ਇਕ ਮੁੰਡਾ ਸਕੂਟਰ ਦੀ ਸਟੱਪਨੀ ਖੋਲ੍ਹੀ ਜਾਵੇ । ਜਦੋਂ ਸਕੂਟਰ ਦੇ ਮਾਲਕ ਨੂੰ ਪਤਾ ਲਗਾ ਕਿ ਕੋਈ ਮੇਰੇ ਸਕੂਟਰ ਦੀ ਸਟੱਪਨੀ ਖੋਲ੍ਹੀ ਜਾ ਰਿਹਾ ਹੈ ਤਾਂ ਉਹ ਚਾਰ ਬੰਦੇ ਲੈ ਕੇ ਗਿਆ । ਉਹ ਮੁੰਡਾ ਫਿਰ ਵੀ ਲੱਗਾ ਰਿਹਾ । ਉਹ ਨੌਜਵਾਨ ਨਸ਼ੇ ਵਿਚ ਇੰਨਾ ਡੁੱਬਿਆ ਹੋਇਆ ਸੀ, ਜਦੋਂ ਉਸਨੂੰ ਪੁੱਛਿਆ ਗਿਆ ਕਿ ਤੂੰ ਇਸ ਸਕੂਟਰ ਦੀ ਸਟੱਪਨੀ ਕਿਉਂ ਖੋਲ੍ਹੀ ਜਾਂਦਾ ਹੈ ਤਾਂ ਕਹਿਣ ਲੱਗਾ ਕਿ ਮੈਨੂੰ ਲੋੜ ਹੈ, ਇਸ ਲਈ ਖੋਲ੍ਹ ਰਿਹਾ ਹਾਂ । ਇਸ ਤਰ੍ਹਾਂ ਅੱਜ ਬੱਚੇ ਘਰ ਦੀਆਂ ਚੀਜ਼ਾਂ, ਲੋਕਾਂ ਦੀਆਂ ਚੀਜ਼ਾਂ, ਡਿਲੀਵਰੀ ਪਾਈਪਾਂ, ਇੰਜਨ ਚੁੱਕ ਚੁੱਕ ਕੇ ਲੈ ਜਾਂਦੇ ਹਨ । ਇਸ ਤਰ੍ਹਾਂ ਦੇ ਕ੍ਰਾਈਮ, ਛੋਟੇ ਕ੍ਰਾਈਮ ਵਧਦੇ ਵਧਦੇ ਕਿਸ ਹੱਦ ਤੱਕ ਜਾ ਚੁਕੇ ਹਨ, ਉਸ ਗੱਲ ਦਾ ਅਸੀਂ ਅੰਦਾਜ਼ਾ ਨਹੀਂ ਲਗਾ ਸਕਦੇ ਹਾਂ । ਇਸ ਲਈ ਐਸਾ ਕੋਈ ਪ੍ਰਬੰਧ ਸਰਕਾਰ ਵਲੋਂ ਹੋਣਾ ਚਾਹੀਦਾ ਹੈ ਕਿ ਮਾਂ ਬਾਪ ਤੇ ਪੂਰੀ ਤਰ੍ਹਾਂ ਕੋਈ ਨਾ ਕੋਈ ਤਰੀਕਾ ਅਪਣਾ ਕੇ ਉਨ੍ਹਾਂ ਤੇ ਪ੍ਰਭਾਵ ਪਾਇਆ ਜਾਵੇ ਕਿ ਉਹ ਆਪਣੇ ਬੱਚਿਆਂ ਲਈ ਸਮਾਂ ਕੱਢਣ । ਮਾਂ ਬਾਪ ਨੂੰ ਖੁਦ ਵੀ ਚਾਹੀਦਾ ਹੈ ਤੇ ਸਮਾਜਿਕ ਸੰਸਥਾਵਾਂ ਵੀ ਅੱਗੇ ਆਉਣ, ਇਹ ਵੀ ਜ਼ਰੂਰੀ ਹੈ ਤਾਂਕਿ ਅਸੀਂ ਪੰਜਾਬ ਦੀ ਆਉਣ ਵਾਲੀ ਪੀੜ੍ਹੀ ਨੂੰ ਬਚਾ ਸਕੀਏ ।

ਦੂਜਾ, ਡਿਪਟੀ ਸਪੀਕਰ ਸਾਹਿਬ, ਇਨਸਾਨ ਸਕੂਲਾਂ ਕਾਲਜਾਂ ਵਿਚ ਸਿੱਖਦਾ ਹੈ । ਅੱਜ ਅਸੀਂ ਅਗਰ ਆਪਣੇ ਸਿਲੇਬਸ ਵੱਲ ਝਾਤੀ ਮਾਰੀਏ ਕਿ ਕੀ ਸਾਡੇ ਸਿਲੇਬਸ ਵਿਚ ਕੋਈ ਐਸੇ ਚੈਪਟਰ ਬਣੇ ਹਨ, ਐਸੇ ਅਧਿਆਇ ਲਗੇ ਹੋਏ ਹਨ ਜੋ ਕਿ ਜਦੋਂ ਬੱਚਾ ਸਿੱਖਿਆ ਪ੍ਰਾਪਤ ਕਰਦਾ ਹੈ, ਉਸਦਾ ਧਿਆਨ ਇਸ ਬੁਰਾਈ ਵੱਲ ਦਿਵਾਉਂਦੇ ਹੋਣ ਕਿ ਨਸ਼ਾ ਕਿੰਨੀ ਮਾੜੀ ਚੀਜ਼ ਹੈ ? ਇਸ ਨਾਲ ਇਨਸਾਨ ਵਿਚ ਕੀ ਕੀ ਚੇਂਜਿਜ਼ ਆਉਂਦੀਆਂ ਹਨ, ਕੀ ਕੀ ਬੁਰਾਈਆਂ ਪੈਦਾ ਹੁੰਦੀਆਂ ਹਨ, ਕੀ ਕੀ ਬੀਮਾਰੀਆਂ ਲਗ ਜਾਂਦੀਆਂ ਹਨ । ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ

[ਸ਼੍ਰੀ ਤਿਕਸ਼ਨ ਸੂਦ]

ਆਪਣੇ ਸਿਲੇਬਸ ਦੀਆਂ ਕਿਤਾਬਾਂ ਵਿਚ, ਸਕੂਲਾਂ ਵਿਚ ਇਹ ਕੋਸ਼ਿਸ਼ ਕੀਤੀ ਜਾਵੇ ਕਿ ਬੱਚਿਆਂ ਨੂੰ ਪੜ੍ਹਾਈ ਦੇ ਸ਼ੁਰੂ ਵਿਚ ਹੀ ਇਹ ਦੱਸ ਦਿੱਤਾ ਜਾਵੇ ਕਿ ਇਹ ਜਿਹੜੇ ਨਸ਼ੇ ਹਨ, ਇਹ ਬਹੁਤ ਖਤਰਨਾਕ ਹਨ ਅਤੇ ਬਿਮਾਰੀਆਂ ਦਾ ਘਰ ਹਨ, ਤਾਂ ਕਿ ਉਹ ਸ਼ੁਰੂ ਤੋਂ ਹੀ ਇਸ ਜ਼ਹਿਰ ਤੋਂ ਮੂੰਹ ਮੋੜ ਲੈਣ ਲੇਕਿਨ ਅੱਜ ਦੀ ਤਾਰੀਕ ਵਿਚ ਐਸਾ ਕੋਈ ਪ੍ਰਬੰਧ ਨਹੀਂ । ਇਥੋਂ ਤੱਕ ਕਿ ਜਿਹੜਾ ਸਕੂਲਾਂ ਦਾ ਸਟਾਫ ਹੈ, ਜਿਹੜੇ ਅਧਿਆਪਕ ਹਨ, ਉਹ ਵੀ ਇਸ ਲਾਹਣੱਤ ਵਿਚ ਸ਼ਾਮਲ ਹਨ । ਸਕੂਲ ਬੰਦ ਹੋਣ ਤੋਂ ਬਾਅਦ ਉਹ ਆਪ ਸ਼ਰਾਬ ਪੀਂਦੇ ਹਨ । ਬੱਚਿਆਂ ਨੂੰ ਕਹਿੰਦੇ ਹਨ ਕਿ ਸਾਨੂੰ ਪਾਣੀ ਲਿਆ ਕੇ ਦਿਓ ਅਤੇ ਸਾਡੇ ਭਾਂਡੇ ਚੁੱਕੋ । ਕਈ ਵਾਰ ਉਹ ਸਿਗਰਟ ਪੀਣ ਵੀ ਚਲੇ ਜਾਂਦੇ ਹਨ । ਬੱਚਿਆਂ ਤੋਂ ਉਹ ਸਿਗਰਟ ਦੀਆਂ ਡੱਬੀਆਂ ਮੰਗਵਾਉਂਦੇ ਹਨ । ਇਨ੍ਹਾਂ ਚੀਜ਼ਾਂ ਤੇ ਰੋਕ ਲੱਗਣੀ ਚਾਹੀਦੀ ਹੈ ਅਤੇ ਚੈੱਕ ਹੋਣਾ ਚਾਹੀਦਾ ਹੈ । ਸਰਕਾਰ ਨੂੰ ਤੁਰੰਤ ਇਸ ਮਾਮਲੇ ਵੱਲ ਧਿਆਨ ਦੇ ਕੇ ਅਤੇ ਸਿਲੇਬਸ ਵਿਚ ਖਾਸ ਹਦਾਇਤਾਂ ਦੇ ਕੇ ਬੱਚਿਆਂ ਦੇ ਮਨ ਵਿਚ ਗੱਲ ਭਰਨੀ ਚਾਹੀਦੀ ਹੈ ਕਿ ਨਸ਼ੇ ਬਹੁਤ ਮਾੜੀ ਚੀਜ਼ ਹਨ । ਨਾ ਕੇਵਲ ਉਸ ਦੀ ਆਪਣੀ ਸਿਹਤ ਲਈ ਬਲਕਿ ਦੇਸ਼ ਅਤੇ ਸੂਬੇ ਦੀ ਸਿਹਤ ਲਈ ਵੀ ਇਹ ਬਹੁਤ ਨੁਕਸਾਨਦੇਹ ਹਨ ।

ਡਿਪਟੀ ਸਪੀਕਰ ਸਾਹਿਬ, ਅੱਜ ਦਾ ਨੌਜਵਾਨ ਜਿਸ ਵੇਲੇ ਜਵਾਨੀ ਵਿਚ ਆਉਂਦਾ ਹੈ ਤਾਂ ਉਹ ਆਪਣੇ ਆਪ ਨੂੰ ਵਿਹਲਾ ਮਹਿਸੂਸ ਕਰਦਾ ਹੈ । ਕਾਲਜ ਤੋਂ ਬਾਦ ਉਸ ਨੂੰ ਕੋਈ ਕੰਮ ਨਹੀਂ ਮਿਲਦਾ । ਖੇਤੀ ਬਾੜੀ ਤੋਂ ਅੱਜ ਸਾਡਾ ਨੌਜਵਾਨ ਪਿੱਛੇ ਹਟ ਰਿਹਾ ਹੈ । ਇਨ੍ਹਾਂ ਹਾਲਾਤ ਵਿਚ ਜੇਕਰ ਉਸਨੂੰ ਖੇਡਾਂ ਵੱਲ ਪ੍ਰੇਰਤ ਕੀਤਾ ਜਾਵੇ ਤਾਂ ਸ਼ਾਇਦ ਉਸ ਦਾ ਧਿਆਨ ਨਸ਼ਿਆਂ ਵੱਲ ਨਾ ਜਾਵੇ । ਪਿਛਲੀਆਂ ਸਰਕਾਰਾਂ ਬਾਰੇ ਤਾਂ ਮੈਂ ਜ਼ਿਆਦਾ ਕੁਝ ਨਹੀਂ ਕਹਿੰਦਾ ਲੇਕਿਨ ਮੌਜੂਦਾ ਸਰਕਾਰ ਬਾਰੇ ਇਹ ਕਹਿ ਸਕਦਾ ਹਾਂ ਕਿ ਇਸ ਵੱਲੋਂ ਖੇਡਾਂ ਲਈ ਕੋਈ ਕਾਰਗਰ ਉਪਰਾਲਾ ਨਹੀਂ ਕੀਤਾ ਜਾ ਰਿਹਾ ਹੈ । ਇਸ ਵੱਲੋਂ ਕੋਈ ਸਟੇਡੀਅਮ ਅਤੇ ਖੇਡ ਅਕੈਡਮੀਆਂ ਨਹੀਂ ਬਣਾਈਆਂ ਜਾ ਰਹੀਆਂ । ਇਥੇ ਬਜਟ ਪੇਸ਼ ਹੋ ਚੁੱਕਾ ਹੈ ਪਰ ਇਸ ਵਿਚ ਖੇਡਾਂ ਵਾਸਤੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਹੈ । ਸਾਨੂੰ ਸੋਚ ਲੈਣਾ ਚਾਹੀਦਾ ਹੈ ਕਿ ਜੇਕਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਹੈ ਤਾਂ ਉਨ੍ਹਾਂ ਨੂੰ ਖੇਡਾਂ ਵਾਲੇ ਪਾਸੇ ਲਗਾਉਣਾ ਪਵੇਗਾ । ਨੌਜਵਾਨ ਜੇਕਰ ਖੇਡਾਂ ਵਾਲੇ ਪਾਸੇ ਜਾਂਦਾ ਹੈ ਅਤੇ ਆਪਣੀ ਸਿਹਤ ਦਾ ਧਿਆਨ ਰੱਖਦਾ ਹੈ ਤਾਂ ਉਸ ਦਾ ਮਨ ਨਸ਼ਿਆਂ ਤੋਂ ਦੂਰ ਰਹਿੰਦਾ ਹੈ । ਵਿਹਲਾ ਮਨ ਤਾਂ ਸ਼ੈਤਾਨ ਦਾ ਘਰ ਹੁੰਦਾ ਹੈ । ਵਿਹਲੇ ਨੌਜਵਾਨ ਨਸ਼ੇ ਸ਼ੁਰੂ ਕਰ ਲੈਂਦੇ ਹਨ ਅਤੇ ਬਾਅਦ ਵਿਚ

ਇਹ ਮਰਜ਼ ਹੌਲੀ ਹੌਲੀ ਵਧਦੀ ਜਾਂਦੀ ਹੈ । ਇਸ ਨੂੰ ਰੋਕਣਾ ਸਾਡਾ ਸਾਰਿਆਂ ਦਾ ਫਰਜ਼ ਹੈ । ਇਸ ਨੂੰ ਦੂਰ ਕਰਨ ਦੀ ਜ਼ਿੰਮੇਵਾਰੀ ਧਾਰਮਿਕ ਨੇਤਾਵਾਂ, ਸਪਰਿਚੂਅਲ ਨੇਤਾਵਾਂ ਤੇ ਵੀ ਆਉਂਦੀ ਹੈ । ਉਹ ਨੌਜਵਾਨਾਂ ਨੂੰ ਇਸ ਗੱਲ ਦੀ ਪ੍ਰੇਰਨਾ ਦੇਣ ਅਤੇ ਉਨ੍ਹਾਂ ਦੇ ਮਨਾਂ ਵਿਚ ਕੁੱਟ ਕੁੱਟ ਕੇ ਭਰਨ ਕਿ ਨਸ਼ੇ ਬਹੁਤ ਮਾੜੇ ਹਨ । ਇਸ ਮਾਮਲੇ ਵਿਚ ਕਾਫੀ ਪ੍ਰਯੋਗ ਹੋਏ ਹਨ ਅਤੇ ਕਾਮਯਾਬ ਵੀ ਹੋਏ ਹਨ । ਰਾਧਾ ਸਵਾਮੀਆਂ ਨੇ ਕਾਫੀ ਲੋਕਾਂ ਨੂੰ ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਪਰ੍ਹੇ ਕਰ ਦਿੱਤਾ ਹੈ । ਅੱਜ ਬੜੀ ਵੱਡੀ ਗਿਣਤੀ ਵਿਚ ਧਾਰਮਿਕ ਡੇਰੇ ਹਨ । ਉਹ ਸਮਾਜ ਨੂੰ ਨਸ਼ੇ ਰਹਿਤ ਕਰਨ ਦਾ ਆਪਣਾ ਨਿਸ਼ਾਨਾ ਬਣਾ ਲੈਣ, ਮਿਥ ਲੈਣ ਅਤੇ ਧਾਰ ਲੈਣ ਕਿ ਅਸੀਂ ਹਰ ਰੋਜ਼ ਜਾਂ ਹਰ ਮਹੀਨੇ ਇਸ ਪਾਸੇ ਹੰਭਲਾ ਮਾਰਨਾ ਹੈ ਅਤੇ ਇਸ ਬਿਮਾਰੀ ਨੂੰ ਖਤਮ ਕਰਨਾ ਹੈ । ਜੇਕਰ ਸਰਕਾਰ ਵੱਲੋਂ ਵੀ ਉਨ੍ਹਾਂ ਨੂੰ ਕੋਈ ਸਹਾਇਤਾ ਮਿਲੇ ਤਾਂ ਮੈਂ ਸਮਝਦਾ ਹਾਂ ਕਿ ਇਹ ਕੰਮ ਹੋਰ ਤੇਜ਼ੀ ਨਾਲ ਹੋ ਸਕਦਾ ਹੈ ।

ਡਿਪਟੀ ਸਪੀਕਰ ਸਾਹਿਬ, ਸਾਡੇ ਕਲਾਕਾਰ ਲੋਕ ਵੀ ਇਸ ਬਿਮਾਰੀ ਲਈ ਕਾਫੀ ਜ਼ਿੰਮੇਵਾਰ ਹਨ । ਇਥੇ ਸਰਦਾਰ ਮਲਕੀਅਤ ਸਿੰਘ ਜੀ ਕਹਿ ਰਹੇ ਸਨ ਕਿ ਗੁਰਦਾਸ ਮਾਨ ਕਹਿੰਦਾ ਹੈ ਕਿ ਘਰ ਦੀ ਸ਼ਰਾਬ ਹੋਵੇ................ਇਸ ਤਰ੍ਹਾਂ ਇਹ ਕਲਾਕਾਰ ਲੋਕ ਆਪਣੇ ਗੀਤਾਂ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਨਹੀਂ ਲਿਜਾਂਦੇ । ਉਲਟਾ ਉਨ੍ਹਾਂ ਨੂੰ ਇਸੇ ਪਾਸੇ ਉਕਸਾਉਂਦੇ ਹਨ ਕਿ ਤੁਸੀਂ ਵੀ ਇਸ ਪਾਸੇ ਆਓ ਅਤੇ ਨਜ਼ਾਰਾ ਵੇਖੋ । ਆਰਕੈਸਟਰਾ ਵਿਚ ਇਸ ਤਰ੍ਹਾਂ ਦੇ ਗੀਤ ਵੱਜਦੇ ਹਨ । ਗੱਡੀਆਂ ਵਿਚ ਅਤੇ ਬੱਸਾਂ ਵਿਚ ਇਸ ਤਰ੍ਹਾਂ ਦੇ ਗੀਤ ਵੱਜਦੇ ਹਨ ਅਤੇ ਬੱਚੇ ਘਰਾਂ ਵਿਚ ਜਾ ਕੇ ਇਹੋ ਜਿਹੇ ਗੀਤ ਸੁਣਦੇ ਹਨ । ਇਹੋ ਜਿਹੇ ਗੀਤਾਂ ਤੇ ਰੋਕ ਲੱਗਣੀ ਚਾਹੀਦੀ ਹੈ ਤਾਂ ਕਿ ਸਾਡੇ ਨੌਜਵਾਨ ਇਸ ਪਾਸੇ ਤੋਂ ਦੂਰ ਹਟ ਸਕਣ । ਮੈਂ ਇਹ ਚਾਹਾਂਗਾ ਕਿ ਜਿੱਥੇ ਸਰਕਾਰ ਸਿੱਧੇ ਤੌਰ ਤੇ ਇਸ ਬੁਰਾਈ ਨੂੰ ਖਤਮ ਕਰਨ ਲਈ ਬਿਲਕੁਲ ਨਾ ਕਾਮਯਾਬ ਰਹੀ ਹੈ ਉਥੇ ਅੱਜ ਹਾਊਸ ਦੀ ਇਹ ਮੰਗ ਬਣ ਗਈ ਹੈ । ਦੋ ਮੈਂਬਰ ਮੇਰੇ ਤੋਂ ਪਹਿਲਾਂ ਬੋਲੇ ਹਨ । ਸਰਕਾਰੀ ਪੱਖ ਤੋਂ ਵੀ ਬੋਲੇ ਸਨ, ਸ਼੍ਰੋਮਣੀ ਅਕਾਲੀ ਦਲ ਦੇ ਵੀ ਸਾਡੇ ਫਾਜ਼ਲ ਦੋਸਤ ਸਰਦਾਰ ਮਨਪ੍ਰੀਤ ਸਿੰਘ ਬਾਦਲ ਬੋਲੇ ਹਨ । ਮੈਂ ਭਾਰਤੀ ਜਨਤਾ ਪਾਰਟੀ ਵੱਲੋਂ ਸਮਝਦਾ ਹਾਂ ਕਿ ਸਾਨੂੰ, ਇਸ ਹਾਊਸ ਵਿੱਚ ਨਸ਼ਿਆਂ ਨੂੰ ਰੋਕਣ ਲਈ ਇਕ ਸਰਕਾਰੀ ਪ੍ਰੋਗਰਾਮ ਤਿਆਰ ਕਰਕੇ, ਇਕ ਸਕੀਮ ਫਾਰਮੂਲੇਟ ਕਰਨੀ ਚਾਹੀਦੀ ਹੈ ਤਾਂ ਕਿ ਜੇਕਰ ਆਪਾਂ ਸਿੱਧੇ ਤੌਰ ਤੇ ਫੇਲ੍ਹ ਹਾਂ ਤਾਂ ਅਸਿੱਧੇ ਤੌਰ ਤੇ ਨਸ਼ਿਆਂ ਨੂੰ

[ਸ਼੍ਰੀ ਤਿਕਸ਼ਨ ਸੂਦ]

ਖਤਮ ਕਰ ਸਕਦੇ ਹਾਂ । ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਆਮ ਪ੍ਰਾਈਵੇਟ ਰੈਜ਼ੋਲਿਊਸ਼ਨ ਹੁੰਦੇ ਹਨ, ਉਹ ਟਾਕ ਆਊਟ ਕਰਵਾ ਦਿੱਤੇ ਹਨ, ਇਸ ਮਹੱਤਵਪੂਰਨ ਅਤੇ ਅਹਿਮ ਮੁੱਦੇ ਤੇ ਅੱਜ ਆਪਾਂ ਇਕੱਠੇ ਹਾਂ । ਇਸ ਲਈ ਇਸ ਨੂੰ ਟਾਕ ਆਊਟ ਨਾ ਕਰੀਏ । ਇਸ ਕਰਕੇ ਇਸ ਹਾਊਸ ਦੀ ਆਵਾਜ਼ ਨੂੰ ਜ਼ਰੂਰ ਸੁਣੀਏ । ਇਸ ਹਾਊਸ ਦੀ ਆਵਾਜ਼ ਤੇ ਜ਼ਰੂਰ ਕੁਝ ਨਾ ਕੁਝ ਫੈਸਲਾ ਲਵੋ ਤਾਂ ਕਿ ਪੰਜਾਬ ਬਚ ਸਕੇ, ਪੰਜਾਬ ਦਾ ਭਵਿੱਖ ਬਚ ਸਕੇ, ਪੰਜਾਬ ਦੀ ਜਵਾਨੀ ਬਚ ਸਕੇ । ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜਤਾ ਕਰਦਾ ਹਾਂ ਔਰ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ।

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਇਸ ਬੜੇ ਅਹਿਮ ਮਤੇ ਤੇ ਮੈਨੂੰ ਬੋਲਣ ਦਾ ਵਕਤ ਦਿੱਤਾ ਹੈ । ਪੰਜਾਬ ਵਿੱਚ ਨਸ਼ਿਆਂ ਦਾ ਰੁਝਾਨ ਬਹੁਤ ਵੱਧ ਰਿਹਾ ਹੈ ਜਿਸ ਦੇ ਤਹਿਤ ਪੰਜਾਬ ਦੀ ਜਵਾਨੀ ਜਿਹੜੀ ਹੈ ਉਹ ਬਰਬਾਦ ਹੋ ਰਹੀ ਹੈ । ਇਹ ਰੈਜ਼ੋਲਿਊਸ਼ਨ ਸ਼੍ਰੀ ਜੁਗਲ ਕਿਸ਼ੋਰ ਜੀ ਨੇ ਲਿਆਂਦਾ ਹੈ ਔਰ ਮੇਰੇ ਮਿੱਤਰਾਂ ਨੇ ਆਪਣੇ ਡਿਟੇਲਡ ਵਿਚਾਰ ਇਸ ਉਤੇ ਦਿੱਤੇ ਹਨ । ਅੱਜ ਇਹ ਅਹਿਮ ਸਮੱਸਿਆ ਹੈ । ਇਸ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ । ਸਾਡੀ ਇਸ ਹਾਊਸ ਵਿੱਚ ਕੇਵਲ ਡਿਊਟੀ ਗਰਾਂਟਾਂ ਵਾਸਤੇ ਪੈਸੇ ਵੰਡਣ ਦੀ ਜਾਂ ਲੋਕਾਂ ਦੀ ਡਿਵੈਲਪਮੈਂਟ ਤੱਕ ਹੀ ਸੀਮਤ ਨਹੀਂ ਹੈ । ਜੇ ਇਨ੍ਹਾਂ ਚੀਜ਼ਾਂ ਦਾ ਇਸਤੇਮਾਲ ਕਰਨ ਵਾਲਾ ਹੀ ਕੋਈ ਨਾ ਰਹੇ ਤਾਂ ਇਨ੍ਹਾਂ ਚੀਜ਼ਾਂ ਦੀ ਕੋਈ ਮਹਾਨਤਾ ਪੰਜਾਬ ਵਾਸਤੇ ਨਹੀਂ ਰਹਿਣੀ । ਸਾਡਾ ਨੌਜਵਾਨ ਜਿਸ ਤਰੀਕੇ ਨਾਲ ਅੱਜ ਨਸ਼ਿਆਂ ਵਿੱਚ ਫਸ ਚੁੱਕਾ ਹੈ, ਇਤਿਹਾਸ ਦੇ ਅੰਕੜੇ ਵੀ ਬੋਲਣ ਵਾਲੇ ਵੀਰਾਂ ਨੇ ਦਿੱਤੇ ਹਨ । ਇਹਦੇ ਉਤੇ ਅੱਜ ਸਾਰੇ ਹਾਊਸ ਨੂੰ ਜਿੰਨੇ ਅਸੀਂ ਲੋਕਾਂ ਦੇ ਨੁਮਾਇੰਦੇ ਚੁਣ ਕੇ ਇਥੇ ਆਉਂਦੇ ਹਾਂ, ਅਸੀਂ ਅਗਰ ਪੰਜਾਬ ਨੂੰ, ਹਿੰਦੁਸਤਾਨ ਨੂੰ ਹੱਸਦਾ ਖੇਡਦਾ ਦੇਖਣਾ ਚਾਹੁੰਦੇ ਹਾਂ, ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਦੇਖਣਾ ਚਾਹੁੰਦੇ ਹਾਂ ਤਾਂ ਇਸ ਸਮੱਸਿਆ ਤੇ ਸਾਨੂੰ ਬੜੀ ਗੰਭੀਰਤਾ ਨਾਲ ਰਲ ਮਿਲ ਕੇ ਸਾਂਝਾ ਉਪਰਾਲਾ ਕਰਕੇ ਕੋਈ ਠੋਸ ਨੀਤੀ ਬਣਾਉਣੀ ਪਵੇਗੀ । ਇਹ ਇਕ ਇਹੋ ਜਿਹਾ ਮਸਲਾ ਹੈ ਜਿਸ ਉਤੇ ਅਸੀਂ ਕਿਸੇ ਇਕ ਅਧਿਕਾਰੀ ਤੇ ਜ਼ਿੰਮੇਵਾਰੀ ਨਹੀਂ ਸਿੱਟ ਸਕਦੇ, ਨਾ ਸਰਕਾਰ ਤੇ ਨਾ ਆਪੋਜ਼ੀਸ਼ਨ ਤੇ । ਇਹ ਕੋਈ 1-2 ਦਿਨਾਂ ਦੀ ਸਮੱਸਿਆ ਨਹੀਂ ਹੈ । ਪਿਛਲੇ 10-12 ਸਾਲਾਂ ਤੋਂ ਲਗਾਤਾਰ ਇਹ ਬੀਮਾਰੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ । ਕੋਈ ਵੀ ਸਰਕਾਰ ਆਈ ਨਸ਼ਿਆਂ ਦਾ ਰੁਝਾਨ ਜਿਹੜਾ ਹੈ ਉਹ ਦਿਨ-ਬ-ਦਿਨ ਵੱਧਦਾ ਜਾਂਦਾ ਹੈ । ਇਸਦਾ ਕਾਰਨ ਚਾਹੇ ਅਸੀਂ ਕੁਝ ਵੀ ਲਈਏ,

ਨੌਜਵਾਨਾਂ ਦੀ ਫਰੱਸਟਰੇਸ਼ਨ ਲਈਏ, ਬੇਰੋਜ਼ਗਾਰੀ ਲਈਏ, ਮਾਪਿਆਂ ਵੱਲੋਂ ਧਿਆਨ ਨਾ ਦੇਣਾ ਲਈਏ ਜਾਂ ਟੀਚਰਾਂ ਵੱਲੋਂ ਮਿਆਰੀ ਵਿਦਿਆ ਨਾ ਦੇਣਾ ਲਈਏ, ਇਸ ਦੇ ਕਈ ਕਾਰਨ ਹੋ ਸਕਦੇ ਹਨ ਪਰ ਡਿਪਟੀ ਸਪੀਕਰ ਸਾਹਿਬ, ਇਹਦੇ ਉਤੇ ਸਾਨੂੰ ਬਹੁਤ ਹੀ ਸੰਜੀਦਗੀ ਨਾਲ ਸੋਚਣਾ ਪਵੇਗਾ ਅੱਜ ਸਮਾਂ ਆ ਗਿਆ ਹੈ । ਜੇਕਰ ਅਸੀਂ ਸਾਂਝੇ ਤੌਰ ਤੇ ਇਸ ਸਮੱਸਿਆ ਤੇ ਕੋਈ ਬੰਨ੍ਹ ਨਾ ਬੰਨ੍ਹਿਆਂ, ਨਸ਼ਿਆਂ ਨੂੰ ਰੋਕਣ ਦਾ ਕੋਈ ਰਲ ਮਿਲ ਕੇ ਠੋਸ ਉਪਰਾਲਾ ਨਾ ਕੀਤਾ ਤਾਂ ਸਾਨੂੰ ਇਤਿਹਾਸ ਵੀ ਨਹੀਂ ਮੁਆਫ ਕਰੇਗਾ । ਨਸ਼ਿਆਂ ਦੇ ਕਾਰਨ ਬੜੀਆਂ ਸਮੱਸਿਆਵਾਂ ਹਨ । ਸਾਨੂੰ ਪਤਾ ਹੈ ਨਾਲ ਦੇ ਸੂਬਿਆਂ ਤੋਂ ਨਾਲ ਦੇ ਮੁਲਕ ਤੋਂ ਨਸ਼ਾ ਸਮਗਲ ਹੋ ਕੇ ਆ ਰਿਹਾ ਹੈ । ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਨਾਲ ਲਗਦਾ ਹੈ, ਅਫਗਾਨਿਸਤਾਨ ਪਰ੍ਹਾਂ ਹੈ । ਇਨ੍ਹਾਂ ਦੋਨਾਂ ਦੇਸ਼ਾਂ ਦੇ ਬਾਰਡਰਾਂ ਉਤੇ 5,000 ਕਰੋੜ ਰੁਪਏ ਦੀ ਹੈਰੋਇਨ ਦੀ ਪੈਦਾਵਾਰ ਹੁੰਦੀ ਹੈ ਜਿਹੜੀ ਸਾਰੇ ਸੰਸਾਰ ਵਿਚ ਜਾਂਦੀ ਹੈ । ਉਨ੍ਹਾਂ ਦੇ ਬਾਰਡਰਾਂ ਰਾਹੀਂ ਇਹ ਸਭ ਤੋਂ ਪਹਿਲਾਂ ਪੰਜਾਬ ਵਿਚ ਆਉਂਦੀ ਹੈ । ਇਹ ਨਸ਼ਾ ਇਸ ਤਰ੍ਹਾਂ ਦਾ ਹੈ ਜਿਸ ਦੇ ਆਫਟਰ-ਫੈਕਟਸ ਬਹੁਤ ਹੁੰਦੇ ਹਨ । ਹੈਰੋਇਨ ਬਾਰੇ ਤਾਂ ਅਸੀਂ ਸੁਣਦੇ ਹਾਂ ਕਿ ਇਕ ਕਿਲੋ ਇਕ ਕਰੋੜ ਰੁਪਏ ਦੀ ਵਿਕਦੀ ਹੈ । ਇਕ ਹੋਰ ਨਸ਼ਾ ਹੁੰਦਾ ਹੈ ਸਮੈਕ, ਜਿਹੜੀ ਕਿ ਸਾਡੇ ਬਾਰਡਰ ਦੇ ਜ਼ਿਲਿਆਂ ਵਿਚ ਛੋਟੇ ਛੋਟੇ ਸਟੋਰਾਂ ਅਤੇ ਛੋਟੇ ਛੋਟੇ ਅੱਡਿਆਂ ਤੋਂ ਮਿਲਣੀ ਸ਼ੁਰੂ ਹੋਈ ਹੈ । ਡਿਪਟੀ ਸਪੀਕਰ ਸਾਹਿਬ, ਸਮੈਕ ਦੀ ਇਕ ਪੁੜੀ 400 ਰੁਪਏ ਦੇ ਲਗਭਗ ਆਉਂਦੀ ਹੈ । ਜਿਹੜਾ ਇਕ ਵਾਰੀ ਸਮੈਕ ਖਾਣੀ ਸ਼ੁਰੂ ਕਰ ਦਿੰਦਾ ਹੈ , ਉਸ ਦੇ ਘਰ ਦੇ ਹਾਲਾਤ ਭਾਵੇਂ ਵਾਜਬ ਹੋਣ ਜਾਂ ਨਾ ਹੋਣ, ਉਹ ਉਸ ਤੋਂ ਪਿੱਛੇ ਨਹੀਂ ਹਟ ਸਕਦਾ । ਜਿਸ ਦੇ ਮਾਂ-ਬਾਪ ਨੇ ਠੱਗੀ-ਠੋਰੀ ਮਾਰੀ ਹੋਵੇਗੀ ਤੇ ਜਾਇਦਾਦ ਬਣਾਈ ਹੋਵੇਗੀ ਉਹ ਬੱਚਾ ਤਾਂ ਉਸ ਦੇ ਨਾਲ ਚੱਲੇਗਾ । ਪਰ ਜੇਕਰ ਕਿਸੇ ਗਰੀਬ ਦਾ ਬੱਚਾ ਕਿਸੇ ਤਰ੍ਹਾਂ ਫਸ ਕੇ ਸਮੈਕ ਖਾਣ ਲਗ ਪੈਂਦਾ ਹੈ ਤਾਂ ਉਹ ਫਿਰ ਨਸ਼ਾ ਖਾਣ ਲਈ ਕ੍ਰਾਈਮ ਕਰਦਾ ਹੈ, ਚੋਰੀਆਂ ਕਰਦਾ ਹੈ, ਡਾਕੇ ਮਾਰਦਾ ਹੈ । ਸਮਾਜ ਵਿਚ ਉਹ ਆਪਣਾ ਨਸ਼ਾ ਪੂਰਾ ਕਰਨ ਲਈ ਹਰ ਹੀਲਾ ਵਰਤਦਾ ਹੈ । ਇਹ ਬੜੀ ਵੱਡੀ ਸਮੱਸਿਆ ਹੈ । ਮੈਂ ਸਮਝਦਾ ਹਾਂ ਕਿ ਇਸ ਲਾਹਨਤ ਨਾਲ ਨਜਿੱਠਣ ਲਈ, ਜਿਸ ਤਰ੍ਹਾਂ ਮਨਪ੍ਰੀਤ ਜੀ ਨੇ ਕਿਹਾ ਹੈ ਕਿ ਕੋਈ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਅਜਿਹੇ ਬੱਚਿਆਂ ਦੇ ਪੇਰੈਂਟਸ ਨਾਲ ਸੰਪਰਕ ਕਰੇ । ਮੈਂ ਹਾਊਸ ਕੋਲੋਂ ਮੰਗ ਕਰਦਾ ਹਾਂ ਕਿ ਇਕ ਹਾਈ-ਪਾਵਰਡ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਇਸ ਗੱਲ ਦੀ ਘੋਖ ਕਰੇ ਕਿ ਇਹ ਚੀਜ਼ ਇੰਟਰੋਡਿਊਸ ਕਿਥੋਂ ਹੋਈ, ਪੰਜਾਬ ਵਿਚ ਕਿਥੋਂ ਆਈ । ਜਿਵੇਂ ਮੇਰੇ ਵੀਰ ਨੇ

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਦੱਸਿਆ ਹੈ ਕਿ ਤਰਨਤਾਰਨ ਵਿਚ ਇਕ ਸੈਮੀਨਾਰ ਹੋਇਆ। ਉਥੇ ਬਹੁਤੀ ਉਂਗਲ ਪੁਲਿਸ ਤੇ ਆਈ। ਮੈਂ ਸਮਝਦਾ ਹਾਂ ਕਿ ਇਸ ਦੇ ਵਿਚ ਸਾਡੇ ਪੁਲੀਟੀਕਲ ਬੰਦਿਆਂ ਦਾ ਵੀ ਹੱਥ ਹੈ, ਇਸ ਦੇ ਵਿਚ ਪੁਲਿਸ ਦੇ ਅਫਸਰਾਂ ਦਾ ਵੀ ਹੱਥ ਹੈ। ਇਸ ਦੇ ਵਿਚ ਸਮਗਲਰਾਂ ਦਾ ਵੀ ਹੱਥ ਹੈ। ਇਹ ਬਹੁਤ ਹੀ ਵਿਚਾਰਨ ਵਾਲੀ ਸਮੱਸਿਆ ਹੈ। ਇਸ ਦੇ ਵਾਸਤੇ ਸਾਨੂੰ ਸਾਰਿਆਂ ਨੂੰ ਰਲਮਿਲ ਕੇ ਕੋਈ ਠੋਸ ਕਦਮ ਉਠਾਉਣੇ ਚਾਹੀਦੇ ਹਨ।

**ਡਿਪਟੀ ਸਪੀਕਰ** ਸਾਹਿਬ, ਨਸ਼ਾ ਕੇਵਲ ਹੈਰੋਇਨ ਜਾਂ ਸਮੈਕ ਦਾ ਹੀ ਨਹੀਂ ਹੈ। ਹੋਰ ਵੀ ਨਸ਼ੇ ਹਨ। ਇਕ ਨਸ਼ਾ ਉਹ ਹੈ ਜਿਹੜਾ ਅਸੀਂ ਗਾਵਾਂ-ਮੱਝਾਂ ਨੂੰ ਟੀਕੇ ਲਗਾਉਂਦੇ ਹਾਂ, ਦੁੱਧ ਲੈਣ ਵਾਸਤੇ, ਉਸ ਤੋਂ ਵੀ ਸ਼ਰਾਬ ਤਿਆਰ ਹੁੰਦੀ ਹੈ। ਉਹ ਟੀਕਾ ਡੰਗਰਾਂ ਦਾ ਨਰਵਸ ਸਿਸਟਮ ਸਮਾਪਤ ਕਰ ਦਿੰਦਾ ਹੈ। ਬਾਕੀ ਜਦੋਂ ਉਹ ਸ਼ਰਾਬ ਸਾਡੇ ਪਿੰਡਾਂ ਦੇ ਲੋਕ ਪੀਂਦੇ ਹਨ ਤਾਂ ਉਹ ਨੀਮ ਪਾਗਲ ਹੋ ਜਾਂਦੇ ਹਨ। ਉਨ੍ਹਾਂ ਦੀ ਸੋਚਣ ਸ਼ਕਤੀ ਮੁੱਕ ਜਾਂਦੀ ਹੈ। ਸਾਡੇ ਮਿੱਤਰ ਨੇ ਜਿਕਰ ਕੀਤਾ ਹੈ ਕਿ ਪਿੰਡਾਂ ਦੇ ਲੋਕ ਸ਼ੌਕ ਨਾਲ ਸ਼ਰਾਬ ਪੀਂਦੇ ਹਨ। ਉਹ ਕੋਈ ਸ਼ੌਕ ਨਾਲ ਨਹੀਂ ਪੀਂਦੇ। ਉਹ ਇਸ ਲਈ ਪੀਂਦੇ ਹਨ ਕਿਉਂਕਿ ਉਹ ਦੇਸੀ ਅਤੇ ਅੰਗਰੇਜੀ ਸ਼ਰਾਬ ਅਫੌਰਡ ਹੀ ਨਹੀਂ ਕਰ ਸਕਦੇ। ਦੇਸੀ ਅਤੇ ਅੰਗਰੇਜੀ ਸ਼ਰਾਬ ਪਿੰਡਾਂ ਦੇ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਇਸ ਕਰਕੇ ਉਹ ਲੋਕ ਸ਼ਰਾਬ ਘਰਾਂ ਵਿਚ ਕੱਢਦੇ ਹਨ। ਉਸ ਦੇ ਵਿਚ ਟੀਕਿਆਂ ਦੀ ਵਰਤੋਂ ਹੁੰਦੀ ਹੈ, ਚੁਟਕੀ ਦੀ ਵਰਤੋਂ ਹੁੰਦੀ ਹੈ, ਗਾਚੀ ਦੀ ਵਰਤੋਂ -ਇਹ ਸਭ ਇਸਤੇਮਾਲ ਹੁੰਦੀਆਂ ਹਨ।

(**ਸੰਸਦੀ ਮਾਮਲਿਆਂ** ਦੇ ਮੰਤਰੀ (ਬੈਠੇ ਬੈਠੇ)- ਇਨ੍ਹਾਂ ਨੂੰ ਸਾਰਾ ਪਤਾ ਹੈ।)

ਮੈਨੂੰ ਪਤਾ ਹੈ ਪਰ ਮੈਂ ਨਹੀਂ ਪੀਂਦਾ। ਇਹ ਇਹੋ ਜਿਹਾ ਵਿਸ਼ਾ ਹੈ ਜਿਹੜਾ ਘਰ ਕਰ ਗਿਆ ਹੈ। ਜੇ ਅਸੀਂ ਇਸ ਪਵਿੱਤਰ ਸਦਨ ਤੋਂ ਇਨ੍ਹਾਂ ਨਸ਼ਿਆਂ ਨੂੰ ਛੱਡਣ ਦੀ ਸਹੁੰ ਖਾਈਏ, ਕਿਉਂਕਿ ਅਸੀਂ ਪੰਜਾਬ ਦੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ ਜੇ ਅਸੀਂ ਆਪ ਅਤੇ ਆਪਣੇ ਪਰਿਵਾਰ ਤੋਂ ਛੁਡਾਵਾਂਗੇ ਤਾਂ ਹੀ ਸੂਬੇ ਦੀ ਸੇਵਾ ਹੋਵੇਗੀ। ਮਹਾਰਾਜ ਦੀ ਬਾਣੀ ਹੈ:

ਅਵਰੁ ਉਪਦੇਸੈ ਆਪਿ ਨਾ ਕਰੈ, ਆਵਤ ਜਾਵਤ ਜਨਮੈ ਮਰੈ ॥

ਅਸੀਂ ਕਿਸੇ ਨੂੰ ਉਦੋਂ ਤੱਕ ਕੋਈ ਸਿੱਖਿਆ ਨਹੀਂ ਦੇ ਸਕਦੇ ਜੋ ਅੰਸੀਂ ਆਪਣੇ ਤੇ ਲਾਗੂ ਨਹੀਂ ਕਰ ਸਕਦੇ। ਅੱਜ ਵਕਤ ਆ ਗਿਆ ਹੈ ਕਿ ਜੇ ਸਾਨੂੰ ਪੰਜਾਬ ਦੇ ਨਾਲ ਸਹੀ ਮਾਅਨਿਆਂ ਵਿੱਚ ਹਮਦਰਦੀ ਹੈ ਤਾਂ ਸਾਨੂੰ ਇਸ ਦੇ ਲਈ ਜ਼ਰੂਰ ਉਪਰਾਲੇ ਕਰਨੇ ਚਾਹੀਦੇ ਹਨ। ਅਸੀਂ ਕਿਸੇ ਪ੍ਰਚਾਰਕ, ਧਾਰਮਿਕ ਲੋਕ ਜਾਂ ਗਾਉਣ ਵਾਲਿਆਂ ਤੇ ਇਹ ਨਹੀਂ ਠੋਸ ਸਕਦੇ। ਨਸ਼ਿਆਂ ਦੇ ਵਿੱਚ ਤਾਂ ਸ਼ਰਾਬ ਦਾ ਵੀ ਨਸ਼ਾ ਆਉਂਦਾ ਹੈ, ਪਰ ਨਾ ਇੱਧਰ ਵਾਲਿਆਂ ਨੇ ਮੰਨਣਾ ਹੈ ਅਤੇ ਨਾ ਉਧਰ ਵਾਲਿਆਂ ਨੇ ਮੰਨਣਾ ਹੈ ਕਿਉਂਕਿ ਸਰਕਾਰਾਂ ਤਾਂ ਸ਼ਰਾਬ ਦੇ ਸਿਰ ਤੇ ਹੀ ਚਲਦੀਆਂ ਹਨ। ਹਰਿਆਣਾ ਵਿੱਚ ਚੌਧਰੀ ਬੰਸੀ ਲਾਲ ਨੇ ਬੜੀ ਕੋਸ਼ਿਸ਼ ਕਰਕੇ ਸ਼ਰਾਬ ਬੰਦ ਕੀਤੀ ਸੀ ਪਰ ਸਾਰੀ ਸ਼ਰਾਬ ਪੰਜਾਬ ਤੋਂ ਸਮੱਗਲ ਹੋ ਕੇ ਉਧਰ ਜਾਂਦੀ ਰਹੀ ਅਤੇ ਠੇਕਦਾਰਾਂ ਨੇ ਵੀ ਚੰਗੇ ਹੱਥ ਰੰਗੇ ਅਤੇ ਚੰਗਾ ਕੰਮ ਕਰਨ ਵਾਲਾ ਮਾਰਿਆ ਗਿਆ। ਇਸ ਲਈ ਇਹ ਬੜੀ ਹੀ ਗੰਭੀਰ ਸਮੱਸਿਆ ਹੈ। ਜਿੱਥੇ ਨਸ਼ੇ ਰੋਕਣ ਵਾਸਤੇ ਅਸੀਂ ਚਿੰਤਤ ਹਾਂ ਉਥੇ ਮੈਂ ਸਮਝਦਾ ਹਾਂ ਕਿ ਨਿਰੀ ਚਿੰਤਾ ਦੇ ਨਾਲ ਕੁਝ ਨਹੀਂ ਬਣਨਾ ਸਾਨੂੰ ਉਪਰਾਲੇ ਕਰਨੇ ਪੈਣਗੇ ਅਤੇ ਕਮਰਕਸੇ ਕਰਕੇ ਸੋਚਣਾ ਚਾਹੀਦਾ ਹੈ ਕਿਉਂਕਿ ਅੱਜ ਜਿੰਨੇ ਕੰਪੀਟੀਸ਼ਨ ਹੋ ਰਹੇ ਹਨ ਅਤੇ ਉਨ੍ਹਾਂ ਦੇ ਵਿੱਚ ਕੋਈ ਵੀ ਪੰਜਾਬ ਦਾ ਬੱਚਾ ਨਹੀਂ ਆ ਸਕਿਆ। ਬੱਚਿਆਂ ਵਿੱਚ ਅੱਜ ਬੜੀ ਫਰੱਸਟ੍ਰੇਸ਼ਨ ਹੈ। ਇਸ ਲਈ ਸਾਨੂੰ ਉਪਰਾਲੇ ਕਰਨੇ ਚਾਹੀਦੇ ਹਨ। ਇਸ ਲਈ ਸਾਨੂੰ ਇਹ ਨਹੀਂ ਕਿ ਫਸਲਾਂ ਦੀ ਡਾਈਵਰਸੀਫੀਕੇਸ਼ਨ ਵਾਂਗ ਅੱਜ ਇਥੇ ਕਿਹਾ ਗਿਆ ਕਿ 12 ਕਰੋੜ ਰੁਪਏ ਡਾਈਵਰਸੀਫੀਕੇਸ਼ਨ ਲਈ ਖਰਚਿਆ ਗਿਆ ਪਰ ਇਸਦਾ ਕੋਈ ਫਾਇਦਾ ਨਹੀਂ ਹੋਇਆ। ਨਸ਼ਿਆਂ ਵਿਰੁੱਧ ਉਚੇਰੇ ਕਦਮ ਚੁੱਕਣ ਦੀ ਲੋੜ ਹੈ ਇਸਦੇ ਲਈ ਹਸਪਤਾਲ ਕਾਇਮ ਹੋਣਾ ਚਾਹੀਦਾ ਹੈ। ਥੀਏਟਰਾਂ ਵਿੱਚ ਨਾਟਕਾਂ ਰਾਹੀਂ, ਇਲੈਕਟਰੋਨਿਕ ਮੀਡੀਏ ਰਾਹੀਂ ਅਤੇ ਹੋਰ ਕੈਂਪ ਲਗਾ ਕੇ ਸਾਨੂੰ ਚਰਚਾ ਕਰਨੀ ਚਾਹੀਦੀ ਹੈ ਅਤੇ ਸਾਨੂੰ ਲੋਕਾਂ ਨੂੰ ਉਤਸ਼ਾਹਿਤ ਕਰਕੇ ਪਿੰਡਾਂ ਵਿੱਚ ਅਤੇ ਸ਼ਹਿਰਾਂ ਵਿੱਚ ਥੀਏਟਰਾਂ ਦੇ ਰਾਹੀਂ ਦੱਸਣਾ ਚਾਹੀਦਾ ਹੈ ਕਿ ਨਸ਼ੇ ਪੰਜਾਬ ਦੀ ਜਵਾਨੀ ਨੂੰ ਕਿੱਧਰ ਲਿਜਾ ਰਹੇ ਹਨ। ਇਸਦੇ ਨਾਲ ਪੰਜਾਬ ਇਕੱਲੇ ਦਾ ਨੁਕਸਾਨ ਨਹੀਂ ਹੋਣਾ, ਜੇ ਪੰਜਾਬ ਦੀ ਜਵਾਨੀ ਤਬਾਹ ਹੋ ਗਈ ਤਾਂ ਸਾਰੇ ਮੁਲਕ ਦਾ ਨੁਕਸਾਨ ਹੋਣਾ ਹੈ। ਅੱਜ ਸਾਰੇ ਮੁਲਕ ਨੂੰ ਅਨਾਜ ਦੇਣ ਵਿੱਚ ਪੰਜਾਬ ਦਾ ਕਿਸਾਨ ਅੱਗੇ ਹੈ ਅਤੇ ਮੁਲਕ ਦੀ ਰਾਖੀ ਵੀ ਪੰਜਾਬ ਦੀ ਜਵਾਨੀ ਹੀ ਕਰਦੀ ਹੈ ਜੇਕਰ ਪੰਜਾਬ ਦੀ ਜਵਾਨੀ ਦੇ ਚਿਹਰੇ ਦੀ ਲਾਲੀ ਖਤਮ ਹੋ ਗਈ ਤਾਂ ਸਾਡਾ ਦੇਸ਼ ਭੁੱਖਮਰੀ ਨਾਲ ਮਰ ਜਾਵੇਗਾ ਅਤੇ ਵਿਦੇਸ਼ੀ ਮਾਰ ਤੋਂ ਵੀ ਨਹੀਂ ਬਚ ਸਕੇਗਾ। ਇਸ ਲਈ ਪੰਜਾਬ ਦੀ ਸਮੱਸਿਆ ਸਾਰੇ ਮੁਲਕ ਦੀ

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਸਮੱਸਿਆ ਹੈ ਇਸ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ ਅਤੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨਸ਼ਿਆਂ ਦੇ ਵਿਰੁੱਧ ਜਿਹੜਾ ਕਾਨੂੰਨ ਹੈ ਉਹ ਸਾਰੇ ਹਾਊਸ ਨੂੰ ਸਖਤ ਬਣਾਉਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਯੂ.ਐਸ.ਏ., ਯੂ.ਕੇ., ਜਪਾਨ, ਕਨੇਡਾ ਅਤੇ ਚੀਨ ਵਿੱਚ ਨਸ਼ਿਆਂ ਦੇ ਵਿਰੁੱਧ ਬੜੀਆਂ ਸਖਤ ਸਜਾਵਾਂ ਹਨ । ਸਾਨੂੰ ਉਹੀ ਤਰੀਕੇ ਅਡਾਪਟ ਕਰਨੇ ਚਾਹੀਦੇ ਹਨ ਤਾਂ ਜਾ ਕੇ ਇਸ ਤੋਂ ਕੁਝ ਬਚਾ ਹੋ ਸਕਦਾ ਹੈ । ਇਸ ਦੇ ਨਾਲ ਹੀ ਬੱਚਿਆਂ ਨੂੰ ਪ੍ਰੇਰਨਾ ਵੀ ਅਤੇ ਇੰਸੈਂਟਿਵ ਵੀ ਦੇਣੇ ਚਾਹੀਦੇ ਹਨ ਜਿਹੜੀ ਮੈਂ ਡਾਈਵਰਸੀਫਿਕੇਸ਼ਨ ਬਾਰੇ ਗੱਲ ਕੀਤੀ ਹੈ ਮੈਂ ਇਸ ਕਰਕੇ ਕੀਤੀ ਹੈ ਕਿਉਂਕਿ ਸਾਨੂੰ ਕਿਸੇ ਚੀਜ਼ ਦੇ ਬਦਲਾਵ ਲਈ ਇੰਸੈਂਟਿਵ ਦੇਣਾ ਚਾਹੀਦਾ ਹੈ । ਬੱਚਿਆਂ ਨੂੰ ਪ੍ਰੇਰਨਾ ਦੇਣੀ ਚਾਹੀਦੀ ਹੈ ਕਿ ਜਿਹੜਾ ਬੱਚਾ ਨਸ਼ਾ ਛੱਡੇਗਾ, ਉਸ ਨੂੰ ਸਰਕਾਰ ਮੱਦਦ ਦੇਵੇਗੀ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਪੰਚਾਇਤਾਂ ਵਿੱਚ ਰਿਜ਼ਰਵੇਸ਼ਨ ਕੀਤੀ ਗਈ ਹੈ, ਲੇਡੀਜ਼ ਵਾਸਤੇ, ਐਸ.ਸੀਜ਼ ਵਾਸਤੇ, ਜਨਰਲ ਕੈਟਾਗਰੀ ਵਾਸਤੇ, ਇਸੇ ਤਰ੍ਹਾਂ ਇਸ ਵੱਡੀ ਸਮੱਸਿਆ ਨੂੰ ਰੋਕਣ ਲਈ ਵੀ ਹੇਠਲੇ ਪੱਧਰ ਤੇ ਰਿਜ਼ਰਵੇਸ਼ਨ ਕੀਤੀ ਜਾਵੇ । ਜਿਸ ਤਰ੍ਹਾਂ ਜਿਹੜੇ ਪਿੰਡ ਸ਼ਰਾਬ ਨਹੀਂ ਪੀਣਗੇ ਜਾਂ ਜਿਹੜੇ ਪਿੰਡ ਦੀ ਪੰਚਾਇਤ ਨਸ਼ਿਆਂ ਤੋਂ ਰਹਿਤ ਹੋਵੇਗੀ, ਉਸਨੂੰ ਇਨਸੈਂਟਿਵ ਦਿੱਤਾ ਜਾਵੇਗਾ । ਇਹ ਗੱਲ ਅਸੀਂ ਪੰਚਾਇਤ ਪੱਧਰ ਤੇ ਲੋਕਾਂ ਸਾਹਮਣੇ ਰੱਖੀਏ । ਇਸੇ ਤਰ੍ਹਾਂ ਜਿਹੜਾ ਸਰਪੰਚ ਆਪਣੇ ਪਿੰਡ ਦੀ ਪੰਚਾਇਤ ਨਸ਼ਿਆਂ ਤੋਂ ਰਹਿਤ ਬਣਾਵੇਗਾ, ਉਸ ਨੂੰ ਸਰਕਾਰ ਮੱਦਦ ਕਰੇਗੀ । ਇਸੇ ਤਰ੍ਹਾਂ ਜਿਹੜਾ ਪਿੰਡ ਸਾਰਾ ਹੀ ਨਸ਼ਿਆਂ ਤੋਂ ਰਹਿਤ ਹੋਵੇਗਾ, ਉਸ ਨੂੰ ਸਰਕਾਰ ਸਹੂਲਤਾਂ ਦੇਵੇਗੀ, ਉਸ ਨੂੰ ਇਨਸੈਂਟਿਵ ਦਿੱਤਾ ਜਾਵੇਗਾ । ਅਗਰ ਇਹ ਇਨਸੈਂਟਿਵ ਨਹੀਂ ਦਿੱਤਾ ਜਾਂਦਾ ਤਾਂ ਮੈਂ ਨਿਰਸੰਦੇਹ ਕਹਿ ਸਕਦਾ ਹਾਂ ਕਿ ਪੰਜਾਬ ਦੇ ਨਿਆਣੇ ਫੌਜ ਵਿੱਚ ਨਹੀਂ ਜਾ ਸਕਣਗੇ । ਪੰਜਾਬ ਦੇ ਲੋਕ ਆਪਣੇ ਬੱਚਿਆਂ ਨੂੰ ਸਿਰਫ ਬਾਹਰ ਭਿਜਵਾ ਕੇ ਹੀ ਬਚਾ ਸਕਦੇ ਹਾਂ ਪਰ ਅਗਰ ਬੱਚੇ ਇੱਥੇ ਰਹਿੰਦੇ ਹਨ ਤਾਂ ਫਿਰ ਉਹ ਮੁੜ ਫੌਜ ਵਿੱਚ ਭਰਤੀ ਨਹੀਂ ਹੋ ਸਕਣਗੇ ਨਾ ਹੀ ਚੰਗੇ ਕਿਸਾਨ ਬਣ ਸਕਣਗੇ । ਇਸ ਨਾਲ ਨਾ ਕੇਵਲ ਪੰਜਾਬ ਦਾ ਭਵਿੱਖ ਡੁੱਬੇਗਾ ਬਲਕਿ ਸਾਰੇ ਦੇਸ਼ ਦਾ ਭਵਿੱਖ ਡੁੱਬੇਗਾ । ਇਹ ਬੜੀ ਸੀਰੀਅਸ ਸਮੱਸਿਆ ਹੈ । ਇਹ ਅੱਜ ਚਿੰਤਾ ਦਾ ਵਿਸ਼ਾ ਹੈ ਪਰ ਇਤਨਾ ਮਹੱਤਵਪੂਰਨ ਮਸਲਾ ਹੋਵੇ ਤੇ ਹਾਊਸ ਦੀ ਗਿਣਤੀ ਬਹੁਤ ਥੋੜ੍ਹੀ ਹੈ ਜਿਸ ਤੋਂ ਲਗਦਾ ਹੈ ਕਿ ਅਸੀਂ ਚਿੰਤਿਤ ਹੀ ਨਹੀਂ ਹਾਂ । ਸਾਨੂੰ ਤਾਂ ਸਿਰਫ ਆਪਣੇ ਬੱਚਿਆਂ ਦੀ ਚਿੰਤਾ ਹੈ ਤੇ ਜਾਂ ਫਿਰ ਆਪਣੀ ਕਮਾਈ ਦੀ ਚਿੰਤਾ ਰਹਿੰਦੀ ਹੈ । ਅਸੀਂ ਪੰਜਾਬ ਦੇ ਬੱਚਿਆਂ ਵਾਸਤੇ ਘੱਟ ਸੋਚਦੇ ਹਾਂ । ਦੂਜਾ ਮਤਾ ਵੀ ਇਨਸਾਨੀ ਜ਼ਿੰਦਗੀ ਨਾਲ ਸਬੰਧਿਤ ਹੈ ਤੇ ਇਹ ਮਸਲਾ ਵੀ ਇਨਸਾਨੀ ਜੀਵਨ ਨਾਲ

ਸਬੰਧਿਤ ਹੈ । ਇਸ ਕਰਕੇ ਸਾਰਿਆਂ ਨੂੰ ਰਲ ਮਿਲ ਕੇ ਠੋਸ ਕਦਮ ਚੁੱਕਣੇ ਚਾਹੀਦੇ ਹਨ । ਸ਼੍ਰੀ ਜੁਗਲ ਕਿਸ਼ੋਰ ਜੀ ਨੇ ਬਹੁਤ ਵਧੀਆ ਮਤਾ ਲਿਆਂਦਾ ਹੈ, ਮੈਂ ਧੰਨਵਾਦੀ ਹਾਂ ਔਰ ਇਸ ਦੀ ਪੁਰਜ਼ੋਰ ਸ਼ਬਦਾਂ ਨਾਲ ਪ੍ਰੋੜਤਾ ਕਰਦਾ ਹਾਂ । ਇਹ ਕੇਵਲ ਮਤਾ ਨਾ ਰਹੇ ਬਲਕਿ ਠੋਸ ਕਦਮ ਵੀ ਚੁੱਕੇ ਜਾਣ । ਧੰਨਵਾਦ ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ** (ਸ਼੍ਰੀ ਅਸ਼ਵਨੀ ਸੇਖੜੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿਉਂਕਿ ਤੁਸੀਂ ਮੈਨੂੰ ਬਹੁਤ ਹੀ ਮਹੱਤਵਪੂਰਨ ਇਸ਼ੂ ਤੇ ਵਿਚਾਰ ਰੱਖਣ ਲਈ ਸਮਾਂ ਦਿੱਤਾ ਹੈ । ਇਹ ਮਤਾ ਸ਼੍ਰੀ ਜੁਗਲ ਕਿਸ਼ੋਰ ਜੀ ਨੇ ਲਿਆਂਦਾ ਹੈ ਅਤੇ ਮਨਪ੍ਰੀਤ ਜੀ, ਛੋਟੇਪੁਰ ਜੀ ਅਤੇ ਸੂਦ ਸਾਹਿਬ ਨੇ ਇਸ ਦੀ ਸਪੋਰਟ ਕੀਤੀ ਹੈ । ਜਿਸ ਤਰ੍ਹਾਂ ਕਿ ਮੇਰੇ ਤੋਂ ਪਹਿਲਾਂ ਦੱਸਿਆ ਗਿਆ ਹੈ, ਇਹ ਪੰਜਾਬ ਲਈ ਇੱਕ ਚੈਲੰਜ ਹੈ ਜਿਸ ਤੇ ਡਿਬੇਟ ਹੋ ਰਹੀ ਹੈ । ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਕੋਲ ਜਿਹੜਾ ਵੀ ਚੈਲੰਜ ਆਇਆ ਹੈ, ਉਨ੍ਹਾਂ ਨੇ ਉਸ ਚੈਲੰਜ ਨੂੰ ਖਿੜੇ ਮੱਥੇ ਕਬੂਲ ਕੀਤਾ ਅਤੇ ਉਸ ਤੇ ਫਤਹਿ ਪ੍ਰਾਪਤ ਕੀਤੀ । ਅਗਰ ਅਸੀਂ ਆਪਣਾ ਪਿਛੋਕੜ ਦੇਖੀਏ ਅਤੇ ਸਿਰਫ ਇੱਕ ਜਨਰੇਸ਼ਨ ਪਹਿਲਾਂ ਦੇਖੀਏ, ਸਾਡੇ ਫਾਦਰ ਜਾਂ ਉਨ੍ਹਾਂ ਦੇ ਕੁਲੀਗਜ਼ ਨੂੰ ਦੇਖੀਏ ਤਾਂ ਇਹ ਦੇਖਣ ਵਿੱਚ ਆਵੇਗਾ ਕਿ ਪੂਰੇ ਮੁਹੱਲੇ ਵਿੱਚ ਜਾਂ ਪੂਰੇ ਸ਼ਹਿਰ ਵਿੱਚ ਗਿਣੇ-ਚੁਣੇ ਲੋਕ ਹੀ ਸ਼ਰਾਬ ਪੀਂਦੇ ਸੀ ਪਰ ਅੱਜ ਕਿਸੇ ਸਮਾਜ ਵਿੱਚ, ਕਿਸੇ ਸੁਸਾਇਟੀ ਵਿੱਚ, ਕਿਸੇ ਕਲੱਬ ਵਿੱਚ ਜਾਂ ਕਿਸੇ ਏਰੀਏ ਵਿੱਚ ਗਿਣੇ ਚੁਣੇ ਲੋਕ ਹੋਣਗੇ ਜਿਹੜੇ ਸ਼ਰਾਬ ਨਹੀਂ ਪੀਂਦੇ ਜਾਂ ਨਸ਼ੇ ਨਹੀਂ ਕਰਦੇ । ਇਹ ਬੜੀ ਚਿੰਤਾ ਵਾਲੀ ਗੱਲ ਹੈ । ਸੋ, ਇਹ ਪੰਜਾਬ ਲਈ ਚੈਲੰਜ ਹੈ । ਪੰਜਾਬ ਲਈ ਇਹ ਕੋਈ ਅੱਛੀ ਗੱਲ ਨਹੀਂ ਹੈ ਬਲਕਿ ਇਹ ਸਾਜ਼ਸ ਦਿਖਾਈ ਦਿੰਦੀ ਹੈ । ਕੋਈ ਬਹਾਦਰ ਪੰਜਾਬੀਆਂ ਨੂੰ ਪੰਜਾਬੀ ਕੌਮ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ ਔਰ ਇਸ ਦੀਆਂ ਜੜ੍ਹਾਂ ਖੋਖਲਾ ਕਰਨਾ ਚਾਹੁੰਦਾ ਹੈ । ਅੱਜ ਵੱਖ ਵੱਖ ਨਸ਼ੇ ਜਿਵੇਂ, ਅਫੀਮ, ਚਰਸ, ਭੁੱਕੀ, ਬਰਾਊਨ ਸ਼ੂਗਰ, ਇੰਜੈਕਸ਼ਨ ਆਦਿ ਸਾਡੇ ਨੌਜਵਾਨ ਵਰਤ ਰਹੇ ਹਨ ਤਾਂ ਕਿ ਸਾਡੇ ਨੌਜਵਾਨ ਆਉਣ ਵਾਲੇ ਸਮੇਂ ਵਿੱਚ ਬਿਲਕੁਲ ਕਮਜ਼ੋਰ ਹੋ ਜਾਣ । ਅਗਰ ਇਸ ਕਾਂਸਪੀਰੇਸੀ ਨੂੰ ਦੇਖਿਆ ਜਾਵੇ ਤਾਂ ਇਹ ਅਨ-ਡਿਕਲੇਅਰਡ ਵਾਰ ਦਿਖਾਈ ਦਿੰਦੀ ਹੈ । ਮੈਂ ਇਹ ਤਾਂ ਨਹੀਂ ਕਹਿੰਦਾ ਕਿ ਕਿਸ ਵੱਲੋਂ ਪਰ ਇੱਕ ਐਸੀ ਸਾਜਿਸ਼ ਚਲਾਈ ਜਾ ਰਹੀ ਹੈ ਕਿ ਪੰਜਾਬੀਆਂ ਨੂੰ, ਪੰਜਾਬ ਦੇ ਨੌਜਵਾਨ ਨੂੰ ਇਸ ਕੰਮ ਵਿੱਚ ਪਾ ਦਿਓ ਤਾਂ ਕਿ ਇਹ ਬਹਾਦਰ ਕੌਮ ਕਮਜ਼ੋਰ ਹੋ ਜਾਵੇ । ਅਸੀਂ ਲੋਕ ਬਾਰਡਰ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਡਿਸਟ੍ਰਿਕਟ ਵਿੱਚੋਂ ਆਏ ਹਾਂ, ਖ਼ਾਸ ਤੌਰ ਤੇ ਗੁਰਦਾਸਪੁਰ, ਅੰਮ੍ਰਿਤਸਰ ਔਰ ਫਿਰੋਜ਼ਪੁਰ ਜਿਹੜੇ ਜ਼ਿਲ੍ਹੇ ਹਨ, ਉਨ੍ਹਾਂ ਦੇ ਪਿੰਡਾਂ ਵਿੱਚ ਸ਼ਰਾਬ ਨਾਲ ਰੱਜੇ ਅਸੀਂ ਦੇਖੇ ਹਨ ਔਰ ਸ਼ਹਿਰਾਂ ਦੀਆਂ ਗਲੀਆਂ ਅਤੇ ਮੁਹੱਲਿਆਂ ਵਿੱਚ ਜਾ ਕੇ ਦੇਖੋ ਔਰ ਕਈ ਵਾਰ ਜਾਕੇ ਦੇਖਿਆ ਹੈ ਕਿ ਬਹੁਤ ਸਾਰੇ ਨੌਜਵਾਨ ਗਲੀਆਂ ਵਿੱਚ ਰੁਲਦੇ ਨਜ਼ਰ ਆਉਂਦੇ ਹਨ। ਕੋਈ ਐਸਾ ਮੁੱਹਲਾ ਨਹੀਂ ਹੈ ਜਿਥੇ ਨਸ਼ੇ ਵਾਲਾ ਬੰਦਾ ਨਜ਼ਰ ਨਾ ਆਵੇ। ਇਹ ਇੱਕ ਬਹੁਤ ਵੱਡਾ ਕੋਹੜ ਹੈ ਜਿਹੜਾ ਸਾਡੇ ਪੰਜਾਬ ਨੂੰ ਲੱਗ ਰਿਹਾ ਹੈ। ਮੈਂ ਸਮਝਦਾ ਹਾਂ ਨਾ ਕੇਵਲ ਲੜਕੇ ਬਲਕਿ ਅੱਜ ਸਾਡੀਆਂ ਲੜਕੀਆਂ ਵੀ, ਸਾਡੀਆਂ ਬੱਚੀਆਂ ਨੂੰ ਵੀ ਇਸ ਤਰਫ ਧੱਕਿਆ ਜਾ ਰਿਹਾ ਹੈ ਔਰ ਉਹ ਬੱਚੇ ਗੁੰਮਰਾਹ ਹੋ ਰਹੇ ਹਨ। ਸਾਡੇ ਹਾਊਸ ਦੀ, ਸਾਡੀ ਸਰਕਾਰ ਦੀ, ਸਾਡੇ ਲੋਕਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਪੰਜਾਬੀਆਂ ਨੂੰ, ਆਪਣੀ ਕੌਮ ਨੂੰ ਇਸ ਗੁਨਾਹ ਤੋਂ, ਇਸ ਚੀਜ ਤੋਂ ਬਚਾਈਏ। ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਲੋਕਾਂ ਦੀ ਪਰਸੂਏਸ਼ਨ ਕਰਨੀ ਚਾਹੀਦੀ ਹੈ, ਜਿਸ ਨਾਲ ਅਸੀਂ ਇਸ ਚੀਜ਼ ਤੇ ਫਤਿਹ ਪਾ ਸਕਦੇ ਹਾਂ। ਮੈਂ, ਡਿਪਟੀ ਸਪੀਕਰ ਸਾਹਿਬ, ਇਕ ਪਹਿਲ ਕੀਤੀ ਸੀ। ਜਦੋਂ ਅਸੀਂ 2002 ਦੀਆਂ ਇਲੈਕਸ਼ਨਾਂ ਵਿੱਚ ਜਿੱਤ ਕੇ ਆਏ, ਉਸ ਤੋਂ ਪਹਿਲਾਂ ਜਦੋਂ ਵਿਆਹਾਂ ਸ਼ਾਦੀਆਂ ਦੇ ਮੌਕੇ ਤੇ ਅਸੀਂ ਜਾਂਦੇ ਸੀ, ਕਿਉਂਕਿ ਅਸੀਂ ਸੋਸ਼ਲ ਲੋਕ ਹਾਂ ਇਸ ਲਈ ਸਾਨੂੰ ਇਨਵਾਈਟ ਕੀਤਾ ਜਾਂਦਾ ਹੈ, ਉਥੇ ਓਪਨ ਨਾਚ ਹੁੰਦਾ ਸੀ ਅਤੇ ਸਾਨੂੰ ਲੋਕਾਂ ਨੂੰ ਸ਼ਰਮ ਆ ਜਾਂਦੀ ਸੀ ਅਤੇ ਅਸੀਂ ਪ੍ਰੋਗਰਾਮ ਛੱਡ ਜਾਂਦੇ ਸੀ। ਮੈਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੇ ਜਦੋਂ ਕਲਚਰਲ ਅਫੇਅਰ ਡਿਪਾਰਟਮੈਂਟ ਦਿੱਤਾ ਤਾਂ ਮੈਂ ਇਸ ਚੀਜ਼ ਨੂੰ ਬੜਾ ਸੀਰੀਅਸਲੀ ਲਿਆ। ਸਾਥੀ ਬਾਠ ਸਾਹਿਬ ਨਾਲ ਸਲਾਹ ਕੀਤੀ ਸੀ। ਉਸ ਵੇਲੇ ਮੁੱਖ ਮੰਤਰੀ ਜੀ ਨੂੰ ਸੁਜੈਸ਼ਨ ਦਿੱਤੀ ਔਰ ਅਸੀਂ ਤਜਰਬਾ ਕੀਤਾ ਸੁਰਤਾਲ ਕਰਕੇ। ਜਿਸ ਵਿੱਚ ਨੌਜਵਾਨ ਲੋਕਾਂ ਨੂੰ ਮੈਂ ਇਨਵਾਈਟ ਕੀਤਾ। ਜਿਹੜਾ ਅਸੀਂ ਪ੍ਰੋਗਰਾਮ ਕੀਤਾ, ਇਸ ਵਿੱਚ ਭੰਗੜਾ, ਗਿੱਧਾ ਜਾਂ ਪੰਜਾਬੀ ਲੋਕ ਗੀਤ ਲੈ ਕੇ ਕੰਪੀਟੀਸ਼ਨ ਕੀਤਾ ਅਤੇ ਜੇਤੂਆਂ ਨੂੰ 10 ਲੱਖ ਰੁਪਏ ਦੇ ਇਨਾਮ ਦਿੱਤੇ। ਅੱਜ ਜਦੋਂ ਅਸੀਂ ਵਿਆਹ ਸ਼ਾਦੀਆਂ ਵਿੱਚ ਜਾ ਕੇ ਦੇਖਦੇ ਹਾਂ ਤਾਂ ਸਾਨੂੰ ਭੰਗੜਾ ਗਿੱਧਾ ਨਜ਼ਰ ਆਉਂਦਾ ਹੈ। ਸਾਨੂੰ ਕਲਚਰਲ ਈਵੈਂਟ ਨਜ਼ਰ ਆਉਂਦੇ ਹਨ। ਇਸ ਵਿੱਚ ਸਾਡੇ ਲੋਕਾਂ ਦਾ ਰੋਲ ਮੈਂ ਸਮਝਦਾ ਹਾਂ ਕਿ ਸਭ ਤੋਂ ਵੱਧ ਹੈ। ਮੈਂ ਜਦੋਂ ਯੂਨੀਵਰਸਿਟੀ ਵਿੱਚ ਪੜ੍ਹਦਾ ਸੀ, ਉਥੇ ਪੜ੍ਹਿਆ ਸੀ do not preach what you cannot practice. ਅਗਰ ਅਸੀਂ ਆਪ ਨਸ਼ਾ ਕਰਾਂਗੇ ਤਾਂ ਕਿਸੇ ਨੂੰ ਕੀ ਸਮਝਾਵਾਂਗੇ। ਮੈਨੂੰ ਖੁਸ਼ੀ ਹੈ ਕਿ ਸਾਡੇ ਇਸ ਹਾਊਸ ਵਿੱਚ, ਇਸ ਸਦਨ ਵਿੱਚ ਬਹੁਤ ਸਾਰੇ ਸਾਡੇ ਲੀਡਰ ਐਸੇ ਹਨ, ਜਿਹੜੇ ਨਸ਼ਿਆਂ ਤੋਂ ਪਰਹੇਜ਼

ਕਰਦੇ ਹਨ ਅਤੇ ਬਹੁਤ ਸਾਰੇ ਐਸੇ ਹਨ ਜਿਹੜੇ ਪਰਹੇਜ਼ ਨਹੀਂ ਕਰਦੇ । ਅਸੀਂ ਕਿਉਂ ਨਾ ਸਾਰੇ ਇਸ ਚੀਜ਼ ਵੱਲ ਚੱਲੀਏ, ਪਹਿਲਾਂ ਆਪਣੇ ਆਪ ਨੂੰ ਸੁਧਾਰੀਏ, ਤਾਂ ਹੀ ਅਸੀਂ ਬੱਚਿਆਂ ਨੂੰ ਸੁਧਾਰ ਸਕਦੇ ਹਾਂ । ਇਸ ਲਈ ਮੇਰੀ ਸਾਰਿਆਂ ਨੂੰ ਇਹ ਅਪੀਲ ਹੈ, ਜਿਹੜੇ ਸੀਨੀਅਰ ਹਨ, ਉਨ੍ਹਾਂ ਨੂੰ ਵੀ ਕਿ ਇਸ ਬੰਨੇ ਧਿਆਨ ਦੇਈਏ ।

ਅੱਜ ਦੇ ਦਿਨ, ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਬੜੀ ਇੰਪਾਰਟੈਂਟ ਚੀਜ਼ ਤੁਹਾਡੇ ਨਾਲ ਸ਼ੇਅਰ ਕਰਨੀ ਚਾਹੁੰਦਾ ਹਾਂ, ਹਾਊਸ ਨਾਲ ਸ਼ੇਅਰ ਕਰਨੀ ਚਾਹੁੰਦਾ ਹਾਂ ਕਿ ਅਸੀਂ ਪਿੱਛੇ ਜਿਹੇ ਪਾਕਿਸਤਾਨ ਗਏ ਸੀ । ਉਧਰਲੇ ਪੰਜਾਬ ਨੂੰ ਰੂਰਲ ਲੈਵਲ ਤੱਕ ਗਰਾਸ ਰੂਟ ਤੱਕ ਸਟੱਡੀ ਕਰਨ ਦਾ ਮਨ ਸੀ । ਡਾ. ਰਾਜ ਕੁਮਾਰ ਵੀ ਨਾਲ ਸਨ । ਮੈਂ ਹਾਊਸ ਨਾਲ ਐਕਸਪੀਰੀਐਂਸ ਸ਼ੇਅਰ ਕਰਨਾ ਚਾਹੁੰਦਾ ਹਾਂ ਕਿ ਅਸੀਂ ਜਦੋਂ ਲਾਹੌਰ ਵਿੱਚ ਸਟੱਡੀ ਕਰਨ ਤੋਂ ਬਾਅਦ, ਇਸਲਾਮਾਬਾਦ ਸਟੱਡੀ ਕਰਨ ਤੋਂ ਬਾਅਦ ਇੱਕ ਸਰਾਏਆਲਮ ਛੋਟੀ ਜਿਹੀ ਜਗ੍ਹਾ ਤੇ ਗਏ, ਜਿਹੜੀ ਚਨਾਬ ਦੇ ਕਿਨਾਰੇ ਤੇ ਸੀ । ਉਥੇ ਸਰਕਾਰ ਵੱਲੋਂ ਰਿਸੈਪਸ਼ਨ ਦਾ ਪ੍ਰੋਗਰਾਮ ਸੀ । ਘੱਟੋ ਘੱਟ ਉਥੇ ਤਿੰਨ-ਚਾਰ ਸੌ ਲੋਕ ਸਨ । 80% ਨੌਜਵਾਨ ਸਨ ਅਤੇ ਬਾਕੀ ਬਜ਼ੁਰਗ ਵੀ ਸਨ । ਪ੍ਰੋਗਰਾਮ ਰਾਤ 9.00 ਵਜੇ ਸ਼ੁਰੂ ਹੋਇਆ ਅਤੇ 11.30-12.00 ਵਜੇ ਤੱਕ ਚੱਲਿਆ । ਪ੍ਰੋਗਰਾਮ ਤੋਂ ਬਾਅਦ ਕਾਰ ਵਿੱਚ ਬੈਠ ਕੇ ਇੱਕ ਗੱਲ ਅਸੀਂ ਦੇਖੀ ਕਿ ਕਿਸੇ ਨੇ ਨਸ਼ਾ ਨਹੀਂ ਪੀਤਾ ਹੋਇਆ ਸੀ । ਅੱਜ ਸਾਡੇ ਪੰਜਾਬ ਵਿੱਚ ਕੋਈ ਐਸਾ ਪ੍ਰੋਗਰਾਮ ਨਹੀਂ ਹੋ ਸਕਦਾ ਜਿਸ ਵਿੱਚ ਲੋਕਾਂ ਨੇ ਦਾਰੂ ਨਾ ਪੀਤੀ ਹੋਵੇ, ਨਸ਼ਾ ਨਾ ਕੀਤਾ ਹੋਵੇ । ਉਹ ਵੀ ਪੰਜਾਬ ਹੈ, ਇਹ ਵੀ ਪੰਜਾਬ ਹੈ । ਸਾਡਾ ਪਿਛੋਕੜ ਇੱਕ ਹੈ ਪਰ ਉਨ੍ਹਾਂ ਨੇ ਕਿਸ ਤਰ੍ਹਾਂ ਲੋਕਾਂ ਨੂੰ, ਆਪਣੀ ਕੌਮ ਨੂੰ ਬਚਾਇਆ ਹੈ । ਸਾਡੀ ਕੌਮ ਨੂੰ ਉਸੇ ਰਾਹ ਤੇ ਚਲਾਉਣ ਦੀ ਜ਼ਰੂਰਤ ਹੈ । ਮੈਂ ਸਮਝਦਾ ਹਾਂ ਕਿ ਅਸੀਂ ਡੰਡੇ ਨਾਲ ਨਹੀਂ, ਪਿਆਰ ਨਾਲ ਇਸ ਚੀਜ਼ ਤੇ ਕਾਬੂ ਪਾ ਸਕਦੇ ਹਾਂ । (ਵਿਘਨ) ਇਸ ਚੀਜ਼ ਵਾਸਤੇ ਜਿਸ ਤਰ੍ਹਾਂ ਛੋਟੇਪੁਰ ਸਾਹਿਬ ਨੇ ਅਤੇ ਮਨਪ੍ਰੀਤ ਨੇ ਕਿਹਾ ਹੈ, ਸਾਨੂੰ ਆਲ ਪਾਰਟੀ ਫੋਰਮ ਬਣਾਉਣਾ ਚਾਹੀਦਾ ਹੈ, ਜਿਹੜਾ ਇਸ ਉਤੇ ਗੰਭੀਰਤਾ ਨਾਲ ਵਿਚਾਰ ਕਰੇ । ਵੱਖਰੇ ਵੱਖਰੇ ਵਿਚਾਰਾਂ ਨਾਲ, ਡਿਸਕਸ਼ਨ ਨਾਲ ਰਸਤੇ ਕੱਢੇ ਜਾਣ, ਜਿਸ ਨਾਲ ਅਸੀਂ ਆਪਣੇ ਨੌਜਵਾਨਾਂ ਨੂੰ ਇਸ ਚੀਜ਼ ਤੋਂ ਰੋਕ ਸਕੀਏ । ਇੱਕ ਚੀਜ਼ ਅਸੀਂ ਹੋਰ ਪਾਕਿਸਤਾਨ ਦੇ ਵਿੱਚ ਜਾ ਕੇ ਦੇਖੀ ਹੈ । ਸਾਡੇ ਐਕਸਾਈਜ਼ ਮਨਿਸਟਰ ਸਾਹਿਬ ਮੈਨੂੰ ਮੁਆਫ ਕਰਨਗੇ ਕਿ ਸਾਡੇ ਬਜਟ ਦੇ ਵਿੱਚ ਅਸੀਂ ਆਪਣੀ ਸਰਕਾਰ ਦੇ ਕੰਮ ਕਾਰ ਨੂੰ ਬਗੈਰ ਐਕਸਾਈਜ਼ ਦੇ ਰੈਵੇਨਿਊ ਤੋਂ ਚਲਾਉਣ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਲਈ ਸੋਚ ਹੀ ਨਹੀਂ ਸਕਦੇ ਪਰ ਪਾਕਿਸਤਾਨ ਦੇ ਵਿਚ ਕੋਈ ਐਕਸਾਈਜ਼ ਰੈਵੇਨਿਊ ਨਹੀਂ ਹੈ, ਫਿਰ ਵੀ ਉਨ੍ਹਾਂ ਦੇ ਸ਼ਹਿਰ ਸਾਡੇ ਸ਼ਹਿਰਾਂ ਨਾਲੋਂ ਵੱਧ ਡਿਵੈਲਪਡ ਹਨ । ਇਸ ਚੀਜ਼ ਨੂੰ ਵੀ ਸੋਚਣ ਦੀ ਲੋੜ ਹੈ ਕਿ ਕਿਸ ਤਰ੍ਹਾਂ ਦੇ ਤਰੀਕੇ ਉਨ੍ਹਾਂ ਨੇ ਅਪਣਾਏ ਹਨ ਔਰ ਅਸੀਂ ਅੱਜ ਕਿਸ ਤਰਫ ਜਾ ਰਹੇ ਹਾਂ । ਅੱਜ ਅਸੀਂ 70-80 ਪ੍ਰਤੀਸ਼ਤ ਬਜਟ ਐਕਸਾਈਜ਼ ਤੋਂ ਪ੍ਰਾਪਤ ਕਰਦੇ ਹਾਂ ਇਸ ਲਈ ਇਸ ਚੀਜ਼ ਲਈ ਗੌਰਮਿੰਟ ਹੀ ਇਸ ਤਰ੍ਹਾਂ ਦੇ ਤਰੀਕੇ ਅਪਨਾਵੇ ਜਿਸ ਨਾਲ ਰੈਵੇਨਿਊ ਹੋਰ ਪਾਸੇ ਤੋਂ ਵੀ ਆਵੇ, ਦੂਜੀਆਂ ਚੀਜ਼ਾਂ ਤੋਂ ਵੀ ਆਵੇ, ਨਾ ਕਿ ਐਕਸਾਈਜ਼ ਤੋਂ ਹੀ ਆਵੇ । ਅੱਜ ਸਾਨੂੰ ਇਸ ਚੀਜ਼ ਵੱਲ ਵੀ ਗੰਭੀਰਤਾ ਦੇ ਨਾਲ ਸੋਚਣ ਦੀ ਲੋੜ ਹੈ ਕਿ ਜਿਹੜੇ ਅੱਜ ਸਾਡੇ ਡੀ-ਅਡਿਕਸ਼ਨ ਸੈਂਟਰ ਹਨ, ਕੀ ਉਹ ਠੀਕ ਤਰੀਕੇ ਦੇ ਨਾਲ ਕੰਮ ਕਰ ਰਹੇ ਹਨ, ਉਨ੍ਹਾਂ ਦੀ ਹੁਣ ਦੀ ਕੀ ਪੋਜ਼ੀਸ਼ਨ ਹੈ, ਕੀ ਉਨ੍ਹਾਂ ਨੂੰ ਫਾਈਨਾਂਸ਼ੀਅਲ ਏਡ ਦੀ ਜ਼ਰੂਰਤ ਹੈ । ਅੱਜ ਜਿਹੜੀਆਂ ਸਾਡੀਆਂ ਮੈਡੀਸਨ ਦੀਆਂ ਦੁਕਾਨਾਂ ਹਨ ਉਨ੍ਹਾਂ ਦੇ ਵਿਚੋਂ ਇਲੀਗਲੀ ਤੌਰ ਤੇ ਔਰ ਬਗੈਰ ਕਿਸੇ ਪ੍ਰੈਸਕ੍ਰਿਪਸ਼ਨ ਤੋਂ ਦੁਨੀਆਂ ਭਰ ਦੇ ਨਸ਼ੇ ਕੈਪਸੂਲ ਔਰ ਇੰਜੈਕਸ਼ਨ ਵਿਕ ਰਹੇ ਹਨ । ਸਾਡੇ ਨੌਜਵਾਨ ਇੰਜੈਕਸ਼ਨ ਵੀ ਲੈ ਲੈਂਦੇ ਹਨ ਔਰ ਕੈਪਸੂਲ ਵੀ ਲੈਂਦੇ ਹਨ । ਜਿਵੇਂ ਸ਼੍ਰੀ ਛੋਟੇਪੁਰ ਜੀ ਨੇ ਕਿਹਾ ਹੈ ਕਿ ਸਾਡੇ ਕਈ ਨੌਜਵਾਨ ਡੰਗਰਾਂ ਦੇ ਇੰਜੈਕਸ਼ਨ ਵੀ ਲੈਂਦੇ ਹਨ । ਕੀ ਅੱਜ ਜਿਹੜੇ ਡਰੱਗ ਇੰਸਪੈਕਟਰ ਹਨ, ਉਨ੍ਹਾਂ ਦਾ ਕੰਮ ਕਾਰ ਕਮਜ਼ੋਰ ਹੋ ਗਿਆ ਹੈ । ਮੇਰੇ ਕੋਲ ਜਦੋਂ ਮੈਂ ਸਟੇਟ ਮਨਿਸਟਰ ਫਾਰ ਹੈਲਥ ਸੀ ਤਾਂ ਉਦੋਂ ਦੇਖਿਆ ਸੀ ਕਿ ਜਿੰਨੇ ਸਾਡੇ ਕੋਲ ਡਰੱਗ ਇੰਸਪੈਕਟਰ ਹੋਣੇ ਚਾਹੀਦੇ ਹਨ, ਉਨੇ ਨਹੀਂ ਹਨ । ਇਸ ਲਈ ਉਨ੍ਹਾਂ ਨੂੰ ਸਟਰੈਂਥਨ ਕੀਤਾ ਜਾਵੇ । ਇਸ ਲਈ ਮੈਂ ਗੌਰਮਿੰਟ ਨੂੰ ਅਪੀਲ ਵੀ ਕਰਾਂਗਾ ਕਿ ਇਨ੍ਹਾਂ ਨੂੰ ਸਟਰੈਂਥਨ ਕੀਤਾ ਜਾਵੇ ਔਰ ਡਿਪਾਰਟਮੈਂਟ ਨੂੰ ਸਟਰੈਂਥਨ ਕੀਤਾ ਜਾਵੇ ਤਾਂ ਜੋ ਜਿਹੜੀਆਂ ਇਸ ਤਰ੍ਹਾਂ ਦੀਆਂ ਗੈਰ ਕਾਨੂੰਨੀ ਤੌਰ ਤੇ ਦਵਾਈਆਂ ਵਿਕ ਰਹੀਆਂ ਹਨ, ਉਨ੍ਹਾਂ ਦੀ ਰੋਕਥਾਮ ਕੀਤੀ ਜਾ ਸਕੇ । ਡਿਪਟੀ ਸਪੀਕਰ ਸਾਹਿਬ, ਅੱਜ ਮਾਝੇ, ਮਾਲਵੇ ਅਤੇ ਦੁਆਬੇ ਦੇ ਵਿੱਚ 60 ਪ੍ਰਤੀਸ਼ਤ ਤੋਂ ਵੱਧ ਲੋਕ ਨਸ਼ਾ ਕਰਦੇ ਹਨ ਔਰ ਇਹ ਸਾਡੇ ਲਈ ਬੜਾ ਅਲਾਰਮਿੰਗ ਹੈ । ਇਸ ਦੇ ਲਈ ਅਸੀਂ ਕਿਉਂ ਨਾ ਜਲਦੀ ਤੋਂ ਜਲਦੀ ਹਾਊਸ ਦੀ ਕਮੇਟੀ ਬਣਾਈਏ । ਮੈਂ ਸਮਝਦਾ ਹਾਂ ਕਿ ਅੱਜ ਜਿਹੜੇ ਸਾਡੇ ਨੌਜਵਾਨ ਹਨ, ਉਨ੍ਹਾਂ ਦੇ ਉਤੇ ਬਹੁਤ ਜ਼ਿਆਦਾ ਜ਼ਿੰਮੇਂਵਾਰੀ ਹੈ, ਅੱਜ ਦਾ ਜਿਹੜਾ ਨੌਜਵਾਨ ਹੈ ਉਹ ਆਪਣੇ ਸਮਾਜ ਔਰ ਬੱਚਿਆਂ ਨੂੰ ਕੀ ਦੇ ਕੇ ਜਾਵੇਗਾ । ਇਹ ਵੀ ਬੜੀ ਗੰਭੀਰਤਾ ਦੇ ਨਾਲ ਸੋਚਣ ਵਾਲੀ ਗੱਲ ਹੈ । ਸਾਨੂੰ ਇਸ ਮਾਮਲੇ ਉਤੇ ਪਾਰਟੀ ਲੈਵਲ ਤੋਂ ਉਪਰ ਉਠ ਕੇ ਕਾਰਵਾਈ ਕਰਨੀ ਚਾਹੀਦੀ ਹੈ ਔਰ ਪਰਪੋਜ਼ਲਜ਼ ਦੇਣ ਕਿਉਂਕਿ ਅੱਜ ਦਾ ਜਿਹੜਾ ਮਤਾ ਸ਼੍ਰੀ ਜੁਗਲ ਕਿਸ਼ੋਰ ਜੀ ਨੇ ਪੇਸ਼

ਕੀਤਾ ਹੈ ਇਸ ਨੂੰ ਸਾਰੀਆਂ ਪਾਰਟੀਆਂ ਨੇ ਸਪੋਰਟ ਕੀਤਾ ਹੈ । ਇਸ ਲਈ ਅੱਜ ਇਹ ਮਤਾ ਹੀ ਨਾ ਬਣ ਕੇ ਨਾ ਰਹਿ ਜਾਏ ਸਗੋਂ ਅਜਿਹੀਆਂ ਪਰਪੋਜ਼ਲਾਂ ਬਣਾਈਏ ਜਿਸ ਦੇ ਨਾਲ ਕਾਨੂੰਨ ਬਣ ਕੇ ਇਹ ਅੱਜ ਸਾਡੇ ਪੰਜਾਬ ਦੇ ਨੌਜਵਾਨਾਂ ਔਰ ਪੰਜਾਬੀਅਤ ਦੀ ਰੱਖਿਆ ਕਰ ਸਕੇ । ਅੱਜ ਇਹ ਗੱਲ ਵੀ ਬੜੀ ਗੰਭੀਰਤਾ ਦੇ ਨਾਲ ਸੋਚਣ ਦੀ ਲੋੜ ਹੈ । ਜਿਹੜੇ ਬੱਚੇ ਬੀ. ਏ., ਐਮ.ਏ., ਜਾਂ ਕਈ ਪੀ. ਐਚ. ਡੀ. ਵੀ ਕਰ ਜਾਂਦੇ ਹਨ, ਪਰ ਉਨ੍ਹਾਂ ਨੂੰ ਕੋਈ ਰੋਜ਼ਗਾਰ ਨਹੀਂ ਮਿਲਦਾ ਜਿਸ ਕਾਰਨ ਉਨ੍ਹਾਂ ਦੇ ਵਿੱਚ ਫਰੱਸਟ੍ਰੇਸ਼ਨ ਪੈਦਾ ਹੋ ਜਾਂਦੀ ਹੈ ਜਿਸ ਕਾਰਨ ਉਹ ਨੌਜਵਾਨ ਵੀ ਨਸ਼ਿਆਂ ਵਾਲੇ ਪਾਸੇ ਤੁਰਨ ਲੱਗ ਜਾਂਦੇ ਹਨ । ਅੱਜ ਬੇਰੁਜ਼ਗਾਰੀ ਵੀ ਇਨ੍ਹਾਂ ਨਸ਼ਿਆਂ ਵੱਲ ਵਧਣ ਦਾ ਬਹੁਤ ਵੱਡਾ ਗਰਾਸ ਰੂਟ ਹੈ । ਇਸ ਲਈ ਸਰਕਾਰ ਪੰਜਾਬ ਦੇ ਵਿੱਚ ਰੁਜ਼ਗਾਰ ਵਧਾਉਣ ਵਾਸਤੇ ਕੋਈ ਸਕੀਮਾਂ ਲਿਆਵੇ ਤਾਂ ਉਹ ਇਸ ਦੇ ਵਿੱਚ ਕਾਫੀ ਲਾਭਦਾਇਕ ਸਿੱਧ ਹੋ ਸਕਦੀਆਂ ਹਨ । ਇਸ ਤੋਂ ਇਲਾਵਾ ਜਿਹੜੀਆਂ ਸਾਡੀਆਂ ਧਾਰਮਿਕ ਸੰਸਥਾਵਾਂ ਹਨ ਜਿਨ੍ਹਾਂ ਦੇ ਬਾਰੇ ਸ਼੍ਰੀ ਛੋਟੇਪੁਰ ਸਾਹਿਬ ਨੇ ਵੀ ਕਿਹਾ ਹੈ ਕਿ ਇਹ ਸੰਸਥਾਵਾਂ ਪ੍ਰਚਾਰ ਕਰਦੀਆਂ ਹਨ ਕਿ ਨਸ਼ੇ ਨਹੀਂ ਕਰਨੇ ਚਾਹੀਦੇ, ਸਾਡੇ ਧਰਮ ਦੇ ਵਿੱਚ ਵੀ ਲਿਖਿਆ ਹੋਇਆ ਹੈ ਕਿ ਨਸ਼ੇ ਨਹੀਂ ਕੀਤੇ ਜਾਣੇ ਚਾਹੀਦੇ । ਜਿਹੜਾ ਬੱਚਾ ਅੰਮ੍ਰਿਤ ਛੱਕਦਾ ਹੈ ਉਸ ਨੂੰ ਨਸ਼ੇ ਕਰਨ ਦੀ ਮਨਾਹੀ ਹੈ । ਔਰ ਸਾਡੇ ਘਰਾਂ ਦੇ ਵਿੱਚ ਵੀ ਕਿਹਾ ਜਾਂਦਾ ਹੈ ਕਿ ਨਸ਼ੇ ਨਹੀਂ ਕਰਨੇ ਚਾਹੀਦੇ । ਕੋਈ ਵੀ ਮਾਂ ਆਪਣੇ ਬੱਚੇ ਨੂੰ ਨਸ਼ਾ ਕਰਨ ਲਈ ਕਦੇ ਨਹੀਂ ਕਹੇਗੀ ਔਰ ਨਾ ਹੀ ਪਿਉ ਆਪਣੇ ਬੱਚੇ ਨੂੰ ਨਸ਼ਾ ਕਰਨ ਲਈ ਕਹੇਗਾ । ਇਸ ਲਈ ਸਾਨੂੰ ਸਮਾਜ ਦੇ ਵਿੱਚ ਸਵੱਛਤਾ ਲਿਆਉਣੀ ਪਵੇਗੀ ਔਰ ਅਛਾਈ ਲਿਆਉਣ ਦੇ ਲਈ ਜਿਹੜੀਆਂ ਸਾਡੀਆਂ ਧਾਰਮਿਕ ਸੰਸਥਾਵਾਂ ਹਨ ਉਹ ਕਾਫੀ ਮੱਦਦ ਕਰ ਸਕਦੀਆਂ ਹਨ । ਵੈਸੇ ਰਾਧਾ ਸਵਾਮੀ ਵਾਲਿਆਂ ਨੇ ਕਾਫੀ ਕੰਮ ਕੀਤਾ ਹੈ । ਇਸ ਦੇ ਲਈ ਹਾਊਸ ਦੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਔਰ ਧਾਰਮਿਕ ਸੰਸਥਾਵਾਂ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੱਧ ਤੋਂ ਵੱਧ ਪ੍ਰਚਾਰ ਕਰਨ । ਮੈਂ ਨਹੀਂ ਸਮਝਦਾ ਕਿ ਪੰਜਾਬ ਦੀ ਜਿਹੜੀ ਆਬੋ-ਹਵਾ ਹੈ ਜਾਂ ਜੋ ਸਾਡਾ ਐਨਵਾਇਰਨਮੈਂਟ ਹੈ ਉਸ ਦੇ ਵਿੱਚ ਨਸ਼ਾ ਕਰਨ ਦੀ ਜ਼ਰੂਰਤ ਹੋਵੇ । ਨਸ਼ਾ ਕਰਨ ਦੀ ਜ਼ਰੂਰਤ ਹੋਵੇ । ਨਸ਼ਾ ਕਰਨ ਦੀ ਜ਼ਰੂਰਤ ਤਾਂ ਠੰਡੇ ਮੁਲਕਾਂ ਦੇ ਵਿੱਚ ਪੈਂਦੀ ਹੈ, ਉਧਰ ਉਨ੍ਹਾਂ ਦੀ ਨਸੈਸਿਟੀ ਹੁੰਦੀ ਹੈ ਪਰ ਜਿਹੜੀ ਸਾਡੇ ਪੰਜਾਬ ਦੀ ਆਬੋ-ਹਵਾ ਹੈ ਉਸ ਦੇ ਬਾਰੇ ਮੈਂ ਨਹੀਂ ਸਮਝਦਾ ਹਾਂ ਕਿ ਇਸ ਦੀ ਸਾਡੀ ਬਾਡੀ ਲਈ ਜ਼ਰੂਰਤ ਹੈ । ਇਸ ਲਈ ਜ਼ਰੂਰਤ ਹੈ ਕਿ ਅਸੀਂ ਤਕੜੇ ਹੋ ਕੇ ਇਸ ਪਾਸੇ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਤੁਰੀਏ । ਵੈਸੇ ਵੀ ਪੰਜਾਬੀ ਜਿਸ ਪਾਸੇ ਨੂੰ ਤਿਆਰ ਹੋ ਕੇ ਜਾਂਦੇ ਹਨ ਉਧਰ ਫਤਹਿ ਜ਼ਰੂਰ ਹੁੰਦੀ ਹੈ । ਸਾਰੀਆਂ ਪਾਰਟੀਆਂ ਇਕੱਠੀਆਂ ਹੋ ਕੇ ਤਹੱਈਆ ਕਰੀਏ ਕਿ ਪੰਜਾਬ ਵਿਚ ਨਸ਼ੇ ਛੁਡਵਾਉਣੇ ਹਨ । ਮੈਂ ਨਹੀਂ ਸਕਝਦਾ ਕਿ ਅਸੀਂ ਫਤਹਿ ਨਾ ਪਾ ਸਕੀਏ । ਅੱਜ ਇਸ ਚੀਜ਼ ਦੀ ਜ਼ਰੂਰਤ ਹੈ । ਇਹ ਜਿਹੜਾ ਚੈਲੰਜ ਹੈ ਇਹ ਇਕ ਸਮਾਜਿਕ ਚੈਲੰਜ ਨਹੀਂ ਹੈ ਇਹ ਪੰਜਾਬੀਅਤ ਨੂੰ ਚੈਲੰਜ ਹੈ, ਸਾਡੇ ਨੌਜਵਾਨ ਲੀਡਰਾਂ ਨੂੰ ਚੈਲੰਜ ਹੈ ਕਿ ਅਸੀਂ ਨੌਜਵਾਨ ਬੱਚਿਆਂ ਨੂੰ ਕਿਸ ਤਰ੍ਹਾਂ ਬਚਾਉਣਾ ਹੈ ਅਤੇ ਆਓ ਇਕੱਠੇ ਹੋ ਕੇ ਇਸ ਪਾਸੇ ਕੰਮ ਕਰੀਏ । ਵਿਧਾਨ ਸਭਾ ਦਾ ਇਹ ਸਦਨ ਇਹ ਕੰਮ ਕਰੇ ਤਾਂ ਕਿ ਆਉਣ ਵਾਲੀ ਜਨਰੇਸ਼ਨ ਯਾਦ ਕਰੇ ਕਿ ਇਸ ਹਾਊਸ ਨੇ ਇਕ ਐਸੀ ਪਰਪੋਜ਼ਲ ਬਣਾਈ ਸੀ । ਪੰਜਾਬੀਅਤ ਹਾਲੇ ਬਿਲਕੁਲ ਖ਼ਤਮ ਨਹੀਂ ਹੋਈ, ਡੀਟੀਰੀਓਰੇਸ਼ਨ ਬਹੁਤ ਆਈ ਹੈ ਪਰ ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਇਹ ਅਲਾਰਮਿੰਗ ਸਟੇਜ ਤੇ ਹੈ, ਪੰਜਾਬੀਅਤ ਹਾਲੇ ਖ਼ਤਮ ਨਹੀਂ ਹੋਈ, ਇੰਨਾ ਨਹੀਂ ਕਿ ਉਮੀਦ ਹੀ ਛੱਡ ਦਿੱਤੀ ਜਾਵੇ । ਅਜੇ ਵੀ ਸਮਾਜ ਨੂੰ ਬਚਾਇਆ ਜਾ ਸਕਦਾ ਹੈ ਪ੍ਰੋਵਾਈਡਿਡ ਅਸੀਂ ਇਕੱਠੇ ਹੋ ਕੇ ਇਸ ਵਾਸਤੇ ਹੰਭਲਾ ਮਾਰੀਏ, ਕੌਮ ਨੂੰ, ਪੰਜਾਬੀਅਤ ਨੂੰ, ਪੰਜਾਬ ਦੀ ਨਸਲ ਨੂੰ ਬਚਾਈਏ, ਔਰ ਤਕੜੇ ਹੋ ਕੇ ਇਸ ਬੁਰਾਈ ਦੇ ਖਿਲਾਫ਼ ਕੰਮ ਕਰੀਏ । ਮੈਂ ਆਪਣੇ ਵੱਲੋਂ ਪੁਰਜ਼ੋਰ ਅਪੀਲ ਕਰ੍ਹਾਂਗਾ ਇਸ ਹਾਊਸ ਨੂੰ ਕਿ ਅਸੀਂ ਇਕੱਠੇ ਹੋ ਕੇ ਕੰਮ ਕਰੀਏ । ਮੈਂ ਇਸ ਮਤੇ ਦੀ ਜਿਹੜਾ ਜੁਗਲ ਕਿਸ਼ੋਰ ਜੀ ਨੇ ਇਸ ਹਾਊਸ ਵਿਚ ਲਿਆਂਦਾ ਹੈ ਪ੍ਰੋੜਤਾ ਕਰਦਾ ਹਾਂ । ਸ਼ੁਕਰੀਆ । ਜੈ ਹਿੰਦ ।

**ਸਰਦਾਰ ਤੋਤਾ ਸਿੰਘ** (ਮੋਗਾ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਮਹੱਤਤਾ ਵਾਲੇ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ । ਮੈਂ ਜੁਗਲ ਕਿਸ਼ੋਰ ਜੀ ਦਾ ਧੰਨਵਾਦੀ ਹਾਂ ਜਿਹੜੇ ਇਕ ਬਹੁਤ ਮਹੱਤਤਾ ਵਾਲਾ ਮਤਾ ਲੈ ਕੇ ਆਏ ਹਨ। ਇਸ ਉਤੇ ਬਹੁਤ ਸਾਰੇ ਸਦਨ ਦੇ ਮੈਂਬਰ ਸਾਹਿਬਾਨ ਨੇ ਆਪੋ ਆਪਣੇ ਵਿਚਾਰ ਦਿੱਤੇ ਹਨ ਤੇ ਆਪਣੇ ਵੱਲੋਂ ਇਹ ਦੱਸਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਕਿ ਕਿਸ ਢੰਗ ਨਾਲ ਇਸ ਬੁਰਾਈ ਤੋਂ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾਵੇ । ਇਸ ਵਾਸਤੇ ਮੈਂ ਆਪਣੇ ਵੀ ਸੁਝਾਅ ਦੇਣਾ ਚਾਹੁੰਦਾ ਹਾਂ ਪਰ ਸਭ ਤੋਂ ਪਹਿਲਾਂ ਅਫ਼ਸੋਸ ਜ਼ਾਹਿਰ ਕਰਦਾ ਹਾਂ ਅਤੇ ਇਸ ਗੱਲ ਦਾ ਦੁੱਖ ਹੈ ਕਿ ਕਿੰਨਾ ਵੱਡਾ ਹਾਊਸ ਹੈ 117 ਮੈਂਬਰਾਂ ਦਾ ਪਰ ਹਾਜ਼ਰ ਮੈਂਬਰਾਂ ਦੀ ਗਿਣਤੀ ਕਿੰਨੀ ਹੈ ? ਇੰਨੀ ਵੱਡੀ ਮਹੱਤਤਾ ਵਾਲਾ ਮਤਾ ਹੋਵੇ ਤੇ ਗਿਣਤੀ ਵਿਚ ਮੈਂਬਰ ਕਿੰਨੇ ਬੈਠੇ ਹਾਂ ? ਇਥੋਂ ਪਤਾ ਲੱਗਦਾ ਹੈ ਕਿ ਇਸ ਗੱਲ ਨੂੰ ਕਿੰਨਾ ਸੀਰੀਅਸ ਤੌਰ ਤੇ ਲਿਆਂਦਾ ਜਾ ਰਿਹਾ ਹੈ । ਚੰਗਾ ਹੁੰਦਾ ਜੇ

ਸਾਰੀਆਂ ਪਾਰਟੀਆਂ ਦੇ ਮੁਖੀ ਰਾਜਸੀ ਪਾਰਟੀਆਂ ਦੇ ਮੈਂਬਰਾਂ ਨੂੰ ਵਿੱਪ ਜਾਰੀ ਕਰ ਦਿੰਦੇ ਕਿ ਬਹੁਤ ਮਹੱਤਤਾ ਵਾਲਾ ਮਤਾ ਆ ਰਿਹਾ ਹੈ ਅਤੇ ਸਾਰਿਆਂ ਨੇ ਇਸ ਉਪਰ ਸਰਵਸੰਮਤੀ ਨਾਲ ਫੈਸਲਾ ਲੈਣਾ ਹੈ ਤਾਂ ਕਿ ਮਨੁੱਖਤਾ ਨੂੰ ਪੰਜਾਬ ਦੇ ਨੌਜਵਾਨਾਂ ਨੂੰ ਬਚਾਇਆ ਜਾ ਸਕੇ । ਜਿਥੇ ਮੈਨੂੰ ਘੱਟ ਹਾਜ਼ਰੀ ਦਾ ਅਫ਼ਸੋਸ ਹੈ ਉਥੇ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰ ਚੀਜ਼ ਦਾ ਕਾਰਨ ਹੁੰਦਾ ਹੈ । ਅਸੀਂ 25-30 ਸਾਲ ਤੋਂ ਦੇਖ ਰਹੇ ਹਾਂ ਕਿ ਸਾਡੇ ਬਾਰਡਰ ਦੇ ਇਲਾਕਿਆਂ ਵਿਚ ਇਸ ਚੀਜ਼ ਨਾਲ ਸਭ ਤੋਂ ਵੱਡਾ ਨੁਕਸਾਨ ਹੋ ਰਿਹਾ ਹੈ । ਪੰਜਾਬ ਦੇ ਲੋਕ ਇੰਨੇ ਸੂਰਬੀਰ ਸੀ ਕਿ ਚਾਹੇ 1965 ਦੀ ਲੜਾਈ ਸੀ, ਚਾਹੇ 1971 ਦੀ ਲੜਾਈ ਸੀ ਜਾਂ ਕਾਰਗਿਲ ਦੀ ਲੜਾਈ ਸੀ, ਪੰਜਾਬ ਨੇ ਇਨ੍ਹਾਂ ਵਿਚ ਸਭ ਤੋਂ ਵੱਡਾ ਯੋਗਦਾਨ ਪਾਇਆ। ਜਿਹੜੇ ਗਵਾਂਢੀ ਦੇਸ਼ ਹਨ ਉਨ੍ਹਾਂ ਦੀ ਜ਼ਰੂਰ ਸੋਚ ਹੁੰਦੀ ਹੈ ਕਿ ਕਿਸ ਢੰਗ ਨਾਲ ਇਹ ਲੋਕ ਜਿਹੜੇ ਇੰਨੇ ਤਕੜੇ ਹਨ ਉਨ੍ਹਾਂ ਤੋਂ ਛੁਟਕਾਰਾ ਪਾਇਆ ਜਾਵੇ । ਸਾਡਾ ਬਾਰਡਰ ਬਹੁਤ ਲੰਮਾ ਹੈ । ਬਾਰਡਰ ਲੰਮਾ ਹੋਣ ਕਾਰਨ ਇਹੋ ਜਿਹੇ ਨਸ਼ੇ ਇਨ੍ਹਾਂ ਗਵਾਂਢੀ ਦੇਸ਼ਾਂ ਵਿਚੋਂ ਸਾਡੇ ਦੇਸ਼ ਵਿਚ ਆ ਗਏ ਕਿ ਸਾਡੀ ਨੌਜਵਾਨੀ ਤਬਾਹ ਹੋ ਗਈ । ਫੌਜ ਵਾਸਤੇ ਭਰਤੀ ਹੋਣੀ ਸੀ 20-25 ਹਜ਼ਾਰ ਨੌਜਵਾਨ ਪੇਸ਼ ਹੋਇਆ ਪਰ ਭਰਤੀ 5% ਤੋਂ ਜ਼ਿਆਦਾ ਨਹੀਂ ਹੋਈ । ਮੇਰੇ ਕੋਲ ਫੌਜੀ ਭਰਤੀ ਵਾਸਤੇ ਕਟਿੰਗਾਂ ਪਈਆਂ ਹਨ ਪਰ ਜਿਹੜੀ ਸਾਡੀ ਨੌਜਵਾਨੀ ਹੈ ਉਹ ਨਸ਼ਿਆਂ ਵਿਚ ਗਰਕੀ ਪਈ ਹੈ । ਬਾਰਡਰ ਵੱਡਾ ਹੋਣਾ ਇਸ ਦਾ ਇਕ ਮੁੱਖ ਕਾਰਨ ਹੈ ਅਸੀਂ ਕੇਂਦਰ ਸਰਕਾਰ ਤੋਂ ਮਦਦ ਲੈ ਕੇ ਇਸ ਤੇ ਕੋਈ ਨੱਥ ਪਾਈਏ ਤਾਂ ਪੰਜਾਬ ਦਾ ਬਚਾਅ ਹੋ ਸਕਦਾ ਹੈ । ਜਿਹੜੇ ਦੂਸਰੇ ਦੇਸ਼ਾਂ ਤੋਂ ਇੰਨੇ ਕਿਸਮ ਦੇ ਨਸ਼ੇ ਆ ਰਹੇ ਹਨ ਇਹ ਕਿਸ ਢੰਗ ਨਾਲ ਰੋਕੇ ਜਾਣ ਇਸ ਵਾਸਤੇ ਇਕੱਲੀ ਸਾਡੀ ਸਟੇਟ ਕੁਝ ਨਹੀਂ ਕਰ ਸਕਦੀ । ਬਾਰਡਰ ਤੇ ਕੰਟਰੋਲ ਸੈਂਟਰ ਦਾ ਹੈ, ਇੰਨੀ ਲੰਮੀ ਸਰਹੱਦ ਤੋਂ ਕਿਸ ਢੰਗ ਨਾਲ ਦੇਸ਼ ਵਿਚ ਨਸ਼ੇ ਆਉਣ ਤੋਂ ਰੋਕੇ ਜਾਣ ਪਹਿਲਾ ਸੁਝਾਅ ਇਹ ਹੈ । ਦੂਸਰੀ ਬੇਨਤੀ ਹੈ ਕਿ ਇਨ੍ਹਾਂ ਬੜੀ ਕਿਸਮ ਦੇ ਨਸ਼ਿਆਂ ਤੋਂ ਇਲਾਵਾ ਦੂਸਰੇ ਪ੍ਰਚਲਿਤ ਨਸ਼ੇ ਵੀ ਹਨ ਜਿਵੇਂ ਪੋਸਤ, ਅਫੀਮ ਤੇ ਸ਼ਰਾਬ । ਇਹ ਘਰਾਂ ਤੋਂ ਲੱਗਦੇ ਹਨ । ਇਨ੍ਹਾਂ ਬਾਰੇ ਇਹ ਨਹੀਂ ਕਹਿ ਸਕਦੇ ਕਿ ਇਹ ਬਾਹਰੋਂ ਆਏ ਹਨ । ਇਹ ਨਸ਼ੇ ਘਰ ਤੋਂ ਲੱਗਦੇ ਹਨ । ਜਿਹੜੀ ਇਕ ਕਹਾਵਤ ਹੈ :

"ਮਾਂ ਪਰ ਪੂਤ ਪਿਤਾ ਪਰ ਘੋੜਾ
ਜ਼ਿਆਦਾ ਨਹੀਂ ਤਾਂ ਥੋੜ੍ਹਾ ਥੋੜ੍ਹਾ ।"

[ਸਰਦਾਰ ਤੋਤਾ ਸਿੰਘ]

ਆਪਣੇ ਕਈ ਘਰਾਂ ਵਿਚ ਲੋਕ ਸ਼ਰਾਬ ਪੀਂਦੇ ਹਨ, ਪੋਸਤ ਖਾਂਦੇ ਹਨ, ਅਫ਼ੀਮ ਖਾਂਦੇ ਹਨ । ਬੱਚੇ ਦੇਖਦੇ ਹਨ ਅਤੇ ਜਦੋਂ ਉਹ 9-10-12 ਸਾਲ ਦੇ ਹੁੰਦੇ ਹਨ ਤਾਂ ਬਾਪ ਦੀ ਕਾਪੀ ਕਰਦੇ ਹਨ । ਇਸ ਚੀਜ਼ ਦਾ ਬੜਾ ਅਸਰ ਪੈਂਦਾ ਹੈ । ਜੇਕਰ ਸਾਰੇ ਮੈਂਬਰ ਇਥੇ ਬੈਠੇ ਹੁੰਦੇ ਤਾਂ ਅਸੀਂ ਪ੍ਰਣ ਕਰ ਲੈਂਦੇ ਕਿ 117 ਮੈਂਬਰ ਅਸੀਂ ਆਪਣੇ ਘਰਾਂ ਵਿਚ ਨਸ਼ਾ ਨਹੀਂ ਵੜਨ ਦੇਵਾਂਗੇ । ਮੈਂ ਸਮਝਦਾ ਹਾਂ ਕਿ ਇਸ ਨਾਲ ਅਸੀਂ ਸਮਾਜ ਦਾ ਭਲਾ ਕਰਾਂਗੇ, ਇਸ ਤੋਂ ਵੱਡਾ ਭਲਾ ਨਹੀਂ ਹੋਣਾ । ਜੇ ਅੱਜ ਆਪਣੇ ਘਰਾਂ ਵਿਚ ਨਸ਼ੇ ਵੜਨ ਤੋਂ ਅਸੀਂ ਰੋਕ ਦੇਈਏ ਤਾਂ ਮੈਂ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਬਹੁਤ ਹੱਦ ਤੱਕ ਨਸ਼ੇ ਰੁਕ ਜਾਣਗੇ । ਆਪਾਂ ਸਿਆਸੀ ਬੰਦਿਆਂ ਨੂੰ ਹਰ ਰੋਜ਼ ਤਕਰੀਬਨ 15-20 ਥਾਵਾਂ ਤੇ ਤਾਂ ਜਾਣਾ ਹੀ ਪੈਂਦਾ ਹੈ, ਕਿਉਂਕਿ ਖੁਸ਼ੀ ਜਾਂ ਗਮੀ ਆਦਿ ਦੇ ਮੌਕਿਆਂ ਤੇ ਆਪਾਂ ਨੂੰ ਅਕਸਰ ਹੀ ਜਾਣਾ ਪੈਂਦਾ ਹੈ । ਜਦੋਂ ਇਹੋ ਜਿਹੀਆਂ ਥਾਵਾਂ ਤੇ ਜਾਈਦਾ ਹੈ ਤਾਂ ਇਹ ਵੇਖ ਕੇ ਬਹੁਤ ਦੁਖ ਹੁੰਦਾ ਹੈ, ਆਮ ਲੋਕ ਤੇ ਬੱਚੇ ਆਦਿ ਕਿਵੇਂ ਨਸ਼ਿਆਂ ਦੇ ਵਿਚ ਧੁੱਤ ਹੁੰਦੇ ਹਨ । ਇੱਥੇ ਜੁਗਲ ਕਿਸ਼ੋਰ ਜੀ ਨੇ ਗੱਲ ਕੀਤੀ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਬੜਾ ਚੰਗਾ ਕਦਮ ਵਿਰਸੇ ਦੇ ਸਬੰਧ ਵਿਚ ਚੁੱਕਿਆ ਹੈ । ਪਟਿਆਲਾ ਦੇ ਵਿਚ ਗਾਉਣ ਵਾਲੇ ਬੁਲਾਏ ਗਏ ਅਤੇ ਅੱਛਾ ਪ੍ਰੋਗਰਾਮ ਹੋਇਆ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਪਟਿਆਲੇ ਵਾਲਿਆਂ ਨੂੰ ਪੁੱਛ ਕੇ ਦੇਖੋ ਕਿ ਉਥੇ ਕੀ ਹਾਲ ਹੁੰਦਾ ਰਿਹਾ ਹੈ । ਜਿੰਨੇ ਦਿਨ ਮੇਲਾ ਲੱਗਦਾ ਰਿਹਾ ਹੈ ਉਨੇ ਦਿਨ ਉਥੇ ਸਭ ਤੋਂ ਵੱਧ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਿੱਕਰੀ ਹੋਈ ਹੈ । ਇਸੇ ਤਰ੍ਹਾਂ ਪੈਲੇਸ ਵਾਲੇ ਤਕਰੀਬਨ 10-10 ਲੱਖ ਰੁਪਿਆ ਲੈਂਦੇ ਹਨ ਉਥੇ ਵੀ ਸਭ ਤੋਂ ਵੱਧ ਨਸ਼ੇ ਵਿਕਦੇ ਹਨ । ਮੈਰਿਜਜ਼ ਆਦਿ ਖੁਸ਼ੀ ਦੇ ਮੌਕਿਆਂ ਤੇ ਵੀ ਸ਼ਰਾਬ ਦੀ ਵਰਤੋਂ ਬੇਤਹਾਸ਼ਾ ਹੁੰਦੀ ਹੈ । ਮੇਰੇ ਕਹਿਣ ਦਾ ਭਾਵ ਹੈ ਕਿ ਅੱਜ ਸੋਚਣ ਦੀ ਲੋੜ ਹੈ ਕਿ ਕਿਵੇਂ ਇਹ ਸਿਸਟਮ ਠੀਕ ਕੀਤਾ ਜਾਵੇ । ਵਿਆਹਾਂ ਦੇ ਮੌਕੇ ਪੈਲੇਸਾਂ ਦੇ ਵਿਚ ਸਿਰਫ ਮੇਰੇ ਵਰਗੇ 2-4 ਬੰਦੇ ਹੀ ਸ਼ਰਮ ਦੇ ਮਾਰੇ ਸੀਟਾਂ ਤੇ ਰਹਿ ਜਾਂਦੇ ਹਨ ਜਿਨ੍ਹਾਂ ਨੇ ਕਿ ਸ਼ਰਾਬ ਜਾਂ ਨਸ਼ਾ ਨਹੀਂ ਕੀਤਾ ਹੁੰਦਾ । ਬਾਕੀ ਸਾਰੇ ਤਾਂ ਸ਼ਰਾਬ ਆਦਿ ਪੀ ਕੇ ਨੱਚਣ ਲੱਗਦੇ ਹਨ । ਇਹੋ ਜਿਹੇ ਮੌਕਿਆਂ ਤੇ ਗਾਉਣ ਵਾਲੇ ਬੁਲਾਏ ਹੁੰਦੇ ਹਨ ਜਿਨ੍ਹਾਂ ਨੇ ਕੰਨਾਂ ਵਿਚ ਮੁੰਦਰਾਂ ਆਦਿ ਪਾਈਆਂ ਹੁੰਦੀਆਂ ਹਨ । ਕੰਨਾਂ ਵਿਚ ਮੁੰਦਰਾ ਪਾ ਕੇ ਉਹ ਨੱਚਦੇ ਹੁੰਦੇ ਹਨ ਉਸ ਵੇਲੇ ਉਥੇ 10-10 ਸਾਲਾਂ ਦੇ ਬੱਚਿਆਂ ਨੇ ਵੀ ਸ਼ਰਾਬ ਪੀਤੀ ਹੁੰਦੀ ਹੈ, ਛੋਟੇ ਛੋਟੇ ਲੜਕੇ ਵੀ ਸ਼ਰਾਬ ਪੀਣ ਲੱਗਦੇ ਹਨ ਅਤੇ ਨਾਲ ਹੀ ਨੱਚਣ ਲੱਗ ਪੈਂਦੇ ਹਨ । ਅੱਜ ਲੋੜ ਹੈ ਕਿ ਇਹੋ ਜਿਹੇ ਪੈਲੇਸਾਂ ਦੇ ਵਿਚ ਪ੍ਰੋਗਰਾਮ ਚੈੱਕ ਕੀਤੇ ਜਾਣ । ਇਨ੍ਹਾਂ ਪੈਲੇਸਾਂ ਨੂੰ ਜੋ ਪਰਮਿਟ ਆਦਿ ਦਿੱਤੇ ਜਾਂਦੇ ਹਨ, ਇਹ ਸਿਸਟਮ ਬੰਦ ਹੋਣਾ ਚਾਹੀਦਾ

ਹੈ । ਸਰਕਾਰ ਵਲੋਂ ਹਦਾਇਤਾਂ ਹੋਣੀਆਂ ਚਾਹੀਦੀਆਂ ਹਨ ਕਿ ਇਹੋ ਜਿਹੀਆਂ ਸਾਂਝੀਆਂ ਥਾਵਾਂ ਤੇ ਨਸ਼ਿਆਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ । ਕਿਉਂਕਿ ਇਹੋ ਜਿਹੇ ਵੇਲਿਆਂ ਤੇ ਰੀਸੋ ਰੀਸੀ ਹੋਰ ਬੰਦੇ ਵੀ ਸ਼ਰਾਬ ਆਦਿ ਪੀਣ ਲੱਗਦੇ ਹਨ ਔਰ ਨਸ਼ਿਆਂ ਦਾ ਰੁਝਾਨ ਵਧਦਾ ਹੈ । ਸਾਂਝੀਆਂ ਥਾਵਾਂ ਤੇ ਸ਼ਰਾਬ ਖਰੀਦਣ ਲਈ ਜੋ ਪਰਮਿਟ ਦਿੱਤੇ ਜਾਂਦੇ ਹਨ, ਉਹ ਬੰਦ ਕੀਤੇ ਜਾਣ ਤਾਂ ਕਿ ਨਸ਼ਿਆਂ ਨੂੰ ਰੋਕਿਆ ਜਾਵੇ ।

ਦੂਸਰਾ, ਮੈਂ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿਵੇਂ ਬਾਹਰਲੇ ਦੇਸ਼ਾਂ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਆਦਿ ਵਿਚ ਐਮ.ਬੀ.ਬੀ.ਐਸ. ਡਾਕਟਰ ਤੋਂ ਘੱਟ ਕੁਆਲੀਫਿਕੇਸ਼ਨ ਵਾਲਾ ਕੋਈ ਬੰਦਾ ਦਵਾਈ ਨਹੀਂ ਦੇ ਸਕਦਾ, ਉਸੇ ਤਰ੍ਹਾਂ ਹੀ ਇਥੇ ਵੀ ਇਹ ਸਿਸਟਮ ਹੋਣਾ ਚਾਹੀਦਾ ਹੈ । ਇੱਥੇ ਇਸ ਤਰ੍ਹਾਂ ਦਾ ਸਿਸਟਮ ਹੈ ਕਿ ਚਾਹੇ ਕੋਈ ਮੇਰੇ ਵਰਗਾ ਵੀ ਲਿਖ ਕੇ ਪਰਚੀ ਦੇ ਦੇਵੇ ਤਾਂ ਵੀ ਦਵਾਈ ਆਸਾਨੀ ਨਾਲ ਹਰ ਇੱਕ ਨੂੰ ਮਿਲ ਜਾਂਦੀ ਹੈ । ਇਸ ਸਿਸਟਮ ਵਿਚ ਸੁਧਾਰ ਕਰਨਾ ਚਾਹੀਦਾ ਹੈ । ਇਹ ਹੋਣਾ ਚਾਹੀਦਾ ਹੈ ਕਿ ਜਦੋਂ ਤੱਕ ਕੋਈ ਐਮ.ਬੀ.ਬੀ.ਐਸ. ਡਾਕਟਰ ਲਿਖ ਕੇ ਪਰਚੀ ਨਾ ਦੇਵੇ ਉਦੋਂ ਤੱਕ ਦਵਾਈ ਨਾ ਮਿਲੇ । ਇਸ ਤਰ੍ਹਾਂ ਕਰਨ ਨਾਲ ਵੀ ਨਸ਼ਿਆਂ ਨੂੰ ਨੱਥ ਪਾਈ ਜਾ ਸਕਦੀ ਹੈ ।

ਤੀਸਰੀ ਗੱਲ, ਮੈਨੂੰ ਬੜਾ ਅਫਸੋਸ ਹੈ ਕਿ ਦੋ ਮਹਿਕਮੇ ਨਸ਼ਿਆਂ ਦੀ ਰੋਕਥਾਮ ਵਿਚ ਅਹਿਮ ਯੋਗਦਾਨ ਪਾ ਸਕਦੇ ਹਨ । ਇਨ੍ਹਾਂ ਵਿਚੋਂ ਇੱਕ ਮਹਿਕਮਾ ਹੈ ਹੋਮ ਮਨਿਸਟਰ ਦਾ । ਪਰ ਅਫ਼ਸੋਸ ਹੈ ਕਿ ਮੁੱਖ ਮੰਤਰੀ ਸਾਹਿਬ ਅੱਜ ਇੱਥੇ ਨਹੀਂ ਹਨ । ਦੂਸਰਾ ਮਹਿਕਮਾ ਹੈਲਥ ਦਾ ਹੈ । ਇਹ ਦੋਵੇਂ ਮਹਿਕਮੇ ਇਸ ਪਾਸੇ ਸਭ ਤੋਂ ਵੱਧ ਧਿਆਨ ਦੇ ਸਕਦੇ ਹਨ । ਪਰ ਹੈਲਥ ਮਨਿਸਟਰ ਵੀ ਇੱਥੇ ਨਹੀਂ ਹਨ । ਜਦੋਂ ਕਿ ਇਨ੍ਹਾਂ ਨੂੰ ਪਤਾ ਵੀ ਸੀ ਕਿ ਅੱਜ ਹਾਊਸ ਵਿਚ ਮਤਾ ਆਉਣਾ ਹੈ । ਇਹ ਪ੍ਰਥਾ ਠੀਕ ਨਹੀਂ ਹੈ । ਹੈਲਥ ਮਹਿਕਮੇ ਦੇ ਵਿਚ ਡਰੱਗ ਇੰਸਪੈਕਟਰ ਗਿਣਤੀ ਦੇ ਵਿਚ ਹੀ ਹਨ । ਡਰੱਗ ਇੰਸਪੈਕਟਰਾਂ ਨੇ ਨਸ਼ਿਆਂ ਦੇ ਵਿਰੁੱਧ ਛਾਪੇ ਮਾਰਨੇ ਹੁੰਦੇ ਹਨ । ਪਰ ਅੱਜ ਕੱਲ੍ਹ ਇਹ ਹੋ ਗਿਆ ਹੈ ਕਿ ਡਰੱਗ ਇੰਸਪੈਕਟਰ ਨੇ ਵੀ ਦੁਕਾਨਦਾਰਾਂ ਨਾਲ ਮਹੀਨਾ ਕੀਤਾ ਹੁੰਦਾ ਹੈ । ਇਸ ਸਿਸਟਮ ਨੂੰ ਵੀ ਬਦਲਣਾ ਚਾਹੀਦਾ ਹੈ । ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਉਪ ਮੰਡਲ ਅਫਸਰ ਦੀ ਆਗਿਆ ਨਾਲ ਜਾਂ ਡਿਪਟੀ ਕਮਿਸ਼ਨਰ ਦੀ ਆਗਿਆ ਨਾਲ ਕੋਈ ਵੀ ਕਲਾਸ ਵੰਨ ਅਫ਼ਸਰ ਜਾ ਕੇ ਰੇਡ ਕਰ ਸਕਦਾ ਹੋਵੇ । ਕਿਉਂਕਿ ਡਰੱਗ

[ਸਰਦਾਰ ਤੋਤਾ ਸਿੰਘ]
ਇੰਸਪੈਕਟਰ ਨੇ ਮਹੀਨਾ ਕੀਤਾ ਹੁੰਦਾ ਹੈ ਇਸ ਲਈ ਇਹ ਨਸ਼ੇ ਖੁਲ੍ਹੇਆਮ ਵਿਕਦੇ ਹਨ ਅਤੇ ਵਰਤੇ ਜਾਂਦੇ ਹਨ । ਚਾਹੇ ਜਿਸ ਮਰਜ਼ੀ ਦੁਕਾਨ ਤੇ ਜਾ ਕੇ ਜਿਹੜਾ ਮਰਜ਼ੀ ਨਸ਼ਾ ਲੈ ਲਵੋ । ਇਸ ਪਾਸੇ ਵੱਲ ਬੜਾ ਧਿਆਨ ਦੇਣ ਦੀ ਲੋੜ ਹੈ । ਇਨ੍ਹਾਂ ਦੁਕਾਨਾਂ ਤੇ ਜੋ ਗਲਤ ਨਸ਼ੇ ਵਿਕਦੇ ਹਨ, ਉਹ ਰੋਕੇ ਜਾਣ ।

ਇੱਕ ਹੋਰ ਮੇਰਾ ਸੁਝਾਅ ਹੈ ਕਿ ਇਸ ਵਿਸ਼ੇ ਤੇ ਪ੍ਰਚਾਰ ਕਰਨ ਦੀ ਬਹੁਤ ਲੋੜ ਹੈ । ਅੱਜ ਕੱਲ੍ਹ ਨਾਟਕਾਂ, ਅਖਬਾਰਾਂ ਅਤੇ ਟੀ.ਵੀ. ਆਦਿ ਰਾਹੀਂ ਮੁਹਿੰਮ ਛੇੜ ਕੇ ਬਹੁਤ ਵੱਡਾ ਯੋਗਦਾਨ ਨਸ਼ੇ ਰੋਕਣ ਸਬੰਧੀ ਪਾਇਆ ਜਾ ਸਕਦਾ ਹੈ । ਸਮਾਜਿਕ ਸੰਸਥਾਵਾਂ ਬਹੁਤ ਅੱਛਾ ਯੋਗਦਾਨ ਪਾ ਸਕਦੀਆਂ ਹਨ । ਚਾਹੇ ਕਿਸੇ ਵੀ ਢੰਗ ਨਾਲ ਰੋਕਥਾਮ ਕੀਤੀ ਜਾਵੇ ਜਿਵੇਂ ਕਿ ਸੰਤਾਂ ਦੇ ਡੇਰਿਆਂ ਆਦਿ ਵਿਚ ਅਤੇ ਧਾਰਮਿਕ ਥਾਵਾਂ ਤੇ ਨਸ਼ਿਆਂ ਦੀ ਮਨਾਹੀ ਹੁੰਦੀ ਹੈ, ਉਥੇ ਨਸ਼ੇ ਨਹੀਂ ਵਰਤੇ ਜਾਂਦੇ, ਇਸੇ ਤਰ੍ਹਾਂ ਦਾ ਸਿਸਟਮ ਅਪਨਾਉਣਾ ਚਾਹੀਦਾ ਹੈ । ਇਨ੍ਹਾਂ ਤੋਂ ਵੀ ਸਹਿਯੋਗ ਲਿਆ ਜਾ ਸਕਦਾ ਹੈ । ਸਮਾਜਿਕ ਜਥੇਬੰਦੀਆਂ ਤੋਂ ਵੀ ਸਹਿਯੋਗ ਲਿਆ ਜਾਵੇ । ਸਾਡੇ ਮੋਗੇ ਦੇ ਵਿਚ ਨਸ਼ਿਆਂ ਦੇ ਵਿਰੁੱਧ ਇੱਕ ਸੰਸਥਾ ਬਣੀ ਹੋਈ ਹੈ । ਨਾਟਕ ਕਰਨ ਵਾਲਿਆਂ ਦੀ ਇੱਕ ਟੀਮ ਬਣੀ ਹੋਈ ਹੈ । ਉਹ ਆਪਣੇ ਨਾਟਕਾਂ ਰਾਹੀਂ ਦਰਸਾਉਂਦੇ ਹਨ ਕਿ ਕਿਵੇਂ ਇੱਕ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਕੇ ਆਪਣੀ ਜ਼ਿੰਦਗੀ ਤਬਾਹ ਕਰ ਲੈਂਦਾ ਹੈ, ਕਿਵੇਂ ਇੱਕ ਨਸ਼ੱਈ ਆਪਣੀ ਇੱਕ ਕਿੱਲਾ ਜ਼ਮੀਨ ਹੁੰਦੀ ਹੈ, ਉਹ ਵੀ ਨਸ਼ਿਆਂ ਕਾਰਨ ਵੇਚ ਦਿੰਦਾ ਹੈ, ਕਿਵੇਂ ਨੌਜਵਾਨ ਨਸ਼ਿਆਂ ਵਿਚ ਗਲਤਾਨ ਹੋ ਕੇ ਨੌਕਰੀ ਤੋਂ ਹੱਥ ਧੋ ਬੈਠਦਾ ਹੈ ਅਤੇ ਕਿਵੇਂ ਨਸ਼ੱਈ ਬਾਪ ਦੀ ਧੀ ਦਾ ਵਿਆਹ ਨਸ਼ਿਆਂ ਕਾਰਨ ਹੋਣੋਂ ਰਹਿ ਜਾਂਦਾ ਹੈ । ਇਹੋ ਜਿਹੇ ਨਾਟਕਾਂ ਨੂੰ ਜਦੋਂ ਹਜ਼ਾਰਾਂ ਬੱਚੇ ਵੇਖਦੇ ਹਨ ਤਾਂ ਉਨ੍ਹਾਂ ਦੇ ਮਨਾਂ ਤੇ ਬਹੁਤ ਅਸਰ ਹੁੰਦਾ ਹੈ । ਪਰਿਵਾਰਾਂ ਤੇ ਜੋ ਸੁਣ ਰਹੇ ਹੁੰਦੇ ਹਨ, ਬੜਾ ਅਸਰ ਪੈਂਦਾ ਹੈ । ਇਹੋ ਜਿਹੀਆਂ ਜਥੇਬੰਦੀਆਂ/ਸੰਸਥਾਵਾਂ ਨੂੰ ਉਤਸ਼ਾਹਿਤ ਕੀਤਾ ਜਾਵੇ । ਜਿਸ ਤਰ੍ਹਾਂ ਦੇ ਵੀ ਢੰਗਾਂ ਤਰੀਕਿਆਂ ਨਾਲ ਨਸ਼ਿਆਂ ਦਾ ਰੁਝਾਨ ਰੋਕ ਸਕਦੇ ਹਾਂ, ਸਾਨੂੰ ਇਹੋ ਜਿਹੇ ਢੰਗ ਤਰੀਕੇ ਵਰਤਣੇ ਚਾਹੀਦੇ ਹਨ । ਸਾਡੇ ਮੈਂਬਰਾਂ ਨੂੰ ਇਸ ਪਾਸੇ ਵੱਲ ਯੋਗਦਾਨ ਪਾਉਣਾ ਚਾਹੀਦਾ ਹੈ । ਮੈਂ ਯਕੀਨ ਦੇ ਨਾਲ ਕਹਿ ਸਕਦਾ ਹਾਂ ਕਿ ਜਦੋਂ ਤੱਕ ਉਪਦੇਸ਼ ਕਰਨ ਵਾਲੇ ਆਪ ਅਮਲ ਨਹੀਂ ਕਰਦੇ, ਇਸ ਦਾ ਹੱਲ ਨਹੀਂ ਹੋਵੇਗਾ । ਸਾਨੂੰ ਆਪ ਅਮਲ ਕਰਕੇ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ । ਜਿਵੇਂ ਕਿ ਸਾਡੇ ਇੱਥੇ ਕਦੇ ਪੰਚਾਇਤ ਦੀ ਇਲੈਕਸ਼ਨ ਆ ਜਾਂਦੀ ਹੈ, ਕਦੇ ਲੈਂਡ ਮਾਰਟਗੇਜ ਬੈਂਕ ਦੀ ਇਲੈਕਸ਼ਨ ਆ ਜਾਂਦੀ ਹੈ, ਕਦੇ ਕੋਆਪਰੇਟਿਵ ਸੁਸਾਇਟੀ ਦੀ ਇਲੈਕਸ਼ਨ ਆ ਜਾਂਦੀ ਹੈ, ਕਦੇ

ਬਲਾਕ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੀ ਇਲੈਕਸ਼ਨ ਆ ਜਾਂਦੀ ਹੈ ਜਾਂ ਅਸੈਂਬਲੀ ਦੀ ਇਲੈਕਸ਼ਨ ਆ ਜਾਂਦੀ ਹੈ । ਚੋਣਾਂ ਵੇਲੇ ਬਹੁਤ ਨਸ਼ੇ ਵਰਤੇ ਜਾਂਦੇ ਹਨ, ਪਰ ਚੋਣਾਂ ਨਸ਼ੇ ਰਹਿਤ ਹੋਣ ਚੋਣੀਆਂ ਚਾਹੀਦੀਆਂ ਹਨ । ਇਸ ਦੇ ਲਈ ਕੋਈ ਢੰਗ ਤਰੀਕੇ ਕੱਢਣੇ ਚਾਹੀਦੇ ਹਨ । ਨਹੀਂ ਤਾਂ ਇਹ ਰੁਝਾਨ ਦਿਨੋ ਦਿਨ ਵਧਦਾ ਹੀ ਜਾ ਰਿਹਾ ਹੈ । ਇਸ ਨੂੰ ਘਟਾਉਣ ਲਈ ਸੋਚਣਾ ਚਾਹੀਦਾ ਹੈ । ਮਿਲ ਬੈਠ ਕੇ ਇਸ ਬਾਰੇ ਵਿਚਾਰਾਂ ਕਰਨੀਆਂ ਚਾਹੀਦੀਆਂ ਹਨ । ਇੱਕਠੇ ਬੈਠ ਕੇ ਇਸ ਪ੍ਰਾਬਲਮ ਦਾ ਕੋਈ ਹੱਲ ਕੱਢਿਆ ਜਾ ਸਕਦਾ ਹੈ ।

ਅਖੀਰ ਵਿਚ ਮੈਂ ਜੁਗਲ ਕਿਸ਼ੋਰ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਹ ਗੰਭੀਰ ਮਸਲੇ ਤੇ ਇੱਥੇ ਮਤਾ ਲਿਆਂਦਾ ਹੈ । ਦਾਸ, ਡਿਪਟੀ ਸਪੀਕਰ ਸਾਹਿਬ ਆਪ ਜੀ ਦਾ ਵੀ ਧੰਨਵਾਦ ਕਰਦਾ ਹੈ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ । ਬਹੁਤ-ਬਹੁਤ ਧੰਨਵਾਦ ।

**ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ** (ਸ਼੍ਰੀਮਤੀ ਗੁਰਕੰਵਲ ਕੌਰ) : ਡਿਪਟੀ ਸਪੀਕਰ ਸਾਹਿਬ, ...............

**ਮਾਨਯੋਗ ਡਿਪਟੀ ਸਪੀਕਰ** : ਮੰਤਰੀ ਸਾਹਿਬਾ, ਤੁਸੀਂ ਬੈਠੋ, ਤੁਸੀਂ ਬਾਅਦ ਵਿਚ ਜਵਾਬ ਦੇ ਦੇਣਾ ।

**ਸਰਦਾਰ ਗੁਰਜੰਟ ਸਿੰਘ** (ਪੱਕਾ ਕਲਾਂ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ ਜੋ ਜੁਗਲ ਕਿਸ਼ੋਰ ਸ਼ਰਮਾ ਜੀ ਨੇ ਲਿਆਂਦਾ ਹੈ । ਇਹ ਠੀਕ ਹੈ ਕਿ ਪੰਜਾਬ ਦੇ ਨੌਜਵਾਨਾਂ ਵਿਚ ਨਸ਼ਿਆਂ ਦੀ ਬਿਮਾਰੀ ਬਹੁਤ ਫੈਲ ਰਹੀ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ ਅਤੇ ਆਪਣੀ ਜਵਾਨੀ ਨੂੰ ਬਰਬਾਦ ਕਰੀ ਜਾ ਰਹੇ ਹਨ । ਇਹ ਸਾਡੇ ਲਈ ਬੜਾ ਚਿੰਤਾ ਦਾ ਵਿਸ਼ਾ ਹੈ ਅਤੇ ਇਸ ਉਤੇ ਨੱਥ ਪਾਉਣ ਲਈ ਸਰਕਾਰ ਵੱਲੋਂ ਉਚੇਚੇ ਕਦਮ ਚੁਕੱਣ ਦੀ ਲੋੜ ਹੈ । ਸਰਕਾਰ ਵੱਲੋਂ ਕੁਝ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਕੁਝ ਸ਼ੋਸਲ ਆਰਗੇਨਾਈਜ਼ੇਸ਼ਨਜ਼ ਇਸ ਦੇ ਵਿਚ

[ਸਰਦਾਰ ਗੁਰਜੰਟ ਸਿੰਘ]

ਕੰਮ ਕਰ ਰਹੀਆਂ ਹਨ ਪਰ ਹੋਰ ਲੋਕਾਂ ਨੂੰ ਵੀ ਇਸ ਬਿਮਾਰੀ ਦੀ ਰੋਕਥਾਮ ਲਈ ਯੋਗਦਾਨ ਪਾਉਣਾ ਚਾਹੀਦਾ ਹੈ । ਇਸ ਬਿਮਾਰੀ ਉਤੇ ਕਾਬੂ ਪਾਉਣ ਲਈ ਸਾਨੂੰ ਕਾਫੀ ਉਪਰਾਲੇ ਕਰਨ ਦੀ ਲੋੜ ਹੈ ਅਤੇ ਸਾਨੂੰ ਲੋਕਾਂ ਦੇ ਵਿਚ ਜਾਣ ਦੀ ਲੋੜ ਹੈ ਅਤੇ ਨਸ਼ੇ ਕਰਨ ਵਾਲੇ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ । ਇਸ ਨਸ਼ੇ ਦੀ ਬਿਮਾਰੀ ਨੇ ਵੱਖ ਵੱਖ ਸਮੇਂ ਵੱਖਰਾ ਵੱਖਰਾ ਰੂਪ ਲਿਆ ਹੈ । ਪੰਜਾਬ ਦਾ ਕਾਫੀ ਏਰੀਆ ਬਾਰਡਰ ਦਾ ਹੋਣ ਕਰਕੇ ਸਾਡੇ ਗੁਆਢੀ ਦੇਸ਼ ਨੇ ਇਸ ਬਿਮਾਰੀ ਨੂੰ ਫੈਲਾਉਣ ਵਿਚ ਕਾਫੀ ਹਿੱਸਾ ਪਾਇਆ ਹੈ ਅਤੇ ਉਨ੍ਹਾਂ ਦੁਸ਼ਮਣਾਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਪਹਿਲੇ ਨੌਜਵਾਨਾਂ ਨੂੰ ਨਸ਼ੇ ਦੀ ਬਿਮਾਰੀ ਦਾ ਸ਼ਿਕਾਰ ਕੀਤਾ ਜਾਵੇ ਤਾਂਕਿ ਉਹ ਇਸ ਨਸ਼ੇ ਦੀ ਬਿਮਾਰੀ ਵਿਚ ਉਨ੍ਹਾਂ ਦਾ ਸਾਥ ਦੇ ਸਕਣ ਅਤੇ ਬਰਬਾਦ ਜਲਦੀ ਹੋ ਜਾਣ। ਇਸ ਨਸ਼ੇ ਦੀ ਬਿਮਾਰੀ ਦਾ ਫੈਲਾਓ ਕਰਨ ਵਾਲੇ ਸਰਗਨਾ ਦੀ ਇਹ ਕੋਸਿਸ਼ ਹੁੰਦੀ ਹੈ ਕਿ ਦਿਨ ਵਿਚ ਹੀ ਅਮੀਰ ਬਣ ਜਾਣ ਅਤੇ ਇਸ ਵਿਚ ਸਾਡੇ ਅਫਸਰ ਸਾਹਿਬਾਨ ਦਾ ਹੱਥ ਵੀ ਹੁੰਦਾ ਹੈ ਅਤੇ ਸਾਡੇ ਪੁਲੀਟੀਕਲ ਬੰਦਿਆਂ ਦਾ ਵੀ ਹੱਥ ਹੁੰਦਾ ਹੈ ਅਤੇ ਇਸ ਸਰਗਨਾ ਦੇ ਸਿਰ ਉਤੇ ਹੱਥ ਹੋਣ ਕਰਕੇ ਇਸ ਦਾ ਫੈਲਾਓ ਹੋ ਰਿਹਾ ਹੈ । ਨਸ਼ਿਆਂ ਨੂੰ ਰੋਕਣ ਲਈ ਸਰਕਾਰ ਨੂੰ ਕਾਫੀ ਉਪਰਾਲੇ ਕਰਨ ਦੀ ਲੋੜ ਹੈ ਅਤੇ ਐਨ.ਜੀ.ਓਜ਼ ਦੀ ਮਦਦ ਲੈਣ ਦੀ ਲੋੜ ਹੈ । ਇਹ ਬੜੀ ਦਰਦਨਾਕ ਸਮੱਸਿਆ ਬਣਦੀ ਜਾ ਰਹੀ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਛੋਟੇ ਹੁੰਦੇ ਤੋਂ ਹੀ ਨਸ਼ੇ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਪੜ੍ਹਾਈ ਕਰਦੇ ਸਮੇਂ ਇਸ ਵਕਤ ਇਨ੍ਹਾਂ ਨਸ਼ਿਆਂ ਸਬੰਧੀ ਕਿਧਰੇ ਕਿਧਰੇ ਸਿਰਫ ਇਸ਼ਾਰਾ ਹੀ ਆਉਂਦਾ ਹੈ ਜਦ ਕਿ ਹਰ ਕਲਾਸ ਵਿਚ, ਹਰ ਸਕੂਲ ਵਿਚ, ਹਰ ਕਾਲਜ ਅਤੇ ਯੂਨੀਵਰਸਿਟੀ ਦੇ ਵਿਚ ਬਕਾਇਦਾ ਨਸ਼ੇ ਸਬੰਧੀ ਚੈਪਟਰ ਹੋਣੇ ਚਾਹੀਦੇ ਹਨ । ਇਸ ਦਰਦਨਾਕ ਨਸ਼ੇ ਦੀ ਬਿਮਾਰੀ ਨੂੰ ਦੂਰ ਕਰਨ ਲਈ ਪੁਲੀਟੀਕਲ ਪਾਰਟੀਆਂ ਨੂੰ ਸਰਕਾਰ ਦਾ ਪੂਰਾ ਸਾਥ ਦੇਣਾ ਚਾਹੀਦਾ ਹੈ ਤਾਂਕਿ ਉਸ ਦੇ ਰਿਜ਼ਲਟ ਸਾਡੇ ਸਾਹਮਣੇ ਆ ਸਕਣ । ਇਨ੍ਹਾਂ ਨਸ਼ੇ ਦੀਆਂ ਬਿਮਾਰੀਆਂ ਕਰਕੇ ਸਾਡੇ ਪਰਿਵਾਰ ਟੁੱਟ ਰਹੇ ਹਨ ਅਤੇ ਨਸ਼ੇ ਦੀ ਆਦਤ ਕਰਕੇ ਉਹ ਨੌਜਵਾਨ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ ਅਤੇ ਘਰਾਂ ਵਿਚ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਹੀਂ ਨਿਭਾ ਰਹੇ ਅਤੇ ਤਲਾਕ ਹੋ ਰਹੇ ਹਨ ਅਤੇ ਕਤਲ ਕੇਸਿਜ਼ ਹੋ ਰਹੇ ਹਨ । ਇਹ ਬਿਮਾਰੀ ਬਾਰਡਰ ਏਰੀਆ ਵਿਚ ਜ਼ਿਆਦਾ ਹੈ ਅਤੇ ਇਸ ਦੇ ਵਿਚ ਸਾਡੇ ਗੁਆਂਢੀ ਰਾਜਾਂ ਦਾ ਵੀ ਹੱਥ ਹੈ । ਮੇਰਾ ਇਲਾਕਾ ਹਰਿਆਣਾ ਬਾਰਡਰ ਦੇ ਨਾਲ ਲੱਗਦਾ ਹੈ । ਪਿੱਛੇ ਮੇਰੇ ਨਾਲ ਬਿਰਮੀ ਸਾਹਿਬ ਨੇ ਵੀ ਬਠਿੰਡਾ ਜੇਲ੍ਹ ਦਾ ਦੌਰਾ ਕੀਤਾ ਸੀ । ਉਥੇ 70% ਕੈਦੀ ਨਸ਼ੇ ਦੀ ਬਿਮਾਰੀਆਂ ਕਰਕੇ ਫਸੇ ਹੋਏ ਹਨ । ਜੇਲ੍ਹ ਦਾ ਮੁਆਇਨਾ ਕਰਦੇ ਹੋਏ ਪਤਾ ਲੱਗਾ ਕਿ ਇਸ ਨਸ਼ੇ ਦੀ ਬਿਮਾਰੀ

ਨੂੰ ਫੈਲਾਉਣ ਵਾਲੇ ਸਰਗਨਾ ਆਪ ਤਾਂ ਬਚ ਗਏ ਮਗਰ ਵੇਚਣ ਵਾਲੇ ਫੜੇ ਗਏ ਅਤੇ ਕੈਦ ਕੱਟ ਰਹੇ ਹਨ । ਉਥੇ 70% ਕੇਸਿਜ਼ ਵਿਚ ਅਫੀਮ ਅਤੇ ਭੁੱਕੀ ਵੇਚਣ ਵਾਲੇ ਕੈਦੀ ਸਨ । ਭੁੱਕੀ ਅਤੇ ਅਫੀਮ ਹਰਿਆਣਾ ਦੇ ਲੋਕ ਸਾਡੇ ਪਿੰਡਾਂ ਦੇ ਵਿਚ ਆ ਕੇ ਵੇਚਦੇ ਹਨ ਅਤੇ ਕਾਫੀ ਮੋਟੀ ਕਮਾਈ ਕਰਦੇ ਹਨ ਅਤੇ ਨੌਜਵਾਨਾਂ ਦੇ ਵਿਚ ਨਸ਼ੇ ਦੀ ਬਿਮਾਰੀ ਪੈਦਾ ਕਰ ਰਹੇ ਹਨ । ਇਸ ਨੂੰ ਜੜ੍ਹ ਤੋਂ ਰੋਕਣ ਲਈ ਸਰਕਾਰ ਨੂੰ ਕਦਮ ਚੁੱਕਣੇ ਚਾਹੀਦੇ ਹਨ ਅਤੇ ਕਾਫੀ ਸ਼ਖਤ ਉਪਰਾਲੇ ਕਰਨ ਦੀ ਲੋੜ ਹੈ । ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਅੱਜ ਸਾਰੀਆਂ ਪਾਰਟੀਆਂ ਨੇ ਇਹ ਫੈਸਲਾ ਕੀਤਾ ਹੈ ਕਿ ਨਸ਼ਾ ਰੋਕਣ ਲਈ ਪਹਿਲਾਂ ਸਾਨੂੰ ਆਪਣੇ ਆਪ ਦਾ ਸੁਧਾਰ ਕਰਨਾ ਚਾਹੀਦਾ ਹੈ । ਮੈਂ ਇਸ ਪਵਿੱਤਰ ਸਦਨ ਵਿਚ ਅੱਜ ਬੜੀ ਜ਼ਿੰਮੇਵਾਰੀ ਨਾਲ ਸਹੁੰ ਖਾ ਕੇ ਕਹਿੰਦਾ ਹਾਂ ਕਿ ਮੈਂ ਇਕ ਪੇਂਡੂ ਹਲਕੇ ਵਿਚੋਂ ਚੁਣ ਕੇ ਆਇਆ ਹਾਂ, ਮੈਂ ਅੱਜ ਤੱਕ ਇਕ ਚਮਚਾ ਭੁੱਕੀ ਨਹੀਂ ਲਈ ਤੇ ਨਾ ਮੈਂ ਇਕ ਬੂੰਦ ਸ਼ਰਾਬ ਦੀ ਪੀਤੀ ਹੈ, ਮੈਂ ਸ਼ਰਾਬ ਪੀਂਦਾ ਹੀ ਨਹੀਂ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਥੇ ਇਕੱਲੀਆਂ ਸਪੀਚਾਂ ਨਾਲ ਇਹ ਗੱਲਾਂ ਨਹੀਂ ਬਨਣੀਆਂ । ਜਿੰਨਾਂ ਚਿਰ ਅਸੀਂ ਨਹੀਂ ਸੁਧਰਦੇ, ਅਸੀਂ ਆਪਣੇ ਆਪ ਦਾ ਸੁਧਾਰ ਨਹੀਂ ਕਰਦੇ, ਕੋਈ ਫਾਇਦਾ ਨਹੀਂ ਹੋਣਾ ਕਿਉਂਕਿ ਲੋਕ ਸਾਨੂੰ ਦੇਖਦੇ ਹਨ ਅਤੇ ਉਥੇ ਹੀ ਟਿਕ ਜਾਂਦੇ ਹਨ । ਸਾਨੂੰ ਪੁਲੀਟੀਕਲ ਬੰਦਿਆਂ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਅਸੀਂ ਆਪ ਇਲੈਕਸ਼ਨ ਲੜੀਏ ਜਾਂ ਕਿਸੇ ਇਲੈਕਸ਼ਨ ਤੇ ਮਦਦ ਲਈ ਜਾਈਏ, ਨਾ ਕੋਈ ਰਿਸ਼ਵਤ ਦਈਏ, ਨਾ ਨਸ਼ੇ ਵੰਡੀਏ, ਨਾ ਸ਼ਰਾਬ ਵੰਡੀਏ । ਫਿਰ ਚਾਹੇ ਜਿਹੜੀ ਮਰਜ਼ੀ ਪਾਰਟੀ ਦੀ ਜਿੱਤ ਹੋਵੇ, ਕੋਈ ਜਿੱਤ ਕੇ ਆਵੇ, ਲੋਕ ਜਿਸ ਨੂੰ ਮਰਜ਼ੀ ਵੋਟ ਪਾਉਣ, ਇਹ ਸੁਧਾਰ ਲਿਆਉਣੇ ਪੈਣਗੇ । ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਦਾ ਸੁਧਾਰ ਕਰਨ ਦੀ ਲੋੜ ਹੈ । ਮੈਂ ਹਾਊਸ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਅਸੀਂ ਹੈਲਥ ਮਹਿਕਮੇ ਦੀ ਜ਼ਿੰਮੇਵਾਰੀ ਪਾਉਂਦੇ ਹਾਂ, ਪੁਲਿਸ ਦੇ ਮਹਿਕਮੇ ਦੀ ਜ਼ਿੰਮੇਵਾਰੀ ਪਾਉਂਦੇ ਹਾਂ, ਇਸ ਦੇ ਨਾਲ ਹੀ ਸਾਨੂੰ ਧਾਰਮਿਕ ਸੰਸਥਾਵਾਂ ਨੂੰ ਉਤਸਾਹਿਤ ਕਰਨ ਤੇ ਹੌਸਲਾ ਦੇਣ ਦੀ ਵੀ ਲੋੜ ਹੈ । ਬਹੁਤੀਆਂ ਸੰਸਥਾਵਾਂ ਪੰਜਾਬ ਵਿਚ ਸਿਰਫ ਨਸ਼ਿਆਂ ਉਪਰ ਲੋਕਾਂ ਨੂੰ ਸਮਝਾਉਂਦੀਆਂ ਹਨ । ਨਿਰੰਕਾਰੀ ਹਨ, ਸੱਚਾ ਸੌਦਾ ਸਿਰਸੇ ਵਾਲੇ ਹਨ, ਇਹ ਸੰਸਥਾਵਾਂ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਣਾ ਦਿੰਦੀਆਂ ਹਨ । ਬੇਸ਼ੱਕ ਸਾਰੇ ਲੋਕ ਬੰਦ ਨਹੀਂ ਹੁੰਦੇ ਪਰ ਅਸਰ ਜ਼ਰੂਰ ਹੁੰਦਾ ਹੈ । ਨਸ਼ਾ ਕਰਨ ਵਾਲੇ ਲੋਕ ਘੱਟ ਜਾਂਦੇ ਹਨ। ਜਿਹੜੀਆਂ ਸੰਸਥਾਵਾਂ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਣਾ

[ਸਰਦਾਰ ਗੁਰਜੰਟ ਸਿੰਘ]
ਦਿੰਦੀਆਂ ਹਨ ਅਤੇ ਕਹਿੰਦੀਆਂ ਹਨ ਕਿ ਨਸ਼ਾ ਛੱਡ ਦਿਉ, ਉਨ੍ਹਾਂ ਨੂੰ ਸਰਕਾਰ ਵਲੋਂ ਵੀ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ, ਸਹਿਯੋਗ ਦਿੱਤਾ ਜਾਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਸਾਰਿਆਂ ਨੂੰ ਇਹੀ ਅਪੀਲ ਕਰਦਾ ਹਾਂ ਕਿ ਇਹੋ ਜਿਹੇ ਜਿਹੜੇ ਸਾਂਝੇ ਮਤੇ ਹਨ, ਉਨ੍ਹਾਂ ਵਿਚ ਸਾਡੀ ਹਾਜ਼ਰੀ ਪੂਰੀ ਹੋਣੀ ਚਾਹੀਦੀ ਹੈ । ਜਿਵੇਂ ਜੱਥੇਦਾਰ ਤੋਤਾ ਸਿੰਘ ਜੀ ਨੇ ਵੀ ਦੱਸਿਆ ਹੈ ਕਿ ਆਪੋਜ਼ੀਸ਼ਨ ਦੇ ਵੀ ਤੇ ਰੂਲਿੰਗ ਪਾਰਟੀ ਦੇ ਵੀ ਮੈਂਬਰ ਬਹੁਤ ਘੱਟ ਹਾਜ਼ਰ ਹਨ । ਚਾਹੀਦਾ ਤਾਂ ਇਹ ਸੀ ਕਿ 117 ਮੈਂਬਰ ਹੀ ਹੱਥ ਖੜੇ ਕਰਕੇ ਅੱਜ ਇਸ ਮਤੇ ਨੂੰ ਪਾਸ ਕਰਦੇ ਤਾਂਕਿ ਪੰਜਾਬ ਦੇ ਲੋਕਾਂ ਵਿਚ ਇਹ ਸੰਦੇਸ਼ ਜਾਂਦਾ ਕਿ ਸਾਡੇ ਨੁਮਾਇੰਦੇ ਸਾਡੀ ਆਉਣ ਵਾਲੀ ਪੀੜੀ ਲਈ ਚਿੰਤਤ ਹਨ ਤੇ ਇਸ ਸਮੱਸਿਆ ਵੱਲ ਆਪਣਾ ਪੂਰਾ ਧਿਆਨ ਦੇ ਰਹੇ ਹਨ ਪਰ ਫਿਰ ਵੀ ਜਿੰਨੇ ਬੈਠੇ ਹਨ, ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਕਿ ਸਾਰਿਆਂ ਨੇ ਇਕੱਠੇ ਹੋ ਕੇ ਅੱਜ ਇਸ ਮਤੇ ਤੇ ਆਪਣੀ ਸਹਿਮਤੀ ਪ੍ਰਗਟਾਈ ਹੈ । ਮੈਂ ਆਪਣੇ ਮਾਨਯੋਗ ਮੈਂਬਰ ਜੁਗਲ ਕਿਸ਼ੋਰ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਹਾਊਸ ਅੰਦਰ ਇੰਨਾਂ ਵਧੀਆ ਮਤਾ ਲਿਆਂਦਾ ਹੈ । ਮੈਂ ਇਸ ਮਤੇ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ ਤੇ ਸਾਰੇ ਸਦਨ ਨੂੰ ਇਸ ਨੂੰ ਇਕਮੁੱਠ ਹੋ ਕੇ ਹਮਾਇਤ ਦੇਣ ਲਈ ਧੰਨਵਾਦ ਕਰਦਾ ਹਾਂ । (ਥੰਪਿੰਗ)

**ਸ਼੍ਰੀ ਦੇਸ ਰਾਜ ਧੁੱਗਾ** (ਗੜ੍ਹਦੀਵਾਲਾ, ਐਸ.ਸੀ.) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਬੜਾ ਧੰਨਵਾਦੀ ਹਾਂ ਕਿ ਅੱਜ ਬਹੁਤ ਹੀ ਅਹਿਮ ਮਤੇ ਤੇ ਬੋਲਣ ਦਾ ਤੁਸੀਂ ਮੌਕਾ ਦਿੱਤਾ ਹੈ ਔਰ ਇਸ ਦੇ ਨਾਲ ਹੀ ਸਤਿਕਾਰਯੋਗ ਮੈਂਬਰ ਸਾਹਿਬ ਸ਼੍ਰੀ ਜੁਗਲ ਕਿਸ਼ੋਰ ਨੂੰ ਵੀ ਮੈਂ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਅੱਜ ਦੇ ਸਮਾਜ ਅੰਦਰ ਬਹੁਤ ਵੱਡੇ ਸਮੇਂ ਤੋਂ ਹੋ ਰਹੀ ਤ੍ਰਾਸਦੀ ਦੇ ਸਬੰਧ ਵਿਚ ਮਤਾ ਲਿਆਂਦਾ ਹੈ ਤੇ ਉਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ । ਕਿਉਂਕਿ, ਡਿਪਟੀ ਸਪੀਕਰ ਸਾਹਿਬ, ਅੱਜ ਤੋਂ ਪਹਿਲਾਂ ਆਮ ਕਰਕੇ ਨੌਜਵਾਨਾਂ ਵਿਚ ਇਹ ਗੱਲ ਗਿਣੀ ਜਾਂਦੀ ਸੀ ਕਿ ਫਲਾਂਣਾ ਨੌਜਵਾਨ 5 ਕਿਲੋਮੀਟਰ ਦੌੜ ਕੇ ਆਉਂਦਾ ਹੈ, ਫਲਾਣਾ ਨੌਜਵਾਨ ਇੰਨਾਂ ਭਾਰ ਚੁੱਕਦਾ ਹੈ, ਫਲਾਣਾ ਨੌਜਵਾਨ ਕਬੱਡੀ ਵਿਚ ਇੰਨੀ ਰੇਡ ਪਾਉਂਦਾ ਹੈ ਕਿ ਕੋਈ ਉਸਨੂੰ ਫੜ ਨਹੀਂ ਸਕਦਾ ਪਰ ਅਫਸੋਸ ਦੀ ਗੱਲ ਹੈ ਕਿ ਅੱਜ ਜਦੋਂ ਨੌਜਵਾਨ ਇਕੱਠੇ ਹੁੰਦੇ ਹਨ ਤਾਂ ਇਹ ਗੱਲ ਹੁੰਦੀ ਹੈ ਕਿ ਅਸੀਂ ਤਾਂ ਕੁੱਝ ਵੀ ਨਹੀਂ, ਫਲਾਣਾ 10 ਕੈਪਸੂਲ ਜ਼ਿਆਦਾ ਖਾਂਦਾ ਹੈ, ਅਸੀਂ ਚੰਮਚ ਨਾਲ ਭੁੱਕੀ ਖਾਂਦੇ ਹਾਂ ਪਰ ਫਲਾਣਾ ਏਡਾ ਫੱਕਾ ਮਾਰਦਾ ਹੈ ਤੇ ਉਸਨੂੰ ਤਾਂ ਪਾਣੀ ਦੀ ਵੀ ਲੋੜ ਨਹੀਂ ਪੈਂਦੀ । ਡਿਪਟੀ ਸਪੀਕਰ ਸਾਹਿਬ, ਇਹ ਸਮਾਜ ਅੰਦਰ ਗਿਰਾਵਟ ਦਾ ਬਹੁਤ ਵੱਡਾ ਚਿੰਨ੍ਹ ਹੈ ।

ਮੈਂ ਕਹਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਨਸ਼ਿਆਂ ਨੂੰ ਵਧਾਉਣ ਵਿਚ ਸਭਿਆਚਾਰਕ ਮੇਲਿਆਂ ਦਾ ਵੀ ਯੋਗਦਾਨ ਹੈ । ਅਸੀਂ ਸਭਿਆਚਾਰਕ ਮੇਲੇ ਆਪਣੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕਰਾਉਂਦੇ ਹਾਂ । ਪਰ ਇਹ ਸਭਿਆਚਾਰਕ ਮੇਲੇ ਸਭਿਆਚਾਰ ਪ੍ਰਫੁੱਲਤ ਕੀ ਕਰਾ ਰਹੇ ਹਨ, ਜੇ ਅਸੀਂ ਸਟੇਜਾਂ ਤੋਂ ਗਾਏ ਜਾਣ ਵਾਲੇ ਗੀਤਾਂ ਵੱਲ ਝਾਤੀ ਮਾਰੀਏ ਤਾਂ ਪਤਾ ਲਗੇਗਾ ਕਿ ਇਨ੍ਹਾਂ ਨੇ ਤਾਂ ਨਸ਼ਿਆਂ ਨੂੰ ਪ੍ਰਫੁੱਲਤ ਕੀਤਾ ਹੈ । ਗੀਤ ਗਾਏ ਜਾਂਦੇ ਹਨ : ਮਿੱਤਰਾਂ ਦੀ ਮੋਟਰ ਤੇ ਕੱਚ ਦੀ ਗਲਾਸੀ ਖੜਕੇ, ਤੇਲੂਰਾਮ ਦੀ ਹੱਟੀ ਦਾ ਜ਼ਰਦਾ ਤੇ ਜਿਵੇਂ ਗੁਰਦਾਸ ਮਾਨ ਨੇ ਕਿਹਾ ਹੈ ਘਰ ਦੀ ਸ਼ਰਾਬ ਹੋਵੇ, ਆਪਣਾ ਪੰਜਾਬ ਹੋਵੇ । ਮੇਰਾ ਕਹਿਣ ਦਾ ਭਾਵ ਹੈ ਕਿ ਇਹੋ ਜਿਹੇ ਗੀਤ ਲਿਖਣ ਵਾਲਿਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਨੌਜਵਾਨਾਂ ਨੂੰ ਸੇਧ ਦੇਣ ਵਾਲੇ ਗੀਤ ਲਿਖਣੇ ਚਾਹੀਦੇ ਹਨ ਕਿਉਂਕਿ ਕੋਈ ਕੌਮ, ਕੋਈ ਸਮਾਜ ਅਤੇ ਕੋਈ ਦੇਸ਼ ਤਦ ਹੀ ਤਰੱਕੀ ਕਰ ਸਕਦਾ ਹੈ ਜੇਕਰ ਉਥੋਂ ਦੇ ਨੌਜਵਾਨ ਸ਼ਕਤੀਸ਼ਾਲੀ ਹੋਣ, ਸਿਹਤਮੰਦ ਹੋਣ ਅਤੇ ਨਸ਼ਿਆਂ ਤੋਂ ਰਹਿਤ ਹੋਣ । ਜਿਸ ਪੰਜਾਬ ਨੂੰ ਗੁਰੂਆਂ ਦਾ, ਪੀਰਾਂ ਦਾ ਅਤੇ ਬਹਾਦਰਾਂ ਦਾ ਪੰਜਾਬ ਗਿਣਿਆ ਜਾਂਦਾ ਸੀ, ਉਸ ਪੰਜਾਬ ਦਾ ਨੌਜਵਾਨ ਨਸ਼ਿਆਂ ਵਿਚ ਇੰਨਾ ਗਲਤਾਨ ਹੋ ਚੁੱਕਾ ਹੈ ਕਿ ਅੱਜ ਇਹ ਪੰਜਾਬ ਅਮਲੀਆਂ, ਨਸ਼ਈਆਂ ਅਤੇ ਨੱਤੀਆਂ-ਮੁੰਦਰੀਆਂ ਵਾਲਿਆਂ ਦਾ ਪੰਜਾਬ ਬਣ ਗਿਆ ਹੈ । ਅੱਜ ਇਹੋ ਜਿਹੀ ਹਾਲਤ ਸਾਡੇ ਪੰਜਾਬ ਦੀ ਹੋ ਗਈ ਹੈ । ਅੱਜ ਇਹ ਨਸ਼ੇ ਸਕੂਲਾਂ ਕਾਲਜਾਂ ਵਿਚ ਵੀ ਵੜ ਗਏ ਹਨ । ਇਸ ਦੌੜ ਵਿਚ ਜਿਥੇ ਸਾਡੇ ਮੁੰਡੇ ਬਹੁਤ ਅੱਗੇ ਵਧ ਗਏ ਹਨ, ਉਥੇ ਕੁੜੀਆਂ ਵੀ ਕਿਸੇ ਗੱਲੋਂ ਉਨ੍ਹਾਂ ਨਾਲੋਂ ਘੱਟ ਨਹੀਂ । ਉਹ ਵੀ ਨਸ਼ਿਆਂ ਦੇ ਮਾਮਲੇ ਵਿਚ ਕਾਫੀ ਅੱਗੇ ਵੱਧ ਰਹੀਆਂ ਹਨ । ਮੈਂ ਇਸ ਪਵਿੱਤਰ ਸਦਨ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਜੇਕਰ ਅਸੀਂ ਸਿਰਫ ਇਥੇ ਡੀਂਗਾਂ ਮਾਰ ਕੇ ਅਤੇ ਹੱਥ ਖੜ੍ਹੇ ਕਰਕੇ ਚਲੇ ਗਏ ਤਾਂ ਇਸ ਨਾਲ ਕੋਈ ਫਾਇਦਾ ਨਹੀਂ ਹੋਣਾ । ਸਿਰਫ ਕਹਿਣ ਨਾਲ ਨਹੀਂ, ਬਲਕਿ ਅਮਲ ਕਰਨ ਨਾਲ ਗੱਲ ਬਣਦੀ ਹੈ । ਕਿਸੇ ਮਾਤਾ ਦਾ ਬੱਚਾ ਗੁੜ ਖਾਂਦਾ ਹੁੰਦਾ ਸੀ । ਉਹ ਉਸ ਨੂੰ ਰੋਕਦੀ ਪਰ ਮੁੰਡਾ ਨਾ ਹਟਦਾ । ਕਿਸੇ ਨੇ ਉਸ ਨੂੰ ਦੱਸਿਆ ਕਿ ਫਲਾਣੀ ਥਾਂ ਤੇ ਇਕ ਬਾਬਾ ਹੈ ਜੋ ਸਾਰੀਆਂ ਬਿਮਾਰੀਆਂ ਦਾ ਇਲਾਜ ਕਰ ਦਿੰਦਾ ਹੈ । ਉਹ ਬੀਬੀ ਬਾਬੇ ਕੋਲ ਗਈ ਅਤੇ ਕਹਿਣ ਲੱਗੀ ਕਿ ਬਾਬਾ ਜੀ, ਮੇਰਾ ਮੁੰਡਾ ਗੁੜ ਖਾਣੋ ਨਹੀਂ ਹਟਦਾ । ਬਾਬਾ ਉਸ ਨੂੰ ਕਹਿਣ ਲੱਗਾ ਕਿ ਬੀਬੀ, ਤੂੰ ਅਗਲੇ ਹਫਤੇ ਆਈਂ । ਬੀਬੀ ਬੜੀ ਪਰੇਸ਼ਾਨ ਹੋਈ ਅਤੇ ਸੋਚਣ ਲੱਗੀ ਕਿ ਮੈਂ ਤਾਂ ਬੜੇ ਵਿਸ਼ਵਾਸ ਨਾਲ ਆਈ ਸੀ ਪਰ ਬਾਬੇ ਨੇ ਅੱਜ ਮੇਰਾ ਕੋਈ ਫਾਇਦਾ ਨਹੀਂ ਕੀਤਾ । ਜਦੋਂ ਉਹ ਅਗਲੇ ਹਫਤੇ

[ਸ੍ਰੀ ਦੇਸ ਰਾਜ ਧੁੱਗਾ]

ਫਿਰ ਬਾਬੇ ਕੋਲ ਗਈ ਤਾਂ ਬਾਬੇ ਨੇ ਉਸ ਦੇ ਮੁੰਡੇ ਨੂੰ ਗੁੜ੍ਹ ਦੇ ਔਗਣ ਦੱਸਣੇ ਸ਼ੁਰੂ ਕਰ ਦਿੱਤੇ । ਬੀਬੀ ਕਹਿਣ ਲੱਗੀ ਕਿ ਬਾਬਾ ਜੀ, ਇਹ ਗੱਲ ਤਾਂ ਤੁਸੀਂ ਪਿਛਲੇ ਹਫਤੇ ਵੀ ਦੱਸ ਸਕਦੇ ਸੀ ਤਾਂ ਬਾਬਾ ਕਹਿਣ ਲੱਗਾ ਕਿ ਪਿਛਲੇ ਹਫਤੇ ਮੈਂ ਕੀ ਦੱਸਦਾ, ਉਦੋਂ ਤਾਂ ਮੈਂ ਆਪ ਗੁੜ੍ਹ ਖਾਂਦਾ ਸੀ । ਉਦੋਂ ਮੈਂ ਤੁਹਾਡੇ ਮੁੰਡੇ ਨੂੰ ਕਿਵੇਂ ਰੋਕ ਸਕਦਾ ਸੀ । ਇਸ ਕਰਕੇ ਪਹਿਲਾਂ ਆਪਾਂ ਸਾਰੇ ਇਸ ਪਾਸੇ ਧਿਆਨ ਦੇਈਏ, ਤਾਂ ਹੀ ਅਸੀਂ ਅੱਗੇ ਆਪਣੇ ਬੱਚਿਆਂ ਨੂੰ ਨਸੀਹਤ ਦੇ ਸਕਦੇ ਹਾਂ । ਅਸੀਂ ਕੋਈ ਫੰਕਸ਼ਨ ਰੱਖਦੇ ਹਾਂ ਜਾਂ ਕਿਸੇ ਵਿਆਹ ਸ਼ਾਦੀ ਦਾ ਪ੍ਰਬੰਧ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਸ਼ਰਾਬ ਦਾ ਪ੍ਰਬੰਧ ਕਰਦੇ ਹਾਂ । ਸਭ ਤੋਂ ਪਹਿਲਾਂ ਅਸੀਂ ਇਹ ਵੇਖਦੇ ਹਾਂ ਕਿ ਸ਼ਰਾਬ ਦਾ ਪ੍ਰਬੰਧ ਠੀਕ ਠਾਕ ਹੋ ਗਿਆ ਹੈ ਜਾਂ ਨਹੀਂ । ਅਸੀਂ ਕਹਿੰਦੇ ਹਾਂ ਕਿ ਅੱਜ ਸ਼ਰਾਬ ਫਲਾਣੀ ਕੁਆਲਿਟੀ ਦੀ ਚਾਹੀਦੀ ਹੈ ਕਿਉਂਕਿ ਫਲਾਣੀ ਕੁਆਲਿਟੀ ਦੀ ਸ਼ਰਾਬ ਤਾਂ ਪਿਛਲੇ ਵਿਆਹ ਵਿਚ ਵਰਤਾਈ ਸੀ ਅਤੇ ਹੁਣ ਤਾਂ ਕੰਮ ਹੋਰ ਅੱਗੇ ਵੱਧ ਗਿਆ ਹੈ । ਇਸ ਕਰਕੇ ਇਸ ਪਾਸੇ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ। ਸਮੁੱਚੇ ਪੰਜਾਬੀਆਂ ਦੀ ਜ਼ਿੰਮੇਵਾਰੀ ਬਣਦੀ ਹੈ । ਗੱਲ ਸਿਹਤ ਵਿਭਾਗ ਦੀ ਹੋਵੇ ਜਾਂ ਪੁਲਿਸ ਵਿਭਾਗ ਦੀ, ਸਾਰੇ ਕਰਮਚਾਰੀ ਇਸ ਬਿਮਾਰੀ ਦਾ ਸ਼ਿਕਾਰ ਹਨ । ਚੌਂਕ ਵਿਚ ਪੁਲਿਸ ਕਰਮਚਾਰੀਆਂ ਦੀ ਡਿਊਟੀ ਹੁੰਦੀ ਹੈ ਅਤੇ ਅਸੀਂ ਕਈ ਵਾਰ ਵੇਖਦੇ ਹਾਂ ਉਨ੍ਹਾਂ ਨੇ ਵੀ ਸ਼ਰਾਬ ਪੀਤੀ ਹੁੰਦੀ ਹੈ । ਉਨ੍ਹਾਂ ਨੂੰ ਇਹ ਨਹੀਂ ਪਤਾ ਲੱਗਦਾ ਕਿ ਗੱਡੀਆਂ ਕਿਧਰ ਲਗਾਉਣੀਆਂ ਹਨ ਅਤੇ ਕਿਧਰ ਨਹੀਂ । ਜਿਹੜੇ ਸਰਕਾਰੀ ਕਰਮਚਾਰੀ ਹਨ ਅਤੇ ਜਿਨ੍ਹਾਂ ਨੇ 58 ਸਾਲ ਤੱਕ ਨੌਕਰੀ ਕਰਨੀ ਹੁੰਦੀ ਹੈ, ਘੱਟੋ ਘੱਟ ਉਹ ਤਾਂ ਇਸ ਬੁਰਾਈ ਤੋਂ ਬਚਣ । ਡਿਪਟੀ ਸਪੀਕਰ ਸਾਹਿਬ, ਪਹਿਲਾਂ ਜਦੋਂ ਕੋਈ ਬੰਦਾ ਕਿਸੇ ਠੇਕੇ ਤੇ ਜਾਣ ਲੱਗਦਾ ਸੀ, ਪੱਗ ਬੰਨ੍ਹਣ ਲੱਗਦਾ ਸੀ ਜਾਂ ਸਕੂਟਰ ਚੁੱਕਣ ਲੱਗਦਾ ਸੀ ਤਾਂ ਉਸ ਦੇ ਘਰ ਵਾਲਿਆਂ ਨੂੰ ਪਤਾ ਲੱਗ ਜਾਂਦਾ ਸੀ ਪਰ ਹੁਣ ਨਾ ਉਸ ਨੂੰ ਪੱਗ ਬੰਨ੍ਹਣ ਦੀ ਲੋੜ ਹੈ ਅਤੇ ਨਾ ਸਕੂਟਰ ਚੁੱਕਣ ਦੀ । ਪਿੰਡ ਵਿਚ ਹੀ ਉਸ ਦਾ ਕੰਮ ਸਰ ਜਾਂਦਾ ਹੈ । ਘੱਟੋ ਘੱਟ ਪਿੰਡ ਵਿਚ ਜਿਹੜੀਆਂ ਬ੍ਰਾਂਚਾਂ ਖੁਲ੍ਹੀਆਂ ਹੋਈਆਂ ਹਨ, ਉਨ੍ਹਾਂ ਨੂੰ ਤਾਂ ਜ਼ਰੂਰ ਬੰਦ ਕੀਤਾ ਜਾਵੇ ਤਾਂ ਕਿ ਅਸੀਂ ਆਪਣੀ ਅਗਲੀ ਜੈਨਰੇਸ਼ਨ ਨੂੰ ਸਿਹਤਮੰਦ ਬਣਾ ਸਕੀਏ । ਜਦੋਂ ਕਿਤੇ ਵੱਡੇ ਮੇਲੇ ਲੱਗਦੇ ਹਨ ਤਾਂ ਉਸ ਏਰੀਏ ਵਿਚ ਸਰਕਾਰ ਨੂੰ ਠੇਕਿਆਂ ਨੂੰ ਬੰਦ ਕਰਨਾ ਚਾਹੀਦਾ ਹੈ । 75% ਲੜਾਈਆਂ ਇਸੇ ਕਾਰਣ ਹੁੰਦੀਆਂ ਹਨ ਕਿ ਉਥੇ ਲੋਕ ਨਸ਼ਈ ਹੋ ਕੇ ਜਾਂਦੇ ਹਨ । ਉਨ੍ਹਾਂ ਨੂੰ ਨਾ ਵੱਡੀ ਉਮਰ ਦਾ ਲਿਹਾਜ਼ ਹੁੰਦਾ ਹੈ ਅਤੇ ਨਾ ਛੋਟੀ ਉਮਰ ਦਾ । ਮੇਲਿਆਂ ਅਤੇ ਤਿਓਹਾਰਾਂ ਵਿਚ ਪਹਿਲਾਂ ਬਹਾਦਰੀ ਦੀਆਂ ਗੱਲਾਂ ਹੁੰਦੀਆਂ ਹੁੰਦੀਆਂ ਸਨ ਲੇਕਿਨ ਜਿਸ ਤਰੀਕੇ ਨਾਲ ਅੱਜ ਪੰਜਾਬ ਦਾ ਨੌਜਵਾਨ ਨਸ਼ਿਆਂ ਵਿਚ ਗਲਤਾਨ ਹੁੰਦਾ ਜਾ

ਰਿਹਾ ਹੈ, ਉਹ ਦਿਨ ਦੂਰ ਨਹੀਂ ਜਦੋਂ ਉਸ ਨੂੰ ਵੈਂਗਣ ਡੀਂਗਾਂ ਨਾਲ ਤੋੜਨੇ ਪਿਆ ਕਰਨਗੇ । ਅੱਜ ਨੌਜਵਾਨਾਂ ਦੀ ਸਿਹਤ ਦੀ ਗਰੋਥ ਘਟਦੀ ਜਾ ਰਹੀ ਹੈ । ਸੋ, ਮੈਂ ਫਿਰ ਦੁਬਾਰਾ ਜਿੰਨੇ ਵੀ ਸਤਿਕਾਰਯੋਗ ਮੈਂਬਰ ਸਾਹਿਬਾਨ ਹਨ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਸ ਗੰਭੀਰ ਸਮੱਸਿਆ ਵੱਲ ਸਾਰਿਆਂ ਨੂੰ ਰਲ ਕੇ ਯਤਨ ਕਰਨੇ ਚਾਹੀਦੇ ਹਨ । ਸਿਆਸਤ ਤੋਂ ਉਪਰ ਉਠ ਕੇ ਯਤਨ ਕਰਨੇ ਚਾਹੀਦੇ ਹਨ । ਸੋ, ਇਨ੍ਹਾਂ ਵਿਚਾਰਾਂ ਦੇ ਨਾਲ ਮੈਂ ਸਮਾਪਤ ਕਰਦਾ ਹੋਇਆ ਫਿਰ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ।

**ਸ਼੍ਰੀ ਅਸ਼ੋਕ ਸ਼ਰਮਾ** (ਪਠਾਨਕੋਟ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਬੜੇ ਅਹਿਮ ਮਸਲੇ ਤੇ ਮੈਨੂੰ ਤੁਸੀਂ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਸ਼ੁਕਰ ਗੁਜ਼ਾਰ ਹਾਂ ਆਪਣੇ ਸਾਥੀ ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਦਾ, ਜਿਨ੍ਹਾਂ ਨੇ ਇਕ ਬਹੁਤ ਹੀ ਅਹਿਮ ਮੁੱਦੇ, ਮਸਲੇ ਨੂੰ ਇਕ ਮਤੇ ਦੀ ਸ਼ਕਲ ਵਿਚ ਅੱਜ ਹਾਊਸ ਵਿੱਚ ਪੇਸ਼ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਮੇਰਾ ਇਹ ਮੰਨਣਾ ਹੈ ਕਿ ਇਸ ਦੀ ਚਿੰਤਾ ਹਾਊਸ ਵਿੱਚ ਕੀਤੀ ਜਾ ਸਕਦੀ ਹੈ, ਇਸ ਮਸਲੇ ਤੇ ਵਿਚਾਰ ਦਿੱਤੇ ਜਾ ਸਕਦੇ ਹਨ ਜਾਂ ਇਸ ਤੇ ਹੋਰ ਬੜੀ ਵਿਸਤ੍ਰਿਤ ਬਹਿਸ ਕੀਤੀ ਜਾ ਸਕਦੀ ਹੈ । ਲੇਕਿਨ ਸ਼ਾਇਦ ਸਰਕਾਰਾਂ ਵਾਸਤੇ ਇਹ ਕੋਈ ਇੰਨਾਂ ਆਸਾਨ ਕੰਮ ਨਹੀਂ ਹੈ ਕਿ ਸਰਕਾਰਾਂ ਇਸ ਦੇ ਬਾਰੇ ਕੋਈ ਕਾਨੂੰਨ ਬਣਾਉਣ ਜਾਂ ਖੁਦ ਸਰਕਾਰਾਂ ਜੋ ਆਪਣੀਆਂ ਨੀਤੀਆਂ ਬਣਾ ਬੈਠੀਆਂ ਹਨ; ਉਨ੍ਹਾਂ ਨੂੰ ਮੁੱਖ ਰੱਖਦੇ ਹੋਏ ਇਸ ਮੁੱਦੇ ਤੇ ਬਹੁਤ ਲੰਮਾ ਚੌੜਾ ਯੋਗਦਾਨ ਪਾ ਸਕਣ ਪਰ ਫਿਰ ਵੀ ਇਹ ਸਦਨ ਜਿਹੜਾ ਬਹੁਤ ਮਹਾਨ ਸਦਨ ਹੈ ਜਿੱਥੇ ਆਪਣੇ ਖੇਤਰ ਦੇ, ਸੂਬੇ ਦੇ ਲੋਕਾਂ ਦੀ ਖੁਸ਼ਹਾਲੀ, ਆਪਣੇ ਸੂਬੇ ਦੇ ਲੋਕਾਂ ਦੀਆਂ ਜਿਹੜੀਆਂ ਸਮੱਸਿਆਵਾਂ ਹਨ, ਇਨ੍ਹਾਂ ਤੇ ਵਿਚਾਰ ਕਰਨਾ ਵੀ ਸਾਡਾ ਫਰਜ਼ ਹੈ । ਮੈਂ ਸਮਝਦਾ ਹਾਂ ਕਿ ਅੱਜ ਇਸ ਤੇ ਬਹਿਸ ਕਰਕੇ ਅਸੀਂ ਆਪਣਾ ਬਹੁਤ ਵੱਡਾ ਕਰਤੱਵ ਨਿਭਾ ਰਹੇ ਹਾਂ ਪਰ ਜੇ ਹਮੇਸ਼ਾ ਇਹ ਯਾਦ ਰਖੀਏ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਸਮੱਸਿਆਵਾਂ, ਕੁਰੀਤੀਆਂ ਜਾਂ ਸਮਾਜ ਦੇ ਅੰਦਰ ਸਮੇਂ ਸਮੇਂ ਸਿਰ ਜਿਹੜੀਆਂ ਇਸ ਤਰ੍ਹਾਂ ਦੀਆਂ ਗੱਲਾਂ ਸਾਹਮਣੇ ਆਈਆਂ ਹਨ ਇਸਦੇ ਵਾਸਤੇ ਹਮੇਸ਼ਾ ਹੀ ਯੋਗਦਾਨ ਉਹ ਸਮਾਜ ਸ਼ਾਸਤਰੀਆਂ ਨੇ ਪਾਇਆ ਜਾਂ ਅਧਿਆਤਮਕ ਵਰਗ ਨਾਲ ਜਿਹੜੇ ਸਬੰਧਤ ਨੇਤਾ ਸਨ, ਉਨ੍ਹਾਂ ਨੇ ਪਾਇਆ । ਅੱਜ ਦੇਸ਼ ਦੇ ਅੰਦਰ ਹਰ ਪਾਸਿਓਂ, ਹਰ ਪੱਖੋਂ ਉਹ ਲੋਕ ਅੱਗੇ ਆਏ, ਅਰਥ ਸ਼ਾਸਤਰੀ ਅੱਗੇ ਆਏ, ਵਿਗਿਆਨਿਕ ਵੀ ਅੱਗੇ ਆਏ ਦੇਸ਼ ਦੇ ਲੀਡਰ ਵੀ ਅੱਗੇ ਆਏ । ਵਿਦਿਆ ਦੇ

[ਸ੍ਰੀ ਅਸ਼ੋਕ ਸ਼ਰਮਾ]

ਖੇਤਰ ਦੇ ਲੋਕ ਅੱਗੇ ਆਏ, ਰਾਜਨੀਤੀ ਦੇ ਖੇਤਰ ਦੇ ਲੋਕ ਅੱਗੇ ਆਏ ਲੇਕਿਨ ਅੱਜ ਸਮਾਜ ਸ਼ਾਸਤਰੀ ਆਪਣੀ ਭੂਮਿਕਾ ਭੁੱਲ ਚੁੱਕੇ ਹਨ । ਸ਼ਾਇਦ ਇਸ ਵਿੱਚ ਕਸੂਰ ਸਾਡਾ ਵੀ ਹੈ ਕਿ ਅਸੀਂ ਸਮਾਜ ਸ਼ਾਸਤਰੀਆਂ ਨੂੰ ਰਿਕੋਗਨਾਈਜ਼ ਕਰਨਾ ਬੰਦ ਕਰ ਦਿੱਤਾ ਹੈ । ਸਮਾਜ ਸ਼ਾਸਤਰੀ ਸਮਾਜ ਦੀ ਦਰਪੇਸ਼ ਮੁਸ਼ਕਲਾਤਾਂ ਨੂੰ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਹੱਲ ਸੋਚਣਾ ਸ਼ੁਰੂ ਕਰ ਦਿੰਦੇ ਹਨ ਔਰ ਉਹ ਫਿਰ ਅੱਛਾ ਮਾਹੌਲ ਤਿਆਰ ਕਰਦੇ ਹਨ । ਅੱਜ ਦੇਸ਼ ਦੇ ਅੰਦਰ, ਸੂਬੇ ਦੇ ਅੰਦਰ ਹਰ ਤਰ੍ਹਾਂ ਦੇ ਲੋਕ ਹਨ ਜਿਹੜੇ ਸਮਾਜ ਸ਼ਾਸਤਰੀ ਨਹੀਂ ਔਰ ਸਾਡੀ ਹਾਲਤ ਇਹ ਹੈ ਕਿ ਸਾਡੀ ਲੀਡਰਸ਼ਿਪ ਨਸ਼ਿਆਂ ਨੂੰ ਖਤਮ ਕਰਨ ਬਾਰੇ ਕੁਝ ਨਹੀਂ ਸੋਚ ਰਹੀ । ਮੈਂ ਸਮਝਦਾ ਹਾਂ ਕਿ ਸਮਾਜ ਸੁਧਾਰਕ ਨੇਤਾ ਦਾ ਜ਼ਿਆਦਾ ਰੋਲ ਹੋਣਾ ਚਾਹੀਦਾ ਹੈ । ਅੱਜ ਵੀ ਸਾਡੇ ਦੇਸ਼ ਦੇ ਅੰਦਰ ਕੁਝ ਅਧਿਆਤਮਕ ਅਦਾਰੇ ਹਨ ਜਿਹੜੇ ਆਪਣੀ ਭੂਮਿਕਾ ਨਿਭਾ ਰਹੇ ਹਨ ਪਰ ਅੱਜ ਅਸੀਂ ਇਥੇ ਚਿੰਤਾ ਕਰਨ ਤੋਂ ਬਾਅਦ ਕੋਸ਼ਿਸ਼ ਕਰੀਏ ਕਿ ਉਨ੍ਹਾਂ ਨਾਲ ਆਪਣਾ ਸੰਪਰਕ ਕਾਇਮ ਕਰੀਏ ਔਰ ਉਨ੍ਹਾਂ ਨੂੰ ਕਹੀਏ ਕਿਉਂਕਿ ਆਮ ਸ਼ਹਿਰੀ, ਆਮ ਨਾਗਰਿਕ ਉਨ੍ਹਾਂ ਦੀ ਗੱਲ ਨੂੰ ਬੜੇ ਧਿਆਨ ਨਾਲ ਸੁਣਦਾ ਹੈ ਔਰ ਸਮਝਦਾ ਹੈ ਕਿ ਜੋ ਕੁਝ ਉਹ ਕਰ ਰਹੇ ਹਨ, ਉਹ ਸਾਡੇ ਭਲੇ ਵਾਸਤੇ ਕਹਿ ਰਹੇ ਹਨ । ਮੈਂ ਸਮਝਦਾ ਹਾਂ ਕਿ ਅੱਜ ਸਦਨ ਇਸ ਗੱਲ ਦੀ ਚਿੰਤਾ ਕਰਦਾ ਹੈ । ਮੇਰੀ ਬੇਨਤੀ ਹੈ ਕਿ ਸਦਨ ਗੰਭੀਰਤਾ ਨਾਲ ਇਸ ਬਾਰੇ ਸੋਚੇ ਔਰ ਖਾਸ ਤੌਰ 'ਤੇ ਸੁਲਝੇ ਹੋਏ ਲੋਕਾਂ ਦੀ ਇਕ ਨਾਨ-ਆਫਿਸ਼ੀਅਲ ਕਮੇਟੀ ਬਣਾਏ ਜਿਹੜੀ ਇਸ ਅੰਦੋਲਨ ਨੂੰ ਲੈ ਕੇ ਅੱਗੇ ਵੱਧੇ ਔਰ ਇਨ੍ਹਾਂ ਸਮਾਜ ਸ਼ਾਸਤਰੀਆਂ ਨਾਲ ਜਾਂ ਅਧਿਆਤਮਕ ਵਰਗ ਦੇ ਨੇਤਾਵਾਂ ਨਾਲ ਮਿਲ ਕੇ ਕੋਈ ਰਚਨਾ ਕਰੇ ਔਰ ਉਸ ਨਾਲ ਇਹ ਬੁਰਾਈ ਦਾ ਜੋ ਪ੍ਰਕੋਪ ਫੈਲਦਾ ਜਾ ਰਿਹਾ ਹੈ ਇਸ ਦੇ ਬਾਰੇ ਕੋਈ ਸਟਰੈਟਜੀ ਤਿਆਰ ਕਰੇ । ਮੈਂ ਸਮਝਦਾ ਹਾਂ ਕਿ ਨਸ਼ਿਆਂ ਦੇ ਇਸ ਪ੍ਰਕੋਪ ਨੇ ਕੰਈ ਸਭਿਆਤਾਵਾਂ ਖਤਮ ਕੀਤੀਆਂ ਹਨ । ਮੇਰੇ ਵੱਡੇ ਵੀਰ ਸਰਦਾਰ ਸੁੱਚਾ ਸਿੰਘ ਛੋਟੇਪੁਰ ਸਾਹਿਬ ਨੇ ਠੀਕ ਕਿਹਾ ਹੈ ਕਿ ਚੀਨ ਤੋਂ ਵੱਡੀ ਕੋਈ ਮਿਸਾਲ ਨਹੀਂ ਕਿ ਕਿਸ ਤਰ੍ਹਾਂ ਅਫ਼ੀਮ ਦੇ ਨਸ਼ੇ ਨੇ ਇਸ ਕੌਮ ਨੂੰ ਡੋਬ ਦਿੱਤਾ ਸੀ ਔਰ ਫਿਰ ਕਿਸ ਤਰ੍ਹਾਂ ਵਕਤ ਦੇ ਨੇਤਾਵਾਂ ਨੇ ਇਨ੍ਹਾਂ ਤੋਂ ਨਿਜ਼ਾਤ ਦਿਲਾ ਕੇ ਇਸ ਕੌਮ ਨੂੰ ਦੁਬਾਰਾ ਅੱਜ ਪੂਰੇ ਵਿਸ਼ਵ ਦੇ ਅੰਦਰ ਖੜ੍ਹਾ ਕਰ ਦਿੱਤਾ ਹੈ । ਸੋ, ਮੇਰੀ ਬੇਨਤੀ ਹੈ ਔਰ ਮੈਂ ਫਿਰ ਇਸ ਗੱਲ 'ਤੇ ਵਜ਼ਨ ਦੇਵਾਂਗਾ ਔਰ ਮੇਰੀ ਗੁਜ਼ਾਰਿਸ਼ ਵੀ ਹੈ ਕਿ ਸਦਨ ਦੇ ਸਾਥੀ ਇਸ ਦੀ ਚਿੰਤਾ ਕਰਨ । ਸਾਡਾ ਸਦਨ ਕਾਨੂੰਨ ਬਣਾ ਨਹੀਂ ਸਕਦਾ, ਜਿਹੜਾ ਕਾਨੂੰਨ ਬਣਿਆ ਹੋਇਆ ਹੈ ਐਨ.ਡੀ.ਪੀ.ਸੀ., ਉਸ ਦੇ, ਮੈਂ ਸਮਝਦਾ ਹਾਂ ਕਿ ਜਿਹੜੇ ਡਿਜ਼ਾਇਰਡ ਰਿਜ਼ਲਟ ਹੋਣੇ ਚਾਹੀਦੇ ਹਨ ਉਹ ਨਹੀਂ ਮਿਲੇ, ਇਸ ਦੀ ਦੁਰਵਰਤੋਂ ਦੀਆਂ ਕਈ ਮਿਸਾਲਾਂ ਇਸ

ਸਦਨ ਅੰਦਰ ਪੇਸ਼ ਕਰ ਸਕਦਾ ਹਾਂ । ਸਾਨੂੰ ਅਗਰ ਇਹ ਚਿੰਤਾ ਹੈ ਕਿ ਅਸੀਂ ਮੌਜੂਦਾ ਕਾਨੂੰਨ ਤੋਂ ਕੋਈ ਵੱਡਾ ਕਾਨੂੰਨ ਬਣਾ ਕੇ ਆਪਣੇ ਸੂਬੇ ਨੂੰ, ਪੰਜਾਬ ਨੂੰ ਨਸ਼ਿਆਂ ਤੋਂ ਨਿਜ਼ਾਤ ਦਿਵਾ ਸਕਦੇ ਹਾਂ ਤਾਂ ਇਹ ਇਕ ਭੁਲੇਖੇ ਵਾਲੀ ਗੱਲ ਹੋਵੇਗੀ । ਇਸ ਵਾਸਤੇ ਇਸ ਨੂੰ ਕੰਟਰੋਲ ਕਰਨ ਲਈ ਇਹ ਕੀਤਾ ਜਾਣਾ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਮਿਲੀਏ ਜਿਹੜੇ ਬਹੁਤ ਅੱਛੇ ਹਨ ਅਤੇ ਉਹ ਬੜੇ ਅੱਛੇ ਢੰਗ ਨਾਲ ਸਮਾਜ ਦੇ ਅੰਦਰ ਜਾ ਕੇ, ਪ੍ਰਚਾਰ ਕਰਕੇ ਸਮਾਜ ਨੂੰ ਸਹੀ ਰਾਹ ਉਤੇ ਪਾ ਕੇ, ਨਸ਼ਿਆਂ ਦੇ ਖ਼ਤਰਿਆਂ ਤੋਂ ਜਾਣੂ ਕਰਵਾ ਕੇ, ਆਗਾਹ ਕਰਵਾ ਕੇ, ਕਈ ਤਰੀਕਿਆਂ ਨਾਲ ਸਮਾਜ ਨੂੰ ਚੰਗੇ ਪਾਸੇ ਵੱਲ ਮੋੜ ਸਕਦੇ ਹਨ । ਇਸ ਤੋਂ ਇਲਾਵਾ ਉਹ ਲੋਕਾਂ ਨੂੰ ਆਪੋ-ਆਪਣੇ ਢੰਗ ਤਰੀਕਿਆਂ ਨਾਲ ਇਹ ਦੱਸ ਸਕਦੇ ਹਨ ਕਿ ਤੁਸੀਂ ਨਸ਼ੇ ਅਪਣਾ ਕੇ ਠੀਕ ਨਹੀਂ ਕੀਤਾ । ਉਨ੍ਹਾਂ ਨੇ ਆਪਣੇ ਤੌਰ 'ਤੇ ਸਮਾਜ ਵਿਚ ਬੜਾ ਅੱਛਾ ਯੋਗਦਾਨ ਪਾਇਆ ਹੈ ਅਤੇ ਪਾ ਰਹੇ ਹਾਂ ਅਤੇ ਅਸੀਂ ਉਨ੍ਹਾਂ ਦੇ ਪਾਏ ਹੋਏ ਯੋਗਦਾਨ ਦਾ ਹੀ ਅਨੰਦ ਮਾਣ ਰਹੇ ਹਾਂ । ਅਸੀਂ ਲੋਕ ਇਥੇ ਚਿੰਤਾ ਕਰਨ ਦੇ ਬਾਅਦ ਉਨ੍ਹਾਂ ਮਹਾਂਪੁਰਸ਼ ਲੋਕਾਂ ਕੋਲ ਜਾ ਕੇ ਕਹੀਏ, ਬੇਨਤੀ ਕਰੀਏ, ਹੱਥ ਜੋੜੀਏ ਕਿ ਸਮਾਜ ਨੂੰ ਨਸ਼ੇ ਮੁਕਤ ਕਰਕੇ ਅੱਗੇ ਲਿਜਾਇਆ ਜਾਵੇ । ਉਨ੍ਹਾਂ ਉਤੇ ਜ਼ਿੰਮੇਵਾਰੀ ਪਾਈਏ ਕਿ ਤੁਸੀਂ ਇਸ ਸਮਾਜ ਨੂੰ ਸੰਭਾਲੋ, ਤੁਸੀਂ ਪੰਜਾਬ ਸੂਬੇ ਨੂੰ ਸੰਭਾਲੋ, ਆਪਣੀਆਂ ਨਸਲਾਂ ਨੂੰ ਸੰਭਾਲੋ । ਫਿਰ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਦਿਲਾਂ ਵਿਚ ਪੰਜਾਬ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਵੇਗਾ ਅਤੇ ਉਹ ਇਹ ਮਹਿਸੂਸ ਕਰਨਗੀਆਂ ਅਤੇ ਉਹ ਇਹ ਸੇਵਾ ਜ਼ਰੂਰ ਕਰਨਗੀਆਂ । ਇਸ ਤਰ੍ਹਾਂ ਉਨ੍ਹਾਂ ਚੰਗੇ ਮਹਾਂਪੁਰਸ਼ਾਂ ਨੂੰ ਜ਼ਿੰਮੇਵਾਰੀ ਦੇਣ ਦੀ ਲੋੜ ਹੈ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਯਕੀਨਨ ਰਿਜ਼ਲਟ ਅੱਛੇ ਨਿਕਲਣਗੇ । ਮੈਂ ਇਕ ਵਾਰੀ ਫਿਰ ਆਪਣੇ ਸਾਥੀ ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਮਹਾਨ ਸਦਨ ਅੰਦਰ ਇਕ ਚਿੰਤਾ ਕੀਤੀ ਹੈ ਅਤੇ ਇਕ ਅਜਿਹੇ ਵਿਸ਼ੇ ਉਤੇ ਬਹਿਸ ਸ਼ੁਰੂ ਕੀਤੀ ਹੈ ਜਿਹੜਾ ਕਿ ਬਹੁਤ ਹੀ ਅਹਿਮ ਮਤਾ ਹੈ । ਇਸ ਦੇ ਉਤੇ ਬੋਲਦਿਆਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੇ ਸਮਾਜ ਪ੍ਰਤੀ, ਪੰਜਾਬ ਪ੍ਰਤੀ ਆਪਣੇ ਕਰਤਵ ਦੀ ਪਾਲਣਾ ਕਰ ਰਹੇ ਹਾਂ । ਇਸ ਦੇ ਨਾਲ ਹੀ ਮੈਂ ਉਹ ਸਾਰੀ ਜ਼ਿੰਮੇਵਾਰੀ ਲੈਣ ਨੂੰ ਤਿਆਰ ਹਾਂ ਅਗਰ ਸਦਨ ਮੈਨੂੰ ਕੋਈ ਇਸ ਤਰ੍ਹਾਂ ਦੀ ਜ਼ਿੰਮੇਵਾਰੀ ਲਾਉਂਦਾ ਹੈ । ਮੈਂ ਵੀ ਇਸ ਰਾਹ 'ਤੇ ਚਲਣ ਲਈ ਤਿਆਰ ਹਾਂ । ਅਗਰ ਕੋਈ ਨਵਾਂ ਪ੍ਰੋਗਰਾਮ ਦਿੱਤਾ ਜਾਂਦਾ ਹੈ । ਮੈਂ ਅੰਤ ਵਿਚ ਇਕ ਵਾਰੀ ਫਿਰ ਆਪਣੇ ਸਾਥੀ ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ

[ਸ਼੍ਰੀ ਅਸ਼ੋਕ ਸ਼ਰਮਾ]
ਬਹੁਤ ਅੱਛਾ ਮਤਾ ਪੇਸ਼ ਕੀਤਾ ਹੈ ਅਤੇ ਡਿਪਟੀ ਸਪੀਕਰ ਸਾਹਿਬ, ਤੁਹਾਡਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** (ਅਟਾਰੀ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਇਨਸਾਨੀਅਤ ਦੇ ਵਿਸ਼ੇ ਉਤੇ ਸਾਡੇ ਸਤਿਕਾਰਯੋਗ ਮੈਂਬਰ ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਵੱਲੋਂ ਲਿਆਂਦੇ ਗਏ ਨਸ਼ਿਆਂ ਦੇ ਵਿਰੋਧ ਵਾਲੇ ਮਤੇ ਉਤੇ ਬੋਲਣ ਦਾ ਸਮਾਂ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਹਿਸਟਰੀ ਦੇ ਪ੍ਰੋਫੈਸਰ ਹੋ । ਜੇਕਰ ਭਾਰਤ ਦੇਸ਼ ਦੇ ਇਤਿਹਾਸ ਨੂੰ ਗਹੁ ਨਾਲ ਵੇਖਿਆ ਜਾਵੇ, ਇਸ ਦੀ ਸੰਸਕ੍ਰਿਤੀ ਨੂੰ ਫਰੋਲਿਆ ਜਾਵੇ ਤਾਂ ਇਹ ਪਤਾ ਲਗਦਾ ਹੈ ਕਿ ਭਾਰਤ ਇਕ ਰਿਸ਼ੀਆਂ-ਮੁਨੀਆਂ ਦਾ ਦੇਸ਼ ਹੈ । ਮਹਾਂਪੁਰਸ਼ਾਂ ਦਾ ਦੇਸ਼ ਹੈ, ਚੰਗੀ ਸ਼ਖ਼ਸੀਅਤਾਂ ਅਤੇ ਅਵਤਾਰਾਂ ਦਾ ਦੇਸ਼ ਹੈ, ਸੱਚੇ ਲੋਕਾਂ ਦਾ ਦੇਸ਼ ਹੈ ਜਿਨ੍ਹਾਂ ਨੇ ਮਨੁੱਖਤਾ ਲਈ, ਭਾਵੇਂ ਸਾਰੇ ਸੰਸਾਰ ਦੀ ਹਿਸਟਰੀ ਨੂੰ ਵੇਖ ਲਈਏ, ਸਭ ਤੋਂ ਵੱਧ ਕੰਮ ਕੀਤੇ ਅਤੇ ਸਭ ਤੋਂ ਵੱਧ ਗਿਣਤੀ ਵਿਚ ਉਹ ਭਾਰਤ ਦੇਸ਼ ਵਿਚ ਹੋਏ ਹਨ । ਜਿਨ੍ਹਾਂ ਨੇ ਦੇਸ਼ ਵਾਸੀਆਂ ਲਈ ਸੁਧਾਰ ਦੇ ਕੰਮ ਕੀਤੇ, ਸਮਾਜ ਨੂੰ ਵਧੀਆ ਸੋਧ ਦੇ ਕੇ ਗਏ ਹਨ । ਖਾਸ ਕਰਕੇ ਪੰਜਾਬ ਜਿਸ ਦਾ ਬੜਾ ਨਾਂ ਸੀ, ਕੁਝ ਸਮਾਂ ਪਹਿਲਾਂ ਉਹ ਪੰਜਾਬ ਇਕ ਬੜਾ ਹੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ । ਉਸ ਵਿਸ਼ੇ ਉਤੇ ਅੱਜ ਆਪਾਂ ਸਾਰੇ ਬਹਿਸ ਕਰ ਰਹੇ ਹਾਂ । ਸਾਡਾ ਨੌਜਵਾਨ ਨਸ਼ਿਆਂ ਵਾਲੇ ਪਾਸੇ ਕਿਉਂ ਤੁਰਿਆ ? ਇਹ ਲੰਮੀ ਦਾਸਤਾਨ ਹੈ । ਜਦੋਂ ਨੌਜਵਾਨਾਂ ਨੂੰ ਚੰਗਾ ਰੁਜ਼ਗਾਰ ਨਾ ਮਿਲਿਆ ਤੌਂ ਉਹ ਇਸ ਪਾਸੇ ਵੱਲ ਨੂੰ ਮੁੜ ਪਏ । ਇਸ ਲਈ ਮੈਂ ਸਮਝਦਾ ਹਾਂ ਕਿ ਇਹ ਸਾਡੇ ਲਈ ਬੜਾ ਅਹਿਮ ਵਿਸ਼ਾ ਹੈ । ਇਸ ਪੰਜਾਬ ਨੂੰ ਖਾਸ ਕਰਕੇ ਆਪਣੇ ਨੌਜਵਾਨਾਂ ਉਤੇ ਬੜਾ ਮਾਣ ਸੀ । ਸਾਨੂੰ ਸਾਰਿਆਂ ਨੂੰ ਸੋਚਣ ਦੀ ਲੋੜ ਹੈ । ਉਨ੍ਹਾਂ ਨੂੰ ਵੱਡੇ-ਵਡੇਰਿਆਂ ਦੀ ਹਿਸਟਰੀ ਪੜ੍ਹਾਈਏ, ਅਵਤਾਰਾਂ ਬਾਰੇ ਦੱਸੀਏ । ਭਗਵਾਨ ਮਹਾਂਰਿਸ਼ੀ ਬਾਲਮੀਕ ਜੀ ਜਿਹੜੇ ਕਿ ਦੁਨੀਆਂ ਵਿੱਚ ਸੱਭ ਤੋਂ ਪਹਿਲਾਂ ਦੁਨੀਆਂ ਦੀ ਰਚਨਾ ਵੇਲੇ ਆਏ ਅਤੇ ਜਿਨ੍ਹਾਂ ਨੇ 10 ਹਜ਼ਾਰ ਸਾਲ ਪਹਿਲਾਂ ਹੀ ਲਿਖ ਦਿੱਤਾ ਸੀ ਕਿ ਸਮਾਜ ਵਿੱਚ ਇਹ ਹੋਵੇਗਾ, ਇਹ ਹੋਵੇਗਾ, ਇਸ ਯੁੱਗ ਵਿੱਚ ਇਹ ਅਵਤਾਰ ਹੋਵੇਗਾ, ਇਸ ਯੁੱਗ ਵਿੱਚ ਇਹ ਅਵਤਾਰ ਹੋਵੇਗਾ ਅਤੇ ਇਨ੍ਹਾਂ ਯੁੱਗਾਂ ਵਿੱਚ ਇਹ ਗੱਲਾਂ ਹੋਣਗੀਆਂ । ਜਿਹੜਾ ਮਨੁੱਖ 10 ਹਜ਼ਾਰ ਸਾਲ ਪਹਿਲਾਂ ਇਹ ਗੱਲਾਂ ਲਿਖ ਗਿਆ ਹੋਵੇ ਅਤੇ ਉਹ ਸਾਰੀਆਂ ਗੱਲਾਂ ਪੂਰੀਆਂ ਹੋਈਆਂ ਹਨ, ਇਸ ਲਈ ਉਨ੍ਹਾਂ ਦੇ ਜੀਵਨ ਤੋਂ ਚੰਗੀ ਸੇਧ ਲੈਣ ਦੀ ਸਾਡੇ ਨੌਜਵਾਨਾਂ ਨੂੰ ਲੋੜ ਹੈ । ਜਿਹੜੇ ਸਾਡੇ ਮਹਾਂਪੁਰਸ਼ ਸਨ, ਸਾਡੇ ਵੱਡੇ-ਵਡੇਰੇ ਸਨ

ਅਤੇ ਉਹ ਜਿਹੜੀਆਂ ਇਹ ਗੱਲਾਂ ਲਿਖ ਗਏ ਹਨ, ਖਾਸ ਕਰਕੇ ਪੰਜਾਬ ਵਿੱਚ ਅੱਜ ਇਸ ਗੱਲ ਦੀ ਲੋੜ ਹੈ । ਮੈਂ ਸਮਝਦਾ ਹਾਂ ਕਿ ਅੱਜ ਸਾਡਾ ਨੌਜਵਾਨ ਇਸ ਗੱਲ ਤੋਂ ਥੋੜ੍ਹਾ ਪਿੱਛੇ ਹੱਟ ਗਿਆ ਹੈ । ਪੰਜਾਬ ਵਿੱਚ ਬੜਾ ਲੰਮਾ ਸਮਾਂ ਗੁਰੂ ਸਾਹਿਬਾਨ ਨੇ ਵੀ ਇਨਸਾਨੀਅਤ ਨੂੰ ਚੰਗੀ ਸੇਧ ਦਿੱਤੀ ਹੈ ਅਤੇ ਮਨੁੱਖਤਾ ਦੇ ਭਲੇ ਲਈ ਹੀ ਸਾਰੀਆਂ ਗੱਲਾਂ ਸਾਨੂੰ ਵਿਰਸੇ ਵਿੱਚ ਮਿਲੀਆਂ ਸਨ । ਅੱਜ ਅਸੀਂ ਇਸ ਤੋਂ ਦੂਰ ਚਲੇ ਗਏ ਹਾਂ । ਅੱਜ ਸਾਨੂੰ ਸਾਰਿਆਂ ਨੂੰ ਇਸ 'ਤੇ ਝਾਤ ਮਾਰਨ ਦੀ ਲੋੜ ਹੈ । ਇਸ ਪਵਿੱਤਰ ਸਦਨ ਵਿੱਚ ਨਸ਼ਿਆਂ ਦੇ ਵਿਰੁੱਧ ਇਹ ਮਤਾ ਲਿਆਂਦਾ ਗਿਆ ਹੈ । ਅੱਜ ਨਸ਼ਾ ਸਾਰੀਆਂ ਚੀਜ਼ਾਂ ਵਿੱਚ ਮਿਲ ਗਿਆ ਹੈ, ਪਸ਼ੂਆਂ ਦੇ ਚਾਰੇ ਵਿੱਚ ਅਤੇ ਹੋਰ ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ ਵੀ ਨਸ਼ਾ ਆ ਗਿਆ ਹੈ ਅਤੇ ਕੋਈ ਵੀ ਅਜਿਹੀ ਚੀਜ਼ ਨਹੀਂ ਜਿਹੜੀ ਕਿ ਨਸ਼ੇ ਤੋਂ ਬਚ ਸਕੀ ਹੋਵੇ । ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਨੇ ਇਹ ਜੋ ਮਤਾ ਲਿਆਂਦਾ ਹੈ ਅਤੇ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਪਾਸੇ ਉਚੇਚੇ ਉਪਰਾਲੇ ਕਰਨ ਦੀ ਲੋੜ ਹੈ ਤਾਂ ਕਿ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ । ਪੰਜਾਬੀਆਂ ਨੇ ਹਰ ਫੀਲਡ ਵਿੱਚ ਮੱਲਾਂ ਮਾਰੀਆਂ ਹਨ ਚਾਹੇ ਦੂਜੇ ਦੇਸ਼ਾਂ ਨਾਲ ਲੜਾਈ ਦਾ ਮੈਦਾਨ ਹੋਵੇ ਚਾਹੇ ਕਾਰਗਿਲ ਦੀ ਲੜਾਈ ਹੋਵੇ ਹਰ ਫੀਲਡ ਵਿੱਚ ਪੰਜਾਬੀਆਂ ਨੇ ਹਿੱਸਾ ਪਾਇਆ ਹੈ ਅਤੇ ਦੇਸ਼ ਦੀ ਆਜ਼ਾਦੀ ਵਿੱਚ ਵੀ 80% ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ । ਇਸ ਲਈ ਅੱਜ ਪੰਜਾਬ ਵਿਚ ਜਿਹੜਾ ਹੈ ਇਹ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ । ਇਸ ਵਾਸਤੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਅਤੇ ਇਸ ਪਾਸੇ ਸਾਨੂੰ ਸਾਰਿਆਂ ਨੂੰ ਸੋਚਣ ਦੀ ਲੋੜ ਹੈ ਕਿ ਪੰਜਾਬ ਅੱਜ ਇਸ ਪਾਸੇ ਕਿਉਂ ਤੁਰਿਆ ਹੈ, ਇਸਦੇ ਪਿਛੋਕੜ ਵੱਲ ਸਾਨੂੰ ਝਾਤ ਮਾਰਨੀ ਪਵੇਗੀ ਕਿ ਕਿਉਂ ਪੰਜਾਬ ਇਸ ਪਾਸੇ ਤੁਰਿਆ ਹੈ । ਇਸ ਲਈ ਸਾਡਾ ਇਹ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਹ ਜਿਹੜਾ ਅੱਜ ਸੁਝਾਓ ਆਇਆ ਹੈ ਕਿ ਵੱਖ ਵੱਖ ਨੌਜਵਾਨਾਂ ਦੀਆਂ ਕਮੇਟੀਆਂ ਬਣਾ ਕੇ ਇਸ ਦਾ ਹੱਲ ਲੱਭਿਆ ਜਾਵੇ ਅਤੇ ਜਿਹੜੇ ਮਹਾਂਪੁਰਸ਼ ਹਨ, ਡੇਰਿਆਂ ਦੇ ਸੰਤ ਹਨ ਅਤੇ ਜਿਹੜੇ ਨਸ਼ਿਆਂ ਤੋਂ ਰਹਿਤ ਹਨ ਅਤੇ ਚੰਗੇ ਪਾਸੇ ਲੱਗੇ ਹੋਏ ਹਨ, ਉਨ੍ਹਾਂ ਦੇ ਨਾਲ ਉਨ੍ਹਾਂ ਕਮੇਟੀਆਂ ਦੇ ਨੌਜਵਾਨਾਂ ਨੂੰ ਪਿੰਡ ਪਿੰਡ, ਸ਼ਹਿਰ ਸ਼ਹਿਰ ਪ੍ਰਚਾਰ ਲਈ ਭੇਜਿਆ ਜਾਵੇ ਤਾਂ ਕਿ ਜਿਹੜੇ ਸਾਡੇ ਅੱਜ ਨੌਜਵਾਨ ਆਪਣੇ ਵਿਰਸੇ ਤੋਂ ਦੂਰ ਚਲੇ ਗਏ ਹਨ, ਉਨ੍ਹਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ ਨਹੀਂ ਤਾਂ ਆਉਣ ਵਾਲਾ ਸਮਾਂ ਬੜਾ ਮਾੜਾ ਹੋਵੇਗਾ । ਇਸ ਤੋਂ ਇਲਾਵਾ ਡਿਸਟ੍ਰਿਕਟ ਲੈਵਲ 'ਤੇ ਜਿਹੜੇ ਸਾਡੇ ਸੀ.ਐਮ.ਓ. ਹਨ, ਉਨ੍ਹਾਂ ਨੂੰ ਇਸ ਸਬੰਧੀ ਉਪਰਾਲੇ ਕਰਨੇ ਚਾਹੀਦੇ ਹਨ । ਪਹਿਲਾਂ

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]
ਸੈਂਪਲ ਭਰੇ ਜਾਂਦੇ ਸਨ ਅਤੇ ਐਡਲਟਰੇਸ਼ਨ ਵਾਲੇ ਨੂੰ ਸਜ਼ਾ ਵੀ ਦਿੱਤੀ ਜਾਂਦੀ ਸੀ ਪਰ ਮੇਰਾ ਖਿਆਲ ਹੈ ਕਿ ਪਿਛਲੇ ਸਮੇਂ ਦਾ ਰਿਕਾਰਡ ਮੰਗਵਾ ਕੇ ਦੇਖ ਲਓ ਪਿਛਲੇ ਕਈ ਸਾਲਾਂ ਤੋਂ ਕੋਈ ਸੈਂਪਲ ਨਹੀਂ ਭਰਿਆ ਗਿਆ ਹੋਵੇਗਾ ਅਤੇ ਨਾ ਹੀ ਨਸ਼ੇ ਰੋਕਣ ਲਈ ਕੋਈ ਕਦਮ ਉਠਾਏ ਗਏ ਹਨ । ਡਰੱਗ ਇੰਸਪੈਕਟਰ ਜਿਹੜੇ ਹਨ ਉਨ੍ਹਾਂ ਦਾ ਰਿਕਾਰਡ ਮੰਗਵਾ ਕੇ ਵੀ ਦੇਖਿਆ ਜਾ ਸਕਦਾ ਹੈ ਮੇਰਾ ਖਿਆਲ ਹੈ ਕਿ ਇਕ ਸਾਲ ਵਿੱਚ ਵੀ ਉਸਨੇ ਨਸ਼ੇ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਹੋਵੇਗੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਆਜ਼ਾਦੀ ਦਾ ਸਮਾਂ ਸੀ, ਉਸ ਵੇਲੇ ਵੀ ਪੰਜਾਬੀਆਂ ਨੇ ਹਿੱਸਾ ਪਾਇਆ, ਇਸ ਵਾਸਤੇ ਨੌਜਵਾਨਾਂ ਨੂੰ ਕੈਂਪਾਂ ਰਾਹੀਂ, ਦਲੀਲਾਂ ਰਾਹੀਂ ਦੱਸਣਾ ਪਵੇਗਾ ਕਿ ਸਾਡਾ ਪਿਛੋਕੜ ਕੀ ਰਿਹਾ ਹੈ । ਸਾਨੂੰ ਨੌਜਵਾਨਾਂ ਨੂੰ ਇਸ ਪਾਸੇ ਜਾਣ ਤੋਂ ਰੋਕਣਾ ਪਵੇਗਾ । ਅੱਜ ਹਰ ਸੰਸਥਾ, ਕਾਲਜ, ਯੂਨੀਵਰਸਿਟੀ, ਪਿੰਡ, ਸ਼ਹਿਰ ਹਰ ਥਾਂ ਨਸ਼ਿਆਂ ਦਾ ਰੁਝਾਨ ਵੱਧ ਰਿਹਾ ਹੈ । ਇਸ ਲਈ ਬੜੀ ਚਿੰਤਾ ਦਾ ਵਿਸ਼ਾ ਹੈ । ਇਹ ਮਤਾ ਲਿਆਉਣ ਵਾਸਤੇ ਜਿਥੇ ਮੈਂ ਸ੍ਰੀ ਜੁਗਲ ਕਿਸ਼ੋਰ ਜੀ ਦਾ ਧੰਨਵਾਦ ਕਰਦਾ ਹਾਂ, ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਉਥੇ ਮੈਂ ਇਹ ਵੀ ਕਹਿੰਦਾ ਹਾਂ ਕਿ ਅੱਜ ਸਦਨ ਵਿੱਚ ਸਾਨੂੰ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਪਾਰਟੀ ਤੋਂ ਉਪਰ ਉਠ ਕੇ ਇਸ ਪਾਸੇ ਲੱਗੀਏ । ਸੰਤਾਂ-ਮਹਾਂਪੁਰਸ਼ਾਂ ਅਤੇ ਗੁਰੂ ਸਾਹਿਬਾਨ ਨੇ ਵੀ ਸਾਨੂੰ ਨਸ਼ਿਆਂ ਤੋਂ ਵਰਜਿਤ ਕੀਤਾ ਹੈ ਔਰ ਸਮਾਜ ਨੂੰ ਉਸਾਰੂ ਸੇਧਾਂ ਦਿੱਤੀਆਂ ਹਨ ਪਰ ਅਸੀਂ ਉਨ੍ਹਾਂ ਵੱਲੋਂ ਦਰਸਾਏ ਮਾਰਗ ਤੋਂ ਦੂਰ ਚਲੇ ਗਏ ਹਾਂ । ਸਾਡੇ ਸੱਭਿਆਚਾਰ 'ਤੇ ਵੀ ਬੜਾ ਮਾੜਾ ਪ੍ਰਭਾਵ ਪਿਆ ਹੈ । ਇਹ ਸਾਰੀਆਂ ਘਾਟਾਂ ਨੌਜਵਾਨਾਂ ਨੂੰ ਨਸ਼ਿਆਂ ਵੱਲ ਲੈਕੇ ਜਾ ਰਹੀਆਂ ਹਨ । ਡਿਪਟੀ ਸਪੀਕਰ ਸਾਹਿਬ, ਇੱਥੇ ਚੋਣਾਂ ਦਾ ਜ਼ਿਕਰ ਆਇਆ ਹੈ । ਚੋਣਾਂ ਦੌਰਾਨ ਇਹ ਨਸ਼ੇ ਲੋਕਾਂ ਦੇ ਘਰਾਂ ਤੱਕ, ਲੋਕਾਂ ਦੀਆਂ ਜੜ੍ਹਾਂ ਤੱਕ ਪਹੁੰਚ ਗਏ ਹਨ । ਇਲੈਕਸ਼ਨ ਦੌਰਾਨ ਇਨ੍ਹਾਂ ਦੀ ਵਰਤੋਂ ਹੋਣ ਕਾਰਨ ਇਹ ਲੋਕਾਂ ਦੇ ਘਰਾਂ ਤੱਕ ਪਹੁੰਚ ਗਿਆ ਹੈ । ਜਿਸ ਤਰ੍ਹਾਂ ਦੂਜੇ ਦੇਸ਼ਾਂ ਵਿੱਚ ਚੋਣਾਂ ਮਸ਼ੀਨਾਂ ਰਾਹੀਂ ਕਰਵਾਈਆਂ ਜਾਂਦੀਆਂ ਹਨ, ਇਸੇ ਤਰ੍ਹਾਂ ਇੱਥੇ ਵੀ ਚੋਣਾਂ ਵਿੱਚ ਸੁਧਾਰ ਲਿਆਉਣ ਦੀ ਜ਼ਰੂਰਤ ਹੈ । ਬਕਾਇਦਾ ਇਸ ਵਾਸਤੇ ਇੱਕ ਕਮੇਟੀ ਬਣਾਈ ਜਾਵੇ ਤਾਂ ਕਿ ਚੋਣਾਂ ਦਾ ਸੁਧਾਰ ਹੋ ਸਕੇ । ਦੇਸ਼ ਨੂੰ ਆਜ਼ਾਦ ਹੋਇਆਂ 50 ਸਾਲ ਹੋ ਗਏ ਹਨ ਔਰ ਇਸ ਸਮੇਂ ਦੌਰਾਨ ਸੰਵਿਧਾਨ ਵਿੱਚ ਕਈ ਤਰਮੀਮਾਂ ਹੋਈਆਂ ਹਨ ਪਰ ਇਲੈਕਸ਼ਨਾਂ ਦਾ ਪੁਰਾਣਾ ਹੀ ਸਿਸਟਮ ਚੱਲ ਰਿਹਾ ਹੈ । ਇਸ ਕਰਕੇ ਇਹ ਸਾਰੀਆਂ ਗੱਲਾਂ ਠੀਕ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਸਮਾਜ ਨੂੰ ਸਹੀ ਸੇਧ ਦਿੱਤੀ ਜਾ ਸਕੇ । ਇੱਥੇ ਮੈਂਬਰ ਸਾਹਿਬਾਨ ਕੁਝ ਕਰਨ ਵਾਸਤੇ ਆਉਂਦੇ ਹਨ । ਇਸ ਕਰਕੇ ਸਾਰਿਆਂ ਨੂੰ ਕੁਰਸੀ ਤੱਕ ਸੀਮਿਤ ਨਾ ਰੱਖ ਕੇ ਪਾਰਟੀਬਾਜ਼ੀ

ਤੋਂ ਉੱਪਰ ਉੱਠ ਕੇ ਨਸ਼ਿਆਂ ਨੂੰ ਦੂਰ ਕਰਨ ਵਾਸਤੇ ਸੋਚਣਾ ਚਾਹੀਦਾ ਹੈ ਤਾਂ ਕਿ ਸਾਡੇ ਨੌਜਵਾਨ ਜਿਨ੍ਹਾਂ ਨੇ ਦੇਸ਼ ਦੀ, ਪੰਜਾਬ ਦੀ ਵਾਗਡੋਰ ਸੰਭਾਲਣੀ ਹੈ, ਉਨ੍ਹਾਂ ਨੂੰ ਚੰਗੀ ਅਤੇ ਨਿਰੋਈ ਸੇਧ ਦਿੱਤੀ ਜਾ ਸਕੇ । ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ । ਸਾਨੂੰ ਸਾਰਿਆਂ ਨੂੰ ਚੰਗੇ ਰਸਮੋਂ ਰਿਵਾਜ਼ਾਂ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ । ਅੱਜ ਪੰਜਾਬ ਜਿਹੜਾ ਕਦੀ ਅੱਗੇ ਜਾ ਰਿਹਾ ਸੀ, ਅੱਜ ਪਿਛਾਂਹ ਜਾ ਰਿਹਾ ਹੈ । ਇਸ ਦਾ ਇੱਕ ਵੱਡਾ ਕਾਰਨ ਬੇਰੋਜ਼ਗਾਰੀ ਵੀ ਹੈ । ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ । ਬੇਰੋਜ਼ਗਾਰੀ ਲਗਾਤਾਰ ਵੱਧ ਰਹੀ ਹੈ । ਲੱਖਾਂ ਨੌਜਵਾਨ ਯੂਨੀਵਰਸਿਟੀਆਂ, ਕਾਲਜਾਂ ਵਿਚੋਂ ਡਿਗਰੀਆਂ ਲੈ ਕੇ ਵਿਹਲੇ ਫਿਰ ਰਹੇ ਹਨ । ਇਸ ਕਰਕੇ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਸਰਕਾਰ ਤਾਂ ਸਿਰਫ ਵਕਤ ਟਪਾ ਰਹੀ ਹੈ ਕਿ ਅਗਲੀ ਸਰਕਾਰ ਦੇਖੇਗੀ ਪਰ ਉਧਰ ਨੌਜਵਾਨ ਵਿਹਲੇ ਫਿਰ ਰਹੇ ਹਨ । ਕੋਈ ਪਰਾਪਰ ਸਿਸਟਮ ਨਹੀਂ ਹੈ । ਇਸ ਕਰਕੇ ਬੇਰੁਜ਼ਗਾਰੀ ਨਸ਼ੇ ਵਧਾਉਣ ਵਿੱਚ ਕੜੀ ਦਾ ਕੰਮ ਕਰ ਰਹੀ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਸਵੈ-ਰੁਜ਼ਗਾਰ ਦਾ ਕੰਮ ਸ਼ੁਰੂ ਕਰੇ । ਛੋਟੀਆਂ ਇੰਡਸਟਰੀਆਂ ਲਗਾਉਣੀਆਂ ਚਾਹੀਦੀਆਂ ਹਨ । ਇਸ ਲਈ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਬੇਰੁਜ਼ਗਾਰੀ ਹਟਾਉਣ ਲਈ ਉਪਰਾਲਾ ਕਰਨਾ ਚਾਹੀਦਾ ਹੈ । ਸਾਨੂੰ ਸਿਰਫ ਇੱਥੇ ਇੱਕ ਦੂਜੇ 'ਤੇ ਚਿੱਕੜ ਨਹੀਂ ਸੁੱਟਣਾ ਚਾਹੀਦਾ ਅਤੇ ਟਾਈਮ ਪਾਸ ਨਹੀਂ ਕਰਨਾ ਚਾਹੀਦਾ ਬਲਕਿ ਕੁਝ ਅਜਿਹਾ ਕਰਨਾ ਚਾਹੀਦਾ ਹੈ ਜਿਸ ਨਾਲ ਨੌਜਵਾਨਾਂ ਦਾ ਭਲਾ ਹੋਵੇ । ਬਾਦਲ ਸਾਹਿਬ ਨੇ ਫੋਕਲ ਪੁਆਇੰਟਾਂ ਵਿਖੇ ਛੋਟੇ-2 ਕੰਮ ਚਲਾਏ ਸਨ ਜਿਸ ਤਰ੍ਹਾਂ ਮਕੈਨਿਕ ਦਾ ਕੰਮ, ਡੇਅਰੀਆਂ ਦਾ ਕੰਮ, ਟਰੈਕਟਰਾਂ ਦੀ ਟ੍ਰੇਨਿੰਗ ਆਦਿ ਤਾਂ ਕਿ ਪਿੰਡ ਲੈਵਲ ਤੇ ਟਰੇਨਿੰਗ ਮਿਲੇ। ਸਾਰਿਆਂ ਤੋਂ ਅਹਿਮ ਗੱਲ ਇਹ ਹੈ ਕਿ ਆਪਾਂ ਸਾਰਿਆਂ ਨੂੰ ਸਵੈ-ਰੁਜ਼ਗਾਰ ਦੀਆਂ ਸਕੀਮਾਂ ਵਧੀਆ ਤੌਰ ਤੇ ਬਣਾਉਣੀਆਂ ਪੈਣੀਆਂ ਹਨ । ਮੈਂ ਸਮਝਦਾ ਹਾਂ ਕਿ ਜਿੰਨੀ ਤੇਜ਼ੀ ਨਾਲ ਨੌਜਵਾਨ ਪੀੜ੍ਹੀ ਪੜ੍ਹੀ ਲਿਖੀ ਵਿਹਲੀ ਫਿਰ ਰਹੀ ਹੈ, ਨੌਜਵਾਨਾਂ ਵਿੱਚ ਬੇਰੋਜ਼ਗਾਰੀ ਵੀ ਗੁੰਮਰਾਹ ਹੋਣ ਦਾ ਇੱਕ ਕਾਰਨ ਹੈ। ਸਾਡੇ ਨੌਜਵਾਨਾਂ ਵਿੱਚ ਇਹੋ ਜਿਹੀ ਸੋਚ ਲਿਆਉਣੀ ਚਾਹੀਦੀ ਹੈ ਤਾਂ ਕਿ ਉਹ ਇਸ ਪਾਸੇ ਨਾ ਤੁਰਨ । ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੀ ਸਰਕਾਰ ਹੈ, ਉਹ ਇਹੋ ਜਿਹੀ ਪਾਲਿਸੀ ਲੈ ਕੇ ਆਵੇ ਨਾ ਕਿ ਛੋਟੀ ਜਿਹੀ ਸੋਚ ਲੈ ਕੇ ਤੁਰੀ ਜਾਈਏ । ਇਹੋ ਜਿਹੀ ਸੋਚ ਆਉਣੀ ਚਾਹੀਦੀ ਹੈ, ਜਿਸ ਨਾਲ ਆਉਣ ਵਾਲੀ ਪੀੜ੍ਹੀ ਨੂੰ, ਆਉਣ ਵਾਲੇ ਨੌਜਵਾਨ ਨੂੰ ਆਪਣੀ ਪੰਜਾਬ ਦੀ ਧਰਤੀ ਤੇ ਪੰਜਾਬ ਦੀ ਮਿੱਟੀ ਤੇ ਪੰਜਾਬ ਦੀ ਮਾਂ ਤੇ ਫ਼ਖ਼ਰ ਹੋਵੇ ਕਿ ਮੈਂ ਪੰਜਾਬੀ ਹਾਂ,

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]

ਮੈਨੂੰ ਚੰਗਾ ਸਮਾਜ ਮਿਲੇ, ਮੇਰਾ ਚੰਗਾ ਰਹਿਣ ਸਹਿਣ ਹੋਵੇ , ਚੰਗਾ ਵਿਰਸਾ ਹੋਵੇ, ਮੈਂ ਅੱਗੇ ਜਾ ਕੇ ਹੋਰ ਤਰੱਕੀ ਕਰਨੀ ਹੈ । ਮੈਂ ਫਿਰ ਆਪਣੇ ਸਾਥੀ ਜੁਗਲ ਕਿਸ਼ੋਰ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬਹੁਤ ਚੰਗੀ ਸੋਚ ਲੈ ਕੇ ਨਸ਼ਿਆਂ ਦੇ ਸਬੰਧ ਵਿੱਚ ਮਤਾ ਲਿਆਂਦਾ ਹੈ । ਇਹ ਬਹੁਤ ਸ਼ਲਾਘਾਯੋਗ ਕੰਮ ਹੈ । ਨਾਲ ਹੀ ਮੈਂ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਕਿ ਤੁਸਾਂ ਮੈਨੂੰ ਇਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਆਸ ਕਰਾਂਗਾ ਕਿ ਜਿਹੜੀਆਂ ਕਮੇਟੀਆਂ ਔਰ ਨੌਜਵਾਨਾਂ ਦੇ ਰੋਜ਼ਗਾਰ ਦੇ ਸਬੰਧ ਵਿੱਚ ਗੱਲਾਂ ਕੀਤੀਆਂ ਹਨ , ਬਹੁਤ ਲੜਕੇ ਜਿਹੜੇ ਪੜ੍ਹ ਲਿਖ ਕੇ ਵਿਹਲੇ ਹੋ ਰਹੇ ਹਨ, ਉਨ੍ਹਾਂ ਵਾਸਤੇ ਸਕੀਮਾਂ ਬਣਾਉਣ ਵਾਸਤੇ ਸਰਕਾਰ ਨੂੰ ਸੁਝਾਓ ਦੇਣ ਵਾਸਤੇ, ਚੰਗੇ ਪੜ੍ਹੇ ਲਿਖੇ ਮਨੁੱਖ ਇਸ ਪਾਸੇ ਤੁਰਨ ਤਾਂ ਜੋ ਨੌਜਵਾਨ ਨਸ਼ਿਆਂ ਵਾਲੇ ਪਾਸਿਓਂ ਹਟ ਕੇ ਆਪਣੇ ਜੀਵਨ ਦਾ ਜੋ ਅਸਲੀ ਮਕਸਦ ਹੈ, ਜੋ ਮਨੁੱਖ ਇਸ ਸਮਾਜ ਨੂੰ ਕੁਝ ਦੇਣ ਆਉਂਦਾ ਹੈ, ਇੱਥੇ ਕੁਝ ਕਰਨ ਆਉਂਦਾ ਹੈ, ਉਹ ਸਾਰਾ ਕੁਝ ਸਮਾਜ ਦੀ ਸੇਵਾ, ਮਨੁੱਖਤਾ ਦੀ ਸੇਵਾ, ਇਨਸਾਨੀਅਤ ਦੀ ਸੇਵਾ ਕਰਕੇ ਜਾਣ । ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** (ਸਰਦੂਲਗੜ੍ਹ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਅੱਜ ਹਾਊਸ ਵਿੱਚ ਜੋ ਮਤਾ ਪੇਸ਼ ਹੋਇਆ ਹੈ, ਇਹ ਮਤਾ ਪੰਜਾਬ ਦੇ ਇਸ ਵੇਲੇ ਸਭ ਤੋਂ ਵੱਡੇ ਮਸਲਿਆਂ ਵਿੱਚੋਂ ਇੱਕ ਹੈ। ਕਿਸੇ ਵੇਲੇ ਪੰਜਾਬ ਨੂੰ ਹਿੰਦੁਸਤਾਨ ਦੀ ਖੜਗਭੁਜਾ ਕਿਹਾ ਜਾਂਦਾ ਸੀ । ਕੋਈ ਸਮਾਂ ਸੀ ਜਦੋਂ ਕਿਸੇ ਵੇਲੇ ਦਰਾ ਖ਼ੈਬਰ ਰਸਤੇ ਦੁਸ਼ਮਣ ਨੂੰ ਪੰਜਾਬ ਵੱਲੋਂ ਰੋਕ ਦਿੰਦੇ ਸੀ ਔਰ ਮਗਰੋਂ ਉਸਨੇ ਇਸ ਰਸਤੇ ਤੁਰਨ ਦੀ ਜੁਅਰਤ ਨਹੀਂ ਸੀ ਕੀਤੀ । ਅੱਜ ਜਿਹੜੇ ਹਾਲਾਤ ਪੈਦਾ ਹੋਏ ਹਨ, ਇਸ ਦੀ ਬੜੀ ਲੰਬੀ ਹਿਸਟਰੀ ਹੈ। ਇਸ ਲਈ ਮੁੱਖ ਦੋ ਗੱਲਾਂ ਹਨ ਕਿ ਜ਼ਮੀਨ ਵੀ ਘਟ ਗਈ ਹੈ ਅਤੇ ਪੜ੍ਹਾਈ ਤੋਂ ਬਾਅਦ ਬੱਚੇ ਨੂੰ ਨੌਕਰੀ ਨਹੀਂ ਮਿਲਦੀ । ਇੰਡਸਟਰੀ ਇੱਥੇ ਆਈ ਨਹੀਂ। ਜਦੋਂ ਬੱਚਾ ਪੜ੍ਹ ਲਿਖ ਜਾਂਦਾ ਹੈ ਜਾਂ ਘੱਟ ਪੜ੍ਹਿਆ ਜਵਾਨ ਹੋ ਜਾਂਦਾ ਹੈ ਤਾਂ ਉਸ ਨੂੰ ਕੰਮ ਦਾ ਰਸਤਾ ਨਹੀਂ ਦਿਸਦਾ ਅਤੇ ਉਸ ਵਿੱਚ ਨਿਰਾਸ਼ਾ ਪੈਦਾ ਹੁੰਦੀ ਹੈ । ਇੱਕ ਕਾਰਨ ਇਹ ਹੈ ਲੇਕਿਨ ਦੂਜਾ ਕਾਰਨ ਮੈਂ ਸਮਝਦਾ ਹਾਂ ਇਹ ਵੀ ਹੈ ਕਿ ਇਸ ਦੇਸ਼ ਦੇ ਬੱਚਿਆਂ ਦਾ ਨੁਕਸਾਨ ਕਰਕੇ ਕਮਜ਼ੋਰ ਕੀਤਾ ਜਾਵੇ । ਹਿੰਦੁਸਤਾਨ 'ਤੇ ਅਜ਼ਾਦੀ ਤੋਂ ਬਾਅਦ ਤਿੰਨ ਹਮਲੇ ਹੋਏ । ਸਿਵਾਏ ਚੀਨ ਦੇ ਇੱਕ ਹਮਲੇ ਤੋਂ ਬਾਕੀ ਸਾਰੇ ਹਮਲੇ ਪਾਕਿਸਤਾਨ ਵੱਲੋਂ ਹੋਏ ਹਨ ਔਰ ਹਰ ਹਮਲੇ ਵਿੱਚ ਦੁਸ਼ਮਣ ਨੂੰ ਮਾਰ ਖਾਣੀ ਪਈ । ਫਿਰ ਉਨ੍ਹਾਂ ਸੋਚਿਆ ਕਿ ਪੰਜਾਬ ਦੇ ਲੋਕਾਂ ਨੂੰ ਕਿਸ

ਤਰ੍ਹਾਂ ਕਮਜ਼ੋਰ ਕੀਤਾ ਜਾਵੇ । ਇੱਥੇ ਨੌਜਵਾਨ ਬੱਚੇ ਹਲ ਵਾਹੁੰਦੇ ਫੌਜੀ ਨੂੰ ਕਹਿ ਦਿੰਦੇ ਸਨ ਕਿ ਤੁਸੀਂ ਆਹ ਘਿਓ ਮਖਣੀ ਖਾਣ ਬੈਠੋ ਮੈਂ ਤੁਹਾਨੂੰ ਤੁਹਾਡੀ ਬੰਦੂਕ, ਤੋਪ ਚਲਾ ਕੇ ਦਿਖਾਉਂਦਾ ਹਾਂ ਔਰ ਬੀਬੀਆਂ ਵੀ ਘਰਾਂ 'ਚੋਂ ਰੋਟੀਆਂ ਚੁੱਕ ਕੇ ਮੋਰਚਿਆਂ ਤੱਕ ਲਿਆਉਂਦੀਆਂ ਸਨ ਕਿ ਸਾਡੇ ਭਰਾ ਸਾਡੇ ਦੇਸ਼ ਵਾਸਤੇ ਲੜਦੇ ਹਨ। ਇਹੋ ਜਿਹੀ ਕੌਮ ਨੂੰ ਬਹਾਦਰ ਸੂਬੇ ਦੇ ਲੋਕਾਂ ਨੂੰ ਕਮਜ਼ੋਰ ਕਰਨ ਵਾਸਤੇ ਇਹ ਬੜੀ ਵੱਡੀ ਸਾਜਿਸ਼ ਸੀ । ਇਸ ਸਾਜਿਸ਼ ਨੂੰ ਰੋਕਣ ਵਾਸਤੇ ਇਕੱਲੇ ਪੰਜਾਬ ਨੂੰ ਹੀ ਨਹੀਂ ਬਲਕਿ ਦੇਸ਼ ਲੈਵਲ 'ਤੇ ਸੋਚਣਾ ਚਾਹੀਦਾ ਹੈ ਕਿ ਪੰਜਾਬ ਕਮਜ਼ੋਰ ਹੋ ਗਿਆ ਤਾਂ ਪੰਜਾਬ ਦੀ ਕਮਜ਼ੋਰੀ ਦੇਸ਼ ਦੀ ਕਮਜ਼ੋਰੀ ਹੋ ਜਾਣੀ ਹੈ । ਇਸ ਕਰਕੇ ਮੈਂ ਸਮਝਦਾ ਹਾਂ ਕਿ ਕਈ ਵਾਰ ਮਤੇ ਨੂੰ ਗੱਲਾਂ ਕਰਕੇ ਕਹਿ ਦਿੰਦੇ ਹਾਂ ਕਿ ਟਾਕ-ਆਊਟ ਹੋ ਗਿਆ ਜਾਂ ਮਤਾ ਪਾਸ ਹੋ ਗਿਆ ਤਾਂ ਉਸ ਤੋਂ ਬਾਅਦ ਕਦੇ ਗੌਰ ਨਹੀਂ ਕੀਤਾ ਜਾਂਦਾ । ਮੈਂ ਹੁਣੇ ਬੈਠਾ ਦੇਖ ਰਿਹਾ ਸੀ, ਮੈਂ ਸੋਚਿਆ ਮੈਨੂੰ ਟਾਈਮ ਨਹੀਂ ਮਿਲਣਾ, ਇਸ ਲਈ ਮੈਂ ਉਹ ਰਿਪੋਰਟ ਦਫਤਰ ਵਿੱਚ ਛੱਡ ਆਇਆ । ਪੀ.ਪੀ.ਐਸ. ਗਿੱਲ, ਟ੍ਰਿਬਿਊਨ ਦੇ ਬੜੇ ਸਿਆਣੇ ਜਰਨਲਿਸਟ ਹਨ । ਮੈਂ ਉਸ ਦੀ ਰਿਪੋਰਟ ਪੜ੍ਹ ਰਿਹਾ ਸੀ । ਉਨ੍ਹਾਂ ਨੇ ਲਿਖਿਆ ਹੈ ਕਿ ਕੋਟ ਈਸੇ ਖਾਂ ਇੱਕ ਕੈਂਪ ਲੱਗਿਆ ਸੀ । ਡਾਕਟਰਾਂ ਨੇ ਕੈਂਪ ਲਗਾਇਆ ਸੀ ਔਰ ਉਸ ਕੈਂਪ ਵਿੱਚ 700 ਮਰੀਜ਼ ਆਏ ਔਰ 700 ਮਰੀਜ਼ਾਂ ਵਿੱਚ 50% ਨਸ਼ਿਆਂ ਦੇ ਆਦੀ ਸੀ । ਡਾਕਟਰ ਨੇ ਜੋ ਸਟੇਟਮੈਂਟ ਦਿੱਤੀ ਹੈ, ਉਸ ਨੇ ਉਸ ਨੂੰ ਵੀ ਕਵਰ ਕੀਤਾ ਹੈ । ਡਾਕਟਰ ਨੇ ਸਾਰਿਆਂ ਤੋਂ ਪੁੱਛਿਆ ਕਿ ਇਸ ਦਾ ਕਾਰਨ ਕੀ ਹੈ । ਉਸ ਨੇ ਆਪਣੇ ਕਾਰਨ ਇਹ ਦਿੱਤੇ ਅਨਪੜ੍ਹਤਾ ਹੈ , ਗ਼ਰੀਬੀ ਹੈ , ਜ਼ਮੀਨ ਘਟਦੀ ਜਾ ਰਹੀ ਹੈ, ਨੌਕਰੀਆਂ ਨਹੀਂ ਮਿਲਦੀਆਂ । ਲੇਕਿਨ ਉੱਥੇ ਨਾਲ ਦੀ ਨਾਲ ਇਹ ਵੀ ਹੋ ਸਕਦਾ ਹੈ ਕਿ ਇਸ ਦੇ ਪਿਛੇ ਬੈਕ ਤੇ ਜੋ ਵੱਡੀਆਂ ਸਾਜ਼ਿਸ਼ਾਂ ਹਨ ਉਹ ਇਸ ਦਾ ਕਾਰਨ ਹਨ । ਲੇਕਿਨ ਜੋ ਹੈਰਾਨਗੀ ਦੀ ਗਲ ਹੈ ਉਹ ਇਹ ਹੈ ਕਿ ਕਿਸੇ ਵੇਲੇ ਪੰਜਾਬ ਸ਼ਰਾਬ ਹੁੰਦੀ ਸੀ ਤੇ ਅੱਜ ਵੀ ਹੈ । ਮੇਰੇ ਤੋਂ ਪਹਿਲਾਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਹੁਰਾਂ ਨੇ 1400 ਕਰੋੜ ਰੁਪਏ ਦੀ ਸ਼ਰਾਬ ਦੀ ਫਿਗਰ ਦਿੱਤੀ ਹੈ ਲੇਕਿਨ ਜੇਕਰ ਡਿਪਟੀ ਸਪੀਕਰ ਸਾਹਿਬ, ਇਸ ਨੂੰ ਟ੍ਰਿਪਲ ਕਰ ਲਈਏ ਤਾਂ ਇਹ 4200 ਕਰੋੜ ਰੁਪਏ ਦੀ ਇਲਲੀਗਲੀ ਸ਼ਰਾਬ ਨਿਕਲਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਦੇ ਗਲਤ ਗੱਲ ਨਹੀਂ ਕਰਦਾ । ਮੈਂ ਕਦੇ ਵੀ ਜ਼ਿੰਦਗੀ ਦੇ ਵਿੱਚ ਸ਼ਰਾਬ ਨਿਕਲਦੀ ਨਹੀਂ ਸੀ ਵੇਖੀ ਲੇਕਿਨ ਮੈਨੂੰ ਉਥੇ ਜਾਣ ਦਾ ਮੌਕਾ ਮਿਲਿਆ ਹੈ ਔਰ ਉਥੇ ਪੰਜ ਪੰਜ ਢੋਲ ਇਕੱਠੇ ਹੀ ਸ਼ਰਾਬ ਦੇ ਕੱਢੀ ਜਾ ਰਹੇ ਸਨ । ਲੇਕਿਨ ਸ਼ਰਾਬ ਤੋਂ ਬਗੈਰ ਜਿਹੜੀ ਅੱਜ ਹੋਰ ਬਿਮਾਰੀ ਫੈਲ ਰਹੀ ਹੈ ।

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਅੱਜ ਕਾਲਜਾਂ ਦੇ ਵਿਚ ਜਾ ਕੇ ਵੇਖ ਲਵੋ ਕਿ ਕਿਸ ਤਰ੍ਹਾਂ ਪਾਲਿਸ਼ ਦੀ ਡੱਬੀ, ਜਿਸ ਨੂੰ ਚੈਰੀ ਦਾ ਨਾਮ ਦਿੱਤਾ ਹੁੰਦਾ ਹੈ ਉਸ ਨੂੰ ਸਿਰ ਦੇ ਉਤੇ ਲਗਾ ਕੇ ਕਿਸ ਤਰ੍ਹਾਂ ਧੁੱਪ ਦੇ ਵਿੱਚ ਬੈਠਦੇ ਹਨ ਔਰ ਰੋਟੀ ਦੇ ਉਤੇ ਲਗਾ ਕੇ ਖਾਂਦੇ ਹਨ, ਇਥੋਂ ਤੱਕ ਕਿ ਜਿਹੜੀਆਂ ਖੰਘ ਵਾਲੀਆਂ ਦਵਾਈਆਂ ਹਨ ਉਨ੍ਹਾਂ ਨੂੰ ਪੀਣ ਲੱਗ ਪਏ ਹਨ । ਇਸ ਤੋਂ ਇਲਾਵਾ ਹੋਰ ਪਤਾ ਨਹੀਂ ਕਿੰਨੇ ਕੈਪਸੂਲ ਵਗੈਰਾ ਖਾਣ ਲਗ ਪਏ ਹਨ । ਰੱਬ ਕਰੇ ਸਾਨੂੰ ਇਨ੍ਹਾਂ ਦਵਾਈਆਂ ਦੇ ਨਾਮ ਪਤਾ ਨਾ ਲੱਗਣ । ਇਸ ਤੋਂ ਇਲਾਵਾ ਮਾੜੀ ਗੱਲ ਇਹ ਹੈ ਕਿ ਜਿਹੜਾ ਸਾਡਾ ਇਲਾਕਾ ਮਾਲਵੇ ਦਾ ਹੈ, ਉਧਰ ਜਦੋਂ ਮੈਂ ਕਈ ਘਰਾਂ ਦੇ ਵਿੱਚ ਮੌਤਾਂ ਦੇ ਉਤੇ ਗਿਆ ਤਾਂ ਉਨ੍ਹਾਂ ਦੇ ਘਰਾਂ ਵਾਲਿਆਂ ਨੇ ਨਹੀਂ ਦੱਸਿਆ ਸਗੋਂ ਬਾਹਰੋਂ ਉਠ ਕੇ ਪਤਾ ਲੱਗਾ ਕਿ ਇਨ੍ਹਾਂ ਦੀਆਂ ਮੌਤਾਂ ਦੇ ਕਾਰਨ ਕੀ ਸਨ । ਮਗਰੋਂ ਜਦੋਂ ਘਰਦਿਆਂ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ ਤਾਂ ਜੀ ਦੋਸਤ ਨੂੰ ਮਿਲਣ ਗਿਆ ਸੀ ਤੇ ਰਸਤੇ ਦੇ ਵਿੱਚ ਐਕਸੀਡੈਂਟ ਹੋ ਗਿਆ ਤੇ ਉਸ ਦੀ ਮੌਤ ਹੋ ਗਈ । ਫਿਰ ਪਤਾ ਲੱਗਿਆ ਕਿ ਉਹ ਤਾਂ ਫਲਾਣੀ ਜਗ੍ਹਾਂ ਦੇ ਉਤੇ ਸਮੈਕ ਲੈਣ ਗਿਆ ਸੀ ਤੇ ਜਿਥੇ ਜਾ ਕੇ ਉਸ ਨੇ ਆਪਣੀ ਕਾਰ ਮਾਰ ਲਈ ਤੇ ਐਕਸੀਡੈਂਟ ਦੇ ਵਿੱਚ ਮੌਤ ਹੋ ਗਈ । ਸੋ ਅੱਜ ਪੰਜਾਬ ਦੇ ਕੋਨੇ ਕੋਨੇ ਵਿੱਚ ਸਮੈਕ ਚਲੀ ਗਈ ਹੈ । ਅੱਜ ਸ਼ਰਾਬ ਤਾਂ ਕੁਝ ਵੀ ਨਹੀਂ ਰਹਿ ਗਈ ਹੈ ਔਰ ਭੁੱਕੀ ਵੀ ਅੱਜ ਇੱਕ ਛੋਟੀ ਚੀਜ਼ ਰਹਿ ਗਈ ਹੈ । ਕਿਸੇ ਵੇਲੇ ਅਫ਼ੀਮ ਚਲਦੀ ਸੀ ਉਹ ਅਫ਼ੀਮ ਕਿਸੇ ਨੂੰ ਮਾਰਦੀ ਨਹੀਂ ਸੀ, ਕਿਸੇ ਨੂੰ ਕਮਲਾ ਨਹੀਂ ਸੀ ਕਰਦੀ ਪਰ ਉਹ ਘਰ ਦੀ ਬਰਬਾਦੀ ਜ਼ਰੂਰ ਕਰਦੀ ਸੀ ਪਰ ਅੱਜ ਦੇ ਜਿਹੜੇ ਨਸ਼ੇ ਹਨ, ਉਹ ਤਾਂ ਇਸ ਤਰ੍ਹਾਂ ਦੇ ਆ ਗਏ ਹਨ ਜਿਨ੍ਹਾਂ ਦੇ ਨਾਲ ਘਰ ਦੀ ਬਰਬਾਦੀ ਅਲੱਗ ਹੁੰਦੀ ਹੈ ਔਰ ਸਰੀਰ ਦੀ ਬਰਬਾਦੀ ਅਲੱਗ ਹੁੰਦੀ ਹੈ । ਇਸ ਲਈ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਹੈ ਇਸ ਨੂੰ ਗੰਭੀਰਤਾ ਦੇ ਨਾਲ ਲੈ ਕੇ, ਇਸ ਨੂੰ ਸਾਡੇ ਚੀਫ ਮਨਿਸਟਰ ਸਾਹਿਬ ਦਿੱਲੀ ਦੀ ਸਰਕਾਰ ਕੋਲ ਲੈ ਕੇ ਜਾਣ ਕਿ ਤੁਸੀਂ ਸਾਡੀ ਇਸ ਮਾਮਲੇ ਦੇ ਵਿਚ ਮੱਦਦ ਕਰੋ ਕਿਉਂ ਜੋ ਇਹ ਕਣਕ ਜਾਂ ਝੋਨੇ ਦੇ ਵਿਕਣ ਦੀ ਫਿਕਰ ਦੀ ਗੱਲ ਨਹੀਂ ਹੈ, ਸਗੋਂ ਇਸ ਦੇ ਨਾਲ ਪੰਜਾਬ ਦੀ ਧਰਤੀ ਹੀ ਵਿਕਣ ਵਾਲੇ ਪਾਸੇ ਜਾ ਰਹੀ ਹੈ , ਜਿਸ ਤਰ੍ਹਾਂ ਦੇ ਹਾਲਾਤ ਬਣ ਰਹੇ ਹਨ ਕਿਉਂਕਿ ਜਿਹੜਾ ਅੱਜ ਦਾ ਨਸ਼ਿਆਂ ਸਬੰਧੀ ਮਤਾ ਹੈ , ਇਹ ਸਾਰਾ ਉਸੇ ਮਾਮਲੇ ਨਾਲ ਲਿੰਕ ਕਰਦਾ ਹੈ । ਮੇਰੇ ਕਹਿਣ ਦਾ ਮਤਲਬ ਇਹ ਨਹੀਂ ਕਿ ਇਹ ਸਾਡੀ ਸਟੇਟ ਦਾ ਹੀ ਸਬਜੈਕਟ ਹੈ, ਇਹ ਦੇਸ਼ ਦਾ ਸਬਜੈਕਟ ਹੈ, ਇਕੱਲਾ ਰੂਲਿੰਗ ਪਾਰਟੀ ਦਾ ਨਹੀਂ ਹੈ, ਇਕੱਲਾ ਦੂਜਿਆਂ ਦਾ ਨਹੀਂ ਹੈ। ਇਹ ਅੱਜ ਹੱਸਣ ਵਾਲੀ ਗੱਲ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ 1972 ਤੋਂ ਚੋਣ ਲੜਨ ਲੱਗਾ ਹਾਂ ਔਰ ਇਹ ਗੱਲ ਮੈਂ ਇਮਾਨਦਾਰੀ ਦੇ ਨਾਲ ਕਹਿ

[illegible] ਕਿ 26 ਸਾਲ ਦੀ ਉਮਰ ਦੇ ਵਿੱਚ ਪਹਿਲੀ ਵਾਰੀ ਚੋਣ ਲੜੀ ਸੀ ਔਰ ਮੇਰੇ ਦਫ਼ਤਰ ਦੇ ਵਿੱਚ 50 ਸਾਲ ਦੀ ਉਮਰ ਤੋਂ ਵੱਧ ਦੇ ਲੋਕ ਆਉਂਦੇ ਸਨ ਔਰ ਮੇਰੇ ਦਫ਼ਤਰ ਦੇ ਵਿੱਚ ਕਦੇ ਵੀ ਡਰਾਈਵਰ ਸ਼ਰਾਬ ਪੀ ਕੇ ਨਹੀਂ ਆਇਆ । ਲੇਕਿਨ ਅੱਜ ਤਾਂ ਅਸੀਂ ਨੀਵੀਂ ਪਾ ਕੇ ਖੜ੍ਹ ਜਾਂਦੇ ਹਨ ਤੇ ਕਹਿੰਦੇ ਹਨ ਕਿ ਮਰਜ਼ੀ ਹੈ ਜੀ ਤੁਹਾਡੀ, ਇਸ ਤੋਂ ਬਿਨਾਂ ਤਾਂ ਕੰਮ ਚਲ ਹੀ ਨਹੀਂ ਸਕਦਾ । ਇਹ ਕੋਈ ਇਕੱਲੀ ਲਾਹਨਤ ਵਾਲੀ ਗੱਲ ਨਹੀਂ ਹੈ, ਸਗੋਂ ਅੱਜ ਪੰਜਾਬ ਦੇ ਹਾਲਾਤ ਹੀ ਇਸ ਤਰ੍ਹਾਂ ਦੇ ਬਣ ਗਏ ਹਨ । ਡਿਪਟੀ ਸਪੀਕਰ ਸਾਹਿਬ, ਜੇਕਰ ਮੈਂ ਇਹ ਲਫ਼ਜ਼ ਕਹਿ ਦੇਵਾਂ ਤਾਂ ਤੁਸੀਂ ਵੀ ਸਹਿਮਤ ਹੋਵੋਗੇ ਕਿ ਸਾਡੇ ਪੰਜਾਬ ਦੇ ਵਿੱਚ ਸਾਡੇ ਕਲਚਰ ਦੇ ਅਨੁਸਾਰ ਇਸਤਰੀਆਂ, ਲੜਕੀਆਂ ਨੂੰ ਨਸ਼ਾ ਕਰਨ ਦੀ ਮਨਾਹੀ ਹੈ , ਸਾਡੇ ਵੱਲ ਤਾਂ ਮੀਟ ਖਾਣ ਦੀ ਮਨਾਹੀ ਹੈ, ਇਸ ਨੂੰ ਗਲਤ ਕਿਹਾ ਜਾਂਦਾ ਹੈ, ਬਾਕੀਆਂ ਦਾ ਮੈਨੂੰ ਪਤਾ ਨਹੀਂ ਹੈ। ਇਸਤਰੀਆਂ ਲਈ ਸ਼ਰਾਬ ਤਾਂ ਬਹੁਤ ਦੂਰ ਦੀ ਗੱਲ ਹੈ। ਅੱਜ ਪੰਜਾਬ ਦੇ ਹਾਲਾਤ ਹੀ ਇਸ ਤਰ੍ਹਾਂ ਦੇ ਹੋ ਗਏ ਹਨ । ਇਸ ਲਈ ਅੱਜ ਸਾਰੇ ਇਕੱਠੇ ਹੋ ਕੇ ਕੰਮ ਕਰੀਏ, ਸਿਰਫ ਬਹਿਸਾਂ ਹੀ ਨਾ ਕਰੀਏ ਤੇ ਨਾ ਹੀ ਇਹ ਕਹੀਏ ਕਿ ਇਸ ਲਈ ਉਹ ਜ਼ਿੰਮੇਵਾਰ ਹਨ ਜਾਂ ਇਹ ਜ਼ਿੰਮੇਵਾਰ ਹਨ । ਪੀਣ ਨੂੰ ਕੋਈ ਰੋਕ ਨਹੀਂ ਸਕਦਾ ਲੇਕਿਨ ਸਾਡਾ ਧਰਮ ਹੈ ਉਹ ਇਸ ਨੂੰ ਗਲਤ ਮੰਨਦਾ ਹੈ। ਇਸੇ ਤਰ੍ਹਾਂ ਚਾਹੇ ਜੈਨ ਧਰਮ ਹੈ, ਚਾਹੇ ਆਰੀਆ ਧਰਮ ਹੈ ਔਰ ਚਾਹੇ ਹਿੰਦੂ ਧਰਮ ਹੈ ਉਹ ਸਾਰੇ ਧਰਮ ਇਸ ਨੂੰ ਮਾੜਾ ਮੰਨਦੇ ਹਨ। ਕਿਸੇ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਨੇ ਵੀ ਦੂਜੇ ਪਾਸੇ ਮੂੰਹ ਮੋੜ ਲਿਆ ਸੀ ਕਿਉਂਕਿ ਉੱਥੇ ਉਸ ਖੇਤ ਵਿੱਚ ਤੰਬਾਕੂ ਬੀਜਿਆ ਹੋਇਆ ਸੀ । ਸੋ, ਉਸ ਪਸ਼ੂ ਨੂੰ ਵੀ ਗਿਆਨ ਸੀ ਕਿ ਇਹ ਮਾੜੀ ਚੀਜ਼ ਹੈ। ਅੱਜ ਤਾਂ ਸਾਇੰਟਿਸਟਾਂ ਨੇ ਵੀ ਕਹਿ ਦਿੱਤਾ ਹੈ । ਪਰ ਅੱਜ ਲੋਕ ਮਖੌਲ ਕਰਦੇ ਹਨ ਕਿ ਸਰਦਾਰ ਕਹਿੰਦਾ ਹੈ ਬੀੜੀ ਨਾ ਪੀਓ। ਅੱਜ ਸਿੱਖ ਨਹੀਂ ਕਹਿੰਦਾ, ਧਰਮ ਤਾਂ ਪਹਿਲਾਂ ਵੀ ਕਹਿੰਦਾ ਸੀ ਪਰ ਅੱਜ ਸਾਇੰਸ ਨੇ ਕਹਿ ਦਿੱਤਾ ਕਿ ਬੀੜੀ, ਸਿਗਰਟ ਨਾ ਪੀਓ, ਕੈਂਸਰ ਹੋ ਕੇ ਮਰ ਜਾਓਗੇ। ਸ਼ਰਾਬ ਪੀ ਕੇ ਜ਼ਿਗਰ ਖਰਾਬ ਹੋ ਜਾਵੇਗਾ। ਹੋਰ ਬੀਮਾਰੀਆਂ ਲੱਗ ਜਾਣਗੀਆਂ । ਸਮੈਕ ਪੀਓਗੇ ਤਾਂ ਤਿੰਨ ਮਹੀਨਿਆਂ ਵਿੱਚ ਹੀ ਮਰ ਜਾਏਗਾ । ਗੁਰੂਆਂ ਵੇਲੇ ਤੋਂ ਕਹੀ ਜਾਂਦੀ ਇਹ ਗੱਲ ਅੱਜ ਸਾਇੰਸ ਕਹਿ ਰਹੀ ਹੈ । ਪਿਛੇ ਜਿਹੇ ਪੜ੍ਹਿਆ ਸੀ ਮਾਂ ਪਿਓ ਨੇ ਬੱਚੇ ਨੂੰ ਕਿਹਾ ਤੂੰ ਨਸ਼ਾ ਨਾ ਕਰ । ਉਸ ਨੇ ਪਿਓ ਮਾਰ ਦਿੱਤਾ । ਮੇਰੇ ਤੋਂ ਪਹਿਲਾਂ ਭਾਈ ਸਾਹਿਬ ਸੁੱਚਾ ਸਿੰਘ ਜੀ ਕਹਿ ਰਹੇ ਸਨ ਕਿ ਡਿਵੈਲਪਮੈਂਟ ਨੂੰ ਅਸੀਂ ਕੀ ਕਰਾਂਗੇ, ਹੋਰ ਬਾਕੀ ਚੀਜ਼ਾਂ ਕੀ ਕਰਾਂਗੇ,

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਜੇ ਉਨ੍ਹਾਂ ਵਾਸਤੇ ਕੋਈ ਰਹਿ ਹੀ ਨਾ ਗਿਆ । ਇਨ੍ਹਾਂ ਚੀਜਾਂ ਦਾ ਫਾਇਦਾ ਕੋਈ ਨਹੀਂ । ਪੰਜਾਬ ਵਿੱਚ ਜਿਹੜੇ ਨਸ਼ੇ ਹਨ ਇਹ ਬਹੁਤ ਵੱਡੀ ਚਿੰਤਾ ਦਾ ਕਾਰਨ ਬਣੀ ਬੈਠੇ ਹਨ। ਇਹ ਚਿੰਤਾ ਇੱਕਲੇ ਪੰਜਾਬ ਦੇ ਘਰਾਂ ਨੂੰ ਬਰਬਾਦ ਨਹੀਂ ਕਰਦੀ ਬਲਕਿ ਸਾਰੇ ਪੰਜਾਬ ਨੂੰ ਬਰਬਾਦ ਕਰ ਰਹੀ ਹੈ । ਇਸ ਦੇ ਹੱਲ ਵਾਸਤੇ ਮੈਂ ਕਹਾਂਗਾ ਕਿ ਚੀਫ ਮਨਿਸਟਰ ਸਾਹਿਬ ਇਹ ਮਤਾ ਲੈ ਕੇ ਦਿੱਲੀ ਜਾਣ ਕਿ ਤੁਸੀਂ ਸਾਡੀ ਮੱਦਦ ਕਰੋ। ਇੱਥੇ ਇੰਡਸਟਰੀ ਲਗਾਈ ਜਾਵੇ । ਜੇ ਇੱਥੇ ਖੁਸਹਾਲੀ ਹੋਵੇਗੀ, ਸਿੰਚਾਈ ਵਾਸਤੇ ਪਾਣੀ ਹੋਵੇਗਾ, ਰੁਜ਼ਗਾਰ ਦੇ ਸਾਧਨ ਪੈਦਾ ਹੋਣਗੇ ਤਾਂ ਬਚਪਨ ਤੋਂ ਹੀ ਬੱਚੇ ਇਸ ਪਾਸੇ ਲੱਗਣਗੇ । ਅਸੀਂ ਜਦੋਂ ਦੂਜੀ ਚੌਥੀ ਵਿੱਚ ਹੁੰਦੇ ਸੀ ਤਾਂ 200-200 ਮੁੰਡਿਆਂ ਵਿਚੋਂ ਕਿਧਰੇ ਖਿਦੋ ਖੇਡੀ ਜਾਂਦੇ ਸਨ ਕਿਧਰੇ ਕਬੱਡੀ ਖੇਡੀ ਜਾਂਦੇ ਸਨ ਤੇ ਅੱਜ ਕੀ ਹਾਲ ਹੈ 200 ਨੇ ਤਾਂ ਇੱਕਠੇ ਕਿੱਥੇ ਹੋਣਾ ਹੈ 20 ਜਣੇ ਇੱਧਰ ਨਸ਼ਾ ਕਰ ਰਹੇ ਹਨ, 20 ਜਣੇ ਉਧਰ ਨਸ਼ਾ ਕਰ ਰਹੇ ਹਨ । ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕ਼ਰਦਾ ਹਾਂ ਕਿ ਇਸ ਚਿੰਤਾ ਵਿੱਚ ਸ਼ਾਮਲ ਹੋਈਏ ਅਤੇ ਮੁੱਖ ਮੰਤਰੀ ਸਾਹਿਬ ਨੂੰ ਡਿਪਟੀ ਸਪੀਕਰ ਸਾਹਿਬ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਲੈ ਕੇ ਦਿੱਲੀ ਜਾਓ, ਦਿੱਲੀ ਤੋਂ ਮਦਦ ਮੰਗੋ ਕਿ ਇੱਥੋਂ ਦੇ ਹਾਲਾਤ ਨੂੰ ਖੁਸ਼ਹਾਲ ਕਰੋ । ਇਸ ਸਭ ਦਾ ਕਾਰਨ ਗਰੀਬੀ ਹੈ। ਤੁਸੀਂ ਜਿੰਨੇ ਮਰਜ਼ੀ ਅੰਕੜੇ ਦੇਈ ਜਾਓ, ਕਾਗਜ਼ਾਂ ਵਿਚ ਤਰੱਕੀ ਦਿਖਾਈ ਜਾਓ । ਇਹ ਜਿਹੜੇ 50 ਸਾਲ ਦੇ ਹਾਲਾਤ ਹਨ, ਜਿਨ੍ਹਾਂ ਵਿਚ ਅਸੀਂ ਤਰੱਕੀ ਕਰਨੀ ਸੀ ਪਰ ਪੰਜਾਬ ਅੱਜ ਦੇ ਸਮੇਂ ਵਿਚ ਹਿੰਦੁਸਤਾਨ ਵਿਚ ਤਰੱਕੀ ਵਾਲੇ ਪਾਸੇ ਸਭ ਤੋਂ ਥੱਲੇ ਹੈ । ਨੱਸ਼ਿਆਂ ਵਿਚ ਸਾਰਿਆਂ ਨੂੰ ਟੱਪ ਗਏ ਹਾਂ ਗਰੀਬੀ ਵਿੱਚ ਵੀ ਪਿੱਛੇ ਰਹਿ ਗਏ ਹਾਂ । ਪੰਜਾਬ ਦੀ ਇਸ ਬਰਬਾਦੀ ਦੇ ਇਹ ਕਾਰਨ ਹਨ ? ਇਸ ਬਰਬਾਦੀ ਦੇ ਹੱਲ ਵਾਸਤੇ ਸਾਨੂੰ ਸੈਂਟਰ ਸਰਕਾਰ ਦੀ ਮੱਦਦ ਦੀ ਲੋੜ ਹੈ । ਕਈ ਵਾਰੀ ਅਸੀਂ ਦੇਖਦੇ ਹਾਂ ਕਿ ਲਿਖਾਰੀ ਕਹਿੰਦੇ ਹਨ ਕਿ ਇਸ ਕਰਕੇ ਚਿੰਤਾ ਵਿਚ ਡੁੱਬੇ ਹਾਂ ਅਤੇ ਕੰਮ ਸੂਤ ਨਹੀਂ ਆ ਰਿਹਾ, ਆਰਥਿਕ ਹਾਲਤ ਬਹੁਤ ਜ਼ਿਆਦਾ ਤੰਗ ਹੈ, ਪੀ ਕੇ ਲਿਖਣ ਨੂੰ ਜੀਅ ਕਰਦਾ ਹੈ । ਪੀ ਕੇ ਲਿਖਣ ਨੂੰ ਜੀਅ ਨਹੀਂ ਕਰਦਾ ਪਰ ਕਾਰਨ ਅਸਲ ਵਿਚ ਕੀ ਹੈ ਕਿ ਆਰਥਿਕ ਹਾਲਤ ਠੀਕ ਨਹੀਂ ਹੈ । ਬੱਚੇ ਨੂੰ ਜਦੋਂ ਬਚਪਨ ਤੋਂ ਜਵਾਨੀ ਵਿਚ ਜਾਣ ਵਾਸਤੇ ਸਹੂਲਤਾਂ ਨਹੀਂ ਮਿਲਦੀਆਂ ਤਾਂ ਇਸ ਦਾ ਮੁੱਖ ਕਾਰਨ ਗਰੀਬੀ ਹੈ । ਮਾਂ ਪਿਓ ਪਹਿਲਾਂ ਕਰਜ਼ਿਆਂ ਵਿਚ ਡੁੱਬੇ ਹੁੰਦੇ ਹਨ ਤੇ ਮਗਰੋਂ ਬੱਚੇ ਨਸ਼ਿਆਂ ਵਿਚ ਡੁੱਬ ਜਾਂਦੇ ਹਨ । ਮਗਰੋਂ ਪਰਿਵਾਰਾਂ ਦੇ ਪਰਿਵਾਰ, ਪੀੜ੍ਹੀਆਂ ਦੀਆਂ ਪੀੜ੍ਹੀਆਂ ਡੁੱਬ ਜਾਂਦੀਆਂ ਹਨ । ਅਸੀਂ ਆਸ ਕਰਦੇ ਹਾਂ ਕਿ ਇਹ ਪੰਜਾਬ ਜਿਹੜਾ ਕਿ ਹਿੰਦੁਸਤਾਨ ਦੀ ਖੜਗ ਭੁਜਾ ਸੀ ਉਸ

ਨੂੰ ਇਸ ਨਸ਼ਿਆਂ ਦੀ ਤਬਾਹੀ ਤੋਂ ਕੱਢ ਸਕੀਏ, ਪੰਜਾਬ ਦੀ ਜੋ ਕਿਸੇ ਵੇਲੇ ਸ਼ਾਨ ਹੁੰਦੀ ਸੀ, ਕਿਸੇ ਵੇਲੇ ਪੰਜਾਬ ਦੇ ਗਭਰੂ ਦੇ ਦਰਸ਼ਨ, ਪੰਜਾਬ ਦੇ ਗਭਰੂਆਂ ਦਾ ਨਾਂ ਹਰ ਖੇਤਰ ਵਿਚ ਹੁੰਦਾ ਸੀ, ਸਾਰੀ ਧਰਤੀ ਉਤੇ ਜੋ ਮੰਨਿਆ ਹੋਇਆ ਸੀ, ਉਸੇ ਸ਼ਾਨ ਨੂੰ ਫੇਰ ਬਹਾਲ ਕਰੀਏ । ਹਫਤਾ ਪਹਿਲਾਂ ਦੀ ਗੱਲ ਹੈ ਚਾਰ ਮੁੰਡੇ ਮੇਰੇ ਕੋਲ ਆਏ ਹੋਏ ਸੀ । ਤਿੰਨ ਤਿੰਨ ਵਾਰੀ ਅੰਦਰ ਜਾ ਆਏ ਕੱਦ ਤਾਂ ਉਨ੍ਹਾਂ ਦਾ ਪੂਰਾ ਸੀ ਪਰ ਛਾਤੀ ਪੂਰੀ ਨਾ ਹੋਏ । ਕਹਿਣ ਲੱਗੇ ਚਾਚਾ ਜੀ ਹੁਣ ਕੀ ਕਰੀਏ । ਮੈਂ ਕਿਹਾ ਤੁਹਾਡੀ ਥਾਂ ਹੁਣ ਮੈਂ ਮਸ਼ੀਨ ਫੇਰ ਕੇ ਆਵਾਂ । ਉਹ ਮਸ਼ੀਨਾਂ ਹੱਟ ਗਈਆਂ ਡੰਡ ਕੱਢਣੇ ਹੱਟ ਗਏ । ਇਸ ਪਿੱਛੇ ਅਸਲੀ ਕਾਰਨ ਕੀ ਹੈ ਆਰਥਿਕਤਾ ਇਸ ਦਾ ਕਾਰਨ ਹੈ । ਸੋ, ਅਸੀਂ ਪਾਰਟੀ ਲੈਵਲ ਤੋਂ ਉਠ ਕੇ ਸਾਰੇ ਪੰਜਾਬ ਦੀ ਖੁਸ਼ਹਾਲੀ ਵਾਸਤੇ ਕੋਈ ਰਾਹ ਕੱਢੀਏ । ਇਸ ਧਰਤੀ ਤੇ ਕਿੰਨੇ ਲੋਕ ਆ ਕੇ ਚਲੇ ਗਏ, ਇਸ ਹਾਊਸ ਵਿਚ ਕਿੰਨੇ ਲੋਕ ਆ ਕੇ ਚਲੇ ਗਏ, ਨਾ ਇਥੇ ਕੋਈ ਫਕੀਰ ਰਹਿਣਾ, ਨਾ ਬਾਦਸ਼ਾਹ, ਅਮੀਰ, ਗਰੀਬ ਰਹਿਣਾ, ਰਹਿਣਾਂ ਕੌਣ ਹੈ ਕਿ ਜੋ ਸਮਾਜ ਦੇ ਭਲੇ ਵਾਸਤੇ ਕੋਈ ਚੰਗੀ ਗੱਲ ਕਰੇਗਾ । ਸੋ, ਆਓ, ਅਸੀਂ ਸਾਰੇ ਰਲ ਕੇ ਇਸ ਦੇ ਹੱਲ ਵਾਸਤੇ ਯਤਨ ਕਰੀਏ । ਮੈਂ ਆਸ ਕਰਦਾ ਹਾਂ ਕਿ ਜੇ ਅਸੀਂ ਸਾਰੇ ਇਸ ਮੁਸ਼ਕਿਲ ਦਾ ਹੱਲ ਕਰਨ ਵਾਸਤੇ ਯਤਨ ਕਰਾਂਗੇ, ਹੰਭਲਾ ਮਾਰਾਂਗੇ ਤਾਂ ਪੰਜਾਬ ਰਾਜ ਫਿਰ ਤੋਂ ਉਹੀ ਸ਼ਾਨ ਪ੍ਰਾਪਤ ਕਰ ਸਕੇਗਾ ।

**ਮਾਨਯੋਗ ਡਿਪਟੀ ਸਪੀਕਰ : ਸ਼੍ਰੀ ਰਾਜ ਕੁਮਾਰ ਵੇਰਕਾ ਜੀ..........**

**ਸ਼੍ਰੀ ਰਾਜ ਕੁਮਾਰ ਵੇਰਕਾ** (ਵੇਰਕਾ, ਐਸ.ਸੀ.) : ਸਤਿਕਾਰ ਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇੱਕ ਅੱਤਿ ਭੁਖਦੇ ਮਸਲੇ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਭ ਤੋਂ ਵੱਧ ਖੁਸ਼ੀ ਦੀ ਗੱਲ ਹੈ ਕਿ ਇਹ ਜਿਹੜਾ ਮਤਾ ਸਾਡੇ ਸਾਥੀ ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਲੈ ਕੇ ਆਏ ਹਨ, ਇਸ ਦੇ ਉਪਰ ਸਾਡੇ ਵੱਖ-ਵੱਖ ਮੈਂਬਰਾਂ ਨੇ ਚਰਚਾ ਕੀਤੀ ਹੈ । ਇਨ੍ਹਾਂ ਨੇ ਸਮਾਜ ਨੂੰ ਅਤੇ ਹਾਊਸ ਨੂੰ ਇਨ੍ਹਾਂ ਚੀਜ਼ਾਂ ਸਬੰਧੀ ਬਹੁਤ ਸਾਰੀ ਜਾਣਕਾਰੀ ਦਿੱਤੀ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਇਹ ਮਸੁਲਾ ਅਜਿਹਾ ਮਸਲਾ ਹੈ ਕਿ ਇਹ ਕੋਹੜ ਹਰ ਘਰ ਦੇ ਵਿਚ ਫੈਲਿਆ ਹੋਇਆ ਹੈ, ਹਰ ਗਲੀ ਦੇ ਵਿਚ ਫੈਲਿਆ ਹੋਇਆ ਹੈ, ਜਿਸ ਦਾ ਕਿ ਫੌਰੀ ਤੌਰ ਤੇ ਕੋਈ ਇਲਾਜ ਕਰਨ ਦੀ ਜ਼ਰੂਰਤ ਹੈ । ਮੈਂ ਆਪਣੀ ਗੱਲ ਨੂੰ ਆਰੰਭ ਕਰਦਾ ਹੋਇਆ ਇੱਕ ਗੱਲ ਜ਼ਰੂਰ ਕਹਾਂਗਾ ਕਿ ਖਾਸ ਕਰਕੇ ਅੱਜ ਸਾਡੇ ਬੱਚੇ ਸਕੂਲ ਪੱਧਰ ਤੇ ਪੜ੍ਹਦੇ ਹਨ, ਕਾਲਜਾਂ ਦੇ ਵਿਚ ਬੱਚੇ ਪੜ੍ਹਦੇ ਹਨ ਔਰ ਅੱਜ ਜ਼ਰੂਰਤ ਹੈ ਡਿਬੇਟਸ

[ਸ਼੍ਰੀ ਰਾਜ ਕੁਮਾਰ ਵੇਰਕਾ]

ਦੀ । ਅੱਜ ਨਸ਼ਿਆਂ ਵਿਰੁੱਧ ਚਰਚਾਵਾਂ ਨਹੀਂ ਹੋ ਰਹੀਆਂ ਅਤੇ ਡਿਬੇਟਸ ਨਹੀਂ ਹੋ ਰਹੀਆਂ । ਬੱਚੇ ਲਾਈਨ ਆਫ ਐਕਸ਼ਨ ਮੰਗਦੇ ਹਨ । ਬੱਚੇ ਮਹਿਸੂਸ ਕਰਦੇ ਹਨ ਕਿ ਸਾਡੀ ਮੰਜ਼ਿਲ ਕੀ ਹੈ ਅਤੇ ਅਸੀਂ ਕਿਸ ਪਾਸੇ ਜਾਣਾ ਚਾਹੁੰਦੇ ਹਾਂ । ਸਾਡੇ ਪੇਰੈਂਟਸ, ਸਾਡੇ ਰਹਿਨੁਮਾ, ਸਾਡੇ ਸਮਾਜਿਕ ਲੀਡਰ, ਸਾਡੇ ਸਮਾਜ ਸੇਵਕ ਸਾਡੇ ਲਈ ਕੀ ਸੋਚ ਰਹੇ ਹਨ ਔਰ ਅਸੀਂ ਕਿਸ ਮੰਜ਼ਿਲ ਵੱਲ ਵਧਣਾ ਹੈ । ਅੱਜ ਇਸ ਗੱਲ ਦੀ ਜ਼ਰੂਰਤ ਹੈ ਕਿ ਜਿਹੜਾ ਚਰਚਾ ਦਾ ਵਿਸ਼ਾ ਹੈ ਔਰ ਜਿਸ ਤਰ੍ਹਾਂ ਮੈਂ ਗੱਲ ਕਹਾਂਗਾ ਕਿ ਇਹ ਜਿਹੜਾ ਨਸ਼ਾ ਹੈ, ਇਹ ਨਸ਼ਾ ਹੁਣ ਉਮਰ ਔਰ ਹੱਦ ਵਿਚ ਨਹੀਂ ਰਹਿ ਗਿਆ । ਇਹ ਨਸ਼ਾ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਹੈ, ਸਕੂਲਾਂ ਦੇ ਵਿਚ ਸ਼ੁਰੂ ਹੋ ਰਿਹਾ ਹੈ, ਕਾਲਜਾਂ ਦੇ ਵਿਚ ਸ਼ੁਰੂ ਹੋ ਰਿਹਾ ਹੈ । ਇਸ ਗੱਲ ਦੇ ਵਿਚ ਕੋਈ ਸ਼ੱਕ ਨਹੀਂ ਕਿ ਬੱਚਿਆਂ ਦੇ ਵਿਚ ਜਿੱਥੇ ਅਵੇਅਰਨੈਸ ਦੀ ਕਮੀ ਹੈ, ਉਥੇ ਸਭ ਤੋਂ ਵੱਡੀ ਜ਼ਰੂਰਤ ਇਸ ਗੱਲ ਦੀ ਹੈ ਕਿ ਬੱਚਾ ਪੜ੍ਹ ਲਿਖ ਕੇ ਜਦੋਂ ਸੜਕਾਂ ਤੇ ਆਉਂਦਾ ਹੈ, ਆਪਣੇ ਜੀਵਨ ਦੇ ਨਾਲ ਸੰਘਰਸ਼ ਕਰਦਾ ਹੈ । ਇਸ ਆਸ ਦੇ ਨਾਲ ਉਹ ਡਿਗਰੀਆਂ ਲੈ ਕੇ ਆਉਂਦਾ ਹੈ ਕਿ ਸ਼ਾਇਦ ਮੈਨੂੰ ਆਪਣੀ ਮੰਜ਼ਿਲ ਮਿਲ ਜਾਵੇਗੀ । ਜਦੋਂ ਉਹ ਮੰਜ਼ਿਲ ਨੂੰ ਛੂਹਣ ਵਾਸਤੇ ਇੱਕ ਕਦਮ ਅੱਗੇ ਵਧਾਉਂਦਾ ਹੈ ਤਾਂ ਉਸ ਨੂੰ ਸਾਹਮਣੇ ਹਨੇਰਾ ਹੀ ਹਨੇਰਾ ਅਤੇ ਉਦਾਸੀ ਹੀ ਉਦਾਸੀ ਨਜ਼ਰ ਆਉਂਦੀ ਹੈ । ਇਸ ਕਰਕੇ ਉਹ ਗਲਤ ਰਾਹ ਤੇ ਤੁਰ ਪੈਂਦਾ ਹੈ । ਸਾਨੂੰ ਹਾਊਸ ਦੇ ਵਿਚ ਸਾਰਿਆਂ ਨੂੰ ਇਸ ਗੱਲ ਦੇ ਹੱਲ ਬਾਰੇ ਸੋਚਣਾ ਚਾਹੀਦਾ ਹੈ, ਇਸ ਗੱਲ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ । ਮੈਂ ਪਹਿਲਾਂ ਵੀ ਕਿਹਾ ਸੀ ਅਤੇ ਕਈ ਵਾਰੀ ਕਿਹਾ ਹੈ ਕਿ ਸਾਡੇ ਵਿਧਾਨ ਸਭਾ ਦੇ ਵਿਚ ਬਹੁਤ ਸਾਰਾ ਸਮਾਂ ਹੈ ਅਸੀਂ ਇੱਕ ਦੂਸਰੇ ਦੀ ਨੁਕਤਾ ਚੀਨੀ ਕਰਕੇ ਬਰਬਾਦ ਕਰ ਦਿੰਦੇ ਹਾਂ, ਇਕ ਦੂਜੇ ਨੂੰ ਗਾਲੀਆਂ ਦੇ ਕੇ, ਇੱਕ ਦੂਜੇ ਨੂੰ ਚੰਗਾ ਬੁਰਾ ਕਹਿ ਕੇ ਬਰਬਾਦ ਕਰ ਦਿੰਦੇ ਹਾਂ । ਮੈਂ ਕਹਾਂਗਾ ਕਿ ਜ਼ਰੂਰਤ ਇਸ ਗੱਲ ਦੀ ਹੈ ਕਿ ਸਾਨੂੰ ਸਾਰੀਆਂ ਬੀਤੀਆਂ ਗੱਲਾਂ ਛੱਡ ਕੇ, ਜਿਹੜਾ ਆਉਣ ਵਾਲਾ ਸਾਡਾ ਸਮਾਂ ਹੈ, ਉਸ ਵੱਲ ਧਿਆਨ ਦੇਣਾ ਚਾਹੀਦਾ ਹੈ । ਸਾਨੂੰ ਪਿਛੋਕੜ ਵਿਚ ਨਹੀਂ ਜਾਣਾ ਚਾਹੀਦਾ, ਬਲਕਿ ਸਾਡਾ ਆਉਣ ਵਾਲਾ ਸਮਾਂ ਬਿਹਤਰ ਹੋਵੇ, ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ । ਬਹੁਤ ਲੋਕਾਂ ਕੋਲੋਂ ਗਲਤੀਆਂ ਹੋ ਜਾਂਦੀਆਂ ਹਨ, ਸਿਆਸੀ ਲੀਡਰਾਂ ਕੋਲੋਂ ਵੀ ਗਲਤੀਆਂ ਹੋ ਜਾਂਦੀਆਂ ਹਨ, ਸਾਡੇ ਕੋਲੋਂ ਬਹੁਤ ਸਾਰੀਆਂ ਗਲਤੀਆਂ ਹੋਈਆਂ ਹੋਣਗੀਆਂ, ਸਰਕਾਰ ਕੋਲੋਂ ਗਲਤੀਆਂ ਹੋਈਆਂ ਹੋਣਗੀਆਂ । ਬਿਓਰੋਕਰੇਸੀ ਕੋਲੋਂ ਗਲਤੀਆਂ ਹੋਈਆਂ ਹੋਣਗੀਆਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਅਸੀਂ ਗਲਤੀਆਂ ਨੂੰ ਹੀ ਉਘਾੜਦੇ ਰਹਾਂਗੇ, ਚਰਚਾ ਹੀ ਕਰਦੇ ਰਹਾਂਗੇ ਤਾਂ ਅਸੀਂ ਅੱਗੇ ਬਾਰੇ ਨਹੀਂ ਸੋਚ ਪਾਵਾਂਗੇ । ਸਾਡੇ ਅੱਗੇ ਬਹੁਤ ਸਮਾਂ ਹੈ । ਸਾਡੇ

ਮਾਨਯੋਗ ਰਾਸ਼ਟਰਪਤੀ ਜੀ ਨੇ ਵਿਜ਼ਨ 2020 ਦੀ ਗੱਲ ਕੀਤੀ ਹੈ ਔਰ ਇਹ ਗੱਲ ਕਹੀ ਹੈ ਕਿ ਸਾਰੀਆਂ ਵਿਧਾਨ ਸਭਾਵਾਂ ਦੇ ਵਿਚ ਅਤੇ ਕਾਲਜਾਂ ਦੇ ਵਿਚ ਇਸ ਗੱਲ ਦੀ ਚਰਚਾ ਹੋਣੀ ਚਾਹੀਦੀ ਹੈ ਕਿ ਅਸੀਂ ਜਿਹੜੀ 21ਵੀਂ ਸਦੀ ਦੇ ਵਿਚ ਕਦਮ ਰੱਖਣ ਜਾ ਰਹੇ ਹਾਂ, ਉਹ ਕਦਮ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ । ਇਹ ਸੋਚ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ । ਮੈਨੂੰ ਇਹ ਗੱਲ ਕਹਿਣ ਲੱਗਿਆਂ ਵੀ ਦੁਖ ਹੁੰਦਾ ਹੈ ਕਿ ਮੈਂ ਬਹੁਤ ਸਾਰੀਆਂ ਸੰਸਥਾਵਾਂ ਦੇ ਵਿਚ ਜਾ ਕੇ ਵੇਖਦਾ ਹਾਂ, ਬਹੁਤ ਸਾਰੀਆਂ ਸ਼ੋਸ਼ਲ ਆਰਗੇਨਾਈਜ਼ੇਸ਼ਨਜ਼ ਦੇ ਵਿਚ ਛਾਪੇ ਮਾਰ ਕੇ ਵੇਖਦਾ ਹਾਂ ਪਰ ਇਸ ਗੱਲ ਦੇ ਵਿਚ ਕੋਈ ਸ਼ੱਕ ਨਹੀਂ ਕਿ ਸਾਰੇ ਪਾਸੇ ਨਸ਼ਿਆ ਦਾ ਯੁੱਗ ਹੈ । ਇਹ ਰੁਝਾਨ ਬਹੁਤ ਅੱਗੇ ਵਧਦਾ ਜਾ ਰਿਹਾ ਹੈ । ਇਹ ਰੁਝਾਨ ਠੀਕ ਨਹੀਂ ਹੈ । ਮੈਂ ਹਮੇਸ਼ਾ ਇਸ ਗੱਲ ਦੇ ਹੱਕ ਵਿਚ ਰਿਹਾ ਹਾਂ ਔਰ ਇਹ ਗੱਲ ਕਹਿੰਦਾ ਹਾਂ ਕਿ ਆਪਾਂ ਸਾਰੇ ਇਸ ਗੱਲ ਤੇ ਵਿਚਾਰ ਕਰੀਏ । ਇਸ ਤੇ ਵਿਚਾਰ ਕਰਕੇ ਘਰਾਂ ਦੀਆਂ ਬੜੀਆਂ ਮੁਸ਼ਕਿਲਾਂ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਘਰ ਦੇ ਬਜਟ ਵਿਚ ਵੀ ਬਹੁਤ ਜ਼ਿਆਦਾ ਫਾਇਦਾ ਹੋਵੇਗਾ । ਨਸ਼ੇ ਦੀ ਬਿਮਾਰੀ ਦੇ ਗਲਤ ਰਾਹ ਤੋਂ ਰੋਕਣ ਲਈ, ਸਾਨੂੰ ਸਾਰਿਆਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ । ਤੁਸੀਂ ਇਸ ਬਿਮਾਰੀ ਨੂੰ ਪਿੰਡਾਂ ਦੇ ਵਿਚ, ਗਲੀਆਂ ਵਿਚ ਦੇਖ ਸਕਦੇ ਹੋ । ਅੱਜ ਕਲ ਬੱਚੇ ਇਸ ਨਸ਼ੇ ਦੀ ਪੂਰਤੀ ਲਈ ਘਰਾਂ ਵਿਚ ਚੋਰੀਆਂ ਕਰਦੇ ਹਨ, ਘਰਾਂ ਦੇ ਵਿਚੋਂ ਬਰਤਨ ਅਤੇ ਗਹਿਣੇ ਚੋਰੀ ਕਰਕੇ ਵੇਚਦੇ ਹਨ ਅਤੇ ਆਪਣਾ ਨਸ਼ਾ ਪੂਰਾ ਕਰਦੇ ਹਨ । ਜਿੰਨ੍ਹਾਂ ਏਜੰਸੀਆਂ ਨੇ ਇਸ ਲਾਅ ਐਂਡ ਆਰਡਰ ਨੂੰ ਇੰਪਲੀਮੈਂਟ ਕਰਨਾ ਹੈ ਉਹ ਵੀ ਨਸ਼ੇ ਦੀ ਬਿਮਾਰੀ ਦੇ ਸ਼ਿਕਾਰ ਹੋਈ ਫਿਰਦੇ ਹਨ । ਸਾਡੀ ਫੋਰਸਿਜ਼ ਇਸ ਨਸ਼ੇ ਦੀ ਦਲਦਲ ਵਿਚ ਫਸਦੀ ਜਾ ਰਹੀ ਹੈ । ਸਰਕਾਰ ਨੂੰ ਸਰਵੇ ਕਰਨ ਵਾਸਤੇ ਇਕ ਮੈਡੀਕਲ ਟੀਮ ਕਾਇਮ ਕਰਨੀ ਚਾਹੀਦੀ ਹੈ ਅਤੇ ਰਾਤ ਨੂੰ ਪੰਜਾਬ ਦੇ ਥਾਨਿਆਂ ਦੇ ਵਿਚ ਪੁਲਿਸ ਮੁਲਾਜ਼ਮਾਂ ਦਾ ਮੈਡੀਕਲ ਮੁਆਇਨਾ ਕਰਵਾਉਣਾ ਚਾਹੀਦਾ ਹੈ ਤਾਂ ਕਿ ਪਤਾ ਲਗ [illegible] ਏਜੰਸੀਆਂ ਜਿੰਨ੍ਹਾਂ ਨੇ ਇਸ ਬਿਮਾਰੀ ਦੀ ਰੋਕ ਥਾਮ ਲਈ ਉਚੇਚੇ ਕਦਮ ਚੁਕਣੇ [illegible] ਉਹ ਖੁਦ ਕਿੰਨੀ ਦਲਦਲ ਵਿਚ ਫਸੀ ਹੈ ਅਤੇ ਇਹ 99% ਫਸੀ ਹੋਈ ਹੈ । ਇਹ ਨਸ਼ਿਆਂ ਦੀ ਆਦੀ ਹੋ ਚੁੱਕੀ ਹੈ, ਫਿਰ ਤੁਸੀਂ ਕਿਸ ਤੋਂ ਉਮੀਦ ਕਰ ਸਕਦੇ ਹੋ । ਇਸ ਵਿਸ਼ੇ ਉੱਤੇ ਕਾਫੀ ਚਰਚਾ ਕਰਨ ਦੀ ਲੋੜ ਹੈ ਅਤੇ ਐਕਸਪਰਟਸ ਦੀ ਰਾਏ ਲੈਣ ਦੀ ਵੀ ਲੋੜ ਹੈ । ਇਨ੍ਹਾਂ ਐਕਸਪਰਟਸ ਨੂੰ ਸਕੂਲਾਂ, ਕਾਲਜਾਂ ਵਿਚ ਅਤੇ ਯੂਨੀਵਰਸਿਟੀਆਂ ਦੇ ਵਿਚ ਚਰਚਾ ਕਰਨ ਵਾਸਤੇ ਅਤੇ ਇਸ ਦੇ ਨੁਕਸਾਨ ਬਾਰੇ ਲੋਕਾਂ ਵਿਚ ਚੇਤਨਾ ਪੈਦਾ ਕਰਨ ਦੀ ਲੋੜ ਹੈ । ਇਸੇ ਤਰ੍ਹਾਂ ਸਰਕਾਰੀ ਦਫਤਰਾਂ ਦੇ ਵਿਚ ਹੈਡ

[ਸ਼੍ਰੀ ਰਾਜ ਕੁਮਾਰ ਵੇਰਕਾ]

ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਮਹਿਕਮੇ ਵਿਚ ਇਸ ਬਿਮਾਰੀ ਨੂੰ ਦੂਰ ਕਰਨ ਲਈ ਚਰਚਾ ਕਰਵਾਏ ਅਤੇ ਇਸ ਦੀ ਇੰਪਲੀਮੈਂਟੇਸ਼ਨ ਲਈ ਆਪਣਾ ਯੋਗਦਾਨ ਪਾਵੇ । ਇਸ ਨਸ਼ੇ ਕਰਕੇ ਹੀ ਕੁਰਪਸ਼ਨ ਸਮਾਜ ਵਿਚ ਪਨਪ ਰਹੀ ਹੈ । ਇਸ ਨਸ਼ੇ ਦੇ ਆਦੀ ਹੋਣ ਕਰਕੇ ਗੌਰਮਿੰਟ ਮੁਲਾਜ਼ਮ ਸ਼ਾਮ ਨੂੰ ਘਰ ਜਾਣ ਤੋਂ ਪਹਿਲਾਂ ਸ਼ਰਾਬ ਦੀ ਬੋਤਲ ਲੈਣ ਵਿਚ ਲੱਗਾ ਰਹਿੰਦਾ ਹੈ । ਇਸ ਨਸ਼ੇ ਕਰਕੇ ਉਹ ਫਿਰ ਕੁਰਪਸ਼ਨ ਕਰਦਾ ਹੈ ਕਿਉਂਕਿ ਇਸ ਨਸ਼ੇ ਨਾਲ ਉਸ ਦੇ ਘਰ ਦਾ ਬਜਟ ਵੀ ਖਰਾਬ ਹੋ ਜਾਂਦਾ ਹੈ ਪਰ ਨਸ਼ੇ ਨੂੰ ਪੂਰਾ ਕਰਨ ਲਈ ਉਹ ਕੁਰਪਸ਼ਨ ਕਰਦਾ ਹੈ । ਇਸ ਨਸ਼ੇ ਦੀ ਬਿਮਾਰੀ ਨੂੰ ਦੂਰ ਕਰਕੇ ਉਸ ਨੂੰ ਇਕ ਅੱਛਾ ਜੀਵਨ ਬਤੀਤ ਕਰਨ ਵੱਲ ਪ੍ਰੇਰਤ ਕਰਨਾ ਚਾਹੀਦਾ ਹੈ । ਇਸ ਦੇ ਵਿਚ ਸਾਡੀ ਧਾਰਮਿਕ ਸੰਸਥਾਵਾਂ ਕਾਫੀ ਯੋਗਦਾਨ ਪਾ ਸਕਦੀਆਂ ਹਨ । ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਧਾਰਮਿਕ ਸੰਸਥਾਵਾਂ ਦਾ ਰੋਲ ਬਹੁਤ ਵੱਡਾ ਹੈ ਅਤੇ ਇਸ ਰਾਹੀਂ ਇਹ ਬਿਮਾਰੀ ਦੂਰ ਹੋ ਸਕਦੀ ਹੈ । ਇਸ ਦੇ ਨਾਲ ਸਮਾਜ ਵਿਚ ਵੀ ਤਰੱਕੀ ਹੋਵੇਗੀ ਅਤੇ ਖੁਸ਼ਹਾਲੀ ਹੋਵੇਗੀ । ਇਸ ਦੇ ਰੋਕਣ ਨਾਲ ਘਰਾਂ ਵਿਚ ਖੁਸ਼ਹਾਲੀ ਹੋਵੇਗੀ, ਕੁਰਪਸ਼ਨ ਦੂਰ ਹੋਵੇਗੀ, ਜਵਾਨੀਆਂ ਬਰਬਾਦ ਨਹੀਂ ਹੋਣਗੀਆਂ, ਚੋਰੀਆਂ ਘੱਟ ਜਾਣਗੀਆਂ । ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ "ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ", ਧਰਮ ਦੇ ਵਿਚ "ਨਾਮ ਦੀ ਖੁਮਾਰੀ ਦੀ ਗੱਲ" ਕਰਦੇ ਹਨ । ਧਰਮ ਸਾਨੂੰ ਪਿਆਰ, ਕੁਰਬਾਨੀ ਦੀ ਸਿੱਖਿਆ ਦਿੰਦਾ ਹੈ ਅਤੇ ਨਸ਼ੇ ਨੂੰ ਦੂਰ ਕਰਨ ਵਿਚ ਕਾਫੀ ਯੋਗਦਾਨ ਪਾਉਂਦਾ ਹੈ । ਗੁਰਬਾਣੀ ਵਿਚ ਵੀ ਕਾਫੀ ਚਰਚਾ ਇਨ੍ਹਾਂ ਨਸ਼ਿਆਂ ਬਾਰੇ ਕੀਤੀ ਗਈ ਹੈ ਅਤੇ ਰੋਕਣ ਲਈ ਸਾਡੇ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਅਤੇ ਲੋਕਾਂ ਨੂੰ ਇਸ ਬਿਮਾਰੀ ਤੋਂ ਦੂਰ ਰਹਿਣ ਦੀ ਹਦਾਇਤ ਵੀ ਕੀਤੀ ਹੈ । ਪੰਜਾਬ ਦੇ ਵਿਚ ਅਸੀਂ ਆਪਣੇ ਬਜ਼ੁਰਗਾਂ ਤੋਂ ਸੁਣਦੇ ਸੀ ਕਿ ਕਿਸ ਤਰ੍ਹਾਂ ਪੰਜਾਬ ਦੇ ਸੂਰਮਿਆਂ ਨੇ ਦੇਸ਼ ਦੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਸਨ ਅਤੇ ਫਤਹਿ ਪਾਈ ਸੀ ਅਤੇ ਪੰਜਾਬ ਦੇ ਸੂਰਮਿਆਂ ਨੇ ਕੁਰਬਾਨੀਆਂ ਦਿੱਤੀਆਂ ਅਤੇ ਦੁਨੀਆਂ ਦੇ ਵਿਚ ਦੁਸ਼ਮਣ ਦੀਆਂ ਫੌਜਾਂ ਵਿਚ ਡਰ ਪੈਦਾ ਕੀਤਾ ਹੋਇਆ ਸੀ ਅਤੇ ਦੁਨੀਆਂ ਦੇ ਵਿਚ ਪੰਜਾਬ ਦੇ ਸੂਰਮੇ ਮਸ਼ਹੂਰ ਸਨ । ਇਸ ਕਰਕੇ ਪੰਜਾਬ ਦੇ ਲੋਕਾਂ ਵਿਚ ਨਸ਼ੇ ਦੂਰ ਕਰਨ ਲਈ ਇਕ ਸ਼ੇਅਰ ਅਰਜ਼ ਕਰਦਾ ਹਾਂ-

"ਰਾਤੀ ਪੀਵਾਂ ਤਾਂ ਇੰਜ ਲਗਦਾ
ਜਿਵੇਂ ਘਰ ਘਰ ਸ਼ਾਦੀਆਂ ਹੁੰਦੀਆਂ ਨੇ,
ਦਿਨੇ ਉੱਠਾਂ ਤਾਂ ਇੰਜ ਲਗਦਾ
ਜਿਵੇਂ ਜੁੱਤੀਆਂ ਖਾਧੀਆਂ ਹੁੰਦੀਆਂ ਨੇ ।"

**ਸਰਦਾਰ ਮਨਤਾਰ ਸਿੰਘ ਬਰਾੜ** (ਕੋਟਕਪੂਰਾ) : ਪਰਮ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਵਲੋਂ ਪ੍ਰਸਤਾਵ ਆਇਆ ਹੈ ਕਿ ਇਹ ਸਦਨ ਰਾਜ ਸਰਕਾਰ ਨੂੰ, ਰਾਜ ਵਿੱਚ ਨੌਜਵਾਨਾਂ ਵਿਚ ਨਸ਼ੀਲੇ ਪਦਾਰਥਾਂ/ਨਸ਼ੀਲੀਆਂ ਦਵਾਈਆਂ ਦੀ ਵਰਤੋਂ ਨੂੰ ਰੋਕਣ ਲਈ ਤੁਰੰਤ ਕਾਰਵਾਈ ਕਰਨ ਦੀ ਸਿਫਾਰਸ਼ ਕਰਦਾ ਹੈ ਤੇ ਆਪ ਜੀ ਨੇ ਮੈਨੂੰ ਇਸ ਪ੍ਰਸਤਾਵ ਉਤੇ ਬੋਲਣ ਦਾ ਸਮਾਂ ਦਿੱਤਾ ਹੈ, ਮੈਂ ਆਪ ਜੀ ਦਾ ਧੰਨਵਾਦੀ ਹਾਂ । ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਰਿਸ਼ੀਆਂ, ਮੁਨੀਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਹੈ ਤੇ ਕੁਦਰਤੀ ਸੋਮਿਆਂ ਦਾ ਭੰਡਾਰ ਸਾਡੇ ਦੇਸ਼ ਵਿਚ ਹੈ । ਮੈਦਾਨੀ ਇਲਾਕੇ ਲੋੜ ਮੁਤਾਬਿਕ, ਪਹਾੜੀ ਏਰੀਆ ਲੋੜ ਮੁਤਾਬਿਕ, ਦਰਿਆ ਲੋੜ ਮੁਤਾਬਿਕ, ਜੰਗਲ ਲੋੜ ਮੁਤਾਬਿਕ ਤੇ ਸਮੁੰਦਰ ਦੇ ਨਾਲ ਲਗਦਾ ਤੱਟ ਲੋੜ ਮੁਤਾਬਿਕ ਸਾਡੇ ਕੋਲ ਹੈ ਔਰ ਇਸ ਦਾ ਇਕ ਹਿੱਸਾ ਪੰਜਾਬ ਵੀ ਹੈ ਜਿਥੋਂ ਦੀ ਧਰਤੀ ਸਭ ਤੋਂ ਜ਼ਰਖੇਜ਼ ਹੈ ਤੇ ਜਿਥੋਂ ਦੇ ਵਸਨੀਕ ਹਿੰਦੁਸਤਾਨ ਵਿਚ ਸਭ ਨਾਲੋਂ ਬਹਾਦਰ, ਡੀਲਡੌਲ ਵਿਚ ਅੱਛੇ ਹਨ । ਅੱਜ ਸਾਨੂੰ 58 ਸਾਲ ਆਜ਼ਾਦ ਹੋਇਆਂ ਨੂੰ ਹੋਣ ਲਗੇ ਹਨ ਔਰ ਆਜ਼ਾਦੀ ਤੋਂ ਪਹਿਲਾਂ ਜੇ ਅਸੀਂ ਨਿਗਾਹ ਮਾਰੀਏ ਤਾਂ ਕੁਰਬਾਨੀਆਂ ਵੀ ਪੰਜਾਬੀਆਂ ਨੇ ਸਭ ਤੋਂ ਵੱਧ ਦਿੱਤੀਆਂ ਹਨ । ਇਸ ਤੋਂ ਬਾਅਦ ਸਾਨੂੰ ਸਮੇਂ ਸਮੇਂ ਲੜਾਈਆਂ ਲੜਨੀਆਂ ਪਈਆਂ ਹਨ, ਚਾਈਨਾ ਨਾਲ ਲੜਾਈ, ਪਕਿਸਤਾਨ ਨਾਲ 1965 ਦੀ ਲੜਾਈ, 1971 ਦੀ ਲੜਾਈ ਤੇ ਉਸ ਵਿਚ ਨਿਡਰ ਹੋਕੇ ਅੱਗੇ ਆਏ ਪੰਜਾਬੀ, ਸਾਡੇ ਫੌਜੀ ਨੌਜਵਾਨ ਪਰ ਅੱਜ ਅਫਸੋਸ ਹੁੰਦਾ ਹੈ ਜਦੋਂ ਇਸ ਨੌਜਵਾਨੀ ਦਾ ਘਾਣ ਹੁੰਦਾ ਅਸੀਂ ਦੇਖਦੇ ਹਾਂ । ਅੱਜ ਅਫਸੋਸ ਹੁੰਦਾ ਹੈ ਜਦੋਂ ਅਸੀਂ ਪੰਜਾਬ ਦੀ ਆਰਥਿਕ ਦਸ਼ਾ ਵੱਲ ਦੇਖਦੇ ਹਾਂ । ਅੱਜ ਡਿਪਟੀ ਸਪੀਕਰ ਸਾਹਿਬ, ਇਸ ਗੱਲ ਦੇ ਉਤੇ ਬਹੁਤ ਧਿਆਨ ਦੇਣ ਦੀ ਲੋੜ ਹੈ ਕਿ ਪੰਜਾਬ ਦਾ ਨੌਜਵਾਨ ਜਿਹੜਾ ਨਸ਼ਿਆਂ ਦੇ ਵਿਚ ਘੁਲਦਾ ਜਾ ਰਿਹਾ ਹੈ, ਇਸ ਦੇ ਪਿਛੇ ਕੀ ਕਾਰਣ ਹਨ ? ਇਸ ਦੇ ਪਿਛੇ ਸਭ ਤੋਂ ਵੱਡਾ ਕਾਰਣ ਉਸਦੇ ਅੰਦਰ ਫ੍ਰਸਟਰੇਸ਼ਨ ਆਉਣਾ ਹੈ । ਅੱਜ ਛੋਟੇ ਛੋਟੇ ਘਰਾਂ ਦੇ ਵਿਚ ਸਕੂਲ ਖੁਲ੍ਹਦੇ ਜਾ ਰਹੇ ਹਨ, ਕਾਲਜ ਖੁਲ੍ਹਦੇ ਜਾ ਰਹੇ ਹਨ, ਬੱਚੇ ਪੜ੍ਹ ਰਹੇ ਹਨ ਪਰ ਜਿਹੜਾ ਲੈਵਲ ਚਾਹੀਦਾ ਹੈ, ਉਹ ਲੈਵਲ ਨਹੀਂ ਬਣ ਰਿਹਾ । ਇਸ ਕਰਕੇ ਜਦੋਂ ਉਹ ਪੜ੍ਹ ਜਾਂਦੇ ਹਨ ਤਾਂ ਉਨ੍ਹਾਂ ਦੀ ਸੋਚ ਉਚਾ ਜਾਣ ਦੀ ਹੁੰਦੀ ਹੈ ਪਰ ਉਨ੍ਹਾਂ ਦਾ ਲੈਵਲ ਇੰਨ੍ਹਾਂ ਉਚਾ ਨਹੀਂ ਪਹੁੰਚਿਆ ਹੁੰਦਾ ਤੇ ਉਹ ਉਸ ਸਥਾਨ ਤੇ ਨਹੀਂ ਪਹੁੰਚ ਸਕਦੇ ਜਿਸ ਕਾਰਣ ਉਨ੍ਹਾਂ ਵਿਚ ਫ੍ਰਸਟਰੇਸ਼ਨ ਆ ਜਾਂਦੀ ਹੈ । ਉਹੀ

[ਸਰਦਾਰ ਮਨਤਾਰ ਸਿੰਘ ਬਰਾੜ]

ਫ਼੍ਰਸਟਰੇਸ਼ਨ ਉਨ੍ਹਾਂ ਨੂੰ ਨਸ਼ੇ ਵੱਲ ਧਕੇਲ ਕੇ ਲੈ ਜਾ ਰਹੀ ਹੈ । ਉਹ ਫ਼੍ਰਸਟਰੇਸ਼ਨ ਉਨ੍ਹਾਂ ਨੂੰ ਭੁੱਕੀ, ਅਫੀਮ, ਕੋਕੀਨ, ਸ਼ਰਾਬ ਅਤੇ ਤੰਬਾਕੂ ਵੱਲ ਲਈ ਜਾ ਰਹੀ ਹੈ ।

ਡਿਪਟੀ ਸਪੀਕਰ ਸਾਹਿਬ, ਸਾਡੇ ਮੋਗੇ ਜ਼ਿਲ੍ਹੇ ਵਿਚ ਨਿਹਾਲ ਸਿੰਘ ਵਾਲਾ ਕਸਬਾ ਹੈ । ਉਥੇ ਮੈਂ ਇਕ ਬਰਾਤ ਵਿਚ ਗਿਆ । ਉਥੇ ਮੇਰਾ ਇਕ ਰਿਸ਼ਤੇਦਾਰ ਵੀ ਸੀ । ਉਹ ਮੈਨੂੰ ਕਹਿਣ ਲਗਾ ਕਿ ਮੈਂ ਤੁਹਾਡੇ ਨਾਲ ਇਕ ਸ਼ਰਤ ਲਾਉਣੀ ਚਾਹੁੰਦਾ ਹਾਂ ਕਿ ਉਹ ਮੈਨੂੰ ਇਕ ਲੱਖ ਰੁਪਿਆ ਦੇਵੇਗਾ ਜੇਕਰ ਮੈਂ ਉਸ ਪਿੰਡ ਵਿਚੋਂ ਕਿਰਲੀਆਂ ਦੀਆਂ ਪੂਛਾਂ ਲੱਭ ਲਿਆਵਾਂ । ਉਥੇ ਨੌਜਵਾਨ ਕਿਰਲੀਆਂ ਦੀਆਂ ਪੂਛਾਂ ਲਾਹ ਕੇ ਉਸ ਨੂੰ ਸਿਗਰਟ ਵਿਚ ਪਾ ਕੇ ਪੀਂਦੇ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨਸ਼ਿਆਂ ਦੀ ਲਤ ਵਿਚ ਲੜਕੇ ਹੀ ਨਹੀਂ, ਲੜਕੀਆਂ ਵੀ ਲਗੀਆਂ ਹੋਈਆਂ ਹਨ । ਜਿਵੇਂ ਇਥੇ ਪਹਿਲਾਂ ਵੀ ਦੱਸਿਆ ਗਿਆ ਹੈ ਚੈਰੀ ਪਾਲਿਸ਼, ਫੈਂਸੀ ਡ੍ਰਿਲ, ਆਇਓਡੈਕਸ ਬ੍ਰੈਡ ਵਿਚ ਲਾ ਕੇ ਖਾਣ ਦੇ ਸ਼ੌਂਕ ਨੌਜਵਾਨ ਬੱਚਿਆਂ ਦੇ ਬਣ ਗਏ ਹਨ । ਇਹ ਸਭ ਕੁਝ ਉਨ੍ਹਾਂ ਵਿਚ ਫੈਲੀ ਫ਼੍ਰਸਟਰੇਸ਼ਨ ਕਾਰਨ ਹੀ ਹੈ । ਫ਼੍ਰਸਟਰੇਸ਼ਨ ਦੂਰ ਕਰਨਾ ਸਰਕਾਰ ਦਾ ਫਰਜ਼ ਬਣਦਾ ਹੈ । ਅੱਜ ਉਨ੍ਹਾਂ ਵਾਸਤੇ ਸਰਕਾਰ ਨੂੰ ਕੁੱਝ ਨਾ ਕੁੱਝ ਕਦਮ ਚੁਕਣੇ ਚਾਹੀਦੇ ਹਨ । ਪਿਛਲੇ ਸਮੇਂ ਵਿਚ ਜਿਹੜੀ ਸਰਕਾਰ ਸੀ ਔਰ ਅੱਜ ਵੀ ਸਰਕਾਰ ਕੋਸ਼ਿਸ਼ ਕਰ ਰਹੀ ਹੈ । ਇਸ ਕੰਮ ਵਾਸਤੇ ਕਲੱਬ ਬਣਾਏ ਗਏ । ਇਨ੍ਹਾਂ ਦਾ ਕੰਮ ਸੀ ਕਿ ਅੱਜ ਜਿਹੜਾ ਨੌਜਵਾਨ ਨਸ਼ਿਆਂ ਵਾਲੇ ਪਾਸੇ ਜਾ ਰਿਹਾ ਹੈ, ਉਸ ਨੂੰ ਕਿਸੇ ਤਰੀਕੇ ਨਾਲ ਇਸ ਪਾਸੇ ਤੋਂ ਰੋਕਿਆ ਜਾਵੇ । ਇਸ ਦੇ ਵਾਸਤੇ ਉਨ੍ਹਾਂ ਨੂੰ ਮਾਲੀ ਸਹਾਇਤਾ ਵੀ ਦਿੱਤੀ ਗਈ । ਸਭਿਆਚਾਰਕ ਪ੍ਰੋਗਰਾਮ ਕਰਾ ਕੇ, ਧਾਰਮਿਕ ਪ੍ਰੋਗਰਾਮ ਕਰਾ ਕੇ, ਟੂਰਨਾਮੈਂਟ ਕਰਾ ਕੇ ਅਤੇ ਡਾਕਟਰੀ ਕੈਂਪ ਲਗਾ ਕੇ ਨੌਜਵਾਨਾਂ ਦੇ ਇਸ ਮਾੜੇ ਰੁਝਾਨ ਨੂੰ ਬਦਲਣ ਦੀ ਕੋਸ਼ਿਸ਼ ਕੀਤੀ । ਇਸ ਗੱਲ ਦਾ ਕੁਝ ਪਰਸੈਂਟ ਫਾਇਦਾ ਵੀ ਹੋਇਆ ਪਰ ਅਸੀਂ ਉਸ ਮੁਕਾਮ ਤੱਕ ਨਾ ਪਹੁੰਚ ਸਕੇ ਜਿਥੇ ਅਸੀਂ ਪਹੁੰਚਣਾ ਚਾਹੁੰਦੇ ਸੀ। ਅੱਜ ਸਾਡੇ ਦੇਸ਼ ਦੀ ਅਬਾਦੀ ਇਕ ਅਰਬ 15 ਕਰੋੜ ਤੱਕ ਪਹੁੰਚਣ ਵਾਲੀ ਹੈ । ਪਿੱਛੇ ਜਿਹੇ ਉਲੰਪਿਕ ਖੇਡਾਂ ਹੋਈਆਂ ਅਤੇ ਇਹ ਵੇਖ ਕੇ ਬੜਾ ਦੁੱਖ ਹੁੰਦਾ ਹੈ ਕਿ ਸਾਡੀ ਇੰਨੀ ਆਬਾਦੀ ਹੋਣ ਦੇ ਬਾਵਜੂਦ ਅਸੀਂ ਕੋਈ ਗੋਲਡ ਮੈਡਲ ਨਹੀਂ ਲੈ ਸਕੇ, ਕੋਈ ਸਿਲਵਰ ਮੈਡਲ ਨਹੀਂ ਲੈ ਸਕੇ । ਕਾਰਣ ਕੀ ਹੈ ? ਕਾਰਣ ਇਹੀ ਹੈ ਕਿ ਨੌਜਵਾਨਾਂ ਨੂੰ ਅਸੀਂ ਜਿਹੜੀ ਸੇਧ ਦੇਣੀ ਚਾਹੁੰਦੇ ਸੀ, ਉਹ ਦੇ ਨਹੀਂ ਸਕੇ । ਡਿਪਟੀ ਸਪੀਕਰ ਸਾਹਿਬ, ਮੈਂ ਅਤੇ ਮੇਰੇ ਹਾਣੀ ਆਪੋ ਆਪਣੇ ਟੱਬਰ ਵਿਚ 2-2 ਜਾਂ3-3 ਬੱਚੇ ਹਾਂ । ਤੁਹਾਡੇ ਵਕਤ ਘਰ ਵਿਚ 5-5 ਬੱਚੇ ਹੁੰਦੇ ਸਨ ਅਤੇ ਗੁਰਦੇਵ ਸਿੰਘ ਬਾਦਲ ਸਾਹਿਬ ਦੇ ਟਾਈਮ

ਸ਼ਾਇਦ 7-7 ਜਾਂ 8-8 ਬੱਚੇ ਹੁੰਦੇ ਸਨ । ਅੱਜ ਜ਼ਿਆਦਾ ਘਰਾਂ ਵਿਚ 1-1 ਬੱਚਾ ਹੀ ਹੈ । ਇਹ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਜ਼ਮੀਨਾਂ ਦਿਨੋ ਦਿਨ ਥੋੜ੍ਹੀਆਂ ਹੁੰਦੀਆਂ ਜਾ ਰਹੀਆਂ ਹਨ । ਮਾਪੇ ਸੋਚਦੇ ਹਨ ਕਿ ਜੇ ਜ਼ਿਆਦਾ ਬੱਚੇ ਹੋ ਗਏ ਤਾਂ ਜ਼ਮੀਨ ਵੰਡੀ ਜਾਵੇਗੀ ਅਤੇ ਥੋੜ੍ਹੀ ਰਹਿ ਜਾਵੇਗੀ । ਇਕੱਲਾ ਇਕੱਲਾ ਬੱਚਾ ਹੋਣ ਕਰਕੇ ਮਾਂ ਪਿਓ ਵੀ ਦਬਾਅ ਹੇਠ ਆ ਜਾਂਦਾ ਹੈ ਜਦੋਂ ਬੱਚਾ ਡਰਾਵਾ ਦਿੰਦਾਂ ਹੈ ਜਾਂ ਧਮਕੀ ਦਿੰਦਾ ਹੈ । ਸਾਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ । ਇਸ ਕਰਕੇ ਇਹ ਸਾਡੀ ਡਿਊਟੀ ਬਣ ਜਾਂਦੀ ਹੈ ਕਿ ਅਸੀਂ ਪਿੰਡਾਂ ਅਤੇ ਸ਼ਹਿਰਾਂ ਵਿਚ ਸਭਾ/ਸੁਸਾਇਟੀਆਂ ਬਣਾ ਕੇ ਪ੍ਰਚਾਰ ਕਰੀਏ ਅਤੇ ਅਸੀਂ ਇਸ ਤਰ੍ਹਾਂ ਨਾਲ ਦੇਸ਼ ਦੇ ਨੌਜਵਾਨਾਂ ਦੀ ਫਰੱਸਟਰੇਸ਼ਨ ਨੂੰ ਦੂਰ ਕਰ ਸਕੀਏ ਅਤੇ ਅਸੀਂ ਦੇਸ਼ ਦੇ ਭਵਿੱਖ ਨੂੰ ਬਚਾ ਸਕੀਏ । ਜਿਵੇਂ ਭੂੰਦੜ ਸਾਹਿਬ ਨੇ ਦੱਸਿਆ ਹੈ, ਆਉਣ ਵਾਲੇ ਸਮੇਂ ਵਿਚ ਅਸੀਂ ਇਹੋ ਜਿਹੇ ਹਾਲਾਤ ਪੈਦਾ ਕਰੀਏ ਅਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਇਹ ਵਿਸ਼ਵਾਸ ਦਿਵਾਈਏ ਕਿ ਅਸੀਂ ਤੁਹਾਡੇ ਵਾਸਤੇ ਨੌਕਰੀ ਦਾ ਪ੍ਰਬੰਧ ਕਰਾਂਗੇ ਜਾਂ ਗੁਜ਼ਾਰੇ ਦਾ ਕੋਈ ਹੋਰ ਸੋਰਸ ਪੈਦਾ ਕਰਾਂਗੇ ਤਾਂ ਕਿ ਉਨ੍ਹਾਂ ਦੀ ਫਰੱਸਟ੍ਰੇਸ਼ਨ ਦੂਰ ਹੋ ਸਕੇ । ਇਸ ਨਾਲ ਉਹ ਫਿਰ ਆਪਣੇ ਆਪ ਹੀ ਕੰਮ ਵਾਲੇ ਪਾਸੇ ਲੱਗਣਗੇ । ਵਿਹਲਾ ਮਨ ਸ਼ੈਤਾਨ ਦਾ ਘਰ । ਇਸ ਨਾਲ ਉਨ੍ਹਾਂ ਦਾ ਰੁਝਾਨ ਦੂਜੇ ਪਾਸੇ ਹੋ ਜਾਵੇਗਾ ਅਤੇ ਨਸ਼ਿਆਂ ਤੋਂ ਉਨ੍ਹਾਂ ਦਾ ਛੁਟਕਾਰਾ ਹੋ ਜਾਵੇਗਾ । ਇਸ ਦੇ ਨਾਲ ਹੀ ਮੈਂ ਸ਼੍ਰੀ ਜੁਗਲ ਕਿਸ਼ੋਰ ਸ਼ਰਮਾਂ ਜਿਨ੍ਹਾਂ ਨੇ ਇਹ ਮਤਾ ਇਥੇ ਲਿਆਂਦਾ ਹੈ, ਦਾ ਧੰਨਵਾਦ ਕਰਦਾ ਹਾਂ ਅਤੇ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇਸ ਮਤੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਅਖੀਰ ਵਿਚ ਮੇਰੀ ਬੇਨਤੀ ਹੈ ਕਿ ਆਪਾਂ ਸਾਰੇ ਰਲ ਮਿਲ ਕੇ ਇਸ ਕੋਹੜ ਨੂੰ ਦੂਰ ਕਰਨ ਦਾ ਪ੍ਰਣ ਲਈਏ । ਧੰਨਵਾਦ ।

**ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਅਤੇ ਸੈਰ ਸਪਾਟਾ ਮੰਤਰੀ** (ਸਰਦਾਰ ਜਗਮੋਹਨ ਸਿੰਘ ਕੰਗ) : ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਗੰਭੀਰ ਵਿਸ਼ਾ ਹੈ ਜਿਸ ਕਰਕੇ ਮੈਥੋਂ ਬੋਲੇ ਬਿਨਾਂ ਰਿਹਾ ਨਹੀਂ ਗਿਆ । ਮੈਂ ਦੋਨਾਂ ਪੱਖਾਂ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ । ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਨੇ ਇਸ ਵਿਸ਼ੇ ਤੇ ਬਹੁਤ ਚਿੰਤਾ ਪ੍ਰਗਟ ਕੀਤੀ ਹੈ ਅਤੇ ਸਾਡੇ ਦੂਸਰੇ ਕਈ ਮਾਨਯੋਗ ਮੈਂਬਰ ਸਹਿਬਾਨ ਨੇ ਬੜਾ ਖੁਲ੍ਹ ਕੇ ਨਸ਼ਿਆਂ ਦੀ ਇਸ ਕੁਰੀਤੀ ਖਿਲਾਫ ਆਪਣੇ ਵਿਚਾਰ ਰੱਖੇ ਹਨ ਅਤੇ ਮੈਂ ਉਨ੍ਹਾਂ ਸਭ ਦੀ ਪ੍ਰੋੜ੍ਹਤਾ ਕਰਦਾ ਹਾਂ । ਇਸ ਦੇ ਨਾਲ ਹੀ ਮੈਂ ਬੜੇ ਅਦਬ ਤੇ ਸਤਿਕਾਰ ਨਾਲ ਆਪਣੀਆਂ 2-4 ਬੇਨਤੀਆਂ ਕਰਨੀਆਂ ਚਾਹਾਂਗਾ । ਸਾਡੇ ਸਮਾਜ ਵਿਚ ਇਕ

[ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਅਤੇ ਸੈਰ ਸਪਾਟਾ ਮੰਤਰੀ]

ਚੀਜ਼ ਆਮ ਹੈ-"ਹਾਥੀ ਕੇ ਦਾਂਤ ਖਾਨੇ ਕੇ ਔਰ, ਔਰ ਦਿਖਾਨੇ ਕੇ ਔਰ" । ਮੈਂ ਕਹਿਣਾ ਚਾਹੁੰਦਾ ਹਾਂ ਕਿ ਦੂਜਿਆਂ ਦਾ ਕਸੂਰ ਕੱਢਣਾ, ਨੁਕਸ ਕੱਢਣਾ ਬੜਾ ਸੌਖਾ ਹੈ ਲੇਕਿਨ ਉਸ ਦਾ ਹੱਲ ਦੱਸਣਾ ਬੜਾ ਔਖਾ ਹੈ । ਅਸੀਂ ਚਾਹੁੰਦੇ ਹਾਂ ਕਿ ਜੋ ਕੁਝ ਕਰੇ, ਉਹ ਮੁੱਖ ਮੰਤਰੀ ਕਰੇ, ਡੀ.ਸੀ. ਕਰੇ, ਐਮ.ਐਲ.ਏ. ਕਰੇ ਜਾਂ ਸਰਪੰਚ ਕਰੇ । ਸਾਡੇ ਪਹਿਲਾਂ ਵੇਲਿਆਂ ਦੀ ਸੰਗਤ ਵਿਚ, ਸਾਡੀ ਜਨਤਾ ਵਿਚ ਤਿਆਗ ਦੀ ਭਾਵਨਾ ਹੁੰਦੀ ਸੀ । ਸਾਡੇ ਬਜੁਰਗਾਂ, ਦਾਦਿਆਂ ਪੜਦਾਦਿਆਂ ਦੇ ਵੇਲੇ ਪੰਚਾਇਤਾਂ ਵਿਚ ਫੈਸਲੇ ਹੋ ਜਾਇਆ ਕਰਦੇ ਸੀ । ਮੈਂ ਤੁਹਾਨੂੰ ਇਕ ਕਹਾਵਤ ਯਾਦ ਕਰਾਉਣੀ ਚਾਹੁੰਦਾ ਹਾਂ । ਕਿਸੇ ਸਿਆਣੇ ਬੰਦੇ ਨੇ ਕਿਸੇ ਚੌਕ ਵਿਚ ਇਕ ਫੋਟੋ ਲਗਾ ਦਿੱਤੀ ਅਤੇ ਕਿਹਾ ਕਿ ਜਿਹੜਾ ਕੋਈ ਇਸ ਵਿਚ ਨੁਕਸ ਕੱਢੇਗਾ, ਉਸ ਨੂੰ ਮੈਂ ਇਨਾਮ ਦਿਆਂਗਾ । ਉਹ ਉਥੇ ਫੋਟੋ ਲਗਾ ਕੇ ਚਲਾ ਗਿਆ । ਸ਼ਾਮ ਨੂੰ ਉਸ ਫੋਟੋ ਦਾ ਰੰਗ ਢੰਗ ਹੀ ਬਦਲਿਆ ਪਿਆ ਸੀ । ਉਸ ਫੋਟੋ ਵਿਚਲੀ ਮੁੱਛ ਇਧਰ ਕਰ ਦਿੱਤੀ ਅਤੇ ਦਾਹੜੀ ਉਧਰ ਨੂੰ ਕਰ ਦਿੱਤੀ । ਦੂਸਰੇ ਦਿਨ ਫਿਰ ਫੋਟੋ ਲਗਾ ਦਿੱਤੀ ਤੇ ਉਸਨੇ ਕਿਹਾ ਕਿ ਜਿਹੜਾ ਇਸ ਫੋਟੋ ਵਿੱਚ ਦਰੁੱਸਤੀ ਕਰੇਗਾ ਮੈਂ ਉਸ ਨੂੰ ਇਨਾਮ ਦੇਵਾਂਗਾ । ਪਰੰਤੂ ਦਰੁੱਸਤੀ ਕਰਨ ਵਾਸਤੇ ਕੋਈ ਆਦਮੀ ਨਹੀਂ ਪਹੁੰਚਿਆ । ਨੁਕਸ ਕੱਢਣ ਸਾਰੇ ਚਲੇ ਗਏ ਸਨ । ਮੇਰਾ ਡਿਪਟੀ ਸਪੀਕਰ ਸਾਹਿਬ, ਕਹਿਣ ਦਾ ਭਾਵ ਇਹ ਹੈ ਕਿ ਇਸ ਲਈ ਸਾਨੂੰ ਸਭ ਤੋਂ ਪਹਿਲਾਂ ਸੈਲਫ ਕੋਡ ਆਫ ਕੰਡਕਟ ਬਣਾਉਣਾ ਪਵੇਗਾ । ਅੱਜ ਮੈਨੂੰ ਸਰਦਾਰ ਬੇਅੰਤ ਸਿੰਘ, ਸਾਬਕਾ ਮੁੱਖ ਮੰਤਰੀ ਯਾਦ ਆਉਂਦੇ ਹਨ ਜਿਸ ਨੇ ਪੰਜਾਬ ਦੇ ਵਿੱਚ ਅੱਤਵਾਦ ਨੂੰ ਖਤਮ ਕੀਤਾ । ਸਾਨੂੰ ਮਲੋਟ, ਗਿੱਦੜਬਾਹਾ ਬੈਲਟ ਵਿੱਚ ਜਾਣ ਦਾ ਮੌਕਾ ਮਿਲਿਆ । ਜੋ ਕੰਪੀਟੀਸ਼ਨ, ਜੋ ਮੁਕਾਬਲਾ ਭੁੱਕੀ ਦਾ, ਸ਼ਰਾਬ ਦਾ ਦੇਖਣ ਨੂੰ ਉਥੇ ਮਿਲਿਆ, ਉਹ ਕਿਤੇ ਹੋਰ ਨਹੀਂ ਦੇਖਿਆ । ਮੈਂ ਕਿਸੇ ਦਾ ਨਾਂ ਨਹੀਂ ਲੈ ਰਿਹਾ । ਕੋਈ ਵੀ ਸਾਡਾ ਸਾਥੀ ਚਾਹੇ ਅੰਦਰੋਂ ਹੋਣ ਜਾਂ ਬਾਹਰੋ ਹੋਣ, ਜਦੋਂ ਤੱਕ ਅਸੀਂ ਸੈਲਫ ਕੋਡ ਆਫ ਕੰਡਕਟ ਆਪਣੇ ਆਪ ਤੇ ਨਹੀਂ ਲਾ ਕੇ ਚਲਦੇ, ਉਦੋਂ ਤੱਕ ਇਹ ਕੰਮ ਠੀਕ ਹੋਣ ਵਾਲੇ ਨਹੀਂ । ਆਪਾਂ ਆਪਣੀ ਆਤਮਾ ਨੂੰ ਪੁੱਛੀਏ, ਅੱਜ ਆਪਾਂ ਵੱਡੇ ਵੱਡੇ ਭਾਸ਼ਨ ਦਿੰਦੇ ਹਾਂ, ਵੱਡੀਆਂ ਵੱਡੀਆਂ ਗੱਲਾਂ ਕਰਦੇ ਹਾਂ । ਅਸੀਂ ਖੜ੍ਹੇ ਕਿੱਥੇ ਹਾਂ ? ਜਾਣ ਜਾਉ ਕਿੱਥੇ ਖੜ੍ਹੇ ਹਾਂ ? ਅੱਜ ਤੋਂ ਬਹੁਤ ਸਾਲ ਪਹਿਲਾਂ ਤੁਹਾਨੂੰ ਯਾਦ ਹੋਣਾ ਹੈ ਸਪੀਕਰ ਸਾਹਿਬ ਦੀ ਪਗੜੀ ਨੂੰ ਹੱਥ ਪਾਇਆ । ਸਾਡੇ ਬੱਚੇ ਬਾਹਰ ਬੈਠੇ ਦੇਖਦੇ ਨਹੀਂ ਬਈ ਕੀ ਗੱਲਾਂ ਹੋ ਰਹੀਆਂ ਹਨ ? ਸਾਥੋਂ ਹੀ ਗੱਲਾਂ ਬਾਹਰ ਜਾਂਦੀਆਂ ਹਨ ਜੋ ਕੁਝ ਅਸੀਂ ਕਰਦੇ ਹਾਂ, ਬੱਚੇ ਸਾਡੇ ਤੋਂ ਸਿਖਦੇ ਹਨ । ਮੈਂ, ਜਿਹੜੇ ਇਥੇ ਵਿਚਾਰ ਆਏ ਹਨ, ਉਹ ਬੈਠਾ ਸੁਣਦਾ ਰਿਹਾ ਹਾਂ । ਪਰ ਮੇਰੀ ਆਤਮਾ ਨੇ ਮੈਨੂੰ ਝੰਜੋੜਿਆ ਕਿ ਜਗਮੋਹਨ ਸਿੰਘ ਉਠ ਕੇ ਬੋਲ, ਇਹ

ਤੂੰ ਕੀ ਸੁਣ ਰਿਹਾ ਹੈ, ਧੂੰਆਂ ਧਾਰ ਭਾਸ਼ਣ ਹੋ ਰਹੇ ਹਨ । ਅਸੀਂ ਇਹ ਕਿਸ ਨੂੰ ਰਿਕੁਮੈਂਡ ਕਰੀਏ, ਦੇਸ਼ ਦੇ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਨੂੰ, ਕੈਪਟਨ ਅਮਰਿੰਦਰ ਸਿੰਘ ਨੂੰ ਕਰੀਏ ਜਾਂ ਲੀਡਰ ਆਫ ਦਿ ਆਪੋਜ਼ੀਸ਼ਨ ਬਾਦਲ ਸਾਹਿਬ ਨੂੰ ? ਨਹੀਂ, ਅਸੀਂ ਆਪਣੇ ਅੰਦਰ ਝਾਤੀ ਮਾਰੀਏ ਕਿ ਅਸੀਂ ਕੀ ਕਰਦੇ ਫਿਰਦੇ ਹਾਂ । ਮੈਂ ਹੈਰਾਨ ਹਾਂ ਵੋਟਾਂ ਲੈਣ ਲਈ ਲੋਕ ਉਸ ਇਲਾਕੇ ਵਿੱਚ ਪੈਸੇ ਵੰਡਦੇ ਫਿਰਦੇ ਐਂ । ਮੈਂ ਤਾਂ ਚੋਣ ਲੜ ਹੀ ਨਹੀਂ ਸਕਦਾ ਔਰ ਗਲਤ ਢੰਗ ਤਰੀਕੇ ਅਪਣਾਏ ਜਾਂਦੇ ਹਨ । ਅਸੀਂ ਕਿੱਧਰ ਨੂੰ ਜਾ ਰਹੇ ਹਾਂ ? ਮੈਂ ਤਾਂ ਇਕ ਆਮ ਕਿਸਾਨ ਦਾ ਬੇਟਾ ਹਾਂ । ਉਥੇ ਵੋਟਾਂ ਪੈਸਿਆਂ ਨਾਲ ਵਿੱਕ ਰਹੀਆਂ ਸਨ । ਪਿੱਛੇ ਮੋਗੇ ਇਕ ਫੈਕਟਰੀ ਨਕਲੀ ਦਵਾਈਆਂ ਦੀ ਫੜੀ ਗਈ ਸੀ ਔਰ ਬਾਅਦ ਦੇ ਵਿੱਚ ਬੰਦਾ ਸਿਫਾਰਸ਼ਾਂ ਪਵਾ ਕੇ ਛਡਾ ਕੇ ਲੈ ਗਿਆ । ਅਸੀਂ ਹੀ ਛੁਡਾਉਂਦੇ ਹਾਂ । ਇਹੋ ਜਿਹੇ ਲੋਕਾਂ ਨੂੰ, ਇਹੋ ਜਿਹੇ ਠੇਕੇਦਾਰਾਂ ਨੂੰ । ਅਫਸਰ ਨੂੰ ਵੀ ਡਰਾ ਕੇ ਰੱਖ ਦਿੱਤਾ ਗਿਆ । ਮੇਰੀ ਹਾਊਸ ਨੂੰ ਗੁਜਾਰਿਸ਼ ਹੈ ਕਿ ਮਿਹਰਬਾਨੀ ਕਰਕੇ ਅਸੀਂ ਇਨੇ ਭਾਸ਼ਣ ਦੇ ਕੇ ਚੁੱਪ ਕਰਕੇ ਹੀ ਨਾ ਬੈਠ ਜਾਈਏ, ਸਗੋਂ ਇਸ ਨੂੰ ਗੰਭੀਰਤਾ ਨਾਲ ਸੋਚੀਏ । ਚਾਹੇ ਸਮਗਲਿੰਗ ਬਾਹਰ ਹੁੰਦੀ ਹੈ ਜਾਂ ਅੰਦਰੋਂ ਹੁੰਦੀ ਹੈ, ਇਨਸੀਪਰੀਰੇਸ਼ਨ ਮਿਲਦੀ ਹੈ ਜਾਂ ਅਸੀਂ ਸਮਗਲਰ ਨੂੰ ਸ਼ੈਲਟਰ ਕਰਦੇ ਹਾਂ, ਅਸੀਂ ਸਾਰਾ ਸਮਾਜ ਇਸ ਗੱਲ ਦੇ ਗੁਨਾਹਗਾਰ ਹਾਂ । ਸਾਨੂੰ ਆਉਣ ਵਾਲੀ ਪੀੜ੍ਹੀ ਕਦੇ ਮੁਆਫ ਨਹੀਂ ਕਰੇਗੀ । ਸੋ, ਮੇਰੀ ਸਬਮਿਸ਼ਨ ਹੈ ਕਿ ਅਸੀਂ ਮਤਾ ਪਾਈਏ ਇਸ ਹਾਊਸ ਦੇ ਵਿੱਚ ਕਿ ਜੇ ਕੋਈ ਐਮ.ਐਲ.ਏ. ਜਾਂ ਸਾਡਾ ਸਾਥੀ ਚੋਣ ਉਮੀਦਵਾਰ ਭੁੱਕੀ ਵੰਡੇਗਾ, ਸ਼ਰਾਬ ਵੰਡੇਗਾ ਤਾਂ ਅਸੀਂ ਉਸਦਾ ਬਕਾਇਦਾ ਬਾਈਕਾਟ ਕਰਾਂਗੇ । ਆਈ.ਪੀ.ਸੀ. ਵਿੱਚ ਕਾਨੂੰਨ ਪਾਸ ਹੋਣਾ ਚਾਹੀਦਾ ਹੈ ਕਿ ਕੋਈ ਵੀ ਵਿਅਕਤੀ ਹੋਵੇ, ਉਸਦੇ ਖਿਲਾਫ ਧਾਰਾ ਲੱਗੇ ਔਰ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਹੋਵੇ । ਮੇਰੀ ਗੁਜਾਰਿਸ਼ ਹੈ ਕਿ ਸੈਲਫ ਕੋਡ ਆਫ ਕੰਡਕਟ ਅਪਣਾਈਏ ਔਰ ਜਿਹੜੇ ਅਸੀਂ ਗਲਤ ਕੰਮ ਕਰਦੇ ਹਾਂ ਇਨ੍ਹਾਂ ਤੋਂ ਗੁਰੇਜ਼ ਕਰੀਏ ਉਨ੍ਹਾਂ ਨੂੰ ਸ਼ੈਲਟਰ ਨਾ ਦੇਈਏ । ਧੰਨਵਾਦ, ਜੈ ਹਿੰਦ ।

**ਸਰਦਾਰ ਸੁਰਜੀਤ ਸਿੰਘ ਰੱਖੜਾ** (ਸਮਾਣਾ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬ੍ਰਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਕ ਬਹੁਤ ਹੀ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਅਤੇ ਮੈਂ ਸ੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਦਾ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਕ ਬੜਾ ਹੀ ਅਹਿਮ ਮਤਾ ਲਿਆਂਦਾ ਹੈ ਅਤੇ ਇਹਦੇ ਉਤੇ ਬੜੇ ਸੁਹਣੇ ਸਪੀਕਰ ਬੋਲੇ ਹਨ ਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈਂ ਕਿ ਅਸੀਂ

[ਸਰਦਾਰ ਸੁਰਜੀਤ ਸਿੰਘ ਰੱਖੜਾ]

ਉਨ੍ਹਾਂ ਤੇ ਅਮਲ ਕਰੀਏ । ਜਿੱਥੋਂ ਤੱਕ ਨਸ਼ਿਆਂ ਦੀ ਗੱਲ ਮੇਰੇ ਛੋਟੇ ਵੀਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਕੀਤੀ ਹੈ ਅਤੇ ਦੱਸਿਆ ਹੈ ਕਿ 65% ਲੋਕ ਸਾਡੇ ਪਿੰਡਾਂ ਦੇ ਵਿੱਚ ਨਸ਼ੇ ਕਰਦੇ ਹਨ । ਇਕ ਵੀ ਪਿੰਡ ਅਜਿਹਾ ਨਹੀਂ ਜਿੱਥੇ ਨਸ਼ਾ ਬਿਲਕੁਲ ਨਹੀਂ ਹੈ । ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਇਹਦੇ ਵਿੱਚ ਅਸੀਂ ਜਿਹੜੇ ਇਥੇ ਬੈਠੇ ਹਾਂ, 117 ਐਮ.ਐਲ.ਏਜ਼ ਬੈਠੇ ਹਾਂ, ਅਸੀਂ ਇਸ ਬੁਰਾਈ ਦੇ ਲਈ ਜ਼ਿੰਮੇਵਾਰ ਹਾਂ ਅਤੇ ਸਾਡਾ ਕਸੂਰ ਸੱਭ ਤੋਂ ਵੱਧ ਹੈ । ਅੱਜ ਜਿਹੜੀ ਸਭ ਤੋਂ ਵੱਡੀ ਘਾਟ ਵਾਲੀ ਗੱਲ ਲਗਦੀ ਹੈ ਉਹ ਇਹ ਹੈ ਕਿ ਅਨਇੰਪਲਾਇਮੈਂਟ । ਜਿਹੜੀ ਨਸ਼ਿਆਂ ਦੀ ਗੱਲ ਹੈ ਉਹ ਬੇਰੋਜ਼ਗਾਰੀ ਨਾਲ ਵੀ ਸਬੰਧ ਰੱਖਦੀ ਹੈ । ਚਾਹੇ ਅਸੀਂ ਪੰਜਾਬ ਦੀ ਗੱਲ ਦੇਖ ਲਈਏ, ਚਾਹੇ ਬਾਹਰਲੇ ਪ੍ਰਾਂਤ ਦੀ ਗੱਲ ਹੈ ਜਾਂ ਬਾਹਰਲੇ ਦੇਸ਼ਾਂ ਦੀ ਗੱਲ ਹੈ । ਪੰਜਾਬੀਆਂ ਨੇ ਬਹੁਤ ਵੱਡੀਆਂ ਵੱਡੀਆਂ ਮੱਲਾਂ ਮਾਰੀਆਂ । ਜੇਕਰ ਇਨ੍ਹਾਂ ਨੂੰ ਮੌਕਾ ਮਿਲਿਆ ਤਾਂ ਉਹ ਬਹੁਤ ਅੱਗੇ ਜਾਂਦੇ ਹਨ ਪਰ ਜਦੋਂ ਸਾਡੇ ਬੱਚੇ ਬੇਰੁਜ਼ਗਾਰ ਹੋ ਜਾਂਦੇ ਹਨ ਤਾਂ ਇਸ ਪਾਸੇ ਤੁਰਦੇ ਹਨ । ਚਾਹੇ ਸਕੂਲਾਂ, ਕਾਲਜਾਂ ਵਿੱਚ ਦੇਖ ਲਈਏ ਅੱਜ ਇਹ ਗੱਲ ਬਹੁਤ ਵੱਧ ਰਹੀ ਹੈ ਔਰ ਬੜਾ ਚਿੰਤਾ ਦਾ ਵਿਸ਼ਾ ਹੈ ਔਰ ਦੂਜੇ ਪਾਸੇ ਇਹ ਵੀ ਦੇਖਿਆ ਗਿਆ ਹੈ ਜਿੰਨੇ ਸਾਡੇ ਭਰਾ ਬਾਹਰ ਜਾ ਕੇ ਸੈਟਲ ਹੋਏ ਹਨ, ਦਿੱਲੀ ਏਅਰਪੋਰਟ ਤੇ 50% ਪੰਜਾਬੀ ਹੁੰਦੇ ਹਨ, 50% ਬਾਕੀ ਹਿੰਦੁਸਤਾਨ ਦੇ ਲੋਕ ਹੁੰਦੇ ਹਨ । ਜੇਕਰ ਇਨਫਰਮੇਸ਼ਨ ਟੈਕਨਾਲੋਜੀ ਦੀ ਗੱਲ ਕਰ ਲਈਏ ਤਾਂ ਪੰਜਾਬ ਵਿੱਚ ਬਹੁਤ ਘੱਟ ਹੈ । ਅਸੀਂ ਬੰਗਲੌਰ ਦੇ ਐਗਜ਼ਾਂਪਲ ਦੇ ਦਈਏ, ਨੋਇਡਾ ਦੀ ਐਗਜ਼ਾਂਪਲ ਦੇ ਲਈਏ, ਦਿੱਲੀ ਦੀ ਐਗਜ਼ਾਂਪਲ ਦੇ ਲਈਏ, ਸਾਡੇ ਨਾਲੋਂ ਕਈ ਗੁਣਾਂ ਵੱਧ ਉਥੇ ਜਾ ਕੇ ਨੌਕਰੀਆਂ ਦਿੱਤੀਆਂ ਹਨ, ਨੌਕਰੀਆਂ ਮਿਲਦੀਆਂ ਹਨ, ਨੌਕਰੀਆਂ ਕੀਤੀਆਂ ਹਨ, ਇਹ ਸਾਰੀਆਂ ਨੌਕਰੀਆਂ ਅਸੀਂ ਪੰਜਾਬ ਵਿਚ ਦੇ ਸਕਦੇ ਹਾਂ ਪਰ ਮੇਰਾ ਖਿਆਲ ਹੈ ਕਿ ਇਸ ਪਾਸੇ ਬਹੁਤ ਘੱਟ ਯਤਨ ਹੋਏ ਹਨ । ਹਮੇਸ਼ਾ ਜਦੋਂ ਪੰਜਾਬ ਦੀ ਗੱਲ ਚਲਦੀ ਹੈ, ਇਥੇ ਅਫਸਰ ਸਾਹਿਬਾਨ ਵੀ ਬੈਠੇ ਹਨ । ਜੇਕਰ ਇਥੇ ਕੋਈ ਇੰਡਸਟਰੀ ਲਗਦੀ ਹੈ, ਕੋਈ ਚੰਗਾ ਕੰਮ ਹੁੰਦਾ ਹੈ ਤਾਂ ਕਦੀ ਇਹ ਨਹੀਂ ਸੋਚਿਆ ਜਾਂਦਾ ਕਿ ਇਸ ਨੂੰ ਪ੍ਰਫੁਲੱਤ ਕਿਵੇਂ ਕਰਨਾ ਹੈ, ਇਥੇ ਨੌਕਰੀਆਂ ਕਿਸ ਤਰ੍ਹਾਂ ਵਧਾਉਣੀਆਂ ਹਨ । ਇਹ ਜ਼ਰੂਰ ਦੇਖਿਆ ਜਾਂਦਾ ਹੈ ਕਿ ਇੰਡਸਟਰੀ ਵਿਚ ਦਖਲ ਕਿਵੇਂ ਦੇਣਾ ਹੈ, ਇਸ ਨੂੰ ਬੰਦ ਕਿਵੇਂ ਕਰਾਉਣਾ ਹੈ । ਇਸ ਦੀ ਮਿਸਾਲ ਇਹ ਹੈ ਕਿ ਮੰਡੀ ਗੋਬਿੰਦਗੜ੍ਹ ਅਤੇ ਰਾਜਪੁਰੇ ਜਿੰਨੀਆਂ ਵੀ ਫੈਕਟਰੀਆਂ ਲੱਗੀਆਂ ਹੋਈਆਂ ਸਨ, ਉਨ੍ਹਾਂ ਵਿਚੋਂ ਅੱਧੀਆਂ ਬੰਦ ਹੋ ਗਈਆਂ ਹਨ । ਲੋਕ ਬੇਰੁਜ਼ਗਾਰ ਹੋ ਗਏ ਹਨ । ਫਿਰ ਉਹ ਨਸ਼ਿਆਂ ਦੀ ਆੜ ਲੈਂਦੇ ਹਨ । ਜਦੋਂ ਮਾਂ-ਬਾਪ ਆਪਣੇ ਬੱਚੇ ਨੂੰ ਦੇਖਦੇ ਹਨ ਤਾਂ ਉਹ ਵੀ ਉਸ ਪਾਸੇ ਵੱਲ ਨੂੰ

ਚੱਲ ਪੈਂਦੇ ਹਨ । ਨੌਕਰੀਆਂ ਦੀ ਗੱਲਬਾਤ ਕਰਨੀ ਚਾਹੀਦੀ ਹੈ, ਕਾਰੋਬਾਰ ਦੀ ਗੱਲ ਹੋਣੀ ਚਾਹੀਦੀ ਹੈ, ਰੁਜ਼ਗਾਰ ਦੀ ਗੱਲ ਕਰਨੀ ਚਾਹੀਦੀ ਹੈ । ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਐਜੂਕੇਸ਼ਨ ਦੇ ਨਾਲ ਨਾਲ ਕਾਰੋਬਾਰ ਵੀ ਦੇਣਾ ਹੈ, ਨੌਕਰੀਆਂ ਤੇ ਵੀ ਲਗਾਉਣਾ ਹੈ । ਇਹ ਸਭ ਤਾਂ ਹੀ ਹੋਵੇਗਾ ਜੇਕਰ ਅਸੀਂ ਇਥੇ ਇੰਡਸਟਰੀ ਲਿਆਵਾਂਗੇ ਤਾਂ ਹੀ ਅਸੀਂ ਇਸ ਦੇ ਵਿਚ ਕਾਮਯਾਬ ਹੋਵਾਂਗੇ । ਅੱਜ ਸਭ ਤੋਂ ਵੱਡੀ ਗੱਲ ਹੈ, ਬੇਭਰੋਸਗੀ ਦੀ । ਅੱਜ ਅਸੀਂ ਇਕ ਦੂਜੇ ਉਤੇ ਭਰੋਸਾ ਨਹੀਂ ਕਰਦੇ । ਇਧਰੋਂ ਉਧਰਲੇ ਪਾਸੇ ਬਾਰੇ ਕਿਹਾ ਜਾਂਦਾ ਹੈ । ਉਧਰੋਂ ਇਧਰ ਬਾਰੇ ਕਿਹਾ ਜਾਂਦਾ ਹੈ ਪਰ ਸਾਨੂੰ ਕਿਸੇ ਉਤੇ ਵੀ ਵਿਸ਼ਵਾਸ ਨਹੀਂ ਹੈ । ਸਾਨੂੰ ਡਿਸਟ੍ਰਿਕਟ ਐਡਮਨਿਸਟਰੇਸ਼ਨ ਉਤੇ ਵਿਸ਼ਵਾਸ ਨਹੀਂ ਹੈ, ਪਾਲੀਟੀਸ਼ਨਾਂ ਉਤੇ ਵਿਸ਼ਵਾਸ ਨਹੀਂ ਹੈ । ਸਾਨੂੰ ਸਾਰਿਆਂ ਨੂੰ ਇਕ ਦੂਜੇ ਉਤੇ ਵਿਸ਼ਵਾਸ ਬਣਾਉਣਾ ਚਾਹੀਦਾ ਹੈ । ਇਲੈਕਸ਼ਨਾਂ ਲੜਨ ਵੇਲੇ ਬੜੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ । ਅਜੇ ਕੱਲ ਦੀ ਗੱਲ ਹੈ ਕਿ ਵਾਅਦਾ ਕੀਤਾ ਕਿ ਅਸੀਂ ਹਰ ਪਰਿਵਾਰ ਵਿਚ ਇਕ ਨੌਕਰੀ ਦਿਆਂਗੇ । ਪਰ ਅੱਜ ਤਿੰਨ ਸਾਲ ਹੋ ਗਏ ਹਨ । ਅਸੀਂ ਇਸ ਪਾਸੇ ਕਾਮਯਾਬ ਨਹੀਂ ਹੋ ਸਕੇ । ਲੋਕ ਸਮਝਦੇ ਹਨ ਕਿ ਪਾਲੇਟੀਸ਼ੀਅਨ ਕਹਿੰਦੇ ਕੁਝ ਹਨ, ਕਰਦੇ ਕੁਝ ਹਨ । ਮੇਰਾ ਖਿਆਲ ਹੈ ਕਿ ਸਾਨੂੰ ਸਾਰਿਆਂ ਨੂੰ ਰਲ ਕੇ ਲੋਕਾਂ ਨੂੰ ਵਿਸ਼ਵਾਸ ਵਿਚ ਲੈਣਾ ਚਾਹੀਦਾ ਹੈ ਤਾਂ ਕਿ ਸਾਡਾ ਸਾਡੇ ਆਪਣੇ ਬੱਚਿਆਂ ਉਤੇ ਅਸਰ ਹੋਵੇ ਕਿ ਜੋ ਅਸੀਂ ਕਹਿੰਦੇ ਹਾਂ, ਉਹ ਠੀਕ ਕਹਿੰਦੇ ਹਾਂ । ਜੇਕਰ ਅਸੀਂ ਆਉਣ ਵਾਲੀ ਨੌਜਵਾਨ ਪੀੜੀ ਨੂੰ ਡਰੱਗਸ ਤੋਂ ਬਚਾ ਲੈਂਦੇ ਹਾਂ । ਜਿਸ ਡਰੱਗਸ ਦੀ ਸਾਰੇ ਮੁਲਕ ਵਿਚ ਗੱਲ ਚਲਦੀ ਹੈ । ਜਿੰਨੇ ਵੀ ਕ੍ਰਾਈਮ ਹੁੰਦੇ ਹਨ, ਡਕੈਤੀਆਂ ਹੁੰਦੀਆਂ ਹਨ, ਲੁੱਟਾਂ-ਖੋਹਾਂ, ਕਤਲ ਆਦਿ ਹੁੰਦੇ ਹਨ ਉਨ੍ਹਾਂ ਸਾਰਿਆਂ ਵਿਚ ਮੈਜਾਰਟੀ ਉਨ੍ਹਾਂ ਦੀ ਹੁੰਦੀ ਹੈ, ਜਿਨ੍ਹਾਂ ਨੇ ਨਸ਼ੇ ਕੀਤੇ ਹੁੰਦੇ ਹਨ । ਅਸੀਂ ਇਥੇ ਇਕੱਲੇ ਇਕੱਲੇ ਬੜੇ ਜ਼ਿੰਮੇਵਾਰ ਬੈਠੇ ਹਾਂ । ਸਾਨੂੰ ਸਾਰਿਆਂ ਨੂੰ ਮਿਲ ਕੇ ਜ਼ੋਰ ਲਗਾਉਣਾ ਚਾਹੀਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਈ. ਟੀ. ਪ੍ਰਾਜੈਕਟ ਲਿਆ ਕੇ ਇੱਕ ਇੱਕ ਹਜ਼ਾਰ ਨੌਕਰੀਆਂ ਜ਼ਰੂਰ ਦੇਈਏ । ਅਸੀਂ ਟਾਰਗੇਟ ਰੱਖ ਕੇ ਚੱਲੀਏ ਕਿਉਂ ਜੋ ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ । ਜੇਕਰ ਅਸੀਂ ਗੱਲ ਕਰਦੇ ਹਾਂ ਆਪਣੇ ਅਧਿਕਾਰ ਦੀ, ਉਥੇ ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਅਤੇ ਫਰਜ਼ ਵੀ ਬਣਦਾ ਹੈ । ਬਾਹਰ ਸਾਡੇ ਕੋਲ ਬੜਾ ਪੈਸਾ ਹੈ, ਪੰਜਾਬ ਨਾਲ ਬੜਾ ਹਿੱਤ ਵੀ ਹੈ ਪਰ ਅਸੀਂ ਦੇਖਦੇ ਹਾਂ ਜਦੋਂ ਕੋਈ ਵੱਡੀ ਇੰਡਸਟਰੀ ਲਗਾਉਣ ਇਥੇ ਬਾਹਰੋਂ

[ਸਰਦਾਰ ਸੁਰਜੀਤ ਸਿੰਘ ਰੱਖੜਾ]

ਆਉਂਦਾ ਹੈ ਅਤੇ ਇਥੇ ਆ ਕੇ ਦੇਖਦਾ ਹਾਂ ਕਿ ਇਥੇ ਹੈਰਾਸਮੈਂਟ ਜ਼ਿਆਦਾ ਹੈ ਅਤੇ ਕੰਮ ਦੀ ਗੱਲ ਘੱਟ ਹੈ, ਫਿਰ ਉਹ ਛੱਡ ਕੇ ਚਲੇ ਜਾਂਦੇ ਹਨ । ਇਸੇ ਕਰਕੇ ਵੱਡੇ ਵੱਡੇ ਪ੍ਰਾਜੈਕਟ ਫੇਲ ਹੋਏ ਹਨ । ਅਸੀਂ ਉਨ੍ਹਾਂ ਨੂੰ ਬਚਾਉਣ ਖਾਤਰ ਡੂੰਘਾਈ ਵਿਚ ਜਾਣ ਦੀ ਕੋਸ਼ਿਸ਼ ਹੀ ਨਹੀਂ ਕੀਤੀ । ਜੇਕਰ ਅਸੀਂ ਉਨ੍ਹਾਂ ਲੋਕਾਂ ਨੂੰ ਇਥੇ ਲਿਆ ਕੇ ਇੰਡਸਟਰੀ ਲਗਾਵਾਉਣ ਵਿਚ ਕਾਮਯਾਬ ਹੋ ਗਏ, ਜਦੋਂ ਸਾਡੇ ਬੱਚਿਆਂ ਨੂੰ ਕੰਮ ਮਿਲ ਗਿਆ, ਰੁਜ਼ਗਾਰ ਦੇ ਮੌਕੇ ਮਿਲ ਗਏ, ਸਾਡੇ ਬੱਚੇ ਬੜੇ ਮਿਹਨਤੀ ਹਨ । ਮੈਂ ਸਾਰੀ ਦੁਨੀਆਂ ਵਿਚ ਘੁੰਮਿਆ ਹਾਂ ਅਤੇ ਵੇਖਿਆ ਹੈ ਕਿ ਜਿਥੇ ਜਿਥੇ ਵੀ ਪੰਜਾਬੀ ਬੈਠੇ ਹਨ, ਉਨ੍ਹਾਂ ਨੇ ਉਥੋਂ ਦੇ ਲੋਕਾਂ ਨਾਲੋਂ ਕਈ ਗੁਣਾਂ ਜ਼ਿਆਦਾ ਤਰੱਕੀ ਕੀਤੀ ਹੈ । ਉਥੇ ਕੋਈ ਡਰੱਗਸ ਦੀ ਗੱਲ ਨਹੀਂ ਹੈ । ਨਸ਼ਿਆਂ ਦੀ ਗੱਲ ਸਿਰਫ ਪੰਜਾਬ ਵਿਚ ਹੀ ਹੈ । ਉਹ ਵੀ ਜ਼ਿਆਦਾ ਉਨ੍ਹਾਂ ਲੋਕਾਂ ਵਿਚ ਹੈ ਜਿਹੜੇ ਬੱਚੇ ਬੇਰੁਜ਼ਗਾਰ ਹਨ, ਜਿਨ੍ਹਾਂ ਕੋਲ ਕੋਈ ਕੰਮ ਨਹੀਂ ਹੈ, ਜਿਨ੍ਹਾਂ ਨੂੰ ਕੋਈ ਕੰਮ ਦਾ ਮੌਕਾ ਨਹੀਂ ਮਿਲਿਆ । ਆਪਾਂ ਸਾਰੇ ਰਲ ਕੇ ਇਸ ਵਿਚ ਵੱਧ ਤੋਂ ਵੱਧ ਯੋਗਦਾਨ ਪਾਈਏ, ਤਾਂ ਇਸ ਨਾਲ ਸਾਡੇ ਬੱਚਿਆਂ ਨੂੰ ਰੁਜ਼ਗਾਰ ਮਿਲ ਸਕਣਗੇ ਤਾਂ ਮੈਂ ਸਮਝਦਾ ਹਾਂ ਕਿ ਸਾਡਾ ਇਸ ਜੱਗ ਤੇ ਆਉਣਾ ਕਾਮਯਾਬ ਹੈ । ਆਪਾਂ ਆਪਣੇ ਬੱਚਿਆਂ ਨੂੰ ਚੰਗੀ ਲਾਈਨ ਵਿਚ ਪਾਈਏ, ਸਪੋਰਟਸ ਵਾਲੇ ਪਾਸੇ ਪਾਈਏ, ਹੋਰ ਵੀ ਬਹੁਤ ਸਾਰੇ ਫੀਲਡ ਹਨ ਜਿਨ੍ਹਾਂ ਵਿਚ ਰੁਜ਼ਗਾਰ ਵਸੀਲੇ ਜੁਟਾਏ ਜਾ ਸਕਦੇ ਹਨ । ਜਿਥੇ ਜਿਥੇ ਵੀ ਸਾਡੇ ਪੰਜਾਬੀ ਗਏ ਹਨ, ਉਥੇ ਉਥੇ ਹੀ ਇਨ੍ਹਾਂ ਨੇ ਆਪਣਾ ਨਾਂ ਕਮਾਇਆ ਹੈ । ਸਾਡੇ ਨੌਜਵਾਨਾਂ ਨੇ ਪੰਜਾਬ ਵਿਚ ਟਿੱਬਿਆਂ ਨੂੰ ਵੀ ਪੱਧਰ ਕਰਕੇ ਜ਼ਮੀਨ ਤਿਆਰ ਕੀਤੀ ਹੈ । ਜਿੰਨੀ ਪ੍ਰੋਡਕਸ਼ਨ ਪੰਜਾਬ ਵਿੱਚ ਹੁੰਦੀ ਹੈ, ਦੁਨੀਆਂ ਵਿੱਚ ਇਕ ਮਿਸਾਲ ਹੈ । ਸੱਭ ਤੋਂ ਵੱਧ ਜ਼ਮੀਨ ਪੰਜਾਬ ਵਿੱਚ ਉਪਜਾਊ ਹੈ ਅਤੇ ਸੱਭ ਤੋਂ ਵੱਧ ਪ੍ਰੋਡਕਸ਼ਨ ਅਸੀਂ ਲੈਂਦੇ ਹਾਂ । ਖੇਤੀ ਦੀ ਵੀ ਕੋਈ ਹੱਦ ਹੈ ਪਰ ਜਿਥੇ ਅੱਜ ਅਸੀਂ ਇਹ ਗੱਲ ਕਰਨ ਲੱਗੇ ਹਾਂ ਜਿਵੇਂ ਕਿ ਅੱਜ ਹੀ ਸਵਾਲ ਹੋਇਆ ਹੈ ਕਿ ਅੱਜ ਖੇਤੀ ਵਿਚ ਵੀ ਵਿਭਿੰਨਤਾ ਲਿਆਉਣ ਦੀ ਲੋੜ ਹੈ ਅਤੇ ਉਸਦੇ ਲਈ 12 ਕਰੋੜ ਰੁਪਏ ਐਡਵਰਟਾਈਜ਼ਮੈਂਟਸ ਤੇ ਲਗਾ ਦਿਤੇ ਗਏ ਹਨ । ਜੇ ਇਹ ਪੈਸਾ ਅਸੀਂ ਉਨ੍ਹਾਂ ਲੋਕਾਂ ਨੂੰ ਦਿੰਦੇ ਜਿਨ੍ਹਾਂ ਨੇ ਵਿਭਿੰਨਤਾ ਲਿਆਉਣੀ ਹੈ, ਫਸਲਾਂ ਦੀ ਅਦਲਾ-ਬਦਲੀ ਕਰਨੀ ਹੈ ਤਾਂ ਉਨ੍ਹਾਂ ਫਾਰਮਰਜ਼ ਨੂੰ ਫਾਇਦਾ ਹੋ ਸਕਦਾ ਸੀ । ਅੱਜ ਇਥੇ ਸ਼ੂਗਰਫੈੱਡ ਦੀ ਗੱਲ ਹੋਈ ਹੈ, ਪਿਛਲੇ ਤਿੰਨ ਸਾਲਾਂ ਦੀ ਗੰਨੇ ਦੀ ਅਦਾਇਗੀ ਪੈਂਡਿੰਗ ਪਈ ਹੈ । ਇਸ ਤਰ੍ਹਾਂ ਨਾਲ ਬੱਚਿਆਂ ਲਈ ਖੇਤੀ ਵਿੱਚ ਕੋਈ ਫੀਲਡ ਨਹੀਂ ਰਹਿ ਜਾਂਦਾ । ਇਸ ਲਈ ਮੇਰੀ ਬੇਨਤੀ ਹੈ ਕਿ ਬੱਚਿਆਂ ਨੂੰ ਜਿੰਨ੍ਹਾ ਪੜ੍ਹਾਇਆ ਜਾ ਸਕਦਾ ਹੈ, ਪੜ੍ਹਾਇਆ ਜਾਵੇ ਅਤੇ ਉਨ੍ਹਾਂ ਨੂੰ ਨੌਕਰੀਆਂ ਅਤੇ ਚੰਗੇ ਕਾਰੋਬਾਰ ਲਈ ਮੌਕਾ ਦਿੱਤਾ ਜਾਵੇ । ਮੈਨੂੰ

ਪੂਰੀ ਉਮੀਦ ਹੈ ਕਿ ਫਿਰ ਅਸੀਂ ਜਿਹੜੀ ਇਹ ਨਸ਼ਿਆਂ ਦੀ ਗੱਲ ਕਰਦੇ ਹਾਂ ਸਾਨੂੰ ਇਸ ਗੱਲ ਦੀ ਚਿੰਤਾ ਕਰਨ ਦੀ ਲੋੜ ਨਹੀਂ ਰਹੇਗੀ । ਆਪ ਜੀ ਦਾ ਬਹੁਤ ਬਹੁਤ ਧੰਨਵਾਦ ।

**ਸਰਦਾਰ ਹਰਬੰਤ ਸਿੰਘ ਦਾਤੇਵਾਸ** (ਬੁਢਲਾਡਾ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਵਲੋਂ ਲਿਆਂਦੇ ਮਤੇ ਤੇ ਬੋਲਣ ਦਾ ਮੌਕਾ ਦਿਤਾ ਹੈ । ਮੇਰੇ ਤੋਂ ਪਹਿਲਾਂ ਬਹੁਤ ਸਾਰੇ ਮੇਰੇ ਮੁਅੱਜ਼ਜ਼ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਵੱਖ ਵੱਖ ਤੌਰ ਤੇ ਆਪਣੇ ਵਿਚਾਰ ਰੱਖੇ ਹਨ । ਜਿੱਥੋਂ ਤੱਕ ਇਸ ਮਤੇ ਤੇ ਬਹਿਸ ਕਰਨ ਦਾ ਸਵਾਲ ਹੈ, ਮੇਰੇ ਤੋਂ ਪਹਿਲਾਂ ਵੀ ਕਿਹਾ ਗਿਆ ਕਿ ਜੇ ਅਸੀਂ 117 ਦੇ 117 ਬੰਦੇ, ਇਸ ਸਦਨ ਵਿੱਚ ਹਾਜ਼ਰ ਹੁੰਦੇ ਅਤੇ 117 ਦੇ 117 ਬੰਦੇ ਸਾਰੇ ਵੱਖ ਵੱਖ ਵਿਚਾਰ ਪੇਸ਼ ਕਰੀਏ ਅਤੇ ਅਖੀਰ ਤੇ 117 ਦੇ 117 ਬੰਦੇ ਹੀ, ਸਰਦਾਰ ਜਗਮੋਹਨ ਸਿੰਘ ਕੰਗ ਜੀ ਨੇ ਜੋ ਲਫਜ਼ ਕਹੇ ਹਨ, ਅਸੀਂ ਆਪਣੇ ਆਪ ਵਿੱਚ ਹੀ ਜ਼ਿੰਮੇਵਾਰੀ ਮਹਿਸੂਸ ਕਰੀਏ ਤਾਂ ਮੇਰਾ ਖਿਆਲ ਹੈ ਕਿ ਇਹ ਇਕ ਬਹੁਤ ਹੀ ਚੰਗਾ ਕਦਮ ਹੁੰਦਾ । ਇਥੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਮੇਰੇ ਸਾਰੇ ਵੀਰਾਂ ਨੇ ਵਾਰ ਵਾਰ ਸਿਆਸੀ ਬੰਦਿਆਂ ਤੇ ਉਂਗਲੀ ਕੀਤੀ ਹੈ ਪਰ ਮੇਰੇ ਵਿਚਾਰ ਵਿੱਚ ਇਸ ਦੀ ਜ਼ਿੰਮੇਵਾਰੀ ਸਾਡੇ ਵਿੱਚ ਜੋ ਅਫ਼ਸਰ ਸਾਹਿਬਾਨ ਬੈਠੇ ਹਨ, ਉਨ੍ਹਾਂ ਦੀ ਬਣਦੀ ਹੈ । ਪਤਾ ਨਹੀਂ ਇਨ੍ਹਾਂ ਨੂੰ, ਉਨ੍ਹਾਂ ਦਾ ਨਾਂ ਲੈਂਦੇ ਹੋਏ ਡਰ ਲਗਦਾ ਹੈ, ਅੱਜ ਜੋ ਸਾਡੇ ਪੰਜਾਬ ਦੇ ਹਾਲਾਤ ਹਨ, ਕੁਰੱਪਸ਼ਨ ਦੇ ਦੌਰ ਵਿੱਚ ਫਸੇ ਹੋਏ ਹਾਂ, ਸੱਭ ਤੋਂ ਵੱਡੀ ਜ਼ਿੰਮੇਵਾਰੀ ਸਾਡੀ ਇਸ ਅਫਸਰਸ਼ਾਹੀ ਤੇ ਆ ਜਾਂਦੀ ਹੈ । ਜਿਵੇਂ ਸਰਦਾਰ ਜਗਮੋਹਨ ਸਿੰਘ ਕੰਗ ਜੀ ਨੇ ਕਿਹਾ ਅਸੀਂ ਇਕੱਲੇ ਇਸ ਦੇ ਖਿਲਾਫ ਨਹੀਂ ਲੜ ਸਕਦੇ, ਕੋਈ ਵੀ ਇਕੱਲਾ ਨਹੀਂ ਲੜ ਸਕਦਾ ਪਰ ਜੇ ਦੂਸਰੇ ਪਾਸੇ ਨਜ਼ਰ ਮਾਰੀਏ ਤਾਂ ਸਾਡੇ ਇਸ ਪੰਜਾਬ ਦੀ ਇਹ ਹਾਲਤ ਬਣਾਉਣ ਵਾਲਾ ਕੌਣ ਹੈ ? ਜਿਹੜੇ ਗਰੀਬ ਲੋਕ ਦੂਜੀਆਂ ਸਟੇਟਾਂ ਤੋਂ ਆ ਕੇ ਪੰਜਾਬ ਵਿੱਚ ਵਸ ਗਏ ਉਨ੍ਹਾਂ ਨੇ ਇਸ ਨੂੰ ਇਸ ਤਰ੍ਹਾਂ ਲੁਟਣਾ ਸ਼ੁਰੂ ਕੀਤਾ ਕਿ ਅੱਜ ਜਿਹੜੇ ਪਹਿਲਾਂ ਪੰਜਾਬ ਦੇ ਲੋਕ ਰਹਿਣ ਵਾਲੇ ਸਨ ਅਤੇ ਜਿਨ੍ਹਾਂ ਕੋਲ 50-50 ਏਕੜ ਜ਼ਮੀਨ ਸੀ, ਉਹ ਬੇਰੁਜ਼ਗਾਰ ਹੋ ਗਏ ਹਨ ਅਤੇ ਰੋਟੀ ਤੋਂ ਮੁਹਤਾਜ ਹਨ ਪਰ ਜਿਹੜੇ ਗਰੀਬ ਲੋਕ ਇੱਥੇ ਆਏ ਸਨ ਉਹ ਕਰੋੜ ਅਰਬਾਂ ਦੇ ਮਾਲਕ ਹਨ । ਇਹ ਸਭ ਤੋਂ ਵੱਡੀ ਦੇਣ ਸਾਡੇ ਬਾਹਰੋਂ ਆਈ ਇਕ ਜਮਾਤ ਦੀ ਹੈ, ਸਿਰਫ ਇਕ ਨਹੀਂ ਉਨ੍ਹਾਂ ਦੇ ਜੇ ਮੈਂ ਨਾਮ ਲਵਾਂ ਤਾਂ

[ਸਰਦਾਰ ਹਰਬੰਤ ਸਿੰਘ ਦਾਤੇਵਾਸ]

ਪੰਜਾਬ ਨੂੰ ਮਾਰਨ ਵਾਸਤੇ ਕਾਫੀ ਜਮਾਤਾਂ ਨੇ ਕੰਮ ਕੀਤਾ । ਇਥੇ ਦੱਖਣਵਾਦੀ ਲਹਿਰ ਪੈਦਾ ਹੋਈ, ਅੱਤਵਾਦ ਪੈਦਾ ਹੋਇਆ । ਇਥੇ ਪੰਜਾਬ ਦੇ ਸਮਾਜਿਕ ਹਾਲਾਤ ਨੂੰ ਵਿਗਾੜਣ ਵਾਸਤੇ ਜੋ ਧਾਰਮਿਕ ਸੱਟਾਂ ਮਾਰੀਆਂ, ਇਹ ਸੱਭ ਕੁਝ ਜਾਣ-ਬੁਝ ਕੇ ਹੋਇਆ । ਜਦੋਂ ਤੱਕ ਅਸੀਂ ਆਪਣੀ ਜ਼ਿੰਮੇਵਾਰੀ ਨਾਲ ਲੜਾਈ ਨਹੀਂ ਲੜਦੇ ਜਿਹੜੀ ਕਿ ਪੰਜਾਬ ਦੇ ਲੋਕਾਂ ਨੂੰ ਲੜਣੀ ਚਾਹੀਦੀ ਹੈ ਉਦੋਂ ਤੱਕ ਅਸੀਂ ਪਛੜੇ ਰਹਾਂਗੇ। ਅੱਜ ਅਸੀਂ ਧਾਰਮਿਕ ਤੌਰ ਤੇ ਬਹੁਤ ਪਛੜੇ ਹੋਏ ਹਾਂ । ਇੱਥੇ ਜੇ ਅਸੀਂ ਸਿੱਖ ਧਰਮ ਦੀ ਗੱਲ ਕਰਦੇ ਹਾਂ ਤਾਂ ਸਿੱਖ ਆਪਣੇ ਧਰਮ ਤੋਂ ਬਹੁਤ ਪਛੜੇ ਹੋਏ ਹਨ, ਹਿੰਦੂ ਆਪਣੇ ਧਰਮ ਤੋਂ ਪਛੜੇ ਹੋਏ ਹਨ, ਈਸਾਈ ਆਪਣੇ ਧਰਮ ਤੋਂ ਪਛੜੇ ਹੋਏ ਹਨ ਕਿਉਂਕਿ ਸਾਡਾ ਦੇਸ਼ ਜੇ ਇਤਿਹਾਸ ਨੂੰ ਅਸੀਂ ਫਰੋਲ ਕੇ ਵੇਖੀਏ ਤਾਂ ਇਹ ਦੇਸ਼ ਰਿਸ਼ੀਆਂ ਮੁਨੀਆਂ ਦਾ ਦੇਸ਼ ਸੀ । ਸਾਰੇ ਸੰਸਾਰ ਵਿੱਚ ਗੱਲਾਂ ਹੁੰਦੀਆਂ ਸੀ ਕਿ ਅਗਰ ਕੋਈ ਧਾਰਮਿਕ ਤੌਰ ਤੇ ਪਹਿਰਾ ਦੇਣ ਵਾਲਾ ਦੇਸ਼ ਹੈ ਤਾਂ ਉਹ ਹਿੰਦੁਸਤਾਨ ਹੈ ਔਰ ਖਾਸ ਕਰਕੇ ਪੰਜਾਬ ਧਾਰਮਿਕ ਰੁਚੀਆਂ ਵਿੱਚ ਅੱਗੇ ਹੈ ਜਿਥੋਂ ਦੇ ਲੋਕ ਮਿਹਨਤੀ ਹਨ, ਕਿਰਤੀ ਹਨ, ਦਸਾਂ-ਨਹੁੰਆਂ ਦੀ ਕਿਰਤ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਪਿਛਲੇ 10-15 ਸਾਲ ਦਾ ਸਮਾਂ ਗੁਜ਼ਰਿਆ ਜਦੋਂ ਪੰਜਾਬ ਵਿੱਚ ਅੱਤਵਾਦ ਦਾ ਜ਼ੋਰ ਸੀ । ਉਸ ਸਮੇਂ ਦੌਰਾਨ ਪੰਜਾਬ ਦੇ ਕਿਸਾਨ, ਪੰਜਾਬ ਦੇ ਮਜ਼ਦੂਰ ਅਤੇ ਪੰਜਾਬ ਦੇ ਦੁਕਾਨਦਾਰ ਨੇ 15-20 ਸਾਲ ਬਹੁਤ ਮਿਹਨਤ ਕੀਤੀ, ਦਿਨ-ਰਾਤ ਮਿਹਨਤ ਕੀਤੀ, ਕਰਜ਼ੇ ਚੁੱਕੇ, ਹੋਰ ਹਾਲਾਤਾਂ ਵਿੱਚ ਲੰਘੇ, ਫਿਰ ਪੰਜਾਬ ਦੇਸ਼ ਦਾ ਅਨਾਜ ਭੰਡਾਰ ਬਣਿਆ । ਅੱਜ ਪੰਜਾਬ ਦੇ ਕਿਸਾਨ ਦਾ ਅਨਾਜ ਨਹੀਂ ਸਾਂਭਿਆ ਜਾ ਰਿਹਾ । ਉਨ੍ਹਾਂ ਦੇ ਪਰਿਵਾਰ ਰੁਲ ਰਹੇ ਹਨ । ਕਿਸਾਨ ਦੀ ਸ਼ੈਲਟਰ ਵਾਸਤੇ, ਮੁਦਦ ਵਾਸਤੇ ਕੋਈ ਅੱਗੇ ਨਹੀਂ ਆ ਰਿਹਾ । ਪੰਜਾਬ ਦਾ ਕਿਸਾਨ ਆਪਣੇ ਕਰਜ਼ੇ ਥੱਲੇ ਦੱਬ ਰਿਹਾ ਹੈ, ਉਸ ਦੇ ਪਰਿਵਾਰ ਰੁਲ ਚੁੱਕੇ ਹਨ, ਬੱਚੇ ਰੁਲ ਚੁੱਕੇ ਹਨ ਪਰ ਦੇਸ਼ ਦੀ ਕਿਸੀ ਵੀ ਸਰਕਾਰ ਨੇ ਕਿਸਾਨ ਅਤੇ ਉਸ ਦੇ ਪਰਿਵਾਰਾਂ ਵਾਸਤੇ ਕੋਈ ਮਦਦ ਨਹੀਂ ਦਿੱਤੀ । ਇਸ ਲਈ ਸਾਨੂੰ ਸਾਰਿਆਂ ਨੂੰ ਆਪਣੀ ਆਪਣੀ ਜ਼ਿੰਮੇਵਾਰੀ ਸਮਝਣ ਦੀ ਜ਼ਰੂਰਤ ਹੈ । ਜਿਸ ਤਰ੍ਹਾਂ ਦੇਸ਼ ਦਾ ਸਿਸਟਮ ਚੱਲ ਰਿਹਾ ਹੈ, ਦੇਸ਼ ਦਾ ਕਾਨੂੰਨ ਚੱਲ ਰਿਹਾ ਹੈ ਉਥੇ ਅੱਜ ਤੱਕ ਕਿਸੇ ਵੀ ਅਫ਼ਸਰ ਦੀ ਜ਼ਿੰਮੇਵਾਰੀ ਫਿਕਸ ਨਹੀਂ ਕੀਤੀ । ਜੋ ਸਾਡਾ ਪੰਚਾਇਤੀ ਸਿਸਟਮ ਹੈ ਤੇ ਜਦੋਂ ਗਰਾਂਟਾਂ ਦਾ ਸਮਾਂ ਆਉਂਦਾ ਹੈ ਤਾਂ ਫੰਡਾਂ ਦੇ ਹਿਸਾਬ ਕਿਤਾਬ ਤੇ ਜ਼ਿੰਮੇਵਾਰੀ ਤਾਂ ਸਰਪੰਚ ਉਪਰ ਪਾ ਦਿੱਤੀ ਜਾਂਦੀ ਹੈ, ਅੰਗੂਠਾ ਉਸ ਦਾ ਲਵਾ ਲਿਆ ਜਾਂਦਾ ਹੈ ਪਰ ਪੰਚਾਇਤ ਸੈਕਟਰੀ ਜਾਂ ਕਿਸੇ ਹੋਰ ਅਫ਼ਸਰ ਦੀ ਕੋਈ ਜ਼ਿੰਮੇਵਾਰੀ ਨਹੀਂ ਪਾਈ ਜਾਂਦੀ । ਇਸ ਕਰਕੇ ਅਫ਼ਸਰਾਂ ਤੇ ਜ਼ਿੰਮੇਵਾਰੀ ਪਾਉਣ ਦੀ ਲੋੜ ਹੈ । ਹੋਰ ਮੁਲਾਜ਼ਮਾਂ ਤੇ ਜ਼ਿੰਮੇਵਾਰੀ

ਫਿਕਸ ਕਰਨ ਦੀ ਜ਼ਰੂਰਤ ਹੈ । ਅੱਜ ਸਾਰੇ ਪੰਜਾਬ ਦਾ ਸਿਸਟਮ ਵਿਗੜ ਚੁੱਕਿਆ ਹੈ । ਇਸ ਲਈ ਇਹ ਜਿਹੜਾ ਮਤਾ ਲਿਆਂਦਾ ਗਿਆ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ । ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ ।

ਡਾਕਟਰ ਰਮੇਸ਼ ਦੱਤ ਸ਼ਰਮਾ (ਅਨੰਦਪੁਰ ਸਾਹਿਬ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਜਿਹੜਾ ਮਤਾ ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ਨੇ ਲਿਆਂਦਾ ਹੈ, ਉਸ ਤੇ ਬੋਲਣ ਦਾ ਸਮਾਂ ਦਿੱਤਾ ਹੈ । ਮੇਰੀ ਬੇਨਤੀ ਹੈ ਕਿ ਜੋ ਪੰਜਾਬ ਦੇ ਹਾਲਾਤ ਹਨ, ਉਸ ਅਨੁਸਾਰ ਇਹ ਜੋ ਮਤਾ ਹੈ, ਇਸ ਨੂੰ ਪਾਸ ਕੀਤਾ ਜਾਵੇ, ਟਾਕ ਆਊਟ ਨਾ ਕੀਤਾ ਜਾਵੇ । ਮੈਂ ਸਮਝਦਾ ਹਾਂ ਕਿ ਮੇਰੇ ਤੋਂ ਪਹਿਲਾਂ ਬੁਲਾਰਿਆਂ ਨੇ ਹਰ ਪਹਿਲੂ ਨੂੰ ਫਰੋਲਿਆ ਹੈ । ਮੈਂ ਭੂੰਦੜ ਸਾਹਿਬ ਨਾਲ ਸਹਿਮਤ ਹਾਂ ਇਹ ਮਸਲਾ ਸਿਰਫ ਪੰਜਾਬ ਦਾ ਮਸਲਾ ਨਹੀਂ ਹੈ, ਸਾਰੇ ਹਿੰਦੁਸਤਾਨ ਦਾ ਮਸਲਾ ਹੈ । ਪੰਜਾਬ ਹਿੰਦੁਸਤਾਨ ਦਾ ਅਜਿਹਾ ਸੂਬਾ ਹੈ ਜਿਸ ਤੇ ਦੇਸ਼ ਨੂੰ ਗੁਲਾਮ ਹੋਣ ਤੋਂ ਪਹਿਲਾਂ ਜਿੰਨੇ ਵੀ ਹਮਲਾਵਰ ਆਏ, ਉਨ੍ਹਾਂ ਦਾ ਮੁਕਾਬਲਾ ਕੀਤਾ ਅਤੇ ਅਜ਼ਾਦੀ ਤੋਂ ਬਾਅਦ ਵੀ ਹਮਲੇ ਹੋਏ, ਪਾਕਿਸਤਾਨ ਨੇ ਹਮਲਾ ਕੀਤਾ ਪਰ ਪੰਜਾਬੀਆਂ ਨੇ ਲੜਾਈ ਦਾ ਸਾਹਮਣਾ ਕੀਤਾ, ਜ਼ੁਲਮ ਝੱਲੇ । ਇਸ ਬਾਰੇ ਕਿਹਾ ਜਾ ਸਕਦਾ ਹੈ :

"ਯੂਨਾਨ ਔਰ ਬਾਕੀ ਦੇਸ਼ ਮਿਟ ਗਏ ਹੈਂ ਧਰਤੀ ਪਰ ਸੇ
ਪਰ ਕੁਛ ਬਾਤ ਹੈਂ ਕਿ ਹਸਤੀ ਮਿਟਤੀ ਨਹੀਂ ਹਮਾਰੀ ।"

ਸਾਡੀ ਕਮਿਟਮੈਂਟ ਹੈ ਪਰ ਸਾਡੇ ਤੇ ਵਿਸ਼ਵਾਸ ਘਟਿਆ ਹੈ । ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ । ਸਾਡੇ ਬਜ਼ੁਰਗਾਂ ਨੇ ਗੱਲ ਕਹੀ । ਮੈਂ ਚਸ਼ਮਦੀਦ ਗਵਾਹ ਹਾਂ । ਸਾਡਾ ਏਰੀਆ ਅਨੰਦਪੁਰ ਸਾਹਿਬ ਕੋਲ ਹਿਮਾਚਲ ਪ੍ਰਦੇਸ਼ ਹੈ । ਉਸ ਸਮੇਂ ਸ਼ਾਦੀ ਦੌਰਾਨ ਕੋਈ ਸ਼ਰਾਬ ਨਹੀਂ ਸੀ ਪੀਂਦਾ । ਅਗਰ ਕੋਈ ਪੀ ਲਵੇ ਤੇ ਆਪਣੇ ਆਪ ਨੂੰ ਖੇਤਾਂ ਵਿੱਚ ਲੁਕਾਉਂਦਾ ਫਿਰਦਾ ਸੀ ਤਾਂ ਕਿ ਮੈਨੂੰ ਕੋਈ ਦੇਖ ਨਾ ਲਵੇ । ਅੱਜ ਹਾਲਾਤ ਇਹ ਹੈ ਕਿ ਉਹ ਆਦਮੀ ਜੋ ਨਸ਼ਾ ਨਹੀਂ ਕਰਦਾ, ਉਹ ਜੇ ਕਦੇ ਬਾਹਰ ਨਿਕਲ ਜਾਵੇ, ਸ਼ਾਮ ਨੂੰ ਕਿਤੇ ਨਿਕਲ ਜਾਵੇ ਤਾਂ ਉਸ ਨੂੰ ਆਪਣੀ ਇੱਜ਼ਤ

[ਡਾਕਟਰ ਰਮੇਸ਼ ਦੱਤ ਸ਼ਰਮਾ]

ਬਚਾ ਕੇ ਆਪਣੇ ਘਰ ਪੁੱਜਣਾ ਔਖਾ ਹੈ । ਬਿਲਕੁੱਲ ਮੇਰੇ ਆਪਣੇ ਨਾਲ ਵੀ ਇੱਕ ਵਾਰੀ ਹੋਇਆ ਹੈ । ਮੈਂ ਪਿੱਛੇ ਜਿਹੇ ਆਪਣੇ ਬੱਸ ਅੱਡੇ ਵੱਲ ਘੁੰਮਣ ਚਲਾ ਗਿਆ, ਉਸ ਤੋਂ ਬਆਦ ਮੈਂ ਕਦੇ ਸ਼ਾਮ ਨੂੰ ਬਾਹਰ ਨਹੀਂ ਨਿਕਲਿਆ । ਅੱਜ ਦੋ-ਤਿੰਨ ਗੱਲਾਂ ਕੀਤੀਆਂ ਜਾਂਦੀਆਂ ਹਨ ਕਿ ਇਸ ਵਾਸਤੇ ਬੇਰੁਜ਼ਗਾਰੀ ਜ਼ਿੰਮੇਵਾਰ ਹੈ । ਉਹ ਵੀ ਇੱਕ ਕਾਰਨ ਹੈ, ਮੈਂ ਮੁਕਰਦਾ ਨਹੀਂ । ਪਰ ਅੱਠਵੀਂ, ਨੌਵੀਂ ਅਤੇ ਦਸਵੀਂ ਦੇ ਬੱਚੇ ਸਕੂਲਾਂ ਵਿੱਚ ਜਾ ਕੇ ਕੈਪਸੂਲ ਖਾਣ ਲੱਗ ਪੈਂਦੇ ਹਨ, ਉਨ੍ਹਾਂ ਨੂੰ ਬੇਰੁਜ਼ਗਾਰੀ ਦਾ ਕੀ ਫਿਕਰ ਹੈ । ਬੇਰੁਜ਼ਗਾਰੀ ਬਾਰੇ ਸਰਕਾਰ ਤੇ ਗੱਲ ਆਉਂਦੀ ਹੈ । ਸਾਰੀਆਂ ਸਰਕਾਰਾਂ ਨੇ ਸਮੇਂ ਸਮੇਂ ਤੇ ਇਸ ਬਾਰੇ ਕੋਸ਼ਿਸ਼ ਕੀਤੀ ਹੈ ਅਤੇ ਬੇਰੁਜ਼ਗਾਰਾਂ ਨੂੰ ਨੌਕਰੀ ਵੀ ਦਿੱਤੀ ਹੈ । ਪਰ ਇਹ ਵੀ ਗੱਲ ਸਾਰਿਆਂ ਨੂੰ ਮੰਨ ਲੈਣੀ ਚਾਹੀਦੀ ਹੈ ਕਿ ਵਕਤ ਵਕਤ ਦੀਆਂ ਜਿੰਨੀਆਂ ਵੀ ਸਰਕਾਰਾਂ ਆਈਆਂ ਹਨ, ਹਰ ਵਕਤ ਇਹ ਗੱਲ ਸੋਚੀ ਗਈ ਕਿ ਕਿੰਨੇ ਠੇਕੇ ਖੋਲ੍ਹਣੇ ਹਨ, ਕਿੰਨੀ ਵੱਧ ਤੋਂ ਵੱਧ ਆਮਦਨ ਹੋਵੇ ਤਾਂ ਕਿ ਪੰਜਾਬ ਸਰਕਾਰ ਚਲਾ ਸਕੀਏ । ਜਦ ਤੋਂ ਆਜ਼ਾਦੀ ਮਿਲੀ ਹੈ, ਠੇਕੇ ਹਰ ਸਾਲ ਆਮਦਨ ਵਧਾਉਣ ਵਾਸਤੇ ਦਿੱਤੇ ਜਾਂਦੇ ਹਨ । ਅੱਜ ਮੈ ਕਹਿਣਾ ਚਾਹੁੰਦਾ ਹਾਂ ਕਿ ਪੈਸੇ ਨੂੰ ਮੁੱਖ ਰਖਦੇ ਹੋਏ ਦੇਸ਼ ਦੀ ਆਮਦਨ ਵਧਾਉਣ ਵਾਸਤੇ ਹੀ ਸਾਰਿਆਂ ਨੇ ਕੋਸ਼ਿਸ਼ ਕੀਤੀ ਹੈ । ਦੂਸਰੀ ਗੱਲ, ਪਾਕਿਸਤਾਨ ਵਿੱਚ ਸ਼ਰਾਬ ਚੋਰੀ ਛਿੱਪੇ ਚਲਦੀ ਹੈ ਪਰ ਸਾਡੇ ਇਥੇ ਜੋ ਕਤਲ ਹੁੰਦਾ ਹੈ, ਸਮਗਲਿੰਗ ਹੁੰਦੀ ਹੈ, ਉਹ ਚੋਰੀ ਛਿਪੇ ਹੁੰਦੀ ਹੈ । ਉਥੇ ਨਸ਼ਾ ਬੰਦ ਹੈ ਪਰ ਸਾਡੇ ਇਥੇ ਖੁਲ੍ਹੀ ਛੁੱਟੀ ਹੈ । ਮੈਨੂੰ ਪਿੱਛੇ ਜਿਹੇ ਅਹਿਮਦਾਬਾਦ ਬਾਇ ਇਲੈਕਸ਼ਨ ਵਿੱਚ ਜਾਣਾ ਪਿਆ । ਰਾਤ ਨੂੰ ਸਾਰੀ ਨਜਾਇਜ਼ ਸ਼ਰਾਬ ਉਥੇ ਮਹਾਤਮਾ ਗਾਂਧੀ ਦੇ ਆਪਣੇ ਸੂਬੇ ਵਿੱਚ ਵਿਕਦੀ ਹੈ ਜਦ ਕਿ ਬੇਸੀਕਲੀ ਸ਼ਰਾਬ ਤੇ ਪਾਬੰਦੀ ਹੈ । ਜਿਹੜੀ ਚੀਜ਼ ਇਲਲੀਗਲ ਹੈ, ਉਸ ਵਾਸਤੇ ਬੜਾਵਾ ਦਿੱਤਾ ਜਾਂਦਾ ਹੈ । ਸਾਰੇ ਇਸ ਮਤੇ ਦੇ ਹੱਕ ਵਿੱਚ ਬੋਲੇ ਹਨ । ਚਾਹੇ ਮਤਾ ਪਾਸ ਕਰ ਲਓ, ਰੈਜੋਲਿਊਸ਼ਨ ਬਣਾ ਲਓ, ਕਾਨੂੰਨ ਬਣਾ ਲਓ ਪਰ ਇਸ ਤੇ ਅਮਲ ਕੌਣ ਕਰੇਗਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅੱਜ ਸਮੈਕ ਦੀ ਸਮਗਲਿੰਗ ਤੇ ਪਾਬੰਦੀ ਨਹੀਂ ਹੈ ? ਕੀ ਅੱਜ ਅਫ਼ੀਮ ਵੇਚਣ ਤੇ ਪਾਬੰਦੀ ਨਹੀਂ ਹੈ ? ਕੀ ਅੱਜ ਭੰਗ ਵੇਚਣ ਤੇ ਪਾਬੰਦੀ ਨਹੀਂ ਹੈ ? ਕੀ ਨਜਾਇਜ਼ ਸ਼ਰਾਬ ਤੇ ਪਾਬੰਦੀ ਨਹੀਂ ਹੈ ? ਕੀ ਅੱਜ ਲਾਅ ਐਂਡ ਆਰਡਰ ਦੇ ਉਪਰ ਕਾਨੂੰਨ ਨਹੀਂ ਬਣਾਏ ਹੋਏ ? ਕੀ ਅੱਜ ਦਹੇਜ਼ ਤੇ ਕਾਨੂੰਨ ਨਹੀਂ ਬਣਾਏ ਹੋਏ ? ਕੀ ਅੱਜ ਬਾਲ ਵਿਆਹ ਤੇ ਕਾਨੂੰਨ ਨਹੀਂ ਬਣਾਏ ਹੋਏ ? ਉਹ ਕੌਣ ਲੋਕ ਹਨ, ਜਿਹੜੇ ਇਸ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹਨ ? ਕੌਣ ਲੋਕ ਹਨ, ਜਿਹੜੇ ਇਸ ਕਾਨੂੰਨ ਨੂੰ ਲਾਗੂ ਨਹੀਂ ਕਰਦੇ ? ਇਸ ਨੂੰ ਲਾਗੂ ਕਰਨ ਵਾਲੇ ਕੌਣ ਲੋਕ ਹਨ ? ਜੇ ਸਰਕਾਰ ਦੀ

ਮਸ਼ੀਨਰੀ ਆਪਣੇ ਬਣਾਏ ਹੋਏ ਕਾਨੂੰਨ ਨੂੰ ਲਾਗੂ ਕਰਨ ਵਾਸਤੇ ਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਕੋਈ ਆਦਮੀ ਅੱਗੇ ਨਹੀਂ ਹੋਵੇਗਾ । ਜੇ ਅਸੀਂ ਸਾਰੇ ਪੈਸੇ ਕਮਾਉਣ ਵਾਲੇ ਪਾਸੇ ਲੱਗ ਪਈਏ, ਸਿਰਫ ਇਸ ਕਰਕੇ ਹਰ ਆਦਮੀ ਐਸ.ਐਸ.ਪੀ. ਲੱਗਣਾ ਚਾਹੁੰਦਾ ਹੈ ਤਾਂ ਕਿ ਜ਼ਿਲ੍ਹੇ ਦੇ ਸਾਰੇ ਅਫਸਰਾਂ ਤੋਂ ਆਮਦਨ ਹੋਵੇ । ਇਸ ਕਰਕੇ ਹਰ ਸਿਪਾਹੀ ਐਕਸਾਈਜ਼ ਐਂਡ ਟੈਕਸੇਸ਼ਨ ਵਿੱਚ ਲੱਗਣਾ ਚਾਹੁੰਦਾ ਹੈ ਕਿਉਂਕਿ ਉਸ ਨੂੰ ਸਾਰਿਆਂ ਨਾਲੋਂ ਜ਼ਿਆਦਾ ਆਮਦਨ ਹੋਵੇ । ਹਰ ਆਦਮੀ ਟਰੈਫਿਕ ਪੁਲਿਸ ਵਿੱਚ ਇਸ ਕਰਕੇ ਲੱਗਣਾ ਚਾਹੁੰਦਾ ਹੈ ਕਿਉਂਕਿ ਉਸ ਨੂੰ ਜ਼ਿਆਦਾ ਪੈਸੇ ਆਉਂਦੇ ਹਨ । ਹਰ ਡੀ.ਸੀ. ਵਧੀਆ ਪੋਸਟਾਂ ਤੇ ਲੱਗਣਾ ਚਾਹੇਗਾ, ਇਸ ਵਾਸਤੇ ਸਿਫਾਰਸ਼ ਕੀਤੀ ਜਾਂਦੀ ਹੈ, ਪੈਸੇ ਦਿੱਤੇ ਜਾਂਦੇ ਹਨ । ਕੀ ਅਸੀਂ ਇਸ ਲਈ ਕਦੇ ਸੋਚਿਆ ਹੈ ਕਿ ਅਸੀਂ ਕਿਸ ਪਾਸੇ ਚੱਲੇ ਜਾ ਰਹੇ ਹਾਂ । ਮੈਂ ਕਹਿਣਾ ਚਾਹੁੰਦਾ ਹਾਂ, ਬੜੀ ਪੁਰਾਣੀ ਗੱਲ ਹੈ । ਕੱਲ੍ਹ ਅਸੀਂ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਹੈ ਅਤੇ ਉਸ ਨੂੰ ਸ਼ਰਧਾਂਜਲੀਆਂ ਦਿੱਤੀਆਂ ਹਨ । ਉਹ 23 ਸਾਲ ਦੇ ਨੌਜਵਾਨ ਬਹੁਤ ਵੱਡੇ ਫਿਲਾਸਫਰ ਸਨ । ਹਿੰਦੁਸਤਾਨ ਦੇ ਦੋ ਫਿਲਾਸਫਰ ਹਨ, ਇੱਕ ਸਵਾਮੀ ਵਿਵੇਕਾ ਨੰਦ ਜੀ ਅਤੇ ਦੂਸਰੇ ਭਗਤ ਸਿੰਘ । ਭਗਤ ਸਿੰਘ ਜਿਨ੍ਹਾਂ ਦੀ ਅੱਜ ਮਿਸਾਲ ਦਿੱਤੀ ਜਾਂਦੀ ਹੈ, ਜਿਨ੍ਹਾਂ ਦਾ ਦੇਸ਼ ਦੀ ਆਜ਼ਾਦੀ ਨਾਲ ਸਿੱਧਾ ਸਬੰਧ ਹੈ । ਉਸ ਵੇਲੇ ਭਗਤ ਸਿੰਘ ਅਤੇ ਰਾਮ ਮੁਰਸ਼ਦ ਦੀ ਗੱਲ ਹੈ-

"ਵਤਨ ਕੀ ਫਿਕਰ ਕਰ ਨਾਦਾਨ ਮੁਸੀਬਤ ਆਨੇ ਵਾਲੀ ਹੈ,
ਤੇਰੀ ਬਰਬਾਦੀ ਔਂ ਕੇ ਚਰਚੇ ਹੈ ਆਸਮਾਨੋਂ ਮੇਂ
ਨਾ ਸਮਝੋਗੇ ਮਿਟ ਜਾਓਗੇ ਹਿੰਦੁਸਤਾਨ ਵਾਲੋ
ਤੁਮ੍ਹਾਰੀ ਦਾਸਤਾਂ ਭੀ ਨਾ ਹੋਗੀ ਦਾਸਤਾਨੋ ਮੇਂ ॥"

ਸਾਡੀ ਆਉਣ ਵਾਲੀ ਪੀੜ੍ਹੀ ਕਿਸ ਪਾਸੇ ਤੁਰੀ ਹੈ । ਅੱਜ ਅਸੀਂ ਕਹਿੰਦੇ ਹਾਂ ਪਰ ਕਰੇਗਾ ਕੌਣ । ਸਾਡੇ ਕੋਲ 17 ਜ਼ਿਲ੍ਹੇ ਹਨ ਪਰ ਡਰੱਗ ਇੰਸਪੈਕਟਰ 8 ਹਨ । ਔਰ ਕਾਨੂੰਨੀ ਤੌਰ ਤੇ ਕੋਈ ਚਲਾਨ ਨਹੀਂ ਹੁੰਦਾ । ਅੱਜ ਕਿਸੇ ਨੂੰ ਕੋਈ ਫਿਕਰ ਨਹੀਂ ਚਾਹੇ ਕੋਈ ਯੂਰੀਏ ਵਾਲਾ ਦੁੱਧ ਵੇਚੇ, ਚਾਹੇ ਨਕਲੀ ਸੋਡਾ ਵੇਚੇ, ਚਾਹੇ ਉਸ ਵਿੱਚ ਪੈਸਟੀਸਾਈਡ ਹੋਵੇ । ਕੋਈ ਸਵਾਲ ਨਹੀਂ ਕਰਦਾ । ਇੱਕ ਕੰਮ ਹੋਰ ਹੈ, ਇਨ੍ਹਾਂ ਦੀ ਯੂਨੀਅਨ ਬਣੀ ਹੋਈ ਹੈ । ਕਰਿਆਨਾ ਯੂਨੀਅਨ, ਦੋਧੀ ਯੂਨੀਅਨ, ਸੋਡੇ ਵਾਲਿਆਂ

[ਡਾਕਟਰ ਰਮੇਸ਼ ਦੱਤ ਸ਼ਰਮਾ]

ਦੀ ਯੂਨੀਅਨ, ਕੈਮਿਸਟਾਂ ਦੀ ਯੂਨੀਅਨ, ਡਾਕਟਰਾਂ ਦੀ ਯੂਨੀਅਨ । ਮੈਂ ਕਿਹਾ ਤੁਸੀਂ ਯੂਨੀਅਨ ਵਾਲੇ ਕੰਮ ਕੀ ਕਰਦੇ ਹੋ......... ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਸਾਰੇ ਯੂਨੀਅਨਾਂ ਵਾਲੇ ਪੈਸੇ ਇਕੱਠੇ ਕਰਦੇ ਹਾਂ ਔਰ ਅੱਗੇ ਚੜ੍ਹਾ ਦਿੰਦੇ ਹਾਂ ਜਿਸ ਕਾਰਨ ਸਾਡੇ ਦੁੱਧ ਦਾ ਸੈਂਪਲ ਨਾ ਭਰਿਆ ਜਾਵੇ ਤੇ ਸਾਡੇ ਤੇ ਕੋਈ ਛਾਪਾ ਵੀ ਨਾ ਪਵੇ । ਇਕਬਾਲ ਨੇ ਗੱਲ ਠੀਕ ਕਹੀ ਸੀ ਕਿ -

" ਅਮਲ ਸੇ ਜਿੰਦਗੀ ਬਨਤੀ ਹੈ
ਜਨਤ ਵੀ ਤੇ ਜਹੱਨਮ ਵੀ,
ਖਾਦੀ ਆਪਣੀ ਫਿਤਰਤ ਸੇ
ਨਾ ਰਾਹੀ ਹੈ ਨਾ ਨੂਰੀ ਹੈ ।"

ਜੇਕਰ ਸਾਡੇ ਆਪਣੇ ਆਧਾਰ ਚੰਗੇ ਹੋਣਗੇ ਜੇਕਰ ਆਪਣੇ ਸਾਡੇ ਕਰੈਕਟਰ ਚੰਗੇ ਹੋਣਗੇ ਤੇ ਅਸੀਂ ਜੇਕਰ ਆਪ ਬਿਲਕੁਲ ਠੀਕ ਹੋਵਾਂਗੇ ਤਾਂ ਹੀ ਸਾਡੀ ਗਲ ਦਾ ਕਿਸੇ ਆਦਮੀ ਤੇ ਅਸਰ ਪਵੇਗਾ । ਜੇਕਰ ਆਪਾਂ ਨੇ ਹੀ ਡਿਨਰ ਦੇ ਵਿੱਚ ਜਾਂ ਲੰਚ ਦੇ ਵਿੱਚ ਸ਼ਾਮਲ ਹੋਣਾ ਹੋਵੇ, ਖੁਸ਼ੀ ਹੋਵੇ ਜਾਂ ਗਮੀ ਹੋਵੇ ਤਾਂ ਉਸ ਵਿੱਚ ਸ਼ਾਮਲ ਹੋਈਏ, ਵਿਆਹੇ ਜਾਈਏ ਜਾਂ ਮੁਕਲਾਵੇ ਜਾਈਏ ਔਰ ਉਥੇ ਜਾ ਕੇ ਜਿੰਨਾਂ ਵੀ ਕਬਾਬ ਹੈ ਉਹ ਅਸੀਂ ਹੀ ਖਾਣਾ ਹੈ ਤਾਂ ਫਿਰ ਜਿਹੜੇ ਸਾਡੇ ਬੱਚੇ ਹਨ ਉਹ ਦੇਖਦੇ ਹਨ ਉਹ ਕਿਸ ਤਰ੍ਹਾਂ ਅਮਲ ਕਰ ਸਕਦੇ ਹਨ । ਅਸੀਂ ਸਾਰੇ ਜ਼ਿੰਮੇਵਾਰ ਲੋਕ ਹਾਂ ਔਰ ਅਸੀਂ ਆਪਣੀਆਂ ਆਪਣੀਆਂ ਪਾਰਟੀਆਂ ਦੇ ਨੇਤਾ ਹਾਂ, ਇਸ ਸਮਾਜ ਨੂੰ ਔਰ ਜੋ ਇਸ੍ਰ ਸਮਾਜ ਦੇ ਵਿੱਚ ਤਰੁੱਟੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਵਾਸਤੇ ਅਸੀਂ ਠੇਕਾ ਲਿਆ ਹੋਇਆ ਹੈ ਜੇਕਰ ਅਸੀਂ ਹੀ ਉਨ੍ਹਾਂ ਦੇ ਵਿੱਚ ਉਲਝ ਜਾਵਾਂਗੇ ਤਾਂ ਸਾਨੂੰ ਬਚਾਉਣ ਵਾਲਾ ਕੋਈ ਨਹੀਂ ਹੋਵੇਗਾ । ਮੈਂ ਹੁਣ ਸਿਰਫ ਦੋ ਗੱਲਾਂ ਕਹਿਣੀਆਂ ਚਾਹੁੰਦਾ ਹਾਂ ਕਿਉਂਕਿ ਜ਼ਿਆਦਾਤਰ ਗੱਲਾਂ ਮੇਰੇ ਤੋਂ ਪਹਿਲਾਂ ਬਹੁਤ ਸਾਰੇ ਸਾਥੀਆਂ ਨੇ ਕਹਿ ਦਿੱਤੀਆਂ ਹਨ ਉਨ੍ਹਾਂ ਨੂੰ ਦੁਬਾਰਾ ਰਿਪੀਟ ਨਹੀਂ ਕਰਨਾ ਚਾਹੁੰਦਾ । ਅੱਜ ਅਸੀਂ ਸਾਰੇ ਹਰ ਖੇਤਰ ਦੇ ਵਿੱਚ ਪੈਸਾ ਇਕੱਠਾ ਕਰਨ ਦੇ ਵਿਚ ਲਗੇ ਹੋਏ ਹਾਂ । ਜਦੋਂ ਮੈਂ ਸਟੇਟ ਮਨਿਸਟਰ ਹੈਲਥ ਦਾ ਸੀ ਉਦੋਂ ਮੈਨੂੰ ਵੀ ਇੱਕ ਵਾਰੀ ਮੌਕਾ ਮਿਲਿਆ ਸੀ । ਮੈਨੂੰ ਇੱਕ ਵਾਰੀ ਟੀ.ਵੀ. ਵਾਲਿਆਂ ਨੇ ਬੁਲਾ ਲਿਆ । ਇੱਕ ਕਿਡਨੀ ਦਾ ਕਾਂਡ ਹੋਇਆ ਸੀ ਉਹ ਕਹਿੰਦੇ ਕਿ ਇੰਨਾ ਵੱਡਾ ਕਿਡਨੀ ਕਾਂਡ ਹੋਇਆ ਹੈ, ਇਸ ਵਿਚ ਇੰਨਾ ਕੁਝ ਹੁੰਦਾ ਰਿਹਾ ਹੈ, ਉਥੇ ਪੁਲਿਸ ਵਾਲਾ ਵੀ ਇੱਕ ਡੀ.ਆਈ.ਜੀ. ਬੈਠਾ ਸੀ ਉਹ ਕਹਿਣ ਲਗਾ ਕਿ ਇਸ

ਐਕਟ ਦੇ ਵਿੱਚ ਕੋਈ ਅਜਿਹੀ ਪ੍ਰੋਵੀਜ਼ਨ ਨਹੀਂ ਹੈ ਜਿਸ ਦੇ ਅਨੁਸਾਰ ਅਸੀਂ ਇਸ ਵਿਚ ਕੋਈ ਦਖਲ ਅੰਦਾਜ਼ੀ ਦੇ ਸਕੀਏ । ਮੈਂ ਕਿਹਾ ਕਿ ਤੁਸੀਂ ਦਖਲ ਤਾਂ ਸਭ ਕੁਝ ਵਿਚ ਦਿੰਦੇ ਹੋ ਪਰ ਕੀ ਕੋਈ ਕਰਾਈਮ ਘੱਟ ਗਿਆ ਜਾਂ ਕੋਈ ਸਮੱਗਲਿੰਗ ਘੱਟ ਗਈ ਹੈ । ਅੱਜ ਹਾਲਤ ਇਹ ਹੈ ਕਿ ਡੇਅਰੀ ਵਿਚ ਨੌਕਰ ਉਪਰ ਤੋਂ ਉਪਰ ਦੁੱਧ ਦੇ ਵਿਚ ਪਾਣੀ ਪਾਈ ਜਾਵੇ ਤਾਂ ਵੀ ਉਹ ਦੁੱਧ ਖਰਾ ਹੈ । ਅੱਜ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਲੋਕ ਅੱਖਾਂ ਦਾਨ ਕਰਦੇ ਹਨ, ਖ਼ੂਨ ਦਾਨ ਕਰਦੇ ਹਨ, ਕੀ ਇਸ ਦੇ ਵਾਸਤੇ ਕੋਈ ਕਾਨੂੰਨ ਬਣਿਆ ਹੋਇਆ ਹੈ । ਨੌਜਵਾਨ ਖ਼ੂਨ ਦੇਣ ਵਾਸਤੇ ਆਉਂਦੇ ਹਨ ਮੈਂ ਇਸ ਗੱਲ ਤੋਂ ਵੀ ਚਿੰਤਤ ਹਾਂ ਕਿ ਅੱਜ ਪੰਜਾਬ ਦੇ ਲੋਕ, ਇਥੇ ਜੋ ਭਈਏ ਵੀ ਆਉਂਦੇ ਹਨ ਉਨ੍ਹਾਂ ਨੂੰ ਰਹਿਣ ਵਾਸਤੇ ਵੀ ਜਗ੍ਹਾ ਦਿੰਦੇ ਹਨ, ਉਨ੍ਹਾਂ ਨੂੰ ਅਫੀਮ ਵੀ ਦਿੰਦੇ ਹਨ ਸ਼ਰਾਬ ਵੀ ਲਿਆ ਕੇ ਦਿੰਦੇ ਹਨ ਤਾਂ ਜੋ ਜਿਹੜਾ ਕੰਮ ਕਰਾਉਣਾ ਹੈ ਉਹ ਦੋ ਘੰਟਿਆਂ ਦੇ ਵਿੱਚ ਕਰ ਦੇਵੇ । ਇਸ ਤੋਂ ਇਲਾਵਾ ਇੱਕ ਪੰਜਾਬ ਦੇ ਲਈ ਚਿੰਤਾ ਦਾ ਵਿਸ਼ਾ ਇਹ ਵੀ ਹੈ ਕਿ ਅੱਜ ਤੁਸੀਂ ਜਰਾ ਨਿਗਾਹ ਤਾਂ ਮਾਰੋ ਕਿ ਪੰਜਾਬ ਦੇ ਅੱਜ ਕਿੰਨੇ ਆਈ.ਏ.ਐਸ. ਜਾਂ ਆਈ. ਪੀ.ਐਸ., ਸਿਲੈਕਟ ਹੁੰਦੇ ਹਨ । ਕਹਿੰਦੇ ਹਨ ਕਿ ਬਿਹਾਰ ਦੇ ਵਿੱਚ ਲਾਅ ਐਂਡ ਆਰਡਰ ਬਹੁਤ ਖਰਾਬ ਹੈ ਪਰੰਤੂ ਉਥੋਂ ਸਾਡੇ ਪੰਜਾਬ ਨਾਲੋਂ ਜ਼ਿਆਦਾ ਆਈ.ਏ.ਐਸ. ਜਾਂ ਆਈ.ਪੀ.ਐਸ., ਸਿਲੈਕਟ ਹੁੰਦੇ ਹਨ, ਕੇਰਲਾ ਸਟੇਟ ਵਿਚੋਂ ਸਾਡੇ ਪੰਜਾਬ ਨਾਲ ਜ਼ਿਆਦਾ ਸਿਲੈਕਟ ਹੁੰਦੇ ਹਨ । ਇਸ ਲਈ ਇਸ ਗੱਲ ਵੱਲ ਜਰਾ ਨਿਗਾਹ ਤਾਂ ਮਾਰੋ ਕਿ ਅੱਜ ਪੰਜਾਬ ਦੀ ਕੀ ਹਾਲਤ ਹੈ । ਜਿਸ ਤਰ੍ਹਾਂ ਐਜੂਕੇਸ਼ਨ ਦਾ ਸਵਾਲ ਹੈ, ਮੈਨੂੰ ਕੇਰਲਾ ਵਿੱਚ ਵੀ ਜਾਣ ਦਾ ਮੌਕਾ ਮਿਲਿਆ ਉਥੇ ਵੀ ਬਹੁਤ ਸ਼ਰਾਬ ਪੀਂਦੇ ਹਨ ਔਰ ਜਿੰਨੇ ਲੋਕ ਜ਼ਿਆਦਾ ਤਾੜੀ ਪੀਂਦੇ ਹਨ, ਉਨ੍ਹੀ ਹੋਰ ਕਿਤੇ ਪੀਂਦੇ ਹੀ ਨਹੀਂ ਹਨ । ਅੱਜ ਸਾਨੂੰ ਇਸ ਗੰਭੀਰ ਮਸਲੇ ਦੇ ਉਤੇ ਸਾਰਿਆਂ ਨੂੰ ਚਿੰਤਾ ਕਰਨ ਦੀ ਲੋੜ ਹੈ, ਸਾਰਿਆਂ ਨੂੰ ਇਕੋ ਹੀ ਗੱਲ ਕਰਨ ਦੀ ਲੋੜ ਹੈ । ਸ਼੍ਰੀ ਜਗਮੋਹਨ ਸਿੰਘ ਕੰਗ ਹੁਰਾਂ ਨੇ ਅੱਜ ਠੀਕ ਹੀ ਕਿਹਾ ਹੈ ਕਿ ਚਾਹੇ ਅੱਜ ਪੰਚਾਇਤਾਂ ਦੇ ਇਲੈਕਸ਼ਨ ਹੋਣ, ਚਾਹੇ ਸੰਮਤੀਆਂ ਦੇ ਇਲੈਕਸ਼ਨ ਹੋਣ, ਚਾਹੇ ਅਸੈਂਬਲੀਆਂ ਦੇ ਇਲੈਕਸ਼ਨ ਹੋਣ ਜਾਂ ਚਾਹੇ ਜ਼ਿਮਨੀ ਇਲੈਕਸ਼ਨ ਹੋਵੇ ਅਸੀਂ ਚਸ਼ਮਦੀਦ ਗਵਾਹ ਹਾਂ ਔਰ ਸਾਡੀਆਂ ਬਕਾਇਦਾ ਡਿਊਟੀਆਂ ਲਗਦੀਆਂ ਹਨ ਕਿ ਇੰਨੀਆਂ ਇੰਨੀਆਂ ਪੇਟੀਆਂ ਫਲਾਣੀ ਫਲਾਣੀ ਜਗ੍ਹਾ ਦੇ ਉਤੇ ਪਹੁੰਚਾ ਕੇ ਆਉਣੀਆਂ ਹਨ, ਹੋ ਸਕਦਾ ਹੈ ਕਿ ਮੈਂ ਉਨ੍ਹਾਂ ਦੇ ਵਿਚ ਜਾਵਾਂ ਜਾਂ ਨਾ ਜਾਵਾਂ । ਅੱਜ ਅਸੀਂ ਇਸ ਚੀਜ਼ ਲਈ ਜ਼ਿੰਮੇਵਾਰ ਹਾਂ, ਅਸੀਂ ਆਪ ਚੋਣਾਂ ਲੜਦੇ ਹਾਂ ਔਰ ਬੰਦਿਆਂ ਨੂੰ ਸ਼ਰਾਬਾਂ ਵੰਡਦੇ ਹਾਂ ।

[ਡਾਕਟਰ ਰਮੇਸ਼ ਦੱਤ ਸ਼ਰਮਾ]

ਇਸ ਲਈ ਜੇਕਰ ਪੰਜਾਬ ਦੇ ਵਿਚ ਇਲੈਕਸ਼ਨ ਸਸਤਾ ਕਰਨਾ ਹੈ ਔਰ ਜਿਹੜੇ ਸਾਡੇ ਇੰਨਟੈਲੀਜੈਂਟ ਲੋਕ ਹਨ ਉਨ੍ਹਾਂ ਨੂੰ ਅੱਗੇ ਆਉਣ ਦਾ ਮੌਕਾ ਦੇਣਾ ਹੈ ਤਾਂ ਸਾਨੂੰ ਇਸ ਗੱਲ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਪਵੇਗਾ । ਅੱਜ ਸਾਡੇ ਨਿਆਣੇ ਮੰਨਣ ਨੂੰ ਤਿਆਰ ਨਹੀਂ ਹਨ, ਅੱਜ ਮੋਚੀ ਦਾ ਪੁੱਤ ਮੋਚੀ ਦਾ ਕੰਮ ਨਹੀਂ ਕਰਨਾ ਚਾਹੁੰਦਾ, ਅੱਜ ਕੱਪੜੇ ਵੇਚਣ ਜਾਂ ਬਣਾਉਣ ਵਾਲੇ ਦਾ ਪੁੱਤਰ ਕੱਪੜੇ ਵੇਚਣ ਜਾਂ ਬਣਾਉਣ ਵਾਲਾ ਨਹੀਂ ਬਣਨਾ ਚਾਹੁੰਦਾ, ਹੱਟੀ ਕਰਨ ਵਾਲੇ ਦਾ ਪੁੱਤ ਹੱਟੀ ਦਾ ਕੰਮ ਨਹੀਂ ਕਰਨਾ ਚਾਹੁੰਦਾ । ਸੋ, ਕੀ ਅਸੀਂ ਅੱਜ ਤੱਕ ਇਨ੍ਹਾਂ ਗੱਲਾਂ ਤੇ ਵਿਚਾਰ ਕੀਤਾ ਹੈ ? ਅਸੀਂ ਤਾਂ ਇਥੇ ਗੱਲਾਂ ਕਰ-ਕਰ ਕੇ ਹੀ ਚਲੇ ਜਾਂਦੇ ਹਾਂ । ਇਸ ਲਈ ਸਾਨੂੰ ਇਸ ਗੱਲ ਲਈ ਕੁਝ ਕਰਨਾ ਪਵੇਗਾ :

"ਇਕਬਾਲ ਬਤਾ ਉਪਦੇਸ਼ਕ ਹੈ ਮਨ ਬਾਤੋਂ ਸੇ ਮੋਹ ਲੇਤਾ ਹੈ
ਗੁਸਤਾਰ ਦਾ ਫਾਜ਼ੀ ਬਣ ਹੀ ਕਿਰਦਾਰ ਦਾ ਫਾਜ਼ੀ ਬਣ ਨਾ ਸਕਾ"

ਜੇਕਰ ਅਸੀਂ ਗੁਸਤਾਰ ਦੀ ਬਜਾਏ ਕਿਰਦਾਰ ਉਤੇ ਸੈਟ ਨਹੀਂ ਹੋਵਾਂਗੇ ਜਾਂ ਅਮਲ ਨਹੀਂ ਕਰਾਂਗੇ ਅਤੇ ਜੋ ਅਸੀਂ ਕਹਿੰਦੇ ਹਾਂ ਉਸ ਦੇ ਉਤੇ ਯਕੀਨ ਨਹੀਂ ਰੱਖਾਂਗੇ ਤਾਂ ਫਿਰ ਸਾਡੇ ਹਰੇਕ ਬਿਆਨ ਦਾ ਮਜ਼ਾਕ ਉਡਦਾ ਹੈ । ਮੈਂ ਸਮਝਦਾ ਹਾਂ ਕਿ ਇਹ ਸਾਰੀਆਂ ਗੱਲਾਂ ਤੇ ਵਿਚਾਰ ਕਰੀਏ । ਇਥੇ ਬੜਾ ਕਿਹਾ ਗਿਆ ਹੈ ਕਿ ਰਾਧਾ ਸੁਆਮੀਆਂ ਨੇ ਸ਼ਰਾਬ ਛੁਡਾਉਣ ਦਾ ਕੰਮ ਕੀਤਾ, ਨਿਰੰਕਾਰੀਆਂ ਨੇ ਸ਼ਰਾਬ ਛੁਡਾਉਣ ਦਾ ਕੰਮ ਕੀਤਾ, ਮੰਦਰਾਂ ਵਿਚ ਸੁਧਾਂਸ਼ੂ ਜੀ ਮਹਾਰਾਜ, ਬਾਪੂ ਆਸਾ ਰਾਮ ਜੀ ਨੇ ਬੜਾ ਕੰਮ ਕੀਤਾ । ਐਸ.ਜੀ.ਪੀ.ਸੀ. ਨੇ ਕਰੋੜਾਂ ਰੁਪਏ ਇਸ ਵਾਸਤੇ ਖ਼ਰਚ ਕੀਤੇ, ਸਿੱਖੀ ਦਾ ਪ੍ਰਚਾਰ ਕੀਤਾ । ਪਰ ਮੈਂ ਸਮਝਦਾ ਹਾਂ ਕਿ :

"ਮਰਜ ਬੜਤਾ ਗਿਆ ਜਿਉਂ ਜਿਉਂ ਦਵਾ ਕੀ ।"

ਮੈਂ ਪੰਜਾਬ ਦਾ ਰਹਿਣ ਵਾਲਾ ਹਾਂ । ਅਨੰਦਪੁਰ ਸਾਹਿਬ ਮੇਰਾ ਹਲਕਾ ਹੈ । ਬੜੇ ਬੜੇ ਹਿੰਦੂਆਂ ਦੇ ਠੇਕੇਦਾਰ, ਕਿਸਾਨਾਂ ਦੇ ਠੇਕੇਦਾਰ, ਸਿੱਖਾਂ ਦੇ ਠੇਕੇਦਾਰ ਇਸ ਦੇ ਖਿਲਾਫ਼ ਗੱਲ ਕਰਦੇ ਹਨ ਪਰ ਇਹ ਦਿਨੋਂ ਦਿਨ ਵਧੀ ਜਾਂਦੀ ਹੈ । ਸਿੱਖੀ ਜਿਹੜੀ ਹੈ ਉਹ 2001 ਦੇ ਸੈਂਸਸ ਵਿਚ ਘਟੀ ਹੈ । ਇਸ ਦੇ ਘਟਣ ਵਾਸਤੇ ਕੌਣ ਜ਼ਿੰਮੇਵਾਰ ਹੈ,

ਨਵੀਂ ਪੀੜ੍ਹੀ ਕਿਉਂ ਸਿੱਖੀ ਐਡਾਪਟ ਨਹੀਂ ਕਰਨਾ ਚਾਹੁੰਦੀ ? ਸਾਡੇ ਧਰਮ ਨੂੰ ਕਿਉਂ ਐਡਾਪਟ ਨਹੀਂ ਕਰਦੀ ? ਇਸ ਦਾ ਕਾਰਨ ਕੀ ਹੈ :

"ਤੂੰ ਭੀ ਬਦਲ ਫਲਕ ਜਮਾਨਾ ਬਦਲ ਗਿਆ "

ਸਾਇੰਟੀਫਿਕਲੀ ਨਵੀਂ ਪੀੜ੍ਹੀ ਨੂੰ ਜੇ ਅਸੀਂ ਆਪਣੇ ਨਾਲ ਨਹੀਂ ਜੋੜਾਂਗੇ ਤਾਂ ਅਸੀਂ ਜਿੰਨੇ ਮਰਜ਼ੀ ਧਰਮ ਦੇ ਨਾਅਰੇ ਮਾਰੀ ਜਾਈਏ, ਨਵੀਂ ਪੀੜ੍ਹੀ ਨੂੰ ਬਹੁਤੀ ਦੇਰ ਆਪਣੇ ਨਾਲ ਜੋੜ ਕੇ ਨਹੀਂ ਰੱਖ ਸਕਦੇ । ਦੁਨੀਆ ਬਹੁਤ ਛੋਟੀ ਹੋ ਗਈ ਹੈ, ਕੰਪੀਟੀਸ਼ਨ ਸ਼ੁਰੂ ਹੋ ਗਿਆ ਹੈ । ਅਸੀਂ ਜੋ ਕੁਝ ਇਥੇ ਕਿਹਾ ਹੈ ਇਸ ਨੂੰ ਸਿਰਫ਼ ਇਸ ਹਾਊਸ ਵਿਚ ਪਾਸ ਹੀ ਨਾ ਕਰੀਏ ਸਗੋਂ ਇਸ ਤੇ ਅਮਲ ਵੀ ਕਰੀਏ ਇਹ ਇਕ ਬੜੀ ਚਿੰਤਾ ਦਾ ਵਿਸ਼ਾ ਹੈ ਇਹ ਨਾ ਸਿਰਫ ਪੰਜਾਬ ਬਲਕਿ ਸਾਰੇ ਦੇਸ਼ ਵਾਸਤੇ ਬਹੁਤ ਮਹੱਤਵ ਰੱਖਦਾ ਹੈ । ਮੈਂ ਉਮੀਦ ਕਰਦਾ ਹਾਂ ਕਿ ਅਸੀਂ ਸਾਰੇ ਮਿਲ ਕੇ ਇਸ ਪਾਸੇ ਚੱਲੀਏ । ਮੈਂ ਧੰਨਵਾਦ ਕਰਦਾ ਹਾਂ ਸ਼੍ਰੀ ਜੁਗਲ ਕਿਸ਼ੋਰ ਜੀ ਦਾ ਜੋ ਇਹ ਮਤਾ ਇਸ ਹਾਊਸ ਵਿਚ ਲੈ ਕੇ ਆਏ ਹਨ । ਤੁਹਾਡਾ ਬਹੁਤ ਬਹੁਤ ਧੰਨਵਾਦ ।

**Mr. Deputy Speaker :** Now, Mrs. Gurkanwal Kaur.

**Minister of State for Welfare of SCs & BCs and Social Security and Development of Women & Children** (Smt. Gurkanwal Kaur) : Mr. Deputy Speaker, Sir, I would try to speak on the Resolution which has been put by Shri Jugal Kishore Sharma ji, MLA, and Sardar Gurjant Singh ji, MLA. The problem of Drug Abuse is a burning issue of today and it is spoiling the society, specially the youths. The consumption of intoxicants is increasing day by day in the State of Punjab. Punjab has been known for widespread use of masala, beedi and cigarette, poppy husk, smack, Cocain, Bhang, Opiurn & drugs like mandrix/cough syrups (Corex), injections like fortwin and morphine etc. by the lower middle class and labour. Over and above this, the biggest problem in Punjab having affected the society very significantly, is Alcoholism. The above said drugs and Alcohol are mainly being used by farmers, labourers, self employed professionals, drivers and youth, specially the students.

It is submitted that with regard to the above resolution, the following are the main causes for this social evil i.e. economic reasons, illiteracy, poverty, visa going abroad, bad company/company of addicts, social compulsion/fashion approaching oldage, anxiety/depression/frustration/curiosity, family problems/ individual problem, work load and easy availability and strong marketing of

[Minister of State for Welfare of SCs & BCs and Social Security and Development of Women & Children]

addictive substances. So we are facing the problems and we are having the impact of this addiction leads to debt & poverty and destroys the relationship and affects the health and leads to death. We need preventive measures i.e. all government departments needs to be envolved/sensitized ; a mass campaign should be launched,........................

**Sardar Manpreet Singh Badal :** Sir, I am on a point of order. Cutting across party lines ਸਾਰੇ ਬੁਲਾਰਿਆਂ ਨੇ ਇਸ ਮਤੇ ਦੀ ਪ੍ਰੋੜਤਾ ਕੀਤੀ ਹੈ । ਅੱਧਾ ਮਿੰਟ ਰਹਿ ਗਿਆ ਹੈ । ਨਾਨ ਆਫੀਸ਼ੀਅਲ ਰੈਜ਼ੋਲਿਊਸ਼ਨ ਨੂੰ ਵੋਟਿੰਗ ਕਰਕੇ ਪਾਸ ਕਰ ਲਓ ।

**Mr. Deputy Speaker :** Let her speak.

**Sardar Manpreet Singh Badal :** Why talk it out ?

**Minister of State for Welfare of SCs & BCs and Social Security and Development of Women & Children** (Smt. Gurkanwal Kaur) : Hard drinks should be made costlier, more employment avenues should be created, opening of more de-addiction centers, political representatives/parties need to be sensitized about its ill effects, districts bordering other states need to be under extra vigilance. Use of liquor and poppy husk/drugs is at its peak during elections of any kind. Election Commission may take stringent action against political parties involving free distribution of liquor/drugs..............

**Mr. Deputy Speaker :** Please take your seat. Time is over.

**Mr. Deputy Speaker :** The House stands adjourned till 2.00 P.M. on Monday, the 28th March, 2005.

(*6.30 P.M.)

(The Sabha then *adjourned till 2.00 P.M. on Monday, the 28th March,2005.)

-------------

# APPENDIX
# TO
# PUNJAB VIDHAN SABHA DEBATES

Dated the 24th March, 2005

VOL. IX- No. 4

## STARRED QUESTIONS AND ANSWERS

### (ਨੈਸ਼ਨਲ ਹਾਈਵੇ ਉੱਪਰ ਪੁਲ ਅਤੇ ਪੁਲੀਆਂ ਲਈ ਉਪਬੰਧ)

***1038 ਸਰਦਾਰ ਬੀਰ ਦਵਿੰਦਰ ਸਿੰਘ :** ਕੀ ਲੋਕ ਕਾਰਜ (ਭਵਨ ਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਨੇ ਮੋਹਾਲੀ ਤੋਂ ਦੇਸੂ ਮਾਜਰਾ ਤੱਕ ਨੈਸ਼ਨਲ ਹਾਈਵੇ ਨੰ:21 ਉੱਪਰ ਪੁਲ ਅਤੇ ਪੁਲੀਆਂ ਬਣਾਉਣ ਲਈ ਵਿਚਾਰ ਕੀਤਾ ਹੈ ; ਜੇਕਰ ਅਜਿਹਾ ਹੋਵੇ, ਤਾਂ ਕੀ ਵਰਖਾ ਦੇ ਪਾਣੀ ਦੇ ਨਿਰਵਿਘਨ ਨਿਕਾਸ ਨੂੰ ਯਕੀਨੀ ਬਣਾਉਣ ਲਈ ਡ੍ਰੇਨੇਜ਼ ਵਿਭਾਗ ਦੇ ਮਾਹਿਰ ਦੀ ਰਾਇ ਕਿਸੇ ਪੱਧਰ ਤੇ ਲਈ ਸੀ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸ਼੍ਰੀ ਮਾਨ ਜੀ, ਕਿਉਂਕਿ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵੱਲੋਂ ਮੋਹਾਲੀ ਤੋਂ ਦੇਸੂ ਮਾਜਰਾ ਤੱਕ ਮੌਜੂਦਾ ਰਾਸ਼ਟਰੀ ਮਾਰਗ-21 ਨੂੰ ਬਿਨਾਂ ਉੱਚਾ ਚੁੱਕੇ ਕੇਵਲ ਚੌੜਾ ਹੀ ਕੀਤਾ ਗਿਆ ਹੈ ਅਤੇ ਇਸ ਕਾਰਨ ਹੋਰ ਵਾਧੂ ਪੁਲ/ ਕਲਵਰਟ ਬਣਾਉਣ ਦੀ ਲੋੜ ਨਹੀਂ ਸੀ, ਇਸ ਲਈ ਡਰੇਨੇਜ ਵਿਭਾਗ ਦੀ ਮਾਹਿਰ ਰਾਏ ਨਹੀਂ ਸੀ ਲਈ ਗਈ। ਇਸ ਤੋਂ ਅੱਗੇ ਤਕਨੀਕੀ ਤਜਵੀਜ਼ ਨੂੰ ਭਾਰਤ ਸਰਕਾਰ, ਰੋਡ ਟਰਾਂਸਪੋਰਟ ਅਤੇ ਹਾਈਵੇਜ਼ ਮੰਤਰਾਲੇ ਵੱਲੋਂ ਪ੍ਰਵਾਨ ਕੀਤਾ ਗਿਆ ਹੈ ਜਿਸਦੇ ਅਧਿਕਾਰ ਖੇਤਰ ਵਿੱਚ ਇਹ ਸੜਕ ਆਉਂਦੀ ਹੈ। ਪਟਿਆਲਾ ਕੀ ਰਾਉ ਨਦੀ ਉੱਤੇ ਮੌਜੂਦਾ ਪੁਲ ਦੇ ਲਹਿੰਦੇ ਪਾਸੇ ਨਵਾਂ ਹਾਈ ਲੈਵਲ ਪੁਲ ਮੌਜੂਦਾ ਪੁਲ ਦੇ ਪਾਣੀ ਦੇ ਵਿਕਾਸ ਦੇ ਬਰਾਬਰ ਦੇ ਨਿਕਾਸ ਨਾਲ ਬਣਾਇਆ ਗਿਆ ਹੈ ।

--------

## ਬੀ. ਐੱਡ ਕਾਲਜ ਖੋਲ੍ਹਣੇ

***1099 ਸਰਦਾਰ ਤੋਤਾ ਸਿੰਘ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ 31 ਮਾਰਚ, 2002 ਤੋਂ ਪਹਿਲਾਂ ਚਲ ਰਹੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਬੀ.ਐਡ. ਕਾਲਜਾਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿੱਚ ਬੀ.ਐਡ. ਕੋਰਸ ਲਈ ਸੀਟਾਂ ਦੀ ਗਿਣਤੀ ਕਿੰਨੀ ਹੈ;

(ਅ) ਪਹਿਲੀ ਅਪ੍ਰੈਲ, 2002 ਤੋਂ 31 ਦਸੰਬਰ, 2004 ਤੱਕ ਦੇ ਸਮੇਂ ਦੌਰਾਨ ਖੋਲ੍ਹੇ ਗਏ ਨਵੇਂ ਬੀ.ਐਡ.ਕਾਲਜਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਲਈ ਕੀ ਕਸੌਟੀ ਅਪਣਾਈ ਗਈ ਅਤੇ ਇਨ੍ਹਾਂ ਵਿੱਚ ਦਾਖਲਾ ਲੈਣ ਲਈ ਮਨਜ਼ੂਰ-ਸ਼ੁਦਾ ਸੀਟਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ?

**ਸ਼੍ਰੀਮਤੀ ਰਜਿੰਦਰ ਕੌਰ ਭੱਠਲ** : (ੳ) ਅਤੇ (ਅ) ਲੋੜੀਂਦੀ ਸੂਚਨਾ ਅਨੁਲੱਗ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

### ਅਨੁਲੱਗ

(ੳ) ਰਾਜ ਵਿੱਚ 31 ਮਾਰਚ, 2002 ਤੋਂ ਪਹਿਲਾਂ ਚਲ ਰਹੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਬੀ.ਐਡ. ਕਾਲਜਾਂ ਦੀ ਵੱਖ ਵੱਖ ਗਿਣਤੀ ਅਤੇ ਉਨ੍ਹਾਂ ਵਿੱਚ ਬੀ.ਐਡ. ਕੋਰਸ ਲਈ ਸੀਟਾਂ ਦੀ ਗਿਣਤੀ ਹੇਠ ਅਨੁਸਾਰ ਹੈ:-

| ਲੜੀ ਨੰ: | ਕਾਲਜਾਂ ਦੀ ਕੈਟਾਗਰੀ | | ਕਾਲਜਾਂ ਦੀ ਗਿਣਤੀ | ਸੀਟਾਂ |
|---|---|---|---|---|
| 1. | ਸਰਕਾਰੀ ਬੀ.ਐਡ.ਕਾਲਜ | .. | 3 | 520 |
| 2. | ਮਾਨਤਾ ਪ੍ਰਾਪਤ ਬੀ.ਐਡ ਕਾਲਜ | .. | 20 | 3350 |

(ਅ) 1 ਅਪ੍ਰੈਲ, 2002 ਤੋਂ 31 ਦਸੰਬਰ, 2004 ਤੱਕ ਦੇ ਸਮੇਂ ਦੌਰਾਨ ਖੋਲ੍ਹੇ ਗਏ ਨਵੇਂ ਬੀ.ਐਡ. ਕਾਲਜਾਂ ਦੀ ਗਿਣਤੀ ਅਤੇ ਉਨ੍ਹਾਂ ਵਿੱਚ ਮਨਜ਼ੂਰ-ਸ਼ੁਦਾ ਸੀਟਾਂ ਦੀ ਗਿਣਤੀ ਹੇਠ ਅਨੁਸਾਰ ਹੈ:-

| ਲੜੀ ਨੰ: | ਕਾਲਜਾਂ ਦੀ ਕੈਟਾਗਰੀ | | ਕਾਲਜਾਂ ਦੀ ਗਿਣਤੀ | ਸੀਟਾਂ |
|---|---|---|---|---|
| 1. | ਸਰਕਾਰੀ ਬੀ.ਐੱਡ ਕਾਲਜ | .. | ਨਿਲ | ਨਿਲ |
| 2. | ਮਾਨਤਾ ਪ੍ਰਾਪਤ ਬੀ.ਐੱਡ ਕਾਲਜ | .. | 14 | 1400 |

ਜਿਥੋਂ ਤੱਕ ਉਪਰੋਕਤ ਦਰਸਾਏ ਨਵੇਂ ਮਾਨਤਾ-ਪ੍ਰਾਪਤ ਬੀ.ਐਡ.ਕਾਲਜ ਖੋਲ੍ਹਣ ਲਈ ਅਪਣਾਈ ਗਈ ਕਸੌਟੀ ਦਾ ਸਵਾਲ ਹੈ, ਇਹ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (N. C. T. E) ਅਤੇ ਸਬੰਧਤ ਸਬੰਧੀਕਰਨ (Affiliation) ਵਾਲੀ ਯੂਨੀਵਰਸਿਟੀ ਦੇ ਨਾਰਮਜ਼ ਅਤੇ ਸਟੈਂਡਰਡਜ਼ (Norm and Standards) ਨੂੰ ਮੁੱਖ ਰੱਖਦਿਆਂ ਹੋਇਆਂ ਖੋਲੇ ਗਏ ਸਨ ।

ਇਥੇ ਇਹ ਵੀ ਦੱਸਣ ਯੋਗ ਹੈ ਕਿ ਨਵਾਂ ਬੀ.ਐਡ.ਕਾਲਜ ਖੋਲਣ ਲਈ ਸਬੰਧਤ ਸੰਸਥਾ/ਟੱਰਸਟ ਨੇ ਰਾਜ ਸਰਕਾਰ ਤੋਂ ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕਰਨਾ ਹੁੰਦਾ ਹੈ। ਸਬੰਧਤ ਸੰਸਥਾ/ਟੱਰਸਟ ਨੂੰ ਐਫੀਲੀਏਸ਼ਨ ਅਤੇ ਸੀਟਾਂ ਦੀ ਅਲਾਟਮੈਂਟ ਲਈ ਸਬੰਧਤ ਯੂਨੀਵਰਸਿਟੀ ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਨੂੰ ਵੀ ਅਪਲਾਈ ਕਰਨਾ ਪੈਂਦਾ ਹੈ । ਕਾਲਜ ਵਿਖੇ ਦਾਖਲੇ ਕਰਨ ਲਈ ਐਨ.ਸੀ.ਟੀ.ਈ. ਦੀ ਪ੍ਰਵਾਨਗੀ, ਸਬੰਧਤ ਯੂਨੀਵਰਸਿਟੀ ਵਲੋਂ ਐਫੀਲੀਏਸ਼ਨ ਅਤੇ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਦਾ ਜਾਰੀ ਹੋਣਾ ਜ਼ਰੂਰੀ ਹੈ ।

--------

## ਦਰਿਆ ਸਤਲੁਜ ਉਪਰ ਪੁਲ ਦੀ ਉਸਾਰੀ

*1120. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਛੀਵਾੜਾ-ਰਾਹੋਂ ਸੜਕ ਤੇ ਪੈਂਦੇ ਸਤਲੁਜ ਦਰਿਆ ਉਪਰ ਪੁਲ ਦੀ ਉਸਾਰੀ ਕਦੋਂ ਤਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਦੀ ਮੌਜੂਦਾ ਸਥਿਤੀ ਕੀ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸ਼੍ਰੀਮਾਨ ਜੀ, ਮਾਛੀਵਾੜਾ ਰਾਹੋਂ ਸੜਕ ਉਪਰ ਸਤਲੁਜ ਨਦੀ ਉੱਤੇ ਹਾਈ ਲੈਵਲ ਪੁਲ ਦੀ ਉਸਾਰੀ 30 ਜੂਨ, 2005 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ ।

ਕੰਮ ਦੀ ਮੌਜੂਦਾ ਸਥਿਤੀ ਹੇਠ ਅਨੁਸਾਰ ਹੈ :-

| | | | |
|---|---|---|---|
| * | ਆਰ.ਸੀ.ਸੀ. ਦੀ ਨੀਹਾਂ ਦੀਆਂ ਖੂਹੀਆਂ ਅਤੇ ਆਰ.ਸੀ.ਸੀ. ਪੀਅਰ | .. | ਮੁਕੰਮਲ |
| * | ਪ੍ਰੀਸਟਰੈਸਡ ਕੰਨਕਰੀਟ ਦੇ ਬੌਕਸ ਗਾਰਡਰਾਂ ਦਾ ਸੁਪਰਸਟਰਕਚਰ | .. | ਮੁਕੰਮਲ |
| * | ਪੁਲ ਦੇ ਨਾਲ ਕਰੈਸ਼ ਬੈਰੀਅਰ | .. | 55% ਕੰਮ ਮੁਕੰਮਲ ਬਾਕੀ ਕੰਮ ਪ੍ਰਗਤੀ ਅਧੀਨ |
| * | ਪਹੁੰਚ ਸੜਕਾਂ | .. | **ਮਾਛੀਵਾੜਾ ਸਾਈਡ**: ਮਿਟੀ ਦੀ ਭਰਤੀ ਦਾ ਕੰਮ 95% ਮੁਕੰਮਲ<br>**ਰਾਹੋਂ ਸਾਈਡ** : ਮਿਟੀ ਦੀ ਭਰਤੀ ਦਾ ਕੰਮ 55% ਮੁਕੰਮਲ |

---

| | |
|---|---|
| * ਗਾਈਡ ਬੰਧ | **(i) ਮਾਛੀਵਾੜਾ ਸਾਈਡ**<br>ਮਿਟੀ ਦਾ ਕੰਮ 95 % ਮੁਕੰਮਲ, ਸਟੋਨ ਬੋਲਡਰ ਦੇ ਐਪਰਾਨ 30 % ਪਾ ਦਿੱਤੇ ਗਏ ।<br><br>**(ii) ਰਾਹੋਂ ਸਾਈਡ**<br>ਮਿਟੀ ਦਾ ਕੰਮ 30 % ਮੁਕੰਮਲ ਅਤੇ ਸਟੋਨ ਬੋਲਡਰ ਦੇ ਐਪਰਾਨ 10% ਪਾ ਦਿੱਤੇ ਗਏ । |

---

**ਬਕਾਇਆ ਕੰਮ ਸਮਾਂ ਬੱਧ ਢੰਗ ਨਾਲ ਚੱਲ ਰਿਹਾ ਹੈ ਅਤੇ ਜੂਨ, 2005 ਦੇ ਅੰਤ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ ।**

-----------

## ਅਫ਼ਸਰਾਂ ਦੇ ਵਿਦੇਸ਼ੀ ਦੌਰਿਆਂ ਉਪਰ ਖ਼ਰਚ

***1194. (1) ਕੈਪਟਨ ਬਲਬੀਰ ਸਿੰਘ ਬਾਠ**
**(2) ਚੌਧਰੀ ਬਲਬੀਰ ਸਿੰਘ ਮਿਆਣੀ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਅਫ਼ਸਰਾਂ ਦੀ ਗਿਣਤੀ ਕਿੰਨੀ ਸੀ ਜਿਹੜੇ ਸਾਲਾਂ 2003 ਤੋਂ 2005 ਮਿਤੀ ਅੰਤ ਤੱਕ ਦੇ ਦੌਰਾਨ ਸਰਕਾਰੀ ਖ਼ਰਚੇ ਤੇ ਵਿਦੇਸ਼ੀ ਦੌਰੇ ਤੇ ਗਏ ਅਤੇ ਇਨ੍ਹਾਂ ਤੇ ਕੀਤੇ ਗਏ ਖ਼ਰਚੇ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਦੌਰਿਆਂ ਤੋਂ ਕੀ ਲਾਭ ਪ੍ਰਾਪਤ ਹੋਏ ?

**ਕੈਪਟਨ ਅਮਰਿੰਦਰ ਸਿੰਘ** : ਸਾਲ 2003 ਤੋਂ 2005 (17-3-2005 ਤੱਕ) ਦੇ ਦੌਰਾਨ ਪੰਜਾਬ ਦੇ 47 ਅਫ਼ਸਰ ਸਰਕਾਰੀ ਖ਼ਰਚੇ ਤੇ ਵਿਦੇਸ਼ੀ ਦੌਰੇ ਤੇ ਗਏ ਅਤੇ ਰੁ: 50,92,065/- ਦੀ ਰਕਮ ਖ਼ਰਚ ਹੋਈ । ਇਨ੍ਹਾਂ ਤੇ ਕੀਤੇ ਖ਼ਰਚ ਦਾ ਵੇਰਵਾ ਅਤੇ ਪ੍ਰਾਪਤ ਲਾਭਾਂ ਦਾ ਵੇਰਵਾ ਅਨੁਲੱਗ 'ੳ' ਵਿੱਚ ਦਿੱਤਾ ਗਿਆ ਹੈ ।

## ਅਨੁਲੱਗ 'ੳ'

| ਲੜੀ ਨੰ: | ਨਾਂ ਅਤੇ ਅਹੁੱਦਾ | ਖ਼ਰਚੇ ਦਾ ਵੇਰਵਾ | ਮੰਤਵ/ਲਾਭ |
| --- | --- | --- | --- |
| 1 | 2 | 3 | 4 |
| | ਸਰਵ ਸ਼੍ਰੀ/ਸ਼੍ਰੀਮਤੀ/ਮਿਸ...... | | |
| 1. | ਐਸ. ਚਟੋਪਾਧਿਆਏ, ਆਈ.ਪੀ.ਐਸ., ਡੀ.ਆਈ.ਜੀ., ਫਰੀਦਕੋਟ ਰੇਂਜ, ਫਰੀਦਕੋਟ । | ਰੁ: 4,58,733/- | ਮਿਤੀ 19-3-2003 ਤੋਂ 8-4-2003 ਭਾਰਤ, ਯੂ.ਐਸ.ਏ., ਇੰਗਲੈਂਡ ਤੇ ਕੈਨੇਡਾ ਪੁਲਿਸ ਵਿੱਚ ਬਿਹਤਰ ਤਾਲਮੇਲ ਅਤੇ ਵਿਕਾਸ ਦੇ ਕੰਮਾਂ ਬਾਰੇ ਸਬੰਧ ਸਥਾਪਤ ਕਰਨ ਲਈ । |
| 2. | ਜੇ.ਐਸ.ਮੈਣੀ, ਆਈ.ਏ.ਐਸ., ਪ੍ਰਮੁੱਖ ਸਥਾਨਕ ਕਮਿਸ਼ਨਰ, ਪੰਜਾਬ ਭਵਨ, ਨਵੀਂ ਦਿੱਲੀ । | ਰੁ: 4,96,384/- | ਮਿਤੀ 22-4-2003 ਤੋਂ 18-5-2003 ਤੱਕ ਯੂ.ਐਸ. ਇੰਡੀਆ ਬਿਜਨੈਸ ਕੌਂਸਲ ਅਤੇ ਯੂ.ਐਸ. ਚੈਂਬਰ ਆਫ ਕਮਰਸ/ਪੀ.ਐਚ.ਡੀ.ਸੀ.ਸੀ.ਆਈ. ਨਾਲ ਮੀਟਿੰਗਾਂ ਸਬੰਧੀ ਅਮਰੀਕਾ ਅਤੇ ਕੈਨੇਡਾ ਨਾਲ ਵਪਾਰਕ ਸਬੰਧ ਬਣਾਉਣ ਬਾਰੇ । |
| 3. | ਰਾਜਨ ਕਸ਼ਯਪ, ਆਈ.ਏ.ਐਸ., ਮੁੱਖ ਸਕੱਤਰ, ਪੰਜਾਬ (ਰਿਟਾ.) । | ਰੁ: 70,389/- | ਮਿਤੀ 31-5-2003 ਤੋਂ 09-6-2003 ਤੱਕ ਸਟਾਨਫੋਰਡ ਯੂਨੀਵਰਸਿਟੀ ਯੂ.ਕੇ., ਯੂ.ਐਸ.ਏ. ਵਿਖੇ ਆਲ ਇੰਡੀਆ ਨੀਤੀ ਨਿਰਧਾਰਣ ਸਬੰਧੀ । |

| | | | |
|---|---|---|---|
| 4. | ਏ.ਐਸ. ਡੋਗਰਾ, ਆਈ.ਐਫ.ਐਸ., ਪ੍ਰਧਾਨ ਮੁੱਖ ਵਣਪਾਲ, ਪੰਜਾਬ ਅਤੇ ਮੈਂਬਰ ਸਕੱਤਰ, ਐਡਵਾਈਜਰੀ ਬੋਰਡ । | ਰੁ: 2,45,666/- | ਮਿਤੀ 10-6-2003 ਤੋਂ 20-6-2003 ਤੱਕ ਸਾਊਥ ਅਫਰੀਕਾ ਵਿਖੇ ਬਾਇਓ-ਡਾਇਵਰਸਿਟੀ ਅਤੇ ਕੰਜਰਵੇਸਨ/ਮੈਨੇਜਮੈਂਟ ਦਾ ਅਧਿਆਨ, ਈਕੋ-ਟੂਰਿਜਮ, ਲੰਟਾਨਾ ਅਤੇ ਵਾਟਰ ਹਾਇਆਸਿੰਧ ਦੇ ਖਾਤਮੇ ਦੀ ਸਟੱਡੀ ਕਰਨ ਲਈ । |
| 5. | ਗੁਰਵਿੰਦਰ ਚਾਹਲ, ਆਈ.ਏ.ਐਸ., ਪ੍ਰਮੁੱਖ ਸਕੱਤਰ, ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪੰਜਾਬ । | ਰੁ: 1,73,936/- | ਮਿਤੀ 4-7-2003 ਤੋਂ 14-7-2003 ਤੱਕ ਟਰਾਂਸਪੋਰਟੇਬਲ ਵਾਟਰ ਟਰੀਟਮੈਂਟ ਪਲਾਂਟ ਦੇ 20 ਯੂਨਿਟ ਰੀਪਬਲਿਕ ਆਫ ਯੂਰੂਗੁਆਏ ਤੋਂ ਜਾਣਕਾਰੀ ਪ੍ਰਾਪਤ ਕਰਨ ਬਾਰੇ । ਇਹ ਵਾਟਰ ਟ੍ਰੀਟਮੈਂਟ ਪਲਾਂਟ ਦੀ ਪ੍ਰਾਪਤੀ ਰਾਹੀਂ ਮਾਲਵਾ ਬੈਲਟ ਵਿੱਚ ਕਾਫੀ ਹੱਦ ਤੱਕ ਸਾਫ ਪਾਣੀ ਮੁਹੱਈਆ ਕਰਨ ਅਤੇ ਸੇਮ ਦਾ ਹਲ ਹੋਇਆ ਹੈ । |
| 6. | ਮਨਮੋਹਨਜੀਤ ਸਿੰਘ, ਮੁੱਖ ਇੰਜੀਨੀਅਰ, (ਆਰ.ਡਬਲਿਉ.ਐਸ.-ਦੱਖਣ) ਜਨ ਸਿਹਤ, ਪਟਿਆਲਾ । | ਰੁ: 1,62,101/- | ਮਿਤੀ 4-7-2003 ਤੋਂ 14-7-2003 ਤੱਕ ਟਰਾਂਸਪੋਰਟੇਬਲ ਵਾਟਰ ਟਰੀਟਮੈਂਟ ਪਲਾਂਟ ਦੇ 20 ਯੂਨਿਟ ਰੀਪਬਲਿਕ ਆਫ ਯੂਰੂਗੁਆਏ ਤੋਂ ਜਾਣਕਾਰੀ ਪ੍ਰਾਪਤ ਕਰਨ ਬਾਰੇ । ਇਹ ਵਾਟਰ ਟ੍ਰੀਟਮੈਂਟ ਪਲਾਂਟ ਦੀ ਪ੍ਰਾਪਤੀ ਰਾਹੀਂ ਮਾਲਵਾ ਬੈਲਟ ਵਿੱਚ ਕਾਫੀ ਹੱਦ ਤੱਕ ਸਾਫ ਪਾਣੀ ਮੁਹੱਈਆ ਕਰਨ ਅਤੇ ਸੇਮ ਦਾ ਹਲ ਹੋਇਆ ਹੈ । |

| 1 | 2 | 3 | 4 |
|---|---|---|---|
| 7. | ਤਜਿੰਦਰ ਸਿੰਘ, ਸੁਪਰਡੰਟ ਇੰਜੀਨੀਅਰ, ਜਨ ਸਿਹਤ, ਜੀ.ਡਬਲਿਊ., ਪਟਿਆਲਾ । | ਰੁ: 1,54,832/- | ਮਿਤੀ 4-7-2003 ਤੋਂ 14-7-2003 ਤੱਕ ਟਰਾਂਸਪੋਰਟੇਬਲ ਵਾਟਰ ਟਰੀਟਮੈਂਟ ਪਲਾਂਟ ਦੇ 20 ਯੂਨਿਟ ਰੀਪਬਲਿਕ ਆਫ ਯੂਰੂਗੁਆਏ ਤੋਂ ਜਾਣਕਾਰੀ ਪ੍ਰਾਪਤ ਕਰਨ ਬਾਰੇ । ਇਹ ਵਾਟਰ ਟ੍ਰੀਟਮੈਂਟ ਪਲਾਂਟ ਦੀ ਪ੍ਰਾਪਤੀ ਰਾਹੀਂ ਮਾਲਵਾ ਬੈਲਟ ਵਿੱਚ ਕਾਫੀ ਹੱਦ ਤੱਕ ਸਾਫ ਪਾਣੀ ਮੁਹੱਈਆ ਕਰਨ ਅਤੇ ਸੇਮ ਦਾ ਹਲ ਹੋਇਆ ਹੈ । |
| 8. | ਬੀ.ਐਸ. ਸੰਧੂ, ਕਾਰਜਕਾਰੀ ਇੰਜੀਨੀਅਰ, ਜਨ ਸਿਹਤ, ਪਟਿਆਲਾ । | ਰੁ: 1,54,832/- | ਮਿਤੀ 4-7-2003 ਤੋਂ 14-7-2003 ਤੱਕ ਟਰਾਂਸਪੋਰਟੇਬਲ ਵਾਟਰ ਟਰੀਟਮੈਂਟ ਪਲਾਂਟ ਦੇ 20 ਯੂਨਿਟ ਰੀਪਬਲਿਕ ਆਫ ਯੂਰੂਗੁਆਏ ਤੋਂ ਜਾਣਕਾਰੀ ਪ੍ਰਾਪਤ ਕਰਨ ਬਾਰੇ । ਇਹ ਵਾਟਰ ਟ੍ਰੀਟਮੈਂਟ ਪਲਾਂਟ ਦੀ ਪ੍ਰਾਪਤੀ ਰਾਹੀਂ ਮਾਲਵਾ ਬੈਲਟ ਵਿੱਚ ਕਾਫੀ ਹੱਦ ਤੱਕ ਸਾਫ ਪਾਣੀ ਮੁਹੱਈਆ ਕਰਨ ਅਤੇ ਸੇਮ ਦਾ ਹਲ ਹੋਇਆ ਹੈ । |

| | | | |
|---|---|---|---|
| 9. | ਡੀ.ਕੇ. ਭਸੀਨ, ਕਾਰਜਕਾਰੀ ਇੰਜੀਨੀਅਰ ਜਨ ਸਹਿਤ, ਪਟਿਆਲਾ । | ਰੁ: 1,54,832/- | ਮਿਤੀ 4-7-2003 ਤੋਂ 14-7-2003 ਤੱਕ ਟਰਾਂਸਪੋਰਟੇਬਲ ਵਾਟਰ ਟਰੀਟਮੈਂਟ ਪਲਾਂਟ ਦੇ 20 ਯੂਨਿਟ ਰੀਪਬਲਿਕ ਆਫ ਯੂਰੂਗੁਆਏ ਤੋਂ ਜਾਣਕਾਰੀ ਪ੍ਰਾਪਤ ਕਰਨ ਬਾਰੇ । ਇਹ ਵਾਟਰ ਟ੍ਰੀਟਮੈਂਟ ਪਲਾਂਟ ਦੀ ਪ੍ਰਾਪਤੀ ਰਾਹੀਂ ਮਾਲਵਾ ਬੈਲਟ ਵਿੱਚ ਕਾਫੀ ਹੱਦ ਤੱਕ ਸਾਫ ਪਾਣੀ ਮੁਹੱਈਆ ਕਰਨ ਅਤੇ ਸੇਮ ਦਾ ਹਲ ਹੋਇਆ ਹੈ । |
| 10. | ਜੀ.ਐਸ. ਸੰਧੂ, ਆਈ.ਏ.ਐਸ., ਸਕੱਤਰ, ਮਕਾਨ ਉਸਾਰੀ ਤੇ ਵਿਕਾਸ ਵਿਭਾਗ-ਕਮ-ਉਪ ਚੇਅਰਮੈਨ, ਪੁੱਡਾ । | ਰੁ: 1,62,708/- | ਮਿਤੀ 18-7-2003 ਤੋਂ 29-7-2003 ਤੱਕ ਮਲੇਸ਼ੀਆ ਦੇ ਲੋਕਾਂ ਨੂੰ ਪੰਜਾਬ ਵਿੱਚ ਸਿੱਧੇ ਤੌਰ ਤੇ ਪ੍ਰੋਜੈਕਟਾਂ ਵਿੱਚ ਵਿਦੇਸ਼ੀ ਧਨ ਲਾਉਣ, ਉਤਸਾਹਿਤ ਕਰਨ ਬਾਰੇ ਅਤੇ ਰੋਜਗਾਰ ਦੇ ਨਵੇਂ ਅਵਸਰ ਪੈਦਾ ਕਰਨ ਲਈ । |
| 11. | ਬਹਾਦਰ ਸਿੰਘ, ਪੀ. ਪੀ. ਐਸ., ਡੀ.ਐਸ.ਪੀ. । | ਰੁ: 1,00,000/- | ਸਪੇਨ, ਬਾਰਸੀਲੋਨਾ ਵਿਖੇ ਮਿਤੀ 27-7-2003 ਤੋਂ 3-8-2003 ਤੱਕ ਏਸ਼ੀਅਨ ਖੇਡਾਂ ਵਿੱਚ ਭਾਗ ਲੈਣ ਬਾਰੇ ਅਤੇ ਦੂਜੇ ਦੇਸ਼ਾਂ ਨਾਲ ਬਿਹਤਰ ਸਬੰਧ ਬਣਾਉਣ ਬਾਰੇ । |

| 1 | 2 | 3 | 4 |
|---|---|---|---|
| 12. | ਸੁਨੀਤਾ ਰਾਣੀ, ਪੀ. ਪੀ. ਐਸ., ਡੀ.ਐਸ.ਪੀ. । | ਰੁ: 1,00,000/- | ਸਪੇਨ, ਬਾਰਸੀਲੋਨਾ ਵਿਖੇ ਮਿਤੀ 27-7-2003 ਤੋਂ 3-8-2003 ਤੱਕ ਏਸ਼ੀਅਨ ਖੇਡਾਂ ਵਿੱਚ ਭਾਗ ਲੈਣ ਬਾਰੇ ਅਤੇ ਦੂਜੇ ਦੇਸ਼ਾਂ ਨਾਲ ਬਿਹਤਰ ਸਬੰਧ ਬਣਾਉਣ ਬਾਰੇ । |
| 13. | ਪਲਵਿੰਦਰ ਸਿੰਘ, ਪੀ. ਪੀ. ਐਸ., ਡੀ.ਐਸ.ਪੀ. । | ਰੁ: 1,00,000/- | ਸਪੇਨ, ਬਾਰਸੀਲੋਨਾ ਵਿਖੇ ਮਿਤੀ 27-7-2003 ਤੋਂ 3-8-2003 ਤੱਕ ਏਸ਼ੀਅਨ ਖੇਡਾਂ ਵਿੱਚ ਭਾਗ ਲੈਣ ਬਾਰੇ ਅਤੇ ਦੂਜੇ ਦੇਸ਼ਾਂ ਨਾਲ ਬਿਹਤਰ ਸਬੰਧ ਬਣਾਉਣ ਬਾਰੇ । |
| 14. | ਐਸ. ਚਟੋਪਾਧਿਆਏ, ਆਈ.ਪੀ.ਐਸ., ਡੀ.ਆਈ.ਜੀ., ਫਰੀਦਕੋਟ ਰੇਂਜ, ਫਰੀਦਕੋਟ । | ਰੁ: 4,25,063/- | ਕੇਸ ਦੀ ਤਫਤੀਸ਼ ਕਰਨ ਬਾਰੇ ਮਿਤੀ 9-8-2003 ਤੋਂ 24-8-2003 ਤੱਕ ਯੂ. ਐਸ. ਏ. ਅਤੇ ਕੈਨੇਡਾ ਜਾਣ ਸਬੰਧੀ । |
| 15. | ਅਰੁਨ ਪਾਲ ਸਿੰਘ, ਆਈ.ਪੀ.ਐਸ. । | ਰੁ: 07,116/- | ਮਿਤੀ 20-8-2003 ਤੋਂ 20-9-2003 ਤੱਕ ਇੰਡੋ-ਬ੍ਰਿਟਿਸ਼ ਪੁਲਿਸ ਕਾਂਨਫਰੰਸ ਅਤੇ ਲਿਵਰ ਪੂਲ ਵਿਖੇ ਯੂ.ਕੇ. ਅਤੇ ਬਾਕੀ ਦੇਸ਼ਾਂ ਦੀ ਪੁਲਿਸ ਸਬੰਧੀ ਗਿਆਨ ਪ੍ਰਾਪਤ ਕਰਨ ਬਾਰੇ । |

| | | | |
|---|---|---|---|
| 16. | **ਰਾਜੀਵ ਆਹੀਰ, ਆਈ.ਪੀ.ਐਸ., ਕਮਾਂਡੈਂਟ, 7ਵੀਂ ਬਟਾਲੀਅਨ, ਪੀ.ਏ.ਪੀ.।** | ਰੁ: 07,632/- | ਇੰਡੋ-ਬ੍ਰਿਟਿਸ਼ ਪੁਲਿਸ ਕਾਂਨਫਰੰਸ ਵਿਖੇ ਮਿਤੀ 20-8-2003 ਤੋਂ 7-9-2003 ਤੱਕ ਭਾਗ ਲੈਣ ਬਾਰੇ । |
| 17. | **ਕੰਵਰ ਵਿਜੈ ਪ੍ਰਤਾਪ ਸਿੰਘ, ਆਈ.ਪੀ.ਐਸ., ਐਸ.ਪੀ. ਸਿਟੀ, ਅੰਮ੍ਰਿਤਸਰ ।** | ਰੁ: 07,161/- | ਮਿਤੀ 28-8-2003 ਤੋਂ 7-9-2003 ਤੱਕ ਇੰਡੋ-ਬ੍ਰਿਟਿਸ਼ ਪੁਲਿਸ ਕਾਂਨਫਰੰਸ ਅਤੇ ਲਿਵਰ ਪੂਲ ਵਿਖੇ ਯੂ.ਕੇ. ਅਤੇ ਬਾਕੀ ਦੇਸ਼ਾਂ ਦੀ ਪੁਲਿਸ ਸਬੰਧੀ ਗਿਆਨ ਪ੍ਰਾਪਤ ਕਰਨ ਬਾਰੇ । |
| 18. | **ਦਿਨਕਰ ਗੁਪਤਾ, ਆਈ.ਪੀ.ਐਸ., ਡੀ.ਆਈ.ਜੀ. ।** | ਰੁ: 08,960/- | ਮਿਤੀ 29-8-2003 ਤੋਂ 21-9-2003 ਤੱਕ ਇੰਡੋ-ਬ੍ਰਿਟਿਸ਼ ਪੁਲਿਸ ਕਾਂਨਫਰੰਸ ਅਤੇ ਲਿਵਰ ਪੂਲ ਵਿਖੇ ਯੂ.ਕੇ. ਅਤੇ ਬਾਕੀ ਦੇਸ਼ਾਂ ਦੀ ਪੁਲਿਸ ਸਬੰਧੀ ਗਿਆਨ ਪ੍ਰਾਪਤ ਕਰਨ ਬਾਰੇ । |
| 19. | **ਸ਼ਸ਼ੀ ਪ੍ਰਭਾ ਦਿਵੇਦੀ, ਆਈ.ਪੀ.ਐਸ., ਐਸ.ਐਸ.ਪੀ., ਮਜੀਠਾ ।** | ਰੁ: 08,273/- | ਮਿਤੀ 28-8-2003 ਤੋਂ 13-9-2003 ਤੱਕ ਇੰਡੋ-ਬ੍ਰਿਟਿਸ਼ ਪੁਲਿਸ ਕਾਂਨਫਰੰਸ ਵਿਖੇ ਯੂ.ਕੇ. ਅਤੇ ਬਾਕੀ ਦੇਸ਼ਾਂ ਦੀ ਪੁਲਿਸ ਸਬੰਧੀ ਗਿਆਨ ਪ੍ਰਾਪਤ ਕਰਨ ਬਾਰੇ । |
| 20. | **ਅਨਿਲ ਕੌਸ਼ਿਕ, ਆਈ.ਪੀ.ਐਸ., ਏ.ਡੀ.ਜੀ.ਪੀ.-ਕਮ-ਪੀ.ਪੀ.ਐਚ.ਸੀ ।** | ਰੁ: 05,880/- | ਮਿਤੀ 30-8-2003 ਤੋਂ 5-9-2003 ਤੱਕ ਇੰਡੋ-ਬ੍ਰਿਟਿਸ਼ ਪੁਲਿਸ ਕਾਂਨਫਰੰਸ ਅਤੇ ਲੰਡਨ ਵਿਖੇ ਯੂ.ਕੇ. ਅਤੇ ਬਾਕੀ ਦੇਸ਼ਾਂ ਦੀ ਪੁਲਿਸ ਸਬੰਧੀ ਗਿਆਨ ਪ੍ਰਾਪਤ ਕਰਨ ਬਾਰੇ । |

| 1 | 2 | 3 | 4 |
|---|---|---|---|
| 21. | ਵਿਭੂ ਰਾਜ, ਆਈ.ਪੀ.ਐਸ., ਐਸ.ਪੀ., ਸੀ.ਆਈ.ਡੀ., ਅੰਮ੍ਰਿਤਸਰ । | ਰੁ: 06,592/- | ਇੰਡੋ-ਬ੍ਰਿਟਿਸ਼ ਪੁਲਿਸ ਕਾਂਨਫਰੰਸ ਵਿਚ ਮਿਤੀ 30-8-2003 ਤੋਂ 6-9-2003 ਤੱਕ ਭਾਗ ਲੈਣ ਬਾਰੇ ਅਤੇ ਬਾਕੀ ਦੇਸ਼ਾਂ ਦੀ ਪੁਲਿਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ । |
| 22. | ਰਾਕੇਸ਼ ਕੁਮਾਰ, ਡੀ.ਐਸ.ਪੀ., ਟਰੇਨਿੰਗ ਸਕੂਲ, ਪਟਿਆਲਾ । | ਉਨ੍ਹਾਂ ਵਲੋਂ ਕੋਈ ਟੀ.ਏ./ ਡੀ.ਏ. ਕਲੇਮ ਨਹੀਂ ਕੀਤਾ ਗਿਆ । | ਇੰਡੋ-ਬ੍ਰਿਟਿਸ਼ ਪੁਲਿਸ ਕਾਂਨਫਰੰਸ ਵਿਚ ਮਿਤੀ 30-8-2003 ਤੋਂ 6-9-2003 ਤੱਕ ਭਾਗ ਲੈਣ ਬਾਰੇ ਅਤੇ ਹੋਰਨਾਂ ਦੇਸ਼ਾਂ ਦੀ ਪੁਲਿਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ । |
| 23. | ਡਾ. ਜੀ.ਐਸ. ਔਜਲਾ, ਆਈ.ਪੀ.ਐਸ. ਏ.ਡੀ.ਜੀ.ਪੀ.-ਕਮ-ਡਾਇਰੈਕਟਰ, ਪੀ.ਏ.ਪੀ., ਫਿਲੌਰ । | ਰੁ: 6,900/- (ਸਿਰਫ ਡੀ.ਏ.ਵਜੋਂ ਦਿੱਤੇ ਗਏ) | ਮਿਤੀ 30-8-2003 ਤੋਂ 7-9-2003 ਤੱਕ ਭਾਰਤ ਤੇ ਇੰਗਲੈਂਡ ਪੁਲਿਸ ਵਿੱਚ ਬਿਹਤਰ ਤਾਲਮੇਲ ਵਾਸਤੇ ਰੱਖੀ ਗਈ ਕਾਨਫਰੰਸ ਵਿੱਚ ਭਾਗ ਲੈਣ ਲਈ । |
| 24. | ਏ.ਪੀ. ਭਟਨਾਗਰ, ਆਈ.ਏ.ਐਸ., ਸਾਬਕਾ ਡੀ.ਜੀ.ਪੀ.(ਜੇਲ੍ਹਾਂ), ਪੰਜਾਬ । | ਰੁ: 3,55,170/- | ਮਿਤੀ 17-10-2003 ਤੋਂ 20-10-2003 ਤੱਕ ਮਲੇਸ਼ੀਆ, ਆਸਟਰੇਲੀਆ ਅਤੇ ਸਿੰਘਾਪੁਰ ਦੀਆਂ ਜੇਲ੍ਹਾਂ ਦੇ ਨਿਰੀਖਣ ਅਤੇ ਵਿਕਾਸ ਦੀ ਘੋਖ ਕਰਨ ਅਤੇ ਪੰਜਾਬ ਵਿੱਚ ਆਧੁਨਿਕ ਜੇਲ੍ਹਾਂ ਸਥਾਪਤ ਕਰਨ ਲਈ ਜਾਣਕਾਰੀ ਪ੍ਰਾਪਤ ਕਰਨ ਬਾਰੇ । |

| | | | |
|---|---|---|---|
| 25. | ਐਸ. ਚਟੋਪਾਧਿਆਏ, ਆਈ.ਪੀ.ਐਸ., ਡੀ.ਆਈ.ਜੀ., ਫਰੀਦਕੋਟ ਰੇਂਜ, ਫਰੀਦਕੋਟ। | ਰੁ: 1,52,468/- | ਕੇਸ ਦੀ ਤਫਤੀਸ਼ ਕਰਨ ਬਾਰੇ ਮਿਤੀ 18-10-2003 ਤੋਂ 25-10-2003 ਤੱਕ ਬੈਂਕਾਕ ਤੇ ਹਾਂਗਕੋਂਗ ਜਾਣ ਸਬੰਧੀ। |
| 26. | ਜੀ.ਐਸ. ਸੰਧੂ, ਆਈ.ਏ.ਐਸ., ਸਕੱਤਰ, ਮਕਾਨ ਉਸਾਰੀ ਤੇ ਵਿਕਾਸ ਵਿਭਾਗ-ਕਮ-ਉਪ ਚੇਅਰਮੈਨ, ਪੁੱਡਾ। | ਰੁ: 4,86,190/- | ਅਮਰੀਕਾ, ਕੈਨੇਡਾ ਅਤੇ ਯੂ.ਕੇ. ਦੇ ਲੋਕਾਂ ਨੂੰ ਪੰਜਾਬ ਵਿੱਚ ਸਿੱਧੇ ਤੌਰ ਤੇ ਪ੍ਰੋਜੈਕਟਾਂ ਵਿੱਚ ਵਿਦੇਸ਼ੀ ਧਨ ਲਾਉਣ ਲਈ ਮਿਤੀ 28-10-2003 ਤੋਂ 26-11-2003 ਤੱਕ ਉਤਸ਼ਾਹਿਤ ਕਰਨ ਅਤੇ ਪੰਜਾਬ ਵਿੱਚ ਰੋਜ਼ਗਾਰ ਦੇ ਨਵੇਂ ਅਵਸਰ ਪੈਦਾ ਕਰਨ ਲਈ। |
| 27. | ਫੁਲਵੰਤ ਸਿੰਘ, ਆਈ.ਏ.ਐਸ., ਸਾਬਕਾ ਵਿਸ਼ੇਸ਼ ਸਕੱਤਰ (ਸਿੰਚਾਈ)। | ਰੁ: 19,323/- | ਮਿਤੀ 4-11-2003 ਤੋਂ 16-11-2003 ਤੱਕ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੇ ਪਾਕਿਸਤਾਨ ਜਾਣ ਵਾਲੇ ਜੱਥੇ ਨਾਲ ਪੰਜਾਬ ਸਰਕਾਰ ਵਲੋਂ ਬਤੌਰ ਆਬਜ਼ਰਵਰ, ਸੁਰੱਖਿਆ ਪਖੋਂ ਗਤੀਵਿੱਧੀਆ ਤੇ ਨਿਗਰਾਨੀ ਰੱਖਣ ਲਈ। |
| 28. | ਹਰਭਜਨ ਸਿੰਘ ਮਦਾਨ, ਸੁਪਰਡੰਟ, ਪੰਜਾਬ ਸਿਵਲ ਸਕੱਤਰੇਤ। | ਰੁ: 17,030/- | ਮਿਤੀ 5-11-2003 ਤੋਂ 16-11-2003 ਤੱਕ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੇ ਪਾਕਿਸਤਾਨ ਜਾਣ ਵਾਲੇ ਜੱਥੇ ਨਾਲ ਪੰਜਾਬ ਸਰਕਾਰ ਵਲੋਂ ਬਤੌਰ ਆਬਜ਼ਰਵਰ, ਸੁਰੱਖਿਆ ਪਖੋਂ ਗਤੀਵਿੱਧੀਆ ਤੇ ਨਿਗਰਾਨੀ ਰੱਖਣ ਲਈ। |

| 1 | 2 | 3 | 4 |
|---|---|---|---|
| 29. | ਪਰਾਗ ਜੈਨ, ਆਈ.ਪੀ.ਐਸ., ਐਸ.ਪੀ./ਮੁੱਖ ਮੰਤਰੀ (ਸੁਰੱਖਿਆ) | ਰੁ: 10,800/- | ਮੁੱਖ ਮੰਤਰੀ, ਪੰਜਾਬ ਜੀ ਦੇ ਦੌਰੇ ਤੋਂ ਪਹਿਲਾਂ ਸੁਰੱਖਿਆ ਇੰਤਜਾਮ ਦੇਖਣ ਲਈ ਮਿਤੀ 28-1-2004 ਤੋਂ 1-2-2004 ਤੱਕ ਪਾਕਿਸਤਾਨ ਜਾਣ ਲਈ । |
| 30. | ਜੈ ਸਿੰਘ ਗਿੱਲ, ਆਈ.ਏ.ਐਸ., ਮੁੱਖ ਸਕੱਤਰ, ਪੰਜਾਬ । | ਰੁ: 1,020/- | ਮਿਤੀ 30-1-2004 ਤੋਂ 1-2-2004 ਤੱਕ ਪਾਕਿਸਤਾਨ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਭਾਗ ਲੈਣ ਸਬੰਧੀ ਅਤੇ ਪਾਕਿਸਤਾਨ ਨਾਲ ਚੰਗੇ ਸਬੰਧ ਸਥਾਪਤ ਕਰਨ ਬਾਰੇ । |
| 31. | ਡਾ: ਕੁਲਬੀਰ ਸਿੰਘ,ਡਾਇਰੈਕਟਰ ਬਾਗਬਾਨੀ ਵਿਭਾਗ,ਪੰਜਾਬ। | ਰੁ: 2,02,738/- | ਮਿਤੀ 2-2-2004 ਤੋ 6-2-2004 ਤੱਕ ਨਿੰਬੂ ਜਾਤੀ ਦੀਆਂ ਨਵੀਆਂ ਪ੍ਰੋਸੈਸਿੰਗ ਯੋਗ ਕਿਸਮਾਂ ਦੀ ਖੇਤੀ ਨੂੰ ਰਾਜ ਵਿੱਚ ਪ੍ਰਚੱਲਤ ਕਰਨ ਲਈ ਫਲੋਰੀਡਾ (ਅਮਰੀਕਾ) ਵਿਖੇ ਪ੍ਰੋਸਿੰਸ ਯੂਨਿਟ ਦਾ ਨਿਰੀਖਣ ਕਰਨ ਬਾਰੇ । ਇਨ੍ਹਾਂ ਕਿਸਮਾਂ ਦੇ ਬੂਟੇ ਵਿਭਾਗ ਦੇ ਖਨੌੜਾ ਅਤੇ ਅਟਾਰੀ ਫਾਰਮਾਂ ਦੇ ਅਜਮਾਇਸ਼ੀ ਤੌਰ ਤੇ ਲਗਾਏ ਜਾ ਚੁੱਕੇ ਹਨ, ਜਿਨ੍ਹਾਂ ਦੇ ਨਤੀਜੇ 3-4 ਸਾਲ ਬਾਅਦ ਪ੍ਰਾਪਤ ਹੋਣਗੇ ਅਤੇ ਨਿੰਬੂ ਜਾਤੀ ਦੇ ਉਤਪਾਦਕਾਂ ਨੂੰ ਲਾਭ ਹੋਵੇਗਾ । |

| | | | |
|---|---|---|---|
| 32. | ਡਾ: ਗੁਰਕੰਵਲ ਸਿੰਘ, ਉਪ ਡਾਇਰੈਕਟਰ, ਬਾਗਬਾਨੀ, ਹੁਸ਼ਿਆਰਪੁਰ । | ਖ਼ਰਚੇ ਦਾ ਵੇਰਵਾ ਲੜੀ ਨੰ: 31 ਅਨੁਸਾਰ ਸਾਂਝੇ ਤੌਰ ਤੇ । | ਮਿਤੀ 2-2-2004 ਤੋਂ 6-2-2004 ਤੱਕ ਨਿੰਬੂ ਜਾਤੀ ਦੀਆਂ ਨਵੀਆਂ ਪ੍ਰੋਸੈਸਿੰਗ ਯੋਗ ਕਿਸਮਾਂ ਦੀ ਖੇਤੀ ਨੂੰ ਰਾਜ ਵਿੱਚ ਪ੍ਰਚੱਲਤ ਕਰਨ ਲਈ ਫਲੋਰੀਡਾ (ਅਮਰੀਕਾ) ਵਿਖੇ ਪ੍ਰਸੋਸਿੰਸ ਯੂਨਿਟ ਦਾ ਨਿਰੀਖਣ ਕਰਨ ਬਾਰੇ । ਇਨ੍ਹਾਂ ਕਿਸਮਾਂ ਦੇ ਬੂਟੇ ਵਿਭਾਗ ਦੇ ਖਨੌੜਾ ਅਤੇ ਅਟਾਰੀ ਫਾਰਮਾਂ ਦੇ ਅਜਮਾਇਸੀ ਤੌਰ ਤੇ ਲਗਾਏ ਜਾ ਚੁੱਕੇ ਹਨ, ਜਿਨ੍ਹਾਂ ਦੇ ਨਤੀਜੇ 3-4 ਸਾਲ ਬਾਅਦ ਪ੍ਰਾਪਤ ਹੋਣਗੇ ਅਤੇ ਨਿੰਬੂ ਜਾਤੀ ਦੇ ਉਤਪਾਦਕਾਂ ਨੂੰ ਲਾਭ ਹੋਵੇਗਾ । |
| 33. | ਕੰਵਲਜੀਤ ਕੌਰ ਭਾਟੀਆ, ਉਪ ਸਕੱਤਰ ਗ੍ਰਹਿ (ਰਿਟਾ.) । | ਰੁ: 14,996/- | ਮਿਤੀ 6-4-2004 ਤੋਂ 15-4-2004 ਤੱਕ ਵਿਸਾਖੀ ਤੇ ਪਾਕਿਸਤਾਨ ਜਾਣ ਵਾਲੇ ਜੱਥੇ ਨਾਲ ਪੰਜਾਬ ਸਰਕਾਰ ਵਲੋਂ ਬਤੌਰ ਆਬਜ਼ਰਵਰ, ਸੁਰੱਖਿਆ ਅਤੇ ਜਥੇ ਦੀਆਂ ਗਤੀਵਿੱਧੀਆਂ ਤੇ ਨਿਗਰਾਨੀ ਕਰਨ ਲਈ । |
| 34. | ਅਮਰਜੀਤ ਸਿੰਘ ਸੇਠੀ, ਪ੍ਰਾਈਵੇਟ ਸਕੱਤਰ ਪੰਜਾਬ ਸਿਵਲ ਸਕੱਤਰੇਤ । | ਰੁ: 14,996/- | ਮਿਤੀ 6-4-2004 ਤੋਂ 15-4-2004 ਤੱਕ ਵਿਸਾਖੀ ਤੇ ਪਾਕਿਸਤਾਨ ਜਾਣ ਵਾਲੇ ਜੱਥੇ ਨਾਲ ਪੰਜਾਬ ਸਰਕਾਰ ਵਲੋਂ ਬਤੌਰ ਆਬਜ਼ਰਵਰ, ਸੁਰੱਖਿਆ ਅਤੇ ਜਥੇ ਦੀਆਂ ਗਤੀਵਿੱਧੀਆਂ ਤੇ ਨਿਗਰਾਨੀ ਕਰਨ ਲਈ । |

| 1 | 2 | 3 | 4 |
|---|---|---|---|
| 35. | ਸ਼ੇਰ ਸਿੰਘ, ਸੁਪਰਡੰਟ, ਪੰਜਾਬ ਸਿਵਲ ਸਕੱਤਰੇਤ । | ਰੁ: 14,996/- | ਮਿਤੀ 6-4-2004 ਤੋਂ 15-4-2004 ਤੱਕ ਵਿਸਾਖੀ ਤੇ ਪਾਕਿਸਤਾਨ ਜਾਣ ਵਾਲੇ ਜੱਥੇ ਨਾਲ ਪੰਜਾਬ ਸਰਕਾਰ ਵਲੋਂ ਬਤੌਰ ਆਬਜ਼ਰਵਰ, ਸੁਰੱਖਿਆ ਅਤੇ ਜਥੇ ਦੀਆਂ ਗਤੀਵਿੱਧੀਆਂ ਤੇ ਨਿਗਰਾਨੀ ਕਰਨ ਲਈ । |
| 36. | ਹਰਦਿਆਲ ਸਿੰਘ, ਸੁਪਰਡੰਟ, ਪੰਜਾਬ ਸਿਵਲ ਸਕੱਤਰੇਤ । | ਰੁ: 14,897/- | ਮਿਤੀ 8-6-2004 ਤੋਂ 12-6-2004 ਤੱਕ ਗੁਰੂ ਅਰਜਨ ਦੇਵ ਜੀ ਦੇ ਸ਼ਹਦੀ ਦਿਵਸ ਤੇ ਪਾਕਿਸਤਾਨ ਜਾਣ ਵਾਲੇ ਜੱਥੇ ਨਾਲ ਪੰਜਾਬ ਸਰਕਾਰ ਵਲੋਂ ਬਤੌਰ ਆਬਜ਼ਰਵਰ, ਸੁਰੱਖਿਆ ਅਤੇ ਜਥੇ ਦੀਆਂ ਗਤੀਵਿੱਧੀਆਂ ਤੇ ਨਿਗਰਾਨੀ ਕਰਨ ਲਈ । |
| 37. | ਬਖਸੀਸ਼ ਸਿੰਘ ਘੈਰਾ, ਸੁਪਰਡੰਟ, ਪੰਜਾਬ ਸਿਵਲ ਸਕੱਤਰੇਤ । | ਰੁ: 14,888/- | ਮਿਤੀ 8-6-2004 ਤੋਂ 12-6-2004 ਤੱਕ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਤੇ ਪਾਕਿਸਤਾਨ ਜਾਣ ਵਾਲੇ ਜੱਥੇ ਨਾਲ ਪੰਜਾਬ ਸਰਕਾਰ ਵਲੋਂ ਬਤੌਰ ਆਬਜ਼ਰਵਰ, ਸੁਰੱਖਿਆ ਅਤੇ ਜਥੇ ਦੀਆਂ ਗਤੀਵਿੱਧੀਆਂ ਤੇ ਨਿਗਰਾਨੀ ਕਰਨ ਲਈ । |

| | | | |
|---|---|---|---|
| 38. | ਜਸਪਾਲ ਸਿੰਘ, ਆਈ.ਏ.ਐਸ., ਕਿਰਤ ਕਮਿਸ਼ਨਰ, ਪੰਜਾਬ । | ਰੁ: 53,885/- | ਜਨੇਵਾ ਵਿਖੇ 92ਵੀਂ ਅੰਤਰ ਰਾਸ਼ਟਰੀ ਕਿਰਤ ਆਰਗੇਨਾਈਜੇਸ਼ਨ ਦੀ ਕਾਂਨਫਰੰਸ ਜੂਨ, 2004 ਵਿੱਚ ਭਾਗ ਲੈਣਾ, ਕਿਰਤੀਆਂ/ਮਾਲਕਾਂ ਦੀਆਂ ਸਮੱਸਿਆਵਾਂ ਬਾਰੇ ਸਰਕਾਰ ਦਾ ਪੱਖ ਪੇਸ਼ ਕਰਨਾ ਹੁੰਦਾ ਹੈ । |
| 39. | ਡੀ.ਐਸ. ਜਸਪਾਲ, ਆਈ.ਏ.ਐਸ., ਪ੍ਰਮੁੱਖ ਸਕੱਤਰ, ਸਭਿਆਚਾਰਕ ਮਾਮਲੇ ਅਤੇ ਅਜਾਇਬ ਘਰ ਤੇ ਪੁਰਾਤਤਵ ਵਿਭਾਗ । | ਰੁ: 3,40,000/- | ਮਿਤੀ 21-7-2004 ਤੋਂ 28-7-2004 ਤੱਕ ਅਮਰੀਕਾ ਵਿਖੇ ਸਿੱਖ ਹੈਰੀਟੇਜ ਗੈਲਰੀ ਸਮਿਥ ਸੋਨੀਅਨ ਮਿਊਜੀਅਮ, ਵਾਸਿੰਗਟਨ ਵਿਖੇ ਉਦਘਾਟਨ ਦੇ ਮੌਕੇ ਤੇ ਰਾਜ ਸਰਕਾਰ ਦੇ ਪ੍ਰਤੀਨਿੱਧ ਵਜੋਂ ਭਾਗ ਲਿਆ । |
| 40. | ਐਸ.ਐਸ. ਪੁਰੀ, ਆਈ.ਏ.ਐਸ., ਵਿਸ਼ੇਸ਼ ਸਕੱਤਰ, ਪਾਰਲੀਮੈਂਟਰੀ ਆਫੇਰਜ । (ਹੁਣ ਰਿਟਾਇਰਡ) | ਰੁ: 23,625/- | ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੇ ਪਾਕਿਸਤਾਨ ਵਿਖੇ ਮਿਤੀ 4-11-2004 ਤੋਂ 16-11-2004 ਤੱਕ ਸਿੱਖਾਂ/ਸਹਿਜਧਾਰੀ ਸਿੱਖਾਂ ਦੇ ਜਥੇ ਨਾਲ ਬਤੌਰ ਆਬਜਰਵਰ, ਸੁਰੱਖਿਆ ਪੱਖੋਂ ਜਥੇ ਦੀਆਂ ਗਤੀਵਿੱਧੀਆਂ ਤੇ ਨਿਗਰਾਨੀ ਕਰਨ ਲਈ । |

| 1 | 2 | 3 | 4 |
|---|---|---|---|
| 41. | ਹਰਭਜਨ ਸਿੰਘ, ਅਧੀਨ ਸਕੱਤਰ, ਤਾਲਮੇਲ । | ਰੁ: 14,479/- | ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੇ ਪਾਕਿਸਤਾਨ ਜਾਣ ਵਾਲੇ ਜਥੇ ਨਾਲ ਪੰਜਾਬ ਸਰਕਾਰ ਵਲੋਂ ਬਤੌਰ ਆਬਜ਼ਰਵਰ, ਸੁਰੱਖਿਆ ਪੱਖੋਂ ਜਥੇ ਦੀਆਂ ਗਤੀਵਿੱਧੀਆਂ ਤੇ ਨਿਗਰਾਨੀ ਕਰਨ ਲਈ ਮਿਤੀ 21-11-2004 ਤੋਂ 30-11-2004 ਤੱਕ ਜਾਣ ਬਾਰੇ । |
| 42. | ਡਾ. ਜੀ.ਐਲ. ਗੋਇਲ, ਡਾਇਰੈਕਟਰ, ਸਿਹਤ ਸੇਵਾਵਾਂ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ । | ਰੁ: 1,50,000/- | ਮਿਤੀ 17-1-2005 ਤੋਂ 24-1-2005 ਤੱਕ "ਯੂਨਾਈਟਿਡ ਨੇਸ਼ਨ ਵਰਲਡ ਕਾਨਫਰੰਸ ਆਨ ਡਿਜਾਸਟਰ ਰਿਡਕਸ਼ਨ" ਹਾਈਗੋ, ਜਪਾਨ ਵਿਖੇ ਭਾਗ ਲੈਣ ਲਈ । ਕਾਨਫਰੰਸ ਤੋਂ ਪ੍ਰਾਪਤ ਜਾਣਕਾਰੀ ਦੁਆਰਾ ਕੁਦਰਤੀ ਆਫਤਾਂ ਦਾ ਸੁੱਚਜੇ ਢੰਗ ਨਾਲ ਮੁਕਾਬਲਾ ਕਰਨ ਵਿੱਚ ਸਹਾਈ ਹੋਵੇਗਾ। |

| | | | |
|---|---|---|---|
| 43. | ਰੁਪਨ ਦਿਉਲ ਬਜਾਜ, ਆਈ.ਏ.ਐਸ., ਵਿੱਤੀ ਕਮਿਸ਼ਨਰ, ਮਾਲ ਵਿਭਾਗ, ਪੰਜਾਬ । | ਰੁ: 1,50,000/- | ਮਿਤੀ 18-1-2005 ਤੋਂ 22-1-2005 ਤੱਕ "ਯੂਨਾਈਟਿਡ ਨੇਸ਼ਨ ਵਰਲਡ ਕਾਨਫਰੰਸ ਆਨ ਡਿਜਾਸਟਰ ਰਿਡਕਸ਼ਨ" ਹਾਈਗੋ, ਜਪਾਨ ਵਿਖੇ ਭਾਗ ਲੈਣ ਲਈ । ਕਾਨਫਰੰਸ ਤੋਂ ਪ੍ਰਾਪਤ ਜਾਣਕਾਰੀ ਦੁਆਰਾ ਕੁਦਰਤੀ ਆਫਤਾਂ ਦਾ ਸੁੱਚਜੇ ਢੰਗ ਨਾਲ ਮੁਕਾਬਲਾ ਕਰਨ ਵਿੱਚ ਸਹਾਈ ਹੋਵੇਗਾ। |
| 44. | ਬੀ.ਐਸ. ਸੂਦਨ, ਆਈ.ਏ.ਐਸ., ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ । | ਰੁ: 3,031/- | ਮਿਤੀ 11-3-2005 ਤੋਂ 17-3-2005 ਤੱਕ ਪਾਕਿਸਤਾਨ ਵਿਖੇ ਮੀਡੀਆ ਕਵਰੇਜ ਭਾਰਤ-ਪਾਕਿਸਤਾਨ ਵਿਚਕਾਰ ਬਿਹਤਰ ਸਬੰਧ ਸਥਾਪਿਤ ਕਰਨ ਬਾਰੇ । |
| 45. | ਓ.ਐਸ. ਲਾਂਬਾ, ਉਪ ਡਾਇਰੈਕਟਰ, ਪ੍ਰੈਸ/ਮੁੱਖ ਮੰਤਰੀ, ਪੰਜਾਬ । | ਉਨ੍ਹਾਂ ਵਲੋਂ ਕੋਈ ਟੀ.ਏ./ ਡੀ.ਏ. ਕਲੇਮ ਨਹੀਂ ਕੀਤਾ ਗਿਆ । | ਮਿਤੀ 14-3-2005 ਤੋਂ 17-3-2005 ਤੱਕ ਪਾਕਿਸਤਾਨ ਵਿਖੇ ਮੀਡੀਆ ਕਵਰੇਜ ਭਾਰਤ-ਪਾਕਿਸਤਾਨ ਵਿਚਕਾਰ ਬਿਹਤਰ ਸਬੰਧ ਸਥਾਪਿਤ ਕਰਨ ਬਾਰੇ । |

------------------------------------------------------------

| 1 | 2 | 3 | 4 |
|---|---|---|---|
| 46. | **ਨਿਰਮਲ ਸਿੰਘ, ਡਿਪਟੀ ਡਾਇਰੈਕਟਰ, ਪ੍ਰਸਾਸ਼ਨ ਅਤੇ ਲੇਖਾ, ਸੂਚਨਾ ਤਕਨਾਲੋਜੀ** ਵਿਭਾਗ, ਪੰਜਾਬ । | ਰੁ: 19,543/- | **ਪਾਕਿਸਤਾਨ ਵਿਖੇ ਮਹਾਰਾਜਾ ਰਣਜੀਤ** ਸਿੰਘ ਦੀ ਸਾਲਾਨਾਂ **ਬਰਸੀ ਮਨਾਉਣ ਲਈ ਜਥੇ ਨਾਲ ਬਤੌਰ ਆਬਜ਼ਰਵਰ** ਮਿਤੀ 21-6-2004 ਤੋਂ 30-6-2004 ਤੱਕ ਜਾਣ ਬਾਰੇ । |
| 47. | ਗੁਰਬਿੰਦਰ ਰੰਧਾਵਾ, ਸੀਨੀਅਰ ਸਿਸਟਮ ਮੈਨੇਜਰ-ਕਮ-ਸੀਨੀਅਰ ਕੰਸਲਟੈਂਟ, ਸੂਚਨਾ ਤਕਨਾਲੋਜੀ ਵਿਭਾਗ, ਪੰਜਾਬ । | ਸਰਕਾਰ ਵੱਲੋਂ ਇਸ ਦੌਰੇ ਤੇ ਕੋਈ ਖ਼ਰਚਾ ਨਹੀਂ ਕੀਤਾ ਗਿਆ । | **ਕੋਆਲਾਲੰਪਰ, ਮਲੇਸ਼ੀਆ ਵਿਖੇ ਮਿਤੀ** 28-06-2004 ਤੋਂ 29-06-2004 ਤੱਕ ਮਾਈਕਰੋਸੋਫਟ ਡਿਵੈਲਪਮੈਂਟ **ਵਰਕਸ਼ਾਪ ਵਿੱਚ ਭਾਗ ਲੈਣ ਬਾਰੇ ।** |

3216--28-6-2005--305 ਕਾਪੀਆਂ--ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

# PUNJAB VIDHAN SABHA

## DEBATES

*Monday, the 28th March, 2005*

Vol. IX-No. 5

OFFICIAL REPORT

CONTENTS




**Punjab Vidhan Sabha Secretariat, Chandigarh.**

**Price : Rs.**

# PUNJAB VIDHAN SABHA

*Monday, the 28th March, 2005*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2-00 P.M. Mr. Speaker (Doctor Kewal Krishan) in the chair.*

---

## POSTPONED STARRED QUESTION AND ANSWER

### ਰਾਜ ਵਿਚ ਅਧਿਆਪਕਾਂ ਤੋਂ ਬਿਨਾਂ ਐਲੀਮੈਂਟਰੀ ਸਕੂਲ

***1094. ਸ਼੍ਰੀ ਤਰਲੋਚਨ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਅਧਿਆਪਕਾਂ ਤੋਂ ਬਿਨਾਂ ਸਰਕਾਰੀ ਐਲੀਮੈਂਟਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਅਜਿਹੇ ਬਦਲਵੇਂ ਤਰੀਕਿਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਦੁਆਰਾ ਇਹ ਸਕੂਲ ਚਲਾਏ ਜਾ ਰਹੇ ਹਨ ?

**ਸ਼੍ਰੀ ਹਰਨਾਮ ਦਾਸ ਜੌਹਰ :** ਸੂਚਨਾ ਅਨੁਲੱਗ ਤੇ ਰੱਖੀ ਜਾਂਦੀ ਹੈ ।

### ਅਨੁਲੱਗ

| ਲੜੀ ਨੰ: | ਜ਼ਿਲ੍ਹੇ ਦਾ ਨਾਮ | | ਬਿਨਾਂ ਅਧਿਆਪਕ ਸਕੂਲ primary Wing | Middle Wing |
|---|---|---|---|---|
| 1 | 2 | | 3 | 4 |
| 1. | ਅੰਮ੍ਰਿਤਸਰ | .. | 65 | 09 |
| 2. | ਬਠਿੰਡਾ | .. | 01 | -- |
| 3. | ਫਿਰੋਜ਼ਪੁਰ | .. | 57 | 05 |
| 4. | ਫਰੀਦਕੋਟ | .. | 01 | -- |

[ਸਿੱਖਿਆ ਮੰਤਰੀ]

| 1 | 2 | 3 | 4 |
|---|---|---|---|
| 5. | ਫਤਹਿਗੜ੍ਹ ਸਾਹਿਬ .. | 31 | -- |
| 6. | ਗੁਰਦਾਸਪੁਰ | 98 | 02 |
| 7. | ਹੁਸ਼ਿਆਰਪੁਰ .. | 34 | 04 |
| 8. | ਜਲੰਧਰ | 19 | 01 |
| 9. | ਕਪੂਰਥਲਾ .. | 10 | -- |
| 10. | ਲੁਧਿਆਣਾ | 44 | -- |
| 11. | ਮਾਨਸਾ .. | Nil | 06 |
| 12. | ਮੁਕਤਸਰ | 06 | -- |
| 13. | ਮੋਗਾ | 23 | 09 |
| 14. | ਨਵਾਂ ਸ਼ਹਿਰ | 08 | 04 |
| 15. | ਪਟਿਆਲਾ | 80 | 02 |
| 16. | ਰੋਪੜ .. | 27 | 01 |
| 17. | ਸੰਗਰੂਰ | 52 | 04 |
| | ਕੁੱਲ ਜੋੜ | 556 | 47 |

ਇਨ੍ਹਾਂ ਸਕੂਲਾਂ ਵਿਚ ਕੰਮ ਚਲਾਉਣ ਲਈ ਬਦਲਵੇਂ ਪ੍ਰਬੰਧ ਨਜ਼ਦੀਕ ਦੇ ਸਕੂਲ ਤੋਂ ਟੀਚਰ ਭੇਜ ਕੇ ਕੀਤੇ ਜਾਂਦੇ ਹਨ ।

**ਸ਼੍ਰੀ ਤਰਲੋਚਨ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਟੀਚਰਾਂ ਦੀ ਕਮੀ ਹੈ, ਇਸ ਨੂੰ ਪੂਰਾ ਕਰਨ ਦੇ ਲਈ ਕੀ ਯਤਨ ਕੀਤੇ ਜਾ ਰਹੇ ਹਨ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਕਮੀ ਹੈ,ਉਸ ਨੂੰ ਪੂਰਾ ਕਰਨ ਲਈ ਮਾਨਯੋਗ ਸੀ.ਐਮ. ਸਾਹਿਬ ਨੂੰ ਅਰਜ਼ ਕੀਤੀ ਜਾ ਰਹੀ ਹੈ ਅਤੇ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਵੀ ਅਰਜ਼ ਕੀਤੀ ਜਾ ਰਹੀ ਹੈ। ਜਿਸ ਵੇਲੇ ਇਨ੍ਹਾਂ ਦਾ ਹੁਕਮ ਹੋਵੇਗਾ ਅਤੇ ਫੰਡ ਅਵੇਲੇਬਲ ਹੋਣਗੇ, ਉਸ ਵੇਲੇ ਟੀਚਰਜ਼ ਰੱਖ ਲਵਾਂਗੇ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਟੀਚਰਾਂ ਦੀ ਭਰਤੀ ਤੇ ਕੋਈ ਬੈਨ ਤਾਂ ਨਹੀਂ ਹੈ?

**ਮੰਤਰੀ** : ਐਟ ਪਰੈਜੈਂਟ ਤਾਂ ਬੈਨ ਹੈ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਜੇ ਬੈਨ ਹੈ ਤਾਂ ਫਿਰ ਕੀ ਯਤਨ ਕੀਤੇ ਜਾ ਰਹੇ ਹਨ? ਫਿਰ ਯਤਨ ਕੀ ਹੋਏ?

**ਮਾਨਯੋਗ ਸਪੀਕਰ** : ਹਾਂ ਜੀ, ਬੈਨ ਔਰ ਯਤਨ ਕਰਨ ਬਾਰੇ ਦੱਸੋ।

**ਮੰਤਰੀ** : ਸਪੀਕਰ ਸਾਹਿਬ, ਯਤਨ ਦਾ ਮਤਲਬ ਹੈ ਕਿ ਸਾਰੀ ਇਨਫਰਮੇਸ਼ਨ ਸਾਡੇ ਸਤਿਕਾਰਯੋਗ ਚੀਫ ਮਨਿਸਟਰ ਜੀ ਦੇ ਨੋਟਿਸ ਵਿਚ ਲਿਆ ਦਿੱਤੀ ਗਈ ਹੈ। ਜਿਸ ਸਟੇਜ ਤੇ ਭਾਵ ਜਿਸ ਵੇਲੇ ਫੰਡ ਹੋਣਗੇ, ਤਾਂ ਜ਼ਰੂਰ ਪਹਿਲ ਦੇ ਆਧਾਰ ਤੇ ਟੀਚਰਾਂ ਨੂੰ ਰੱਖਿਆ ਜਾਵੇਗਾ।

STARRED QUESTIONS AND ANSWERS

**ਅਟਾਰੀ- ਝਬਾਲ ਸੜਕ ਦੀ ਮੁਰੰਮਤ**

*1130. **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਟਾਰੀ-ਝਬਾਲ ਸੜਕ ਦੀ ਮੁਰੰਮਤ ਪਿਛੇ ਕਿਸ ਸਾਲ ਵਿੱਚ ਕੀਤੀ ਗਈ ਸੀ ਅਤੇ ਸਰਕਾਰ ਦੀ ਚਾਲੂ ਵਿੱਤੀ ਸਾਲ ਦੇ ਦੌਰਾਨ ਉਕਤ ਸੜਕ ਨੂੰ ਚੌੜਾ ਕਰਨ ਅਤੇ ਮੁਰੰਮਤ ਕਰਨ ਦੀ ਕੋਈ ਤਜਵੀਜ਼ ਹੈ?

**Sardar Partap Singh Bajwa** : Sir, Attari-Jhabal road having length of 26.98 Km was earlier repaired as follows :

| Km | Year of Repair |
|---|---|
| 0.00 to 3.00 | 1999-2000 |
| 3.00 to 5.00 | 2000-2001 |
| 5.00 to 12.31 | 1996-1997 |
| 12.13 to 26.98 | 2001-2002 |

[ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ]

The stretch from RD 8.40 to 10.00(1.6Km)has been transferred to Border roads organisation (BRO)since October, 2003. The road is proposed to be repaired during 2005-06 except the reach from RD 8.40 to 10.00 Km. This road has been approved under World Bank Scheme Phase-I for widening and strengthening which is likely to be taken up in 2006-07.

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਹੈ, ਇਹ ਤਕਰੀਬਨ 26 ਕਿਲੋਮੀਟਰ ਲੰਬੀ ਹੈ ਅਤੇ ਇਹ ਸੜਕ ਬਾਰਡਰ ਏਰੀਏ ਵਿਚ ਪੈਂਦੀ ਹੈ। ਸਾਲ 2001-02 ਦੇ ਵਿਚ ਇਸ ਦੀ ਵਾਈਡਨਿੰਗ ਕੀਤੀ ਗਈ ਸੀ। ਉਦੋਂ ਇਹ ਸੜਕ ਤਕਰੀਬਨ ਅੱਧੀ ਚੌੜੀ ਹੋ ਗਈ ਸੀ ਅਤੇ ਅੱਧੀ ਰਹਿੰਦੀ ਹੈ। ਹੁਣ ਇਹ ਤਕਰੀਬਨ 13 ਕਿਲੋਮੀਟਰ ਸੜਕ ਚੌੜੀ ਹੋਣੋਂ ਅਤੇ ਰਿਪੇਅਰ ਹੋਣ ਤੋਂ ਰਹਿੰਦੀ ਹੈ। ਦੋ-ਤ੍ਰਿੰਨ ਸਾਲ ਦਾ ਸਮਾਂ ਹੋ ਗਿਆ ਹੈ। ਇਹ ਬਾਰਡਰ ਰੋਡ ਕਾਫੀ ਅਹਿਮ ਹੈ। ਇਸ ਤੇ ਕਾਫੀ ਪਿੰਡ ਆਉਂਦੇ ਹਨ ਅਤੇ ਇਸ ਸੜਕ ਤੇ ਕਾਫੀ ਜ਼ਿਆਦਾ ਆਵਾਜਾਈ ਰਹਿੰਦੀ ਹੈ। ਹੁਣ ਸੜਕ ਦੀ ਹਾਲਤ ਖਸਤਾ ਹੈ। ਇਸ ਬਾਰਡਰ ਰੋਡ ਨੂੰ ਕਿੰਨੇ ਚਿਰ ਵਿਚ ਚੌੜੀ ਕਰ ਦੇਵੋਗੇ ?

**ਮਾਨਯੋਗ ਸਪੀਕਰ** : ਹਾਂ ਜੀ, ਟਾਈਮ ਬਾਰੇ ਦੱਸੋ ਕਿ ਕਿੰਨਾ ਲੱਗੇਗਾ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ, ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸੜਕ ਦੀ ਬੜੀ ਇੰਪੋਰਟੈਂਸ ਹੈ । ਮੈਂ ਜਿਹੜੀ ਬਾਰਡਰ ਰੋਡ ਦਾ ਜ਼ਿਕਰ ਕਰ ਰਿਹਾ ਹਾਂ, ਇੱਕ ਬਾਰਡਰ ਰੋਡ ਆਰਗੇਨਾਈਜ਼ੇਸ਼ਨ, ਗੌਰਮਿੰਟ ਆਫ ਇੰਡੀਆ ਦੀ ਆਰਮੀ ਦੀ ਆਰਗੇਨਾਈਜੇਸ਼ਨ ਹੈ । ਇਸ ਦੇ ਕੋਲ 1.60 ਕਿਲੋਮੀਟਰ ਬਾਰਡਰ ਰੋਡ ਹੈ । ਸਾਰੇ ਰੋਡ ਨੂੰ ਬਾਰਡਰ ਰੋਡ ਨਹੀਂ ਕਹਿੰਦੇ ਲੇਕਿਨ ਇਹ ਸੜਕ ਬਾਰਡਰ ਨੂੰ ਜ਼ਰੂਰ ਜਾਂਦੀ ਹੈ । ਬਕਾਇਆ ਕੰਮ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇੱਕ ਖੁਸ਼ੀ ਦੀ ਗੱਲ ਵੀ ਹੈ ਕਿ ਵਰਲਡ ਬੈਂਕ ਦਾ ਜਿਹੜਾ ਪਹਿਲਾ ਫੇਜ਼ ਹੈ, ਉਸ ਦੇ ਤਕਰੀਬਨ 7-8 ਕੌਰੀਡੋਰਜ਼ ਹਨ । ਉਸ ਦੇ ਵਿਚ 400 ਕਿਲੋਮੀਟਰ ਤੇ ਉਨ੍ਹਾਂ ਨੇ ਪਹਿਲਾਂ ਕੰਮ ਲਿਆ ਹੈ, ਉਸ ਦੇ ਵਿਚ ਕਪੂਰਥਲੇ ਤੋਂ ਲੈ ਕੇ ਵਾਇਆਂ ਗੋਇੰਦਵਾਲ ਅਟਾਰੀ ਤੱਕ ਸੜਕ ਸਾਲ 2006 ਤੋਂ ਸ਼ੁਰੂ ਹੋ ਜਾਣੀ ਹੈ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਸਪੀਕਰ ਸਾਹਿਬ, ਕੀ ਇਹ ਇਸ ਦੇ ਲਈ ਕੋਈ ਸਮਾਂ ਨਿਸ਼ਚਿਤ ਕਰਨਗੇ ? ਕਾਫੀ ਸਮਾਂ ਇਸ ਦੀ ਰਿਪੇਅਰ ਨੂੰ ਹੋ ਗਿਆ ਹੈ।

**ਮੰਤਰੀ :** 6 ਮਹੀਨਿਆਂ ਦੇ ਵਿਚ ਇਸ ਸੜਕ ਦੀ ਸਪੈਸ਼ਲ ਰਿਪੇਅਰ ਕਰੇਵਾ ਦੇਵਾਂਗੇ ।

--------

## ਮਿਆਣੀ-ਟਾਂਡਾ ਸੜਕ ਤੇ ਪੁਲ ਦੀ ਮੁਰਮੰਤ

***1168. ਸ਼੍ਰੀ ਦੇਸ ਰਾਜ ਧੁੱਗਾ :** ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਿਆਣੀ-ਟਾਂਡਾ ਸੜਕ (ਬਰਾਸਤਾ ਤੋਲਾ ਮੋਧਾ) ਉਤਲੇ ਪੁਲ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa :** Yes Sir. There is a proposal to construct new bridge in place of existing old bridge. The work is likely to be taken in hand during 2005-06 to be completed in a period of about one year .

**ਸ਼੍ਰੀ ਦੇਸ ਰਾਜ ਧੁੱਗਾ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕਿਉਂਕਿ ਇਸ ਪੁਲ ਦੀ ਹਾਲਤ ਬੜੀ ਖਸਤਾ ਹੈ, ਕੀ ਇਸ ਨੂੰ ਪਹਿਲ ਦੇ ਆਧਾਰ ਤੇ ਬਣਾ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਇਸ ਪੁਲ ਨੂੰ ਪਹਿਲ ਦੇ ਆਧਾਰ ਤੇ ਲਵਾਂਗੇ ਔਰ ਨਾਬਾਰਡ 10 ਦੀ ਸਕੀਮ ਅਧੀਨ ਮਨਜ਼ੂਰੀ ਹੋ ਚੁੱਕੀ ਹੈ । ਇਸ ਪੁਲ ਉਤੇ 99.75 ਲੱਖ ਰੁਪਏ ਦਾ ਖ਼ਰਚਾ ਹੋਣਾ ਹੈ ਅਤੇ ਅਕਤੂਬਰ ਦੇ ਵਿੱਚ ਕੰਮ ਸ਼ੁਰੂ ਹੋ ਜਾਵੇਗਾ ਅਤੇ ਅਗਲੇ ਸਾਲ ਜੂਨ, 2006 ਤੱਕ ਕੰਮ ਮੁਕੰਮਲ ਕਰ ਲਿਆ ਜਾਵੇਗਾ ।

-------

## ਪੁੱਡਾ ਦੇ ਮੁੱਖ ਇੰਜੀਨੀਅਰ ਦੀ ਤੱਰਕੀ

*1040. ਸਰਦਾਰ ਬੀਰ ਦਵਿੰਦਰ ਸਿੰਘ : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੁੱਡਾ ਦੇ ਸਭ ਤੋਂ ਸੀਨੀਅਰ ਨਿਗਰਾਨ ਇੰਜੀਨੀਅਰ, ਮੁੱਖ ਇੰਜੀਨੀਅਰ ਦੀ ਆਸਾਮੀ ਤੇ ਤਰੱਕੀ ਲਈ ਯੋਗ ਸਨ/ਹਨ; ਜੇਕਰ ਅਜਿਹਾ ਹੋਵੇ, ਤਾਂ ਪੁੱਡਾ ਦੇ ਮੁੱਖ ਇੰਜੀਨੀਅਰ ਦੀ ਆਸਾਮੀ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

**Shri Raghunath Sahai Puri :** No officer out of the available Superintending Engineers of PUDA is/was eligible as per PUDA regulations, for promotion to the post of Chief Engineer. In view of the above, no definite period can be indicated for filling up the post of Chief Engineer in PUDA.

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਪੁੱਡਾ ਦੇ ਵਿੱਚ ਨਿਗਰਾਨ ਇੰਜੀਨੀਅਰ, ਚੀਫ ਇੰਜੀਨੀਅਰ ਦੀ ਆਸਾਮੀ ਲਈ ਯੋਗ ਨਹੀਂ ਹੈ। ਪਰ ਇਸ ਆਸਾਮੀ ਨੂੰ ਭਰਨ ਵਾਸਤੇ ਸਰਕਾਰ ਵਲੋਂ ਕੀ ਯਤਨ ਕੀਤੇ ਜਾ ਰਹੇ ਹਨ? ਜੇਕਰ ਇਸ ਆਸਾਮੀ ਨੂੰ ਪੁੱਡਾ ਵਿਚੋਂ ਨਹੀਂ ਭਰਿਆ ਜਾਣਾ ਤਾਂ ਇਸ ਦਾ ਫੈਸਲਾ ਕਿਸ ਪੱਧਰ ਤੇ ਕਿਸ ਮਿਤੀ ਨੂੰ ਹੋਇਆ, ਇਸ ਦੀ ਜਾਣਕਾਰੀ ਦਿੱਤੀ ਜਾਵੇ ਅਤੇ ਪੁੱਡਾ ਦੇ ਅਫਸਰਾਂ ਦੀ ਸੀਨੀਅਰਤਾ ਲਿਸਟ ਦੇ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ ।

**ਮੰਤਰੀ:** ਸਪੀਕਰ ਸਾਹਿਬ, ਇਲੀਜੀਬਿਲਟੀ ਬਾਰੇ ਗੱਲ ਕੀਤੀ ਗਈ ਹੈ, ਪੁੱਡਾ ਦੇ ਵਿਚ ਚੀਫ ਇੰਜੀਨੀਅਰ ਦੀ ਪੋਸਟ ਲਈ ਐਸ.ਈ. ਨੂੰ ਘਟ ਘਟ ਅੱਠ ਸਾਲ ਤਜਰਬਾ ਹੋਣਾ ਜ਼ਰੂਰੀ ਹੈ। ਐਸ.ਡੀ.ਓ. ਤੋਂ ਐਸ.ਈ. ਬਣਨ ਲਈ 20 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ। ਇਤਨਾ ਤਜਰਬਾ ਕੋਈ ਵੀ ਕਰਮਚਾਰੀ /ਅਧਿਕਾਰੀ ਨਹੀਂ ਰੱਖਦਾ। ਇਸੇ ਕਰਕੇ ਇਹ ਇਲੀਜੀਬਲ ਨਹੀਂ ਹਨ ?

**Sardar Bir Devinder Singh :** Sir, whether it is a fact that the Junior most Superintending Engineer has officiated as Chief Engineer, PUDA. for some time ? If so, then, what were the circumstances. Why a Junior most Superintendent Engineer was picked up to give this charge and then why he has been relieved of the charge. Both circumstances be explained ?

**ਮੰਤਰੀ:** ਜਿਹੜਾ ਸੀਨੀਅਰ ਮੋਸਟ ਐਸ.ਈ. ਸੀ ਉਸ ਦੇ ਖਿਲਾਫ ਚਾਰਜਿਜ਼ ਫਰੇਮ ਹੋਏ ਸਨ, ਇਸ ਕਰਕੇ ਅਸੀਂ ਉਸ ਤੋਂ ਅਗਲੇ ਜੂਨੀਅਰ ਸ਼੍ਰੀ ਤਰਲੋਚਨ ਸਿੰਘ ਨੂੰ ਚੀਫ ਇੰਜੀਨੀਅਰ ਆਫੀਸ਼ੀਏਟ ਚਾਰਜ ਦਿੱਤਾ ਸੀ । ਜਿਹੜਾ ਸੀਨੀਅਰ ਮੋਸਟ

ਸ਼੍ਰੀ ਬਲਰਾਜ ਮੋਹਨ ਸੀ, ਉਸ ਦੇ ਖਿਲਾਫ ਚਾਰਜਿਜ਼ ਲਗੇ ਹੋਏ ਸਨ। ਇਸ ਕਰਕੇ ਉਹ ਇਲੀਜੀਬਲ ਨਹੀਂ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਪੁੱਡਾ ਵਿਚ 2003 ਤੋਂ ਲੈ ਕੇ ਹੁਣ ਤੱਕ ਚੀਫ ਇੰਜੀਨੀਅਰ ਦੀ ਆਸਾਮੀ ਖਾਲੀ ਪਈ ਹੈ। ਪਰ ਮੰਤਰੀ ਜੀ ਕਹਿੰਦੇ ਹਨ ਕਿ ਇਸ ਆਸਾਮੀ ਵਾਸਤੇ ਕੋਈ ਐਸ.ਈ. ਯੋਗ ਨਹੀਂ ਸੀ। ਫਿਰ ਇਸ ਪੋਸਟ ਨੂੰ ਭਰਨ ਲਈ ਸਰਕਾਰ ਵਲੋਂ ਪੰਜਾਬ ਦੇ ਅੰਦਰ ਅਤੇ ਪੰਜਾਬ ਦੇ ਬਾਹਰ ਮੁਲਕ ਵਿਚੋਂ ਕਿਹੜਾ ਯੋਗ ਬੰਦਾ, ਇਸ ਆਸਾਮੀ ਲਈ ਲਭਿਆ ਜਾ ਰਿਹਾ ਹੈ । ਫਿਰ ਤੁਸੀਂ ਸ਼੍ਰੀ ਤਰਲੋਚਨ ਸਿੰਘ, ਜਿਹੜਾ ਕਿ ਜੂਨੀਅਰ ਸੀ ਉਸ ਨੂੰ ਆਫੀਸ਼ੀਏਟ ਚਾਰਜ ਕਿਉਂ ਦਿੱਤਾ ਤੇ ਨਾਲ ਹੀ ਫਿਰ ਉਸ ਤੋਂ ਚਾਰਜ ਵਾਪਸ ਵੀ ਲੈ ਲਿਆ ਹੈ ।

**ਮੰਤਰੀ**: ਜਿਹੜੇ ਉਸ ਦੇ ਖਿਲਾਫ ਚਾਰਜਿਜ਼ ਸਨ ਉਹ ਕਲੀਅਰ ਹੋ ਗਏ ਹਨ । ਅਸੀਂ ਪੀ.ਡਬਲਯੂ.ਡੀ. ਨੂੰ ਇਸ ਆਸਾਮੀ ਨੂੰ ਭਰਨ ਵਾਸਤੇ ਲਿਖ ਕੇ ਭੇਜਿਆ ਹੋਇਆ ਹੈ, ਉਥੋਂ ਯੋਗ ਚੀਫ ਇੰਜੀਨੀਅਰ ਮਿਲ ਜਾਵੇਗਾ ਤਾਂ ਅਸੀਂ ਉਸ ਨੂੰ ਆਨ-ਡੈਪੂਟੇਸ਼ਨ ਰੱਖ ਲਵਾਂਗੇ।

## ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ

*1157. (1) **ਸ਼੍ਰੀ ਰਮੇਸ਼ ਦੱਤ ਸ਼ਰਮਾ**
(2) **ਸ਼੍ਰੀ ਤਰਲੋਚਨ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਸਿਵਲ ਹਸਪਤਾਲਾਂ/ਸਿਵਲ ਡਿਸਪੈਂਸਰੀਆਂ ਵਿਚ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਭਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਸ਼੍ਰੀ ਰਮੇਸ਼ ਚੰਦਰ ਡੋਗਰਾ** : ਰਾਜ ਵਿਚ ਸਿਵਲ ਹਸਪਤਾਲਾਂ/ਸਿਵਲ ਡਿਸਪੈਂਸਰੀਆਂ ਵਿਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਸਬੰਧੀ ਲੋੜੀਂਦੀ ਸੂਚਨਾ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ। ਰਾਜ ਵਿਚ ਭਰਤੀ ਕਰਨ ਤੇ ਰੋਕ ਲਗੀ ਹੋਈ ਹੈ ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]
ਡਾਕਟਰਾਂ ਦੀਆਂ ਖਾਲੀ ਆਸਾਮੀਆਂ ਨੂੰ ਜਲਦੀ ਤੋਂ ਜਲਦੀ ਭਰਨ ਲਈ ਨਿਰਧਾਰਤ ਵਿਧੀ ਅਨੁਸਾਰ ਉਪਰਾਲੇ ਕੀਤੇ ਜਾ ਰਹੇ ਹਨ।

**ਡਾਕਟਰਾਂ ਦੀਆਂ ਖਾਲੀ ਆਸਾਮੀਆਂ ਬਾਰੇ**

| ਲੜੀ ਨੰ: | ਜ਼ਿਲ੍ਹੇ ਦਾ ਨਾਮ | | ਸਿਵਲ ਹਸਪਤਾਲਾਂ ਵਿੱਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ | ਸਿਵਲ ਡਿਸਪੈਂਸਰੀਆਂ ਵਿੱਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ |
|---|---|---|---|---|
| 1. | ਅੰਮ੍ਰਿਤਸਰ | .. | 1 | – |
| 2. | ਬਠਿੰਡਾ | .. | 12 | 1 |
| 3. | ਫਰੀਦਕੋਟ | .. | 2 | 1 |
| 4. | ਫਤਹਿਗੜ੍ਹ ਸਾਹਿਬ | .. | 2 | – |
| 5. | ਫਿਰੋਜ਼ਪੁਰ | .. | 17 | – |
| 6. | ਗੁਰਦਾਸਪੁਰ | .. | 4 | – |
| 7. | ਹੁਸ਼ਿਆਰਪੁਰ | .. | 2 | – |
| 8. | ਜਲੰਧਰ | .. | 4 | – |
| 9. | ਕਪੂਰਥਲਾ | .. | 1 | – |
| 10. | ਲੁਧਿਆਣਾ | .. | 1 | – |
| 11. | ਮਾਨਸਾ | .. | – | 2 |
| 12. | ਮੋਗਾ | .. | 2 | – |
| 13. | ਮੁਕਤਸਰ | .. | 4 | – |
| 14. | ਨਵਾਂਸ਼ਹਿਰ | .. | 1 | – |
| 15. | ਪਟਿਆਲਾ | .. | 1 | – |
| 16. | ਰੋਪੜ | .. | 4 | – |
| 17. | ਸੰਗਰੂਰ | .. | 8 | – |
| | ਕੁੱਲ: | .. | 66 | 4 |

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਨਣਾ ਚਾਹਵਾਂਗਾ ਕਿ ਕੀ ਇਨ੍ਹਾਂ ਨੂੰ ਡਾਕਟਰਾਂ ਦੀ ਭਰਤੀ ਵਾਸਤੇ ਕੋਈ ਰਿਕੁਮੈਂਡੇਸ਼ਨ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਤੋਂ ਪ੍ਰਾਪਤ ਹੋਈ ਹੈ ?

**ਮਾਨਯੋਗ ਸਪੀਕਰ** : ਹਾਂ ਜੀ, ਕੀ ਕੋਈ ਪੀ.ਪੀ.ਐਸ.ਸੀ. ਨੇ ਰਿਕੁਮੈਂਡੇਸ਼ਨ ਭੇਜੀ ਹੈ ?

**Minister :** Sir, we have received some recommendations from Punjab Public Service Commision. The list has been sent to the Hon'ble Chief Minister of Punjab for approval.

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਜਾਨਣਾ ਚਾਹਵਾਂਗਾ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੇ ਮਹਿਕਮੇ ਨੂੰ ਡਾਕਟਰਾਂ ਦੀਆਂ ਕਿੰਨੀਆਂ ਆਸਾਮੀਆਂ ਭਰਨ ਦੀ ਰਿਕੁਮੈਂਡੇਸ਼ਨ ਕਰਕੇ ਭੇਜੀ ਹੈ?

**Minister:** He can put a separate question, then i can give reply. I do not have the information about number of doctors.

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਆਪ ਰਾਹੀਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਸਿਹਤ ਸੇਵਾਵਾਂ ਦੇ ਪੱਖ ਤੋਂ ਜਾਂ ਡਾਕਟਰਾਂ ਦੇ ਪੱਖ ਤੋਂ ਪਿੰਡ ਬੜੇ ਵਾਂਝੇ ਹਨ। ਕੀ ਮੰਤਰੀ ਸਾਹਿਬ ਪਹਿਲ ਦੇ ਆਧਾਰ ਤੇ ਇਸ ਨੂੰ ਪੂਰਾ ਕਰਨ ਲਈ ਕੋਈ ਯਤਨ ਕਰ ਰਹੇ ਹਨ? ਇਸ ਦੇ ਨਾਲ ਹੀ ਕੀ ਮੰਤਰੀ ਸਾਹਿਬ ਦੱਸਣਗੇ ਕਿ ਜੋ ਡਾਕਟਰ ਸਰਕਾਰੀ ਨੌਕਰੀ ਕਰਨ ਦੇ ਨਾਲ ਨਾਲ ਪ੍ਰਾਈਵੇਟ ਕਲੀਨਿਕ ਚਲਾ ਰਹੇ ਹਨ, ਕੀ ਉਨ੍ਹਾਂ ਤੇ ਇਹ ਬੈਨ ਲਗਾਉਣ ਦਾ ਵਿਚਾਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ,ਇਨ੍ਹਾਂ ਦਾ ਪਹਿਲਾ ਸਵਾਲ ਹੈ ਕਿ ਕੀ ਅਸੀਂ ਕੋਈ ਸਿਹਤ ਸੇਵਾਵਾਂ ਬੇਹਤਰ ਢੰਗ ਨਾਲ ਮੁਹੱਈਆ ਕਰਾਉਣ ਲਈ ਉਪਰਾਲਾ ਕਰ ਰਹੇ ਹਾਂ ? ਮੈਂ ਡਾਕਟਰਾਂ ਦੀਆਂ ਵੇਕੈਂਸੀਆਂ ਭਰਨ ਬਾਰੇ ਪਹਿਲਾਂ ਵੀ ਕਿਹਾ ਹੈ ਕਿ two committees have been formed by the Hon'ble Chief Minister. One is the Secretary's Committee and the other is the Committee of Ministers.The Secretary's Committee has cleared the list which we had placed before them. The Chief Secretary has sent that to the Minister's Committee. ਮਨਿਸਟਰਾਂ ਦੀ ਕਮੇਟੀ ਵਲੋਂ ਰਿਵਿਊ ਹੋਣਾ ਹੈ । ਇਕ ਕਮੇਟੀ ਮੀਟਿੰਗ ਹੋ ਚੁੱਕੀ ਹੈ। ਜਦੋਂ ਦੂਸਰੀ ਮੀਟਿੰਗ ਹੋਵੇਗੀ, we will try ਕਿ ਪਾਸ ਹੋ ਜਾਵੇ । Hon'ble Finance Minister

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

is the Chairman of the Ministers Committee. Once that is passed, then we will go to the Cabinet and after that we will fill the posts. This is, Sir, what we do to fill the posts.

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੇਰੇ ਸੈਕਿੰਡ ਪੁਆਇੰਟ ਦਾ ਜਵਾਬ ਨਹੀਂ ਆਇਆ। ਮੈਂ ਉਨ੍ਹਾਂ ਡਾਕਟਰਜ਼ ਤੇ ਬੈਨ ਲਗਾਉਣ ਬਾਰੇ ਪੁੱਛਿਆ ਹੈ ਜਿਹੜੇ ਸਰਕਾਰੀ ਨੌਕਰੀ ਵਿਚ ਹੁੰਦੇ ਹੋਏ, ਪ੍ਰਾਈਵੇਟ ਕਲੀਨਿਕ ਚਲਾ ਰਹੇ ਹਨ ।

**Minister** : Sorry Sir. ਜਿਹੜੇ ਡਾਕਟਰ ਆਪਣੀ ਪ੍ਰਾਈਵੇਟ ਪ੍ਰੈਕਟਿਸ ਕਰ ਰਹੇ ਹਨ, ਕੀ ਉਨ੍ਹਾਂ ਦੇ ਅਗੇਂਸਟ ਐਕਸ਼ਨ ਲਿਆ ਜਾਂਦਾ ਹੈ ਜਾਂ ਮਹਿਕਮੇ ਵਾਲੇ ਐਕਸ਼ਨ ਲੈਣਗੇ, ਇਹ ਇਨ੍ਹਾਂ ਦਾ ਸਵਾਲ ਸੀ। ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਡੇਫੀਨੇਟਲੀ ਸਰ, ਜਿਹੜੇ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਕਰ ਰਹੇ ਹਨ, We take stern action against them and we are quite vigilant ਤਾਂਕਿ ਸਾਡਾ ਕੰਮ ਸਫਰ ਨਾ ਕਰੇ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਭਰਤੀ ਤੇ ਰੋਕ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਉਹ ਵਿੱਤੀ ਸਾਧਨਾਂ ਦੇ ਖੱਪੇ ਦੀ ਵਜ੍ਹਾ ਕਰਕੇ ਹੈ ਜਾਂ ਪ੍ਰਾਈਵੇਟਾਈਜੇਸ਼ਨ ਦੀ ਵਜ੍ਹਾ ਕਰਕੇ ਇਹ ਆਸਾਮੀਆਂ ਖਾਲੀ ਰੱਖੀ ਜਾ ਰਹੇ ਹਨ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਵਿਚ ਪ੍ਰਾਈਵੇਟਾਈਜੇਸ਼ਨ ਦੀ ਕੋਈ ਗੱਲ ਨਹੀਂ ਹੈ। ਜਿਹੜੀਆਂ ਪੋਸਟਾਂ ਖਾਲੀ ਹਨ, ਉਹ ਬਹੁਤ ਜ਼ਿਆਦਾ ਗਿਣਤੀ ਵਿਚ ਖਾਲੀ ਹਨ। 784 ਪੋਸਟਾਂ ਆਰਡੀਨੇਰਿਲੀ ਖਾਲੀ ਹਨ ਤੇ 590 ਪੋਸਟਾਂ, by virtue of ਵਰਲਡ ਬੈਂਕ ਪ੍ਰਾਜੈਕਟ ਅਧੀਨ ਹਸਪਤਾਲਾਂ ਦੀਆਂ ਜਿਹੜੀਆਂ ਬਿਲਡਿੰਗਜ਼ ਨਵੀਆਂ ਬਣੀਆਂ ਹਨ, ਉਨ੍ਹਾਂ ਦੀ ਵਜ੍ਹਾ ਕਰਕੇ ਯਾਨੀ ਤਕਰੀਬਨ 1374 ਪੋਸਟਾਂ ਇਸ ਵੇਲੇ ਖਾਲੀ ਪਈਆਂ ਹਨ। ਇਹ ਪੋਸਟਾਂ ਜਿਹੜੀਆਂ ਖਾਲੀ ਹਨ, they are not being kept ਖਾਲੀ। ਪ੍ਰਾਈਵੇਟਾਈਜੇਸ਼ਨ ਕਾਰਨ ਕੋਈ ਗੱਲ ਨਹੀਂ ਹੈ, nothing of the sort. One principle of recruitment has been made by Hon'ble Chief Minister and we follow that principle and as soon as that is complete, we will fill the posts.

-------------

## ਹੁਸ਼ਿਆਰਪੁਰ ਵਿਖੇ ਪਸ਼ੂ ਹਸਪਤਾਲ/ਡਿਸਪੈਂਸਰੀਆਂ

***1084. ਸ਼੍ਰੀ ਤਿਕਸ਼ਨ ਸੂਦ** (ਚੌਧਰੀ ਬਲਬੀਰ ਸਿੰਘ ਮਿਆਣੀ ਵਲੋਂ ਪੇਸ਼ ਕੀਤਾ ਗਿਆ) : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ I ਅਤੇ II ਵਿਚ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ ਅਤੇ ਨਾਂ ਕੀ-ਕੀ ਹਨ ਅਤੇ ਇਨ੍ਹਾਂ ਅਧੀਨ ਆਉਂਦੇ ਪਿੰਡਾਂ ਦੇ ਨਾਂ ਕੀ-ਕੀ ਹਨ ?

**ਸਰਦਾਰ ਜਗਮੋਹਨ ਸਿੰਘ ਕੰਗ** : ਹੁਸ਼ਿਆਰਪੁਰ ਦੇ ਬਲਾਕ-I ਅਤੇ II ਦੇ ਪਸ਼ੂ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਗਿਣਤੀ ਹੇਠ ਅਨੁਸਾਰ ਹੈ :-

| ਬਲਾਕ | | ਪਸ਼ੂ ਹਸਪਤਾਲਾਂ ਦੀ ਗਿਣਤੀ | ਪਸ਼ੂ ਡਿਸਪੈਂਸਰੀਆਂ ਦੀ ਗਿਣਤੀ |
|---|---|---|---|
| ਹੁਸ਼ਿਆਰਪੁਰ-I | .. | 8 | 14 |
| ਹੁਸ਼ਿਆਰਪੁਰ-II | .. | 12 | 9 |

ਹੁਸ਼ਿਆਰਪੁਰ ਬਲਾਕ-I ਅਤੇ ਹੁਸ਼ਿਆਰਪੁਰ-II ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੇ ਨਾਂ ਅਤੇ ਇਨ੍ਹਾਂ ਅਧੀਨ ਆਉਂਦੇ ਪਿੰਡਾਂ ਦੇ ਨਾਵਾਂ ਦੀ ਸੂਚੀ ਅਨੁਲੱਗ 'ੳ' ਤੇ ਨੱਥੀ ਹੈ ।

[ਪਸ਼ੂ ਪਾਲਣ ਮੰਤਰੀ]

## ਅਨੁਲੱਗ-'ੳ'

| ਬਲਾਕ ਦਾ ਨਾਂ | ਲੜੀ ਨੰ: | ਪਸ਼ੂ ਹਸਪਤਾਲ ਦਾ ਨਾਂ | ਲੜੀ ਨੰ: | ਪਸ਼ੂ ਹਸਪਤਾਲ ਨਾਲ ਲਗਦੇ ਪਿੰਡਾਂ ਦੇ ਨਾਂ | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| **ਬਲਾਕ ਹੁਸ਼ਿਆਰਪੁਰ-I ਦੇ ਪਸ਼ੂ ਹਸਪਤਾਲਾਂ ਦੀ ਸੂਚੀ** | | | | | |
| ਹੁਸ਼ਿਆਰਪੁਰ-I | 1. | ਬੁਲੋਵਾਲ | 1. | ਤਾਜੇਵਾਲ | |
| | | | 2. | ਜਰਬਦੀਵਾਲ | |
| | | | 3. | ਕੋਟਲੀ ਬੱਧਣ | |
| | | | 4. | ਬਾਲਮਵਾਲ | |
| | | | 5. | ਆਲੋਵਾਲ | |
| | | | 6. | ਫੱਤੇਵਾਲ | |
| | | | 7. | ਡੱਢੇ ਫਤੇ ਵਾਲ | |
| | | | 8. | ਬੁਲੋਵਾਲ | |
| | | | 9. | ਖਬਲਾ | |
| | 2. | ਬਾਗਪੁਰ | 1. | ਭਾਗਪੁਰ | |
| | | | 2. | ਬਸੀਮੁਦਾ | |
| | | | 3. | ਸੁਤੇਰ | |
| | | | 4. | ਬੇਸਖੁਰਦ | |
| | | | 5. | ਬਸੀਨੋਖਾ | |
| | | | 6. | ਸਜਣਾ | |
| | | | 7. | ਖਾਖਲੀ | |
| | | | 8. | ਘਾਸੀਪੁਰ | |

| 1 | 2 | 3 | 4 | 5 | 6 |
|---|---|---|---|---|---|
| | 3. | ਆਹਰਕੁਟ | 1. | ਆਹਰਕੁਟ | |
| | | | 2. | ਰਾਜੀ ਖਾਨਪੁਰ | |
| | | | 3. | ਗਰੋਆ | |
| | | | 4. | ਕੁੰਟ | |
| | | | 5. | ਭੇਗਮਪੁਰ | |
| | | | 6. | ਜੰਡਿਆਲਾ | |
| | | | 7. | ਸਹੋਤਾ | |
| | | | 8. | ਖਾਨਪੁਰ | |
| | | | 9. | ਮੱਛਰੀਵਾਲ | |
| | | | 10. | ਪਜੋਦਿਉਤਾ | |
| | 4. | ਨੰਦਾਚੋਰ | 1. | ਨੰਦਾਚੋਰ | |
| | | | 2. | ਬਰਿਆਲ | |
| | | | 3. | ਸੇਧਰਾ | |
| | | | 4. | ਰੁੜੀਆ | |
| | | | 5. | ਮੁੜਿਆ ਜੱਟਾਂ | |
| | | | 6. | ਬਗੋਆਲ | |
| | | | 7. | ਫੇਬੀਆ | |
| | | | 8. | ਪੰਡੋਰੀ ਫਗੋੜੇ | |
| | 5. | ਨਸਰਾਲਾ | 1. | ਨਸਰਾਲਾ | |
| | | | 2. | ਕੰਗਰਾਲਾ | |
| | | | 3. | ਦਰੋਵਾਲ | |
| | | | 4. | ਦਿਉਵਾਲ | |
| | | | 5. | ਚੱਕ ਗੁਜਰਾ | |
| | | | 6. | ਨਿਆੜਾ | |

[ਪਸ਼ੂ ਪਾਲਣ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | | | 7. | ਪੰਡੋਰੀ ਰੁਕਮਾਣ | |
| | | | 8. | ਖਲਵਾਨਾ | |
| | | | 9. | ਸੀਗੜੀਵਾਲਾ | |
| | | | 10. | ਕਾਹਰੀ | |
| | | | 11. | ਸਾਹਰੀ | |
| | 6. | ਪੰਡੋਰੀ ਮਾਇਲ | 1. | ਪੰਡੋਰੀ ਮਾਇਲ | |
| | | | 2. | ਲਿਦੜਾ | |
| | | | 3. | ਢਡੇ ਫਤਿਹ ਸਿੰਘ | |
| | | | 4. | ਫਤਿਹਪੁਰ | |
| | | | 5. | ਹੁਸੈਨਪੁਰ ਗੁਰੂ ਕਾ | |
| | | | 6. | ਕੋਟਲਾ ਨੌਧ ਸਿੰਘ | |
| | | | 7. | ਗੀਗਨੋਵਾਲ | |
| | | | 8. | ਮਿਰਜਾਪੁਰ | |
| | | | 9. | ਧਾਰੀਵਾਲ | |
| | | | 10. | ਭਾਕਰਪੁਰ | |
| | 7. | ਮਾਣਕਢੇਰੀ | 1. | ਮਾਣਕਢੇਰੀ | |
| | | | 2. | ਤਲਵੰਡੀ ਗੋਨੀ | |
| | | | 3. | ਬੀਰਮਪੁਰ | |
| | | | 4. | ਖਸਬਾ | |
| | 8. | ਮਹਿਮੋਵਾਲ | 1. | ਬਸੀ ਦੋਲਤ ਖਾਂ | |
| | | | 2. | ਪੂੰਗੇ | |
| | | | 3. | ਧਿਆਨਗੜ੍ਹ | |

| 1 | 2 | 3 | 4 | 5 | 6 |
|---|---|---|---|---|---|
| | | | 4. | ਭੱਟੀਆਂ | |
| | | | 5. | ਓਨਾ | |
| | | | 6. | ਬੁਢਿਆਲ | |
| | | | 7. | ਰੋੜੀਆ | |
| | | | 8. | ਹਰਖੋਵਾਲ | |
| | | | 9. | ਢਕੋਵਾਲ | |
| | | | 10. | ਕਰੀਮਪੁਰ | |
| | | | 11. | ਅਟੱਲਗੜ੍ਹ | |
| | | | 12. | ਓਹਿਮੋਵਾਲ | |
| | | | 13. | ਸੁਲੇਮਪੁਰ | |
| | | | 14. | ਮਰੁਲੇ | |
| | | | 15. | ਢੋਲਣਵਾਲ | |
| ਬਲਾਕ ਹੁਸ਼ਿਆਰਪੁਰ-I ਦੇ ਪਸ਼ੂ ਡਿਸਪੈਂਸਰੀਆਂ ਦੀ ਸੂਚੀ | | | | | |
| | 1. | ਲਾਬੜਾ | 1. | ਲਾਬੜਾ | |
| | | | 2. | ਭਗੋਵਾਲ | |
| | | | 3. | ਸ਼ੇਰਪੁਰ ਪੱਕਾ | |
| | | | 4. | ਬੋਹੋਕਾਗੜ੍ਹੀ | |
| | 2. | ਬਸੀ ਕਾਸੋ | 1. | ਬਸੀ ਕਾਸੋ | |
| | | | 2. | ਬਸੀ ਮਤੂਫ | |
| | | | 3. | ਝਲਾਲਪੁਰ | |
| | | | 4. | ਕਾਟੀਆਂ | |
| | | | 5. | ਚੱਕਮਲੇਵਾਲ | |
| | | | 6. | ਨੁਹਤਲਾਈ | |
| | | | 7. | ਬਸੀ ਸਿਆਲਾ | |

[ਪਸ਼ੂ ਪਾਲਣ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | 3. | ਅਜੋਵਾਲ | 1. | ਅਜੋਵਾਲ | |
| | | | 2. | ਬਸੀਬੂਤ | |
| | | | 3. | ਸੈਚਾਂ | |
| | | | 4. | ਭਾਗੋਵਾਲ | |
| | | | 5. | ਬਸੀ ਖਿਜ਼ਰ | |
| | | | 6. | ਖੱਕੋ | |
| | 4. | ਸੁਸਾ | 1. | ਬੁਥ | |
| | | | 2. | ਖੱਤੇਵਾਲ | |
| | | | 3. | ਖਾਲੂਵਾਲ | |
| | | | 4. | ਕਾਣੇ | |
| | | | 5. | ਲੰਮੇ | |
| | | | 6. | ਸੁਸਾਣਾ | |
| | | | 7. | ਸੂਸ | |
| | 5. | ਰੰਧਾਵਾ ਬਰੋਰਾ | 1. | ਰੰਧਾਵਾ ਬਰੋਟਾ | |
| | | | 2. | ਚਾਂਦਪੁਰ | |
| | | | 3. | ਭੱਠੇ | |
| | | | 4. | ਸਹਾਏਪੁਰ | |
| | | | 5. | ਜੰਡੀ | |
| | | | 6. | ਚੱਕ ਰਾਜੂ ਸਿੰਘ | |
| | | | 7. | ਸਾਧਰਾ | |

| 1 | 2 | 3 | 4 | 5 | 6 |
|---|---|---|---|---|---|
| | 6. | ਚੱਕੇਵਾਲ ਬ੍ਰਹਮਣਾ | 1. | ਧਾਮੀਆਂ | |
| | | | 2. | ਪਥਰਾਲੀਆ | |
| | | | 3. | ਕੜਿਆਣਾ | |
| | | | 4. | ਅਧਿਕਾਰ | |
| | | | 5. | ਖਾਲਕਰੇ | |
| | | | 6. | ਚੱਕੇਵਾਲ ਬ੍ਰਹਮਣਾ | |
| | 7. | ਬੈਸਤਾਨੀ | 1. | ਬੈਸਤਾਨੀ | |
| | | | 2. | ਨੰਗਲਮਰੂਫ | |
| | | | 3. | ਸੇਜੋਂਵਾਲ | |
| | | | 4. | ਪੰਡੋਰੀ ਭਵਾਂ | |
| | | | 5. | ਪੰਡੋਰੀ ਮਿਡੋਮੀਡ | |
| | | | 6. | ਬਾਹਦ | |
| | 8. | ਖੜਿਆਲਾ | 1. | ਖੜਿਆਲਾ | |
| | | | 2. | ਪੰਡੋਰੀ ਬਾਵਾਦਾਸ | |
| | | | 3. | ਨੰਗਲ ਮਲੀ | |
| | | | 4. | ਬੂਰੇ ਜੱਟਾਂ | |
| | | | 5. | ਬੂਰੇ ਰਾਜਪੂਤਾਂ | |
| | | | 6. | ਭਾਗੋਵਾਲ | |
| | | | 7. | ਲੂੱਦਾ | |
| | 9. | ਸ਼ਾਮ ਚੁਰਾਸੀ | 1. | ਸ਼ਾਮ ਚੁਰਾਸੀ | |
| | | | 2. | ਛੋਲਪੁਰ | |
| | | | 3. | ਨੂਰਪੁਰ | |
| | | | 4. | ਰਾਇਪੁਰ | |

[ਪਸ਼ੂ ਪਾਲਣ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | | | 5. | ਬਡਾਲ੍ਹੋ ਮਾਹੀ | |
| | | | 6. | ਤਲਵੰਡੀ | |
| | | | 7. | ਚੱਕਰਾਜੂ ਸਿੰਘ | |
| | | | 8. | ਨੂਰਪੁਰ ਬਕੀਪੁਰ | |
| | | | 9. | ਪੰਡੋਰੀ ਮਹਿਤਮਾ | |
| | 10. | ਭੀਖੋਵਾਲ | 1. | ਭੀਖੋਵਾਲ | |
| | | | 2. | ਨਿਝਾਣ | |
| | | | 3. | ਕ੍ਰਾਂਲਾਂ | |
| | | | 4. | ਅਦਮਗੜ੍ਹੀ | |
| | | | 5. | ਡਡਿਆਣਾ ਖੁਰੰਦ | |
| | | | 6. | ਮਹਿਦੀਪੁਰ | |
| | | | 7. | ਮੀਠੇਵਾਲ | |
| | | | 8. | ਮੁਰਾਦਪੁਰ | |
| | | | 9. | ਖੁਣ-ਖੁਣ | |
| | | | | ਗੋਬਿੰਦਮੁਰਾਦ ਪੁਰ | |
| | 11. | ਬਡਾਲਾ ਪੁਖਤਾ | 1. | ਢੋਗਰ | |
| | | | 2. | ਬਡਾਲਾ ਪੁਖਤਾ | |
| | | | 3. | ਧੂਗਾ | |
| | | | 4. | ਸ਼ਰਹਾਲਾ | |
| | | | 5. | ਧਾਮੀਆ | |
| | | | 6. | ਏਗੋਰੀਆ | |
| | | | 7. | ਨਰਿਆਲਾ | |

| 1 | 2 | 3 | 4 | 5 | 6 |
|---|---|---|---|---|---|
| | 12. | ਧੂਰਾ | 1. | ਧੂਰਾ | |
| | | | 2. | ਪੰਜ ਗਰਾਲਿ | |
| | | | 3. | ਸੁਧਾ ਅਰਾਈਆਂ | |
| | | | 4. | ਬਡਿਆਲ | |
| | | | 5. | ਸ਼ੇਰਪੁਰ | |
| | | | 6. | ਠਠੇਵਾਲ ਜੱਟਾਂ | |
| | | | 7. | ਚੱਕੋਵਾਲ ਸੇਖਾ | |
| | | | 8. | ਹਰਗੜ੍ਹ | |
| | | | 9. | ਖੁਸਰੋਪੁਰ | |
| | 13. | ਬਸੀ ਗੁਲਾਮ ਹੁਸੈਨ | 1. | ਬਸੀ ਗੁਲਾਮ ਹੁਸੈਨ | |
| | | | 2. | ਕੋਟਲਾ ਗੌਂਸਪੁਰ | |
| | | | 3. | ਖੱਬਲ | |
| | | | 4. | ਆਦਮਵਾਲਾ | |
| | 14. | ਅਸਲਪੁਰ | 1. | ਅਸਲਪੁਰ | |
| | | | 2. | ਸਰਿਆਣਾ | |
| | | | 3. | ਸੇਖਪੁਰ | |
| | | | 4. | ਪਧਿਆਲ | |
| | | | 5. | ਨੁਹਾਰ ਕੰਗਣਾ | |
| | | | 6. | ਖਿਊਵਾਲ | |
| | | | 7. | ਖੁਣ-ਖੁਣ ਖੁਰਦ | |
| | | | 8. | ਤੱਖਲਾ | |
| | | | 9. | ਭੋਲਾ | |
| | | | 10. | ਲਾਚੋਵਾਲ | |
| | | | 11. | ਚਡਿਆਲ | |
| | | | 12. | ਪੰਡੋਰੀ ਖਜੂਰ | |
| | | ਕੁੱਲ ਪਿੰਡ | | 176 | |

[ਪਸ਼ੂ ਪਾਲਣ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| **ਹੁਸ਼ਿਆਰਪੁਰ ਬਲਾਕ-II ਦੇ ਪਸ਼ੂ ਹਸਪਤਾਲ** | | | | | |
| ਹੁਸ਼ਿਆਰਪੁਰ-II | 1. | ਹੁਸ਼ਿਆਰਪੁਰ | 1. | ਹੁਸ਼ਿਆਰਪੁਰ (ਐਮ.ਸੀ.) | |
| | | | 2. | ਇਖਲਾਸਪੁਰ | |
| | | | 3. | ਬ੍ਰਹਮਜੀਤ | |
| | | | 4. | ਹਰਦੋਖਾਨਪੁਰ | |
| | | | 5. | ਡਗਾਣਾ ਖੁਰਦ | |
| | | | 6. | ਡਗਾਣਾ ਕਲਾਂ | |
| | 2. | ਚੋਹਾਲ | 1. | ਚੋਹਾਲ | |
| | | | 2. | ਸ਼ਲੇਰਨ | |
| | | | 3. | ਸ਼ਰਾਈ | |
| | | | 4. | ਸ਼ੇਰਪੁਰ ਬਾਤੀਆਂ | |
| | | | 5. | ਬਰੂਟੀ | |
| | 3. | ਖੜਕਾ | 1. | ਖੜਕਾ | |
| | | | 2. | ਬਸੀ ਮੁਤਤਫਾ | |
| | | | 3. | ਡੱਲੋਵਾਲ | |
| | | | 4. | ਪਟਿਆੜੀ | |
| | | | 5. | ਛੱਕ ਸਾਧੂ | |
| | 4. | ਬਿਹਾਲਾ | 1. | ਬਿਹਾਲਾ | |
| | | | 2. | ਭੀਲੋਵਾਲ | |
| | | | 3. | ਮੂਗੋਵਾਲ | |

| 1 | 2 | 3 | 4 | 5 | 6 |
|---|---|---|---|---|---|
| | | | 4. | ਕਾਲੀਆ | |
| | | | 5. | ਨੌਰੰਗਾਬਾਦ | |
| | | | 6. | ਲਹਿਲੀ ਕਲਾਂ | |
| | | | 7. | ਸਸੋਲੀ | |
| | 5. | ਚੱਬੇਵਾਲ | 1. | ਚੱਬੇਵਾਲ | |
| | | | 2. | ਬਸੀ ਕਲਾਂ | |
| | | | 3. | ਰਾਜਨੀਦੇਵੀ | |
| | | | 4. | ਲਹਿਲੀਖੁਰਦ | |
| | | | 5. | ਬਸੀ ਸਹਾਬੂਦੀਨ | |
| | | | 6. | ਕਿਲਾ ਸ਼ੇਰ ਖਾਂ | |
| | | | 7. | ਬਸੀ ਅਲਾਦੀਨ | |
| | | | 8. | ਜਿਉਣ | |
| | | | 9. | ਸੇਦੋ ਪੱਤੀ | |
| | | | 10. | ਬਸੀ ਜੋੜਾ | |
| | | | 11. | ਮਹਿਨਾ | |
| | | | 12. | ਹੰਦੋਵਾਲ ਕਲਾਂ | |
| | | | 13. | ਬਜਰਾਵਰ | |
| | 6: | ਮਹਿਲਾਵਾਲੀ | 1. | ਮਹਿਲਾਵਾਲੀ | |
| | | | 2. | ਬਹਾਦਰਪੁਰ ਭਾਈਆ | |
| | | | 3. | ਮੱਲ ਮਜਾਰਾ | |
| | | | 4. | ਬਸੀ ਹਸਤ ਖਾਂ | |
| | | | 5. | ਬਸੀ ਬਜਨੌਰ | |
| | | | 6. | ਮਹਿਤਪੁਰ | |
| | | | 7. | ਜਹਾਨ ਖੇਲਾਂ | |

[ਪਸ਼ੂ ਪਾਲਣ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | 7. | ਫੁਗਲਾਣਾ | 1. | ਫੁਗਲਾਣਾ | |
| | | | 2. | ਸਿਬਲੀ | |
| | | | 3. | ਖਨੌੜਾ | |
| | | | 4. | ਮੇਹਟੀਆਣਾ | |
| | | | 5. | ਮੌਨਾ ਕਲਾਂ | |
| | | | 6. | ਮੌਨਾ ਖੁਰਦ | |
| | 8. | ਅਹਿਰਾਣਾ ਕਲਾਂ | 1. | ਅਹਿਰਾਣਾ ਕਲਾਂ | |
| | | | 2. | ਅਜਤਾਮ | |
| | | | 3. | ਮਰਨਾਈਆ ਕਲਾਂ | |
| | | | 4. | ਮਰਨਾਈਆ ਖੁਰਦ | |
| | | | 5. | ਫਦਮਾਂ | |
| | | | 6. | ਤਨੂਲੀ | |
| | | | 7. | ਅਤੋਵਾਲ | |
| | 9. | ਬਜਵਾੜਾ | 1. | ਬਜਵਾੜਾ | |
| | | | 2. | ਨੰਗਲ ਸ਼ਹੀਦਾਂ | |
| | | | 3. | ਛਾਉਣੀ ਕਲਾਂ | |
| | | | 4. | ਕਿਲਾ ਬਰੂਨ | |
| | | | 5. | ਬਿਲਾਂਸਪੁਰ | |
| | | | 6. | ਸ਼ੇਰਗੜ੍ਹ | |
| | | | 7. | ਪੁਰਾਣੀ ਬੱਸੀ | |
| | | | 8. | ਨੰਦਨ | |

| 1 | 2 | 3 | 4 | 5 | 6 |
|---|---|---|---|---|---|
| | 10. | ਮੁਖਲੀਆਣਾ | 1. | ਮੁਖਲੀਆਣਾ | |
| | | | 2. | ਪੰਡੋਰੀ ਕੱਦ | |
| | | | 3. | ਹੇੜੀਆ | |
| | | | 4. | ਭੁਗਰਾਨੀ | |
| | 11. | ਰਾਜਪੁਰ ਭਾਈਆ | 1. | ਰਾਜਪੁਰ ਭਾਈਆ | |
| | | | 2. | ਫੰਡੋਰੀ ਬੀਬੀ | |
| | | | 3. | ਹੁਕੜਾ | |
| | 12. | ਹਾਰਟਾ ਬਡਲਾ | 1. | ਹਾਰਟਾ ਬਡਲਾ | |
| | | | 2. | ਬਡਲਾ | |
| | | | 3. | ਖੇੜਾ | |
| ਹੁਸ਼ਿਆਰਪੁਰ ਬਲਾਕ-II ਦੀਆਂ ਪਸ਼ੂ ਡਿਸਪੈਂਸਰੀਆਂ | | | | | |
| | 1. | ਨਾਰਾ | 1. | ਸਿਡਆਲਾ | |
| | | | 2. | ਬੱਸੀ ਕਿਕਰਾ | |
| | | | 3. | ਨਾਰਾ | |
| | | | 4. | ਠਰੋਰੀ | |
| | | | 5. | ਮਾਝੀ | |
| | | | 6. | ਢਾਡਾ | |
| | 2. | ਹਰਮੋਏ | 1. | ਹਰਮੋਏ | |
| | | | 2. | ਭਟਰਾਣਾ | |
| | | | 3. | ਪੱਟੀ | |
| | | | 4. | ਤਜਵਾਲ | |
| | | | 5. | ਭਲਾਹੀ | |
| | | | 6. | ਤਾਜਵਾਲ | |

[ਪਸ਼ੂ ਪਾਲਣ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| | 3. | ਮਗੂਵਾਲ ਨਾਰੀ | 1. | ਮਗੂਵਾਲ | |
| | | | 2. | ਨਾਰੀ | |
| | 4. | ਜੱਟਪੁਰ | 1. | ਜੱਟਪੁਰ | |
| | | | 2. | ਨਸਰਾ | |
| | | | 3. | ਕੜਾਲਾ | |
| | | | 4. | ਹਰੀਪੁਰ | |
| | 5. | ਸ਼ੀਨਾ | 1. | ਝਲੋਵਾਲ | |
| | | | 2. | ਚਿਤੋ | |
| | | | 3. | ਸ਼ੀਨਾ | |
| | | | 4. | ਖੀਨੋੜ | |
| | 6. | ਨਾਰੂ ਨੰਗਲ | 1. | ਨਾਰੂ ਨੰਗਲ | |
| | | | 2. | ਮਮਨ | |
| | | | 3. | ਬਸੀ ਅਲੀ ਖਾਂ | |
| | | | 4. | ਮੌਜਪੁਰ | |
| | 7. | ਪੋਵਾਲ | 1. | ਪੋਵਾਲ | |
| | | | 2. | ਪਿਆਲਾ | |
| | | | 3. | ਜੇਡੂ ਜੜਾਂ | |
| | | | 4. | ਮੇਘੋਵਾਲ | |
| | | | 5. | ਰਹਿਮੀਵਾਲ | |
| | | | 6. | ਹੁਸੈਨਪੁਰ | |
| | | | 7. | ਰਾਮੂ ਬਿਆੜਾ | |
| | | | 8. | ਗਗਸੂਲੀ | |
| | | | 9. | ਖਾਨਪੁਰ | |

| 1 | 2 | 3 | 4 | 5 | 6 |
|---|---|---|---|---|---|
| | 8. | ਬੋਹਣ | 1. | ਚੁਗਾਵਾਂ | |
| | | | 2. | ਬੋਹਣ | |
| | | | 3. | ਬੁਧਗੜ੍ਹ | |
| | | | 4. | ਨੌਗਰਾਇਆ | |
| | 9. | ਬਾਦੋਵਾਲ | 1. | ਬਾਦੋਵਾਲ | |
| | | | 2. | ਤਾਰਾਗੜ੍ਹ | |
| | | | 3. | ਤਲਵੰਡੀ ਕਾਨੂੰਨਗੋ | |
| | | | 4. | ਰਾਮਨਗਰ | |
| | | | 5. | ਢੋਡੇਮਾਜਰਾ | |
| | | | 6. | ਮੜਿਆਲਾ | |
| | | | 7. | ਤਾਜੋਵਾਲ | |
| | | | 8. | ਬਾਇਉਪੁਰ | |
| | | ਕੁੱਲ ਪਿੰਡ | | 121 | |

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹਸਪਤਾਲਾਂ ਵਿਚ ਇਸ ਵਕਤ ਕਿੰਨੀਆਂ ਪੋਸਟਾਂ ਖਾਲੀ ਹਨ ਅਤੇ ਕਿੰਨਾ ਸਟਾਫ ਉਥੇ ਕੰਮ ਕਰ ਰਿਹਾ ਹੈ ?

**ਮੰਤਰੀ** : ਸਪੀਕਰ ਸਾਹਿਬ, ਹੁਸ਼ਿਆਰਪੁਰ ਬਲਾਕ 1 ਅਤੇ 2 ਵਿਚ ਪਸ਼ੂ ਡਿਸਪੈਂਸਰੀ ਮਗੂਵਾਲ ਨਾਰੀ ਵਿਚ ਕੇਵਲ ਪੋਸਟ ਖਾਲੀ ਹੈ ਜਿਸ ਦਾ ਚਾਰਜ ਡਾਕਟਰ ਵਿਜੇ ਕੁਮਾਰ ਨੂੰ ਦਿੱਤਾ ਹੋਇਆ ਹੈ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵੈਟਰਨਰੀ ਡਾਕਟਰਾਂ ਦੀ ਕੋਈ ਨਵੀਂ ਭਰਤੀ ਕੀਤੀ ਜਾ ਰਹੀ ਹੈ ਤਾਂ ਜੋ ਖਾਲੀ ਥਾਵਾਂ ਨੂੰ ਪੂਰਾ ਕੀਤਾ ਜਾ ਸਕੇ ?

**ਮੰਤਰੀ :** ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਇਸ ਮਹਿਕਮੇ ਦੀ ਤਰਜੀਹ ਨੂੰ ਨਾ ਸਮਝਦੇ ਹੋਏ ਜੋ ਦੋ ਹਜ਼ਾਰ ਦੇ ਕਰੀਬ ਵੇਕੈਂਸੀਜ਼ ਸਨ, ਉਨ੍ਹਾਂ ਨੂੰ ਭਰਨ ਦਾ ਕੋਈ ਉਪਰਾਲਾ ਨਹੀਂ ਕੀਤਾ। ਕੈਪਟਨ ਸਾਹਿਬ ਦੀ ਸਰਕਾਰ ਨੇ ਆਪਣੀ ਹੋਂਦ ਵਿਚ ਆਉਣ ਤੋਂ ਬਾਦ ਇਸ ਦੀ ਇੰਪਾਰਟੈਂਸ ਨੂੰ ਸਮਝਿਆ ਅਤੇ ਇਨ੍ਹਾਂ ਵੇਕੈਂਸੀਜ਼ ਨੂੰ ਭਰਨ ਵਾਸਤੇ ਚੀਫ ਸੈਕਟਰੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਜਿਸ ਦੀਆਂ ਮਿਤੀ 17.2.04, 9.9.04 ਅਤੇ 11.2.05 ਨੂੰ ਮੀਟਿੰਗਾਂ ਹੋ ਚੁੱਕੀਆਂ ਹਨ । ਅਸੀਂ ਇਸ ਸਬੰਧੀ ਲੋੜੀਂਦੀ ਕਾਰਵਾਈ ਕਰ ਰਹੇ ਹਾਂ ਅਤੇ ਜਲਦੀ ਹੀ ਇਹ ਸਾਰੀਆਂ ਵੇਕੈਂਸੀਜ਼ ਭਰੀਆਂ ਜਾਣਗੀਆਂ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਇਹ ਗੌਰਮਿੰਟ ਕਿੰਨੀ ਐਫੀਸ਼ੈਂਟ ਹੈ । ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਹਾਲੇ ਤੱਕ ਮੀਟਿੰਗਾਂ ਹੀ ਚੱਲੀ ਜਾ ਰਹੀਆਂ ਹਨ। ਕੀ ਮੰਤਰੀ ਜੀ ਕੋਈ ਟਾਈਮ ਬਾਰੇ ਐਸ਼ਿਓਰੈਂਸ ਦੇਣਗੇ ਕਿ ਇਸ ਸਾਲ ਦੇ ਅੰਦਰ ਅੰਦਰ ਇਹ ਵੇਕੈਂਸੀਜ਼ ਫਿਲ-ਅੱਪ ਕਰ ਦਿੱਤੀਆਂ ਜਾਣਗੀਆਂ?

**ਮੰਤਰੀ :** ਸਪੀਕਰ ਸਾਹਿਬ, ਇਹ ਫਾਈਨਲ ਸਟੇਜ ਤੇ ਕੇਸ ਹੈ ਅਤੇ ਉਮੀਦ ਹੈ ਕਿ ਅਗਲੇ ਮਹੀਨੇ ਤੱਕ ਇਹ ਫਾਈਨਲ ਹੋ ਜਾਵੇਗਾ।

---------

## ਬੱਸਾਂ ਦੀ ਮੁਰੰਮਤ

*1156. 1) ਸ਼੍ਰੀ ਰਮੇਸ਼ ਦੱਤ ਸ਼ਰਮਾ
2) ਸ਼੍ਰੀ ਤਰਲੋਚਨ ਸਿੰਘ
3) ਸ਼੍ਰੀ ਜੁਗਲ ਕਿਸ਼ੋਰ ਸ਼ਰਮਾ } : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਵੱਖ-ਵੱਖ ਵਰਕਸ਼ਾਪਾਂ ਵਿਚ ਮੁਰੰਮਤ ਲਈ ਖੜ੍ਹੀਆਂ ਬੱਸਾਂ ਦੀ ਗਿਣਤੀ ਕਿੰਨੀ ਹੈ ਅਤੇ ਸਾਲ 2002-03, 2003-04 ਅਤੇ 2004-05 ਦੇ ਦੌਰਾਨ ਇਨ੍ਹਾਂ ਬੱਸਾਂ ਦੀ ਮੁਰੰਮਤ ਲਈ ਸਾਲ- ਵਾਰ ਕਿੰਨੀ-ਕਿੰਨੀ ਰਕਮ ਜਾਰੀ ਕੀਤੀ ਗਈ?

**ਸ਼੍ਰੀ ਮਹਿੰਦਰ ਸਿੰਘ ਕੇ.ਪੀ :** ਜੀ ਹਾਂ, ਇਸ ਸਮੇਂ ਪੰਜਾਬ ਰੋਡਵੇਜ਼ ਦੀਆਂ ਵਰਕਸ਼ਾਪਾਂ ਵਿੱਚ 342 ਬੱਸਾਂ ਮੁਰੰਮਤ ਲਈ ਖੜ੍ਹੀਆਂ ਹਨ ਅਤੇ ਸਾਲ ਵਾਰ ਮੁਰੰਮਤ ਲਈ ਜੋ ਫੰਡ ਜਾਰੀ ਕੀਤੇ ਗਏ ਹਨ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਸਾਲ | | ਰਕਮ |
|---|---|---|
| 2002-2003 | .. | 446.05 ਲੱਖ |
| 2003-2004 | .. | 489.66 ਲੱਖ |
| 2004-2005 | .. | 358.71 ਲੱਖ |

**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ**

ਇਸ ਕਾਰਪੋਰੇਸ਼ਨ ਦੀ ਕੋਈ ਵੀ ਬੱਸ ਵਰਕਸ਼ਾਪ ਵਿੱਚ ਰਿਪੇਅਰ ਲਈ ਪੱਕੇ ਤੌਰ ਤੇ ਨਹੀਂ ਖੜ੍ਹੀ। ਕੇਵਲ ਬੱਸਾਂ ਰੁਟੀਨ ਮੁਰੰਮਤ ਲਈ ਅਸਥਾਈ ਤੌਰ ਤੇ ਇੱਕ ਜਾਂ ਵੱਧ ਦਿਨ ਲਈ ਡਿਟੇਨ ਕੀਤੀਆਂ ਜਾਂਦੀਆਂ ਹਨ।

ਇਸ ਕਾਰਪੋਰੇਸ਼ਨ ਵਿੱਚ ਮੁਰੰਮਤ ਅਤੇ ਦੇਖਭਾਲ ਲਈ ਡਿਟੇਨ ਬੱਸਾਂ ਲਈ ਸਰਕਾਰ ਵਲੋਂ ਕਦੇ ਵੀ ਕੋਈ ਰਕਮ ਜਾਰੀ ਨਹੀਂ ਕੀਤੀ ਗਈ ।

**ਸਰਦਾਰ ਰਣਦੀਪ ਸਿੰਘ ਨਾਭਾ :** ਸਪੀਕਰ ਸਾਹਿਬ, ਅੱਜ ਮੇਰੇ ਆਪਣੇ ਹਲਕੇ ਵਿਚ ਇਕ ਬੜਾ ਭਿਆਨਕ ਹਾਦਸਾ ਹੋਇਆ ਹੈ। ਉਥੇ ਇਕ ਬੱਸ ਦਾ ਐਕਸੀਡੈਂਟ ਹੋਇਆ ਹੈ ਜਿਸ ਵਿਚ 7 ਲੋਕਾਂ ਨੂੰ ਸੱਟਾਂ ਲੱਗੀਆਂ ਹਨ ਜਿਨ੍ਹਾਂ ਵਿਚੋਂ 2 ਦੀ ਹਾਲਤ ਕ੍ਰਿਟੀਕਲ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਹਾਦਸਿਆਂ ਨੂੰ ਰੋਕਣ ਵਾਸਤੇ ਡਰਾਈਵਰਾਂ ਦੇ ਜਿਹੜੇ ਲਾਇਸੈਂਸ ਬਣਾਏ ਜਾਂਦੇ ਹਨ, ਉਸ ਦੇ ਵਿਚ ਸਰਕਾਰ ਕੋਈ ਸਖਤਾਈ ਵਰਤਣ ਦਾ ਵਿਚਾਰ ਰੱਖਦੀ ਹੈ? ਬੱਸਾਂ ਦਾ ਪੁਰਾਣਾ ਇਤਿਹਾਸ ਚਲਿਆ ਆ ਰਿਹਾ ਹੈ ਕਿ ਇਹ ਘਾਟੇ ਵਿਚ ਜਾ ਰਹੀਆਂ ਹਨ। ਇਸ ਕਰਕੇ ਸਰਕਾਰ ਇਸ ਮਾਮਲੇ ਤੇ ਵਿਚਾਰ ਕਰੇ ਅਤੇ ਖਾਸ ਤੌਰ ਤੇ ਜਿਹੜੇ ਡਰਾਈਵਰ ਜ਼ਾਤੀ ਤੌਰ ਤੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਰਾਈਵਰਾਂ ਨੂੰ ਜੋ ਵੀ ਲਾਇਸੈਂਸ ਦਿੱਤੇ ਜਾਂਦੇ ਹਨ, ਉਹ ਬਾਕਾਇਦਾ ਟੈੱਸਟ ਲੈਣ ਤੋਂ ਬਾਅਦ ਅਤੇ ਉਨ੍ਹਾਂ ਦਾ ਅੱਛਾ ਰਿਜ਼ਲਟ ਆਉਣ ਤੋਂ ਬਾਅਦ ਹੀ ਦਿੱਤੇ ਜਾਂਦੇ ਹਨ । ਜਿਥੋਂ ਤੱਕ ਬੱਸਾਂ ਦੇ ਘਾਟੇ ਵਿਚ ਜਾਣ ਦਾ ਸਵਾਲ ਹੈ, ਸਰਕਾਰ ਪੰਜਾਬ ਰੋਡਵੇਜ਼ ਦੇ ਘਾਟੇ ਨੂੰ ਦੂਰ ਕਰਨ ਦਾ ਯਤਨ ਕਰ ਰਹੀ ਹੈ । ਨਵੀਆਂ ਬੱਸਾਂ ਪਾਈਆਂ ਜਾ ਰਹੀਆਂ ਹਨ ਜਿਸ ਤੋਂ ਇਹ ਘਾਟਾ ਪੂਰਾ ਹੋ ਜਾਵੇਗਾ।

**ਸਰਦਾਰ ਰਣਦੀਪ ਸਿੰਘ ਨਾਭਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਟਰਾਂਸਪੋਰਟ ਮਹਿਕਮੇ ਦੇ ਤਹਿਤ ਕੋਈ ਅਜਿਹਾ ਲਾਅ ਲਾਗੂ ਕੀਤਾ ਹੈ ਤਾਂ ਕਿ ਇਨ੍ਹਾਂ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਹੋ ਸਕੇ ਅਤੇ ਜਿਨ੍ਹਾਂ ਲੋਕਾਂ ਦੀ ਅਸੀਂ ਇਥੇ ਇਸ ਸਦਨ ਵਿੱਚ ਨੁਮਾਇੰਦਗੀ ਕਰ ਰਹੇ ਹਾਂ ਤਾਂ ਕਿ ਉਨ੍ਹਾਂ ਨੂੰ ਕੋਈ ਜ਼ਾਤੀ ਤੌਰ ਤੇ ਸੱਟ ਨਾ ਲੱਗੇ ਜਾਂ ਸਵਾਸਥਕ ਤੌਰ ਤੇ ਕੋਈ ਨੁਕਸਾਨ ਨਾ ਪਹੁੰਚੇ । ਕੀ ਇਹੋ ਜਿਹਾ ਕੋਈ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਤਾਂ ਕਿ ਉਨ੍ਹਾਂ ਦੇ ਲਾਇਸੈਂਸ ਵਗੈਰਾ ਕੈਂਸਲ ਕੀਤੇ ਜਾਣ ਜਾਂ ਕੋਈ ਸਜ਼ਾ ਦਿੱਤੀ ਜਾਵੇ ?

**ਮਾਨਯੋਗ ਸਪੀਕਰ** : ਹਾਂ ਜੀ, ਕੀ ਪ੍ਰੈਜ਼ੈਂਟ ਲਾਅ ਨੂੰ ਚੇਂਜ ਕਰਨ ਜਾਂ ਸਵੀਅਰ ਬਣਾਉਣ ਦਾ ਕੋਈ ਪ੍ਰਬੰਧ ਕਰੋਗੇ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਐਕਸੀਡੈਂਟ ਕਰਦੇ ਹਨ ਉਨ੍ਹਾਂ ਦੇ ਖਿਲਾਫ ਆਈ.ਪੀ.ਸੀ. ਦੀ ਧਾਰਾ ਦੇ ਤਹਿਤ ਪਰਚਾ ਹੁੰਦਾ ਹੈ ਔਰ ਅਦਾਲਤ ਦੇ ਵਿੱਚ ਕੇਸ ਚਲਦਾ ਹੈ, ਉਨ੍ਹਾਂ ਦੇ ਵਿਰੁੱਧ ਉਸ ਅਨੁਸਾਰ ਕਾਰਵਾਈ ਕਰਦੇ ਹਾਂ। ਉਨ੍ਹਾਂ ਨੂੰ ਸਜ਼ਾ ਮਿਲਦੀ ਹੈ ਜੀ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਸੈਂਕੜਿਆਂ ਦੀ ਗਿਣਤੀ ਵਿੱਚ ਬੱਸਾਂ ਰਿਪੇਅਰ ਕਰਨ ਲਈ ਖੜ੍ਹੀਆਂ ਹਨ। ਦੋ ਸਾਲਾਂ ਵਿੱਚ 9 ਕਰੋੜ ਰੁਪਏ ਤੋਂ ਉਪਰ ਇਨ੍ਹਾਂ ਨੇ ਪਹਿਲਾਂ ਵੀ ਰਿਲੀਜ਼ ਕਰ ਦਿੱਤਾ ਹੈ। ਇਸ ਸਾਲ 71 ਲੱਖ ਰੁਪਿਆ ਰਿਲੀਜ਼ ਕੀਤਾ ਹੈ। ਕੀ ਇਹ ਬੱਸਾਂ ਦੀ ਰਿਪੇਅਰ ਨੂੰ ਟਾਈਮ ਬਾਊਂਡ ਕਰਨਗੇ? ਜਿਹੜੀਆਂ ਬੱਸਾਂ ਦੋ ਦਿਨਾਂ ਦੇ ਵਿੱਚ ਰਿਪੇਅਰ ਹੋ ਸਕਦੀਆਂ ਹਨ, ਉਹ ਤਿੰਨ-ਤਿੰਨ ਮਹੀਨੇ ਰਿਪੇਅਰ ਲਈ ਖੜ੍ਹੀਆਂ ਰਹਿੰਦੀਆਂ ਹਨ। ਪਹਿਲਾਂ ਹੀ ਬੱਸਾਂ ਬਹੁਤ ਘੱਟ ਹਨ। ਕੀ ਇਹ ਬੱਸਾਂ ਦੀ ਰਿਪੇਅਰ ਦਾ ਕੰਮ ਟਾਈਮ-ਬਾਊਂਡ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਬੇਸੀਕਲੀ ਇਹ ਹੈ ਕਿ ਬੱਸਾਂ ਆਪਣਾ ਟਾਈਮ ਪੂਰਾ ਕਰ ਚੁੱਕੀਆਂ ਹਨ । ਇਸ ਸਾਲ ਦੇ ਬਜਟ ਵਿੱਚ 31 ਕਰੋੜ ਰੁਪਏ ਦਾ ਪ੍ਰੋਵੀਜ਼ਨ ਕੀਤਾ ਹੈ ਅਤੇ ਉਹ ਸਾਡੇ ਕੋਲ ਆ ਰਿਹਾ ਹੈ । ਫਿਰ ਇਹ ਰਿਪਲੇਸ ਹੋ ਜਾਣਗੀਆਂ ।

---------

## ਖਰੜ ਵਿਖੇ ਸਰਕਾਰੀ ਮਾਡਲ ਸਕੂਲ ਖੋਲ੍ਹਣਾ

*1039. **ਸਰਦਾਰ ਬੀਰ ਦਵਿੰਦਰ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਖਰੜ ਵਿਖੇ ਸਰਕਾਰੀ ਮਾਡਲ ਸੈਕੰਡਰੀ ਸਕੂਲ ਖੋਲ੍ਹਣ ਲਈ ਸਿੱਖਿਆ ਵਿਭਾਗ ਨੇ ਮਿਊਂਸਿਪਲ ਕੌਂਸਲ, ਖਰੜ ਦੁਆਰਾ ਦਿੱਤੀ ਗਈ ਭੂਮੀ ਆਪਣੇ ਕਬਜ਼ੇ ਅਧੀਨ ਲੈ ਲਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਉਕਤ ਸਕੂਲ ਖੋਲ੍ਹਣ ਲਈ ਵਿਭਾਗ ਦੁਆਰਾ ਚੁੱਕੇ ਗਏ/ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ ?

**ਸ਼੍ਰੀ ਹਰਨਾਮ ਦਾਸ ਜੌਹਰ** : ਮਿਊਂਸਿਪਲ ਕੌਂਸਲ, ਖਰੜ ਵਲੋਂ ਤਜਵੀਜ਼ ਕੀਤੀ ਗਈ ਜ਼ਮੀਨ ਨਹੀਂ ਲਈ ਗਈ ਹੈ । ਇਸ ਜ਼ਮੀਨ ਦਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ:), ਰੋਪੜ ਅਤੇ ਡੀ.ਪੀ.ਆਈ. (ਐਸ.ਈ.) ਪੰਜਾਬ ਦੇ ਇੱਕ ਅਫ਼ਸਰ ਵਲੋਂ ਨਿਰੀਖਣ ਕੀਤਾ ਗਿਆ ਸੀ, ਜਿਨ੍ਹਾਂ ਨੇ ਇਸ ਜ਼ਮੀਨ ਨੂੰ ਸਕੂਲ ਲਈ ਨਾ ਲੈਣ ਦੇ ਯੋਗ ਹੋਣ ਦੀ ਰਿਪੋਰਟ ਦਿੱਤੀ ਹੈ, ਕਿਉਂਕਿ :-

(ੳ) ਇਹ ਜ਼ਮੀਨ ਨੀਵੀਂ ਥਾਂ ਤੇ ਇੱਕ ਵੱਡੇ ਚੋਅ ਵਿੱਚ ਸਥਿਤ ਹੈ ।

(ਅ) ਇਸ ਜ਼ਮੀਨ ਵਿਚ ਮਿਊਂਸਿਪਲ ਕੌਂਸਲ, ਖਰੜ ਵਲੋਂ ਸ਼ਹਿਰ ਦਾ ਕੂੜਾ ਕਰਕਟ ਸੁੱਟਿਆ ਜਾਂਦਾ ਹੈ ।

(ੲ) ਇਸ ਜ਼ਮੀਨ ਦੇ ਬਿਲਕੁਲ ਨੇੜੇ ਖਰੜ ਸ਼ਹਿਰ ਦੇ ਸੀਵਰੇਜ ਦਾ ਪਾਣੀ ਇਕੱਠਾ ਹੁੰਦਾ ਹੈ ਜਿਸ ਤੋਂ ਬਹੁਤ ਭੈੜੀ ਬਦਬੂ ਆਉਂਦੀ ਹੈ।

(ਸ) ਇਹ ਥਾਂ ਬੱਸ ਸਟੈਂਡ ਤੋਂ ਇੱਕ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।

[ਸਿੱਖਿਆ ਮੰਤਰੀ]

ਇੰਸਪੈਕਸ਼ਨ ਰਿਪੋਰਟ ਦੀ ਕਾਪੀ ਵੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**ਇੰਸਪੈਕਸ਼ਨ ਰਿਪੋਰਟ**

ਵਿਸ਼ਾ :- ਸੈਟਿੰਗ ਅੱਪ ਆਫ ਏ ਨਿਊ ਗੌਰਮਿੰਟ ਸੀਨੀਅਰ ਸੈਕੰਡਰੀ ਐਟ ਖਰੜ ਜ਼ਿਲ੍ਹਾ ਰੋਪੜ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮਿਤੀ 9.12.03 ਨੂੰ ਮਾਨਯੋਗ ਡਿਪਟੀ ਕਮਿਸ਼ਨਰ, ਰੂਪਨਗਰ ਜੀ ਨਾਲ ਉਨ੍ਹਾਂ ਦੇ ਪੱਤਰ ਨੰ: 15200/ਫਸ ਮਿਤੀ 5.12.2003 ਦੇ ਹਵਾਲੇ ਵਿਚ ਵਿਸਥਾਰ ਪੂਰਵਕ ਗੱਲ ਕੀਤੀ ਗਈ । ਉਨ੍ਹਾਂ ਵੱਲੋਂ ਇਹ ਆਦੇਸ਼ ਦਿੱਤਾ ਗਿਆ ਅਤੇ ਦੱਸਿਆ ਗਿਆ ਕਿ ਨਗਰ ਪਾਲਕਾ ਖਰੜ ਜ਼ਮੀਨ ਅਤੇ ਇਮਾਰਤ ਲਈ ਪੈਸੇ ਖਰਚਣ ਲਈ ਤਿਆਰ ਹੈ, ਇਸ ਲਈ ਮੌਕੇ ਤੇ ਜਾ ਕੇ ਨਗਰ ਪਾਲਕਾ ਖਰੜ ਦੇ ਪ੍ਰਧਾਨ ਅਤੇ ਕਾਰਜ ਸਾਧਕ ਅਫ਼ਸਰ ਨਾਲ ਗੱਲਬਾਤ ਕਰਕੇ ਅਗਲੇਰੀ ਕਾਰਵਾਈ ਕੀਤੀ ਜਾਵੇ ।

ਉਪਰੋਕਤ ਸਕੂਲ ਸਬੰਧੀ ਨਿਮਨ ਹਸਤਾਖਰ ਵੱਲੋਂ ਕੱਲ੍ਹ ਮਿਤੀ 10.12.03 ਨੂੰ ਆਪ ਜਾ ਕੇ ਸਕੂਲ ਲਈ ਜ਼ਮੀਨ ਵੇਖੀ ਗਈ। ਸਕੂਲ ਲਈ ਇਸ ਜ਼ਮੀਨ ਵਿਚ ਬਹੁਤ ਸਾਰੀਆਂ ਘਾਟਾਂ ਹਨ :-

1. ਇਹ ਜ਼ਮੀਨ ਸ਼ਹਿਰ ਤੋਂ ਦੂਰ ਇਕ ਪਾਸੇ ਪਿੰਡ ਖਾਨਪੁਰ ਦੇ ਨਾਲ ਲੱਗਦੀ ਹੈ ।

2. ਇਸ ਜ਼ਮੀਨ ਨੂੰ ਕੋਈ ਮੁੱਖ ਰਸਤਾ ਨਹੀਂ ਜਾਂਦਾ, ਕੇਵਲ ਇਕ ਛੋਟੀ ਜਿਹੀ ਪਗਡੰਡੀ ਜਾਂਦੀ ਹੈ ।

3. ਇਹ ਥਾਂ ਬਹੁਤ ਹੀ ਉੱਚੀ ਨੀਵੀਂ ਹੈ ।

4. ਸ਼ਹਿਰ ਦੀ ਸਾਰੀ ਗੰਦਗੀ ਇਸ ਥਾਂ ਤੇ ਸੁੱਟੀ ਜਾਂਦੀ ਹੈ, ਜੇਕਰ ਇਸ ਥਾਂ ਤੇ ਸਕੂਲ ਦੀ ਇਮਾਰਤ ਬਣਾ ਲਈ ਜਾਵੇਗੀ ਤਾਂ ਹੇਠਾਂ ਪਈ ਗੰਦਗੀ ਉਥੇ ਆਉਣ ਵਾਲੇ ਸਮੇਂ ਵਿਚ ਬੀਮਾਰੀਆਂ ਫੈਲਣ ਦਾ ਕਾਰਨ ਬਣ ਜਾਵੇਗਾ ।

5. ਇਹ ਥਾਂ ਚੋਅ ਦੇ ਬੈਡ ਵਿਚ ਹੈ, ਜਿਸ ਤੇ ਇਮਾਰਤ ਉਸਾਰਨਾ ਬਹੁਤ ਹੀ ਕੀਮਤੀ ਪਵੇਗਾ ਅਤੇ ਇਸ ਇਮਾਰਤ ਦੇ ਧਰਤੀ ਵਿਚ ਧੱਸਣ ਕਾਰਨ ਇਮਾਰਤ ਨੂੰ ਵੀ ਨੁਕਸਾਨ ਹੋ ਜਾਵੇਗਾ ।

6. ਇਸ ਜ਼ਮੀਨ ਨੂੰ ਸਾਫ, ਪੱਧਰਾ ਅਤੇ ਠੀਕ ਕਰਨ ਲਈ ਬਹੁਤ ਵੱਡਾ ਖ਼ਰਚਾ ਹੋਵੇਗਾ ।

7. ਇਹ ਜਗ੍ਹਾ ਸ਼ਹਿਰ ਤੋਂ ਦੂਰ ਹੋਣ ਕਾਰਨ ਬੱਚਿਆਂ ਨੂੰ ਆਉਣ ਜਾਣ ਲਈ ਕਾਫੀ ਚਲਣਾ ਪਵੇਗਾ, ਇਸ ਲਈ ਵਿਦਿਆਰਥੀ ਇਸ ਸਕੂਲ ਵਿਚ ਜਾਣਾ ਚੰਗਾ ਨਹੀਂ ਸਮਝਣਗੇ।

ਉਪਰੋਕਤ ਕਾਰਨਾਂ ਕਰਕੇ ਇਹ ਜਗ੍ਹਾ ਸਮਾਜਿਕ ਅਤੇ ਆਰਥਿਕ ਪੱਖੋਂ ਸਕੂਲ ਲਈ ਢੁਕਵੀਂ ਵਿਖਾਈ ਨਹੀਂ ਦਿੰਦੀ।

ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਪੁਲਿਸ ਸਟੇਸ਼ਨ ਖਰੜ ਦੇ ਪਿਛਲੇ ਪਾਸੇ ਪੰਚਾਇਤ ਸੰਮਤੀ ਦੀ ਲਗਭਗ 2 ਏਕੜ ਥਾਂ ਪਈ ਹੈ, ਜਿਸ ਵਿੱਚ ਬੀ.ਪੀ.ਈ.ਓ. ਦਫਤਰ, ਪ੍ਰਾਇਮਰੀ ਸਕੂਲ ਅਤੇ ਹੋਰ ਅਨਸੇਫ ਬਿਲਡਿੰਗਾਂ ਹਨ ਜਿਨ੍ਹਾਂ ਵਿਚ ਪਹਿਲਾਂ ਖਰੜ ਸਬ ਡਵੀਜ਼ਨ ਦੀ ਕਚਹਿਰੀ ਅਤੇ ਤਹਿਸੀਲ ਦਾ ਕੰਮ ਚਲਦਾ ਸੀ। ਇਹ ਥਾਂ ਹੁਣ ਖਾਲੀ ਪਈ ਹੈ ਅਤੇ ਸ਼ਹਿਰ ਦੇ ਵਿਚਕਾਰ ਹੈ। ਇਸ ਲਈ ਜੇਕਰ ਇਸ ਢੁਕਵੀਂ ਥਾਂ ਨੂੰ ਬਲਾਕ ਸੰਮਤੀ ਤੋਂ ਲੈ ਕੇ ਸਿੱਖਿਆ ਵਿਭਾਗ ਨੂੰ ਦੇ ਦਿੱਤੀ ਜਾਵੇ ਤਾਂ ਇਹ ਹਰ ਪੱਖੋਂ ਠੀਕ ਰਹੇਗਾ।

ਆਪ ਜੀ ਦੀ ਸੂਚਨਾ ਅਤੇ ਯੋਗ ਹੁਕਮਾਂ ਲਈ।

ਸਹੀ/-

ਜਿ:ਸਿ:ਅ: (ਸੀ:ਸੈ:) ਰੂਪਨਗਰ

ਡਿਪਟੀ ਕਮਿਸ਼ਨਰ,

ਰੂਪਨਗਰ।

[ਸਿੱਖਿਆ ਮੰਤਰੀ]

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ: ਸਿ:) ਪੰਜਾਬ, ਚੰਡੀਗੜ੍ਹ ।

ਵਿਸ਼ਾ:- ਖਰੜ ਜ਼ਿਲ੍ਹਾ ਰੋਪੜ੍ਹ ਵਿਖੇ ਨਵਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਸਿੱਖਿਆ ਮੰਤਰੀ ਜੀ ਦੇ ਆਦੇਸ਼ ਅਨੁਸਾਰ ਹਲਕਾ ਵਿਧਾਇਕ ਅਤੇ ਡਿਪਟੀ ਸਪੀਕਰ ਸ਼੍ਰੀ ਬੀਰਦਵਿੰਦਰ ਸਿੰਘ ਜੀ ਵਲੋਂ ਖਰੜ ਨਗਰ ਕੌਂਸਲ ਦੀ ਹੱਦ ਅੰਦਰ ਨਵਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣ ਲਈ ਤਜਵੀਜ਼ ਕੀਤੀ ਥਾਂ ਦਾ ਮੁਆਇਨਾ ਕੀਤਾ ਗਿਆ। ਇਸ ਸਮੇਂ ਸ਼੍ਰੀ ਉਜਾਗਰ ਸਿੰਘ ਮਾਹੀ, ਜ਼ਿਲ੍ਹਾ ਸਿੱਖਿਆ ਅਫ਼ਸਰ(ਸ) ਰੋਪੜ ਵੀ ਮੌਕੇ ਤੇ ਪੁੱਜੇ ਹੋਏ ਸਨ। ਭਾਵੇਂ ਸਕੂਲ ਲਈ ਥਾਂ ਪੰਜ ਏਕੜ ਤੋਂ ਵੀ ਜ਼ਿਆਦਾ ਉਪਲਬਧ ਹੈ ਪ੍ਰੰਤੂ ਇਸ ਥਾਂ ਤੇ ਸਕੂਲ ਉਸਾਰਨ ਸਮੇਂ ਅਤੇ ਬਾਅਦ ਵਿੱਚ ਨਿਮਨ ਅੰਕਿਤ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ:-

1. ਇਹ ਥਾਂ ਖਰੜ ਬੱਸ ਸਟੈਂਡ ਤੋਂ 1 ਕਿਲੋਮੀਟਰ ਤੋਂ ਵੀ ਵੱਧ ਦੂਰੀ ਤੇ ਪਿੰਡ ਖਾਨਪੁਰ ਦੇ ਨਜ਼ਦੀਕ ਨਗਰ ਦੇ ਇੱਕ ਪਾਸੇ ਨਦੀ ਤੋਂ ਪਾਰਲੇ ਪਾਸੇ ਸਥਿਤ ਹੈ ।

2. ਇਸ ਥਾਂ ਤੇ ਸ਼ਹਿਰ ਦਾ ਸਾਰਾ ਕੂੜਾ ਕਰਕਟ ਸੁੱਟਿਆ ਜਾਂਦਾ ਹੈ ਭਾਵ ਇਹ ਇੱਕ ਡੰਪਿੰਡ ਗਰਾਉਂਡ ਹੈ। ਤਕਨੀਕੀ ਤੌਰ ਤੇ ਵੀ ਇਮਾਰਤ ਦੀ ਉਸਾਰੀ ਸਮੇਂ ਮੁਸ਼ਕਲ ਪੇਸ਼ ਆ ਸਕਦੀ ਹੈ, ਕਿਉਂਕਿ ਇਥੇ ਡੂੰਘੇ ਟੋਏ ਸਨ, ਜੋ ਗੰਦਗੀ ਨਾਲ ਭਰੇ ਗਏ ਹਨ।

3. ਇਸ ਥਾਂ ਦੇ ਬਿਲਕੁੱਲ ਨੇੜਿਓ ਸ਼ਹਿਰ ਦੇ ਸੀਵਰੇਜ ਦਾ ਗੰਦਾ ਪਾਣੀ ਵਗਦਾ ਹੈ ਜੋ ਕਿ ਵਾਤਾਵਰਣ ਨੂੰ ਵੀ ਦੂਸ਼ਿਤ ਕਰਦਾ ਹੈ। ਇਸ ਦੇ ਇੱਕ ਪਾਸੇ ਸ਼ਹਿਰ ਦਾ ਸਾਰਾ ਗੰਦਾ ਪਾਣੀ ਟੋਭੇ ਦੇ ਰੂਪ ਵਿੱਚ ਖੜ੍ਹਾ ਹੈ ਜੋ ਬਦਬੂ ਮਾਰ ਰਿਹਾ ਹੈ। ਇਸ ਨਾਲ ਬੱਚਿਆਂ ਦੀ ਸਿਹਤ ਤੇ ਵੀ ਮਾੜਾ ਅਸਰ ਪੈ ਸਕਦਾ ਹੈ।

4. ਇਹ ਥਾਂ ਚੋਅ ਦੇ ਬੈਂਡ ਵਿੱਚ ਵਾਕਿਆ ਹੈ ਅਤੇ ਕਾਂਫੀ ਉੱਚੀ ਨੀਵੀਂ ਹੈ। ਇਥੇ ਸਕੂਲ ਇਮਾਰਤ ਉਸਾਰਨ ਤੇ ਜਿੱਥੇ ਖਰਚਾ ਵੀ ਜ਼ਿਆਦਾ ਆਵੇਗਾ ਉਥੇ ਬਰਸਾਤਾਂ ਵਿੱਚ ਪਾਣੀ ਦੀ ਬਹੁਤਾਤ ਕਾਰਣ ਇਮਾਰਤਾਂ ਨੂੰ ਵੀ ਨੁਕਸਾਨ ਪੁੱਜ ਸਕਦਾ ਹੈ।

5. ਪ੍ਰਾਈਵੇਟ ਸਕੂਲ ਸ਼ਹਿਰ ਦੇ ਬਿਲਕੁਲ ਵਿਚਕਾਰ ਸਥਿੱਤ ਹਨ। ਇਸ ਲਈ ਵਿਦਿਆਰਥੀ ਵੀ ਘਰ ਦੇ ਨਜ਼ਦੀਕ ਇਨ੍ਹਾਂ ਸਕੂਲਾਂ ਵਿੱਚ ਦਾਖਲ ਹੋਣ ਨੂੰ ਹੀ ਤਰਜੀਹ ਦੇਣਗੇ। ਕਿਉਂਕਿ ਇਹ ਥਾਂ ਸ਼ਹਿਰ ਤੋਂ ਦੂਰ ਇੱਕ ਕਿਨਾਰੇ ਤੇ ਵਾਕਿਆ ਹੈ, ਇਸ ਲਈ ਬੱਚੇ ਨਵੇਂ ਸਕੂਲ ਵਿੱਚ ਦਾਖਲ ਹੋਣ ਨੂੰ ਤਰਜੀਹ ਨਹੀਂ ਦੇਣਗੇ।

6. ਇਸ ਥਾਂ ਨੂੰ ਵਰਤੋਂ ਯੋਗ ਬਣਾਉਣ ਅਤੇ ਵੱਖਰਾ ਕਰਨ ਤੇ ਵੀ ਵੱਡੀ ਰਕਮ ਖ਼ਰਚ ਆਵੇਂਗੀ।

7. ਇਸ ਥਾਂ ਦੇ ਨਜ਼ਦੀਕ ਹੀ ਸੜਕ ਦੇ ਦੂਸਰੇ ਪਾਸੇ ਨਗਰ ਕੌਂਸਲ ਖਰੜ ਦੀ 18 ਏਕੜ ਦੇ ਲਗਭਗ ਥਾਂ ਪਈ ਹੈ। ਇਸ ਥਾਂ ਵਿਚੋਂ ਕੁਝ ਥਾਂ ਸਕੂਲ ਦੀਆਂ ਵੱਡੀਆਂ ਗਰਾਊਂਡਾਂ ਲਈ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਦੋਵਾਂ ਥਾਵਾਂ ਦਾ ਮੌਕੇ ਤੇ ਜਾ ਕੇ ਨਿਰੀਖਣ ਕਰਨ ਉਪਰੰਤ ਇਹ ਵੇਖਿਆ ਗਿਆ ਕਿ ਸਰਕਾਰ ਵੱਲੋਂ ਸੁਝਾਈ ਥਾਂ ਭਾਵੇਂ ਰਕਬੇ ਪੱਖੋਂ ਸਕੂਲ ਖੋਲ੍ਹਣ ਲਈ ਅਨੁਕੂਲ ਹੋਵੇਗੀ ਪ੍ਰੰਤੂ ਮੌਜੂਦਾ ਪ੍ਰਸਥਿਤੀਆਂ ਅਤੇ ਦੂਸ਼ਿਤ ਵਾਤਾਵਰਣ ਅਤੇ ਭੂਗੋਲਿਕ ਸਥਿਤੀ ਕਾਰਣ ਢੁਕਵੀਂ ਨਹੀਂ।

ਜ਼ਿਲ੍ਹਾ ਸਿੱਖਿਆ ਅਫ਼ਸਰ(ਸ) ਰੋਪੜ ਵੱਲੋਂ ਤਜ਼ਵੀਜ਼ ਕੀਤੀ ਦੂਸਰੀ ਥਾਂ ਭਾਵੇਂ ਏਰੀਏ ਵਿੱਚ ਇਸ ਤੋਂ ਘੱਟ ਹੈ ਪ੍ਰੰਤੂ ਸ਼ਹਿਰ ਦੇ ਵਿਚਕਾਰ ਸਥਿਤ ਹੋਣ ਕਾਰਣ ਨਵਾਂ ਸਕੂਲ ਖੋਲ੍ਹਣ ਲਈ ਢੁੱਕਵੀਂ ਹੈ, ਕਿਉਂਕਿ ਇਥੇ ਪਹਿਲਾਂ ਹੀ ਪ੍ਰਾਇਮਰੀ ਸਕੂਲ ਚੱਲ ਰਿਹਾ ਹੈ।

ਅੰਤਿਮ ਫੈਸਲੇ ਲਈ ਰਿਪੋਰਟ ਆਦੇਸ਼ ਹਿੱਤ ਪੇਸ਼ ਹੈ।

ਸਹੀ/-
ਵਿਸ਼ੇਸ਼ ਕਾਰਜ ਅਫ਼ਸਰ (ਵਰਕਸ)
ਵਾ:ਡਾਇਰੈਕਟਰ ਸਿੱਖਿਆ ਵਿਭਾਗ (ਸੈ: ਸਿ:) ਪੰਜਾਬ।

ਉਕਤ ਥਾਂ ਬਾਰੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਰੋਪੜ ਵੱਲੋਂ ਵੀ ਆਪਣੀ ਮਿਤੀ 11-12-2003 ਦੀ ਰਿਪੋਰਟ ਵਿਚੋਂ ਇਸ ਥਾਂ ਬਾਰੇ ਊਣਤਾਈਆਂ/ਸਥਿਤੀ ਬਾਰੇ ਸਪਸ਼ਟ ਕੀਤਾ ਗਿਆ ਹੈ । ਉਨ੍ਹਾਂ ਵੱਲੋਂ ਖਰੜ ਵਿੱਚ ਨਵਾਂ ਸੀਨੀਅਰ ਸੈਕੰਡਰੀ

[ਸਿੱਖਿਆ ਮੰਤਰੀ]

ਸਕੂਲ ਖੋਲਣ ਲਈ ਇਹ ਹੋਰ ਥਾਂ ਸੁਝਾਈ ਗਈ ਜਿਸ ਦਾ ਵੀ ਮੌਕੇ ਤੇ ਨਿਰੀਖਣ ਕੀਤਾ ਗਿਆ । ਇਹ ਥਾਂ 2½ ਤੋਂ 3 ਏਕੜ ਦੇ ਲਗਭਗ ਹੈ ਜੋ ਕਿ ਬਲਾਕ ਸੰਮਤੀ ਦੀ ਮਲਕੀਅਤ ਹੈ ਅਤੇ ਸਕੂਲ ਲਈ ਢੁੱਕਵੀਂ ਹੈ । ਇਹ ਥਾਂ ਥਾਣਾ ਖਰੜ ਦੇ ਪਿਛਵਾੜੇ ਸ਼ਹਿਰ ਦੇ ਵਿਚਕਾਰ ਸਥਿਤ ਹੈ । ਇਸ ਥਾਂ ਤੇ ਪਹਿਲਾਂ ਕਚਹਿਰੀਆਂ ਹੁੰਦੀਆਂ ਸਨ ਅਤੇ ਸਰਕਾਰੀ ਮਿਡਲ ਸਕੂਲ ਵੀ ਚਲਦਾ ਸੀ ਜੋ ਕਿ ਕੁਝ ਵਰ੍ਹੇ ਪਹਿਲਾਂ ਮੁੰਡੀ ਖਰੜ ਵਿਖੇ ਸ਼ਿਫਟ ਕਰ ਦਿੱਤਾ ਗਿਆ ਸੀ । ਬਲਾਕ ਸੰਮਤੀ, ਅਦਾਲਤਾਂ ਅਤੇ ਸਰਕਾਰੀ ਮਿਡਲ ਸਕੂਲ ਦੀਆਂ ਇਮਾਰਤਾਂ ਅਣਸੁਰੱਖਿਅਤ ਅਤੇ ਨਾ ਵਰਤੋਂ ਯੋਗ ਸਥਿਤੀ ਵਿੱਚ ਖਾਲੀ ਪਈਆਂ ਹਨ । ਇਸ ਥਾਂ ਬਾਰੇ ਹੋਰ ਵੇਰਵੇ ਨਿਮਨ ਅਨੁਸਾਰ ਹਨ:-

1. ਇਹ ਥਾਂ ਸ਼ਹਿਰ ਦੇ ਬਿਲਕੁੱਲ ਵਿਚਕਾਰ ਸਥਿਤ ਹੈ । ਰਕਬਾ ਲਗਭਗ 2½ ਤੋਂ 3 ਏਕੜ ਹੈ ।

2. ਇਹ ਥਾਂ ਸ਼ਹਿਰ ਦੇ ਦੋ ਮੁੱਖ ਪ੍ਰਾਈਵੇਟ ਸਕੂਲਾਂ ਦੇ ਬਿਲਕੁਲ ਵਿਚਕਾਰ ਸਥਿਤ ਹੈ ਅਤੇ ਸਕੂਲ ਖੋਲ੍ਹਣ ਦੇ ਅਨੁਕੂਲ ਹੈ ।

3. ਇਹ ਥਾਂ ਬਲਾਕ ਸੰਮਤੀ ਦੀ ਮਲਕੀਅਤ ਹੈ ਅਤੇ ਇਥੇ ਉਸਾਰੀਆਂ ਸਾਰੀਆਂ ਇਮਾਰਤਾਂ ਜੋ ਕਿ ਕੋਰਟਸ, ਬਲਾਕ ਸੰਮਤੀ ਅਤੇ ਮਿਡਲ ਸਕੂਲ ਦੀਆਂ ਹਨ, ਬਿਲਕੁਲ ਅਣਸੁਰੱਖਿਅਤ ਸਨ ਅਤੇ ਖਾਲੀ ਪਈਆਂ ਹਨ ।

4. ਇਸ ਥਾਂ ਤੇ ਸਰਕਾਰੀ ਪ੍ਰਾਇਮਰੀ ਸਕੂਲ ਚੱਲ ਰਿਹਾ ਹੈ ਅਤੇ ਬਲਾਕ ਸਿੱਖਿਆ ਅਫ਼ਸਰ ਖਰੜ ਦਾ ਦਫਤਰ ਸਥਿਤ ਹੈ । ਇਸੇ ਪ੍ਰਾਇਮਰੀ ਸਕੂਲ ਨੂੰ ਸੈਕੰਡਰੀ ਸਕੂਲ ਵਜੋਂ ਅਪਗ੍ਰੇਡ ਕੀਤਾ ਜਾ ਸਕਦਾ ਹੈ ।

5. ਇਹ ਥਾਂ ਬਿਲਕੁੱਲ ਪੱਧਰੀ ਅਤੇ ਸਕੂਲ ਖੋਲ੍ਹਣ ਲਈ ਢੁੱਕਵੀਂ ਹੈ । ਇਸ ਥਾਂ ਤੇ ਸਕੂਲ ਖੋਲ੍ਹਣ ਨਾਲ ਇਸ ਥਾਂ ਦੀ ਸਹੀ ਵਰਤੋਂ ਹੋਵੇਗੀ ।

6. ਇਹ ਥਾਂ ਸ਼ਹਿਰ ਦੇ ਵਿਚਕਾਰ ਸਥਿਤ ਹੋਣ ਕਾਰਣ ਬੱਚਿਆਂ ਨੂੰ ਆਉਣ ਜਾਣ ਵਿੱਚ ਸੌਖ ਹੋਵੇਗੀ ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਇਸ ਸ਼ਹਿਰ ਵਿੱਚ ਪਿਛਲੇ 50 ਸਾਲਾਂ ਤੋਂ ਕੋਈ ਸਰਕਾਰੀ ਸਕੂਲ ਨਹੀਂ ਹੈ । ਇਹ ਇੱਕਲਾ ਟਾਊਨ ਸੀ ਜਿੱਥੇ ਸਕੂਲ ਨਹੀਂ ਸੀ । ਬੜੀਆਂ ਐਫਰਟਸ ਦੇ ਨਾਲ 1 ਅਪ੍ਰੈਲ, 2004 ਨੂੰ ਡੋਗਰਾ ਸਾਹਿਬ ਦੀ ਮਿਹਰਬਾਨੀ ਨਾਲ ਇਨ੍ਹਾਂ ਦੇ ਮਹਿਕਮੇ ਦੀ ਵਰਕਸ਼ਾਪ ਖਾਲੀ ਕਰਵਾ ਕੇ ਉਥੇ ਸਕੂਲ ਖੋਲ੍ਹਿਆ ਗਿਆ ਸੀ । ਇਕ ਸਾਲ ਹੋ ਗਿਆ ਹੈ । ਸਪੀਕਰ ਸਾਹਿਬ, ਮੈਂ ਤੇ ਥੱਕ ਗਿਆ ਹਾਂ ਐਫਰਟਸ ਕਰ ਕਰ ਕੇ । ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਉਪਰਾਲਾ ਇਨ੍ਹਾਂ ਦੇ ਮਹਿਕਮੇ ਨੇ ਹੁਣ ਤੱਕ ਕੀਤਾ ਹੈ, ਕੋਈ ਮੁਤਵਾਜ਼ੀ ਜ਼ਮੀਨ ਲੈਣ ਦਾ ਜਾਂ ਇਸੇ ਬਿਲਡਿੰਗ ਨੂੰ ਪੱਕੇ ਤੌਰ ਤੇ ਐਜੂਕੇਸ਼ਨ ਮਹਿਕਮੇ ਨੂੰ ਟਰਾਂਸਫਰ ਕਰਨ ਦਾ ? ਇਸ ਤੋਂ ਇਲਾਵਾ ਜਿਹੜੇ ਟੀਚਰ ਉਥੇ ਆਰਜ਼ੀ ਤੌਰ ਤੇ ਲਾਏ ਹਨ, ਉਨ੍ਹਾਂ ਦੀਆਂ ਪੱਕੀਆਂ ਨਿਯੁਕਤੀਆਂ ਕਰਨ ਬਾਰੇ ਇਨ੍ਹਾਂ ਨੇ ਇੱਕ ਸਾਲ ਦੇ ਵਿੱਚ ਕੋਈ ਉਪਰਾਲਾ ਕੀਤਾ ? ਜੇ ਕੀਤਾ ਤਾਂ ਕੀ ਕੀਤਾ ? ਜੇ ਨਹੀਂ ਕੀਤਾ ਤਾਂ ਕਿਉਂ ਨਹੀਂ ਕੀਤਾ ?

**ਮੰਤਰੀ :** ਸਪੀਕਰ ਸਾਹਿਬ, ਜਿੱਥੋਂ ਤੱਕ ਵਰਕਸ਼ਾਪ ਦਾ ਸਵਾਲ ਹੈ ਉਹ ਖਾਲੀ ਹੋਈ ਹੈ ਔਰ ਖਾਲੀ ਪਈ ਹੈ ਔਰ ਉਥੇ ਕੋਈ ਹੋਰ ਆਉਣ ਵਾਲਾ ਨਹੀਂ ਹੈ ਪਰ ਮੈਂ ਰਿਕੁਐਸਟ ਕਰ ਲਵਾਂਗਾ ਇਨ੍ਹਾਂ ਨੂੰ (ਮਾਨਯੋਗ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਵੱਲ ਇਸ਼ਾਰਾ) (ਹਾਸਾ) ਉਹ ਸਰਕਾਰੀ ਬਿਲਡਿੰਗ ਹੈ । ਮੈਂ ਇਸ ਬਾਰੇ ਸੀ.ਐਮ. ਸਾਹਿਬ ਨੂੰ ਔਰ ਕੈਬਨਿਟ ਨੂੰ ਅਪਰੋਚ ਕਰ ਲਵਾਂਗਾ ਜੇਕਰ ਉਹ ਐਜੂਕੇਸ਼ਨ ਮਹਿਕਮੇ ਦੇ ਨਾਂ ਹੋ ਸਕੇ, ਨਹੀਂ ਤਾਂ ਉਸ ਵਿੱਚ ਕੋਈ ਫਰਕ ਨਹੀਂ । ਸਰਕਾਰੀ ਤੌਰ ਤੇ ਉਹ ਬਿਲਡਿੰਗ ਹੈ, ਉਥੇ ਸਕੂਲ ਚੱਲ ਰਿਹਾ ਹੈ । ਜਿੱਥੋਂ ਤੱਕ ਟੀਚਰ ਪੱਕੇ ਕਰਨ ਦਾ ਸਵਾਲ ਹੈ, ਜਿਸ ਤਰ੍ਹਾਂ ਮੈਂ ਜਵਾਬ ਦੇ ਚੁੱਕਾ ਹਾਂ, ਜਿਸ ਵੇਲੇ ਨਵੀਆਂ ਰਿਕਰੂਟਮੈਂਟਸ ਖੁਲ੍ਹਣਗੀਆਂ ਉਸ ਵੇਲੇ ਜ਼ਰੂਰ ਕਰਾਂਗੇ ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ । ਉਥੇ ਇਕ ਸਾਲ ਤੋਂ 1,000 ਬੱਚੇ ਪੜ੍ਹ ਰਹੇ ਹਨ । ਸਰਕਾਰ ਨੇ ਅਜੇ ਤੱਕ ਉਥੇ ਕੋਈ ਉਪਰਾਲੇ ਨਹੀਂ ਕੀਤੇ । ਮੰਤਰੀ ਜੀ ਨੇ ਕੋਈ ਠੀਕ ਜਵਾਬ ਨਹੀਂ ਦਿੱਤਾ । ਸਰਕਾਰ ਨੇ ਪਿਛਲੇ ਇਕ ਸਾਲ ਤੋਂ ਕੋਈ ਉਪਰਾਲੇ ਨਹੀਂ ਕੀਤੇ । ਇਨ੍ਹਾਂ ਵੇਕੈਂਸੀਆਂ ਨੂੰ ਰੈਗੂਲਰਾਈਜ਼ ਕਰਨ ਵਾਸਤੇ ਸੀ.ਐਮ. ਸਾਹਿਬ ਨੇ ਆਪਣੇ ਐਜੂਕੇਸ਼ਨ ਫੰਡ ਵਿਚੋਂ 10 ਲੱਖ ਰੁਪਏ ਮਨਜ਼ੂਰ ਕੀਤੇ ਸਨ। ਉਹ 10 ਲੱਖ ਰੁਪਿਆ ਪਿਛਲੇ ਇਕ ਸਾਲ ਤੋਂ ਪਿਆ ਹੈ। ਉਸ ਨਾਲ ਅਦਾਇਗੀਆਂ ਨਹੀਂ ਹੋ ਸਕੀਆਂ । ਅਸੀਂ ਉਧਾਰ ਫੜ ਕੇ ਕੰਮ

[ਸਰਦਾਰ ਬੀਰ ਦਵਿੰਦਰ ਸਿੰਘ]

ਚਲਾਇਆ ਹੈ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸੀ. ਐਮ. ਸਾਹਿਬ ਵੱਲੋਂ ਮਨਜ਼ੂਰ ਕੀਤੇ ਹੋਏ ਫੰਡ ਵੀ ਡਿਸਬਰਸ ਨਹੀਂ ਹੋ ਸਕੇ । ਵਜ਼ੀਰ ਸਾਹਿਬ ਜਵਾਬ ਦੇਣ ਤੋਂ ਆਨਾ-ਕਾਨੀ ਕਰ ਰਹੇ ਹਨ । ਜੇਕਰ ਇਹ ਕੁਝ ਵੀ ਨਹੀਂ ਕਰ ਸਕਦੇ ਤਾਂ ਉਥੇ 1000 ਬੱਚਿਆਂ ਕੋਲੋਂ ਜਾ ਕੇ ਮੁਆਫੀ ਮੰਗ ਲੈਣ ।

**Mr. Speaker :** No suggestion. Ask question.

**ਸਰਦਾਰ ਬੀਰ ਦਵਿੰਦਰ ਸਿੰਘ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਇਕ ਸਾਲ ਵਿਚ ਸਰਕਾਰ ਨੇ ਕੀ ਉਪਰਾਲੇ ਕੀਤੇ ਹਨ ?

**ਮੰਤਰੀ :** ਮੈਨੂੰ ਆਨਾ-ਕਾਨੀ ਕਰਨ ਦੀ ਆਦਤ ਨਹੀਂ ਹੈ । ਜੋ ਮੈਂ ਕਰਦਾ ਹਾਂ ਉਹ ਦਿਲੋਂ ਅਤੇ ਮਨੋਂ ਕਰਦਾ ਹਾਂ । (ਥੰਪਿੰਗ) ਵਿਧਾਨ ਸਭਾ ਦੇ ਅੰਦਰ ਬੜੀ ਜ਼ਿੰਮੇਵਾਰੀ ਨਾਲ ਬੋਲਣਾ ਪੈਂਦਾ ਹੈ । ਐਮ.ਐਲ.ਏ.ਸਾਹਿਬ ਨੂੰ ਵੀ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ। ਬਾਕੀ ਜਿਥੋਂ ਤੱਕ ਉਪਰਾਲੇ ਦੀ ਗੱਲ ਹੈ, ਇਨ੍ਹਾਂ ਨੇ ਮੇਰੇ ਕੋਲ ਪਹੁੰਚ ਹੀ ਨਹੀਂ ਕੀਤੀ । ਮੇਰੇ ਕੋਲ ਅੱਜ ਹੀ ਸਵਾਲ ਆਇਆ ਹੈ । ਇਨ੍ਹਾਂ ਨੇ ਕਦੇ ਵੀ ਮੇਰੇ ਨਾਲ ਗੱਲ ਨਹੀਂ ਕੀਤੀ । ਸਪੀਕਰ ਸਾਹਿਬ, ਜਿਹੜਾ 10 ਲੱਖ ਰੁਪਿਆ ਸੀ.ਐਮ. ਨੇ ਦਿੱਤਾ ਸੀ, ਉਸ ਦੀ ਅਦਾਇਗੀ ਹੋ ਚੁੱਕੀ ਹੈ । ਅਸੀਂ ਆਰਡਰ ਕਰ ਚੁੱਕੇ ਹਾਂ ।

**ਮਾਨਯੋਗ ਸਪੀਕਰ :** ਕਾਫੀ ਸਪਲੀਮੈਂਟਰੀਆਂ ਹੋ ਗਈਆਂ ਹਨ ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਬਸ ਆਖਰੀ ਸਪਲੀਮੈਂਟਰੀ ਕਰਨੀ ਚਾਹੁੰਦਾ ਹਾਂ । ਮੈਂ ਇਨ੍ਹਾਂ ਨੂੰ 20 ਵਾਰੀ ਟੈਲੀਫੋਨ ਕੀਤਾ ਹੈ ਕਿ ਮੈਂ ਇਨ੍ਹਾਂ ਨੂੰ ਮਿਲਣਾ ਚਾਹੁੰਦਾ ਹਾਂ ਪਰ ਇਨ੍ਹਾਂ ਨੇ ਮੈਨੂੰ ਮਿਲਣ ਦਾ ਟਾਈਮ ਹੀ ਨਹੀਂ ਦਿੱਤਾ । ਹਰ ਵਾਰੀ ਕਹਿ ਦਿੰਦੇ ਸਨ ਕਿ ਟੈਲੀਫੋਨ ਤੇ ਹੀ ਗੱਲ ਕਰੋ ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

**ਮਾਨਯੋਗ ਸਪੀਕਰ :** ਅਗਲਾ ਪ੍ਰਸ਼ਨ ।

---------

## ਰਾਜ ਵਿਚ ਦੁਪਹਿਰ ਦੇ ਖਾਣੇ (ਮਿਡ-ਡੇ ਮੀਲ) ਦੀ ਸਕੀਮ

*1135. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਦੁਪਹਿਰ ਦੇ ਖਾਣੇ (ਮਿਡ-ਡੇ ਮੀਲ) ਦੀ ਸਕੀਮ, ਜੇਕਰ ਕੋਈ ਪ੍ਰਚਲਿਤ ਹੋਵੇ, ਦਾ ਵੇਰਵਾ ਕੀ ਹੈ ?

**ਸ਼੍ਰੀ ਹਰਨਾਮ ਦਾਸ ਜੌਹਰ** : ਸੂਚਨਾ ਅਨੁਲੱਗ ਤੇ ਰੱਖੀ ਜਾਂਦੀ ਹੈ ।

### ਅਨੁਲੱਗ

ਭਾਰਤ ਸਰਕਾਰ ਵੱਲੋਂ ਪ੍ਰਾਇਮਰੀ ਸਕੂਲਾਂ ਵਿਚ ਮਿਡ-ਡੇ-ਮੀਲ ਸਕੀਮ ਸਾਲ 1995 ਵਿਚ ਸ਼ੁਰੂ ਕੀਤੀ ਗਈ ਸੀ । ਇਸ ਸਕੀਮ ਅਧੀਨ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਸੁੱਕਾ ਰਾਸ਼ਨ (ਕਣਕ) 3.00 ਕਿਲੋ ਗਰਾਮ ਪ੍ਰਤੀ ਬੱਚਾ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ ।

ਸਿਵਲ ਰਿਟ ਪਟੀਸ਼ਨ ਨੰ: 196 ਆਫ 2001-ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਬਨਾਮ ਭਾਰਤ ਸਰਕਾਰ ਅਤੇ ਹੋਰ ਮਾਨਯੋਗ ਸੁਪਰੀਮ ਕੋਰਟ ਵਿਚ ਦਾਇਰ ਹੋਈ ਸੀ । ਇਸ ਰਿੱਟ ਪਟੀਸ਼ਨ ਵਿਚ ਮਾਨਯੋਗ ਸੁਪਰੀਮ ਕੋਰਟ ਨੇ ਇੱਕ ਅੰਤ੍ਰਿਮ ਆਦੇਸ਼ ਮਿਤੀ 28-11-2001 ਨੂੰ ਪਾਸ ਕੀਤਾ ਸੀ, ਜਿਸ ਰਾਹੀਂ ਰਾਜ ਸਰਕਾਰਾਂ ਅਤੇ ਭਾਰਤ ਸਰਕਾਰ ਨੂੰ ਹਦਾਇਤ ਕੀਤੀ ਗਈ ਸੀ ਕਿ ਪ੍ਰਾਇਮਰੀ ਸਕੂਲਾਂ ਦੇ ਸਾਰੇ ਯੋਗ ਬੱਚਿਆਂ ਨੂੰ ਪੱਕਿਆ ਭੋਜਨ ਦਿੱਤਾ ਜਾਵੇ, ਜਿਸ ਵਿਚ ਘੱਟੋ ਘੱਟ 300 ਕੈਲਰੀਜ਼ ਅਤੇ 8-12 ਗ੍ਰਾਮ ਪ੍ਰੋਟੀਨ ਦੀ ਮਾਤਰਾ ਹੋਵੇ । ਇਨ੍ਹਾਂ ਆਦੇਸ਼ਾਂ ਦੀ ਪਾਲਣਾ ਵਜੋਂ ਮਿਡ-ਡੇ-ਮੀਲ ਸਕੀਮ ਰਾਜ ਦੇ 17 ਬਲਾਕਾਂ ਵਿਚ ਹਰ ਇੱਕ ਜ਼ਿਲ੍ਹੇ ਦੇ ਇੱਕ ਬਲਾਕ ਵਿਚ ਅਕਤੂਬਰ, 2002 ਤੋਂ ਬਤੌਰ ਪਾਇਲਟ ਪ੍ਰਾਜੈਕਟ ਵਜੋਂ ਸ਼ੁਰੂ ਕੀਤੀ ਗਈ ਸੀ । ਪੰਜਾਬ ਸਰਕਾਰ ਵੱਲੋਂ ਇਸ ਸਕੀਮ ਤੇ ਸਾਲ 2003-04 ਤੱਕ 878 ਲੱਖ ਰੁਪਏ ਖ਼ਰਚ ਕੀਤੇ ਗਏ ਹਨ ।

ਮਾਨਯੋਗ ਸੁਪਰੀਮ ਕੋਰਟ ਨੇ ਮਿਤੀ 20-4-2004 ਦੇ ਆਦੇਸ਼ਾਂ ਅਨੁਸਾਰ ਹਦਾਇਤ ਕੀਤੀ ਹੈ ਕਿ ਰਾਜ ਦੇ ਸਾਰੇ ਪ੍ਰਾਇਮਰੀ ਸਕੂਲਾਂ ਦੇ ਯੋਗ ਬੱਚਿਆਂ ਨੂੰ ਦੁਪਹਿਰ ਦਾ ਪੱਕਿਆ ਭੋਜਨ ਦਿੱਤਾ ਜਾਵੇ । ਇਨ੍ਹਾਂ ਆਦੇਸ਼ਾਂ ਦੀ ਪਾਲਣਾ ਵਜੋਂ

[ਸਿੱਖਿਆ ਮੰਤਰੀ]
ਸਤੰਬਰ, 2004 ਵਿਚ 666 ਲੱਖ ਰੁਪਏ ਡਿਪਟੀ ਕਮਿਸ਼ਨਰਾਂ ਨੂੰ ਸਕੀਮ ਸਾਰੇ ਰਾਜ ਵਿਚ ਚਾਲੂ ਕਰਨ ਲਈ ਜਾਰੀ ਕੀਤੇ ਗਏ ਹਨ ।

ਮਿਡ-ਡੇ-ਮੀਲ ਦੇਣ ਲਈ ਚਾਰ ਤਰ੍ਹਾਂ ਦੇ ਮੀਨੂੰ ਨਿਸ਼ਚਿਤ ਕੀਤੇ ਗਏ ਹਨ, ਜਿਸ ਤੇ ਪਕਾਉਣ ਦਾ ਖਰਚਾ ਰੁ: 1.70 ਪੈਸੇ ਵਰਕ ਆਊਟ ਕੀਤਾ ਗਿਆ ਹੈ ।

ਇਹ ਸਕੀਮ ਪੇਂਡੂ ਇਲਾਕਿਆਂ ਵਿਚ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ (ਪੰਚਾਇਤਾਂ) ਰਾਹੀਂ ਅਤੇ ਸ਼ਹਿਰੀ ਇਲਾਕਿਆਂ ਵਿਚ ਮਿਊਂਸਿਪਲ ਕਮੇਟੀਆਂ/ ਕਾਰਪੋਰੇਸ਼ਨਾਂ ਰਾਹੀਂ ਲਾਗੂ ਕੀਤੀ ਜਾ ਰਹੀ ਹੈ । ਇਸ ਵਾਸਤੇ ਆਰਡਰ ਹੋਏ ਸਨ ਅਤੇ 3 ਕਿਲੋ ਕਣਕ ਪ੍ਰਤੀ ਮਹੀਨਾ ਹਰ ਇਕ ਬੱਚੇ ਨੂੰ ਡੀ.ਸੀ. ਦੇ ਰਾਹੀਂ ਦਿੱਤੀ ਜਾਂਦੀ ਹੈ । ਇਹ ਬੱਚੇ ਨੂੰ ਪੰਚਾਇਤਾਂ ਰਾਹੀਂ, ਪੀ.ਟੀ.ਏ. ਰਾਹੀਂ ਅਤੇ ਹੋਰ ਡਿਵੈਲਪਮੈਂਟ ਕਮੇਟੀਆਂ ਰਾਹੀਂ ਵੰਡੀ ਜਾਂਦੀ ਹੈ । ਫਿਰ ਸੁਪਰੀਮ ਕੋਰਟ ਦੇ ਆਰਡਰ ਹੋ ਗਏ ਕਿ ਕੁਕਡ (ਪੱਕਿਆ ਹੋਇਆ) ਫੂਡ ਦੇਣਾ ਹੈ । ਉਸ ਦੇ ਲਈ ਅਸੀਂ ਉਨ੍ਹਾਂ ਨੂੰ ਬੇਨਤੀ ਕਰ ਰਹੇ ਹਾਂ ਕਿ ਸਾਨੂੰ ਇਕ-ਇਕ ਕੁੱਕ ਅਤੇ ਇੱਕ-ਇੱਕ ਵੇਟਰ ਰੱਖਣ ਲਈ ਅਲਾਓ ਕੀਤਾ ਜਾਣਾ ਚਾਹੀਦਾ ਹੈ । ਇਸ ਦਾ ਜਵਾਬ ਆ ਰਿਹਾ ਹੈ । ਉਦੋਂ ਤੱਕ ਇਹ ਸੋਚਿਆ ਹੈ ਕਿ ਅਸੀਂ ਪੰਚਾਇਤਾਂ ਦੇ ਜ਼ਰੀਏ, ਉਨ੍ਹਾਂ ਨੂੰ ਪ੍ਰਾਰਥਨਾ ਕਰ ਲਵਾਂਗੇ ਕਿ ਉਦੋਂ ਤੱਕ ਉਹ ਆਪ ਇਹ ਕੰਮ ਕਰ ਲੈਣ । ਫਿਲਹਾਲ ਅਸੀਂ ਹਰ ਜ਼ਿਲ੍ਹੇ ਵਿਚ ਇਕ-ਇਕ ਬਲਾਕ ਵਿਚ ਇਹ ਯੋਜਨਾ ਸ਼ੁਰੂ ਕੀਤੀ ਹੈ ਤੇ ਕੁਕਡ ਮੀਲ ਦੇ ਰਹੇ ਹਾਂ ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਮਾਨਯੋਗ ਸਪੀਕਰ ਸਾਹਿਬ, ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਿਕ ਇਹ ਪੰਜਾਬ ਦੇ 17 ਬਲਾਕਾਂ ਵਿਚ ਸਕੀਮ ਸ਼ੁਰੂ ਕੀਤੀ ਗਈ ਹੈ । ਪਰ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਕੂਲਾਂ ਵਿਚ ਇਹ ਸਕੀਮ ਲਾਗੂ ਕਰਨ ਦਾ ਕਰਾਈਟੇਰੀਆ ਕੀ ਅਪਣਾਇਆ ਗਿਆ ਹੈ ? ਕੀ ਇਹ ਸਿਰਫ 17 ਬਲਾਕਾਂ ਵਿਚ ਹੀ ਸ਼ੁਰੂ ਕੀਤੀ ਜਾਣੀ ਸੀ ਜਾਂ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਿਕ ਇਹ ਸਕੀਮ ਸਾਰੇ ਪੰਜਾਬ ਵਿਚ ਲਾਗੂ ਕੀਤੀ ਜਾਣੀ ਸੀ ?

**ਮੰਤਰੀ :** ਇਹ ਸਕੀਮ ਸਾਰੇ ਪੰਜਾਬ ਵਿਚ ਲਾਗੂ ਕਰਨੀ ਹੈ । ਜਿਸ ਤਰ੍ਹਾਂ ਮੈਂ ਦੱਸਿਆ ਹੈ ਕਿ ਇਹ ਸ਼ੁਰੂ ਇਨ੍ਹਾਂ ਬਲਾਕਾਂ ਤੋਂ ਕੀਤੀ ਗਈ ਹੈ । ਅਸੀਂ ਗੌਰਮਿੰਟ ਆਫ ਇੰਡੀਆ ਨੂੰ ਇਕ-ਇਕ ਕੁੱਕ ਅਤੇ ਇਕ-ਇਕ ਵੇਟਰ ਰੱਖਣ ਲਈ ਰਿਕੁਐਸਟ ਕੀਤੀ

ਹੋਈ ਹੈ ਕਿ ਇਸ ਲਈ ਸਾਨੂੰ ਪੈਸਾ ਦਿਉ । ਇਤਨੇ ਥੋੜ੍ਹੇ ਫੰਡ ਨਾਲ ਅਸੀਂ ਆਪ ਇਸ ਨੂੰ ਲਾਗੂ ਨਹੀਂ ਕਰ ਸਕਦੇ ।

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਬਹੁਤ ਸਾਰੇ ਐਸੇ ਸਰਕਾਰੀ ਸਕੂਲ ਹਨ, ਜਿਥੇ ਕਿ ਤਾਲੇ ਲੱਗੇ ਹੋਏ ਹਨ । ਟੀਚਰ ਉਥੇ ਕੋਈ ਨਹੀਂ ਹੈ । ਆਪਾਂ ਸੈਂਟਰ ਸਰਕਾਰ ਨੂੰ ਇਹ ਮੰਗ ਤਾਂ ਕਰ ਦਿੱਤੀ ਹੈ ਕਿ ਕੁੱਕ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਜੋ ਮਿਡ-ਡੇ-ਮੀਲ ਸਕੀਮ ਚਲ ਸਕੇ। ਪਰ ਆਪਾਂ ਟੀਚਰ ਪ੍ਰੋਵਾਈਡ ਨਹੀਂ ਕਰ ਸਕਦੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਸਕੂਲਾਂ ਵਿਚ ਟੀਚਰ ਹੀ ਨਹੀਂ ਹਨ ਤਾਂ ਉਥੇ ਇਸ ਸਕੀਮ ਦਾ ਕੀ ਕੀਤਾ ਜਾਵੇਗਾ ?

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਮਿਡ-ਡੇ-ਮੀਲ ਬਾਰੇ ਹੈ, ਜਾਂ ਐਜੂਕੇਸ਼ਨ ਬਾਰੇ ਹੈ ? ਹਾਂ ਜੀ ਮੰਤਰੀ ਜੀ ਜਵਾਬ ਦੇਵੋਗੇ ?

(**ਮੰਤਰੀ :** (ਬੈਠੇ ਬੈਠੇ, ਤੁਹਾਡਾ ਹੁਕਮ ਹੋਵੇਗਾ ਤਾਂ ਦੇਖ ਲੈਂਦੇ ਹਾਂ ਜੀ।) (ਹਾਸਾ)

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ :** ਸਪੀਕਰ ਸਾਹਿਬ, ਮੈਂ ਇਹ ਪੁੱਛਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਮਿਡ-ਡੇ-ਮੀਲ ਵਾਸਤੇ ਅਸੀਂ ਸਕੂਲਾਂ ਵਿੱਚ ਭਰਤੀ ਕਰਨ ਵਾਸਤੇ ਕੋਸ਼ਿਸ਼ ਕਰ ਰਹੇ ਹਾਂ ਤਾਂ ਕਿ ਕੁੱਕ ਰੱਖਿਆ ਜਾ ਸਕੇ ਔਰ ਮਿਡ-ਡੇ-ਮੀਲ ਦਿਤਾ ਜਾ ਸਕੇ । ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਮਿਡ-ਡੇ-ਮੀਲ ਕੌਣ ਦੇ ਰਿਹਾ ਹੈ, ਟੀਚਰਜ਼ ਦੇ ਥਰੂ ਦਿਤਾ ਜਾ ਰਿਹਾ ਹੈ ਜਾਂ ਪੰਚਾਇਤਾਂ ਰਾਹੀਂ ?

**ਮਾਨਯੋਗ ਸਪੀਕਰ :** ਕੀ ਟੀਚਰਜ਼ ਇਹ ਕੰਮ ਕਰ ਰਹੇ ਹਨ ਜਾਂ ਪੰਚਾਇਤਾਂ ?

**ਮੰਤਰੀ :** ਸਪੀਕਰ ਸਾਹਿਬ, ਇਸ ਵੇਲੇ ਤਾਂ ਇਹ ਕੰਮ ਪੰਚਾਇਤਾਂ ਕਰ ਰਹੀਆਂ ਹਨ ਔਰ ਜਦੋਂ ਸਾਨੂੰ ਸੈਂਟਰ ਸਰਕਾਰ ਤੋਂ ਪੈਸੇ ਆ ਜਾਣਗੇ ਔਰ ਉਨ੍ਹਾਂ ਵਲੋਂ ਕਰਮਚਾਰੀ ਨਿਯੁਕਤ ਕਰ ਦਿਤੇ ਜਾਣਗੇ ਤਾਂ ਅਸੀਂ ਇਹ ਕੰਮ ਉਨ੍ਹਾਂ ਤੋਂ ਕਰਵਾਵਾਂਗੇ । ਦੂਸਰਾ ਇਹ ਹੈ ਕਿ ਅਸੀਂ ਸੈਂਟਰ ਗਵਰਨਮੈਂਟ ਪਾਸ ਵੀ ਅਪਰੋਚ ਕੀਤੀ ਹੈ । I met

[ਸਿੱਖਿਆ ਮੰਤਰੀ]
the Prime Minister, Education Minister, HRD Minister and also the Finance Minister in a meeting there. ਮੈਂ ਉਥੇ ਕਿਹਾ ਕਿ ਜੇ ਤੁਸੀਂ ਸਰਬ-ਸਿੱਖਿਆ ਅਭਿਆਨ ਚਲਾਉਣਾ ਚਾਹੁੰਦੇ ਹੋ ਅਤੇ ਅਗਰ ਇਹ ਚਾਹੁੰਦੇ ਹੋ ਕਿ ਹਰ 14 ਸਾਲ ਦਾ ਬੱਚਾ ਪੜ੍ਹਾਈ ਕਰੇ ਤਾਂ ਇਸ ਲਈ ਜ਼ਰੂਰੀ ਹੋਵੇਗਾ ਕਿ ਜਿਹੜਾ ਤੁਸੀਂ 75% ਤੋਂ ਹੁਣ 50% ਕੀਤਾ ਹੈ, ਉਸਨੂੰ 100% ਤੱਕ ਕਰੋ ,ਤਾਂ ਹੀ ਇਹ ਸਕੀਮ ਕਾਮਯਾਬ ਹੋਵੇਗੀ । ਵੈਸੇ ਸਾਡੇ ਨਾਲੋਂ ਯੂ.ਪੀ. ਦਾ ਬੁਰਾ ਹਾਲ ਹੈ (ਥੰਪਿੰਗ), ਮੈਂ ਦੱਸਣਾ ਚਾਹੁੰਦਾ ਹਾਂ ਕਿ ਉਥੇ 4 ਸਕੂਲਾਂ ਵਿੱਚ ਇਕ ਟੀਚਰ ਜਾਂਦਾ ਹੈ, ਇੱਥੇ ਕਮ-ਅਜ-ਕਮ ਹਰ ਸਕੂਲ ਵਿੱਚ ਇਕ ਟੀਚਰ ਤਾਂ ਜਾਂਦਾ ਹੈ ।(ਹਾਸਾ)

**ਸਰਦਾਰ ਗੁਰਜੰਟ ਸਿੰਘ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਟੋਟਲ ਸਕੂਲਾਂ ਦੀ ਕਿੰਨੀ ਗਿਣਤੀ ਹੈ ਜਿਨ੍ਹਾਂ ਵਿੱਚ ਮਿਡ-ਡੇ-ਮੀਲ ਦਿਤਾ ਜਾਂਦਾ ਹੈ ?

**ਮਾਨਯੋਗ ਸਪੀਕਰ :** ਉਨ੍ਹਾਂ ਕੋਲ ਗਿਣਤੀ ਦੀ ਕੋਈ ਸੰਭਾਵਨਾ ਨਹੀਂ, ਅਜੇ ਉਹ ਗੱਲਾਂ ਕਰ ਰਹੇ ਹਨ ।(ਹਾਸਾ)

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਮਿਡ-ਡੇ-ਮੀਲ ਦੀ ਗੱਲ ਕੀਤੀ ਜਾ ਰਹੀ ਹੈ, ਕੀ ਜਦੋਂ ਤੋਂ ਇਹ ਸਕੀਮ ਸ਼ੁਰੂ ਕੀਤੀ ਗਈ ਹੈ ਕੀ ਇਨ੍ਹਾਂ ਨੇ ਕਦੇ ਖੁਦ ਜਾ ਕੇ ਇਸ ਦਾ ਨਿਰੀਖਣ ਕੀਤਾ ਹੈ ?

**ਮੰਤਰੀ :** ਸਪੀਕਰ ਸਾਹਿਬ, ਉਹ ਨਲਾਇਕ ਮਨਿਸਟਰ ਹੋਵੇਗਾ ਜਿਹੜਾ ਆਪਣੇ ਅਫਸਰਾਂ ਤੋਂ ਕੰਮ ਨਹੀਂ ਲੈ ਸਕਦਾ, ਟੀਚਰਜ਼ ਤੋਂ ਕੰਮ ਨਹੀਂ ਲੈ ਸਕਦਾ (ਹਾਸਾ) ਇਹੋ ਜਿਹੇ ਛੋਟੇ ਛੋਟੇ ਕੰਮਾਂ ਲਈ ਮਨਿਸਟਰ ਥੋੜ੍ਹਾ ਜਾਵੇਗਾ ।

--------

**ਫਸਲਾਂ ਦੇ ਨੁਕਸਾਨ ਲਈ ਮੁਆਵਜ਼ਾ**

*1123. **ਸਰਦਾਰ ਸੁਖਪਾਲ ਸਿੰਘ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੰਢੀ ਖੇਤਰ ਦੇ ਉਨ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ ਜਿਨ੍ਹਾਂ ਦੀਆਂ ਫ਼ਸਲਾਂ ਦਾ ਜੰਗਲੀ ਸੂਰਾਂ ਅਤੇ ਨੀਲ ਗਾਵਾਂ ਦੁਆਰਾ ਵੱਡੇ ਪੱਧਰ ਤੇ ਨੁਕਸਾਨ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਨਹੀਂ ਸ਼੍ਰੀ ਮਾਨ ਜੀ, ਕੰਢੀ ਖੇਤਰ ਵਿੱਚ ਕਿਸਾਨਾਂ ਦੀਆਂ ਫਸਲਾਂ ਨੂੰ ਜੰਗਲੀ ਸੂਰਾਂ ਅਤੇ ਨੀਲ ਗਊਆਂ ਦੁਆਰਾ ਕੀਤੇ ਗਏ ਨੁਕਸਾਨ ਦਾ ਮੁਆਵਜ਼ਾ ਦੇਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

**ਸਰਦਾਰ ਸੁਖਪਾਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ/ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਵਿੱਚ ਦਸਿਆ ਹੈ ਕਿ ਕੋਈ ਤਜ਼ਵੀਜ਼ ਸਰਕਾਰ ਵਲੋਂ ਨਹੀਂ ਹੈ । ਬੜੇ ਸਾਲਾਂ ਤੋਂ ਕੰਢੀ ਪਿੰਡਾਂ ਵਿੱਚ ਜਿਹੜੇ ਕਿਸਾਨ ਵਸਦੇ ਹਨ ਉਹ ਮੁਆਵਜ਼ੇ ਦੀ ਮੰਗ ਕਰਦੇ ਹਨ । ਅਗਰ ਸਰਕਾਰ ਇਹ ਮੁਆਵਜ਼ਾ ਨਹੀਂ ਦੇਵੇਗੀ ਤਾਂ ਫਿਰ ਉਨ੍ਹਾਂ ਦੀ ਮੱਦਦ ਕੌਣ ਕਰੇਗਾ । ਮੈਂ ਸਮਝਦਾ ਹਾਂ ਕਿ ਕੰਡੀ ਏਰੀਏ ਵਿੱਚ ਰਹਿਣ ਵਾਲੇ ਲੋਕ ਹੁਣ ਸਿਫ਼ਟ ਕਰਕੇ ਸ਼ਹਿਰਾਂ ਵਿੱਚ ਆ ਜਾਣਗੇ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਸਰਕਾਰ ਮੁਆਵਜ਼ਾ ਨਹੀਂ ਦੇਵੇਗੀ ਤਾਂ ਉਨ੍ਹਾਂ ਦੇ ਨੁਕਸਾਨ ਦਾ ਹਰਜਾਨਾ ਕੌਣ ਦੇਵੇਗਾ ?

**ਮੰਤਰੀ** : ਸਪੀਕਰ ਸਾਹਿਬ, ਜਿਵੇਂ ਕੁਦਰਤੀ ਆਫਤਾਂ ਭੂਚਾਲ,ਤੂਫਾਨ, ਹੜ੍ਹ ਜਾਂ ਗੜ੍ਹਿਆਂ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ 75% ਸੈਂਟਰ ਸਰਕਾਰ ਵਲੋਂ ਅਤੇ 25% ਪੰਜਾਬ ਸਰਕਾਰ ਵਲੋਂ ਮੁਆਵਜ਼ਾ ਅਦਾ ਕੀਤਾ ਜਾਂਦਾ ਹੈ । ਜੰਗਲੀ ਸੂਰਾਂ ਅਤੇ ਨੀਲ ਗਊਆਂ ਲਈ ਸੈਂਟਰ ਸਰਕਾਰ ਨੂੰ ਲਿਖਿਆ ਹੈ ਜਦੋਂ ਉਨ੍ਹਾਂ ਦੀ ਮੰਨਜ਼ੂਰੀ ਆ ਜਾਵੇਗੀ ਤਾਂ 25% ਅਸੀਂ ਆਪਣਾ ਹਿੱਸਾ ਪਾ ਕੇ ਅਦਾ ਕਰ ਦਿਆ ਕਰਾਂਗੇ ਜੀ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਤੱਕ ਮੁਆਵਜ਼ੇ ਦਾ ਪ੍ਰਬੰਧ ਨਹੀਂ ਹੋ

[ਸਿਰਦਾਰ ਬਲਵਿੰਦਰ ਸਿੰਘ ਭੂੰਦੜ]

ਜਾਂਦਾ, ਉਦੋਂ ਤੱਕ ਸਰਕਾਰ ਇਨ੍ਹਾਂ ਨੂੰ ਫੜ ਕੇ ਇਕ ਜਗ੍ਹਾ ਇਕੱਠਾ ਕਰਨ ਦਾ ਇੰਤਜ਼ਾਮ ਕਰੇਗੀ ? ਕੀ ਇਹ ਕੋਈ ਚਾਰਾਜੋਈ ਕਰਨਗੇ ਤਾਂ ਕਿ ਲੋਕਾਂ ਦਾ ਨੁਕਸਾਨ ਨਾ ਹੋਵੇ ।

ਮੰਤਰੀ : ਸਪੀਕਰ ਸਾਹਿਬ, ਪਿਛਲੇ ਇਜਲਾਸ ਵਿੱਚ ਵੀ ਇਹ ਸਵਾਲ ਆਇਆ ਸੀ । ਕੰਗ ਸਾਹਿਬ ਨੇ ਬੜੇ ਵਿਸਥਾਰ ਨਾਲ ਇਸ ਦਾ ਜਵਾਬ ਦਿੱਤਾ ਸੀ । ਇਸ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਔਰ ਅਸੀਂ ਬੜੀ ਚੰਗੀ ਤਰ੍ਹਾਂ ਲੱਗੇ ਹੋਏ ਹਾਂ । ਅਸੀਂ ਆਪ ਬੜੇ ਫਿਕਰਮੰਦ ਹਾਂ । ਖਾਸ ਕਰਕੇ ਦੁਆਬੇ ਵਿੱਚ ਬਹੁਤ ਥੋੜੀ ਹੋਲਡਿੰਗਜ਼ ਹੈ । ਉਥੇ ਬਹੁਤ ਜ਼ਿਆਦਾ ਜਾਨਵਰ ਖੁੱਲ੍ਹੇ ਫਿਰਦੇ ਹਨ ਔਰ ਬੜਾ ਨੁਕਸਾਨ ਹੋ ਰਿਹਾ ਹੈ । ਕੰਗ ਸਾਹਿਬ ਨੇ ਵੀ ਦੱਸਿਆ ਸੀ ਕਿ ਆਉਣ ਵਾਲੇ ਸਮੇਂ ਵਿੱਚ ਛੇਤੀ ਹੀ ਇਸ ਦਾ ਪ੍ਰਬੰਧ ਕਰਾਂਗੇ ।

**ਸਰਦਾਰ ਸੁਖਪਾਲ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਪ੍ਰਬੰਧ ਕਰ ਰਹੇ ਹਾਂ ਔਰ ਇਸ ਬਾਰੇ ਸਰਵੇ ਵੀ ਕੀਤਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੰਗਲੀ ਸੂਰਾਂ ਵਿੱਚ ਹਰ ਸਾਲ ਕਿੰਨਾਂ ਇਜ਼ਾਫਾ ਹੁੰਦਾ ਹੈ ? ਇਹ ਹਰ ਸਾਲ ਕਿੰਨੇ ਵਧਦੇ ਹਨ ਜਿਸ ਨਾਲ ਇੰਨਾਂ ਨੁਕਸਾਨ ਹੋ ਰਿਹਾ ਹੈ ।

**ਮਾਨਯੋਗ ਸਪੀਕਰ :** ਉਹ ਤਾਦਾਦ ਬਾਰੇ ਪੁੱਛਦੇ ਹਨ । ਕੰਪਨਸੇਸ਼ਨ ਤਾਂ ਭੁੱਲ ਗਏ ਹਨ ।

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਤਾਂ ਇਨ੍ਹਾਂ ਨੂੰ ਵੀ ਪਤਾ ਨਹੀਂ ਹੋਣਾ । ਮੈਂ ਪਿੰਡਾਂ ਦੀ ਗਿਣਤੀ ਦੱਸ ਦਿੰਦਾ ਹਾਂ । ਕੰਡੀ ਏਰੀਏ ਦੇ ਨਾਲ ਲੱਗਦੇ ਪਿੰਡਾਂ ਦੀ ਗਿਣਤੀ 421 ਹੈ ਔਰ ਕੰਡੀ ਏਰੀਏ ਵਿੱਚ ਪਿੰਡਾਂ ਦੀ ਗਿਣਤੀ 2,154 ਹੈ । ਇਹ ਇਕੱਲੇ ਇਕੱਲੇ ਜਾਨਵਰ ਦੀ ਗਿਣਤੀ ਨਹੀਂ ਬਲਕਿ ਪਿੰਡਾਂ ਦੀ ਗਿਣਤੀ ਹੈ । ਕੰਡੀ ਖੇਤਰ ਦੇ ਪਿੰਡਾਂ ਦੀ ਗਿਣਤੀ 2,154 ਅਤੇ ਨਾਲ ਲੱਗਦੇ ਪਿੰਡਾਂ ਦੀ ਗਿਣਤੀ 421 ਹੈ ।

**ਸਰਦਾਰ ਸੋਹਣ ਸਿੰਘ ਠੰਡਲ :** ਸਪੀਕਰ ਸਾਹਿਬ, ਕਈ ਵਾਰ ਪੰਜਾਬ ਵਿੱਚ ਗੜ੍ਹਿਆਂ ਨਾਲ ਨੁਕਸਾਨ ਹੋਇਆ ਹੈ ਔਰ ਕੰਪਨਸੇਸ਼ਨ ਵਾਸਤੇ ਸੈਂਟਰ ਗੌਰਮਿੰਟ ਨੂੰ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਵਾਰ ਵੀ ਪੰਜਾਬ ਵਿੱਚ ਨੁਕਸਾਨ ਹੋਇਆ ਹੈ। ਮੈਂ

ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਨੇ ਇਸ ਵਾਰ ਸੈਂਟਰ ਗੌਰਮਿੰਟ ਕੋਲ ਕੇਸ ਤਿਆਰ ਕਰਕੇ ਭੇਜਿਆ ਹੈ ਤਾਂ ਕਿ ਕੰਪਨਸੇਸ਼ਨ ਮਿਲ ਸਕੇ ?

**ਮੰਤਰੀ :** ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਹੈ । ਧਿਆਨ ਦਿਵਾਊ ਮਤਾ ਵੀ ਇਸ ਬਾਰੇ ਲੱਗਾ ਹੈ। ਉਸ ਵੇਲੇ ਪੂਰੀ ਡਿਟੇਲ ਵਿੱਚ ਜਵਾਬ ਦੇਵਾਂਗੇ।

**ਚੌਧਰੀ ਨੰਦ ਲਾਲ :** ਸਪੀਕਰ ਸਾਹਿਬ, ਇਹ ਸਵਾਲ ਕਈ ਦਫਾ ਪਵਿੱਤਰ ਸਦਨ ਵਿੱਚ ਆ ਚੁੱਕਾ ਹੈ ਲੇਕਿਨ ਇਸ ਦਾ ਪੱਕਾ ਪ੍ਰਬੰਧ ਨਹੀਂ ਕੀਤਾ ਗਿਆ। ਦੂਸਰੀ ਗੱਲ ਇਹ ਹੈ ਕਿ ਜੇ ਸਰਕਾਰ ਲੋਕਾਂ ਦੀ ਮਦਦ ਕਰੇ ਔਰ ਕੰਡੀ ਏਰੀਏ ਵਿੱਚ ਵਸਦੇ ਲੋਕਾਂ ਦੀ ਸਬਸਿਡੀ ਵਜੋਂ ਕੰਡਿਆਲੀ ਤਾਰ ਦੇ ਕੇ ਸਹਾਇਤਾ ਕਰੇ ਤਾਂ ਲੋਕ ਵੀ ਹਿੰਮਤ ਕਰ ਸਕਦੇ ਹਨ ਔਰ ਆਪਣੀ ਫਸਲ ਨੂੰ ਬਚਾ ਸਕਦੇ ਹਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਅਜਿਹਾ ਕਰੇਗੀ ਔਰ ਕਿਸਾਨਾਂ ਨੂੰ ਸਬਸਿਡੀ ਦੇਵੇਗੀ ਤਾਂ ਕਿ ਉਹ ਤਾਰ ਲਗਾ ਕੇ ਆਪਣੇ ਖੇਤਾਂ ਦੀ ਰਖਿਆ ਕਰ ਸਕਣ ?

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਕੰਡੀ ਏਰੀਏ ਦੇ ਪਿੰਡਾਂ ਅਤੇ ਨਾਲ ਲੱਗਦੇ ਪਿੰਡਾਂ ਦੀ ਗਿਣਤੀ ਦੱਸੀ ਹੈ। ਅਸੀਂ ਆਉਣ ਵਾਲੇ ਸਮੇਂ ਵਿੱਚ ਇਸ ਬਾਰੇ ਕਾਫੀ ਉਪਰਾਲੇ ਕਰ ਰਹੇ ਹਾਂ ।

---------

## ਸਹਿਕਾਰੀ ਖੰਡ ਮਿੱਲਾਂ ਵਿਰੁੱਧ ਬਕਾਏ

***1179. (1) ਚੌਧਰੀ ਬਲਬੀਰ ਸਿੰਘ ਮਿਆਣੀ**
**(2) ਸਰਦਾਰ ਸੁਰਜੀਤ ਸਿੰਘ ਰੱਖੜਾ**
**(3) ਸਰਦਾਰ ਬਲਵਿੰਦਰ ਸਿੰਘ ਭੂੰਦੜ**
**(4) ਸਰਦਾਰ ਗੋਬਿੰਦ ਸਿੰਘ ਕਾਂਝਲਾ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਗੰਨੇ ਦੀ ਸਪਲਾਈ ਲਈ ਕਿਸਾਨਾਂ ਨੂੰ ਅਦਾ ਕੀਤੀ ਜਾਣ ਵਾਲੀ ਵੱਖ-ਵੱਖ ਸਹਿਕਾਰੀ ਖੰਡ ਮਿੱਲਾਂ ਵਿਰੁੱਧ ਮਿਲ-

[ਚੌਧਰੀ ਬਲਬੀਰ ਸਿੰਘ ਮਿਆਣੀ]

ਵਾਰ ਕਿੰਨੀ ਰਕਮ ਬਕਾਇਆ ਰਹਿੰਦੀ ਹੈ ਅਤੇ ਇਹ ਰਕਮ ਕਦੋਂ ਤੋਂ ਬਕਾਇਆ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬਕਾਇਆ ਰਕਮ ਕਦੋਂ ਤੱਕ ਕਿਸਾਨਾਂ ਨੂੰ ਅਦਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਸਜੀਤ ਸਿੰਘ ਰੰਧਾਵਾ** : (ੳ) ਮਿਤੀ 17.3.2005 ਨੂੰ ਸਹਿਕਾਰੀ ਖੰਡ ਮਿੱਲਾਂ ਵੱਲ ਗੰਨੇ ਦੀ ਦੇਣਯੋਗ ਰਕਮ ਸਮੇਤ ਜਿੰਨੇ ਸਮੇਂ ਤੋਂ ਬਕਾਇਆ ਹੈ, ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਜਾਂਦਾ ਹੈ:-

(ਰੁਪਏ ਕਰੋੜਾਂ ਵਿੱਚ)

| ਮਿੱਲ ਦਾ ਨਾਮ | | ਸੀਜਨ 2002-03 | ਸੀਜਨ 2003-04 | ਕੁੱਲ |
|---|---|---|---|---|
| ਗੁਰਦਾਸਪੁਰ | .. | 1.10 | ਨਿੱਲ | 1.10 |
| ਭੋਗਪੁਰ | .. | 3.02 | ਨਿੱਲ | 3.02 |
| ਫਾਜ਼ਿਲਕਾ | .. | 5.79 | ਨਿੱਲ | 5.79 |
| ਜਗਰਾਉਂ | .. | 5.83 | ਨਿੱਲ | 5.83 |
| ਫਰੀਦਕੋਟ | .. | 8.92 | ਨਿੱਲ | 8.92 |
| ਪਟਿਆਲਾ | .. | 2.72 | 0.98 | 3.70 |
| ਤਰਨਤਾਰਨ | .. | 4.60 | 2.12 | 6.72 |
| ਨਕੋਦਰ | .. | 6.42 | 0.72 | 7.14 |
| ਜੀਰਾ | .. | 5.43 | 1.86 | 7.29 |
| ਮੋਰਿੰਡਾ | .. | 8.47 | 0.57 | 9.04 |
| ਕੁੱਲ | .. | 52.30 | 6.25 | 58.55 |

ਗੁਰਦਾਸਪੁਰ ਸਹਿਕਾਰੀ ਖੰਡ ਮਿਲ ਵੱਲੋਂ ਗੰਨੇ ਦੀ ਬਕਾਇਆ ਰਹਿੰਦੀ ਰਕਮ 1.10 ਕਰੋੜ ਰੁਪਏ ਮਿਤੀ 31.3.2005 ਤੱਕ ਅਦਾ ਕਰ ਦਿੱਤੀ ਜਾਵੇਗੀ। ਬਾਕੀ ਸਹਿਕਾਰੀ ਖੰਡ ਮਿਲਾਂ ਵੀ 20.00 ਕਰੋੜ ਰੁਪਏ ਤੱਕ ਦੀ ਅਦਾਇਗੀ ਮਿਤੀ 31.7.2005 ਤੱਕ ਕਰ ਦੇਣਗੀਆਂ। ਬਾਕੀ ਰਹਿੰਦੀ ਰਕਮ ਮਿਲਾਂ ਵੱਲੋਂ ਫੰਡ ਉਪਲੱਬਧ ਹੋਣ ਤੇ ਪਹਿਲ ਦੇ ਅਧਾਰ ਤੇ ਅਦਾ ਕਰ ਦਿੱਤੀ ਜਾਵੇਗੀ।

**ਚੌਧਰੀ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪਿਛਲੇ ਤਿੰਨ ਸਾਲਾਂ ਦਾ ਬਕਾਇਆ ਹੈ, ਜਿਹੜਾ ਸਾਲ 2002 ਤੋਂ ਪੰਜਾਬ ਦੀਆਂ ਸ਼ੂਗਰ ਮਿੱਲਾਂ ਦਾ ਬਕਾਇਆ ਰਹਿੰਦਾ ਹੈ, ਉਸ ਬਕਾਏ ਨੂੰ ਦੇਣ ਵਾਸਤੇ ਪਹਿਲਾਂ ਉਪਰਾਲੇ ਕਿਉਂ ਨਹੀਂ ਕੀਤੇ ਗਏ? ਹੁਣ ਵਿਸ਼ਵਾਸ ਦਿਵਾਇਆ ਗਿਆ ਹੈ ਕਿ 31 ਮਾਰਚ ਤੱਕ ਇੱਕ ਕਰੋੜ ਦਸ ਲੱਖ ਰੁਪਏ ਦਾ ਬਕਾਇਆ ਦੇ ਦਿੱਤਾ ਜਾਵੇਗਾ ਅਤੇ 20 ਕਰੋੜ ਰੁਪਿਆ 31 ਜੁਲਾਈ ਤੱਕ ਦੇ ਦਿੱਤਾ ਜਾਵੇਗਾ ਪਰ ਜੋ 38 ਕਰੋੜ 55 ਲੱਖ ਰੁਪਿਆ ਬਾਕੀ ਰਹਿ ਜਾਣਾ ਹੈ, ਉਹ ਕਦੋਂ ਤੱਕ ਦੇ ਦਿੱਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਪਿਛਲੇ ਸਾਲਾਂ ਦੇ ਵਿੱਚ ਸ਼ੂਗਰ ਇੰਡਸਟਰੀ ਸਾਰੇ ਦੇਸ਼ ਵਿੱਚ ਕਾਫੀ ਕਰਾਈਸਸ ਵਿੱਚ ਰਹੀ ਹੈ, ਕੁਝ ਪਰਾਬਲਮ ਰਹੀ ਹੈ। ਪਿਛਲੇ ਸਾਲ ਦੇ ਵਿਚੋਂ 42 ਕਰੋੜ 74 ਲੱਖ ਰੁਪਿਆ ਦੇਣਾ ਰਹਿੰਦਾ ਹੈ, ਹੁਣ 54 ਕਰੋੜ ਰੁਪਿਆ ਦੇਣਾ ਰਹਿੰਦਾ ਹੈ । 84 ਕਰੋੜ 20 ਲੱਖ ਰੁਪਿਆ, 22 ਮਾਰਚ ਤੱਕ ਦੇ ਦਿੱਤਾ ਹੈ ਅਤੇ ਉਸ ਤੋਂ ਬਾਅਦ 4 ਕਰੋੜ ਕੁਝ ਲੱਖ ਰੁਪਿਆ ਫਿਰ ਦੇ ਦਿੱਤਾ ਹੈ। ਜਿਹੜਾ ਰਹਿ ਗਿਆ ਹੈ, ਉਸ ਵਿਚੋਂ 20 ਕਰੋੜ ਰੁਪਿਆ ਅਸੀਂ 30 ਜੁਲਾਈ ਤੱਕ ਹਰ ਹਾਲਤ ਵਿੱਚ ਦੇ ਦੇਵਾਂਗੇ। ਜਿਹੜਾ 34 ਕਰੋੜ ਰੁਪਿਆ ਹੋਰ ਰਹਿੰਦਾ ਹੈ, ਉਹ ਸਾਡੇ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਵਿੱਚ ਕਿਹਾ ਹੈ ਕਿ 30 ਸਤੰਬਰ ਤੱਕ ਦੇਣ ਦਾ ਉਪਰਾਲਾ ਕੀਤਾ ਜਾਵੇਗਾ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਪੈਸਾ ਵਾਪਸ ਮੋੜ ਦਿਆਂਗੇ ਪਰ ਜਿਹੜਾ ਇੰਨੇ ਚਿਰ ਦਾ ਬਕਾਇਆ ਹੈ, ਕੀ ਉਸ ਤੇ ਇੰਟਰਸਟ ਵੀ ਵਾਪਸ ਮੋੜ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ,ਇੰਟਰਸਟ ਦਾ ਤਾਂ ਫੈਸਲਾ ਨਹੀਂ ਹੋਇਆ। ਵੈਸੇ ਸਾਡੇ ਮੁੱਖ ਮੰਤਰੀ ਸਾਹਿਬ ਪੂਰੀ ਤਰ੍ਹਾਂ ਇਸ ਬਾਰੇ ਅਪਰਾਈਜ਼ਡ ਹਨ, ਪੂਰੀ ਤਰ੍ਹਾਂ

[ਸਹਿਕਾਰਤਾ ਮੰਤਰੀ]

ਚਿੰਤਤ ਹਨ। ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ 20 ਕਰੋੜ ਰੁਪਿਆ 30 ਜੁਲਾਈ ਤੱਕ ਮੋੜ ਦੇਵਾਂਗੇ ਔਰ ਬਾਕੀ ਰਹਿੰਦਾ 30 ਸਤੰਬਰ ਤੱਕ ਮੋੜਨ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਐਕਟ ਦੇ ਮੁਤਾਬਿਕ ਇੰਟਰਸਟ ਦੇਣਾ ਜ਼ਰੂਰੀ ਹੈ ਕਿ ਨਹੀਂ? ਕਾਨੂੰਨ ਦੇ ਮੁਤਾਬਿਕ ਇੰਟਰਸਟ ਦੇਣਾ ਬਣਦਾ ਹੈ ਕਿ ਨਹੀਂ ਬਣਦਾ?

**ਮਾਨਯੋਗ ਸਪੀਕਰ** : ਬ੍ਰਹਮਪੁਰਾ ਸਾਹਿਬ ਪੁੱਛਦੇ ਹਨ ਕਿ ਇੰਟਰਸਟ ਦੇਣਾ ਜਰੂਰੀ ਹੈ ਕਿ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਵੱਖਰੀ ਗੱਲ ਹੈ, ਐਕਟ ਵਿੱਚ ਨਹੀਂ ਹੈ ਪਰ ਮੌਰਲੀ ਅਸੀਂ ਚਾਹੁੰਦੇ ਹਾਂ ਕਿ ਇਹ ਬਕਾਇਆ ਦੇ ਦਿੱਤਾ ਜਾਵੇ, ਵਿਦ-ਇੰਟਰਸਟ ਦਿੱਤਾ ਜਾਵੇ ਕਿਉਂਕਿ ਪਿਛਲੇ ਸਾਲਾਂ ਵਿੱਚ ਇਹ ਇੰਡਸਟਰੀ ਬੜੀ ਕਰਾਈਸਸ ਵਿੱਚ ਰਹੀ ਹੈ। ਦੂਜੀਆਂ ਸਟੇਟਾਂ ਵਿੱਚ ਵੀ ਕਾਫੀ ਦੇਣਦਾਰੀਆਂ ਰਹਿੰਦੀਆਂ ਹਨ। ਸਾਡੀ ਸਰਕਾਰ ਪੂਰੀ ਹਮਦਰਦੀ ਨਾਲ ਇਸ ਤੇ ਵਿਚਾਰ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਦੇ ਲਈ ਹਰ ਤਰੀਕੇ ਨਾਲ ਹਰ ਪ੍ਰਬੰਧ ਕਰਨਗੇ। ਜੇਕਰ ਇਹ 1600 ਕਰੋੜ ਰੁਪਿਆ ਪਿਛਲੇ ਸੀਜ਼ਨ ਵਿੱਚ ਬਿਜਲੀ ਤੇ ਖ਼ਰਚ ਸਕਦੇ ਹਨ ਤਾਂ ਇਹ 34-35 ਕਰੋੜ ਰੁਪਏ ਦੀ ਤਾਂ ਗੱਲ ਹੀ ਕੁਝ ਨਹੀਂ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਮਾਨਯੋਗ ਵਜ਼ੀਰ ਸਾਹਿਬ ਨੇ ਵਿਸ਼ਵਾਸ ਦਿਵਾਇਆ ਹੈ ਪਰ ਪਿਛਲੇ ਤਿੰਨ ਸਾਲਾਂ ਦੇ 58 ਕਰੋੜ ਰੁਪਏ ਦੀ ਕੋਈ ਐਸ਼ੋਰੈਂਸ ਨਹੀਂ ਦਿੱਤੀ। ਕਰਾਈਸਸ ਤਾਂ ਠੀਕ ਹੈ ਪਰ ਕੀ ਜਦੋਂ ਜ਼ਿਮੀਂਦਾਰ ਕਰਾਈਸਸ ਵਿੱਚ ਆਉਂਦਾ ਹੈ ਤਾਂ ਕੀ ਬੈਂਕ ਉਸ ਤੋਂ ਵਿਆਜ ਨਹੀਂ ਲੈਂਦਾ, ਆੜ੍ਹਤੀਆ ਵਿਆਜ ਨਹੀਂ ਲੈਂਦਾ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਵਿਸ਼ਵਾਸ ਦੇਣਗੇ ਕਿ ਪਿਛਲੇ ਤਿੰਨ ਸਾਲਾਂ ਦਾ ਬਕਾਇਆ ਵਿਦ-ਇੰਟਰਸਟ ਦੇਣਗੇ। ਦੂਜੇ ਬੰਨੇ ਕਹਿੰਦੇ ਹਨ ਕਿ ਇਹ ਕਿਸਾਨਾਂ ਦੀ ਸਰਕਾਰ ਹੈ ।

**ਮਾਨਯੋਗ ਸਪੀਕਰ :** ਇੰਟਰੈਸਟ ਦਾ ਕੁਐਸਚਨ ਹੈ।

**ਮੰਤਰੀ:** ਸਪੀਕਰ ਸਾਹਿਬ, ਇਹ ਤਾਂ ਪਿਛਲੇ ਸਮੇਂ ਵਿੱਚ ਵੀ ਹੁੰਦਾ ਰਿਹਾ ਹੈ। ਇਨ੍ਹਾਂ ਦੇ ਸਮੇਂ ਵੀ ਹੁੰਦਾ ਰਿਹਾ ਹੈ। ਜਿਹੜੀਆਂ ਪ੍ਰਥਾਂ ਇਨ੍ਹਾਂ ਨੇ ਪਾਈਆਂ ਹਨ, ਉਹੀ ਅਸੀਂ ਚਲਾ ਰਹੇ ਹਾਂ। ਜੇ ਇਨ੍ਹਾਂ ਨੇ ਨਹੀਂ ਦਿੱਤਾ ਤਾਂ ਅਸੀ ਵੀ ਨਹੀਂ ਦੇਵਾਂਗੇ। ਪਰ ਸਾਡੇ ਤਾਂ ਇਹ ਮਸਲਾ ਪੂਰਾ ਵਿਚਾਰ ਅਧੀਨ ਹੈ। ਅਸੀਂ ਪੂਰੀ ਕੋਸ਼ਿਸ਼ ਕਰਾਂਗੇ। ਕੈਪਟਨ ਅਮਰਿੰਦਰ ਸਿਘ ਦੀ ਸਰਕਾਰ ਕਿਸਾਨਾਂ ਦੇ ਪ੍ਰਤੀ ਹਮਦਰਦੀ ਰਖਦੀ ਹੈ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ:** ਸਪੀਕਰ ਸਾਹਿਬ, ਮੈ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਪੰਜ ਸਾਲਾਂ ਦੇ ਰਾਜ ਦੇ ਸਮੇਂ ਦੱਸ ਦੇਣ ਕਿ ਅਸੀਂ ਕਦੋਂ ਪੈਸਾ ਨਹੀਂ ਦਿੱਤਾ। ਪੰਜ ਸਾਲਾਂ ਦੇ ਦੌਰਾਨ ਹਰ ਦੋ ਮਹੀਨੇ ਬਾਅਦ ਅਸੀਂ ਪੂਰਾ ਪੈਸਾ ਦਿੰਦੇ ਰਹੇ ਹਾਂ। ਜਿਥੋਂ ਤੱਕ ਇੰਟਰਸਟ ਦੀ ਗੱਲ ਹੈ, ਕਾਨੂੰਨ ਦੇ ਮੁਤਾਬਿਕ ਇੰਟਰਸਟ ਦੇਣਾ ਬਣਦਾ ਹੈ । ਇਹ ਦੱਸੋ ਕਿ ਤੁਸੀਂ ਵਿਆਜ ਦਿਓਗੇ ਕਿ ਨਹੀਂ ਦਿਓਗੇ ?

**ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਵੀ ਐਸ਼ੋਅਰ ਕਰਵਾ ਚੁੱਕਾ ਹਾਂ ਕਿ ਪੈਸਾ ਜਿਹੜਾ ਰਹਿੰਦਾ ਹੈ, ਉਹ ਅਸੀਂ ਪੂਰੀ ਤਰ੍ਹਾਂ ਜਲਦੀ ਵਾਪਸ ਕਰਨ ਦੀ ਕੋਸ਼ਿਸ਼ ਕਰਾਂਗੇ। ਜਰੂਰ ਕਰਾਂਗੇ। ਪਿਛਲੇ ਸਮੇਂ ਦੇ ਵਿੱਚ ਜਦੋਂ ਵਾਜਪਾਈ ਸਾਹਿਬ ਦੀ ਗੌਰਮਿੰਟ ਸੀ ਤਾਂ ਸਾਡੀ ਲੈਵੀ ਸ਼ੂਗਰ ਘੱਟ ਚੁੱਕੀ ਜਾਂਦੀ ਰਹੀ ਹੈ। ਸਾਡੇ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਪਰੈਸ਼ਰਾਈਜ਼ ਕਰਵਾ ਕੇ ਇਥੋਂ ਲੈਵੀ ਸ਼ੂਗਰ ਉਠਵਾਈ ਹੈ। ਪਹਿਲਾਂ ਇਹ ਹਰ ਮਹੀਨੇ 1.75 ਲੱਖ ਕੁਇੰਟਲ ਚੁੱਕੀ ਜਾਂਦੀ ਸੀ। ਹੁਣ ਇਨ੍ਹਾਂ ਦੇ ਪਰੈਸ਼ਰ ਬਣਨ ਨਾਲ 3 ਲੱਖ ਕੁਇੰਟਲ-ਪਰ-ਮੰਥ ਚੁੱਕੀ ਜਾਣ ਲੱਗ ਪਈ ਹੈ। ਅੱਜ ਸਾਡੇ ਸਟਾਕ ਵਿੱਚ 17.66 ਲੱਖ ਕੁਇੰਟਲ ਲੈਵੀ ਸ਼ੂਗਰ ਪਈ ਹੈ। 271 ਕਰੋੜ ਰੁਪਏ ਦੀ ਸਾਡੇ ਕੋਲ ਚੀਨੀ ਪਈ ਹੈ। ਅਸੀਂ ਤੁਹਾਨੂੰ ਇਹ ਵਿਸ਼ਵਾਸ ਦਿਵਾਉਂਦੇ ਹਾਂ ਕਿ ਸਾਡੀ ਸ਼ੂਗਰ ਚੁੱਕੇ ਜਾਣ ਤੋਂ ਬਾਅਦ, ਸਾਡੇ ਕੋਲ ਪੈਸਾ ਆਵੇਗਾ ਅਤੇ ਅਸੀ ਪੈਮੇਂਟ ਕਰ ਦੇਵਾਂਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਰਹਿੰਦੇ ਬਕਾਏ ਬਾਰੇ ਸਾਡੀ ਗੌਰਮਿੰਟ ਦਾ ਬਹਾਨਾ ਚਲਾਇਆ ਹੈ ਪਰ ਇਹ ਤਾਂ ਪਿਛਲੇ ਤਿੰਨ ਸਾਲਾਂ ਦਾ ਬਕਾਇਆ ਹੈ । ਨੰਬਰ ਦੋ ਮੈਂ

[ਸਰਦਾਰ ਬਲਵਿੰਦਰ ਸਿੰਘ ਭੂੰਦੜ]
ਬਿਲਕੁਲ ਸਪੱਸ਼ਟ ਇਹ ਜਾਣਨਾ ਚਾਹੁੰਦਾ ਹਾਂ ਕਿ ਕੁਆਪ੍ਰੇਟਿਵ ਐਕਟ ਦੇ ਮੁਤਾਬਿਕ ਇਹ ਇੰਟਰੈਸਟ ਦੇਣਾ ਬਣਦਾ ਹੈ ਕਿ ਦੇਣਾ ਨਹੀਂ ਬਣਦਾ। ਪੁਆਇੰਟ ਤਾਂ ਇਹ ਹੈ।

**ਮੰਤਰੀ:** ਸਪੀਕਰ ਸਾਹਿਬ, ਪ੍ਰਾਬਲਮ ਦੂਜੀ ਹੈ। ਦਿੱਲੀ ਦੀ ਪਿਛਲੀ ਗੌਰਮਿੰਟ ਸਮੇਂ ਟਾਈਮ ਸਿਰ ਸਾਡੀ ਲੈਵੀ ਸ਼ੂਗਰ ਨਹੀਂ ਚੁੱਕੀ ਜਾਂਦੀ ਰਹੀ। ਇਥੇ ਪਈ ਵਧਦੀ ਗਈ। ਉਦੋਂ ਬਕਾਇਆ ਐਕੂਮੂਲੇਟ ਹੋ ਗਿਆ ਸੀ। ਉਦੋਂ ਤੁਹਾਨੂੰ ਕੋਸ਼ਿਸ਼ ਕਰਨੀ ਚਾਹੀਦੀ ਸੀ ਕਿਉਂਕਿ ਦਿੱਲੀ ਦੇ ਵਿੱਚ ਤੁਹਾਡੇ ਵਾਜਪਾਈ ਸਾਹਿਬ ਦੀ ਸਰਕਾਰ ਸੀ ਔਰ ਉਥੇ ਢੀਂਡਸਾ ਸਾਹਿਬ ਵੀ ਮੰਤਰੀ ਸੀ, ਤੁਹਾਨੂੰ ਉਦੋਂ ਕੋਸ਼ਿਸ਼ ਕਰਨੀ ਚਾਹੀਦੀ ਸੀ। ਹੁਣ ਸਾਡੇ ਸੀ.ਐਮ. ਸਾਹਿਬ ਨੇ ਪਰੈਸ਼ੇਰਾਈਜ਼ ਕਰਵਾ ਕੇ ਲੈਵੀ ਵੱਧ ਕਰਵਾਈ ਹੈ,ਇਸ ਤਰ੍ਹਾਂ ਦੀ ਹੁਣ ਕੋਈ ਪ੍ਰਾਬਲਮ ਨਹੀਂ ਹੈ।

**ਮਾਨਯੋਗ ਸਪੀਕਰ** : ਹਾਂ ਜੀ, ਨੈਕਸਟ ਕੁਐਸਚਨ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ।

-------

## ਕੇਂਦਰ ਦੁਆਰਾ ਚਲਾਈਆਂ ਗਈਆਂ ਸਕੀਮਾਂ ਲਈ ਫੰਡ

***1146. ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2002-03,2003-04 ਅਤੇ 2004-05 ( ਮਿਤੀ ਅੰਤ ਤੱਕ) ਦੇ ਸਮੇਂ ਦੇ ਦੌਰਾਨ ਕੇਂਦਰ ਦੁਆਰਾ ਚਲਾਈਆਂ ਗਈਆਂ ਸਕੀਮਾਂ ਲਾਗੂ ਕਰਨ ਲਈ ਕੇਂਦਰ ਸਰਕਾਰ ਤੋਂ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਅਤੇ ਇਸ ਵਿਚੋ ਸਕੀਮ-ਵਾਰ ਕਿੰਨੀ ਰਕਮ ਵਰਤੀ ਗਈ ?

**ਸ਼੍ਰੀ ਸੁਰਿੰਦਰ ਸਿੰਗਲਾ** : ਕੇਂਦਰੀ ਪ੍ਰਯੋਜਿਤ ਸਕੀਮਾਂ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਤੋਂ ਸਾਲ 2002-03, 2003-04 ਅਤੇ 2004-05 ਦੌਰਾਨ ਕ੍ਰਮਵਾਰ ਰੁਪਏ 347.30 ਕਰੋੜ, 346.81 ਕਰੋੜ ਅਤੇ 268.08 ਕਰੋੜ ਦੀ ਰਾਸ਼ੀ ਪ੍ਰਾਪਤ ਹੋਈ ਅਤੇ ਇਨ੍ਹਾਂ ਸਾਲਾਂ ਵਿੱਚ ਕ੍ਰਮਵਾਰ ਰੁਪਏ 292.13 ਕਰੋੜ 260.21 ਕਰੋੜ ਅਤੇ 164.44 ਕਰੋੜ ਖ਼ਰਚ ਕੀਤੇ ਗਏ। ਖੰਡਵਾਰ/ਸਕੀਮਵਾਰ ਵੇਰਵਾ ਅਨੁਲੱਗ ਤੇ ਹੈ।

**Information regarding Centrally Sponsored Schemes during 2002-03 to 2004-05**

(Rs. in lakhs)

| Sr. No. | Name of the Sub-head/scheme | | Annual Plan 2002-03 | | | Annual Plan 2003-04 | | | Annual Plan 2004-05(till date) | | |
|---|---|---|---|---|---|---|---|---|---|---|---|
| | | Sharing pattern (GOI) | Amount sanctioned by (GOI) | Amount released by GOI (Out of Col . 4) | Amount utilised (out of Col. 5) | Amount sanctioned by (GOI) | Amount released by GOI (Out of Col . 7) | Amount utilised (out of Col . 8) | Amount sanctioned by (GOI) | Amount released by GOI (Out of Col . 10) | Amount utilised (out of Col. 11) |
| 1 | 2 | 3 | 4 | 5 | 6 | 7 | 8 | 9 | 10 | 11 | 12 |
| 1. | Agriculture | | 2757.01 | 2724.31 | 428.66 | 2553.99 | 2153.99 | 79.61 | 2098.12 | 1574.33 | 33.20 |
| 2. | Soil & Water Conservation | | 653.83 | 653.83 | - | 402.00 | 402.00 | 87.76 | 384.30 | 384.30 | - |
| 3. | Animal Husbandry | | 403.13 | 403.13 | 33.33 | 643.76 | 643.76 | 199.58 | 1014.23 | 1014.23 | 62.21 |
| 4. | Dairy Development | | - | - | - | - | - | - | 143.15 | 143.15 | - |
| 5. | Fisheries | | 76.00 | 76.00 | 10.54 | 50.00 | 50.00 | - | 63.80 | 63.80 | - |
| 6. | Forestry & Wild Life | | 123.26 | 123.26 | - | 114.45 | 114.45 | - | 215.65 | 215.65 | 9.31 |
| 7. | Cooperation | | 1982.14 | 430.27 | 430.27 | 22.75 | 22.75 | 22.75 | 140.00 | 140.00 | - |
| 8. | Rural Development | | 4875.05 | 4861.47 | 4861.47 | 5454.19 | 6205.98 | 6019.15 | 8535.27 | 7174.42 | 5189.76 |
| 9. | Irrigation & Flood Control | | 4200.00 | 2172.00 | 2172.00 | 4400.00 | 1453.50 | - | - | - | 1002.00 |
| 10. | Integrated Rural Energy Programme | | 192.89 | - | - | - | - | - | - | - | - |
| 11. | Scientific Research | | 850.00 | 850.00 | 850.00 | 661.00 | 661.00 | 661.00 | 500.00 | 500,00 | 413.00 |
| 12. | Ecology & Environment | | 82.90 | 82.90 | 58.90 | - | - | - | - | - | - |

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| 13. | Industry & Minerals | | 382.03 | 382.03 | 238.11 | 120.68 | 120.68 | 72.83 | 81.43 | 208.79 | 0.74 |
| 14. | Roads & Bridges | | 110.00 | 110.00 | 75.00 | 3681.00 | 2735.00 | 200.00 | - | - | 1308.39 |
| 15. | Tourism | | 19.85 | 14.85 | 12.35 | 96.00 | 35.30 | 12.00 | 699.68 | 559.97 | - |
| 16. | General Education | | 11042.99 | 11042.99 | 9348.80 | 7904.71 | 7904.71 | 6394.76 | 3363.47 | 3363.47 | 2434.44 |
| 17. | Medical & Public Health | | 1741.90 | 1736.33 | 1707.76 | 4365.53 | 4362.28 | 3858.54 | 4306.01 | 4301.98 | 2912.65 |
| 18. | Housing | | 1268.35 | 1268.35 | 1268.35 | 2880.00 | 2880.00 | 2880.00 | 1109.51 | 1109.51 | 832.86 |
| 19. | Urban Development | | 213.62 | 213.62 | 186.33 | 235.51 | 181.02 | 406.18 | 11.56 | 49.20 | 220.50 |
| 20. | Water Supply & Sanitation | | | | | | | | | | |
| | (a) Urban Water Supply | | 2628.32 | 2628.32 | 2628.32 | 2337.10 | 2337.10 | 2286.64 | 1191.46 | 1191.46 | 130.00 |
| | (b) Rural Water Supply | | 11588.12 | 3370.09 | 3482.47 | 5742.00 | 1381.10 | 2056.31 | 11854.00 | 3586.52 | 952.08 |
| 21. | Welfare of SC/BC | | 45.41 | 45.41 | 33.85 | 40.43 | 40.43 | - | 173.18 | 173.18 | - |
| 22. | Social Security and Welfare | | 110.17 | 110.17 | 47.50 | 7.39 | 2,32 | 49.41 | - | - | 56.28 |
| 23. | Public Works | | 289.80 | 289.80 | 189.80 | 177.67 | 177.67 | - | - | - | 177.67 |
| 24. | Information Technology | | 566.50 | 7.00 | 7.00 | - | 74.75 | - | - | 30.00 | 30.00 |
| 25. | Labour and Labour Welfare | | 6.90 | 6.90 | - | 16.90 | 16.90 | 10.00 | 6.90 | 6.90 | - |
| 26. | BADP | | 1008.00 | 1008.00 | 1008.00 | 1008.00 | 672.00 | 671.99 | 1008.00 | 1008.00 | 672.00 |
| 27. | Sports & Youth Services | | 207.00 | 134.10 | 134.10 | 207.43 | 52.43 | 52.43 | 207.30 | 9.30 | 6.95 |
| | GRAND TOTAL | | 47425.17 | 34730.28 | 29212.91 | 43122.49 | 34681.12 | 26020.94 | 37107.02 | 26808.16 | 16444.04 |

**Information regarding Centrally Sponsored Schemes during 2002-03 to 2004-05**

(Rs. in lakhs)

| Sr. No. | Name of the Sub-head/scheme | Sharing pattern (GOI) | Annual Plan 2002-03 | | | Annual Plan 2003-04 | | | Annual Plan 2004-05(till date) | | |
|---|---|---|---|---|---|---|---|---|---|---|---|
| | | | Amount sanctioned by (GOI) | Amount released by GOI (Out of Col . 4) | Amount utilised (out of Col. 5) | Amount sanctioned by (GOI) | Amount released by GOI (Out of Col . 7) | Amount utilised (out of Col . 8) | Amount sanctioned by (GOI) | Amount released by GOI (Out of Col . 10) | Amount utilised (out of Col. 11) |
| 1 | 2 | 3 | 4 | 5 | 6 | 7 | 8 | 9 | 10 | 11 | 12 |
| | **Agriculture** | | | | | | | | | | |
| CS-2 | Agriculture Census | 100% | 27.09 | 27.09 | 9.97 | 27.72 | 27.72 | 19.88 | 37.84 | 37.84 | 19.33 |
| CS-3 | Scheme for the Crop Estimation Survey on Fruits, Vegetables and minor crops | | | | | | | | | | |
| | (i) Agriculture Department | 100% | 4.30 | 4.30 | 2.78 | 4.30 | 4.30 | 2.48 | 4.30 | 4.30 | 2.19 |
| | (ii) Horticulture Department | 100% | 27.02 | 27.02 | 15.79 | 19.00 | 19.00 | 15.40 | 24.00 | 24.00 | 11.20 |
| CS-17 | Oilseeds Production Programme | 75% | 90.22 | 90.22 | 7.76 | 112.46 | 112.46 | 5.53 | - | - | - |
| CS-18 | National Pulses Development Programme | 75% | 28.90 | 28.90 | - | 37.90 | 37.90 | 2.60 | - | - | - |
| CS-26 | Intensive Cotton Development Progrmme including aerial spray on cotton | 75% | 607.24 | 607.24 | - | 607.24 | 607.24 | - | - | - | - |
| CS-47 | Central Sector Scheme for Women in Agriculture | 100% | 7.30 | - | - | 7.43 | 7.43 | 7.43 | 21.18 | 12.22 | - |

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| CS-53 | Setting up of bio-control labs. Under Central Sector Scheme for setting up of IPM Centre | 100% | 12.70 | 12.70 | - | - | - | - | 12.70 | 12.70 | - |
| CS-60 | National Programme on verietal development : | | | | | | | | | | |
| | (a) Agriculture Department | 100% | 7.94 | 7.94 | - | - | - | - | - | - | - |
| | (b) Horticulture Department | 100% | - | - | - | - | - | - | - | - | - |
| CS-65 | Scheme for setting up of National Seed Testing Centre with Modern Seed Testing Laboratory and strengthening of the Seed Control Organisation | 100% | 15.00 | - | - | - | - | - | - | - | - |
| CS-66(ii) | Frontline demonstration under the scheme on development of prototype of industrial designs of agri-implements including horticultural equipments and their trails at farmers fields | 100% | 10.40 | - | - | 10.40 | 10.40 | - | 10.40 | 10.40 | - |
| CS-67 | Centrally Sponsored Macro Management Work Plan for Agriculture Deptt. | 90% | 1918.90 | 1918.90 | 392.36 | 1526.54 | 1526.54 | 10.23 | 1518.03 | 1055.70 | - |
| CS-68 | Centrally Sponsored Macro Management Work Plan for Horticulture Deptt. | 90% | - | - | - | 201.00 | 201.00 | 16.06 | 186.30 | 186.30 | - |

| | | | | | | | | | | | |
|---|---|---|---|---|---|---|---|---|---|---|---|
| CS-71 | Intergrated Scheme of Oilseeds Pulses Oilpalm & Maize | 75% | - | - | - | - | - | - | 283.37 | 230.87 | 0.48 |
| | Total : | | 2757.01 | 2724.31 | 428.66 | 2553.99 | 2153.99 | 79.61 | 2098.12 | 1574.33 | 33.2 |
| | **Soil and Water Conservation** | | | | | | | | | | |
| CS-7 | Centrally Sponsored Scheme under Macro Management work plan for Soil & Water Conservation | 90% | 653.83 (458.83 revalidated amount & 195.00 New release) | 653.83 (458.83 revalidated amount & 195.00 New release) | - | 402.00 (revalidated) | 402.00 (revalidated) | 87.76 | 384.30 (revalidated) | 384.30 (revalidated) | - |
| | Total : | | 653.83 | 653.83 | - | 402.00 | 402.00 | 87.76 | 384.30 | 384.30 | - |
| | **Animal Husbandry** | | | | | | | | | | |
| CS-1 | National Project on Rinderpest Eradication | 100% | 24.00 | 24.00 | - | 39.00 | 39.00 | 24.70 | 29.30 | 29.30 | - |
| CS-3 | Assistance to States for integrated piggery development | 100% | 8.55 | 8.55 | - | 8.55 | 8.55 | - | - | - | - |
| CS-4 | Assistance to States for Control of Animal Diseases-Creation of disease free zone | 75% | - | - | - | 32.00 | 32.00 | - | 204.67 | 204.67 | - |
| CS-5 | Scheme for enrichment of straw and celluiosic waste in the State | 100% | 20.00 | 20.00 | - | 20.00 | 20.00 | 5.20 | - | - | - |

[ਵਿੱਤ ਅਤੇ ਯੋਜਨਾਬੰਦੀ ਮੰਤਰੀ]

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| CS-8 | Assistance to States for control of Animal diseases | 50% | 110.00 | 110.00 | 33.33 | 76.77 | 76.67 | 60.05 | - | - | - |
| CS-12 | Livestock census | 100% | 19.39 | 19.39 | - | 104.39 | 104.39 | - | 264.39 | 264.39 | - |
| CS-28 | Estt. of fodder Banks in Hoshiarpur | 75% | 5.66 | 5.66 | - | - | - | - | - | - | - |
| CS-30 | Modernisation/improvement of Slaughter Houses and Establishment of Carcass Utilisation centres | 50% | 100.00 | 100.00 | - | 100.00 | 100.00 | - | 100.00 | 100.00 | - |
| CS-46 | Fodder Seed production through registered growers | 25% | 3.33 | 3.33 | - | - | - | - | - | - | - |
| CS-47 | Animal diseases management and regulatory medicines Estt. of regional referreral diseases diagonostic Lab. | 100% | 95.50 | 95.50 | - | 103.50 | 103.50 | 77.66 | 70.84 | 70.84 | 4.10 |
| CS-49 | Professional efficiency Dev-Stg. of Punjab Vety. Council | 50% | 10.00 | 10.00 | - | 12.00 | 12.00 | - | 13.50 | 13.50 | - |
| CS-50 | Centrally Sponsored Scheme-Integrated Sample surveys and cost of production of milk and egg | 50% | - | - | - | 14.85 | 14.85 | - | 30.80 | 30.80 | - |
| CS-52 | Foot mouth Disease Control Programme | 100% | - | - | - | 126.00 | 126.00 | 31.97 | 294.03 | 294.03 | 58.11 |

| | | | | | | | | | | | |
|---|---|---|---|---|---|---|---|---|---|---|---|
| CS-54 | Conservation of threatened breeds of small ruminants, pigs, pack animals and equines | 100% | 6.70 | 6.70 | - | 6.70 | 6.70 | - | 6.70 | 6.70 | - |
| | Total : | | 403.13 | 403.13 | 33.33 | 643.76 | 643.76 | 199.58 | 1014.23 | 1014.23 | 62.21 |
| | **Dairy Development** | | | | | | | | | | |
| CS-1 | Strengthening Infrastructure for quality and clean milk production | 75% | - | - | - | - | - | - | 143.15 | 143.15 | - |
| | Total : | | - | - | - | - | - | - | 143.15 | 143.15 | - |
| | **Fisheries** | | | | | | | | | | |
| CS-2 | Assistance to Fish Farmers Development Agencies in the State | 75% | 60.00 | 60.00 | 10.00 | 50.00 (Revalidated) | 50.00 | - | 50.00 (Revalidated) | 50.00 | - |
| CS-3 | Strengthening of Data-base and information net working for fisheries sector | 100% | - | - | - | - | - | - | 13.80 | 13.80 | - |
| CS-4 | Scheme for Fisheries Training & Extension | 80% | 16.00 (Revalidated) | 16.00 | 0.54 | - | - | - | - | - | - |
| | Total : | | 76.00 | 76.00 | 10.54 | 50.00 | 50.00 | - | 63.80 | 63.80 | - |

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | **Forestry and Wildlife** | | | | | | | | | | |
| CS-2 | Area Oriented Fuelwood/ Fodder Project | 50% | 12.32 | 12.32 | - | - | - | - | - | - | - |
| CS-3 | Assistance for the development of sancturies | 100% | 65.70 | 65.70 | - | 69.90 | 69.90 | - | 69.90 | 69.90 | 1.25 |
| CS-4 | Assistance for the development of selected Zoos | 0.50 | 15.75 | 15.75 | - | 15.75 | 15.75 | - | 15.75 | 15.75 | 8.06 |
| CS-21 | Integrated Forest Protection | 0.75 | 28.80 | 28.80 | - | 28.80 | 28.80 | - | 130.00 | 130.00 | - |
| CS-12 | Non Timber Forest Produce including Medicinal plants | 100% | 0.69 | 0.69 | - | - | - | - | - | - | - |
| | Total : | | 123.26 | 123.26 | - | 114.45 | 114.45 | - | 215.65 | 215.65 | 9.31 |
| | **Co-operation** | | | | | | | | | | |
| CS-2 | Margin Money Assistance to State Level Federation in developed states | 100% | 1000.00 | 98.00 | 98.00 | - | - | - | - | - | - |
| | **Industrial Co-operatives** | | | | | | | | | | |
| CS-31 | Market Development Assistance to Apex Handloom and Primary Handloom Weaver Co-operative Societies | 50% | 22.31 | 22.31 | 22.31 | - | - | - | - | - | - |

| | | | | | | | | | | | |
|---|---|---|---|---|---|---|---|---|---|---|---|
| CS-32 | Financial Assistance as share Capital contribution to Pb. St Handloom Weavers Apex, Co-op. Societies for setting up of showrooms | 75% | - | - | - | 22.75 | 22.75 | 22.75 | - | - | - |
| | **Dairy Co-operatives** | | | | | | | | | | |
| CS-51 | Financial assistance to Dairy Co-operatives to meet out their losses | 50% | 959.83 | 309.96 | 309.96 | - | - | - | 140.00 | 140.00 | - |
| | Grand Total (Co-operative Department) : | | 1982.14 | 430.27 | 430.27 | 22.75 | 22.75 | 22.75 | 140.00 | 140.00 | - |
| | **Rural Development** | | | | | | | | | | |
| CS-10 | Extension Training Centres | 100% | 10.00 | 7.48 | 7.48 | 10.00 | 10.00 | 10.00 | - | - | - |
| CS-11 | Indra Awaas Yojana | 75% | 777.00 | 595.32 | 595.32 | 879.99 | 802.72 | 872.00 | 1157.56 | 739.61 | 598.74 |
| CS-16 | Integrated Waste Lands-Development Project (IWDP) | 11% | - | - | - | 50.66 | 50.66 | 48.92 | 193.88 | 193.88 | 137.24 |
| CS-19 | ii) Training to Panches and Sarpanches in the State | 75% | - | - | - | 86.20 | 86.20 | 86.20 | - | - | - |
| CS-20(I) | Swaranjayanti Gram Swarozgar Yojana (SGSY) | | | | | | | | | | |
| CS-21 | DRDA Administration | 75% | 627.00 | 409.74 | 409.74 | 409.74 | 627.00 | 441.91 | 441.91 | 627.00 | 466.82 |

[ਵਿੱਤ ਅਤੇ ਯੋਜਨਾਬੰਦੀ ਮੰਤਰੀ]

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| CS-23 | Sampoorna Gramin Rozgar Yojana (SGRY) | 75% | 3461.05 | 3848.93 | 3848.93 | 4017.64 | 4629.40 | 4629.40 | 6025.60 | 4897.61 | 3786.96 |
| New Scheme | National Food for work Programme | 100% | - | - | - | - | - | - | 716.32 | 716.32 | 200.00 |
| | Total : | | 4875.05 | 4861.47 | 4861.47 | 5454.19 | 6205.98 | 6019.15 | 8535.27 | 7174.42 | 5189.76 |
| | **Irrigation & Flood Control** | | | | | | | | | | |
| CS-11 | Const. of field channels (Water Courses) on Sirhind feeder system | 50.50% | 2200.00 | 1622.00 | 1622.00 | - | - | - | - | - | - |
| CS-13 | Construction of field channels and other works-Bathinda | | | | | | | | | | |
| CS-12 | Counter Projective measures on left side of River Ravi | 100% | 1000.00 | 400.00 | 400.00 | 1000.00 | 302.00 | - | 1000.00 | - | 302.00 |
| CS-16 | Construction of Flood Protection and Drainage works | 100% | 1000.00 | 150.00 | 150.00 | 1000.00 | 149.50 | - | 1000.00 | - | 149.50 (Funds released by GOI during the year 2003-04 but utilised in 2004-05) |

| | | | | | | | | | | | |
|---|---|---|---|---|---|---|---|---|---|---|---|
| CS-18 | Construction of field channels on matching grant basis of Kotla Canal Branch | | | | | | | | | | |
| CS-21 | Construction of field channel on matching grant basis Eastern channels | 50% | - | - | - | 2400.00 | 1002.00 | - | 1900.00 | - | 1002.00 (Funds released during 2002-03. But utilised in 2004-05) |
| CS-22 | Construction of field channel on matching grant basis of UBDC System | | | | | | | | | | |
| | Total : | | 4200.00 | 2172.00 | 2172.00 | 4400.00 | 1453.50 | - | 3900.00 | - | 1002.00 |
| | **Integrated Rural Energy Programme** | | | | | | | | | | |
| CS (i) | Setting up of IREP cell at State & Distt. Plan | 100% | 192.89 | - | - | - | - | - | - | - | - |
| | Total : | | 192.89 | - | - | - | - | - | - | - | - |
| | **Scientific Research** | | | | | | | | | | |
| CS (ii) | Setting up of Science City at Jalandhar | 70% | 850.00 | 850.00 | 850.00 | 661.00 | 661.00 | 661.00 | 500.00 | 500.00 | 413.00 (Remaining amount of Rs. 87.00 lakhs will be used before 31-3-2005) |
| | Total : | | 850.00 | 850.00 | 850.00 | 661.00 | 661.00 | 661.00 | 500.00 | 500.00 | 413.00 |

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | **Ecology and Environment** | | | | | | | | | | |
| CS(iii) | Kanjli Wet land Project | 100% | 36.05 | 36.05 | 36.05 | - | - | - | - | - | - |
| CS (iv) | Ropar Wetland Project | 100% | 46.85 | 46,85 | 22.85 | - | - | - | - | - | - |
| | Total : | | 82.90 | 82.90 | 58.90 | - | - | - | - | - | - |
| | **Industry and Minerals** | | | | | | | | | | |
| CS-1 | Setting up of Nucleus cell for updating census data | 100% | 206.09 | 206.09 | 85.75 | 42.50 (120.34 (Revalidated) | 42.50 (120.34 (Revalidated) | 35.47 | - | 127.36 (Revalidated) | - |
| CS-13 | Prime Minister Rojgar Yojna | 100% | 175.94 | 175.94 | 152.36 | 78.18 | 78.18 | 37.36 | 81.43 | 81.43 | - |
| CS-23 | Disbursement of pending claims of centre subsidy scheme | 100% | - | - | - | - | - | - | - | - | 0.74 (Balance of 1998-99) |
| | Total : | | 382.03 | 382.03 | 238.11 | 120.68 | 120.68 | 72.83 | 81.43 | 208.79 | 0.74 |
| | **Roads and Bridges** | | | | | | | | | | |
| CS-1 | P.M.G.S.Y. | 100% | 110.00 | 110.00 | 75.00 | 3681.00 | 2735.00 | 200.00 | - | - | 1308.39 Amount released by GOI during previous years has been utilized |
| | Total : | | 110.00 | 110.00 | 75.00 | 3681.00 | 2735.00 | 200.00 | - | - | 1308.39 |

| | | | | | | | | | | | |
|---|---|---|---|---|---|---|---|---|---|---|---|
| | **Tourism** | | | | | | | | | | |
| CS-1 | Land acquisition for setting up tourist complexes/wayside amenities | 65% | 7.50 | 2.50 | - | 81.00 | 23.30 | - | 6 81.11 | 545.26 | - |
| CS-2 | Promotion & Publicity | 50% | 12.35 | 12.35 | 12.35 | 15.00 | 12.00 | 12.00 | 18.57 | 14.71 | - |
| | Total : | | 19.85 | 14.85 | 12.35 | 96.00 | 35.30 | 12.00 | 699.68 | 559.97 | |
| | **General Education** | | | | | | | | | | |
| CS-1 | Taking over of NFC (reimburseable scheme) | 100% | - | - | 53.13 (Released by FD) | - | - | 18.55 (Released by FD) | - | - | - |
| CS-2 | Adult Education-Mass Education Programme | 67% | 30.33 | 30.33 | 30.33 | - | - | - | - | - | - |
| CS-8 | Modified Computer Literacy-CLASS Project | 75% | - | - | - | 498.75 | 498.75 | The amount could not be drawn from Treasury due to late receipt of sanction | - | - | - |
| CS-12 | National Merit Scholarship | 100% | 11.75 | 11.75 | - | 23.75 | 23.75 | 11.69 | 11.90 | 11.90 | - |
| CS-13 | Scholarship for the study of Hindi in Non-Hindi Speaking States | 100% | 1.91 | 1.91 | 1.19 | 1.90 | 1.90 | 1.11 | 14.28 | 14.28 | - |

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| CS-26 (ii) | Teacher Education Establishment of DIETs | 100% | 514.00 | 514.00 | 514.00 | 904.31 | 904.31 | 305.96 | 280.80 | 280.80 | 280.80 |
| CS-26(xxv) | Sarv Shikhya Abhiyan | 75% | 10485.00 | 10485.00 | 8803.28 | 6476.00 | 6476.00 | 6476.00 | 3056.49 | 3056.49 | 2153.64 |
| | Total : | | 11042.99 | 11042.99 | 9348.80 | 7904.71 | 7904.71 | 6794.76 | 3363.47 | 3363.47 | 2434.44 |
| | **Medical and Public Health** | | | | | | | | | | |
| CS-I | National Malaria Eradication Programme (Rural) | 50.50% | 82.50 | 82.50 | 82.50 | 82.50 | 82.50 | 82.50 | 82.50 | 82.50 | 82.50 |
| CS-II | National Malaria Eradication Programme (Urban) | 50.50% | 22.00 | 22.00 | 22.00 | 22.00 | 22.00 | 22.00 | 22.00 | 22.00 | 22.00 |
| CS-III | National T.B. Control Programme | 50.50% | 11.00 | 11.00 | 11.00 | 11.00 | 11.00 | 11.00 | 11.00 | 11.00 | 11.00 |
| | Total (I to III) : | | 115.50* | 115.50* | 115.50* | 115.50* | 115.50* | 115.50* | 115.50* | 115.50* | 115.50* |
| | | | * In kind supply by GOI | | | | | | | | |
| CS-X | National Leprosy Control Programme | 100% | 8.00 | 8.00 | 0.00 | 11.00 (revalidated) | 11.00 | 1.47 | 14.03 (revalidated) | - | - |
| CS-XI | National Programme for the Control of Blindness | 100% | - | - | - | 76.60 | 76.60 | 30.66 | 50.94 (revalidated) | 50.94 | - |

| | | | | | | | | | | | |
|---|---|---|---|---|---|---|---|---|---|---|---|
| | **Family Welfare Programmes** | | | | | | | | | | |
| CS-XII | (i) Direction and Administration | 100% | 193.18 | 193.18 | 193.18 | 112.00 | 112.00 | 173.32 | 120.00 | 120.00 | 155.31 |
| | (ii) Revamping of Organisational Services | 100% | 354.57 | *354.57 | 354.57 | 420.00 | 420.00 | 449.43 | 434.40 | 434.40 | 323.98 |
| CS-XIII | (i) Rural Family Welfare Service (Funding of 2852 sub-centres) | 100% | 663.52 | 663.52 | 663.52 | 2760.64 | 2760.64 | 2782.42 | 2482.72 | 2482.72 | 2131.77 |
| CS-XIV | (i) Urban Family Welfare Services<br>Note* :- In kind supply by G.O.I. Maternity and Child Health | 100% | 71.99 | 71.99 | 71.99 | 145.00 | 145.00 | 71.28 | 151.00 | 151.00 | 55.85 |
| CS-XVI | Transport (POL) Compensation | 100% | 4.17 | 4.17 | 4.17 | 41.00 | 41.00 | 9.19 | 54.00 | 54.00 | - |
| CS-XVII | Compensation for the cases of Sterilisation and IUD cases | 100% | 150.03 | 150.03 | 150.03 | 140.00 | 140.00 | 62.92 | 476.00 | 476.00 | - |
| | Additional funds released by Govt. of India after clearing the arrears upto 2002-03 | | - | - | - | 172.85 | 172.85 | - | - | - | - |
| | **Other Services** | | | | | | | | | | |
| CS-XXV | Establishment of Iodine Deficiency Disorder control cell at the Directorate of Health and Family Welfare Punjab, Chandigarh | 100% | - | - | - | 2.50 | 2.50 | 0.09 | 2.41 (revalidated) | 2.41 | - |

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| CS-XXVI | National Cancer Control Programme | 100% | - | - | - | 28.63 (revalidated) | 28.63 | 12.04 | - | - | - |
| CS-XXVIII | Strengthening of Food Testing Laboratory | 100% | - | - | - | 21.99 | 21.99 | - | - | - | - |
| | **Training** | | | | | | | | | | |
| CS-XXXI | (i) Switching over ANM Training Schools, MPW(F) Training Schools at Gurdaspur, Sangrur, Nangal, Hoshiarpur. Bhatinda, Moga and Faridkot (Salary) | 100% | 105.69 | 105.69 | 105.69 | 100.00 | 100.00 | 99.00 | 160.16 | 160.16 | 85.01 |
| | (iv) Continued Establishment of MPW (Male) Training schools at Kharar, Amritsar and Nabha (Salary) | 100% | 49.11 | 49.11 | 49.11 | 48.00 | 48.00 | 51.22 | 78.28 | 78.28 | 45.23 |
| | Total (X to XXXI) | | 1600.26 | 1600.26 | 1592 26 | 4080.21 | 4080.21 | 3743.04 | 4023.94 | 4009.91 | 2797.15 |
| | **DRME** | | | | | | | | | | |
| CS-XXXV(iii) | Additional Central Assistance for the development of Oncology wing in Rajindra Hospital, Patiala and Govt. College, Patiala | 100% | 0.00 | 0.00 | 0.00 | 70.00 | 70.00 | - | 70.00 | 70.00 | - |

| | | | | | | | | | | | |
|---|---|---|---|---|---|---|---|---|---|---|---|
| CS-XXXV(iv) | Additional Central Assistance for Mammography unit at Govt. Medical College, Patiala. | 100% | - | - | - | 30.00 | 30.00 | - | 30.00 | 30.00 | - |
| | Total (XXXV(iii)-XXXV(iv) : | | - | - | - | 100.00 | 100.00 | - | 100.00 | 100.00 | - |
| | **Ayurveda** | | | | | | | | | | |
| CS-XXXVII | Providing essential Drugs for Ayurveda, Siddha & Unani Dispensaries situated in Rural &Backward areas | 100% | 15.00 | 15.00 | Not utilised as received from GOI on 31.3.03 | 15.00 (revalidated) | 15.00 | Not utilised as released by AD/FD on 29.3.04 | 15.00 (revalidated) | 15.00 | Utilisation under process |
| CS-XXXVIII | Strengthening of Enforcement Mechanism for Quality Control of Ayurveda, Siddha & Unani Drugs | 100% | - | - | - | 8.50 | 5.25 | - | 5.25 (revalidated) | 5.25 | - |
| CS-XXXXIII | Pilot scheme-Supply of Home Remedies Kit at village level | 100% | 11.14 | 5.57 | - | 5.57 (revalidated) | 5.57 | Not utilised as released by AD/FD on 26.2.04 | 5.57 (revalidated) | 5.57 | - |
| CS-XXXXV | Constitution of State Medicinal Plants Board | 100% | - | - | - | - | - | - | - | 10.00 | Utilisation Under process |

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| CS-XXXXVI | Scheme for providing central assistance for PCs with LAN and LCD projector to Government ISM and H Medical Colleges with PG courses | 100% | - | - | - | 10.00 | 10.00 | - | 10.00 | 10.00 | - |
| | Total (XXXVII to XXXXVI) | | 26.14 | 20.57 | - | 39.07 | 35.82 | - | 35.82 | 45.82 | - |
| | **Homoeopathy** | | | | | | | | | | |
| CS-XXXXVII | Supply of Essential Drugs of ISM & H | 100% | - | - | - | 18.75 | 18.75 | - | 18.75 | 18.75 | - |
| CS-XXXXXI | Development of ISM & H under graduate colleges (Private) (for equipment and Library) | 100% | - | - | - | 12.00 | 12.00 | - | 12.00 | 12.00 | - |
| | Total : | | - | - | - | 30.75 | 30.75 | - | 30.75 | 30.75 | - |
| | Total (Medical & Public Health) | | 1741.90 | 1736.33 | 1707.76 | 4365.53 | 4362.28 | 3858.54 | 4306.01 | 4301.98 | 2912.65 |
| | **Water Supply and Sanitation** | | | | | | | | | | |
| | **A. Urban Water Supply** | | | | | | | | | | |
| CS-1 | Prevention of pollution of river Satluj | 100% | 2620.00 | 2620.00 | 2620.00 | 2270.00 | 2270.00 | 2270.00 | 1141.00 | 1141.00 | 130.00 |

| | | | | | | | | | | | |
|---|---|---|---|---|---|---|---|---|---|---|---|
| CS-2 | Accelerated Urban Water Supply Programme | 50% | - | - | - | 50.46 | 50.46 | - | 50.46 | 50.46 | - |
| CS-3 | Prevention of Pollution of river west bein | 70% | - | - | - | - | - | - | 121.00 | 121.00 | - |
| CS-4 | Model village and Model Basties, Adarsh Basties in Urban Area under HUDCO Assistance | 50% | 8.32 | 8.32 | 8.32 | 16.64 | 16.64 | 16.64 | - | - | - |
| | Total : | | 2628.32 | 2628.32 | 2628.32 | 2337.10 | 2337.10 | 2286.64 | 1191.46 | 1191.46 | 130.00 |
| | **B. Rural Water Supply** | | | | | | | | | | |
| CS-1 | Accelerated Rural Water Supply Programme | 100% | 10625.00 | - | - | 5000.00 | - | - | 8000.00 | - | - |
| CS-2 | Rajiv Gandhi National Drinking Water Mission including repair of damaged Water Supply Schemes | 75% | 500.00 | 3081.00 | 3116.79 | 300.00 | 1134.50 | 1972.25 | 2000.00 | 2815.00 | 812.39 |
| CS-3 | Setting up of Water Testing labs | | | | | | | | | | |
| | Non-recurring | 100% | 33.00 | - | - | 47.00 | - | 2.00 | 49.00 | - | - |
| 67. | 3027579 | ਸਿਪਾਹੀ | ਜ਼ੈਲ ਸਿੰਘ | ਵੀਰ ਚੱਕਰਾ(ਮ) | ਸਿੱਖ ਰੇਜੀਮੈਂਟ | ਪਿੰਡ ਤੇ ਡਾਕ: ਦਿਆਲ ਗੜ੍ਹ | ਗੁਰਦਾਸਪੁਰ | 1948 | ਕੋਈ ਵਾਰਸ ਨਹੀਂ |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 68. | 10324414 | ਹਵਾਲਦਾਰ | ਹੰਸ ਰਾਜ | ਵੀਰ ਚੱਕਰਾ | ਆਰਟੀ | ਪਿੰਡ ਅਨੰਦਪੁਰ ਕੁਲੀਆਂ | ਗੁਰਦਾਸਪੁਰ | 26.1.1972 | 25,000/- |
| 69. | ਆਈ.ਸੀ.25603 | ਕੈਪਟਨ | ਕੁਮਦ ਕੁਮਾਰ | ਵੀਰ ਚੱਕਰਾ | ਰਾਜਪੂਤ | ਅਬਰੋਲ ਨਗਰ,ਪਠਾਨਕੋਟ | ਗੁਰਦਾਸਪੁਰ | 15.8.1972 | 25,000/- |
| 70. | ਆਈ.ਸੀ. 6859 | ਲੈਫ ਕਰਨਲ | ਐਮ.ਐਸ. ਖੇਰਾ | ਵੀਰ ਚੱਕਰਾ | ਡੋਗਰਾ | ਪਿੰਡ ਤੇ ਡਾਕ : ਸਰਚੂਰ | ਗੁਰਦਾਸਪੁਰ | 16.10.1965 | 25,000/- |
| 71. | 13727390 | ਰਾਈਫਲ ਮੈਨ | ਮੱਘਰ ਸਿੰਘ. | ਵੀਰ ਚੱਕਰਾ | ਜ਼ੈਕ ਰਾਈਫਲ | ਪਿੰਡ ਤੇ ਡਾਕ : ਕਰੋਲੀ | ਗੁਰਦਾਸਪੁਰ | 26.1.1972 | 25,000/- |
| 72. | 2450841 | ਸਿਪਾਹੀ | ਮੇਹਰ ਸਿੰਘ | ਵੀਰ ਚੱਕਰਾ(ਮ) | ਪੰਜਾਬ | ਪਿੰਡ ਤੇ ਡਾਕ: ਨਰੋਤ ਜ਼ੈਮਲ ਸਿੰਘ | ਗੁਰਦਾਸਪੁਰ | 1971 | 25,000/- |
| 73. | 3376395 | ਲਾਂਸ ਨੈਕ | ਮੋਹਿੰਦਰ ਸਿੰਘ | ਵੀਰ ਚੱਕਰਾ | ਸਿੱਖ ਰੈਜੀਮੈਂਟ | ਪ੍ਰੇਮ ਨਗਰ, | ਗੁਰਦਾਸਪੁਰ | 26.1.1990 | 50,000/- |
| 74. | ਜੇ.ਸੀ.208096 | ਸੂਬੇਦਾਰ | ਨਿਰਮਲ ਸਿੰਘ | ਵੀਰ ਚੱਕਰਾ(ਮ) | 8 ਸਿੱਖ | ਪਿੰਡ ਚੀਨਾ ਬੇਟ | ਗੁਰਦਾਸਪੁਰ | 26.1.1966 | 25,000/- |
| 75. | ਜੇ.ਸੀ.17170 | ਸੂਬੇਦਾਰ | ਪਿਆਰਾ ਸਿੰਘ | ਵੀਰ ਚੱਕਰਾ(ਮ) | ਸਿੱਖ ਐਲ.ਆਈ. | ਹਾਥੀ ਗੇਟ ਬਟਾਲਾ | ਗੁਰਦਾਸਪੁਰ | 26.1.1990 | 50,000/- |
| 76. | ਜੇ.ਸੀ.578216 | ਸੂਬੇਦਾਰ | ਰਘੂਨਾਥ ਸਿੰਘ | ਵੀਰ ਚੱਕਰਾ | 13 ਜ਼ੈਕ ਰਾਈਫਲ | ਪਿੰਡ ਤੇ ਡਾਕ: ਘਰੋਟਾਂ | ਗੁਰਦਾਸਪੁਰ | 15.8.1999 | 50,000/- |
| 77. | 11378 | ਵਿੰਗ ਕਮਾਂਡਰ | ਐਸ.ਐਸ.ਢਿਲੋਂ | ਵੀਰ ਚੱਕਰਾ | ਏਅਰ ਫੋਰਸ | ਪਿੰਡ ਤੇ ਡਾਕ ਵਰਸੋਲਾ | ਗੁਰਦਾਸਪੁਰ | 15.8.1972 | 25,000/- |

| | | | | | | | | | |
|---|---|---|---|---|---|---|---|---|---|
| 78. | ਆਈ.ਸੀ. 4898 | ਬ੍ਰਿਗੇਡੀਅਰ | ਸ਼ਮਸ਼ੇਰ ਸਿੰਘ | ਵੀਰ ਚੱਕਰਾ | ਸਿੱਖ | ਪਿੰਡ ਤੇ ਛੱਤਵਾਲ | ਗੁਰਦਾਸਪੁਰ | 10.9.1965 | 25,000/- |
| 79. | ਆਈ.ਸੀ. 23312 | ਮੇਜਰ | ਤੀਰਥ ਸਿੰਘ | ਵੀਰ ਚੱਕਰਾ | ਆਰਟੀ | ਪਿੰਡ ਸਹੋਰਾ | ਗੁਰਦਾਸਪੁਰ | 15.8.1972 | 25,000/- |
| 80. | ਆਈ.ਸੀ. 16054 | ਮੇਜਰ | ਵੀ.ਕੇ.ਬਾਸਕਰ | ਵੀਰ ਚੱਕਰਾ | ਇੰਜੀਨੀਅਰ | ਉਕਾਰ ਨਗਰ | ਗੁਰਦਾਸਪੁਰ | 15.8.1972 | 25,000/- |
| 81. | 1016391 | ਦਫੇਦਾਰ | ਵਰਿਆਮ ਸਿੰਘ | ਵੀਰ ਚੱਕਰਾ | ਆਰਮਡ ਕੋਰ | ਪਿੰਡ ਤੇ ਡਾਕ : ਘਰੋਟਾ | ਗੁਰਦਾਸਪੁਰ | 12.4.1946 | 25,000/- |
| 82. | ਆਈ.ਸੀ. 44216 | ਮੇਜਰ | ਦੀਪਕ ਰਾਮਪਾਲ | ਵੀਰ ਚੱਕਰਾ | 17 ਜਾਟ | 118 ਏ ਈਸਟ ਲਾਈਨ, ਪਠਾਨਕੋਟ | ਗੁਰਦਾਸਪੁਰ | 4.7.1999 | 50,000/- |
| 83. | ਆਈ.ਸੀ. 23772 | ਕਰਨਲ | ਅਜੀਤ ਸਿੰਘ | ਵੀਰ ਚੱਕਰਾ | - | ਪਿੰਡ ਤੇ ਡਾਕ : ਮਡਿਆਲਾ | ਹੁਸ਼ਿਆਰਪੁਰ | 4.12.1971 | 25,000/- |
| 84. | 2444453 | ਲਾਂਸ ਨਾਇਕ | ਦੇਵ ਰਾਜ | ਵੀਰ ਚੱਕਰਾ | 19 ਪੰਜਾਬ | ਪਿੰਡ ਤੇ ਡਾਕ : ਨੈਨਵਾਲ | ਹੁਸ਼ਿਆਰਪੁਰ | 14.9.1961 | 25,000/- |
| 85. | ਆਈ.ਸੀ. 13817 | ਬ੍ਰਿਗੇਡੀਅਰ | ਦਵਿੰਦਰ ਪਾਲ ਸਿੰਘ | ਵੀਰ ਚੱਕਰਾ | - | ਪਿੰਡ ਤੇ ਡਾਕ: ਪੱਦੀ ਸੂਰਾ ਸਿੰਘ | ਹੁਸ਼ਿਆਰਪੁਰ | 12.12.1971 | 25,000/- |
| 86. | ਜੇ.ਸੀ. 45986 | ਆਨਰੇਰੀ ਕੈ. | ਜਨਕ ਸਿੰਘ | ਵੀਰ ਚੱਕਰਾ | ਆਰਮਡ ਕੋਰ | ਪਿੰਡ ਤੇ ਡਾਕ : ਸਰੋਆ | ਹੁਸ਼ਿਆਰਪੁਰ | 1948 | - |
| 87. | ਆਈ.ਸੀ. 14790 | ਬ੍ਰਿਗੇਡੀਅਰ | ਜਸਵੀਰ ਸਿੰਘ | ਵੀਰ ਚੱਕਰਾ | 1 ਗੜਵਾਲ ਰਾਈਫਲ | ਗੁਰੂ ਨਾਨਕ ਨਗਰ, ਹੁਸ਼ਿਆਰਪੁਰ | ਹੁਸ਼ਿਆਰਪੁਰ | 18.11.1965 | 25,000/- |
| 88. | 5100 | ਫਲਾਈਟ (ਪੀ) | ਜਸਜੀਤ ਸਿੰਘ | ਵੀਰ ਚੱਕਰਾ | ਏਅਰ ਫੋਰਸ | ਪਿੰਡ ਤੇ ਡਾਕ : ਸਰੋਆ | ਹੁਸ਼ਿਆਰਪੁਰ | 1971 | - |
| 89. | ਆਈ.ਸੀ. 3460 | ਲੈਫ. ਕਰਨਲ | ਕੇਹਰ ਸਿੰਘ | ਵੀਰ ਚੱਕਰਾ | - | ਪਿੰਡ ਮੱਗੋਆਲ | ਹੁਸ਼ਿਆਰਪੁਰ | 1941 | - |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 90. | ਆਈ.ਸੀ. 1461 | ਮੇਜਰ ਜਨਰਲ | ਲਛਮਣ ਸਿੰਘ ਲੇਹਲ | ਵੀਰ ਚੱਕਰਾ | ਆਰਟੀ | ਪਿੰਡ ਲੇਲ | ਹੁਸ਼ਿਆਰਪੁਰ | 1950 | - |
| 91. | 3365976 | ਨੈਕ | ਮੋਹਣ ਸਿੰਘ | ਵੀਰ ਚੱਕਰਾ | ਸਿੱਖ | ਪਿੰਡ ਤੇ ਡਾਕ ਮੁਜ਼ੋਵਾਲ ਮਜਾਰਾ | ਹੁਸ਼ਿਆਰਪੁਰ | 16.12.1971 | 25,000/- |
| 92. | 1043502 | ਰਿਸਾਲਦਾਰ | ਮੋਹਣ ਸਿੰਘ | ਵੀਰ ਚੱਕਰਾ | ਆਰਮਡ ਕੋਰ | ਪਿੰਡ ਤੇ ਡਾਕ ਖੰਡੂਪੁਰ | ਹੁਸ਼ਿਆਰਪੁਰ | 16.12.1971 | 25,000/- |
| 93. | ਜੇ.ਸੀ. 97312 | ਆਨਰੇਰੀ ਕੈ. | ਨਿਰਮਲ ਸਿੰਘ | ਵੀਰ ਚੱਕਰਾ | 5 ਐਮ.ਐਲ.ਆਈ. | ਪਿੰਡ ਤੇ ਡਾਕ ਚਨੌਰ | ਹੁਸ਼ਿਆਰਪੁਰ | 8.12.1971 | 25,000/- |
| 94. | 3978845 | ਲਾਂਸ ਨਾਇਕ | ਪ੍ਰੇਮ ਸਿੰਘ | ਵੀਰ ਚੱਕਰਾ(ਮ) | ਡੋਗਰਾ | ਪਿੰਡ ਖੁਜ਼ਰਪੁਰ | ਹੁਸ਼ਿਆਰਪੁਰ | 1991 | - |
| 95. | 33019 | ਸੂਬੇਦਾਰ | ਪ੍ਰੀਤਮ ਸਿੰਘ | ਵੀਰ ਚੱਕਰਾ(ਮ) | - | ਪਿੰਡ ਤੇ ਡਾਕ ਅਰਜਣ | ਹੁਸ਼ਿਆਰਪੁਰ | 16.12.1971 | 25,000/- |
| 96. | 14287 | ਸੁਕਾਡਰਨ ਲੀਡਰ | ਰਾਜਬੀਰ ਸਿੰਘ | ਵੀਰ ਚੱਕਰਾ | - | ਪਿੰਡ ਤੇ ਡਾਕ ਗੋਲੀਆਂ | ਹੁਸ਼ਿਆਰਪੁਰ | 1989 | - |
| 97. | ਆਈ.ਸੀ. 10025 | ਲੈਫ ਕਰਨਲ | ਰਾਮ ਸਰੂਪ ਸ਼ਰਮਾ | ਵੀਰ ਚੱਕਰਾ | ਰਾਜਪੂਤਾਨਾ ਰਾਈਫਲ | ਪਿੰਡ ਤੇ ਡਾਕ ਪੰਧੇਰਾਂ | ਹੁਸ਼ਿਆਰਪੁਰ | 21.9.1965 | 25,000/- |
| 98. | ਜੇ.ਸੀ. 149446 | ਆਨਰੇਰੀ ਕੈ. | ਰਛਪਾਲ ਸਿੰਘ | ਵੀਰ ਚੱਕਰਾ | ਸਿੱਖ | ਪਿੰਡ ਤੇ ਡਾਕ ਸਫਦਰ ਪੁਰ | ਹੁਸ਼ਿਆਰਪੁਰ | 5.12.1971 | 25,000/- |
| 99. | 7727 | ਫਲਾਈਟ (ਵਿ.ਕ.) | ਐਸ.ਐਸ. ਬੈਂਸ | ਵੀਰ ਚੱਕਰਾ | ਏਅਰ ਫੋਰਸ | ਪਿੰਡ ਤੇ ਡਾਕ ਮਾਹਲ ਪੁਰ | ਹੁਸ਼ਿਆਰਪੁਰ | 17.12.1971 | 25,000/- |

| | | | | | | | | | |
|---|---|---|---|---|---|---|---|---|---|
| 100. | ਐਸ.ਐਸ. 21614 | ਲੈਫ. ਕਰਨਲ | ਸੁਰਜੀਤ ਸਿੰਘ ਪਰਮਾਰ | ਵੀਰ ਚੱਕਰਾ | ਆਰਟੀ | ਪਿੰਡ ਤੇ ਡਾਕ ਅਜਨੋਹਾ | ਹੁਸ਼ਿਆਰਪੁਰ | 13.12.1971 | 25,000/- |
| 101. | ਅਈ ਸੀ. 12099 | ਮੇਜਰ ਜਨਰਲ | ਸੁਸ਼ੀਲ ਕੁਮਾਰ | ਵੀਰ ਚੱਕਰਾ | - | ਪਿੰਡ ਤੇ ਡਾਕ ਢੰਡਾ ਕਲਾਂ | ਹੁਸ਼ਿਆਰਪੁਰ | 9.12.1971 | 25,000/- |
| 102. | ਆਈ ਸੀ. 13651 | ਕਰਨਲ | ਤੇਜਾ ਸਿੰਘ | ਵੀਰ ਚੱਕਰਾ | 9 ਜ਼ੈਕ ਰਾਈਫਲ | ਪਿੰਡ ਤੇ ਡਾਕ, ਕੁਕਾ ਨੇਟ | ਹੁਸ਼ਿਆਰਪੁਰ | 6.9.1965 | 15,000/- |
| 103. | ਜੇ.ਸੀ. 24059 | ਆਨਰੇਰੀ ਕੈ. | ਵਰਿਆਮ ਸਿੰਘ | ਵੀਰ ਚੱਕਰਾ | 10 ਜ਼ੈਕ ਰਾਈਫਲ | ਪਿੰਡ ਤੇ ਡਾਕ, ਮਿਰਜਾਪੁਰ ਜੱਟਾਂ | ਹੁਸ਼ਿਆਰਪੁਰ | 1.10.1967 | 15,000/- |
| 104. | 20593 | ਸਿਪਾਹੀ | ਗਿਆਨ ਸਿੰਘ | ਵੀਰ ਚੱਕਰਾ(ਮ) | 1 ਪੰਜਾਬ | ਪਿੰਡ ਪੰਡੋਰੀ | ਹੁਸ਼ਿਆਰਪੁਰ | 29.5.1948 | - |
| 105. | 28557 | ਸਿਪਾਹੀ | ਹਮਾਮ ਸਿੰਘ | ਵੀਰ ਚੱਕਰਾ | 2 ਪੰਜਾਬ | ਪਿੰਡ ਮਲਕ ਪੁਰ | ਹੁਸ਼ਿਆਰਪੁਰ | 1.2.1948 | - |
| 106. | ਆਈ ਸੀ. 2750 | ਲੈਫ. ਕਰਨਲ | ਗੋਪਾਲ ਸਿੰਘ | ਵੀਰ ਚੱਕਰਾ | ਆਰਟੀ | ਪਿੰਡ ਭੁੱਲ ਪੁਕਤਾ | ਹੁਸ਼ਿਆਰਪੁਰ | 1948 | - |
| 107. | ਐਸ.ਐਸ. 21614 | ਕਰਨਲ | ਸੁਰਜੀਤ ਸਿੰਘ ਪਰਮਾਰ | ਵੀਰ ਚੱਕਰਾ | ਆਰਟੀ | ਬੀ.ਕਿਊ. 161 ਸ਼ਾਲੀਮਾਰ ਬਾਗ, ਨਵੀਂ ਦਿੱਲੀ | ਹੁਸ਼ਿਆਰਪੁਰ | 16.12.1971 | - |
| 108. | ਜੇ.ਕੇ.ਸੀ. 30 | ਲੈਫਟੀਨੈਂਟ | ਉਜਾਗਰ ਸਿੰਘ ਤੇਜੀ | ਵੀਰ ਚੱਕਰਾ(ਮ) | ਆਰਟੀ | - | ਹੁਸ਼ਿਆਰਪੁਰ | 2.9.1964 | - |
| 109. | ਆਈ ਸੀ. 24221 | ਸੈਕਿੰਡ ਲੈਫਟੀਨੈਂਟ | ਕੰਵਰਜੀਤ ਸਿੰਘ | ਵੀਰ ਚੱਕਰਾ | 13 ਜ਼ੈਕ ਰਾਈਫਲ | 172 ਅਦਰਸ਼ ਨਗਰ, ਜਲੰਧਰ | ਜਲੰਧਰ | 1971 | 25,000/- |
| 110. | ਆਈ ਸੀ. 1351 | ਲੈਫ. ਕਰਨਲ | ਛੱਜੂ ਰਾਮ | ਵੀਰ ਚੱਕਰਾ | ਆਰਟੀ | ਪਿੰਡ ਤੇ ਡਾਕ ਡਰੋਲੀ ਖੁਰਦ | ਜਲੰਧਰ | 1965 | 25,000/- |
| 111. | ਆਈ ਸੀ. 21104 | ਲੈਫ. | ਵੀ.ਕੇ. ਵੈਦ | ਵੀਰ ਚੱਕਰਾ | ਆਰਟੀ | ਪਿੰਡ ਤੇ ਡਾਕ ਸ਼ੰਕਰ | ਜਲੰਧਰ | 1965 | 25,000/- |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 112. | 4476 | ਸੁਕਾਡਰਨ ਲੀਡਰ | ਜਸਬੀਰ ਸਿੰਘ | ਵੀਰ ਚੱਕਰਾ | ਏਅਰ ਫੋਰਸ | 418 ਸਿਵਲ ਲਾਈਨ, ਜਲੰਧਰ | ਜਲੰਧਰ | 1965 | - |
| 113. | ਆਈ ਸੀ. 7131 | ਮੇਜਰ | ਡੀ.ਐਸ. ਲਾਲੀ | ਵੀਰ ਚੱਕਰਾ | - | ਪਿੰਡ ਤੇ ਡਾਕ ਨੰਗਲ ਸ਼ਾਮਾਂ | ਜਲੰਧਰ | 1965 | - |
| 114. | ਆਈ ਸੀ. 57858 | ਸੂਬੇਦਾਰ | ਜੀਤ ਸਿੰਘ | ਵੀਰ ਚੱਕਰਾ | ਈ.ਐਮ.ਈ. | ਪਿੰਡ ਤੇ ਡਾਕ ਈਸ਼ਰ ਵਾਲ | ਜਲੰਧਰ | 1947-48 | 25,000/- |
| 115. | ਐਸ.ਐਸ. 23365 | ਸੈਕਿੰਡ ਲੈਫਟੀਨੈਂਟ | ਪੀ.ਐਸ. ਚੀਮਾ | ਵੀਰ ਚੱਕਰਾ | 57 ਇੰਜੀਨੀਅਰ | 460 ਆਰ ਮਾਡਲ ਟਾਊਨ,ਜਲੰਧਰ | ਜਲੰਧਰ | 1971 | 25,000/- |
| 116. | ਆਈ ਸੀ. 7814 | ਬ੍ਰਿਗੇਡੀਅਰ | ਅਮਰਜੀਤ ਸਿੰਘ | ਵੀਰ ਚੱਕਰਾ | ਰਾਜ ਰਾਈਫਲ | ਅਰਬਨ ਇਸਟੇਟ ਫੇਸ 1 | ਜਲੰਧਰ | 1971 | 25,000/- |
| 117. | ਆਈ ਸੀ. 1274 | ਬ੍ਰਿਗੇਡੀਅਰ | ਕਰਮ ਸਿੰਘ | ਵੀਰ ਚੱਕਰਾ | ਆਰਮਡ ਕੋਰ | 51 ਰਣਜੀਤ ਰੋਡ, ਜਲੰਧਰ ਛਾਉਣੀ | ਜਲੰਧਰ | 1948 | 25,000/- |
| 118. | ਆਈ ਸੀ. 712 | ਬ੍ਰਿਗੇਡੀਅਰ | ਪਿਆਰਾ ਸਿੰਘ | ਵੀਰ ਚੱਕਰਾ | ਰਾਜਪੂਤ | 36 ਹਕੀਕਤ ਰੋਡ, ਜਲੰਧਰ ਛਾਉਣੀ | ਜਲੰਧਰ | 47-48 | 25,000/- |
| 119. | ਆਈ ਸੀ. 3166 | ਕਰਨਲ | ਵਰਿੰਦਰ ਸਿੰਘ | ਵੀਰ ਚੱਕਰਾ (ਐਸ.ਐਮ.(ਡੀ) | ਜ਼ੇਕ ਐਲ ਆਈ | 314 ਮਾਡਲ ਟਾਊਨ,ਜਲੰਧਰ | ਜਲੰਧਰ | 23.1.88 | 50,000/- |
| 120 | 3192 | ਕਮੋਡੋਰ | ਆਰ.ਡੀ. ਧੀਰ | ਵੀਰ ਚੱਕਰਾ | ਏਅਰ ਫੋਰਸ | ਰੈਨਕ ਬਜ਼ਾਰ | ਜਲੰਧਰ | 1971 | - |

| | | | | | | | | | |
|---|---|---|---|---|---|---|---|---|---|
| 121. | 5272 | ਗਰੁੱਪ ਕੈਪਟਨ | ਡੀ.ਐਸ. ਕਾਹਲ | ਵੀਰ ਚੱਕਰਾ | ਏਅਰ ਫੋਰਸ | ਐਫ34 ਜਲਵਾਯੂ ਵਿਹਾਰ ਸੈਕਟਰ 21 | ਜਲੰਧਰ | 1965 | 25,000/- |
| 122. | 6677606 | ਹੈਡ ਕੰਸਟੇਬਲ | ਮੋਹਿੰਦਰ ਸਿੰਘ | ਵੀਰ ਚੱਕਰਾ | ਬੀ.ਐਸ.ਐਫ. | ਪਿੰਡ ਤੇ ਡਾਕ ਠੱਲਾ | ਜਲੰਧਰ | 1971 | 25,000/- |
| 123. | 33330692 | ਲਾਂਸ ਹਵਾਲਦਾਰ | ਕ੍ਰਿਪਾ ਰਾਮ | ਵੀਰ ਚੱਕਰਾ | ਸਿੱਖ | ਪਿੰਡ ਬੜਿੰਗ | ਜਲੰਧਰ | 1964 | 25,000/- |
| 124. | 2436723 | ਲਾਂਸ ਹਵਾਲਦਾਰ | ਮਲਕੀਤ ਸਿੰਘ | ਵੀਰ ਚੱਕਰਾ | ਪੰਜਾਬ | ਪਿੰਡ ਖੁਰਦ | ਜਲੰਧਰ | 20.10.62 | 25,000/- |
| 125. | ਆਈ ਸੀ. 11811 | ਲੈਫ. ਕਰਨਲ | ਐਚ.ਪੀ. ਕੌਸ਼ਿਕ | ਵੀਰ ਚੱਕਰਾ | 1 ਸਿੱਖ | ਪਿੰਡ ਤੇ ਡਾਕ ਖੋਸਰੋਪੁਰ | ਜਲੰਧਰ | 20.10.62 | 25,000/- |
| 126. | ਆਈ ਸੀ. 5263 | ਲੈਫ. ਕਰਨਲ | ਐਚ.ਐਸ. ਬੋਲੀਨਾਂ | ਵੀਰ ਚੱਕਰਾ | ਕਮਾਊ | ਪਿੰਡ ਬਿਨਪਾਲ ਕੇ | ਜਲੰਧਰ | 1947-48 | 25,000/- |
| 127. | ਐਸ.ਐਸ. 14327 | ਲੈਫ. ਕਰਨਲ | ਜ਼ੇ.ਪੀ. ਚੋਪੜਾ | ਵੀਰ ਚੱਕਰਾ | ਇੰਜੀਨੀਅਰ | ਬਸਤੀ ਸ਼ੇਖ | ਜਲੰਧਰ | 17.3.48 | 25,000/- |
| 128. | ਆਈ ਸੀ. 3460 | ਲੈਫ. ਕਰਨਲ | ਕੇਹਰ ਸਿੰਘ | ਵੀਰ ਚੱਕਰਾ | ਸਿੱਖ | 41 ਹਕੀਕਤ ਰੋਡ | ਜਲੰਧਰ | 1948 | 25,000/- |
| 129. | ਆਈ ਸੀ. 11224 | ਲੈਫ. ਕਰਨਲ | ਓ.ਪੀ. ਬੰਗੀਆ | ਵੀਰ ਚੱਕਰਾ | ਮਹਾਰ | 146 ਮੁਬਾਰਕ ਪੁਰ | ਜਲੰਧਰ | 1961 | 25,000/- |
| 130. | ਆਈ ਸੀ. 32007 | ਲੈਫ. ਕਰਨਲ | ਆਰ.ਐਸ. ਸਿਧੂ | ਵੀਰ ਚੱਕਰਾ | ਕਮਾਊ | ਪਿੰਡ ਤੇ ਡਾਕ ਖਟਕੜ ਕਲਾਂ | ਜਲੰਧਰ | 1971 | 25,000/- |
| 131. | - | ਮੇਜਰ | ਆਈ.ਐਸ. ਓਪਲ | ਵੀਰ ਚੱਕਰਾ | ਬੀ.ਐਸ.ਐਫ. | ਗੁਰੂ ਨਾਨਕ ਖਾਲਸਾ ਕਾਲਜ | ਜਲੰਧਰ | 1971 | - |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 132. | ਆਈ.ਸੀ. 15471 | ਮੇਜਰ ਜਨਰਲ | ਜੀ.ਐਸ. ਸਹੋਤਾ | ਵੀਰ ਚੱਕਰਾ/ ਪੀ.ਵੀ.ਐਸ.ਐਮ | ਆਰਟੀ | ਪਿੰਡ ਤੇ ਡਾਕ : ਬੜਾ ਪਿੰਡ | ਜਲੰਧਰ | 71 | 25,000/- |
| 133. | ਆਈ.ਸੀ. 13152 | ਮੇਜਰ ਜਨਰਲ | ਐਮ.ਐਸ. ਸ਼ੇਰਗਿਲ | ਵੀਰ ਚੱਕਰਾ/ ਪੀ.ਵੀ.ਐਸ.ਐਮ | ਆਰਮਡ ਕੋਰ | 62 ਦੀ ਮਾਲ | ਜਲੰਧਰ | 71 | 25,000/- |
| 134. | ਆਈ.ਸੀ. 13158 | ਮੇਜਰ | ਦਵਿੰਦਰਜੀਤ ਸਿੰਘ | ਵੀਰ ਚੱਕਰਾ | ਸਿੱਖ | ਪਿੰਡ ਤੇ ਡਾਕ ਬਸਤੀ ਬਾਵਾ ਖੇਲ | ਜਲੰਧਰ | 71 | 25,000/- |
| 135. | ਆਈ.ਸੀ. 13117 | ਮੇਜਰ | ਐਚ.ਕੇ. ਚੋਪੜਾ | ਵੀਰ ਚੱਕਰਾ | ਆਰਟੀ | 41 ਸੈਂਟਰਲ ਟਾਊਨ | ਜਲੰਧਰ | 71 | 25,000/- |
| 136. | ਆਈ.ਸੀ. 21289 | ਮੇਜਰ | ਐਚ.ਐਸ. ਗਰੇਵਾਲ | ਵੀਰ ਚੱਕਰਾ | ਜਾਟ | 288 ਡਿਫੈਂਸ ਕਲੋਨੀ | ਜਲੰਧਰ | 71 | 50,000/- |
| 137. | ਆਈ.ਸੀ. 39558 | ਮੇਜਰ | ਸੁਰਿੰਦਰ ਸਿੰਘ | ਵੀਰ ਚੱਕਰਾ | ਰਾਜ ਰਾਈਫਲ | 801 ਅਰਬਨ ਇਸਟੇਟ | ਜਲੰਧਰ | 1990 | 50,000/- |
| 138. | ਆਈ.ਸੀ. 20832 | ਮੇਜਰ | ਟੀ.ਐਲ. ਸ਼ਰਮਾ | ਵੀਰ ਚੱਕਰਾ | 18 ਰਾਜਪੂਤ | 74 ਗਲੀ ਨੰਬਰ 10 | ਜਲੰਧਰ | 1971 | 25,000/- |
| 139. | 13746410 | ਨਾਇਕ | ਸੁਖਦੇਵ ਸਿੰਘ | ਵੀਰ ਚੱਕਰਾ | ਪੈਰਾ ਕਮਾਂਡੋ | ਪਿੰਡ ਤੇ ਡਾਕ : ਭਟਨੂਰਾ | ਜਲੰਧਰ | 1990 | 50,000/- |
| 140. | 2457287 | ਸਿਪਾਹੀ | ਜਗਜੀਤ ਸਿੰਘ | ਵੀਰ ਚੱਕਰਾ | 23 ਪੰਜਾਬ | ਪਿੰਡ ਤੇ ਡਾਕ: ਹਰੀ ਪੁਰ | ਜਲੰਧਰ | 1971 | 25,000/- |

| | | | | | | | | | |
|---|---|---|---|---|---|---|---|---|---|
| 141. | 3330510 | ਸਿਪਾਹੀ | ਸਰਵਣ ਸਿੰਘ | ਵੀਰ ਚੱਕਰਾ | ਸਿੱਖ | ਪਿੰਡ ਤੇ ਡਾਕ ਖੁਸਰੋਪੁਰ | ਜਲੰਧਰ | 1947-48 | 25,000/- |
| 142. | 6360 | ਸੁਕਾਡਰਨ ਲੀਡਰ | ਆਈ.ਐਸ. ਬਿੰਦਰਾ | ਵੀਰ ਚੱਕਰਾ | ਏਅਰ ਫੋਰਸ | ਬਸਤੀ ਗੁਜਾਂ | ਜਲੰਧਰ | 1971 | 25,000/- |
| 143. | 3357370 | ਸੂਬੇਦਾਰ | ਹਰਭਜਨ ਸਿੰਘ | ਵੀਰ ਚੱਕਰਾ | ਸਿੱਖ | ਪਿੰਡ ਤੇ ਡਾਕ ਖਰਦ ਪੁਰ | ਜਲੰਧਰ | 1971 | - |
| 144. | 3348953 | ਸੂਬੇਦਾਰ | ਮਲਕੀਤ ਸਿੰਘ | ਵੀਰ ਚੱਕਰਾ | ਸਿੱਖ | ਪਿੰਡ ਵਾੜਾ ਬੁੱਧ ਸਿੰਘ | ਜਲੰਧਰ | 1971 | - |
| 145. | 4433 | ਵਿੰਗ ਕਮਾਂਡਰ | ਕੇ.ਸੀ. ਅਗਰਵਾਲ | ਵੀਰ ਚੱਕਰਾ | ਏਅਰ ਫੋਰਸ | ਮੁਹੱਲਾ 9 ਜਲੰਧਰ ਛਾਉਣੀ | ਜਲੰਧਰ | 1971 | 25,000/- |
| 146. | 4891 ਐਫ | ਵਿੰਗ ਕਮਾਂਡਰ | ਆਰ.ਸੀ. ਕੋਹਲੀ | ਵੀਰ ਚੱਕਰਾ | ਏਅਰ ਫੋਰਸ | ਪਿੰਡ ਤੇ ਡਾਕ, ਨੂਰ ਮਹਿਲ | ਜਲੰਧਰ | 1971 | 25,000/- |
| 147. | ਆਈ ਸੀ. 4488 | ਮੇਜਰ | ਏ.ਕੇ. ਕੋਸ਼ਰ | ਵੀਰ ਚੱਕਰਾ | 101 ਫੀਲਡ ਰੈਜੀਮੈਂਟ | 104 ਕੋਸਾ ਬਲਾਂਕਾ ਬੰਬਈ | ਕਪੂਰਥਲਾ | 1965 | - |
| 148. | 3330539 | ਸਿਪਾਹੀ | ਗੁਰਬਚਨ ਸਿੰਘ | ਵੀਰ ਚੱਕਰਾ(ਮ) | 1 ਸਿੱਖ | ਪਿੰਡ ਬਖੀਆਣਾ | ਕਪੂਰਥਲਾ | 1948 | - |
| 149. | 3386270 | ਸਿਪਾਹੀ | ਗੁਰਦੀਪ ਸਿੰਘ | ਵੀਰ ਚੱਕਰਾ(ਮ) | 22 ਸਿੱਖ | ਪਿੰਡ ਉਚਾ ਬੇਟ | ਕਪੂਰਥਲਾ | 1991 | - |
| 150. | 435 ਐਨ | ਕਮਾਂਡਰ | ਇੰਦਰਜੀਤ ਸ਼ਰਮਾ | ਵੀਰ ਚੱਕਰਾ | ਨੇਵੀ | 4 ਸੁਰੇਣ ਹਾਊਸ ਡਕਯਾਰਡ ਬੰਬੇ | ਕਪੂਰਥਲਾ | 1971 | - |
| 151. | ਆਈ ਸੀ. 29700 | ਬ੍ਰਿਗੇਡੀਅਰ | ਸੁਰਿੰਦਰ ਸਿੰਘ ਜਸਵਾਲ | ਵੀਰ ਚੱਕਰਾ ਸੈਨਾਂ ਮੈਡਲ | 9 ਪੰਜਾਬ | ਪਿੰਡ ਤੇ ਡਾਕ ਨਰੂੜ | ਕਪੂਰਥਲਾ | 5.12.71 | - |
| 152. | 25476 | ਸਿਪਾਹੀ | ਕਾਬਲ ਸਿੰਘ | ਵੀਰ ਚੱਕਰਾ(ਮ) | 1 ਸਿੱਖ | ਪਿੰਡ ਤੇ ਡਾਕ, ਸੈਦੋਵਾਲ | ਕਪੂਰਥਲਾ | 1948 | - |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 153. | ਆਈ.ਸੀ.16285 | ਕਰਨਲ | ਪ੍ਰਿਥੀਪਾਲ ਸਿੰਘ ਸਾਂਘਾ | ਵੀਰ ਚੱਕਰਾ | 57 ਫੀਲਡ ਰੈਜੀਮੈਂਟ | ਪਿੰਡ ਤੇ ਡਾਕ, ਕਾਲਾ ਸਾਂਘੀਆ | ਕਪੂਰਥਲਾ | 1971 | - |
| 154. | ਜੇ.ਸੀ. 3694 | ਆਨਰੇਰੀ ਕੈਪਟਨ | ਰਤਨ ਸਿੰਘ | ਵੀਰ ਚੱਕਰਾ | 23 ਪੰਜਾਬ | ਪਿੰਡ ਤੇ ਡਾਕ ਟਿੱਬਾ | ਕਪੂਰਥਲਾ | 1971 | - |
| 155. | ਆਈ.ਈ.ਸੀ.5639 | ਬ੍ਰਿਗੇ. | ਸੁੱਚਾ ਸਿੰਘ | ਵੀਰ ਚੱਕਰਾ | 3 ਪਾਰਾ | ਪਿੰਡ ਅਤੇ ਡਾਕ ਢਪਈ | ਕਪੂਰਥਲਾ | 1948 | - |
| 156. | ਆਈ.ਸੀ.8041 | ਬ੍ਰਿਗੇ. | ਸੰਪੂਰਨ ਸਿੰਘ | ਵੀਰ ਚੱਕਰਾ | ਪੰਜਾਬ ਰੈਜੀਮੈਂਟ | 269 ਰੇਲਵੇ ਲਿੰਕ ਰੋਡ ਜਗਰਾਉਂ | ਲੁਧਿਆਣਾ | 1966 | 25,000/- |
| 157. | ਐਸ.ਐਸ. 13034 | ਲੈਫ. ਕਰਨਲ | ਕਰਤਾਰ ਸਿੰਘ | ਵੀਰ ਚੱਕਰਾ | ਆਰਟੀ | 45 ਸੰਤ ਨਗਰ ਪ੍ਰੇਮ ਨਿਵਾਸ ਜਗਰਾਉਂ | ਲੁਧਿਆਣਾ | 21.6.1950 | 25,000/- |
| 158. | ਆਈ.ਸੀ. 8126 | ਬ੍ਰਿਗੇ. | ਆਰ.ਕੇ.ਸੂਰੀ | ਵੀਰ ਚੱਕਰਾ | ਜਾਟ | ਬੀ.ਐਕਸ.261 ਇਕਬਾਲ ਗੰਜ ਨੀਮ ਵਾਲਾ ਚੌਕ | ਲੁਧਿਆਣਾ | 1.1.1972 | 25,000/- |
| 159. | 3334731 | ਹਵਾਲਦਾਰ | ਸਵਰਨ ਸਿੰਘ | ਵੀਰ ਚੱਕਰਾ | ਸਿੱਖ ਰੈਜੀਮੈਂਟ | ਪਿੰਡ ਨੰਗਲ ਕਲਾਂ, ਤਹਿ.ਰਾਏ ਕੋਟ | ਲੁਧਿਆਣਾ | 13.2.1948 | |
| 160. | ਐਮ.ਜ਼ੈਡ.16393 | ਮੇਜਰ | ਕਰਤਾਰ ਸਿੰਘ | ਵੀਰ ਚੱਕਰਾ | ਏ.ਐਮ.ਸੀ | ਪਿੰਡ ਤੇ ਡਾਕ. ਖਾਮਪੁਰ, ਤਹਿ. ਲੁਧਿਆਣਾ | ਲੁਧਿਆਣਾ | 26.1.52 | 25,000/- |
| 161. | ਆਈ.ਸੀ.15863 | ਬ੍ਰਿਗੇ. | ਐਸ.ਐਸ.ਆਹਲੂਵਾਲੀਆ | ਵੀਰ ਚੱਕਰਾ | ਦੀ ਗ੍ਰਨੇਡੀਅਰ | ਪਿੰਡ ਤੇ ਡਾਕ. ਕਿਲ੍ਹਾ ਹੰਸ | ਲੁਧਿਆਣਾ | 8.12.71 | 25,000/- |

| | | | | | | | | | |
|---|---|---|---|---|---|---|---|---|---|
| 162. | ਆਈ.ਓ.31905 | ਆਨਰੇਰੀ ਕੈਪਟਨ | ਗੁਰਚਰਨ ਸਿੰਘ | ਵੀਰ ਚੱਕਰਾ | ਸਿੱਖ ਰੇਜੀਮੈਂਟ | 2662 ਵਾਰਡ ਨੰ: 6, ਅਗਵਾੜ ਗੁੱਜਰਾਂ ਜਗਰਾਉਂ | ਲੁਧਿਆਣਾ | 23.11.1947 | 25,000/- |
| 163. | ਜੇ.ਸੀ.70249 | ਰਿਸਾਲਦਾਰ ਮੇਜਰ | ਤਰਲੋਕ ਸਿੰਘ | ਵੀਰ ਚੱਕਰਾ | 9 ਹੋਰਸ | ਨਿਓ ਜਨਤਾ ਨਗਰ, ਗਿੱਲ ਰੋਡ, ਲੁਧਿਆਣਾ | ਲੁਧਿਆਣਾ | 7.12.1965 | 25,000/- |
| 164. | ਐਸ.ਐਸ 20095 | ਕੈਪਟਨ | ਰਵਿੰਦਰ ਕੌਰਾ | ਵੀਰ ਚੱਕਰਾ | ਆਰਟੀ | 4048 ਮੁਹੱਲਾ ਮਹੰਤਾ, ਜਗਰਾਉਂ | ਲੁਧਿਆਣਾ | 3.12.1971 | - |
| 165. | ਜੇ.ਸੀ.44900 | ਜੇ.ਈ.ਐਮ. | ਜਗਨ ਨਾਥ ਖੁਰਾਨਾ | ਵੀਰ ਚੱਕਰਾ | ਏ.ਐਸ.ਸੀ | ਬੀ.6 1220 ਇਕਬਾਲ ਗੰਜ ਲੁਧਿਆਣਾ | ਲੁਧਿਆਣਾ | 26.1.1950 | 25,000/- |
| 166. | ਆਈ.ਸੀ.12007 | ਲੈਫ. ਕਰਨਲ | ਪੀ.ਐਸ.ਗਰੇਵਾਲ | ਵੀਰ ਚੱਕਰਾ | ਦੀ ਗ੍ਰਨੇਡੀਅਰ | ਪਿੰਡ ਤੇ ਡਾਕ. ਲਾਲਟੇਨ ਕਲਾਂ | ਲੁਧਿਆਣਾ | 15.11.1965 | 25,000/- |
| 167. | ਜੇ.ਸੀ.54759 | ਨੈਬ ਸੂਬੇਦਾਰ | ਵਸਤਾ ਸਿੰਘ | ਵੀਰ ਚੱਕਰਾ | ਆਰਮਡ ਕੌਰਪਸ | ਪਿੰਡ ਉਪਲ, ਡਾਕ. ਕੂੰਮਕਲਾਂ | ਲੁਧਿਆਣਾ | 11.12.1971 | 25,000/- |
| 168. | ਆਈ.ਸੀ.1516 | ਮੇਜਰ | ਸੰਪੂਰਨ ਸਿੰਘ | ਵੀਰ ਚੱਕਰਾ | 7 ਸਿੱਖ ਰੇਜੀਮੈਂਟ | ਪਿੰਡ ਨਾਰੰਗ ਵਾਲ ਖੁਰਦ | ਲੁਧਿਆਣਾ | 14.10.1948 | 25,000/- |
| 169. | ਜੇ.ਸੀ.5234 | ਆਨਰੇਰੀ ਕੈਪਟਨ | ਅੱਜ਼ਰ ਸਿੰਘ | ਵੀਰ ਚੱਕਰਾ | 9 ਹੋਰਸ | ਪਿੰਡ ਕੋਲੇ, ਡਾਕ.ਹਲਵਾਰਾ | ਲੁਧਿਆਣਾ | 7.9.1965 | 25,000/- |
| 170. | 3341590 | ਆਨਰੇਰੀ ਨੈਬ ਸੂਬੇਦਾਰ | ਗੁਰਦੇਵ ਸਿੰਘ | ਵੀਰ ਚੱਕਰਾ | 2 ਸਿੱਖ | ਪਿੰਡ ਤੇ ਡਾਕ. ਸੂਜਾ ਪੁਰ | ਲੁਧਿਆਣਾ | 4.12.1971 | 25,000/- |
| 171. | 3341590 | ਆਨਰੇਰੀ ਹਵਾਲਦਾਰ | ਗੁਰਦੇਵ ਸਿੰਘ | ਵੀਰ ਚੱਕਰਾ | 2 ਸਿੱਖ | ਪਿੰਡ ਤੇ ਡਾਕ ਸੂਜਾਪੁਰ | ਲੁਧਿਆਣਾ | 1971 | - |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 172. | ਆਈ.ਸੀ.16433 | ਲੈਫ. ਕਰਨਲ | ਹਰਬੰਤ ਸਿੰਘ ਕਾਹਲੋਂ | ਵੀਰ ਚੱਕਰਾ | 40 ਮੀਡੀਅਮ ਰੇਜੀਮੈਂਟ | ਪਿੰਡ ਤੇ ਡਾਕ. ਕਿਸ਼ਨਗੜ੍ਹ, ਪੱਖੋਵਾਲ ਰੋਡ | ਲੁਧਿਆਣਾ | 5.12.1971 | 25,000/- |
| 173. | ਆਈ.ਸੀ.7470 | ਮੇਜਰ ਜਨਰਲ | ਆਤਮਾ ਸਿੰਘ ਹੰਸਰਾ | ਵੀਰ ਚੱਕਰਾ | ਆਰਟੀ | ਪਿੰਡ ਤੇ ਡਾਕ. ਕਮਾਲਪੁਰਾ | ਲੁਧਿਆਣਾ | 5.12.1971 | 25,000/- |
| 174. | ਆਈ.ਸੀ.8126 | ਮੇਜਰ ਜਨਰਲ | ਆਰ.ਕੇ. ਸੂਰੀ | ਵੀਰ ਚੱਕਰਾ | ਜਾਟ ਰੇਜੀਮੈਂਟ | ਬੀ.ਐਕਸ 261, ਇਕਬਾਲ ਗੰਜ | ਲੁਧਿਆਣਾ | 1972 | - |
| 175. | ਆਈ.ਸੀ.24578 | ਬ੍ਰਿਗੇ. | ਬਲਜੀਤ ਸਿੰਘ ਗਿੱਡ | ਵੀਰ ਚੱਕਰਾ | 12 ਜਾਟ | 609 ਐਫ, ਪ੍ਰੇਮ ਜੀਤ ਰੋਡ, ਗੁਰਦੇਵ ਨਗਰ | ਲੁਧਿਆਣਾ | 25.12.1971 | 25,000/- |
| 176. | ਆਈ.ਈ.ਸੀ.5226 | ਮੇਜਰ | ਜਾਗੀਰ ਸਿੰਘ ਕੋਕਰੀ | ਵੀਰ ਚੱਕਰਾ | 7 ਸਿੱਖ ਰੇਜੀਮੈਂਟ | ਪਿੰਡ ਤੇ ਡਾਕ.ਵਰੇਵਾਲ, ਅਵਾਣਾ | ਲੁਧਿਆਣਾ | 26.4.1948 | 25,000/- |
| 177. | ਆਈ.ਸੀ.13620 | ਮੇਜਰ | ਮਾਹੀਜੀਤ ਸਿੰਘ ਬੁੱਟਰ | ਵੀਰ ਚੱਕਰਾ | 7 ਪੰਜਾਬ | ਪਿੰਡ ਤੇ ਡਾਕ. ਨੱਥੋਵਾਲ | ਲੁਧਿਆਣਾ | 21.9.1971 | 25,000/- |
| 178. | ਜੇ.ਸੀ.45759 | ਨੈਬ ਰਸਾਲਦਾਰ | ਵਸਤਾ ਸਿੰਘ | ਵੀਰ ਚੱਕਰਾ | ਆਰਮਡ ਕੋਰਪਸ | ਪਿੰਡ ਉੱਪਲ, ਡਾਕ. ਕੁੰਮਕਲਾਂ | ਲੁਧਿਆਣਾ | 1971 | - |
| 179. | ਜੇ.ਸੀ.18114 | ਰਸਾਲਦਾਰ | ਕਰਤਾਰ ਸਿੰਘ | ਵੀਰ ਚੱਕਰਾ | ਆਰਮਡ ਕੋਰਪਸ | ਪਿੰਡ ਤੇ ਡਾਕ.ਨੱਥੋਵਾਲ | ਲੁਧਿਆਣਾ | 14.9.1965 | 25,000/- |
| 180. | 4444667 | ਸਿਪਾਹੀ | ਕਮੇਲ ਸਿੰਘ | ਵੀਰ ਚੱਕਰਾ | 8 ਸਿੱਖ ਐਲ ਆਈ | ਪਿੰਡ ਤੇ ਡਾਕ.ਬੂਮਾ | ਲੁਧਿਆਣਾ | 9.12.1971 | 25,000/- |

| | | | | | | | | | |
|---|---|---|---|---|---|---|---|---|---|
| 181. | 4443902 | ਸਿਪਾਹੀ | ਸਵਰਨ ਸਿੰਘ | ਵੀਰ ਚੱਕਰਾ | 8 ਸਿੱਖ ਐਲ ਆਈ | ਪਿੰਡ ਫਗਲਾ | ਲੁਧਿਆਣਾ | 11.12.1971 | 25,000/- |
| 182. | 8995 | ਸੁਕਾਡਰਨ ਲੀਡਰ | ਦਿਨੇਸ਼ ਚੰਦਰ ਨਾਇਰ | ਵੀਰ ਚੱਕਰਾ | ਆਈ.ਏ.ਐਫ. | 653/5 ਗੁਰਦੇਵ ਨਗਰ ਸਿਵਲ ਲਾਈਨ | ਲੁਧਿਆਣਾ | 12.1971 | 25,000/- |
| 183. | 6756 | ਏਅਰ ਮਾਰਸ਼ਲ | ਮਨਜੀਤ ਸਿੰਘ ਸੇਖੋਂ | ਵੀਰ ਚੱਕਰਾ | ਆਈ.ਏ.ਐਫ. | ਪਿੰਡ ਤੇ ਡਾਕ.ਈਸੇਵਾਲ | ਲੁਧਿਆਣਾ | 24.12.1971 | 25,000/- |
| 184. | ਆਈ ਸੀ.15863 | ਬ੍ਰਿਗੇ. | ਸਰਬਜੀਤ ਸਿੰਘ ਆਹਲੂਵਾਲੀਆ | ਵੀਰ ਚੱਕਰਾ/ ਵੀ.ਐਸ.ਐਮ | 17 ਗਰੇਨੇਡੀਅਰ | ਪਿੰਡ ਤੇ ਡਾਕ.ਕਿਲ੍ਹਾ ਹੰਸ | ਲੁਧਿਆਣਾ | 1971 | - |
| 185. | 4443002 | ਨੈਕ | ਸਵਰਨ ਸਿੰਘ | ਵੀਰ ਚੱਕਰਾ | 8 ਸਿੱਖ ਐਲ ਆਈ | ਪਿੰਡ ਫਾਗਲਾ, ਡਾਕ ਮਲਕਪੁਰ | ਲੁਧਿਆਣਾ | 11.12.1971 | - |
| 186. | 5386 ਐਫ (ਪੀ) | ਸੁਕਾਡਰਨ ਲੀਡਰ | ਰਮੇਸ਼ ਚੰਦਰ ਸੱਚਦੇਵਾ | ਵੀਰ ਚੱਕਰਾ | ਆਈ.ਏ.ਐਫ. | ਡੀ.4/272 ਵਡੀਆਂ ਅਸਟੇਟ | ਲੁਧਿਆਣਾ | 4.12.1971 | - |
| 187. | 2433003 | ਨਾਇਕ | ਸੋਹਨ ਸਿੰਘ | ਵੀਰ ਚੱਕਰਾ | 3 ਬਟਾਲੀਅਨ ਪੰਜਾਬ ਰੇਜੀਮੈਂਟ | ਵੀਰੋ ਕੇ ਕਲਾਂ, ਤਹਿ ਬੁਢਲਾਡਾ | ਮਾਨਸਾ | 17.4.1948 | 25,000/- |
| 188. | 157 | ਰੀਅਰ ਅਡਮਿਰਲ | ਰਿਸ਼ੀ ਰਾਜਸੂਦ | ਵੀਰ ਚੱਕਰਾ | ਨੇਵੀ | ਹਾਕਮ ਚੰਦ, ਪ੍ਰਤਾਪ ਰੋਡ ਮੋਗਾ | ਮੋਗਾ | 5.12.1971 | 25,000/- |
| 189. | 2449735 | ਸਿਪਾਹੀ | ਅਵਤਾਰ ਸਿੰਘ | ਵੀਰ ਚੱਕਰਾ | ਪੰਜਾਬ ਰੇਜੀਮੈਂਟ | ਪਿੰਡ ਤੇ ਡਾਕ.ਲੋਪੇ | ਮੋਗਾ | 21.12.1971 | 25,000/- |
| 190. | 4444564 | ਸਿਪਾਹੀ | ਬੂਟਾ ਸਿੰਘ | ਵੀਰ ਚੱਕਰਾ | ਸਿੱਖ ਐਲ.ਆਈ. | ਪਿੰਡ ਤੇ ਡਾਕ.ਸਲੀਨਾ | ਮੋਗਾ | 11.12.1971 | 25,000/- |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 191. | 6342 | ਸਕਾਡਰਨ ਲੀਡਰ | ਪੀ.ਪੀ.ਐਸ.ਗਿੱਲ | ਵੀਰ ਚੱਕਰਾ | ਏਅਰ ਫੋਰਸ | ਪਿੰਡ ਤੇ ਡਾਕ. ਬਾਘਾ ਪੁਰਾਣਾ | ਮੋਗਾ | 17.12.1971 | 25,000/- |
| 192. | ਜੇ.ਸੀ 67198 | ਸੂਬੇਦਾਰ | ਗਿਆਨ ਸਿੰਘ | ਵੀਰ ਚੱਕਰਾ | ਸਿੱਖ | ਪਿੰਡ ਪੂਨੀਆਂ, ਡਾਕ. ਬੰਘਾ | ਨਵਾਂ ਸ਼ਹਿਰ | 1971 | - |
| 193. | ਆਈ.ਸੀ.32007 | ਕਰਨਲ | ਆਰ.ਐਸ.ਸੰਧੂ | ਵੀਰ ਚੱਕਰਾ | 91 ਸਬਏਰੀਆ | ਪਿੰਡ ਤੇ ਡਾਕ. ਖਟਕੜ ਕਲਾਂ | ਨਵਾਂ ਸ਼ਹਿਰ | 3.12.1971 | 25,000/- |
| 194. | ਆਈ.ਸੀ. 5100 | ਏਅਰ ਕਮਾਂਡਰ | ਜਸਜੀਤ ਸਿੰਘ | ਵੀਰ ਚੱਕਰਾ | ਏਅਰ ਫੋਰਸ | ਪਿੰਡ ਤੇ ਡਾਕ ਸਰੋਇਆ | ਨਵਾਂ ਸ਼ਹਿਰ | 17.12.1971 | 25,000/- |
| 195. | 5115 | ਸਕਾਡਰਨ ਲੀਡਰ | ਕ੍ਰਿਪਾਲ ਸਿੰਘ | ਵੀਰ ਚੱਕਰਾ/ ਵੀ.ਐਸ.ਐਮ | ਏਅਰ ਫੋਰਸ | ਪਿੰਡ ਭੈਰੋ ਮਾਜਰਾ, ਡਾਕ. ਬੰਘਾ | ਪਟਿਆਲਾ | 1971 | 25,000/- |
| 196. | ਆਈ.ਸੀ. 18077 | ਕਰਨਲ | ਰਣਬੀਰ ਸਿੰਘ | ਵੀਰ ਚੱਕਰਾ | ਰਾਜਪੂਤ | ਨਰਾਇਣ ਨਿਵਾਸ, ਪਟਿਆਲਾ | ਪਟਿਆਲਾ | 1965 | - |
| 197. | 647 | ਡਿਪਟੀ ਕਮਾਂਡੇਂਟ | ਜੋਗਿੰਦਰ ਸਿੰਘ | ਵੀਰ ਚੱਕਰਾ | ਬੀ.ਐਸ.ਐਫ | ਸੈਂਟਰ ਸਕੂਲ ਨੰ:1, ਪਟੇਲ ਪਾਰਕ, ਅੰਬਾਲਾ ਕੈਂਟ | ਪਟਿਆਲਾ | 1971 | - |
| 198. | 2649837 | ਜੀ.ਡੀ.ਆਰ. | ਗੁਰਬਖਸ਼ ਸਿੰਘ | ਵੀਰ ਚੱਕਰਾ | ਗ੍ਰਨੇਡੀਅਰ | ਪਿੰਡ ਸਰਦਾਰ ਗੜ੍ਹ,ਡਾਕ.ਰਾਜਪੁਰਾ | ਪਟਿਆਲਾ | 1971 | - |
| 199. | 3364799 | ਹਵਾਲਦਾਰ | ਸੰਪੂਰਨ ਸਿੰਘ | ਵੀਰ ਚੱਕਰਾ | ਸਿੱਖ ਰੈਜੀਮੈਂਟ | ਪਿੰਡ ਸੁੰਡਰਾ, ਡਾਕ. ਮੁਬਾਰਕਪੁਰ | ਪਟਿਆਲਾ | 1972 | - |

| | | | | | | | | | |
|---|---|---|---|---|---|---|---|---|---|
| 200. | ਆਈ ਸੀ 15612 | ਲੈਫ ਕਰਨਲ | ਜੋਗਿੰਦਰ ਸਿੰਘ | ਵੀਰ ਚੱਕਰ | ਪੰਜਾਬ ਰੈਜੀਮੈਂਟ | ਖੂਖਰ ਐਵਨਿਉ, ਨਿਉ ਆਫੀਸਰਜ, ਪਟਿਆਲਾ | ਪਟਿਆਲਾ | 1948 | – |
| 201. | ਆਈ ਸੀ 23774 | ਮੇਜਰ | ਆਰ.ਐਸ.ਚੀਮਾ | ਵੀਰ ਚੱਕਰਾ | ਆਰਮਡ ਕੋਰਪਸ | 1-ਬੀ, ਮਾਡਲ ਟਾਊਨ, ਪਟਿਆਲਾ | ਪਟਿਆਲਾ | 1972 | – |
| 202. | 3392872 | ਸਿਪਾਹੀ | ਸੱਤਪਾਲ ਸਿੰਘ | ਵੀਰ ਚੱਕਰਾ | 8 ਸਿੱਖ ਰੈਜੀਮੈਂਟ | ਪਿੰਡ ਫਤਿਹਪੁਰ, ਡਾਕ ਸਮਾਣਾ | ਰੋਪੜ | 15.8.2002 | – |
| 203. | ਜੇ.ਸੀ. 50234 | ਰਿਸਾਲਦਾਰ ਮੇਜਰ | ਕਰਤਾਰ ਸਿੰਘ | ਵੀਰ ਚੱਕਰਾ(ਬਾਰ | ਆਰਮਡ ਕੋਰਪਸ | ਹੀਰਾ ਮਹਿਲ, ਪਟਿਆਲਾ ਰੋਡ ਨਾਭਾ | ਰੋਪੜ | 1948 | – |
| 204. | ਆਈ ਸੀ 54065 | ਕੈਪਟਨ | ਅਮੋਲ ਕਾਲੀਆ | ਵੀਰ ਚੱਕਰਾ | 12 ਜੈਕ ਐਲ ਆਈ | ਪਿੰਡ ਹੁਜਾਤਪੁਰ ਅਨੰਦਪੁਰ ਸਾਹਿਬ | ਰੋਪੜ | 1999 | – |
| 205. | ਆਈ ਸੀ 13666 | ਕੈਪਟਨ | ਗੁਰਮੀਤ ਸਿੰਘ ਪੂਨੀਆਂ | ਵੀਰ ਚੱਕਰਾ | ਏਅਰ ਫੋਰਸ | ਪਿੰਡ ਭੂਮਛੇੜੀ, ਡਾਕ. ਮੁਰਿੰਡਾ | ਰੋਪੜ | 5.8.1972 | 25,000/- |
| 206. | 9211846 | ਹਵਾਲਦਾਰ | ਨਿਰਮਲ ਸਿੰਘ | ਵੀਰ ਚੱਕਰਾ | 4 ਮਾਹਰ | ਪਿੰਡ ਲਸਾਰੀ, ਡਾਕ ਨੂਰਪੁਰ ਬੇਦੀ | ਰੋਪੜ | 1987 | – |
| 207. | 3347370 | ਹਵਾਲਦਾਰ | ਉਜਾਗਰ ਸਿੰਘ | ਵੀਰ ਚੱਕਰਾ | 1 ਸਿੱਖ | ਪਿੰਡ ਬੜੌਲੀ, ਡਾਕ ਕੁਰਾਲੀ | ਰੋਪੜ | 1948 | – |
| 208. | 11526 | ਲਾਂਸ ਹਵਾਲਦਾਰ | ਜੋਗਿੰਦਰ ਸਿੰਘ | ਵੀਰ ਚੱਕਰਾ | 1/11 ਸਿੱਖ | ਪਿੰਡ ਸਾਹੀਮਾਜਰਾ ਡਾਕ. ਖਰੜ | ਰੋਪੜ | 1947-48 | 25,000/- |
| 209. | 3358 | ਲਾਂਸ ਨੈਕ | ਫੁਮਣ ਸਿੰਘ | ਵੀਰ ਚੱਕਰਾ | 1 ਪਟਿਆਲਾ | ਪਿੰਡ ਮੰਗਰੋਰ, ਡਾਕ ਰੋਪੜ | ਰੋਪੜ | 10.12.47 | 25,000/- |
| 210. | ਆਈ ਸੀ. 6732 | ਲੈਫ ਜਰਨਲ | ਕੇ.ਐਸ.ਬਰਾੜ | ਵੀਰ ਚੱਕਰਾ | ਮੇਰਠ ਐਲ ਆਈ | ਪਿੰਡ ਤੇ ਡਾਕ. ਦਾਊਂ | ਰੋਪੜ | 1971 | – |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 211. | ਆਈ.ਸੀ. 18798 | ਮੇਜਰ | ਸੀਸਪਾਲ ਸਿੰਘ | ਵੀਰ ਚੱਕਰਾ | 6 ਰਾਜਪੂਤ | ਪਿੰਡ ਛਨਾਲੋਨ, ਡਾਕ. ਕੁਰਾਲੀ | ਰੋਪੜ | 14.10.1970 | – |
| 212. | ਜੇ.ਸੀ.225838 | ਨੈਬ ਸੂਬੇਦਾਰ | ਅਵਤਾਰ ਸਿੰਘ | ਵੀਰ ਚੱਕਰਾ | -- | ਪਿੰਡ ਤੇ ਡਾਕ. ਧੰਗਲੀ, | ਰੋਪੜ | 1995 | – |
| 213. | 4466845 | ਸਿਪਾਹੀ | ਕੁਲਦੀਪ ਸਿੰਘ | ਵੀਰ ਚੱਕਰਾ | 13 ਸਿੱਖ ਐਲ.ਆਈ. | ਪਿੰਡ ਰਸੂਲਪੁਰ, ਡਾਕ. ਮੁਰਿੰਡਾ | ਰੋਪੜ | 1987 | – |
| 214. | ਜੇ.ਸੀ. 47719 | ਸੂਬੇ. ਮੇਜਰ | ਅਮੀ ਸਿੰਘ | ਵੀਰ ਚੱਕਰਾ | 4 ਗਾਰਡ | ਪਿੰਡ ਤੇ ਡਾਕ. ਬਹਿਲਪੁਰ | ਰੋਪੜ | 1948 | – |
| 215. | 4893 | ਸੁਕਾਡਰਨ ਲੀਡਰ | ਜੀਵਾ ਸਿੰਘ | ਵੀਰ ਚੱਕਰਾ | ਏਅਰ ਫੋਰਸ | ਪਿੰਡ ਭਾਗੋਮਾਜਰਾ, ਡਾਕ. ਸਿੰਘ ਭਗਵੰਤਪੁਰ | ਰੋਪੜ | 7.12.1970 | – |
| 216. | ਜੇ.ਸੀ. 1029096 | ਸੂਬੇਦਾਰੇ | ਸੰਪੂਰਨ ਸਿੰਘ | ਵੀਰ ਚੱਕਰਾ | 13 ਸਿੱਖ ਐਲ.ਆਈ | ਪਿੰਡ ਪਪਰਾਲਾ, ਡਾਕ. ਰੋਪੜ | ਰੋਪੜ | 1987 | – |
| 217. | 26473 | ਹਵਾਲਦਾਰ | ਉਜਾਗਰ ਸਿੰਘ | ਵੀਰ ਚੱਕਰਾ | 1 ਸਿੱਖ | ਪਿੰਡ ਮੁੰਡੀਖਰੜ, ਡਾਕ. ਖਰੜ | ਰੋਪੜ | 4.6.1948 | – |
| 218. | ਜੇ.ਸੀ.47719 | ਸੂਬੇਦਾਰ ਮੇਜਰ | ਅਮੀ ਸਿੰਘ | ਵੀਰ ਚੱਕਰਾ | 1 ਰਾਜਪੂਤ | ਪਿੰਡ ਤੇ ਡਾਕ.ਬਲੋਪੁਰ | ਰੋਪੜ | 6-2-1948 | – |
| 219. | ਆਈ.ਸੀ. 18798 | ਮੇਜਰ | ਸੀਸਪਾਲ ਸਿੰਘ | ਵੀਰ ਚੱਕਰਾ(ਮ) | 6 ਰਾਜਪੂਤ | ਪਿੰਡ ਚੰਨਾਲੋਂ, ਡਾਕ , ਕੁਰਾਲੀ | ਰੋਪੜ | 14.12.1970 | – |

| | | | | | | | | | |
|---|---|---|---|---|---|---|---|---|---|
| 220. | 2135 | ਏਅਰ ਮਾਰਸ਼ਲ | ਰਣਧੀਰ ਸਿੰਘ | ਵੀਰ ਚੱਕਰਾ | ਏਅਰ ਫੋਰਸ | 2506, ਸੈਕਟਰ 35-ਸੀ.ਚੰਡੀਗੜ੍ਹ | ਸੰਗਰੂਰ | 1948 | - |
| 221. | ਆਈ.ਸੀ.29693 | ਕਰਨਲ | ਗੁਰਜੀਤ ਸਿੰਘ ਬਾਜਵਾ | ਵੀਰ ਚੱਕਰਾ | ਤੋਪ ਖਾਨਾ | ਪਿੰਡ ਉਪਲੀ, ਡਾਕ. ਸੰਗਰੂਰ | ਸੰਗਰੂਰ | 1971 | - |
| 222. | 3341107 | ਹਵਾਲਦਾਰ | ਚੰਦ ਸਿੰਘ | ਵੀਰ ਚੱਕਰਾ | ਸਿੱਖ ਰੈਜੀਮੈਂਟ | ਪਿੰਡ ਤੇ ਡਾਕ. ਮਾਣਕੇ | ਸੰਗਰੂਰ | 1965 | - |
| 223. | 2508645 | ਹਵਾਲਦਾਰ | ਗੁਰਦਿਆਲ ਸਿੰਘ | ਵੀਰ ਚੱਕਰਾ | ਪੰਜਾਬ ਰੈਜੀਮੈਂਟ | ਪਿੰਡ ਤੇ ਡਾਕ. ਰਾਜੋਮਾਜਰਾ | ਸੰਗਰੂਰ | 1948 | - |
| 224. | 3234 | ਹਵਾਲਦਾਰ | ਮੁਕੰਦ ਸਿੰਘ | ਵੀਰ ਚੱਕਰਾ | 1 ਪਟਿਆਲਾ | ਪਿੰਡ ਤੇ ਡਾਕ. ਰਾਮਨਗਰ ਛੰਨਾ | ਸੰਗਰੂਰ | 1948 | - |
| 225. | ਜੇ.ਸੀ. 1220 | ਆਨਰੇਰੀ ਕਪਤਾਨ | ਬਲਵੰਤ ਸਿੰਘ | ਵੀਰ ਚੱਕਰਾ | 1 ਪਟਿਆਲਾ | ਪਿੰਡ ਤੇ ਡਾਕ. ਝਲੋਰ | ਸੰਗਰੂਰ | 1948 | - |
| 226. | 3347 | ਆਨਰੇਰੀ ਨੈਬ ਸੂਬੇਦਾਰ | ਸੁਰਜਨ ਸਿੰਘ | ਵੀਰ ਚੱਕਰਾ | ਸਿੱਖ ਰੈਜੀਮੈਂਟ | ਪਿੰਡ ਤੇ ਡਾਕ. ਧੂਰੀ | ਸੰਗਰੂਰ | 1947 | - |
| 227. | 2508105 | ਲਾਂਸ ਨਾਇਕ | ਚੰਦ ਸਿੰਘ | ਵੀਰ ਚੱਕਰਾ | 1 ਪਟਿਆਲਾ | ਪਿੰਡ ਤੇ ਡਾਕ. ਸੇਹਜਰਾ | ਸੰਗਰੂਰ | 1948 | - |
| 228. | 3646 | ਲਾਂਸ ਨਾਇਕ | ਨੌਰੰਗ ਸਿੰਘ | ਵੀਰ ਚੱਕਰਾ | 1 ਪਟਿਆਲਾ | ਪਿੰਡ ਤੇ ਡਾਕ. ਚੌਕਰਾਂ | ਸੰਗਰੂਰ | 1948 | - |
| 229. | 3315 | ਲਾਸ ਨਾਇਕ | ਸੁਜਾਨ ਸਿੰਘ | ਵੀਰ ਚੱਕਰਾ | 1 ਪਟਿਆਲਾ | ਪਿੰਡ ਤੇ ਡਾਕ. ਧਨੌਲਾ | ਸੰਗਰੂਰ | 1948 | - |
| 230. | ਆਈ.ਸੀ.31 | ਲੈਫ. ਜਰਨਲ | ਹਰਬਖਸ਼ ਸਿੰਘ | ਵੀਰ ਚੱਕਰਾ | ਐਸ.ਸਿੱਖ ਰੈਜੀਮੈਂਟ | ਪਾਲਮ ਮਾਰਗ, ਬਸੰਤ ਬਿਹਾਰ ਨਵੀਂ ਦਿੱਲੀ-57 | ਸੰਗਰੂਰ | 1948 | - |

[ਮੁੱਖ ਮੰਤਰੀ]

| ਲੜੀ ਨੰ: | ਆਰਮੀ ਨੰ: | ਅਹੁਦਾ | ਨਾਂ | ਅਵਾਰਡ | ਯੂਨਿਟ | ਪਤਾ | ਜ਼ਿਲ੍ਹਾ | ਅਵਾਰਡ ਮਿਲਣ ਦੀ ਮਿਤੀ | ਜ਼ਮੀਨ ਦੇ ਬਦਲੇ ਨਕਦ ਰਾਸ਼ੀ |
|---|---|---|---|---|---|---|---|---|---|
| 231. | 337493 | ਨਾਇਕ | ਸ਼ਿੰਗਾਰਾ ਸਿੰਘ | ਵੀਰ ਚੱਕਰਾ | ਸਿੱਖ ਰੈਜੀਮੈਂਟ | ਪ੍ਰੇਮ ਬਸਤੀ ਸੰਗਰੂਰ | ਸੰਗਰੂਰ | 1948 | - |
| 232. | 3353350 | ਨਾਇਕ | ਗੁਰਜੰਟ ਸਿੰਘ | ਵੀਰ ਚੱਕਰਾ | ਸਿੱਖ ਰੈਜੀਮੈਂਟ | ਪਿੰਡ ਲਹਿਲ ਖੁਰਦ, ਡਾਕ. ਲਹਿਲ ਕਲਾਂ, | ਸੰਗਰੂਰ | 1971 | - |
| 233. | 24075 | ਸਿਪਾਹੀ | ਬਾਬੂ ਸਿੰਘ | ਵੀਰ ਚੱਕਰਾ | ਸਿੱਖ ਰੈਜੀਮੈਂਟ | ਪਿੰਡ ਨੱਟ, ਡਾਕ. ਕਿਲ੍ਹਾ ਹਕੀਮਾਂ | ਸੰਗਰੂਰ | 1947 | - |
| 234. | 5023 | ਸਿਪਾਹੀ | ਬਚਨ ਸਿੰਘ | ਵੀਰ ਚੱਕਰਾ | 1 ਪਟਿਆਲਾ ਆਰਟੀ | ਹਾਊਸ ਨੰ: 4/360, ਜੰਡਵਾਲਾ ਰੋਡ, ਬਰਨਾਲਾ | ਸੰਗਰੂਰ | 1948 | - |
| 235. | 8101 | ਸੁਕਾਡਰਨ ਲੀਡਰ | ਐਮ.ਐਸ.ਸੰਧੂ | ਵੀਰ ਚੱਕਰਾ | ਇੰਡੀਅਨ ਏਅਰ ਫੋਰਸ | ਪਿੰਡ ਤੇ ਡਾਕ.ਬੰਧਬਹੂਰਾ ਤਹਿ. ਮਲੇਰਕੋਟਲਾ | ਸੰਗਰੂਰ | 1971 | - |
| 236. | ਜੇ.ਸੀ.117782 | ਸੂਬੇਦਾਰ | ਪਿਆਰਾ ਸਿੰਘ | ਵੀਰ ਚੱਕਰਾ | ਸਿੱਖ ਐਲ.ਆਈ. | ਪਿੰਡ ਤੇ ਡਾਕ. ਈਸਾਪਰ ਤਹਿ. ਮਲੇਰਕੋਟਲਾ | ਸੰਗਰੂਰ | 1971 | - |
| 237. | 2480984 | ਲਾਂਸ ਨਾਇਕ | ਸ਼ਮਸ਼ੇਰ ਸਿੰਘ | ਵੀਰ ਚੱਕਰਾ(ਮ) | ਆਰਮੀ | ਪਿੰਡ ਮੁਬਾਰਕਪੁਰ, ਤਹਿ. ਮਲੇਰਕੋਟਲਾ | ਸੰਗਰੂਰ | 1965 | - |

| | | | | | | | | | |
|---|---|---|---|---|---|---|---|---|---|
| 238. | ਆਈ.ਸੀ. 23986 | ਲੈਫ. | ਐਸ.ਪੀ.ਐਸ.ਸੇਖੋਂ | ਵੀਰ ਚੱਕਰਾ(ਮ) | ਰਾਜਸਥਾਨ ਰਾਈਫਲ | ਦਿਆਨ ਫਾਰਮਜ਼, ਡਾਕ. ਖੁਕਰੈਨ | ਸੰਗਰੂਰ | 1998 | – |
| 239. | 3348906 | ਸਿਪਾਹੀ | ਪ੍ਰੀਤਮ ਸਿੰਘ | ਵੀਰ ਚੱਕਰਾ(ਮ) | ਸਿੱਖ ਰੇਜਮੈਂਟ | ਪਿੰਡ ਤੇ ਡਾਕ. ਨਿਆਮਤ ਪੁਰ, ਤਹਿ. ਮਲੇਰਕੋਟਲਾ | ਸੰਗਰੂਰ | 1965 | – |
| 240. | 57498 | ਸੂਬੇਦਾਰ | ਮੱਲ ਸਿੰਘ | ਵੀਰ ਚੱਕਰਾ(ਮ) | ਐਸ.ਸਿੱਖ ਰੇਜਮੈਂਟ | ਪਿੰਡ ਰੂੜਗੜ੍ਹ | ਸੰਗਰੂਰ | 1947 | – |

## MATTER RAISED DURING ZERO HOUR

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਪਹਿਲੇ ਵੀ ਇਸ ਹਾਊਸ ਦੇ ਵਿਚ ਅਰਜ਼ ਕੀਤੀ ਸੀ ਕਿ ਪੰਜਾਬ ਵਿਚ ਜੇਕਰ ਕਿਸੇ ਜਗ੍ਹਾ 2 ਕਰੋੜ ਰੁਪਏ ਦਾ ਡਾਕਾ ਪੈ ਜਾਵੇ ਤਾਂ ਸਰਕਾਰ ਅਲਰਟ ਹੋ ਜਾਂਦੀ ਹੈ ਪਰ ਇਥੇ ਪੰਜਾਬ ਵਿਚ 200 ਕਰੋੜ ਰੁਪਏ ਦਾ ਡਾਕਾ·ਪੰਜਾਬ ਦੇ ਖਜ਼ਾਨੇ ਤੇ ਪਿਆ ਹੈ । ਪਰ ਇਥੇ ਸਰਕਾਰ ਚੁੱਪ ਕਰਕੇ ਬੈਠੀ ਹੈ । ਹੁਣ ਪੁਜ਼ੀਸਨ ਬੜੀ ਕਲੀਅਰ ਹੋ ਗਈ ਹੈ ।

**ਮਾਨਯੋਗ ਸਪੀਕਰ** : ਅੱਜ ਇਸ ਉਤੇ ਬਜਟ ਵਿਚ ਡਿਸਕਸ਼ਨ ਹੋ ਰਹੀ ਹੈ ਉਸ ਵਕਤ ਤੁਸੀਂ ਬਹਿਸ ਵਿਚ ਆਪਣੀ ਗੱਲ ਕਹਿ ਲੈਣਾ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਤੁਸੀਂ ਮੈਨੂੰ ਦੋ ਮਿੰਟ ਪਹਿਲੇ ਸੁਣ ਲਵੋ ।

**ਮਾਨਯੋਗ ਸਪੀਕਰ** : ਇਸ ਚੀਜ਼ ਨੂੰ ਚੇਅਰ ਨੇ ਪਹਿਲੇ ਹੀ ਰਿਜੈਕਟ ਕਰ ਦਿੱਤਾ ਹੈ । ਤੁਸੀਂ ਬੈਠ ਜਾਓ ।

**ਸਥਾਨਕ ਸਰਕਾਰ, ਕਿਰਤ ਤੇ ਰੋਜ਼ਗਾਰ ਮੰਤਰੀ** : ਸਪੀਕਰ ਸਾਹਿਬ, ਤੁਸੀਂ ਪਹਿਲੇ ਹੀ ਇਸ ਪੁਆਇੰਟ ਨੂੰ ਰਿਜੈਕਟ ਕਰ ਚੁੱਕੇ ਹੋ । ਇਸ ਲਈ ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ । ਕਾਂਗਰਸ ਦੇ ਸਾਬਕਾ ਪੰਜਾਬ ਦੇ ਐਮ. ਪੀ., ਨੇ ਵੀ ਕਿਹਾ ਹੈ ਕਿ ਇਸ ਲੀਕਰ ਦੀ ਆਕਸ਼ਨ ਵਿਚ ਸਰਕਾਰ ਨੇ 100 ਕਰੋੜ ਰੁਪਿਆ ਰਿਸ਼ਵਤ ਦੇ ਤੌਰ ਤੇ ਲਿਆ ਹੈ । ਕੀ ਸਰਕਾਰ ਇਸ ਦੀ ਇਨਕੁਆਇਰੀ ਸੀ.ਬੀ.ਆਈ. ਤੋਂ ਕਰਵਾਏਗੀ ?

**ਮਾਨਯੋਗ ਸਪੀਕਰ** : ਮੈਂ ਪਹਿਲੇ ਹੀ ਇਸ ਸਬੰਧੀ ਐਡਜਰਨਮੈਂਟ ਮੋਸ਼ਨ ਰਿਜੈਕਟ ਕਰ ਦਿੱਤਾ ਹੈ । ਇਸ ਲਈ ਤੁਸੀਂ ਬਜਟ ਤੇ ਡਿਸਕਸ਼ਨ ਕਰ ਲੈਣਾ । I had already rejected your Adjournment Motion.

(ਇਸ ਸਮੇਂ ਅਕਾਲੀ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਅਤੇ ਬੀ.ਜੇ.ਪੀ. ਦੇ ਹਾਜ਼ਰ ਮੈਂਬਰ ਪੁਆਇੰਟ ਆਫ ਆਰਡਰ ਲਈ ਖੜੇ ਹੋ ਕੇ ** ** ਬੋਲ ਰਹੇ ਸਨ) (ਵਿਘਨ)

**Mr. Speaker :** Not allowed. ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਿਹਾ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ, Please take your seats. Next item.

-----------

## CALL ATTENTION NOTICE UNDER RULE 66

**(ਕ੍ਰਮ ਨੰ: 18)**

**ਕੈਪਟਨ ਕੰਵਲਜੀਤ ਸਿੰਘ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤੀ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਕਿ ਪੰਜਾਬ ਸਰਕਾਰ ਦੇ ਹੋਮ ਗਾਰਡਜ਼/ਸਿਵਲ ਡਿਫੈਂਸ ਕਰਮਚਾਰੀਆਂ ਨੂੰ ਪਿਛਲੇ ਤਿੰਨ ਮਹੀਨੇ ਤੋਂ ਤਨਖਾਹ ਨਹੀਂ ਮਿਲੀ, ਜਿਸ ਕਾਰਨ ਉਨ੍ਹਾਂ ਲਈ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੈ। 31 ਮਾਰਚ ਨੂੰ ਵਿੱਤੀ ਸਾਲ ਖਤਮ ਹੋਣ ਕਾਰਨ, ਉਨ੍ਹਾਂ ਵਲੋਂ ਇਨਕਮ ਟੈਕਸ ਵਜੋਂ ਦਿੱਤੀ ਜਾਣ ਵਾਲੀ ਰਕਮ ਦੀ ਐਡਜਸਟਮੈਂਟ ਵੀ ਹੋਣੀ ਰਹਿੰਦੀ ਹੈ। ਇਹ ਸਾਰਾ ਕੁਝ ਵਿੱਤ ਵਿਭਾਗ ਵਲੋਂ ਲੋੜੀਂਦੀ ਮਨਜ਼ੂਰੀ ਨਾ ਦਿੱਤੇ ਜਾਣ ਕਾਰਨ ਹੋ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** (ਸ਼੍ਰੀ ਸੁਰਿੰਦਰ ਸਿੰਗਲਾ) : ਸਰ ਕੈਬਨਿਟ ਸਬ ਕਮੇਟੀ ਆਨ ਫਿਸਕਲ ਮੈਨੇਜਮੈਂਟ ਦੀ ਮਿਤੀ 24-4-2002 ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਖਾਲੀ ਪਈਆਂ/ਰਿਟਾਇਰਮੈਂਟ ਜਾਂ ਹੋਰ ਕਿਸੇ ਕਾਰਨ ਖਾਲੀ ਹੋਣ ਵਾਲੀਆਂ ਆਸਾਮੀਆਂ ਵਿਰੁੱਧ ਭਰਤੀ ਕਰਨ ਤੇ ਪੂਰਨ ਪਾਬੰਦੀ ਲਾਉਣ ਦਾ ਫੈਸਲਾ ਕੀਤਾ

---

**Not recorded as ordered by the Chair.

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਗਿਆ ਸੀ। ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਅਜਿਹੀਆਂ ਸਾਰੀਆਂ ਖਾਲੀ ਆਸਾਮੀਆਂ ਖਤਮ ਸਮਝੀਆਂ ਜਾਣ। ਇਸ ਤਰ੍ਹਾਂ ਖਾਲੀ ਹੋਣ ਵਾਲੀ ਆਸਾਮੀ ਕੇਵਲ ਵਿੱਤ ਵਿਭਾਗ ਦੀ ਸਲਾਹ ਨਾਲ ਮੰਤਰੀ ਪ੍ਰੀਸ਼ਦ ਦੀ ਪੂਰਵ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਹੀ ਮੁੜ ਸੁਰਜੀਤ ਕੀਤੀ ਜਾ ਸਕਦੀ ਹੈ। ਵਿੱਤ ਵਿਭਾਗ ਵੱਲੋਂ ਜਿਹੜੀ ਪਹਿਲਾਂ ਆਰਜ਼ੀ ਆਸਾਮੀਆਂ ਦੀ ਸਾਲ ਦਰ ਸਾਲ ਲਗਾਤਾਰਤਾ ਸਬੰਧੀ ਪ੍ਰਵਾਨਗੀ ਦਿੱਤੀ ਜਾਂਦੀ ਸੀ, ਉਹ ਹੁਣ ਸਿਰਫ ਭਰੀਆਂ ਪ੍ਰਵਾਨਿਤ ਆਸਾਮੀਆਂ ਸਬੰਧੀ ਹੀ ਦਿੱਤੀ ਜਾਂਦੀ ਹੈ।

ਮਿਤੀ 17-7-2002 ਨੂੰ ਗ੍ਰਹਿ ਵਿਭਾਗ ਤੋਂ ਪ੍ਰਾਪਤ ਹੋਈ ਸੂਚਨਾ ਦੇ ਆਧਾਰ ਤੇ ਵਿੱਤ ਵਿਭਾਗ ਵਲੋਂ ਸਾਲ 2002-03 ਲਈ ਪੰਜਾਬ ਹੋਮ ਗਾਰਡਜ਼ ਅਤੇ ਸਿਵਲ ਡਿਫੈਂਸ ਵਿਭਾਗ 288 ਭਰੀਆਂ ਹੋਈਆਂ ਆਰਜ਼ੀ ਆਸਾਮੀਆਂ ਨੂੰ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ। ਪਰ ਮਿਤੀ 21-11-2002 ਨੂੰ ਗ੍ਰਹਿ ਵਿਭਾਗ ਨੇ ਮੁੜ ਲਿਖਿਆ ਕਿ ਗਲਤੀ ਨਾਲ ਭਰੀਆਂ ਆਸਾਮੀਆਂ ਦੀ ਗਿਣਤੀ 288 ਦੱਸੀ ਗਈ ਸੀ, ਜਦ ਕਿ ਅਸਲ ਵਿੱਚ ਭਰੀਆਂ ਆਸਾਮੀਆਂ ਦੀ ਗਿਣਤੀ 411 ਸੀ। ਵਿੱਤ ਵਿਭਾਗ ਇਨ੍ਹਾਂ 411 ਆਸਾਮੀਆਂ ਨੂੰ ਜਾਰੀ ਰੱਖਣ ਲਈ ਪ੍ਰਵਾਨਗੀ ਦੇਣ ਲਈ ਸਹਿਮਤ ਨਹੀਂ ਹੋਇਆ ਅਤੇ ਮਿਤੀ 20-12-2002 ਨੂੰ ਗ੍ਰਹਿ ਵਿਭਾਗ ਨੂੰ ਲਿਖਿਆ ਕਿ ਇਨ੍ਹਾਂ 411 ਆਰਜ਼ੀ ਆਸਾਮੀਆਂ ਵਿਰੁੱਧ ਕੰਮ ਕਰ ਰਹੇ ਕਰਮਚਾਰੀਆਂ ਦਾ ਨਾਂ, ਨਿਯੁਕਤੀ ਦੀ ਮਿਤੀ ਅਤੇ ਤਾਇਨਾਤੀ ਦੇ ਸਥਾਨ ਸਬੰਧੀ ਡਿਟੇਲ ਦੱਸੀ ਜਾਵੇ। ਵਿੱਤ ਵਿਭਾਗ ਵੱਲੋਂ ਇਹ ਵੀ ਪ੍ਰੇਖਣ ਕੀਤਾ ਗਿਆ ਕਿ ਪ੍ਰਬੰਧਕੀ ਵਿਭਾਗ ਨੂੰ ਮਨਜ਼ੂਰਸ਼ੁਦਾ ਆਸਾਮੀਆਂ ਤੋਂ ਵੱਧ ਆਸਾਮੀਆਂ ਵਿਰੁੱਧ ਤਨਖਾਹ ਡਰਾਅ ਨਹੀਂ ਕਰਵਾਉਣੀ ਚਾਹੀਦੀ ਸੀ ਅਤੇ ਸਬੰਧਤ ਕਰਮਚਾਰੀਆਂ/ਅਧਿਕਾਰੀਆਂ ਦੀ ਜ਼ਿੰਮੇਵਾਰੀ ਨਿਸ਼ਚਿਤ ਕਰਨ ਲਈ ਕਿਹਾ ਗਿਆ ਸੀ। ਇਹ ਮਾਮਲਾ ਅਜੇ ਤੱਕ ਵੀ ਸੁਲਝਾਇਆ ਨਹੀਂ ਗਿਆ।

ਕਿਉਂਕਿ ਵਿਭਾਗ ਦੇ ਮੁਖੀ ਨੇ ਆਸਾਮੀਆਂ ਦੀ ਮਨਜ਼ੂਰੀ ਡੀ.ਡੀ.ਓ. ਵਾਈਜ਼ ਜਾਰੀ ਨਹੀਂ ਕੀਤੀ, ਇਸ ਕਰਕੇ ਇਸ ਸਮੇਂ ਦੌਰਾਨ ਡੀ.ਡੀ.ਓਜ਼. ਆਰਜ਼ੀ ਆਸਾਮੀਆਂ ਵਿਰੁੱਧ ਕੰਮ ਕਰਦੇ ਸਾਰੇ ਕਰਮਚਾਰੀਆਂ ਦੀ ਤਨਖਾਹ ਡਰਾਅ ਕਰਵਾਉਂਦੇ ਰਹੇ, ਭਾਵੇਂ ਉਨ੍ਹਾਂ ਦੀ ਗਿਣਤੀ ਵਿੱਤ ਵਿਭਾਗ ਵੱਲੋਂ ਮਨਜ਼ੂਰਸ਼ੁਦਾ 288 ਆਸਾਮੀਆਂ ਤੋਂ ਕਿਤੇ ਵੱਧ ਸੀ। ਹਰੇਕ ਡੀ.ਡੀ.ਓ. ਇਹ ਹੀ ਮੰਨ ਰਿਹਾ ਸੀ ਕਿ ਇਹ ਸਾਰੀਆਂ ਆਸਾਮੀਆਂ ਪ੍ਰਵਾਨਿਤ ਹਨ।

ਸਾਲ 2003-04 ਵਿੱਚ ਗ੍ਰਹਿ ਵਿਭਾਗ ਨੇ ਆਪਣੀ ਤਜਵੀਜ਼ ਮਿਤੀ 11-6-2003 ਰਾਹੀਂ 438 ਆਸਾਮੀਆਂ ਦੀ ਲਗਾਤਾਰਤਾ ਦੀ ਮੰਗ ਕਰਦੇ ਹੋਏ ਸੂਚਿਤ ਕੀਤਾ ਕਿ ਅਸਲ ਵਿੱਚ ਭਰੀਆਂ ਹੋਈਆਂ ਆਰਜ਼ੀ ਆਸਾਮੀਆਂ ਦੀ ਗਿਣਤੀ 438 ਹੈ ਅਤੇ ਪਹਿਲਾਂ 411 ਦੀ ਗਿਣਤੀ ਦੱਸੀ ਸੀ । ਵਿੱਤ ਵਿਭਾਗ ਨੇ ਇਨ੍ਹਾਂ 438 ਆਸਾਮੀਆਂ ਦੀ ਲਗਾਤਾਰਤਾ ਸਬੰਧੀ ਸਹਿਮਤੀ ਨਹੀਂ ਦਿੱਤੀ ਅਤੇ ਕੇਵਲ 288 ਆਸਾਮੀਆਂ ਦੀ ਪ੍ਰਵਾਨਗੀ ਦਿੱਤੀ । ਵਿੱਤ ਵਿਭਾਗ ਨੇ ਆਪਣੀ ਸਲਾਹ ਮਿਤੀ 20-12-02 ਰਾਹੀਂ ਕਨਵੇ ਕੀਤੇ ਪ੍ਰੇਖਣਾਂ ਨੂੰ ਮੁੜ ਦੁਹਰਾਇਆ ।

ਸਾਲ 2004-05 ਵਿੱਚ ਗ੍ਰਹਿ ਵਿਭਾਗ ਵਲੋਂ ਪੰਜਾਬ ਹੋਮ ਗਾਰਡ ਅਤੇ ਸਿਵਲ ਰੱਖਿਆ ਵਿਭਾਗ ਦੀਆਂ 374 ਆਰਜ਼ੀ ਆਸਾਮੀਆਂ ਨੂੰ ਜਾਰੀ ਰੱਖਣ ਦੀ ਤਜਵੀਜ਼ ਭੇਜੀ ਗਈ ਸੀ । ਇਹ ਆਸਾਮੀਆਂ ਪਿਛਲੇ ਸਾਲ ਦੀਆਂ 288 ਆਸਾਮੀਆਂ ਤੋਂ ਜ਼ਿਆਦਾ ਸਨ । ਵਿੱਤ ਵਿਭਾਗ ਨੇ ਪ੍ਰਬੰਧਕੀ ਵਿਭਾਗ ਨੂੰ ਆਰਜ਼ੀ ਆਸਾਮੀਆਂ ਦੀ ਡੀ.ਡੀ. ਓ. ਵਾਈਜ਼/ਜ਼ਿਲ੍ਹਾ ਵਾਈਜ਼ ਸੂਚਨਾ ਭੇਜਣ ਲਈ ਕਿਹਾ । ਫਿਰ ਵੀ ਕਰਮਚਾਰੀਆਂ ਨੂੰ ਪੇਸ਼ ਆ ਰਹੀਆਂ ਔਕੜਾਂ ਨੂੰ ਦੂਰ ਕਰਨ ਲਈ ਵਿੱਤ ਵਿਭਾਗ ਵਲੋਂ ਇਸ ਵਿਭਾਗ ਦੀਆਂ 374 ਆਰਜ਼ੀ ਆਸਾਮੀਆਂ ਦੀ ਮਿਤੀ 31-12-2004 ਤਕ ਤਨਖਾਹ ਡਰਾਅ ਕਰਾਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਸੀ ਅਤੇ ਗ੍ਰਹਿ ਵਿਭਾਗ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਵਿੱਤ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਭਰੀਆਂ ਵਾਧੂ ਆਸਾਮੀਆਂ ਸਬੰਧੀ ਕਾਰਨ ਦੱਸਣ । ਵਿਭਾਗ ਦੀਆਂ ਆਰਜ਼ੀ ਆਸਾਮੀਆਂ ਸਬੰਧੀ ਡੀ.ਡੀ. ਓ. ਵਾਈਜ਼/ਜ਼ਿਲ੍ਹਾ ਵਾਈਜ਼ ਅਤੇ ਕੈਟਾਗਿਰੀ ਵਾਈਜ਼ ਅਤੇ ਆਰਜ਼ੀ ਆਸਾਮੀਆਂ ਨੂੰ ਵਿੱਤ ਵਿਭਾਗ ਦੀ ਪ੍ਰਵਾਨਗੀ ਤੋਂ ਬਿਨਾਂ ਭਰਨ ਸਬੰਧੀ ਮੁਕੰਮਲ ਸੂਚਨਾ ਗ੍ਰਹਿ ਵਿਭਾਗ ਤੋਂ ਬਾਰ ਬਾਰ ਮੰਗਣ ਦੇ ਬਾਵਜੂਦ ਵੀ ਭੇਜੀ ਨਹੀਂ ਗਈ । ਕਰਮਚਾਰੀਆਂ ਨੂੰ ਮੁਸ਼ਕਲਾਂ ਤੋਂ ਬਚਾਉਣ ਲਈ ਵਿੱਤ ਵਿਭਾਗ ਵਲੋਂ ਦੁਬਾਰਾ ਫਿਰ 373 ਆਰਜ਼ੀ ਆਸਾਮੀਆਂ ਵਿਰੁੱਧ ਕੰਮ ਕਰ ਰਹੇ ਕਰਮਚਾਰੀਆਂ ਦੀ ਮਿਤੀ 28-2-2005 ਤੱਕ ਤਨਖਾਹ ਰਿਲੀਜ਼ ਕਰਨ ਦੀ ਪ੍ਰਵਾਨਗੀ ਵਿੱਤ ਵਿਭਾਗ ਦੇ ਅੰ: ਵਿ: ਪੱ: ਨੰ: 1/26/97-2ਵਿਖ 1/3394, ਮਿਤੀ 23-3-2005 ਰਾਹੀਂ ਦਿੱਤੀ ਜਾ ਚੁੱਕੀ ਹੈ ।

ਗ੍ਰਹਿ ਵਿਭਾਗ ਤੋਂ ਮੁਕੰਮਲ ਸੂਚਨਾ ਪ੍ਰਾਪਤ ਹੋਣ ਤੇ ਇਨ੍ਹਾਂ ਆਰਜੀ ਆਸਾਮੀਆਂ ਨੂੰ ਸਾਲ 2005-06 ਦੌਰਾਨ ਜਾਰੀ ਰੱਖਣ ਲਈ ਪ੍ਰਵਾਨਗੀ ਦੇਣ ਲਈ ਵਿੱਤ ਵਿਭਾਗ ਵਲੋਂ ਵਿਚਾਰ ਕਰ ਲਿਆ ਜਾਵੇਗਾ ।

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਜਿੱਥੋਂ ਤੱਕ ਆਮਦਨ ਕਰ ਦਾ ਸਬੰਧ ਹੈ, ਉਹ ਸਬੰਧਤ ਡੀ.ਡੀ.ਓਜ਼. ਵਲੋਂ ਕਰਮਚਾਰੀਆਂ ਨੂੰ ਤਨਖਾਹ ਦੀ ਅਦਾਇਗੀ ਕਰਨ ਸਮੇਂ ਕੱਟ ਲਿਆ ਜਾਵੇਗਾ ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਨੋਟਿਸ ਦਾ ਇਕ ਲਾਭ ਤਾਂ ਜ਼ਰੂਰ ਹੋਇਆ ਹੈ ਕਿ ਨੋਟਿਸ ਮਿਲਣ ਤੋਂ ਬਾਅਦ ਸਰਕਾਰ ਨੇ, ਵਿੱਤ ਵਿਭਾਗ ਨੇ ਮਨਜ਼ੂਰੀ ਦੇ ਦਿੱਤੀ ਹੈ । ਬਾਕੀ ਵਜ਼ੀਰ ਸਾਹਿਬ ਨੇ ਬੜੀ ਲੰਬੀ ਚੌੜੀ ਦਾਸਤਾਨ ਦੱਸੀ ਹੈ । ਸਾਰਾ ਮਸਲਾ ਇਨ੍ਹਾਂ ਦੀ ਸਰਕਾਰ ਦੀ ਇੰਟਰ-ਡਿਪਾਰਟਮੈਂਟਲ ਕੋਆਰਡੀਨੇਸ਼ਨ ਦਾ ਹੈ । ਵਿੱਤ ਵਿਭਾਗ ਅਤੇ ਹੋਮ ਡਿਪਾਰਟਮੈਂਟ ਆਪਸ ਵਿਚ ਲੜਦੇ ਰਹੇ ਜਿਸ ਕਰਕੇ ਵਿਚਾਰੇ ਗਰੀਬ ਕਰਮਚਾਰੀ ਪੇਟ ਤੋਂ ਭੁੱਖੇ ਰਹੇ । ਸਿੰਗਲਾ ਸਾਹਿਬ ਚਿੱਠੀਆਂ ਲਿਖਦੇ ਰਹੇ ਔਰ ਹੋਰ ਮੰਤਰੀ ਸਾਹਿਬਾਨ ਵੀ ਚਿੱਠੀਆਂ ਲਿਖਦੇ ਰਹੇ । ਕੀ ਵਿੱਤ ਮੰਤਰੀ ਜੀ ਇਸ ਲੈਕ ਆਫ ਕੋਆਰਡੀਨੇਸ਼ਨ ਨੂੰ ਠੀਕ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਹ ਮਸਲਾ ਜੋ ਪਹਿਲਾਂ ਨਹੀਂ ਦੱਸਿਆ ਗਿਆ.........ਜੇ ਕਹੋ ਤਾਂ ਮੈਂ ਹੁਣ ਦੱਸ ਦਿੰਦਾ ਹਾਂ, ਸੁਣ ਲਓ । ਇਹ ਠੀਕ ਹੈ ਕਿ ਇਸ ਦੀ ਪਰਸੈਪਸ਼ਨ ਬਾਰੇ ਮਿਸਅੰਡਰਸਟੈਂਡਿੰਗ ਹੋਈ ਹੋਈ ਸੀ ਜਿਸ ਕਰਕੇ ਮਸਲਾ ਹੱਲ ਨਹੀਂ ਸੀ ਹੋਇਆ । ਹੁਣ ਇਹ ਮਸਲਾ ਸਾਲ 2005-06 ਵਿਚ ਬਿਲਕੁਲ ਨਜਿੱਠ ਲਿਆ ਜਾਵੇਗਾ, ਤੁਸੀਂ ਇਸ ਗੱਲ ਦੀ ਚਿੰਤਾ ਬਿਲਕੁਲ ਨਾ ਕਰੋ । ਕੋਆਰਡੀਨੇਸ਼ਨ ਬਹੁਤ ਜ਼ਰੂਰੀ ਚਾਹੀਦੀ ਹੈ ਲੇਕਿਨ ਕਈ ਵਾਰ ਅਫਸਰ ਸਾਹਿਬਾਨ ਤੋਂ ਗਲਤੀਆਂ ਹੋ ਜਾਂਦੀਆਂ ਹਨ ਜਿਸ ਦਾ ਲੀਡਰਸ਼ਿਪ ਨੂੰ ਪਤਾ ਨਹੀਂ ਲੱਗਦਾ । ਤੁਹਾਡੇ ਇਸ ਕਾਲ ਅਟੈਂਸ਼ਨ ਨੋਟਿਸ ਲਿਆਉਣ ਨਾਲ ਜਿਹੜੀਆਂ ਗਲਤੀਆਂ ਪਿੱਛੇ ਹੋਈਆਂ ਹਨ, ਉਨ੍ਹਾਂ ਵਿਚ ਸੁਧਾਰ ਕੀਤਾ ਜਾਵੇਗਾ ।

----------

## PAPERS LAID ON THE TABLE OF THE HOUSE

**Minister for Local Government, Parliamentary Affairs, Labour & Employment and Elections** (Chaudhary Jagjit Singh) : Sir, I beg to lay on the Table the Punjab Agricultural Produce Markets (Amendment) Ordinance, 2005 (Punjab Ordinance No. 2 of 2005), as required under Article 213 (2) (a) of the Constitution.

**Mr. Speaker** : Now presentation of Reports.

## PRESENTATION OF REPORTS OF THE COMMITTEES

**Chairman, Committee on Estimates** (Sardar Randeep Singh Nabha) : Sir, under your able guidance, under Rule 227 of the Rules of Procedure and Conduct of Business in the Punjab Vidhan Sabha, Estimates Committee was nominated by your good self comprising of thirteen Members. With the help and cooperation of the Members of the House and the staff of the Committee, I take this opportunity to present the :--

(i) Report of the Committee on Estimates on the Budget Estimates of the Department of Jails, for the year 2004-05 ; and

(ii) Report of the Committee on Estimates on the Budget Estimates of the Department of Agriculture, for the year 2004-05.

**Chairman, Committee on Public Undertakings** (Sardar Jasbir Singh Gill 'Dimpa') : Sir, I beg to present the :--

(i) Seventy-seventh Report of the Committee on Public Undertakings on the general working of the Punjab State Electricity Board ;

(ii) Seventy-eighth Report of the Committee on Public Undertakings on the Audit Paras appearing in the Reports (Commercial) of the Comptroller and Auditor General of India for the years 1997-98 and 1998-1999 relating to the Punjab State Electricity Board ; Punjab Scheduled Castes Land Development and Finance Corporation and Punjab State Civil Supplies Corporation Limited ; and

(iii) Seventy-ninth Report of the Committee on Public Undertakings on the General working of the Punjab Small Industries and Export Corporation Limited .

**ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ** (ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ) : ਸ਼੍ਰੀਮਾਨ ਜੀ, ਮੈਂ ਸਾਲ 2004-05 ਲਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ 37ਵੀਂ ਰਿਪੋਰਟ ਸਦਨ ਵਿਚ ਪੇਸ਼ ਕਰਦਾ ਹਾਂ ।

---------

GENERAL DISCUSSION ON THE BUDGET ESTIMATES FOR THE YEAR 2005-06

**ਕੈਪਟਨ ਕੰਵਲਜੀਤ ਸਿੰਘ (ਬਨੂੜ)** : ਮਾਨਯੋਗ ਸਪੀਕਰ ਸਾਹਿਬ, 22 ਮਾਰਚ, 2005 ਨੂੰ ਜਿਹੜਾ ਬਜਟ ਪੰਜਾਬ ਦੇ ਵਿੱਤ ਮੰਤਰੀ ਜੀ ਵੱਲੋਂ ਪੇਸ਼ ਕੀਤਾ ਗਿਆ ਹੈ ਮੈਂ ਉਹਦੇ ਉਤੇ ਆਪਣੀਆਂ ਟਿੱਪਣੀਆਂ ਕਰਨ ਲਈ ਖੜ੍ਹਾ ਹੋਇਆ ਹਾਂ ।

**ਮਾਨਯੋਗ ਸਪੀਕਰ** : ਕੈਪਟਨ ਸਾਹਿਬ, ਕਿੰਨਾ ਟਾਈਮ ਲਵੋਗੇ ?

**ਕੈਪਟਨ ਕੰਵਲਜੀਤ ਸਿੰਘ** : ਇੱਕ ਘੰਟਾ ਜੀ ।

**ਮਾਨਯੋਗ ਸਪੀਕਰ** : ਤੁਸੀਂ ਦੇਖ ਲਓ, ਤੁਹਾਡੀ ਪਾਰਟੀ ਦਾ ਟਾਈਮ ਹੀ ਖਤਮ ਹੋਣਾ ਹੈ ।

**ਕੈਪਟਨ ਕੰਵਲਜੀਤ ਸਿੰਘ** : ਕੋਈ ਨਹੀਂ ਜੀ ।

**Mr. Speaker** : Alright.

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਆਪਣੀ ਗੱਲ ਆਖਾਂ । ਇਸ ਬਜਟ ਦੇ ਉਪਰ ਪੰਜਾਬ ਦੇ ਕਈ ਪ੍ਰਸਿੱਧ ਅਖਬਾਰਾਂ ਨੇ ਟਿੱਪਣੀਆਂ ਕੀਤੀਆਂ ਹਨ । ਮੈਂ ਉਨ੍ਹਾਂ ਵਿੱਚੋਂ ਕੁਝ ਇਸ ਮਹਾਨ ਸਦਨ ਦੇ ਵਿੱਚ ਪੜ੍ਹ ਕੇ ਅਤੇ ਆਪ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ । ਪੰਜਾਬ ਦੇ ਪ੍ਰਸਿੱਧ ਅਖਬਾਰ 'ਅਜੀਤ' ਜਿਸ ਦੇ ਮੁੱਖ ਸੰਪਾਦਕ, ਸਰਦਾਰ ਬਰਜਿੰਦਰ ਸਿੰਘ ਹਮਦਰਦ ਹਨ, ਉਨ੍ਹਾਂ ਨੇ ਲਿਖਿਆ ਹੈ ਕਿ "ਪੰਜਾਬ ਦੇ ਬਜਟ ਉਪਰ ਡੀਜ਼ਲ ਉਤੇ ਇੱਕ ਰੁਪਿਆ ਪ੍ਰਤੀ ਲੀਟਰ ਅਤੇ ਪੈਟਰੋਲ ਤੇ 50 ਪੈਸੇ ਪ੍ਰਤੀ ਲੀਟਰ ਟੈਕਸ ਲਾਉਣ ਦੀ ਜੋ ਤਜਵੀਜ਼ ਪੇਸ਼ ਕੀਤੀ ਗਈ ਹੈ ਉਸ ਦਾ ਹਰ ਵਰਗ ਵੱਲੋਂ ਵਿਰੋਧ ਹੋਵੇਗਾ ਕਿਉਂਕਿ ਪਿਛਲੇ ਸਮੇਂ ਵਿੱਚ ਇਨ੍ਹਾਂ ਦੋਹਾਂ ਵਸਤੂਆਂ ਦੀਆਂ ਕੀਮਤਾਂ ਕੇਂਦਰ ਵੱਲੋਂ ਵਧਾਈਆਂ ਜਾਂਦੀਆਂ ਰਹੀਆਂ ਹਨ ਅਤੇ ਡੀਜ਼ਲ ਦੀ ਕੀਮਤ ਵਧਾਉਣ ਦਾ ਸਿੱਧਾ ਅਸਰ ਕਿਸਾਨ ਤੇ ਪਵੇਗਾ ਅਤੇ ਉਸ ਦੀ ਖੇਤੀ ਦੀ ਉਤਪਾਦਨ ਦੀ ਕੀਮਤ ਵਿੱਚ ਹੋਰ ਵਾਧਾ ਹੋਵੇਗਾ।" ਅੱਗੇ ਲਿਖਿਆ ਹੈ ਕਿ ਇਸ ਪਿਛੋਕੜ ਵਿੱਚ "ਪੰਜਾਬ ਦਾ ਬਜਟ ਕੋਈ ਵੱਡਾ ਅਧਾਰ ਬਣਾਉਣ ਦੇ ਸਮਰੱਥ ਨਹੀਂ ਹੋ ਸਕਿਆ ।" ਏਸੇ ਤਰ੍ਹਾਂ ਸਪੀਕਰ ਸਾਹਿਬ, ਚੰਡੀਗੜ੍ਹ ਤੋਂ ਛਪਦਾ ਪ੍ਰਸਿੱਧ ਪੰਜਾਬੀ ਅਖਬਾਰ, "ਪੰਜਾਬੀ ਟ੍ਰਿਬਿਊਨ", ਉਹਦੀ ਸੰਪਾਦਕੀ

ਵਿੱਚ ਲਿਖਿਆ ਹੈ ਕਿ "ਪੰਜਾਬ ਦਾ ਦਿਸ਼ਾਹੀਨ ਬਜਟ" । ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸ਼੍ਰੀ ਸੁਰਿੰਦਰ ਸਿੰਗਲਾ ਵੱਲੋਂ ਪੇਸ਼ ਕੀਤਾ ਬਜਟ ਜਿੱਥੇ ਬੇਲੋੜਾ, ਆਮ ਸ਼ਾਨ ਤੇ ਸ਼ਾਹੀ ਮਸ਼ਗੁੱਲ ਵਿੱਚ ਸਰਕਾਰ ਦੇ ਰੁਝੇ ਹੋਣ ਦੀ ਝਲਕ ਤਾਂ ਦਿੰਦਾ ਹੈ ਪਰ ਪੰਜਾਬ ਦੇ ਲੋਕਾਂ ਦੀਆਂ ਮੂਲ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਿਸੇ ਕਿਸਮ ਦੀ ਕੋਈ ਦਿਸ਼ਾ ਪ੍ਰਦਾਨ ਨਹੀਂ ਕਰਦਾ ।

---------

## MOTION REGARDING CONSTITUTION OF ELECTED COMMITTEES FOR THE YEAR 2005-2006

**Minister for Local Government, Parliamentary Affairs, Labour & Employment and Elections** (Chaudhary Jagjit Singh) : Sir, I beg to move that :

Whereas the election to the --

1. Committee on Public Accounts ;
2. Committee on Estimates ;
3. Committee on Public Undertakings ; and
4. Committee on the Welfare of Scheduled Castes, Scheduled Tribes and Backward Classes,

for the year 2005-2006, are to be held before the 31st March, 2005 ; and

WHEREAS the time left at the disposal of the House is extremely short and it is not possible to conduct in the normal course, the election to these Committees ;

NOW, therefore, this House authorizes the Speaker to nominate the Members of the aforesaid Committees for the aforesaid year, keeping in view the proportionate strength of various parties/groups in the House.

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 2005-2006 which are inconsistent with or contrary to the above resolution shall stand suspended.

**Mr. Speaker :** Motion moved--

Whereas the election to the --

1. Committee on Public Accounts ;

2. Committee on Estimates ;

3. Committee on Public Undertakings ; and

4. Committee on the Welfare of Scheduled Castes, Scheduled Tribes and Backward Classes,

for the year 2005-2006, are to be held before the 31st March, 2005 ; and

WHEREAS the time left at the disposal of the House is extremely short and it is not possible to conduct in the normal course, the election to these Committees ;

NOW, therefore, this House authorizes the Speaker to nominate the Members of the aforesaid Committees for the aforesaid year, keeping in view the proportionate strength of various parties/groups in the House,

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 2005-2006 which are inconsistent with or contrary to the above resolution shall stand suspended.

**Mr. Speaker :** Question is--

Whereas the election to the--

1. Committee on Public Accounts ;
2. Committee on Estimates ;
3. Committee on Public Undertakings ; and
4. Committee on the Welfare of Scheduled Castes, Scheduled Tribes and Backward Classes,

for the year 2005-2006, are to be held before the 31st March, 2005 ; and

WHEREAS the time left at the disposal of the House is extremely short and it is not possible to conduct in the normal course, the election to these Committees ;

NOW, therefore, this House authorizes the Speaker to nominate the Members of the aforesaid Committees for the aforesaid year, keeping in view the proportionate strength of various parties/groups in the House,

This House further resolves that for the above purpose, the rules of the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 2005-2006 which are inconsistent with or contrary to the above resolution shall stand suspended.

*The motion was carried.*

---------------

GENERAL DISCUSSION ON THE BUDGET ESTIMATES FOR THE YEAR 2005-2006 *(Resumption)*

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਅੱਗੇ ਇੰਗਲਿਸ਼ ਟ੍ਰਿਬਿਊਨ ਜਿਹੜਾ ਕਿ ਇਕ ਬੜਾ ਪ੍ਰਸਿੱਧ ਅਖ਼ਬਾਰ ਹੈ, ਆਪਣੇ ਸੰਪਾਦਕੀ ਵਿਚ ਲਿਖਦਾ ਹੈ ਕਿ : "The Budget makes little effort to control the wasteful Govt. expenditure and correct the fiscal imbalance." ਅੱਗੇ ਉਨ੍ਹਾਂ ਨੇ ਲਿਖਿਆ ਹੈ ਕਿ ਜਿਵੇਂ ਕਿ ਹੁਣੇ ਜਿਹੇ ਹੀ ਬਾਦਲ ਸਾਹਿਬ ਨੇ ਵੀ ਜਿਕਰ ਕੀਤਾ ਸੀ ਕਿ,

Liquor auctions can yield more but the Govt. seems to be encouraging a cartel.

| *3-20 ਵਜੇ ਬਾਦ ਦੁਪਹਿਰ | (ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਜੀ ਨੇ ਸਦਨ ਦੀ ਕੁਰਸੀ ਸੰਭਾਲੀ) |
|---|---|

ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਟਿੱਪਣੀਆਂ ਅਖਬਾਰਾਂ ਵੱਲੋਂ ਪੇਸ਼ ਕੀਤੀਆਂ ਗਈਆਂ ਹਨ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਪੰਜਾਬ ਦੀ ਅਰਥ ਵਿਵਸਥਾ ਤਬਾਹ ਕਰ ਦਿੱਤੀ ਹੈ ਕਿ ਪੰਜਾਬ ਬੜੀ ਤੇਜ਼ੀ ਨਾਲ ਉਨ੍ਹਾਂ ਸੂਬਿਆਂ ਦੀ ਕਤਾਰ ਵਿਚ ਸ਼ਾਮਲ ਹੋ ਜਾਵੇਗਾ ਜਿਨ੍ਹਾਂ ਨੂੰ ਰਵਾਇਤਨ ਤੌਰ ਤੇ ਪਿਛੜੇ ਸੂਬਿਆਂ ਵਿਚ ਗਿਣਿਆ ਜਾਂਦਾ ਹੈ । ਜੇਕਰ ਕੋਈ ਸਬੂਤ ਦੀ ਲੋੜ ਹੋਵੇ ਤਾਂ, ਡਿਪਟੀ ਸਪੀਕਰ ਸਾਹਿਬ, ਕਿ ਹੁਣ ਇਹ ਵੀ ਸਵਾਲ ਆਇਆ ਹੈ ਕਿ ਵਿਸ਼ਵ ਬੈਂਕ ਨੇ ਇਕ ਰਿਪੋਰਟ ਛਾਪੀ ਹੈ, "Resuming Punjab's prosperity."

(ਵਿੱਤ ਮੰਤਰੀ : ਬੈਠੇ ਬੈਠੇ ਇਹ ਤੁਹਾਡੇ ਟਾਈਮ ਦਾ ਜ਼ਿਕਰ ਹੈ ।)

[ਕੈਪਟਨ ਕੰਵਲਜੀਤ ਸਿੰਘ]

ਸੁਣ ਲਵੋਂ, ਇਸ ਵਿਚ ਲਿਖਿਆ ਹੈ ਕਿ "ਪੰਜਾਬ ਦੇ ਖਜ਼ਾਨੇ ਖਾਲੀ ਹਨ । ਅਰਥ ਵਿਵਸਥਾ ਬੁਰੀ ਤਰ੍ਹਾਂ ਖੜੋਤ ਵਿਚ ਆ ਗਈ ਹੈ । ਬੇਰੋਜ਼ਗਾਰੀ ਵੱਧ ਰਹੀ ਹੈ । ਪਬਲਿਕ ਸਰਵਿਸਿਜ਼ ਦੀ ਕੁਆਲਿਟੀ ਨਿਘਰਦੀ ਜਾ ਰਹੀ ਹੈ । ਵਿਕਾਸ ਬੰਦ ਹੈ ਅਤੇ ਲੁੱਟ-ਖਸੁੱਟ ਕਰਨ ਵਾਲਿਆਂ ਦਾ ਪਰਿਵਾਰ ਵਧਦਾ ਜਾ ਰਿਹਾ ਹੈ ।" ਡਿਪਟੀ ਸਪੀਕਰ ਸਾਹਿਬ, ਇਹ ਮੈਂ ਨਹੀਂ ਕਹਿੰਦਾ, ਇਹ ਵਿਸ਼ਵ ਬੈਂਕ ਦੀ ਰਿਪੋਰਟ ਕਹਿ ਰਹੀ ਹੈ । ਇਹ ਬੜੇ ਅਫਸੋਸ ਦੀ ਗੱਲ ਹੈ ਕਿ ਵਿੱਤ ਮੰਤਰੀ ਜੀ ਬਜਟ ਪੇਸ਼ ਕਰਨ ਵੇਲੇ ਅਤੇ ਤਿਆਰ ਕਰਨ ਵੇਲੇ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਜੋ ਹਨ, ਉਨ੍ਹਾਂ ਬਾਰੇ ਕੌਰੀ ਚੁੱਪ ਧਾਰ ਕੇ ਬੈਠ ਗਏ । ਉਨ੍ਹਾਂ ਬਾਰੇ ਕੋਈ ਜਿਕਰ ਤੱਕ ਨਹੀਂ ਕੀਤਾ ਕਿ ਇਨ੍ਹਾਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਾਂਗੇ ਅਤੇ ਪੰਜਾਬ ਨੂੰ ਕਿਵੇਂ ਅੱਗੇ ਲਿਜਾਵਾਂਗੇ । ਮੇਰੇ ਖਿਆਲ ਵਿੱਚ ਇਹ ਬਜਟ ਡੂੰਘੀ ਸੋਚ ਤੋਂ ਸੱਖਣਾ, ਆਰਥਿਕ ਵਿਉਂਤਬੰਦੀ ਤੋਂ ਕੋਰਾ ਅਤੇ ਲਫਜ਼ਾਂ ਦੇ ਹੇਰ-ਫੇਰ ਤੋਂ ਇਲਾਵਾ ਹੋਰ ਕੁਝ ਵੀ ਨਹੀਂ । ਇਨ੍ਹਾਂ ਵੱਲੋਂ ਬਹੁਤ ਹੀ ਦਿਸ਼ਾਹੀਨ ਅਤੇ ਨਿਰਾਸ਼ਾਜਨਕ ਬਜਟ ਪੇਸ਼ ਕੀਤਾ ਗਿਆ ਹੈ । ਇਹ ਬੜੇ ਅਫਸੋਸ ਦੀ ਗੱਲ ਹੈ ਕਿ ਮੰਤਰੀ ਸਾਹਿਬ ਆਪ ਖੁਦ ਵੀ ਮੰਨਦੇ ਹਨ ਕਿ ਸਾਡੀ ਇਕਨਾਮਿਕ ਪ੍ਰੋਗਰੈਸ ਦੀ ਗਤੀ ਬੜੀ ਹੀ ਧੀਮੀ ਹੈ । ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਕਿਹਾ, ਪਰ ਇਹ ਕਹਿਣਾ ਭੁੱਲ ਗਏ ਕਿ ਜਿਹੜੀ ਸਾਡੀ ਇਕਨਾਮਿਕ ਗਰੋਥ ਹੈ ਉਹ ਪੰਜਾਬ ਦੀ ਸਾਰੀ ਢਾਈ ਪ੍ਰਤੀਸ਼ਤ ਹੈ ਜਿਸ ਦੇ ਮੁਕਾਬਲੇ ਹਿੰਦੁਸਤਾਨ ਦੀ ਕੌਮੀ ਪੱਧਰ ਦੀ ਇਕਨਾਮਿਕ ਗ੍ਰੋਥ ਦੀ ਗਤੀ ਸਾਢੇ ਛੇ ਪ੍ਰਤੀਸ਼ਤ ਹੈ । ਮੈਂ ਕਹਿ ਸਕਦਾ ਹਾਂ ਕਿ ਕਾਂਗਰਸ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਪੰਜਾਬ ਦੇ ਸੁਨਹਿਰੇ ਅਤੇ ਉਜਲੇ ਭਵਿੱਖ ਤੇ ਜ਼ਰੂਰ ਪ੍ਰਸ਼ਨ ਚਿੰਨ੍ਹ ਲਗਾ ਦਿੰਦੀਆਂ ਹੋਣਗੀਆਂ । ਅੱਜ ਹੀ ਪੰਜਾਬੀ ਟ੍ਰਿਬਿਊਨ ਵਿਚ ਪ੍ਰਿਥੀਪਾਲ ਸਿੰਘ ਸੋਹੀ ਨੇ ਇਕ ਲੇਖ ਲਿਖਿਆ ਹੈ, ਜਿਸ ਦੇ ਕੁਝ ਸ਼ਬਦ ਮੈਂ ਪੜ੍ਹ ਕੇ ਸੁਣਾਵਾਂਗਾ "ਜੋ ਅੱਜ ਪੰਜਾਬ ਦਾ ਹਾਲ ਹੋ ਰਿਹਾ ਹੈ ਤਾਂ ਆਉਣ ਵਾਲੇ ਸਮੇਂ ਵਿਚ ਇਸ ਦੀ ਸਥਿਤੀ ਬੜੀ ਭਿਆਨਕ ਬਣ ਜਾਵੇਗੀ ।" ਅੱਗੇ ਬੜੀ ਦਿਲਚਸਪ ਗੱਲ ਉਨ੍ਹਾਂ ਨੇ ਲਿਖੀ ਹੈ ਕਿ ਪੰਜਾਬ ਦੇ ਇਕ ਸੀਨੀਅਰ ਵਿੱਤ ਸਕੱਤਰ ਨੇ ਇਹ ਰਾਸ਼ਟਰੀ ਰਸਾਲੇ ਨੂੰ ਕਿਹਾ ਕਿ, "ਪੰਜਾਬ ਦਾ ਭੂਤਕਾਲ ਬੜਾ ਅੱਛਾ ਸੀ ... (ਵਿਘਨ) ਸੁਣ ਲਓ, ਵਰਤਮਾਨ ਅੱਛਾ ਨਹੀਂ ਹੈ ਅਤੇ ਭਵਿੱਖ ਬੜਾ ਤਨਾਅ ਭਰਪੂਰ ਹੋਵੇਗਾ ।" ਵਿਸ਼ਵ ਬੈਂਕ ਇਹ ਸਾਰਾ ਦੋਸ਼ ਮਾੜੇ ਪ੍ਰਸ਼ਾਸਨ ਉਤੇ ਸੁੱਟਦਾ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਪਾਸ ਸਾਧਨਾਂ ਦੀ ਕੋਈ ਘਾਟ ਨਹੀਂ, ਪਰ ਇਨ੍ਹਾਂ ਸਾਧਨਾਂ ਨੂੰ ਵਰਤਣ ਲਈ ਯੋਗ ਪ੍ਰਬੰਧਾਂ ਦੀ ਕਮੀ ਜ਼ਰੂਰ ਹੈ ਔਰ ਜੇ ਮੈਂ ਅੱਗੇ ਅਰਥ ਵਿਵਸਥਾ ਦੀ ਗੱਲ ਕਰਾਂ ਉਸ ਬਾਰੇ ਵਿੱਤ ਮੰਤਰੀ ਜੀ ਆਪਣੇ ਭਾਸ਼ਣ ਵਿੱਚ ਕਹਿੰਦੇ ਹਨ ਕਿ

ਅਸੀਂ ਆਪਣੀ ਸਰਕਾਰ ਨੂੰ ਰੀ-ਅਮੈਂਡ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਯਾਨੀ ਤਿੰਨ ਸਾਲ ਇਹ ਭੁੱਲੇ ਰਹੇ । ਤਿੰਨ ਸਾਲ ਇਹ ਸਰਕਾਰ ਹਨੇਰੇ ਵਿੱਚ ਕੰਮ ਕਰਦੀ ਰਹੀ ਔਰ ਹੁਣ ਸ਼ਾਇਦ ਕੋਈ ਲਾਲਟੈਨ ਲੈ ਕੇ ਸਿੰਗਲਾ ਸਾਹਿਬ ਆਏ ਹਨ ਅਤੇ ਇਹ ਕੋਸ਼ਿਸ਼ ਕਰਨਗੇ ਕਿ ਸਰਕਾਰ ਨੂੰ ਕਿੱਧਰੇ ਲੱਭ ਲਈਏ ਕਿਉਂਕਿ ਪੰਜਾਬ ਦੇ ਅੰਦਰ, ਡਿਪਟੀ ਸਪੀਕਰ ਸਾਹਿਬ, ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ, ਸਰਕਾਰ ਵਰਗੀ ਕੋਈ ਚੀਜ਼ ਨਹੀਂ । ਕੋਈ ਸੁਣਵਾਈ ਨਹੀਂ, ਨਾ ਅੱਜ ਕਿਸੇ ਗਰੀਬ ਦੀ ਸੁਣਵਾਈ ਹੈ, ਨਾ ਅਮੀਰ ਦੀ ਨਾ ਦਲਿਤਾਂ ਦੀ ਸੁਣਵਾਈ ਹੈ ਅਤੇ ਨਾ ਕਿਸਾਨਾਂ ਦੀ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਆਰਥਿਕਤਾ ਦੋ ਮੁੱਢਾਂ, ਥੰਮਾਂ ਤੇ ਖੜ੍ਹੀ ਹੈ । ਇਕ ਹੈ ਕਿਸਾਨ ਦੀ ਕਿਸਾਨੀ ਅਤੇ ਦੂਸਰਾ ਹੈ ਪੰਜਾਬ ਦੀ ਸਨਅਤ । ਇਸ ਦੇ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਅੰਦਰ ਖੇਤੀਬਾੜੀ ਦੇ ਖੇਤਰ ਵਿੱਚ ਜਿਹੜੀ ਖੜੋਤ ਹੈ ਉਹ ਇਨ੍ਹਾਂ ਨੇ ਆਪਣੇ ਲਫਜ਼ਾਂ ਵਿੱਚ ਵੀ ਕਿਹਾ ਹੈ ਕਿ 1.4% ਐਗਰੀਕਲਚਰ ਗਰੋਥ ਇਨ੍ਹਾਂ ਨੇ ਅਚੀਵ ਕੀਤੀ ਹੈ । ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਦੀ ਕਿਸਾਨੀ ਦੀ ਗਰੋਥ ਦੇ ਵਿੱਚ ਪੂਰੀ ਤਰ੍ਹਾਂ ਖੜੋਤ ਆ ਚੁੱਕੀ ਹੈ । ਇਨ੍ਹਾਂ ਦਾ ਇਸ ਗੱਲ ਤੇ ਮੈਂ ਜ਼ਰੂਰ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਖੁਸ਼ਹਾਲ ਤਾਂ ਹੀ ਹੋਵੇਗਾ, ਜੇ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ । ਲੇਕਿਨ ਇਨ੍ਹਾਂ ਦੀ ਨੀਤੀਆਂ ਦੇ ਕਾਰਨ ਪੰਜਾਬ ਦੇ ਕਿਸਾਨ ਅਤੇ ਪੰਜਾਬ ਦੀ ਕਿਸਾਨੀ ਦੀ ਆਰਥਿਕਤਾ ਤਹਿਸ-ਨਹਿਸ ਹੋ ਰਹੀ ਹੈ ਇਸ ਤੇ ਰੋਣਾ ਵੀ ਆਉਂਦਾ ਹੈ ਅਤੇ ਦੁਖ ਵੀ ਹੁੰਦਾ ਹੈ । ਜੇ ਦੇਖਿਆ ਜਾਵੇ ਕਿ ਇਹ ਅੱਜ ਜਿਹੜਾ ਕਦੇ 5/- ਰੁਪਏ ਅਤੇ ਕਦੇ 7/- ਰੁਪਏ ਫਸਲ ਦੀ ਕੀਮਤ ਵਧਾ ਕੇ ਲਿਆਉਂਦੇ ਹਨ, ਡਿਪਟੀ ਸਪੀਕਰ ਸਾਹਿਬ, ਸਹੀ ਪੁਜੀਸ਼ਨ ਤਾਂ ਇਹ ਹੈ ਕਿ ਪੰਜਾਬ ਦੀ ਖੇਤੀਬਾੜੀ ਦੀ ਅੱਜ 1500 ਕਰੋੜ ਰੁਪਏ ਨੈਗੇਟਿਵ ਟਰੇਡ ਬੈਲੈਂਸ ਹੈ । ਦੂਜੇ ਸ਼ਬਦਾਂ ਵਿੱਚ ਕਿ ਜੋ ਅਸੀਂ ਚੀਜ਼ਾਂ ਬਾਹਰੋਂ ਦੂਜੇ ਦੇਸ਼ਾਂ ਤੋਂ ਮੰਗਵਾਉਂਦੇ ਹਾਂ ਅਤੇ ਉਨ੍ਹਾਂ ਨੂੰ ਇੱਥੇ ਵੇਚਦੇ ਹਾਂ ਤਾਂ ਸਾਨੂੰ 1500 ਕਰੋੜ ਰੁਪਏ ਦਾ ਘਾਟਾ ਪੈਂਦਾ ਹੈ । ਇਹ ਪੰਜਾਬ ਦੀ ਕਿਸਾਨੀ ਦੀ ਆਰਥਿਕਤਾ ਦੀ ਪੁਜ਼ੀਸ਼ਨ ਹੈ । ਇਸ ਤਰ੍ਹਾਂ 1500 ਕਰੋੜ ਰੁਪਏ ਦੇ ਘਾਟੇ ਦਾ ਸੌਦਾ ਹੈ । ਡਿਪਟੀ ਸਪੀਕਰ ਸਾਹਿਬ, ਜੇ ਵੇਖਣਾ ਹੋਵੇ ਤਾਂ ਪੰਜਾਬ ਦੀਆਂ ਮੰਡੀਆਂ ਵਿੱਚ ਤੁਸੀਂ ਚਲੇ ਜਾਓ ਕਿਸੇ ਐਤਵਾਰ ਵਾਲੇ ਦਿਨ,ਜਾਂ ਛੁੱਟੀ ਵਾਲੇ ਦਿਨ, ਉਥੇ ਟਰੈਕਟਰਾਂ ਦੀਆਂ ਹੋੜ੍ਹਾਂ ਲੱਗੀਆਂ ਹੁੰਦੀਆਂ ਹਨ ਜਿਹੜਾ ਕਿਸਾਨ ਚਾਰ ਲੱਖ ਰੁਪਏ ਦਾ ਕਰਜਾ ਲੈ ਕੇ ਨਵਾਂ ਟਰੈਕਟਰ ਲੈਂਦਾ ਹੈ ਅਤੇ ਫਿਰ ਕਰਜ਼ੇ ਦੀਆਂ ਕਿਸਤਾਂ ਨਾ ਉਤਾਰ ਸਕਣ ਕਰਕੇ ਉਹ ਘਾਟੇ ਵਿੱਚ ਆਪਣਾ ਟਰੈਕਟਰ ਵੇਚਦਾ ਹੈ । ਜੇ ਤੁਸੀਂ ਵੇਖਣਾ ਹੋਵੇ ਤਾਂ ਮੈਂ ਦਿਖਾ ਸਕਦਾ ਹਾਂ ਕਿ ਪੰਜਾਬ ਦੇ ਕਿਸਾਨ ਦੀ ਕੀ ਹਾਲਤ ਹੈ ਅਤੇ ਇਨ੍ਹਾਂ ਸਾਰੀਆਂ ਗੱਲਾਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਪੰਜਾਬ ਦੇ ਕਿਸਾਨ ਦਾ

[ਕੈਪਟਨ ਕੰਵਲਜੀਤ ਸਿੰਘ]

ਸੰਕਟ ਜਿਹੜਾ ਹੈ ਅਤੇ ਜਿਹੜੇ ਸੰਕਟ ਨੂੰ ਬਚਾਉਣ ਦੀ ਇਹ ਕੋਸ਼ਿਸ਼ ਨਹੀਂ ਕਰਦੇ ਉਹ ਇਹ ਹੈ ਕਿ ਹਰ ਸਾਲ ਪੰਜਾਬ ਦੇ ਕਿਸਾਨ ਨੂੰ ਉਸ ਦੀ ਫਸਲ ਦੀ ਮਿੱਥੀ ਹੋਈ ਆਮਦਨ ਨਹੀਂ ਮਿਲਦੀ ਜਿਸਦੇ ਸਿੱਟੇ ਵਜੋਂ ਅੱਜ ਪੰਜਾਬ ਦੇ ਕਿਸਾਨ ਸਿਰ 15000 ਕਰੋੜ ਰੁਪਏ ਦਾ ਕਰਜ਼ਾ ਹੈ । ਡਿਪਟੀ ਸਪੀਕਰ ਸਾਹਿਬ, ਇਹ ਮੈਂ ਨਹੀਂ ਕਹਿੰਦਾ ਇਹ ਅਖ਼ਬਾਰਾਂ ਵਾਲਿਆਂ ਵਲੋਂ ਅੰਕੜੇ ਪੇਸ਼ ਕੀਤੇ ਗਏ ਹਨ । ਦੂਸਰਾ ਸੰਕਟ ਜੋ ਸਾਡੇ ਸਾਹਮਣੇ ਹੈ ਉਹ ਡਬਲਯੂ.ਟੀ.ਓ. ਦਾ ਹੈ ਜਿਹੜਾ ਇਨ੍ਹਾਂ ਦੀ ਸਰਕਾਰ ਦੀ ਦੇਣ ਹੈ ਅਤੇ ਤੀਸਰਾ ਇਹ ਕਿ ਅੱਜ ਦਿੱਲੀ ਵੱਲ ਵੀ ਆਵਾਜਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ ਅਤੇ ਕਦਮ ਵੀ ਪੁੱਟਣੇ ਸ਼ੁਰੂ ਹੋ ਗਏ ਹਨ ਕਿ ਕੇਂਦਰ ਸਰਕਾਰ ਐਮ.ਐਸ.ਪੀ., ਅਤੇ ਫਸਲਾਂ ਦੀ ਖਰੀਦ ਦੇ ਪ੍ਰਬੰਧ ਤੇ ਮੁੜ ਵਿਚਾਰ ਕਰਨ ਲਈ ਲੱਗੀ ਹੋਈ ਹੈ । ਇਸ ਦੇ ਨਾਲ ਅੱਜ ਪੰਜਾਬ ਦੀ ਕਿਸਾਨੀ ਅੰਦਰ ਦਹਿਸ਼ਤ ਹੈ । ਉਸ ਦੇ ਅੰਦਰ ਬੜੀ ਮਾਯੂਸੀ ਹੈ । ਸਿੱਟੇ ਵਜੋਂ ਛੋਟੇ ਕਿਸਾਨ, ਡਿਪਟੀ ਸਪੀਕਰ ਸਾਹਿਬ, ਆਪਣੀ ਖੇਤੀਬਾੜੀ ਛੱਡ ਕੇ ਦਿਹਾੜੀਆਂ ਕਰਨ ਲੱਗੇ ਹੋਏ ਹਨ । ਕਈ ਹਜ਼ਾਰ ਕਿਸਾਨ ਪਿਛਲੇ ਇੱਕ ਸਾਲ ਵਿੱਚ ਆਪਣੀ ਜ਼ਮੀਨ ਵੇਚ ਕੇ, ਕਿਸੇ ਕੋਲ ਇੱਕ ਏਕੜ ਜਾਂ ਦੋ ਵਿੱਘੇ ਸੀ, ਉਹ ਵੇਚ ਕੇ ਪੰਜਾਬ ਦੀਆਂ ਸੜਕਾਂ ਤੇ ਰੋੜੀ ਕੁੱਟ ਰਹੇ ਹਨ । ਇਹ ਇਨ੍ਹਾਂ ਕਾਂਗਰਸੀਆਂ ਨੇ ਕੀਤਾ ਹੈ । ਮੈਂ ਕਹਾਂਗਾ ਕਿ ਅੱਜ ਕਿਸਾਨ ਆਰਥਿਕ ਤੌਰ ਤੇ ਕਰਜ਼ੇ ਦਾ ਸ਼ਿਕਾਰ ਹੋ ਕੇ ਖ਼ੁੱਦਕੁਸ਼ੀਆਂ ਕਰਨ ਲੱਗੇ ਹਨ ਲੇਕਿਨ, ਡਿਪਟੀ ਸਪੀਕਰ ਸਾਹਿਬ, ਮੰਤਰੀ ਸਾਹਿਬ ਜਦੋਂ ਬਜਟ ਪੇਸ਼ ਕਰਦੇ ਹਨ ਤਾਂ ਪੰਜਾਬ ਦੀ ਕਿਸਾਨੀ ਦੀਆਂ ਸਮੱਸਿਆਵਾਂ, ਪੰਜਾਬ ਦੀ ਆਰਥਿਕਤਾ ਦੀਆਂ ਮੁੱਖ ਸਮੱਸਿਆਵਾਂ ਨੂੰ ਪੇਸ਼ ਨਹੀਂ ਕਰਦੇ । ਉਨ੍ਹਾਂ ਦਾ ਜਿਕਰ ਨਹੀਂ ਕਰਦੇ ਬਲਕਿ ਚੁੱਪ ਬੈਠੇ ਰਹਿੰਦੇ ਹਨ । ਡਿਪਟੀ ਸਪੀਕਰ ਸਾਹਿਬ, ਅੱਜ ਜਿੱਥੇ ਪੰਜਾਬ ਦੇ 70% ਲੋਕ ਸਿੱਧੇ ਜਾਂ ਅਸਿੱਧੇ ਢੰਗ ਨਾਲ ਖੇਤੀਬਾੜੀ ਸੈਕਟਰ ਨਾਲ ਜੁੜੇ ਹੋਏ ਹਨ ਉਥੇ ਬਜਟ ਵਿੱਚ ਸਿਰਫ 4% ਹਿੱਸਾ ਇਨ੍ਹਾਂ ਵਾਸਤੇ ਰੱਖਿਆ ਹੈ, ਸਿਰਫ 4% ਦੀ ਵਿਵਸਥਾ ਕੀਤੀ ਹੈ । ਇਨ੍ਹਾਂ ਕੋਲ ਸਿਰਫ ਇੱਕੋ ਮਰੀ ਪਿੱਟੀ ਨੀਤੀ ਹੈ ਅਤੇ ਉਸ ਦੀ ਵਾਰ ਵਾਰ ਗੱਲ ਕਰਦੇ ਹਨ, ਉਹ ਹੈ ਡਾਈਵਰਸੀਫਿਕੇਸ਼ਨ ਆਫ਼ ਕਰਾਪਸ ਤੇ ਕਾਂਟਰੈਕਟ ਫਾਰਮਿੰਗ । ਇਸ ਨਾਲ ਕਿਸਾਨਾਂ ਦੀ ਆਰਥਿਕਤਾ ਖਰਾਬ ਹੋ ਗਈ ਹੈ । ਇਹ ਕਹਿੰਦੇ ਸੀ ਕਿ ਇਸ ਨਾਲ ਪੰਜਾਬ ਦੀ ਆਰਥਿਕਤਾ ਬਦਲ ਦੇਵਾਂਗੇ । ਇਹ ਆਪਣੀ ਰਿਪੋਰਟ ਲੈ ਕੇ ਕੇਂਦਰ ਸਰਕਾਰ ਕੋਲ ਗਏ ਕਿ ਇਸ ਨੂੰ ਮਨਜ਼ੂਰ ਕਰੋ ਪਰ ਡਿਪਟੀ ਸਪੀਕਰ ਸਾਹਿਬ, ਕੇਂਦਰ ਨੇ ਕਾਂਟਰੈਕਟ ਫਾਰਮਿੰਗ ਤੇ ਡਾਈਵਰਸੀਫਿਕੇਸ਼ਨ ਆਫ਼ ਕਰਾਪਸ ਦੀ ਨੀਤੀ ਨੂੰ ਰੱਦ ਕਰ ਦਿੱਤਾ । ਫਿਰ ਇਨ੍ਹਾਂ ਨੇ 12 ਕਰੋੜ ਰੁਪਿਆ ਸਿਰਫ ਇਸ਼ਤਿਹਾਰਾਂ ਤੇ ਖ਼ਰਚ ਕਰ ਦਿੱਤਾ । ਹੁਣੇ

ਹੀ ਇਹ ਕਹਿੰਦੇ ਸੀ ਕਿ ਸਾਡਾ ਖਜ਼ਾਨਾ ਖਾਲੀ ਹੈ । ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ, ਲੇਕਿਨ ਆਪਣੀਆਂ ਫੋਟੋਆਂ ਲਗਾਉਣ ਲਈ 12 ਕਰੋੜ ਰੁਪਿਆ ਖ਼ਰਚਿਆ ਤੇ ਫਿਰ ਇਸ ਕਾਂਟਰੈਕਟ ਫਾਰਮਿੰਗ ਦਾ ਸਿੱਟਾ ਕੀ ਨਿਕਲਿਆ ? ਮੈਂ ਅੰਕੜੇ ਪੇਸ਼ ਕਰਦਾ ਹਾਂ । ਫਸਲ ਹੈ ਛੋਲਾ ਸਾਲ 2001-02 ਵਿੱਚ 2487 ਹਜ਼ਾਰ ਹੈਕਟੇਅਰ ਰਕਬੇ ਵਿੱਚ ਇਸ ਦੀ ਕਾਸ਼ਤ ਹੋਈ ਜਿਹੜੀ ਕਿ, ਡਿਪਟੀ ਸਪੀਕਰ ਸਾਹਿਬ,ਵੱਧ ਕੇ ਸਾਲ 2003-04 ਵਿੱਚ 2614 ਹਜ਼ਾਰ ਹੈਕਟੇਅਰ ਹੋ ਗਈ । ਇਸੇ ਤਰ੍ਹਾਂ ਸਾਲ 2001-02 ਦੌਰਾਨ ਕਣਕ ਦਾ ਰਕਬਾ 3420 ਹਜ਼ਾਰ ਹੈਕਟੇਅਰ ਸੀ । ਜਿਹੜਾ ਕਿ ਸਾਲ 2003-04 ਵਿੱਚ ਵੱਧ ਕੇ 3440 ਹਜ਼ਾਰ ਹੈਕਟੇਅਰ ਹੋ ਗਿਆ । 12 ਕਰੋੜ ਰੁਪਿਆ ਲਗਾਉਣ ਦੇ ਬਾਵਜੂਦ ਅਜਿਹਾ ਕੁਝ ਹੋਇਆ । ਇਹ ਹਸ਼ਰ ਹੋਇਆ ਕਿ ਕਣਕ ਅਤੇ ਛੋਲੇ ਥੱਲੇ ਰਕਬਾ ਘੱਟਿਆ ਨਹੀਂ ਬਲਕਿ ਵਧਿਆ । ਪਰ ਇਹ ਪ੍ਰਵਾਨ ਨਹੀਂ ਕਰਦੇ ਔਰ ਹਰ ਚੀਜ਼ ਠੇਕੇਦਾਰੀ ਤੇ ਦੇਣ ਦੀ ਗੱਲ ਕਰਦੇ ਹਨ । ਕਾਂਟਰੈਕਟ ਫਾਰਮਿੰਗ ਵੀ ਠੇਕੇਦਾਰੀ ਸਿਸਟਮ ਹੈ । ਇਸ ਵਿੱਚ ਇਹ ਬੜੀ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ । ਸਰਕਾਰ ਕਹਿੰਦੀ ਹੈ ਕਿ ਕਣਕ ਅਤੇ ਛੋਲੇ ਦਾ ਰਕਬਾ ਘਟਾਉਣਾ ਹੈ ਲੇਕਿਨ ਅਸਲੀਅਤ ਇਹ ਹੈ ਕਿ ਹਿੰਦੁਸਤਾਨ ਦੀ 40% ਆਬਾਦੀ ਭੁੱਖਮਰੀ ਦਾ ਸ਼ਿਕਾਰ ਹੈ । 40 ਕਰੋੜ ਲੋਕ ਅਤੇ ਉਨ੍ਹਾਂ ਦੇ ਪਰਿਵਾਰ ਅੱਜ ਭੁੱਖੇ ਪੇਟ ਸੌਂਦੇ ਹਨ ਤੇ ਇਹ ਕਹਿੰਦੇ ਹਨ ਕਿ ਕਣਕ ਅਤੇ ਛੋਲਾ ਬੰਦ ਕਰਨਾ ਹੈ । ਇਹ ਯੂਨਾਈਟਿਡ ਨੇਸ਼ਨ ਦੀ ਰਿਪੋਰਟ ਹੈ, ਮੇਰੀ ਨਹੀਂ । ਪੰਜਾਹ ਹਜ਼ਾਰ ਬੱਚੇ ਅਜਿਹੇ ਹਨ ਕਿ ਹਿੰਦੁਸਤਾਨ ਵਿੱਚ ਭੁੱਖਮਰੀ ਕਰਕੇ ਮੌਤ ਦੇ ਮੂੰਹ ਚੜ੍ਹ ਜਾਂਦੇ ਹਨ । ਹੋਰ ਵੀ ਅੰਕੜੇ ਹਨ । ਹਿੰਦੁਸਤਾਨ ਵਿੱਚ ਇੱਕ ਵਿਅਕਤੀ ਨੂੰ ਹਰ ਸਾਲ 174 ਕਿੱਲੋ ਅਨਾਜ ਉਪਲੱਬਧ ਹੈ ਔਰ ਇਸ ਦੇ ਮੁਕਾਬਲੇ ਜੇ ਅਸੀਂ ਬਾਕੀ ਵਿਕਾਸਸ਼ੀਲ ਦੇਸ਼ ਦੇਖੀਏ । ਚੀਨ ਦਾ ਹਾਲ ਹੀ ਦੇਖ ਲਓ । ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦੇ 174 ਕਿੱਲੋ ਦੇ ਮੁਕਾਬਲੇ 308 ਕਿੱਲੋ ਹਰ ਚੀਨੀ ਨੂੰ ਅਨਾਜ ਉਪਲੱਬਧ ਹੈ । ਸਾਡੀ ਸਰਕਾਰ ਕਹਿੰਦੀ ਹੈ ਕਿ ਅਨਾਜ ਦੀ ਪੈਦਾਵਾਰ ਘੱਟ ਕਰ ਲਓ । ਜ਼ਰੂਰਤ ਇਹ ਹੈ ਕਿ ਹਿੰਦੁਸਤਾਨ ਦੇ ਵਿੱਚ ਅਨਾਜ ਦੀ ਪੈਦਾਵਾਰ ਆਉਣ ਵਾਲੇ 10 ਸਾਲਾਂ ਵਿੱਚ ਦੁੱਗਣੀ ਹੋਵੇ, ਨਹੀਂ ਤਾਂ ਵਧੀ ਹੋਈ ਆਬਾਦੀ ਅੰਦਰ ਭੁੱਖਮਰੀ ਫੈਲੇਗੀ । ਇਸ ਦਾ ਮੁਕਾਬਲਾ ਸਿਵਾਏ ਪੰਜਾਬ ਤੋਂ ਹੋਰ ਹਿੰਦੁਸਤਾਨ ਦਾ ਕੋਈ ਪ੍ਰਾਂਤ ਨਹੀਂ ਕਰ ਸਕਦਾ । ਜਿਹੜਾ ਸਾਡਾ ਵਿੱਤ ਮੰਤਰੀ, ਸਾਡੀ ਸਰਕਾਰ ਕਹਿੰਦੀ ਹੈ ਕਿ ਅਨਾਜ ਦੀ ਕੋਈ ਲੋੜ ਨਹੀਂ, ਇਸ ਦਾ ਬੜਾ ਅਫ਼ਸੋਸ ਹੈ ।

ਡਿਪਟੀ ਸਪੀਕਰ ਸਾਹਿਬ, ਜੇ ਆਪਾਂ ਗੱਲ ਕਰ ਲਈਏ [illegible] ਦੀ ਕਿ ਇਹ ਜਿਹੜੀ ਲਾਪਰਵਾਹੀ ਤਿੰਨ ਸਾਲਾਂ ਤੋਂ ਸਰਕਾਰ ਕਰਦੀ [illegible] ਸੀ, ਇਸ

[ਕੈਪਟਨ ਕੰਵਲਜੀਤ ਸਿੰਘ]

ਲਾਪਰਵਾਹੀ ਨਾਲ ਸਨਅਤ ਦਾ ਬੁਰੀ ਤਰ੍ਹਾਂ ਭੱਠਾ ਬੈਠਿਆ ਹੈ । ਹਰ ਵਾਰ ਇਨ੍ਹਾਂ ਨੇ ਕੋਈ ਨਾ ਕੋਈ ਗੱਲ ਕਹੀ ਹੈ ਔਰ ਐਤਕੀਂ ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਸਿੰਗਲ ਵਿੰਡੋ ਸਿਸਟਮ ਸ਼ੁਰੂ ਕਰਾਂਗੇ । ਸਿੰਗਲ ਵਿੰਡੋ ਸਿਸਟਮ, ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਵੇਲੇ ਲਾਗੂ ਕੀਤਾ ਗਿਆ ਸੀ, ਸਿੰਗਲਾ ਸਾਹਿਬ ਨੇ ਨਹੀਂ । ਇਸੇ ਤਰ੍ਹਾਂ ਪੰਜਾਬ ਦੇ ਅੰਦਰ ਦੇਖਿਆ ਗਿਆ ਹੈ ਕਿ ਛੋਟੀ ਅਤੇ ਦਰਮਿਆਨੀ ਸਨਅਤ ਦਾ ਬੋਲਬਾਲਾ ਹੈ ਔਰ ਇਹ ਸਾਰੀ ਸਨਅਤ ਬਟਾਲਾ, ਫਗਵਾੜਾ, ਗੋਰਾਇਆਂ, ਲੁਧਿਆਣਾ ਅਤੇ ਮੰਡੀ ਗੋਬਿੰਦਗੜ੍ਹ ਵਿੱਚ ਮੋਟੇ ਤੌਰ ਤੇ ਕੇਂਦਰਿਤ ਹੈ । ਲੇਕਿਨ ਇਸ ਬਜਟ ਵਿੱਚ ਇਸ ਸਨਅਤ ਨੂੰ ਉਤਸ਼ਾਹਿਤ ਕਰਨ ਲਈ ਨਾ ਕੋਈ ਕਦਮ ਚੁੱਕੇ ਹਨ ਅਤੇ ਨਾ ਲੈਣ ਬਾਰੇ ਕਿਹਾ ਹੈ ਬਲਕਿ ਸਨਅਤ ਪ੍ਰਤੀ ਅੱਜ ਜਿਹੜੀ ਇਨ੍ਹਾਂ ਦੀ ਨੀਤੀ ਹੈ, ਹਰ 2-3 ਮਹੀਨੇ ਬਾਅਦ ਬਿਜਲੀ ਦੀਆਂ ਦਰਾਂ ਵਿੱਚ ਵਾਧਾ ਕਰੋ । ਜੇ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਬੈਠ ਗਿਆ ਜਿਸ ਕਰਕੇ ਇਹ ਬਿਜਲੀ ਦੀਆਂ ਦਰਾਂ ਵਿੱਚ ਵਾਧਾ ਨਹੀਂ ਕਰ ਸਕਦੇ ਤਾਂ ਇਹ ਵਾਧਾ ਫਿਰ ਟੇਡੇ ਢੰਗ ਨਾਲ ਕਰ ਦਿੰਦੇ ਹਨ। ਕਦੇ ਬਿਜਲੀ ਡਿਊਟੀ ਵਧਾ ਦਿੰਦੇ ਹਨ, ਕਦੇ ਇਹ ਬਿਜਲੀ ਉਪਰ ਚੁੰਗੀ ਵਧਾ ਦਿੰਦੇ ਹਨ । ਅੱਜ ਪੰਜਾਬ ਦੀ ਸਨਅਤ ਸੰਕਟ ਵਿੱਚ ਹੈ, ਪੰਜਾਬ ਦੇ ਅੰਦਰ ਬਿਜਲੀ ਇਤਨੀ ਮਹਿੰਗੀ ਹੈ ਕਿ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਦੇ ਮੁਕਾਬਲੇ ਵਿੱਚ ਸਨਅਤ ਪੰਜਾਬ ਵਿਚੋਂ ਹਿਜ਼ਰਤ ਕਰਕੇ ਇਨ੍ਹਾਂ ਸੂਬਿਆਂ ਵਿੱਚ ਜਾ ਰਹੀ ਹੈ । ਅਸੀਂ ਉਮੀਦ ਕਰਦੇ ਸੀ, ਕਹਿੰਦੇ ਹਨ ਕਿ ਸਾਡੇ ਪੰਜਾਬ ਦੇ ਵਿੱਤ ਮੰਤਰੀ ਇਕਨਾਮਿਸਟ ਹਨ ਔਰ ਪੰਜਾਬ ਦੀ ਸਨਅਤ ਅਤੇ ਉਦਯੋਗ ਦੇ ਵਾਧੇ ਲਈ ਕੋਈ ਨਵੀਂ ਨੀਤੀ ਅਪਣਾਉਣਗੇ । ਪੰਜਾਬ ਦੇ ਵਿਕਾਸ ਅਤੇ ਪੰਜਾਬ ਦੇ ਉਦਯੋਗ ਨੂੰ ਲੀਹਾਂ ਦੇ ਉਪਰ ਲਿਜਾਣ ਵਾਸਤੇ ਲੋੜ ਸੀ ਕਿ ਇਥੇ ਇਸ ਬਜਟ ਦੇ ਵਿੱਚ ਖੇਤੀਬਾੜੀ ਤੇ ਆਧਾਰਿਤ ਸਨਅਤ ਚਲਾਉਣ ਲਈ ਕਹਿੰਦੇ, ਇਸ ਪੈਕੇਜ ਨੂੰ ਪਰਮੋਟ ਕਰਨ ਵਾਸਤੇ ਕੋਈ ਨਾ ਕੋਈ ਐਲਾਨ ਕੀਤਾ ਜਾਂਦਾ । ਲੇਕਿਨ ਇਸ ਦੇ ਬਾਰੇ ਚੁੱਪ ਧਾਰਨ ਕੀਤੀ ਗਈ । ਇਸ ਦੇ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਲੈਂਡ ਲਾਰਡ ਸਟੇਟ ਹੈ ਔਰ ਇਥੇ ਹੋਰ ਨੈਚੂਰਲ ਰਿਸੋਰਸਿਜ਼ ਨਹੀਂ ਹਨ । ਸਨਅਤ ਲਈ ਇਥੇ ਖੇਤੀਬਾੜੀ ਹੀ ਰਾਅ ਮੈਟੀਰੀਅਲ ਹੈ । ਡਿਪਟੀ ਸਪੀਕਰ ਸਾਹਿਬ, ਬੜੀ ਭਰਪੂਰ ਕਵਾਲਿਟੀ ਅਤੇ ਕੁਆਂਟਿਟੀ ਵਿੱਚ ਇਥੇ ਉਪਲੱਬਧ ਹੈ ਔਰ ਇਨ੍ਹਾਂ ਨੂੰ ਚਾਹੀਦਾ ਸੀ ਕਿ ਪੰਜਾਬ ਦੇ ਵਿੱਚ ਖੇਤੀਬਾੜੀ ਆਧਾਰਿਤ ਐਗਰੋ ਪ੍ਰੋਸੈਸਿੰਗ ਇੰਡਸਟਰੀ ਪ੍ਰਫੁਲਤ ਕਰਨ ਲਈ ਇਸ ਬਜਟ ਵਿੱਚ ਕਿਹਾ ਜਾਂਦਾ ਲੇਕਿਨ ਇਹ ਇਸ ਦੇ ਬਾਰੇ ਪੂਰੀ ਤਰ੍ਹਾਂ ਚੁੱਪ ਬੈਠੇ ਹਨ ।

ਮੈਂ ਅੱਗੇ ਹੋਰ ਗੱਲ ਕਹਿੰਦਾ ਹਾਂ ਕਿ ਅੱਜ ਜੋ ਪੰਜਾਬ ਦੇ ਵਿੱਚ ਸਭ ਤੋਂ ਵੱਡੀ ਸਮੱਸਿਆ ਹੈ, ਉਹ ਬੇਰੁਜ਼ਗਾਰੀ ਹੈ । ਸਰਕਾਰ ਆਪ ਮੰਨਦੀ ਹੈ ਕਿ ਪੰਜਾਬ ਦੇ 20 ਲੱਖ ਨੌਜਵਾਨ ਬੇਰੁਜ਼ਗਾਰੀ ਦਾ ਸ਼ਿਕਾਰ ਹੋਏ ਫਿਰਦੇ ਹਨ । ਇਨ੍ਹਾਂ 20 ਲੱਖ ਦੇ ਵਿੱਚ 70 ਫੀਸਦੀ ਪਿੰਡਾਂ ਦੇ ਨੌਜਵਾਨ ਹਨ ਔਰ ਇਹ ਨੌਜਵਾਨ ਡਿਪਰੈਸ਼ਨ ਅਤੇ ਫਰੱਸਟਰੇਸ਼ਨ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦੁਰਵਰਤੋਂ ਵਿੱਚ ਫਸਦੇ ਜਾ ਰਹੇ ਹਨ। ਇਸੇ ਤਰ੍ਹਾਂ ਪੰਜਾਬ ਦੇ ਅੰਦਰ ਇੱਡੇ ਵੱਡੇ ਇੱਕ ਹਿੱਸੇ ਨੂੰ, ਜਿਹੜਾ ਕਿ ਜਵਾਨੀ ਦਾ ਜੋਸ਼ ਹੈ, ਜਵਾਨੀ ਦਾ ਹੋਸ਼ ਹੈ, ਜਿਸ ਦੀ ਉਮੀਦ ਤੇ ਪਾਣੀ ਫਿਰ ਗਿਆ, ਇਸ ਨਾਲ ਮੈਂ ਇਹ ਕਹਾਂਗਾ ਕਿ ਇਹ ਸਰਕਾਰ ਪੰਜਾਬ ਦੇ ਵਿੱਚ ਜਿਹੜੀ ਜਵਾਨੀ ਹੈ ਉਸ ਨੂੰ ਤਬਾਹ ਕਰਨ ਵਲ ਜਾ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਇਸ ਦੇ ਨਾਲ ਪੰਜਾਬ ਵਿੱਚ ਸੋਸ਼ਲ ਟੈਨਸ਼ਨਜ਼ ਪੈਦਾ ਹੋਣਗੀਆਂ ਔਰ ਲਾਅ ਐਂਡ ਆਰਡਰ ਦੀ ਪ੍ਰਾਬਲਮ ਪੈਦਾ ਹੋਵੇਗੀ । ਪਰ ਸਰਕਾਰ ਕੀ ਕਹਿੰਦੀ ਹੈ ਕਿ ਅਸੀਂ ਪੰਜਾਬ ਦੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਵਿੱਚ ਭਰਤੀ ਉਪਰ ਪਾਬੰਦੀ ਲਗਾ ਦਿੱਤੀ ਹੈ ਅਤੇ ਇੱਥੋਂ ਤੱਕ ਜਿਹੜੀ ਤਰਸ ਦੇ ਆਧਾਰ ਤੇ ਨੌਕਰੀ ਮਿਲਦੀ ਸੀ ਉਸ ਨੂੰ ਵੀ ਇਨ੍ਹਾਂ ਨੇ ਬੰਦ ਕਰ ਦਿੱਤਾ ਹੈ, ਇਹ ਇਨ੍ਹਾਂ ਨੇ ਕਿਤਨਾਂ ਕਠੋਰ ਰਵੱਈਆ ਬੇਰੁਜ਼ਗਾਰ ਨੌਜਵਾਨਾਂ ਦੇ ਨਾਲ ਅਪਣਾਇਆ ਹੈ । ਮੈਂ ਕਹਾਂਗਾ ਕਿ ਜਿਹੜੇ ਇਸ ਤਰ੍ਹਾਂ ਦੇ ਬੇਰੁਜ਼ਗਾਰ ਹਨ ਉਹ ਜਿਹੜੇ ਜਾਅਲੀ ਏਜੰਟ ਫਿਰਦੇ ਹਨ, ਉਨ੍ਹਾਂ ਨੂੰ 30-30, 35-35 ਜਾਂ 40-40 ਲੱਖ ਰੁਪਿਆ ਆਪਣੀਆਂ ਜ਼ਮੀਨਾਂ, ਆਪਣੇ ਘਰ ਵੇਚ ਕੇ ਬਾਹਰ ਪੁੱਜਣ ਲਈ ਦੇ ਦਿੰਦੇ ਹਨ ਤਾਂ ਫਿਰ ਉਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੁੰਦਾ, ਜਦੋਂ ਉਹ ਜੇਲ੍ਹਾਂ ਦੇ ਵਿੱਚ ਜਾ ਕੇ ਬੰਦ ਹੋ ਜਾਂਦੇ ਹਨ ਫਿਰ ਇਹ ਉਨ੍ਹਾਂ ਨੌਜਵਾਨਾਂ ਨੂੰ ਵਾਹਗਾ ਬਾਰਡਰ ਦੇ ਉਤੇ ਛੁਡਾ ਕੇ ਲਿਆਉਣ ਲਈ ਆਪਣੇ ਆਪ ਨੂੰ ਹੀਰੋ ਬਣਨ ਦੀ ਕੋਸ਼ਿਸ਼ ਕਰਦੇ ਹਨ । ਸੋ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਹਾਲਤ ਇਹ ਹੈ ਕਿ ਬੇਰੁਜ਼ਗਾਰ ਨੌਜਵਾਨ ਆਪਣੀਆਂ ਜ਼ਮੀਨਾਂ, ਆਪਣੇ ਘਰ ਵੇਚ ਕੇ ਇਸ ਤਰ੍ਹਾਂ ਕਰ ਰਹੇ ਹਨ । ਇਸ ਤੋਂ ਇਲਾਵਾ ਇੱਕ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਨੇ ਇਥੋਂ ਤੱਕ ਕਿਹਾ ਕਿ ਲਹਿਰਾ ਮੁਹੱਬਤ ਪਲਾਂਟ ਫੇਜ਼ ਦੋ ਦੀ ਪ੍ਰਵਾਨਗੀ ਦੇ ਦਿੱਤੀ ਹੈ ਔਰ ਉਸ ਦੇ ਉਤੇ 1800 ਕਰੋੜ ਰੁਪਿਆ ਖਰਚਾ ਆਵੇਗਾ ਔਰ ਇਨ੍ਹਾਂ ਨੇ ਉਸ ਦਾ ਠੇਕਾ ਵੀ ਭਾਰਤ ਦੀ ਹੈਵੀ ਇਲੈਕਟ੍ਰਿਕ ਕੰਪਨੀ ਨੂੰ ਦੇ ਦਿੱਤਾ, ਕੰਮ ਸ਼ੁਰੂ ਹੋ ਗਿਆ । ਡਿਪਟੀ ਸਪੀਕਰ ਸਾਹਿਬ, ਅਫਸੋਸ ਦੀ ਗੱਲ ਹੈ ਕਿ ਇਸ ਪੰਜਾਬ ਵਿਰੋਧੀ ਸਰਕਾਰ ਨੇ ਇਸ ਪ੍ਰਾਜੈਕਟ ਨੂੰ ਬਣਾਉਣ ਦੇ ਲਈ ਪੰਜਾਬ ਦੇ ਵਿੱਚੋਂ ਇੱਕ ਮੁੰਡਾ ਜਾਂ ਕੁੜੀ ਨੂੰ ਨਹੀਂ ਲਗਾਇਆ ਸਗੋਂ ਸਾਰੇ ਬੰਦੇ ਬਾਹਰੋਂ ਲਗਾਏ ਗਏ ਹਨ, ਜੇਕਰ ਇਹ ਗੱਲ ਗਲਤ ਹੋਵੇ ਤਾਂ ਇਹ ਦੱਸ ਦੇਣ ਔਰ ਇਸ ਲਈ ਇੱਕ ਪੜਤਾਲੀਆ ਕਮੇਟੀ ਬਣਾ ਲਈ ਜਾਵੇ ਜਿਹੜੀ

[ਕੈਪਟਨ ਕੰਵਲਜੀਤ ਸਿੰਘ]

ਉਥੇ ਜਾ ਕੇ ਇਸ ਗੱਲ ਦੀ ਜਾਂਚ ਕਰ ਲਵੇ ਕਿ ਅਸਲੀਅਤ ਕੀ ਹੈ ? ਡਿਪਟੀ ਸਪੀਕਰ ਸਾਹਿਬ, ਇੱਕ ਅਫਸੋਸ ਦੀ ਗੱਲ ਇਹ ਹੈ ਕਿ ਇਨ੍ਹਾਂ ਨੇ ਪ੍ਰਵਾਨ ਵੀ ਕੀਤਾ ਹੈ ਅਤੇ ਐਲਾਨ ਵੀ ਕੀਤਾ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਜਨਤਕ ਸੇਵਾਵਾਂ ਅਰਪਿਤ ਕਰਵਾਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਔਰ ਇਸ ਗੱਲ ਬਾਰੇ ਵਿੱਤ ਮੰਤਰੀ ਜੀ ਨੇ ਬੋਲਿਆ ਵੀ ਹੈ ਕਿ ਸਰਕਾਰ ਵੱਲੋਂ ਉਪਲੱਬਧ ਕੀਤੀਆਂ ਜਾ ਰਹੀਆਂ ਜਨਤਕ ਸੇਵਾਵਾਂ ਪਿਛਲੇ ਕਈ ਸਾਲਾਂ ਤੋਂ ਨਾ ਕੇਵਲ ਅਤਿ ਅਧਿਕ ਮਹਿੰਗੀਆਂ ਸਾਬਿਤ ਹੋਈਆਂ ਹਨ, ਸਗੋਂ ਇਨ੍ਹਾਂ ਦੀ ਹਾਲਤ ਵੀ ਅੱਛੀ ਨਹੀਂ ਹੈ । ਇਹ ਆਪਣੀ ਹੀ ਪ੍ਰਫਾਰਮੈਂਸ ਦੇ ਬਾਰੇ ਦੱਸ ਰਹੇ ਹਨ ਕਿ ਅਸੀਂ ਪਿਛਲੇ ਤਿੰਨ ਸਾਲਾਂ ਦੇ ਵਿੱਚ ਕੀ ਪ੍ਰਫਾਰਮੈਂਸ ਕੀਤੀ ਹੈ ਔਰ ਆਪਣੀ ਹੀ ਕੀਤੀ ਹੋਈ ਪ੍ਰਫਾਰਮੈਂਸ ਉਤੇ ਟਿੱਪਣੀ ਕੀਤੀ ਹੈ । ਲੇਕਿਨ ਅਫਸੋਸ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਹ ਜਿਹੜੀ ਸਾਡੀ ਸੰਵਿਧਾਨਕ ਜ਼ਿੰਮੇਵਾਰੀ ਹੈ ਜਿਸ ਦੇ ਅਨੁਸਾਰ ਸਰਕਾਰ, ਸਿੱਖਿਆ ਦਾ, ਮੈਡੀਕਲ ਦਾ ਔਰ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰੇਗੀ ਲੇਕਿਨ ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਤਾਂ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਵੀ ਭੱਜ ਰਹੀ ਹੈ ਔਰ ਇਸ ਨੂੰ ਛਿੱਕੇ ਤੇ ਟੰਗ ਕੇ ਇਹ ਕਹਿ ਦਿੱਤਾ ਹੈ ਕਿ ਅਸੀਂ ਸਾਰਾ ਕੁਝ ਠੇਕੇ ਦੇ ਉਤੇ ਦੇਣਾ ਹੈ, ਠੇਕੇਦਾਰਾਂ ਤੋਂ ਕਰਵਾਉਣਾ ਹੈ। ਇਨ੍ਹਾਂ ਨੂੰ ਸੰਵਿਧਾਨਕ ਜ਼ਿੰਮੇਵਾਰੀ ਤੋਂ ਅਸੀਂ ਇੰਨੀ ਜਲਦੀ ਭੱਜਣ ਨਹੀਂ ਦਿਆਂਗੇ। ਇਹ ਜੋ ਠੇਕੇਦਾਰੀ ਦੀ ਗੱਲ ਕਰਦੇ ਹਨ ਇਹ ਪੰਜਾਬ ਨੂੰ ਬਰਬਾਦ ਕਰੇਗੀ। ਇਹ ਕਹਿੰਦੇ ਹਨ ਕਿ ਸਰਕਾਰੀ ਸੇਵਾਵਾਂ ਚਲ ਨਹੀਂ ਸਕਦੀਆਂ। ਜੇਕਰ ਤੁਸੀਂ ਇਸ ਗੱਲ ਦੇ ਉਤੇ ਨਿਗਾਹ ਮਾਰੋ ਕਿ ਜੇ ਪੀ.ਜੀ.ਆਈ., ਇੱਕ ਪ੍ਰੀਮੀਅਰ ਇੰਸਟੀਚਿਊਟ ਦੇ ਤੌਰ ਕੰਮ ਕਰ ਸਕਦਾ ਹੈ ਤਾਂ ਪੰਜਾਬ ਦੇ ਵਿੱਚ ਬਾਕੀ ਹਸਪਤਾਲਾਂ ਵਿਚ ਇਸ ਤਰ੍ਹਾਂ ਦਾ ਕੰਮ ਕਿਉਂ ਨਹੀਂ ਕੀਤਾ ਜਾ ਸਕਦਾ । ਜੇਕਰ ਚੰਡੀਗੜ੍ਹ ਦੇ ਮਾਡਲ ਸਕੂਲਾਂ ਦੇ ਵਿਚ ਬੱਚੇ ਪੜ੍ਹ ਕੇ, ਵੱਡੇ ਵੱਡੇ ਰੁਤਬੇ ਪ੍ਰਾਪਤ ਕਰ ਸਕਦੇ ਹਨ ਤਾਂ ਇਸ ਤਰ੍ਹਾਂ ਪੰਜਾਬ ਦੇ ਸਕੂਲਾਂ ਵਿੱਚ ਕਿਉਂ ਨਹੀਂ ਹੋ ਸਕਦਾ। ਡਿਪਟੀ ਸਪੀਕਰ ਸਾਹਿਬ, ਇਹ ਕਾਰਵਾਈ ਕਰਨੀ ਚਾਹੁੰਦੇ ਹਨ ਕਿ ਸਾਰਾ ਕੁਝ ਵੇਚ ਦਿਉ, ਜੇਕਰ ਕੁਝ ਵੇਚੋਂਗੇ ਤਾਂ ਹੀ ਉਸ ਦੇ ਵਿਚੋਂ ਕੁਝ ਨਾ ਕੁਝ ਹਿੱਸਾ ਮਿਲੇਗਾ ਔਰ ਇਹ ਪੰਜਾਬ ਨੂੰ ਲੁਟਾਉਣ ਦੇ ਵਿਚ ਲੱਗੇ ਹੋਏ ਹਨ ਔਰ ਇਨ੍ਹਾਂ ਨੇ ਕਈ ਵੱਡੀਆਂ ਵੱਡੀਆਂ ਕੰਪਨੀਆਂ ਨੂੰ ਇਸ ਤਰ੍ਹਾਂ ਦੇ ਕੰਮ ਦਿੱਤੇ ਹਨ ਤਾਂ ਜੋ ਇਨ੍ਹਾਂ ਨੂੰ ਵੀ ਉਸ ਦੇ ਵਿਚੋਂ ਹਿੱਸਾ ਮਿਲੇ। ਇਸ ਤੋਂ ਇਲਾਵਾ ਇਨ੍ਹਾਂ ਨੇ ਹੋਰ ਵੀ ਬਹੁਤ ਸਾਰੇ ਕੰਮ ਇਸ ਤਰ੍ਹਾਂ ਦੇ ਕੀਤੇ ਹਨ। ਮੈਂ, ਇਹ ਆਖਾਂਗਾ ਔਰ ਇਨ੍ਹਾਂ ਨੂੰ ਸੁਚੇਤ ਵੀ ਕਰਾਂਗਾ ਕਿ ਜਿਹੜਾ ਤੁਸੀਂ ਠੇਕੇਦਾਰੀ ਸਿਸਟਮ ਬਾਰੇ ਕਿਹਾ ਹੈ ਕਿ ਇਹ ਲਾਗੂ ਕਰਾਂਗੇ, ਜਿਹੜੀ ਪ੍ਰਾਈਵੇਟਾਈਜੇਸ਼ਨ ਕਰਨੀ ਹੈ ਇਸ ਦਾ ਸਿੱਟਾ ਇਹ ਹੋਵੇਗਾ ਕਿ ਗਰੀਬ ਲੋਕ, ਗਰੀਬ

ਜਨਤਾ ਕੁਚਲੀ ਜਾਵੇਗੀ ਅਤੇ ਗਰੀਬ ਦੇ ਬੱਚੇ ਸਕੂਲ ਦੀ ਫੀਸ ਨਹੀਂ ਦੇ ਸਕਣਗੇ, ਗਰੀਬ ਆਪਣੇ ਪਰਿਵਾਰਾਂ ਦਾ ਹਸਪਤਾਲ ਵਿਚ ਇਲਾਜ ਨਹੀਂ ਕਰਵਾ ਸਕਣਗੇ। ਡਿਪਟੀ ਸਪੀਕਰ ਸਾਹਿਬ, ਗਰੀਬ ਲੋਕ ਠੇਕੇਦਾਰਾਂ ਦੀਆਂ ਫੀਸਾਂ ਦੇ ਕੇ ਪੀਣ ਵਾਲਾ ਪਾਣੀ ਨਹੀਂ ਲੈ ਸਕਣਗੇ, ਨਾ ਬੱਸਾਂ ਵਿਚ ਚੜ੍ਹ ਸਕਣਗੇ ਕਿਉਂਕਿ ਠੇਕੇਦਾਰੀ ਸਿਸਟਮ ਨੇ ਇੱਕੋ ਗੱਲ ਤੇ ਕੰਮ ਕਰਨਾ ਹੈ-ਉਹ ਹੈ ਪ੍ਰਾਫਿਟ ਮੋਟਿਵ। ਸਰਕਾਰ ਦੀਆਂ ਜਿਹੜੀਆਂ ਜ਼ਿੰਮੇਵਾਰੀਆਂ ਹਨ ਉਸ ਤੋਂ ਇਹ ਨੱਸ ਰਹੇ ਹਨ। ਇਨ੍ਹਾਂ ਨੇ ਸਿੱਖਿਆ ਸਿਹਤ, ਪੀਣ ਵਾਲਾ ਪਾਣੀ, ਸੜਕਾਂ, ਪੁਲ, ਬਿਜਲੀ, ਤਕਨੀਕੀ ਸਿੱਖਿਆ ਦੇ ਮਹਿਕਮਿਆਂ ਨੂੰ ਠੇਕੇ ਤੇ ਦੇਣ ਬਾਰੇ ਕਿਹਾ ਹੈ। ਹੁਣ ਬਾਕੀ ਕੀ ਰਹਿ ਗਿਆ ਹੈ, ਉਸ ਦਾ ਮੈਂ ਜਵਾਬ ਮੰਗਾਂਗਾ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਸੈਕਟ੍ਰੀਏਟ ਦੀ ਨਿਲਾਮੀ ਕਰਨ ਨੂੰ ਰਹਿੰਦੀ ਹੈ, ਇਹ ਜਿਹੜੀ ਕਸਰ ਰਹਿ ਗਈ ਹੈ ਇਹ ਵੀ ਕਰਨਗੇ। ਇਸ ਸਬੰਧੀ ਅਗਲੇ ਸਾਲ ਬਜਟ ਵਿਚ ਇਹ ਗੱਲ ਲੈ ਕੇ ਆਉਣਗੇ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਠੇਕੇਦਾਰੀ ਸਿਸਟਮ ਹੈ ਇਸ ਨੇ ਪੰਜਾਬ ਦੀ ਗਰੀਬ ਜਨਤਾ ਕੁਚਲ ਕੇ ਰੱਖ ਦੇਣੀ ਹੈ। ਇਸ ਨਾਲ ਇਕ ਨਵੀਂ ਜਮਾਤ ਪੈਦਾ ਹੋਣੀ ਹੈ ਜੋ ਕਿ ਸਰਮਾਏਦਾਰੀ, ਠੇਕੇਦਾਰੀ ਵਾਲੀ ਹੋਵੇਗੀ। ਇਸ ਨਵੀਂ ਜਮਾਤ ਨੇ ਪੰਜਾਬ ਦੀ ਰਾਜਨੀਤੀ ਨੂੰ ਕੁਰੱਪਟ ਕਰ ਦੇਣਾ ਹੈ। ਠੇਕਿਆਂ ਦੀ ਬੋਲੀ ਆਪਾਂ ਦੇਖੀ ਹੈ। ਇਸ ਨੇ ਪੰਜਾਬ ਦੀ ਸਾਰੀ ਰਾਜਨੀਤੀ ਤਬਦੀਲ ਕਰਕੇ ਰੱਖ ਦੇਣੀ ਹੈ। ਮੈਂ ਸਿੰਗਲਾ ਸਾਹਿਬ ਨੂੰ ਕਹਿੰਦਾ ਹਾਂ ਕਿ ਇਸ ਚੀਜ਼ ਨੂੰ ਵਿਚਾਰੋ, ਜਿਹੜੀ ਤੁਸੀਂ ਰਾਜਾਸ਼ਾਹੀ ਦੀ ਨੀਤੀ ਅਪਣਾਈ ਹੈ, ਹਰ ਚੀਜ਼ ਠੇਕੇਦਾਰਾਂ ਦੇ ਹਵਾਲੇ ਕਰ ਦੇਣੀ ਤੇ ਵਿਚੋਂ ਹਿੱਸਾਪੱਤੀ ਲੈ ਲੈਣੀ ਹੈ, ਇਸ ਰਾਜਾਸ਼ਾਹੀ ਦੀ ਨੀਤੀ ਨੂੰ ਖਤਮ ਕਰੋ। ਮੈਂ ਆਪਣੇ ਜਵਾਬ ਵਿਚ ਉਮੀਦ ਕਰਾਂਗਾ ਕਿ ਵਿੱਤ ਮੰਤਰੀ ਜੀ ਇਸ ਰਾਜਾਸ਼ਾਹੀ ਦੀ ਨੀਤੀ ਨੂੰ ਵਾਪਸ ਲੈਣ ਲਈ ਐਲਾਨ ਜ਼ਰੂਰ ਕਰਨਗੇ। ਡਿਪਟੀ ਸਪੀਕਰ ਸਾਹਿਬ, ਇਕ ਬੜੀ ਦਿਲਚਸਪ ਗੱਲ ਹੈ ਇਨ੍ਹਾਂ ਨੇ ਵਿਕਾਸ ਦੇ ਪੰਜ ਟੀਚੇ ਲਿਖੇ ਹਨ, ਜੇ ਮੈਂ ਸਾਰਾ ਪੜ੍ਹਨ ਲੱਗ ਪਿਆ ਤਾਂ ਸਮਾਂ ਲੱਗੇਗਾ। ਇਨ੍ਹਾਂ ਨੇ ਸ਼ਾਇਦ ਆਪਣੀ ਸਪੀਚ ਪੜ੍ਹੀ ਹੋਵੇ ਇਸ ਵਿਚ ਇਨ੍ਹਾਂ ਨੇ ਲਿਖਿਆ ਹੈ ਕਿ ਅਸੀਂ ਇਕ ਅਜਿਹੇ ਪੰਜਾਬ ਦੀ ਕਲਪਨਾ ਕਰਦੇ ਹਾਂ ਜਿਥੇ ਸ਼ਹਿਰ ਆਰਥਿਕਤਾ ਦਾ ਅਧਾਰ ਹੋਣ ਅਤੇ ਪਿੰਡ ਛੋਟੇ ਵਪਾਰਕ ਕੇਂਦਰ ਹੋਣ। ਇਨ੍ਹਾਂ ਨੇ ਬੜੀ ਲੰਬੀ ਗੱਲ ਕੀਤੀ ਹੈ। ਤੁਸੀਂ ਸਾਰਾ ਕੱਢ ਕੇ ਦੇਖ ਲਓ, ਸਾਰੀਆਂ ਕਿਤਾਬਾਂ ਖੋਲ੍ਹ ਕੇ ਦੇਖ ਲਈਆਂ, ਪਲੈਨ ਦੇਖ ਲਏ, ਸਪੀਚਾਂ ਦੇਖ ਲਈਆਂ, ਇਨ੍ਹਾਂ ਨੂੰ ਪੂਰਾ ਕਰਨ ਵਾਸਤੇ ਡਿਪਟੀ ਸਪੀਕਰ ਸਾਹਿਬ,ਸਾਰਾ ਬਜਟ ਖਾਲੀ ਹੋ ਜਾਵੇਗਾ। ਸ਼ਾਇਦ ਇਹ ਕਿਸੇ ਹੋਰ ਪਾਸੇ ਸ਼ਾਮ ਨੂੰ ਬੈਠੇ ਹੋਣ ਤੇ ਇਹ ਖਿਆਲ ਆ ਗਿਆ, ਉਹ ਲਿਖ ਦਿੱਤਾ ਕਿ ਕਿਹੜਾ ਕਿਸੇ ਨੇ ਦੇਖਣਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਇਸ ਸਰਕਾਰ ਦਾ ਹਾਲ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** (ਬੈਠੇ ਬੈਠੇ) : ਹੋਰ ਪਾਸੇ ਕੀ ਦੱਸਣ ਬੈਠੇ ਸੀ। ਜਿਥੇ ਸ਼ਾਮ ਨੂੰ ਬੈਠਦੇ ਹੋਣੇ ਉਥੇ ਬੈਠੇ ਸੀ।

(ਵਿੱਤ ਮੰਤਰੀ (ਬੈਠੇ ਬੈਠੇ) : ਬਠਿੰਡੇ ਬੈਠਿਆ ਸੀ ।)

**ਕੈਪਟਨ ਕੰਵਲਜੀਤ ਸਿੰਘ** : ਕਿਸੇ ਅਮੀਰ ਮਿੱਤਰ ਨਾਲ ਬੈਠੇ ਹੋਣੇ ਜਿਸ ਦਾ ਪੋਈਟ੍ਰੀ ਨਾਲ ਵਾਸਤਾ ਹੋਵੇਗਾ। ਇਕ ਟੀ.ਵੀ. ਉਪਰ ਸੀਰੀਅਲ ਆਉਂਦਾ ਸੀ ਹਿੰਦੀ ਵਿਚ । ਤੁਸੀਂ ਵੀ ਦੇਖਿਆ ਹੋਣਾ, ਸਾਰੇ ਮੈਂਬਰਾਂ ਨੇ ਦੇਖਿਆ ਹੋਣਾ, ਉਹ ਸੀ ਮੁੰਗੇਰੀ ਲਾਲ ਕੇ ਸੁਪਨੇ। ਅੱਜ ਸਾਨੂੰ ਦੂਰ ਜਾਣ ਦੀ ਲੋੜ ਨਹੀਂ, ਟੀ.ਵੀ. ਆਨ ਕਰਨ ਦੀ ਲੋੜ ਨਹੀਂ, ਮੁੰਗੇਰੀ ਲਾਲ ਨੂੰ ਮਿਲਣਾ ਹੋਵੇ ਤਾਂ ਸਿੰਗਲਾ ਜੀ ਦੇ ਦਰਸ਼ਨ ਕਰ ਲੈਣ। (ਹਾਸਾ) ਡਿਪਟੀ ਸਪੀਕਰ ਸਾਹਿਬ, ਹੁਣ ਵਿੱਤ ਮੰਤਰੀ ਜੋ ਕਹਿੰਦੇ ਹਨ ਕਿ ਬੜਾ ਸੁਧਾਰ ਆਇਆ ਹੈ, ਪੈਸੇ ਇੱਕਠੇ ਕਰ ਲਏ। ਪਰ ਇਨ੍ਹਾਂ ਨੇ ਜਿਹੜੇ ਅੰਕੜੇ ਦਿੱਤੇ ਹਨ ਉਸ ਸਬੰਧੀ ਮੈਂ ਇਹ ਸਾਬਤ ਕਰਾਂਗਾ ਕਿ ਵਿੱਤੀ ਸਧਾਰ ਨਹੀਂ ਬਲਕਿ ਪਿਛਲੇ ਸਾਲ ਨਾਲੋਂ ਨਿਘਾਰ ਆਇਆ ਹੈ। ਇਕ ਨਾਨ ਟੈਕਸ ਰੈਵੇਨਿਊ ਹੁੰਦਾ ਹੈ ਜਿਹੜਾ ਕਿ ਸਰਕਾਰ ਦਾ ਆਮਦਨ ਤੇ ਰੈਵੇਨਿਊ ਦਾ ਧੁਰਾ ਹੁੰਦਾ ਹੈ ।

ਉਹ ਸਾਲ 2004-05 ਦੇ ਵਿਚ ਨਾਨ ਟੈਕਸ ਰੈਵੇਨਿਊ ਸੀ, ਉਹ 6158.60 ਕਰੋੜ ਰੁਪਏ ਸੀ ਅਤੇ ਜਿਹੜੀ ਬੜੀ ਕੁਸ਼ਲਤਾ ਨਾਲ ਚਲਦੀ ਸਰਕਾਰ ਬਾਰੇ ਇਹ ਕਹਿੰਦੇ ਹਨ ਕਿ ਅਸੀਂ ਵਿੱਤੀ ਸੁਧਾਰ ਬਹੁਤ ਮੁਜ਼ਬੂਤ ਕਰ ਲਏ ਹਨ। ਸਾਰਾ ਪੈਸਾ ਇਕੱਠਾ ਕਰ ਲਿਆ। ਡਿਪਟੀ ਸਪੀਕਰ ਸਾਹਿਬ, ਸਾਲ 2005-06 ਦੇ ਵਿਚ ਜਿਹੜਾ ਇਨ੍ਹਾਂ ਦਾ ਨਾਨ ਟੈਕਸ ਰੈਵੇਨਿਊ ਹੈ, ਉਹ 4769.81 ਕਰੋੜ ਰੁਪਏ ਦਾ ਹੈ, ਯਾਨੀ ਕਿ ਜਿਹੜਾ ਸਾਲ 2005-06 ਦੇ 1388.85 ਕਰੋੜ ਨਾਨ ਟੈਕਸ ਰੈਵੇਨਿਊ ਘਟੇਗਾ, ਇਹ ਇਨ੍ਹਾਂ ਦੇ ਆਪਣੇ ਅੰਕੜੇ ਹਨ, ਇਨ੍ਹਾਂ ਨੇ ਆਪ ਹੀ ਦੱਸਿਆ ਹੈ। ਜਿਹੜਾ ਕਿ ਸਾਰੀ ਆਮਦਨ ਦਾ 22 ਪ੍ਰਤੀਸ਼ਤ ਬਣਦਾ ਹੈ। ਜੇਕਰ ਇਸ ਨੂੰ ਹੋਰ ਵਿਸਥਾਰ ਪੂਰਵਕ ਦੇਖੀਏ ਜਿਸ ਵਿਚੋਂ ਲਾਟਰੀਆਂ ਕੱਢ ਦੇਈਏ, ਲਾਟਰੀਆਂ ਦਾ ਕੱਢ ਕੇ ਸਾਲ 2004-05 ਦੇ ਵਿਚ ਨਾਨ ਟੈਕਸ ਰੈਵੇਨਿਊ 3424.66 ਕਰੋੜ ਰੁਪਏ ਸੀ ਔਰ ਅਗਲੇ ਸਾਲ ਇਹ 2005-06 ਦੇ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਜੋ ਸਾਡੀ ਆਮਦਨ ਹੈ ਉਹ 1520.87 ਕਰੋੜ ਰੁਪਏ ਹੋਵੇਗੀ। ਯਾਨੀ ਇਸ ਸਾਲ ਨਾਨ ਟੈਕਸ ਰੈਵੇਨਿਊ ਦੇ ਵਿਚ 1903.79 ਕਰੋੜ ਰੁਪਿਆ ਪਿਛਲੇ ਸਾਲ ਨਾਲੋਂ ਇਹ ਘਾਟਾ ਪਵੇਗਾ। ਜਿਹੜਾ ਕਿ 55. 59% ਬਣਦਾ ਹੈ। ਹੁਣ ਇਸ ਬਾਰੇ ਮੁੰਗੇਰੀ ਲਾਲ ਜੀ ਦੇਖ ਲੈਣ ਕਿ ਇਨ੍ਹਾਂ ਦਾ ਘਾਟਾ ਕਿਵੇਂ ਅਤੇ ਕਦੋਂ ਪੂਰਾ ਹੋਵੇਗਾ ? ਮੈਂ ਇਹ ਸਰਕਾਰ ਦੀ

ਕਾਰਜ ਕੁਸ਼ਲਤਾ ਅਤੇ ਕਾਰਗੁਜ਼ਾਰੀ ਤੇ ਟਿੱਪਣੀ ਕਰਦਾ ਹਾਂ। ਇਹ ਹੋਰ ਕੁਝ ਨਹੀਂ ਹੈ। ਇਹ ਜਿਹੜਾ ਕਹਿੰਦੇ ਹਨ ਕਿ ਅਸੀਂ ਚੰਗੇ ਕੰਮ ਕਰਦੇ ਹਾਂ। ਜੇ ਸੇਲਜ ਟੈਕਸ ਔਰ ਦੂਸਰੇ ਟੈਕਸਾਂ ਬਾਰੇ ਦੇਖੀਏ ਤਾਂ ਜਿਹੜਾ ਬਜਟ ਦੇ ਵਿਚ ਪ੍ਰੋਵੀਜ਼ਨ ਹੈ, ਉਸ ਦੇ ਨਾਲੋਂ 200 ਕਰੋੜ ਰੁਪਿਆ ਘੱਟ ਹੈ। ਮੋਟਰ ਵਹੀਕਲਜ਼ ਦੇ ਵਿੱਚ 20 ਕਰੋੜ ਰੁਪਿਆ ਘੱਟ ਹੈ। ਰਜਿਸਟਰੇਸ਼ਨ ਫੀਸ ਦੇ ਵਿਚ 300 ਕਰੋੜ ਰੁਪਏ ਦਾ ਘਾਟਾ ਹੈ । ਮੈਂ ਇਨ੍ਹਾਂ ਬਾਰੇ ਸਾਰਾ ਕੁਝ ਦਿਖਾਵਾਂਗਾ, ਇਹ ਅੰਕੜੇ ਇਨ੍ਹਾਂ ਨੇ ਆਪ ਹੀ ਰੱਖੇ ਹਨ । ਮੈਂ ਇਨ੍ਹਾਂ ਦੇ ਦੱਸੇ ਹੋਏ ਅੰਕਿੜਆਂ ਦੇ ਬੇਸ ਤੇ ਹੀ ਸਾਰਾ ਕੁਝ ਦੱਸਾਂਗਾ । ਸਾਲ 2003-04 ਵਿਚ ਵਿਕਰੀ ਕਰ ਬਜਟ ਐਸਟੀਮੇਟਸ 3575 ਕਰੋੜ ਸੀ ਜਦ ਕਿ ਅਸਲ ਪ੍ਰਾਪਤੀ ਕੀ ਹੋਈ ਉਹ 3307.94 ਕਰੋੜ ਰੁਪਏ, ਯਾਨੀ ਕਿ 200 ਕਰੋੜ ਰੁਪਏ ਦਾ ਘਾਟਾ ਪਿਆ ਹੈ। ਇਸ ਤਰ੍ਹਾਂ ਸਾਲ 2003-04 ਦੇ ਵਿਚ ਐਕਸਾਈਜ਼ ਦਾ 1500 ਕਰੋੜ ਰੁਪਏ ਦਾ ਐਸਟੀਮੇਟ ਸੀ ਅਤੇ ਅਸਲ ਪ੍ਰਾਪਤੀ 1468 ਕਰੋੜ ਰੁਪਏ ਦੀ ਹੋਈ । ਇਨ੍ਹਾਂ ਨੇ ਸਾਲ 2004-05 ਦੇ ਵਿਚ ਬਜਟ ਐਸਟੀਮੇਟ 1525 ਕਰੋੜ ਰੁਪਏ ਦੱਸਿਆ ਹੈ ਔਰ ਪ੍ਰਾਪਤੀ 1480 ਕਰੋੜ ਦੱਸੀ ਹੈ । ਮੋਟਰ ਗੱਡੀਆਂ ਦੀ ਫੀਸ ਸਾਲ 2003-04 ਅਤੇ 2004-05 ਵਿਚ 465 ਕਰੋੜ ਰੁਪਏ ਦੱਸੀ ਹੈ ਅਤੇ ਪ੍ਰਾਪਤੀ 405 ਕਰੋੜ ਰੁਪਏ ਹੈ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸਟੈਂਪ ਅਤੇ ਰਜਿਸਟਰੇਸ਼ਨ ਫੀਸ ਦੇ ਬਾਰੇ ਸਾਲ 2004-05 ਦੇ ਵਿਚ 800 ਕਰੋੜ ਰੁਪਏ ਦਾ ਐਸਟੀਮੇਟ ਰੱਖਿਆ ਯਾਨੀ ਕਿ ਪਿਛਲੇ ਸਾਲ 800 ਕਰੋੜ ਰੁਪਏ ਦਾ ਬਜਟ ਐਸਟੀਮੇਟ ਰੱਖਿਆ, ਪਰ ਉਸ ਵਿਚੋਂ ਪ੍ਰਾਪਤੀ ਕੀ ਹੋਈ ? ਪ੍ਰਾਪਤੀ ਹੋਈ 490 ਕਰੋੜ ਰੁਪਏ ਦੀ । ਰਜਿਸਟਰੇਸ਼ਨ ਫੀਸਾਂ ਦੇ ਵਿਚ ਇਨ੍ਹਾਂ ਨੇ ਆਪਣੀ ਹਿੱਸਾ ਪੱਤੀ ਲਈ ਹੈ । ਤਹਿਸੀਲਦਾਰਾਂ ਕੋਲੋਂ ਨੌਕਰੀਆਂ ਲਗਾਉਣ ਦੇ ਪੈਸੇ ਲੈਂਦੇ ਹਨ । ਇਸ ਢੰਗ ਦੇ ਨਾਲ ਮੈਂ ਸਾਬਤ ਕੀਤਾ ਹੈ ਕਿ ਇਨ੍ਹਾਂ ਦਾ ਜਿਹੜਾ ਵਿੱਤੀ ਪ੍ਰਬੰਧ ਹੈ, ਇਹ ਕਿੰਨਾ ਘਾਟਾ ਵਿਖਾਉਂਦੇ ਹਨ । ਜਦ ਕਿ ਇਹ ਪ੍ਰਾਪਤੀਆਂ ਕੀ ਦਿਖਾਉਂਦੇ ਹਨ । ਇਹ ਅੰਕੜੇ ਵੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਝਲਕ ਮਾਰਦੇ ਹਨ । ਇਹ ਸਾਰੇ ਅੰਕੜੇ ਦਰਸਾਉਂਦੇ ਹਨ ਕਿ ਸਰਕਾਰ ਦੀ ਕਾਰਗੁਜ਼ਾਰੀ ਕਿਸ ਤਰ੍ਹਾਂ ਦੀ ਹੈ । ਸਰਕਾਰ ਦੀ ਕਾਰਗੁਜ਼ਾਰੀ ਇੱਕ ਗੱਲ ਤੋਂ ਵੇਖੀ ਜਾਂਦੀ ਹੈ ਕਿ ਸਰਕਾਰ ਦੀ ਰੈਵੇਨਿਊ ਕਿੰਨੀ ਇਕੱਠੀ ਹੁੰਦੀ ਹੈ । ਇਸ ਦੇ ਬਾਰੇ ਤੁਸੀਂ ਜਿਕਰ ਪੜ੍ਹ ਲਿਆ ਹੈ । ਇਹ ਕਈ ਵਾਰੀ ਕੋਠਿਆਂ ਤੇ ਚੜ੍ਹ-ਚੜ੍ਹ ਕੇ ਕਰਜ਼ੇ ਦੀਆਂ ਗੱਲਾਂ ਕਰਦੇ ਹਨ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਪੰਜਾਬ ਸਰਕਾਰ ਦੇ ਸਿਰ 52000 ਕਰੋੜ ਰੁਪਏ ਦਾ ਕਰਜ਼ਾ ਚੜ੍ਹਾ ਦਿੱਤਾ । ਅਖਬਾਰਾਂ ਦੇ ਵਿਚ ਵੀ ਪੜ੍ਹਿਆ ਹੋਣਾ ਹੈ । ਇਨ੍ਹਾਂ ਦੇ ਆਪਣੇ ਕਰਜ਼ੇ ਬਾਰੇ ਅੰਕੜੇ ਪੇਸ਼ ਕੀਤੇ ਹਨ ਕਿ ਸਾਲ 2001-02 ਦੇ ਵਿਚ ਪੰਜਾਬ ਸਰਕਾਰ

[ਕੈਪਟਨ ਕੰਵਲਜੀਤ ਸਿੰਘ]

ਦੇ ਸਿਰ ਸਿਰਫ 32496 ਕਰੋੜ ਰੁਪਏ ਦਾ ਕਰਜ਼ਾ ਸੀ, ਜਿਹੜਾ ਕਿ ਪਿਛਲੇ 50 ਸਾਲਾਂ ਤੋਂ ਚੜ੍ਹਿਆ ਆ ਰਿਹਾ ਹੈ । ਇਹ ਕਰਜ਼ਾ ਪਿਛਲੇ 50-52 ਸਾਲਾਂ ਦੇ ਵਿਚ ਚੜ੍ਹਿਆ । ਸਾਲ 2005-06 ਦੇ ਵਿਚ ਜਿਵੇਂ ਕਿ ਇਨ੍ਹਾਂ ਨੇ ਆਪ ਹੀ ਅੰਕੜੇ ਦਿੱਤੇ ਹਨ ਇਹ 50097.90 ਕਰੋੜ ਰੁਪਏ ਹੈ । ਯਾਨੀ ਕਿ ਇਨ੍ਹਾਂ ਨੇ ਤਿੰਨ-ਚਾਰ ਸਾਲਾਂ ਦੇ ਵਿਚ, ਇਸ ਕਾਂਗਰਸ ਸਰਕਾਰ ਨੇ ਪੰਜਾਬ ਉਤੇ 18000 ਕਰੋੜ ਰੁਪਏ ਦਾ ਕਰਜ਼ਾ ਚੜ੍ਹਾਇਆ । ਡਿਪਟੀ ਸਪੀਕਰ ਸਾਹਿਬ, ਇਹ ਕੀ ਕਹਿਣਗੇ ? (ਆਪੋਜ਼ੀਸ਼ਨ ਪਾਰਟੀ ਵਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਹਾਲਾਂ ਕਿ ਇਨ੍ਹਾਂ ਨੇ ਫਿਗਰਾਂ ਲੁਕੋਈਆਂ ਹਨ, ਜਿਹੜਾ ਇਹ ਵਿਸ਼ਵ ਬੈਂਕ ਦੇ ਕਰਜ਼ੇ ਦੀ ਗੱਲ ਕਰਦੇ ਹਨ । ਇਹ ਜਿਹੜੇ ਕਰਜ਼ੇ ਬਾਰੇ ਬੈਂਕਾਂ ਨਾਲ ਸੌਦਾ ਕਰਦੇ ਹਨ । ਜਿਹੜਾਂ ਕਰਜ਼ਾ ਸਰਕਾਰ ਨੇ ਚਾਹੇ ਬੈਂਕਾਂ ਤੋਂ ਸੜਕਾਂ ਬਨਾਉਣ ਵਾਸਤੇ ਲਿਆ ਜਾਂ ਕਿਸੇ ਹੋਰ ਕੰਮਾਂ ਵਾਸਤੇ ਲਿਆ ਸੀ ਉਸ ਨਾਲ 18 ਹਜ਼ਾਰ ਕਰੋੜ ਰੁਪਏ ਦਾ ਕਰਜ਼ੇ ਵਿਚ ਵਾਧਾ ਹੋਇਆ ਹੈ । ਇਨ੍ਹਾਂ ਨੇ ਜਿਹੜੇ ਅੰਕੜੇ ਪੇਸ਼ ਕੀਤੇ ਹਨ ਅਤੇ ਵਿੱਤ ਮੰਤਰੀ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਸਾਡਾ ਰੈਵੇਨਿਊ ਡੈਫੀਸ਼ਿਟ 218.46 ਕਰੋੜ ਰੁਪਿਆ ਦੱਸਿਆ ਹੈ, ਇਹ ਇਨ੍ਹਾਂ ਨੇ ਬਹੁਤ ਹੀ ਘੱਟ ਸ਼ੋਅ ਕੀਤਾ ਹੈ ਪਰ ਜਿਹੜੇ ਅੰਕੜੇ ਮੇਰੇ ਕੋਲ ਹਨ ਉਸ ਦੇ ਮੁਤਾਬਿਕ ਇਹ ਘਾਟਾ ਰੈਵੇਨਿਊ ਡੈਫੀਸ਼ਿਟ ਵਿਚ 2500 ਕਰੋੜ ਤੱਕ ਜਾਵੇਗਾ । ਬਾਦਲ ਸਾਹਿਬ ਨੇ ਅੱਜ ਸਵੇਰੇ ਹਾਊਸ ਦੇ ਵਿਚ ਲੀਕਰ ਦੀ ਆਕਸ਼ਨ ਸਬੰਧੀ ਗੱਲ ਕਰਨੀ ਚਾਹੀ ਸੀ ਕਿ ਕਿਸ ਤਰ੍ਹਾਂ ਪੰਜਾਬ ਦੇ ਖਜ਼ਾਨੇ ਨੂੰ ਲੁੱਟਿਆ ਜਾ ਰਿਹਾ ਹੈ । ਪੰਜਾਬ ਦੀ ਜਨਤਾ ਇਸ ਸਬੰਧੀ ਜਾਣਕਾਰੀ ਲੈਣਾ ਚਾਹੁੰਦੀ ਹੈ । ਪੰਜਾਬ ਦੇ ਵਿਚ ਸ਼ਰਾਬ ਦੇ ਠੇਕਿਆਂ ਵਿਚ ਸਿਰਫ 1.5% ਦਾ ਹੀ ਵਾਧਾ ਦੱਸਿਆ ਗਿਆ ਜਦ ਕਿ ਗੁਆਂਢੀ ਰਾਜ ਹਰਿਆਣਾ ਵਿੱਚ ਜਿਥੇ ਕਾਂਗਰਸ ਪਾਰਟੀ ਦੀ ਸਰਕਾਰ ਹੈ ਉਥੇ ਲੀਕਰ ਦੀ ਆਕਸ਼ਨ ਵਿਚ 18% ਦਾ ਵਾਧਾ ਹੋਇਆ ਹੈ । ਪਰ ਇਥੇ ਪੰਜਾਬ ਦਾ ਖਜ਼ਾਨਾ ਖਾਲੀ, ਸਰਕਾਰ ਨੇ ਹੀ ਪੰਜਾਬ ਦੇ ਖਜ਼ਾਨੇ ਨੂੰ ਲੁੱਟ ਲਿਆ ਹੈ ਅਤੇ ਫੇਰ ਸਰਕਾਰ ਕਹਿੰਦੀ ਹੈ ਕਿ ਸਰਕਾਰ ਕੋਲ ਪੈਸੇ ਨਹੀਂ ਹਨ । ਸਰਕਾਰ ਆਪਣੇ ਮੁਲਾਜ਼ਮਾਂ ਨੂੰ ਪਿਛਲੇ 6-6 ਮਹੀਨਿਆਂ ਤੋਂ ਤਨਖਾਹ ਹੀ ਨਹੀਂ ਦੇ ਸਕੀ । ਜੇਕਰ ਸਰਕਾਰ ਹੀ ਖੁਦ ਪੰਜਾਬ ਦਾ ਖਜ਼ਾਨਾ ਲੁੱਟੇਗੀ ਫੇਰ ਤਾਂ ਖਜ਼ਾਨੇ ਦਾ ਹਾਲ ਮਾੜਾ ਹੀ ਹੋਵੇਗਾ । ਇਸ ਤਰ੍ਹਾਂ ਕਰਕੇ ਸਰਕਾਰ ਨੇ ਪੰਜਾਬ ਦੇ ਖਜ਼ਾਨੇ ਵਿਚ 200 ਕਰੋੜ ਰੁਪਏ ਦਾ ਘਾਟਾ ਪਾਇਆ ਹੈ ਅਤੇ 200 ਕਰੋੜ ਰੁਪਿਆ ਲੁੱਟਿਆ ਹੈ । (ਆਪੋਜ਼ੀਸ਼ਨ ਪਾਰਟੀ ਵਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਸ ਪੈਸੇ ਨਾਲ ਸਰਕਾਰ ਗਰੀਬਾਂ ਨੂੰ ਪੈਨਸ਼ਨਾਂ 200 ਰੁਪਏ ਪ੍ਰਤੀ ਮਹੀਨੇ ਦੇ ਸਕਦੀ ਸੀ ਤੇ ਇਸ ਨਾਲ ਸਾਢੇ 9 ਲੱਖ ਲੋਕਾਂ ਨੂੰ ਪੈਨਸ਼ਨਾਂ ਮਿਲ ਸਕਦੀਆਂ ਸਨ । ਪੰਜਾਬ ਦੀ ਜਨਤਾ ਇਸ ਦਾ ਜਵਾਬ ਮੰਗਦੀ ਹੈ ਇਹ ਪਬਲਿਕ ਦਾ ਪੈਸਾ ਸੀ । ਮੈਂ ਇਸ ਸਦਨ ਵਿਚ ਮੰਗ

ਕਰਦਾ ਹਾਂ ਕਿ ਇਸ ਲੀਕਰ ਆਕਸ਼ਨ ਦੀ ਸੀ.ਬੀ.ਆਈ. ਤੋਂ ਇਨਕੁਆਰੀ ਕਰਵਾਈ ਜਾਵੇ । ਇਨ੍ਹਾਂ ਨੇ ਪੰਜਾਬ ਦੀ ਜਨਤਾ ਦੇ ਫੰਡਜ਼ ਨੂੰ ਲੁਟਿਆ ਹੈ ਅਤੇ ਸਿਰਫ ਇਕ ਟੋਲੇ ਨੂੰ ਹੀ ਇਸ ਸ਼ਰਾਬ ਦੀ ਆਕਸ਼ਨ ਵਿਚ ਫਾਇਦਾ ਦਿੱਤਾ ਹੈ । ਮੈ ਇਥੇ ਹਾਊਸ ਵਿਚ ਮੰਗ ਕਰਦਾ ਹਾਂ ਕਿ ਇਸ ਹਾਊਸ ਦੀ ਜੁਆਇੰਟ ਇਨਕੁਆਰੀ ਕਮੇਟੀ ਬਣਾ ਦਿੱਤੀ ਜਾਵੇ ਜਿਸ ਦੇ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰ ਸਾਹਿਬਾਨ ਹੋਣ ਤਾਂ ਕਿ ਸਾਰਿਆਂ ਨੂੰ ਇਸ ਲੁੱਟ ਖਸੁੱਟ ਦਾ ਪਤਾ ਲਗ ਸਕੇ । ਇਹ ਕਮੇਟੀ ਇਸ ਦੀ ਇਨਕੁਆਰੀ ਕਰੇ ਔਰ ਇਸ ਬਾਰੇ ਹਾਊਸ ਵਿਚ ਰਿਪੋਰਟ ਪੇਸ਼ ਕੀਤੀ ਜਾਵੇ । ਬਾਕੀ ਮੈ ਟੈਕਸਾਂ ਬਾਰੇ ਦੱਸਦਾ ਹਾਂ ਇਸ ਵਿਚ ਟੈਕਸਾਂ ਦੀ ਚੋਰੀ ਹੋ ਰਹੀ ਹੈ । ਇਨ੍ਹਾਂ ਨੇ ਕੇਵਲ ਸ਼ਰਾਬ ਦੇ ਠੇਕਿਆਂ ਵਿਚ ਲੁੱਟ ਖਸੁੱਟ ਹੀ ਨਹੀਂ ਕੀਤੀ ਬਲਕਿ ਧੰਦਿਆਂ ਵਿਚ ਵੀ ਇਨ੍ਹਾਂ ਨੇ ਲੁਟਿਆ ਹੈ ਜਿਸ ਦੀ ਝਲਕ ਮੈਂ ਪੇਸ਼ ਕਰਦਾ ਹਾਂ ਚੰਡੀਗੜ੍ਹ ਤੋਂ ਲੁਧਿਆਣਾ ਜਾਓ ਤਾਂ ਰਸਤੇ ਵਿੱਚ ਨਿਲੋਂ ਟੂਰਿਸਟ ਕੰਪਲੈਕਸ ਆਉਂਦਾ ਹੈ, ਇਸ ਨਿਲੋਂ ਟੂਰਿਸਟ ਕੰਪਲੈਕਸ ਨੂੰ ਜੋ ਸਾਢੇ 7 ਏਕੜ ਜ਼ਮੀਨ ਵਿਚ ਬਣਿਆ ਹੋਇਆ ਹੈ, ਇਸ ਨੂੰ ਇੰਗਲੈਂਡ ਦੀ ਇਕ ਪਾਰਟੀ ਨੂੰ ਚੁੱਪ ਚਾਪ ਗੁਪਤ ਰੂਪ ਵਿਚ ਢਾਈ ਕਰੋੜ ਰੁਪਏ ਵਿਚ ਦੇ ਦਿੱਤਾ ਹੈ ਜਦ ਕਿ ਉਸ ਪ੍ਰਾਪਰਟੀ ਦੀ ਵੈਲਿਊ 10 ਕਰੋੜ ਰੁਪਿਆ ਹੈ । ਇਸ ਟੂਰਿਸਟ ਕੰਪਲੈਕਸ ਨੂੰ ਇੰਗਲੈਡ ਦੀ ਪਾਰਟੀ ਦੇ ਹਵਾਲੇ ਕਰ ਦਿੱਤਾ ਹੈ । ਸਰਕਾਰੀ ਤੌਰ ਤੇ ਇਸ ਪ੍ਰਾਪਰਟੀ ਨੂੰ 4 ਕਰੋੜ ਵਿਚ ਦੇਣ ਲਈ ਡਿਸਕਸ਼ਨ ਵੀ ਹੋਈ ਸੀ ਪਰ ਇਨ੍ਹਾਂ ਨੇ ਇਤਨੀ ਸਸਤੀ ਦੇ ਕੇ ਆਪਣੀ ਹਿੱਸਾ-ਪੱਤੀ ਕਰ ਲਈ ਹੋਵੇਗੀ । ਡਿਪਟੀ ਸਪੀਕਰ ਸਾਹਿਬ, ਜੇ ਮੈਂ ਕਹਾਂ, ਜੋ ਇਹ ਸਾਰੇ ਟੈਕਸ ਇਕੱਠੇ ਕਰਨ ਤੇ ਲਗੇ ਹੋਏ ਹਨ, ਜਿਹੜਾ ਨਾਨ ਟੈਕਸ ਰੈਵੇਨਿਊ ਹੈ, ਜੇ ਇਹ ਸਹੀ ਢੰਗ ਨਾਲ ਸਾਰੇ ਅਫਸਰਾਂ ਨੂੰ ਅਤੇ ਪ੍ਰਸ਼ਾਸਨ ਨੂੰ ਖਿੱਚ ਕੇ ਕੰਮ ਲੈਣ ਤੇ ਲੁੱਟ ਖਸੁੱਟ ਬੰਦ ਕਰਨ ਤਾਂ ਨਵੇਂ ਟੈਕਸ ਲਾਉਣ ਦੀ ਲੋੜ ਨਹੀਂ, ਖਜ਼ਾਨਾ ਭਰਪੂਰ ਹੋਵੇਗਾ । ਪਰ ਇਨ੍ਹਾਂ ਦੀ ਦਿਲਚਸਪੀ ਇਸ ਗੱਲ ਨਾਲ ਨਹੀਂ ਕਿ ਲੋਕਾਂ ਦੀ ਸੇਵਾ ਕਰਨੀ ਹੈ, ਇਨ੍ਹਾਂ ਦੀ ਦਿਲਚਸਪੀ ਇਸ ਗੱਲ ਨਾਲ ਹੈ ਕਿ ਆਪਣੀ ਸੇਵਾ ਕਰਨੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਜਿਹੜੇ ਇਕ ਸਾਲ ਦੇ ਵਿੱਚ ਇਨ੍ਹਾਂ ਨੇ ਟੈਕਸ ਲਾਏ, ਉਹ ਇਸ ਸਦਨ ਵਿਚ ਨਹੀਂ ਲਾਏ, ਇਸ ਬਜਟ ਵਿਚ ਨਹੀਂ ਲਾਏ, ਸਿਰਫ ਥੋੜ੍ਹਾ ਜਿਹਾ ਇਨ੍ਹਾਂ ਨੇ ਪੇਸ਼ ਕੀਤਾ ਹੈ ਪਰ ਚਾਹੀਦਾ ਤਾਂ ਇਹ ਸੀ ਕਿ ਟੈਕਸ ਇਸ ਸਦਨ ਵਿਚ ਲਗਾਉਂਦੇ ਲੇਕਿਨ ਨਹੀਂ ਲਾਏ ਔਰ ਇਨ੍ਹਾਂ ਨੇ ਪੰਜਾਬ ਦੀ ਗਰੀਬ ਜਨਤਾ ਦੇ ਉਪਰ ਪਿਛਲੇ 2-3 ਮਹੀਨਿਆਂ ਵਿਚ ਸਾਢੇ ਸੱਤ ਸੌ ਕਰੋੜ ਰੁਪਏ ਦੇ ਟੈਕਸ ਲਗਾ ਦਿੱਤੇ ਹਨ । ਫੇਰ ਡਿਪਟੀ ਸਪੀਕਰ ਸਾਹਿਬ, ਹਾਲੇ ਕਹਿੰਦੇ ਹਨ ਕਿ ਖਜ਼ਾਨਾ ਖਾਲੀ ਹੈ । ਵਿੱਤ ਮੰਤਰੀ ਸਾਹਿਬ ਕਹਿੰਦੇ ਹਨ, ਪੰਜਾਬੀਓ, ਤਿਆਰ ਹੋ ਜਾਓ, ਠੇਕੇਦਾਰ ਆ ਗਏ ਹਨ । ਅਸੀਂ ਪਜ਼ੀਰ

[ਕੈਪਟਨ ਕੰਵਲਜੀਤ ਸਿੰਘ]

ਚਾਰਜਿਜ਼ ਪੀਣ ਵਾਲੇ ਪਾਣੀ ਤੇ, ਬਿਜਲੀ ਤੇ, ਹਸਪਤਾਲਾਂ ਤੇ ਲਾਉਣੇ ਹਨ, ਸਕੂਲਾਂ ਦੀਆਂ ਫੀਸਾਂ ਵਧਾਉਣੀਆਂ ਹਨ । ਇਸ ਦੇ ਲਈ ਇਨ੍ਹਾਂ ਨੇ ਪੰਜਾਬ ਦੀ ਜਨਤਾ ਨੂੰ ਤਿਆਰ ਕਰ ਦਿੱਤਾ ਹੈ । ਇਹ ਇਕ ਅਲਹਿਦਾ ਵਜ਼ਨ ਹੈ ਜਿਸ ਦਾ ਕਿਸੇ ਪਾਸੇ ਕੋਈ ਹਿਸਾਬ ਨਹੀਂ ਹੈ ਤੇ ਯੂਜ਼ਰ ਚਾਰਜਿਜ਼ ਸਰਕਾਰ ਆਪ ਵਧਾਏਗੀ ਯਾਨੀ ਕਿ ਵਿਧਾਨ ਸਭਾ ਦੀ ਪ੍ਰਵਾਨਗੀ ਤੋਂ ਬਗੈਰ । ਡਿਪਟੀ ਸਪੀਕਰ ਸਾਹਿਬ, ਮੈਂ ਵੇਰਵਾ ਦੇਣਾ ਚਾਵਾਂਗਾ ਕਿ ਇਨ੍ਹਾਂ ਨੇ ਬਿਜਲੀ ਕਰ ਵਧਾਇਆ, ਰਜਿਸਟ੍ਰੇਸ਼ਨ ਫੀਸ ਜਿਹੜੀ ਇਨ੍ਹਾਂ ਦੀ ਪਿਛਲੀ ਸਰਕਾਰ 12% ਸੀ, ਉਹ ਸਾਡੀ ਸਰਕਾਰ ਨੇ ਲੋਕਾਂ ਨੂੰ ਰਾਹਤ ਦੇਣ ਵਾਸਤੇ 12% ਤੋਂ ਘਟਾ ਕੇ 6% ਕੀਤੀ ਪਰ ਇਸ ਕਠੋਰ ਸਰਕਾਰ ਨੇ ਉਹ ਫੇਰ 9% ਕਰ ਦਿੱਤੀ ਤੇ ਇਸ ਤਰ੍ਹਾਂ ਨਾਲ ਪੰਜਾਬ ਦੀ ਗਰੀਬ ਜਨਤਾ ਦੀਆਂ ਜੇਬਾਂ ਵਿਚੋਂ ਸਾਢੇ ਚਾਰ ਸੌ ਕਰੋੜ ਰੁਪਿਆ ਕੱਢ ਲੈਣਾ ਹੈ।

ਡਿਪਟੀ ਸਪੀਕਰ ਸਾਹਿਬ, ਫੇਰ ਅੱਗੇ ਬਿਜਲੀ ਦੀ ਚੁੰਗੀ ਦੀ ਗੱਲ ਆਉਂਦੀ ਹੈ । ਇਹ ਸਰਕਾਰ ਸ਼ਹਿਰੀ ਜਨਤਾ ਦੀ ਬੜੀ ਵਕਾਲਤ ਕਰਦੀ ਹੈ, ਜਿਸ ਦਿਨ ਵਿਧਾਨ ਸਭਾ 18 ਤਾਰੀਖ ਨੂੰ ਬੈਠੀ, ਉਸੇ ਦਿਨ ਇਨ੍ਹਾਂ ਨੇ ਵਿਧਾਨ ਸਭਾ ਵਿਚ ਨਹੀਂ ਆਖਿਆ, ਬਾਹਰ ਉਸਦੀ ਸਪਿਰਿਟ ਦੀ ਉਲੰਘਣਾ ਕਰਦੇ ਹੋਏ ਬਿਜਲੀ ਚੁੰਗੀ 6% ਤੋਂ ਵਧਾ ਕੇ 10% ਕਰਨ ਬਾਰੇ ਦੱਸਿਆ ਤੇ 100 ਕਰੋੜ ਰੁਪਏ ਦਾ ਪੰਜਾਬ ਦੀ ਸ਼ਹਿਰੀ ਜਨਤਾ ਦੇ ਉਪਰ ਵਜ਼ਨ ਪਾ ਦਿੱਤਾ । ਫੇਰ ਡੀਜ਼ਲ ਦਾ ਸੈਸ 1/- ਰੁਪਿਆ ਲਗਾ ਦਿੱਤਾ, ਯਾਨੀ 100 ਕਰੋੜ ਰੁਪਏ ਦਾ ਵਜ਼ਨ, ਪੈਟਰੋਲ ਤੇ ਸੈਸ ਫੇਰ 150 ਕਰੋੜ ਰੁਪਏ ਦਾ ਵਜ਼ਨ ਤੇ ਇਸ ਤਰ੍ਹਾਂ ਦੇ ਕੁੱਲ 750 ਕਰੋੜ ਰੁਪਏ ਦੇ ਇਨ੍ਹਾਂ ਨੇ ਟੈਕਸ ਲਾਏ । ਇਸ ਦੇ ਨਾਲ ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਹੋਰ ਮਹਿੰਗਾਈ ਵਧੇਗੀ ਕਿਉਂਕਿ ਡੀਜ਼ਲ ਦੀ ਕੀਮਤ ਵਧੇਗੀ ਤੇ ਕਿਸਾਨੀ ਨੂੰ ਜਿਹੜਾ ਡੀਜ਼ਲ ਦਾ ਢੋਲ 5100/- ਰੁਪਏ ਦਾ ਮਿਲਦਾ ਹੈ, ਉਹ ਹੁਣ 6000/- ਰੁਪਏ ਨੂੰ ਪਵੇਗਾ ਕਿਉਂਕਿ 1 ਅਪ੍ਰੈਲ ਤੋਂ ਕੇਂਦਰ ਸਰਕਾਰ ਵੀ ਡੀਜ਼ਲ ਦੀਆਂ ਕੀਮਤਾਂ ਵਧਾਉਣ ਜਾ ਰਹੀ ਹੈ । ਇਸ ਦੇ ਨਤੀਜੇ ਵਜੋਂ ਪੰਜਾਬ ਵਿਚ ਹਿੰਦੁਸਤਾਨ ਦੇ ਸਭ ਸੂਬਿਆਂ ਨਾਲੋਂ ਵੱਧ ਕੀਮਤ ਤੇ 29/- ਰੁਪਏ ਪ੍ਰਤੀ ਲੀਟਰ ਡੀਜ਼ਲ ਵਿਕੇਗਾ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਜਿਸ ਕਾਰਨ ਕਿਸਾਨ ਕੁਚਲਿਆ ਜਾਵੇਗਾ, ਬੱਸਾਂ ਦੇ ਕਿਰਾਏ ਵਧਣਗੇ, ਟਰੱਕਾਂ ਦੇ ਭਾੜੇ ਵਧਣਗੇ, ਤੇ ਪੰਜਾਬ ਦੀ ਜਨਤਾ ਮਹਿੰਗਾਈ ਵਿਚ ਹੋਰ ਵਾਧਾ ਹੋਣ ਕਰਕੇ ਹੋਰ ਪਿਸੇਗੀ.....(ਵਿਘਨ)

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ...

**ਮਾਨਯੋਗ ਡਿਪਟੀ ਸਪੀਕਰ** : ਹਾਂ ਜੀ, ਡੋਗਰਾ ਜੀ, ਦੱਸੋ ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਡਿਪਟੀ ਸਪੀਕਰ ਸਾਹਿਬ,** ** **

**Mr. Deputy Speaker :** This is no Point of Order .

**ਕੈਪਟਨ ਕੰਵਲਜੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸਰਦਾਰ ਬਾਦਲ ਦੀ ਸਰਕਾਰ ਨੇ 5 ਸਾਲਾਂ ਵਿਚ ਡੀਜ਼ਲ ਦੀ ਕੀਮਤ ਵਿਚ ਇਕ ਪੈਸਾ ਵੀ ਨਹੀਂ ਵਧਾਇਆ ਬਾਵਜੂਦ ਇਸ ਗੱਲ ਦੇ ਕਿ ਬਾਕੀ ਦੇ ਸੂਬੇ ਸਾਡੇ ਤੇ ਜ਼ੋਰ ਪਾਉਂਦੇ ਰਹੇ ਕਿ ਪੰਜਾਬ ਵਿਚ ਡੀਜ਼ਲ ਸਾਰੇ ਹਿੰਦੁਸਤਾਨ ਨਾਲੋਂ ਸਸਤਾ ਵਿਕਦਾ ਹੈ ਜਿਸ ਨੂੰ ਕਿ ਇਨ੍ਹਾਂ ਨੇ ਸਾਰੇ ਹਿੰਦੁਸਤਾਨ ਨਾਲੋਂ ਮਹਿੰਗਾ ਕਰ ਦਿੱਤਾ ਹੈ (ਥੰਪਿੰਗ ਅਤੇ ਸ਼ੇਮ ਸ਼ੇਮ ਦੀਆਂ ਆਵਾਜ਼ਾਂ) .

**ਵਿੱਤ ਮੰਤਰੀ (ਬੈਠੇ, ਬੈਠੇ)** : ਇਹ ਸਾਰਾ ਕੁਝ ਝੂਠ ਹੀ ਹੈ ।

**ਕੈਪਟਨ ਕੰਵਲਜੀਤ ਸਿੰਘ** : ਜਿਹੜੀ ਗੱਲ ਨਹੀਂ ਸੁਣਨੀ, ਉਹ ਝੂਠ ਬਣ ਜਾਂਦੀ ਹੈ । ਵਿਸ਼ਵ ਬੈਂਕ ਵੀ ਇਹ ਕਹਿੰਦਾ ਹੈ ਕਿ ਪੰਜਾਬ ਦੇ ਸੇਲ ਟੈਕਸ ਦੀ ਕੁਲੈਕਸ਼ਨ ਦੇ ਵਿਚ 1500 ਕਰੋੜ ਰੁਪਏ ਦਾ ਘਪਲਾ ਹੈ । ਇਹ ਵਿਸ਼ਵ ਬੈਂਕ ਦੀ ਰਿਪੋਰਟ ਕਹਿੰਦੀ ਹੈ, ਮੈਂ ਨਹੀਂ ਕਹਿੰਦਾ । 1500 ਕਰੋੜ ਰੁਪਿਆ ਕਿਥੇ ਜਾ ਰਿਹਾ ਹੈ, ਕਿਉਂ ਜਾ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਇਸ ਗੱਲ ਦੀ ਵੀ ਪੜਤਾਲ ਕਰਕੇ ਪੰਜਾਬ ਦੀ ਜਨਤਾ ਦੇ ਸਾਹਮਣੇ ਰੱਖਣ ਦੀ ਲੋੜ ਹੈ । ਜੇ ਸਾਰਾ ਕੁਝ ਸਹੀ ਹੋਵੇ, ਡਿਪਟੀ ਸਪੀਕਰ ਸਾਹਿਬ ਜਿਹੜੇ ਇਹ ਟੈਕਸ ਲਾਈ ਜਾਂਦੇ ਹਨ, ਇਕ ਤੋਂ ਬਾਅਦ ਇਕ, ਉਹ ਟੈਕਸ ਲਾਉਣ ਦੀ ਲੋੜ ਹੀ ਨਹੀਂ ਹੋਵੇਗੀ ।

---

** Expunged as ordered by the Chair.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਇਨ੍ਹਾਂ ਨੂੰ ਬੇਨਤੀ ਕਰਾਗਾਂ ਕਿ ਇਹ ਫਿਗਰਜ਼ ਨੂੰ ਪ੍ਰਾਪਰਲੀ ਜਾਂ ਆਨੈਸਟਲੀ ਕੋਟ ਕਰਨ । ਜਿਹੜੀ ਅੰਡਰਕੁਲੈਕਸ਼ਨ ਹੈ ਸੈਲਜ਼ ਟੈਕਸ ਦੀ, ਉਹ ਇਨ੍ਹਾਂ ਦੇ ਟਾਈਮ ਦੀ ਹੈ । ਵਰਲਡ ਬੈਂਕ ਦੀ ਇਹ ਰਿਪੋਰਟ ਪੜ੍ਹ ਲੈਣ, ਨਹੀਂ ਤਾਂ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ । ਟੈਕਸ ਦੀ 25% ਐਂਡਰਕੁਲੈਕਸ਼ਨ ਜੋ ਇਹ ਕਹਿ ਰਹੇ ਹਨ, ਇਹ ਪਿਛਲੇ 10 ਸਾਲ ਤੋਂ ਚਲੀ ਆ ਰਹੀ ਹੈ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਫਿਗਰਜ਼ ਸੋਚ ਸਮਝ ਕੇ ਅਤੇ ਜ਼ਿੰਮੇਵਾਰੀ ਨਾਲ ਦੱਸਣ ਕਿਉਂਕਿ ਕੱਲ੍ਹ ਨੂੰ ਇਹ ਚੀਜ਼ ਇਨ੍ਹਾਂ ਨੂੰ ਫੇਸ ਕਰਨੀ ਪਵੇਗੀ ।

**ਮਾਨਯੋਗ ਡਿਪਟੀ ਸਪੀਕਰ :** ਇਸ ਬਾਰੇ ਤੁਸੀਂ ਫੇਰ ਜਵਾਬ ਦੇਣ ਵੇਲੇ ਦੱਸ ਦੇਣਾ ।

**ਕੈਪਟਨ ਕੰਵਲਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ, ਇਹ ਮੈਨੂੰ ਕੀ ਪੜ੍ਹਾਉਣਗੇ, ਇਨ੍ਹਾਂ ਨੂੰ ਤਾਂ ਮੈਂ ਪੜ੍ਹਾਵਾਂਗਾ । ਜਿਹੜੀਆਂ ਗੱਲਾਂ ਇਹ ਕਹਿੰਦੇ ਹਨ, ਇਹ 2003-04 ਦੀ ਰਿਪੋਰਟ ਦੀਆਂ ਹਨ, ਪਿਛਲੇ ਸਾਲ ਦੀ ਰਿਪੋਰਟ ਦੀਆਂ ਹਨ । ਹੁਣ ਇਹ ਸਚਾਈ ਸੁਣਨ ਤੋਂ ਡਰਦੇ ਹਨ, ਘਬਰਾਉਂਦੇ ਹਨ ਕਿਉਂਕਿ ਇਹ ਹਰ ਪਾਸਿਓਂ ਫੇਲ੍ਹ ਹੋ ਚੁੱਕੇ ਹਨ ।

ਡਿਪਟੀ ਸਪੀਕਰ ਸਾਹਿਬ, ਕਰਮਚਾਰੀ ਵਰਗ ਦੀ ਹਾਲਤ ਵੇਖ ਲਓ । ਕਰਮਚਾਰੀ ਵਰਗ ਨੂੰ ਤਾਂ ਇਨ੍ਹਾਂ ਨੇ ਕੁਚਲ ਕੇ ਰੱਖ ਦਿੱਤਾ ਹੈ । ਇਹ ਕਦੀ ਤਨਖਾਹਾਂ ਤੇ ਕੱਟ ਲਾਉਂਦੇ ਹਨ, ਕਦੀ ਪੋਸਟਾਂ ਤੇ ਕੱਟ ਲਾਉਦੇ ਹਨ, ਕਦੀ ਅਲਾਊਂਸਿਜ ਤੇ ਕੱਟ ਲਾਉਂਦੇ ਹਨ ਅਤੇ ਕਦੀ ਭੱਤੇ ਬੰਦ ਕਰ ਦਿੰਦੇ ਹਨ । ਜੇ ਕਰਮਚਾਰੀ ਇਨ੍ਹਾਂ ਕੋਲ ਗੱਲ ਕਰਨ ਵਾਸਤੇ ਜਾਂਦੇ ਹਨ ਤਾਂ ਇਹ ਉਨ੍ਹਾਂ ਤੇ ਡਾਗਾਂ ਚਲਾਉਂਦੇ ਹਨ । ਪੰਜਾਬ ਵਿੱਚ ਈ.ਟੀ.ਟੀ. ਕੋਰਸ ਪਾਸ ਨੌਜਵਾਨ ਵਰਗ ਹੈ ਜਿਨ੍ਹਾਂ ਵਿਚ 18-18, 20-20 ਸਾਲ ਦੀਆਂ ਨੌਜਵਾਨ ਲੜਕੀਆਂ ਵੀ ਸ਼ਾਮਲ ਹਨ । ਧੀਆਂ ਸਾਰਿਆ ਦੀਆਂ ਸਾਂਝੀਆਂ ਹੁੰਦੀਆਂ ਹਨ । ਉਨ੍ਹਾਂ ਨੇ ਆਖਿਆ ਕਿ ਸਾਨੂੰ ਨੌਕਰੀ ਦਿਓ ਕਿਉਂਕਿ ਸਾਡੇ ਕੋਲ ਕੁਆਲੀਫਿਕੇਸ਼ਨ ਹੈ । ਪਟਿਆਲੇ ਵਿਚ ਉਨ੍ਹਾਂ ਨੇ ਆਪਣੀ ਗੱਲ ਆਖੀ ਲੇਕਿਨ ਸਰਕਾਰ ਨੇ ਪੁਲਿਸ ਨੂੰ ਉਨ੍ਹਾਂ ਤੇ ਚੜ੍ਹਾ ਦਿੱਤਾ ਅਤੇ 18-18 ਸਾਲ ਦੀਆਂ ਲੜਕੀਆਂ ਨੂੰ ਘੋੜਿਆਂ ਦੇ ਪੈਰਾਂ ਥੱਲ੍ਹੇ ਕੁਚਲ ਕੇ ਰੱਖ ਦਿੱਤਾ । ਨੌਜਵਾਨ ਲੜਕੀਆਂ ਉਪਰ ਹੱਥ ਉਠਾਉਂਦੇ ਅਸੀਂ ਔਰੰਗਜ਼ੇਬ ਅਤੇ ਅੰਗਰੇਜ਼ਾਂ ਨੂੰ ਤਾਂ ਵੇਖਿਆ ਸੀ, ਲੇਕਿਨ ਹੋਰ ਕਿਸੇ ਨੂੰ ਨਹੀਂ ਸੀ ਵੇਖਿਆ । ਹੁਣ ਇਸ ਸਰਕਾਰ ਨੂੰ ਅਸੀਂ

ਇਹ ਕੰਮ ਕਰਦੇ ਨੂੰ ਵੇਖ ਲਿਆ ਹੈ । 37 ਲੜਕੀਆਂ ਉਪਰ ਪਰਚਾ ਕਟਵਾ ਦਿੱਤਾ ਅਤੇ ਕਿਹਾ ਕਿ ਤੁਹਾਡੇ ਤੇ ਧਾਰਾ 307 ਦੇ ਤਹਿਤ ਇਰਾਦਾ-ਏ-ਕਤਲ ਦਾ ਪਰਚਾ ਹੋਵੇਗਾ । ਉਨ੍ਹਾਂ ਨੂੰ ਜੇਲ੍ਹਾਂ ਵਿਚ ਭੇਜਿਆ ਗਿਆ । ਅੱਜ ਉਨ੍ਹਾਂ ਤੇ ਮੁਕੱਦਮੇ ਚਲਦੇ ਪਏ ਹਨ । ਮੈਂ ਕਹਾਂਗਾ ਕਿ ਜੋ ਇਨ੍ਹਾਂ ਨੇ ਮੁਲਾਜ਼ਮਾਂ ਦਾ ਹਾਲ ਕੀਤਾ ਹੈ, ਇਹ ਇਸ ਕਰਕੇ ਕੀਤਾ ਹੈ ਕਿ ਇਹ ਸਮਝਦੇ ਹਨ ਕਿ ਅਸੀਂ ਮੁਲਾਜ਼ਮਾਂ ਦੀ ਕੋਆਪ੍ਰੇਸ਼ਨ ਤੋਂ ਬਗੈਰ ਕੰਮ ਚਲਾ ਲਵਾਂਗੇ । ਇਸੇ ਗਲਤ ਫਹਿਮੀ ਕਰਕੇ ਇਹ ਫੇਲ੍ਹ ਹੋਏ ਹਨ । ਇਹ ਬੜਾ ਹੈਰਾਨੀਜਨਕ ਬਿਆਨ ਕਰਦੇ ਹਨ ਕਿ ਪੰਜਾਬ ਦਾ ਕਰਮਚਾਰੀ ਟੈਕਸ ਚੋਰ ਹੈ । ਇਸ ਤਰ੍ਹਾਂ ਕਹਿ ਕੇ ਇਹ ਪੰਜਾਬ ਦੇ ਸਟਾਫ ਤੇ ਜ਼ਿਆਦਤੀ ਕਰਦੇ ਹਨ ਜਿਸ ਦੇ ਸਿਰ ਤੇ ਇਹ ਆਪਣੀ ਸਰਕਾਰ ਚਲਾਉਂਦੇ ਹਨ । ਇਥੋਂ ਤੱਕ ਕਹਿ ਦਿੱਤਾ ਕਿ ਪੰਜਾਬ ਦਾ ਮੁਲਾਜ਼ਮ, ਪੰਜਾਬ ਦੀ ਸਰਕਾਰ ਉਪਰ ਇਕ ਬੋਝ ਹੈ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਬੋਝ ਨਹੀਂ ਹੈ । ਜਿਹੜਾ ਵਰਗ ਮਿਹਨਤ ਕਰਕੇ ਇਮਾਨਦਾਰੀ ਨਾਲ ਆਪਣੀ ਰੋਜ਼ੀ ਰੋਟੀ ਕਮਾਉਂਦਾ ਹੈ, ਉਸ ਨੂੰ ਇਹ ਬੋਝ ਕਹਿੰਦੇ ਹਨ । ਪੰਜਾਬ ਦਾ ਸਾਰਾ ਮੁਲਾਜ਼ਮ ਵਰਗ ਮੇਰੇ ਪਾਸ ਆਇਆ ਅਤੇ ਇਸ ਸਰਕਾਰ ਵੱਲੋਂ ਮੁਲਾਜ਼ਮ ਵਰਗ ਨੂੰ ਮਾਰਨ ਦੀਆਂ ਨੀਤੀਆਂ ਦੇ ਖਿਲਾਫ ਮੈਮੋਰੰਡਮ ਦੇ ਕੇ ਗਿਆ ਹੈ ਜਿਹੜਾ ਮੈਂ ਸਦਨ ਦੀ ਮੇਜ਼ ਤੇ ਰੱਖਦਾ ਹਾਂ ।

ਹੁਣ ਯੋਜਨਾ ਦੀ ਗੱਲ ਲੈਂਦੇ ਹਾਂ । ਇਹ ਯੋਜਨਾਵਾਂ ਬੜੀਆਂ ਤਿਆਰ ਕਰਦੇ ਹਨ । ਇਹ ਕਹਿੰਦੇ ਹਨ ਕਿ ਯੋਜਨਾਵਾਂ ਨਾਲ ਅਸੀਂ ਬੜੀ ਤਰੱਕੀ ਕਰਨੀ ਹੈ । ਮੈਂ ਪਿਛਲੇ ਸਾਲ ਦੀ ਇਨ੍ਹਾਂ ਦੀ ਯੋਜਨਾ ਦੀ ਗੱਲ ਕਰਦਾ ਹਾਂ । ਇਨ੍ਹਾਂ ਦੀਆਂ ਯੋਜਨਾਵਾਂ ਦਾ ਜੋ ਹਾਲ ਹੈ, ਉਹ ਮੈਂ ਦੱਸ ਦਿੰਦਾ ਹਾਂ । ਸਾਲ 2004-05 ਦੀ ਜਿਹੜੀ ਯੋਜਨਾ ਇਨ੍ਹਾਂ ਨੇ ਪੇਸ਼ ਕਰਕੇ ਹਾਊਸ ਤੋਂ ਪ੍ਰਵਾਨ ਕਰਵਾਈ, ਉਹ 3480 ਕਰੋੜ ਰੁਪਏ ਦੀ ਸੀ । ਫਿਰ ਇਨ੍ਹਾਂ ਨੇ ਉਸ ਵਿਚ ਸੋਧ ਕੀਤੀ ।

ਇਹ ਸੋਧ ਕਰਕੇ 2750 ਕਰੋੜ ਰੁਪਏ ਰੱਖਿਆ ਅਤੇ ਪ੍ਰਾਪਤੀਆਂ ਬਾਰੇ ਦੱਸਿਆ ਹੈ ਕਿ 1800 ਕਰੋੜ ਰੁਪਏ ਹੋਈਆਂ ਅਤੇ ਤਨਖਾਹਾਂ ਇਹਦੇ ਵਿੱਚ ਜਿਹੜਾ ਇਹ ਪ੍ਰਾਪਤੀਆਂ ਦਾ ਜਿਕਰ ਕਰਦੇ ਹਨ ਉਹ 350 ਕਰੋੜ ਰੁਪਏ ਗਈਆਂ ਤੇ ਪਿਛਲੇ ਸਾਲ ਦੀ ਜਿਹੜੀ ਯੋਜਨਾ ਹੈ ਜਿਹੜੀ 3480 ਕਰੋੜ ਰੁਪਏ ਦੀ ਇਸ ਸਦਨ ਦੇ ਵਿੱਚੋਂ ਪਾਸ ਕਰਵਾਈ ਸੀ. ਉਸ ਵਿੱਚੋਂ 1450 ਕਰੋੜ ਰੁਪਏ ਹੀ ਇਹ ਖਰਚ ਸਕੇ ਹਨ । ਇਹ ਜੋ ਯੋਜਨਾ ਬਣਾਉਂਦੇ ਹਨ ਉਸ ਨਾਲ ਇਸ ਸਦਨ ਦਾ ਸਮਾਂ ਖਰਾਬ ਹੀ ਕਰਦੇ ਹਨ ਪਰ ਉਸ ਨੂੰ ਲਾਗੂ ਨਹੀਂ ਕਰ ਸਕਦੇ ਕਿਉਂਕਿ ਇਨ੍ਹਾਂ ਨੇ ਲਾਗੂ ਨਹੀਂ ਕਰਨੀ, ਨਾ ਲਾਗੂ

[ਕੈਪਟਨ ਕੰਵਲਜੀਤ ਸਿੰਘ]
ਹੋਣੀ ਹੈ । ਪਿਛਲੇ ਸਾਲ ਵਾਂਗ ਹੀ ਇਸ ਸਾਲ ਦੀ ਯੋਜਨਾ ਦਾ ਵੀ ਇਹੀ ਹਾਲ ਹੋਣਾ ਹੈ ਕਿਉਂਕਿ ਅੱਜ ਯੋਜਨਾ ਪੇਸ਼ ਕੀਤੀ ਹੈ 3550 ਕਰੋੜ ਰੁਪਏ ਦੀ, ਲੇਕਿਨ ਵਿੱਤ ਮੰਤਰੀ ਜੀ ਕਹਿੰਦੇ ਹਨ ਕਿ ਮੇਰੇ ਕੋਲ ਜਿਹੜੇ ਵਸੀਲੇ ਹਨ ਉਹ 2389 ਕਰੋੜ ਰੁਪਏ ਦੇ ਹਨ ਤੇ ਬਾਕੀ ਦਾ 1200 ਕਰੋੜ ਰੁਪਿਆ ਹਵਾ ਵਿੱਚ ਹੈ । ਇਹ ਯੋਜਨਾ ਜਿਹੜੀ ਇਨ੍ਹਾਂ ਨੇ ਪੇਸ਼ ਕੀਤੀ ਹੈ ਇਹ ਚਾਲੂ ਨਹੀਂ ਹੋਵੇਗੀ । ਇਸ ਨਾਲ ਤਾਂ ਪੰਜਾਬ ਬਰਬਾਦ ਹੋਏਗਾ, ਪੰਜਾਬ ਦਾ ਵਿਕਾਸ ਬੰਦ ਰਹੇਗਾ ਅਤੇ ਪੰਜਾਬ ਦੀ ਖੁਸ਼ਹਾਲੀ ਖਤਮ ਹੋਏਗੀ । ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿਉਂਕਿ ਇਨ੍ਹਾਂ ਕੋਲ ਪੈਸਾ ਨਹੀਂ ਹੈ । ਇਹ ਝੂਠ ਚਲਣਾ ਹੈ । ਯੋਜਨਾ ਇਹ ਬਣਾ ਲੈਂਦੇ ਹਨ ਪਰ ਫਿਰ ਲਾਗੂ ਨਹੀਂ ਹੁੰਦੀ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ 159 ਸ਼ਹਿਰ ਹਨ । ਇਨ੍ਹਾਂ ਸ਼ਹਿਰਾਂ ਲਈ ਇਸ ਯੋਜਨਾ ਦੇ ਵਿੱਚ ਜਿਹੜੀ ਬਜਟ ਦੇ ਵਿੱਚ ਪੇਸ਼ ਕੀਤੀ ਗਈ ਹੈ ਉਹ ਸਾਰਾ 100 ਕਰੋੜ ਰੁਪਿਆ ਰੱਖਿਆ ਹੈ । ਇਹ ਇਸ ਪੈਸੇ ਨਾਲ ਕੀ ਵਿਕਾਸ ਕਰਨਗੇ ? ਇਸ ਪੈਸੇ ਨਾਲ ਇਹ ਕੀ ਕੰਮ ਕਰ ਲੈਣਗੇ ? ਡਿਪਟੀ ਸਪੀਕਰ ਸਾਹਿਬ ਆਪਣੇ ਭਾਸ਼ਣ ਵਿੱਚ ਵਿੱਤ ਮੰਤਰੀ ਜੀ ਨੇ ਇਹ ਜ਼ਰੂਰ ਆਖਿਆ ਹੈ ਕਿ ਮੈਂ ਤਾਂ 100 ਕਰੋੜ ਦੇਵਾਂਗਾ ਲੇਕਿਨ ਮੈਂ ਕਹਾਂਗਾ ਮਿਊਂਸਿਪਲ ਕਮੇਟੀਆਂ ਨੂੰ ਕਿ ਤੁਸੀਂ ਇਸ ਸਾਲ ਪੀਣ ਵਾਲੇ ਪਾਣੀ ਤੇ ਸੀਵਰੇਜ ਦੇ ਉਪਰ ਅਤੇ ਸ਼ਹਿਰਾਂ ਵਿੱਚ ਸੜਕਾਂ ਬਣਾਉਣ ਦੇ ਨਵੇਂ ਟੈਕਸ ਲਾ ਕੇ ਪੈਸੇ ਇਕੱਠੇ ਕਰੋ ਯਾਨੀ ਕਿ ਸਰਕਾਰ ਦੀ ਇਹ ਉਮੀਦ ਹੈ ਕਿ ਜਨਤਾ ਦਾ ਲੱਕ ਤੋੜ ਕੇ ਰਖਾਂਗੇ । ਇਹ ਹਰ ਰੋਜ਼ ਨਵੇਂ ਟੈਕਸ ਲਾਉਂਦੇ ਹਨ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਸਾਡੇ ਸ਼ਡਿਊਲਡ ਕਾਸਟਸ, ਦਲਿਤ ਭਰਾਵਾਂ ਨੂੰ ਤੰਗ ਕੀਤਾ ਹੋਇਆ ਹੈ । ਸਟੇਜ ਤੇ ਇਹ ਲੰਮੀਆਂ ਲੰਮੀਆਂ ਗੱਲਾਂ ਕਰਦੇ ਹਨ ਪਰ ਜਦੋਂ ਸਟੇਜ ਤੋਂ ਹੇਠਾਂ ਉਤਰਦੇ ਹਨ ਉਦੋਂ ਹੀ ਝੱਗਾ ਝਾੜ੍ਹ ਕੇ ਚਲੇ ਜਾਂਦੇ ਹਨ । ਇਸ ਵਾਰ ਵਿੱਤ ਮੰਤਰੀ ਬਦਲ ਗਿਆ ਹੈ ਲੇਕਿਨ ਇਹ ਵੀ ਉਸੇ ਰਾਹ ਤੇ ਹੀ ਚਲੇ ਹਨ । ਪਿਛਲੇ ਸਾਲ ਪੰਜਾਬ ਦੀ 30% ਸ਼ਡਿਊਲਡ ਕਾਸਟਸ ਆਬਾਦੀ ਜਿਹੜੀ ਕਿ 70-75 ਲੱਖ ਕਰੀਬ ਬਣਦੀ ਹੈ ਉਸਦੇ ਲਈ ਪਿਛਲੇ ਸਾਲ, ਡਿਪਟੀ ਸਪੀਕਰ ਸਾਹਿਬ, 97-98 ਕਰੋੜ ਰੁਪਿਆ ਰੱਖਿਆ ਸੀ ਅਤੇ ਇਸ ਵਾਰ 98 ਕਰੋੜ ਕਰ ਦਿੱਤਾ ਹੈ ਯਾਨੀ ਕਿ ਗਰੀਬ ਜਨਤਾ ਲਈ ਕੋਈ ਕੰਮ ਨਹੀਂ ਹੋਣਾ । ਇਹ ਸਰਕਾਰ ਅਮੀਰਾਂ ਵਾਸਤੇ ਚਲਦੀ ਹੈ ਇਹ ਸਰਕਾਰ ਠੇਕੇਦਾਰਾਂ ਲਈ ਚਲਦੀ ਹੈ, ਲੋਕਾਂ ਦੀ ਲੁੱਟ ਖਸੁੱਟ ਕਰਨ ਲਈ ਚਲਦੀ ਹੈ । ਪੰਜਾਬ ਦੇ ਦਲਿਤ ਵਰਗ ਲਈ ਇਸ ਸਰਕਾਰ ਦਾ ਖਜ਼ਾਨਾ ਖਾਲੀ ਹੈ । ਚੌਧਰੀ ਸਾਹਿਬ, ਤੁਸੀਂ ਕਿਵੇਂ ਵਕਾਲਤ ਕਰੋਗੇ ਇਨਾਂ ਦੀ ? ਮੈਂ

ਕਹਾਂਗਾ ਕਿ ਇਸ ਬਜਟ ਵਿੱਚ ਜਿਸ ਤੇ ਅੱਜ ਬਹਿਸ ਕਰ ਰਹੇ ਹਾਂ, ਦਲਿਤ ਭਰਾਵਾਂ ਦੀ ਭਲਾਈ ਲਈ, ਉਨ੍ਹਾਂ ਦੀ ਬਿਹਤਰੀ ਲਈ ਇਸ ਸਰਕਾਰ ਨੇ ਇਕ ਵੀ ਨਵੀਂ ਕੋਈ ਸਕੀਮ ਨਹੀਂ ਰੱਖੀ । ਯਾਨੀ ਕਿ ਪਿਛਲੀ ਵੀ ਅੱਖੋਂ ਪਰੋਖੇ ਕਰ ਦਿੱਤੀ ਔਰ ਜਿਹੜਾ ਇਹ ਯੂਜ਼ਰ ਚਾਰਜਿਜ਼, ਠੇਕਦਾਰਾਂ ਨੂੰ ਸਕੂਲ ਦੇਣੇ ਹਨ, ਠੇਕੇਦਾਰਾਂ ਨੂੰ ਹਸਪਤਾਲ ਦੇਣੇ ਹਨ, ਇਨ੍ਹਾਂ ਨੇ ਸਾਰਾ ਕੁਝ ਠੇਕੇਦਾਰਾਂ ਨੂੰ ਦੇ ਦੇਣਾ ਹੈ ਇਸ ਵਾਸਤੇ ਪੈਸਾ ਗਰੀਬ ਜਨਤਾ ਦੇ ਹੱਡਾਂ ਵਿੱਚੋਂ ਨਿਕਲੇਗਾ, ਪੰਜਾਬ ਦੇ ਦਲਿਤਾਂ ਵਿੱਚੋਂ ਨਿਕਲੇਗਾ । ਇਨ੍ਹਾਂ ਨੇ ਤਰਸ ਨਹੀਂ ਖਾਧਾ ਉਸ ਗਰੀਬ ਵਰਗ ਉਪਰ ਜਿਹੜਾ ਪਹਿਲਾਂ ਹੀ ਮਹਿੰਗਾਈ ਵਿੱਚ ਮਰ ਰਿਹਾ ਹੈ ਔਰ ਉਨ੍ਹਾਂ ਨੂੰ ਠੇਕੇਦਾਰਾਂ ਦੇ ਹਵਾਲੇ ਕਰਨਾ ਹੈ। ਅੱਜ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਨਤੀਜਾ ਇਹ ਹੈ ਕਿ ਮਹਿੰਗਾਈ ਏਨੀਆਂ ਹੱਦਾਂ ਛੂਹ ਰਹੀ ਹੈ ਕਿ ਖੰਡ 23/- ਰੁਪਏ ਕਿੱਲੋ ਵਿਕ ਰਹੀ ਹੈ ਔਰ ਇਨ੍ਹਾ ਨੇ ਗਰੀਬ ਆਦਮੀ ਨੂੰ ਚਾਹ ਪੀਣ ਦੇ ਸਮਰਥ ਨਹੀਂ ਛੱਡਿਆ ਔਰ ਹਾਲੇ ਇਨ੍ਹਾਂ ਨੇ ਹੋਰ ਟੈਕਸ ਲਾਉਣੇ ਹਨ । ਠੇਕਾ ਪ੍ਰਣਾਲੀ ਨਾਲ ਬਿਜਲੀ ਦਾ ਰੇਟ ਵੀ ਵਧੇਗਾ, ਸਕੂਲਾਂ ਦੀਆਂ ਫੀਸਾਂ ਵੀ ਵਧਣਗੀਆਂ, ਕਿਥੋਂ ਦੇਣਗੇ ਉਹ ਗਰੀਬ ਬੱਚੇ ਤੇ ਮਾਪੇ । ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਆਪਣੇ ਆਪ ਨੂੰ ਦਲਿਤਾਂ ਦੇ ਮਸੀਹਾ ਗਿਣੀ ਜਾਂਦੇ ਹਨ । ਦਲਿਤਾਂ ਦੇ ਮਸੀਹਾ ਸ਼੍ਰੀ ਭੀਮ ਰਾਓ ਜੀ ਅੰਬੇਦਕਰ, ਜਿਨ੍ਹਾਂ ਨੂੰ ਸਾਰੇ ਹਿੰਦੁਸਤਾਨ ਵਿਚ ਦਲਿਤਾਂ ਦੇ ਮਸੀਹਾ ਵਜੋਂ ਜਾਣਿਆ ਜਾਂਦਾ ਹੈ, ਉਨ੍ਹਾਂ ਦੇ ਜਨਮ ਦਿਵਸ ਦੀ 14 ਅਪ੍ਰੈਲ ਨੂੰ ਹਰ ਸਾਲ ਛੁੱਟੀ ਹੁੰਦੀ ਸੀ । ਬਾਦਲ ਸਾਹਿਬ ਦੀ ਸਰਕਾਰ ਵੀ ਛੁੱਟੀ ਕਰਦੀ ਹੁੰਦੀ ਸੀ । ਲੇਕਿਨ ਇਹ ਸਰਕਾਰ ਜਿਹੜੀ ਕਹਿੰਦੀ ਹੈ ਕਿ ਅਸੀਂ ਦਲਿਤਾਂ ਦੇ ਹਿੱਤ ਦੇ ਕੰਮ ਕਰਦੇ ਹਾਂ ਪਰ ਅਸਲ ਵਿਚ ਦਲਿਤ ਵਿਰੋਧੀ ਹੈ, ਜਿਸ ਨੇ 14 ਅਪ੍ਰੈਲ ਦੀ ਛੁੱਟੀ ਬੰਦ ਕਰ ਦਿੱਤੀ । (ਵਿਰੋਧੀ ਬੈਂਚਾਂ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਹ ਕਦੀ ਕਹਿੰਦੇ ਹਨ ਕਿ ਆਹ ਫੰਡ ਕਾਇਮ ਕਰ ਲਿਆ, ਕਦੀ ਔਹ ਫੰਡ ਕਾਇਮ ਕਰ ਲਿਆ । ਕਿਉਂ ਵਿੱਤ ਮੰਤਰੀ ਜੀ (ਵਿੱਤ ਮੰਤਰੀ ਜੀ ਨੂੰ ਸੰਬੋਧਨ ਕਰਦੇ ਹੋਏ) ਤੁਹਾਡਾ ਕਨਸੋਲੀਡੇਟਡ ਫੰਡ ਜਮਾ ਹੀ ਖਤਮ ਹੋ ਗਿਆ ਹੈ । ਤੁਹਾਡੇ ਟਰੈਡੀਸ਼ਨਲ ਵਿੱਤ ਪ੍ਰਣਾਲੀ ਬਿਲਕੁਲ ਕੋਲੈਪਸ ਕਰ ਗਈ ਹੈ । ਤੁਹਾਡੇ ਪਾਸ ਵਿੱਤ ਵਿਭਾਗ ਨੂੰ ਚਲਾਉਣ ਲਈ ਕੁੱਝ ਵੀ ਨਹੀਂ ।.....(ਵਿਘਨ)

(**ਵਿੱਤ ਮੰਤਰੀ** (ਬੈਠੇ ਬੈਠੇ) : ਇਕ ਨਵੇਂ ਦਿਮਾਗ ਦੀ ਜ਼ਰੂਰਤ ਹੈ ।)

ਇਹ ਨਵੇਂ ਦਿਮਾਗ ਤਾਂ ਸ਼ਾਮ ਨੂੰ ਚਲਦੇ ਹਨ, ਦਿਨ ਨੂੰ ਕੰਮ ਨਹੀਂ ਕਰਦੇ । (ਹਾਸਾ)

[ਕੈਪਟਨ ਕੰਵਲਜੀਤ ਸਿੰਘ]

ਇਕ ਗੱਲ ਮੈਂ ਹੋਰ ਕਹਾਂਗਾ ਕਿ ਸਰਕਾਰ ਖਜ਼ਾਨੇ ਵਿਚੋਂ ਪੈਨਸ਼ਨਾਂ ਨਹੀਂ ਦੇ ਸਕਦੀ, ਦਲਿਤਾਂ ਦੀਆਂ ਲੜਕੀਆਂ ਨੂੰ ਸ਼ਗਨ ਨਹੀਂ ਦੇ ਸਕਦੀ । ਪੰਜਾਬ ਦੇ ਮੁਲਾਜ਼ਮ ਇਨ੍ਹਾਂ ਉੱਤੇ ਬੋਝ ਹਨ । ਉਨ੍ਹਾਂ ਨੂੰ ਇਹ ਟੈਕਸ ਚੋਰ ਕਹਿੰਦੀ ਹੈ । ਪੰਜਾਬ ਦਾ ਵਿਕਾਸ ਬੰਦ ਪਿਆ ਹੈ 'ਇਨ੍ਹਾਂ ਵਾਸਤੇ ਤਾਂ ਖਜ਼ਾਨਾ ਖਾਲੀ ਹੈ ਪਰ ਲੋਕ ਸਭਾ ਵੱਲੋਂ ਪਾਸ ਕੀਤੇ ਗਏ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਇਸ ਸਰਕਾਰ ਨੇ 13 ਪਾਰਲੀਮਾਨੀ ਸੈਕਟਰੀ ਬਣਾ ਲਏ ਹਨ ਅਤੇ 5 ਲੱਖ ਰੁਪਿਆ ਮਹੀਨਾ ਲਗਾ ਦਿੱਤਾ ਹੈ । ਇਸੇ ਤਰ੍ਹਾਂ 8 ਵਿਅਕਤੀ ਪਤਾ ਨਹੀਂ ਇਨ੍ਹਾਂ ਨੇ ਕਿਹੜੇ ਖੂੰਜਿਆਂ ਵਿਚੋਂ ਲੱਭ ਕੇ, ਉਨ੍ਹਾਂ ਨੂੰ ਮੰਤਰੀ ਦਾ ਰੁਤਬਾ ਦੇ ਦਿੱਤਾ ਹੈ ।

(ਵਿੱਤ ਮੰਤਰੀ (ਬੈਠੇ ਬੈਠੇ): ਬਾਦਲ ਸਾਹਿਬ ਵੇਲੇ 45 ਮੰਤਰੀ ਹੁੰਦੇ ਸਨ ।)

(ਵਿਰੋਧੀ ਧਿਰ ਵੱਲੋਂ ਇਕ ਆਵਾਜ਼ : ਕਿਹੜੀਆਂ 8 ਸਾਲ ਪੁਰਾਣੀਆਂ ਗੱਲਾਂ ਕਰੀ ਜਾ ਰਹੇ ਹੋ ।) ਅਸਲ ਵਿਚ ਵਿੱਤ ਮੰਤਰੀ ਜੀ ਘਬਰਾ ਜਾਂਦੇ ਹਨ । ਇਨ੍ਹਾਂ ਨੂੰ ਘਬਰਾਹਟ ਹੋ ਜਾਂਦੀ ਹੈ । ਡਿਪਟੀ ਸਪੀਕਰ ਸਾਹਿਬ, ਖਾਲੀ ਖਜ਼ਾਨੇ ਵਾਲੀ ਸਰਕਾਰ ਨੇ ਪੰਜਾਬ ਦੇ 44 ਕਾਂਗਰਸੀਆਂ ਨੂੰ ਐਡਜਸਟ ਕਰਨ ਵਾਸਤੇ ਖਜ਼ਾਨੇ ਉਤੇ ਬੋਝ ਪਾ ਕੇ ਉਨ੍ਹਾਂ ਨੂੰ ਚੇਅਰਮੈਨੀਆਂ ਦਿੱਤੀਆਂ ਹੋਈਆਂ ਹਨ । (ਵਿਰੋਧੀ ਧਿਰ ਵੱਲੋ ਆਵਾਜ਼ਾਂ : ਸ਼ੇਮ-ਸ਼ੇਮ) ਹੋਰ ਇਨ੍ਹਾਂ ਦੇ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ 111 ਸਰਕਾਰੀ ਵਕੀਲ ਹਨ । ਉਨ੍ਹਾਂ ਵਿਚੋਂ ਅੱਧਿਆਂ ਨੇ, ਰੋਜ਼ ਅਖਬਾਰਾਂ ਵਿਚ ਵੀ ਖਬਰਾਂ ਛਪਦੀਆਂ ਹਨ, ਤਾਂ ਐਡਵੋਕੇਟ ਜਨਰਲ ਦਾ ਦਫ਼ਤਰ ਵੀ ਨਹੀਂ ਵੇਖਿਆ। ਉਹ ਕਦੀ ਕਚਹਿਰੀ ਵਿਚ ਪੇਸ਼ ਨਹੀਂ ਹੋਏ । ਕਿਉਂਕਿ ਉਹ ਕਾਂਗਰਸੀਆਂ ਦੇ ਆਪਣੀਆਂ ਧੀਆਂ-ਪੁੱਤਰ ਹਨ, ਚਹੇਤੇ ਹਨ ਜਾਂ ਝੋਲੀ ਚੁੱਕ ਹਨ । ਉਨ੍ਹਾਂ ਉਤੇ ਤਾਂ ਖਜ਼ਾਨਾ ਲੁੱਟਾ ਰਹੇ ਹਨ ਲੇਕਿਨ ਗਰੀਬਾਂ ਵਾਸਤੇ ਇਨ੍ਹਾਂ ਕੋਲ ਕੁਝ ਨਹੀਂ । .....

**ਮਾਨਯੋਗ ਡਿਪਟੀ ਸਪੀਕਰ :** ਕੈਪਟਨ ਸਾਹਿਬ, ਤੁਹਾਡਾ ਇਕ ਘੰਟੇ ਤੋਂ ਵੱਧ ਸਮਾਂ ਹੋ ਗਿਆ ਹੈ । ਤੁਹਾਡੀ ਪਾਰਟੀ ਦਾ ਸਮਾਂ 2 ਘੰਟੇ 4 ਮਿੰਟ ਦਾ ਹੈ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਤੁਸੀਂ ਇਹ ਪਾਰਟੀ ਦਾ ਸਮਾਂ ਅੱਜ ਦਾ ਦੇ ਰਹੇ ਹੋ ਜਾਂ ਕਿ ਸਾਰੇ ਤਿੰਨ ਦਿਨਾਂ ਦਾ ਦੇ ਰਹੇ ਹੋ ?

**ਮਾਨਯੋਗ ਡਿਪਟੀ ਸਪੀਕਰ :** ਇਹ ਅੱਜ ਦਾ ਟਾਇਮ ਹੈ ।

**ਕੈਪਟਨ ਕੰਵਲਜੀਤ ਸਿੰਘ** : ਮੈਂ ਆਪਣੀ ਪਾਰਟੀ ਦਾ ਟਾਈਮ ਲੈ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਖਜ਼ਾਨੇ ਖਾਲੀ ਹਨ। ਢੋਲ ਖੜਕੇ ਪਏ ਹਨ। ਸਰਕਾਰ ਨੇ ਆਪਣੇ ਵਜ਼ੀਰਾਂ ਨੂੰ 18-18 ਲੱਖ ਰੁਪਏ ਵਾਲੀਆਂ ਗੱਡੀਆਂ ਲੈ ਕੇ ਦੇਣੀਆਂ ਹਨ । ਟੋਯੋਟਾ ਕਰੋਲਾ ਗੱਡੀਆਂ ਲੈ ਕੇ ਦੇ ਰਹੇ ਹਨ । ਅੰਬੈਸਡਰ ਗੱਡੀਆਂ ਨਾਲ ਇਨ੍ਹਾਂ ਦਾ ਕੰਮ ਨਹੀਂ ਸਰਦਾ । ਖਾਲੀ ਖਜ਼ਾਨੇ ਵਾਲੀ ਸਰਕਾਰ ਵਜ਼ੀਰਾਂ ਨੂੰ 18-18 ਲੱਖ ਰੁਪਏ ਵਾਲੀਆਂ ਗੱਡੀਆਂ ਲੈ ਕੇ ਦੇ ਰਹੀ ਹੈ ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਇਹ ਕੀਮਤ ਗਲਤ ਦੱਸ ਰਹੇ ਹਨ । ਟੋਯੋਟਾ ਕਰੋਲਾ ਦੀ ਕੀਮਤ 12 ਲੱਖ ਰੁਪਏ ਹੈ ।(ਹਾਸਾ)

**ਕੈਪਟਨ ਕੰਵਲਜੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਸਿਹਤ ਮੰਤਰੀ ਜੀ ਆਪਣੇ ਵਿਭਾਗ ਦਾ ਹੀ ਪ੍ਰਬੰਧ ਕਰ ਲੈਣ ਉਹੀ ਬੜਾ ਹੈ । ਮੈਂ ਤੁਹਾਡੇ ਵੱਲ ਵੀ ਆਉਂਦਾ ਹਾਂ । (ਹਾਸਾ) ਇਸ ਤੋਂ ਅੱਗੇ ਪੇਂਡੂ ਵਿਕਾਸ ਦੀ ਗੱਲ ਹੈ । ਇਹ ਕਹਿੰਦੇ ਹਨ ਕਿ ਪੇਂਡੂ ਵਿਕਾਸ ਦਾ ਮੁੱਖ ਜੋਰ 73ਵੀਂ ਸੰਵਿਧਾਨਕ ਤਰਮੀਮ ਨੂੰ ਪ੍ਰਭਾਵੀਕਰਨ ਲਈ ਪੰਚਾਇਤੀ ਰਾਜ ਸੰਸਥਾਵਾਂ ਨੂੰ ਵੱਧ ਅਧਿਕਾਰ ਦਿੱਤੇ ਜਾਣਗੇ । ਹਾਲ ਇਹ ਹੈ ਕਿ ਸਰਕਾਰ ਨੇ ਹੁਕਮ ਕਰ ਦਿੱਤੇ, ਪਹਿਲਾਂ ਤਾਂ ਡਿਵੈਲਪਮੈਂਟ ਲਈ ਕੋਈ ਗਰਾਂਟ ਹੈ ਨਹੀਂ, ਜੇ ਗਰਾਂਟ ਦਿੱਤੀ ਤਾਂ ਪੰਜ ਹਜ਼ਾਰ ਤੋਂ ਉਪਰ ਪੰਚਾਇਤ ਨਹੀਂ ਕਢਵਾ ਸਕਦੀ ਅਤੇ ਉਹ ਅਫਸਰ ਕਢਾਉਣਗੇ । ਇਹ ਵੱਧ ਅਧਿਕਾਰ ਹਨ ਜਿਹੜੇ ਪੰਚਾਇਤਾਂ ਨੂੰ ਦਿੱਤੇ ਹਨ ਅਤੇ ਬਾਕੀ 12500 ਪਿੰਡ ਤਕਰੀਬਨ ਪੰਜਾਬ ਦੇ ਹਨ । ਪੰਜਾਬ ਵਿੱਚ ਇਨ੍ਹਾਂ ਨੇ ਜਿਹੜੀ ਪੇਂਡੂ ਵਿਕਾਸ ਦੀ ਗੱਲ ਕੀਤੀ ਹੈ ਡਿਪਟੀ ਸਪੀਕਰ ਸਾਹਿਬ, 13.82 ਕਰੋੜ ਰੁਪਏ ਦਿੱਤੇ ਹਨ ਜਦ ਕਿ 2800 ਰੁਪਏ ਹਜ਼ਾਰ ਇੱਟਾਂ ਦਾ ਮੁੱਲ ਹੋ ਗਿਆ ਹੈ ਅਤੇ ਇਸ ਤਰ੍ਹਾਂ ਨਾਲ ਪੰਜਾਬ ਦੇ ਪਿੰਡਾਂ ਦਾ ਵਿਕਾਸ ਨਹੀਂ ਹੋਵੇਗਾ ਔਰ ਮੈਂ ਡਿਪਟੀ ਸਪੀਕਰ ਸਾਹਿਬ, ਕਹਾਂਗਾ ਕਿ ਅੱਜ ਪੰਜਾਬ ਦੇ ਵਿੱਚ ਸਭ ਤੋਂ ਵੱਡੀ ਸਮੱਸਿਆ ਜਿਹੜੀ ਹੈ ਉਹ ਹੈ ਪਿੰਡਾਂ ਦੇ ਗੰਦੇ ਪਾਣੀ ਦੇ ਨਿਕਾਸ ਦੀ । ਅੱਜ ਪਿੰਡ ਨਰਕ ਬਣ ਗਏ ਹਨ ਅਤੇ ਪਿੰਡਾਂ ਵਿੱਚ ਮਲੇਰੀਏ ਦੀ ਬੀਮਾਰੀ ਫੈਲ ਗਈ ਹੈ ਲੇਕਿਨ ਗੰਦੇ ਪਾਣੀ ਦੇ ਨਿਕਾਸ ਵੱਲ ਸਰਕਾਰ ਨੂੰ ਕੋਈ ਫ਼ਿਕਰ ਨਹੀਂ । ਪੰਜਾਬੀ ਦੇ ਵਿਕਾਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਨੂੰ ਤਾਂ ਇਹ ਛੱਡ ਗਏ ਹਨ । ਪੰਜਾਬੀ ਦੇ ਵਿਕਾਸ ਲਈ ਬਾਦਲ ਸਾਹਿਬ ਦੀ ਸਰਕਾਰ ਦੇ 5 ਕਰੋੜ ਰੁਪਏ ਰੱਖੇ ਸਨ ਅਤੇ ਇਨ੍ਹਾਂ ਨੇ ਔਹਰੀ ਕਾਣੀ ਕੌਡੀ ਵੀ ਨਹੀਂ ਰੱਖੀ, ਇਕ ਪੈਸਾ ਵੀ ਪੰਜਾਬੀ ਦੇ ਵਿਕਾਸ ਲਈ ਨਹੀਂ

[ਕੈਪਟਨ ਕੰਵਲਜੀਤ ਸਿੰਘ]

ਰੱਖਿਆ ਗਿਆ । ਪੰਜਾਬ ਵਿੱਚ ਇਹ ਇਸ ਸਾਲ ਅੰਗਰੇਜ਼ੀ ਪੜ੍ਹਾਉਣੀ ਚਾਹੁੰਦੇ ਹਨ ਅਤੇ ਪੰਜਾਬੀ ਨੂੰ ਇਹ ਛੱਡਣਾ ਚਾਹੁੰਦੇ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸਾਰਿਆਂ ਨੂੰ ਅਮਰੀਕਾ ਵਿੱਚ ਐਕਸਪੋਰਟ ਕਰ ਦਿੰਦੇ ਹਾਂ ਕਿਉਂਕਿ ਪੰਜਾਬ ਵਿੱਚ ਅੰਗਰੇਜ਼ੀ ਨਹੀਂ ਚਲਣੀ ।

ਇਸ ਤੋਂ ਅੱਗੇ ਪੀਲੇ ਕਾਰਡਾਂ ਦੀ ਗਰੀਬ ਲੋਕਾਂ ਬਾਰੇ ਇੱਕ ਸਕੀਮ ਹੈ । ਡਿਪਟੀ ਸਪੀਕਰ ਸਾਹਿਬ ਸਾਰੇ ਪੰਜਾਬ ਵਿੱਚ 12500 ਪਿੰਡਾਂ ਅਤੇ 159 ਸ਼ਹਿਰਾਂ ਦੇ ਗਰੀਬ ਲੋਕਾਂ ਲਈ ਇਨ੍ਹਾਂ ਨੇ ਪੈਸਾ ਕਿੰਨਾ ਰੱਖਿਆ ਹੈ ਕੇਵਲ 10,000 ਰੁਪਏ (ਆਪੋਜ਼ੀਸ਼ਨ ਦੇ ਬੈਂਚਾਂ ਵਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ।

ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਬਿਜਲੀ ਦਾ ਜ਼ਿਕਰ ਕਰਦਾ ਹਾਂ । ਬਿਜਲੀ ਦਾ ਇਹ ਹਾਲ ਹੈ ਕਿ ਬਿਜਲੀ ਤਾਂ ਪੰਜਾਬ ਵਿਚੋਂ ਗਾਇਬ ਹੋ ਗਈ ਹੈ । ਪਿਛਲੇ ਸਾਲ ਇਸ ਮੱਦ ਅਧੀਨ 2369 ਕਰੋੜ ਰੁਪਏ ਰੱਖੇ ਗਏ ਸਨ ਅਤੇ ਇਸ ਸਾਲ ਕੇਵਲ 1007 ਕਰੋੜ ਰੁਪਿਆ ਹੀ ਰੱਖਿਆ ਗਿਆ ਹੈ ਜਿਹੜਾ ਕਿ 57% ਘੱਟ ਹੈ ਔਰ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਕਹਾਂਗਾ ਕਿ ਸਰਕਾਰ ਨੇ ਪੰਜਾਬ ਦੇ ਅੰਦਰ ਬਿਜਲੀ ਦਾ ਪ੍ਰਬੰਧ ਖਤਮ ਕਰਕੇ ਰੱਖ ਦਿਤਾ ਹੈ । ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਇਸ ਕਾਂਗਰਸ ਦੀ ਸਰਕਾਰ ਨੇ ਦੁਕਾਨਾਂ ਪੰਜ ਪੰਜ ਵਜੇ ਬੰਦ ਕਰਵਾ ਦਿੱਤੀਆਂ, ਕਿਉਂਕਿ ਬਿਜਲੀ ਨਹੀਂ ਸੀ ਅਤੇ ਪੰਜਾਬ ਦੇ ਕਿਸਾਨ ਨੂੰ ਕੋਹਰੇ ਦੀ ਠੰਢ ਵਿੱਚ ਪਾਣੀ ਲਾਉਣ ਵਾਸਤੇ ਇਸ ਸਰਕਾਰ ਨੇ ਰਾਤ ਨੂੰ ਦੋ ਦੋ ਵਜੇ, ਇਕ ਇਕ ਵਜੇ ਬਿਜਲੀ ਦਿੱਤੀ ਹੈ ਅਤੇ ਇਸ ਸਰਕਾਰ ਨੇ ਪੰਜਾਬ ਦੇ ਕਿਸਾਨ ਨੂੰ ਕੋਹਰੇ ਦੀ ਠੰਢ ਵਿੱਚ ਰਾਤ ਨੂੰ ਮਾਰ ਕੇ ਰੱਖ ਦਿਤਾ ਅਤੇ ਬਿਜਲੀ ਕੇਵਲ ਦੋ ਜਾਂ ਤਿੰਨ ਘੰਟੇ ਦਿੱਤੀ ਇਹ ਕਹਿਣਗੇ ਕਿ ਅਸੀਂ 8 ਘੰਟੇ ਬਿਜਲੀ ਦਿੱਤੀ, 9 ਘੰਟੇ ਬਿਜਲੀ ਦਿੱਤੀ । ਡਿਪਟੀ ਸਪੀਕਰ ਸਾਹਿਬ, ਜੇ ਮੇਰੀ ਗੱਲ ਵਿੱਚ ਕੋਈ ਫਰਕ ਹੈ ਤਾਂ ਸਰਕਾਰ ਇਸ ਗੱਲ ਨੂੰ ਪ੍ਰਵਾਨ ਕਰੇ ਅਤੇ ਇਸ ਦੇ ਲਈ ਪੜਤਾਲੀਆ ਕਮੇਟੀ ਬਣਾਈ ਜਾਵੇ ਕਿ ਬਿਜਲੀ ਕਿੰਨੇ ਘੰਟੇ ਦਿਤੀ ਜਾਂਦੀ ਰਹੀ ਹੈ ਅਤੇ ਕਿੰਨੇ ਘੰਟੇ ਕੱਟ ਰਿਹਾ ਹੈ । ਇਕ ਗੱਲ ਮੈਂ ਹੋਰ ਸਪੱਸ਼ਟ ਕਰ ਦਿੰਦਾ ਹਾਂ, ਉਸ ਦਿਨ ਮਾਨਯੋਗ ਸਪੀਕਰ ਸਾਹਿਬ ਨੇ ਮੈਨੂੰ ਆਗਿਆ ਨਹੀਂ ਦਿੱਤੀ ਸੀ, ਇਨ੍ਹਾਂ ਨੇ ਇਥੇ ਕਿਹਾ ਕਿ ਬਾਦਲ ਸਾਹਿਬ ਦੀ ਸਰਕਾਰ ਦੇ ਸਮੇਂ ਵਿੱਚ ਕੋਈ ਬਿਜਲੀ ਐਡ ਨਹੀਂ ਹੋਈ । ਜੋ ਬਜਟ ਪੇਸ਼ ਕੀਤਾ ਗਿਆ ਹੈ, ਇਨ੍ਹਾਂ ਨੇ ਆਪ ਕਿਹਾ ਕਿ ਨੌਵੀਂ ਸਲਾਨਾ ਯੋਜਨਾਂ ਵਿੱਚ ਜਿਹੜੀ ਕਿ 2002 ਵਿਚ ਖਤਮ ਹੋਈ ਹੈ, ਉਸਦੇ ਵਿੱਚ 1145 ਮੈਗਾਵਾਟ ਬਿਜਲੀ ਵਾਧੂ ਚਾਲੂ ਕੀਤੀ ਗਈ ਹੈ

ਚਾਹੇ ਉਹ ਕਿਸੇ ਪਾਸਿਉਂ ਚਾਲੂ ਕੀਤੀ ਗਈ। ਬਾਕੀ ਜਿਹੜੀ ਇਹ 24 ਘੰਟੇ ਬਿਜਲੀ ਦੇਣ ਦੀ ਗੱਲ ਕਹਿੰਦੇ ਹਨ ਕਿ ਮਿਤੀ 30-9-05 ਤੋਂ 24 ਘੰਟੇ ਬਿਜਲੀ ਦੇ ਦੇਵਾਂਗੇ ਇਸ ਦੇ ਬਾਰੇ ਐਲਾਨ ਹੋ ਗਿਆ, ਕਦੇ ਇਹ ਕਹਿੰਦੇ ਹਨ ਕਿ 1 ਜੂਨ ਤੱਕ ਪੰਜਾਬ ਦੇ ਸਾਰੇ ਪਿੰਡਾਂ ਨੂੰ 24 ਘੰਟੇ ਬਿਜਲੀ ਦੇ ਦੇਵਾਂਗੇ, ਫਿਰ ਲੋਕ ਸਭਾ ਦੀਆਂ ਇਲੈਕਸ਼ਨਾਂ ਆ ਗਈਆਂ ਤਾਂ ਫਿਰ ਕਹਿਣ ਲੱਗੇ ਕਿ ਬੜੀ ਜਲਦੀ ਦੇ ਦੇਵਾਂਗੇ, ਪਰ ਪਤਾ ਨਹੀਂ ਇਨ੍ਹਾਂ ਦੇ ਸੁਪਨੇ ਕਦੋਂ ਸੱਚ ਹੋਣਗੇ। ਕੋਈ ਵੀ ਪ੍ਰੋਵੀਜ਼ਨ ਪੰਜਾਬ ਦੇ ਬਜਟ ਵਿੱਚੋਂ 24 ਘੰਟੇ ਬਿਜਲੀ ਵਾਸਤੇ ਨਹੀਂ ਰੱਖੀ ਗਈ। ਇੱਕ ਗੱਲ ਜ਼ਰੂਰ ਕੀਤੀ ਹੈ ਕਿ ਇਨ੍ਹਾਂ ਕਿਹਾ ਹੈ ਕਿ ਅਸੀਂ ਬਿਜਲੀ ਬੋਰਡ ਜ਼ਰੂਰ ਤੋੜ ਦੇਣਾ ਹੈ। ਬਿਜਲੀ ਬੋਰਡ ਤੋੜ ਕੇ ਰੱਖ ਦੇਣਾ ਹੈ। ਇਸ ਨੂੰ ਚਾਰ ਹਿੱਸਿਆਂ ਵਿੱਚ ਵੰਡ ਦੇਣਾ ਹੈ। ਇਸ ਗੱਲ ਦਾ ਫਿਕਰ ਨਹੀਂ ਕਿ ਬਾਕੀ ਜਿਹੜੇ ਸੂਬਿਆਂ ਵਿੱਚ ਬਿਜਲੀ ਬੋਰਡ ਤੋੜੇ ਗਏ ਹਨ, ਉਨ੍ਹਾਂ ਦਾ ਕੀ ਹਸ਼ਰ ਹੋਇਆ ਹੈ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਡਿਪਟੀ ਸਪੀਕਰ ਸਾਹਿਬ, ਸਾਲ 2003 ਵਿੱਚ ਸੈਂਟਰ ਵਿੱਚ ਇਨ੍ਹਾਂ ਦੀ ਸਰਕਾਰ ਸੀ, ਜਿਸ ਵਿੱਚ ਢੀਂਡਸਾ ਸਾਹਿਬ ਵੀ ਮੰਤਰੀ ਸਨ। ਕੋਈ ਵੀ ਬਿਲ ਤਾਂ ਹੀ ਪਾਰਲੀਮੈਂਟ ਵਿੱਚ ਆ ਸਕਦਾ ਹੈ, ਜੇਕਰ ਉਸ ਨੂੰ ਕੈਬਨਿਟ ਨੇ ਪਾਸ ਕੀਤਾ ਹੋਵੇ। ਇਹ ਬਿਲ ਪਹਿਲਾਂ ਪਾਸ ਕਰ ਚੁੱਕੇ ਹਨ। ਇਹ ਇਨ੍ਹਾਂ ਦਾ ਬਣਾਇਆ ਹੋਇਆ ਕਾਨੂੰਨ ਹੈ। ਇਹ ਹੁਣ ਮੁਕਰ ਰਹੇ ਹਨ। ਇਹ ਡਬਲ ਫੇਸਡ ਹਨ। ਤੁਸੀਂ ਸੂਬੇ ਨੂੰ ਅਜਿਹਾ ਕਰਨ ਤੋਂ ਨਹੀਂ ਰੋਕ ਸਕਦੇ। ਸੈਂਟਰਲ ਇਲੈਕਟ੍ਰੀਸਿਟੀ ਐਕਟ ਬਣਿਆ ਹੈ। ਇਹ ਤੁਹਾਡਾ ਬਣਾਇਆ ਹੈ। ਅਸੀਂ ਰੋਕ ਨਹੀਂ ਸਕਦੇ। ਤੁਸੀਂ ਡਬਲ ਚਿਹਰੇ ਹੋ। ਪੇਸ਼ ਕੁਝ ਕਰਦੇ ਹੋ ਅਤੇ ਫਿਰ ਕੁਝ ਕਹਿੰਦੇ ਹੋ। ਆਪਣੇ ਆਪ ਨੂੰ ਸੰਭਾਲੋ। ਸੱਚਾਈ ਬੋਲੋ। ਸੈਂਟਰਲ ਇਲੈਕਟ੍ਰੀਸਿਟੀ ਐਕਟ ਵਾਜਪਾਈ ਸਾਹਿਬ ਦੀ ਸਰਕਾਰ ਨੇ ਪਾਸ ਕੀਤਾ, ਤੁਸੀਂ ਵੀ ਉਸ ਵਿੱਚ ਹਿੱਸੇਦਾਰ ਸੀ।

**ਕੈਪਟਨ ਕੰਵਲਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਘਬਰਾਈ ਬੈਠੀ ਹੈ। ਕਦੀ ਕਹਿੰਦੇ ਹਨ ਕਿ ਅਸੀਂ ਪ੍ਰਾਈਵੇਟ ਕਰਾਂਗੇ। ਕਦੀ ਕਹਿੰਦੇ ਹਨ ਕਿ ਸੈਂਟਰਲ ਸਰਕਾਰ ਨੇ ਬਿਲ ਪੇਸ਼ ਕੀਤਾ। ਇਹ ਤਿੰਨ ਸਾਲ ਤੋਂ ਪ੍ਰਾਈਵੇਟਾਈਜ਼ੇਸ਼ਨ ਦਾ ਰੌਲਾ ਪਾ ਰਹੇ ਹਨ। ਹੁਣ ਕਹਿੰਦੇ ਹਨ ਕਿ ਪ੍ਰਾਈਵੇਟ ਨਹੀਂ ਕਰਨਾ, ਤੋੜ ਦੇਣਾ ਹੈ, ਚਾਰ ਹਿੱਸਿਆਂ ਵਿੱਚ ਵੰਡ ਦੇਣਾ ਹੈ। ਜਿਨ੍ਹਾਂ ਜਿਨ੍ਹਾਂ ਸੂਬਿਆਂ ਵਿਚ ਬਿਜਲੀ ਬੋਰਡ ਤੋੜੇ ਹਨ, ਉਥੇ ਬਿਜਲੀ ਮਹਿੰਗੀ ਹੋਈ ਹੈ। ਉਥੇ ਬਿਜਲੀ

[ਕੈਪਟਨ ਕੰਵਲਜੀਤ ਸਿੰਘ]

ਘਟੀ ਹੈ । ਜਿਹੜੀ ਪੰਜਾਬ ਦੇ ਕਿਸਾਨ ਨੂੰ ਅੱਜ ਬਿਜਲੀ ਸਸਤੀ ਮਿਲਦੀ ਹੈ ਤੇ ਜਦੋਂ ਬਿਜਲੀ ਬੋਰਡ ਤੋੜ ਦਿੱਤਾ ਤਾਂ ਫਿਰ ਚਾਰ ਕੰਪਨੀਆਂ ਪ੍ਰਾਫਿਟ ਮੋਟਿਵ ਵਜੋਂ ਕੰਮ ਕਰਨਗੀਆਂ ਤੇ ਬਿਜਲੀ ਮਹਿੰਗੀ ਹੋਵੇਗੀ ।

ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਦਾ ਮੈਂ ਜਿਕਰ ਕਰਾਂ । ਦੋ-ਤਿੰਨ ਗੱਲਾਂ ਇਸ ਬਾਰੇ ਕਹਿਣੀਆਂ ਹਨ । ਪੰਜਾਬ ਰੋਡਵੇਜ਼ ਵਿੱਚ 2407 ਸੈਂਕਸ਼ੰਡ ਬੱਸਾਂ ਹਨ ਅਤੇ ਸਿਰਫ 1592 ਚੱਲ ਰਹੀਆਂ ਹਨ, ਯਾਨੀ 815 ਬੱਸਾਂ ਘੱਟ ਹਨ ਕਿਉਂਕਿ ਪਿਛਲੇ ਤਿੰਨ ਸਾਲਾਂ ਤੋਂ ਕੋਈ ਬੱਸ ਨਹੀਂ ਲਈ । ਜਿਹੜੀਆਂ 1592 ਬੱਸਾਂ ਚਲਦੀਆਂ ਹਨ, ਉਨ੍ਹਾਂ ਵਿਚੋਂ 932 ਬੱਸਾਂ ਅਜਿਹੀਆਂ ਹਨ ਜਿਹੜੀਆਂ ਕੰਡਮ ਹਨ । ਇਸ ਤਰ੍ਹਾਂ ਪੰਜਾਬ ਰੋਡਵੇਜ਼ ਵਿਭਾਗ ਹੀ ਕੰਡਮ ਖੜ੍ਹਾ ਹੈ । ਵਿੱਤ ਮੰਤਰੀ ਜੀ ਹੁਣ ਕਹਿ ਰਹੇ ਹਨ ਕਿ ਅਸੀਂ 225 ਬੱਸਾਂ ਲਵਾਂਗੇ, 15 ਏ.ਸੀ. ਬੱਸਾਂ ਲਵਾਂਗੇ, 10 ਸੁਪਰ ਡੀਲਕਸ ਬੱਸਾਂ ਲਵਾਂਗੇ ਪਰ ਕਿਸ ਤਰ੍ਹਾਂ ਬੱਸਾਂ ਲਵਾਂਗੇ, ਇਸ ਦੀ ਕੋਈ ਯੋਜਨਾ ਨਹੀਂ ਬਣਾਈ । ਕੋਈ ਵਿੱਤ ਪ੍ਰਬੰਧ ਨਹੀਂ । ਇੱਕ ਧੇਲੇ ਦਾ ਪ੍ਰਬੰਧ ਨਹੀਂ ਕੀਤਾ ।

**ਸਰਦਾਰ ਗੁਰਦੇਵ ਸਿੰਘ ਬਾਦਲ** (ਬੈਠੇ ਬੈਠੇ) : ਇਹ ਪਲਾਸਟਿਕ ਜਾਂ ਰਬੜ ਦੀਆਂ ਬੱਸਾਂ ਲੈਣਗੇ। (ਹਾਸਾ)

**ਮਾਨਯੋਗ ਡਿਪਟੀ ਸਪੀਕਰ :** ਤੁਹਾਡੀ ਪਾਰਟੀ ਦਾ ਟਾਈਮ ਦੋ ਦਿਨਾਂ ਲਈ ਦੋ ਘੰਟੇ ਪੰਦਰਾਂ ਮਿੰਟ ਹੈ, ਤੇ ਤੁਹਾਡਾ ਸਵਾ ਘੰਟਾ ਹੋ ਗਿਆ ਹੈ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਾਡਾ ਰੋਜ਼ ਦਾ ਟਾਈਮ ਨਿਸ਼ਚਿਤ ਕਰੋ ।

**ਮਾਨਯੋਗ ਡਿਪਟੀ ਸਪੀਕਰ :** ਤੁਹਾਡੀ ਪਾਰਟੀ ਨੂੰ ਸਵਾ ਦੋ ਘੰਟੇ ਡਿਸਕਸ਼ਨ ਲਈ ਦਿੱਤੇ ਹਨ । ਇਹ ਟਾਈਮ ਤੁਹਾਨੂੰ ਅਲਾਟ ਹੋਇਆ ਹੈ । ਇਸ ਵਿਚ ਤੁਸੀਂ ਐਡਜਸਟਮੈਂਟ ਕਰਨੀ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਡਾ ਰੋਜ਼ ਦਾ ਟਾਈਮ ਐਡ ਕਰੋ । ਇਹ ਜ਼ਿਆਦਤੀ ਹੈ ।

**ਮਾਨਯੋਗ ਡਿਪਟੀ ਸਪੀਕਰ :** ਅੱਜ ਦਾ ਟਾਈਮ ਤਾਂ ਫਿਰ ਤੁਹਾਡਾ ਖਤਮ ਹੋ ਗਿਆ ਹੈ ।

**ਕੈਪਟਨ ਕੰਵਲਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਪੰਜ-ਸੱਤ ਮਿੰਟਾਂ ਵਿੱਚ ਖਤਮ ਕਰ ਦਿੰਦਾ ਹਾਂ । ਸਿੱਖਿਆ ਦਾ ਬੜਾ ਅਹਿਮ ਮਹਿਕਮਾ ਹੈ । ਵਿਦਿਆ ਹੋਵੇਗੀ ਤਾਂ ਹੀ ਪੰਜਾਬ ਤਰੱਕੀ ਕਰੇਗਾ । ਵਿਦਿਆ ਨਹੀਂ ਤੇ ਫਿਰ ਪੰਜਾਬ ਦੀ ਬਰਬਾਦੀ ਹੋਵੇਗੀ ਜਿਹੜੀ ਕਿ ਇਹ ਕਰਨ ਵਿੱਚ ਲੱਗੇ ਹੋਏ ਹਨ । ਅੱਜ ਹਾਲ ਇਹ ਹੈ ਕਿ ਸਰਕਾਰ ਕੋਲ 25000 ਟੀਚਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ । ਇਸੇ ਤਰ੍ਹਾਂ 600 ਪਿੰਡਾਂ ਦੇ ਸਕੂਲ ਬੰਦ ਪਏ ਹਨ ਕਿਉਂਕਿ ਸਕੂਲਾਂ ਵਿੱਚ ਮਾਸਟਰ ਕੋਈ ਨਹੀਂ ਹੈ ਅਤੇ ਜਿਹੜਾ ਇਹ ਠੇਕੇਦਾਰੀ ਸਿਸਟਮ ਲਾਗੂ ਕਰਨ, ਪ੍ਰਾਈਵੇਟਾਈਜ਼ ਕਰਨ ਦੀ ਗੱਲ ਕਹਿੰਦੇ ਹਨ, ਇਸ ਬਾਰੇ ਇੱਕ ਸਟੱਡੀ ਕੀਤੀ ਗਈ ਹੈ, ਜਿਸ ਦੇ ਵਿੱਚ ਇਹ ਸਪੱਸ਼ਟ ਹੋਇਆ ਹੈ ਕਿ ਹੁਣ ਸਰਕਾਰੀ ਸਕੂਲਾਂ ਵਿੱਚ ਸਾਲਾਨਾ ਫੀਸ ਲਗਭਗ 500/- ਰੁਪਏ ਬਣਦੀ ਹੈ ਅਤੇ ਜੇ ਇਹ ਪ੍ਰਾਈਵੇਟ ਕਰ ਦਿੱਤੇ ਗਏ ਤਾਂ ਇਹ ਫ਼ੀਸ 5000/- ਤੋਂ ਚੁੱਕ ਕੇ 10,000/- ਰੁਪਏ ਚਲੀ ਜਾਵੇਗੀ ਅਤੇ ਫਿਰ ਦਲਿਤਾਂ ਦੇ ਅਤੇ ਗਰੀਬ ਦੇ ਬੱਚੇ ਕਿਥੋਂ ਪ੍ਰਾਈਵੇਟ ਸਕੂਲਾਂ ਵਿੱਚ ਜਾਣਗੇ (ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ ।) ਦੂਸਰੀ ਗੱਲ ਸਕੂਲਾਂ ਦੀਆਂ ਕੋਈ ਬਿਲਡਿੰਗਾਂ ਨਹੀਂ ਹਨ । ਬੱਚੇ ਕਦੇ ਦਰਖਤਾਂ ਥੱਲੇ ਬੈਠ ਕੇ ਪੜ੍ਹਦੇ ਹਨ ਅਤੇ ਕਦੇ ਧਰਤੀ ਤੇ ਬੈਠ ਕੇ ਪੜ੍ਹਦੇ ਹਨ ਲੇਕਿਨ ਇਨ੍ਹਾਂ ਨੇ ਬੱਚਿਆਂ ਵਾਸਤੇ ਇੱਕ ਪੈਸੇ ਦੀ ਪ੍ਰੋਵੀਜ਼ਨ ਨਹੀਂ ਰੱਖੀ । ਫਿਰ ਸਾਡੇ ਵਿੱਤ ਮੰਤਰੀ ਜੀ ਸਰਕਾਰ ਵੱਲੋਂ ਐਲਾਨ ਕਰਦੇ ਹਨ ਕਿ ਇਹ ਕੋਈ ਜ਼ਰੂਰੀ ਨਹੀਂ ਕਿ ਹਰ ਪਿੰਡ ਵਿੱਚ ਸਕੂਲ ਹੋਵੇ । 15-15, 20-20 ਪਿੰਡਾਂ ਲਈ ਇੱਕ ਸਕੂਲ ਹੋ ਜਾਵੇ ਤਾਂ ਕੀ ਹੈ । ਇਸ ਬਾਰੇ ਮੈਂ ਕੀ ਕਹਾਂ, ਰੋਣਾ ਵੀ ਆਉਂਦਾ ਹੈ ਅਤੇ ਹਾਸਾ ਵੀ ਆਉਂਦਾ ਹੈ । ਇਹ ਜੋ ਅਖਬਾਰ ਵਿੱਚ ਇਨ੍ਹਾਂ ਦੀ ਸਟੇਟਮੈਂਟ ਹੈ, ਇਹ ਮੈਂ ਰਿਕਾਰਡ ਤੇ ਲਿਆਉਣੀ ਚਾਹੁੰਦਾ ਹਾਂ । (ਇਸ ਸਮੇਂ ਮਾਨਯੋਗ ਮੈਂਬਰ ਨੇ ਅੱਜ ਦੇ ਪੰਜਾਬੀ ਟ੍ਰਿਬਿਊਨ ਦੀ ਅਖਬਾਰ ਲਹਿਰਾ ਕੇ ਦਿਖਾਈ ।)

**ਮਾਨਯੋਗ ਡਿਪਟੀ ਸਪੀਕਰ :** ਕੈਪਟਨ ਸਾਹਿਬ, ਕਲੋਜ਼ ਅੱਪ ਕਰੋ ।

**ਕੈਪਟਨ ਕੰਵਲਜੀਤ ਸਿੰਘ :** ਇਸ ਤੋਂ ਬਾਅਦ ਮੈਂ ਹੈਲਥ ਡਿਪਾਰਟਮੈਂਟ ਸਬੰਧੀ ਗੱਲ ਕਰਦਾ ਹਾਂ । ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਾਡੀ ਸਰਕਾਰ ਪੰਜਾਬ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ । ਹਾਲ ਇਹ ਹੈ ਕਿ ਇਨ੍ਹਾਂ ਦੇ ਕੋਲ 784 ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ । ਕੋਈ ਡਾਕਟਰ ਨਹੀਂ ਹੈ । 784 ਡਿਸਪੈਂਸਰੀਆਂ ਡਾਕਟਰਾਂ ਤੋਂ ਬਿਨਾਂ ਪਈਆਂ ਹਨ । ਇਸੇ ਤਰ੍ਹਾਂ ਪੈਰਾ-ਮੈਡੀਕਲ ਸਟਾਫ ਦੀ ਗਿਣਤੀ

[ਕੈਪਟਨ ਕੰਵਲਜੀਤ ਸਿੰਘ]

2296 ਘੱਟ ਹੈ, ਨਾ ਉਥੇ ਨਰਸਾਂ ਹਨ ਅਤੇ ਨਾ ਹੋਰ ਅਟੈਂਡੈਂਟ ਹਨ । ਆਹ ਜਿਹੜਾ ਇਨ੍ਹਾਂ ਨੇ ਜਿਕਰ ਕੀਤਾ ਹੈ; ਜਿੰਨੇ ਸਬ-ਸੈਂਟਰ ਹਨ, ਪੀ.ਐਚ.ਸੀ., ਐਸ.ਐਚ.ਸੀ., ਇਨ੍ਹਾਂ ਵਿਚੋਂ ਅੱਧਿਆਂ ਦੀ ਕੋਈ ਬਿਲਡਿੰਗ ਹੀ ਨਹੀਂ ਹੈ । ਜੇਕਰ ਬਿਲਡਿੰਗ ਹੈ ਨਹੀਂ ਤਾਂ ਸਿਹਤ ਮੰਤਰੀ ਜੀ ਕਿਥੋਂ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣਗੇ । ਇਸੇ ਤਰ੍ਹਾਂ ਬਿਲਡਿੰਗਾਂ ਬਣਾਉਣ ਦੀ ਲੋੜ ਹੈ ਔਰ ਜੇਕਰ ਇਹ ਵੀ ਪ੍ਰਾਈਵੇਟ ਕਰ ਦਿਓਗੇ, ਠੇਕੇਦਾਰਾਂ ਦੇ ਹੱਥਾਂ ਵਿੱਚ ਦੇ ਦਿਓਗੇ ਤਾਂ ਬੁਰਾ ਹਾਲ ਹੋ ਜਾਵੇਗਾ ।

ਆਖਿਰ ਵਿੱਚ, ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਸਾਡੀਆਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੀ ਗੱਲ ਕੀਤੀ ਹੈ । ਅਖਬਾਰ ਪੜ੍ਹੋ ਤਾਂ ਇਹ ਬੜੇ ਬਿਆਨ ਦਿੰਦੇ ਹਨ, ਐਲਾਨ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਇਨ੍ਹਾਂ ਨੇ ਸਰਕਾਰੀ ਨੌਕਰੀਆਂ ਬੰਦ ਕੀਤੀਆਂ ਹਨ, ਉਸ ਨਾਲ 20 ਲੱਖ ਨੌਜਵਾਨ ਬੇਰੁਜ਼ਗਾਰ ਫਿਰਦੇ ਹਨ । ਦਲਿਤ ਅਤੇ ਗਰੀਬ ਦੇ ਕੋਲ ਨਾ ਤਾਂ ਕਾਰਖਾਨਾ ਹੈ ਔਰ ਨਾ ਉਸ ਦੇ ਕੋਲ ਕੋਈ ਜ਼ਮੀਨ ਹੈ । ਜੇ ਉਹ ਕੰਮ ਕਰੇਗਾ ਤਾਂ ਉਹ ਨੌਕਰੀ ਨਾਲ ਹੀ ਜੀਵਨ ਬਤੀਤ ਕਰੇਗਾ । ਬੇਰੁਜ਼ਗਾਰੀ ਪੈਦਾ ਕਰਕੇ ਇਨ੍ਹਾਂ ਨੇ ਦਲਿਤ ਦੇ ਪੇਟ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ । ਸ਼ਗਨ ਸਕੀਮ ਦੀ ਗੱਲ ਹੈ । ਵੋਟਾਂ ਵੇਲੇ ਬੜੀਆਂ ਲੰਬੀਆਂ ਲੰਬੀਆਂ ਗੱਲਾਂ ਕਰਦੇ ਸੀ ਕਿ ਸ਼ਗਨ ਸਕੀਮ ਦੇ 11 ਹਜ਼ਾਰ ਰੁਪਏ ਦੇਵਾਂਗੇ ਪਰ ਹੁਣ 5100 ਤੋਂ ਵੀ ਮੁਕਰ ਗਏ ਹਨ । ਪੈਨਸ਼ਨ ਬਾਰੇ ਕਿਹਾ ਸੀ ਕਿ 600 ਰੁਪਏ ਦੇਵਾਂਗੇ, ਤੁਸੀਂ ਸਾਨੂੰ ਵੋਟਾਂ ਪਾ ਦਿਓ । ਭੋਲੇ ਭਾਲੇ ਲੋਕਾਂ ਨੇ ਵੋਟਾਂ ਪਾ ਦਿੱਤੀਆਂ ਲੇਕਿਨ 600 ਤਾਂ ਕਿ 200 ਵੀ ਨਹੀਂ ਦੇਣੇ । ਸਿੰਗਲਾ ਸਾਹਿਬ, ਪਤਾ ਲੱਗੇਗਾ ਜਦੋਂ ਹੁਣ ਵੋਟਾਂ ਮੰਗਣ ਜਾਵੋਗੇ....(ਵਿਘਨ).....

(**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : (ਬੈਠੇ-ਬੈਠੇ) ਹਾਲੇ ਤਾਂ ਹੁਣੇ ਜਿੱਤ ਕੇ ਆਏ ਹਾਂ ।)

**ਸਰਦਾਰ ਗੁਰਦੇਵ ਸਿੰਘ ਬਾਦਲ (ਬੈਠੇ-ਬੈਠੇ)** : ਉਹ ਤਾਂ ਪੁਲਿਸ ਨੇ ਵੋਟਾਂ ਪਾਈਆਂ ਸੀ । ....(ਵਿਘਨ)....

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਤੁਸੀਂ ਵੋਟਰਾਂ ਦੀ ਬੇਜ਼ਤੀ ਨਾ ਕਰੋ, ਜਨਤਾ ਨੇ ਸਾਨੂੰ ਵੋਟਾਂ ਪਾਈਆਂ ਹਨ ।

**Mr. Deputv Speaker :** Please address the Chair .

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਰ, ਇਹ ਅਜਨਾਲਾ ਭੁੱਲ ਗਏ ਹਨ, ਗੜ੍ਹਸ਼ੰਕਰ ਭੁੱਲ ਗਏ ਹਨ ਔਰ ਹਾਰਨ ਤੋਂ ਬਾਅਦ ਵੀ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਹਿੰਦੇ ਹਨ ।

**ਮਾਨਯੋਗ ਡਿਪਟੀ ਸਪੀਕਰ :** ਯਾਦ ਹੈ ।

**ਕੈਪਟਨ ਕੰਵਲਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ, ਇਹ ਅਜਨਾਲਾ ਦੀਆਂ ਗੱਲਾਂ ਕਰਦੇ ਹਨ, ਇਹ ਗੜ੍ਹਸ਼ੰਕਰ ਦੀਆਂ ਗੱਲਾਂ ਕਰਦੇ ਹਨ । ਇਹ ਪੀ.ਏ. ਪੀ. ਦੇ ਰਿਕਰੂਟ ਲਿਜਾ ਕੇ ਵੋਟਾਂ ਪਵਾਉਂਦੇ ਰਹੇ ਹਨ । ਜਦੋਂ ਲੋਕਾਂ ਨੇ ਵੋਟਾਂ ਪਾਈਆਂ ਉਦੋਂ ਪਤਾ ਲੱਗੇਗਾ । ਉਦੋਂ ਸਫਾਇਆ ਹੋ ਜਾਵੇਗਾ । ......(ਵਿਘਨ)......(ਸ਼ੋਰ).... ਮੈਂ ਕਹਿੰਦਾ ਹਾਂ, ਮੈਂ ਅੱਜ ਵੀ ਚੁਣੌਤੀ ਦਿੰਦਾ ਹਾਂ, ਤੁਸੀਂ ਸੰਵੀਕਾਰ ਕਰੋ ਅਤੇ ਅਸੰਬਲੀ ਭੰਗ ਕਰੋ ਅਤੇ ਚੋਣਾਂ ਕਰਵਾਓ । ਪਤਾ ਲੱਗ ਜਾਵੇਗਾ ਕਿ ਲੋਕ ਕੀਹਦੇ ਨਾਲ ਹਨ, ਤੁਹਾਡੇ ਨਾਲ ਹਨ ਜਾਂ ਸਾਡੇ ਨਾਲ ਹਨ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਬਿਲਕੁੱਲ ਝੂਠ ਬੋਲ ਰਹੇ ਹਨ । .....(ਵਿਘਨ)....(ਸ਼ੋਰ).....

**ਕੈਪਟਨ ਕੰਵਲਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ.......

**Mr. Deputy Speaker :** Have you Finished ?

**ਕੈਪਟਨ ਕੰਵਲਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ, ਖਤਮ ਕਰ ਹੀ ਰਿਹਾ ਹਾਂ । ਇਹ ਅੱਜ 62 ਬੈਠੇ ਹਨ, ਇਨ੍ਹਾਂ ਦਾ ਦਾਅ ਲੱਗ ਗਿਆ ਹੈ, ਇਨ੍ਹਾਂ ਦੇ ਪੈਰ ਹੇਠਾਂ ਬਟੇਰਾ ਆ ਗਿਆ ਹੈ । ਇਨ੍ਹਾਂ ਨੂੰ ਫਿਰ ਪਤਾ ਲੱਗੇਗਾ ਕਿ ਕੀ ਭਾਅ ਵਿਕਦੀ ਹੈ ਜਦੋਂ ਸਾਲ 2007 ਦੇ ਵਿਚ ਇਲੈਕਸ਼ਨਾਂ ਹੋਣਗੀਆਂ ।(ਵਿਘਨ)

**Mr. Deputy Speaker :** He is finishing.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ 8 ਹਜ਼ਾਰ ਜਾਅਲੀ ਵੋਟਾਂ ਬਣਵਾਈਆਂ ਸਨ ਔਰ ਜਿਸ ਦਾ ਮੁਕੱਦਮਾ ਹਾਲੇ ਵੀ ਚਲ ਰਿਹਾ ਹੈ । ਜੇਕਰ ਅਗਲੇ ਵਾਰੀ ਉਹ ਜਾਅਲੀ ਵੋਟਾਂ ਕੱਟੀਆਂ ਜਾਣਗੀਆਂ ਤਾਂ ਫਿਰ ਇਹ 8 ਹਜ਼ਾਰ ਵੋਟਾਂ ਤੋਂ ਹਾਰਨਗੇ । (ਵਿਘਨ)......

**ਕੈਪਟਨ ਕੰਵਲਜੀਤ ਸਿੰਘ :** ਮੈਨੂੰ ਤਾਂ ਇਸ ਗੱਲ ਦਾ ਕੋਈ ਫਿਕਰ ਨਹੀਂ ਹੈ ਲੇਕਿਨ ਮੁੰਗੇਰੀ ਲਾਲ ਜੀ, ਤੁਸੀਂ ਆਪਣਾ ਬਠਿੰਡਾ ਛੱਡ ਕੇ ਬਨੂੜ ਵਿਖੇ ਆ ਜਾਓ, ਫਿਰ ਪਤਾ ਲੱਗੇਗਾ । (ਵਿਘਨ) ਤੁਹਾਡੇ ਉਥੇ ਇੱਕ ਇੱਕ ਹਜ਼ਾਰ ਰੁਪਏ ਵਿਚ ਵੋਟ ਵਿਕੀ ਹੈ....ਵਿਘਨ

**Mr. Deputy Speaker :** Please, take your seat.

**ਕੈਪਟਨ ਕੰਵਲਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਗੱਲ ਸਮਾਪਤ ਕਰਦਾ ਹੋਇਆ ਇਹ ਕਹਿੰਦਾ ਹਾਂ ਕਿ ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਇਹ ਪੂਰਨ ਤੌਰ ਤੇ ਲੋਕ ਮਾਰੂ ਬਜਟ ਹੈ, ਪੰਜਾਬ ਨੂੰ ਤਬਾਹ ਕਰਨ ਵਾਲਾ ਬਜਟ ਹੈ । ਇਸ ਲਈ ਇਸ ਬਜਟ ਨੂੰ ਪੂਰਨ ਤੌਰ ਤੇ ਰੱਦ ਕੀਤਾ ਜਾਵੇ ।

**ਮਾਨਯੋਗ ਡਿਪਟੀ ਸਪੀਕਰ :** ਹਾਂ ਜੀ, ਸਰਦਾਰ ਹਰਜਿੰਦਰ ਸਿੰਘ ਠੇਕੇਦਾਰ ਜੀ ।

**ਸਰਦਾਰ ਹਰਜਿੰਦਰ ਸਿੰਘ ਠੇਕੇਦਾਰ** (ਅੰਮ੍ਰਿਤਸਰ ਦੱਖਣੀ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਾਲ 2005-06 ਦੇ ਲਈ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਉਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਸਮਝਦਾ ਹਾਂ ਕਿ ਇਹ ਇੱਕ ਬਹੁਤ ਹੀ ਵਧੀਆ ਬਜਟ ਹੈ ਔਰ ਆਉਣ ਵਾਲੇ ਸਾਲ ਦੇ ਅੰਦਰ ਪੰਜਾਬ ਦੀ ਖੁਸ਼ਹਾਲੀ ਲਈ ਔਰ ਪੰਜਾਬ ਦੀ ਤਰੱਕੀ ਲਈ ਵਧੀਆ ਬਜਟ ਸਾਬਤ ਹੋਵੇਗਾ । ਜਦੋਂ ਵਿਰੋਧੀ ਧਿਰ ਦੇ ਮੈਂਬਰ ਸਾਹਿਬ ਬੋਲ ਰਹੇ ਸਨ ਤਾਂ ਮੈਂ ਦੇਖ ਰਿਹਾ ਸੀ ਔਰ ਇਸ ਗੱਲ ਉਤੇ ਹੈਰਾਨ ਸੀ ਕਿ ਜੋ ਉਹ ਇੱਕ ਸਵਾ ਘੰਟਾ ਬੋਲੇ ਹਨ, ਆਪਣੇ ਵਿਚਾਰ ਪੇਸ਼ ਕੀਤੇ ਹਨ, ਉਨ੍ਹਾਂ ਨੇ ਸਾਰੇ ਭਾਸ਼ਣ ਦੇ ਵਿੱਚ ਸਚਾਈ ਨਹੀਂ ਵਰਤੀ, ਸਿਵਾਏ ਝੂਠ ਬੋਲਣ ਦੇ ਕੁਝ ਨਹੀਂ ਕਿਹਾ । ਇਸ ਪਵਿੱਤਰ ਸਦਨ ਦੇ ਵਿੱਚ ਸਚਾਈ ਬੋਲਣ ਦੀ ਜੁਰਅਤ ਰੱਖਣੀ ਚਾਹੀਦੀ ਹੈ । ਜਿਸ ਤਰ੍ਹਾਂ ਦਾ ਬਜਟ ਪੇਸ਼ ਕੀਤਾ ਗਿਆ ਹੈ ਉਸ ਦੇ ਵਿੱਚ ਜਿਹੜੀਆਂ ਅਹਿਮ ਗੱਲਾਂ ਹਨ ਚਾਹੇ ਉਹ ਸਰਕਾਰ ਦੇ ਹੱਕ ਵਿਚ ਹਨ ਜਾਂ ਸਰਕਾਰ ਦੇ ਹੱਕ ਵਿੱਚ ਨਹੀਂ ਸਨ ਪਰ ਉਹ ਸਮੁੱਚੇ ਤੌਰ ਤੇ ਬਜਟ ਦੇ ਵਿੱਚ ਲਿਆਂਦੀਆਂ ਗਈਆਂ ਹਨ ਔਰ ਪੇਸ਼ ਕੀਤੀਆਂ ਗਈਆਂ ਹਨ ਕਿਉਂਕਿ ਪੰਜਾਬ ਦੇ ਅੰਦਰ ਅੱਜ ਦਾ ਬਜਟ ਜਿਹੜਾ ਸੀ ਉਹ ਪੰਜਾਬ ਦੇ ਪਿਛਲੇ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਔਰ ਪਿਛਲੇ ਸਮੇਂ ਵਿੱਚ ਜੋ ਮੁਸ਼ਕਲਾਂ ਪੇਸ਼ ਆਈਆਂ ਸਨ, ਉਨ੍ਹਾਂ ਨੂੰ ਮੁੱਖ ਰੱਖ ਕੇ ਪੇਸ਼ ਕੀਤਾ ਗਿਆ ਹੈ । ਜਿਹੜੀਆਂ ਪਿਛਲੇ ਸਮੇਂ ਦੇ ਦੌਰਾਨ ਪੰਜਾਬ ਦੇ ਅੰਦਰ

ਮੁਸ਼ਕਲਾਂ ਪੈਦਾ ਹੋਈਆਂ ਹਨ ਔਰ ਪੰਜਾਬ ਦੀ ਜੋ ਤਬਾਹੀ ਹੋਈ ਸੀ, ਉਸ ਦੇ ਪਿਛੇ ਕਈ ਕਾਰਨ ਹਨ। ਇਸ ਦੇ ਨਾਲ ਹੀ ਅੱਜ ਜਿਹੜੇ ਲੋਕ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨ ਜਾ ਰਹੇ ਹਨ, ਪੰਜਾਬ ਦਾ ਜਿਹੜਾ ਪਿਛਲੇ 12 ਸਾਲ ਦਾ ਸਮਾਂ ਜਿਸ ਵਿਚ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਰੁਕੀ ਰਹੀ, ਉਹ ਬੜਾ ਭਿਆਨਕ ਸਮਾਂ ਸੀ। ਉਸ ਨਾਲ ਪੰਜਾਬ ਦਾ ਭਾਰੀ ਨੁਕਸਾਨ ਹੋਇਆ ਜਿਹੜਾ ਕਿ ਅੱਜ ਤੱਕ ਪੂਰਾ ਨਹੀਂ ਕੀਤਾ ਜਾ ਸਕਿਆ। ਮੈਂ ਸਮਝਦਾ ਹਾਂ ਕਿ ਜਿਹੜੀ ਸਾਡੀ ਸਰਕਾਰ ਪਿਛਲੇ ਤਿੰਨ ਸਾਲ ਤੋਂ ਬਣੀ ਹੈ, ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਹੇਠ, ਇਸ ਦੇ ਯਤਨਾਂ ਸਦਕਾ ਅੱਜ ਪੰਜਾਬ ਫੇਰ ਆਪਣੇ ਪੈਰਾਂ ਤੇ ਖੜ੍ਹਾ ਹੋ ਰਿਹਾ ਹੈ। ਜਿਸ ਦਿਨ ਅਸੀਂ ਸਰਕਾਰ ਦੇ ਅੰਦਰ ਆਏ, ਇਸ ਸਦਨ ਵਿਚ ਆਏ, ਅਸੀਂ ਦੇਖਿਆ, ਅਸੀਂ ਸੋਚਦੇ ਸੀ ਕਿ ਪੰਜਾਬ ਦੀ ਤੱਰਕੀ ਕਿਸ ਤਰ੍ਹਾਂ ਹੋਵੇਗੀ। ਮੈਂ ਅੰਮ੍ਰਿਤਸਰ ਵਿਚ ਜਿਸ ਹਲਕੇ ਤੋਂ ਜਿੱਤ ਕੇ ਆਇਆ ਹਾਂ ਉਥੇ ਪਿਛਲੇ ਪੰਜ ਸਾਲ ਇਨ੍ਹਾਂ ਦੀ ਸਰਕਾਰ ਦੌਰਾਨ ਅਸੀਂ ਦੇਖਿਆ ਹੈ ਕਿ ਧਰਮ ਦੇ ਨਾਂ ਤੇ ਆਪਣੇ ਆਪ ਨੂੰ ਕਹਾਉਣ ਵਾਲੀ ਸਰਕਾਰ ਨੇ ਉਸ ਪਵਿੱਤਰ ਹਰਮਿੰਦਰ ਸਾਹਿਬ ਦੇ ਸ਼ਹਿਰ ਅੰਦਰ ਇਕ ਰੁਪਿਆ ਵੀ ਨਹੀਂ ਖਰਚਿਆ, ਸੜਕਾਂ ਦੀ, ਲਾਈਟਾਂ ਦੀ ਇੰਨੀ ਮਾੜੀ ਹਾਲਤ ਸੀ। ਲੱਖਾਂ ਲੋਕ ਜਿਹੜੇ ਉਥੇ ਆਉਂਦੇ ਸਨ ਉਹ ਹੈਰਾਨ ਹੁੰਦੇ ਸੀ ਕਿ ਪੰਥ ਦੀ ਬਣੀ ਸਰਕਾਰ ਜਿਹੜੀ ਕਿ ਸਾਰੇ ਹਿੰਦੁਸਤਾਨ ਦੇ ਅੰਦਰ, ਬਹੁਤ ਢੰਡੋਰਾ ਪਿੱਟ ਰਹੀ ਹੈ ਅਤੇ ਜਦੋਂ ਇਸ ਸ਼ਹਿਰ ਵਿਚ ਨਮਸਕਾਰ ਕਰਨ ਵਾਸਤੇ ਆਉਂਦੇ ਹਾਂ ਤਾਂ ਉਸ ਸ਼ਹਿਰ ਦਾ ਮਾੜਾ ਹਾਲ ਹੈ। ਪਰ ਸਾਡੀ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿਚ ਜੋ ਅੰਮ੍ਰਿਤਸਰ ਪਵਿੱਤਰ ਸ਼ਹਿਰ ਵਾਸਤੇ ਕੀਤਾ ਹੈ ਉਹ ਇਤਿਹਾਸਕ ਚੀਜ਼ ਹੈ, ਇਹ ਸੁਨਿਹਰੇ ਅੱਖਰਾਂ ਵਿਚ ਲਿਖਿਆ ਜਾਵੇਗਾ ਕਿ ਜੋ ਵਿਕਾਸ ਤਿੰਨ ਸਾਲਾਂ ਵਿਚ ਅੰਮ੍ਰਿਤਸਰ ਸ਼ਹਿਰ ਵਿਚ ਕੀਤਾ ਗਿਆ ਹੈ। ਇਥੇ ਹੀ ਬਸ ਨਹੀਂ ਆਉਣ ਵਾਲੇ ਸਾਲ ਅੰਦਰ ਕਰੋੜਾਂ ਰੁਪਿਆ ਦਾ ਬਜਟ ਅੰਮ੍ਰਿਤਸਰ ਸ਼ਹਿਰ ਨੂੰ ਸੁਧਾਰਨ ਵਾਸਤੇ, ਪਵਿੱਤਰ ਸ਼ਹਿਰ ਨੂੰ ਹੋਰ ਸੁੰਦਰ ਬਣਾਉਣ ਵਾਸਤੇ ਰੱਖਿਆ ਗਿਆ ਹੈ। ਕੈਪਟਨ ਸਾਹਿਬ ਨੇ ਉਚੇਰੇ ਤੌਰ ਤੇ ਜਿਥੇ ਇਸ ਪੰਜਾਬ ਦੀ ਖੁਸ਼ਹਾਲੀ ਤੇ ਤਰੱਕੀ ਲਈ ਜੋ ਯਤਨ ਕੀਤੇ ਹਨ ਉਥੇ ਗੁਰਧਾਮਾਂ ਦੀ ਯਾਤਰਾ ਲਈ, ਖਾਸ ਤੌਰ ਤੇ ਪਵਿੱਤਰ ਧਾਰਮਿਕ ਅਸਥਾਨ ਜਿਹੜੇ ਹਨ ਉਨ੍ਹਾਂ ਵਾਸਤੇ ਯਤਨ ਕਰਕੇ ਕਰੋੜਾਂ ਦੇ ਫੰਡ ਲਿਆ ਰਹੇ ਹਨ। ਕੱਲ੍ਹ ਹੀ ਇਕ ਇਤਿਹਾਸਕ ਸੜਕ ਜਿਹੜੀ ਅੰਮ੍ਰਿਤਸਰ ਤੋਂ ਤਰਨਤਾਰਨ ਸਾਹਿਬ ਨੂੰ ਜੋੜਦੀ ਹੈ, ਤਿੰਨ ਕਰੋੜ ਰੁਪਏ ਦੇ ਨਾਲ ਉਸ ਦੀ ਰਿਪੇਅਰ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਹਜ਼ਾਰਾਂ ਸੰਗਤਾਂ ਜੋ ਉਥੇ ਆਉਂਦੀਆਂ ਹਨ ਉਨ੍ਹਾਂ ਨੂੰ ਸਹੂਲਤ ਹੋਵੇਗੀ। 11 ਸਾਲ ਹੋ ਗਏ ਸਨ ਉਸ ਸੜਕ ਦੀ ਰਿਪੇਅਰ ਨਹੀਂ ਕੀਤੀ ਗਈ। ਅੱਜ ਕੈਪਟਨ ਸਾਹਿਬ ਦੀ ਰਹਿਨੁਮਾਈ ਹੇਠ ਇਸ ਸੜਕ ਦੀ ਰਿਪੇਅਰ ਕੀਤੀ ਜਾ ਰਹੀ ਹੈ।

[ਸਰਦਾਰ ਹਰਜਿੰਦਰ ਸਿੰਘ ਠੇਕੇਦਾਰ]
ਬਜਟ ਵਿਚ ਜਿਹੜੇ ਕਰੋੜਾਂ ਰੁਪਏ ਰੱਖੇ ਗਏ ਹਨ ਉਹ ਇਸ ਲਈ ਰੱਖੇ ਗਏ ਹਨ ਤਾਂ ਕਿ ਸੜਕਾਂ ਦਾ ਸੁਧਾਰ ਕੀਤਾ ਜਾ ਸਕੇ। ਇਕ ਬਹੁਤ ਅਹਿਮ ਗੱਲ ਹੈ ਕਿ ਜਿਹੜੇ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਉਨ੍ਹਾਂ ਦੀ ਸਹੂਲਤ ਵਾਸਤੇ ਅਨੇਕਾਂ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਨੂੰ ਸਹੂਲਤਾਂ ਦੇਣ ਵਾਸਤੇ ਬਹੁਤ ਹੀ ਡਿਟੇਲ ਵਿਚ ਇਸ ਬਜਟ ਵਿਚ ਚੀਜ਼ ਪੇਸ਼ ਕੀਤੀ ਗਈ ਹੈ ਅਤੇ ਜਿਹੜੇ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਰਹਿੰਦੇ ਹਨ ਉਨ੍ਹਾਂ ਨੂੰ ਉਸ ਤੋਂ ਭਾਰੀ ਫਾਇਦਾ ਮਿਲੇਗਾ । ਇਸ ਤੋਂ ਆਉਣ ਵਾਲੇ ਸਮੇਂ ਵਿਚ ਨੌਜਵਾਨ ਸਾਥੀ ਇਸ ਤੋਂ ਫਾਇਦਾ ਲੈ ਸਕਣਗੇ।

ਜਿਹੜਾ ਮੁੱਖ ਕਿੱਤਾ ਖੇਤੀਬਾੜੀ ਹੈ ਇਸ ਵਿਚ ਜਿਹੜੇ ਕਿਸਾਨ ਆਪਣੇ ਖੇਤੀ ਕਰਦੇ ਹਨ ਉਨ੍ਹਾਂ ਨੂੰ ਪਿਛਲੇ ਸਮੇਂ ਵਿਚ ਬੜੀਆਂ ਭਾਰੀ ਮੁਸ਼ਕਿਲਾਂ ਆਈਆਂ ਹਨ। ਪਰ ਮੈਂ ਤੁਹਾਨੂੰ ਦੱਸਣਾ ਚਾਹਾਂਗਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਹੇਠ ਤਿੰਨ ਸਾਲ ਤੋਂ ਜਿਹੜੀ ਸਾਡੀ ਸਰਕਾਰ ਬਣੀ ਹੈ ਉਸ ਅੰਦਰ ਕਿਸਾਨ ਖੁਸ਼ਹਾਲ ਹੋਇਆ ਹੈ । ਉਸ ਨੂੰ ਮੌਕਾ ਮਿਲਿਆ ਹੈ ਨਵੀਂ ਫਸਲ ਉਗਾਉਣ ਦਾ ਅਤੇ ਉਸ ਨੂੰ ਉਸ ਦੀ ਫਸਲ ਦੀ ਮੌਕੇ ਤੇ ਹੀ ਖਰੀਦ ਮਿਲੀ ਹੈ, ਮੌਕੇ ਤੇ ਹੀ ਫਾਇਦਾ ਮਿਲਿਆ ਹੈ। ਅੱਜ ਤਿੰਨ ਸਾਲਾਂ ਵਿਚ ਸਾਡੇ ਸਾਹਮਣੇ ਕੋਈ ਇਹੋ ਜਿਹੀ ਗੱਲ ਨਹੀਂ ਆਈ ਜਿਸ ਨਾਲ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੋਵੇ। ਇਹ ਗੱਲਾਂ ਬਹੁਤ ਸ਼ਲਾਘਾਯੋਗ ਹਨ। ਇਨ੍ਹਾਂ ਦਾ ਸਿਹਰਾ ਕੈਪਟਨ ਅਮਰਿੰਦਰ ਸਿੰਘ ਨੂੰ ਜਾਂਦਾ ਹੈ। ਇਥੇ ਪੰਜਾਬ ਵਿਚ ਪਿਛਲੀ ਸਰਕਾਰ ਵੇਲੇ ਇਕ ਬਹੁਤ ਖਤਰਨਾਕ ਬਿਮਾਰੀ ਆਈ, ਉਹ ਹੈ ਸਮੈਕ ਦਾ ਆਉਣਾ। ਇਕ ਨਵਾਂ ਅੱਤਵਾਦ ਬਣ ਕੇ ਸਾਡੇ ਪੰਜਾਬ ਨੂੰ ਤਬਾਹ ਕਰਨ ਵਾਸਤੇ ਇਥੇ ਪਹੁੰਚਿਆ ਹੈ। ਉਸ ਵੇਲੇ ਦੀ ਸਰਕਾਰ ਅੱਖਾਂ ਮੀਟੀ ਬੈਠੀ ਰਹੀ। ਪੰਜਾਬ ਦੇ ਅੰਦਰ ਇੰਨੀ ਭਾਰੀ ਗਿਣਤੀ ਦੇ ਵਿਚ ਸਮੈਕ ਆ ਗਈ ਕਿ ਹਰ ਕਿਸੇ ਨੇ ਇਸ ਬਾਰੇ ਜਿਕਰ ਕੀਤਾ ਹੈ। ਸਾਡੀ ਸਰਕਾਰ ਨੇ ਇਸ ਤਬਾਹੀ ਦੇ ਖਿਲਾਫ ਖਾਸ ਕਰਕੇ ਉਪਰਾਲੇ ਕੀਤੇ ਹਨ ਕਿ ਜਿਹੜੀ ਨਸ਼ੇ ਵਾਲੀ ਇਹ ਭਿਆਨਕ ਚੀਜ਼ ਹੈ, ਇਸ ਨੂੰ ਇਥੋਂ ਖਤਮ ਕੀਤਾ ਜਾਵੇ। ਇਸ ਨੂੰ ਖਤਮ ਕਰਨ ਦੇ ਪ੍ਰਬੰਧ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਖਾਸ ਪ੍ਰੋਗਰਾਮ ਉਲੀਕਿਆ ਔਰ ਇਸ ਲਈ ਖਾਸ ਜੱਦੋ-ਜਹਿਦ ਕੀਤੀ ਹੈ ਕਿ ਇੰਸ ਕੋਹੜ ਨੂੰ ਵੀ ਅੱਤਵਾਦ ਦੀ ਤਰ੍ਹਾਂ ਖਤਮ ਕੀਤਾ ਜਾਵੇ, ਕਿਉਂਕਿ ਜਿਹੜਾ ਪੰਜਾਬ ਖੁਸ਼ਹਾਲ ਸੂਬਾ ਹੈ, ਇਸ ਦੇ ਨੌਜਵਾਨ ਅਗਰ ਖੁਸ਼ਹਾਲ ਨਹੀਂ ਹੋਣਗੇ ਤਾਂ ਪੰਜਾਬ ਤਬਾਹੀ ਵੱਲ ਚੱਲ ਪਵੇਗਾ। ਇੱਥੇ ਜਿਹੜੀ ਬਿਜਲੀ ਦੇ ਬਾਰੇ ਗੱਲ ਕੀਤੀ ਗਈ ਹੈ ਕਿ ਪਿਛਲੇ ਸਾਲਾਂ ਦੇ ਅੰਦਰ ਕਿਸਾਨਾਂ ਨੂੰ ਬਿਜਲੀ ਮੁਫਤ ਮੁਹੱਈਆ ਕਰਵਾਈ ਸੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਕਿਸਾਨਾਂ ਨੂੰ ਇੱਕ ਲਾਲਚ ਦਿੱਤਾ

ਗਿਆ ਸੀ। ਉਦੋਂ ਪੰਜਾਬ ਦੇ ਕਿਸਾਨਾਂ ਨੇ ਦੁਹਾਈ ਪਾਈ ਸੀ ਕਿ ਸਾਡੇ ਕੋਲ ਬਿਜਲੀ ਦੇ ਪੈਸੇ ਲੈ ਲਏ ਜਾਣ ਪ੍ਰੰਤੂ ਸਾਨੂੰ ਬਿਜਲੀ ਪੂਰੀ ਦਿੱਤੀ ਜਾਵੇ। ਸਾਰੇ ਵਰਗਾਂ ਦੇ ਲੋਕ ਇਹੀ ਕਹਿੰਦੇ ਸੀ ਕਿ ਬਿਜਲੀ ਸਾਨੂੰ ਪੂਰੀ ਦਿੱਤੀ ਜਾਵੇ। ਅੱਜ ਅਸੀਂ ਪੰਜਾਬ ਦੇ ਕਿਸਾਨ ਨੂੰ ਪੂਰੀ ਬਿਜਲੀ ਦਿੱਤੀ ਹੈ। ਸਾਰੇ ਵਰਗ ਦੇ ਲੋਕਾਂ ਨੂੰ ਬਿਜਲੀ ਪੂਰੀ ਮਿਲੀ ਹੈ, ਸ਼ਹਿਰਾਂ ਦੇ ਵਿਚ ਔਰ ਪਿੰਡਾਂ ਦੇ ਵਿਚ 24 ਘੰਟੇ ਬਿਜਲੀ ਸਪਲਾਈ ਯਕੀਨੀ ਬਣਾਈ ਗਈ ਹੈ। ਬਹੁਤ ਵੱਡੇ ਉਪਰਾਲੇ ਕੀਤੇ ਗਏ ਹਨ ਜਿਵੇਂ ਲਹਿਰਾ ਮੁਹੱਬਤ ਥਰਮਲ ਪਲਾਂਟ ਅਤੇ ਹੋਰ ਵੀ ਪ੍ਰੋਜੈਕਟ ਤਿੰਨ ਸਾਲਾਂ ਵਿਚ ਚਾਲੂ ਕਰਨ ਦੇ ਉਪਰਾਲੇ ਕੀਤੇ ਗਏ ਹਨ। ਜਿਸ ਨਾਲ ਪੰਜਾਬ ਦੀ ਬਿਜਲੀ ਪਰਾਪਰ ਢੰਗ ਨਾਲ ਸਾਰੇ ਲੋਕਾਂ ਤੱਕ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿਉਂਕਿ ਬਿਜਲੀ ਬਹੁਤ ਹੀ ਅਹਿਮ ਚੀਜ਼ ਹੈ। ਇਸ ਦੇ ਨਾਲ ਸਾਰੀਆਂ ਸਹੂਲਤਾਂ ਔਰ ਚੀਜ਼ਾਂ ਜੁੜੀਆਂ ਹੋਈਆਂ ਹਨ। ਇਸ ਕਰਕੇ ਇਸ ਦਾ ਬਹੁਤ ਵੱਡਾ ਖਾਸ ਪ੍ਰਬੰਧ ਕੀਤਾ ਗਿਆ ਹੈ। ਮੈਂ ਹੈਰਾਨ ਹਾਂ ਕਿ ਅੱਜ ਇੱਥੇ ਕੁਝ ਮੈਂਬਰ ਸਾਹਿਬਾਨ ਨੇ ਬਜਟ ਤੇ ਬੋਲਿਆ ਹੈ ਔਰ ਕਿਹਾ ਹੈ ਕਿ ਇਸ ਵਿਚ ਇੱਕ ਵੀ ਚੀਜ਼ ਨਹੀਂ ਹੈ। ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਆਉਣ ਵਾਲਾ, ਦੋ ਸਾਲਾਂ ਦਾ ਸੋਮਾਂ ਪੰਜਾਬ ਦੀ ਆਪੋਜ਼ੀਸ਼ਨ ਪਾਰਟੀ ਦੇ ਬੱਚਿਆਂ ਨੂੰ ਇਹ ਦੱਸ ਦੇਵੇਗਾ ਕਿ ਜਿਹੜੀ ਸਾਨੂੰ ਪਿਛਲੇ ਤਿੰਨ ਸਾਲਾਂ ਦੇ ਅੰਦਰ ਮਿਹਨਤ ਕਰਨੀ ਪਈ ਹੈ, ਉਸ ਕਾਰਨ ਹੀ ਅਸੀਂ ਅੱਜ ਆਪਣੇ ਪੈਰਾਂ ਤੇ ਖੜ੍ਹੇ ਹੋਏ ਹਾਂ। ਅਜੇ ਦੋ ਸਾਲਾਂ ਦਾ ਸਮਾਂ ਸਾਡੇ ਕੋਲ ਹੋਰ ਬਾਕੀ ਹੈ। ਪੰਜਾਬ ਦੇ ਅਧੂਰੇ ਕੰਮਾਂ ਨੂੰ ਅਤੇ ਪੰਜਾਬ ਦੀ ਡਿਵੈਲਪਮੈਂਟ ਰਹਿੰਦੇ ਦੋ ਸਾਲਾਂ ਵਿਚ ਕਰਕੇ ਲੋਕਾਂ ਨੂੰ ਅਸੀਂ ਦਿਖਾ ਦੇਵਾਂਗੇ।

ਜਿਥੋਂ ਤੱਕ ਗੱਲ ਲੋਕਾਂ ਦੇ ਫਤਵੇ ਦੀ ਰਹਿ ਗਈ ਹੈ, ਕੁਝ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਵੋਟਾਂ ਗੰਲਤ ਪਈਆਂ ਹਨ, ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ 14 ਬੂਥਾਂ ਤੇ ਤਾਂ ਇਨ੍ਹਾਂ ਨੇ ਜ਼ੋਰ ਲਗਾ ਕੇ ਦੇਖ ਹੀ ਲਿਆ ਹੈ। 14 ਬੂਥਾਂ ਤੇ ਲੋਕਾਂ ਨੇ ਦੁਬਾਰਾ ਫਤਵਾ ਦਿੱਤਾ ਹੈ। ਮੈਂ ਕਹਿਣਾ...

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਡਿਪਟੀ ਸਪੀਕਰ ਸਾਹਿਬ, ਇਹ ਬਜਟ ਤੇ ਬੋਲਣ। ਬਜਟ ਤੇ ਹਾਲੇ ਤੱਕ ਇਨ੍ਹਾਂ ਨੇ ਕੋਈ ਗੱਲ ਨਹੀਂ ਕਹੀ। ਇਹ ਹੋਰ ਹੀ ਗੱਲਾਂ ਕਰ ਰਹੇ ਹਨ।

**ਮਾਨਯੋਗ ਡਿਪਟੀ ਸਪੀਕਰ** : ਹਾਂ ਜੀ, ਹਰਜਿੰਦਰ ਸਿੰਘ ਠੇਕੇਦਾਰ ਜੀ।

**ਸਰਦਾਰ ਹਰਜਿੰਦਰ ਸਿੰਘ ਠੇਕੇਦਾਰ :** ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੀਆਂ ਗੱਲਾਂ ਬਜਟ ਦੀਆਂ ਹੋਈਆਂ ਹਨ। ਇਹ ਸਾਰੀਆਂ ਗੱਲਾਂ ਬਜਟ ਤੇ ਹੀ ਹਨ ਕਿਉਂਕਿ ਜਿਹੜੀਆਂ ਇਨ੍ਹਾਂ ਵੱਲੋਂ ਇੱਥੇ ਗੱਲਾਂ ਕੀਤੀਆਂ ਗਈਆਂ ਹਨ, ਉਹ ਕੋਈ ਬਜਟ ਦੀਆਂ ਗੱਲਾਂ ਨਹੀਂ ਸਨ। ਇਹ ਅਕਾਲੀ ਪਾਰਟੀ ਵਾਲੇ ਕੇਵਲ ਜਾਤੀ ਤੌਰ ਤੇ ਹੀ ਗੱਲਾਂ ਕਰਦੇ ਹਨ। ਮੈਂ ਤਾਂ ਸਿਰਫ ਇਹੋ ਹੀ ਗੱਲ ਕੀਤੀ ਹੈ, ਜੋ ਕਿ ਪੰਜਾਬ ਦੀ ਖੁਸ਼ਹਾਲੀ ਔਰ ਤਰੱਕੀ ਦੇ ਨਾਲ ਸਬੰਧਤ ਹੈ ਔਰ ਅੱਜ ਸਾਡੀ ਸਰਕਾਰ ਦੇ ਤਿੰਨ ਸਾਲ ਹੋ ਗਏ ਹਨ ਔਰ ਜੋ ਆਉਣ ਵਾਲੇ ਸਮੇਂ ਵਿਚ ਕੰਮ ਕਰਾਂਗੇ, ਮੈਂ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਹੈ।

ਬਾਕੀ, ਜੰਗਲਾਤ ਦੇ ਬਾਰੇ ਬਜਟ ਦੇ ਵਿਚ ਪੈਸਾ ਰੱਖਿਆ ਗਿਆ ਹੈ। ਉਸ ਪੈਸੇ ਨਾਲ ਜੰਗਲਾਤ ਦਾ ਹਿੱਸਾ ਹੋਰ ਵਧਾਉਣ ਬਾਰੇ ਵੀ ਬਜਟ ਦੇ ਵਿਚ ਉਪਰਾਲੇ ਕੀਤੇ ਗਏ ਹਨ ।

ਸਿੱਖਿਆ ਵਾਸਤੇ ਪੰਚਾਇਤੀ ਰਾਜ ਨੂੰ ਜਿਹੜੇ ਵੱਧ ਅਧਿਕਾਰ ਦਿੱਤੇ ਗਏ ਹਨ, ਉਹ ਵੀ ਬਹੁਤ ਵੱਡਾ ਸ਼ਲਾਘਾਯੋਗ ਕਦਮ ਪੁੱਟਿਆ ਹੈ। ਇਸ ਦੇ ਨਾਲ ਲੋਕਾਂ ਦੇ ਵਿਚ ਜਿੱਥੇ ਜਾਗ੍ਰਤੀ ਆਵੇਗੀ, ਉਥੇ ਲੋਕਾਂ ਨੂੰ ਆਪਣੇ ਲਈ ਹੋਰ ਸਹੂਲਤਾਂ ਮਿਲਣ ਦਾ ਹੋਰ ਉਪਰਾਲਾ ਹੋਵੇਗਾ। ਅੱਜ ਇੱਥੇ ਪੈਨਸ਼ਨਾਂ ਦੀ ਗੱਲ ਆਈ ਹੈ, ਬਜਟ ਦੇ ਵਿਚ ਪੈਨਸ਼ਨਾਂ ਵਾਸਤੇ ਇੱਕ ਵੱਖਰਾ ਫੰਡ ਕਾਇਮ ਕੀਤਾ ਗਿਆ ਹੈ। ਕਿਉਂਕਿ ਪਿਛਲੇ ਸਮੇਂ ਵਿਚ ਜਿਹੜੀਆਂ ਗਲਤ ਪੈਨਸ਼ਨਾਂ ਲੱਗੀਆਂ ਹੋਈਆਂ ਸਨ, ਉਨ੍ਹਾਂ ਨੂੰ ਠੀਕ ਕਰਨ ਕਰਕੇ ਕੁਝ ਦੇਰੀ ਹੋਈ ਹੈ। ਇਨ੍ਹਾਂ ਦੇ ਰਾਜ ਵਿਚ ਅਨੇਕਾਂ ਲੋਕ ਇਸ ਤਰ੍ਹਾਂ ਦੇ ਪੈਨਸ਼ਨਾਂ ਲੈਂਦੇ ਪਾਏ ਗਏ ਜਿਹੜੇ ਕਿ ਬੁੱਢੇ ਨਹੀਂ ਸਨ ਪਰ ਉਨ੍ਹਾਂ ਨੂੰ ਬੁਢਾਪਾ ਪੈਨਸ਼ਨਾਂ ਲੱਗੀਆਂ ਹੋਈਆਂ ਸਨ। ਇਸ ਦੇ ਕਾਰਨ ਕੁਝ ਸਮਾਂ ਲੱਗਾ ਔਰ ਅਸੀਂ ਲੇਟ ਹੋਏ। ਇਸ ਵਿਚ ਕੁਝ ਦੇਰ ਜ਼ਰੂਰ ਹੋਈ ਹੈ ਪਰ ਹੁਣ ਲੋਕਾਂ ਨੂੰ ਪੈਨਸ਼ਨਾਂ ਪਹੁੰਚ ਗਈਆਂ ਹਨ ਅਤੇ ਇਨ੍ਹਾਂ ਨੂੰ ਰੀਲੀਜ਼ ਕਰਨ ਦਾ ਬਜਟ ਵਿਚ ਅਹਿਮ ਫੈਸਲਾ ਲਿਆ ਗਿਆ ਹੈ। ਮੈਂ ਬਜਟ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਅਤੇ ਸਿੰਗਲਾ ਸਾਹਿਬ ਨੂੰ ਇਸ ਵਧੀਆ ਬਜਟ ਲਈ ਵਧਾਈ ਵੀ ਦਿੰਦਾ ਹਾਂ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਭਲਾਈ** (ਰਾਣਾ ਗੁਰਮੀਤ ਸਿੰਘ ਸੋਢੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਸ ਨੂੰ ਸਾਡੇ ਖਜ਼ਾਨਾ ਮੰਤਰੀ, ਸਿੰਗਲਾ ਸਾਹਿਬ ਨੇ ਪੇਸ਼ ਕੀਤਾ ਹੈ। ਇਹ ਇਕ ਵਧੀਆ ਬਜਟ ਹੈ ਜਿਸ ਵਿਚ

ਹਰ ਪੱਖ ਤੋਂ ਹਰ ਵਰਗ ਦੇ ਲੋਕਾਂ ਦਾ ਧਿਆਨ ਰੱਖਿਆ ਗਿਆ ਹੈ। ਚਾਹੇ ਐਗਰੀਕਲਚਰ ਸੈਕਟਰ ਹੋਵੇ, ਚਾਹੇ ਰੋਡਜ਼ ਦਾ ਮਾਮਲਾ ਹੋਵੇ, ਚਾਹੇ ਪਿੰਡਾਂ ਵਿਚ ਪੀਣ ਦੇ ਪਾਣੀ ਦਾ ਮਸਲਾ ਹੋਵੇ ਅਤੇ ਚਾਹੇ ਪਿੰਡਾਂ ਵਿਚ 24 ਘੰਟੇ ਬਿਜਲੀ ਸਪਲਾਈ ਦਾ ਮਾਮਲਾ ਹੋਵੇ । ਸਾਰਿਆਂ ਨੂੰ ਇਸ ਬਜਟ ਰਾਹੀਂ ਕੁਝ ਨਾ ਕੁਝ ਦਿੱਤਾ ਗਿਆ ਹੈ । ਇਸ ਬਜਟ ਦੇ ਵਿਚ ਇਰੀਗੇਸ਼ਨ ਵਾਸਤੇ 221 ਕਰੋੜ ਰੁਪਿਆ ਰੱਖਿਆ ਗਿਆ ਹੈ, ਇਸ ਦੇ ਵਿਚ ਨਹਿਰਾਂ ਦੀ ਲਾਇਨਿੰਗ ਦਾ ਕੰਮ ਕੀਤਾ ਗਿਆ, ਖਾਲਿਆਂ ਨੂੰ ਪੱਕਾ ਕਰਨ ਦਾ ਜ਼ਿਕਰ ਕੀਤਾ ਗਿਆ ਹੈ । ਹੁਣ ਮੈਂ ਆਪਣੇ ਹਲਕੇ ਦੀ ਡਿਸਟ੍ਰੀਬਿਊਟਰੀ ਦੀ ਗੱਲ ਕਰਦਾ ਹਾਂ । ਲਾਧੋਕੇ ਡਿਸਟ੍ਰੀਬਿਊਟਰੀ ਅਤੇ ਮੈਮਡੋਕ ਡਿਸਟ੍ਰੀਬਿਊਟਰੀ II ਲਈ ਸਰਕਾਰ ਨੇ 49 ਕਰੋੜ ਰੁਪਿਆ ਰੱਖਿਆ ਹੈ । ਜਦੋਂ ਅਸੀਂ ਇਥੇ ਐਗਰੀਕਲਚਰ ਸੈਕਟਰ ਦੀ ਗੱਲ ਕਰਦੇ ਹਾਂ ਅਤੇ ਕਿਸਾਨਾਂ ਲਈ ਹਮੇਸ਼ਾਂ ਅਕਾਲੀਆਂ ਨੇ ਕਿਹਾ ਹੈ ਕਿ ਸਾਡੇ ਤੋਂ ਸਿਵਾਏ ਹੋਰ ਕੋਈ ਇਨ੍ਹਾਂ ਦਾ ਧਿਆਨ ਨਹੀਂ ਰੱਖਦਾ ਪਰ ਇਸ ਗੱਲ ਨੂੰ ਅਸੀਂ ਝੂਠਾ ਸਾਬਤ ਕਰ ਦਿੱਤਾ ਹੈ । ਜੋ ਪਿਛੇ ਸਰਕਾਰ ਰਿਸ਼ਵੱਤਖੋਰੀ ਕਰਕੇ ਹਿੱਸਾ ਪੱਤੀ ਲੈਂਦੀ ਸੀ ਉਸ ਨੂੰ ਅਸੀਂ ਖਤਮ ਕਰ ਦਿੱਤਾ ਹੈ । ਇਸ ਦੇ ਵਿਚ ਅਸੀਂ 1800 ਕਰੋੜ ਰੁਪਿਆ ਪਿੰਡਾਂ ਦੇ ਵਿਚ ਪੀਣ ਦੇ ਪਾਣੀ ਲਈ ਰੱਖਿਆ ਹੈ । 800 ਕਰੋੜ ਰੁਪਿਆ ਸੜਕਾਂ ਲਈ ਸਰਕਾਰ ਨੇ ਬਜਟ ਦੇ ਵਿੱਚ ਰੱਖਿਆ ਹੈ ਅਤੇ ਇਸ ਤੋਂ ਇਲਾਵਾ 1000 ਕਰੋੜ ਰੁਪਿਆ ਪੰਜਾਬ ਇਨਫਰਾਸਟ੍ਰਕਚਰ ਡਿਵੈਲਪਮੈਂਟ ਬੋਰਡ ਰਾਹੀਂ ਸੜਕਾਂ ਲਈ ਵੱਖਰਾ ਰੱਖਿਆ ਗਿਆ ਹੈ ਅਤੇ ਅਸੀਂ 16% ਵਾਧਾ ਕੀਤਾ ਹੈ । ਇਸੇ ਤਰ੍ਹਾਂ ਸਰਕਾਰ ਨੇ ਬਠਿੰਡਾ ਰਿਫਾਈਨਰੀ ਨੂੰ ਜਿਹੜੀ ਕਈ ਸਾਲਾਂ ਤੋਂ ਬੰਦ ਪਈ ਸੀ ਅਤੇ ਅਕਾਲੀ ਭਰਾ ਇਸ ਨੂੰ ਬੰਦ ਕਰਨ ਦੇ ਹੱਕ ਵਿਚ ਸਨ ਪਰ ਕੈਪਟਨ ਸਾਹਿਬ ਨੇ ਇਸ ਰਿਫਾਈਨਰੀ ਨੂੰ ਚਾਲੂ ਕਰਨ ਲਈ 10 ਹਜ਼ਾਰ ਕਰੋੜ ਰੁਪਏ ਦਾ ਵਾਅਦਾ ਕੀਤਾ ਹੈ । ਸਾਡੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਅਸ਼ੀਰਵਾਦ ਨਾਲ ਕੈਪਟਨ ਸਾਹਿਬ ਵਲੋਂ ਇਸ ਪ੍ਰਾਜੈਕਟ ਨੂੰ ਫਿਰ ਚਾਲੂ ਕਰਵਾਇਆ ਜਾ ਰਿਹਾ ਹੈ । ਇਸ ਤਰ੍ਹਾਂ ਵਿਕਾਸ ਦੇ ਹੋਰ ਵੀ ਕੰਮ ਚਲ ਰਹੇ ਹਨ । ਇਸ ਦੇ ਨਾਲ ਹੀ ਮੈਂ ਸਦਨ ਵਿਚ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਨੇ ਪਹਿਲੀ ਦਫਾ ਪੰਜਾਬ ਵਿੱਚ ਇੰਡੋ-ਪਾਕਿਸਤਾਨ ਗੇਮਜ਼ ਨੂੰ ਸ਼ੁਰੂ ਕਰਵਾਇਆ । ਇਸ ਦਾ ਬੈਨੀਫਿਟ ਅਤੇ ਇਸ ਦੀ ਸ਼ਲਾਘਾ ਸਾਰੀ ਦੁਨੀਆ ਵਿਚ ਹੋਈ ਹੈ ਅਤੇ ਦੇਸ਼ ਭਰ ਵਿਚ ਸ਼ਲਾਘਾ ਕੀਤੀ ਗਈ ਅਤੇ ਦੋਨਾਂ ਦੇਸ਼ਾਂ ਦੇ ਲੋਕਾਂ ਨੂੰ ਇਕ ਪਲੇਟਫਾਰਮ ਤੇ ਲਿਆ ਕੇ ਇੱਕਠਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂਕਿ ਦੇਸ਼ ਵਿਚ ਸ਼ਾਂਤੀ ਅਤੇ ਭਾਈਚਾਰੇ ਦਾ ਮੌਹਾਲ ਪੈਦਾ ਹੋ ਸਕੇ ਅਤੇ ਇਹ ਸਾਨੂੰ ਨਜ਼ਰ ਵੀ ਆ ਰਿਹਾ ਹੈ । ਪਿਛੇ ਜਦੋਂ ਕੈਪਟਨ ਸਾਹਿਬ ਲਾਹੌਰ ਗਏ ਸਨ ਉਥੇ ਪਹਿਲੀ ਦਫਾ ਹੋਇਆ ਹੈ ਕਿ ਕਿਸੇ ਦਸਰੇ ਮਲਕ ਦੇ ਚੀਫ਼ ਮਨਿਸਟਰ ਨੇ

[ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਭਲਾਈ]
ਗੁਆਂਢੀ ਦੇਸ਼ ਵਿਚ ਨਨਕਾਣਾ ਸਾਹਿਬ ਤੋਂ ਫੋਰਲਾਈਨਜ਼ ਰੋਡ ਦਾ ਨੀਂਹ ਪੱਥਰ ਰੱਖਿਆ । ਇਹ ਕੈਪਟਨ ਸਾਹਿਬ ਨੂੰ ਸਿਹਰਾ ਜਾਂਦਾ ਹੈ ਅਤੇ ਵਾਪਸੀ ਤੇ 21 ਭਾਰਤੀਆਂ ਨੂੰ ਪਾਕਿਸਤਾਨੀ ਜੇਲਾਂ ਵਿਚੋਂ ਰੀਲੀਜ਼ ਕਰਵਾ ਕੇ ਨਾਲ ਲੈ ਕੇ ਆਏ ਅਤੇ ਨਾਲ ਹੀ 580 ਭਾਰਤੀ ਕੈਦੀਆਂ ਨੂੰ ਪਾਕਿਸਤਾਨੀ ਜੇਲਾਂ ਵਿਚੋਂ ਰੀਲੀਜ਼ ਕਰਵਾਇਆ ਜੋ ਕਾਫੀ ਸਮੇਂ ਤੋਂ ਜੇਲਾਂ ਵਿਚ ਸੜ ਰਹੇ ਸਨ । ਇਹ ਸਿਹਰਾ ਕੈਪਟਨ ਸਾਹਿਬ ਨੂੰ ਜਾਂਦਾ ਹੈ । ਇਹ ਇਸ ਸਰਕਾਰ ਦੀ ਤੇ ਕਾਂਗਰਸ ਪਾਰਟੀ ਦੀ ਇਕ ਬਹੁਤ ਵੱਡੀ ਤੇ ਸ਼ਲਾਘਾਯੋਗ ਗੱਲ ਹੈ ਜਿਸ ਦੇ ਨਾਲ ਅੱਜ ਲੋਕਾਂ ਵਿੱਚ ਉਤਸ਼ਾਹ ਜਾਗਿਆ ਹੈ । ਡਿਪਟੀ ਸਪੀਕਰ ਸਾਹਿਬ, ਬਜਟ ਤੇ ਮੈਂ ਦੋਬਾਰਾ ਗੱਲ ਕਰਦਾ ਹੋਇਆ ਇਹ ਦੱਸਣਾ ਚਾਹੁੰਦਾ ਹਾਂ ਕਿ 24 ਘੰਟੇ ਦੀ ਜਿਹੜੀ ਬਿਜਲੀ ਸਪਲਾਈ ਹੈ, ਉਸ ਵਾਸਤੇ ਇਸ ਸਾਲ 30-8-2005 ਤੱਕ ਹਰੇਕ ਪਿੰਡ ਵਿਚ 24 ਘੰਟੇ ਦੀ ਬਿਜਲੀ ਸਪਲਾਈ ਲਈ ਪੈਸਾ ਸਾਡੇ ਕੋਲ ਪੂਰਾ ਤਿਆਰ ਹੈ ਜਿਸ ਨਾਲ ਹਰੇਕ ਪਿੰਡ ਵਿਚ 24 ਘੰਟੇ ਦੀ ਬਿਜਲੀ ਸਪਲਾਈ ਹੋ ਜਾਵੇਗੀ ।( ਥੰਪਿੰਗ )

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਮਸਲੇ ਵਿਚ ਵੀ ਸੀ.ਐਮ. ਸਾਹਿਬ ਨੇ ਇਹ ਗੱਲ ਕੀਤੀ ਹੈ ਤੇ ਵਿੱਤ ਮੰਤਰੀ ਸਾਹਿਬ ਨੇ ਬਜਟ ਦੇ ਵਿੱਚ ਪ੍ਰੋਵੀਜ਼ਨ ਰੱਖੀ ਹੈ ਜਿਸ ਦੇ ਤਹਿਤ ਪੰਜਾਬ ਦੇ ਸਕੂਲਾਂ ਵਿਚ ਕੰਪਿਊਟਰ ਐਜੂਕੇਸ਼ਨ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਹ ਵੀ ਬਹੁਤ ਹੀ ਸ਼ਲਾਘਾਯੋਗ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਸਾਰੀਆਂ ਗੱਲਾਂ ਤੁਹਾਡੇ ਰਾਹੀਂ ਸਦਨ ਵਿਚ ਸਾਂਝੀਆਂ ਕਰਨੀਆਂ ਚਾਹੁੰਦਾ ਸੀ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਇਕ ਬਹੁਤ ਵਧੀਆ, ਬਹੁਤ ਚੰਗਾ ਬਜਟ ਹੈ। ਇਸ ਵਿਚ ਗਰੀਬਾਂ ਤੇ ਕੋਈ ਹੋਰ ਟੈਕਸ ਨਹੀਂ ਲਗਾਇਆ ਗਿਆ ਤੇ ਆਮ ਬੰਦਾ ਵੀ ਇਸ ਤੋਂ ਕਾਫੀ ਖੁਸ਼ ਹੈ। ਏਨਾ ਕਹਿੰਦਾ ਹੋਇਆ ਮੈਂ ਤੁਹਾਡੇ ਤੋਂ ਇਜਾਜ਼ਤ ਲੈਂਦਾ ਹਾਂ। ਜੈ ਹਿੰਦ।

**ਸਰਦਾਰ ਗੁਰਜੰਟ ਸਿੰਘ** (ਪੱਕਾ ਕਲਾਂ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇਸ ਬਜਟ ਉਪਰ ਬੋਲਣ ਦਾ ਮੌਕਾ ਦਿੱਤਾ ਹੈ । ਜੋ ਬਜਟ 2005-06 ਦਾ ਪੇਸ਼ ਕੀਤਾ ਗਿਆ ਹੈ, ਉਹ ਬਹੁਤ ਹੀ ਸ਼ਲਾਘਾਯੋਗ ਬਜਟ ਹੈ ਪਰੰਤੂ ਵਿਰੋਧੀ ਧਿਰ ਵੱਲੋਂ ਬੋਲਿਆ ਜਾ ਰਿਹਾ ਸੀ, 2 ਸਾਲ ਹੋ ਗਏ ਸਾਨੂੰ ਸੁਣਦਿਆਂ ਨੂੰ, ਇਹ ਉਹੀ ਪੁਰਾਣਾ ਰਾਗ ਅਲਾਪੀ ਜਾਂਦੇ ਹਨ, ਪਤਾ ਨਹੀਂ ਇਹ ਕਿਹੜਾ ਸਪੀਕਰ ਫਿੱਟ ਕਰਕੇ ਲਿਆਉਂਦੇ ਹਨ, ਝੂਠ ਤੋਂ ਸਿਵਾਏ ਹੋਰ ਕੋਈ ਗੱਲ ਦੱਸੀ ਨਹੀਂ ਜਾਂਦੀ । ਮੈਨੂੰ ਹਾਸਾ ਆ ਰਿਹਾ ਸੀ, ਜਦੋਂ ਸਾਡੇ

ਬਹੁਤ ਹੀ ਸਤਿਕਾਰਯੋਗ ਸਾਬਕਾ ਖਜ਼ਾਨਾ ਮੰਤਰੀ ਸਾਹਿਬ ਇਹ ਕਹਿ ਰਹੇ ਸੀ ਕਿ ਕਾਂਗਰਸ ਸਰਕਾਰ ਨੇ ਪੰਜਾਬ ਵਾਸਤੇ ਕੁਝ ਨਹੀਂ ਕੀਤਾ ਪਰੰਤੂ ਅਕਾਲੀਆਂ ਨੇ ਪੰਜਾਬ ਨੂੰ ਕੈਲੀਫੋਰਨੀਆ ਬਣਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਬਹੁਤ ਅਫਸੋਸ ਤੇ ਦੁਖ ਦੇ ਨਾਲ ਇਹ ਗੱਲ ਕਹਿਣੀ ਪੈਂਦੀ ਹੈ ਕਿ ਜੇ ਅਕਾਲੀ ਸਰਕਾਰ ਏਨੀ ਚੰਗੀ ਹੁੰਦੀ, ਤਾਂ ਇਹ ਅੱਜ ਉਧਰਲੇ ( ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ ) ਬੈਂਚਾਂ ਤੇ ਨਾ ਬੈਠੇ ਹੁੰਦੇ, ਇਧਰਲੇ ( ਸਰਕਾਰੀ ਬੈਂਚਾਂ ਵੱਲ ਇਸ਼ਾਰਾ ) ਬੈਂਚਾਂ ਤੇ ਬੈਠੇ ਹੁੰਦੇ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੀ ਸਰਕਾਰ ਨੂੰ ਨਕਾਰ ਹੀ ਇਸ ਕਰਕੇ ਦਿੱਤਾ ਕਿ ਸੈਂਟਰ ਦੇ ਵਿੱਚ ਇਨ੍ਹਾਂ ਦੀ ਸਰਕਾਰ ਸੀ, ਇਹ ਉਸ ਸਰਕਾਰ ਵਿਚ ਹਿੱਸੇਦਾਰ ਸੀ, ਹਰਿਆਣਾ ਵਿਚ ਇਨ੍ਹਾਂ ਦੀ ਸਰਕਾਰ ਸੀ। ਇਨ੍ਹਾਂ ਨੇ ਲੋਕਾਂ ਨਾਲ ਬੜੇ ਵਾਇਦੇ ਕੀਤੇ ਸੀ ਕਿ ਪੰਜਾਬ ਦੇ ਮਸਲੇ ਹੱਲ ਕਰ ਦਿਆਂਗੇ, ਤੁਸੀਂ ਇਕ ਵਾਰੀ ਸਾਡੀ ਸਰਕਾਰ ਬਣਾ ਦਿਉ। ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਾਜਪਾਈ ਸਾਹਿਬ ਕੋਲ ਗਏ ਜਦੋਂ ਉਨ੍ਹਾਂ ਨੇ ਇਕ ਘੁਰਕੀ ਮਾਰੀ ਤਾਂ ਮੁੜ ਕੇ ਕਿਸੇ ਮਸਲੇ ਦਾ ਨਾਂ ਨਹੀਂ ਲਿਆ, ਚੁੱਪ ਕਰਕੇ ਬੈਠ ਗਏ। ਸਾਬਕਾ ਖਜ਼ਾਨਾ ਮੰਤਰੀ ਸਾਹਿਬ ਦੱਸ ਰਹੇ ਸੀ ਕਿ ਇਸ ਬਜਟ ਵਿੱਚ ਨਾ ਤਾਂ ਅਨੁਸੂਚਿਤ ਜਾਤੀਆਂ ਲਈ ਕੁਝ ਕੀਤਾ ਹੈ, ਨਾ ਕਿਸਾਨਾਂ ਲਈ ਕੁਝ ਕੀਤਾ ਹੈ ਤੇ ਨਾ ਹੀ ਕਰਮਚਾਰੀਆਂ ਲਈ ਕੋਈ ਨਵੀਂ ਸਕੀਮ ਲਿਆਂਦੀ ਹੈ। ਇਹ ਬਜਟ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਸ ਬਜਟ ਵਿਚ ਕੋਈ ਨਵਾਂ ਟੈਕਸ ਲਾਇਆ ਨਹੀਂ ਗਿਆ। ਇਕ ਰੁਪਿਆ ਜਿਹੜਾ ਡੀਜ਼ਲ ਉੱਤੇ ਲਾਇਆ ਗਿਆ ਹੈ, ਉਸ ਤੇ ਪੰਜਾਬ ਦੇ ਲੋਕਾਂ ਦੀ, ਸਾਰੇ ਮੈਂਬਰ ਸਾਹਿਬਾਨ ਸਾਡੀ ਤੇ ਆਪੋਜ਼ੀਸ਼ਨ ਵਾਲਿਆਂ ਦੀ ਇਸ ਗੱਲ ਤੇ ਸਹਿਮਤੀ ਹੈ ਕਿ ਡੀਜ਼ਲ ਤੇ ਲਗਾਏ ਗਏ ਸੈਸ ਤੇ ਦੋਬਾਰਾ ਗੌਰ ਕੀਤੀ ਜਾਵੇ । ਅਸੀਂ ਵੀ ਇਸ ਗੱਲ ਦੇ ਨਾਲ ਸਹਿਮਤ ਹਾਂ। ਡਿਪਟੀ ਸਪੀਕਰ ਸਾਹਿਬ, ਤਿੰਨ ਸਾਲ ਹੋ ਗਏ ਹਨ, ਪੰਜਾਬ ਵਿਚ ਇਕ ਵੀ ਕਿਸਾਨ ਨੇ ਖੁਦਕੁਸ਼ੀ ਨਹੀਂ ਕੀਤੀ। (ਥੰਪਿੰਗ) ਕਿਸਾਨਾਂ ਦੀ ਫਸਲ ਦਾ ਇਕ ਵੀ ਪੈਸਾ ਰਿਸ਼ਵਤ ਵਜੋਂ ਨਹੀਂ ਲਿਆ ਗਿਆ। ਕਿਸਾਨ ਨੂੰ ਇਕ ਰਾਤ ਵੀ ਬਾਹਰ ਨਹੀਂ ਕੱਟਣੀ ਪਈ । ਅੱਜ ਕਿਸਾਨ ਫਸਲ ਵੇਚ ਕੇ ਮਗਰੋਂ ਆਉਂਦਾ ਹੈ, ਉਸਦੇ ਪੈਸੇ ਪਹਿਲਾਂ ਪਹੁੰਚ ਜਾਂਦੇ ਹਨ । ਇਹ ਪੰਜਾਬ ਦੀ ਕੈਪਟਨ ਸਰਕਾਰ ਦਾ ਲੋਕਾਂ ਨਾਲ ਕੀਤਾ ਹੋਇਆ ਵਾਇਦਾ ਹੈ । ਇਹ ਵਿਰੋਧੀ ਧਿਰ ਵਾਲੇ ਬੈਠੇ ਹਨ, ਮੈਂ ਦੱਸਦਾ ਹਾਂ, ਮੈਨੂੰ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਦਾ ਚੇਅਰਮੈਨ ਬਣਾਇਆ ਗਿਆ । ਮੈਂ ਜਾ ਕੇ ਦੇਖਿਆ ਕਿ ਪਿਛਲੇ 6 ਸਾਲਾਂ ਵਿਚ ਇਕ ਪੈਸਾ ਵੀ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਨਹੀਂ ਦਿੱਤਾ ਗਿਆ । ਹੁਣ ਜਿਵੇਂ ਗਵਰਨਰ ਐਡਰੈਸ ਵਿਚ ਵੀ ਆਇਆ ਹੈ, 8

[ਸਰਦਾਰ ਗੁਰਜੰਟ ਸਿੰਘ]

ਕਰੋੜ 30 ਲੱਖ ਰੁਪਿਆ ਸਰਕਾਰ ਨੇ ਦਿੱਤਾ ਹੈ (ਥੰਪਿੰਗ) ਤੇ ਬਜਟ ਵਿਚ ਵੀ ਪੈਸਾ ਆਇਆ ਹੈ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਵਾਇਦਾ ਕੀਤਾ ਸੀ ਕਿ ਸਾਫ ਸੁਥਰਾ ਪ੍ਰਸ਼ਾਸਨ ਦੇਵਾਂਗੇ, ਸਾਡੀ ਸਰਕਾਰ ਬਣਾ ਦਿਉ । ਪਰੰਤੂ ਹੋਇਆ ਕੀ, ਕਿ ਆਉਂਦੇ ਹੀ ਬੁਢਲਾਡਾ ਦੀ ਗੰਨਾਂ ਮਿੱਲ ਕੌਡੀਆਂ ਦੇ ਭਾਅ ਵੇਚ ਦਿੱਤੀ ਗਈ। ਇਨ੍ਹਾਂ ਕੋਲੋਂ ਉਸਦੀ ਮਸ਼ੀਨਰੀ ਦਾ ਮੁੱਲ ਵੀ ਵੱਟਿਆ ਨਹੀਂ ਗਿਆ (ਵਿਘਨ) ਪਹਿਲਾਂ ਸੁਣ ਲਓ। (ਵਿਘਨ)

**ਸਰਦਾਰ ਹਰਬੰਤ ਸਿੰਘ ਦਾਤੇਵਾਸ** : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੁਢਲਾਡਾ ਸ਼ੂਗਰ ਮਿੱਲ ਹਾਲੇ ਤੱਕ ਵੀ ਵੇਚੀ ਨਹੀਂ ਗਈ। ਮਿੱਲ ਦੀ ਨਿਲਾਮੀ ਨਹੀਂ ਸੀ ਹੋਈ ਅਤੇ ਮਿੱਲ ਹਾਲੇ ਵੀ ਸਰਕਾਰ ਦੇ ਕਾਗਜ਼ਾਂ ਵਿਚ ਖੜ੍ਹੀ ਹੈ।

**ਮਾਨਯੋਗ ਡਿਪਟੀ ਸਪੀਕਰ** : ਠੀਕ ਹੈ।

**ਸਰਦਾਰ ਗੁਰਜੰਟ ਸਿੰਘ** : ਮਾਨਸਾ ਦੀ ਕਾਟਨ ਮਿੱਲ ਵੇਚੀ ਗਈ ਹੈ। ਅੱਜ ਉਥੇ ਰੇਟ 10 ਹਜ਼ਾਰ ਰੁਪਏ ਗਜ਼ ਚੱਲ ਰਿਹਾ ਹੈ। .....( ਵਿਘਨ )

**Mr. Deputy Speaker :** Sardar Gurjant Singh ji, address the Chair.

**ਸਰਦਾਰ ਗੁਰਜੰਟ ਸਿੰਘ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਵੇਲੇ ਨਹਿਰੀ ਕੋਠੀਆਂ ਵੇਚੀਆਂ ਗਈਆਂ। ਅੰਕੜੇ ਕਢਾ ਕੇ ਵੇਖ ਲਓ, ਅਕਾਲੀਆਂ ਤੋਂ ਬਿਨਾਂ ਕਿਸੇ ਹੋਰ ਸਰਕਾਰ ਨੇ ਇਹ ਕੰਮ ਕੀਤਾ ਹੋਵੇ ਤਾਂ ਮੰਨ ਲਵਾਂਗਾ।

ਕੈਪਟਨ ਸਰਕਾਰ ਨੇ ਇਸ ਬਜਟ ਵਿਚ ਪ੍ਰੋਵੀਜ਼ਨ ਕੀਤੀ ਹੈ ਅਤੇ ਪਹਿਲੀ ਵਾਰ 450 ਕਰੋੜ ਰੁਪਿਆ ਹਰੀਜਨਾਂ ਦੀ ਭਲਾਈ ਵਾਸਤੇ ਰੱਖਿਆ ਹੈ। 100 ਕਰੋੜ ਰੁਪਿਆ ਪਹਿਲਾਂ ਹੀ ਰੀਲੀਜ਼ ਕਰ ਦਿੱਤਾ ਹੋਇਆ ਹੈ। ਕੱਚੇ ਘਰਾਂ ਨੂੰ ਪੱਕੇ ਬਣਾ ਕੇ ਦੇਣ ਲਈ ਸਰਕਾਰ ਨੇ ਵਿਵਸਥਾ ਕੀਤੀ ਹੈ। ਇਸ ਦੇ ਵਾਸਤੇ ਸਰਵੇ ਹੋ ਗਿਆ ਹੈ ਅਤੇ ਸਰਵੇ ਤੋਂ ਬਾਦ ਉਹ ਮਕਾਨ ਪੱਕੇ ਬਣ ਜਾਣਗੇ । ਇਸ ਤੋਂ ਇਲਾਵਾ, ਟੇਲਾਂ ਤੇ ਪਾਣੀ ਪਹੁੰਚ ਰਿਹਾ ਹੈ । ਹੁਣ ਤੱਕ ਟੇਲਾਂ ਵਾਲੇ ਬਗੈਰ ਪਾਣੀ ਤੋਂ ਹੀ ਰਹਿ

ਜਾਂਦੇ ਸਨ। ਪਾਣੀ ਵੱਡੇ ਲੋਕਾਂ ਦੇ ਬਾਗਾਂ ਤੱਕ ਹੀ ਰਹਿ ਜਾਂਦਾ ਸੀ। ਅੱਜ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ 6 ਮਹਿਕਮੇ ਪੰਚਾਇਤਾਂ ਨੂੰ ਦੇ ਦਿੱਤੇ ਹਨ। ਇਨ੍ਹਾਂ ਦੇ ਫੈਸਲੇ ਪੰਚਾਇਤਾਂ ਨੇ ਆਪ ਕਰਨੇ ਹਨ, ਸਰਕਾਰ ਤੱਕ ਉਨ੍ਹਾਂ ਨੂੰ ਜਾਣ ਦੀ ਲੋੜ ਨਹੀਂ ਹੈ। ਕੈਪਟਨ ਸਰਕਾਰ ਦੀ ਜਿਹੜੀ ਅਗਲੀ ਪ੍ਰਾਪਤੀ ਹੈ, ਉਹ ਇਹ ਹੈ ਕਿ ਹਰ ਪਿੰਡ ਵਿਚ 24 ਘੰਟੇ ਬਿਜਲੀ ਦੇਣ ਦਾ ਜੋ ਵਾਅਦਾ ਇਸ ਸਰਕਾਰ ਨੇ ਲੋਕਾਂ ਨਾਲ ਕੀਤਾ ਸੀ, ਉਹ ਚੱਲ ਰਿਹਾ ਹੈ। ਸਾਨੂੰ ਪੂਰਾ ਯਕੀਨ ਹੈ ਕਿ ਛੇਤੀ ਹੀ ਇਸ ਕੰਮ ਨੂੰ ਪੂਰਾ ਕਰ ਲਿਆ ਜਾਵੇਗਾ। ਵਿਰੋਧੀ ਧਿਰ ਦੀ ਸਰਕਾਰ ਵੇਲੇ 400 ਕਰੋੜ ਰੁਪਏ ਦੀ ਬਿਜਲੀ ਹਰ ਸਾਲ ਚੋਰੀ ਹੁੰਦੀ ਸੀ। ਉਸ ਨੇ ਕਦੇ ਸੋਚਿਆ ਨਹੀਂ ਸੀ ਕਿ ਚੋਰੀ ਹੋਈ ਇਸ ਬਿਜਲੀ ਦਾ ਪੈਸਾ ਕਿਥੇ ਗਿਆ । ਉਹ ਪੈਸਾ ਇਨ੍ਹਾਂ ਦੇ ਚਹੇਤੇ ਅਫਸਰਾਂ ਦੀ ਜੇਬ ਵਿਚ ਜਾਂਦਾ ਸੀ । ਹੁਣ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਬਿਜਲੀ ਬੋਰਡ ਦੇ ਚਾਰ੍ਹ ਹਿੱਸੇ ਕਰ ਦਿਓ ਤਾਂ ਕਿ ਚੋਰੀ ਨੂੰ ਰੋਕਿਆ ਜਾਵੇ । ਇਸ ਬਜਟ ਨੂੰ ਹਰੀਜਨ ਅਤੇ ਕਿਸਾਨ ਦੇ ਹੱਕ ਵਿਚ ਰੱਖਿਆ ਗਿਆ ਹੈ । ਇਸ ਕਰਕੇ ਮੈਂ ਇਸ ਬਜਟ ਦੀ ਹਮਾਇਤ ਕਰਦਾ ਹਾਂ ਅਤੇ ਪੂਰੀ ਉਮੀਦ ਰੱਖਦਾ ਹਾਂ ਕਿ ਆਉਣ ਵਾਲੇ ਸਾਲਾਂ ਵਿਚ ਇਹ ਪੰਜਾਬ ਨੂੰ ਇਕ ਨਵੀਂ ਦਿਸ਼ਾ ਦੇਵੇਗਾ । ਬਹੁਤ ਬਹੁਤ ਧੰਨਵਾਦ ।

**ਸੰਸਦੀ ਸਕੱਤਰ, ਗ੍ਰਿਹ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ** (ਸਰਦਾਰ ਸਾਧੂ ਸਿੰਘ ਧਰਮਸੋਤ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ । ਮੇਰੇ ਤੋਂ ਪਹਿਲਾਂ ਸਾਡੇ ਆਪਣੇ ਸਾਥੀਆਂ ਨੇ ਵੀ ਅਤੇ ਮੇਰੇ ਸਾਹਮਣੇ ਬੈਠੇ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਨੇ ਵੀ ਇਸ ਬਜਟ ਉਪਰ ਖੁਲ੍ਹ ਕੇ ਗੱਲਾਂ ਕੀਤੀਆਂ ਹਨ । ਜਿਵੇਂ ਕਿਸੇ ਨੂੰ ਚੰਗੀਆਂ ਲੱਗੀਆਂ, ਉਨ੍ਹਾਂ ਨੇ ਆਪੋ ਆਪਣੇ ਤਰੀਕੇ ਨਾਲ ਗੱਲਾਂ ਕੀਤੀਆਂ ਹਨ । ਇਹ ਜੋ ਬਜਟ ਮਾਨਯੋਗ ਵਿੱਤ ਮੰਤਰੀ ਸ਼੍ਰੀ ਸੰਤ ਰਾਮ ਸਿੰਗਲਾ...........(ਹਾਸਾ).......ਸ਼੍ਰੀ ਸੁਰਿੰਦਰ ਸਿੰਗਲਾ ਜੀ ਨੇ ਪੇਸ਼ ਕੀਤਾ ਹੈ, ਇਹ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਸੁਚੱਜੀ ਅਗਵਾਈ ਹੇਠ ਪੇਸ਼ ਕੀਤਾ ਹੈ ਅਤੇ ਮੈਂ ਇਸ ਦੀ ਪੁਰਜ਼ੋਰ ਸ਼ਬਦਾਂ ਵਿਚ ਸ਼ਲਾਘਾ ਕਰਦਾ ਹਾਂ । ਹੁਣ ਮੈਂ ਆਪਣੀ ਗੱਲ ਸ਼ੁਰੂ ਕਰਦਾ ਹਾਂ । ਇਹ ਜਿਹੜਾ ਬਜਟ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਸਾਲ 2005-06 ਲਈ ਰੱਖਿਆ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਗਰੀਬਾਂ, ਵਪਾਰੀਆਂ ਲਈ ਹੈ, ਕਿਸਾਨਾਂ ਅਤੇ ਮਜ਼ਦੂਰਾਂ ਦੇ ਹਿਤਾਂ ਦੀ ਰਾਖੀ ਲਈ ਹੈ । ਇਹ ਬਜਟ ਇਹ ਦਰਸਾਉਂਦਾ ਹੈ ਕਿ ਪੰਜਾਬ ਦੀ ਵਾਗਡੋਰ ਕਿਸੇ ਸੁਲਝੇ ਹੋਏ, ਸਿਆਣੇ ਅਤੇ ਦਮਦਾਰ ਵਿਅਕਤੀ ਦੇ ਹੱਥਾਂ ਵਿਚ ਹੈ । ਹਰ ਬੰਦਾ, ਹਰ ਵਿਅਕਤੀ, ਹਰ ਜਾਤੀ ਅਤੇ

[ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ
(ਭਵਨ ਤੇ ਮਾਰਗ) ਵਿਭਾਗ]

ਹਰ ਕੈਟਾਗਰੀ ਦੇ ਲੋਕ ਇਸ ਬਜਟ ਨੂੰ ਸ਼ਲਾਘਾਯੋਗ ਸਮਝਣਗੇ । ਡਿਪਟੀ ਸਪੀਕਰ ਸਾਹਿਬ, ਅੱਜ ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸਾਹਮਣੇ ਬੈਠੇ ਆਪੋਜ਼ੀਸ਼ਨ ਦੇ ਸਾਡੇ ਭਰਾ 5 ਸਾਲ ਸਰਕਾਰ ਇਨ੍ਹਾਂ ਦੀ ਏਥੇ ਰਹੀ ਔਰ ਪਿੰਡਾਂ ਦੇ ਵਿੱਚ ਤੁਸੀਂ ਜਾ ਕੇ ਦੇਖ ਲਓ, ਸੜਕਾਂ ਦੀ ਏਨੀ ਮਾੜੀ ਹਾਲਤ ਸੀ ਕਿ 7-7 ਸਾਲ ਦੀਆਂ ਡਿਊ ਸੜਕਾਂ, ਇਨ੍ਹਾਂ ਦੇ ਟਾਈਮ ਦੀਆਂ ਡਿਊ ਸੜਕਾਂ ਅਸੀਂ ਆ ਕੇ ਕਲੀਨ ਕੀਤੀਆਂ ਹਨ । ਸੈਂਕੜੇ, ਹਜ਼ਾਰਾਂ ਕਰੋੜਾਂ ਰੁਪਏ ਲਾ ਕੇ ਅੱਜ ਕੰਮ ਉਥੇ ਚੱਲ ਰਹੇ ਹਨ । ਤੁਸੀਂ ਪਿੰਡਾਂ ਦੇ ਵਿੱਚ ਜਾ ਕੇ ਦੇਖ ਲਓ ।(ਹਾਸਾ) ਜੇਕਰ ਤੁਹਾਨੂੰ ਹਾਸੇ ਵਾਲੀ ਗੱਲ ਲਗਦੀ ਹੈ ਤਾਂ ਪਿੰਡਾਂ ਵਿੱਚ ਜਾ ਕੇ ਤੁਸੀਂ ਦੇਖ ਲਓ, ਲੋਕ ਤੁਹਾਨੂੰ ਦੱਸਣਗੇ ਕਿ ਸੜਕਾਂ ਦੀ ਮੁਰੰਮਤ ਹੋ ਰਹੀ ਹੈ । ਪਹਿਲਾਂ ਉਨ੍ਹਾਂ ਸੜਕਾਂ ਤੇ ਗੋਡੇ ਗੋਡੇ ਟੋਏ ਪਏ ਹੋਏ ਸਨ । ਜੇਕਰ ਤੁਹਾਨੂੰ ਮੇਰੀ ਗੱਲ ਝੂਠੀ ਲਗਦੀ ਹੈ ਤਾਂ ਆਪੋਜ਼ੀਸ਼ਨ ਅਤੇ ਸਾਡੇ ਬੰਦਿਆਂ ਦੀ ਇਕ ਕਮੇਟੀ ਬਣਾ ਕੇ ਦੇਖ ਲਓ । ਕਹਿਣਾ ਸੌਖਾ ਹੁੰਦਾ ਹੈ ਪਰ ਕੰਮ ਕਰਨਾ ਬਹੁਤ ਔਖਾ ਹੁੰਦਾ ਹੈ । ਕੈਪਟਨ ਅਮਰਿੰਦਰ ਸਿੰਘ ਜੀ ਨੇ ਸਰਕਾਰ ਬਣਨ ਤੋਂ ਪਹਿਲਾਂ ਜੋ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਸੀ, ਪੰਜਾਬ ਦੀ ਡਿਵੈਲਪਮੈਂਟ ਦੇ, ਪੰਜਾਬ ਵਿੱਚੋਂ ਰਿਸ਼ਵਤਖੋਰੀ ਖਤਮ ਕਰਨ ਦੇ, ਪੰਜਾਬ ਦੇ ਲੋਕਾਂ ਦੀ ਭਲਾਈ ਦੀ ਗੱਲ, ਉਨ੍ਹਾਂ ਨੂੰ ਪੂਰਨ ਤੌਰ ਤੇ, ਅਮਲੀ ਤੌਰ ਤੇ ਲਾਗੂ ਕੀਤਾ ਹੈ ਅਤੇ ਜਿਹੜੇ ਕੰਮ ਰਹਿੰਦੇ ਹਨ ਉਹ ਵੀ ਸਾਡੀ ਸਰਕਾਰ ਕਰਨ ਜਾ ਰਹੀ ਹੈ । ਮੈਂ ਵੇਖਿਆ ਹੈ, ਸਾਡੇ ਸਾਹਮਣੇ ਬੈਠੇ ਵੀਰ ਕਹਿ ਦਿੰਦੇ ਹਨ, ਜਦੋਂ ਜਦੋਂ ਵੀ ਇਨ੍ਹਾਂ ਦੀ ਪੰਜਾਬ ਦੇ ਵਿੱਚ ਸਰਕਾਰ ਆਈ ਹੈ, ਬੇੜਾ ਗਰਕ ਹੋਇਆ ਹੈ, ਵਿਕਾਸ ਦੀ ਜਗ੍ਹਾ ਵਿਨਾਸ਼ ਹੋਇਆ ਹੈ ।

(ਵਿਰੋਧੀ ਧਿਰਾਂ ਵੱਲੋਂ ਆਵਾਜ਼ਾਂ : ਏਥੇ ਕੁਝ ਕਹਿੰਦੇ ਹਨ, ਬਾਹਰ ਕੁਝ ਕਹਿੰਦੇ ਹਨ ।)

ਡਿਪਟੀ ਸਪੀਕਰ ਸਾਹਿਬ, ਜਦੋਂ ਜਦੋਂ ਵੀ ਇਨ੍ਹਾਂ ਦੀ ਸਰਕਾਰ ਪੰਜਾਬ ਵਿੱਚ ਆਈ, ਬੇੜਾ ਗਰਕ ਹੋਇਆ ।(ਵਿਘਨ) ਇਹ ਬੜੇ ਸਤਿਕਾਰਯੋਗ ਸੱਜਣ ਹਨ । ਜਦੋਂ ਚੋਣਾਂ ਹੁੰਦੀਆਂ ਹਨ ਤਾਂ ਇਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਨਾਂ ਤੇ, ਪੰਥ ਦੇ ਨਾਂ ਤੇ ਤਰਲੇ ਪਾਉਂਦੇ ਹਨ, ਵੋਟਾਂ ਮੰਗਦੇ ਹਨ ਅਤੇ ਕਹਿੰਦੇ ਹਨ ਕਿ ਪੰਜਾਬ ਦੇ ਲੋਕੋ ਤੁਸੀਂ ਸਾਨੂੰ ਵੋਟਾਂ ਪਾਓ, ਸਾਡੀ ਪੰਥਕ ਸਰਕਾਰ ਹੋਏਗੀ, ਸਾਡੀ ਪੰਥ ਦੀ ਸਰਕਾਰ ਬਣਾਓ, ਅਸੀਂ ਪੰਜਾਬ ਨੂੰ ਨੌ ਨਿਹਾਲ ਕਰ ਦੇਵਾਂਗੇ । ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਤੁਸੀਂ ਇਤਿਹਾਸ ਚੁੱਕ ਕੇ ਦੇਖ ਲਓ ਕਿ ਜਦੋਂ ਜਦੋਂ ਵੀ

ਅਕਾਲੀ ਦਲ ਦੀ ਪੰਜਾਬ ਦੇ ਵਿੱਚ ਸਰਕਾਰ ਆਈ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਤਿੰਨ ਵਾਰ ਮੁੱਖ ਮੰਤਰੀ ਬਣੇ । ਇਸ ਵਾਰ ਤੋਂ ਪਹਿਲਾਂ ਦੋ ਵਾਰੀ ਪਹਿਲਾਂ ਵੀ ਇਹ ਮੁੱਖ ਮੰਤਰੀ ਬਣੇ ਸਨ । ਭਾਵੇਂ ਪੰਜਾਬ ਦੇ ਕਿਸਾਨਾਂ ਦੀ ਗੱਲ ਹੋਵੇ ਜਾਂ ਪੰਥ ਦੀ ਗੱਲ ਹੋਵੇ, ਮੁੱਖ ਮੰਤਰੀ ਬਣਨ ਤੋਂ ਬਾਅਦ ਇਨ੍ਹਾਂ ਨੂੰ ਪੰਥ ਵੀ ਭੁੱਲ ਜਾਂਦਾ ਹੈ, ਪੰਜਾਬ ਦੇ ਲੋਕ ਵੀ ਭੁੱਲ ਜਾਂਦੇ ਹਨ ਅਤੇ ਕਿਸਾਨ ਵੀ ਭੁੱਲ ਜਾਂਦੇ ਹਨ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਆਨ ਏ ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ । ਡਿਪਟੀ ਸਪੀਕਰ ਸਾਹਿਬ, ਜਨਰਲ ਡਿਸਕਸ਼ਨ ਆਨ ਬਜਟ ਐਸਟੀਮੇਟਸ ਚੱਲ ਰਹੀ ਹੈ, ਡੀਬੇਟ ਦਾ ਕੋਈ ਮਿਆਰ ਵਧਾਓ । ਕੀ ਇਹ ਗਵਰਨਰਜ਼ ਐਡਰੈਸ ਤੇ ਬਹਿਸ ਹੋ ਰਹੀ ਹੈ ? ਮੇਰਾ ਕਹਿਣਾ ਹੈ ਕਿ ਡੀਬੇਟ ਦਾ ਥੋੜ੍ਹਾ ਮਿਆਰ ਵਧਾਓ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਅਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਜੋ ਪਰੰਪਰਾਵਾਂ ਇਨ੍ਹਾਂ ਨੇ ਪਾਈਆਂ ਹਨ, ਡੀਬੇਟਸ ਦੀਆਂ, ਉਸ ਮੁਤਾਬਿਕ ਹੀ ਡੀਬੇਟ ਚੱਲ ਰਹੀ ਹੈ ......(ਵਿਘਨ)..... ਉਸ ਮੁਤਾਬਿਕ ਹੀ ਡੀਬੇਟ ਚੱਲ ਰਹੀ ਹੈ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਕੈਪਟਨ ਸਾਹਿਬ ਸਵਾ ਘੰਟਾ ਬੋਲੇ ਹਨ, ਉਨ੍ਹਾਂ ਨੇ ਬਜਟ ਤੇ ਗੱਲ ਘੱਟ ਕਹੀ ਹੈ ਸਗੋਂ ਆਪਣੀਆਂ ਪਰਸਨਲ ਗੱਲਾਂ ਕੀਤੀਆਂ ਹਨ । ..........

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਏਨੇ ਛੋਟਾ ਹਾਊਸ, 100 ਮੈਂਬਰਾਂ ਦਾ ਹਾਊਸ ਹੈ ਔਰ ਕੋਈ ਕਿਸੇ ਪਾਸੇ ਤੌਖਲਾ ਵੀ ਨਹੀਂ ਹੈ । ਜੇਕਰ ਬਜਟ ਡਿਸਕਸ਼ਨ ਨਹੀਂ ਕਰਦੇ......(ਵਿਘਨ)......... ਇਸ ਕਿਸਮ ਦਾ ਮਿਆਰ ........(ਵਿਘਨ )

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਕੰਪੇਰੇਜ਼ਨ ਤਾਂ ਕਰਨਾ ਹੀ ਪੈਂਦਾ ਹੈ । ....ਵਿਘਨ....

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਅਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ :** ਕੈਪਟਨ ਸਾਹਿਬ ਬੋਲੇ ਹਨ ਕਿਸੇ ਨੇ ਉਨ੍ਹਾਂ ਨੂੰ ਡਿਸਟਰਬ ਨਹੀਂ ਕੀਤਾ । ਹੁਣ ਇਹ ਕਿਉਂ ਡਿਸਟਰਬ ਕਰਦੇ ਹਨ । ਜੇਕਰ ਕੋਈ ਸਤਿਕਾਰਯੋਗ ਐਮ.ਐਲ.ਏ. ਬੋਲ ਰਹੇ ਹਨ ਤਾਂ ਇਨ੍ਹਾਂ ਨੂੰ ਸੁਣਨਾ ਚਾਹੀਦਾ ਹੈ ।

**ਮਾਨਯੋਗ ਡਿਪਟੀ ਸਪੀਕਰ :** ਡਿਸਟਰਬ ਨਹੀਂ ਕਰਦੇ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਅਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਸਵਾ ਘੰਟੇ ਤੋਂ ਉਪਰ ਅਸੀਂ ਬੜੇ ਆਰਾਮ ਨਾਲ ਸੁਣਿਆ । ਤੁਸੀਂ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਸੁਣੋ । ਕੋਈ ਗੱਲ ਕਹਿਣੀ ਹੋਵੇ ਤਾਂ ਕਿਸੇ ਕਹਾਣੀ ਰਾਹੀਂ ਹੀ ਦੱਸੀ ਜਾਂਦੀ ਹੈ । ਗੱਲ ਕਰਨ ਦਾ ਤਰੀਕਾ ਤਾਂ ਹੋਣਾ ਚਾਹੀਦਾ ਹੈ । ਮੇਰਾ ਕਹਿਣ ਦਾ ਭਾਵ ਹੈ ਕਿ ਤੁਸੀਂ ਪਿਛਲਾ ਇਤਿਹਾਸ ਫਰੋਲ ਲਓ । ਬਾਦਲ ਸਾਹਿਬ ਕਿਸਾਨਾਂ ਦੇ ਬੜੇ ਹਿਤੈਸ਼ੀ ਹਨ । ਇਹ ਅਕਾਲੀ ਦਲ ਵਾਲੇ ਹਮੇਸ਼ਾ ਪੰਥ ਦੇ ਹਿਤੈਸ਼ੀ ਕਹਾਉਂਦੇ ਹਨ ਜਾਂ ਕਿਸਾਨ ਦੇ ਹਿਤੈਸ਼ੀ ਕਹਾਉਂਦੇ ਹਨ । ਇਹ ਦੋ ਨਾਹਰੇ ਹੀ ਇਨ੍ਹਾਂ ਦੇ ਹੁੰਦੇ ਹਨ । 1977-78 ਵਿਚ ਯਾਦ ਕਰੋ, ਜਦੋਂ ਸੈਂਟਰ ਵਿਚ ਬਰਨਾਲਾ ਸਾਹਿਬ, ਖੇਤੀਬਾੜੀ ਮੰਤਰੀ ਸਨ ਅਤੇ ਸ਼੍ਰੀ ਮੁਰਾਰ ਜੀ ਡਿਸਾਈ ਦੀ ਸਰਕਾਰ ਸੀ । ਪੰਜਾਬ ਵਿਚ ਬਾਦਲ ਸਾਹਿਬ ਦੀ ਸਰਕਾਰ ਸੀ । ਉਹ ਮੁੱਖ ਮੰਤਰੀ ਸਨ । ਉਸ ਵਕਤ ਕਿਸਾਨ ਰੋਇਆ ਸੀ, ਧਾਹਾਂ ਨਿਕਲ ਗਈਆਂ ਸਨ । ਇਕ ਕਹਾਵਤ ਵੀ ਚੱਲੀ ਸੀ । ਥੱਲੇ ਜੱਟ, ਉੱਤੇ ਜੱਟ, ਨਰਮਾ ਵਿਕੇ 160....

(**ਸਰਦਾਰ ਤੋਤਾ ਸਿੰਘ** (ਬੈਠੇ ਬੈਠੇ ) : 160 ਨਹੀਂ 360)

ਚਲੋ 360 ਹੋਵੇ ਜਾਂ 160 । ਤੁਹਾਡੇ ਖਿਲਾਫ ਨਾਹਰਾ ਤਾਂ ਲੱਗਿਆ ਸੀ । ਮੇਰੇ ਕਹਿਣ ਦਾ ਭਾਵ ਕਿਸਾਨ ਨਾਲ ਇਨ੍ਹਾਂ ਦੇ ਟਾਈਮ ਵਿਚ ਧੱਕਾ ਹੋਇਆ ਸੀ । ਪੰਜ ਸਾਲ ਚਲਣ ਵਾਲੀ ਸਰਕਾਰ ਕਿਸਾਨ ਦੀ ਹਿਤੈਸ਼ੀ ਕਹਾਉਣ ਵਾਲੀ ਅਕਾਲੀ ਦਲ ਦੀ ਸਰਕਾਰ ਨੇ ਪੰਜਾਬ ਦੇ ਕਿਸਾਨ ਦੀ ਪੰਜਾਂ ਸਾਲਾਂ ਵਿਚ ਬੜੀ ਦੁਰਦਸ਼ਾ ਕੀਤੀ ਸੀ । ਇਤਿਹਾਸ ਗਵਾਹ ਹੈ ਕਿ ਇਕ ਸਾਲ ਅਜਿਹਾ ਨਹੀਂ ਸੀ, ਜਿਸ ਵਿਚ ਐਜੀਟੇਸ਼ਨਾਂ ਤੋਂ ਬਿਨਾਂ, ਧਰਨਿਆਂ ਤੋਂ ਬਿਨਾਂ ਕਿਸਾਨ ਦੀ ਫਸਲ ਵਿਕੀ ਹੋਵੇ ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ । ਡਿਪਟੀ ਸਪੀਕਰ ਸਾਹਿਬ,ਤੁਸੀਂ ਐਸ਼ਿਓਰ ਕਰਾਓ ਕਿ ਬਜਟ ਉਤੇ ਹੀ ਡਿਸਕਸ਼ਨ ਹੋਵੇ ।

**ਮਾਨਯੋਗ ਡਿਪਟੀ ਸਪੀਕਰ :** ਬੈਠ ਜਾਓ, ਉਹ ਬਜਟ ਤੇ ਹੀ ਆ ਰਹੇ ਹਨ ।

(ਕੁਝ ਅਵਾਜਾਂ ਇਨ੍ਹਾਂ ਨੂੰ ਕਹੋ ਕਿ ਤਿਆਰੀ ਕਰਕੇ ਆਇਆ ਕਰਨ ।)

(ਇਕ ਹੋਰ ਅਵਾਜ਼ : ਕਿਸੇ ਅਫਸਰ ਦੀ ਡਿਊਟੀ ਲਗਵਾ ਦਿਉ, ਜਿਹੜਾ ਇਨ੍ਹਾਂ ਨੂੰ ਤਿਆਰੀ ਕਰਵਾਇਆ ਕਰੇ ।)

**ਸਰਦਾਰ ਮਨਤਾਰ ਸਿੰਘ ਬਰਾੜ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਆਇੰਟ ਆਫ ਆਰਡਰ ਤੇ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਵਿੱਤ ਮੰਤਰੀ ਜੀ ਵੱਲੋਂ ਬਜਟ ਪੇਸ਼ ਕੀਤਾ ਗਿਆ ਹੈ ਉਸ ਤੇ ਜੇਕਰ ਇਹ ਪੜ੍ਹ ਕੇ ਆਏ ਹਨ ਤਾਂ ਇਹ ਦੱਸ ਦੇਣ ਕਿ ਐਗਰੀਕਲਚਰ ਬਾਰੇ ਕਿੰਨੇ ਪ੍ਰਤੀਸ਼ਤ ਪੈਸਾ ਬਜਟ ਵਿੱਚ ਪ੍ਰੋਵੀਜ਼ਨ ਹੋਇਆ ਹੈ ?

**ਮਾਨਯੋਗ ਡਿਪਟੀ ਸਪੀਕਰ :** ਚਲੋ, ਤੁਹਾਡਾ ਪੁਆਇੰਟ ਆ ਗਿਆ ਹੈ । ਤੁਸੀਂ ਜ਼ਰਾ ਬੈਠੋ । ਸਰਦਾਰ ਸਾਧੂ ਸਿੰਘ ਜੀ, ਤੁਸੀਂ ਕੰਟੀਨਿਊ ਕਰੋ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦੀ ਹੀ ਗੱਲ ਕਰ ਰਿਹਾ ਹਾਂ। ਤੁਸੀਂ ਦੱਸੋ ਕਿ ਕਿਸਾਨਾਂ ਦੀ, ਪੰਜਾਬ ਦੇ ਲੋਕਾਂ ਦੀ ਗੱਲ ਨਾ ਕਰੀਏ । ਇਹ ਕਹਿ ਦੇਣ ਕਿ ਕਿਸਾਨਾਂ ਦੀ ਗੱਲ ਨਾ ਕਰੋ । ...(ਵਿਘਨ...)

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਐਗਰੀਕਲਚਰ ਤੇ ਕਿਸਾਨ ਦੀ ਗੱਲ ਹੋ ਰਹੀ ਹੈ ਅਤੇ ਇਹ ਕਿਸਾਨ ਦੀ ਗੱਲ ਸੁਣ ਨਹੀਂ ਸਕਦੇ । (ਹਾਸਾ)

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਿਸਾਨ ਦੀ ਗੱਲ ਕਰ ਰਿਹਾ ਹਾਂ। ਇਨ੍ਹਾਂ ਦੇ ਪੰਜ ਸਾਲਾਂ ਦੇ ਸਮੇਂ ਵਿੱਚ ਜਦੋਂ ਵੀ ਝੋਨੇ ਦਾ ਜਾਂ ਕਣਕ ਦਾ ਸੀਜ਼ਨ ਆਉਂਦਾ ਸੀ। ਕਿਸਾਨ ਆਪਣੇ ਬੱਚਿਆਂ ਵਾਂਗੂ ਪਾਲੇ ਹੋਏ ਅਤੇ ਸੱਪਾਂ ਦੀਆਂ ਸਿਰੀਆਂ ਨੂੰ ਮਿੱਧ ਕੇ ਉਗਾਏ ਹੋਏ ਝੋਨੇ ਜਾਂ ਕਣਕ ਨੂੰ

[ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ]

ਜਦੋਂ ਮੰਡੀਆਂ ਵਿਚ ਲਿਜਾਂਦਾ ਸੀ ਤਾਂ ਇਹ ਕਹਿ ਦਿੰਦੇ ਸਨ ਕਿ, ਬਾਰਦਾਨਾ ਨਹੀਂ ਆਇਆ, ਬਾਰਦਾਨਾ ਨਹੀਂ ਆਇਆ। ਮੈਂ ਇਸ ਪਵਿੱਤਰ ਹਾਊਸ ਵਿਚ ਸੱਚ ਜਾਣਿਓ ਕਹਿ ਰਿਹਾ ਹਾਂ ਕਿ ਕਿਸਾਨਾਂ ਨੂੰ ਰੋਂਦੇ ਹੋਏ ਆਪਣੀ ਅੱਖੀਂ ਵੇਖਿਆ ਹੈ। ਉਨ੍ਹਾਂ ਦੀ ਲੁਟ-ਖਸੁੱਟ ਹੁੰਦੀ ਸੀ । ਉਨ੍ਹਾਂ ਨੇ ਮਜਬੂਰੀ ਵੱਸ 100 ਰੁਪਿਆ, 50 ਰੁਪਿਆ ਘੱਟ ਰੇਟ ਤੇ ਝੋਨਾ ਵੇਚਿਆ ਅਤੇ ਕਣਕ ਵੇਚੀ । ਜਦੋਂ ਵੀ ਕਣਕ ਜਾਂ ਝੋਨਾ ਮੰਡੀਆਂ ਵਿਚ ਪਹੁੰਚਦਾ ਸੀ ਤਾਂ ਇਨ੍ਹਾਂ ਦੀ ਇਕੋ ਹੀ ਰਟ ਸੀ ਕਿ ਬਾਰਦਾਨਾ ਨਹੀਂ ਆਇਆ । ਪ੍ਰੰਤੂ ਹੁਣ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੇ ਹੱਥ ਵਿਚ ਜਦੋਂ ਦੀ ਵਾਗਡੋਰ ਸੰਭਾਲੀ ਗਈ ਹੈ, ਮੈਂ ਆਪਣੀ ਪੂਰੀ ਜ਼ਿੰਮੇਵਾਰੀ ਨਾਲ ਸਾਰੇ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਛਲੇ ਤਿੰਨ ਸਾਲਾਂ ਵਿਚ ਇਕ ਵੀ ਸੀਜ਼ਨ ਅਜਿਹਾ ਨਹੀਂ ਜਿਸ ਵਿਚ ਕਿ ਕਿਸਾਨ ਰੋਇਆ ਹੋਵੇ, ਉਸ ਦੀ ਲੁੱਟ ਹੋਈ ਹੋਵੇ ਜਾਂ ਉਸ ਨੂੰ ਰਿਸ਼ਵਤ ਦੇਣੀ ਪਈ. ਹੋਵੇ ਜਾਂ ਕਦੀ ਬਾਰਦਾਨਾ ਸਮੇਂ ਸਿਰ ਨਾ ਪਹੁੰਚਿਆ ਹੋਵੇ । (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਕੈਪਟਨ ਸਾਹਿਬ ਦੀ ਸਰਕਾਰ ਦੇ ਤਿੰਨ ਸਾਲਾਂ ਵਿਚ.........

**ਸਰਦਾਰ ਗੁਰਾ ਸਿੰਘ ਤੁੰਗਵਾਲੀ :** ਡਿਪਟੀ ਸਪੀਕਰ ਸਾਹਿਬ.......

**ਮਾਨਯੋਗ ਡਿਪਟੀ ਸਪੀਕਰ :** ਸਾਰਦਾਰ ਸਾਧੂ ਸਿੰਘ ਜੀ ਇਕ ਮਿੰਟ । ਸਰਦਾਰ ਗੁਰਾ ਸਿੰਘ ਜੀ, ਪੁਆਇੰਟ ਆਫ ਆਰਡਰ ਤੇ ਹਨ।

**ਸਰਦਾਰ ਗੁਰਾ ਸਿੰਘ ਤੁੰਗਵਾਲੀ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਬਜਟ ਤੇ ਬੋਲਣ । ਉਹ ਬਜਟ ਤੇ ਨਹੀਂ ਬੋਲ ਰਹੇ ਹਨ ।

**ਮਾਨਯੋਗ ਡਿਪਟੀ ਸਪੀਕਰ :** ਤੁਹਾਡਾ ਪੁਆਇੰਟ ਆ ਗਿਆ ਹੈ । He is speaking, Please continue S. Sadhu Singh Ji .

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਮੈਂ ਕਿਸਾਨੀ ਦੀ ਗੱਲ ਕਰ ਰਿਹਾ ਹਾਂ ਅਤੇ ਬਜਟ ਤੇ ਹੀ ਬੋਲ ਰਿਹਾ ਹਾਂ । ਮੈਂ ਵੋਟਾਂ ਲੈਣ ਦੀ ਗੱਲ ਨਹੀਂ ਕਰ ਰਿਹਾ ।

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਕੰਟੀਨਿਊ ਕਰੋ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਅੱਜ ਤਿੰਨ ਸਾਲ ਸਾਡੀ ਸਰਕਾਰ ਦੇ ਹੋ ਗਏ ਹਨ, (ਆਪੋਜ਼ੀਸ਼ਨ ਵੱਲੋਂ ਇਸ਼ਾਰਾ ਕਰਦੇ ਹੋਏ) ਤੁਸੀਂ ਤਾਂ ਉਲਟ ਪਾਸੇ ਦੀ ਗੱਲ ਹੀ ਕਰਨੀ ਹੈ । ਸਾਡੀ ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ, ਇਕ ਇਕ ਕਿਸਾਨ ਤੋਂ ਪੁੱਛ ਸਕਦੇ ਹੋ ਜੇ ਕਿਸੇ ਤੋਂ ਕਿਸੇ ਅਧਿਕਾਰੀ/ਕਰਮਚਾਰੀ ਨੇ ਮੰਡੀ ਵਿੱਚ ਕਿਸਾਨਾਂ ਕੋਲੋਂ ਰਿਸ਼ਵਤ ਲਈ ਹੋਵੇ ਅਤੇ ਉਸਦੀ ਝੋਨੇ ਅਤੇ ਕਣਕ ਦੀ ਫਸਲ ਮੰਡੀ ਵਿੱਚ ਰੁਲੀ ਹੋਵੇ । ਇੱਕ ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਅਹਿਮ ਗੱਲ ਦਸੱਣੀ ਚਾਹੁੰਦਾ ਹਾਂ ਪਿਛਲੇ ਤਿੰਨ ਸਾਲ ਵਿੱਚ ਦੋ ਵਾਰ ਪੂਰੇ ਦੇਸ਼ ਵਿੱਚ ਮੀਂਹ ਨਹੀਂ ਪਿਆ ਅਤੇ ਸੋਕਾ ਪਿਆ । ਮੈਂ ਪੂਰੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਅਤੇ ਮੈਂ ਸਰਕਾਰ ਦੇ ਪ੍ਰਬੰਧਾਂ ਦੀ ਗੱਲ ਕਰ ਰਿਹਾ ਹਾਂ ।

**ਸ਼੍ਰੀ ਦੇਸ ਰਾਜ ਧੁੱਗਾ :** ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੈਂਬਰ ਨੂੰ ਦਸੱਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਜਟ ਵਿੱਚ ਹੀ ਕਿਹਾ ਹੈ ਕਿ ਪਿਛਲੇ ਤਿੰਨ ਸਾਲਾਂ ਦਾ ਕਿਸਾਨਾਂ ਦੇ ਗੰਨੇ ਦਾ ਬਕਾਇਆ ਪੈਂਡਿੰਗ ਹੈ ਉਹ ਵਿਚਾਰੇ ਹੱਸਦੇ ਹਨ ਜਾਂ ਰੋਂਦੇ ਹਨ ?

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਮੈਂ ਦਸੱਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ । ਪਿਛਲੇ ਸਾਲ ਵੀ ਅਤੇ ਉਸ ਤੋਂ ਪਿਛਲੇ ਸਾਲ ਵੀ ਪੂਰੇ ਦੇਸ਼ ਵਿੱਚ ਸੋਕਾ ਪਿਆ ਅਤੇ ਪੰਜਾਬ ਵਿੱਚ ਵੀ ਸੋਕਾ ਪਿਆ ਪਰ ਸਾਡੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਸੂਝਬੂਝ ਅਤੇ ਸੁਚੱਜੀ ਟੀਮ ਸਦਕਾ ਕਰੋੜਾਂ ਰੁਪਏ ਦੀ ਬਿਜਲੀ ਅਸੀਂ ਖਰੀਦ ਕੇ ਕਿਸਾਨਾਂ ਨੂੰ 8-8 ਘੰਟੇ, 10-10 ਘੰਟੇ ਦਿੱਤੀ ਜਦ ਕਿ ਪੂਰੇ ਦੇਸ਼ ਵਿੱਚ ਸੋਕਾ ਪਿਆ ਹੋਇਆ ਸੀ ਪਰ ਪੰਜਾਬ ਦੇ ਕਿਸਾਨ ਦਾ ਝੋਨਾ ਪਹਿਲਾਂ ਨਾਲੋਂ ਡੇਢ ਗੁਣਾ ਜ਼ਿਆਦਾ ਹੋਇਆ, ਜਿਸਦਾ ਪਹਿਲਾਂ 25 ਕੁਇੰਟਲ ਏਕੜ ਵਿਚੋਂ ਨਿਕਲਦਾ ਸੀ ਉਥੇ 35 ਕੁਇੰਟਲ ਨਿਕਲਿਆ । ਸਾਡੀ ਸਰਕਾਰ ਨੇ, ਕੈਪਟਨ ਅਮਰਿੰਦਰ ਸਿੰਘ ਜੀ ਨੇ ਬਿਜਲੀ ਲੈ ਕੇ ਦਿੱਤੀ, ਭਾਵੇਂ ਕਿਸੇ ਸਟੇਟ ਵਿਚੋਂ ਲੈ ਕੇ ਦਿਤੀ

(ਇਕ ਆਵਾਜ਼ : ਤੁਸੀਂ ਲੈ ਕੇ ਦਿੱਤੀ ।) (ਹਾਸਾ)

(**ਸ਼੍ਰੀ ਦੇਸ ਰਾਜ ਧੁੱਗਾ (ਬੈਠੇ ਬੈਠੇ):** ਤੁਹਾਨੂੰ ਕਮਿਸ਼ਨ ਵੀ ਤਾਂ ਮਿਲ ਰਹੀ ਹੈ।)

[ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ
(ਭਵਨ ਤੇ ਮਾਰਗ) ਵਿਭਾਗ]

ਕਮਿਸ਼ਨਾਂ ਲੈਣਾ ਦਾ ਤੁਹਾਡੀ ਸਰਕਾਰ ਦਾ ਕੰਮ ਸੀ, ਅਕਾਲੀ ਸਰਕਾਰ ਦਾ ਕੰਮ ਹੈ ਅਤੇ ਕਮਿਸ਼ਨ ਦਾ ਤਾਂ ਤੁਹਾਨੂੰ ਜ਼ਿਆਦਾ ਪਤਾ ਹੋਣਾ ਹੈ ਮੈਨੂੰ ਤਾਂ ਕਮਿਸ਼ਨ ਦਾ ਪਤਾ ਨਹੀਂ । ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਕਿਸਾਨਾਂ ਦੇ ਹੱਕਾਂ ਦੀ ਰਖਵਾਲੀ ਹੈ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਪੈਨਸ਼ਨਾਂ ਦੇ ਲਈ ਵੀ ਪੈਸਾ ਰੱਖਿਆ ਹੈ । ਪੈਨਸ਼ਨ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਟਾਈਮ ਵਿੱਚ ਪੈਨਸ਼ਨ ਲਗਦੀ ਸੀ, 40-40 ਕਿੱਲੇ ਵਾਲਿਆਂ ਨੂੰ ਅਤੇ ਗਰੀਬਾਂ ਨੂੰ ਇਗਨੋਰ ਕੀਤਾ ਜਾਂਦਾ ਰਿਹਾ ਹੈ ਪਰ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਉਨ੍ਹਾਂ ਦੀ ਛਾਣਬੀਣ ਕਰਕੇ ਜੈਨੂਅਨ ਬੰਦਿਆਂ ਨੂੰ ਪੈਨਸ਼ਨ ਦਿਤੀ ਹੈ । ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਇਕ ਪਿੰਡ ਹੈ ਜੱਖਵਾਲੀ । ਉਥੋਂ ਦੀ ਇਕ ਬੀਬੀ ਆਈ ਅਤੇ ਉਹ ਮੈਨੂੰ ਕਹਿਣ ਲੱਗੀ ਕਿ ਮੇਰੀ ਪੈਨਸ਼ਨ ਕੱਟ ਦਿਤੀ ਗਈ ਹੈ ਅਤੇ ਮੈਂ ਕਿਹਾ ਕਿ ਬੀਬੀ ਤੇਰੇ ਮੁੰਡੇ ਕੀ ਕੰਮ ਕਰਦੇ ਹਨ ਤਾਂ ਉਹ ਕਹਿਣ ਲੱਗੀ ਕਿ ਵਾਹੀ ਕਰਦੇ ਹਨ ਅਤੇ ਮੈਂ ਕਿਹਾ ਕਿ ਉਨ੍ਹਾਂ ਕੋਲ ਕਿੰਨੀ ਜ਼ਮੀਨ ਹੈ ਤਾਂ ਉਹ ਕਹਿਣ ਲੱਗੀ ਕਿ 30 ਏਕੜ । ਮੈਂ ਕਿਹਾ ਕਿ ਬੀਬੀ ਸਾਡੀ ਸਰਕਾਰ ਤਾਂ ਗਰੀਬਾਂ ਨੂੰ ਪੈਨਸ਼ਨ ਦਿੰਦੀ ਹੈ, ਅਮੀਰਾਂ ਨੂੰ ਨਹੀਂ । ਡਿਪਟੀ ਸਪੀਕਰ ਸਾਹਿਬ, ਇਹ 30-30, 40-40 ਏਕੜ ਜ਼ਮੀਨ ਦੇ ਮਾਲਕਾਂ ਨੂੰ ਪੈਨਸ਼ਨਾਂ ਲਗਾਉਂਦੇ ਰਹੇ ਹਨ ਅਤੇ ਗਰੀਬਾਂ ਨੂੰ ਨਹੀਂ । ਮੈਂ, ਡਿਪਟੀ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਰਿਸ਼ਤੇਦਾਰੀਆਂ ਅਤੇ ਦੋਸਤੀਆਂ ਨੂੰ ਪਾਲਿਆ ਹੈ ਅਤੇ ਗਰੀਬ ਬੰਦਿਆਂ ਨੂੰ ਪੁੱਛਿਆ ਨਹੀਂ ਗਿਆ ।

**ਸਰਦਾਰ ਤੋਤਾ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੁਆਇੰਟ ਆਫ ਆਰਡਰ ਤੇ ਬੋਲਣ ਦਾ ਸਮਾਂ ਦਿਤਾ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਕਿ ਅਸੀਂ 30-30, 40-40 ਏਕੜ ਜ਼ਮੀਨ ਵਾਲਿਆਂ ਨੂੰ ਪੈਨਸ਼ਨ ਦਿਤੀ ਹੈ । ਚਲੋ ਅਸੀਂ ਪੈਨਸ਼ਨ ਦਿਤੀ ਤਾਂ ਹੈ, ਤੁਹਾਡੇ ਸਮੇਂ ਵਿੱਚ ਤਾਂ ਕਿਸੇ ਨੂੰ ਦਿਤੀ ਹੀ ਨਹੀਂ ਜਾ ਰਹੀ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਅਸੀਂ ਪੈਨਸ਼ਨ ਵੰਡ ਰਹੇ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਖਜ਼ਾਨਾ ਮੰਤਰੀ ਜੀ

ਨੇ ਮੁੱਖ ਮੰਤਰੀ ਜੀ ਦੀ ਸੁਚੱਜੀ ਅਵਗਾਈ ਹੇਠ 280 ਕਰੋੜ ਰੁਪਏ ਨਵੀਆਂ ਸੜਕਾਂ ਲਈ ਰੱਖਿਆ ਹੈ । ਜਿਹੜੇ ਸਕੂਲਾਂ ਨੂੰ ਸੜਕ ਨਹੀਂ ਸੀ ਜਾਂਦੀ, ਜਿਹੜੇ ਗਰੀਬਾਂ ਦੀਆਂ ਝੁੱਗੀਆਂ ਨੂੰ ਸੜਕ ਨਹੀਂ ਸੀ ਜਾਂਦੀ,

(ਇਕ ਆਵਾਜ਼ : ਇਨ੍ਹਾਂ ਦੇ ਵੇਲੇ ਤਾਂ ਫਾਰਮ ਹਾਊਸਿਜ਼ ਨੂੰ ਸੜਕਾਂ ਬਣਦੀਆਂ ਰਹੀਆਂ ਹਨ ।)

ਜਿਹੜੇ ਗੁਰਦੁਆਰਾ ਸਾਹਿਬ ਨੂੰ ਸੜਕ ਨਹੀਂ ਸੀ ਜਾਂਦੀ, ਉਹ ਅਸੀਂ 280 ਕਰੋੜ ਰੁਪਏ ਲਗਾ ਕੇ ਬਣਾ ਰਹੇ ਹਾਂ ।

**ਸਰਦਾਰ ਮਨਤਾਰ ਸਿੰਘ ਬਰਾੜ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਡਿਪਟੀ ਸਪੀਕਰ ਸਾਹਿਬ, ਸੜਕਾਂ ਦੀ ਗੱਲ ਚੱਲ ਰਹੀ ਹੈ । ਅੱਜ ਤੁਸੀਂ ਪੇਪਰ ਵਿੱਚ ਪੜ੍ਹਿਆ ਹੋਵੇਗਾ ਕਿ 12 ਲੋਕ ਮੇਰੇ ਹਲਕੇ ਵਿੱਚ ਮਾਰੇ ਗਏ । ਕਿਉਂ ਮਾਰੇ ਗਏ ? ਸੜਕ ਵਿੱਚ ਟੋਆ ਪਿਆ ਸੀ । (ਵਿਘਨ) ਸੌਣ ਦੀ ਗੱਲ ਤਾਂ ਤੁਸੀਂ ਬਣਾ ਲਈ ਹੈ । ਅਸੀਂ ਆਪ ਲਾਸ਼ਾਂ ਕੱਢ ਕੇ ਆਏ ਹਾਂ ।

**ਸੰਸਦੀ ਸਕੱਤਰ, ਗ੍ਰਿਹ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਬੜੇ ਸਮਝਦਾਰ ਮੇਰੇ ਭਰਾ ਮੈਂਬਰ ਸਾਹਿਬ ਬੈਠੇ ਹਨ । ਮੈਂ ਅੱਜ ਦੇ ਬਜਟ ਦੀ ਗੱਲ ਕਰ ਰਿਹਾ ਹਾਂ ਜਿਹੜਾ ਪੈਸਾ ਰੱਖਿਆ ਗਿਆ ਹੈ । ਇਹ ਪੈਸਾ ਹਾਲੇ ਲੱਗਣਾ ਹੈ । ਐਕਸੀਡੈਂਟ ਨਾਲ ਬਜਟ ਦਾ ਕੀ ਸਬੰਧ ਹੈ ਇਹ ਜਿਹੜਾ ਪੈਸਾ ਰੱਖਿਆ ਹੈ, ਇਸ ਨਾਲ ਸੜਕਾਂ ਬਣਨਗੀਆਂ । ਸਾਡੀ ਸਰਕਾਰ ਬੜੀ ਦ੍ਰਿੜਤਾ ਨਾਲ ਲੱਗੀ ਹੋਈ ਹੈ ।

**ਸਰਦਾਰ ਸੁਖਪਾਲ ਸਿੰਘ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ** **

**ਮਾਨਯੋਗ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਤਿਕਾਰਯੋਗ ਮੈਂਬਰ ਸਾਹਿਬ ਬੋਲ ਰਹੇ ਹਨ । ਇਨ੍ਹਾਂ ਦੇ ਬੋਲਦੇ ਹੋਏ ਹੀ ਚਾਰ-ਚਾਰ ਪੁਆਇੰਟ ਆਫ

---

**Expunged as ordered by the Chair.

[ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ]
ਆਰਡਰ ਹੋ ਰਹੇ ਹਨ । ਕੋਈ ਹਿਸਾਬ ਕਿਤਾਬ ਨਹੀਂ । ਕੱਲ੍ਹ ਇਨ੍ਹਾਂ ਨੇ ਵੀ ਬੋਲਣਾ ਹੈ । ਜਦੋਂ ਇਨ੍ਹਾਂ ਵੱਲੋਂ ਕੈਪਟਨ ਸਾਹਿਬ ਬੋਲੇ ਸਨ ਤਾਂ ਸਾਰਿਆਂ ਨੇ ਸੁਣਿਆ ਸੀ । ਹੁਣ ਬਾਰ ਬਾਰ ਟੋਕਾ-ਟਾਕੀ ਹੋ ਰਹੀ ਹੈ । ਮੈਂ ਬੇਨਤੀ ਕਰਾਂਗਾ ਕਿ ਮੈਂਬਰ ਸਾਹਿਬ ਨੂੰ ਬੋਲਣ ਦਿਓ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਜੇ ਮੇਰੀ ਗੱਲ ਚੰਗੀ ਨਹੀਂ ਲੱਗਦੀ ਤਾਂ ਮੈਂ ਬੈਠ ਜਾਂਦਾ ਹਾਂ । ਤੁਸੀਂ ਹੁਕਮ ਕਰੋ ।

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਬੋਲੋ ਜੀ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦ੍ਰਿੜ੍ਹ ਹੈ । ਅਸੀਂ ਦੋ ਸਾਲਾਂ ਵਿੱਚ ਉਹ ਕੁਝ ਕਰ ਦੇਣਾ ਹੈ ਜੋ ਇਹ ਸੁਪਨੇ ਵਿੱਚ ਵੀ ਨਹੀਂ ਸੋਚ ਸਕਦੇ । ਕੈਪਟਨ ਸਾਹਿਬ ਦੀ ਸਰਕਾਰ ਡਿਵੈਲਪਮੈਂਟ ਕਰ ਰਹੀ ਹੈ ਔਰ ਅਜਿਹੀ ਡਿਵੈਲਪਮੈਂਟ ਕਰਾਂਗੇ ਜੋ ਇਹ ਸੋਚ ਵੀ ਨਹੀਂ ਸਕਦੇ । ਨਵੀਆਂ ਸੜਕਾਂ ਬਣਨਗੀਆਂ, ਪੁਰਾਣੀਆਂ ਸੜਕਾਂ ਰਿਪੇਅਰ ਹੋਣਗੀਆਂ ਅਤੇ ਕਈ ਸੜਕਾਂ ਦੀ ਰਿਪੇਅਰ ਚੱਲ ਵੀ ਰਹੀ ਹੈ । ਸਰਕਾਰ ਚਾਹੁੰਦੀ ਹੈ ਕਿ ਪੰਜਾਬ ਦਾ ਮਜ਼ਦੂਰ ਸੌਖਾ ਰਹੇ । ਪੰਜਾਬ ਦਾ ਕਿਸਾਨ ਖੁਸ਼ਹਾਲ ਰਹੇ । ਇੰਡਸਟਰੀ ਨੂੰ ਰਿਆਇਤ ਦਿੱਤੀ ਜਾਵੇ । ਗਰੀਬਾਂ ਲਈ ਪੈਸਾ ਰੱਖਿਆ ਗਿਆ ਹੈ । ਸਕੂਲਾਂ ਲਈ ਪੈਸਾ ਰੱਖਿਆ ਗਿਆ ਹੈ । ਮੈਂ ਸਮਝਦਾ ਹਾਂ ਕਿ ਇਹ ਜੋ ਬਜਟ ਪੇਸ਼ ਕੀਤਾ ਗਿਆ ਹੈ, ਇਹ ਬੜਾ ਘੋਖ ਕੇ ਔਰ ਸਹੀ ਤਰੀਕੇ ਨਾਲ, ਸੰਮਝ ਨਾਲ ਪੇਸ਼ ਕੀਤਾ ਗਿਆ ਹੈ । ਇੱਥੇ ਡੀਜ਼ਲ ਦੀ ਗੱਲ ਆਈ ਹੈ । ਮੈਂ ਸਮਝਦਾ ਹਾਂ ਕਿ ਜੇ ਡੀਜ਼ਲ ਵਿੱਚ ਇੱਕ ਰੁਪਏ ਦੇ ਵਾਧੇ ਦੀ ਗੱਲ ਹੈ ਉਸ ਤੇ ਸਰਕਾਰ ਵਿਚਾਰ ਕ੍ਰ ਸਕਦੀ ਹੈ । ਮੈਂ ਬੇਨਤੀ ਕਰਾਂਗਾ ਕਿ ਅਗਰ ਕਿਸਾਨ ਨੂੰ ਸੱਟ ਵਜਦੀ ਹੈ, ਗਰੀਬਾਂ ਨਾਲ ਧੱਕਾ ਹੁੰਦਾ ਹੈ ਤਾਂ ਇਹ ਰੁਪਿਆ ਵਾਪਸ ਲੈਣਾ ਚਾਹੀਦਾ ਹੈ । (ਥੰਪਿੰਗ) ਇਹ ਗੱਲ ਸੁਣਨੀ ਚਾਹੀਦੀ ਹੈ । ਅੱਜ ਲੋੜ ਹੈ, ਕੈਪਟਨ ਅਮਰਿੰਦਰ ਸਿੰਘ ਜੀ ਦਾ ਸਾਥ ਦੇਣ ਦੀ । ਡਿਪਟੀ ਸਪੀਕਰ ਸਾਹਿਬ, ਇਹ ਪੰਥ ਦੇ ਨਾਂ ਤੇ ਵੋਟਾਂ ਮੰਗਦੇ ਹਨ ਪਰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਵੀ ਇਨ੍ਹਾਂ ਦੀ ਸਰਕਾਰ ਆਈ, ਇਹ ਪੰਥ ਨੂੰ ਭੁੱਲ ਜਾਂਦੇ ਹਨ । ਇਤਿਹਾਸ ਵੱਲ ਤੁਸੀਂ

ਦੇਖੋ । ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ 1972 ਵਿੱਚ ਬਣੀ । ਕਾਂਗਰੰਸ ਨੇ ਪੰਥ ਦੇ ਨਾਂ ਤੇ ਵੋਟਾਂ ਨਹੀਂ ਮੰਗੀਆਂ ਅਤੇ ਪੰਥ ਦਾ ਸਤਿਕਾਰ ਕੀਤਾ । ਪੰਥ ਅੱਗੇ ਅਰਦਾਸ ਕੀਤੀ । ਗਿਆਨੀ ਜ਼ੈਲ ਸਿੰਘ ਜੀ ਨੇ ਆਸ਼ੀਰਵਾਦ ਲਿਆ । ਗਿਆਨੀ ਜ਼ੈਲ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਨਾਂ ਤੇ ਨਗਰ ਵਸਾਇਆ ਔਰ ਫਿਰ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ । ਜਦੋਂ ਇਸ ਮਾਰਗ ਦਾ ਨੀਂਹ ਪੱਥਰ ਰੱਖਿਆ, ਉਦੋਂ ਗਿਆਨੀ ਜ਼ੈਲ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਗਲ ਵਿੱਚ ਪੱਲਾ ਪਾ ਕੇ ਆਪ ਅਰਦਾਸ ਕੀਤੀ ਕਿ ਹੇ ਪਾਤਸ਼ਾਹ, ਤੇਰੇ ਨਾਂ ਤੇ ਲੁੱਕ ਤੇ ਬਜਰੀ ਦੀ ਸੜਕ ਬਣਾ ਰਿਹਾ ਹਾਂ, ਮਾਰਗ ਬਣਾ ਰਿਹਾ ਹਾਂ, ਪਰ ਜੇ ਮੇਰੇ ਵਿੱਚ ਇੰਨੀ ਤਾਕਤ ਹੋਵੇ ਕਿ ਸੋਨੇ ਦੀਆਂ ਪਲੇਟਾਂ ਲਗਣ, ਹੀਰੇ ਜਵਾਹਰਾਤ ਸੜਕ ਤੇ ਜੜਨ ਪਰ ਫਿਰ ਵੀ ਤੇਰਾ ਸਤਿਕਾਰ ਨਹੀਂ ਕੀਤਾ ਜਾ ਸਕਦਾ । ਮੈਨੂੰ ਮਾਣ ਹੈ ਕਿ ਉਹ ਕਾਂਗਰਸ ਦਾ ਚੀਫ ਮਨਿਸਟਰ ਸੀ । ਸਰਦਾਰ ਬੇਅੰਤ ਸਿੰਘ ਜੀ ਸ਼ਹੀਦ ਨੇ ਜਿਹੜੇ ਪੰਜਾਬ ਦੇ ਲੋਕਾਂ ਲਈ, ਪੰਜਾਬ ਦੇ ਲੋਕਾਂ ਦੀ ਆਜ਼ਾਦੀ ਲਈ ਅੱਤਵਾਦ ਨੂੰ ਖਤਮ ਕਰਕੇ, ਜਿਸ ਨੇ ਪੰਜਾਬ ਦੇ ਲੋਕਾਂ ਦੀ ਵਾਗਡੋਰ ਸੰਭਾਲ ਕੇ ਸ਼ਹਾਦਤ ਪਾਈ, ਇਸ ਸਦਨ ਵਿੱਚ ਕਾਂਗਰਸ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਨੇ ਫਤਹਿਗੜ੍ਹ ਸਾਹਿਬ ਨੂੰ ਜ਼ਿਲ੍ਹਾ ਅਨਾਊਂਸ ਕੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬੱਚਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ । ਇਹ ਪੰਥ ਦੇ ਨਾਮ ਤੇ ਵੋਟਾਂ ਮੰਗਣ ਵਾਲੇ ਦੱਸ ਦੇਣ, ਇਹ ਪੰਜਾਬ ਦੇ ਲੋਕਾਂ ਦੀਆਂ ਗੱਲਾਂ ਕਹਿੰਦੇ ਹਨ, ਮੈਂ ਇਥੇ ਬੈਠਾ ਹਾਂ......(ਵਿਘਨ).....(ਸ਼ੋਰ).....

(ਕੁਝ ਆਵਾਜ਼ਾਂ : ਬਜਟ ਤੇ ਬੋਲੋ।)

**ਮਾਨਯੋਗ ਡਿਪਟੀ ਸਪੀਕਰ :** ਜੇਕਰ ਕੋਈ ਮਾਨਯੋਗ ਮੈਂਬਰ ਆਪਣੀ ਰਾਏ ਰੱਖ ਰਿਹਾ ਹੈ, ਉਸ ਨੂੰ ਸਾਰੇ ਸੁਣਨ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਜਿਹੜੀ ਇਹ ਗੱਲ ਕਹਿ ਰਹੇ ਹਨ, ਗੁਰੂ ਗੋਬਿੰਦ ਸਿੰਘ ਰੋਡ ਸਰਕਾਰ ਦੇ ਪੈਸੇ ਰਾਹੀਂ ਬਣੀ ਹੈ । ਜਿਹੜਾ ਫਤਹਿਗੜ੍ਹ ਸਾਹਿਬ ਜ਼ਿਲ੍ਹਾ ਬਣਿਆ ਹੈ, ਇਹ ਵੀ ਸਰਕਾਰ ਦੇ ਪੈਸੇ ਨਾਲ ਬਣਿਆ ਹੈ । ਅੱਜ ਕੈਪਟਨ ਅਮਰਿੰਦਰ ਸਿੰਘ ਜੀ ਨੇ ਫਤਹਿਗੜ੍ਹ ਸਾਹਿਬ ਵਿਖੇ ਚਾਰ ਗੇਟ ਬਣਾਏ ਹਨ, ਇਹ ਵੀ ਸਰਕਾਰੀ ਪੈਸੇ ਨਾਲ ਬਣਾਏ ਹਨ । ਇਨਾਂ ਨੂੰ ਪਤਾ ਹੀ ਨਹੀਂ

[ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ]

ਕਿ ਇਹ ਚੀਜ਼ਾਂ ਪੈਸੇ ਨਾਲ ਬਣਦੀਆਂ ਹਨ ਕਿ ਗੱਲਾਂ ਨਾਲ ਬਣਦੀਆਂ ਹਨ । ......(ਵਿਘਨ).....(ਸ਼ੋਰ).... ਮੈਂ ਹੈਰਾਨ ਹਾਂ, ਇਹ ਪੰਥ ਦੇ ਨਾਮ ਤੇ ਵੋਟਾਂ ਮੰਗਣ ਵਾਲੇ ਪੰਥ ਦਾ ਨਾਮ ਸੁਣਨ ਨੂੰ ਤਿਆਰ ਨਹੀਂ ਹਨ । ਬਾਦਲ ਸਾਹਿਬ ਦੋ-ਤਿੰਨ ਵਾਰ ਮੁੱਖ ਮੰਤਰੀ ਬਣੇ ਹਨ ।.....

**ਸਰਦਾਰ ਸੁਖਦਰਸ਼ਨ ਸਿੰਘ ਮਰਾੜ੍ਹ :** ਡਿਪਟੀ ਸਪੀਕਰ ਸਾਹਿਬ........

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਦੋ ਮਿੰਟ ਠਹਿਰੋ । ਹਾਂ ਜੀ, ਮਰਾੜ੍ਹ ਜੀ।

**ਸਰਦਾਰ ਸੁਖਦਰਸ਼ਨ ਸਿੰਘ ਮਰਾੜ੍ਹ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ** **

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਬੈਠੋ । This is no point of order .

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਮੈਂ ਖਾਸ ਕਰਕੇ ਬਾਦਲ ਸਾਹਿਬ ਦੇ ਜ਼ਿਲ੍ਹੇ ਦੀ ਗੱਲ ਕਰਦਾ ਹਾਂ । ਬਾਦਲ ਸਾਹਿਬ ਇਸ ਤੋਂ ਪਹਿਲਾਂ 2-3 ਵਾਰ ਮੁੱਖ ਮੰਤਰੀ ਬਣੇ ਹਨ । ਇਹ ਪੰਜਾਬ ਦੇ ਲੋਕਾਂ ਨੂੰ ਅਤੇ ਆਪਣੇ ਜ਼ਿਲ੍ਹੇ ਦੇ ਲੋਕਾਂ ਨੂੰ ਕਹਿੰਦੇ ਰਹੇ ਕਿ ਲੋਕੋ, ਮੈਂ ਮੁੱਖ ਮੰਤਰੀ ਬਣ ਜਾਵਾਂ, ਫਿਰ ਮੈਂ 40 ਮੁਕਤਿਆਂ ਦੀ ਧਰਤੀ ਮੁਕਤਸਰ ਨੂੰ ਜ਼ਿਲ੍ਹਾ ਬਣਾ ਕੇ ਛੱਡਾਂਗਾ । ਬਾਦਲ ਸਾਹਿਬ 2-3 ਵਾਰ ਮੁੱਖ ਮੰਤਰੀ ਬਣੇ ਪਰ ਜ਼ਿਲ੍ਹਾ ਨਹੀਂ ਬਣਿਆ । ਸਾਡੇ ਕਾਂਗਰਸ ਦੇ ਸਰਦਾਰ ਹਰਚਰਨ ਸਿੰਘ ਬਰਾੜ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਪਹਿਲਾ ਕੰਮ ਇਹ ਕੀਤਾ ਕਿ ਉਹ ਆਪਣੇ ਸਰਾਏਨਾਗਾ ਪਿੰਡ ਨਹੀਂ ਗਏ, ਉਨ੍ਹਾਂ ਨੇ ਮੁਕਤਸਰ ਦੀ ਧਰਤੀ ਨੂੰ ਨਮਸਕਾਰ ਕਰਕੇ, ਮੁਕਤਸਰ ਨੂੰ ਜ਼ਿਲ੍ਹਾ ਬਣਾਇਆ ਅਤੇ 40 ਮੁਕਤਿਆਂ ਦੀ ਧਰਤੀ ਨੂੰ ਨਮਸਕਾਰ ਕੀਤਾ । ਮੈਂ ਕਹਿੰਦਾ ਹਾਂ ਕਿ ਵੋਟਾਂ ਪੰਥ ਦੇ ਨਾਮ ਤੇ ਇਹ ਮੰਗਦੇ ਹਨ ਅਤੇ ਕੰਮ ਅਸੀਂ ਕਰਦੇ ਹਾਂ ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਡਿਪਟੀ ਸਪੀਕਰ ਸਾਹਿਬ, ** **

---

**Expunged as ordered by the Chair .

**Mr. Deputy Speaker :** This is no point of order .

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੈਂ ਗੁਰੂਆਂ ਦੇ ਨਾਮ ਤੇ ਬੋਲ ਰਿਹਾ ਹਾਂ ਔਰ ਇਹ ** ਕਹਿ ਰਹੇ ਹਨ । ਇਹ ਲਫਜ਼ ਕੱਢੇ ਜਾਣ । ਇਹ ਗੁਰੂਆਂ ਦੇ ਨਾਮ ਨੂੰ ** ਦੱਸ ਰਹੇ ਹਨ ।

**ਮਾਨਯੋਗ ਡਿਪਟੀ ਸਪੀਕਰ :** ਇੱਕ ਮਿੰਟ ਜੀ, ਠਹਿਰੋ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ :** ਜਿਹੜੇ ਗੁਰੂਆਂ ਦੇ ਨਾਮ ਨੂੰ ** ਕਹਿੰਦੇ ਹਨ, ਜਿਹੜੇ ਪੰਥ ਦੇ ਨਾਮ ਤੇ ਰੋਟੀਆਂ ਸੇਕਣ ਦੀ ਸਿਆਸਤ ਕਰਦੇ ਹਨ ਜੇਕਰ ਉਹ ** ਕਹਿਣ ਤਾਂ ਬਾਕੀ ਲੋਕਾਂ ਦਾ ਕੀ ਬਣੇਗਾ ?

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਬ੍ਰਹਮਪੁਰਾ ਜੀ ਨੇ ਗੁਰੂਆਂ ਦੇ ਨਾਮ ਨੂੰ ** ਦਾ ਰੂਪ ਦੇ ਕੇ ਗੱਲ ਕੀਤੀ ਹੈ, ਇਹ ਲਫਜ਼ ਐਕਸਪੰਜ ਕਰਵਾ ਦਿਓ ।

**ਮਾਨਯੋਗ ਡਿਪਟੀ ਸਪੀਕਰ :** ਗੁਰੂਆਂ ਦੇ ਸ਼ਬਦ ਦੇ ਨਾਂ ਤੇ ਅਗਰ ਕੋਈ ਐਸਾ ਲਫਜ਼ ਹੈ, ਤਾਂ ਉਹ ਐਕਸਪੰਜ ਕਰ ਦਿੱਤਾ ਜਾਵੇ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਐਕਸਪੰਜ ਕਰਾ ਦਿਓ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਰ, ਪੰਜਾਬ ਦੇ ਬਜਟ ਤੇ ਇਸ ਕਿਸਮ ਦੇ ਮਿਆਰ ਦੀ ਡਿਸਕਸ਼ਨ ਹੋ ਰਹੀ ਹੈ । ਚੌਧਰੀ ਸਾਹਿਬ, ਤੁਸੀਂ ਤਿਆਰੀ ਕਰਵਾ ਕੇ ਬਜਟ ਤੇ ਬੋਲਣ ਦਿਆ ਕਰੋ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਜੋ ਮੈਂਬਰ ਸਾਹਿਬ ਕਹਿ ਰਹੇ ਹਨ, ਉਸ ਨੂੰ ਸੁਣਨ ਦੀ ਸ਼ਕਤੀ ਤਾਂ ਰੱਖੋ ।

---

**Expunged as ordered by the Chair.

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ** : ਪੰਥ ਨਾਲ ਮੱਥਾ ਲਾਉਣਾ ਕਿਤੇ ਸੌਖਾ ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਮੈਂ ਗੁਰੂ ਸਾਹਿਬ ਦਾ ਸਤਿਕਾਰ ਕਰਦਾ ਹਾਂ । ਇਹ ਜਿਹੜੇ ਸਾਡੇ ਸਤਿਕਾਰਯੋਗ ਚੜ੍ਹਾਈ ਕਰ ਗਏ ਹਨ, ਉਨ੍ਹਾਂ ਦਾ ਜ਼ਿਕਰ ਕਰੀ ਜਾਂਦੇ ਹਨ । ਇਹ ਬਜਟ ਤੇ ਤਾਂ ਬੋਲਦੇ ਹੀ ਨਹੀਂ ।

**ਮਾਨਯੋਗ ਡਿਪਟੀ ਸਪੀਕਰ** : ਉਹ ਬਜਟ ਤੇ ਆ ਰਹੇ ਹਨ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ** : ਡਿਪਟੀ ਸਪੀਕਰ ਸਾਹਿਬ, ਬਹੁਤ ਸ਼ਰਮ ਵਾਲੀ ਗੱਲ ਹੈ । ਮੈਂ ਕਹਿੰਦਾ ਹਾਂ ਕਿ ਸਿਰ ਝੁਕਾਉਣ ਵਾਲੀ ਮਾੜੀ ਗੱਲ ਹੈ । ਗੁਰੂਆਂ ਦੇ ਨਾਮ ਉਪਰ ਜਾਣ ਵਾਲੇ ਲੋਕ ਅਜਿਹੀਆਂ ਗੱਲਾਂ ਕਰੀ ਜਾਂਦੇ ਹਨ, ਇਹ ਤਾਂ ਬਹੁਤ ਮਾੜੀ ਗੱਲ ਹੈ ।

**ਮਾਨਯੋਗ ਡਿਪਟੀ ਸਪੀਕਰ** : ਇਹ ਤਾਂ ਕੋਈ ਗੱਲ ਨਹੀਂ, ਇਹ ਐਕਸਪੰਜ ਕਰ ਦਿੱਤੇ ਹਨ । let him continue . ਤੁਸੀਂ ਹੋਰ ਕਿੰਨਾ ਟਾਈਮ ਲਵੋਗੇ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ** : ਇਹ ਸਾਡੀ ਪਾਰਟੀ ਦਾ ਟਾਈਮ ਹੈ । ਇਹ ਆਪਣੀ ਪਾਰਟੀ ਦਾ ਟਾਈਮ ਲੈ ਲੈਣ ।

**ਸਰਦਾਰ ਸੋਹਣ ਸਿੰਘ ਠੰਡਲ** : ਮਾਨਯੋਗ ਡਿਪਟੀ ਸਪੀਕਰ ਸਾਹਿਬ, **

**ਮਾਨਯੋਗ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ** : ਡਿਪਟੀ ਸਪੀਕਰ ਸਾਹਿਬ, ਇਹ ਗੁਰੂ ਸਾਹਿਬਾਨਾਂ ਨੂੰ ਦਿੱਤੇ ਗਏ ਸਤਿਕਾਰ ਨੂੰ ਹੋਰ ਪਾਸੇ ਲੈ ਕੇ ਜਾ ਰਹੇ ਹਨ । ਮੈਂ ਜੋ ਗੁਰੂਆਂ ਨੂੰ ਸਤਿਕਾਰ ਦਿੱਤਾ ਹੈ ਇਹ ਉਸ ਨੂੰ ਅੱਤਵਾਦ ਦੇ ਨਾਲ ਜੋੜਨ ਦੀ ਗੱਲ ਕਰ ਰਹੇ ਹਨ (ਵਿਘਨ) ਇਨ੍ਹਾਂ ਨੇ ਖੂਨ ਖਰਾਬਾ ਕਰਵਾਇਆ ਹੈ (ਸਰਦਾਰ ਤੋਤਾ ਸਿੰਘ ਵਲੋਂ ਵਿਘਨ)

---

**Expunged as ordered by the Chair.

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਤੋਤਾ ਸਿੰਘ ਜੀ, ਜੇਕਰ ਤੁਹਾਨੂੰ ਕੋਈ ਪ੍ਰਾਬਲਮ ਹੈ ਤਾਂ ਤੁਸੀਂ ਚੇਅਰ ਨੂੰ ਐਡਰੈਸ ਕਰੋ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗ** : ਡਿਪਟੀ ਸਪੀਕਰ ਸਾਹਿਬ, ਜਦੋਂ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ ਉਦੋਂ ਤੋਂ ਪੰਜਾਬ ਨੂੰ ਇੱਕ ਨਵੀਂ ਸੇਧ ਮਿਲੀ ਹੈ, ਵਧੀਆ ਕਦਮ ਉਠਾ ਰਹੇ ਹਨ । ਅੱਜ ਕਿਸਾਨੀ ਦੀ ਗੱਲ ਹੈ ਜਿਸ ਦੇ ਬਾਰੇ ਮਨਿਸਟਰ ਸਾਹਿਬ, ਨੇ ਵੀ ਦੱਸਿਆ ਹੈ ਕਿ ਕਿਸਾਨਾਂ ਦੇ ਗੰਨੇ ਦਾ ਬਕਾਇਆ ਮੋੜਨ ਜਾ ਰਹੇ ਹਨ । ਜਦੋਂ ਪੰਜਾਬ ਦੇ ਵਿਚੋਂ ਬਾਦਲ ਐਂਡ ਕੰਪਨੀ ਦੀ ਸਰਕਾਰ ਗਈ ਸੀ ਤਾਂ ਪੰਜਾਬ ਦਾ ਖਜ਼ਾਨਾ ਖਾਲੀ ਕਰਕੇ ਚਲੀ ਗਈ ਸੀ, ਉਸ ਵੇਲੇ ਸਾਡੇ ਕੋਲ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਵਾਸਤੇ ਵੀ ਪੈਸਾ ਨਹੀਂ ਸੀ । ਉਦੋਂ ਇਨ੍ਹਾਂ ਦੀ ਕੇਂਦਰ ਦੇ ਵਿਚ ਵੀ ਭਾਈਵਾਲ ਸਰਕਾਰ ਸੀ ਔਰ ਢਾਈ ਸਾਲ ਕੇਂਦਰ ਦੀ ਵਾਜਪਾਈ ਵਾਲੀ ਸਰਕਾਰ ਵਲੋਂ ਸਾਡੀ ਸਰਕਾਰ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਜਦੋਂ ਕੇਂਦਰ ਸਰਕਾਰ ਵਲੋਂ ਝੋਨੇ ਤੇ ਕਣਕ ਦੇ ਭਾਅ ਵਧਾਉਣ ਦੀ ਗੱਲ ਹੁੰਦੀ ਸੀ ਤਾਂ ਇਨ੍ਹਾਂ ਨੇ ਉਥੇ ਕੋਈ ਵੀ ਗੱਲ ਨਹੀਂ ਕੀਤੀ ਸਗੋਂ ਸਾਡੇ ਚੀਫ ਮਨਿਸਟਰ ਸਾਹਿਬ, ਸਾਡੇ ਐਮ.ਐਲ.ਏ. ਸਾਹਿਬਾਨ ਵਲੋਂ ਇਨ੍ਹਾਂ ਫਸਲਾਂ ਦਾ ਭਾਅ ਵਧਾਉਣ ਵਾਸਤੇ ਦਿੱਲੀ ਦੇ ਵਿੱਚ ਪ੍ਰਧਾਨ ਮੰਤਰੀ ਦੀ ਕੋਠੀ ਸਾਹਮਣੇ ਧਰਨਾ ਵੀ ਮਾਰਨਾ ਪਿਆ ਸੀ । ਇਹ ਜਾਣ ਬੁਝ ਕੇ ਵਾਜਪਾਈ ਸਰਕਾਰ ਨੂੰ ਕਹਿੰਦੇ ਸਨ ਕਿ ਜੇਕਰ ਤੁਸੀਂ ਕਣਕ ਅਤੇ ਝੋਨੇ ਦਾ ਭਾਅ ਵਧਾ ਦਿੱਤਾ ਤਾਂ ਇਸ ਦਾ ਸਿਹਰਾ ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਸਰਕਾਰ ਲੈ ਜਾਵੇਗੀ, ਇਸ ਲਈ ਇਹ ਜਾਣ ਬੁਝ ਕੇ ਉਥੇ ਇਸ ਤਰ੍ਹਾਂ ਕਰਦੇ ਰਹੇ ਹਨ ਜਦ ਕਿ ਇਨ੍ਹਾਂ ਦਾ ਉਥੇ ਮਨਿਸਟਰ ਵੀ ਬੈਠਾ ਸੀ । ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਇਧਰਲੇ ਵਾਲੇ ਪਾਸੇ ਬੈਠੇ ਹੁੰਦੇ ਹਨ ਤਾਂ ਇਨ੍ਹਾਂ ਨੂੰ ਪੰਜਾਬ ਦੀ ਡਿਵੈਲਪਮੈਂਟ ਯਾਦ ਆਉਂਦੀ ਹੈ, ਪੰਜਾਬ ਦੀ ਕਿਸਾਨੀ ਯਾਦ ਆਉਂਦੀ ਹੈ, ਹੋਰ ਕਈ ਤਰ੍ਹਾਂ ਦੀਆਂ ਗੱਲਾਂ ਯਾਦ ਆਉਂਦੀਆਂ ਹਨ ਪਰੰਤੂ ਜਦੋਂ ਇਹ ਸਾਡੇ ਵਾਲੇ ਪਾਸੇ ਆ ਜਾਂਦੇ ਹਨ ਤਾਂ ਇਹ ਸਭ ਕੁਝ ਭੁੱਲ ਜਾਂਦੇ ਹਨ, ਪਤਾ ਨਹੀਂ ਕਿਨ੍ਹਾਂ ਕਾਰਨਾਂ ਕਰਕੇ ਇਹ ਸਾਰੀਆਂ ਗੱਲਾਂ ਭੁੱਲ ਜਾਂਦੇ ਹਨ, ਉਦੋਂ ਇਨ੍ਹਾਂ ਨੂੰ ਸਿਰਫ ਇਸ ਤਰ੍ਹਾਂ ਦੀਆਂ ਗੱਲਾਂ ਯਾਦ ਰਹਿੰਦੀਆਂ ਹਨ ਕਿ ਫਲਾਣੇ ਨੂੰ ਰਾਜ ਸਭਾ ਦਾ ਮੈਂਬਰ ਲਗਾ ਦਿਓ, ਫਲਾਣੇ ਨੂੰ ਫਲਾਣੀ ਆਸਾਮੀ ਦੇ ਉਤੇ ਲਗਾ ਦਿਓ, ਇਸ ਤਰ੍ਹਾਂ ਦੀਆਂ ਗੱਲਾਂ ਯਾਦ ਆਉਂਦੀਆਂ ਹਨ । ਅੰਤ ਦੇ ਵਿੱਚ ਮੈਂ ਕਹਿੰਦਾ ਹਾਂ ਕਿ ਇਹ ਜੋ ਬਜਟ ਸ਼੍ਰੀ ਸੁਰਿੰਦਰ ਸਿੰਗਲਾ ਜੀ

[ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ
(ਭਵਨ ਤੇ ਮਾਰਗ) ਵਿਭਾਗ]

ਵਲੋਂ ਪੇਸ਼ ਕੀਤਾ ਗਿਆ ਹੈ, ਇਹ ਗਰੀਬਾਂ ਦੇ ਹਿਤ ਵਿਚ ਹੈ, ਕਿਸਾਨਾਂ ਦੇ ਹਿੱਤ ਵਿਚ ਹੈ, ਪੰਜਾਬ ਦੇ ਲੋਕਾਂ ਦੇ ਹਿੱਤ ਵਿਚ ਹੈ, ਪੰਜਾਬ ਦੇ ਸਾਰੇ ਲੋਕਾਂ ਦੀ ਭਲਾਈ ਲਈ ਹੈ । ਮੈਂ ਇਸ ਦੀ ਪੁਰਜ਼ੋਰ ਪ੍ਰੋੜਤਾ ਕਰਦਾ ਹਾਂ । ਜੈ ਹਿੰਦ ।

**ਰਾਜ ਮੰਤਰੀ, ਜੰਗਲਾਤ** (ਸ਼੍ਰੀ ਹੰਸ ਰਾਜ ਜੋਸਨ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜੋ ਬਜਟ ਸ਼੍ਰੀ ਸੁਰਿੰਦਰ ਸਿੰਗਲਾ, ਵਿੱਤ ਮੰਤਰੀ ਜੀ ਵਲੋਂ ਪੇਸ਼ ਕੀਤਾ ਗਿਆ ਹੈ, ਉਤੇ ਬੋਲਣ ਦਾ ਮੌਕਾ ਦਿੱਤਾ ਹੈ । ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਵੀ ਬਹੁਤ ਸਾਰੇ ਸਾਥੀਆਂ ਨੇ ਗੱਲਾਂ ਕੀਤੀਆਂ ਹਨ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੂੰ ਪੰਜਾਬ ਸਰਕਾਰ ਦੀ ਹਕੂਮਤ ਨੂੰ ਸੰਭਾਲੇ ਤਿੰਨ ਸਾਲ ਹੋ ਗਏ ਹਨ । ਜੇਕਰ ਅਸੀਂ ਅੱਜ ਤੋਂ ਤਿੰਨ ਸਾਲ ਪਹਿਲਾਂ ਜਦੋਂ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਪੰਜਾਬ ਦੀ ਸਰਕਾਰ ਦੀ ਹਕੂਮਤ ਸੰਭਾਲੀ ਸੀ ਔਰ ਇਸ ਸਾਲ ਦੀ ਗੱਲ ਕਰੀਏ ਤਾਂ ਕਈ ਗੱਲਾਂ ਦਾ ਪ੍ਰੈਕਟੀਕਲੀ ਤੌਰ ਤੇ ਬਹੁਤ ਫਰਕ ਹੈ। ਸਾਲ 1992 ਦੇ ਵਿਚ ਜਦੋਂ ਪੰਜਾਬ ਦੇ ਵਿੱਚ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਸਨ ਤਾਂ ਉਦੋਂ ਪੰਜਾਬ ਦੇ ਉਤੇ ਬਹੁਤ ਵੱਡੇ ਕਾਲੇ ਬੱਦਲ ਮੰਡਰਾ ਰਹੇ ਸਨ ਤਾਂ ਉਸ ਵੇਲੇ ਲਾਅ ਐਂਡ ਆਰਡਰ ਨੂੰ ਠੀਕ ਕੀਤਾ, ਸ਼ਾਂਤੀ ਲਿਆਂਦੀ ਅਤੇ ਨਾਲ ਹੀ ਪੰਜਾਬ ਦੀ ਡਿਵੈਲਪਮੈਂਟ ਇਹੋ ਜਿਹੀ ਕੀਤੀ ਜੋ ਕਿ ਇੱਕ ਮਿਸਾਲ ਬਣ ਗਈ । ਕਈ ਗਵਾਂਢੀ ਸੂਬਿਆਂ ਨੇ ਵੀ ਸਾਡੀਆਂ ਸਕੀਮਾਂ ਜਾਰੀ ਕੀਤੀਆਂ ਹਨ । ਪੰਜਾਬ ਦੇ ਪਿੰਡਾਂ ਦੀ ਗੱਲ ਕਰੀਏ, ਛੋਟੀਆਂ ਮੰਡੀਆਂ ਦੀ ਗੱਲ ਕਰੀਏ, ਮਿਊਂਸਿਪਲ ਕਮੇਟੀਆਂ ਦੀ ਗੱਲ ਕਰੀਏ, ਪਿੰਡਾਂ ਵਾਸਤੇ ਪ੍ਰੋਗਰਾਮ ਲਿਆਂਦੇ, ਬਜਟ ਵਿਚ ਤਜਵੀਜ਼ਾਂ ਰੱਖੀਆਂ ਗਈਆਂ ਤਾਂ ਕਿ ਪਿੰਡਾਂ ਨੂੰ ਉਨੱਤ ਗ੍ਰਾਮ ਬਣਾਈਏ । ਜਿਸ ਨਾਲ ਆਪਣੀ ਸਰਕਾਰ ਵਿਚ ਲੋਕਾਂ ਨੂੰ ਮੈਕਸੀਮਮ ਗ੍ਰਾਂਟ ਦੇ ਕੇ ਪਿੰਡਾਂ ਦਾ ਦਰਜਾ ਵਧਾਈਏ, ਪਿੰਡਾਂ ਦੀਆਂ ਗਲੀਆਂ, ਨਾਲੀਆਂ, ਖਾਲੇ, ਵਾਟਰ ਡਿਸਪੋਜਲ ਚੰਗਾ ਹੋ ਸਕੇ, ਫਿਰਨੀਆਂ ਪੱਕੀਆਂ ਕੀਤੀਆਂ । ਮੈਂ ਗੱਲ ਕਰਾਂ 1997 ਵਿਚ ਅਸੀਂ ਸਰਕਾਰ ਛੱਡ ਕੇ ਗਏ ਸੀ ਉਸ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ, ਆਪੋਜ਼ੀਸ਼ਨ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬਣੇ । ਇਹ ਪੰਜ ਸਾਲ ਪੰਜਾਬ ਵਿਚ ਚੀਫ਼ ਮਨਿਸਟਰ ਰਹੇ । ਮੈਂ ਇਕ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ 1992 ਤੋਂ ਲੈ ਕੇ 1997 ਤੱਕ ਜਦੋਂ ਸਾਡਾ ਰਾਜ ਰਿਹਾ ਅਤੇ ਉਸ ਤੋਂ ਬਾਅਦ 1997 ਤੋਂ ਲੈ ਕੇ 2002 ਤੱਕ ਅਕਾਲੀ ਦਲ ਵਾਲਿਆਂ ਦਾ ਰਜ਼ੀਮ ਰਿਹਾ ਅਤੇ ਫੇਰ ਕੈਪਟਨ ਅਮਰਿੰਦਰ ਸਿੰਘ ਸਾਡੇ ਮੁੱਖ ਮੰਤਰੀ ਜੀ ਦਾ 2002 ਤੋਂ 2005 ਤੱਕ ਰਜ਼ੀਮ ਰਿਹਾ. ਅੱਜ ਇਹ ਪੰਜਾਬ ਦੇ ਲਈ ਗੱਲਾਂ ਕਰਦੇ ਹਨ.

ਕੁਝ ਅਸੀਂ ਕਰ ਲਈਆਂ, ਕੁਝ ਤੁਸੀਂ ਕਰ ਲਈਆਂ, ਕੋਈ ਇਥੇ ਝੂਠ ਮਾਰ ਕੇ ਚਲਾ ਜਾਵੇ, ਆਪਣੀ ਗੱਲ ਕਹਿ ਕੇ ਚਲਾ ਜਾਵੇ, ਪਰ ਲੋਕ ਬੜੇ ਸਿਆਣੇ ਹਨ, ਪਿੰਡਾਂ ਵਿਚ ਲੋਕ ਢਾਣੀਆਂ ਵਿਚ ਬੈਠੇ ਹਨ, ਟਰਾਂਸਪੇਰੈਂਸੀ ਬਹੁਤ ਹੈ । ਅਸੀਂ ਜਦੋਂ ਅੱਜ ਤੋਂ ਤਿੰਨ ਸਾਲ ਪਹਿਲਾਂ ਰਜ਼ੀਮ ਸੰਭਾਲੀ, ਉਸ ਵੇਲੇ ਪੰਜਾਬ ਦਾ ਕਚੂਮਰ ਨਿਕਲਿਆ ਪਿਆ ਸੀ । ਸਾਡੇ ਫਾਈਨਾਂਸ ਮਨਿਸਟਰ ਬੈਠੇ ਹਨ, ਪੰਜਾਬ ਇਕ ਛੋਟਾ ਜਿਹਾ ਸੂਬਾ, ਪੰਜਾਬ ਦੀ ਛੋਟੀ ਜਿਹੀ ਧਰਤੀ ਹੈ ਪਰ ਇਹ ਫਰਟਾਈਲ ਲੈਂਡ ਹੈ । ਇਸ ਕਰਕੇ ਪੰਜਾਬ ਦੇ ਜ਼ਿਆਦਾਤਰ ਲੋਕ ਖੇਤੀ ਕਰਦੇ ਹਨ, ਪਿੰਡਾਂ ਕਸਬਿਆਂ ਵਿਚ ਰਹਿੰਦੇ ਹਨ, ਮਿਹਨਤ ਕਰਕੇ ਰੋਟੀ ਖਾਂਦੇ ਹਨ । ਜਦੋਂ ਸਾਲ 2002 ਤੋਂ ਇਥੇ ਕੈਪਟਨ ਅਮਰਿੰਦਰ ਸਿੰਘ ਜੀ ਪੰਜਾਬ ਦੇ ਮੁੱਖ ਮੰਤਰੀ ਬਣੇ ਉਦੋਂ ਪੰਜਾਬ 'ਤੇ 52 ਹਜਾਰ ਕਰੋੜ ਰੁਪਏ ਦਾ ਬੋਝ ਸੀ ਉਨ੍ਹਾਂ ਨੂੰ ਬੜਾ ਵੱਡਾ ਫਿਕਰ ਪੈ ਗਿਆ ਕਿ ਕਿਸ ਤਰ੍ਹਾਂ ਨਾਲ ਹਕੂਮਤ ਚਲਾਵਾਂਗੇ । ਮੈਂ ਇਹ ਸਮਝਦਾ ਹਾਂ ਕਿ ....

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਪੁਆਇੰਟ ਆਫ਼ ਆਰਡਰ, ਡਿਪਟੀ ਸਪੀਕਰ ਸਾਹਿਬ । ਇਹ ਗਲਤ ਫਿਗਰ ਦੇ ਰਹੇ ਹਨ । ਇਨ੍ਹਾਂ ਮੁਤਾਬਿਕ ਬਜਟ ਵਿਚ 32 ਹਜ਼ਾਰ ਕਰੋੜ ਰੁਪਿਆ ਕਰਜ਼ਾ ਸੀ, ਐਫ.ਐਮ.ਸਾਹਿਬ ਨੇ ਲਿਖਿਆ ਹੈ । ਤੁਸੀਂ ਪੜ੍ਹਿਆ ਕਰੋ ।

**ਰਾਜ ਮੰਤਰੀ, ਜੰਗਲਾਤ :** ਮੈਂ 52 ਹਜ਼ਾਰ ਕਰੋੜ ਰੁਪਿਆ ਕਹਿ ਰਿਹਾ ਹਾਂ । ਸਾਡੀ ਹਕੂਮਤ ਬਣੀ ਨੂੰ ਤਿੰਨ ਸਾਲ ਹੋ ਗਏ ਹਨ । ਉਸ ਵੇਲੇ 100 ਰੁਪਏ ਖਿਲਾਫ਼ 118 ਰੁਪਏ ਦੇਣੇ ਪੈਂਦੇ ਸੀ, ਅੱਜ ਦੀ ਪੇਮੈਂਟ ਪੁਜ਼ੀਸ਼ਨ ਤੁਸੀਂ ਦੇਖੋ । ਅੱਜ 100 ਰੁਪਏ ਦੇ ਅਗੇਂਸਟ 80 ਰੁਪਏ ਦੇਣੇ ਪੈਂਦੇ ਹਨ । ਗੱਲਾਂ ਕਰਨੀਆਂ ਅਸਾਨ ਹਨ ਪਰ ਉਨ੍ਹਾਂ ਨੂੰ ਪ੍ਰੈਕਟੀਕਲ ਰੂਪ ਦੇਣਾ ਛੋਟੀ ਗੱਲ ਨਹੀਂ ਹੁੰਦੀ । ਕੈਪਟਨ ਅਮਰਿੰਦਰ ਸਿੰਘ ਜੀ ਸਾਡੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ, ਸਿੰਗਲਾ ਜੀ ਵਧਾਈ ਦੇ ਪਾਤਰ ਹਨ । ਪੰਜਾਬ ਦੀ ਇਕਾਨਮੀ ਨੂੰ ਪੱਕਾ ਕਰਨ ਵਾਸਤੇ , ਇਸ ਨੂੰ ਐਕਸਟੈਂਡ ਕਰਨ ਵਾਸਤੇ ਇਨ੍ਹਾਂ ਨੇ ਕੰਮ ਕੀਤਾ ਹੈ । ਐਗਰੀਕਲਚਰ ਦੀ ਗੱਲ ਕਰੀਏ, ਪੰਜਾਬ ਵਿਚ 70% ਲੋਕ ਖੇਤੀਬਾੜੀ ਤੇ ਨਿਰਭਰ ਕਰਦੇ ਹਨ । ਫਿਰੋਜ਼ਪੁਰ ਦੀ ਗੱਲ ਕਰੀਏ, ਮੁਕਤਸਰ ਦੀ ਗੱਲ ਕਰੀਏ , ਬਠਿੰਡੇ ਦੀ ਗੱਲ ਕਰੀਏ । ਅੱਜ ਪੰਜਾਬ ਵਿਚ ਜੋ ਜ਼ਿਮੀਂਦਾਰ ਹਨ ਉਨ੍ਹਾਂ ਕੋਲ 4-5 ਕਿੱਲੇ ਜੋਤਾਂ ਰਹਿ ਗਈਆਂ ਹਨ । ਤਿੰਨ ਜ਼ਿਲ੍ਹਿਆਂ ਵਿਚ ਕਿਸੇ ਕੋਲ 100 ਕਿੱਲਾ ਕਿਸੇ ਕੋਲ ਜੋ ਵੱਡਾ ਜ਼ਿਮੀਂਦਾਰ ਹੈ ਉਸ ਕੋਲ 200 ਕਿੱਲਾ ਜ਼ਮੀਨ ਮਿਲ ਜਾਵੇਗੀ ।

[ਰਾਜ ਮੰਤਰੀ, ਜੰਗਲਾਤ]

ਪਿਛਲੀ ਸਰਕਾਰ ਦੇ ਪੰਜ ਸਾਲਾਂ ਵਿਚ ਸਾਡਾ ਤਜਰਬਾ ਰਿਹਾ ਹੈ ਅਸੀਂ ਵੀ ਐਮ.ਐਲ.ਏ. ਸੀ, ਆਪੋਜ਼ੀਸ਼ਨ ਵਿਚ ਸੀ ਉਸ ਵੇਲੇ ਹੜਤਾਲ ਵਾਸਤੇ ਅਸੀਂ ਦਰੀਆਂ ਹਮੇਸ਼ਾਂ ਤਿਆਰ ਰੱਖਦੇ ਸੀ ਕਿਉਂਕਿ ਨਾ ਕਣਕ ਵਿਕਦੀ ਸੀ ਤੇ ਨਾ ਝੋਨਾ ਵਿਕਦਾ ਸੀ । ਸਾਨੂੰ ਕਦੇ ਟ੍ਰੈਫਿਕ ਜਾਮ ਕਰਨਾ ਪੈਂਦਾ ਸੀ, ਕਦੇ ਮੰਡੀਆਂ ਵਿਚ ਬਹਿਣਾ ਪੈਂਦਾ ਸੀ, ਬੋਲੀਆਂ ਜ਼ੋਰ ਪਾ ਕੇ ਲਾਉਣੀਆਂ ਪੈਂਦੀਆਂ ਸੀ । ਪਰ ਜੇ ਅਸੀਂ ਇਨ੍ਹਾਂ ਤਿੰਨ ਸਾਲਾਂ ਦੀ ਗੱਲ ਕਰੀਏ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਇੰਨਾਂ ਅੱਛਾ ਕੰਮ ਕੀਤਾ ਕਿ ਸਾਡੇ ਰਾਜ ਵਿਚ 6-7 ਫਸਲਾਂ ਚੁੱਕੀਆਂ ਗਈਆਂ । ਝੋਨੇ ਦੀ ਫਸਲ ਚੁੱਕੀ ਗਈ ਹੈ ਕਣਕ ਦੀ ਫਸਲ ਚੁੱਕੀ ਗਈ ਹੈ ਔਰ ਪੇਮੈਂਟ ਦੀ ਇਹ ਗੱਲ ਕਰਦੇ ਹਨ । ਇਹ ਇੱਕ ਰਿਕਾਰਡ ਦੀ ਗੱਲ ਹੈ ਕਿ ਝੋਨੇ ਦੇ ਪੇਮੈਂਟ ਸਮੇਂ ਸਿਰ ਦਿੱਤੀ ਗਈ ਹੈ । ਅਸੀਂ ਸਮਾਂਬੱਧ ਲੋਕਾਂ ਨਾਲ ਜੋ ਵਾਅਦਾ ਕੀਤਾ ਸੀ ਕਿ ਇੱਕ ਅਪ੍ਰੈਲ ਨੂੰ ਕਣਕ ਦੀ ਖਰੀਦ ਚਾਲੂ ਕਰਾਂਗੇ, ਇਹ ਪੁਰਾਣੀਆਂ ਸਰਕਾਰਾਂ ਚਾਲੂ ਨਹੀਂ ਕਰ ਸਕੀਆਂ । ਉਨ੍ਹਾਂ ਨੇ ਜੋ 13 ਅਪ੍ਰੈਲ ਨੂੰ ਕਣਕ ਦੀ ਖਰੀਦ ਚਾਲੂ ਕਰਨ ਬਾਰੇ ਕਿਹਾ ਸੀ ਪਰ ਕਣਕ ਦੀ ਖਰੀਦ 13 ਅਪ੍ਰੈਲ ਨੂੰ ਚਾਲੂ ਨਹੀਂ ਸੀ ਹੁੰਦੀ । ਅਸੀਂ 24 ਘੰਟੇ ਦਾ ਵਾਅਦਾ ਕੀਤਾ ਸੀ ਔਰ 48 ਘੰਟੇ ਦਾ ਵਾਅਦਾ ਕੀਤਾ ਸੀ ਕਿ ਜ਼ਿਮੀਂਦਾਰਾਂ ਨੂੰ 48 ਘੰਟੇ ਦੇ ਵਿੱਚ ਵਿੱਚ ਪੇਮੈਂਟ ਕਰਾਂਗੇ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕੀਤਾ ਹੋਇਆ ਵਾਅਦਾ ਸਮੇਂ ਸਿਰ ਪੂਰਾ ਕੀਤਾ ਹੈ । ਪੰਜਾਬ ਦੀ ਗੱਲ ਕਰੀਏ । ਕਾਟਨ ਦੀ ਗੱਲ ਕਰੀਏ । ਕਾਟਨ ਦਾ ਇਹੋ ਜਿਹਾ ਹੱਲਾ ਹੋਇਆ । ਵਾਈਟ ਚਾਦਰ ਦੇ ਨਾਂ ਨਾਲ ਜਿਹੜਾ ਸਾਡਾ ਇਲਾਕਾ ਜਾਣਿਆ ਜਾਂਦਾ ਸੀ, ਇਸ ਸਬੰਧੀ ਜੇ ਪੁਰਾਣੇ ਪੰਜਾਂ ਸਾਲਾਂ ਦੇ ਅੰਕੜਿਆਂ ਦੀ ਸਾਲ 1997-2002 ਦੀ ਗੱਲ ਕਰੀਏ, ਤਾਂ ਇਨ੍ਹਾਂ ਦੇ ਉਸ ਸਮੇਂ ਵਿੱਚ ਪੰਜਾਬ ਦੀ ਕਾਟਨ 5 ਲੱਖ ਬੇਲਜ਼ ਤੱਕ ਰਹਿ ਗਈ ਸੀ । ਅੱਜ ਸਾਡੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਹਕੂਮਤ ਵਿਚ ਤਿੰਨ ਸਾਲਾਂ ਦੇ ਸਮੇਂ ਵਿਚ ਅੱਛੀਆਂ-ਅੱਛੀਆਂ ਪੈਸਟੀਸਾਈਡਜ਼ ਔਰ ਇਨ ਸੈਕਟੇਸਾਈਡਜ਼ ਦਵਾਈਆਂ ਅਤੇ ਅੱਛੇ ਬੀਜ ਦੇਣ ਕਾਰਨ ਕਿਸਾਨਾਂ ਦੀ ਕਾਟਨ 18 ਲੱਖ ਬੇਲਜ਼ ਤੱਕ ਪਹੁੰਚ ਗਈ ਹੈ । (ਥੰਪਿੰਗ) ਅੱਜ ਜੇ ਰੇਟ ਬਾਰੇ ਗੱਲ ਕਰੀਏ ਕਿਉਂਕਿ ਹਮੇਸ਼ਾਂ ਸਦਨ ਦੇ ਵਿਚ ਗੱਲ ਹੁੰਦੀ ਹੈ ਕਿ ਸਾਡੇ ਰਾਜ ਵਿਚ 2400 ਰੁਪਏ ਜਾਂ 2500 ਰੁਪਏ ਕੁਇੰਟਲ ਨਰਮਾ ਵਿਕਿਆ ਤੇ 1600/- ਰੁਪਏ ਕੁਇੰਟਲ ਤੋਂ ਲੈ ਕੇ 2500 ਰੁਪਏ ਕੁਇੰਟਲ ਭਾਅ ਕਾਂਗਰਸ ਦੀ ਸਰਕਾਰ ਵੇਲੇ ਹੀ ਕਿਸਾਨਾਂ ਨੂੰ ਮਿਲਿਆ, ਭਾਵੇਂ ਪੁਰਾਣੇ ਰਿਕਾਰਡ ਕਢਵਾ ਕੇ ਦੇਖ ਲਵੋ ਜੇ 1600 ਰੁਪਏ ਕੁਇੰਟਲ ਨਰਮਾ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਤੋਂ ਬਗੈਰ ਕਿਸੇ ਹੋਰ ਮੁੱਖ ਮੰਤਰੀ ਦੇ ਰਾਜ ਦੇ ਵਿੱਚ ਵਿਕਿਆ ਹੋਵੇ ।

ਹੁਣ ਮੈਂ ਪਾਵਰ ਦੀ ਗੱਲ ਕਰਦਾ ਹਾਂ । ਆਪੋਜ਼ੀਸ਼ਨ ਵਾਲੇ ਗੱਲ ਕਰਦੇ ਹਨ ਕਿ ਪੰਜਾਬ ਦੇ ਲੋਕਾਂ ਨੂੰ ਮੁਫਤ ਬਿਜਲੀ ਦਿੱਤੀ ਜਾਵੇ । ਇਨ੍ਹਾਂ ਨੇ ਆਪਣੇ ਰਜ਼ੀਮ ਦੌਰਾਨ ਚਾਹੇ ਕੋਈ ਕਿਸਾਨ ਪੰਜ ਕਿੱਲੇ ਦਾ ਮਾਲਕ ਸੀ, ਚਾਹੇ ਦਸ ਕਿਲੇ ਦਾ ਮਾਲਕ ਸੀ ਪਰ ਬਿਜਲੀ ਮੁਫਤ ਦਿੱਤੀ ਸੀ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸੋਕੇ ਦੌਰਾਨ ਵੀ 1500 ਕਰੋੜ ਰੁਪਏ ਦੀ ਬਿਜਲੀ ਕਿਸਾਨਾਂ ਨੂੰ ਖਰੀਦ ਕੇ ਦਿੱਤੀ ਹੈ । ਇਸ ਗੱਲ ਨੂੰ ਅਸੀਂ ਐਸ਼ਿਓਰ ਕੀਤਾ ਸੀ, ਅਸੀਂ ਗਾਰੰਟੀ ਨਾਲ ਪੰਜਾਬ ਦੇ ਫਾਰਮਰ ਨੂੰ ਅੱਠ ਘੰਟੇ ਬਿਜਲੀ ਮੁਹੱਈਆ ਕਰਵਾਈ ਹੈ ਜਿਸ ਕਾਰਨ ਪੰਜਾਬ ਦੇ ਜ਼ਿਮੀਂਦਾਰ ਦੇ ਝੋਨੇ ਦਾ ਝਾੜ ਵਧਿਆ ਹੈ, ਉਸ ਨੂੰ ਫਾਇਦਾ ਹੋਇਆ ਹੈ ਔਰ ਪੰਜਾਬ ਦੇ ਫਾਰਮਰ ਦੀ ਹਾਲਤ ਅੱਛੀ ਹੋਈ ਹੈ । ਹੁਣ ਅਸੀਂ ਨਰਮੇ ਦੀ ਗੱਲ ਕਰੀਏ, ਝੋਨੇ ਦੀ ਗੱਲ ਕਰੀਏ, ਛੋਲਿਆਂ ਦੀ ਗੱਲ ਕਰੀਏ, ਸਰ੍ਹੋਂ ਦੀ ਗੱਲ ਕਰੀਏ, ਹਰ ਪਾਸੇ ਸਰਕਾਰ ਨੇ ਕਿਸਾਨਾਂ ਨੂੰ ਸਹਿਯੋਗ ਦਿੱਤਾ ਹੈ ਔਰ ਬਰਾਨੇ ਇਲਾਕੇ ਵਿੱਚ ਵੀ ਅੱਜ ਇਨ੍ਹਾਂ ਫਸਲਾਂ ਦੀ ਕਾਸ਼ਤ ਕਰਕੇ ਕਿਸਾਨਾਂ ਦੀ ਆਮਦਨ ਵਧੀ ਹੈ ਅਤੇ ਲੋਕਾਂ ਨੂੰ ਫਾਇਦਾ ਮਿਲਿਆ ਹੈ ।

ਡਿਪਟੀ ਸਪੀਕਰ ਸਾਹਿਬ, ਜੇ ਇੰਡਸਟਰੀ ਦੀ ਗੱਲ ਕਰੀਏ ਤਾਂ ਅਕਾਲੀ ਦਲ ਦੀ ਸਰਕਾਰ ਵੇਲੇ ਪੰਜਾਬ ਵਿੱਚ ਕੋਈ ਵੀ ਇੰਡਸਟਰੀ ਨਹੀਂ ਲੱਗੀ, ਪਰ ਸਾਡੇ ਕੈਪਟਨ ਸਾਹਿਬ ਦੀ ਸਰਕਾਰ ਦੇ ਸਮੇਂ ਤਿੰਨ ਸਾਲਾਂ ਵਿੱਚ 18000 ਕਰੋੜ ਦੀ ਨਵੀਂ ਇੰਡਸਟਰੀ ਲੱਗੀ ਹੈ । ਅੱਜ ਪੰਜਾਬ ਇੰਡਸਟਰੀ ਪੱਖੋਂ ਪ੍ਰਫੁੱਲਿਤ ਹੋ ਰਿਹਾ ਹੈ । ਸਮਾਲ ਸਕੇਲ ਇੰਡਸਟਰੀ ਵੀ ਲੱਗੀ ਹੈ ਜਿਹੜੀ ਕਿ 800 ਕਰੋੜ ਰੁਪਏ ਦੀ ਨਵੀਂ ਲੱਗੀ ਹੈ । ਇਹ ਪੰਜਾਬ ਦੇ ਲੋਕਾਂ ਨੇ ਆਪ ਪੰਜਾਬ ਵਿਚ ਲਿਆਂਦੀ ਹੈ । ਮੈਂ ਸਦਨ ਨੂੰ ਕਹਾਂਗਾ ਕਿ ਦਿੱਲੀ ਵਿੱਚ ਜਦੋਂ ਬੀ.ਜੇ.ਪੀ.ਵਾਲਿਆਂ ਦੀ ਹਕੂਮਤ ਸੀ ਅਤੇ ਇਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਰਾਜ ਸੀ ਤਾਂ ਉਸ ਵਕਤ ਪੰਜਾਬ ਨੂੰ ਬਹੁਤ ਵੱਡਾ ਧੱਕਾ ਲੱਗਿਆ । ਵਾਜਪਾਈ ਸਾਹਿਬ ਨੇ ਇੰਡਸਟਰੀ ਲਈ ਹਿਮਾਚਲ ਪ੍ਰਦੇਸ਼ ਨੂੰ ਤਾਂ ਰਿਆਇਤਾਂ ਦਿੱਤੀਆਂ, ਜੰਮੂ ਕਸ਼ਮੀਰ ਨੂੰ ਰਿਆਇਤਾਂ ਦੇ ਦਿੱਤੀਆਂ ਪਰ ਪੰਜਾਬ ਨੂੰ ਕੋਈ ਰਿਆਇਤ ਨਹੀਂ ਦਿੱਤੀ, ਸਗੋਂ ਪਹਿਲਾਂ ਮਿਲੀਆਂ ਛੋਟਾਂ ਵੀ ਬੰਦ ਕਰ ਦਿੱਤੀਆਂ । ਕੈਪਟਨ ਸਾਹਿਬ ਨੇ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਦਿੱਲੀ ਸਰਕਾਰ ਤੱਕ ਅਪਰੋਚ ਕੀਤੀ ਹੈ ਕਿ ਜਿਸ ਤਰੀਕੇ ਨਾਲ ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਨੂੰ ਬੈਨੀਫਿਟਸ ਦਿੱਤੇ ਹਨ, ਉਸੇ ਤਰ੍ਹਾਂ ਪੰਜਾਬ ਨੂੰ ਵੀ ਬੈਨੀਫਿਟਸ ਦਿੱਤੇ ਜਾਣ ਤਾਂ ਕਿ ਪੰਜਾਬ ਵਿਚ ਜ਼ਿਆਦਾ ਤੋਂ ਜ਼ਿਆਦਾ ਇੰਡਸਟਰੀ ਲਗ ਸਕੇ ਔਰ ਪੰਜਾਬ ਦੇ ਲੋਕਾਂ ਨੂੰ ਇਸ ਦਾ ਫਾਇਦਾ ਹੋ ਸਕੇ । ਬਠਿੰਡਾ ਰਿਫਾਈਨਰੀ ਦੀ ਗੱਲ ਕੀਤੀ ਹੈ ਇਸ ਰਿਫਾਈਨਰੀ ਨੂੰ ਕਿਸ ਨੇ ਬਣਾਇਆ ਅਤੇ ਇਸ ਨੂੰ ਪੰਜਾਬ ਵਿਚ ਲਿਆਉਣ ਵਾਲਾ ਕੌਣ ਸੀ ਇਸ

[ਰਾਜ ਮੰਤਰੀ, ਜੰਗਲਾਤ]

ਬਠਿੰਡਾ ਰਿਫਾਈਨਰੀ ਨੂੰ ਸਰਦਾਰ ਹਰਚਰਨ ਸਿੰਘ ਬਰਾੜ ਉਸ ਵੇਲੇ ਕਾਂਗਰਸ ਮੁੱਖ ਮੰਤਰੀ, ਪੰਜਾਬ ਨੇ ਲਿਆਂਦਾ ਸੀ ਉਨ੍ਹਾਂ ਨੇ ਇਸ ਦੀ ਸ਼ੁਰੂਆਤ ਕੀਤੀ ਸੀ । ਉਸ ਤੋਂ ਬਾਅਦ ਪੰਜਾਬ ਵਿਚ ਅਕਾਲੀ ਪਾਰਟੀ ਦਾ ਰਾਜ ਆ ਗਿਆ ਅਤੇ ਦਿੱਲੀ ਵਿਚ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਦੀ ਸਰਕਾਰ ਬਣ ਗਈ ਅਤੇ ਇਸ ਰਿਫਾਈਨਰੀ ਦਾ ਨੀਂਹ ਪੱਥਰ ਵਾਜਪਾਈ ਸਾਹਿਬ ਨੇ ਰੱਖਿਆ ਅਤੇ ਇਥੇ ਇਹ ਕਿਹਾ ਗਿਆ ਕਿ ਇਸ ਇੰਡਸਟਰੀ ਦੀ ਮਨਜ਼ੂਰੀ ਅਕਾਲੀ ਪਾਰਟੀ ਨੇ ਕਰਵਾਈ ਸੀ। ਪਿਛਲੇ 3 ਸਾਲਾਂ ਦੇ ਵਿਚ ਅਸੀਂ ਕੋਸ਼ਿਸ਼ ਕਰਕੇ, ਕੈਪਟਨ ਸਾਹਿਬ ਅਤੇ ਫਾਈਨਾਂਸ ਮਨਿਸਟਰ ਸਾਹਿਬ ਦੀ ਪੁਰਜ਼ੋਰ ਕੋਸ਼ਿਸ਼ਾਂ ਦੇ ਸਦਕਾ ਇਹ ਰਿਫਾਈਨਰੀ ਫਿਰ ਚਾਲੂ ਹੋ ਰਹੀ ਹੈ। ਜਦ ਕਿ ਅਕਾਲੀਆਂ ਨੇ ਕਿਹਾ ਸੀ ਕਿ ਇਸ ਦੇ ਨਾਲ ਪੰਜਾਬ ਉਤੇ ਕਰਜ਼ਾ ਚੜ੍ਹ ਜਾਵੇਗਾ ਅਤੇ ਪੰਜਾਬ ਦੀ ਇਕਨਾਮੀ ਖਰਾਬ ਹੋ ਜਾਵੇਗੀ। 13 ਹਜ਼ਾਰ ਕਰੋੜ ਰੁਪਏ ਦਾ ਘਾਟਾ ਪੰਜਾਬ ਸਰਕਾਰ ਨੂੰ ਸੇਲ ਟੈਕਸ ਰਾਹੀਂ ਹੋਵੇਗਾ, ਪਰ ਅਕਾਲੀ ਪਾਰਟੀ ਨੇ ਆਪਣੇ 5 ਸਾਲਾਂ ਦੇ ਵਿਚ ਇਸ ਪ੍ਰਾਜੈਕਟ ਨੂੰ ਚਾਲੂ ਨਹੀਂ ਕਰਵਾਇਆ । ਹੁਣ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਇਸ ਨੂੰ ਫਿਰ ਚਾਲੂ ਕਰਵਾਉਣ ਲਈ ਯਤਨ ਕੀਤੇ ਹਨ ਤਾਂਕਿ ਇਹ ਐਚ.ਪੀ.ਸੀ.ਐਲ. ਪੈਟਰੋ ਕੈਮੀਕਲ ਇੰਡਸਟਰੀ ਚਾਲੂ ਹੋ ਸਕੇ। ਇਹ ਠੀਕ ਹੈ ਜੋ ਪੰਜਾਬ ਤੇ ਸੇਲ ਟੈਕਸ ਦੀ ਛੋਟ ਕਰਕੇ ਪੰਜਾਬ ਸਰਕਾਰ ਤੋਂ ਤਕਰੀਬਨ 13 ਹਜ਼ਾਰ ਕਰੋੜ ਦਾ ਬੋਝ ਪੈਣਾ ਸੀ। ਉਸ ਤੋਂ ਪੰਜਾਬ ਨੂੰ ਬਚਾਇਆ ਹੈ। ਇਸ ਪ੍ਰਾਜੈਕਟ ਨੂੰ ਫਿਰ ਚਾਲੂ ਕਰਨ ਲਈ ਪੰਜਾਬ ਦੀ ਸਰਕਾਰ ਨੇ ਅਤੇ ਦਿੱਲੀ ਦੀ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਨੇ ਫੈਸਲਾ ਕੀਤਾ ਹੈ।

**ਸਰਦਾਰ ਤੋਤਾ ਸਿੰਘ** : ਪੁਆਇੰਟ ਆਫ ਆਰਡਰ ਸਰ, ਕਦੇ ਅਖਬਾਰਾਂ ਵਿਚ ਫਿਗਰ 15 ਹਜ਼ਾਰ ਕਰੋੜ ਰੁਪਏ ਦੀ ਆਉਂਦੀ ਹੈ, ਕਦੇ 13 ਹਜ਼ਾਰ ਕਰੋੜ ਰੁਪਏ ਦੀ ਆਉਂਦੀ ਹੈ, ਕਦੇ 750 ਕਰੋੜ ਰੁਪਏ ਦੀ ਫਿਗਰ ਅਖਬਾਰਾਂ ਦੇ ਵਿਚ ਆ ਰਹੀ ਹੈ। ਇਨ੍ਹਾਂ ਫਿਗਰਜ਼ ਨੂੰ ਸਹੀ ਕੋਈ ਨਹੀਂ ਦੱਸ ਰਿਹਾ। ਫੇਰ ਇਸ ਪ੍ਰਾਜੈਕਟ ਨੂੰ ਪਿਛਲੇ 3 ਸਾਲਾਂ ਤੋਂ ਕਿਉਂ ਰੋਕਿਆ ਹੋਇਆ ਸੀ ਅਤੇ ਇਸ ਦੇ ਨਾਲ ਹੀ ਸਾਨੂੰ ਅਸਲੀ ਫਿਗਰ ਵੀ ਦੱਸੀ ਜਾਵੇ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਡਿਪਟੀ ਸਪੀਕਰ ਸਾਹਿਬ, ਬਠਿੰਡਾ ਰਿਫਾਈਨਰੀ ਦਾ ਇਹ ਮੁੱਦਾ ਪਿਛੇ ਕਈ ਵਾਰ ਸਦਨ ਵਿਚ ਆਇਆ ਹੈ। ਇਸ ਰਿਫਾਈਨਰੀ ਨੂੰ ਕਾਂਗਰਸ ਪਾਰਟੀ ਦੀ ਸਰਕਾਰ ਲੈ ਕੇ ਆਈ ਸੀ। ਅਕਾਲੀ ਦਲ ਦੀ ਸਰਕਾਰ ਵੱਲੋਂ ਦਿੱਲੀ ਸਰਕਾਰ-ਦੇ ਉਸ ਵਕਤ ਦੇ ਪ੍ਰਧਾਨ ਮੰਤਰੀ

ਸ਼੍ਰੀ ਅਟਲ ਬਿਹਾਰੀ ਵਾਜਪਾਈ ਕੋਲੋਂ ਨੀਂਹ ਪੱਥਰ ਰਖਵਾਇਆ ਗਿਆ। ਪਰ ਇਸ ਦੀ ਸਚਾਈ ਇਹ ਹੈ ਕਿ ਇਸ ਕਾਰਖਾਨੇ ਲਈ ਜ਼ਮੀਨ ਸਾਡੀ ਸਰਕਾਰ ਦੇ ਵੇਲੇ ਐਕਵਾਇਰ ਕੀਤੀ ਗਈ ਸੀ। ਬਰਾੜ ਸਾਹਿਬ ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸਨ। ਫਿਰ ਸਾਲ 1997 ਵਿਚ ਪੰਜਾਬ ਵਿਚ ਅਕਾਲੀ ਪਾਰਟੀ ਦੀ ਸਰਕਾਰ ਆ ਗਈ ਸੀ ਅਤੇ ਦਿੱਲੀ ਵਿਚ ਬੀ.ਜੇ.ਪੀ.ਦੀ ਸਰਕਾਰ ਸੀ। ਇਸ ਨੂੰ ਚਾਲੂ ਕਰਵਾਉਣ ਲਈ 5 ਸਾਲਾਂ ਵਿਚ ਨਾ ਅਕਾਲੀ ਪਾਰਟੀ ਦੀ ਸਰਕਾਰ ਨੇ ਕੋਈ ਕੋਸ਼ਿਸ਼ ਕੀਤੀ ਜਦ ਕਿ ਦਿੱਲੀ ਵਿਚ ਇਨ੍ਹਾਂ ਦੀ ਭਾਈਵਾਲ ਦੀ ਸਰਕਾਰ ਸੀ । ਫੇਰ ਇਹ ਦਸਣ ਕਿ ਇਨ੍ਹਾਂ ਦੇ ਪਿਛਲੇ 5 ਸਾਲਾਂ ਵਿਚ ਇਹ ਰਿਫਾਈਨਰੀ ਕਿਉਂ ਨਹੀਂ ਚਲਾਈ । ਇਸ ਸਬੰਧੀ ਕਈ ਮੀਟਿੰਗਜ਼ ਬਾਦਲ ਸਾਹਿਬ ਨੇ ਪ੍ਰੀਜਾਈਡ ਕੀਤੀਆਂ ਸਨ । ਇਹ ਕਨਸੈਸ਼ਨ ਬੀ.ਪੀ.ਐਲ ਕੰਪਨੀ ਨੂੰ ਦੇਂਦਾ ਸੀ । ਹਰ ਕੋਈ ਆਪਣੇ ਹਿਸਾਬ ਨਾਲ ਕੈਲਕੁਲੇਟ ਕਰਦਾ ਹੈ, ਕੋਈ 13 ਹਜਾਰ ਕਰੋੜ ਰੁਪਏ ਦਾ ਲਾਸ ਦੱਸ ਰਿਹਾ ਹੈ ਅਤੇ ਕੋਈ 9 ਹਜਾਰ ਕੋਰੜ ਰੁਪਏ ਦਾ ਲਾਸ ਦੱਸ ਰਿਹਾ ਹੈ । ਇਸ ਨੂੰ 15 ਸਾਲਾਂ ਦੀ ਕੰਜਪਸ਼ਨ ਤੇ ਬੇਸ ਬਣਾ ਕੇ ਲਾਸ ਨੂੰ ਕੱਢਿਆ ਗਿਆ ਹੈ । ਹੁਣ ਤੁਸੀਂ ਦੇਖ ਲਵੋ ਕਿ ਆਉਣ ਵਾਲੇ 15 ਸਾਲਾਂ ਵਿਚ ਕਿੰਨੀ ਕੰਜੱਪਸ਼ਨ ਵੱਧ ਜਾਵੇਗੀ ਅਤੇ ਹੋ ਸਕਦਾ ਹੈ ਇਹ ਲਾਸ 16 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੋਵੇ । ਇਹ ਕਾਰਨ ਹੈ ਕਿ ਫਿਗਰਜ਼ ਹਾਲੇ ਸਹੀ ਨਹੀਂ ਆ ਰਹੀਆਂ । ਪਰ ਤੁਸੀਂ ਆਪਣੇ ਪਿਛਲੇ 5 ਸਾਲਾਂ ਦੇ ਵਿਚ ਇਸ ਰਿਫਾਈਨਰੀ ਨੂੰ ਚਾਲੂ ਨਹੀਂ ਕਰਵਾ ਸਕੇ । ਹੁਣ ਅਸੀਂ ਪਿਛਲੇ ਤਿੰਨ ਸਾਲਾਂ ਤੋਂ ਇਸ ਰਿਫਾਈਨਰੀ ਨੂੰ ਚਾਲੂ ਕਰਵਾਉਣ ਲਈ ਕੋਸਿਸ਼ ਕਰ ਰਹੇ ਹਾਂ । ਮੇਰੇ ਖਿਆਲ ਵਿਚ ਸਰਕਾਰ ਨੂੰ 10 ਤੋਂ 15 ਹਜ਼ਾਰ ਕਰੋੜ ਰੁਪਏ ਦਾ ਲਾਸ ਹੋਵੇਗਾ । ਇਸ ਉਤੇ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ ਹੁਣ ਇਹ ਰੀਫਾਈਨਰੀ ਚਾਲੂ ਹੋ ਰਹੀ ਹੈ । ਜਿਹੜੇ ਲੋਕੀਂ ਇਸ ਸਾਜਿਸ਼ ਵਿਚ ਸ਼ਾਮਿਲ ਸੀ, ਉਹ ਝੂਠ ਬੋਲਦੇ ਹਨ । ਉਨ੍ਹਾਂ ਨੂੰ ਨੰਗਾ ਤਾਂ ਮੈਂ ਆਪਣੀ ਸਪੀਚ ਵਿਚ ਕਰਾਂਗਾ ਕਿ ਤੁਸੀਂ ਕਿਉਂ ਨਹੀਂ ਲਗਾਈ । ਮੇਰੀ ਸਪੀਚ ਦਾ ਇੰਤਜ਼ਾਰ ਕਰਨਾ, ਪਰਸੋਂ ਦੇਵਾਂਗਾ । (ਵਿਘਨ)

ਸਰਦਾਰ ਤੋਤਾ ਸਿੰਘ : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ ।

ਮਾਨਯੋਗ ਡਿਪਟੀ ਸਪੀਕਰ : ਹਾਂ ਜੀ, ਸਰਦਾਰ ਤੋਤਾ ਸਿੰਘ ਜੀ ।

**ਸਰਦਾਰ ਤੋਤਾ ਸਿੰਘ :** ਡਿਪਟੀ ਸਪੀਕਰ ਸਾਹਿਬ, ਐਮ.ਓ.ਯੂ. ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਾਈਨ ਕੀਤਾ ਜਦੋਂ ਉਹ ਮੁੱਖ ਮੰਤਰੀ ਸਨ। ਫੈਕਟਰੀ ਸ਼ੁਰੂ ਹੋ ਗਈ, ਉਥੇ ਦੇਸ਼ ਦਾ ਪ੍ਰਧਾਨ ਮੰਤਰੀ ਆਇਆ। 300 ਕਰੋੜ.....(ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਪਲੀਜ਼ ਤੁਸੀਂ ਬੈਠੋ, ਤੋਤਾ ਸਿੰਘ ਜੀ। ਹਾਂ ਜੀ, ਸਿੰਗਲਾ ਜੀ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਇਹ ਐਮ.ਓ.ਯੂ. ਸਾਈਨ ਹੋਇਆ। ਲੈਟਰ ਆਫ ਇੰਟੈਂਟ ਮਿਲ ਚੁੱਕਾ ਸੀ। ਪੰਜਾਬ ਸਰਕਾਰ ਵੱਲੋਂ ਜ਼ਮੀਨ ਐਕੁਆਇਰ ਹੋ ਚੁੱਕੀ ਸੀ, ਐਮ.ਓ.ਯੂ ਸਾਈਨਡ ਸੀ ਕਿ ਕਨਸੈਸ਼ਨ ਦਿਉ ਜਿਹੜਾ ਕਿ ਪੰਜਾਬ ਸਰਕਾਰ ਨੇ ਦਿੱਤਾ। ਉਸ ਤੋਂ ਬਾਅਦ ਨਹੀਂ ਲਗਾਇਆ ਗਿਆ। ਪਹਿਲਾਂ ਸਮਝ ਲਓ ਕਿ ਲੈਟਰ ਆਫ ਇੰਟੈਂਟ ਕੀ ਹੁੰਦਾ ਹੈ, ਐਮ. ਓ. ਯੂ. ਕੀ ਹੁੰਦਾ ਹੈ, ਬਾਅਦ ਵਿਚ ਬਹਿਸ ਕਰਨਾ।

**ਸਰਦਾਰ ਤੋਤਾ ਸਿੰਘ (ਬੈਠੇ ਬੈਠੇ) :** ਇਹ ਤਾਂ ਜਿਵੇਂ ਤੁਹਾਨੂੰ ਹੀ ਜ਼ਿਆਦਾ ਪਤਾ ਹੈ। ਸਾਨੂੰ ਨਹੀਂ ਪਤਾ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** (ਬੈਠੇ ਬੈਠੇ) : ਮੈਂ ਕਿਹੜਾ ਕਹਿੰਦਾ ਹਾਂ ਕਿ ਤੁਹਾਨੂੰ ਨਹੀਂ ਪਤਾ।

**ਰਾਜ ਮੰਤਰੀ, ਜੰਗਲਾਤ :** ਡਿਪਟੀ ਸਪੀਕਰ ਸਾਹਿਬ, ਮੈਂ ਤੋਤਾ ਸਿੰਘ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੁਣਨ ਦੀ ਵੀ ਆਦਤ ਇਨ੍ਹਾਂ ਨੂੰ ਪਾਉਣੀ ਚਾਹੀਦੀ ਹੈ। ਮੈਂ ਐਗਰੀਕਲਚਰ ਤੇ ਗੱਲ ਕਰ ਰਿਹਾ ਸੀ ਕਿਉਂਕਿ ਪੰਜਾਬ ਇਕ ਐਗਰੀਕਲਚਰ ਸਟੇਟ ਹੈ ਤੇ ਖਾਸ ਕਰਕੇ ਸਾਡੇ ਬੇਲੀ ਜਿਹੜੇ ਉਲਟ ਵਾਲੇ ਪਾਸੇ ਬੈਠੇ ਹਨ, ਐਗਰੀਕਲਚਰ ਬਾਰੇ ਕਹਿੰਦੇ ਹਨ ਕਿ ਜ਼ਿਮੀਂਦਾਰਾਂ ਦੇ ਇਹੀ ਲੰਬੜਦਾਰ ਹਨ, ਦੂਸਰਾ ਕੋਈ ਹੋਰ ਉਨ੍ਹਾਂ ਬਾਰੇ ਕੁਝ ਨਹੀਂ ਸੋਚਦਾ। ਦੂਜੀਆਂ ਸਰਕਾਰਾਂ ਵੇਲੇ ਜ਼ਿਮੀਂਦਾਰ ਦਾ ਹਮੇਸ਼ਾ ਨੁਕਸਾਨ ਹੋਇਆ ਹੈ। ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਐਗਰੀਕਲਚਰ ਵਾਲਿਆਂ ਵਾਸਤੇ ਜੋ ਨੈਸ਼ਨਲ ਕਮਿਸ਼ਨ ਆਫ ਐਗਰੀਕਲਚਰ ਬਣਾਇਆ ਹੈ, ਇਹ ਬਣਾਉਣ ਵਾਸਤੇ ਕਿਸੇ ਪੁਰਾਣੇ ਮੁੱਖ ਮੰਤਰੀ ਨੇ ਹਿੰਮਤ ਨਹੀਂ ਕੀਤੀ। ਇਹ ਕਮਿਸ਼ਨ ਇਸ ਕਰਕੇ ਬਣਾਇਆ ਹੈ ਤਾਂ ਕਿ ਐਗਰੀਕਲਚਰ ਵਾਲਿਆਂ ਦੀਆਂ ਸ਼ਿਕਾਇਤਾਂ,

ਗਿਲ ਸ਼ਿਕਵੇ ਸੁਣੇ ਜਾਣ, ਐਗਰੀਕਲਚਰ ਵਿਚ ਸੁਧਾਰ ਲਿਆਉਣ ਵਾਸਤੇ ਜ਼ਿਮੀਂਦਾਰਾਂ ਦੇ ਵਿਊਜ਼ ਲੈ ਕੇ, ਉਨ੍ਹਾਂ ਤੇ ਅਮਲ ਕਰਕੇ ਉਨ੍ਹਾਂ ਦਾ ਸਲਿਊਸ਼ਨ ਕਢਿਆ ਜਾਵੇ । ਇਹ ਕ੍ਰੈਡਿਟ ਸਾਡੀ ਹਕੂਮਤ, ਸਾਡੀ ਗੌਰਮਿੰਟ ਨੂੰ ਜਾਂਦਾ ਹੈ ।

ਅੱਗੇ, ਡਿਪਟੀ ਸਪੀਕਰ ਸਾਹਿਬ, ਸੜਕਾਂ ਦੀ ਗੱਲ ਕਰੀਏ ਤਾਂ ਇਸ ਦਾ ਇਕ ਸਿਸਟਮ ਹੁੰਦਾ ਹੈ । ਕੋਈ ਵੀ ਸਟੇਟ ਦੀ ਗੌਰਮਿੰਟ ਹੋਵੇ, ਉਹ ਜਦੋਂ ਸੜਕਾਂ ਬਣਾ ਦਿੰਦੀ ਹੈ, ਜੋ ਇਹ ਸਾਡੀਆਂ ਲਿੰਕ ਰੋਡਜ਼ ਹੁੰਦੀਆਂ ਹਨ, ਉਨ੍ਹਾਂ ਨੂੰ ਜਦੋਂ ਬਣਾਈਦਾ ਹੈ ਤਾਂ ਉਨ੍ਹਾਂ ਦੀ 6 ਸਾਲ ਬਾਅਦ ਰਿਪੇਅਰ ਕੀਤੀ ਜਾਂਦੀ ਹੈ । ਸੜਕਾਂ ਜਦੋਂ ਪੁਰਾਣੀਆਂ ਹੋ ਜਾਂਦੀਆਂ ਹਨ ਤਾਂ 5 ਸਾਲ ਬਾਅਦ ਉਨ੍ਹਾਂ ਦੀ ਰਿਪੇਅਰ ਸ਼ੁਰੂ ਹੋ ਜਾਂਦੀ ਹੈ । ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਤੁਹਾਡੇ ਰਾਹੀਂ ਕਹਿਣੀ ਚਾਹੁੰਦਾ ਹਾਂ ਕਿ ਅੱਜ ਤੋਂ 3 ਸਾਲ ਪਹਿਲਾਂ ਸਾਡੀ ਹਕੂਮਤ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਨੇ ਸੰਭਾਲੀ, ਉਦੋਂ ਅਗਰ ਪੰਜਾਬ ਦੇ ਪਿੰਡਾਂ ਦੀਆਂ ਸੜਕਾਂ ਦੀ ਗੱਲ ਕਰੀਏ ਤਾਂ 17 ਜ਼ਿਲ੍ਹਿਆਂ ਵਿਚ ਕਿਤੇ ਵੀ ਚਲੇ ਜਾਈਏ, ਉਸ ਸਮੇਂ ਸੜਕਾਂ ਦੀ ਜਿਸ ਤਰ੍ਹਾਂ ਦੀ ਬਰਬਾਦੀ ਹੋਈ, ਸਾਨੂੰ ਸਾਰਿਆਂ ਨੂੰ ਪਤਾ ਹੈ । ਫੇਰ ਸਾਡੇ ਮੁੱਖ ਮੰਤਰੀ ਸਾਹਿਬ ਨੇ ਪਿਛਲੇ ਸਾਲ ਤੇ ਉਸ ਤੋਂ ਪਿਛਲੇ ਸਾਲ ਬਜਟ ਵਿਚ ਜਿਸ ਤਰੀਕੇ ਨਾਲ ਇਨ੍ਹਾਂ ਦਾ ਸੁਧਾਰ ਕਰਨ ਲਈ ਸਾਧਨ ਪੈਦਾ ਕਰਕੇ ਨਾਬਾਰਡ, ਪੀ.ਆਈ.ਡੀ.ਬੀ. ਅਤੇ ਵਰਲਡ ਬੈਂਕ ਕੋਲੋਂ ਪੈਸਾ ਲਿਆ ਤੇ ਇਨ੍ਹਾਂ ਸਾਰਿਆਂ ਨਾਲ ਮਿਲ ਕੇ 80% ਪਿੰਡਾਂ ਦੀਆਂ ਸੜਕਾਂ ਨੂੰ ਸੁਧਾਰਨ ਲਈ ਪੰਜਾਬ ਸਰਕਾਰ ਨੇ ਕੰਮ ਕੀਤਾ । ਅੱਜ ਲਗਭਗ ਇਸ ਸਾਲ ਜੋ ਪ੍ਰੋਗਰਾਮ ਬਣ ਰਿਹਾ ਹੈ, ਉਸ ਮੁਤਾਬਿਕ 2800 ਕਰੋੜ ਰੁਪਿਆ ਪੰਜਾਬ ਦੀਆਂ ਸੜਕਾਂ ਵਾਸਤੇ, ਰਿਪੇਅਰ ਕਰਨ ਵਾਸਤੇ ਖ਼ਰਚ ਕੀਤਾ ਜਾਵੇਗਾ ।

ਡਿਪਟੀ ਸਪੀਕਰ ਸਾਹਿਬ, ਬਜਟ ਨੇ ਇਰੀਗੇਸ਼ਨ ਤੇ ਖਾਸ ਤੌਰ ਤੇ ਫੋਕਸ ਕੀਤਾ ਹੈ । ਪੰਜਾਬ ਦੀ ਇਰੀਗੇਸ਼ਨ ਜਿੰਨੀ ਮਜ਼ਬੂਤ ਹੋਵੇਗੀ, ਪੰਜਾਬ ਦੀ ਕਿਸਾਨੀ ਉਨੀ ਪ੍ਰਫੁੱਲਤ ਹੋਵੇਗੀ । ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦਾ ਵਾਟਰ ਲੈਵਲ ਥੱਲੇ ਚਲਾ ਗਿਆ ਹੈ । ਪੰਜਾਬ ਦੇ ਤਕਰੀਬਨ ਸਾਢੇ ਬਾਰ੍ਹਾਂ ਹਜਾਰ ਪਿੰਡਾਂ ਵਿਚ ਜਿਥੇ ਮਰਜ਼ੀ ਚਲੇ ਜਾਈਏ, ਇਕੋ ਹਾਲ ਹੈ । ਪਹਿਲਾਂ ਇਹ ਕਦੇ ਨਰਮੇ ਵਾਲੇ ਇਲਾਕਿਆਂ ਵਿਚ ਹੁੰਦਾ ਸੀ । ਫਿਰੋਜ਼ਪੁਰ ਬਾਰਡਰ ਦਾ ਏਰੀਆ, ਅੰਮ੍ਰਿਤਸਰ, ਜਲੰਧਰ ਦੀ ਗੱਲ ਕਰੀਏ, ਦਰਿਆਵਾਂ ਦੇ ਨਾਲ ਜਿਹੜੀ ਜ਼ਮੀਨ ਸੀ, ਉਥੇ ਪਾਣੀ ਚੰਗਾ ਮਿਲ ਜਾਂਦਾ ਸੀ। ਉਥੇ ਲੋਕਾਂ ਨੇ ਕਦੇ ਨਹਿਰਾਂ ਦੇ ਪਾਣੀ ਦੀ ਗੱਲ ਨਹੀਂ ਸੀ ਕੀਤੀ । ਪਰ ਅੱਜ ਪੰਜਾਬ ਵਿਚ ਪੀਣ ਵਾਲੇ ਪਾਣੀ, ਖੇਤਾਂ ਨੂੰ ਲਾਉਣ ਵਾਲੇ ਪਾਣੀ ਦੀ ਵੀ ਕਿੱਲਤ ਹੋ

[ਰਾਜ ਮੰਤਰੀ, ਜੰਗਲਾਤ]

ਗਈ ਹੈ । ਕਈ ਜਗ੍ਹਾ ਪਾਣੀ 500 ਫੁੱਟ ਤੇ ਕਈ ਹੋਰ ਜਗ੍ਹਾ 500 ਫੁੱਟ ਤੋਂ ਵੀ ਥੱਲੇ ਚੰਗਾ ਪਾਣੀ ਨਹੀਂ ਮਿਲਦਾ । ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ 221 ਕਰੋੜ ਰੁਪਿਆ ਇਰੀਗੇਸ਼ਨ ਵਾਸਤੇ ਰਖਿਆ ਹੈ । ਹੁਣੇ ਜਿਵੇਂ ਰਾਣਾ ਗੁਰਮੀਤ ਸਿੰਘ ਸੋਢੀ ਗੱਲ ਕਰ ਰਹੇ ਸਨ, ਸਾਡੇ ਫਿਰੋਜ਼ਪੁਰ ਵਿਚ ਈਸਟਰਨ ਸਿਸਟਮ ਨੂੰ ਸਾਡੀ ਮੇਨ ਕੈਨਾਲ, ਫਾਜ਼ਿਲਕਾ, ਮੇਨ ਕੈਨਾਲ ਨੂੰ ਪੱਕਾ ਕਰਨ ਵਾਸਤੇ ਬਜਟ ਵਿਚ ਪ੍ਰੋਵੀਜ਼ਨ ਹੈ। ਜਿਸ ਤਰ੍ਹਾਂ ਲਾਧੂ ਕੇ ਡਿਸਟਰੀਬਿਊਟਰੀ ਵਾਲੀ ਇਹ ਕੈਨਾਲ ਫਿਰੋਜ਼ਪੁਰ ਦੇ ਇਕ ਕੋਨੇ ਤੋਂ ਚੱਲ ਕੇ ਦੂਜੇ ਕੋਨੇ ਤੱਕ ਜਾਂਦੀ ਹੈ । ਇਹ ਬੜੀ ਪੁਰਾਣੀ ਨਹਿਰ ਸੀ ਅਤੇ ਸਰਦਾਰ ਲਛਮਣ ਸਿੰਘ ਜੋ ਗੁਰੂ ਹਰ ਸਹਾਏ ਤੋਂ ਸਾਡੇ ਇਸ ਪਵਿੱਤਰ ਸਦਨ ਦੇ ਮੈਂਬਰ ਰਹੇ ਸਨ, ਉਨ੍ਹਾਂ ਦੇ ਨਾਂ ਤੇ ਉਹ ਨਹਿਰ ਬਣੀ । ਉਹ ਨਹਿਰ ਚਲਣੋ ਬੰਦ ਹੋ ਗਈ ਜਿਸ ਕਰਕੇ 40-50 ਪਿੰਡਾਂ ਨੂੰ ਪਾਣੀ ਬਿਲਕੁਲ ਨਹੀਂ ਮਿਲਦਾ ਹੈ । ਇਸ ਸਰਕਾਰ ਨੇ ਇਸ ਕੈਨਾਲ ਸਿਸਟਮ ਦੀ ਲਾਈਨਿੰਗ ਵਾਸਤੇ 100 ਕਰੋੜ ਰੁਪਏ ਦਾ ਪ੍ਰਬੰਧ ਕਰਨ ਲਈ ਨਬਾਰਡ ਨਾਲ ਸਮਝੌਤਾ ਕੀਤਾ ਹੈ । ਇਸ ਨਾਲ ਫਿਰੋਜ਼ਪੁਰ ਦੇ 100 ਪਿੰਡਾਂ ਨੂੰ ਪਾਣੀ ਮਿਲੇਗਾ ਜਿਨ੍ਹਾਂ ਦੇ ਖੇਤਾਂ ਨੂੰ ਕਦੀ ਨਹਿਰੀ ਪਾਣੀ ਮਿਲਿਆ ਹੀ ਨਹੀਂ ਸੀ । ਹੁਣ ਅਸੀਂ ਪੰਜਾਬ ਵਿਚ ਖਾਲੇ ਪੱਕੇ ਕਰਨ ਦੀ ਗੱਲ ਕਰੀਏ । ਪੰਜਾਬ ਵਿਚ ਜ਼ਿਆਦਾ 12 ਮਾਸੀ ਨਹਿਰਾਂ ਹਨ । ਕੁਝ ਖਾਲੇ ਪੱਕੇ ਸਨ ਅਤੇ ਕੁਝ ਹਾਲੇ ਪੱਕੇ ਹੋਣ ਵਾਲੇ ਰਹਿੰਦੇ ਹਨ । ਸਾਡੇ ਇਲਾਕੇ ਵਿਚ ਤਾਂ ਕਦੀ ਕਿਸੇ ਨੇ ਪੱਕੇ ਖਾਲੇ ਵੇਖੇ ਵੀ ਨਹੀਂ ਸਨ । ਇਸ ਕੰਮ ਵਾਸਤੇ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਹੇਠਲੀ ਸਰਕਾਰ ਨੇ 45 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ । ਫਿਰੋਜ਼ਪੁਰ ਅਤੇ ਬਠਿੰਡਾ ਸਾਈਡ ਵੱਲ ਵੀ ਪੱਕੇ ਖਾਲੇ ਬਣ ਰਹੇ ਹਨ ਅਤੇ ਡਿਵੈਲਪਮੈਂਟ ਹੋ ਰਹੀ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਫਾਰੈਸਟ ਦੀ ਗੱਲ ਕਰਦਾ ਹਾਂ । ਫਾਰੈਸਟ ਵਾਸਤੇ ਇਕ ਨੈਸ਼ਨਲ ਪਾਲਿਸੀ ਬਣੀ ਹੋਈ ਹੈ । ਮੈਂ ਇਸ ਮਹਿਕਮੇ ਨੂੰ ਵੇਖਦਾ ਹਾਂ । ਪੰਜਾਬ ਵਿਚ 86 ਫੀਸਦੀ ਐਗਰੀਕਲਚਰ ਲੈਂਡ ਹੈ । 70% ਫੀਸਦੀ ਪਾਪੂਲੇਸ਼ਨ ਐਗਰੀਕਲਚਰ ਵਾਲੇ ਪਾਸੇ ਲੱਗੀ ਹੋਈ ਹੈ । ਪੰਜਾਬ ਦਾ ਜ਼ਿਮੀਂਦਾਰ ਫਾਰੈਸਟ ਨੂੰ ਜ਼ਿਆਦਾ ਅਡਾਪਟ ਨਹੀਂ ਕਰਨਾ ਚਾਹੁੰਦਾ । 1977 ਵਿਚ ਪੰਜਾਬ ਵਿਚ ਇਕ ਸਰਵੇ ਕਰਵਾਇਆ ਗਿਆ ਸੀ । ਇਹ ਸੈਟੇਲਾਈਟ ਰਾਹੀਂ ਹੋਇਆ ਸੀ ਜਿਸ ਤੋਂ ਇਹ ਪਤਾ ਲੱਗਿਆ ਸੀ ਕਿ ਪੰਜਾਬ ਦੀ ਜ਼ਮੀਨ ਫਰਟਾਈਲ ਹੋਣ ਦੇ ਬਾਵਜੂਦ ਫਾਰੈਸਟ ਹੇਠ ਕੇਵਲ 1.83% ਹੀ ਸੀ । ਅਸੀਂ ਕੋਸ਼ਿਸ਼ ਕੀਤੀ ਜਿਸ ਦੇ ਸਿੱਟੇ ਵਜੋਂ ਅੱਜ ਪੰਜਾਬ ਦੀ 8.10% ਲੈਂਡ ਜੰਗਲਾਤ ਹੇਠ ਹੈ । ਅਸੀਂ ਇਸ ਦੇ ਵਾਸਤੇ 80 ਕਰੋੜ ਰੁਪਏ ਦੀ ਇਸ ਵਾਰ ਬਜਟ ਵਿੱਚ ਪ੍ਰੋਵੀਜ਼ਨ ਰੱਖੀ ਹੈ ਜਿਸ ਨਾਲ ਅਸੀਂ ਪੰਜਾਬ ਵਿਚ ਹੋਰ ਫਾਰੈਸਟ

ਲਗਾਉਣਾ ਚਾਹੁੰਦੇ ਹਾਂ । ਜਿਸ ਸਟੇਟ ਵਿਚ ਫਾਰੈਸਟ ਘੱਟ ਹੁੰਦਾ ਹੈ ਉਥੇ ਆਕਸੀਜ਼ਨ ਵੀ ਘੱਟ ਹੁੰਦੀ ਹੈ । ਜਿਸ ਦਾ ਮਾੜਾ ਅਸਰ ਲੋਕਾਂ ਦੀ ਸਿਹਤ ਉਪਰ ਪੈਂਦਾ ਹੈ । ਦੁਨੀਆਂ ਵੱਲ ਵੇਖ ਕੇ ਨੈਸ਼ਨਲ ਪਾਲਿਸੀ ਵੱਲ ਵੇਖ ਕੇ ਅਸੀਂ 33% ਫਾਰੈਸਟ ਤਾਂ ਨਹੀਂ ਕਰ ਸਕਦੇ । ਅਸੀਂ ਦਿੱਲੀ ਵਾਲਿਆਂ ਨੂੰ ਲਿਖ ਕੇ ਵੀ ਦਿੱਤਾ ਹੈ ਕਿ ਪੰਜਾਬ ਵਿਚ 2017 ਤੱਕ..........

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 8% ਏਰੀਆ ਫਾਰੈਸਟ ਦੇ ਅੰਡਰ ਹੈ ਜਦ ਕਿ ਬਜਟ ਸਪੀਚ ਵਿਚ ਇਹ ਫਿਗਰ 6.4% ਦੱਸੀ ਗਈ ਹੈ । ਦੋਹਾਂ ਫਿਗਰਜ਼ ਵਿਚ ਬਹੁਤ ਫਰਕ ਹੈ । ਸਹੀ ਫਿਗਰ ਕੀ ਹੈ, ਮੰਤਰੀ ਜੀ ਦੱਸਣ ਦੀ ਖੇਚਲ ਕਰਨ ।

**ਰਾਜ ਮੰਤਰੀ, ਜੰਗਲਾਤ :** ਡਿਪਟੀ ਸਪੀਕਰ ਸਾਹਿਬ, 6.10 % ਫਾਰੈਸਟ ਡਿਪਾਰਟਮੈਂਟ ਦਾ ਜੰਗਲਾਤ ਹੈ ਅਤੇ 2% ਜੰਗਲਾਤ ਪੰਜਾਬ ਦੀ ਦੂਜੀ ਪਾਪੂਲੇਸ਼ਨ ਪਾਸ ਹੈ ਚਾਹੇ ਉਹ ਖੇਤਾਂ ਵਿਚ ਹੈ ਅਤੇ ਚਾਹੇ ਘਰਾਂ ਵਿਚ ਹੈ । ਨੈਸ਼ਨਲ ਸਰਵੇ ਵਿਚ ਇਹ ਫਿੱਗਰ 8.10% ਹੈ । ਮੈਂ ਦੱਸ ਰਿਹਾ ਸੀ ਕਿ ਅਸੀਂ ਫਾਰੈਸਟ ਨੂੰ ਵਧਾਉਣ ਵਾਸਤੇ ਦਿੱਲੀ ਕੋਲ ਵੀ ਅਪਰੋਚ ਕੀਤੀ ਹੈ । ਪੰਜਾਬ ਵਿਚ 17 ਜ਼ਿਲ੍ਹੇ ਹਨ । ਜ਼ਿਲ੍ਹਾ ਫਾਰੈਸਟ ਏਜੰਸੀਆਂ ਬਣਾ ਕੇ ਇਸ ਕੰਮ ਵਾਸਤੇ ਅਸੀਂ 4 ਜ਼ਿਲ੍ਹੇ ਮਨਜ਼ੂਰ ਕਰਵਾ ਲਏ ਹਨ । ਬਾਕੀ ਦੇ 13 ਜ਼ਿਲ੍ਹਿਆਂ ਵਾਸਤੇ ਵੀ ਅਸੀਂ ਡੀ.ਐਫ.ਏ. ਬਣਾ ਕੇ ਫਾਰੈਸਟ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਾਂ । ਇਸ ਦੇ ਵਿਚ ਅਸੀਂ ਆਮ ਲੋਕਾਂ ਨਾਲ ਅਤੇ ਪੰਚਾਇਤਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਦੀ ਸ਼ਮੂਲੀਅਤ ਕਰਨ ਜਾ ਰਹੇ ਹਾਂ ਤਾਂ ਕਿ ਪਿੰਡਾਂ ਵਿਚ ਜੰਗਲਾਤ ਹੋਰ ਵਧਾਇਆ ਜਾ ਸਕੇ । ਡਿਪਟੀ ਸਪੀਕਰ ਸਾਹਿਬ, ਜ਼ਿਆਦਾ ਨਾ ਕਹਿੰਦਾ ਹੋਇਆ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ । ਇਸ ਦੇ ਨਾਲ ਹੀ ਜਿਹੜਾ ਬਜਟ ਸਿੰਗਲਾ ਸਾਹਿਬ ਨੇ ਇਸ ਸਦਨ ਵਿਚ ਲਿਆਂਦਾ ਹੈ, ਮੈਂ ਉਸ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਅਤੇ ਨਾਲ ਹੀ ਇਹ ਵੀ ਬੇਨਤੀ ਕਰਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਸਰਬਸੰਮਤੀ ਨਾਲ ਇਸ ਬਜਟ ਨੂੰ ਪਾਸ ਕਰਨਾ ਚਾਹੀਦਾ ਹੈ । ਬਹੁਤ ਬਹੁਤ ਧੰਨਵਾਦ । ਜੈ ਹਿੰਦ ।

**ਸਰਦਾਰ ਤੋਤਾ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਇਕ ਸਾਰਿਆਂ ਦੇ ਫਾਇਦੇ ਦੀ ਗੱਲ ਕਰਨੀ ਚਾਹੁੰਦਾ ਹਾਂ । ਹੁਣੇ ਮੰਤਰੀ ਜੀ ਫਾਰੈਸਟ ਬਾਰੇ ਬੋਲ ਕੇ ਹਟੇ ਹਨ । ਆਪਾਂ ਰੋਜ਼ ਸਫਰ ਕਰਦੇ ਹਾਂ ਅਤੇ ਵੇਖਦੇ ਹਾਂ ਕਿ ਸਾਰੀਆਂ ਸੜਕਾਂ ਦੇ ਦੁਆਲੇ

[ਸਰਦਾਰ ਤੋਤਾ ਸਿੰਘ]

ਸੁੱਕੇ ਦਰਖਤ ਖੜ੍ਹੇ ਹਨ । ਉਨ੍ਹਾਂ ਨੂੰ ਸਮਾਪਤ ਨਹੀਂ ਕੀਤਾ ਜਾਂਦਾ । ਮੇਰੀ ਬੇਨਤੀ ਹੈ ਕਿ ਕਿਸੇ ਢੰਗ ਨਾਲ ਉਨ੍ਹਾਂ ਨੂੰ ਸਾਫ ਕੀਤਾ ਜਾਵੇ ਅਤੇ ਉਨ੍ਹਾਂ ਦੀ ਜਗ੍ਹਾ 2-4 ਹੋਰ ਦਰਖਤ ਲਾਏ ਜਾਣ। ਇਸ ਤਰ੍ਹਾਂ ਕਰਨ ਨਾਲ ਇਕ ਤਾਂ ਹਰਿਆਲੀ ਵਧੇਗੀ ਅਤੇ ਦੂਸਰਾ ਲੋਕੀਂ ਐਕਸੀਡੈਂਟਾਂ ਤੋਂ ਵੀ ਬਚਣਗੇ।

**ਰਾਜ ਮੰਤਰੀ, ਜੰਗਲਾਤ** : ਡਿਪਟੀ ਸਪੀਕਰ ਸਾਹਿਬ, ਫਾਰੈਸਟ ਕਾਰਪੋਰੇਸ਼ਨ ਦੇ ਨਾਲ ਅਸੀਂ ਤਾਲਮੇਲ ਕਰਕੇ ਕੋਸ਼ਿਸ਼ ਕਰ ਰਹੇ ਹਾਂ ਕਿ ਸੁੱਕੇ ਦਰੱਖਤਾਂ ਨੂੰ ਰੀਪਲੇਸ ਕਰਕੇ ਨਵੇਂ ਦਰਖਤ ਲਾਏ ਜਾਣ। ਸਾਡੀ ਕੋਸ਼ਿਸ਼ ਹੈ ਕਿ ਮਹਿਕਮੇ ਅਤੇ ਕਾਰਪੋਰੇਸ਼ਨ ਦੋਹਾਂ ਦਾ ਤਾਲਮੇਲ ਕਰਕੇ ਸਮਾਂਬੱਧ ਤਰੀਕੇ ਨਾਲ ਉਹ ਦਰੱਖਤ ਕੱਟੇ ਜਾਣ ਜਿਹੜੇ ਸੜਕਾਂ ਦੇ ਆਲੇ ਦੁਆਲੇ ਸੁੱਕ ਗਏ ਹਨ ਤਾਂ ਜੋ ਕਿ ਉਨ੍ਹਾਂ ਦੀ ਜਗ੍ਹਾ ਨਵੇਂ ਦਰਖਤ ਲਗਾਏ ਜਾ ਸਕਣ।

| *6-00 ਵਜੇ ਸ਼ਾਮ | (ਇਸ ਸਮੇਂ* ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ) |
|---|---|

ਸਪੀਕਰ ਸਾਹਿਬ, ਇਹਦੇ ਬਾਰੇ ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਫਾਰੈਸਟ ਕਾਰਪੋਰੇਸ਼ਨ ਨਾਲ ਤਾਲਮੇਲ ਕਰਾਂਗੇ, ਜਿਹੜੇ ਮੈਕਸੀਮੱਮ ਸੁੱਕੇ ਦਰਖਤ ਹਨ ਉਨ੍ਹਾਂ ਨੂੰ ਰੀਪਲੇਸ ਕਰਕੇ ਉਨ੍ਹਾਂ ਦੀ ਜਗ੍ਹਾ ਤੇ ਨਵੇਂ ਵੀ ਲਗਾ ਰਹੇ ਹਨ । ਸਮਾਂ ਬੱਧ ਕਰਕੇ ਉਹ ਰਿਪਲੇਸ ਕਰ ਦਿੱਤੇ ਜਾਣ, ਇਹ ਕੰਮ ਜਲਦੀ ਹੀ ਕਰ ਦਿੱਤੇ ਜਾਣਗੇ ।

**ਸਹਿਕਾਰਤਾ ਅਤੇ ਬਾਗਬਾਨੀ ਮੰਤਰੀ** (ਸਰਦਾਰ ਜਸਜੀਤ ਸਿੰਘ ਰੰਧਾਵਾ): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਬਜਟ ਤੇ ਬੋਲਣ ਦਾ ਟਾਈਮ ਦਿੱਤਾ ਹੈ । ਇਸ ਸਾਲ ਦਾ, 2005-06 ਦਾ ਜਿਹੜਾ ਬਜਟ ਸਾਡੇ ਸਤਿਕਾਰਯੋਗ ਫਾਇਨਾਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ, ਸਾਡੇ ਫਾਇਨਾਂਸ ਮਨਿਸਟਰ ਸਾਹਿਬ ਜਿਹੜਾ ਸਾਡਾ ਸੀ.ਐਮ.ਦੀ ਕੈਬਨਿਟ ਦੀ ਟੀਮ ਹੈ । ਉਸ ਵਿੱਚ ਬੜੇ ਹੀ ਸੂਝਵਾਨ, ਪੜ੍ਹੇ ਲਿਖੇ ਅਤੇ ਅਰਥ ਸ਼ਾਸਤਰੀ ਮਾਹਿਰ ਹਨ । ਉਨ੍ਹਾਂ ਨੇ ਬੜੇ ਵਿਚਾਰ ਵਟਾਂਦਰੇ ਤੋਂ ਬਾਅਦ ਇਕ ਬੈਲੈਂਸਡ ਬਜਟ ਪੇਸ਼ ਕੀਤਾ ਹੈ । ਇਸ ਬਜਟ ਦੇ ਧਿਆਨ ਵਿੱਚ ਪੰਜਾਬ ਦੀ ਓਵਰ-ਆਲ ਡਿਵੈਲਪਮੈਂਟ ਦੇ ਵਾਸਤੇ ਬੜਾ ਧਿਆਨ ਰੱਖਿਆ ਗਿਆ ਹੈ । ਸ਼ਹਿਰਾਂ ਅਤੇ ਪਿੰਡਾਂ ਦੇ ਵਿੱਚ

ਇਨਫਰਾਸਟਰਕਚਰ ਪ੍ਰੋਵਾਈਡ ਕਰਕੇ, ਉਹਦੀ ਬੈਲੈਂਸਡ ਡਿਵੈਲਪਮੈਂਟ ਵਾਸਤੇ ਤਰੱਕੀ ਵਾਸਤੇ ਪੂਰੇ ਪ੍ਰਬੰਧ ਕੀਤੇ ਗਏ ਹਨ । ਵੀਕਰ ਸੈਕਸ਼ਨ ਵਾਸਤੇ, ਉਨ੍ਹਾਂ ਦੀ ਵੈਲਫੇਅਰ ਵਾਸਤੇ ਤਕਰੀਬਨ ਸਾਰੇ ਹੀ ਵਰਗਾਂ ਦੀ ਸਮੂਹਿਕ ਡਿਵੈਲਪਮੈਂਟ ਵਾਸਤੇ, ਤਰੱਕੀ ਵਾਸਤੇ ਪੰਜਾਬ ਵਿੱਚ ਪ੍ਰਾਸਪੈਰੇਟੀ ਲਿਆਉਣ ਵਾਸਤੇ ਇਸ ਬਜਟ ਵਿੱਚ ਪੂਰੇ ਬੈਲੈਂਸਡ ਤਰੀਕੇ ਨਾਲ ਪ੍ਰਬੰਧ ਕੀਤਾ ਗਿਆ ਹੈ । ਸਪੀਕਰ ਸਾਹਿਬ, ਚਾਹੇ ਕੋਈ ਸੰਸਥਾ ਹੋਵੇ, ਚਾਹੇ ਪਿੰਡ ਲੈਵਲ ਤੇ ਪੰਚਾਇਤ ਹੈ, ਚਾਹੇ ਮਿਊਂਸਿਪਲ ਕਮੇਟੀ ਹੈ, ਸਟੇਟ ਤਾਂ ਬੜੀ ਵੱਡੀ ਗੱਲ ਹੈ, ਜਿੰਨਾਂ ਚਿਰ ਪ੍ਰਾਪਰ ਤਰੀਕੇ ਨਾਲ ਤੁਸੀਂ ਪਲਾਨਡ ਤਰੀਕੇ ਨਾਲ ਉਥੇ ਦੀ ਡਿਵੈਲਪਮੈਂਟ ਨਹੀਂ ਕਰਦੇ, ਪਲਾਨਡ ਡਿਵੈਲਪਮੈਂਟ ਨਹੀਂ ਕਰਦੇ ਉਨਾ ਚਿਰ ਉਥੇ ਦੀ ਡਿਵੈਲਪਮੈਂਟ, ਉਸ ਸਟੇਟ ਦੀ ਜਾਂ ਉਸ ਜਗ੍ਹਾ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ । ਬਦਕਿਸਮਤੀ ਨਾਲ ਪਿਛਲੀਆਂ ਸਰਕਾਰਾਂ ਦੇ ਵਿੱਚ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਪੰਜਾਬ ਦੇ ਮੁੱਖ ਮੰਤਰੀ ਸਨ ਉਨ੍ਹਾਂ ਨੇ ਜਿਸ ਤਰੀਕੇ ਨਾਲ ਸੰਗਤ ਦਰਸ਼ਨਾਂ ਰਾਹੀਂ ਪਿੰਡਾਂ ਦੀ ਡਿਵੈਲਪਮੈਂਟ ਕਰਨ ਦੀ ਕੋਸ਼ਿਸ਼ ਕੀਤੀ ਨਾ ਤਾਂ ਉਥੇ ਕਿਸੇ ਦੀ ਕੋਈ ਪਰਪੋਜ਼ਲ ਹੁੰਦੀ ਸੀ ਨਾ ਹੀ ਕੋਈ ਪਲਾਨਿੰਗ ਹੁੰਦੀ ਸੀ ਔਰ ਨਾ ਹੀ ਉਸ ਦੀ ਕੋਈ ਐਡਮਨਿਸਟ੍ਰੇਟਿਵ ਜਾਂ ਫਾਇਨਾਂਸ਼ੀਅਲ ਸੈਂਕਸ਼ਨ ਹੁੰਦੀ ਸੀ । ਜਿਹੜੇ ਪਿੰਡ ਵਿੱਚ ਉਹ ਜਾਂਦੇ, ਜੇਕਰ ਉਸ ਪਿੰਡ ਦੇ ਜਥੇਦਾਰ ਜਾਂ ਸਰਪੰਚ ਉਨ੍ਹਾਂ ਦੀ ਜ਼ਿਆਦਾ ਉਪਮਾ ਕਰ ਦਿੰਦੇ ਅਤੇ ਉਹ ਪਿੰਡ ਵਿੱਚ 5 ਲੱਖ ਰੁਪਏ ਦੀ ਡਿਮਾਂਡ ਹੁੰਦੀ ਤਾਂ ਉਥੇ ਇਹ 15 ਲੱਖ ਰੁਪਏ ਦੇ ਦਿੰਦੇ ਪਰ ਜੇਕਰ ਉਥੇ ਇਕੱਠ ਘੱਟ ਲਗਦਾ ਜਾਂ ਉਨ੍ਹਾਂ ਦੇ ਸਨਮਾਨ ਵਿੱਚ ਚਾਰ ਸ਼ਬਦ ਉਹ ਘੱਟ ਬੋਲ ਜਾਂਦੇ ਤਾਂ ਉਥੇ ਚਾਹੇ 50 ਲੱਖ ਰੁਪਏ ਦੀ ਲੋੜ ਹੁੰਦੀ ਸੀ ਤਾਂ ਵੀ ਉਸ ਪਿੰਡ ਨੂੰ 2 ਲੱਖ ਰੁਪਏ ਹੀ ਦਿੰਦੇ ਸਨ । ਇਸ ਤਰੀਕੇ ਨਾਲ ਕੱਟ ਲਗਦੀ ਰਹੀ । ਬੜੀ ਭਾਰੀ ਪੰਜਾਬ ਦੀ ਇਸ ਤਰੀਕੇ ਨਾਲ ਜੋ ਡਿਵੈਲਪਮੈਂਟ ਸੀ, ਉਹ ਰੁਕ ਗਈ । ਉਸ ਨਾਲ ਪੰਜਾਬ ਬਹੁਤ ਪਿੱਛੇ ਪੈ ਗਿਆ । ਹੁਣ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ, ਜੋ ਫਾਇਨਾਂਸ ਮਨਿਸਟਰ ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਮੈਨੂੰ ਪੂਰਨ ਆਸ ਹੈ ਕਿ ਦੋ ਸਾਲ ਸਾਡੀ ਸਰਕਾਰ ਦੇ ਹੋਰ ਰਹਿੰਦੇ ਹਨ ਇਸ ਵਿੱਚ ਪੰਜਾਬ ਦੇ ਵਿੱਚ ਇਕ ਬਹੁਤ ਵੱਡਾ ਰੈਵੋਲਿਊਸ਼ਨ ਆਏਗਾ । ਪੰਜਾਬ ਵਿੱਚ ਓਵਰ-ਆਲ ਡਿਵੈਪਲਮੈਂਟ ਹੋਏਗੀ । ਖਾਸ ਕਰਕੇ ਪੰਜਾਬ ਐਗਰੀਕਲਚਰਲ ਸਟੇਟ ਹੈ । ਏਥੇ 70% ਤੋਂ ਵੀ ਜ਼ਿਆਦਾ ਲੋਕ ਖੇਤੀਬਾੜੀ ਤੇ ਨਿਰਭਰ ਕਰਦੇ ਹਨ । ਖੇਤੀਬਾੜੀ ਨੂੰ ਵੀ ਭਾਵੇਂ ਅੱਜ ਐਗਰੀਕਲਚਰਲ ਜਿਹੜੀ ਸਾਡੀ ਪਰੋਡਿਊਸ ਹੈ । ਉਹ ਪਰੋਡਿਊਸ ਓਪਟੀਮੱਮ ਪੁਆਇੰਟ ਤੇ ਪਹੁੰਚ ਚੁੱਕੀ ਹੈ ਇਸ ਪਾਸੇ ਹੋਰ ਵੀ ਵਧੇਰੇ ਕਈ ਕਦਮ ਚੁੱਕਣ ਦੀ ਲੋੜ ਹੈ । ਅੱਜ ਦੇ ਪੰਜਾਬ ਦੀ ਜਿਹੜੀ ਰਵਾਇਤੀ

[ਸਹਿਕਾਰਤਾ ਅਤੇ ਬਾਗਬਾਨੀ ਮੰਤਰੀ]

ਫਸਲ ਹੈ, ਉਹ ਹੈ ਕਣਕ ਅਤੇ ਝੋਨਾ, ਉਹ ਹੁਣ ਏਨਾ ਲਾਹੇਵੰਦਾ ਨਹੀਂ ਰਹਿ ਗਿਆ। ਪੰਜਾਬ ਦੇ ਕਿਸਾਨ ਕਰਜ਼ਈ ਹੁੰਦੇ ਜਾ ਰਹੇ ਹਨ ਅਤੇ ਪੰਜਾਬ ਦੇ ਵਿੱਚ ਜੋ ਜ਼ਮੀਨ ਦੇ ਵਿੱਚ ਪਾਣੀ ਦਾ ਪੱਧਰ ਹੈ ਉਹ ਵੀ ਦਿਨ-ਬ-ਦਿਨ ਨੀਵਾਂ ਹੁੰਦਾ ਜਾ ਰਿਹਾ ਹੈ ਇਸ ਲਈ ਬੜੀ ਭਾਰੀ ਲੋੜ ਹੈ ਕਿ ਡਾਈਵਰਸੀਵਿਕੇਸ਼ਨ ਕੀਤੀ ਜਾਵੇ। ਇਸ ਬਜਟ ਦੇ ਵਿੱਚ ਖਾਸ ਤੌਰ ਤੇ ਪੰਜਾਬ ਸਰਕਾਰ ਨੇ ਸਾਡੇ ਮਾਨਯੋਗ ਫਾਇਨਾਂਸ ਮਨਿਸਟਰ ਸਾਹਿਬ ਨੇ ਫਸਲਾਂ ਦੀ ਡਾਈਵਰਸੀਫਿਕੇਸ਼ਨ ਵੱਲ ਉਚੇਚਾ ਧਿਆਨ ਦਿੱਤਾ ਹੈ। 100 ਕਰੋੜ ਰੁਪਏ ਦਾ ਇਕ ਫੰਡ ਡਾਈਵਰਸੀਫਿਕੇਸ਼ਨ ਦੇ ਵਾਸਤੇ ਕਾਇਮ ਕਰਕੇ ਇਕ ਬਹੁਤ ਵੱਡਾ ਉਪਰਾਲਾ ਕੀਤਾ ਹੈ। ਇਹ ਇਨ੍ਹਾਂ ਦੀ ਬੜੀ ਵੱਡੀ ਐਫਰਟ ਹੈ ਜਿਸ ਨਾਲ ਪੰਜਾਬ ਵਿੱਚ ਫਸਲਾਂ ਦੀ ਡਾਈਵਰਸੀਫਿਕੇਸ਼ਨ ਹੋਏਗੀ। ਪੰਜਾਬ ਦੇ ਅੰਦਰ ਭਾਵੇਂ ਐਗਰੀਕਲਚਰ ਦੀ ਡਿਵੈਲਪਮੈਂਟ ਹੋਈ ਹੈ, ਭਾਵੇਂ ਗਰੀਨ ਰੈਵੋਲਿਊਸ਼ਨ ਆਇਆ ਹੈ ਅਤੇ ਭਾਵੇਂ ਮੀਨੀਮਮ ਸਪੋਰਟ ਪ੍ਰਾਈਸ ਮਿਲੀ ਹੈ ਇਹ ਕਿਸਾਨਾਂ ਲਈ ਲਾਹੇਵੰਦ ਸਾਬਤ ਹੋਈਆਂ ਹਨ। ਇਹ ਸਭ ਕਾਂਗਰਸ ਪਾਰਟੀ ਦੀ ਹੀ ਦੇਣ ਹੈ, ਉਸ ਦੀਆਂ ਹੀ ਪਾਲਿਸੀਆਂ ਹਨ। ਅੱਜ ਵੇਖਣ ਨੂੰ ਮਿਲਦਾ ਹੈ ਕਿ ਜਦੋਂ ਪ੍ਰੋਡਿਊਸ ਮੰਡੀਆਂ ਵਿਚ ਜਾਂਦੀਆਂ ਹਨ ਤਾਂ ਉਹ ਮਿਨੀਮਮ ਸਪੋਰਟ ਪ੍ਰਾਈਸ ਤੇ ਤਾਂ ਵਿਕ ਜਾਂਦੀਆਂ ਹਨ। ਪਰ ਕਈ ਚੀਜ਼ਾਂ ਇਹੋ ਜਿਹੀਆਂ ਹੁੰਦੀਆਂ ਹਨ ਜਿਹੜੀਆਂ ਹੁੰਦੀਆਂ ਹਨ ਜਿਹੜੀਆਂ ਕਿ ਖਰੀਦਦਾਰ ਉਤੇ ਨਿਰਭਰ ਕਰਦੀਆਂ ਹਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ ਕਿ ਜਿਵੇਂ ਦੁਨੀਆਂ ਦੇ ਸਾਰੇ ਖਿੱਤੇ ਵਿਚ ਕਿਸਾਨ ਆਪਣੀ ਪ੍ਰੋਡਿਊਸ ਦਾ ਮੁੱਲ ਆਪ ਨਿਰਧਾਰਤ ਕਰਦਾ ਹੈ ਪੰਜਾਬ ਵਿਚ ਉਹੋ ਜਿਹਾ ਸਿਸਟਮ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਸਾਡੇ ਡਿਪਾਰਟਮੈਂਟ ਨਾਲ ਅਤੇ ਹੋਰ ਕਈ ਐਗਰੀਕਲਚਰਿਸਟ, ਇਕਨਾਮਿਸਟਾਂ ਨਾਲ ਅਤੇ ਹੋਰ ਮਾਰਕੀਟ ਐਕਸਪਰਟਸ ਨਾਲ ਵਿਚਾਰ ਵਟਾਂਦਰਾ ਕਰਕੇ ਫੈਸਲਾ ਕੀਤਾ ਹੈ ਕਿ ਅਜਿਹੇ ਪ੍ਰਬੰਧ ਵਾਸਤੇ ਮਾਰਕਫੈਡ ਵਿਚ ਇਕ ਮਲਟੀ ਕਮਾਡਿਟੀ ਐਕਸਚੇਂਜ ਦਾ ਟਰਮੀਨਲ ਬਣਾਇਆ ਗਿਆ ਹੈ ਜਿਸ ਦੇ ਵਿਚ ਇਹ ਪ੍ਰਬੰਧ ਹੋਵੇਗਾ ਕਿ ਇਸ ਵਿਚ ਇਕ ਅਜਿਹੀ ਐਕਸਚੇਂਜ ਹੋਵੇਗੀ ਜਿਹੜੀ ਕਿ ਪੰਜਾਬ ਦੇ ਟੈਲੀਵੀਜ਼ਨ ਦੇ ਵੱਖਰੇ ਵੱਖਰੇ ਚੈਨਲਾਂ ਨਾਲ ਕੁਨੈਕਟ ਹੋਵੇਗੀ। ਆਲ ਇੰਡੀਆ ਰੇਡਿਓ ਨਾਲ ਕੁਨੈਕਟ ਹੋਵੇਗੀ। ਜਿਹੜੇ ਦੇਸ਼ ਦੀਆਂ ਵੱਖਰੀਆਂ ਵੱਖਰੀਆਂ ਮੰਡੀਆਂ ਵਿਚ ਰੋਜ਼ਾਨਾ ਦੇ ਰੇਟ ਹੋਣਗੇ ਅਤੇ ਵਿਦੇਸ਼ ਦੀਆਂ ਵੱਖਰੀਆਂ ਵੱਖਰੀਆਂ ਮੰਡੀਆਂ ਵਿਚ ਜੋ ਰੇਟ ਹੋਣਗੇ, ਉਹ ਸਾਰੇ ਡਿਸਪਲੇਅ ਹੁੰਦੇ ਰਹਿਣਗੇ। ਪੰਜਾਬ ਦੇ ਜਿਹੜੇ ਕਿਸਾਨਾਂ ਦੀ ਆਰਥਿਕ ਪੁਜੀਸ਼ਨ ਬਹੁਤੀ ਅੱਛੀ ਨਹੀਂ, ਉਨ੍ਹਾਂ ਨੂੰ ਬਹੁਤ ਲਾਭ ਹੋਵੇਗਾ। ਜਦੋਂ ਉਸਦੀ ਫਸਲ ਮੰਡੀ ਵਿੱਚ

ਆਉਂਦੀ ਹੈ ਤਾਂ ਉਸ ਨੂੰ ਪੈਸੇ ਦੀ ਬੜੀ ਜਰੂਰਤ ਹੁੰਦੀ ਹੈ। ਉਸ ਦੇ ਲਈ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤੇ ਹਨ ਕਿ ਕਿਸਾਨ ਆਪਣੀ ਪ੍ਰੋਡਿਊਸ ਜਿਹੜੀ ਵੀ ਲਿਆਵੇਗਾ, ਕਣਕ, ਝੋਨਾ ਲਿਆਵੇਗਾ ਆਇਲ ਸੀਡਜ਼ ਲਿਆਵੇਗਾ ਜਾਂ ਸਬਜ਼ੀਆਂ ਲਿਆਵੇਗਾ। ਉਸ ਨੂੰ ਮਾਰਕਫੈਡ ਆਪਣੇ ਗੋਦਾਮ ਵਿੱਚ ਰੱਖੇਗਾ। ਉਸ ਨੇ ਵੱਖੋ ਵੱਖਰੇ ਬੈਂਕਾਂ ਨਾਲ ਟਾਈ ਅੱਪ ਕੀਤਾ ਹੈ। ਉਹ ਕਿਸਾਨ ਨੂੰ ਉਸ ਦੀ ਜਿਣਸ ਦਾ 75% ਮੁਲ ਮੌਕੇ ਤੇ ਹੀ ਦੇਣਗੇ, ਜਿਹੜਾ ਬਾਕੀ 25% ਹੋਵੇਗਾ ਉਹ ਜਦੋਂ ਵੀ ਮਾਰਕਿਟ ਵਿੱਚ ਜਾਂ ਇੰਟਰਨੈਸ਼ਨਲ ਰੇਟ ਜਿਹੜੇ ਉਹ ਦੇਖਦਾ ਆ ਰਿਹਾ ਹੈ ਅਗਰ ਉਹ ਸਮਝਦਾ ਹੈ ਕਿ ਸੰਸਾਰ ਦਾ ਕਿਸੇ ਮੰਡੀ ਵਿੱਚ ਉਸ ਨੂੰ ਹਾਈਐਸਟ ਰੇਟ ਮਿਲ ਸਕਦਾ ਹੈ ਤਾਂ ਉਹ ਉਥੇ ਆਪਣੀ ਜਿਣਸ ਵੇਚ ਸਕੇਗਾ। ਇਸ ਦੇ ਨਾਲ ਕਿਸਾਨ ਨੂੰ ਬਹੁਤ ਵੱਡੀ ਸਹੂਲਤ ਹੋਵੇਗੀ। ਇਸ ਨਾਲ ਕਿਸਾਨ ਲਈ ਬਹੁਤ ਵੱਡੀ ਖੁਸ਼ਹਾਲੀ ਆਵੇਗੀ। ਇਹੋ ਜਿਹੇ ਵਿਸ਼ੇਸ਼ ਪ੍ਰਬੰਧ ਸਾਡੀ ਸਰਕਾਰ ਨੇ ਕੀਤੇ ਹਨ।

ਇਸ ਤਰੀਕੇ ਨਾਲ ਕੋਲਡ ਸਟੋਰੇਜ਼ ਚੇਨ੍ਹ ਦਾ ਪ੍ਰਬੰਧ ਹੋਵੇਗਾ। ਜਿਥੇ ਕਿ ਸਬਜ਼ੀਆਂ ਜਾਂ ਫਲ ਵਗੈਰਾ, ਜਿਨ੍ਹਾਂ ਨੂੰ ਡਿਫਰੈਂਟ ਟੈਂਪਰੇਚਰ ਦੀ ਲੋੜ ਹੁੰਦੀ ਹੈ ਖਾਸ ਕਰਕੇ ਸਬਜ਼ੀਆਂ ਲਈ, ਉਹ ਉਥੇ ਰੱਖੀਆਂ ਜਾਣਗੀਆਂ। ਅੱਛੇ ਰੇਟ ਮਿਲਣ ਤੇ ਉਹ ਵੇਚੀਆਂ ਜਾਣਗੀਆਂ। ਹੋਰ ਵੀ ਅਨੇਕਾਂ ਪ੍ਰਬੰਧ ਕੀਤੇ ਗਏ ਹਨ । ਡਾਈਵਰਸੀਫਿਕੇਸ਼ਨ ਲਈ ਨੈਸ਼ਨਲ ਹਾਰਟੀਕਲਚਰਜ ਕਮਿਸ਼ਨ ਦੇ ਵਿੱਚ ਜੋ 15,000 ਕਰੋੜ ਰੁਪਏ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਨੇ ਮਨਜ਼ੂਰ ਕੀਤੇ ਹਨ ਉਸ ਵਿਚੋਂ 620 ਕਰੋੜ ਰੁਪਏ ਇਸ ਸਾਲ ਮਿਲ ਜਾਣੇ ਹਨ। ਇਸ ਵਿੱਚੋਂ ਪੰਜਾਬ ਨੂੰ ਕਾਫੀ ਵੱਡਾ ਸ਼ੇਅਰ ਮਿਲਣ ਵਾਲਾ ਹੈ। ਇਸ ਨਾਲ ਮੈਂ ਸਮਝਦਾ ਹਾਂ ਕਿ ਸਾਡੇ ਕਿਸਾਨ ਬਾਗਬਾਨੀ ਵੱਲ ਵਧੇਰੇ ਪ੍ਰੇਰਤ ਹੋਣਗੇ ਅਤੇ ਇਸ ਪਾਸੇ ਆਉਣਗੇ ।

ਕਿਸਾਨਾਂ ਵਾਸਤੇ ਜਿਹੜਾ ਕੋ-ਆਪਰੇਟਿਵ ਡਿਪਾਰਟਮੈਂਟ ਹੈ ,ਉਸ ਦਾ ਬਹੁਤ ਹੀ ਵੱਡਾ ਯੋਗਦਾਨ ਹੈ। ਉਹ ਕਿਸਾਨ ਦੀ ਫਸਲ ਬੀਜਣ ਤੋਂ ਲੈ ਕੇ ਫਸਲ ਵੱਢਣ ਤੱਕ ਉਨ੍ਹਾਂ ਦੇ ਕੰਮ ਆਉਂਦਾ ਹੈ । ਇਨਪੁਟਸ ਵਾਸਤੇ, ਫਰਟੀਲਾਈਜ਼ਰ ਵਾਸਤੇ, ਇਨਸੈਕਟੀਸਾਈਜ਼ਡ ਅਤੇ ਪੈਸਟੀਸਾਈਜ਼ਡ ਵਾਸਤੇ , ਡੀਜ਼ਲ ਵਾਸਤੇ , ਕੈਸ਼ ਕਰਾਪ ਦੇਣ ਵਾਸਤੇ ਭਾਵ ਹਰ ਤਰੀਕੇ ਨਾਲ ਕਿਸਾਨਾਂ ਦੀ ਮਦਦ ਕਰਦਾ ਹੈ । ਇਸ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਬੜੇ ਲੰਮੇ ਸਮੇਂ ਤੋਂ ਕੋ-ਆਪਰੇਟਿਵ ਸੈਕਟਰ ਵਿੱਚ ਜਿਹੜਾ 14% ਰੇਟ ਆਫ ਇੰਟਰੈਸਟ ਹੋਇਆ ਕਰਦਾ ਸੀ ਅਤੇ ਬਹੁਤ ਸਾਰੇ ਕੇਸਾਂ

[ਸਹਿਕਾਰਤਾ ਅਤੇ ਬਾਗਬਾਨੀ ਮੰਤਰੀ]

ਵਿੱਚ 17 ਤੋਂ 18% ਤੱਕ ਹੀ ਹੁੰਦਾ ਸੀ, ਉਸ ਨੂੰ ਘਟਾ ਕੇ 11% ਤੇ ਲਿਆਂਦਾ ਹੈ। ਇਸ ਨਾਲ ਕਿਸਾਨਾਂ ਨੂੰ ਬੜੀ ਵੱਡੀ ਸਹੂਲਤ ਮਿਲ ਸਕੇਗੀ । ਇਸ ਦੇ ਢੰਗ ਨੂੰ ਵੀ ਅਸੀਂ ਸਰਲ ਕਰ ਰਹੇ ਹਾਂ। ਕਿਸਾਨਾਂ ਦੀ ਤਰੱਕੀ ਵਾਸਤੇ ਉਨ੍ਹਾਂ ਲਈ ਕੈਸ਼ / ਕਰੈਡਿਟ ਕਾਰਡ ਬਣਾਏ ਗਏ ਹਨ। ਉਨ੍ਹਾਂ ਦੀਆਂ ਲਿਮਿਟਸ ਵਧਾਈਆਂ ਗਈਆਂ ਅਤੇ ਉਨ੍ਹਾਂ ਦੀ ਜ਼ਮੀਨ ਦੀ ਹੋਲਡਿੰਗਜ਼ ਤੇ ਲਿਮਿਟਸ ਐਨਹਾਂਸ ਕੀਤੀ ਗਈ ਹੈ। ਗੌਰਮਿੰਟ ਆਫ ਇੰਡੀਆ ਨੇ ਇਸ ਸਾਲ ਬਜਟ ਵਿੱਚ ਫੈਸਲਾ ਕੀਤਾ ਸੀ ਕਿ ਕਰੈਡਿਟ ਲਿਮਿਟਸ ਨੂੰ ਡਬਲ ਕਰ ਦਿੱਤਾ ਜਾਵੇ, ਪੰਜਾਬ ਸਰਕਾਰ ਨੇ ਉਸ ਨੂੰ ਫਾਲੋ ਕਰਦੇ ਹੋਏ 30% ਐਨਹਾਂਸ ਕਰ ਦਿੱਤੀ ਹੈ ਅਤੇ ਅਗਲੇ ਆਉਣ ਵਾਲੇ ਦੋ ਸਾਲਾਂ ਵਿੱਚ 30-30% ਐਨਹਾਂਸ ਕਰਕੇ ਇਹ ਡਬਲ ਹੋ ਜਾਣੀਆਂ ਹਨ। ਇਸੇ ਤਰ੍ਹਾਂ ਪੰਜਾਬ ਦੇ ਅੰਦਰ ਹੋਰ ਵੀ ਅਜਿਹੀਆਂ ਸਕੀਮਾਂ ਚਲਾਈਆਂ ਗਈਆਂ ਹਨ। ਜਿਹੜੇ ਸਾਡੇ ਬੇਰੋਜ਼ਗਾਰ ਗਰੈਜੂਏਟਸ ਹਨ ਜਿਨ੍ਹਾਂ ਨੂੰ ਨੌਕਰੀ ਨਹੀਂ ਮਿਲ ਰਹੀ ਉਨ੍ਹਾਂ ਦੇ ਲਈ ਐਗਰੋ ਕਲੀਨਿਕ ਸਕੀਮ ਸ਼ੁਰੂ ਕੀਤੀ ਗਈ ਹੈ ਜਿਸ ਤੇ ਇੱਕ ਪਰਸੈਂਟ ਇੰਟਰੈਸਟ ਦੂਜੀਆਂ ਨਾਲੋਂ ਘੱਟ ਲਿਆ ਜਾਵੇਗਾ ਭਾਵ ਜੇ ਦੂਜੀਆਂ ਸਕੀਮਾਂ ਤੇ 11% ਹੈ ਤਾਂ ਉਨ੍ਹਾਂ ਤੋਂ 10% ਚਾਰਜ ਕੀਤਾ ਜਾਵੇਗਾ। ਇਸ ਸਬੰਧ ਵਿੱਚ ਸਾਡੇ ਮਾਨਯੋਗ ਵਿੱਤ ਮੰਤਰੀ ਜੀ ਨੇ ਕਿਹਾ ਕਿ ਇਸ ਸਾਲ ਦੇ ਵਿੱਚ ਉਪਰਾਲੇ ਕੀਤੇ ਜਾਣਗੇ ਕਿ ਕਿਸਾਨਾਂ ਦੀ ਮਦਦ ਦੇ ਵਾਸਤੇ ਹੋਰ ਰੇਟ ਆਫ ਇੰਟਰੈਸਟ ਘਟਾਇਆ ਜਾਵੇ। ਸਾਡੀ ਇਹ ਕੋਸ਼ਿਸ਼ ਰਹੇਗੀ ਅਤੇ ਮੈਂ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਇਸ ਸਾਲ ਦੇ ਅੰਦਰ ਅੰਦਰ ਅਸੀਂ 11% ਤੋਂ ਘਟਾ ਕੇ ਕੋ-ਆਪਰੇਟਿਵ ਲੋਨ ਲਈ 10% ਇੰਟਰੈਸਟ ਕਰਿਆ ਜਾਵੇਗਾ। ਪੰਜਾਬ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਹਰ ਤਰੀਕੇ ਨਾਲ ਕਿਸਾਨਾਂ ਨੂੰ ਸਹੂਲਤ ਦਿੱਤੀ ਜਾਵੇ ਜਿਸ ਤਰ੍ਹਾਂ ਪਿਛਲੇ ਤਿੰਨ ਸਾਲਾਂ ਵਿੱਚ ਝੋਨੇ ਵਾਸਤੇ ਅਸੀਂ 500 ਕਰੋੜ ਰੁਪਏ ਦੀ ਬਿਜਲੀ ਦੂਜੇ ਸੂਬਿਆਂ ਤੋਂ ਲੈ ਕੇ ਦਿੱਤੀ ਹੈ। ਇਸ ਸਾਲ ਵੀ ਬਜਟ ਵਿੱਚ ਪ੍ਰੋਵੀਜ਼ਨ ਕੀਤੀ ਗਈ ਹੈ। ਇਸ ਸਾਲ ਸਾਡੇ ਵਿੱਤ ਮੰਤਰੀ ਜੀ ਨੇ ਕਿਹਾ ਕਿ ਜੇਕਰ ਬਾਰਿਸ਼ ਚੰਗੀ ਹੋ ਗਈ ਫਿਰ ਤਾਂ ਲੋੜ ਨਹੀਂ ਪਵੇਗੀ। ਪਿਛਲੇ ਸਾਲ ਬਾਰਸ਼ ਘੱਟ ਹੋਈ ਸੀ, ਇਸ ਸਾਲ ਵੀ ਇਸ ਮੰਤਵ ਲਈ 2400 ਕਰੋੜ ਰੁਪਏ ਦੀ ਬਜਟ ਵਿੱਚ ਪ੍ਰੋਵੀਜ਼ਨ ਕੀਤੀ ਗਈ ਤਾਂ ਕਿ ਪੰਜਾਬ ਸਰਕਾਰ ਦੂਜੇ ਸੂਬਿਆਂ ਤੋਂ ਬਿਜਲੀ ਖਰੀਦ ਕੇ ਆਪਣੇ ਕਿਸਾਨਾਂ ਨੂੰ ਦੇ ਸਕੇ। ਸਪੀਕਰ ਸਾਹਿਬ, ਇਸੇ ਤਰੀਕੇ ਨਾਲ ਇਹ ਵੀ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਜਿਹੜੇ ਸਾਡੇ ਫਾਰਮਰਜ਼ ਹਨ ਅਤੇ ਕਰਜ਼ੇ ਦੀਆਂ ਕਿਸ਼ਤਾਂ ਸਮੇਂ ਸਿਰ ਦੇਣ ਦੇ ਹੈਬਿਚੂਅਲ ਹਨ ਉਨ੍ਹਾਂ ਦੀ ਅਖੀਰਲੀ ਕਿਸ਼ਤ ਵਿੱਚ ਅੱਧਾ ਪ੍ਰਤੀਸ਼ਤ ਘੱਟ ਇੰਟਰੈਸਟ ਚਾਰਜ਼ ਕੀਤਾ ਜਾਵੇਗਾ ਪਰ ਇਹ ਅਖੀਰਲੀ ਕਿਸ਼ਤ ਵਿੱਚੋਂ ਕੱਟਿਆ ਜਾਵੇਗਾ ।

ਕਿਸਾਨਾਂ ਦੀ ਸਹੂਲਤ ਦੇ ਵਾਸਤੇ ਅਜਿਹੇ ਹੋਰ ਵੀ ਬਹੁਤ ਸਾਰੇ ਪ੍ਰਬੰਧ ਕੋਅਪਰੇਟਿਵ ਸੈਕਟਰ ਵਿੱਚ ਕੀੜੇ ਗਏ ਹਨ। ਸਪੀਕਰ ਸਾਹਿਬ, ਪੰਜਾਬ ਵਿੱਚ ਤਕਰੀਬਨ 12,500 ਪਿੰਡ ਹਨ। ਜਦੋਂ ਜਦੋਂ ਵੀ ਕਾਂਗਰਸ ਦੀ ਸਰਕਾਰ ਆਈ ਹੈ, ਪੰਜਾਬ ਦੇ ਅੰਦਰ ਪਿੰਡਾਂ ਵਿੱਚ ਸੁਧਾਰ ਕਰਨ ਦੀ ਕਾਫੀ ਕੋਸ਼ਿਸ਼ ਕੀਤੀ ਗਈ ਹੈ, ਡਿਵੈਲਪਮੈਂਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਬੜੀ ਪਲੈਨਡ ਡਿਵੈਲਪਮੈਂਟ ਕੀਤੀ ਗਈ ਹੈ, ਉਨੱਤ ਗਰਾਮ ਪਿੰਡ ਬਣਾਏ ਗਏ, ਹੋਰ ਕਾਫੀ ਪੈਸਾ ਦਿੱਤਾ ਗਿਆ ਹੈ। ਪਰ ਹੁਣ ਮਹਿਸੂਸ ਕੀਤਾ ਗਿਆ ਹੈ ਕਿ ਪਿੰਡਾਂ ਵਿੱਚ ਇੰਨਾ ਪੈਸਾ ਦੇਣ ਦੇ ਬਾਵਜੂਦ ਵੀ ਉਨ੍ਹਾਂ ਦੀ ਡਿਵੈਲਪਮੈਂਟ ਨਹੀਂ ਹੋ ਰਹੀ, ਜਿੰਨੀ ਕਿ ਹੋਣੀ ਚਾਹੀਦੀ ਹੈ। ਇਸ ਸਾਲ ਬਜਟ ਵਿੱਚ ਪ੍ਰੋਵੀਜ਼ਨ ਰੱਖੀ ਗਈ ਹੈ ਕਿ 800 ਕਰੋੜ ਰੁਪਏ ਪਿੰਡਾਂ ਨੂੰ ਮਾਡਰਨ ਵਿਲੇਜ ਬਣਾਉਣ ਲਈ ਦਿੱਤੇ ਜਾਣ, ਜਿਸਦੇ ਨਾਲ ਪਿੰਡਾਂ ਵਿੱਚ ਸੀਵਰੇਜ਼ ਦੀ ਪ੍ਰੋਵੀਜ਼ਨ ਹੋਵੇਗੀ, ਪਿੰਡਾਂ ਵਿੱਚ ਪੂਰਾ ਇਨਫਰਾਸਟਰਕਚਰ ਪ੍ਰੋਵਾਈਡ ਕੀਤਾ ਜਾਵੇਗਾ। ਮੈਂ ਸਮਝਦਾ ਹਾਂ ਕਿ 800 ਕਰੋੜ ਰੁਪਏ ਨਾਲ 2,000 ਪਿੰਡ ਐਸੇ ਹੋਣਗੇ ਜਿੱਥੇ 40-40 ਲੱਖ ਰੁਪਏ ਲਗਾ ਕੇ ਪਿੰਡਾਂ ਨੂੰ ਮਾਡਰਨ ਬਣਾਇਆ ਜਾਵੇਗਾ। ਇਹ ਮਹਿਸੂਸ ਕੀਤਾ ਗਿਆ ਹੈ ਅਤੇ ਦੂਸਰੇ ਸੂਬਿਆਂ ਵਿੱਚ ਵੀ ਦੇਖਿਆ ਹੈ ਕਿ ਪਿੰਡਾਂ ਦੀ ਡਿਵੈਲਪਮੈਂਟ ਤਾਂ ਹੀ ਹੋ ਸਕਦੀ ਹੈ ਜੇਕਰ ਲੋਕ ਆਪਣੇ ਪਿੰਡ ਦੀ ਡਿਵੈਲਪਮੈਂਟ ਵੱਲ ਧਿਆਨ ਦੇਣ ਪਰੰਤੂ ਜੇ ਇਕੱਲੀ ਸਰਕਾਰ ਹੀ ਪੈਸੇ ਲਗਾਈ ਜਾਵੇ ਤਾਂ ਫਿਰ ਇੰਨਾ ਧਿਆਨ ਲੋਕ ਪਿੰਡ ਦੀ ਡਿਵੈਲਪਮੈਂਟ ਕਰਨ ਲਈ ਨਹੀਂ ਦਿੰਦੇ। ਇਸ ਲਈ ਇਹ ਮਹਿਸੂਸ ਕੀਤਾ ਗਿਆ ਹੈ ਕਿ ਪਿੰਡਾਂ ਦੇ ਲੋਕਾਂ ਦੀ ਪਾਰਟੀਸੀਪੇਸ਼ਨ ਵੀ ਸਰਕਾਰ ਦੇ ਨਾਲ ਹੋਣੀ ਚਾਹੀਦੀ ਹੈ। ਸੋ, ਇਹ ਫੈਸਲਾ ਪੰਜਾਬ ਸਰਕਾਰ ਨੇ ਕੀਤਾ ਹੈ ਕਿ 10% ਪੈਸਾ ਪਿੰਡ ਦੇ ਲੋਕ ਕੰਟਰੀਬਿਊਟ ਕਰਨ ਅਤੇ 90% ਪੈਸਾ ਪੰਜਾਬ ਸਰਕਾਰ ਕੰਟਰੀਬਿਊਟ ਕਰੇਗੀ। ਜਿੱਥੇ 40-40 ਲੱਖ ਰੁਪਏ ਪਿੰਡਾਂ ਵਿਚ ਖ਼ਰਚ ਹੋਣੇ ਹਨ, ਮੈਂ ਸਮਝਦਾ ਹਾਂ ਕਿ ਪਿੰਡਾਂ ਦੀ ਇੱਕੂ ਨੁਹਾਰ ਬਦਲ ਜਾਵੇਗੀ। ਇਕ ਪਿੰਡ ਵਿੱਚ ਜਿੱਥੇ 40 ਲੱਖ ਰੁਪਏ ਲਗਣੇ ਹਨ ਜਿਥੇ 10% ਪਿੰਡਾਂ ਵਲੋਂ ਕੰਟਰੀਬਿਊਟ ਕੀਤਾ ਗਿਆ ਹੋਵੇਗਾ। ਉਥੇ ਇੱਕ ਇੱਕ ਬੱਚਾ ਪਿੰਡਾਂ ਦੀ ਡਿਵੈਲਪਮੈਂਟ ਲਈ, ਪੰਜਾਬ ਦੇ ਇੱਕ ਇੱਕ ਪੈਸੇ ਦੀ ਸਹੀ ਵਰਤੋਂ ਕਰਨ ਵਿੱਚ ਯੋਗਦਾਨ ਪਾਵੇਗਾ। ਮੈਂ ਸਮਝਦਾ ਹਾਂ ਕਿ ਇਸ ਨਾਲ ਪਿੰਡ ਵਧੀਆ ਤੋਂ ਵਧੀਆ ਬਣਨਗੇ, ਜਿਸ ਨਾਲ ਪਿੰਡਾਂ ਦੀ ਨੁਹਾਰ ਬਦਲੇਗੀ। ਤੁਸੀਂ ਦੇਖੋਗੇ ਕਿ ਸਾਲ-ਦੋ ਸਾਲ ਵਿੱਚ ਅਜਿਹੇ ਪਿੰਡ ਬਣ ਜਾਣਗੇ.. ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ** **

**Expunged as ordered by the Chair.

**ਮਾਨਯੋਗ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਰੰਧਾਵਾ ਜੀ, ਤੁਸੀਂ ਕਿੰਨਾ ਸਮਾਂ ਹੋਰ ਲਵੋਗੇ ?

**ਸਹਿਕਾਰਤਾ ਅਤੇ ਬਾਗਬਾਨੀ ਮੰਤਰੀ** : ਪੰਜ ਮਿੰਟ ਹੋਰ ਲਵਾਂਗਾ । ਮੈਂ ਬੇਨਤੀ ਕਰ ਰਿਹਾ ਸੀ ਕਿ ਜਿੱਥੇ ਪਿੰਡਾਂ ਤੇ ਸ਼ਹਿਰਾਂ ਦੀ ਇੱਕ ਪਲਾਨਡ ਤਰੀਕੇ ਨਾਲ ਪੰਜਾਬ ਸਰਕਾਰ ਨੇ ਡਿਵੈਲਪਮੈਂਟ ਕਰਨ ਦਾ ਉਪਰਾਲਾ ਕੀਤਾ ਹੈ ਉਥੇ ਅਸੀਂ ਪਿੰਡਾਂ ਵਿੱਚ ਮਹਿਸੂਸ ਕੀਤਾ ਹੈ ਕਿ ਓਲਡ ਏਜ਼ ਪੈਨਸ਼ਨਾਂ ਪਿਛਲੀ ਸਰਕਾਰ ਸਮੇਂ ਸਿਰਫ ਵੋਟਾਂ ਲੈਣ ਦੀ ਖਾਤਰ ਬਣਾਈਆਂ ਗਈਆਂ ਸਨ। ਮੇਰੇ ਤੋਂ ਪਹਿਲਾਂ ਵੀ ਮੈਂਬਰ ਸਾਹਿਬਾਨ ਨੇ ਇਸ ਦਾ ਜ਼ਿਕਰ ਕੀਤਾ ਹੈ। ਅਸੀਂ ਵੀ ਪਿੰਡਾਂ ਦੇ ਰਹਿਣ ਵਾਲੇ ਹਾਂ। ਪਿੰਡਾਂ ਦੀ ਨੁਮਾਇੰਦਗੀ ਕਰਦੇ ਹਾਂ। 14-14 ਸਾਲਾਂ ਦੀਆਂ ਲੜਕੀਆਂ ਨੂੰ ਕਾਗਜ਼ਾਂ ਵਿੱਚ ਵਿਡੋ ਦਿਖਾ ਕੇ ਉਨ੍ਹਾਂ ਦੀ ਪੈਨਸ਼ਨ ਲਗਾ ਦਿੱਤੀ ਜਾਂਦੀ ਰਹੀ ਹੈ। 30-40 ਏਕੜ ਦੇ ਮਾਲਕ ਜ਼ਿਮੀਂਦਾਰਾਂ, ਖਾਂਦੇ-ਪੀਂਦੇ ਪਰਿਵਾਰਾਂ ਦੀ ਸਿਰਫ ਵੋਟਾਂ ਲੈਣ ਲਈ ਪੈਨਸ਼ਨ ਲਗਾ ਦਿੱਤੀ ਜਾਂਦੀ ਰਹੀ ਹੈ। ਇਨ੍ਹਾਂ ਨੇ ਸਿਰਫ ਵੋਟਾਂ ਲੈਣ ਲਈ ਪੈਨਸ਼ਨਾਂ ਲਗਾਈਆਂ। ਇਹ ਸਿਸਟਮ ਹੁਣ ਅਸੀਂ ਠੀਕ ਕਰਕੇ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਜੀ ਨੇ ਇਹ ਸਿਸਟਮ ਠੀਕ ਕੀਤਾ ਹੈ। ਇਸ ਸਿਸਟਮ ਅਨੁਸਾਰ ਹੁਣ ਪਿੰਡਾਂ ਵਿੱਚ ਇਜਲਾਸ ਆਮ ਹੋਇਆ ਕਰੇਗਾ, ਜਿਸ ਨੂੰ ਇਕੱਠ ਕਹਿੰਦੇ ਹਨ। ਉਸ ਇਜਲਾਸ ਵਿੱਚ ਆਮ ਪਰਪੋਜ਼ਲਾਂ ਰੱਖੀਆਂ ਜਾਣਗੀਆਂ। ਸਰਕਾਰ ਦੀਆਂ ਗਾਈਡ-ਲਾਈਨਜ਼ ਦੱਸੀਆਂ ਜਾਣਗੀਆਂ ਤੇ ਫਿਰ ਉਸ ਮੁਤਾਬਕ ਪੈਨਸ਼ਨਾਂ ਲੱਗਣੀਆਂ। ਹੁਣ ਪਿੰਡਾਂ ਵਿੱਚ ਪਾਰਟੀ ਦੇ ਆਧਾਰ ਤੇ ਕਿਸੇ ਨਾਲ ਡਿਸਕ੍ਰਿਮੀਨੇਸ਼ਨ ਨਹੀਂ ਹੋਵੇਗੀ। ਇਸ ਤੋਂ ਵੱਧ ਟਰਾਂਸਪੇਰੈਂਸੀ ਨਹੀਂ ਹੋ ਸਕਦੀ। ਅਸੀਂ ਇਸ ਤਰ੍ਹਾਂ ਮਹਿਸੂਸ ਕਰਦੇ ਸੀ ਕਿ ਪਿਛਲੇ ਸਮੇਂ ਵਿੱਚ ਪੰਜਾਬ ਦੀ ਵਿਵਸਥਾ ਠੀਕ ਨਹੀਂ ਸੀ। ਪਿਛਲੀ ਸਰਕਾਰ ਦੀ ਪਲਾਨਿੰਗ ਠੀਕ ਨਾ ਹੋਣ ਕਾਰਨ ਪਿੰਡਾਂ ਵਿੱਚ ਜਾਂ ਸ਼ਹਿਰਾਂ ਵਿੱਚ ਪੈਨਸ਼ਨਾਂ ਸਮੇਂ ਸਿਰ ਨਹੀਂ ਸਨ ਪਹੁੰਚਦੀਆਂ, ਪਰ ਮੈਂ, ਕੈਪਟਨ ਅਮਰਿੰਦਰ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਪੈਨਸ਼ਨਾਂ ਵਾਸਤੇ ਡੈਡੀਕੇਟਿਡ ਫੰਡ ਕਾਇਮ ਕਰਕੇ ਦਿੱਤਾ ਹੈ। ਜੋ ਇਹ ਤਿੰਨ ਪਰਸੈਂਟ ਅਸ਼ਟਾਮ ਡਿਊਟੀ ਵਧਾਈ ਗਈ ਹੈ ਜੋ ਸੈਸ ਲਗਾਇਆ ਹੈ, ਬਿਜਲੀ ਤੇ, ਇਸ ਨਾਲ 450 ਕਰੋੜ ਰੁਪਏ ਦਾ ਸਾਲਾਨਾ ਇਜ਼ਾਫਾ ਹੋਵੇਗਾ। ਇਹ ਪੈਸਾ ਸਰਕਾਰੀ ਖਜ਼ਾਨੇ ਵਿੱਚ ਨਹੀਂ ਜਾਵੇਗਾ ਬਲਕਿ ਸਿੱਧਾ ਜ਼ਿਲ੍ਹਾ ਪ੍ਰੀਸ਼ਦਾਂ ਕੋਲ ਪਹੁੰਚੇਗਾ ਤਾਂ ਕਿ ਪਿੰਡਾਂ ਵਿੱਚ ਵੀਕਰ ਸੈਕਸ਼ਨਾਂ ਨੂੰ, ਬਜ਼ੁਰਗਾਂ ਨੂੰ , ਬੇਸਹਾਰਾ ਕਿਸਾਨਾਂ ਜਾਂ ਵਿਧਵਾ ਭੈਣਾਂ ਨੂੰ ਜਾਂ ਆਸ਼ੀਰਵਾਦ ਸਕੀਮ ਰਾਹੀਂ ਹਰ ਮਹੀਨੇ ਦੇ ਪਹਿਲੇ ਹਫਤੇ ਵਿੱਚ ਰੈਗੂਲਰ ਪੈਨਸ਼ਨਾਂ ਮਿਲ ਸਕਣ। ਇਹ ਬਹੁਤ ਵੱਡਾ ਫੂਲ-ਪਰੂਫ ਕੰਮ ਹੈ ।

ਇਸ ਨਾਲ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਤਕਲੀਫ ਨਹੀਂ ਹੋਵੇਗੀ। ਸੋ, ਸਪੀਕਰ ਸਾਹਿਬ, ਗੱਲਾਂ ਤਾਂ ਹੋਰ ਵੀ ਕਈ ਬਹੁਤ ਹਨ ਪਰ ਮਾਨਯੋਗ ਮੈਂਬਰਾਂ ਨੇ ਬੋਲਣਾ ਹੈ। ਇਸ ਲਈ, ਸਪੀਕਰ ਸਾਹਿਬ, ਅਖੀਰ ਵਿੱਚ ਮੈ ਇਹ ਜੋ ਬਜਟ ਪਰਪੋਜ਼ਲਾਂ ਰੱਖੀਆਂ ਗਈਆਂ ਹਨ, ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਰੱਖੀਆਂ ਹਨ , ਇਸ ਦੀ ਪੁਰਜ਼ੋਰ ਸਰਾਹਣਾ ਕਰਦਾ ਹਾਂ ਔਰ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਯੂਨਾਨੀਮਸਲੀ ਪਾਸ ਕਰ ਦਿੱਤਾ ਜਾਵੇ। ਧੰਨਵਾਦ। (ਥੰਪਿੰਗ)

-----------

## PRESENTATION OF SECOND REPORT OF THE BUSINESS ADVISORY COMMITTEE

**Mr. Speaker :** I present to the House the Second Report of the Business Advisory Committee which is as under:

After some consideration, the Committee recommended that the sitting fixed for Tuesday, the 29th March, 2005 be converted into a non-stop sitting with a Lunch Break from 1.30 to 2.30 P.M. as given below :-

| | |
|---|---|
| Tuesday, the 29th March, 2005 | 10.00 A.M. |
| | 1) Resumption of discussion on Budget Estimates for the year 2005-06 |
| | (To be concluded) |
| | 2.30 P.M. |
| | 2) Consideration and passing of the Punjab Value Added Tax Bill, 2005. |

However, the Committee decided that the remaining programme shall remain unchanged.

If any rule /rules of the Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that those rule/rules shall stand suspended to that extent.

**Mr. Speaker :** Minister to move the motion.

**Minister for Local Government, Parliamentary Affairs, Labour & Employment and Elections** (Chaudhary Jagjit Singh) : Sir I beg to move -

That this House agrees with the recommendations contained in the Second Report of the Business Advisory Committee.

**Mr. Speaker :** Motion moved -

That this House agrees with the recommendations contained in the Second Report of the Business Advisory Committee.

**Mr. Speaker :** Question is -

That this House agrees with the recommendations contained in the Second Report of the Business Advisory Committee.

*The motion was carried unanimously.*

Now, Sunil Jakhar Ji.

---

## GENERAL DISCUSSION ON THE BUDGET ESTIMATES FOR THE YEAR 2005-2006 (*Resumption*)

**संसदीय सचिव, सिंचाई व बागबानी** (श्री सुनील जाखड़) : आनरेबल स्पीकर साहिब, मैं आप का तह दिल से शुक्रिया अदा करता हूं कि आप ने मुझे इस अजीम सदन में बजट के ऊपर अपने विचार रखने का मौका दिया है। स्पीकर साहिब, ये सदन और ये पंजाब की जनता अच्छी तरह वाकिफ है कि किन फाईनांशल कंसट्रेंटस में से हमारी सरकार गुजर रही है, और मैं दुहराने के लिए बात नहीं कर रहा क्योंकि हमारे पंजाब की जो आर्थिक स्थिति है, जिस काले जमाने में से हम गुज़रे हैं, जिस किस्म की फाईनांशयल मिसमैनेजमैंट हमारे यहां हुई है, उससे हम वाकिफ हैं। हमारी इकानमी आज भी ऐगरेरीयन बेसड है, आज भी किसानों के ऊपर निर्भर है जब के हम २१ वीं सदी में कदम रख रहे हैं और आज भी इस पंजाब को डिवलैपड नेशन बनाने की उमीदें कर रहे हैं। आज मैं हमारे आपोजीशन के साथियों की इस बात के लिए ताईद करना

चाहूंगा कि आज ये साथी जरूरत से ज्यादा मूसतैद थे, जिन्होंने २० दफा उठकर पवांइट आफ आडर मांगा। मैं इस बात के लिए इन्हें बधाई देनी चाहता हूं कि इस किस्म से उन्होने आंखें खोली हैं और पंजाब की इकानमी के 'ऊपर' बड़ी गहरी नज़र रखी हुई है। मैं अपने आनरेबल मुख्य मंत्री साहिब को और हमारे आनरेबल फाईनांस मनिस्टर साहिब को ये बात कहना चाहता हूं कि हमारी पंजाब की जनता ऐग्रीकलचर पर बेसड है। मैं उसी किसानी की बात कहना चाहता हूं कि किसानी के ऊपर न सिर्फ पंजाब की इकानमी, पंजाब का किसान बल्कि हिन्दुस्तान के हर आदमी के पेट का सवाल है और वही किसान इस बात से आज बड़ी बुरी तरह विचलित है। स्पीकर साहिब, ये आज जो पैटरोल और डीज़ल के ऊपर सैस लगाया गया है? जो भी भगवान का प्रकोप हाथी से लेकर कीड़ी तक गिरता है तो यह सबसे पहले ये किसान के ऊपर गिरता है और उसकी इकानमी की दशा सुधारने के लिए जो किसानों के ऊपर यह बोझ डाला गया है। स्पीकर साहिब, मैं माननीय चीफ मनिस्टर साहिब और फाईनांस मनिस्टर साहिब से दरखासत करता हूं कि इस चीज़ को रिवियू किया जाये क्योंकि आज पंजाब का चाहे कोई भी किसान है, चाहे वह फिरोज़पुर का है और चाहे बाकी किसी हिस्से से पंजाब से सम्बन्ध रखता है। उसको कभी सोंके की हालात पैदा हो जाती है और कभी बरसात की दिक्कत का सामना करना पड़ता है। पहले तो कहा करते थे कि किसान को उस दिन तक भरोसा नहीं है जब तक उसकी फसल घर में नहीं आ जाती आज हालात यह बने हुए हैं कि पंजाब की इकानमी की जिस में हमारे ट्रेडरज़ और किसान एक ही हब्ब पर सकोप लगे हुए हैं, उसमें किसान भी हैं ट्रेडरज़ भी हैं। आज किसान को यह भरोसा भी नहीं है कि उसकी फसल कटकर उसके घर में आ जाये अगर फसल बिक भी गई तो जो हमारे आढ़ती या ट्रेडर बैठा है उसने दिवालिया घोषित कर दिया, तब भी किसान का पैसा मर रहा है। किसान की जो फाईनांईशीयल कंडीशन है वह हमारे पंजाब की इस खोखली अर्थ व्यवस्था को दरसाती है। इस अर्थ

[संसदीय सचिव, सिंचाई व बागबानी]

व्यवस्था को हमारे सामने बैठे साथी, विरोधी पार्टी के कारण बजट को क्रिटीसाइज करते हैं इस बात का अफसोस है। आज वह इस बात के लिए जागरूक हैं। परन्तु आज इस बात के लिए निंदा कर रहे हैं इस बात को बिना समझें सोचे कि इस बात के लिए जिम्मेदार कौन हैं। आज हमारी इकानमी में प्राब्लम क्या है, आज पंजाब इस कंगाली की कगार पर क्यों खड़ा हुआ है। आज यहां साथी बात करते करते कह रहे थे और उनकी आंखों पर एक ही चशमा चढ़ा हुआ है, आज सभी साथियों को एक्साईज पालिसी नजर आ रही है क्योंकि दस दिन पहले इसकी आकशन हुई है और आज वह इसको हरियाणा के साथ कंपेयर करने की बात कर रहे हैं। आज शरमिंदगी इस बात की है कि हरियाणा आज हमारे से ऊपर निकलता जा रहा है, किस बात से निकलता जा रहा है । वह यह है कि जो हमारी आर्थिक स्थिति बनी हुई है जिस के लिए हम उनकी और देख रहे हैं। अगर इस बात के बारे में हम सदन में डिसक्शन नहीं करेंगे तो जो हम बजट पर डिसक्शन कर रहे हैं वह बेमायने रखती है।

मेरे काबिल दोस्त सरदार मनप्रीत सिंह बादल बोल रहे थे तो मैं बड़े ध्यान से सुन रहा था तो उन्होंने तीन बार उठकर इस बात को दोहराया कि हमारी डिबेट का मियार बढ़ना चाहिये । इसके लिए ताली दोनों हाथों से बजती है, एक हाथ से नहीं बजती है। सरदार साधू सिंह जब बोल रहे थे तो उनको भी कई बार रोका गया। यह देखना होगा कि आज कोई फिगरज़ गलत होती हैं तो मैं काबिल साथियों को यह कहना चाहता हूं कि आज देखने की बात है कि हमारी इकानमी की डायरैक्शन कहां जा रही है। जो बजट पेश किया गया है उसकी डायरैक्शन क्या है। क्या वह आज हमारी इकानमी को दुबारा पट्री पर ले जाने के लिए उस में कोई काम किया जा रहा है, किस बात के लिए हमें पंजाब को अच्छे प्रान्त में बदल सकते है? किस तरह से आज पंजाबी होने की बात पर गर्भ कर सकते हैं। पंजाब के ऊपर सारे हिन्दुस्तान को मान हो सकता है । इसलिए मैं कैप्टन अमरिंदर सिंह जी को बधाई देना चाहता हूं

और सिंगला साहिब को, कि उन्होंने इन सारी बातों को मद्देनज़र रखते हुए जो एक प्रोगरैसिइव, सारे पंजाब के हर वर्ग को, चाहे वह शहरी इलाके है, चाहे वह हमारे ग्रामीण इलाके हों, चाहे हमारे किसान साथी हैं, चाहे हमारे मजदूर भाई हैं चाहे वह हमारे हरिजन साथी हैं, हमारे विधवा और चाहे हमारे गरीबी रेखा से नीचे रहने वाले साथी हैं उनके बारे में हर बात को इन्होंने इस बजट में कुछ न कुछ पेश किया है। स्पीकर साहिब, मैं कुछ बातें आपके सामने और रखना चाहता हूं। स्पीकर साहिब, आज हमारे प्रान्त की जो इकानमी है उसकी दशा देखते हुए यह बात समझ में आती है कि ...

**Mr. Speaker :** Hon'ble Member, Shri Sunil Jakhar is on his legs. The House stands adjourned till 10.00 A.M. on Tuesday, the 29th March, 2005.

*6.30 P.M. (The Sabha *then adjourned till 10.00 A.M. on Tuesday, the 29th March, 2005.)

--------------

3495--18-4-2006--305 ਕਾਪੀਆਂ--ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Published under the authority of the Punjab Vidhan Sabha and printed by the Controller, Printing and Stationery, Punjab, at Pb. Govt. Press, Patiala.

# PUNJAB VIDHAN SABHA

## DEBATES

*Tuesday, the 29th March, 2005*

Vol. IX - No. 6

OFFICIAL REPORT

CONTENTS




**Punjab Vidhan Sabha Secretariat, Chandigarh.**

**Price : Rs. ...210-00...**

ਕਿ
ਟੈ
ਕੀ

ਵਿ
ਜਿ
ਹ

ਕਿ
ਨੂੰ

ਅ
ਸ
ਟੈ
ਦ
ਨ

# PUNJAB VIDHAN SABHA

*Tuesday, the 29th March, 2005*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ: 1133

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ)

---

### ਸਕੂਲਾਂ ਵਿੱਚ ਟੈਲੀਫੋਨ/ਅੱਗ ਬੁਝਾਊ ਯੰਤਰ

*1237. (1) ਕੈਪਟਨ ਬਲਬੀਰ ਸਿੰਘ ਬਾਠ
(2) ਸਰਦਾਰ ਸੋਹਨ ਸਿੰਘ ਠੰਡਲ } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਪਿਛਲੇ ਦੋ ਸਾਲਾਂ ਦੇ ਦੌਰਾਨ ਕਿੰਨੇ ਸਕੂਲਾਂ ਵਿਚ ਟੈਲੀਫੋਨ ਅਤੇ ਅੱਗ ਬੁਝਾਊ ਯੰਤਰ ਮੁਹੱਈਆ ਕੀਤੇ ਗਏ ਹਨ ਅਤੇ ਇਨ੍ਹਾਂ ਤੇ ਕਿੰਨਾ ਖਰਚ ਕੀਤਾ ਗਿਆ ?

**ਸ਼੍ਰੀ ਹਰਨਾਮ ਦਾਸ ਜੌਹਰ** : ਪਿਛਲੇ ਦੋ ਸਾਲਾਂ ਦੌਰਾਨ ਰਾਜ ਦੇ 1306 ਸਕੂਲਾਂ ਵਿਚ ਟੈਲੀਫੋਨ ਅਤੇ 3208 ਸਕੂਲਾਂ ਵਿੱਚ ਅੱਗ ਬੁਝਾਊ ਯੰਤਰ ਮੁਹੱਈਆ ਕੀਤੇ ਗਏ ਹਨ ਜਿਨ੍ਹਾਂ ਤੇ ਕ੍ਰਮਵਾਰ 17,84,636 ਰੁਪਏ ਅਤੇ 47,17,233 ਰੁਪਏ ਖਰਚ ਕੀਤੇ ਗਏ ਹਨ।

**ਕੈਪਟਨ ਬਲਬੀਰ ਸਿੰਘ ਬਾਠ** : ਸਰ, ਮੈਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸਕੂਲਾਂ ਵਿਚ ਪਹਿਲਾਂ ਹੀ ਲੈਂਡ ਲਾਈਨ ਟੈਲੀਫੋਨ ਦਿਤੇ ਹੋਏ ਸਨ ਉਨ੍ਹਾਂ ਸਕੂਲਾਂ ਨੂੰ ਦੁਬਾਰਾ ਟੈਲੀਫੋਨ ਦੇਣ ਦੀ ਕੀ ਲੋੜ ਸੀ ?

**ਮੰਤਰੀ** : ਸਪੀਕਰ ਸਾਹਿਬ, ਦੋ-ਦੋ ਟੈਲੀਫੋਨ ਕਿਸੇ ਵੀ ਸਕੂਲ ਨੂੰ ਨਹੀਂ ਦਿੱਤੇ ਗਏ ਅਤੇ ਦੂਸਰੀ ਗੱਲ ਜਿਸ ਤੇ ਸਰਕਾਰ ਦਾ ਕੋਈ ਖਰਚਾ ਨਹੀਂ ਹੁੰਦਾ, ਜਿਸ ਤੇ ਪੀ.ਟੀ.ਏ. ਜਾਂ ਸਕੂਲ ਦੇ ਫੰਡ ਖਰਚੇ ਜਾਂਦੇ ਹਨ ਉਸ ਵਾਸਤੇ ਸਾਡੇ ਵੱਲੋਂ ਪੂਰੀ ਇਜਾਜ਼ਤ ਹੈ ਕਿ ਜੇ ਕੋਈ ਟੈਲੀਫੋਨ ਲਗਵਾਉਣਾ ਚਾਹੁੰਦਾ ਹੈ ਤਾਂ ਲਗਵਾ ਸਕਦਾ ਹੈ। ਜਿਥੋਂ ਤੱਕ ਫਾਇਰ ਫਾਈਟਿੰਗ ਦਾ ਸਵਾਲ ਹੈ ਉਸ ਲਈ ਡਾਇਰੈਕਸ਼ਨਜ਼ ਦਿੱਤੀਆਂ ਹੋਈਆਂ ਹਨ ਕਿ ਹਰ ਸਕੂਲ ਵਿਚ ਫਾਇਰ ਫਾਈਟਿੰਗ ਦਾ ਇਕਵਿਪਮੈਂਟ ਅਵੇਲੇਬਲ ਹੋਣਾ ਚਾਹੀਦਾ ਹੈ। ਖਾਸ ਕਰਕੇ

[ਸਿੱਖਿਆ ਮੰਤਰੀ]

ਤਾਮਿਲਨਾਡੂ ਦਾ ਮਾਮਲਾ ਵਾਪਰਨ ਕਾਰਨ, ਉਥੇ ਇਤਨਾ ਬੁਰਾ ਐਕਸੀਡੈਂਟ ਹੋਇਆ ਜਿਸ ਕਾਰਨ ਹਰ ਸਕੂਲ ਵਿਚ ਡਾਇਰੈਕਸ਼ਨ ਦਿੱਤੀ ਗਈ ਕਿ ਵਿਦਇਨ ਵਨ ਵੀਕ ਅਗਰ ਹੋਰ ਕੁਝ ਨਹੀਂ ਹੋ ਸਕਦਾ, ਰੇਤ ਦੀਆਂ ਬਾਲਟੀਆਂ ਭਰ ਕੇ, ਪਾਣੀ ਦੀਆਂ ਬਾਲਟੀਆਂ ਭਰ ਕੇ ਰੱਖ ਦਿਓ। ਇਹ ਸਾਰੇ ਸਕੂਲਾਂ ਨੂੰ ਪ੍ਰੋਵਾਈਡਡ ਹਨ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਫੇਰ ਜਾਨਣਾ ਚਾਹੁੰਦਾ ਹਾਂ ਕਿ ਮੇਰੇ ਜ਼ਿਲ੍ਹੇ ਵਿਚ ਬਹੁਤ ਸਾਰੇ ਸਕੂਲਾਂ ਵਿਚ ਪਹਿਲਾਂ ਹੀ ਲੈਂਡ ਲਾਈਨ ਟੈਲੀਫੋਨ ਕੰਮ ਕਰਦੇ ਹਨ ਪਰ ਉਨ੍ਹਾਂ ਨੂੰ ਫੇਰ ਮਜ਼ਬੂਰ ਕੀਤਾ ਗਿਆ ਹੈ ਹੋਰ ਟੈਲੀਫੋਨ ਲਗਵਾਇਆ ਜਾਵੇ। ਇਸ ਸਬੰਧੀ ਬੱਚਿਆਂ ਦੇ ਪੇਰੈਂਟਸ ਤੋਂ 4-4 ਰੁਪਏ ਉਗਰਾਹੇ ਗਏ ਹਨ, ਕੀ ਇਹ ਆਪਣੇ ਆਪ ਵਿਚ ਸਕੈਂਡਲ ਨਹੀਂ ਹੈ, ਘਪਲਾ ਨਹੀਂ ਹੈ ?

**ਮੰਤਰੀ** : ਸਪੀਕਰ ਸਾਹਿਬ, ਅਗਰ ਕੋਈ ਐਸਾ ਮਾਮਲਾ ਐਮ.ਐਲ.ਏ. ਸਾਹਿਬ ਦੀ ਨਜ਼ਰ ਵਿਚ ਆਇਆ ਹੈ ਜਾਂ ਕਿਸੇ ਹੋਰ ਐਮ.ਐਲ.ਏ. ਦੀ ਨਜ਼ਰ ਵਿਚ ਆਇਆ ਹੈ ਤਾਂ ਕ੍ਰਿਪਾ ਕਰਕੇ ਉਹ ਮੈਨੂੰ ਦੱਸਣ। ਮੈਂ ਇਸ ਦੀ ਇਨਕੁਆਇਰੀ ਕਰਵਾ ਕੇ ਇਸ ਤੇ ਐਕਸ਼ਨ ਵੀ ਲਵਾਂਗਾ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਜਵਾਬ ਕਲੀਅਰ ਨਹੀਂ ਆਇਆ। ਮੈਂ ਆਪਣੇ ਜ਼ਿਲ੍ਹੇ ਦੀ ਗੱਲ ਕੀਤੀ ਹੈ ਉਥੇ 140 ਟੈਲੀਫੋਨ ਜਿਨ੍ਹਾਂ ਸਕੂਲਾਂ ਵਿਚ ਪਹਿਲਾਂ ਹੀ ਲੱਗੇ ਹੋਏ ਸਨ ਉਨ੍ਹਾਂ ਨੂੰ 140 ਟੈਲੀਫੋਨ ਹੋਰ ਲਗਵਾਉਣ ਲਈ ਕਿਹਾ ਗਿਆ। ਕੀ ਇਹ ਆਪਣੇ ਆਪ ਵਿਚ ਘਪਲਾ ਨਹੀਂ ਹੈ, ਸਕੈਂਡਲ ਨਹੀਂ ਹੈ। ਕੀ ਇਹ ਇਸ ਦੀ ਇਨਕੁਆਇਰੀ ਕਰਵਾਉਣਗੇ ਅਤੇ ਜ਼ਿੰਮੇਵਾਰ ਅਫ਼ਸਰਾਂ ਜਾਂ ਜਿਸ ਦੀ ਵੀ ਇਨਵਾਲਵਮੈਂਟ ਹੈ ਉਸ ਨੂੰ ਦੋਸ਼ੀ ਠਹਿਰਾਉਣਗੇ ?

**ਮੰਤਰੀ** : ਇਨ੍ਹਾਂ ਦਾ ਸਵਾਲ ਹੈ ਕਿ 140 ਸਕੂਲਾਂ ਵਿਚ ਪਹਿਲਾਂ ਹੀ ਟੈਲੀਫੋਨ ਲੱਗੇ ਹੋਏ ਹਨ ਤੇ ਉਨ੍ਹਾ ਨੂੰ ਦੁਬਾਰਾ ਮਜ਼ਬੂਰ ਕੀਤਾ ਗਿਆ ਕਿ ਟੈਲੀਫੋਨ ਲਗਵਾਓ, ਇਹੀ ਤੁਹਾਡਾ ਸਵਾਲ ਹੈ। ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਸਾਰੇ ਸਕੂਲਾਂ ਦੀ ਮੈਂ ਇਸ ਸਬੰਧ ਵਿੱਚ ਇਨਕੁਆਇਰੀ ਕਰਵਾਵਾਂਗਾ।

---

## ਤਹਿਸੀਲ ਅਜਨਾਲਾ ਵਿਚ ਸੈਕੰਡਰੀ ਸਕੂਲਾਂ ਦੀ ਗਿਣਤੀ

*1252. **ਸਰਦਾਰ ਵੀਰ ਸਿੰਘ ਲੋਪੋਕੇ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(1) ਤਹਿਸੀਲ ਅਜਨਾਲਾ ਵਿਚ ਸਰਕਾਰੀ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਕਿੰਨੇ ਸਕੂਲਾਂ ਵਿਚ ਇਸ ਸਮੇਂ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ;

(2) ਇਸ ਸਮੇਂ ਤਹਿਸੀਲ ਅਜਨਾਲਾ ਵਿਚ ਸਰਕਾਰੀ ਸੈਕੰਡਰੀ ਸਕੂਲ, ਭਿੰਡੀ ਔਲਖ ਵਿਚ ਅਧਿਆਪਕਾਂ ਦੀ ਗਿਣਤੀ ਕਿੰਨੀ ਹੈ ?

**ਸ਼੍ਰੀ ਹਰਨਾਮ ਦਾਸ ਜੌਹਰ** : ਭਿੰਡੀ ਔਲਖ, ਤਹਿਸੀਲ ਅਜਨਾਲਾ ਵਿਖੇ ਸਿਰਫ ਹਾਈ ਸਕੂਲ ਹੈ, ਜਿਥੇ ਇਕ ਅਧਿਆਪਕ ਕੰਮ ਕਰ ਰਿਹਾ ਹੈ।

19 ਗੌਰਮਿੰਟ ਸੈਕੰਡਰੀ ਸਕੂਲ ਅਜਨਾਲਾ ਤਹਿਸੀਲ ਵਿਚ ਹਨ ਅਤੇ ਸੈਂਟ ਪਰਸੈਂਟ ਇਥੇ ਪ੍ਰਿੰਸੀਪਲਾਂ ਦੀਆਂ ਪੋਸਟਾਂ ਖਾਲੀ ਹਨ। ਉਸ ਦਾ ਕਾਰਨ ਇਹ ਹੈ ਕਿ ਕੇਸ ਹਾਈਕੋਰਟ ਵਿਚ ਸੀ, ਜਿਸ ਦਾ ਫੈਸਲਾ ਹੁਣੇ ਹੋਇਆ ਹੈ ਅਤੇ ਉਸ ਦੀ ਕਾਪੀ ਹਾਲੇ ਤੱਕ ਨਹੀਂ ਆਈ। ਕੋਰਟ ਨੇ ਅਨਾਊਂਸ ਕਰ ਦਿੱਤਾ ਕਿ ਤੁਸੀਂ ਭਰਤੀ ਕਰ ਸਕਦੇ ਹੋ।

**Mr. Speaker :** No question ? ਹਾਂ ਜੀ ਸਰਦਾਰ ਤੋਤਾ ਸਿੰਘ ਜੀ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਮੇਰਾ ਕੁਐਸਚਨ ਹੈ, ਤੁਸੀਂ ਮੈਨੂੰ ਸਪਲੀਮੈਂਟਰੀ ਕਰਨ ਦਿਓ।

**ਮਾਨਯੋਗ ਸਪੀਕਰ** : ਤੁਸੀਂ ਉਦੋਂ ਖੜ੍ਹੇ ਨਹੀਂ ਹੋਏ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਜਿਹੜੀ ਇਹ ਰਿੱਟ ਹੋਈ ਹੈ, ਇਸ ਵਿੱਚ ਵੋਕੇਸ਼ਨਲ ਟੀਚਰਾਂ ਦੀ ਪਰਮੋਸ਼ਨ ਦਾ ਸਵਾਲ ਸੀ ਅਤੇ ਹਾਈ ਕੋਰਟ ਨੇ ਪਰਮੋਸ਼ਨ ਚੈਨਲ ਖੋਲ੍ਹ ਦਿੱਤਾ ਹੈ। ਸਰਕਾਰ ਨੇ ਉਥੇ ਕਮਿਟਮੈਂਟ ਦਿੱਤੀ ਹੈ, ਐਡਮਿਟ ਕੀਤਾ ਹੈ ਕਿ ਪਰਮੋਸ਼ਨ ਦੇਵਾਂਗੇ। ਮੰਤਰੀ ਜੀ ਕਹਿ ਰਹੇ ਹਨ ਕਿ ਸਾਡੇ ਕੋਲ ਕਾਪੀ ਨਹੀਂ ਹੈ। ਯੂਨੀਅਨ ਵਾਲੇ ਤਾਂ ਮੈਨੂੰ ਕੱਲ੍ਹ ਕਾਪੀ ਦੇ ਗਏ ਹਨ। ਕੀ ਇਹ ਕੋਰਟ ਦਾ ਆਰਡਰ ਇੰਪਲੀਮੈਂਟ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਜੋ ਕੋਰਟ ਦਾ ਆਰਡਰ ਹੈ, ਮੈਂ ਕੀ, ਕੋਈ ਵੀ ਇਨਸਾਨ ਇਸ ਤੋਂ ਬਾਹਰ ਨਹੀਂ ਜਾ ਸਕਦਾ। ਇਸ ਤੋਂ ਬਾਹਰ ਜਾਣ ਦਾ ਸਵਾਲ ਹੀ ਨਹੀਂ ਹੈ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਮੇਰੇ ਸਵਾਲ ਦੇ 'ਅ' ਭਾਗ ਵਿੱਚ ਮੰਤਰੀ ਜੀ ਨੇ ਕਿਹਾ ਹੈ ਕਿ ਪਿੰਡ ਭਿੰਡੀ ਔਲਖ ਵਿੱਚ ਕੇਵਲ ਇੱਕ ਅਧਿਆਪਕ ਹੈ। ਉਹ ਦਸਵੀਂ ਪੱਧਰ ਤੱਕ ਦਾ ਸਕੂਲ ਹੈ। ਮੈਂ ਪਿਛਲੀ ਵਾਰ ਵੀ ਕੁਐਸਚਨ ਕੀਤਾ ਸੀ ਕਿ ਪੰਜਾਬ ਵਿੱਚ ਪ੍ਰਾਇਮਰੀ ਸਕੂਲ ਕਿੰਨੇ ਹਨ ਔਰ ਹੁਣ ਵੀ ਕੀਤਾ ਹੈ ਔਰ ਇਨ੍ਹਾਂ ਨੇ ਕਿਹਾ ਹੈ ਕਿ 19 ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਪੋਸਟਾਂ ਖਾਲੀ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਭਿੰਡੀ ਔਲਖ ਪਿੰਡ ਹੈ, ਇਸ ਵਿੱਚ ਜਿਹੜਾ ਇਕ ਅਧਿਆਪਕ ਹੈ, ਉਹ ਕਿਹੜੇ ਸਬਜੈਕਟ ਦਾ ਹੈ ?

**ਮੰਤਰੀ** : ਉਹ ਵੋਕੇਸ਼ਨਲ ਸਬਜੈਕਟ ਦਾ ਹੈ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਇਹ ਬਾਰਡਰ ਦਾ ਸਕੂਲ ਹੈ। ਪਛੜਿਆ ਹੋਇਆ ਇਲਾਕਾ ਹੈ। 19 ਸਕੂਲਾਂ ਵਿੱਚ ਪ੍ਰਿੰਸੀਪਲ ਵੈਸੇ ਹੀ ਨਹੀਂ ਹਨ ਔਰ ਇਸ ਸਕੂਲ ਵਿਚ ਕੇਵਲ ਇੱਕ ਅਧਿਆਪਕ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਸਬਜੈਕਟਾਂ ਵਿੱਚ ਵਿਦਿਆਰਥੀਆਂ ਦਾ ਕੀ ਭਵਿੱਖ ਹੈ ? ਕੀ ਇਹ ਵਿਸ਼ਵਾਸ ਦਿਵਾਉਣਗੇ ਕਿ ਅਗਲੇ ਸੀਜ਼ਨ ਵਿੱਚ ਸਾਰੇ ਟੀਚਰ ਪੂਰੇ ਕੀਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਦੱਸਿਆ ਸੀ ਔਰ ਅੱਜ ਵੀ ਅਰਜ਼ ਕਰਦਾ ਹਾਂ ਕਿ ਟੀਚਰਾਂ ਦੀ ਭਰਤੀ ਤੇ ਪਾਬੰਦੀ ਲੱਗੀ ਹੋਈ ਹੈ। ਅਗਰ ਭਰਤੀ ਤੇ ਪਾਬੰਦੀ ਖੁੱਲ ਜਾਂਦੀ ਹੈ ਤਾਂ ਫਿਰ ਹੀ ਮੇਰੇ ਹੱਥ ਵਿੱਚ ਕੁਝ ਹੋਵੇਗਾ। ਫਿਰ ਜਿੱਥੇ ਟੀਚਰ ਨਹੀਂ ਜਾਂ ਘੱਟ ਹਨ, ਉਥੇ ਪਹਿਲ ਦੇ ਆਧਾਰ ਤੇ ਭਰਾਂਗੇ। ਅਸੀਂ ਕੋਸ਼ਿਸ਼ ਕਰਾਂਗੇ ਕਿ ਫਿਲਹਾਲ ਇੱਧਰੋਂ-ਉਧਰੋਂ ਟੀਚਰ ਐਡਜਸਟ ਕਰੀਏ। ਵੈਸੇ ਕਿਤੇ ਵੀ ਫਾਲਤੂ ਟੀਚਰ ਨਹੀਂ ਪਰ ਐਡਜਸਟ ਕਰਾਂਗੇ ਔਰ ਜਿੱਥੇ ਇੱਕ ਟੀਚਰ ਹੈ ਉਥੇ ਦੋ ਕਰਾਂਗੇ।

ਕੈਪਟਨ ਕੰਵਲਜੀਤ ਸਿੰਘ : ਸਪੀਕਰ ਸਾਹਿਬ, ਜੋ ਕਚਹਿਰੀ ਦਾ ਫੈਸਲਾ ਹੈ, ਅਗਰ ਸਰਕਾਰ ਚਾਹੇ ਤਾਂ ਉਸ ਵਾਸਤੇ ਉਪਰਲੀ ਕੋਰਟ ਵਿੱਚ ਅਪੀਲ ਕਰ ਸਕਦੀ ਹੈ ? ਕੀ ਮੰਤਰੀ ਜੀ ਵਿਸ਼ਵਾਸ਼ ਦਿਵਾਉਣਗੇ ਕਿ ਉਸ ਦੀ ਅਪੀਲ ਕੀਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਅਸੀਂ ਆਪਣੇ ਐਡਵੋਕੇਟ ਜਨਰਲ ਨੂੰ ਪੁੱਛ ਲਵਾਂਗੇ। ਅਗਰ ਅਪੀਲ ਕਰਨੀ ਜਾਇਜ਼ ਹੋਈ ਤੇ ਸਾਡੀ ਲੋੜ ਮੁਤਾਬਕ ਹੋਈ ਤਾਂ ਅਸੀਂ ਜ਼ਰੂਰ ਕਰਾਂਗੇ।

ਸਰਦਾਰ ਵੀਰ ਸਿੰਘ ਲੋਪੋਕੇ : ਸਪੀਕਰ ਸਾਹਿਬ, ਸਾਡੇ ਸਕੂਲ ਵਿੱਚ ਕੇਵਲ ਇੱਕ ਟੀਚਰ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਬੱਚਿਆਂ ਦਾ ਕੀ ਭਵਿੱਖ ਹੈ ? ਕੀ ਇਹ ਉਨ੍ਹਾਂ ਬੱਚਿਆਂ ਬਾਰੇ ਕੁਝ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਾਰੇ ਮੈਂਬਰ ਸਿਆਣੇ ਬੈਠੇ ਹਨ। ਇਹ ਜਾਣ ਸਕਦੇ ਹਨ ਕਿ ਜਿੱਥੇ ਟੀਚਰ ਨਾ ਹੋਵੇ ਉਥੇ ਬੱਚਿਆਂ ਦਾ ਕੀ ਭਵਿੱਖ ਹੈ। (ਹਾਸਾ)

---

**Allocation of Funds to the District Planning Boards**

***1069. (1) Shri Tikshan Sud,**
**(2) Sardar Sohan Singh Thandal** } : Will the Finance and Planning Minister be pleased to state the district-wise details of the funds allocated and released to the District Planning Boards in the State during the years from 2002-03 to 2004-05 to date togetherwith the number of meetings held by each District Planning Board during the said period ?

**Shri Surinder Singla :** The Statement is laid on the table of the House.

## Statement

**District-wise detail of the funds allocated and released to District Planning and Development Boards in the State and number of meetings held by each District from 2002-03 to 2004-05 (till date)**

| Sr. No. | Name of the District | 2002-03 | | | 2003-04 | | | 2004-05 | | |
|---|---|---|---|---|---|---|---|---|---|---|
| | | Funds allocated to the District Planning and Development Board by the Planning Department | Funds released to the District Planning and Development Board by the Planning Department | Number of meetings held by each District Planning and Development Board | Funds allocated to the District Planning and Development Board by the Planning Departmen | Funds released to the District Planning and Development Board by the Planning Department | Number of meetings held by each District Planning and Development Board | Funds allocated to the District Planning and Development Board by the Planning Department | Funds released to the District Planning and Development Board by the Planning Department | Number of meetings held by each District Planning and Development Board |
| 1 | 2 | 3 | 4 | 5 | 6 | 7 | 8 | 9 | 10 | 11 |
| 1 | Amritsar | 4685.86 | 4665.88 | 1 | 4436.24 | 2701.49 | 5 | 1348.77 | 1204.14 | 2 |
| 2 | Ferozepur | 3307.28 | 3307.28 | 2 | 3232.12 | 2085.77 | 2 | 1017.21 | 1017.21 | — |
| 3 | Gurdaspur | 3290.46 | 3290.46 | 1 | 3908.61 | 3908.61 | 1 | 927.92 | 927.92 | 1 |

**[Finance and Planning Minister]**

| 1 | 2 | 3 | 4 | 5 | 6 | 7 | 8 | 9 | 10 | 11 |
|---|---|---|---|---|---|---|---|---|---|---|
| 4 | Jalandhar | 2889.56 | 2889.56 | 1 | 2940.09 | 1886.53 | 1 | 700.88 | 700.88 | 1 |
| 5 | Kapurthala | 1312.67 | 1312.67 | 1 | 1324.54 | 851.37 | 2 | 437.69 | 437.69 | 2 |
| 6 | Ludhiana | 3328.18 | 3328.18 | 1 | 3100.38 | 1967.31 | 2 | 686.92 | 686.92 | 1 |
| 7 | Fatehgarh Sahib | 4916.12 | 4916.12 | 1 | 875.43 | 526.96 | 2 | 268.76 | 268.76 | 1 |
| 8 | Hoshiarpur | 2065.86 | 2064.36 | 1 | 3083.28 | 1826.18 | 1 | 561.82 | 561.82 | 1 |
| 9 | Sangrur | 2430.31 | 2430.31 | 2 | 2791.05 | 1626.84 | 3 | 683.74 | 683.74 | 1 |
| 10 | Bhatinda | 1621.58 | 1621.58 | — | 1731.53 | 1075.99 | 2 | 441.70 | 441.70 | — |
| 11 | Mansa | 1107.39 | 1107.39 | — | 1494.48 | 1036.83 | 2 | 332.54 | 332.54 | 2 |
| 12 | Patiala | 2123.59 | 2123.59 | 1 | 2905.76 | 1904.69 | 1 | 533.58 | 533.58 | — |
| 13 | Rupnagar | 1721.5 | 1721.5 | 1 | 2374.16 | 1556.00 | 2 | 474.03 | 474.03 | 1 |
| 14 | Faridkot | 792.27 | 792.27 | 1 | 539.80 | 539.80 | 3 | 206.15 | 206.15 | 1 |
| 15 | Nawan Shehar | 1224.19 | 1224.19 | 1 | 1262.42 | 800.85 | 3 | 308.87 | 308.87 | 2 |
| 16 | Mukatsar | 1104.39 | 1104.39 | — | 1280.49 | 788.75 | 2 | 328.00 | 328.00 | 1 |
| 17 | Moga | 1212.70 | 1212.69 | 1 | 1869.40 | 1282.88 | 2 | 391.52 | 391.52 | — |
| | Total : | 39133.91 | 39112.42 | 16 | 39149.78 | 26366.85 | 36 | 9652.10 | 9505.47 | 17 |

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜੋ ਸਦਨ ਦੀ ਮੇਜ਼ ਤੇ ਸਟੇਟਮੈਂਟ ਰੱਖੀ ਹੈ, ਉਸ ਵਿਚ ਪਲਾਨਿੰਗ ਬੋਰਡ ਦੀ ਕਾਰਵਾਈ ਦੀ ਕਾਪੀ ਹੈ। ਸਪੀਕਰ ਸਾਹਿਬ, ਤੁਸੀਂ ਵੀ ਜ਼ਿਲ੍ਹੇ ਦੇ ਮੈਂਬਰ ਹੋ ਪਰ ਇਹ ਫਿਗਰਾਂ ਆਪਸ ਵਿਚ ਨਹੀਂ ਮਿਲਦੀਆਂ। ਇਨ੍ਹਾਂ ਨੇ ਦੱਸਿਆ ਹੈ ਕਿ ਸਾਲ 2004-05 ਵਿਚ 561.82 ਲੱਖ ਰੁਪਿਆ ਰੱਖਿਆ ਗਿਆ ਜਦ ਕਿ ਪਲਾਨਿੰਗ ਬੋਰਡ ਦੇ ਰਿਕਾਰਡ ਮੁਤਾਬਿਕ 534.14 ਲੱਖ ਰੁਪਿਆ ਦਰਸਾਇਆ ਗਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਵੀ ਪੈਸਾ ਦਿਹਾਤੀ ਜਾਂ ਰੂਰਲ ਡਿਵੈਲਪਮੈਂਟ ਜਾਂ ਪੰਚਾਇਤ ਫੰਡ ਲਈ ਰਿਲੀਜ਼ ਹੋਇਆ ਹੈ ਜਾਂ ਨਹੀਂ ?

**ਮੰਤਰੀ**: ਸਪੀਕਰ ਸਾਹਿਬ, ਇਹ ਹੁਸ਼ਿਆਰਪੁਰ ਜ਼ਿਲ੍ਹੇ ਦਾ ਜ਼ਿਕਰ ਕਰਦੇ ਹਨ। ਸਪੀਕਰ ਸਾਹਿਬ 561.82 ਲੱਖ ਰੁਪਏ ਐਲੋਕੇਟ ਹੋਏ ਹਨ ਅਤੇ ਇਹ ਸਾਰੇ ਪੈਸੇ ਪਲਾਨਿੰਗ ਬੋਰਡ ਨੂੰ ਰਿਲੀਜ਼ ਹੋਏ ਹਨ, ਪਰ ਮੀਟਿੰਗ ਇਕ ਹੋਈ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਸਾਲ 2003-04 ਦੀ ਸਟੇਟਮੈਂਟ ਦਿੱਤੀ ਹੈ, ਉਸ ਦੇ ਵਿਚ ਹੁਸ਼ਿਆਰਪੁਰ ਡਿਸਟ੍ਰਿਕਟ ਫੰਡ ਲਈ ਸਿਰਫ਼ 40 ਲੱਖ ਰੁਪਿਆ ਹੀ ਨਿਕਲਿਆ ਹੈ। ਬਾਕੀ ਰਹਿੰਦਾ ਪੈਸਾ ਕਦੋਂ ਤੱਕ ਰਿਲੀਜ਼ ਹੋ ਜਾਵੇਗਾ? 2004-05 ਦੇ ਪੈਸੇ ਖਜ਼ਾਨੇ ਵਿਚੋਂ ਕਦੋਂ ਤੱਕ ਰਿਲੀਜ਼ ਹੋ ਜਾਣਗੇ ?

**ਮੰਤਰੀ** : ਮੈਂ ਤਾਂ ਵੇਰਵੇ ਪੇਸ਼ ਕਰ ਦਿੱਤੇ ਹਨ, ਰੂਰਲ ਅਤੇ ਅਰਬਨ ਵਿਚ ਸਕੀਮਾਂ ਦਾ ਕੋਈ ਫਰਕ ਨਹੀਂ ਹੈ। ਇਸ ਸਵਾਲ ਦੇ ਨਾਲ ਕੋਈ ਸਬੰਧ ਨਹੀਂ ਹੈ, ਇਹ ਅਲੱਗ ਸਵਾਲ ਦੇ ਦੇਣ ਮੈਂ ਜਵਾਬ ਦੇ ਦਿਆਂਗਾ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜਿਹੜੇ ਇਨ੍ਹਾਂ ਨੇ ਫੰਡ ਐਲੋਕੇਟ ਕੀਤੇ ਹਨ ਕੀ ਉਹ ਸਾਰੇ ਖਜ਼ਾਨੇ ਵਿਚੋਂ ਰਿਲੀਜ਼ ਕਰ ਦਿੱਤੇ ਜਾਣਗੇ ? (ਵਿਘਨ)

**ਮੰਤਰੀ** : ਜਿਹੜਾ ਪੈਸਾ ਰਿਲੀਜ਼ ਹੋ ਚੁੱਕਾ ਹੈ ਉਹ ਆਪਣੇ ਆਪ ਹੀ ਡਿਸਬਰਸ ਹੋ ਜਾਵੇਗਾ। ਮੈਂ ਇਸ ਗੱਲ ਦੀ ਐਸ਼ੋਰੈਂਸ ਦਿੰਦਾ ਹੈ, ਇਹ ਡੈਫੀਨੇਟਲੀ ਡਿਸਬਰਸ ਹੋ ਜਾਵੇਗਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਜਿਹੜੇ ਪੈਸੇ ਰਿਲੀਜ਼ ਹੋਏ ਹਨ ਉਹ ਸਿਰਫ਼ ਰੂਲਿੰਗ ਪਾਰਟੀ ਦੇ ਐਮ.ਐਲ.ਏਜ਼ ਦੇ ਹੱਕ ਪੂਰਨ ਲਈ ਹੀ ਰਿਲੀਜ਼ ਕੀਤੇ ਜਾ ਰਹੇ ਹਨ, ਨਾ ਕਿ ਦੂਜੇ ਵਿਰੋਧੀ ਧਿਰ ਦੇ ਐਮ.ਐਲ. ਏਜ਼ ਦੇ ਹਲਕਿਆਂ ਨੂੰ ਫੰਡ ਦਿੱਤੇ ਜਾ ਰਹੇ ਹਨ, ਉਨ੍ਹਾਂ ਨੂੰ ਇਗਨੋਰ ਕੀਤਾ ਜਾ ਰਿਹਾ ਹੈ, ਇਹ ਬੜੇ ਅਫਸੋਸ ਦੀ ਗੱਲ ਹੈ।

**ਮੰਤਰੀ** : ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ, ਨਾ ਹੀ ਇਸ ਤਰ੍ਹਾਂ ਦਾ ਵਿਤਕਰਾ ਕਿਸੇ ਨਾਲ ਕੀਤਾ ਜਾ ਰਿਹਾ ਹੈ। ਜਿਹੜੇ ਫੰਡਜ਼ ਅਸੀਂ ਰਿਲੀਜ਼ ਕਰਦੇ ਹਾਂ ਡਿਸਟ੍ਰਿਕਟ ਪਲਾਨਿੰਗ ਡਿਵੈਲਪਮੈਂਟ ਬੋਰਡ ਰਾਹੀਂ, ਉਹ ਪਾਰਟੀਕੂਲਰ ਖਰਚ ਕੀਤੇ ਜਾਂਦੇ ਹਨ। ਇਹ ਸਕੀਮਾਂ ਜਿਹੜੀਆਂ ਹਨ ਜੇਕਰ 10 ਲੱਖ ਰੁਪਏ ਤੋਂ ਉਪਰ ਹੋਵੇ ਜਾਂ ਕੋਈ ਪ੍ਰੋਜੈਕਟ ਹੋਵੇ ਉਸ ਦਾ ਫੈਸਲਾ ਪਲਾਨਿੰਗ ਬੋਰਡ ਵਿਚ ਹੁੰਦਾ ਹੈ ਉਸ ਦੇ ਪੈਸੇ ਰਿਲੀਜ਼ ਕਰਦੇ ਹਾਂ ਤਾਂ ਕਿ ਬੈਨੀਫਿਸ਼ਰੀ ਤੱਕ ਫਾਇਦਾ ਪਹੁੰਚ ਸਕੇ। ਜਿਹੜਾ ਵਿਤਕਰੇ ਵਾਲਾ ਚਾਰਜ ਲਗਾਇਆ ਹੈ, ਉਹ ਇਨ੍ਹਾਂ ਨੂੰ ਵਾਪਸ ਲੈਣਾ ਚਾਹੀਦਾ ਹੈ। (ਵਿਘਨ)

(ਇਸ ਸਮੇਂ ਬਹੁਤ ਸਾਰੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸਪਲੀਮੈਂਟਰੀ ਦੀ ਡਿਮਾਂਡ ਕਰ ਰਹੇ ਸਨ।)

**ਸਰਦਾਰ ਸੋਹਨ ਸਿੰਘ ਠੰਡਲ** : ਸਪੀਕਰ ਸਾਹਿਬ, ਇਹ ਜਿਹੜਾ ਪੈਸਾ ਜਾਰੀ ਕੀਤਾ ਗਿਆ ਹੈ। ਕੀ ਇਹ ਸੈਂਟਰ ਗੌਰਮਿੰਟ ਦੀਆਂ ਸਕੀਮਾਂ ਦਾ ਹੈ ਜਾਂ ਸਟੇਟ ਗੌਰਮਿੰਟ ਦੀਆਂ ਸਕੀਮਾਂ ਦਾ ਹੈ ? ਇਸ ਦੀਆਂ ਮੀਟਿੰਗਾਂ ਤਾਂ ਹਰ ਮਹੀਨੇ ਹੋਣੀਆਂ ਚਾਹੀਦੀਆਂ ਹਨ ਪਰ ਇਹ ਸਾਲ ਵਿੱਚ ਇੱਕ ਮੀਟਿੰਗ ਹੋਈ ਹੈ। ਇਸ ਨੂੰ ਰੈਗੂਲਰਾਈਜ਼ ਕੀਤਾ ਜਾਵੇ।

**ਮੰਤਰੀ:** ਇਹ ਠੀਕ ਹੈ ਕਿ ਮੀਟਿੰਗਾਂ ਘੱਟ ਹੋਈਆਂ। ਹੁਣ ਅਸੀਂ ਡਾਇਰੈਕਸ਼ਨਾਂ ਇਸ਼ੂ ਕਰ ਦਿੱਤੀਆਂ ਹਨ ਕਿ ਮੀਟਿੰਗਾਂ ਰੈਗੂਲਰ ਹੋਣ। ਹੁਣ ਇਨ੍ਹਾਂ ਦੀ ਇਹ ਕੰਪਲੇਂਟ ਦੂਰ ਹੋ ਜਾਵੇਗੀ। ਇਸ ਵਿਚ ਸੈਂਟਰਲੀ ਸਪੌਂਸਰਡ ਸਕੀਮਜ਼ ਦੇ ਫੰਡਜ਼ ਅਤੇ ਸਟੇਟ ਦੇ ਵੀ ਫੰਡਜ਼ ਯਾਨੀ ਸਾਰੀ ਤਰ੍ਹਾਂ ਦੇ ਫੰਡਜ਼ ਅਵੇਲੇਬਲ ਹਨ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਸਾਹਿਬ ਤੋਂ ਭਰੋਸਾ ਚਾਹੁੰਦਾ ਹਾਂ ਕਿ ਇਹ ਜਿਹੜੇ ਪਲਾਨਿੰਗ ਬੋਰਡਜ਼ ਦੇ ਫੰਡਜ਼ ਹਨ, ਇਹ ਸਰਕਾਰ ਦੇ ਫੰਡਜ਼ ਹਨ ਤੇ ਇਨਡਿਸਕ੍ਰਿਮੀਨੇਟਲੀ ਖਰਚ ਹੁੰਦੇ ਹਨ। ਜਿਸ-ਜਿਸ ਦੇ ਇਲਾਕੇ ਵਿਚ ਇਹ ਚੈਕ ਵੰਡਣੇ ਹਨ, ਕੀ ਸਾਰੇ ਐਮ.ਐਲ.ਏਜ਼. ਨੂੰ ਇਸ ਸਬੰਧੀ ਇਕੋ ਜਿਹਾ ਅਧਿਕਾਰ ਦਿੱਤਾ ਜਾਵੇਗਾ ?

**ਮਾਨਯੋਗ ਸਪੀਕਰ** : ਇਸ ਦਾ ਜਵਾਬ ਆ ਚੁੱਕਾ ਹੈ।

**ਸ਼੍ਰੀ ਤਿਕਸ਼ਨ ਸੂਦ** : ਇਸ ਗੱਲ ਦਾ ਜਵਾਬ ਨਹੀਂ ਆਇਆ, ਸਪੀਕਰ ਸਾਹਿਬ....(ਵਿਘਨ) (ਸ਼ੋਰ)

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਸਾਡੇ ਅਧਿਕਾਰ ਖੋਹੇ ਜਾ ਰਹੇ ਹਨ... (ਸ਼ੋਰ)

**ਮਾਨਯੋਗ ਸਪੀਕਰ** : ਤੁਸੀਂ ਬੈਠੋ। ਇਸ ਕੁਐਸਚਨ ਤੇ ਕਾਫੀ ਸਪਲੀਮੈਂਟਰੀ ਸਵਾਲ ਹੋ ਗਏ ਹਨ। ਜਵਾਬ ਵੀ ਆ ਚੁੱਕਾ ਹੈ। 5 ਸਵਾਲ ਹੋਣੇ ਚਾਹੀਦੇ ਹਨ ਤੇ ਇਸ ਤੇ 5 ਤੋਂ ਵੀ ਜ਼ਿਆਦਾ ਹੋ ਗਏ ਹਨ। (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਕੈਪਟਨ ਕੰਵਲਜੀਤ ਸਿੰਘ** : ਇਸ ਦਾ ਜਵਾਬ ਦੁਆਉ ਜੀ......(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਅਗਲਾ ਸਵਾਲ। Take your seats. (Interruption) Next question.

## Repayment of Central Loan

***1214. Shri Raj Kumar Khurana :** Will the Finance and Planning Minister be pleased to state the amount of Central Loan outstanding against the State at present and interest thereon paid by the State during the years 2002-03, 2003-04 and 2004-05, separately ?

**Shri Surinder Singla :** Sir, the Central loan outstanding against the State at present is Rs. 7559.70 crore and interest paid thereon by the State Government during 2002-03 ; 2003-04 and 2004-05 is Rs. 1204.73 crore, Rs. 1050.18 crore and Rs. 684.47 crore respectively.

**ਸ਼੍ਰੀ ਰਾਜ ਕੁਮਾਰ ਖੁਰਾਨਾ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਿਤੀ 1 ਅਪ੍ਰੈਲ, 2002 ਨੂੰ ਲੋਨ ਅਮਾਊਂਟ ਕਿੰਨਾ ਸੀ ? ਨੰਬਰ ਦੋ, ਐਟ ਪਰੈਜ਼ੈਂਟ ਇਸ ਲੋਨ ਤੇ ਰੇਟ ਆਫ ਇੰਟਰਸਟ ਕੀ ਹੈ ? ਤੇ ਨੰਬਰ ਤਿੰਨ, ਕੀ ਇਸ ਲੋਨ ਦੀ ਰੈਗੂਲਰ ਪੇਮੈਂਟ ਚਲ ਰਹੀ ਹੈ ਜਾਂ ਸਟੇਟ ਗੌਰਮਿੰਟ ਵਲੋਂ ਕੋਈ ਡਿਫਾਲਟ ਚਲ ਰਿਹਾ ਹੈ ?

**ਮੰਤਰੀ:** ਸਪੀਕਰ ਸਾਹਿਬ, ਜਿਥੋਂ ਤੱਕ ਰੇਟ ਆਫ ਇੰਟਰਸਟ ਦਾ ਤਾਅਲੁੱਕ ਹੈ, ਗੌਰਮਿੰਟ ਆਫ ਇੰਡੀਆ ਦੀ ਇਕ ਡੈਟ ਸਵੈਪ ਸਕੀਮ ਚਾਲੂ ਹੋਈ ਹੈ। ਜਿਥੇ ਪਹਿਲਾਂ ਰੇਟ ਆਫ ਇੰਟਰਸਟ 4.25% ਤੋਂ 13% ਸੀ, ਫੇਰ ਸਾਰਿਆਂ ਦਾ ਇਹ 13% ਤੋਂ ਘਟਾ ਕੇ 9% ਹੋ ਗਿਆ ਹੈ। ਹੁਣ ਟੋਟਲ ਡੈਟ ਸਵੈਪ 5328.9 ਕਰੋੜ ਹੈ।

**ਸ਼੍ਰੀ ਰਾਜ ਕੁਮਾਰ ਖੁਰਾਨਾ :** ਸਪੀਕਰ ਸਾਹਿਬ, ਇਕ ਮੇਰਾ ਸਵਾਲ ਇਹ ਵੀ ਸੀ ਕਿ ਮਿਤੀ 1 ਅਪ੍ਰੈਲ, 2002 ਨੂੰ ਲੋਨ ਅਮਾਊਂਟ ਕਿੰਨਾ ਸੀ ?

**ਮੰਤਰੀ:** ਸਰ, 1 ਅਪ੍ਰੈਲ, 2002 ਦੀ ਫਿਗਰ ਇਸ ਵਕਤ ਮੇਰੇ ਪਾਸ ਨਹੀਂ। ਇਨ੍ਹਾਂ ਨੂੰ ਮੈਂ ਬਾਅਦ ਵਿਚ ਇਹ ਫਿਗਰ ਦੇ ਦਿਆਂਗਾ।

**ਸ਼੍ਰੀ ਰਾਜ ਕੁਮਾਰ ਖੁਰਾਨਾ :** ਮੇਰਾ ਦੂਜਾ ਸਵਾਲ ਸੀ ਕਿ ਕੀ ਸਟੇਟ ਲੋਨ ਦੀ ਪੇਮੈਂਟ ਰੈਗੂਲਰ ਕਰ ਰਹੀ ਹੈ ਜਾਂ ਡਿਫਾਲਟ ਵਿਚ ਚਲ ਰਹੀ ਹੈ ?

**ਮੰਤਰੀ:** ਸਪੀਕਰ ਸਾਹਿਬ, ਇਹ ਸਾਰੀ ਪੇਮੈਂਟ ਰੈਗੂਲਰ ਸੈਂਟਰ ਗੌਰਮਿੰਟ ਨੂੰ ਹੋ ਰਹੀ ਹੈ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸੈਂਟਰ ਗੌਰਮਿੰਟ ਦੇ ਫੰਡਜ਼ ਹਨ, ਇਨ੍ਹਾਂ ਤੋਂ ਇਲਾਵਾ ਜਿਹੜੇ ਦੂਸਰੇ ਫਾਈਨਾਂਸ਼ਲ ਇੰਸਟੀਚਿਊਸ਼ਨਜ਼ ਹਨ, ਉਨ੍ਹਾਂ ਲਈ ਇਨ੍ਹਾਂ ਨੇ ਫਾਈਨਾਂਸ਼ਲ ਰੀਸੋਰਸ ਮੋਬੇਲਾਈਜ਼ੇਸ਼ਨ ਕੀ ਕੀਤਾ ? ਦੋਨਾਂ ਵਿੱਚ, ਸੈਂਟਰ ਗੌਰਮਿੰਟ ਦੇ ਲੋਨਜ਼ ਤੇ ਔਰ ਅਦਰ ਫਾਈਨਾਂਸ਼ਲ ਇੰਸਟੀਚਿਊਸ਼ਨਜ਼ ਦੇ ਲੋਨਜ਼ ਤੇ ਰੇਟ ਆਫ਼ ਇੰਟਰਸਟ ਵਿਚ ਕੀ ਵੇਰੀਏਸ਼ਨ ਹੈ ?

ਮੰਤਰੀ: ਸਪੀਕਰ ਸਾਹਿਬ, ਇਹ ਲੋਨ ਦਾ ਮਾਮਲਾ ਹੈ, ਰੀਸੋਰਸ ਮੌਬੇਲਾਈਜ਼ੇਸ਼ਨ ਦਾ ਮਾਮਲਾ ਨਹੀਂ ਹੈ। ਸੈਂਟਰ ਗੌਰਮਿੰਟ ਦੇ ਲੋਨ ਤੋਂ ਇਲਾਵਾ ਜਿਵੇਂ ਸਮਾਲ ਸੇਵਿੰਗਜ਼ ਦੇ ਲੋਨ ਹਨ, ਏਸੇ ਤਰ੍ਹਾਂ ਸਟੇਟ ਗੌਰਮਿੰਟ ਨੇ ਪ੍ਰਾਜੈਕਟ ਸਪੈਸਿਫਿਕ ਲੋਨ ਰੇਜ਼ ਕੀਤੇ ਹਨ, ਜਿਵੇਂ ਨਾਬਾਰਡ ਜਾਂ ਹੋਰ ਏਜੰਸੀਜ਼ ਤੋਂ, ਇਨ੍ਹਾਂ ਸਭ ਦੇ ਰੇਟ ਆਫ ਇੰਟਰਸਟ ਘੱਟ ਹਨ। ਸਪੀਕਰ ਸਾਹਿਬ, ਇਹ ਵੀ ਖੁਸ਼ੀ ਦੀ ਗੱਲ ਹੈ ਕਿ ਬਾਰ੍ਹਵੇਂ ਫਾਈਨਾਂਸ ਕਮਿਸ਼ਨ ਨੇ ਜਿੰਨੇ ਵੀ ਸੈਂਟਰਲ ਲੋਨਜ਼ ਸਨ, ਇਸ ਵੇਲੇ ਉਨ੍ਹਾਂ ਨੇ ਸਭ ਦੀ ਵਿਆਜ ਦਰ ਸਾਢੇ ਸੱਤ ਪਰਸੈਂਟ ਕਰ ਦਿੱਤੀ ਹੈ ਚਾਹੇ ਉਹ ਵਿਆਜ ਦਰ ਪਹਿਲਾਂ 13% ਸੀ ਜਾਂ 11% ਸੀ। ਦੂਜੀ ਸਹੂਲਤ ਇਹ ਦਿੱਤੀ ਕਿ ਇਹ ਸਾਰੇ ਲੋਨ ਇਕੱਠੇ ਕਰਕੇ ਇਨ੍ਹਾਂ ਦਾ ਰੀਪੇਮੈਂਟ ਪੀਰੀਅਡ 20 ਸਾਲ ਕਰ ਦਿੱਤਾ ਹੈ ਜਿਹੜਾ ਕਿ ਪਹਿਲਾਂ ਇਮੀਜੀਏਟਲੀ ਰੀਪੇਅ ਕਰਨਾ ਸੀ। ਇਸ ਦਾ ਪੀਰੀਅਡ 20 ਸਾਲ ਕਰਨ ਨਾਲ ਸਾਡੇ ਤੇ ਇਸ ਦਾ ਇੰਟਰੈਸਟ ਬਰਡਨ ਵੀ ਘਟ ਗਿਆ ਅਤੇ ਜਿਹੜਾ ਪ੍ਰਿੰਸੀਪਲ ਸੀ, ਉਸ ਦੀ ਪੇਮੈਂਟ ਵੀ ਘਟ ਗਈ। ਇਸ ਬਜਟ ਸਾਲ 2005-06 ਵਿਚ ਸਾਨੂੰ ਘੱਟੋ ਘੱਟ ਇਸ ਤਰੀਕੇ ਨਾਲ 130 ਕਰੋੜ ਰੁਪਏ ਵਿਆਜ ਦਾ ਫਰਕ ਪਵੇਗਾ ਅਤੇ 70 ਕਰੋੜ ਰੁਪਏ ਪ੍ਰਿੰਸੀਪਲ ਦਾ। ਉਹ ਬਾਅਦ ਵਿਚ 20 ਸਾਲਾਂ ਵਿਚ ਪੇਅ ਕਰਨਾ ਪਵੇਗਾ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸੈਂਟਰਲ ਗੌਰਮਿੰਟ ਦਾ ਕਰਜ਼ਾ ਹੈ, ਇਹ ਪਿਛਲੇ 10 ਸਾਲਾਂ ਵਿਚ ਕਿੰਨਾ ਹੋਇਆ ਹੈ ਅਤੇ ਕਿਹੜੇ-ਕਿਹੜੇ ਪੀਰੀਅਡ ਵਿਚ ਹੋਇਆ ਹੈ ?

ਮੰਤਰੀ: ਸਪੀਕਰ ਸਾਹਿਬ, ਵੈਸੇ ਤਾਂ ਇਹ ਸੈਪਰੇਟ ਕੁਐਸਚਨ ਹੈ, ਫਿਰ ਵੀ ਮੈਂ ਦੱਸ ਦਿੰਦਾ ਹਾਂ। ਸੈਂਟਰਲ ਗੌਰਮਿੰਟ ਨੇ ਸਾਨੂੰ 8 ਹਜ਼ਾਰ ਕਰੋੜ ਰੁਪਏ ਦਾ ਟਰਮ ਲੋਨ ਦਿੱਤਾ ਸੀ। ਇਹ ਜੋ ਕੁਝ ਮੈਂ ਦੱਸ ਰਿਹਾ ਹਾਂ, ਇਸ ਦੀਆਂ ਐਗਜ਼ੈਕਟ ਫਿਗਰਜ਼ ਇਸ ਵੇਲੇ ਮੇਰੇ ਕੋਲ ਨਹੀਂ ਹਨ ਅਤੇ ਇਹ ਮੈਂ ਆਪਣੀ ਮੈਮੋਰੀ ਦੇ ਬੇਸ ਤੇ ਦੱਸ ਰਿਹਾ ਹਾਂ। ਇਸ ਲੋਨ ਦੀ 1340 ਕਰੋੜ ਰੁਪਏ ਦੀ ਇਕ ਕਿਸ਼ਤ ਜਦੋਂ ਡਾ. ਮਨਮੋਹਨ ਸਿੰਘ ਜੀ ਫਾਈਨਾਂਸ ਮਨਿਸਟਰ ਹੁੰਦੇ ਸੀ, ਉਸ ਵੇਲੇ ਸਸਪੈਂਡ ਕੀਤੀ ਗਈ ਸੀ। 2100 ਕਰੋੜ ਰੁਪਏ ਦੀ ਦੂਜੀ ਕਿਸ਼ਤ ਜਦੋਂ ਗੁਜਰਾਲ ਸਾਹਿਬ ਪ੍ਰਧਾਨ ਮੰਤਰੀ ਸਨ, ਉਦੋਂ ਸਸਪੈਂਡ ਕੀਤੀ ਗਈ ਸੀ। ਇਸ ਤਰ੍ਹਾਂ ਨਾਲ ਇਹ ਰਕਮ ਕੁੱਲ 3700 ਕਰੋੜ ਰੁਪਏ ਬਣਦੀ ਹੈ। ਇਹ ਮੁੱਦਾ ਬੜੇ ਜ਼ੋਰ ਸ਼ੋਰ ਨਾਲ ਲੋਕ ਸਭਾ ਵਿਚ ਉਠਾਇਆ ਗਿਆ ਅਤੇ ਅਕਾਲੀ ਦਲ ਨੇ ਬੜੇ ਜਲਸੇ ਵੀ ਕੀਤੇ ਸੀ ਕਿ ਅਸੀਂ ਸਾਰਾ ਲੋਨ ਮੁਆਫ਼ ਕਰਾ ਦਿੱਤਾ ਹੈ ਲੇਕਿਨ ਲੋਨ ਅਜੇ ਵੀ ਖੜ੍ਹਾ ਹੈ........(ਵਿਘਨ).... ਮੈਂ ਸਵਾਲ ਦਾ ਜਵਾਬ ਦੇ ਰਿਹਾ ਹਾਂ। ਦੂਜੀ ਗੱਲ ਇਹ ਹੈ ਕਿ ਇਹ 3700 ਕਰੋੜ ਰੁਪਏ ਦਾ ਲੋਨ ਜਿਹੜਾ ਸੀ ਅਤੇ ਜਿਸ ਦੀ ਪੇਮੈਂਟ ਸਸਪੈਂਡ ਹੋਈ ਹੋਈ ਹੈ, ਇਸ ਦਾ ਮਸਲਾ ਅਸੀਂ 12ਵੇਂ ਫਾਈਨਾਂਸ ਕਮਿਸ਼ਨ ਕੋਲ ਵੀ ਉਠਾਇਆ ਹੈ ਕਿ ਇਸ ਦੀ ਪੇਮੈਂਟ ਦੋ ਸਾਲ ਤੱਕ ਨਾ ਕੀਤੀ ਜਾਵੇ। Under the able leadership of our Hon'ble Chief Minister, we are taking up this issue. ਇਹ ਜਿਹੜਾ ਲੋਨ ਛੱਡ ਕੇ ਗਏ ਸੀ, ਇਸ ਦੇ ਵਾਸਤੇ ਇਹ ਗੁਜਰਾਲ ਸਾਹਿਬ ਨੂੰ ਬੁਲਾ ਕੇ ਜਲੰਧਰ ਵਿਚ ਜਲਸੇ ਕਰਦੇ ਰਹੇ ਕਿ ਅਸੀਂ ਸਾਰਾ ਲੋਨ ਮੁਆਫ ਕਰਾ ਦਿੱਤਾ ਹੈ.....

**ਮਾਨਯੋਗ ਸਪੀਕਰ** : ਮੈਂ ਸਾਰਿਆਂ ਨੂੰ ਅਪੀਲ ਕਰਦਾ ਹਾਂ ਕਿ ਕੁਐਸਚਨ ਆਵਰ ਵਿਚ ਕੋਈ ਪੁਲੀਟੀਕਲ ਸਪੀਚ ਨਾ ਕੀਤੀ ਜਾਵੇ.....(ਵਿਘਨ)..... No, I am not allowing. Badal Sahib. ਤੁਸੀਂ ਬੋਲੋ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਜ਼ਿਆਦਾ ਗੱਲਾਂ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਮੰਤਰੀ ਜੀ ਤੋਂ ਇੰਨਾਂ ਹੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ 12ਵੇਂ ਫਾਈਨਾਂਸ ਕਮਿਸ਼ਨ ਦੀ ਮੀਟਿੰਗ ਹੋਈ, ਉਸ ਵਿਚ ਉਸ ਨੇ ਇਸ ਕਰਕੇ ਇਨ੍ਹਾਂ ਦਾ ਕੇਸ ਰਿਜੈਕਟ ਕਰ ਦਿੱਤਾ ਕਿ ਇਨ੍ਹਾਂ ਨੇ ਟਾਈਮ ਦੇ ਅੰਦਰ-ਅੰਦਰ ਸਾਰਾ ਹਿਸਾਬ ਕਿਤਾਬ ਦੇਣਾ ਸੀ ਜੋ ਇਨ੍ਹਾਂ ਨੇ ਨਹੀਂ ਦਿੱਤਾ। ਕੀ ਇਹ ਠੀਕ ਹੈ ?

ਮੰਤਰੀ: ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਹੈ ਅਤੇ ਇਹ ਗੱਲ ਮੈਂ ਬੜੀ ਜ਼ਿਮੇਵਾਰੀ ਨਾਲ ਇਸ ਹਾਊਸ ਵਿਚ ਕਹਿ ਰਿਹਾ ਹਾਂ। ਹੋਮ ਮਨਿਸਟਰੀ ਐਗਜ਼ਾਮਿਨ ਕਰ ਰਹੀ ਹੈ। ਇਹ ਜਿਹੜਾ ਐਕਸਪੈਂਡੀਚਰ ਹੋਇਆ ਹੈ, ਜਿਹੜਾ ਕਿ ਸੀਕਿਊਰਿਟੀ ਵਾਸਤੇ ਖਰਚ ਹੋਇਆ ਹੈ, ਇਸ ਤੇ ਹਾਲੇ ਵੀ ਬਹਿਸ ਚੱਲ ਰਹੀ ਹੈ। ਇਸ ਕਰਕੇ 12ਵੇਂ ਫਾਈਨਾਂਸ ਕਮਿਸ਼ਨ ਨੇ ਕਿਹਾ ਹੈ ਕਿ ਲੋਨ ਡਰਾਅ ਨਾ ਕੀਤਾ ਜਾਵੇ ਜਦੋਂ ਤੱਕ ਕਿ ਗੌਰਮਿੰਟ ਆਫ ਇੰਡੀਆ ਇਸ ਦਾ ਕੋਈ ਫੈਸਲਾ ਨਹੀਂ ਲੈਂਦੀ।......(ਵਿਘਨ)

**Mr. Speaker :** No intervention. This is Question Hour. No, No. Please take your seats.

ਮੰਤਰੀ: ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਇਹ ਫੀਗਰਜ਼ ਮੈਂ ਆਪਣੀ ਮੈਮੋਰੀ ਵਿਚੋਂ ਦੇ ਰਿਹਾ ਹਾਂ।

**Mr. Speaker :** Next question.

---

## ਭਲਾਈ ਵਿਭਾਗ ਪਾਸ ਦਰਜ ਸਵੈ-ਸਹਾਇਤਾ ਗਰੁੱਪ

*1163. **ਸਰਦਾਰ ਸੁਖਪਾਲ ਸਿੰਘ :** ਕੀ ਭਲਾਈ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲ 2004-05 ਦੌਰਾਨ ਸਵੈ-ਸਹਾਇਤਾ ਗਰੁੱਪ ਸਕੀਮ ਅਧੀਨ ਦਰਜ ਕੀਤੇ ਗਏ ਗਰੁੱਪਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਮੁਖਤਾਰਨਾਮਾ ਆਮ ਇਕਰਾਰਨਾਮੇ ਕਰਨ ਲਈ ਸਰਕਾਰ ਦੁਆਰਾ ਕਿੰਨੀ ਫ਼ੀਸ ਵਸੂਲ ਕੀਤੀ ਜਾ ਰਹੀ ਹੈ ?

**ਸ਼੍ਰੀਮਤੀ ਗੁਰਕੰਵਲ ਕੌਰ :** ਪੰਜਾਬ ਰਾਜ ਵਿੱਚ ਸਾਲ 2004-05 ਦੌਰਾਨ 1196 ਗਰੁੱਪ ਗਠਿਤ ਕੀਤੇ ਗਏ। ਜ਼ਿਲ੍ਹਾਵਾਰ ਵੇਰਵਾ ਅਨੁਲੱਗ 'ੳ' ਨੱਥੀ ਹੈ।

ਗਰੁੱਪਾਂ ਦੇ ਗਠਨ ਲਈ ਸਵੈ-ਸਹਾਇਤਾ ਗਰੁੱਪਾਂ ਤੋਂ ਵਿਭਾਗ ਵਲੋਂ ਕੋਈ ਵੀ ਫ਼ੀਸ ਨਹੀਂ ਲਈ ਜਾਂਦੀ। ਜਦੋਂ ਗਰੁੱਪ ਵਲੋਂ ਬੈਂਕ ਤੋਂ ਕਰਜ਼ਾ ਲਿਆ ਜਾਣਾ ਹੁੰਦਾ ਹੈ ਤਾਂ ਮੁਖਤਾਰਨਾਮਾ ਆਮ ਇਕਰਾਰਨਾਮਾ ਕਰਨ ਲਈ 315 ਰੁਪਏ ਦੀ ਰਕਮ ਦੇ ਸਟੈਂਪ ਪੇਪਰ ਖਰੀਦ ਕਰਨ ਲਈ ਖਰਚ ਕਰਨੇ ਪੈਂਦੇ ਹਨ।

[ਰਾਜ ਮੰਤਰੀ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ]

## ਅਨੁਲੱਗ ੳ

ਸਵੱਯਮ ਸਿੱਧਾ ਸਕੀਮ ਅਤੇ ਮਹਿਲਾ ਜਾਗ੍ਰਿਤੀ ਯੋਜਨਾ ਸਕੀਮ ਅਧੀਨ ਸਾਲ 2004-05 ਦੌਰਾਨ ਜ਼ਿਲ੍ਹਾਵਾਰ ਗਠਿਤ ਕੀਤੇ ਗਏ ਸਵੈ-ਸਹਾਇਤਾ ਗਰੁੱਪਾਂ ਦਾ ਵੇਰਵਾ :—

| ਲੜੀ ਨੰ: | ਜ਼ਿਲ੍ਹਾ | ਸਵਯਮ ਸਿੱਧਾ ਸਕੀਮ ਅਧੀਨ ਬਣਾਏ ਗਏ ਗਰੁੱਪ | ਮਹਿਲਾ ਜਾਗ੍ਰਿਤੀ ਯੋਜਨਾ ਅਧੀਨ ਬਣਾਏ ਗਏ ਗਰੁੱਪ | ਕੁੱਲ ਗਰੁੱਪਾਂ ਦੀ ਗਿਣਤੀ |
|---|---|---|---|---|
| 1 | ਅੰਮ੍ਰਿਤਸਰ | 3 | 9 | 12 |
| 2 | ਬਠਿੰਡਾ | — | 110 | 110 |
| 3 | ਫਿਰੋਜ਼ਪੁਰ | — | 8 | 8 |
| 4 | ਫਰੀਦਕੋਟ | 10 | — | 10 |
| 5 | ਫਤਹਿਗੜ੍ਹ ਸਾਹਿਬ | 2 | 23 | 25 |
| 6 | ਗੁਰਦਾਸਪੁਰ | — | — | — |
| 7 | ਹੁਸ਼ਿਆਰਪੁਰ | — | 261 | 261 |
| 8 | ਜਲੰਧਰ | — | 363 | 363 |
| 9 | ਕਪੂਰਥਲਾ | — | 194 | 194 |
| 10 | ਲੁਧਿਆਣਾ | — | 7 | 7 |
| 11 | ਮਾਨਸਾ | — | 28 | 28 |
| 12 | ਮੋਗਾ | — | — | — |
| 13 | ਮੁਕਤਸਰ | — | — | — |
| 14 | ਨਵਾਂਸ਼ਹਿਰ | — | 62 | 62 |
| 15 | ਪਟਿਆਲਾ | — | 39 | 39 |
| 16 | ਰੋਪੜ | — | 44 | 44 |
| 17 | ਸੰਗਰੂਰ | 1 | 32 | 33 |
| | ਕੁੱਲ ਜੋੜ : | 16 | 1180 | 1196 |

ਸਰਦਾਰ ਸੁਖਪਾਲ ਸਿੰਘ : ਸਪੀਕਰ ਸਾਹਿਬ, ਇਹ ਸਕੀਮ ਗਰੀਬ ਲੋਕਾਂ ਵਾਸਤੇ ਚਾਲੂ ਕੀਤੀ ਗਈ ਹੈ। ਆਪਣੇ ਜਵਾਬ ਵਿੱਚ ਮੰਤਰੀ ਜੀ ਨੇ ਦੱਸਿਆ ਹੈ ਕਿ 315/- ਰੁਪਏ ਮੁਖਤਿਆਰਨਾਮੇ ਦੀ ਫ਼ੀਸ ਲਗਾਈ ਗਈ ਹੈ ਜੋ ਕਿ ਇਕ ਗਰੀਬ ਆਦਮੀ ਵਾਸਤੇ ਕਾਫੀ ਜ਼ਿਆਦਾ ਹੈ। ਬਾਕੀ ਸਟੇਟਾਂ ਵਿਚ ਇਹ ਫੀਸ ਕਾਫੀ ਘੱਟ ਹੈ। ਇਸ ਨੂੰ ਮੁੜ ਕੇ ਐਗਜ਼ਾਮਿਨ ਕਰਨਾ ਚਾਹੀਦਾ ਹੈ ਅਤੇ ਇਹ ਫ਼ੀਸ ਐਗਜੈਂਪਟ ਕੀਤੀ ਜਾਵੇ ਤਾਂ ਕਿ ਗਰੀਬ ਲੋਕਾਂ ਦਾ ਫਾਇਦਾ ਹੋ ਸਕੇ। ਕੀ ਮੰਤਰੀ ਜੀ ਇਸ ਤੇ ਮੁੜ ਵਿਚਾਰ ਕਰਨ ਲਈ ਤਿਆਰ ਹਨ ?

ਰਾਜ ਮੰਤਰੀ: ਵੈਸੇ ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਕੋਈ ਵੀ ਚੀਜ਼ ਸਹਾਇਤਾ ਗਰੁੱਪ ਤੋਂ ਲਈ ਨਹੀਂ ਜਾਂਦੀ। ਫਿਰ ਵੀ ਘੋਖ ਲਵਾਂਗੇ। ਜੇਕਰ ਕਰ ਸਕਦੇ ਹੋਵਾਂਗੇ ਤਾਂ ਘੱਟ ਕਰਨ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਸੁਖਪਾਲ ਸਿੰਘ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਵਜ਼ੀਰ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਕੀਮ ਹੈ ਇਹ ਗਰੀਬ ਲੋਕਾਂ ਨੂੰ ਰੋਜ਼ਗਾਰ ਦੇਣ ਵਾਸਤੇ ਹੈ, ਫਿਰੋਜ਼ਪੁਰ ਵਿੱਚ ਹੁਣ ਤੱਕ 2004-05 ਵਿੱਚ ਇਨ੍ਹਾਂ ਨੇ ਲਿਖ ਕੇ ਭੇਜਿਆ ਹੈ ਕਿ 8 ਗਰੁੱਪ ਤਿਆਰ ਕੀਤੇ ਗਏ ਹਨ ਜਦੋਂ ਕਿ ਸਾਰਾ ਸਟਾਫ ਉਥੇ ਮੌਜੂਦ ਹੈ, ਫਿਰ ਇਸ ਦੇ ਕੀ ਕਾਰਨ ਹਨ ਕਿ ਗਰੀਬਾਂ ਵਾਸਤੇ ਜਿਹੜੀ ਸਕੀਮ ਹੈ ਜਿਸ ਵਿੱਚ ਆਮਦਨ ਦੇ ਸਾਧਨ ਬਣਨੇ ਹਨ ਇਹ ਸਿਰਫ 8 ਗਰੁੱਪ ਹੀ ਕਿਉਂ ਚਾਲੂ ਕੀਤੇ ਗਏ ਹਨ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਹ ਜਿਹੜੀ ਸਕੀਮ ਹੈ ਇਹ ਗੌਰਮਿੰਟ ਆਫ ਇੰਡੀਆ ਦੀ ਸਕੀਮ ਹੈ। ਇਸ ਦੇ ਵਿੱਚ ਪਹਿਲਾਂ ਜਦੋਂ ਇਹ ਸਕੀਮ ਸ਼ੁਰੂ ਕੀਤੀ ਗਈ ਸੀ ਉਦੋਂ ਗੌਰਮਿੰਟ ਆਫ ਇੰਡੀਆ ਨੇ 5 ਬਲਾਕ ਦਿੱਤੇ ਸੀ ਪਰ ਹੁਣ ਇਹ 16 ਬਲਾਕਾਂ ਵਿੱਚ ਹੈ। ਅੰਮ੍ਰਿਤਸਰ ਵਿੱਚ 3, ਫਰੀਦਕੋਟ 10, ਫਤਹਿਗੜ੍ਹ ਸਾਹਿਬ 2 ਅਤੇ ਸੰਗਰੂਰ ਵਿੱਚ ਇਕ। ਇਸ ਤੋਂ ਇਲਾਵਾ ਗੌਰਮਿੰਟ ਆਫ ਇੰਡੀਆ ਦੀ ਇਕ ਸਕੀਮ ਆਈ ਹੈ। ਉਨ੍ਹਾਂ ਨੇ 15 ਬਲਾਕ ਕਰਕੇ ਭੇਜੇ ਹਨ ਉਸ ਵਿੱਚ ਸਾਡੀ ਇਹ ਸਕੀਮ ਚਲਦੀ ਹੈ। ਇਸ ਤੋਂ ਇਲਾਵਾ ਇਕ ਮਹਿਲਾ ਜਾਗ੍ਰਤੀ ਯੋਜਨਾ ਦੇ ਅਧੀਨ ਕੁਝ ਗਰੁੱਪ ਬਣੇ ਹੋਏ ਹਨ। ਜੇਕਰ ਤੁਸੀਂ ਚਾਹੁੰਦੇ ਹੋ ਤਾਂ ਮੈਂ ਉਸਦੀ ਗਿਣਤੀ ਦੱਸ ਸਕਦੀ ਹਾਂ।

---

## ਘਰਾਂ ਦੀ ਉਸਾਰੀ/ਮੁਰੰਮਤ ਲਈ ਗ੍ਰਾਂਟ

.*1236 ਸਰਦਾਰ ਪ੍ਰਕਾਸ਼ ਸਿੰਘ ਭੱਟੀ : ਕੀ ਭਲਾਈ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2002-03, 2003-04 ਅਤੇ 2004-05 ਦੇ ਦੌਰਾਨ ਰਾਜ ਵਿਚ ਅਨੁਸੂਚਿਤ ਜਾਤੀਆਂ ਲਈ ਘਰਾਂ ਦੀ ਉਸਾਰੀ/ਮੁਰੰਮਤ ਲਈ ਜ਼ਿਲ੍ਹਾ-ਵਾਰ ਕਿੰਨੀ ਗ੍ਰਾਂਟ ਵੰਡੀ ਗਈ ਅਤੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਨੂੰ ਉਕਤ ਗ੍ਰਾਂਟ ਵੰਡਣ ਲਈ ਕੀ ਕਸੌਟੀ ਅਪਣਾਈ ਗਈ ?

ਸ਼੍ਰੀਮਤੀ ਗੁਰਕੰਵਲ ਕੌਰ : ਰਾਜ ਵਿੱਚ ਪੇਂਡੂ ਖੇਤਰ ਵਿੱਚ ਅਨੁਸੂਚਿਤ ਜਾਤੀਆਂ ਦੇ ਗਰੀਬੀ ਦੀ ਰੇਖਾ ਤੋਂ ਹੇਠ ਰਹਿ ਰਹੇ ਬੇ-ਘਰੇ ਪਰਿਵਾਰਾਂ ਨੂੰ ਪਲਾਟ ਮੁਹੱਈਆ ਕਰਨ ਅਤੇ ਮਕਾਨ ਉਸਾਰਨ ਲਈ ਗਰਾਂਟ ਦੇਣ ਦੀ ਸਕੀਮ ਤਹਿਤ ਮਕਾਨਾਂ ਦੀ ਉਸਾਰੀ ਲਈ ਸਾਲ 2002-03, 2003-04 ਅਤੇ 2004-05 ਦੌਰਾਨ ਵੰਡੀ ਗਈ ਰਕਮ ਦਾ ਜ਼ਿਲ੍ਹੇਵਾਰ ਵੇਰਵਾ ਅਨੁਲੱਗ-'ੳ' ਤੇ ਰੱਖਿਆ ਹੈ।

ਮਕਾਨ ਦੀ ਮੁਰੰਮਤ ਕਰਨ ਲਈ ਗਰਾਂਟ ਦੇਣ ਦਾ ਕੋਈ ਉਪਬੰਧ ਨਹੀਂ ਹੈ, ਇਸ ਕਾਰਨ ਸਾਲ 2002-03, 2003-04 ਅਤੇ 2004-05 ਦੌਰਾਨ ਮਕਾਨਾਂ ਦੀ ਮੁਰੰਮਤ ਲਈ ਕੋਈ ਗਰਾਂਟ ਨਹੀਂ ਦਿੱਤੀ ਗਈ।

ਮਕਾਨ ਉਸਾਰਨ ਲਈ ਗਰਾਂਟ ਦੇਣ ਲਈ ਯੋਗ ਲਾਭਪਾਤਰੀਆਂ ਦੀ ਚੋਣ ਕਰਨ ਲਈ ਕਮੇਟੀ/ਸ਼ਰਤਾਂ ਦਾ ਵੇਰਵਾ ਅਨੁਲੱਗ-'ਅ' ਤੇ ਰੱਖਿਆ ਗਿਆ ਹੈ।

ਅਨੁਲੱਗ-'ੳ'

| ਲੜੀ ਨੰ: | ਜ਼ਿਲ੍ਹੇ ਦਾ ਨਾਂ | 2002-03 ਰਾਸ਼ੀ (ਲੱਖਾਂ ਵਿੱਚ) | 2003-04 ਰਾਸ਼ੀ (ਲੱਖਾਂ ਵਿੱਚ) | 2004-05 ਰਾਸ਼ੀ (ਲੱਖਾਂ ਵਿੱਚ) |
|---|---|---|---|---|
| 1 | ਅੰਮ੍ਰਿਤਸਰ | 216.00 | 20.00 | — |
| 2 | ਫਿਰੋਜ਼ਪੁਰ | 144.00 | — | — |
| 3 | ਗੁਰਦਾਸਪੁਰ | 180.00 | 11.80 | — |
| 4 | ਜਲੰਧਰ | 126.00 | — | — |
| 5 | ਕਪੂਰਥਲਾ | 62.20 | — | — |
| 6 | ਲੁਧਿਆਣਾ | 96.40 | — | — |
| 7 | ਫ਼ਤਹਿਗੜ੍ਹ ਸਾਹਿਬ | 63.00 | — | — |
| 8 | ਹੁਸ਼ਿਆਰਪੁਰ | 126.00 | — | — |
| 9 | ਸੰਗਰੂਰ | 180.00 | — | — |
| 10 | ਬਠਿੰਡਾ | 89.80 | — | — |
| 11 | ਮਾਨਸਾ | 63.00 | — | — |
| 12 | ਪਟਿਆਲਾ | 117.00 | 8.00 | — |
| 13 | ਰੋਪੜ | 89.70 | — | — |
| 14 | ਫਰੀਦਕੋਟ | 16.20 | 1.40 | — |
| 15 | ਨਵਾਂ ਸ਼ਹਿਰ | 35.00 | — | — |
| 16 | ਮੁਕਤਸਰ | 42.00 | — | — |
| 17 | ਮੋਗਾ | 41.40 | — | — |
| | ਜੋੜ: | 1687.70 | 4,180 | — |

## ਅਨੁਲੱਗ 'ਅ'

**(ੳ) ਯੋਗ ਲਾਭਪਾਤਰੀ ਚੁਣੇ ਜਾਣ ਲਈ ਕਸੌਟੀ ਸ਼ਰਤਾਂ :**

1. ਉਹ ਪਰਿਵਾਰ ਜੋ ਗਰੀਬੀ ਦੀ ਰੇਖਾ ਤੋਂ ਹੇਠ ਰਹਿ ਰਹੇ ਹਨ ਅਤੇ ਬੇਘਰੇ ਹਨ।

2. ਪਰਿਵਾਰ ਜਿਹੜੇ ਕੱਚੇ ਜਾਂ ਰਹਿਣ ਯੋਗ ਘਰਾਂ ਵਾਲੇ ਜਿਨ੍ਹਾਂ ਨੇ ਪਹਿਲਾਂ ਕਿਸੇ ਵੀ ਸਰਕਾਰ ਦੀ ਮਕਾਨ ਉਸਾਰਨ ਦੀ ਸਕੀਮ ਤਹਿਤ ਲਾਭ ਨਾ ਲਿਆ ਹੋਵੇ।

3. ਪਰਿਵਾਰ ਪੰਜਾਬ ਦਾ ਘੱਟੋ-ਘੱਟ 10 ਸਾਲ ਦਾ ਪੱਕਾ ਵਾਸੀ ਹੋਵੇ ਅਤੇ ਉਸ ਪਾਸ ਆਪਣਾ ਪਲਾਟ ਹੋਵੇ।

4. ਉਹ ਪਰਿਵਾਰ ਜਿਨ੍ਹਾਂ ਪਾਸ ਆਪਣਾ ਪਲਾਟ ਨਹੀਂ ਹੈ ਉਹਨਾਂ ਨੂੰ 10 ਮਰਲੇ ਪਲਾਟ ਦੇਣ ਦਾ ਮੁਹੱਈਆ ਕਰਨ ਦਾ ਉਪਬੰਧ ਹੈ।

**(ਅ) ਪਿੰਡਾਂ ਦੀ ਚੋਣ/ਪਿੰਡ-ਵਾਰ ਲਾਭਪਾਤਰੀਆਂ ਨੂੰ ਪਹਿਲ ਦੇ ਅਧਾਰ ਤੇ ਕਵਰ ਕਰਨ ਦੀ ਵਿਧੀ ਇਸ ਪ੍ਰਕਾਰ ਹੈ :—**

1. ਅਨੁਸੂਚਿਤ ਜਾਤੀਆਂ ਦੀ 75% ਤੋਂ ਵੱਧ ਆਬਾਦੀ ਵਾਲੇ ਪਿੰਡ।

2. ਅਨੁਸੂਚਿਤ ਜਾਤੀਆਂ ਦੀ 50% ਤੋਂ ਵੱਧ ਆਬਾਦੀ ਵਾਲੇ ਪਿੰਡ।

3. ਅਨੁਸੂਚਿਤ ਜਾਤੀਆਂ ਦੀ 25% ਤੋਂ ਵੱਧ ਆਬਾਦੀ ਵਾਲੇ ਪਿੰਡ।

ਉਕਤ ਅਨੁਸਾਰ ਚੁਣੇ ਗਏ ਪਿੰਡ ਦੇ ਸਾਰੇ ਯੋਗ ਲਾਭਪਾਤਰੀਆਂ ਨੂੰ ਕਵਰ ਕਰਨ ਉਪਰੰਤ ਅਗਲਾ/ਹੋਰ ਪਿੰਡ ਕਵਰ ਕੀਤਾ ਜਾਣਾ ਹੈ ਬਸ਼ਰਤੇ ਕਿ ਫੰਡ ਉਪਲੱਬਧ ਹੋਣ।

ਅਨੁਸੂਚਿਤ ਜਾਤੀਆਂ ਦੇ ਬੇ-ਘਰੇ ਯੋਗ ਪਰਿਵਾਰਾਂ ਦੀ ਸ਼ਨਾਖਤ/ਚੋਣ ਕਰਨ ਲਈ ਪਿੰਡ ਪੱਧਰ ਦੀ ਸਬ-ਕਮੇਟੀ ਬਣਾਈ ਗਈ।

ਪਿੰਡ ਪੱਧਰ ਦੀ ਸਬ-ਕਮੇਟੀ ਵੱਲੋਂ ਸ਼ਨਾਖਤ ਕੀਤੇ ਗਏ ਲਾਭਪਾਤਰੀਆਂ ਨੂੰ ਵੱਧ ਗਰੀਬੀ ਦੇ ਅਧਾਰ ਤੇ ਚੁਣੇ ਜਾਣ ਉਪਰੰਤ ਸਬ-ਡਵੀਜ਼ਨ ਪੱਧਰ ਦੀ ਸਬ-ਕਮੇਟੀ ਨੂੰ ਸ਼ਿਫਾਰਸ਼ ਕੀਤੀ ਜਾਂਦੀ ਹੈ ਅਤੇ ਸਬ-ਡਵੀਜ਼ਨ ਪੱਧਰ ਦੀ ਸਬ-ਕਮੇਟੀ ਚੁਣੇ ਗਏ ਯੋਗ ਪਰਿਵਾਰਾਂ ਨੂੰ ਵਿਚਾਰਨ ਲਈ ਜ਼ਿਲ੍ਹਾ ਪੱਧਰ ਦੀ ਕਮੇਟੀ ਨੂੰ ਭੇਜਣੀ ਹੁੰਦੀ ਹੈ। ਹੁਣ ਇਹ ਸਕੀਮ ਸਰਕਾਰ ਦੇ ਨੋਟੀਫਿਕੇਸ਼ਨ ਨੰ: 9/15-2002-ਡਬਲਿਯੂ-6/50, ਮਿਤੀ 14 ਜਨਵਰੀ, 2004 ਅਨੁਸਾਰ ਪੀ.ਆਰ.ਆਈ. ਰਾਹੀਂ ਲਾਗੂ ਕੀਤੀ ਜਾਂਦੀ ਹੈ।

**ਸਰਦਾਰ ਪ੍ਰਕਾਸ਼ ਸਿੰਘ ਭੱਟੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਮਕਾਨ ਬਣਾ ਕੇ ਦਿੱਤੇ ਜਾਂਦੇ ਹਨ ਉਨ੍ਹਾਂ ਦੀ ਜਾਂਚ ਦਾ ਕਰਾਇਟੇਰੀਆ ਕੀ ਅਪਣਾਇਆ ਜਾਂਦਾ ਹੈ?

ਮਾਨਯੋਗ ਸਪੀਕਰ : ਇਲੀਜੀਬਿਲਟੀ ਕੀ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹਦੇ ਵਿੱਚ ਪਿੰਡ ਦੇ ਲਾਭਪਾਤਰੀਆਂ ਨੂੰ ਪਹਿਲ ਦੇ ਅਧਾਰ ਤੇ ਕਵਰ ਕਰਨ ਦੀ ਵਿਧੀ ਇਸ ਪ੍ਰਕਾਰ ਹੈ: ਅਨੁਸੂਚਿਤ ਜਾਤੀਆਂ ਦੀ ਵਸੋਂ 75% ਤੋਂ ਵੱਧ ਆਬਾਦੀ ਵਾਲੇ ਪਿੰਡ ਅਸੀਂ ਸੱਭ ਤੋਂ ਪਹਿਲਾਂ ਕਵਰ ਕਰਨੇ ਹੁੰਦੇ ਹਨ। ਉਸ ਤੋਂ ਬਾਅਦ ਅਨੁਸੂਚਿਤ ਜਾਤੀਆਂ ਦੇ 50% ਵਾਲੇ ਪਿੰਡ ਆਉਂਦੇ ਹਨ ਉਹ ਕਵਰ ਕਰਕੇ ਫਿਰ 25% ਤੋਂ ਵੱਧ ਆਬਾਦੀ ਵਾਲੇ ਪਿੰਡ ਕਵਰ ਕਰਨਾ ਹੈ।

ਸਰਦਾਰ ਪ੍ਰਕਾਸ਼ ਸਿੰਘ ਭੱਟੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਜ਼ੀਰ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਮਕਾਨ ਲਈ ਰਕਮ ਦਿੱਤੀ ਜਾਂਦੀ ਹੈ ਕੀ ਇਹ ਸੈਂਟਰਲ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ ਜਾਂ ਸਟੇਟ ਗੌਰਮਿੰਟ ਦਿੰਦੀ ਹੈ। ਉਸ ਦੇ ਨਾਲ ਹੀ ਜੋ ਰਕਮ 2002-03 ਵਿੱਚ ਖਰਚ ਕੀਤੀ ਗਈ। ਉਹਦੇ ਨਾਲ ਕਿੰਨੇ ਲਾਭਪਾਤਰੀਆਂ ਨੂੰ ਉਸ ਦਾ ਫਾਇਦਾ ਹੋਇਆ ਅਤੇ ਕਿੰਨੀ ਰਕਮ ਇਕ ਲਾਭਪਾਤਰੀ ਨੂੰ ਦਿੱਤੀ ਗਈ ?

ਰਾਜ ਮੰਤਰੀ: ਸਾਡੇ ਕੋਲ 20 ਕਰੋੜ ਰੁਪਏ ਸਾਲ 2002-03 ਵਿਚ ਗੌਰਮਿੰਟ ਆਫ ਇੰਡੀਆ ਕੋਲੋਂ ਆਏ ਹਨ। ਹੁਣ ਸਾਲ 2005-06 ਵਾਸਤੇ 50 ਕਰੋੜ ਰੁਪਏ ਸਾਡੀ ਪੰਜਾਬ ਸਰਕਾਰ ਨੇ ਪਾਏ ਹਨ।

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨਵੇਂ ਮਕਾਨ ਵਾਸਤੇ ਕਿੰਨਾ ਪੈਸਾ ਦਿੱਤਾ ਜਾਂਦਾ ਹੈ ਅਤੇ ਰਿਪੇਅਰ ਵਾਸਤੇ ਕਿੰਨਾ ਦਿੱਤਾ ਜਾਂਦਾ ਹੈ ਜਿੰਨਾਂ ਪੈਸਾ ਇਸ ਵਾਸਤੇ ਬਜਟ ਵਿਚ ਰੱਖਿਆ ਗਿਆ ਸੀ, ਕੀ ਉਹ ਸਾਰੇ ਦਾ ਸਾਰਾ ਖਰਚ ਹੋ ਗਿਆ ਹੈ ?

ਮਾਨਯੋਗ ਸਪੀਕਰ : ਹਾਂ ਜੀ, ਕੀ ਪੂਰਾ ਪੈਸਾ, ਜਿੰਨਾ ਬਜਟ ਵਿਚ ਸੀ, ਖਰਚ ਹੋ ਗਿਆ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਸਵਾਲ ਰਿਪੀਟ ਕਰ ਦੇਣ।

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਸਪੀਕਰ ਸਾਹਿਬ, ਮੈਂ ਪੁੱਛਿਆ ਹੈ ਕਿ ਨਵੇਂ ਮਕਾਨ ਬਣਾਉਣ ਵਾਸਤੇ ਜਿਹੜਾ ਗਰੀਬਾਂ ਨੂੰ ਪੈਸਾ ਦਿੱਤਾ ਜਾਂਦਾ ਹੈ, ਉਹ ਕਿਤਨਾ ਦਿੱਤਾ ਜਾਂਦਾ ਹੈ। ਮਕਾਨਾਂ ਦੀ ਰਿਪੇਅਰ ਕਰਨ ਵਾਸਤੇ ਕਿਤਨਾ ਦਿੱਤਾ ਜਾਂਦਾ ਹੈ ਅਤੇ ਜਿਤਨਾ ਪੈਸਾ ਇਸ ਕੰਮ ਲਈ ਬਜਟ ਵਿਚ ਰੱਖਿਆ ਗਿਆ ਸੀ, ਕੀ ਉਹ ਸਾਰਾ ਖਰਚ ਹੋ ਗਿਆ ਹੈ ਜਾਂ ਨਹੀਂ।

ਰਾਜ ਮੰਤਰੀ: ਮਕਾਨ ਬਣਾਉਣ ਵਾਸਤੇ 20 ਹਜ਼ਾਰ ਰੁਪਏ ਦਿੱਤੇ ਜਾਂਦੇ ਹਨ। 10 ਮਰਲੇ ਦੇ ਪਲਾਟ ਲਈ 25 ਹਜ਼ਾਰ ਰੁਪਏ ਦਿੱਤੇ ਜਾਂਦੇ ਹਨ।

ਸਰਦਾਰ ਸੋਹਨ ਸਿੰਘ ਠੰਡਲ : ਸਪੀਕਰ ਸਾਹਿਬ, ਮੈਂ ਜਾਨਣਾ ਚਾਹੁੰਦਾ ਹਾਂ ਕਿ ਐਸ.ਸੀ. ਕੈਟੇਗਰੀਜ਼ ਲਈ ਮਕਾਨ ਬਣਾਉਣ ਵਾਸਤੇ ਜਿਹੜਾ ਪੈਸਾ ਰੱਖਿਆ ਜਾਂਦਾ ਹੈ, ਜਿਨ੍ਹਾਂ ਗਰੀਬ ਲੋਕਾਂ ਕੋਲ ਪਲਾਟ ਹੀ ਨਹੀਂ ਹੈ, ਜ਼ਮੀਨ ਹੀ ਨਹੀਂ ਹੈ, ਉਨ੍ਹਾਂ ਲੋਕਾਂ ਨੂੰ ਕਿਹੜੀ ਸਕੀਮ ਵਿਚ ਰਾਹਤ ਦਿੱਤੀ ਜਾਂਦੀ ਹੈ।

ਮਾਨਯੋਗ ਸਪੀਕਰ : ਪਲਾਟ ਤਾਂ ਜ਼ਰੂਰੀ ਹੈ। ਬਾਕੀ ਬਾਰੇ ਦੱਸੋ ਕਿ ਉਨ੍ਹਾਂ ਨੂੰ ਕੀ ਹੈਲਪ ਦਿੱਤੀ ਜਾਂਦੀ ਹੈ ?

ਰਾਜ ਮੰਤਰੀ: ਅਸੀਂ 25 ਹਜ਼ਾਰ ਰੁਪਿਆ 10 ਮਰਲੇ ਦੇ ਪਲਾਟ ਵਾਸਤੇ ਦਿੰਦੇ ਹਾਂ ਅਤੇ ਕੰਸਟਰਕਸ਼ਨ ਵਾਸਤੇ 20 ਹਜ਼ਾਰ ਰੁਪਿਆ ਦੋ ਇਨਸਟਾਲਮੈਂਟ ਵਿਚ ਦਿੰਦੇ ਹਾਂ।

---

**Repair of Sunam-Ludhiana Highway**

***1082. Sardar Parminder Singh Dhindsa :** Will the Public Works (B&R) Minister be pleased to state—

(a) the year in which the Sunam-Ludhiana Highway was repaired last togetherwith the year in which its repair is due again ;

(b) whether there is any proposal under consideration of the Government to repair the road referred to in part (a) above; if so, the details thereof ?

**Sardar Partap Singh Bajwa :** (a) Yes please. The part of road from Sunam to Sangrur with 11.50 k.m. was last repaired in two parts. 7.00 Km. (0.00 Km to 7.00 Km) in 1998-99 and 4.50 Km. (7.00 Km. to 11.50 Km.) in 2000-01. It is due for repair in 2003-04 and 2005-06 respectively. The road from Sangrur to Ludhiana was last repaired in 1999-2000 and 2000-2001. It is due for repair in the year 2004-05 and 2005-06; (b) Yes please. It is proposed to repair this road during 2005-06.

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਧੂਰੀ ਤੋਂ ਮਲੇਰਕੋਟਲਾ ਵਾਲੀ ਸੜਕ, ਨਹੀਂ ਸੌਰੀ, ਧੂਰੀ ਤੋਂ ਲੁਧਿਆਣਾ ਸੜਕ ਬੜੀ ਇੰਪਾਰਟੈਂਟ ਸੜਕ ਹੈ। ਇਸ ਸੜਕ ਤੇ ਤਕਰੀਬਨ ਡੇਢ ਸਾਲ ਤੋਂ ਆਵਾਜਾਈ ਬਿਲਕੁਲ ਠੱਪ ਪਈ ਹੈ। ਲੋਕ 30—40 ਕਿਲੋਮੀਟਰ ਦਾ ਵਲ ਪਾ ਕੇ ਆਉਂਦੇ-ਜਾਂਦੇ ਹਨ। ਜਦੋਂ ਇਨ੍ਹਾਂ ਨੂੰ ਪੁੱਛੀਦਾ ਹੈ, ਕਦੀ ਇਹ ਕਹਿੰਦੇ ਹਨ ਕਿ ਕਾਰੀਡੋਰ ਸਕੀਮ ਵਿਚ ਪਾਈ ਹੋਈ ਹੈ, ਕਦੀ ਕਿਸੇ ਹੋਰ ਸਕੀਮ ਵਿਚ ਪਾਈ ਦੱਸਦੇ ਹਨ। ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਇਸ ਸੜਕ ਨੂੰ ਕਿਹੜੀ ਸਕੀਮ ਵਿਚ ਪਾਇਆ ਗਿਆ ਹੈ ਅਤੇ ਕੀ ਇਹ ਭਰੋਸਾ ਦਿਵਾਉਣਗੇ ਕਿ ਇਸ ਸੜਕ ਦੀ ਕਦੋਂ ਤੱਕ ਰਿਪੇਅਰ ਮੁਕੰਮਲ ਕਰ ਦੇਣਗੇ।

ਮੰਤਰੀ : ਮਾਨਯੋਗ ਮੈਂਬਰ ਸਾਹਿਬ, ਬਿਲਕੁਲ ਠੀਕ ਫੁਰਮਾ ਰਹੇ ਹਨ। ਇਹ ਸੜਕ ਬੜੀ ਇੰਪਾਰਟੈਂਟ ਸੜਕ ਹੈ। ਪਰ ਫੰਡਾਂ ਦੀ ਕਮੀ ਕਾਰਨ ਸਾਨੂੰ ਇਹ ਪ੍ਰਾਬਲਮ ਆ ਰਹੀ ਹੈ। ਪਰ ਮੈਂ ਹੁਣ ਮੈਂਬਰ ਸਾਹਿਬ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਇਸ ਦੇ ਟੈਂਡਰ 5 ਅਪ੍ਰੈਲ ਨੂੰ ਖੁਲ੍ਹਣੇ ਹਨ ਅਤੇ ਅਸੀਂ ਅਗਲੀ 31 ਮਾਰਚ ਤੱਕ ਇਸ ਨੂੰ ਠੀਕ ਕਰਵਾ ਦੇਵਾਂਗੇ। ਇਸ ਤੇ

[ਲੋਕ ਨਿਰਮਾਣ (ਭ: ਤੇ ਮਾ.) ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ]

12 ਕਰੋੜ ਰੁਪਏ ਦੀ ਲਾਗਤ ਆਉਣੀ ਹੈ। ਇਸ ਤੋਂ ਇਲਾਵਾ ਮੈਂ ਮੈਂਬਰ ਸਾਹਿਬ ਨੂੰ ਹੋਰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੇ ਐਫਰਟਸ ਸਦਕਾ ਵਰਲਡ ਬੈਂਕ ਨੇ ਪੰਜਾਬ ਦੀਆਂ ਬਹੁਤ ਸਾਰੀਆਂ ਸੜਕਾਂ ਦੀ ਸਕੀਮ ਸ਼ੁਰੂ ਕਰ ਦਿੱਤੀ ਹੈ। ਇਹ ਸੜਕ ਵੀ ਅਕਤੂਬਰ, 2006 ਤੱਕ ਵਰਲਡ ਬੈਂਕ ਦੀ ਸਕੀਮ ਵਿਚ ਆ ਗਈ ਹੈ। ਲੁਧਿਆਣਾ ਤੋਂ ਅਹਿਮਦਗੜ੍ਹ ਤੱਕ ਫੋਰ ਲੇਨਿੰਗ ਹੋ ਰਹੀ ਹੈ। 33 ਫੁੱਟ ਚੌੜੀ ਵੀ ਕੀਤੀ ਜਾ ਰਹੀ ਹੈ। ਬਾਈ ਪਾਸ ਵੀ ਪਰਪੋਜ਼ ਕੀਤੇ ਗਏ ਹਨ। ਇਹ ਇਕ ਬਿਹਤਰੀਨ ਸੜਕ ਹੋਵੇਗੀ। ਇਸ ਤੋਂ ਪਹਿਲਾਂ ਇਸ ਨੂੰ ਠੀਕ ਕਰਨ ਵਾਸਤੇ 5 ਅਪ੍ਰੈਲ ਨੂੰ ਟੈਂਡਰ ਖੁਲ੍ਹਣੇ ਹਨ ਅਤੇ ਅਗਲੇ ਮਾਰਚ-31 ਤੋਂ ਪਹਿਲਾਂ ਇਸ ਨੂੰ ਠੀਕ ਕਰ ਦਿੱਤਾ ਜਾਵੇਗਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਠੀਕ ਕਰਾਉਣ ਬਾਰੇ ਕਹਿ ਰਹੇ ਹਨ ਕੀ ਇਸ ਤੇ ਟੋਲ ਟੈਕਸ ਵੀ ਵਸੂਲ ਕਰਨਗੇ ਜਾਂ ਸੋਸ਼ਲ ਸਰਵਿਸ ਤੇ ਇਸ ਦੀ ਰਿਪੇਅਰ ਕਰਾਉਣਗੇ ?

**ਮੰਤਰੀ:** ਸਪੀਕਰ ਸਾਹਿਬ, ਇਹ ਟੋਲ-ਰੋਡ ਵਿੱਚ ਨਹੀਂ ਹੈ। ਵੈਸੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਦੁਨੀਆਂ ਦੇ ਸਾਰੇ ਜਿਹੜੇ ਡਿਵੈਲਪਡ ਮੁਲਕ ਹਨ....

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਤੁਸੀਂ ਸਾਨੂੰ ਤਾਂ ਬੋਲਣ ਨਹੀਂ ਦਿੰਦੇ ਇਹ ਲੈਕਚਰ ਕਰ ਰਹੇ ਹਨ This is lecture. ਸਾਡਾ ਤਾਂ ਰਾਈਟ ਵੀ ਬਣਦਾ ਹੈ।

**ਮਾਨਯੋਗ ਸਪੀਕਰ :** ਪਹਿਲਾਂ ਉਨ੍ਹਾਂ ਨੂੰ ਜਵਾਬ ਤਾਂ ਦੇ ਲੈਣ ਦਿਓ, ਉਨ੍ਹਾਂ ਨੂੰ ਬੋਲਦੇ ਬੋਲਦੇ ਨਾ ਰੋਕੋ। This is not the way. Please sit down.

**ਮੰਤਰੀ:** ਸਪੀਕਰ ਸਾਹਿਬ, ਕਦੇ ਇਹ ਕਹਿੰਦੇ ਹਨ ਕਿ ਤੁਸੀਂ ਜਵਾਬ ਘੱਟ ਦਿੰਦੇ ਹੋ ਜੇ ਵੱਧ ਜਵਾਬ ਦਿੰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਵੱਧ ਦਿੰਦੇ ਹੋ ਇਹ ਤਾਂ ਸੁਣਨਾ ਨਹੀਂ ਚਾਹੁੰਦੇ। ਜੇ ਇਹ ਕਹਿੰਦੇ ਹਨ ਤਾਂ ਘੱਟ ਜਵਾਬ ਦੇ ਦਿਆ ਕਰਾਂਗੇ। ਘੱਟ ਜਵਾਬ ਦੇਣਾ ਤਾਂ ਬੜਾ ਸੌਖਾ ਹੈ।

**ਕੈਪਟਨ ਕੰਵਲਜੀਤ ਸਿੰਘ :** ਮਾਨਯੋਗ ਸਪੀਕਰ ਸਾਹਿਬ, ਇਸ ਸਰਕਾਰ ਦੇ ਸਮੇਂ ਜਿਹੜੀਆਂ ਸੜਕਾਂ ਬਣ ਰਹੀਆਂ ਹਨ ਉਨ੍ਹਾਂ ਦੀ ਕੁਆਲਿਟੀ ਬਹੁਤ ਮਾੜੀ ਹੈ। ਮੈਂ ਮਿਸਾਲ ਦੇਣੀ ਚਾਹੁੰਦਾ ਹਾਂ ਕਿ.....

**ਮਾਨਯੋਗ ਸਪੀਕਰ :** ਕੰਵਲਜੀਤ ਜੀ, ਤੁਸੀਂ ਸਵਾਲ ਕਰੋ, ਸੜਕ ਦੀ ਕੁਆਇਲਟੀ ਦੀ ਮਿਸਾਲ ਨਾ ਦਿਓ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੂੰ ਤਾਂ ਤੁਸੀਂ ਲੈਕਚਰ ਵੀ ਅਲਾਓ ਕਰ ਦਿੰਦੇ ਹੋ ਅਤੇ ਸਾਨੂੰ ਮਾੜੀ ਮੋਟੀ ਗੱਲ ਵੀ ਨਹੀਂ ਕਰਨ ਦਿੰਦੇ। ਸਪੀਕਰ ਸਾਹਿਬ, ਮੈਂ ਮਿਸਾਲ ਵਜੋਂ ਦੱਸਣਾ ਚਾਹੁੰਦਾ ਹਾਂ ਕਿ ਪਟਿਆਲਾ ਤੋਂ ਪਾਤੜਾਂ ਜਿਹੜੀ ਸੜਕ ਬਣਾਈ ਗਈ ਹੈ ਉਸ ਨੂੰ ਬਣੇ 6 ਮਹੀਨੇ ਹੋਏ ਹਨ ਅਤੇ ਟੁੱਟ ਵੀ ਗਈ ਹੈ.....

**Mr. Speaker :** Please ask question. This is not time for debate.

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਜਿਹੜੀਆਂ ਇਹ ਸੜਕਾਂ ਇਸ ਤਰ੍ਹਾਂ ਟੁੱਟ ਰਹੀਆਂ ਹਨ ਤਿੰਨ-ਤਿੰਨ, ਛੇ-ਛੇ ਮਹੀਨੇ ਪਿੱਛੋਂ ਕੀ ਇਨ੍ਹਾਂ ਬਾਰੇ ਮੰਤਰੀ ਜੀ ਇਨਕੁਆਰੀ ਕਰਵਾਕੇ ਹਾਊਸ ਨੂੰ ਦੱਸਣਗੇ ਕਿ ਕਿਉਂ ਕੁਆਲਿਟੀ ਮਾੜੀ ਹੈ ?

ਮੰਤਰੀ: ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੀ ਸੜਕ ਟੁੱਟੀ ਹੈ ਪਹਿਲਾਂ ਕਦੇ ਇਹ ਮੇਰੇ ਨੋਟਿਸ ਵਿੱਚ ਨਹੀਂ ਲੈ ਕੇ ਆਏ ਤਾਂ ਕਿ ਮੈਂ ਜਵਾਬ ਦੇ ਸਕਦਾ। ਹੁਣ ਇਹ ਲੈ ਕੇ ਆਏ ਹਨ ਇਸ ਦਾ ਜਵਾਬ ਆ ਜਾਵੇਗਾ ਜੀ।

---

## Repair of Tehsil Road, Jagraon

***1215. Sardar Bhag Singh Malla :** Will the Public Works (B&R) Minister be pleased to state the time by which the Tehsil road, Jagraon is likely to be repaired in view of its dilapidated condition ?

**Sardar Partap Singh Bajwa :** Tehsil Road, Jagraon is likely to be repaired during the year 2005-06.

**ਸਰਦਾਰ ਭਾਗ ਸਿੰਘ ਮੱਲ੍ਹਾ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸੜਕ ਦੀ ਹਾਲਤ ਬਹੁਤ ਮਾੜੀ ਹੈ ਅਤੇ ਇਕ ਸਾਲ ਤੋਂ ਮੈਂ ਕੋਸ਼ਿਸ਼ ਕਰ ਰਿਹਾ ਹਾਂ। ਇਨ੍ਹਾਂ ਦੇ ਕਰਮਚਾਰੀਆਂ ਨਾਲ ਟੈਲੀਫੂਨ ਤੇ ਵੀ ਗੱਲ ਕਰਦਾ ਰਿਹਾ ਹਾਂ ਪਰ ਉਹ ਗੱਲ ਸਿਰੇ ਨਹੀਂ ਚੜ੍ਹ ਸਕੀ। ਸਪੀਕਰ ਸਾਹਿਬ, ਇਸ ਸੜਕ ਤੇ ਬਹੁਤ ਹਾਦਸੇ ਹੁੰਦੇ ਹਨ ਅਤੇ ਇਹ ਹੈ ਵੀ ਸਿਰਫ ਇਕ ਫਰਲਾਂਗ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਜਵਾਬ ਦਿਤਾ ਹੈ likely to be repaired ਕੀ ਇਸ ਨੂੰ immediately ਵਿੱਚ ਤਬਦੀਲ ਕਰ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਕਹਿ ਦਿੱਤਾ। ਉਨ੍ਹਾਂ ਦਾ ਹੁਕਮ ਮੰਨ ਲੈਂਦੇ ਹਾਂ। likely ਨੂੰ immediately ਵਿੱਚ ਤਬਦੀਲ ਕਰ ਦਿੱਤੇ ਹਨ ਜੀ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਸੜਕਾਂ ਦੇ ਬਣਨ ਅਤੇ ਉਨ੍ਹਾਂ ਦੀ ਰਿਪੇਅਰ ਬਾਰੇ ਇਕ ਬਹੁਤ ਵੱਡਾ ਬਿਚੂਮਨ ਦਾ ਸਕੈਂਡਲ ਸਾਹਮਣੇ ਆਇਆ ਸੀ ਅਤੇ ਮੰਤਰੀ ਜੀ ਨੇ ਵਿਸ਼ਵਾਸ਼ ਦਿਲਾਇਆ ਸੀ ਕਿ ਇਨਕੁਆਰੀ ਕਰਕੇ ਉਹ ਇਨਕੁਆਰੀ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ। ਕੀ ਉਹ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣ ਲਈ ਤਿਆਰ ਹਨ।

ਮੰਤਰੀ: ਸਪੀਕਰ ਸਾਹਿਬ, ਮੇਰੇ ਕੋਲ ਇੰਨਕੁਆਰੀ ਦੀ ਰਿਪੋਰਟ ਪਹੁੰਚੇਗੀ ਤਾਂ ਅਸੀਂ ਜ਼ਰੂਰ ਇੱਥੇ ਪਹੁੰਚਾ ਦੇਵਾਂਗੇ ਜੀ।

## Agreement Regarding Guru Gobind Singh Oil Refinery, Bathinda

*1105. **Sardar Jeetmohinder Singh Sidhu :** Will the Chief Minister be pleased to state the difference between the previous and the present agreements executed by the State Government with the Hindustan Petroleum Corporation Limited regarding Guru Gobind Singh Oil Refinery being set up in district Bathinda ?

**Captain Amarinder Singh :** The previous Government did not sign any 'Deed of Assurance' with the Hindustan Petroleum Corporation Limited (HPCL). However, they committed following incentives to the HPCL for establishing a Refinery at Bathinda :

(a) Deferment of sales tax to the extent of 300% of fixed capital investment to be availed in 15 years with repayment of deferred amount in 30 semi annual instalments.

(b) deferment from CST for 15 years alongwith repayment of the same in 30 semi annual instalments. However, the total eligibility of the unit for availing sales tax deferment and CST deferment shall remain 300% of FCI.

(3) Exemption from Octroi for a period of 10 years from date of production.

(4) Levy of departmental charges for the acquisition of land on actual expenditure basis instead of departmental charges @ 14%.

(5) Exemption from electricity duty on generation of power for own consumption in Refinery for 15 years and during the construction of refinery.

(6) Supply of free water during construction of Refinery.

(7) Sharing of infrastructure development cost estimated to Rs. 180 crore for construction of road to connect refinery site to NH-10, augmentation of raw water canal and construction of school and hospital in the township.

(8) To provide Government land, wherever available, at collector rate for putting up of 500 state of the art retail outlets in the State.

(9) To allot preferential procurement of POL requirements by the various State Government Departments provided that the price charged by the HPCL is competitive.

(10) To grant Naphtha linkage to the refinery on preferential basis.

(11) Supply of power to the refinery as per the terms and conditions applicable to similar industrial consumers in the State for the construction of the refinery.

Considering the incentive at Sr. No. 1 harmful to the economic interest of the State, the present Government has renegotiated the terms and conditions of the proposal and amended this incentive as follows :

(i) To provide interest free loan of Rs. 250 crore per year for a period of 5 years (Total amount Rs. 1250 crore) repayable in next 5 years, in lieu of Sales Tax deferment.

All other concessions/incentives committed earlier have been kept intact and unchanged.

The Deed of Assurance is expected to be signed on the basis of revised terms and conditions shortly.

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਸ਼੍ਰੀ ਗੁਰੂ ਗੋਬਿੰਦ ਸਿੰਘ ਆਇਲ ਰਿਫਾਇਨਰੀ ਜ਼ਿਲ੍ਹਾ ਬਠਿੰਡਾ ਵਿੱਚ ਲੱਗ ਰਹੀ ਹੈ ਅਤੇ ਇਹ ਮੇਰੇ ਹਲਕੇ ਤਲਵੰਡੀ ਸਾਬੋ ਵਿੱਚ ਬਣ ਰਹੀ ਹੈ। ਪਿਛਲੀ ਸਰਕਾਰ ਵੇਲੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜੀ ਨੇ ਇਸ ਦਾ ਨੀਂਹ ਪੱਥਰ ਰੱਖਿਆ ਸੀ। ਉਦੋਂ ਜ਼ਮੀਨ ਵੀ ਐਕੁਆਇਰ ਹੋਈ ਤੇ ਇਸ ਤੇ ਥੋੜ੍ਹਾ ਬਹੁਤਾ ਕੰਮ ਵੀ ਚਲਿਆ ਪਰ ਹੁਣ ਗੱਲਾਂ ਸਾਹਮਣੇ ਆ ਰਹੀਆਂ ਹਨ ਕਿ ਪਿਛਲੀ ਸਰਕਾਰ ਨੇ ਐਚ.ਪੀ.ਸੀ.ਐਲ. ਨਾਲ ਡੀਡ ਆਫ ਐਸ਼ਿਓਰੈਂਸ ਵੀ ਸਾਈਨ ਨਹੀਂ ਕੀਤੀ ਔਰ ਕੰਮ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਪਿਛਲੀ ਸਰਕਾਰ ਵੇਲੇ ਡੀਡ ਆਫ ਐਸ਼ਿਓਰੈਂਸ ਸਾਈਨ ਨਾ ਹੋਣ ਦੇ ਬਾਵਜੂਦ ਉਸ ਤੇ ਜ਼ਮੀਨ ਐਕੁਆਇਰ ਕਰਕੇ ਕੰਮ ਸ਼ੁਰੂ ਕਰ ਦਿੱਤਾ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ-ਕੀ ਜਿਹੜਾ ਇਹ ਕੰਮ ਸ਼ੁਰੂ ਕੀਤਾ ਗਿਆ, ਕੀ ਉਹ ਕੰਮ ਪੰਜਾਬ ਸਰਕਾਰ ਨੇ ਸ਼ੁਰੂ ਕਰਵਾਇਆ ਜਾਂ ਪੀ.ਐਸ.ਆਈ.ਡੀ.ਸੀ. ਦੇ ਸ਼ੇਅਰ ਨਾਲ ਸ਼ੁਰੂ ਕੀਤਾ ਗਿਆ? ਕੀ ਡੀਡ ਆਫ ਐਸ਼ਿਓਰੈਂਸ ਐਚ.ਪੀ.ਸੀ.ਐਲ. ਨਾਲ ਕਰਨ ਤੋਂ ਪਹਿਲਾਂ ਹੀ ਕੰਮ ਸ਼ੁਰੂ ਕਰ ਦਿੱਤਾ ਗਿਆ?

ਮੁੱਖ ਮੰਤਰੀ: ਸਪੀਕਰ ਸਾਹਿਬ, ਟਰਮਜ਼ ਤਾਂ ਪਹਿਲਾਂ ਤਹਿ ਹੋਈਆਂ ਪਰ ਸੈਕੰਡਲੀ ਕਨਸਰਨਡ ਡਿਪਾਰਟਮੈਂਟ ਨੇ ਐਕੁਜ਼ੀਸ਼ਨ ਬੇਸਿਜ਼ ਤੇ ਐਕੁਆਇਰ ਕੀਤਾ ਸੀ।

ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ : ਸਪੀਕਰ ਸਾਹਿਬ, ਹੁਣ ਜਿਹੜਾ ਸਰਕਾਰ ਨੂੰ ਫਾਇਦਾ ਹੋਇਆ ਹੈ ਜਿਸ ਨਾਲ ਸੇਲਜ਼ ਟੈਕਸ ਦੀ ਐਗਜ਼ੈਪਸ਼ਨ ਹੋਈ ਹੈ, ਉਹ ਕਿੰਨੀ ਅਮਾਊਂਟ ਹੈ ਜਿਸ ਨਾਲ ਸਰਕਾਰ ਨੂੰ ਫਾਇਦਾ ਹੋਵੇਗਾ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਦੇ ਦੋ ਪੱਖ ਹਨ। ਅਗਰ ਸੀ.ਐਸ.ਟੀ. 600 ਕਰੋੜ ਹੈ ਤਾਂ 15 ਸਾਲਾਂ ਵਿੱਚ ਇਹ 9806 ਕਰੋੜ ਬਣਦਾ ਹੈ, ਅਗਰ ਰਿਫਾਇਨਰੀ ਚਲੇਗੀ ਤੇ ਪ੍ਰੋਡਕਸ਼ਨ ਵਧੇਗੀ। ਇਸ ਹਿਸਾਬ ਨਾਲ ਜੇ 1500 ਕਰੋੜ ਰੁਪਏ ਸੇਲਜ਼ ਟੈਕਸ ਹੋਵੇ ਤਾਂ ਫਿਰ ਇਹ 15000 ਕਰੋੜ ਰਫਲੀ ਬਣਦਾ ਹੈ। ਅਗਰ 600 ਕਰੋੜ ਨਾਲ ਸਟਾਰਟ ਕੀਤਾ ਜਾਵੇ ਤੇ 600 ਕਰੋੜ ਨਾਲ ਹੀ ਐਂਡ ਕੀਤਾ ਜਾਵੇ ਤਾਂ ਇਸ ਨਾਲ ਰਫਲੀ 9806 ਕਰੋੜ ਬਣੇਗਾ ਅਤੇ ਇਸ ਵਿਚੋਂ 1200 ਕਰੋੜ ਘਟਾ ਦਿੱਤਾ ਜਾਵੇ ਤਾਂ ਸੇਲਜ਼ ਟੈਕਸ ਸੇਵਿੰਗ 8600 ਕਰੋੜ ਰੁਪਏ ਬਣੇਗੀ। ਅਗਰ 1500 ਕਰੋੜ ਰੁਪਿਆ ਹੈ ਤਾਂ 13800 ਕਰੋੜ ਰੁਪਏ ਦੀ ਸੇਵਿੰਗ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਚਾਰ ਸਾਲ ਡਿਲੇਅ ਹੋਈ ਹੈ, ਉਸ ਵਿੱਚ ਕਿੰਨਾ ਨੁਕਸਾਨ ਹੋਇਆ ਹੈ ਅਤੇ ਇਸ ਦਾ ਕੀ ਅੰਦਾਜ਼ਾ ਲਗਾਇਆ ਗਿਆ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਕੋਈ ਨੁਕਸਾਨ ਨਹੀਂ ਹੋਇਆ। ਇਹ ਪੰਜਾਬ ਦੀ ਇਕਾਨਮੀ ਦੇ ਫਿਊਚਰ ਦਾ ਕੁਐਸਚਨ ਹੈ। ਅਗਰ ਅਸੀਂ ਇਹੋ ਜਿਹੀ ਛੋਟ ਦੇ ਦਿੰਦੇ ਹਾਂ, ਜੋ ਇਨ੍ਹਾਂ ਨੇ ਨੈਗੋਸ਼ੀਏਟ ਕੀਤਾ ਸੀ, ਉਸ ਨਾਲ ਸਾਡੀ ਆਮਦਨ ਘਟਦੀ ਸੀ। ਇਨ੍ਹਾਂ ਨੇ 8 ਹਜ਼ਾਰ ਕਰੋੜ ਤੋਂ ਲੈ ਕੇ 13 ਹਜ਼ਾਰ ਕਰੋੜ ਤੱਕ ਐਗਜ਼ੈਪਸ਼ਨ ਦਿੱਤੀ, ਪਤਾ ਨਹੀਂ ਕੀ ਨੈਗੋਸ਼ੀਏਟ ਕੀਤਾ, ਪਤਾ ਨਹੀਂ ਇਨ੍ਹਾਂ ਦੇ ਕੀ ਅਲਟੀਰੀਅਰ ਮੋਟਿਵ ਸਨ। ਜਦੋਂ ਫਾਈਲ ਪੜ੍ਹੋ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਸਾਊਦੀ ਅਰਬ ਅਤੇ ਇਰਾਨ ਦੀਆਂ ਕੰਪਨੀਆਂ ਨਾਲ ਵੀ ਗੱਲਬਾਤ ਚਲਦੀ ਰਹੀ ਹੈ। ਜਦੋਂ ਅਸੀਂ ਆਏ ਤਾਂ ਅਸੀਂ ਸਟੱਡੀ ਕੀਤਾ ਔਰ ਸਟੱਡੀ ਦੇ ਮੁਤਾਬਿਕ ਸਮਝਿਆ ਕਿ ਇਸ ਨਾਲ ਪੰਜਾਬ ਦੀ ਇਕਾਨਮੀ ਬਿਲਕੁੱਲ ਸ਼ੈਟਰ ਹੋ ਜਾਵੇਗੀ। ਸਾਡੇ ਕੋਲ ਰਿਸੋਰਸਿਜ਼ ਹੈ ਨਹੀਂ। ਜਦੋਂ ਅਸੀਂ ਉਨ੍ਹਾਂ ਨੂੰ ਕਿਹਾ ਤਾਂ ਉਹ ਐਚ.ਪੀ.ਸੀ.ਐਲ. ਵਾਲੇ ਕਹਿੰਦੇ ਕਿ ਅਸੀਂ ਐਗਰੀਮੈਂਟ ਤੋੜਨਾ ਚਾਹੁੰਦੇ ਹਾਂ। ਅਸੀਂ ਕਿਹਾ ਜਾਣਾ ਹੈ ਤਾਂ ਜਾਓ। We don't care. We will not allow you to loot the Punjab. ਫਿਰ ਅੰਤ ਵਿੱਚ ਫਾਈਨਲੀ ਪ੍ਰਾਈਮ ਮਨਿਸਟਰ ਦੇ ਆਫਿਸ ਵਿੱਚ ਨੈਗੋਸ਼ੀਏਟ ਹੋਇਆ, ਜਿਸ ਵਿੱਚ ਸਾਰੀਆਂ ਗੱਲਾਂ ਅਡਾਪਟ ਕੀਤੀਆਂ ਗਈਆਂ। They adopted new terms. ਕਿਥੇ ਦੇਣਾ ਸੀ 15 ਹਜ਼ਾਰ ਕਰੋੜ ਰੁਪਿਆ and now we are coming down to 1280 Crores. ਇਹ ਦੇਖੋ ਇਸ ਨਾਲ ਪੰਜਾਬ ਨੂੰ ਕਿੰਨਾ ਫਾਇਦਾ ਹੋਇਆ ਹੈ।

---

## Agricultural Produce Exempted from Payment of Market Fee

***1107. Sardar Jeetmohinder Singh Sidhu :** Will the Chief Minister be pleased to state—

(a) the names of the agricultural produce exempted from payment of Market Fee in the State ;

(b) Whether the agricultural produce mentioned in part (a) are also exempted from the payment of Rural Development Fee?

**Captain Amarinder Singh :** (a) The names of agricultural produce exempted from the payment of Market Fee in the State are enclosed at Annexure—'A'.

(b) Yes, sir All agricultural produce mentioned in Annexure— 'A' are exempted from Rural development fee as it is exempted from Market Fees.

### Annexure-A

(a) (i) Great Millet (Jowar) Gram and Kabli Gram (Chana Kala and Safaid), Cotton Seed (Banaula), Ground Nut (Shelled and unshelled) Cluster Bean (Guara), Turmeric (Haldi), Heena (Mehndi), Goat Hair, Camel Hair, Indian Clove, (Senji), Cress/ Gardenress (Hallon), Oats (Javi), Gur, Shakkar, Khandsari, Green Gram (Mung), Black Gram (Mash), Phaseolus aconitifoetius (Moth), Lentil (Massur), Pigenopea (Arhar), Rajmah, Soya Bean, Indian Colza (Sarson), Indian Rape (Toria), Maize (Makki), Barley (Jau) and Spiked Millet (Bajra), flowers and Sericulture (raw silk) in a notified market area within the State of Punjab.

(ii) Indian Colza (Sarson), Indian Rape (Toria), Rochet (Tara Mira), Linseed (Alsi), Indian Mustard (Raya), Sesamus (Til), Groundnut (Unshelled) and Sunflower Seed imported from out side the state of Punjab for the purpose of Processing and which is not bought or sold as such in the notified market area.

(iii) Paddy (Basmati) imported from outside the State of Punjab on presentation of relevant documents.

**[Chief Minister]**

(iv) All Fruits and Vegetables purchased by processing industries through contract farming.

(v) Wheat purchased by processing industries for the purpose of processing in the State.

(vi) Raw hides and skins and sale of cured tanned and processed hides and skins from persons who themselves are tanners and are residing in the State.

(vii) Market fee is refunded on fruits and vegetables exported to other countries from the State of Punjab on production of export documents.

(viii) Market fee is refunded on rice or paddy out of which rice is extracted and exported to other countries from the State of Punjab on production of export documents.

(ix) Market fee is charged @ 0.25% instead of 2% on crops grown under contract farming programme which are otherwise not covered under above provisions.

(x) The organic produces grown under organic practices whether under contract farming or otherwise which are certified by the Punjab Agri. Export Corporation Limited ; and

(xi) The durum wheat grown under the contract farming by the farmer or the dealers, as the case may be, who are registered with the Punjab Agro Foodgrains Corporation.

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸੀ.ਐਮ. ਸਾਹਿਬ ਤੋਂ ਪੁੱਛਣਾ ਚਹੁੰਦਾ ਹਾਂ ਕਿ ਇਹ ਜੋ ਐਗਰੀਕਲਚਰਲ ਪ੍ਰੋਡਿਊਸ ਨੂੰ ਮਾਰਕੀਟ ਫੀਸ ਤੋਂ ਐਗਜ਼ੈਂਪਸ਼ਨ ਦਿੱਤੀ ਗਈ ਹੈ, ਇਹ ਕਦੋਂ ਤੋਂ ਲਾਗੂ ਹੋਈ ਹੈ ? ਇਹ ਪਿਛਲੀ ਸਰਕਾਰ ਨੇ ਲਾਗੂ ਕੀਤੀ ਸੀ ਜਾਂ ਸਾਲ 2002 ਤੋਂ ਬਾਅਦ ਜਦੋਂ ਨਵੀਂ ਸਰਕਾਰ ਬਣੀ, ਉਸ ਤੋਂ ਬਾਅਦ ਇਹ ਪ੍ਰੋਡਿਊਸ ਦੀ ਐਗਜੈਂਪਸ਼ਨ ਹੋਈ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਵੱਖ-ਵੱਖ ਸਮੇਂ ਤੇ ਐਗਜ਼ੈਂਪਸ਼ਨਜ਼ ਦਿੱਤੀਆਂ ਗਈਆਂ ਹਨ। ਸਾਲ 2002 ਵਿੱਚ ਸਰਸੋਂ, ਤੋਰੀਆ, ਮੱਕੀ, ਜੌਂ, ਬਾਜਰਾ ਵਗੈਰਾ ਤੇ ਐਗਜ਼ੈਂਪਸ਼ਨ ਦਿੱਤੀ ਗਈ ਸੀ। 1993 ਵਿੱਚ ਵੀ ਕੁਝ ਛੋਟਾਂ ਹੋਈਆਂ ਹਨ। Vide notification No. 3, May, 1993, ਉਸ ਵਿੱਚ ਅਲਸੀ, ਤਿਲ ਅਤੇ ਮੂੰਗਫਲੀ ਵਗੈਰਾ ਸ਼ਾਮਿਲ ਹੈ। ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਵੱਲੋਂ ਵੀ ਕੁਝ ਹੋਈਆਂ ਸਨ। ਇਹ ਟਾਈਮ ਟੂ ਟਾਈਮ ਹੋਈਆਂ ਹਨ।

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਐਗਜ਼ੈਂਪਸ਼ਨਜ਼ ਹੋਈਆਂ ਹਨ, ਇਨ੍ਹਾਂ ਬਾਰੇ ਗੌਰਮਿੰਟ ਦੀ ਕੋਈ ਨੋਟੀਫਿਕੇਸ਼ਨ ਹੁੰਦੀ ਹੈ ਜਾਂ ਚੇਅਰਮੈਨ, ਮੰਡੀ ਬੋਰਡ ਆਪਣੇ ਵੱਲੋਂ ਇਹ ਐਗਜ਼ੈਂਪਟ ਕਰ ਦਿੰਦਾ ਹੈ ?

**Chief Minister** : No, no. ਇਹ ਤਾਂ by notification of the State Govt. ਹੁੰਦੀਆਂ ਹਨ।

---

**ਮਿਊਂਸਿਪਲ ਕੌਂਸਲ, ਫਿਰੋਜ਼ਪੁਰ ਨੂੰ ਦੇਣੇ ਬਣਦੇ ਅਤੇ ਉਸ ਵਿਰੁੱਧ ਬਕਾਏ**

*1125. **ਸਰਦਾਰ ਸੁਖਪਾਲ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

की आमदन बढ़ जायेगी। इस के लिये यह जो फंड करीएट किया गया है मैं इस के साथ सहमत हूँ। पर, डिप्टी स्पीकर साहिब, और भी कई ऐसे issues हैं जो हमारे वित्त मंत्री जी की नजर से बच गए हैं। इस के साथ मैं समझता हूँ कि जो डीज़ल पर सैस लगाया गया है वह किसान के हित्त में नहीं है वह नहीं होना चाहिए और इसी तरह जो ACs पर बिजली की ज्यादा ख्पत हो रही है उस में भी कमी होनी चाहिए (सदन में थंपिंग) इस पर हमारे वित्त मंत्री जी जरुर निगाह करें। यह नहीं कि किसान को हमारी सरकार ने इगनौर किया है उन की मजबूती के लिए बहुत सारे कदम उठाए गए हैं। जो हमारे कोआपरेटिव बैंक हैं उन्होंने ब्याज की दर 11 प्रतिशत से घटा कर 10 प्रतिशत कर दी है इस के इलावा भी सरकार ने और भी कदम उठाए हैं। Co-operative deptt. की यह पालिसी है कि Defaulter is rewarded जिन्होंने कर्जे की किस्तें सही समय पर अदा की होगी। उनको आखिरी किस्त में ½ प्रतिशत ब्याज की छोट दी जाएगी यह पहली बार हुआ है। हमारे यहाँ श्री हरनाम दास मंत्री जी ने कहा था कि जो मनिस्टर अधिकारियों से काम नहीं ले सकता वह नलायक है। In intend and vision, our Budget is very progressive. मैं हमारे प्रधान मंत्री, डा. मनमोहन सिंह जी को बधाई देना चाहता हूँ कि उन्होंने किसानों की मुश्किलों को देखते हुए 16,000 करोड़ रुपए की राशि किसानों को कर्जे के रुप में देने को कहा है, मैं इस के साथ सहमत नहीं हूँ क्योंकि आज भी किसान कर्जे को लेकर अपने किसी दूसरे काम पर खर्च कर रहा है और किसी प्रोडक्टिव काम में नहीं लगा रहा। वह आज भी लोन पर ट्रैक्टर लेकर शोरुम से बाहर निकलते ही 50,000 रुपये कम रेट पर बेच कर पैसे अपनी जेब में डालता है और Cash लेकर मैं समझता हूँ कि उस पैसे का किसान सही तरीके से इस्तेमाल नहीं कर रहा। हमें किसानों के अंदर जाग्रिती लानी होगी कि वह जो पैसा है अगर वह पैसा Productive कार्य के लिए इस्तेमाल नहीं करेंगे तो वही पैसा उनके उपर एक बोझ बनकर लटकता रहेगा। पंजाब मैडीकल Institute के लिए जो 93 करोड़ रुपए रखे गए हैं यह भी अहम कदम है। अभी हमारे भारत सरकार ने जो बजट पेश किया है और नये आल इंडिया मैडीकल इंस्टीचयूट की तर्ज के उपर जो इंस्टीचयूट खोलने जा रहे हैं मैं समझता हूँ कि हमें भी उस की तरफ ध्यान देना चाहिए कि जो हम 93 करोड़ रुपये मैडीकल इंस्टीचयूट को Create करने के लिए खर्च करने जा रहें हैं और पंजाब के अंदर आज भी जरुरत है एक Research Institute खोलने की, वह सरकार को यहां खोलना चाहिए। जहाँ तक un-employment की बात है यह एक गंभीर समस्या है जिसके बारे में समझता हूँ कि आज हमारे मुख्य मंत्री जी ने बड़े विस्तार में एक्सप्लेन किया है कि बठिण्डा रिफाईनरी को इंपलीमैंट होने में क्यों समय लगा। मैं समझता हूँ कि इन्होंने सही फैसला लेकर पंजाब के नुकसान को कंट्रोल किया है। मैं समझता हूं कि इससे अनइंपलायमैंट दूर होगी। यह एक अच्छा योगदान है। इसके लिये मैं सी.एम. साहिब को बधाई देता हूँ। मेरी गुजारिश है कि यह आने वाले समय में गरीब मजदूरों, पिछड़े साथियों के साथ-साथ किसानों पर भी निगाह रखेंगे और उन का बोझ कम करेंगे। धन्यवाद।

ਮਾਨਯੋਗ ਡਿਪਟੀ ਸਪੀਕਰ : ਭੂੰਦੜ ਸਾਹਿਬ, ਇਸ ਤੋਂ ਪਹਿਲਾਂ ਕਿ ਤੁਸੀਂ ਸ਼ੁਰੂ ਕਰੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੇ 44 ਮਿੰਟ ਬਾਕੀ ਰਹਿੰਦੇ ਹਨ ਔਰ ਤੁਹਾਡੇ ਚਾਰ ਪਾਰਟੀਸੀਪੈਂਟ ਦੇ ਨਾਂ ਆਏ ਹਨ। ਇਸ ਟਾਈਮ ਵਿੱਚ ਹੀ ਤੁਸੀਂ ਐਡਜਸਟ ਕਰਨਾ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅਸੀਂ ਦੋ ਜਣੇ ਬੋਲਾਂਗੇ। ਮੇਰੇ ਤੋਂ ਬਾਅਦ ਬੀਬੀ ਜੀ ਬੋਲਣਗੇ। ਸਾਡੇ ਚਾਰ ਮੈਂਬਰ ਵੀ ਬੋਲ ਸਕਦੇ ਸੀ ਪਰ ਕੱਲ੍ਹ ਤੁਸੀਂ ਸਾਡੇ ਨਾਲ ਧੱਕਾ ਕੀਤਾ ਹੈ। ਤੁਹਾਨੂੰ ਅੱਜ ਤੇ ਕੱਲ੍ਹ ਦਾ ਵੱਖਰਾ ਟਾਈਮ ਦੇਣਾ ਚਾਹੀਦਾ ਹੈ। ਅੱਜ ਸਾਡਾ ਟਾਈਮ ਥੋੜ੍ਹਾ ਵਧਾ ਦੇਣਾ ਚਾਹੀਦਾ ਹੈ।

ਸਰਦਾਰ ਮਨਪ੍ਰੀਤ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਸਾਡੇ ਮੈਂਬਰ ਬੜੀ ਤਿਆਰੀ ਕਰਕੇ ਆਏ ਹਨ। ਵੈਸੇ ਤਾਂ ਆਪੋਜ਼ੀਸ਼ਨ ਦੀ ਹੀ ਗੱਲ ਸੁਣਨੀ ਚਾਹੀਦੀ ਹੈ। ਟਰੈਜ਼ਰੀ ਬੈਂਚਾਂ ਵਾਲੇ ਤਾਂ ਜਦੋਂ ਮਰਜ਼ੀ ਆਪਣੀ ਗੱਲ ਦੱਸ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਡੇ ਤਿੰਨ ਬੁਲਾਰੇ ਬੁਲਾ ਦਿਓ। ਢੀਂਡਸਾ ਸਾਹਿਬ ਨੂੰ ਥੋੜ੍ਹਾ ਟਾਈਮ ਦੇ ਦਿਓ।

ਮਾਨਯੋਗ ਡਿਪਟੀ ਸਪੀਕਰ : ਤੁਹਾਡੇ 44 ਮਿੰਟ ਬਣਦੇ ਹਨ। ਇਸ ਵਿੱਚ ਤੁਸੀਂ ਐਡਜਸਟ ਕਰੋ।

ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਪਰ ਜਿਹੜੇ ਇਹ ਦੋ ਮਿੰਟ ਇਸੇ ਤਰ੍ਹਾਂ ਲੰਘ ਗਏ ਹਨ, ਕਿਤੇ ਇਹ ਨਾ ਮੇਰੇ ਟਾਈਮ ਵਿਚੋਂ ਘਟਾ ਦੇਣਾ। (ਹਾਸਾ) ਡਿਪਟੀ ਸਪੀਕਰ ਸਾਹਿਬ, ਸਾਡੇ ਫਾਇਨਾਂਸ ਮਨਿਸਟਰ ਸਾਹਿਬ ਮੇਰੇ ਬੜੇ ਕਾਬਲ ਦੋਸਤ ਹਨ, ਇਕਨਾਮਿਕਸ ਦੇ ਪ੍ਰੋਫੈਸਰ ਹਨ ਪਰ ਕਿਤਾਬਾਂ ਪੜ੍ਹਨੀਆਂ ਅਤੇ ਹਕੀਕਤ ਵਿੱਚ ਜ਼ਮੀਨ-ਅਸਮਾਨ ਦਾ ਫਰਕ ਹੁੰਦਾ ਹੈ। ਸਾਡੇ ਦੇਸ਼ ਦੀ ਬਦਕਿਸਮਤੀ ਹੈ ਕਿ ਕਿਤਾਬਾਂ ਕੁਝ ਹੋਰ ਕਹਿੰਦੀਆਂ ਹਨ ਅਤੇ ਐਕਚੂਅਲ ਕੁਝ ਹੋਰ ਹੁੰਦਾ ਹੈ। ਰਿਜ਼ਲਟ ਕੁਝ ਹੋਰ ਨਿਕਲਦਾ ਹੈ। ਮੈਂ ਕੁਝ ਗੱਲਾਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਅਗਰ ਅੰਕੜੇ ਦੇਖੀਏ ਅਤੇ ਉਸ ਮੁਤਾਬਿਕ ਫੈਕਟਸ ਪੇਸ਼ ਕਰੀਏ ਤਾਂ ਕੁਝ ਹੋਰ ਹੀ ਨਜ਼ਰ ਆਵੇਗਾ। ਸਰਕਾਰ ਦਾ ਸਿਸਟਮ ਅਜਿਹਾ ਹੈ ਕਿ ਪਿਛਲੇ ਪੰਜਾਹ ਸਾਲਾਂ ਅਨੁਸਾਰ ਫਿਗਰਾਂ ਦਾ ਜੋੜ-ਤੋੜ ਕਰਕੇ, ਉਨ੍ਹਾਂ ਨੂੰ ਤਰੋੜ-ਮਰੋੜ ਕੇ ਪੇਸ਼ ਕਰ ਦਿੱਤਾ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਦਾ ਇਹ ਬਜਟ ਪੰਜਾਬ ਨੂੰ ਤਬਾਹੀ ਵੱਲ ਲਿਜਾਣ ਵਾਲਾ ਬਜਟ ਹੈ। ਇਸ ਵਿਚੋਂ ਕੁਝ ਵੀ ਨਹੀਂ ਨਿਕਲਣਾ। ਇਹ ਬਿਲਕੁਲ ਥੋਥਾ ਬਜਟ ਹੈ। ਇਹ ਪੰਜਾਬ ਮਾਰੂ ਬਜਟ ਹੈ। ਕਿਸਾਨਾਂ ਤੇ ਟੈਕਸ ਲਗਾਏ ਜਾ ਰਹੇ ਹਨ। ਦਲਿਤਾਂ ਵਾਸਤੇ ਕੋਈ ਖਾਸ ਗੱਲ ਨਹੀਂ ਹੈ। ਸਰਕਾਰ ਆਪਣੀ ਜ਼ੁੰਮੇਵਾਰੀ ਤੋਂ ਭੱਜ ਰਹੀ ਹੈ। ਸਰਕਾਰ ਦਾ ਕੰਮ ਸੋਸ਼ਲ ਸਰਵਿਸਿਜ਼ ਦੇਣਾ ਹੈ ਪਰ ਜੇ ਸਰਕਾਰ ਸਭ ਕੁਝ ਪ੍ਰਾਈਵੇਟ ਹੀ ਕਰ ਦੇਵੇਗੀ ਤਾਂ ਸੋਸ਼ਲ ਸਰਵਿਸਿਜ਼ ਕਿਧਰ ਦੀਆਂ ਰਹਿ ਗਈਆਂ। ਇਸ ਦਾ ਮਤਲਬ ਤਾਂ ਇਹ ਹੈ ਕਿ ਸਰਕਾਰ ਦੀ ਕੀ ਲੋੜ ਹੈ, ਸਰਕਾਰ ਹੀ ਪ੍ਰਾਈਵੇਟ ਕਰ ਦਿਓ। ਸਰਕਾਰ ਆਪਣੀ ਜ਼ੁੰਮੇਵਾਰੀ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਤੋਂ ਭੱਜ ਰਹੀ ਹੈ। ਬਜਟ ਵਿੱਚ ਲੋਕ ਭਲਾਈ ਦੀ ਕੋਈ ਗੱਲ ਨਹੀਂ ਹੈ। ਸਾਰੇ ਪੰਜਾਬੀਆਂ ਨੂੰ ਠੇਕੇਦਾਰਾਂ ਦੇ ਰਹਿਮ ਤੇ ਕੀਤਾ ਜਾ ਰਿਹਾ ਹੈ ਤੇ ਠੇਕੇਦਾਰ ਵੀ ਕਿਹੜੇ ਹਨ। ਸਿਰਫ ਦੋ-ਤਿੰਨ ਠੇਕੇਦਾਰ। ਕੁਆਰਕ ਵਾਲੇ ਹਨ ਜਾਂ ਪੌਂਟੀ ਚੱਢੇ ਵਰਗੇ ਹਨ। ਡਿਪਟੀ ਸਪੀਕਰ ਸਾਹਿਬ, ਅਗਰ ਬਜਟ ਪੜ੍ਹੋ ਤਾਂ ਸ਼ੁਰੂ ਵਿੱਚ ਚਾਰ-ਪੰਜ ਪੇਜਾਂ ਵਿੱਚ ਬੜੀਆਂ ਫਿਗਰਾਂ ਸ਼ੋਅ ਕੀਤੀਆਂ ਗਈਆਂ ਹਨ ਕਿ ਅਸੀਂ ਡਿਵੈਲਪਮੈਂਟ ਬਹੁਤ ਕਰ ਦੇਣੀ ਹੈ, ਪਰ ਹਕੀਕਤ ਵਿੱਚ ਕੁਝ ਵੀ ਨਹੀਂ। ਕਾਰਨ ਕੀ ਹੈ ? ਤਿੰਨ ਸਾਲ ਸਰਕਾਰ ਬਣੀ ਨੂੰ ਹੋ ਗਏ ਹਨ, ਮੈਂ ਆਪਣੇ ਕਾਬਲ ਸਾਥੀਆਂ (ਟਰੈਜ਼ਰੀ ਬੈਂਚਾਂ ਵੱਲ ਇਸ਼ਾਰਾ) ਨੂੰ ਔਰ ਖਾਸ ਕਰਕੇ ਫਾਇਨਾਂਸ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਤਿੰਨ ਸਾਲਾਂ ਵਿੱਚ ਇਹ ਇੱਕ ਕੰਮ ਵੀ ਡਿਵੈਲਪਮੈਂਟ ਦਾ ਨਹੀਂ ਕਰ ਸਕੇ। ਇਹ ਸੋਸ਼ਲ ਸਰਵਿਸਿਜ਼ ਨਹੀਂ ਦੇ ਸਕੇ। ਖਜ਼ਾਨਾ ਖਾਲੀ ਪਿਆ ਹੈ। ਕਰਜ਼ੇ ਦਾ ਬੋਝ ਵੱਡਾ ਹੁੰਦਾ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਔਰ ਤੁਹਾਡੇ ਧਿਆਨ ਵਿੱਚ ਇੱਕ ਚੀਜ਼ ਲਿਆਉਣੀ ਚਾਹੁੰਦਾ ਹਾਂ: 1980 ਤੋਂ 1997 ਤੱਕ ਪੰਜਾਬ ਦੀ ਤਬਾਹੀ। ਇਹ ਮੈਂ ਨਹੀਂ ਕਹਿੰਦਾ, ਬਜਟ ਦੇ ਸ਼ੁਰੂ ਵਿੱਚ ਫਾਇਨਾਂਸ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਖਜ਼ਾਨਾ ਖਾਲੀ ਕਿਉਂ ਹੈ। ਇਸ ਦਾ ਪਹਿਲਾ ਕਾਰਨ ਦੱਸਿਆ ਹੈ, ਅੱਤਵਾਦ। ਦੂਜਾ ਕਾਰਨ ਦੱਸਿਆ ਹੈ ਖੇਤੀਬਾੜੀ ਵਿੱਚ ਪਛੜੇਤ। ਦੋ ਕਾਰਨ ਇਹ ਦੱਸੇ ਹਨ। ਖੇਤੀਬਾੜੀ ਪੰਜਾਬ ਦਾ ਧੁਰਾ ਹੈ। ਇੰਡਸਟਰੀ ਪੱਖੋਂ ਅਸੀਂ ਬਹੁਤੀ ਤਰੱਕੀ ਨਹੀਂ ਕਰ ਸਕੇ। ਇਹ ਚਿੰਤਾ ਦਾ ਵਿਸ਼ਾ ਹੈ। ਇਹ ਖਜ਼ਾਨਾ ਖਾਲੀ ਦਾ ਰੌਲਾ ਪਾਉਂਦੇ ਹਨ ਪਰ ਮੈਂ ਫਿਗਰਾਂ ਨਾਲ ਦੱਸਣਾ ਚਾਹੁੰਦਾ ਹਾਂ। ਸਾਲ 1980-81 ਵਿੱਚ ਅੱਧੀ ਰਾਤ ਨੂੰ ਇਨ੍ਹਾਂ ਨੇ ਸਾਡੀ ਸਰਕਾਰ ਤੋੜੀ। ਸਰਦਾਰ ਬਲਵੰਤ ਸਿੰਘ ਨੇ ਫਰਵਰੀ ਵਿੱਚ ਬਜਟ ਪੇਸ਼ ਕੀਤਾ ਅਤੇ 18 ਫਰਵਰੀ ਨੂੰ ਸਰਕਾਰ ਤੋੜੀ। ਉਸ ਵੇਲੇ ਬਜਟ ਵਿੱਚ ਜੋ ਛੱਡ ਕੇ ਗਏ, ਉਦੋਂ ਸਾਡੀ ਆਮਦਨ ਕੀ ਸੀ, 544 ਕਰੋੜ 73 ਲੱਖ ਰੁਪਏ ਅਤੇ ਸਾਡਾ ਖਰਚਾ ਸੀ 482 ਕਰੋੜ 90 ਲੱਖ ਰੁਪਏ। ਇਹ 1980-81 ਦੀ ਗੱਲ ਹੈ। ਉਦੋਂ ਅੱਧੀ ਰਾਤ ਨੂੰ ਸਾਡੀ ਸਰਕਾਰ ਤੋੜੀ ਗਈ। ਉਸ ਵੇਲੇ ਕਰਜ਼ਾ ਕੋਈ ਨਹੀਂ ਸੀ। ਹਾਲਾਤ ਠੀਕ ਸੀ ਲੇਕਿਨ ਫਿਰ 1980 ਤੋਂ ਬਾਅਦ 1985, 1985 ਤੋਂ ਬਾਅਦ 1992, 1992 ਤੋਂ ਬਾਅਦ 1996-97 ਆ ਜਾਂਦਾ ਹੈ ਅਤੇ ਫਿਰ 2002 ਆ ਜਾਂਦਾ ਹੈ। ਅੱਜ ਤੁਹਾਡੀ ਜੋ ਫਿਗਰ ਹੈ, ਮੈਂ ਤੁਹਾਡੀ ਫਿਗਰ ਹੀ ਪੜ੍ਹ ਕੇ ਦੱਸਦਾ ਹਾਂ। ਪਿਛਲੀ ਕਾਪੀ ਤੁਸੀਂ ਲੈ ਲਵੋ, ਮੈਂ ਵੀ ਲਈ ਹੈ। ਹੁਣ ਵਾਲੀ ਤੁਹਾਡੇ ਸਾਹਮਣੇ ਹੈ। ਹੁਣ ਮੈਂ ਫਿਗਰ ਦੱਸਦਾ ਹਾਂ, ਮੈਂ ਜੱਟ ਵਾਲੀ ਗੱਲ ਕਰਨੀ ਚਾਹੁੰਦਾ ਹਾਂ ਕਿ ਘਾਟਾ ਕੀ ਹੈ ਅਤੇ ਵਾਧਾ ਕੀ ਹੈ। ਇਥੇ ਫਿਗਰਾਂ ਦਿੱਤੀਆਂ ਹਨ। ਪ੍ਰਾਪਤੀਆਂ ਹਨ 17238 ਕਰੋੜ ਰੁਪਏ ਦੀਆਂ ਅਤੇ ਖਰਚਾ 19356 ਕਰੋੜ ਰੁਪਏ ਦਾ ਹੈ। ਇਸ ਵਿੱਚ 2100 ਕਰੋੜ ਰੁਪਏ ਦਾ ਘਾਟਾ ਹੈ। ਉਸ ਵੇਲੇ ਅਸੀਂ 61 ਕਰੋੜ ਰੁਪਏ ਦਾ ਮੁਨਾਫਾ ਛੱਡ ਕੇ ਗਏ ਸੀ ਅਤੇ ਅੱਜ 2100 ਕਰੋੜ ਰੁਪਏ ਦਾ ਘਾਟਾ ਹੈ। ਪਤਾ ਨਹੀਂ ਕਿਵੇਂ ਫਿਗਰਾਂ ਕੈਮੋਫਲੈਜ ਕੀਤੀਆਂ ਜਾ ਰਹੀਆਂ ਹਨ। ਜੋ ਕਾਰਨ ਦਿੱਤੇ ਹਨ, ਉਨ੍ਹਾਂ ਕਾਰਨਾਂ ਦੇ ਮੁਤਾਬਿਕ ਡੈੱਟ ਅਤੇ ਅੱਤਵਾਦ ਦੋ ਕਾਰਨ ਹਨ, ਜਿਨ੍ਹਾਂ ਤੇ ਮੇਜਰ ਖਰਚਾ ਹੋਇਆ ਹੈ। ਹੁਣ, ਮੈਂ, ਡਿਪਟੀ ਸਪੀਕਰ ਸਾਹਿਬ, ਗੌਰਮਿੰਟ ਦੀ ਆਪਣੀ ਕਾਪੀ ਤੋਂ ਡੈੱਟ ਬਾਰੇ ਦੱਸਦਾ ਹਾਂ। ਇਹ ਮੈਂ ਆਪਣੇ ਕੋਲੋਂ ਨਹੀਂ ਕਹਿੰਦਾ, ਜੋ ਤੁਹਾਡੀਆਂ ਫਿਗਰਾਂ ਇਸ ਵਿੱਚ ਹਨ, ਉਹੀ ਦੱਸਦਾ ਹਾਂ। ਤਕਰੀਬਨ ਸਾਡੀ ਜੋ ਡੈੱਟ ਦੀ ਪੁਜ਼ੀਸ਼ਨ ਹੈ, 1996-97

ਦਾ ਮੈਂ ਦੱਸਦਾ ਹਾਂ, ਅਸੀਂ 1997-98 ਵਿੱਚ ਸੀ। ਇਹ ਸਾਡੇ ਤੇ ਇਲਜ਼ਾਮ ਲਾਉਂਦੇ ਹਨ, 15250 ਕਰੋੜ ਦਾ ਕਰਜ਼ਾ ਸੀ। ਇਹ 1996-97 ਦੀ ਹਾਲਤ ਹੈ। ਤੁਸੀਂ 1980 ਤੋਂ ਸ਼ੁਰੂ ਕਰ ਲਓ, 16 ਸਾਲ ਹੋ ਗਏ ਹਨ। ਇਨ੍ਹਾਂ 16 ਸਾਲਾਂ ਵਿੱਚ 5-6 ਸਾਲ ਗਵਰਨਰੀ ਰਾਜ ਵੀ ਰਿਹਾ ਹੈ, ਇਸ ਵਿੱਚ 5-6 ਸਾਲ ਬਗੈਰ ਵੋਟਾਂ ਦੇ ਰਾਜ ਵੀ ਰਿਹਾ ਹੈ। ਅੱਤਵਾਦ ਵੀ ਇਸ ਸਮੇਂ ਸੀ। ਤਬਾਹੀ ਇਸੇ ਸਮੇਂ ਵਿੱਚ ਰਹੀ ਹੈ। 16 ਸਾਲ ਤੋਂ ਬਾਅਦ 15250 ਕਰੋੜ ਰੁਪਏ ਦਾ ਕਰਜ਼ਾ ਸਾਡੇ ਮਿੱਤਰ ਸਾਨੂੰ ਦੇ ਕੇ ਗਏ। 2001-02 ਵਿੱਚ ਅਸੀਂ ਗਏ। ਇਹ ਤੁਹਾਡੀ ਕਿਤਾਬ ਦੱਸਦੀ ਹੈ। ਵਾਈਟ ਪੇਪਰ ਵੀ ਇਸ਼ੂ ਕੀਤਾ ਹੋਇਆ ਹੈ ਔਰ ਅੱਜ ਸਿੰਗਲਾ ਸਾਹਿਬ ਨੇ ਵੀ ਕਿਹਾ ਹੈ ਕਿ 32496 ਕਰੋੜ ਰੁਪਏ ਦਾ ਸਾਡੇ ਸਿਰ ਕਰਜ਼ਾ ਹੈ। ਫਿਰ ਵੀ ਇਹ ਸਾਨੂੰ ਜ਼ਿੰਮੇਵਾਰ ਸਮਝਦੇ ਹਨ। ਅਸੀਂ ਤਾਂ ਪੰਜਾਬ ਵਿੱਚ ਇੰਨਾ ਕੁਝ ਕੀਤਾ ਹੈ। ਅਸੀਂ ਬੜੀ ਡਿਵੈਲਪਮੈਂਟ ਕੀਤੀ ਹੈ। ਅਸੀਂ ਹਰ ਪਿੰਡ ਵਿੱਚ ਕੰਮ ਕੀਤਾ ਹੈ। ਕਿਤੇ ਥੀਨ ਡੈਮ ਚੱਲ ਰਿਹਾ ਹੈ। ਕਿਤੇ ਬਿਜਲੀ ਦੇ ਪ੍ਰੋਜੈਕਟ ਲੱਗ ਰਹੇ ਹਨ। ਕਿਤੇ ਸੜਕਾਂ ਦੀ ਮੁਰੰਮਤ ਹੋ ਰਹੀ ਹੈ। ਕਿਤੇ ਦਰਿਆ ਤੇ 40 ਸਾਲ ਤੋਂ ਪੁਲ ਨਹੀਂ ਸੀ, ਉਹ ਬਣ ਰਹੇ ਹਨ। ਕਿਤੇ ਰੇਲਵੇ ਪੁਲ ਬਣ ਰਹੇ ਹਨ। ਇੰਨੀ ਤਰੱਕੀ ਤੋਂ ਬਾਅਦ ਇਹ ਅਸੀਂ ਛੱਡ ਕੇ ਗਏ ਹਾਂ। ਅੱਜ ਇਨ੍ਹਾਂ ਦੇ ਸਿਰਫ ਦੋ ਸਾਲ ਹੋਏ ਹਨ 2001-02 ਤੋਂ 2003-04। ਮੈਂ ਮੇਰੇ ਆਨਰੇਬਲ ਮਿੱਤਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਕੋਈ ਆਪਣੀਆਂ ਫਿਗਰਾਂ ਨਹੀਂ ਹਨ ਬਲਕਿ ਬਜਟ ਦੀ ਕਾਪੀ ਹੈ। ਅੱਜ ਸਾਡੇ ਸਿਰ 41412 ਕਰੋੜ ਰੁਪਏ ਦਾ ਕਰਜ਼ਾ ਹੈ। ਇਹ ਫਿਗਰਾਂ ਕਹਿੰਦੀਆਂ ਹਨ। ਇਹ ਕਹਿੰਦੇ ਹਨ ਕਿ ਅਸੀਂ ਤਬਾਹ ਕੀਤਾ ਹੈ ਤਬਾਹੀ ਤਾਂ ਇਹ ਕਰਦੇ ਤੇ ਕਰਦੇ ਤੁਰੇ ਜਾਂਦੇ ਹਨ ਔਰ 41412 ਕਰੋੜ ਦਾ ਕਰਜ਼ਾ ਇਨ੍ਹਾਂ ਨੇ ਚੜ੍ਹਾਇਆ ਹੈ। ਦੋ ਸਾਲਾਂ ਵਿੱਚ ਕੋਈ ਸੜਕ ਨਹੀਂ, ਕੋਈ ਨਵਾਂ ਪੁਲ ਨਹੀਂ। ਕਿਤੇ ਨਵੀਂ ਸੋਸ਼ਲ ਸਰਵਿਸ ਨਹੀਂ। ਕਿਤੇ ਲੋਕਾਂ ਲਈ ਸਕੂਲ, ਕਾਲਜ ਨਹੀਂ। ਕੋਈ ਚੀਜ਼ ਪੰਜਾਬ ਵਿੱਚ ਨਹੀਂ ਲਗਾਈ। ਕੋਈ ਨਵੀਂ ਨਹਿਰ ਨਹੀਂ। ਫਿਰ ਕਿਸ ਚੀਜ਼ ਦਾ 41412 ਕਰੋੜ ਰੁਪਏ ਦਾ ਕਰਜ਼ਾ ਹੋਇਆ ਹੈ। ਅੱਜ ਇਨ੍ਹਾਂ ਦੇ ਤਿੰਨ ਸਾਲ ਰਹਿੰਦੇ ਹਨ, ਮੇਰਾ ਖਿਆਲ ਹੈ ਰੱਬ ਹੀ ਰਾਖਾ ਹੈ।.......(ਅਵਾਜ਼ਾਂ ਦੋ ਸਾਲ ਰਹਿੰਦੇ ਹਨ।) ਹਾਂ, ਦੋ ਸਾਲ ਰਹਿੰਦੇ ਹਨ। ਇਹ ਪਿਛਲੇ ਜੋ ਹਾਲਾਤ ਦੱਸੇ ਹਨ, ਇਹ ਤੁਹਾਡੀ ਆਪਣੀ ਕਾਪੀ ਕਹਿੰਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਅਜੇ ਦੋ ਪੁਆਇੰਟ ਹੀ ਬੋਲੇ ਹਨ.....(ਵਿਘਨ)...... ਤੁਸੀਂ ਇਸ ਤਰ੍ਹਾਂ ਕਿਉਂ ਡਿਸਟਰਬ ਕਰਦੇ ਹੋ, ਮੈਂ ਤਾਂ ਤੁਹਾਡੀ ਕਾਪੀ ਤੋਂ ਹੀ ਬੋਲ ਰਿਹਾ ਹਾਂ। ਜੇ ਕਾਪੀ ਵਿੱਚ ਨਹੀਂ ਹੈ ਤਾਂ ਦੱਸ ਦਿਓ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਐਵੇਂ ਲੈਕਚਰ ਦਿੱਤਾ ਹੈ, ਬੜਾ ਮਿਸਗਾਈਡ ਕੀਤਾ ਹੈ ਕਿ ਕੋਈ ਪੁਲ ਨਹੀਂ ਬਣਿਆ, ਕੋਈ ਸੜਕ ਨਹੀਂ ਬਣੀ। ਜੋ ਫੈਕਟ ਹੈ, ਉਹ ਦੱਸਣ। ਅਸੀਂ ਸੁਣਨ ਨੂੰ ਤਿਆਰ ਹਾਂ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਡਿਪਟੀ ਸਪੀਕਰ ਸਾਹਿਬ, ਇਹ ਮੇਰਾ ਟਾਈਮ ਨਾ ਕੱਟਣਾ, ਇਨ੍ਹਾਂ ਦਾ ਟਾਈਮ ਕੱਟਣਾ। ਹੁਣ ਇਹ ਕਹਿੰਦੇ ਹਨ ਕਿ ਅਸੀਂ ਬੜੇ ਉਪਾਅ ਕੀਤੇ। ਮੈਂ ਆਪਣੇ ਕੋਲੋਂ ਕੁੱਝ ਨਹੀਂ ਕਹਿੰਦਾ। ਇਹ ਤੁਸੀਂ ਹੀ ਕਿਹਾ ਹੈ। ਤੁਸੀਂ ਕਿਹਾ ਕਿ ਬੜੇ ਯਤਨ ਕੀਤੇ ਹਨ ਪਰ ਕੀ ਯਤਨ ਕੀਤੇ ? ਇਕ ਲੋਨ ਰੀਐਡਜਸਟਮੈਂਟ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਕੀਤਾ ਹੈ। ਇਕ ਯਤਨ ਕੀਤਾ 12ਵੇਂ ਫਾਈਨਾਂਸ ਕਮਿਸ਼ਨ ਕੋਲੋਂ ਪੈਸਾ ਬੜਾ ਲਿਆ ਜਾਵੇਗਾ। ਇਹ ਕਾਹਦਾ ਕਰੈਡਿਟ ਹੈ। ਇਹ ਤਾਂ ਸੈਂਟਰਲ ਗੌਰਮਿੰਟ ਦੀ ਪਾਲਿਸੀ ਹੈ। ਇਨ੍ਹਾਂ ਨੇ ਸਪੈਸ਼ਲ ਪੰਜਾਬ ਨੂੰ ਦੇਣ ਲਈ ਨਵੀਂ ਚੀਜ਼ ਕੀ ਕੀਤੀ ਹੈ? ਇਨ੍ਹਾਂ ਨੇ 12ਵੇਂ ਫਾਈਨਾਂਸ ਕਮਿਸ਼ਨ ਦੀ ਫਿਗਰ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਫਾਈਨਾਂਸ ਮਨਿਸਟਰ ਬੜੇ ਪਲੇਨ ਸਪੀਕਿੰਗ ਹਨ, ਉਹ ਮੰਨ ਵੀ ਗਏ ਕਿ ਬੜਾ ਧੱਕਾ ਹੋਇਆ ਫਾਈਨਾਂਸ ਕਮਿਸ਼ਨ ਵਿੱਚ। ਜੋ ਸਾਡਾ ਹੱਕ ਬਣਦਾ ਸੀ ਪਰ ਇਹ ਕਹਿੰਦੇ ਹਨ ਕਿ ਸਾਨੂੰ ਉਸ ਦੇ ਮੁਤਾਬਿਕ ਨਹੀਂ ਮਿਲਿਆ ਹੈ, ਇਹ ਵੀ ਇਨ੍ਹਾਂ ਨੇ ਆਪਣੇ ਆਪ ਹੀ ਕਿਹਾ ਹੈ, ਇਹ ਕਿਥੇ ਆ ਗਏ ਹਨ ਜਿਹੜੀ ਗੱਲ ਅਸੀਂ 50 ਸਾਲ ਤੋਂ ਕਰਦੇ ਆ ਰਹੇ ਹਾਂ। ਸੈਂਟਰ ਵਾਲੇ ਇਸ ਸਟੇਟ ਦੇ ਨਾਲ ਧੱਕਾ ਕਰਦੇ ਹਨ ਔਰ ਜਦੋਂ ਕੋਈ ਟੈਕਸ ਨੂੰ ਵੰਡਣ ਦੀ ਸੈਂਟਰ ਵਲੋਂ ਸਟੇਟ ਨੂੰ ਦੇਣ ਸਬੰਧੀ ਗੱਲ ਹੁੰਦੀ ਹੈ ਤਾਂ ਹਮੇਸ਼ਾ ਧੱਕਾ ਹੋਇਆ ਹੈ। ਲੇਕਿਨ ਜਦੋਂ ਅਸੀਂ ਮੋਰ ਪਾਵਰ ਜਾਂ ਫੈਡਰਲ ਢਾਂਚੇ ਜਾਂ ਆਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਕਹਿਦੇ ਹਨ ਕਿ ਇਹ ਵੱਖਵਾਦੀ ਹਨ। ਫਾਈਨਾਂਸ ਮਨਿਸਟਰ ਸਾਹਿਬ ਨੇ ਆਪਣੇ ਬਜਟ ਦੇ ਵਿੱਚ ਮੰਨ ਲਿਆ ਹੈ ਕਿ ਸੈਂਟਰ ਵਲੋਂ ਸਟੇਟ ਨੂੰ ਆਪਣੀ ਡਵੀਜ਼ਨ ਵਿਚੋਂ ਕੱਖ ਨਹੀਂ ਦਿੱਤਾ ਜਿਹੜਾ ਕਿ ਸਾਡਾ ਬਣਦਾ ਸੀ। ਇਸ ਦਾ ਮੈਂ ਧੰਨਵਾਦੀ ਵੀ ਹਾਂ ਔਰ ਇਹ ਜੋ ਗੱਲਾਂ ਕਰਦੇ ਹਨ ਇਹ ਸਾਨੂੰ ਡਿਟੋ ਕਰ ਰਹੇ ਹਨ। ਫਿਰ, ਡਿਪਟੀ ਸਪੀਕਰ ਸਾਹਿਬ, ਜੋ ਤੱਰਕੀ ਦੇ ਸਾਧਨ ਹੁੰਦੇ ਹਨ, ਮੈਂ ਫਿਗਰਾਂ ਦੇ ਵਿੱਚ ਹੁਣ ਬਹੁਤਾ ਨਹੀਂ ਪੈਣਾ ਕਿਉਂਕਿ ਇਹ ਸਾਰੀਆਂ ਦਸ ਹੀ ਦਿੱਤੀਆਂ ਹਨ। ਸਵਾਲ ਇਹ ਸੀ ਕਿ ਇਹ ਕਿਸੇ ਜਗ੍ਹਾ ਤੋਂ ਬਚਤ ਕਰਦੇ, ਕੋਈ ਨਵੀਂ ਪੈਦਾਵਾਰ ਕਰਦੇ ਅਤੇ ਅਸੀਂ ਮੰਨ ਲੈਂਦੇ ਕਿ ਇਨ੍ਹਾਂ ਨੇ ਆਹ-ਆਹ ਵਾਧੇ ਔਰ ਬੱਚਤਾਂ ਕੀਤੀਆਂ ਹਨ ਔਰ ਅਸੀਂ ਕਹਿੰਦੇ ਕਿ ਇਹ ਇਨ੍ਹਾਂ ਦੇ ਅੱਛੇ ਪੁਆਇੰਟ ਹਨ। ਮੈਂ ਫਾਈਨਾਂਸ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਤਿੰਨ ਸਾਲਾਂ ਦੇ ਵਿੱਚ ਕੋਈ ਬੱਚਤ ਕੀਤੀ ਹੈ? ਇਹ ਦਸਣ ਕਿ ਜਿਹੜੀਆਂ ਸਾਡੀਆਂ ਪੀ.ਐਸ.ਯੂਜ਼ ਹਨ ਉਨ੍ਹਾਂ ਦੇ ਵਿਚ ਵਾਧਾ ਕੀਤਾ ਹੈ, ਆਹ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਵਿੱਚ ਵਾਧਾ ਕੀਤਾ ਹੈ, ਆਹ ਸੇਲ ਟੈਕਸ ਵਿਚ ਵਾਧਾ ਕਰ ਲਿਆ ਹੈ ਔਰ ਇਸ ਦੇ ਨਾਲ ਖਜ਼ਾਨੇ ਦੇ ਵਿੱਚ ਫਾਇਦਾ ਹੋਇਆ ਹੈ। ਜਿਹੜੇ ਤੁਸੀਂ ਸਾਰੀਆਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਲਗਾਏ ਹਨ ਤੇ ਉਹ ਘਾਟੇ ਵਿਚ ਜਾ ਰਹੀਆਂ ਸਨ, ਕੀ ਇਨ੍ਹਾਂ ਨੇ ਕੋਈ ਤਰੱਕੀ ਕੀਤੀ ਹੈ? ਜਿਹੜੇ ਤੁਸੀਂ 132 ਵਕੀਲ ਲਗਾਏ ਹਨ ਔਰ ਲਗਾਉਣੇ ਸਿਰਫ 50 ਚਾਹੀਦੇ ਸਨ, ਸਾਡੇ ਵੇਲੇ ਤਾਂ ਸਿਰਫ਼ 50 ਹੀ ਲਗਾਏ ਗਏ ਸਨ। ਇਨ੍ਹਾਂ ਨੇ ਕੋਈ ਬੱਚਤ ਨਹੀਂ ਕੀਤੀ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਕੌੜੀ ਸਚਾਈ ਦੱਸਣ ਲਗਾ ਹਾਂ ਕਿ ਦੁਨੀਆਂ ਵਿੱਚ ਦੋ ਟੈਕਸ ਕਿਤੇ ਨਹੀਂ ਲਗਾਏ ਗਏ ਦੇਖੇ, ਇਕ ਪ੍ਰੋਡਿਊਸਰ ਹੈ ਔਰ ਇੱਕ ਕੰਜਿਊਮਰ ਹੈ, ਮੈਂ ਇਕਨਾਮਿਕਸ ਨਹੀਂ ਪੜ੍ਹੀ ਲੇਕਿਨ ਫਾਈਨਾਂਸ ਮਨਿਸਟਰ ਸਾਹਿਬ ਇਹ ਦੱਸਣ ਕਿ ਦੁਨੀਆਂ ਦੇ ਵਿੱਚ ਕਿਤੇ ਹੈ ਕਿ ਜਿਹੜਾ ਦੋ ਬੰਦਿਆਂ ਤੋਂ ਅੱਗੇ ਟੈਕਸ ਲਗਦਾ ਹੈ। ਜਾਖੜ ਸਾਹਿਬ ਤੁਸੀਂ ਚੰਗੇ ਪੜ੍ਹਦੇ ਸੀ ਔਰ ਬਲਰਾਮ ਜੀ ਵੀ ਸਾਡੇ ਮਿੱਤਰ ਸਨ। ਇਨ੍ਹਾਂ ਨੇ 80 ਰੁਪਏ ਕਿੱਲਾ ਬੇਰਾਨੀ ਜ਼ਮੀਨ ਉਤੇ ਵੀ ਠੋਕ ਦਿੱਤਾ ਹੈ, ਕੀ 60 ਰੁਪਏ ਪ੍ਰਤੀ ਹਾਰਸ ਪਾਵਰ ਬਿਜਲੀ ਬੋਰਡ ਵਲੋਂ ਬਗੈਰ ਪੁੱਛੇ ਕਿਸਾਨਾਂ ਦੇ ਉਤੇ ਨਹੀਂ ਠੋਕ ਦਿੱਤੀ ਔਰ ਜਿਹੜੀ ਅਸੀਂ ਢਾਈ ਰੁਪਏ ਪ੍ਰਤੀ ਯੂਨਿਟ ਤੇ ਛੱਡ ਕੇ ਗਏ ਸੀ, ਉਹ ਇਨ੍ਹਾਂ ਨੇ ਚਾਰ

ਰੁਪਏ ਪ੍ਰਤੀ ਯੂਨਿਟ ਕਰ ਦਿੱਤੀ ਹੈ ਔਰ ਸਾਰਿਆਂ ਦੇ ਉੱਤੇ ਲਗਾ ਦਿੱਤੀ ਹੈ, ਕਿਸੇ ਨੂੰ ਵੀ ਨਹੀਂ ਬਖਸ਼ਿਆ ਗਿਆ, ਗਰੀਬਾਂ ਦੇ ਉੱਤੇ ਵੀ ਲਗਾ ਦਿੱਤਾ ਗਿਆ ਹੈ। ਅੱਜ ਹਰ ਪਾਸੇ ਟੈਕਸ ਤੇ ਟੈਕਸ ਲਗਾਏ ਜਾ ਰਹੇ ਹਨ। ਕੀ ਰਜਿਸਟਰੀ ਫੀਸ ਨਹੀਂ ਵਧਾਈ ਗਈ ? ਅਸੀਂ 6 ਪ੍ਰਤੀਸ਼ਤ ਛੱਡ ਕੇ ਗਏ ਸੀ ਪਰ ਇਨ੍ਹਾਂ ਨੇ ਉਸ ਨੂੰ ਹੁਣ 9 ਪ੍ਰਤੀਸ਼ਤ ਕਰ ਦਿੱਤਾ ਹੈ। ਫਿਰ ਬਿਜਲੀ ਦੇ ਉਤੇ ਸੈੱਸ ਠੋਕ ਦਿੱਤਾ ਹੈ ਜਦ ਕਿ ਰੈਗੂਲੇਟਰੀ ਕਮਿਸ਼ਨ ਨੇ ਰੇਟ ਘਟਾਇਆ ਸੀ ਬਾਵਜੂਦ ਇਸ ਦੇ ਇਨ੍ਹਾਂ ਨੇ ਸੈੱਸ ਠੋਕ ਦਿੱਤਾ ਹੈ। ਇਸੇ ਤਰ੍ਹਾਂ ਜਿਹੜਾ ਡੀਜ਼ਲ ਅਸੀਂ 17 ਰੁਪਏ ਪ੍ਰਤੀ ਲਿਟਰ ਤੇ ਛੱਡ ਕੇ ਗਏ ਸੀ ਉਹ ਅੱਜ 26 ਰੁਪਏ 30 ਪੈਸੇ ਤੇ ਪਹੁੰਚ ਗਿਆ ਹੈ। ਮੇਰਾ ਖਿਆਲ ਹੈ ਕਿ ਜਦੋਂ ਸੈਂਟਰ ਵਲੋਂ ਵੀ ਵਧਾ ਦਿੱਤਾ ਗਿਆ ਤਾਂ ਇਹ 28 ਜਾਂ 29 ਰੁਪਏ ਪ੍ਰਤੀ ਲਿਟਰ ਉਤੇ ਪਹੁੰਚ ਜਾਵੇਗਾ, ਹੋ ਸਕਦਾ ਹੈ ਕਿ ਇਹ 30 ਰੁਪਏ ਤੇ ਹੀ ਨਾ ਪਹੁੰਚ ਜਾਵੇ। ਕੋਈ ਟੈਕਸ ਬਾਰੇ ਦਸ ਦਿਓ ਕਿ ਇਸ ਨੂੰ ਪੇਅ ਕੌਣ ਕਰੇਗਾ, ਕੀ ਸਰਮਾਏਦਾਰ ਪੇਅ ਕਰੇਗਾ ? ਉਹ ਤਾਂ ਆਪ ਦੇ ਟੈਕਸ ਵਿਚੋਂ ਸਾਰਾ ਤੇਲ ਪਾਉਂਦਾ ਹੈ। ਇੱਕ ਜ਼ਿਮੀਦਾਰ ਜੱਟ ਹੈ ਜਿਹੜਾ ਖੂਨ ਪਸੀਨੇ ਦੀ ਕਮਾਈ ਕਰਦਾ ਹੈ ਔਰ ਉਹ ਆਪਣੇ ਟਰੈਕਟਰ ਦੇ ਵਿੱਚ ਪੁਆਵੇਗਾ ਔਰ ਜਿਹੜਾ ਲੋਕਾਂ ਨੂੰ ਖਵਾਉਂਦਾ ਹੈ, ਉਸ ਦੇ ਸਿਰ ਉਤੇ ਬੋਝ ਪਵੇਗਾ। ਇਸ ਤੋਂ ਇਲਾਵਾ ਵਿਚਾਰਾ ਜਿਹੜਾ ਟਰੱਕ ਵਾਲਾ ਹੈ ਔਰ ਜਿਹੜਾ ਆਪਣੇ ਘਰ ਤੋਂ 6-6 ਮਹੀਨੇ ਬਾਹਰ ਰਹਿੰਦਾ ਹੈ ਔਰ ਥਾਂ-ਥਾਂ ਤੇ ਬੇਰੀਅਰ ਦੇ ਉਤੇ ਲੁੱਟਿਆ ਜਾਂਦਾ ਹੈ ਅਤੇ ਕਦੇ ਵਿਚਾਰਾ ਜਾਗਦਾ ਜਾਗਦਾ ਐਕਸੀਡੈਂਟ ਦੇ ਵਿੱਚ ਮਰ ਵੀ ਜਾਂਦਾ ਹੈ ਜਾਂ ਫਿਰ ਉਸ ਨੇ ਭਰਨਾ ਹੈ ਔਰ ਉਸ ਦੇ ਨਾਲ ਲੋਕਾਂ ਦੇ ਉਤੇ ਮਹਿੰਗਾਈ ਵਧਣੀ ਹੈ ਕਿਉਂ ਜੋ ਦਿਨ ਰਾਤ ਟੈਕਸ ਦੇ ਉਤੇ ਟੈਕਸ ਲਗਾਏ ਜਾ ਰਹੇ ਹਨ। ਇਸ ਦੇ ਬਾਰੇ ਮੈਨੂੰ ਦਸ ਤਾਂ ਦਿਉ ਕਿ ਜਿਸ ਟੈਕਸ ਦੇ ਵਿਚੋਂ ਕੋਈ ਅਜਿਹਾ ਮੁਨਾਫਾ ਕੱਢ ਰਹੇ ਹੋ ਜਾਂ ਅਮੀਰ ਸੈਕਸ਼ਨ ਉਤੇ ਲਗਾਇਆ ਜਾ ਰਿਹਾ ਹੈ ਤਾਂ ਅਸੀਂ ਮੰਨਦੇ। ਇਸ ਤੋਂ ਇਲਾਵਾ ਹਰਿਆਣਾ ਦੇ ਵਿੱਚ ਜੋ ਠੇਕਿਆਂ ਦੀ ਬੋਲੀ ਹੋਈ ਹੈ ਉਥੇ 600 ਕਰੋੜ ਰੁਪਏ ਦੇ ਉਤੇ 120 ਕਰੋੜ ਰੁਪਏ ਵਧ ਦਾ ਮੁਨਾਫਾ ਦਿਖਾਇਆ ਹੈ ਲੇਕਿਨ ਸਾਡੇ 1400 ਕਰੋੜ ਰੁਪਏ ਪਿਛੇ ਸਿਰਫ਼ 26 ਕਰੋੜ ਰੁਪਏ ਹੀ ਵਧੇ ਹਨ ਜਦ ਕਿ ਹਰਿਆਣਾ ਗਰੀਬ ਸੂਬਾ ਹੈ ਔਰ ਉਥੇ ਲੋਕੀਂ ਸ਼ਰਾਬ ਵੀ ਘੱਟ ਪੀਂਦੇ ਹਨ। ਜੇਕਰ ਤੁਸੀਂ 300 ਕਰੋੜ ਰੁਪਏ ਦਾ ਵਾਧਾ ਕਰਦੇ ਤਾਂ ਅਸੀਂ ਤੁਹਾਨੂੰ ਸ਼ਾਬਾਸ਼ ਦਿੰਦੇ ਕਿਉਂਕਿ ਮੂਰਖ ਬੰਦਾ ਹੁੰਦਾ ਹੈ ਜਿਸ ਨੇ ਪੀਣੀ ਹੁੰਦੀ ਹੈ, ਸਾਨੂੰ ਖੁਸ਼ੀ ਹੁੰਦੀ, ਧੱਕੇ ਨਾਲ ਪੀਂਦਾ, ਮੂਰਖ ਪੀਂਦਾ। ਕਿਸੇ ਸਿਨੇਮਿਆਂ ਦੇ ਉਤੇ ਲਗਾ ਦਿੰਦੇ ਜਾਂ ਸਰਮਾਏਦਾਰਾਂ ਦੇ ਉਤੇ ਲਗਾ ਦਿੰਦੇ ਤਾਂ ਸਾਨੂੰ ਖੁਸ਼ੀ ਹੁੰਦੀ। ਲੇਕਿਨ ਇਨ੍ਹਾਂ ਨੇ ਸਾਰੇ ਟੈਕਸਾਂ ਦੇ ਵਿੱਚ ਸਾਰੇ ਗਰੀਬ ਲੋਕਾਂ ਨੂੰ ਰਗੜ ਕੇ ਰੱਖ ਦਿੱਤਾ ਹੈ। ਸੋ, ਕੋਈ ਤੁਸੀਂ ਐਸੀ ਗੱਲ ਨਹੀਂ ਕੀਤੀ ਜਿਸ ਨਾਲ ਕਹਿ ਸਕੋ ਕਿ ਪੰਜਾਬ ਦੇ ਲੋਕਾਂ ਤੇ ਇਹ ਟੈਕਸ ਠੀਕ ਲਾਇਆ ਹੈ ਅਤੇ ਬੱਚਤ ਕੀਤੀ ਹੈ। ਨਾ ਤੁਸੀ ਬੱਚਤ ਕੀਤੀ ਹੈ ਤੇ ਨਾ ਟੈਕਸ ਠੀਕ ਲਾਇਆ ਹੈ। ਤੁਸੀਂ ਸਿਰਫ਼ ਰਗੜਾ ਲਾਇਆ ਹੈ। ਜ਼ਿਮੀਦਾਰ ਨੂੰ ਰਗੜਾ ਲਾਇਆ ਹੈ। ਆਹ ਹੁਣ ਪ੍ਰਾਈਵੇਟ ਸਿਸਟਮ ਕਰਨ ਲੱਗੇ ਹੋ। ਕਹਿੰਦੇ ਸਕੂਲਾਂ ਨੂੰ ਪ੍ਰਾਈਵੇਟ ਕਰ ਦੇਣਾ ਹੈ, ਹੈਲਥ ਸਿਸਟਮ ਨੂੰ ਪ੍ਰਾਈਵੇਟ ਕਰ ਦੇਣਾ ਹੈ, ਅਤੇ ਜਿਹੜੀ ਇੰਡਸਟਰੀ ਹੈ ਪੀ.ਟੀ.ਐਲ. ਵੀ ਪ੍ਰਾਈਵੇਟ ਕਰ ਦਿੱਤੀ। ਹਰ ਚੀਜ਼ ਪ੍ਰਾਈਵੇਟ ਕਰਨ ਵੱਲ ਜਾ ਰਹੇ ਹੋ। ਬਿਜਲੀ ਬੋਰਡ ਨੂੰ ਪ੍ਰਾਈਵੇਟ ਕਰਨ ਵਾਸਤੇ ਚੀਕਾਂ ਮਾਰ ਰਹੇ ਹੋ। 6-7 ਸਟੇਟਾਂ ਨੇ ਇਸ ਨੂੰ ਪ੍ਰਾਈਵੇਟ ਕੀਤਾ ਹੈ ਅਤੇ ਉਹ ਸਾਰੇ ਫੇਲ੍ਹ ਹਨ। ਐਕਟ 48 ਦੇ ਮੁਤਾਬਿਕ ਉਸ ਨੂੰ ਸਿੱਧਾ ਤਾਂ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਪ੍ਰਾਈਵੇਟ ਨਹੀਂ ਕਰ ਸਕਦੇ। ਪਹਿਲਾਂ ਉਸ ਨੂੰ ਤੋੜਨਾ ਪਵੇਗਾ ਫੇਰ ਪ੍ਰਾਈਵੇਟ ਕਰੋਗੇ। ਇਸ ਤੋਂ ਬਾਅਦ ਬੀ.ਟੀ. ਕਾਟਨ ਤਿੰਨ ਸਾਲ ਲੇਟ ਕਰਕੇ ਲਿਆਂਦੀ। ਫੇਰ ਇਹ ਕਹਿੰਦੇ ਹਨ ਕਿ ਮਾਰਕਫੈਡ ਸੋਸ਼ਲ ਸਰਵਿਸ ਪੰਜਾਬ ਵਿਚ ਕਰੇਗੀ। ਡਿਪਟੀ ਸਪੀਕਰ ਸਾਹਿਬ, ਤੁਸੀਂ ਤਾਂ ਸ਼ਹਿਰ ਵਿਚ ਰਹਿਣ ਵਾਲੇ ਹੋ ਤੇ ਲਿਖਾਰੀ ਹੋ, ਪੜ੍ਹਦੇ ਹੋ ਇਕ ਗਰੀਬ ਜੱਟ ਦਾ ਕੀ ਹਾਲ ਹੁੰਦਾ ਹੈ 3700/- ਰੁਪਏ ਪ੍ਰਤੀ ਕਿਲੋ ਬੀ.ਟੀ. ਕਾਟਨ ਦਾ ਬੀਜ ਮਾਰਕਫੈਡ ਕਿਸਾਨਾਂ ਨੂੰ ਦੇਵੇਗੀ। ਇਹ ਸੋਸ਼ਲ ਸਰਵਿਸ ਪੰਜਾਬ ਵਿਚ ਹੋ ਰਹੀ ਹੈ। ਇਸ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ। ਮੈਂ ਜ਼ਿਆਦਾ ਟਾਈਮ ਨਹੀਂ ਲਵਾਂਗਾ ਪਰ ਮੈਂ ਇਹ ਕੋਟ ਕਿਉਂ ਕਰ ਰਿਹਾ ਹਾਂ ਜਦੋਂ ਮਲਟੀ ਨੈਸ਼ਨਲ ਦੇ ਵੱਸ ਪੈ ਰਹੇ ਹੋ, ਗਲੋਬਲਾਈਜ਼ੇਸ਼ਨ ਦੀ ਗੱਲ ਕਰਦੇ ਹੋ, ਅੱਜ ਆਸਟ੍ਰੇਲੀਆ 4/- ਰੁਪਏ ਕਿਲੋ ਕਣਕ ਵੇਚ ਰਿਹਾ ਹੈ ਤੇ ਪੰਜਾਬ ਨੂੰ 10/- ਰੁਪਏ ਕਣਕ ਪੈ ਰਹੀ ਹੈ ਤੇ ਤੁਸੀਂ ਜੱਟ ਨੂੰ 6/- ਰੁਪਏ ਦੇ ਰਹੇ ਹੋ। ਇਸ ਵਿਚ ਜੱਟ ਦਾ ਕਸੂਰ ਨਹੀਂ। ਆਸਟ੍ਰੇਲੀਆ ਵਿਚ ਸਬਸਿਡੀਆਂ ਇੰਨੀਆਂ ਜ਼ਿਆਦਾ ਹਨ ਕਿ ਤੁਸੀਂ ਉਨ੍ਹਾਂ ਮੁਲਕਾਂ ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਦਾ ਮੁਕਾਬਲਾ ਨਹੀਂ ਕਰ ਸਕਦੇ। ਇਥੇ ਤਾਂ ਜੱਟ ਨੂੰ ਰਗੜਾ ਲੱਗ ਰਿਹਾ ਹੈ। ਅੱਜ ਨਰਮੇ ਦਾ ਬੀਜ 3700/- ਰੁਪਏ ਪ੍ਰਤੀ ਕਿਲੋ ਮਿਲਦਾ ਹੈ। ਕੱਲ੍ਹ ਨੂੰ ਕਣਕ 15/- ਰੁਪਏ ਕਿਲੋ ਮਿਲੇਗੀ ਜਿਵੇਂ ਪਾਕਿਸਤਾਨ ਵਿਚ 30/- ਰੁਪਏ ਕਿਲੋ ਮਿਲਦੀ ਹੈ। ਇਹ ਹਾਲ ਹੋਵੇਗਾ। ਤੁਸੀਂ ਮੁਕਾਬਲਾ ਕਰਦੇ ਹੋ ਦੂਜੇ ਦੇਸ਼ਾਂ ਦਾ। ਉਨ੍ਹਾਂ ਕੰਟਰੀਜ਼ ਵਿਚ ਸਬਸਿਡੀਆਂ ਜ਼ਿਆਦਾ ਦਿੱਤੀਆਂ ਜਾਂਦੀਆਂ ਹਨ। ਸਾਰੀ ਦੁਨੀਆਂ ਇਕ ਹੋ ਰਹੀ ਹੈ। ਤੁਹਾਨੂੰ ਉਨ੍ਹਾਂ ਦੇ ਮੁਕਾਬਲੇ ਵਿਚ ਆਉਣਾ ਪੈਣਾ ਹੈ। ਉਨ੍ਹਾਂ ਨੇ ਆਪਣੀਆਂ ਗੱਲਾਂ ਤੇ ਅੰਗੂਠਾ ਲੁਆ ਲਿਆ। ਅੱਜ ਸਾਰਾ ਮੁਲਕ ਪਿੱਟ ਰਿਹਾ ਹੈ ਉਹ ਆਪਣੀਆਂ ਸ਼ਰਤਾਂ ਮਨਵਾਈ ਜਾ ਰਹੇ ਹਨ। ਉਹ ਕਿਤੇ ਵੀ ਆਪਣੀ ਕਣਕ ਵੇਚ ਸਕਦਾ ਹੈ, ਆਲੂ ਵੇਚ ਸਕਦਾ ਹੈ, ਚੌਲ ਵੇਚ ਸਕਦਾ ਹੈ ਤੇ ਉਨ੍ਹਾਂ ਦਾ ਜਹਾਜ਼ ਕਿਤੇ ਵੀ ਆ ਸਕਦਾ ਹੈ, ਸਾਡੇ ਮਜ਼ਦੂਰ ਨੂੰ ਵੀ ਜਾਣ ਆਉਣ ਦਾ ਮੌਕਾ ਦੇ ਦਿਓ। ਮਜ਼ਦੂਰ ਨੂੰ ਖੁੱਲ ਦਿਓ। ਦੁਨੀਆਂ ਵਿਚ ਖੁੱਲ ਦਿਓ ਤਾਂ ਕਿ ਦੁਨੀਆਂ ਬਰਾਬਰ ਹੋਵੇ ਪਰ ਇਸ ਸਭ ਵਿਚ ਵਿਚਾਰਾ ਜੱਟ ਮਾਰਿਆ ਗਿਆ, ਸਾਰੇ ਹਿੰਦੁਸਤਾਨ ਦਾ ਜੱਟ ਮਾਰਿਆ ਗਿਆ। ਪੰਜਾਬ ਕੀ ਸਾਰੇ ਹਿੰਦੁਸਤਾਨ ਦੀ ਇੰਡਸਟਰੀ ਬਰਬਾਦ ਹੋ ਗਈ। ਮੈਂ ਬੰਗਲੌਰ ਅਤੇ ਗੁਜਰਾਤ ਦੇ ਸਟੇਸ਼ਨ ਦੇਖੇ ਹਨ, ਸਭ ਫੈਕਟਰੀਆਂ ਛੱਡ ਕੇ ਭੱਜ ਰਹੇ ਹਨ। ਚਾਈਨਾ, ਵੀਅਤਨਾਮ, ਕੋਰੀਆ ਦਾ ਸਮਾਨ ਵਿਕ ਰਿਹਾ ਹੈ। ਅਸੀਂ ਹੀ ਤਬਾਹ ਨਹੀਂ ਹੋ ਰਹੇ, ਪੰਜਾਬ ਹੀ ਤਬਾਹ ਨਹੀਂ ਹੋ ਰਿਹਾ, ਸਾਰਾ ਮੁਲਕ ਤਬਾਹ ਹੋ ਰਿਹਾ ਹੈ। ਇਹ ਕਹਿੰਦੇ ਹਨ ਕਿ ਤਰੱਕੀ ਕਰ ਲਈ। ਸਭ ਤੋਂ ਪਹਿਲਾਂ ਐਗਰੀਕਲਚਰ ਦੀ ਗੱਲ ਲਓ। 2003-04 ਵਿਚ ਕਰੰਟ ਪ੍ਰਾਈਸਿਜ਼ ਸਨ 26032 ਕਰੋੜ ਉਹ 2004-05 ਵਿਚ 2785 ਕਰੋੜ ਕਰ ਦਿੱਤੇ। ਇਹ ਮੈਂ ਨਹੀਂ ਕਹਿੰਦਾ ਡਿਪਟੀ ਸਪੀਕਰ ਸਾਹਿਬ, ਤੁਸੀਂ ਬਹੁਤ ਪੜ੍ਹਦੇ ਹੋ ਤੁਹਾਡੇ ਐਡਵਾਈਜ਼ਰ ਨੇ ਜਿਹੜਾ ਇਕਨਾਮਿਕ ਸਰਵੇ ਪੇਸ਼ ਕੀਤਾ ਹੈ ਉਸ ਵਿਚ ਪਰ ਕੈਪੀਟਾ ਇਨਕਮ ਸਲੈਕਟਿਡ ਸਟੇਟਸ ਦੀ ਕਾਨਸਟੈਂਟ ਪ੍ਰਾਈਸਿਜ਼ 1993-94 ਬਾਰੇ 100 ਪੇਜ਼ ਤੇ ਲਿਖਿਆ ਹੈ। ਉਸ ਵਿਚ ਬਿਹਾਰ ਦੀ ਕਿੰਨੀ ਹੈ ਜਿਸ ਨੂੰ ਸਭ ਤੋਂ ਗਰੀਬ ਸੂਬਾ ਕਹਿੰਦੇ ਹਨ, ਤੁਹਾਡਾ ਸਰਵੇ ਕਹਿੰਦਾ ਹੈ, ਮੇਰੇ ਕੋਲ ਕਾਹਦੇ ਅੰਕੜੇ ਹਨ, ਤੁਹਾਡੇ ਹੀ ਪੜ੍ਹ ਕੇ ਦੱਸਦਾ ਹਾਂ। ਬਿਹਾਰ 13.89 ਇਨਕਰੀਜ਼, ਦਿੱਲੀ 5.7, ਇਕ ਛੋਟੀ ਜਿਹੀ ਸਟੇਟ ਗੋਆ 1.7 ਹਰਿਆਣਾ

ਜਿਹੜਾ ਸਾਡਾ ਗਵਾਂਢੀ ਸੂਬਾ ਹੈ ਉਥੇ 3.6, ਹਿਮਾਚਲ ਵਿਚ 3.7 ਤੇ ਹੁਣ ਮੈਂ ਪੰਜਾਬ ਦੀ ਗੱਲ ਕਰਦਾ ਹਾਂ 0.4% ਜ਼ੀਰੋ ਤੋਂ ਹੁਣ ਇਹ 0.4% ਰਹਿ ਗਿਆ ਹੈ। ਇਹ ਇਕਾਨਮੀ ਸਰਵੇ ਆਫ ਪੰਜਾਬ ਕਹਿ ਰਿਹਾ ਹੈ। ਮੈਂ ਆਪਣੇ ਕੋਲੋਂ ਨਹੀਂ ਕਹਿ ਰਿਹਾ। ਇਹ ਤੁਹਾਡੇ ਆਪਣੇ ਅੰਕੜੇ ਕਹਿ ਰਹੇ ਹਨ ਇਹ ਤੁਹਾਡਾ ਐਡਵਾਈਜ਼ਰ ਆਫ਼ ਇਕਨਾਮਿਕ ਸਰਵੇ ਕਹਿ ਰਿਹਾ ਹੈ। ਕੀ ਇਹ ਤਰੱਕੀ ਹੈ ? ਇਹ ਕੋਈ ਤਰੱਕੀ ਨਹੀਂ ਹੈ। ਇਹ ਤਾਂ ਲੋਕਾਂ ਨਾਲ ਕੀਤਾ ਗਿਆ ਇੱਕ ਧੋਖਾ ਹੈ। ਤੁਹਾਡੀਆਂ ਫਿਗਰਜ਼ ਬੜੀਆਂ ਜਗਲਰੀ ਹਨ। ਕੀ ਇਹ ਲੋਕਾਂ ਨਾਲ ਕੀਤਾ ਗਿਆ ਧੋਖਾ ਹੈ ਜਾਂ ਫਿਰ ਵਾਕਿਆ ਹੀ ਤਰੱਕੀ ਹੈ ? ਹਾਂ ਜੀ, ਇਹ ਤਰੱਕੀ ਕਰਦੇ ਹਨ। ਕੀ ਤਰੱਕੀ ਇਸ ਤਰ੍ਹਾਂ ਦੀ ਹੁੰਦੀ ਹੈ ? ਇੱਥੇ ਪੰਜਾਬ ਵਿਚ ਪੌਂਟੀ ਚੱਢਾ ਹੋਰੀ ਆ ਗਏ। ਕੁਆਰਕ ਕੰਪਨੀ ਆ ਗਈ। ਜੇ ਆਪਾਂ ਜੱਟਾਂ ਦੀਆਂ ਜ਼ਮੀਨਾਂ ਦੀਆਂ ਰਜਿਸਟਰੀਆਂ ਬਾਰੇ ਗੱਲ ਕਰੀਏ। ਜ਼ਮੀਨਾਂ ਦੀਆਂ ਰਜਿਸਟਰੀਆਂ ਬਹੁਤ ਮਹਿੰਗੀਆਂ ਕੀਤੀਆਂ ਹੋਈਆਂ ਹਨ। 12 ਰੁਪਏ ਹੋਰ ਫੀਸ ਵਖਰੇ ਤੌਰ ਤੇ ਇਨ੍ਹਾਂ ਤੇ ਲਾਈ ਗਈ ਹੈ। ਤਹਿਸੀਲਦਾਰ ਦਾ ਟੈਕਸ ਅੱਡ ਹੈ। ਗਰੀਬ ਕਿਸਾਨ ਤੋਂ ਜ਼ਮੀਨ ਖੋਹ ਕੇ ਫਿਰ ਉਸ ਨੂੰ ਕਹਿ ਦੇਵੋਗੇ ਕਿ ਤੂੰ ਪਾਕਿਸਤਾਨ ਚਲਾ ਜਾਹ। ਉਥੇ ਕੰਮ ਚਲਾ ਲਵੀ ਗਰੀਬ ਜੱਟਾਂ ਤੋਂ ਜ਼ਮੀਨ ਸਸਤੇ ਭਾਅ ਤੇ ਖੋਹ ਕੇ ਉਸ ਨੂੰ ਫੇਰ ਅੱਗੇ ਮਹਿੰਗੇ ਭਾਅ ਤੇ ਵੇਚਿਆ ਜਾਂਦਾ ਹੈ। ਇਹ ਆਪਣੇ ਲੋਕਾਂ ਨੂੰ ਕਹਿ ਦਿੰਦੇ ਹਨ ਕਿ ਜੋ ਮਰਜ਼ੀ ਕਰਦੇ ਫਿਰੋ। ਤੁਹਾਡੇ ਤੇ ਕੋਈ ਟੈਕਸ ਨਹੀਂ ਜੱਟ ਦੀ ਜ਼ਮੀਨ ਲੁਟਾਂਗੇ , ਉਸ ਤੋਂ ਕਿੱਲਾ ਜ਼ਮੀਨ 10-12 ਲੱਖ ਰੁਪਏ ਵਿਚ ਖਰੀਦਾਂਗੇ। ਉਸ 10-12 ਲੱਖ ਵਿਚ ਖਰੀਦੇ ਹੋਏ ਨੂੰ ਫਿਰ ਆਪਾਂ ਅੱਗੇ ਦੋ ਕਰੋੜ ਰੁਪਏ ਵਿਚ ਵੇਚਾਂਗੇ। ਆਪਦੇ ਬੰਦਿਆਂ ਤੇ ਤਾਂ ਤੁਸੀਂ ਸਰਕਾਰੀ ਫੀਸਾਂ ਤੇ ਸਟੈਂਪ ਡਿਊਟੀ ਆਦਿ ਦਾ ਖਰਚਾ ਨਹੀਂ ਪਾਉਂਦੇ ਜਾਂ ਫਿਰ ਬਹੁਤ ਹੀ ਘੱਟ ਪਾਉਂਦੇ ਹੋ। ਉਸ ਦੀ ਜਗ੍ਹਾ ਤੁਸੀਂ ਜੱਟ ਦੀ ਜ਼ਮੀਨ ਤੇ ਖਰਚਾ ਵੱਧ ਪਾ ਕੇ ਮੁਨਾਫਾ ਕਮਾ ਲੈਂਦੇ ਹੋ। ਹੁਣ ਕਿਹਾ ਜਾ ਰਿਹਾ ਹੈ ਕਿ ਜ਼ਮੀਨ ਕੁਆਰਕ ਕੰਪਨੀ ਨੇ 5000 ਏਕੜ ਦੇ ਕਰੀਬ ਲੈਣੀ ਹੈ। ਕੁਆਰਕ ਵਾਲੇ ਇੱਥੇ ਆਉਣਗੇ ਅਤੇ ਸਵਾ ਲੱਖ ਬੰਦਿਆਂ ਨੂੰ ਰੁਜ਼ਗਾਰ ਮਿਲੇਗਾ, ਇਹ ਵੀ ਕਿਹਾ ਜਾ ਰਿਹਾ ਹੈ। ਜਦੋਂ ਕਿ ਪਹਿਲਾਂ ਉਨ੍ਹਾਂ ਨੇ 300 ਬੰਦੇ ਕੱਢ ਦਿੱਤੇ ਹਨ ਜਦ ਕਿ ਤਿੰਨ ਸਾਲਾਂ ਦੇ ਵਿਚ 7000 ਬੰਦੇ ਰੱਖੇ ਸਨ ਤੇ 300 ਕੱਢੇ ਹਨ। ਇਹੀ ਨਿਕਾਲੇ ਗਏ ਬੰਦੇ ਉਨ੍ਹਾਂ ਵਿਰੁੱਧ ਮੁਰਦਾਬਾਦ ਦੇ ਨਾਅਰੇ ਲਗਾਉਂਦੇ ਫਿਰ ਰਹੇ ਹਨ। ਇਹੋ ਜਿਹੇ ਤਰੀਕੇ ਵਰਤ ਕੇ ਹੀ ਤਕਰੀਬਨ 500 ਏਕੜ ਪਹਿਲਾਂ ਧੱਕ ਦਿੱਤੀ ਹੈ ਤੇ 5000 ਏਕੜ ਹੋਰ ਧੱਕਣ ਲੱਗੇ ਹਨ। ਇਹੋ ਜਿਹੇ ਢੰਗਾਂ ਨਾਲ ਪੈਸੇ ਦੀ ਦੁਰਵਰਤੋਂ ਕੀਤੀ ਗਈ ਹੈ। ਇਸ ਨਾਲ ਤਕਰੀਬਨ 100 ਪਿੰਡ ਉਜਾੜ ਦਿੱਤੇ ਹਨ। ਬਾਕੀ ਰਹਿੰਦੇ ਹੋਰ ਪਿੰਡ ਵੀ ਉਜਾੜ ਦਿੱਤੇ ਜਾਣਗੇ। ਕੀ ਇਹ ਸਰਕਾਰ ਦੀ ਤਰੱਕੀ ਹੈ ? ਅਗਲੀ ਗੱਲ ਮੈਂ ਪ੍ਰਾਈਵੇਟ ਸੈਕਟਰ ਅਤੇ ਸੈਕੰਡਰੀ ਸੈਕਟਰ ਦੇ ਬਾਰੇ ਕਰਨੀ ਚਾਹੁੰਦਾ ਹਾਂ। ਸੈਕੰਡਰੀ ਸੈਕਟਰ ਦੇ ਵਿਚ ਇੰਡਸਟਰੀ ਵਗੈਰਾ ਆਉਂਦੀਆਂ ਹਨ। ਮੈਨੂੰ ਤਾਂ ਸੈਕੰਡਰੀ ਸੈਕਟਰ ਦੇ ਬਾਰੇ ਕੋਈ ਬਹੁਤਾ ਪਤਾ ਨਹੀਂ ਹੈ। ਮੈਂ ਤਾਂ ਸਿੱਧਾ ਸਾਦਾ ਜੱਟ ਜ਼ਿਮੀਦਾਰ ਬੰਦਾ ਹਾਂ। ਇਸ ਬਾਰੇ ਜਾਂ ਤਾਂ ਵਿਸਥਾਰ ਨਾਲ ਬੀਬੀ ਜੀ ਦੱਸਣਗੇ ਜਾਂ ਫਿਰ ਸਾਡੇ ਕੈਪਟਨ ਸਾਹਿਬ ਦੱਸ ਸਕਦੇ ਹਨ। ਇਨ੍ਹਾਂ ਦੇ ਸਮੇਂ ਵਿਚ ਕੋਈ ਇੰਡਸਟਰੀ ਪੰਜਾਬ ਦੇ ਵਿਚ ਨਵੀਂ ਨਹੀਂ ਲੱਗੀ। ਕਿੰਨੇ ਸਮੇਂ ਤੋਂ ਗੱਲਾਂ ਚਲਦੀਆਂ ਆ ਰਹੀਆਂ ਹਨ ਕਿ 10 ਹਜ਼ਾਰ ਕਰੋੜ ਰੁਪਏ ਦੇ ਨਾਲ ਆਹ-ਆਹ ਚੀਜ਼ਾਂ ਲਿਆਂਦੀਆਂ ਜਾਣਗੀਆਂ ਪਰ ਅਸਲ ਵਿਚ ਕੀਤਾ ਹਾਲੇ ਤੱਕ ਕੁਝ ਵੀ ਨਹੀਂ। ਕੋਈ ਚੀਜ਼ ਇਹੋ ਜਿਹੀ ਨਹੀਂ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਲਿਆਂਦੀ ਗਈ। ਜਿਹੜਾ 10 ਕਰੋੜ ਰੁਪਿਆ ਇੱਕ ਵਾਰ ਕੈਮੋਫਲੇਜ਼ ਕਰ ਦਿੱਤਾ ਹੈ, ਉਹ ਘਾਟਾ ਪਾ ਕੇ ਕਰ ਦਿੱਤਾ ਹੈ। ਚਾਰ ਸਾਲਾਂ ਦੇ ਵਿਚ ਇਹ ਪੰਜਾਬ ਨੂੰ ਘਾਟਾ ਪਾਇਆ ਹੈ। ਤੁਸੀਂ ਇਸ ਸਬੰਧੀ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਕੱਢ ਕੇ ਵੇਖ ਲਵੋ। ਜਿਸ ਹਿਸਾਬ ਦੇ ਨਾਲ ਸਰਕਾਰ ਦੀ ਨੀਤੀ ਚਲ ਰਹੀ ਹੈ, ਉਸ ਤਰ੍ਹਾਂ ਤਾਂ ਫੈਕਟਰੀਆਂ ਬੰਦ ਹੋਣ ਦੇ ਕਿਨਾਰੇ ਤੇ ਹਨ। ਚਾਰ ਸਾਲਾਂ ਦੇ ਵਿਚ ਕੀਤਾ ਕੱਖ ਵੀ ਨਹੀਂ ਹੈ। ਇਸ ਬਾਰੇ ਤੁਸੀਂ ਆਪਣੀਆਂ ਹੀ ਰਿਪੋਰਟਾਂ ਕਢਾ ਕੇ ਵੇਖ ਲਵੋ। ਪੰਜਾਬ ਕੋਲ ਅਖਬਾਰਾਂ ਹਨ, ਟੀ.ਵੀ. ਚੈਨਲ ਹਨ, ਇਨ੍ਹਾਂ ਸਾਰਿਆਂ ਵਿਚ ਹੀ ਖਬਰਾਂ ਆਉਂਦੀਆਂ ਹਨ। ਬੱਲੇ-ਬੱਲੇ, ਪੰਜਾਬ ਟੂਡੇ ਵਰਗੇ ਚੈਨਲ ਇਨ੍ਹਾਂ ਦੇ ਆਪਦੇ ਹਨ। ਇਨ੍ਹਾਂ ਚੈਨਲਾਂ ਤੇ ਵੀ ਰੋਜ਼ ਖਬਰਾਂ ਆਉਂਦੀਆਂ ਹਨ। ਇਹ ਕਹਿੰਦੇ ਹਨ ਕਿ ਡੀਜ਼ਲ ਤੇ ਟੈਕਸ ਲਗਾ ਕੇ 110 ਕਰੋੜ ਰੁਪਿਆ ਇੱਕਠਾ ਕਰਾਂਗੇ। 20 ਕਰੋੜ ਰੁਪਿਆ ਤਾਂ ਡਾਇਰੈਕਟ ਹੀ ਹੈ ਅਤੇ ਪੰਜ ਕਰੋੜ ਰੁਪਿਆ ਰਿਸਰਚ ਵਾਸਤੇ ਰੱਖਿਆ ਹੈ। ਇਸ ਵਿਚੋਂ 75 ਤੋਂ 80 ਕਰੋੜ ਰੁਪਿਆ ਬੱਲੇ-ਬੱਲੇ ਵਾਲਿਆਂ ਤੇ ਹੋਰ ਟੀ.ਵੀ. ਚੈਨਲਾਂ ਵਾਲਿਆਂ ਨੂੰ ਦੇਣਾ ਹੈ। ਜਾਂ ਤਾਂ 110 ਕਰੋੜ ਰੁਪਿਆ ਰਿਸਰਚ ਵਾਸਤੇ ਹੀ ਰੱਖ ਦੇਣ। ਰਿਸਰਚ ਲਈ ਪੈਸੇ ਦੀ ਬਹੁਤ ਲੋੜ ਹੈ। ਯੂਨੀਵਰਸਿਟੀ ਨੂੰ ਵੀ ਪੈਸਾ ਦੇਣ। ਯੂਨੀਵਰਸਿਟੀ ਨੂੰ ਰਿਸਰਚ ਆਦਿ ਕਰਨ ਲਈ ਪੈਸੇ ਦੀ ਬੜੀ ਲੋੜ ਹੈ। ਅੱਜ ਬਿਊਰੋਕਰੇਸੀ ਨੂੰ ਨੱਥ ਪਾਉਣ ਦੀ ਕੋਈ ਜ਼ੁਅਰਤ ਹੀ ਨਹੀਂ ਕਰਦਾ। ਕਿਸੇ ਵੇਲੇ ਕਾਡਰ ਪੋਸਟਾਂ ਬਹੁਤ ਸਨ। ਆਈ.ਏ.ਐਸ. ਤੇ ਆਈ.ਪੀ.ਐਸ. ਦੀਆਂ ਕਾਡਰ ਪੋਸਟਾਂ ਬਹੁਤ ਘੱਟ ਹੁੰਦੀਆਂ ਸਨ। ਅੱਜ ਤੁਸੀਂ ਲੋਕ ਡਰ ਰਹੇ ਹੋ। ਸਾਡੇ ਵੇਲੇ 1980 ਦੇ ਵਿਚ ਪੁਲਿਸ ਦਾ ਖਰਚਾ 18 ਕਰੋੜ ਰੁਪਏ ਦਾ ਸੀ। ਬਹੁਤ ਹੀ ਘੱਟ ਖਰਚਾ ਅਸੀਂ ਉਦੋਂ ਛੱਡ ਕੇ ਗਏ ਸੀ। ਹੁਣ ਇਹ ਖਰਚਾ 1068 ਕਰੋੜ ਰੁਪਏ ਹੈ। ਇਹ 20 ਸਾਲਾਂ ਦੇ ਵਿਚ ਤਬਾਹੀ ਹੋਈ ਹੈ। ਕਿੰਨਾ ਨੁਕਸਾਨ ਹੋਇਆ ਹੈ, ਇਹ ਘਾਟਾ ਕਦੋਂ ਅਤੇ ਕਿਵੇਂ ਪੂਰਾ ਕਰਨਗੇ ? ਬੇਸ਼ੱਕ ਅੱਜ ਵਰਲਡ ਬੈਂਕ ਦੀਆਂ ਰਿਪੋਰਟਾਂ ਕਢਾ ਕੇ ਵੇਖ ਲਵੋ। ਜਦੋਂ ਅੱਤਵਾਦ ਆਇਆ ਤਾਂ ਤੁਹਾਡਾ ਗਵਰਨਰੀ ਰਾਜ ਸੀ। ਉਦੋਂ ਸਾਰੀ ਬਿਊਰੋਕਰੇਸੀ ਡਾਇਰੈਕਟ ਰੂਲ ਕਰਦੀ ਸੀ। ਉਸ ਵੇਲੇ ਬਹੁਤ ਜ਼ਿਆਦਾ ਤਬਾਹੀ ਹੋਈ। ਉਦੋਂ ਵੀ ਕਾਂਗਰਸ ਸਰਕਾਰ ਦੀ ਹੀ ਜ਼ਿੰਮੇਵਾਰੀ ਬਣੀ ਸੀ। ਤੁਹਾਡੀਆਂ ਫਿਗਰਜ਼ ਹੀ ਸਭ ਕੁਝ ਦਸਦੀਆਂ ਹਨ। ਹੁਣ ਪਾਣੀ ਦੀ ਗੱਲ ਤੇ ਆ ਜਾਓ। ਕਾਂਗਰਸ ਸਰਕਾਰ ਅੱਜ ਕਹਿੰਦੀ ਹੈ ਕਿ ਪਾਣੀ ਦਰਿਆਵਾਂ ਦੇ ਵਿਚ ਨਹੀਂ ਹੈ। ਅਸੀਂ ਇਹ ਗੱਲ ਅੱਜ ਤੋਂ ਵੀਹ ਸਾਲ ਪਹਿਲਾਂ ਕਹਿ ਦਿੱਤੀ ਸੀ। 20 ਸਾਲਾਂ ਪਹਿਲਾਂ ਹੀ ਅਸੀਂ ਕਹਿੰਦੇ ਸੀ ਕਿ ਪਾਣੀ ਸਾਡੇ ਕੋਲ ਨਹੀਂ ਹੈ। ਅੱਜ ਤੁਸੀਂ ਕਹਿੰਦੇ ਹੋ ਕਿ ਸਾਡੇ ਕੋਲ ਟੈਕਸ ਲਗਾਉਣ ਵਾਸਤੇ ਕੋਈ ਥਾਂ ਨਹੀਂ ਹੈ। ਇਨਡਾਇਰੈਕਟ ਟੈਕਸ ਤਾਂ ਤੁਹਾਡਾ ਦਿੱਲੀ ਵਾਲੇ ਲਈ ਜਾਂਦੇ ਹਨ। ਤੁਹਾਡੇ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਟੈਕਸ ਲਗਾਉਣ ਦੇ ਰਿਸੋਰਸਿਜ਼ ਬਹੁਤ ਘੱਟ ਹਨ। ਟੈਕਸ ਬਾਰੇ ਸਾਰੀ ਜ਼ਿੰਮੇਵਾਰੀ ਸਟੇਟ ਗੌਰਮਿੰਟ ਦੀ ਹੀ ਬਣਦੀ ਹੈ।

ਡਿਪਟੀ ਸਪੀਕਰ ਸਾਹਿਬ, ਅਸੀਂ ਪੰਜਾਬ ਦੀ ਧਰਤੀ ਤੇ ਜੰਮੇ ਹਾਂ। ਸਰਦਾਰ ਭਗਤ ਸਿੰਘ ਹੋਰੀਂ ਕੋਈ ਰਾਜਭਾਗ ਨਹੀਂ ਕਰਕੇ ਗਏ। ਉਨ੍ਹਾਂ ਨੇ ਤਾਂ ਸਾਨੂੰ ਆਜ਼ਾਦੀ ਲੈ ਕੇ ਦਿੱਤੀ ਹੈ। ਉਹ ਆਪ ਕੋਈ ਆਜ਼ਾਦੀ ਮਾਣ ਕੇ ਨਹੀਂ ਗਏ। ਸਾਨੂੰ ਸਾਰਿਆਂ ਨੂੰ ਇੱਕ ਦੂਜੇ ਦੀ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ। ਇੱਕ ਦੂਜੇ ਨੂੰ ਲਾਹਨਤਾਂ ਨਹੀਂ ਪਾਉਣੀਆਂ ਚਾਹੀਦੀਆਂ। ਫਿਗਰਜ਼ ਕਹਿੰਦੇ ਹਨ ਕਿ ਜੋ ਕੁਝ ਵੀ ਹੋ ਰਿਹਾ ਹੈ, ਸਟੇਟ ਦੇ ਹਿੱਤ ਵਿਚ ਨਹੀਂ ਹੈ। ਅੱਜ ਇਹ ਅਕਾਲੀਆਂ ਨੂੰ ਬਦਨਾਮ ਕਰਦੇ ਹਨ ਕਿ ਅਕਾਲੀ ਆਹ ਕਰ ਗਏ,

ਅਕਾਲੀ ਔਹ ਕਰ ਗਏ। ਅਕਾਲੀ ਤਾਂ 40 ਸਾਲਾਂ ਤੋਂ ਪੰਜਾਬ ਦੇ ਹਿੱਤਾਂ ਲਈ ਲੜਾਈਆਂ ਲੜੀ ਜਾ ਰਹੇ ਹਨ। ਅਸੀਂ ਕਿਹੜਾ ਗੁਨਾਹ ਕਰ ਦਿੱਤਾ। ਕੁਰਪਸ਼ਨ ਦੇ ਨਾਂ ਤੇ ਅੱਜ ਝੂਠੇ ਕੇਸ ਬਣਾਏ ਜਾਂਦੇ ਹਨ। ਝੂਠੇ ਐਫੀਡੈਵਿਟ ਲਏ ਜਾਂਦੇ ਹਨ। ਡੈਮੋਕਰੇਸੀ ਬਾਰੇ ਹੁਣ ਕੀ ਕਿਹਾ ਜਾ ਸਕਦਾ ਹੈ। ਝੂਠੇ ਐਫੀਡੈਵਿਟ ਲੈਣਾ ਇਹ ਜਾਣਦੇ ਹਨ...... ਕਾਂਗਰਸੀ ਐਮ.ਪੀ. ਸਰਦਾਰ ਜਗਮੀਤ ਸਿੰਘ ਬਰਾੜ ਨੇ ਜੋ ਕੁਝ ਤੁਹਾਡੀ ਸਰਕਾਰ ਬਾਰੇ ਕਿਹਾ ਕਿ 100 ਕਰੋੜ ਰੁਪਏ ਦੀ ਰਿਸ਼ਵਤ ਲੀਕਰ ਆਕਸ਼ਨ ਵਿਚ ਲਈ ਹੈ। ਜੋ ਤੁਹਾਡੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਪਿਛਲੇ ਸਾਲ ਐਲੀਗੇਸ਼ਨ ਲਗਾਏ ਸਨ ਪਰ ਉਨ੍ਹਾਂ ਐਲੀਗੇਸ਼ਨ ਦਾ ਸਰਕਾਰ ਵਲੋਂ ਕੋਈ ਜਵਾਬ ਨਹੀਂ ਆਇਆ। ਤੁਸੀਂ ਇਨ੍ਹਾਂ ਐਲੀਗੇਸ਼ਨਜ਼ ਦੀ ਸੀ.ਬੀ.ਆਈ. ਤੋ ਇਨਕੁਆਇਰੀ ਕਰਵਾ ਲਵੋ ਫੇਰ ਤੁਹਾਨੂੰ ਪਤਾ ਲਗ ਜਾਵੇਗਾ ਜੇਕਰ ਇਨਕੁਆਇਰੀ ਨਹੀਂ ਕਰਵਾਉਣੀ ਫੇਰ ਤੁਸੀਂ ਇਸ ਹਾਊਸ ਦੀ ਕਮੇਟੀ ਸਾਰੇ ਪਾਰਟੀ ਦੇ ਐਮ.ਐਲ.ਏਜ਼. ਦੀ ਬਣਾ ਦਿਓ ਜਿਹੜੀ ਇਨ੍ਹਾਂ ਐਲੀਗੇਸ਼ਨਾਂ ਦੀ ਜਾਂਚ ਕਰਕੇ ਰਿਪੋਰਟ ਹਾਊਸ ਨੂੰ ਦੇਵੇ। ਮੈਂ ਕਹਿੰਦਾ ਹਾਂ ਕਿ ਜੋ ਵੀ ਚਾਹੇ ਇਕ ਵਾਰ ਐਮ.ਐਲ.ਏ. ਰਿਹਾ ਹੋਵੇ ਉਸ ਕੋਲ ਕੀ ਸੀ ਅਤੇ ਐਮ.ਐਲ.ਏਜ਼. ਬਣਨ ਤੋਂ ਬਾਅਦ ਉਸ ਕੋਲ ਕਿੰਨੀ ਜਾਇਦਾਦ ਹੋ ਗਈ। ਇਸ ਦੀ ਇਨਕੁਆਰੀ ਕਰਵਾ ਲਵੋ। ਇਹ 1980 ਤੋਂ ਲੈ ਕੇ ਹੁਣ ਤੱਕ ਦੇ ਪੀਰੀਅਡ ਨੂੰ ਆਧਾਰ ਬਣਾ ਲਿਆ ਜਾਵੇ। ਤੁਸੀਂ ਆਪਣੇ ਅਫਸਰਾਂ ਦੇ ਖਿਲਾਫ ਵੀ ਇਨਕੁਆਇਰੀ ਬਿਠਾਓ। ਉਨ੍ਹਾਂ ਦੀ ਜਾਇਦਾਦ ਦੀ ਜਾਂਚ ਹੋਣੀ ਚਾਹੀਦੀ ਹੈ, ਜਿਸ ਤਰ੍ਹਾਂ ਯੂ.ਪੀ. ਦੇ ਐਕਸ ਚੀਫ ਸੈਕਟਰੀ ਦੇ ਖਿਲਾਫ ਯੂ.ਪੀ. ਦੇ ਸਾਰੇ ਆਈ.ਏ.ਐਸ. ਅਫੀਸਰਜ਼ ਨੇ ਇਕ ਮੀਟਿੰਗ ਕਰਕੇ ਇਕ ਮਤਾ ਪਾਸ ਕੀਤਾ ਸੀ ਕਿ ਸਾਡੇ ਚੀਫ ਸੈਕਟਰੀ ਦੀ ਜਾਇਦਾਦ ਬਾਰੇ ਇਨਕੁਆਇਰੀ ਕੀਤੀ ਜਾਵੇ। ਇਹ ਮਤਾ 10 ਸਾਲ ਪਹਿਲੇ ਪਾਸ ਹੋਇਆ ਸੀ ਪਰ ਹੁਣ ਜਾ ਕੇ ਇਨਕੁਆਇਰੀ ਹੋਈ ਹੈ ਜਦ ਕਿ ਪਿਛਲੀਆਂ ਸਰਕਾਰਾਂ ਦੇ ਚੀਫ ਮਨਿਸਟਰਾਂ ਨੇ ਉਸ ਦੇ ਖਿਲਾਫ ਇਨਕੁਆਇਰੀ ਨਹੀਂ ਹੋਣ ਦਿੱਤੀ ਸੀ। ਉਹ ਪਿਛਲੇ 10 ਸਾਲਾਂ ਤੋਂ ਬਚਦਾ ਆ ਰਿਹਾ ਸੀ। ਹੁਣ ਮਹੀਨਾ ਹੋ ਗਿਆ ਸੀ.ਬੀ.ਆਈ. ਦੀ ਇਨਕੁਆਇਰੀ ਨੂੰ ਚਲਦੇ ਹੋਏ ਅਤੇ ਪੜਤਾਲ ਜਾਰੀ ਹੈ। ਉਸ ਨੇ ਆਪਣੀ ਸੇਵਾ ਕਾਲ ਵਿਚ ਬਹੁਤ ਜ਼ਿਆਦਾ ਜਾਇਦਾਦ ਇਕੱਠੀ ਕੀਤੀ ਹੋਈ ਸੀ। ਸੋ ਸਾਨੂੰ ਸਾਰਿਆਂ ਨੂੰ ਜਵਾਬ ਦੇਹ ਹੋਣਾ ਚਾਹੀਦਾ ਹੈ। ਅਫਸਰ ਸਾਹਿਬਾਨ ਦੇ ਖਿਲਾਫ ਵੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਜਨਤਾ ਅੱਗੇ ਜਵਾਬ ਦੇਹ ਹੋਣਾ ਚਾਹੀਦਾ ਹੈ। ਸਾਨੂੰ ਆਪਣੇ ਸਿਸਟਮ ਨੂੰ ਠੀਕ ਕਰਨ ਦੀ ਲੋੜ ਹੈ। ਅਗਰ ਸਿਸਟਮ ਦਰੁੱਸਤ ਹੋ ਜਾਵੇਗਾ ਤਾਂ ਹੀ ਸਾਰਾ ਕੰਮ ਠੀਕ ਹੋਵੇਗਾ ਅਤੇ ਡੈਮੋਕਰੇਸੀ ਵੱਧ-ਫੁਲ ਸਕੇਗੀ। ਸਰਦਾਰ ਭਗਤ ਸਿੰਘ ਨੇ ਬਲੀਦਾਨ ਆਜ਼ਾਦੀ ਲੈਣ ਵਾਸਤੇ ਦਿਤਾ ਪਰ ਅਸੀਂ ਆਜ਼ਾਦੀ ਦੇ ਨਜਾਇਜ਼ ਫਾਇਦੇ ਉਠਾ ਰਹੇ ਹਾਂ। ਇਸੇ ਤਰ੍ਹਾਂ ਸੁਭਾਸ਼ ਚੰਦਰ ਬੋਸ ਨੇ ਆਪਣੀ ਕੁਰਬਾਨੀ ਦਿੱਤੀ। ਉਹ ਕਹਿੰਦੇ ਸਨ ਤੁਸੀਂ ਮੈਨੂੰ ਖੂਨ ਦਿਓ ਮੈਂ ਤੁਹਾਨੂੰ ਆਜ਼ਾਦੀ ਲੈ ਕੇ ਦੇਵਾਂਗਾ। ਉਨ੍ਹਾਂ ਕਿਸੇ ਕੁਰਸੀ ਦੀ ਖਾਤਿਰ ਨਹੀਂ ਕੁਰਬਾਨੀਆਂ ਦਿੱਤੀਆਂ ਸਨ ਬਲਕਿ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਦਿੱਤੀ ਸੀ। ਤੁਹਾਡੇ ਕਾਂਗਰਸੀ ਐਮ.ਐਲ.ਏ. ਜੋ ਚੇਅਰਪਰਸਨ ਹੈ, ਦੇ ਦਫ਼ਤਰ ਨੂੰ ਤਾਲਾ ਇਕ ਅਫਸਰ ਨੇ ਲਗਾ ਦਿੱਤਾ। ਕੀ ਇਹ ਡੈਮੋਕਰੇਸੀ ਹੈ ? ਅਫ਼ਸਰ ਸਾਹਿਬਾਨ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਸੀ। ਸਰਕਾਰ ਵਲੋਂ ਡੈਮੋਕਰੇਸੀ ਨੂੰ ਬੜਾਵਾ ਦੇਣ ਲਈ ਕੋਈ ਯਤਨ ਨਹੀਂ ਕੀਤੇ ਜਾ ਰਹੇ। ਐਮ.ਐਲ.ਏਜ਼. ਅਤੇ ਮਨਿਸਟਰਜ਼ ਨੂੰ ਸਰਕਾਰ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਅੱਗੇ ਜਵਾਬ ਦੇਹ ਹੋਣਾ ਚਾਹੀਦਾ ਹੈ। ਸਰਕਾਰ ਸਾਰੇ ਕੰਮ ਠੇਕੇ ਤੇ ਦੇ ਰਹੀ ਹੈ ਅਤੇ ਪ੍ਰਾਈਵੇਟਾਈਜ਼ੇਸ਼ਨ ਸਿਸਟਮ ਨੂੰ ਅਡਾਪਟ ਕੀਤਾ ਜਾ ਰਿਹਾ ਹੈ। ਸਰਕਾਰ ਨੇ 86 ਹਜ਼ਾਰ ਏਕੜ ਜ਼ਮੀਨ ਨੂੰ ਡਾਈਵਰਸੀਫੀਕੇਸ਼ਨ ਲਈ ਅਡਾਪਟ ਕੀਤਾ ਹੈ ਅਤੇ ਇਸ ਉਤੇ 12 ਕਰੋੜ ਰੁਪਿਆ ਖਰਚ ਆਇਆ ਹੈ। ਇਕ ਕਰੋੜ ਹੈਕਟਰ ਜ਼ਮੀਨ ਨੂੰ ਇਸ ਡਾਈਵਰਸੀਫੀਕੇਸ਼ਨ ਦੇ ਅਧੀਨ ਲਿਆਉਣ ਦਾ ਵਿਚਾਰ ਸੀ। ਪਿਛਲੇ 3 ਸਾਲਾਂ ਤੋਂ ਇਸ ਡਾਈਵਰਸੀਫੀਕੇਸ਼ਨ ਉਤੇ ਜ਼ੋਰ ਲਗਾਇਆ ਜਾ ਰਿਹਾ ਹੈ। ਇਸ ਡਾਈਵਰਸੀਫੀਕੇਸ਼ਨ ਉਤੇ ਐਗਰੀਕਲਚਰ ਦੇ ਮਾਹਿਰ ਜੌਹਲ ਸਾਹਿਬ ਨੇ ਰਿਪੋਰਟ ਦਿੱਤੀ ਹੈ। ਇਸ ਸਬੰਧੀ ਸਾਡੇ ਰਾਜਪਾਲ ਸਾਹਿਬ ਵੀ ਨਾਰਾਜ਼ ਹਨ। ਉਨ੍ਹਾਂ ਨੇ ਕਿਹਾ ਕਿ ਇਸ ਦੇ ਵਿਚ ਘਾਲਾ-ਮਾਲਾ ਹੈ। ਸਰਕਾਰ ਨੂੰ ਇਸ ਸਿਸਟਮ ਨੂੰ ਠੀਕ ਕਰਨ ਦੀ ਲੋੜ ਹੈ। ਇਨ੍ਹਾਂ ਨੇ ਮਾਰਕਫੈਡ ਰਾਹੀਂ ਬੀ.ਟੀ. ਕਾਟਨ ਦੇ ਬੀਜ ਵੇਚੇ ਹਨ। ਜੋ ਪਹਿਲੇ 20/- ਰੁਪਏ ਵਿਚ ਮਿਲਦਾ ਸੀ ਹੁਣ ਉਹ 50/- ਰੁਪਏ ਵਿਚ ਮਿਲ ਰਿਹਾ ਹੈ। ਸਰੋਂ ਦੇ ਬੀਜ, ਝੋਨੇ ਦੇ ਬੀਜ, ਕਣਕ ਦੇ ਬੀਜ ਵੀ ਮਹਿੰਗੇ ਹੋ ਗਏ ਹਨ, ਇਸ ਨਾਲ ਕਿਸਾਨਾਂ ਦੀ ਆਮਦਨੀ ਉਤੇ ਬਹੁਤ ਮਾੜਾ ਅਸਰ ਪਿਆ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ ਤੁਸੀਂ ਮੈਨੂੰ ਟਾਈਮ ਦਿਓ ਹਾਲੇ ਕਾਫੀ ਬੋਲਣ ਲਈ ਮੇਰੇ ਕੋਲ ਮੈਟੀਅਰਲ ਹੈ। ਇਸ ਲਈ ਕਿਰਪਾ ਕਰਕੇ ਮੈਨੂੰ ਰੋਕੋ ਨਾ। ਮੈਨੂੰ ਸਿਰਫ 2 ਮਿੰਟ ਹੋਰ ਬੋਲਣ ਦਿੱਤਾ ਜਾਵੇ।

**ਮਾਨਯੋਗ ਡਿਪਟੀ ਸਪੀਕਰ** : ਤੁਸੀਂ 25 ਮਿੰਟ ਬੋਲ ਚੁੱਕੇ ਹੋ। ਇਸ ਕਰਕੇ ਤੁਸੀਂ ਜਲਦੀ ਤੋਂ ਜਲਦੀ ਆਪਣੀ ਸਪੀਚ ਖਤਮ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਮੈਂ ਸਮ-ਅਪ ਕਰਨ ਲਗਾ ਹਾਂ। 2-3 ਗੱਲਾਂ ਬਾਰੇ ਮੇਰੇ ਤੋਂ ਸੁਜੈਸ਼ਨ ਲੈ ਲਓ। ਮੋਤੀਆਂ ਵਾਲਿਓ, ਮੇਰੇ ਦੋਸਤ ਮਿੱਤਰੋ, ਅਸੀਂ ਕੁਝ ਸਟੇਟ ਦਾ ਭਲਾ ਕਰੀਏ। ਇਹ ਕਹਿੰਦੇ ਹਨ ਕਿ ਖੇਤੀ ਦੇ ਵਿਚ ਬਦਲਾਓ ਲਿਆਉਣਾ ਹੈ। ਡਿਪਟੀ ਸਪੀਕਰ ਸਾਹਿਬ, ਖੇਤੀ ਤੁਸੀਂ ਕਰਦੇ ਨਹੀਂ, ਤੁਸੀਂ ਤਾਂ ਕਾਬਲ ਪ੍ਰੋਫੈਸਰ ਹੋ। ਮੈਂ ਦੱਸ ਦਿੰਦਾ ਹਾਂ ਆਟੋਮੈਟਿਕ ਡਾਈਵਰਸੀਫਿਕੇਸ਼ਨ, ਨੈਚੂਰਲ ਫਲੋਅ ਕੀਤਾ ਹੈ? ਗੰਨਾਂ ਕਾਟਨ, ਆਲੂ, ਬਾਗਬਾਨੀ, ਦੁੱਧ ਇਸ ਤਰ੍ਹਾਂ ਦੀਆਂ 4-5 ਚੀਜ਼ਾਂ ਆਟੋਮੈਟਿਕ ਹਨ। ਕੀ ਗੰਨੇ ਦਾ 62 ਕਰੋੜ ਦਾ ਬਕਾਇਆ 3 ਸਾਲਾਂ ਵਿਚ ਸਰਕਾਰ ਨੇ ਦਿੱਤਾ ਹੈ? ਨਰਮੇ ਦਾ 3 ਸਾਲ ਬੀ.ਟੀ. ਦਾ ਸੀਡ ਲਿਆਂਦਾ ਨਹੀਂ, ਜੇ ਲਿਆਂਦਾ ਤਾਂ ਪੰਜਾਬ ਵਿਚ 3700 ਰੁਪਏ ਕਿਲੋ ਮਾਰਕਫੈਡ ਦੇਵੇਗਾ। ਜੇ ਕਿਸਾਨ ਨੇ ਆਪਣੇ ਆਪ ਗੁਜਰਾਤ ਤੋਂ ਬੀ.ਟੀ. ਕਾਟਨ ਬੀਜ ਲਿਆ ਤਾਂ ਤੁਹਾਨੂੰ ਵੀ ਦੇਣਾ ਪੈ ਗਿਆ। ਇਸ ਵਿਚ ਤੁਹਾਡੀ ਤਾਂ ਕੋਈ ਕਾਂਟਰੀਬਿਊਸ਼ਨ ਨਹੀਂ। ਕਿਥੇ ਭਾਅ, ਸਰਕਾਰੀ ਰੇਟ 1815 ਰੁਪਏ ਤੇ ਕਿਥੇ ਵਿਕਿਆ 1700 ਰੁਪਏ। ਕਿਸਾਨ ਕਿਥੇ ਜਾਵੇਗਾ? ਇਸ ਤਰ੍ਹਾਂ ਨਾਲ ਨਰਮੇ ਦੀ ਕੀ ਡਾਈਵਰਸੀਫਿਕੇਸ਼ਨ ਹੋਵੇਗੀ? ਤੀਸਰੀ ਗੱਲ, ਦੁੱਧ ਜ਼ਿੰਮੀਦਾਰ ਦੇ ਘਰੋਂ ਲੈਂਦੇ ਹਨ, 8-9 ਤੋਂ ਸਾਢੇ 9 ਰੁਪਏ ਕਿਲੋ ਤੇ ਮੰਡੀ ਵਿਚ ਜਾ ਕੇ ਵਿਕਦਾ ਹੈ 17 ਰੁਪਏ ਕਿਲੋ। ਇਸ ਤਰ੍ਹਾਂ ਨਾਲ ਕਿਵੇਂ ਡਾਈਵਰਸੀਫਿਕੇਸ਼ਨ ਹੋਵੇਗੀ? ਇਹ ਤਾਂ ਮੰਗਦੇ ਸੀ 1280 ਕਰੋੜ ਰੁਪਿਆ, ਪਰ ਇੱਥੇ ਮੈਂ ਛੋਟੀ ਜਿਹੀ ਸੁਜੈਸ਼ਨ ਵਿੱਤ ਮੰਤਰੀ ਸਾਹਿਬ ਨੂੰ ਦੇਣੀ ਚਾਹੁੰਦਾ ਹਾਂ ਤੇ ਕਹਿੰਦਾ ਹਾਂ ਕਿ ਜਾਉ ਦਿੱਲੀ ਤੋਂ ਮਨਮੋਹਨ ਸਿੰਘ ਨੂੰ ਦੱਸੋ ਕਿ ਇਹ

ਆਟੋਮੈਟਿਕ ਡਾਈਵਰਸੀਫਿਕੇਸ਼ਨ ਹੈ। ਸ਼ੂਗਰ ਮਿੱਲਾਂ ਨੂੰ ਵੇਚੋ ਨਾ ਬਲਕਿ ਘਾਟੇ ਤੇ, ਰਿਆਇਤ ਤੇ ਦੇ ਦਿਓ। ਮਿਲਕਫੈਡ ਵਿਚ ਘਾਟਾ ਪੈਂਦਾ ਹੈ ਤਾਂ ਮਿਸਮੈਨੇਜਮੈਂਟ ਨੂੰ ਚੈਕ ਕਰੋ ਤੇ ਜੇ ਜਾਇਜ਼ ਘਾਟਾ ਹੈ ਤਾਂ ਉਸਨੂੰ ਸਰਕਾਰ ਪੂਰਾ ਕਰੇ ਤੇ ਤੁਸੀਂ ਦੁੱਧ ਦਾ ਰੇਟ 12 ਰੁਪਏ ਦਿਓ। ਨਰਮੇ ਦਾ ਰੇਟ ਜਿਹੜਾ 1815 ਰੁਪਏ ਸੀ, ਮਹਾਂਰਾਸ਼ਟਰਾ ਨੇ 2300 ਰੁਪਏ ਵਿਚ ਖਰੀਦਿਆ। ਤੁਸੀਂ 2000 ਰੁਪਏ ਦੀ ਖਰੀਦ ਲੈਂਦੇ। ਆਲੂ ਬਰਬਾਦ ਹੋ ਰਿਹਾ ਹੈ। ਮਾਰਕਫੈਡ ਨੂੰ ਕਹਿੰਦੇ, ਉਹ ਖਰੀਦਦਾ। ਲੋਕ ਇਸ ਤੋਂ ਅਗਲੇ ਸਾਲ ਭੱਜ ਨਾ ਜਾਣ। ਜੱਟ ਸੂਰਜਮੁਖੀ ਬੀਜਣੀ ਛੱਡ ਗਿਆ, ਇਸ ਤੋਂ ਭੱਜ ਗਿਆ। ਇਸ ਦੇ ਬੀਜ ਦਾ ਰੇਟ 1500 ਰੁਪਏ ਫਿਕਸ ਕਰਦੇ ਤਾਂ ਆਟੋਮੈਟਿਕ ਡਾਈਵਰਸੀਫਿਕੇਸ਼ਨ ਆਪਣੇ ਆਪ ਹੁੰਦੀ। ਨਾ ਸੈਂਟਰ ਨੂੰ 1200 ਕਰੋੜ ਕਹਿਣ ਦੀ ਲੋੜ ਰਹਿੰਦੀ, ਆਟੋਮੈਟਿਕ ਡਾਈਵਰਸੀਫਿਕੇਸ਼ਨ ਹੋ ਜਾਣੀ ਸੀ। ਏਥੇ ਫਾਇਦਾ ਸੀ, ਜ਼ਿਮੀਂਦਾਰ ਨੇ ਆਪਣੇ ਆਪ ਆ ਜਾਣਾ ਸੀ।

**ਮਾਨਯੋਗ ਡਿਪਟੀ ਸਪੀਕਰ :** ਭੂੰਦੜ ਸਾਹਿਬ, ਜਲਦੀ ਖ਼ਤਮ ਕਰ ਲਓ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮੈਂ ਇਹ ਸਾਰਾ ਲਿਖਿਆ ਹੋਇਆ ਛੱਡ ਦਿੰਦਾ ਹਾਂ। ਕਰਾਂ ਕੀ, ਮੇਰੇ ਕੋਲ ਬਹੁਤ ਮੈਟੀਰੀਅਲ ਸੀ। ਅੰਤ ਵਿਚ ਮੈਂ ਇਹੀ 4-5 ਗੱਲਾਂ ਕਹਿਣਾ ਚਾਹੁੰਦਾ ਹਾਂ। ਇਕ ਤਾਂ ਡਾਈਵਰਸੀਫਿਕੇਸ਼ਨ ਬਾਰੇ ਸੀ। ਦੂਜਾ ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਬਰਬਾਦ ਹੋ ਜਾਵੇਗਾ, ਇਹ ਜਿਹੜਾ ਇਨ੍ਹਾਂ ਨੇ ਡੀਜ਼ਲ ਤੇ ਟੈਕਸ ਲਾਇਆ ਹੈ, ਇਸ ਨੂੰ ਵਾਪਸ ਲੈਣ। ਬਿਜਲੀ ਬੋਰਡ ਨੂੰ ਤੋੜਨ ਵਾਲੀ ਗੱਲ ਵਾਪਸ ਲੈਣ। ਇਹ ਸੋਸ਼ਲ ਸੈਕਟਰ ਵਿਚੋਂ ਭੱਜ ਰਹੇ ਹਨ.........

**ਵਿੱਤ ਤੇ ਯੋਜਨਾ ਮੰਤਰੀ (ਬੈਠੇ ਬੈਠੇ) :** ਇਹ ਆਪ ਤੁਸੀਂ ਸ਼ੁਰੂ ਕੀਤਾ ਸੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਜੇ ਮੈਂ ਗਲਤੀ ਕਰ ਲਈ ਤਾਂ ਤੁਸੀਂ ਜ਼ਰੂਰ ਕਰਨੀ ਹੈ। ਤੁਸੀਂ ਨਾ ਕਰੋ। ਅਸੀਂ ਤਾਂ ਸਾਧਾਰਨ ਲੋਕ ਹਾਂ, ਤੁਸੀਂ ਤਾਂ ਬੜੇ ਕਾਬਲ ਹੋ। ਇਹ ਤੁਹਾਡੀ ਗੱਲ ਮੈਂ ਨਹੀਂ ਮੰਨਦਾ। ਸੋਸ਼ਲ ਸੈਕਟਰ ਵਿਚੋਂ ਨਾ ਭੱਜੋ। ਇਹ ਸਰਕਾਰ ਦੀ ਡਿਊਟੀ ਬਣਦੀ ਹੈ। ਪਰ ਅੱਜ ਹੋ ਕੀ ਰਿਹਾ ਹੈ, ਹਸਪਤਾਲ ਪ੍ਰਾਈਵੇਟ, ਪੁਲ ਪ੍ਰਾਈਵੇਟ, ਸੜਕਾਂ ਫੈਕਟਰੀਆਂ ਪ੍ਰਾਈਵੇਟ, ਵਿੱਦਿਆ ਪ੍ਰਾਈਵੇਟ-ਫੇਰ ਤਾਂ ਸਰਕਾਰ ਵੀ ਪ੍ਰਾਈਵੇਟ ਦੇ ਦਿਓ ਪੌਂਟੀ ਚੱਢਾ ਨੂੰ, ਅਸੀਂ ਕਿਉਂ ਬੈਠੇ ਹਾਂ, ਐਵੇਂ ਕਿਉਂ ਖਰਚਾ ਪਾਇਆ ਹੋਇਆ ਹੈ ? ਡਿਪਟੀ ਸਪੀਕਰ ਸਾਹਿਬ, ਇਹ ਸਟੈਂਪ ਡਿਊਟੀ ਵਾਪਸ ਲੈਣ, ਇਸ ਦਾ ਕੋਈ ਫਾਇਦਾ ਨਹੀਂ ਹੋਣਾ।

ਆਖਿਰ ਵਿਚ, ਇਕ ਬੇਨਤੀ ਮੈਂ ਹੋਰ ਕਰਦਾ ਹਾਂ ਤੇ ਸ਼ਾਬਾਸ਼ ਦਿੰਦਾ ਹਾਂ ਕਿ ਅੱਜ 2-3 ਗੱਲਾਂ ਵਿਚ ਇਹ ਮੰਨ ਗਏ ਹਨ ਜੋ ਅਸੀਂ ਪਹਿਲਾਂ ਹੀ ਕਹਿੰਦੇ ਸੀ। ਇਕ ਤਾਂ ਇਹ ਕਿ ਇਸ ਤਬਾਹੀ ਦਾ ਕਾਰਨ ਅੱਤਵਾਦ ਹੈ। ਅੱਤਵਾਦ ਪੈਦਾ ਕਿਉਂ ਹੋਇਆ ? ਦਰਿਆਵਾਂ ਦਾ ਪਾਣੀ ਅਤੇ ਇੰਡਸਟਰੀਜ਼ ਵਗੈਰਾ ਮੰਗਦੇ ਸੀ। ਅੱਜ ਇਹ ਵੀ ਮੰਨ ਗਏ ਹਨ ਕਿ ਪੰਜਾਬ ਦਾ ਪਾਣੀ ਖਤਮ ਹੋ ਰਿਹਾ ਹੈ, ਥੱਲੇ ਨੂੰ ਜਾ ਰਿਹਾ ਹੈ। ਇਹ ਵੀ ਇਨ੍ਹਾਂ ਨੇ ਸਾਡੀ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਗੱਲ ਮੰਨੀ। ਫੇਰ ਇਹ ਗੱਲ ਵੀ ਸਾਡੀ ਮੰਨ ਲਈ ਕਿ ਸੈਂਟਰ ਵਿਚ ਜੋ ਟੈਕਸਾਂ ਦੀ ਡਿਵੀਜ਼ਨ ਹੈ, ਉਸ ਵਿਚ ਪੰਜਾਬ ਨਾਲ ਧੱਕਾ ਹੁੰਦਾ ਹੈ। ਇਹ ਬਿਲਕੁਲ ਠੀਕ ਗੱਲ ਹੈ, ਪੰਜਾਬ ਨਾਲ ਧੱਕਾ ਹੁੰਦਾ ਹੈ। ਅਸੀਂ 40 ਸਾਲਾਂ ਦੇ ਇਹੀ ਕਹਿ ਰਹੇ ਹਾਂ.। ਇਨ੍ਹਾਂ ਨੇ ਅਕਾਲੀਆਂ ਦੀ ਗੱਲ ਨੂੰ ਮੰਨਿਆ ਹੈ। ਸਾਨੂੰ ਸ਼ਾਬਾਸ਼ ਦਿਓ ਤੇ ਆਓ ਰਲ ਕੇ, ਤਕੜੇ ਹੋ ਕੇ ਪੰਜਾਬ ਨੂੰ ਬਚਾਈਏ। ਧੰਨਵਾਦ। (ਥੰਪਿੰਗ)

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਉਪਰ ਹੋ ਰਹੀ ਇਸ ਬਹਿਸ ਵਿਚ ਹਿੱਸਾ ਲੈਣ ਦਾ ਮੌਕਾ ਦਿੱਤਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬਜਟ ਸਿੰਗਲਾ ਸਾਹਿਬ ਨੇ ਪੇਸ਼ ਕੀਤਾ ਹੈ, ਇਹ ਬਹੁਤ ਹੀ ਸ਼ਾਨਦਾਰ ਬਜਟ ਹੈ। ਪੰਜਾਬ ਦੇ ਲੋਕਾਂ ਵਾਸਤੇ ਇਸ ਬਜਟ ਅੰਦਰ ਬਹੁਤ ਵੱਡੀਆਂ-ਵੱਡੀਆਂ ਉਮੀਦਾਂ ਹਨ। ਮੈਂ ਸਮਝਦਾ ਹਾਂ ਕਿ ਇਸ ਬਜਟ ਦਾ ਪੈਸਾ ਆਉਣ ਨਾਲ ਪੰਜਾਬ ਦੀ ਜਿਹੜੀ ਤਰੱਕੀ ਹੈ, ਪੰਜਾਬ ਦੀ ਜਿਹੜੀ ਡਿਵੈਲਪਮੈਂਟ ਹੈ, ਪਿੰਡਾਂ ਅਤੇ ਸ਼ਹਿਰਾਂ ਦੀ ਜੋ ਤਰੱਕੀ ਹੈ, ਉਸ ਵਿਚ ਨੁਮਾਇਆਂ ਵਾਧਾ ਹੋਵੇਗਾ। ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਸਿੰਗਲਾ ਸਾਹਿਬ ਨੇ 100 ਕਰੋੜ ਰੁਪਿਆ ਰੱਖਿਆ ਹੈ। ਇਸ ਤੋਂ ਇਲਾਵਾ ਪੀ.ਆਈ.ਡੀ.ਬੀ. ਤੋਂ 100 ਕਰੋੜ ਰੁਪਿਆ ਹੋਰ ਲੈ ਕੇ ਇਹ ਫੰਡ 200 ਕਰੋੜ ਰੁਪਏ ਹੋ ਜਾਵੇਗਾ। ਇਸ ਦੇ ਨਾਲ-ਨਾਲ ਅਸੀਂ ਚਾਰ ਗੁਣਾ ਹੋਰ ਪੈਸਾ ਨਬਾਰਡ ਤੋਂ ਅਤੇ ਹੋਰ ਏਜੰਸੀਆਂ ਤੋਂ ਵੀ ਲਵਾਂਗੇ। ਇਸ ਤਰੀਕੇ ਨਾਲ ਇਹ ਤਕਰੀਬਨ 800 ਕਰੋੜ ਰੁਪਿਆ ਹੋ ਜਾਵੇਗਾ, ਜਿਸ ਨਾਲ ਮੈਂ ਸਮਝਦਾ ਹਾਂ ਕਿ ਸ਼ਹਿਰਾਂ ਦੀ ਡਿਵੈਲਪਮੈਂਟ ਬਹੁਤ ਅੱਛੇ ਢੰਗ ਨਾਲ ਹੋ ਸਕੇਗੀ। ਵੈਸੇ ਤਾਂ ਸਾਡੀਆਂ ਜਿਹੜੀਆਂ ਮਿਊਂਸਿਪਲ ਕਮੇਟੀਆਂ ਹਨ, ਮਿਊਂਸਿਪਲ ਕੌਂਸਲਾਂ ਹਨ ਜਾਂ ਨਗਰ ਪੰਚਾਇਤਾਂ ਹਨ, ਉਨ੍ਹਾਂ ਦੇ ਆਪਣੇ ਤੌਰ ਤੇ ਵੀ ਰਿਸੋਰਸਿਜ਼ ਹਨ ਅਤੇ ਇਨ੍ਹਾਂ ਰਿਸੋਰਸਿਜ਼ ਨਾਲ ਅਸੀਂ ਆਉਣ ਵਾਲੇ ਸਮੇਂ ਵਿਚ ਸ਼ਹਿਰਾਂ ਵਿਚ 700 ਕਰੋੜ ਰੁਪਏ ਦੇ ਡਿਵੈਲਪਮੈਂਟ ਦੇ ਕੰਮ ਕਰ ਸਕਾਂਗੇ। ਇਸ ਦੇ ਨਾਲ ਜਿਹੜਾ 800 ਕਰੋੜ ਰੁਪਿਆ ਹੋਰ ਮਿਲੇਗਾ, ਇਸ ਸਾਰੇ ਪੈਸੇ ਨਾਲ ਮੈਂ ਸਮਝਦਾ ਹਾਂ ਕਿ ਅਸੀਂ ਸ਼ਹਿਰਾਂ ਦੀਆਂ ਜਿਹੜੀਆਂ ਵੱਡੀਆਂ-ਵੱਡੀਆਂ ਲੋੜਾਂ ਹਨ, ਉਨ੍ਹਾਂ ਨੂੰ ਪੂਰਾ ਕਰ ਸਕਾਂਗੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਸ਼ਹਿਰਾਂ ਵਿਚ ਜਿਹੜੀ ਵਾਟਰ ਸਪਲਾਈ ਹੈ, ਉਸ ਦਾ 75% ਕੰਮ ਅਸੀਂ ਕਰ ਚੁੱਕੇ ਹਾਂ ਔਰ ਆਉਣ ਵਾਲੇ ਸਾਲ ਵਿਚ ਜੋ ਪ੍ਰੋਗਰਾਮ ਅਸੀਂ ਬਣਾਏ ਹਨ, ਉਨ੍ਹਾਂ ਨਾਲ ਸਮੁੱਚੇ ਪੰਜਾਬ ਦੇ ਸ਼ਹਿਰਾਂ ਵਿਚ 92% ਵਾਟਰ ਸਪਲਾਈ ਦਾ ਕੰਮ ਅਸੀਂ ਪੂਰਾ ਕਰ ਸਕਾਂਗੇ। ਇਸੇ ਤਰ੍ਹਾਂ ਸੀਵਰੇਜ ਦੀ ਗੱਲ ਹੈ। ਇਸ ਵੇਲੇ ਸ਼ਹਿਰਾਂ ਵਿਚ 52% ਸੀਵਰੇਜ ਅਸੀਂ ਪਾ ਚੁੱਕੇ ਹਾਂ ਔਰ ਨਵੇਂ ਪ੍ਰੋਗਰਾਮਾਂ ਨਾਲ ਅਸੀਂ ਸਾਰੇ ਪੰਜਾਬ ਦੇ ਸ਼ਹਿਰਾਂ ਵਿਚ 62% ਸੀਵਰੇਜ ਪਾ ਦਿਆਂਗੇ। ਜਿਹੜੇ ਸਾਡੇ ਸ਼ਹਿਰ ਹਨ, ਉਨ੍ਹਾਂ ਵਿਚ ਬਹੁਤ ਸਾਰੇ ਪ੍ਰਾਜੈਕਟ ਅਸੀਂ ਸ਼ੁਰੂ ਕੀਤੇ ਹਨ, ਜਿਨ੍ਹਾਂ ਨਾਲ ਅਸੀਂ ਸ਼ਹਿਰਾਂ ਵਿਚ ਬਹੁਤ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਚਾਹੁੰਦੇ ਹਾਂ ਜਿਵੇਂ ਕਿ ਵਾਟਰ ਸਪਲਾਈ, ਸੀਵਰੇਜ, ਲਾਈਟਾਂ ਅਤੇ ਸੜਕਾਂ ਆਦਿ। ਸਲੱਮਜ਼ ਵਿਚ ਖਾਸ ਕਰਕੇ ਅਸੀਂ ਡਿਵੈਲਪਮੈਂਟ ਦੇ ਕੰਮ ਕਰਨਾ ਚਾਹੁੰਦੇ ਹਾਂ। ਸਾਡੇ ਸ਼ਹਿਰਾਂ ਵਿਚ ਬਹੁਤ ਸਾਰੀਆਂ ਸਲੱਮਜ਼ ਹਨ, ਅਨ-ਆਥੋਰਾਈਜ਼ਡ

ਕਾਲੋਨੀਆਂ ਹਨ, ਉਨ੍ਹਾਂ ਵਾਸਤੇ ਵੀ ਅਸੀਂ ਆਪਣੀਆਂ ਕਮੇਟੀਆਂ ਵਿਚ ਪ੍ਰੋਵੀਜ਼ਨ ਕੀਤੀ ਹੈ ਕਿ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਨੂੰ ਅਸੀਂ ਪਾਣੀ ਦੇ ਸਕੀਏ। ਲੁਧਿਆਣੇ ਦੀ ਜੋ ਕਾਰਪੋਰੇਸ਼ਨ ਹੈ, ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਉਥੇ 100% ਵਾਟਰ ਸਪਲਾਈ ਅਸੀਂ ਸਾਰੇ ਲੋਕਾਂ ਨੂੰ ਦੇ ਚੁੱਕੇ ਹਾਂ। ਅਨ-ਆਥੋਰਾਈਜ਼ਡ ਕਾਲੋਨੀਆਂ ਵਾਸਤੇ ਵੀ ਇਸ ਵਾਰ 12 ਕਰੋੜ ਰੁਪਿਆ ਰੱਖਿਆ ਗਿਆ ਹੈ ਜਿਸ ਨਾਲ ਸੀਵਰੇਜ ਅਤੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ।

ਡਿਪਟੀ ਸਪੀਕਰ ਸਾਹਿਬ, ਤੁਹਾਡਾ ਅੰਮ੍ਰਿਤਸਰ ਸ਼ਹਿਰ ਬੜਾ ਪਵਿੱਤਰ ਸ਼ਹਿਰ ਹੈ। ਇਹ ਗੁਰੂਆਂ ਦਾ ਸ਼ਹਿਰ ਹੈ ਅਤੇ ਬਹੁਤ ਵੱਡਾ ਤੀਰਥ ਹੈ। ਲੋਕ ਆਪਣਾ ਜੀਵਨ ਸਫ਼ਲਾ ਕਰਨ ਵਾਸਤੇ ਉਥੇ ਜਾਂਦੇ ਹਨ। ਸਾਡੇ ਮਾਨਯੋਗ ਪ੍ਰਧਾਨ ਮੰਤਰੀ ਜੀ ਜਦੋਂ ਪਿੱਛੇ ਜਿਹੇ ਅੰਮ੍ਰਿਤਸਰ ਵਿਚ ਆਏ ਸਨ ਤਾਂ ਉਨ੍ਹਾਂ ਨੇ ਇਸ ਸ਼ਹਿਰ ਨੂੰ ਸੁੰਦਰ ਬਣਾਉਣ ਵਾਸਤੇ ਅਤੇ ਇਸ ਦੀ ਡਿਵੈਲਪਮੈਂਟ ਵਾਸਤੇ ਇਕ ਵਾਅਦਾ ਕੀਤਾ ਸੀ ਅਤੇ ਅੱਜ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਨੇ ਆਪਣਾ ਉਹ ਵਾਅਦਾ ਪੂਰਾ ਕੀਤਾ ਹੈ ਅਤੇ ਅੰਮ੍ਰਿਤਸਰ ਸ਼ਹਿਰ ਦੀ ਡਿਵੈਲਪਮੈਂਟ ਵਾਸਤੇ 255 ਕਰੋੜ ਰੁਪਿਆ ਦੇਣਾ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਪ੍ਰੋਗਰਾਮਾਂ ਨਾਲ ਅੰਮ੍ਰਿਤਸਰ ਸ਼ਹਿਰ ਦੀਆਂ ਜਿਹੜੀਆਂ ਸਲੱਮਜ਼ ਹਨ, ਉਨ੍ਹਾਂ ਦਾ ਸੁਧਾਰ ਹੋਵੇਗਾ ਅਤੇ ਅੰਮ੍ਰਿਤਸਰ ਇਕ ਮਾਡਲ ਸਿਟੀ ਬਣ ਜਾਵੇਗਾ। ਲੋਕਾਂ ਦੀ ਸਹੂਲਤ ਵਾਸਤੇ ਅਤੇ ਲੋਕਾਂ ਨੂੰ ਸਿਵਕ ਅਮੈਨਿਟੀਜ਼ ਦੇਣ ਵਾਸਤੇ ਬਹੁਤ ਸਾਰੇ ਕੰਮ ਸਾਡੀ ਸਰਕਾਰ ਦੇ ਯਤਨਾਂ ਨਾਲ ਪੂਰੇ ਹੋ ਜਾਣਗੇ। ਮੈਂ ਇਹ ਵੀ ਖੁਸ਼ੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਆਪਾਂ ਬੜੀ ਦੇਰ ਦੇ ਲੱਗੇ ਹੋਏ ਸੀ, ਪਿਛਲੀ ਸਰਕਾਰ ਵੀ ਲੱਗੀ ਸੀ, ਅੰਮ੍ਰਿਤਸਰ ਸਾਡਾ ਧਾਰਮਿਕ ਸ਼ਹਿਰ ਹੈ, ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਉਸਦੀ ਬਿਊਟੀਫਿਕੇਸ਼ਨ ਕਰਨ ਲਈ ਪੈਸਾ ਬਹੁਤ ਦੇਰ ਤੋਂ ਨਹੀਂ ਸੀ ਮਿਲਿਆ। ਹੁਣ ਪ੍ਰਾਈਮ ਮਨਿਸਟਰ ਸਾਹਿਬ ਦੇ ਆਉਣ ਨਾਲ 72 ਕਰੋੜ ਰੁਪਿਆ ਸਾਡੇ ਕੋਲ ਆ ਚੁੱਕਾ ਹੈ ਔਰ ਮੈਂ ਏਥੇ ਇਹ ਕਹਿਣਾ ਚਾਹੁੰਦਾ ਹਾਂ ਕਿ 118 ਕਰੋੜ ਰੁਪਿਆ ਜਿਹੜਾ ਉਥੇ ਲੱਗਣਾ ਹੈ ਇਹ ਬਹੁਤ ਵੱਡੀ ਮੈਂ ਸਮਝਦਾ ਹਾਂ ਕਿ ਉਪਲਬਧੀ ਹੈ। ਅੰਮ੍ਰਿਤਸਰ ਸ਼ਹਿਰ ਜਿਹੜਾ ਕਿ ਧਾਰਮਿਕ ਸ਼ਹਿਰ ਹੈ ਜਿਸ ਨੂੰ ਸਾਰੇ ਲੋਕ ਸਾਰੇ ਹਿੰਦੁਸਤਾਨ ਦੇ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿੱਚੋਂ ਤੀਰਥ ਕਰਨ ਵਾਸਤੇ ਲੋਕ ਏਥੇ ਆਉਂਦੇ ਹਨ ਉਹ ਇਕ ਪਵਿੱਤਰ ਸ਼ਹਿਰ ਹੈ, ਉਸ ਦੀ ਡਿਵੈਲਪਮੈਂਟ ਵਾਸਤੇ ਪਿਛਲੀ ਸਰਕਾਰ ਵੇਲੇ ਵੀ ਬਹੁਤ ਸਾਰੀਆਂ ਗੱਲਾਂ ਹੋਈਆਂ। ਇਨ੍ਹਾਂ ਦੀ ਆਮ ਤੌਰ ਤੇ ਕੋਸ਼ਿਸ਼ ਰਹਿੰਦੀ ਹੈ ਕਿ ਧਰਮ ਨੂੰ ਅਸੀਂ ਮੰਨਦੇ ਹਾਂ ਲੇਕਿਨ ਮੈਂ ਅੱਜ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਜੋ ਉਪਰਾਲੇ ਕੀਤੇ ਹਨ ਅੰਮ੍ਰਿਤਸਰ ਸ਼ਹਿਰ ਨੂੰ ਇਕ ਚੰਗਾ ਸ਼ਹਿਰ ਬਣਾਉਣ ਲਈ ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਤੁਸੀਂ ਵੀ, ਡਿਪਟੀ ਸਪੀਕਰ ਸਾਹਿਬ, ਉਥੇ ਰਹਿੰਦੇ ਹੋ। ਇਹ ਆਪਣੇ ਪਿਛਲੇ ਪੰਜ ਸਾਲਾਂ ਵਿੱਚ ਉਥੇ ਕੁਝ ਨਹੀਂ ਕਰ ਸਕੇ ਲੇਕਿਨ ਕੈਪਟਨ ਸਾਹਿਬ ਦੇ ਆਉਣ ਨਾਲ ਔਰ ਉਨ੍ਹਾਂ ਦੇ ਸੈਂਟਰ ਵਿੱਚ ਗੱਲਬਾਤ ਕਰਨ ਨਾਲ ਏਨਾ ਰੁਪਿਆ ਅਸੀਂ ਲਿਆਂਦਾ ਹੈ ਅਤੇ ਇਸ ਨੂੰ ਇਕ ਚੰਗਾ ਸ਼ਹਿਰ ਬਣਾ ਰਹੇ ਹਾਂ। ਅੱਜ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਦੀ ਇਹ ਬਹੁਤ ਵੱਡੀ ਉਪਲਬਧੀ ਹੈ।

[ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ]

ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜਿਹੜਾ ਸਾਡਾ ਸਤਲੁਜ਼ ਐਕਸ਼ਨ ਪਲਾਨ ਹੈ, ਜਿਸ ਦੇ ਥੱਲੇ ਅਸੀਂ ਬਹੁਤ ਵੱਡੀ ਰਕਮ ਖਰਚ ਕਰ ਰਹੇ ਹਾਂ, 280 ਕਰੋੜ ਰੁਪਏ ਲੁਧਿਆਣਾ, ਜਲੰਧਰ, ਫਿਲੌਰ, ਫਗਵਾੜਾ ਵਾਸਤੇ ਅਸੀਂ ਸੀਵਰੇਜ ਟਰੀਟਮੈਂਟ ਪਲਾਂਟ ਲਗਾ ਰਹੇ ਹਾਂ ਔਰ ਮੈਂ ਨਾਲ ਦੀ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਲੁਧਿਆਣਾ ਦਾ ਟਰੀਟਮੈਂਟ ਪਲਾਂਟ ਦਾ ਕੰਮ ਅਸੀਂ ਚਾਲੂ ਕਰ ਦਿੱਤਾ ਹੈ। ਜਲੰਧਰ ਵਿੱਚ ਜ਼ਮੀਨ ਲੈ ਲਈ ਹੈ ਔਰ ਫਗਵਾੜਾ ਵਾਸਤੇ ਵੀ ਜ਼ਮੀਨ ਲੈ ਚੁੱਕੇ ਹਾਂ। ਇਹ ਥੋੜ੍ਹੇ ਸਮੇਂ ਵਿੱਚ ਪੈਸੇ ਆ ਚੁੱਕੇ ਹਨ। ਸੀਵਰੇਜ ਟਰੀਟਮੈਂਟ ਪਲਾਂਟ ਲਾਵਾਂਗੇ ਜਿਸ ਨਾਲ ਲੋਕਾਂ ਨੂੰ ਬਹੁਤ ਵੱਡੀ ਸਹੂਲਤ ਅਸੀਂ ਦੇਣਾ ਚਾਹੁੰਦੇ ਹਾਂ, ਦੇ ਸਕਾਂਗੇ।

ਏਸੇ ਤਰ੍ਹਾਂ ਹੀ, ਬੇਈਂ ਦੇ ਐਕਸ਼ਨ ਪਲਾਨ ਵਿੱਚ ਕਪੂਰਥਲਾ ਸੀਵਰੇਜ ਟਰੀਟਮੈਂਟ ਪਲਾਂਟ ਸਤਲੁਜ ਉਪਰ ਲੱਗ ਰਿਹਾ ਹੈ। ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਦੀ ਸਰਕਾਰ ਸ਼ਹਿਰਾਂ ਦੀ ਤਰੱਕੀ ਵਾਸਤੇ ਜਿੰਨੀ ਵਚਨਬੱਧ ਹੈ, ਉਨੀ ਪਿਛਲੀ ਸਰਕਾਰ ਨੇ ਸ਼ਹਿਰਾਂ ਦੇ ਵੱਲ ਕਦੇ ਧਿਆਨ ਨਹੀਂ ਕੀਤਾ। ਇਹ ਠੀਕ ਹੈ ਕਿ ਪਿੰਡਾਂ ਦੇ ਵਿੱਚ ਤਰੱਕੀ ਕਰਨ ਲਈ ਯੋਗਦਾਨ ਪਾਇਆ ਹੈ ਕਿਉਂਕਿ ਪਿੰਡਾਂ ਵਿੱਚ ਲੋਕ ਜ਼ਿਆਦਾ ਰਹਿੰਦੇ ਹਨ। ਲੇਕਿਨ ਸ਼ਹਿਰਾਂ ਵੱਲ ਜੇਕਰ ਧਿਆਨ ਦਿੱਤਾ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਦਿੱਤਾ ਹੈ।

ਇਸੇ ਤਰ੍ਹਾਂ ਮੈਂ, ਡਿਪਟੀ ਸਪੀਕਰ ਸਾਹਿਬ, ਅਗਲੀ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਲੁਧਿਆਣਾ ਸ਼ਹਿਰ ਹੈ ਉਸ ਸ਼ਹਿਰ ਨੂੰ ਅਸੀਂ ਸੈਂਟ ਪਰ ਸੈਂਟ ਸੀਵਰੇਜ ਪ੍ਰੋਗਰਾਮ ਵਿੱਚ ਲਿਆਉਣਾ ਚਾਹੁੰਦੇ ਹਾਂ। ਉਥੇ ਹੁਡਕੋ ਦੀ ਮਦਦ ਨਾਲ 200 ਕਰੋੜ ਰੁਪਏ ਦਾ ਪ੍ਰਾਜੈਕਟ ਚਾਲੂ ਹੋ ਚੁੱਕਾ ਹੈ ਔਰ ਆਉਣ ਵਾਲੇ ਸਮੇਂ ਵਿੱਚ ਅਸੀਂ ਉਸ ਨੂੰ ਪੂਰਾ ਕਰਾਂਗੇ। ਡਿਪਟੀ ਸਪੀਕਰ ਸਾਹਿਬ, ਲੁਧਿਆਣੇ ਸ਼ਹਿਰ ਵਿੱਚ 100 ਕਰੋੜ ਰੁਪਏ ਨਾਲ ਮਿਉਂਸਿਪਲ ਕਾਰਪੋਰੇਸ਼ਨ ਵਲੋਂ ਡਿਵੈਲਪਮੈਂਟ ਦੇ ਕੰਮ ਚੱਲ ਰਹੇ ਹਨ। ਐਲੀਵੇਟਰੀ ਰੋਡ ਬਹੁਤ ਦੇਰ ਦੀ ਉਸੇ ਤਰ੍ਹਾਂ ਪਈ ਹੈ। ਕੋਲੇ (ਥੰਮ੍ਹੇ) ਖੜ੍ਹੇ ਕਰ ਦਿੱਤੇ ਸਨ। ਚਾਰ ਪੰਜ ਸਾਲ ਉਸ ਵੇਲੇ ਕਿਸੇ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ। ਕੈਪਟਨ ਸਾਹਿਬ ਦੀ ਸਰਕਾਰ ਤੋਂ ਬਾਅਦ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। 31 ਮਾਰਚ ਤੋਂ ਪਹਿਲਾਂ ਇਸ ਨੂੰ ਵੀ ਪੂਰਾ ਕਰ ਦਿੱਤਾ ਜਾਵੇਗਾ।

ਏਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਜਲੰਧਰ ਵਿੱਚ ਦਮੋਰੀਆ ਪੁੱਲ ਦੀ ਇੱਕ ਬਹੁਤ ਦੇਰ ਤੋਂ ਮੰਗ ਸੀ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ, ਵਾਜਪਾਈ ਸਰਕਾਰ ਦੇ ਜਿਹੜੇ ਮਨਿਸਟਰ ਸਨ ਉਹ ਉਥੇ ਪੱਥਰ ਵੀ ਰੱਖ ਗਏ ਔਰ 12 ਲੱਖ ਰੁਪਏ ਦੇ ਇਸ਼ਤਿਹਾਰ ਵਗੈਰਾ ਵੀ ਉਨ੍ਹਾਂ ਨੇ ਅਖਬਾਰਾਂ ਦੇ ਵਿੱਚ ਦੇ ਦਿੱਤੇ ਪਰ ਉਹ ਪੱਥਰ ਦਾ ਪੱਥਰ ਹੀ ਰੱਖਿਆ ਰਹਿ ਗਿਆ ਔਰ ਕੈਪਟਨ ਸਰਕਾਰ ਦੇ ਆਉਣ ਤੇ ਦਮੋਰੀਆ ਪੁੱਲ ਨੂੰ ਅਸੀਂ ਸ਼ੁਰੂ ਕੀਤਾ ਹੈ ਔਰ 31 ਮਾਰਚ ਤੱਕ 19 ਕਰੋੜ ਰੁਪਏ ਦੀ ਲਾਗਤ ਨਾਲ ਇਹ ਵੀ ਪੂਰਾ ਹੋ ਜਾਵੇਗਾ। ਇਹ ਵੀ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਦੀ ਬਹੁਤ ਵੱਡੀ ਉਪਲਬਧੀ ਹੈ।

**ਸ਼੍ਰੀ ਤਿਕਸ਼ਨ ਸੂਦ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗੱਲ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਦਮੋਰੀਆ ਪੁੱਲ ਦੀ ਮਨਜ਼ੂਰੀ, ਫਾਈਨੈਂਸ਼ਲ ਅਤੇ ਐਡਮਨਿਸਟਰੇਟਿਵ ਅਪਰੂਵਲ ਵਾਜਪਾਈ ਜੀ ਦੀ ਸਰਕਾਰ ਵੇਲੇ ਹੋਈ ਸੀ। ਇਨ੍ਹਾਂ ਤੋਂ ਪਹਿਲਾਂ ਇਹ ਸਭ ਕੁਝ ਹੋਇਆ ਸੀ। ਇਹ ਸਦਨ ਨੂੰ ਮਿਸਲੀਡ ਕਰ ਰਹੇ ਹਨ।

**ਮਾਨਯੋਗ ਡਿਪਟੀ ਸਪੀਕਰ :** ਠੀਕ ਹੈ, ਚੌਧਰੀ ਸਾਹਿਬ ਤੁਸੀਂ ਕੰਟੀਨਿਊ ਕਰੋ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮੈਂ ਤੀਸਰੀ ਵਾਰ ਜਿੱਤ ਕੇ ਇਸ ਸਦਨ ਦਾ ਮੈਂਬਰ ਬਣ ਕੇ ਆਇਆ ਹਾਂ। ਇਸ ਸਦਨ ਦੀ ਇਹ ਇਕ ਪਰੰਪਰਾ ਰਹੀ ਹੈ ਕਿ ਬਜਟ ਤੇ ਅਤੇ ਗਵਰਨਰ ਐਡਰੈਸ ਉਤੇ ਡਿਬੇਟ ਵਿਚ ਕਦੀ ਵੀ ਕੋਈ ਮਨਿਸਟਰ ਸਾਹਿਬਾਨ ਨਹੀਂ ਬੋਲਦੇ। ਮੈਂ ਹੈਰਾਨ ਹਾਂ ਕਿ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ..... (ਵਿਘਨ) ਜਾਂ ਤਾਂ ਇਨ੍ਹਾਂ ਦੀ ਪਾਰਟੀ ਦੇ ਮੈਂਬਰ ਬੋਲਣ ਲਈ ਤਿਆਰ ਨਹੀਂ ਹੁੰਦੇ, ਕੱਲ੍ਹ ਮਨਿਸਟਰ ਰੰਧਾਵਾ ਸਾਹਿਬ ਬੋਲੇ ਸਨ। ਅੱਜ.....(ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਬੈਠੋ, ਚੌਧਰੀ ਸਾਹਿਬ ਕੰਟੀਨਿਊ ਕਰੋ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਤਾਂ ਸ਼ਾਇਦ 2-3 ਵਾਰੀ ਹੀ ਮੈਂਬਰ ਬਣ ਕੇ ਆਏ ਹਨ। ਮੈਂ ਪਿਛਲੇ 25 ਸਾਲਾਂ ਤੋਂ ਇਸ ਸਦਨ ਦਾ ਮੈਂਬਰ ਚਲਿਆ ਆ ਰਿਹਾ ਹਾਂ ਅਤੇ 5 ਵਾਰ ਜਿੱਤ ਕੇ ਆਇਆ ਹਾਂ। ਮੈਂਬਰ ਸਾਹਿਬ ਨੂੰ ਸ਼ਾਇਦ ਪਤਾ ਨਹੀਂ ਮਨਿਸਟਰ ਡਿਬੇਟ ਵਿਚ ਬੋਲ ਸਕਦਾ ਹੈ, ਡਿਬੇਟ ਵਿਚ ਇੰਟਰਵੀਨ ਕਰ ਸਕਦਾ ਹੈ, ਆਪਣੇ ਡਿਪਾਰਟਮੈਂਟ ਬਾਰੇ ਬੋਲ ਸਕਦਾ ਹੈ।......

**ਮਾਨਯੋਗ ਡਿਪਟੀ ਸਪੀਕਰ :** ਠੀਕ ਹੈ, ਤੁਸੀਂ ਕੰਟੀਨਿਊ ਰੱਖੋ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਦਮੋਰੀਆ ਪੁੱਲ ਦੀ ਇਕੱਲੀ ਮਨਜ਼ੂਰੀ ਨੂੰ ਕੀ ਕਰਨਾ ਸੀ। ਲੱਖਾਂ ਰੁਪਏ ਤਾਂ ਇਨ੍ਹਾਂ ਨੇ ਪੱਥਰ ਲਗਾਉਣ ਤੇ ਹੀ ਲਗਾ ਦਿੱਤੇ, ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤੇ ਗਏ ਪਰ ਨਾ ਸੈਂਟਰ ਦੀ ਸਰਕਾਰ ਵੱਲੋਂ ਕੁਝ ਕੀਤਾ ਗਿਆ ਅਤੇ ਨਾ ਹੀ ਉਦੋਂ ਦੀ ਪੰਜਾਬ ਸਰਕਾਰ ਨੇ ਕੋਈ ਪੈਸਾ ਲਗਾਇਆ। ਅੱਜ ਮੈਂ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਜਲੰਧਰ ਮਿਉਂਸਿਪਲ ਕਾਰਪੋਰੇਸ਼ਨ ਨੇ ਆਪਣੇ ਕੋਲੋਂ 4.75 ਕਰੋੜ ਰੁਪਏ ਖਰਚ ਕਰਕੇ ਰੇਲਵੇ ਕੋਲੋਂ ਜ਼ਮੀਨ ਖਰੀਦੀ ਹੈ। ਬਾਕੀ ਪੈਸਾ ਪੀ.ਆਈ.ਡੀ.ਬੀ. ਕੋਲੋਂ ਲਿਆ ਹੈ। ਹੁਣ ਕੁਝ ਸੈਂਟਰ ਕੋਲੋਂ ਆਸ ਹੋਈ ਹੈ। ਡਾਕਟਰ ਮਨਮੋਹਨ ਸਿੰਘ ਜੀ ਨੇ ਸਾਡੇ ਨਾਲ ਵਾਅਦਾ ਕੀਤਾ ਹੈ ਕਿ ਇਸ ਪ੍ਰੋਜੈਕਟ ਵਾਸਤੇ ਉਹ ਪੈਸਾ ਦੇਣਗੇ। ਇਹ ਗੱਲਾਂ ਨਾਲ ਹੀ ਸਾਰਦੇ ਹਨ। ਖਬਰਾਂ ਵਿਚ ਉਤੇ-ਉਤੇ ਹੀ ਰਹਿੰਦੇ ਹਨ। ਪ੍ਰੈਕਟੀਕਲ ਤੌਰ ਤੇ ਹੁਣ ਇਹ ਪੁੱਲ ਬਣ ਰਿਹਾ ਹੈ। ਫਾਊਂਡੇਸ਼ਨ ਸਟੋਨ ਵਾਲੇ ਤਾਂ ਲੱਭੇ ਹੀ ਨਹੀਂ। ਖ਼ਬਰੇ ਅੱਗੇ ਨੂੰ ਵੀ ਪਤਾ ਨਹੀਂ ਲੱਭਣ ਜਾਂ ਨਾ।

[ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ]

ਇਸੇ ਤਰ੍ਹਾਂ ਜਲੰਧਰ ਸ਼ਹਿਰ ਵਿਚ 76 ਨਵੇਂ ਟਿਊਬਵੈੱਲ ਪਿਛਲੇ ਸਾਲ ਵਿਚ ਲਗਾਏ ਹਨ ਅਤੇ ਲੱਗੀ ਜਾ ਰਹੇ ਹਨ ਤਾਂ ਜੋ ਸਾਰੇ ਸ਼ਹਿਰ ਵਿਚ ਸਾਫ ਪੀਣ ਵਾਲਾ ਪਾਣੀ ਦਿੱਤਾ ਜਾ ਸਕੇ। ਇਸ ਵਕਤ 150 ਕਰੋੜ ਰੁਪਏ ਦੇ ਕੰਮ ਸ਼ਹਿਰ ਦੀ ਕਾਰਪੋਰੇਸ਼ਨ ਕੋਲ ਆਪਣੇ ਹੱਥਾਂ ਵਿੱਚ ਲਏ ਹੋਏ ਹਨ। ਹਰ ਗਲੀ, ਹਰ ਮੁਹੱਲੇ ਵਿੱਚ ਡਿਵੈਲਪਮੈਂਟ ਦੇ ਕੰਮ ਹੋ ਰਹੇ ਹਨ ਅਤੇ ਜੰਗੀ ਪੱਧਰ ਤੇ ਕੰਮ ਹੋ ਰਹੇ ਹਨ। ਇਨ੍ਹਾਂ ਲੋਕਾਂ ਨੇ ਤਾਂ ਸ਼ਹਿਰਾਂ ਵੱਲ ਕਦੇ ਧਿਆਨ ਨਹੀਂ ਦਿੱਤਾ ਕਦੇ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਕੋਈ ਪੈਸਾ ਨਹੀਂ ਖਰਚਿਆ। ਮੇਰੇ ਸਤਿਕਾਰਯੋਗ ਬੀ.ਜੇ.ਪੀ. ਦੇ ਮੈਂਬਰ ਸਾਹਿਬਾਨ ਬੈਠੇ ਹਨ। ਪਿਛਲੀ ਸਰਕਾਰ ਵੇਲੇ ਇਨ੍ਹਾਂ ਦੇ ਮਨਿਸਟਰ ਪਾਸ ਇਹ ਮਹਿਕਮਾ ਸੀ ਪਰ ਇਹ ਤਾਂ ਆਪਸ ਵਿਚ ਹੀ ਲੜਦੇ ਰਹੇ, ਸ਼ਹਿਰਾਂ ਦਾ ਕੋਈ ਕੰਮ ਨਹੀਂ ਕੀਤਾ। ਹੁਣ ਅਸੀਂ ਸ਼ਹਿਰਾਂ ਦਾ ਕੰਮ ਕਰ ਰਹੇ ਹਾਂ। ਅਗਲੀ ਗੱਲ ਬਠਿੰਡਾ ਸ਼ਹਿਰ ਵਿਚ ਬਹੁਤ ਵੱਡਾ.......

**ਸ਼੍ਰੀ ਤਿਕਸ਼ਨ ਸੂਦ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ।

**Mr. Deputy Speaker :** You have already put one question.

**ਸ਼੍ਰੀ ਤਿਕਸ਼ਨ ਸੂਦ :** ਡਿਪਟੀ ਸਪੀਕਰ ਸਾਹਿਬ, ਸਾਡੇ ਤੇ ਇਲਜ਼ਾਮ ਲਗਾਇਆ ਜਾ ਰਿਹਾ ਹੈ। ਇਹ ਕਹਿੰਦੇ ਹਨ ਕਿ ਅਸੀਂ ਆਪਸ ਵਿਚ ਲੜਦੇ ਰਹੇ ਹਾਂ। ਲੜਦੇ ਤਾਂ ਇਹ ਆਪ ਖੁਦ ਰਹੇ ਹਨ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਅਸੀਂ ਤੁਹਾਡਾ ਤਮਾਸ਼ਾ ਵੇਖਦੇ ਰਹੇ ਹਾਂ। ਬਠਿੰਡਾ ਸ਼ਹਿਰ ਵਿਚ ਸਾਡੀ ਕਾਂਗਰਸ ਸਰਕਾਰ ਨੇ 118 ਕਰੋੜ ਰੁਪਏ ਦਾ ਪ੍ਰੋਜੈਕਟ ਲਗਾਇਆ ਹੈ ਜਿਸ ਦੇ ਨਾਲ ਸਾਰੇ ਸ਼ਹਿਰ ਵਿਚ ਸੀਵਰੇਜ਼ ਅਤੇ ਵਾਟਰ-ਸਪਲਾਈ ਬਿਹਤਰ ਹੋਵੇਗੀ। (ਥੰਪਿੰਗ) ਅਸੀਂ ਉਸ ਨੂੰ ਮਾਲਵੇ ਦਾ ਮਾਡਰਨ ਸ਼ਹਿਰ ਬਣਾ ਰਹੇ ਹਾਂ। ਮਾਲਵੇ ਦੇ ਵਿਚ ਇਕੋ ਤਾਂ ਵੱਡਾ ਸ਼ਹਿਰ ਸੀ। ਇਨ੍ਹਾਂ ਨੇ ਉਸ ਸ਼ਹਿਰ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ। ਹੁਣ ਅਸੀਂ ਉਸ ਨੂੰ ਮਾਡਰਨ ਸਿਟੀ ਬਣਾਉਣ ਜਾ ਰਹੇ ਹਾਂ। ਇਹ ਧਰਮ ਦੇ ਬੜੇ ਵੱਡੇ ਠੇਕੇਦਾਰ ਬਣੀ ਫਿਰਦੇ ਹਨ। ਇਨ੍ਹਾਂ ਨੇ ਮੁਕਤਸਰ ਅਤੇ ਫਤਹਿਗੜ੍ਹ ਸਾਹਿਬ ਸ਼ਹਿਰਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਹਰ ਪੱਖ ਤੋਂ ਕੰਮ ਕਰਨ ਵਾਲੀ ਤਾਂ ਸਾਡੀ ਕਾਂਗਰਸ ਸਰਕਾਰ ਹੈ। ਹੁਣ ਮੁਕਤਸਰ ਸ਼ਹਿਰ ਵਿਚ 4 ਗੇਟ ਬਣਾਏ ਜਾ ਰਹੇ ਹਨ। 40 ਮੁਕਤਿਆਂ ਦੀ ਯਾਦ ਵਿਚ ਜਿਹੜਾ 4 ਮਈ ਦਾ ਦਿਨ ਹੈ, ਇਨ੍ਹਾਂ ਨੇ ਤਾਂ ਉਹ ਦਿਨ ਵੀ ਭੁਲਾ ਦਿੱਤਾ ਸੀ ਅਤੇ ਕੇਵਲ ਮਾਘੀ ਦੇ ਮੇਲੇ ਨਾਲ ਹੀ ਬੁੱਤਾ ਸਾਰ ਲੈਂਦੇ ਸਨ। ਹੁਣ 4 ਮਈ ਨੂੰ ਜਿਹੜੇ ਚਾਰ ਮੀਨਾਰ ਬਣਾਏ ਜਾ ਰਹੇ ਹਨ ਉਨ੍ਹਾਂ ਉਤੇ 40 ਮੁਕਤਿਆਂ ਦੀ ਸਾਰੀ ਹਿਸਟਰੀ ਲਿਖੀ ਜਾਵੇਗੀ। ਮੇਰੇ ਕਹਿਣ ਦਾ ਭਾਵ ਹੈ ਕਿ ਇਹ ਭਾਵੇਂ ਆਪਣੇ ਆਪ ਨੂੰ ਧਾਰਮਿਕ ਤੌਰ ਤੇ ਜ਼ਿਆਦਾ ਮੰਨਦੇ ਹਨ ਪਰ ਇਨ੍ਹਾਂ ਨੇ ਕੀਤਾ ਕੁਝ ਨਹੀਂ। ਅਸੀਂ ਦੂਸਰੇ ਢੰਗ ਨਾਲ ਤਰੱਕੀ ਕਰ ਰਹੇ ਹਾਂ। ਇਨ੍ਹਾਂ ਨੂੰ ਸਾਡੀ ਸ਼ਲਾਘਾ ਕਰਨੀ ਚਾਹੀਦੀ ਹੈ ਨਾ ਕਿ ਟੋਕਾ-ਟਾਕੀ। ਅੱਜ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਪਾਕਿਸਤਾਨ ਗਏ ਅਤੇ ਬੜੀ ਦੇਰ ਤੋਂ ਸਾਡੇ ਦਿਲਾਂ ਵਿੱਚ ਇਹ ਗੱਲ ਵਸੀ ਹੋਈ

ਸੀ ਕਿ ਜੋ ਸਾਡੇ ਉਥੇ ਪਵਿੱਤਰ ਗੁਰਧਾਮ ਹਨ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ, ਅਸੀਂ ਹਰ ਰੋਜ਼ ਜਿਨ੍ਹਾਂ ਬਾਰੇ ਅਰਦਾਸ ਵਿੱਚ ਕਹਿੰਦੇ ਹਾਂ ਕਿ ਖੁੱਲ੍ਹੇ ਦਰਸ਼ਨ ਦੀਦਾਰੇ ਬਖਸ਼ਣਾ। ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਕਟਾਸ-ਰਾਜ ਵਿਖੇ ਗਏ ਅਤੇ ਉਥੇ ਸੇਵਾ ਕੀਤੀ। ਉਹ ਨਨਕਾਣਾ ਸਾਹਿਬ ਤੋਂ ਲੈ ਕੇ ਬਾਰਡਰ ਤੱਕ ਸੜਕ ਦਾ ਨੀਂਹ ਪੱਥਰ ਰੱਖ ਕੇ ਆਏ ਹਨ। ਡਿਪਟੀ ਸਪੀਕਰ ਸਾਹਿਬ, ਇਸ ਸੜਕ ਦੇ ਬਣ ਜਾਣ ਨਾਲ ਬਾਰਡਰ ਤੋਂ ਕੇਵਲ ਡੇਢ ਘੰਟੇ ਵਿੱਚ ਨਨਕਾਣਾ ਸਾਹਿਬ ਪੁੱਜਿਆ ਜਾ ਸਕੇਗਾ ਅਤੇ ਜੋ ਇਨ੍ਹਾਂ ਦੇ ਮਨ ਵਿੱਚ ਸੀ ਉਹ ਸਾਡੇ ਕੈਪਟਨ ਅਮਰਿੰਦਰ ਸਿੰਘ ਜੀ, ਮੁੱਖ ਮੰਤਰੀ ਸਾਹਿਬ ਨੇ ਉਥੋਂ ਦੇ ਮੁੱਖ ਮੰਤਰੀ ਨੂੰ ਮਿਲਕੇ ਇਨ੍ਹਾਂ ਦੇ ਮਨ ਦੀ ਗੱਲ ਨੂੰ ਪੂਰਾ ਕੀਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਟਾਸ ਰਾਜ ਦਾ ਜੋ ਪਵਿੱਤਰ ਸਥਾਨ ਹੈ, ਉਸਦੀ ਸੇਵਾ ਸਾਡੇ ਕੈਪਟਨ ਸਾਹਿਬ ਕਰਕੇ ਆਏ ਹਨ। ਪੰਜਾ ਸਾਹਿਬ ਵੀ ਅਸੀਂ ਗਏ ਹਾਂ ਅਤੇ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਮੈਂ ਵੀ ਉਨ੍ਹਾਂ ਦੇ ਨਾਲ ਸੀ। ਉਨ੍ਹਾਂ ਨੇ ਕਿਹਾ ਕਿ ਜਿਹੜਾ ਪੈਸਾ ਪੰਜਾ ਸਾਹਿਬ ਤੇ ਤੁਸੀਂ ਲਗਾ ਸਕਦੇ ਹੋ ਤੁਸੀਂ ਲਗਾਓ...

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਕੀ ਇਹ ਬਜਟ ਤੇ ਬਹਿਸ ਹੋ ਰਹੀ ਹੈ ? ਇਹ ਤਾਂ ਧਾਰਮਿਕ ਸਥਾਨਾਂ ਬਾਰੇ ਬਹਿਸ ਤੇ ਬੋਲ ਰਹੇ ਹਨ। ਇਹ ਪੰਜਾ ਸਾਹਿਬ ਅਤੇ ਨਨਕਾਣਾ ਸਾਹਿਬ ਬਾਰੇ ਦੱਸਣ ਲੱਗ ਪਏ ਹਨ। ਡੀਬੇਟ ਦੇ ਮਿਆਰ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇਨ੍ਹਾਂ ਨੂੰ ਬਜਟ ਤੇ ਬੋਲਣਾ ਚਾਹੀਦਾ ਹੈ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ, ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਮਿਆਰ ਸਿਖਾਉਣਾ ਪੈਣਾ ਹੈ। ਜਿਹੜੀ ਗੱਲ ਇਹ ਮੰਗਦੇ ਸੀ ਉਹ ਅਸੀਂ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਨੂੰ ਨਨਕਾਣਾ ਸਾਹਿਬ ਦੀ ਗੱਲ ਤੇ ਵੀ ਦੁਖ ਲਗਦਾ ਹੈ ਅਤੇ ਪੰਜਾ ਸਾਹਿਬ ਦੇ ਨਾਂ ਤੇ ਵੀ ਦੁਖ ਲਗਦਾ ਹੈ ਜੀ। ਇਹ ਜੋ ਮੰਗਦੇ ਸੀ ਉਹ ਅਸੀਂ ਕਰਕੇ ਆਏ ਹਾਂ, ਫਿਰ ਵੀ ਇਨ੍ਹਾਂ ਨੂੰ ਤਕਲੀਫ ਹੁੰਦੀ ਹੈ। ਜਿਹੜੀ ਚੀਜ਼ ਇਹ ਇੰਨੀ ਦੇਰ ਤੋਂ ਚਾਹੁੰਦੇ ਸਨ, ਅਸੀਂ ਉਹ ਕਰਕੇ ਆਏ ਹਾਂ। ਮੈਂ ਬਜਟ ਬਾਰੇ ਵੀ ਦੱਸਦਾ ਹਾਂ। ਜੋ ਸਟੇਟ ਬਾਰੇ ਕੰਮ ਹੋ ਰਿਹਾ ਹੁੰਦਾ ਹੈ, ਜੋ ਬਜਟ ਵਿੱਚ ਪ੍ਰੋਵੀਜ਼ਨ ਕੀਤੀ ਗਈ ਹੈ, ਉਸਦਾ ਹੀ ਮੈਂ ਉਲਥਾ, ਡਿਪਟੀ ਸਪੀਕਰ ਸਾਹਿਬ, ਆਪ ਜੀ ਦੇ ਮਾਰਫ਼ਤ ਸਦਨ ਦੇ ਸਾਹਮਣੇ ਰੱਖ ਰਿਹਾ ਹਾਂ ਜੀ। ਇਸੇ ਤਰ੍ਹਾਂ ਬਠਿੰਡਾ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਦੀਆਂ ਜੋ ਕਾਰਪੋਰੇਸ਼ਨਾਂ ਹਨ, ਉਨ੍ਹਾਂ ਦੇ ਏਰੀਏ ਨੂੰ ਚੰਗਾ ਸੁਹਣਾ ਬਣਾਇਆ ਜਾ ਰਿਹਾ ਹੈ ਅਤੇ ਇਸ ਦੇ ਨਾਲ ਨਾਲ ਜੋ ਸਾਡੀਆਂ 'ਏ' ਕਲਾਸ ਮਿਊਂਸਿਪਲ ਕਮੇਟੀਆਂ ਹਨ, 'ਬੀ' ਕਲਾਸ ਮਿਊਂਸਿਪਲ ਕਮੇਟੀਆਂ ਅਤੇ 'ਸੀ' ਕਲਾਸ ਮਿਊਂਸਿਪਲ ਕਮੇਟੀਆਂ ਹਨ, ਉਨ੍ਹਾਂ ਦੇ ਲਈ ਅਸੀਂ 800 ਕਰੋੜ ਰੁਪਏ ਦੇ ਫੰਡਜ਼ ਰੱਖੇ ਹਨ ਅਤੇ ਇਸਦੇ ਵਿੱਚ 200 ਕਰੋੜ ਰੁਪਏ ਦੇ ਫੰਡਜ਼ ਸੀ.ਐਮ. ਸਾਹਿਬ ਨੇ ਰੇਜ਼ ਕਰਕੇ ਦੇਣੇ ਹਨ। ਇਸ ਦੇ ਵਿੱਚ ਅਸੀਂ ਕੀਤਾ ਹੈ ਕਿ ਜਿਹੜੀਆਂ 'ਏ' ਕਲਾਸ ਮਿਊਂਸਿਪਲ ਕਮੇਟੀਆਂ ਹਨ, ਉਹ 20% ਆਪਣਾ ਸ਼ੇਅਰ ਪਾਉਣਗੀਆਂ ਅਤੇ ਇਸਦੇ ਨਾਲ ਉਨ੍ਹਾਂ ਦੀ ਪੂਰੀ ਤਰ੍ਹਾਂ ਡਿਵੈਲਪਮੈਂਟ ਹੋ ਸਕੇਗੀ। ਅਸੀਂ ਤਾਂ, ਡਿਪਟੀ ਸਪੀਕਰ ਸਾਹਿਬ, ਨਵੇਂ-ਨਵੇਂ ਪ੍ਰੋਗਰਾਮ ਸ਼ਹਿਰਾਂ ਵਾਸਤੇ

[ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ]

ਲੈ ਕੇ ਆਏ ਹਾਂ ਤਾਂ ਕਿ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਮਿਲ ਸਕਣ। ਇਸ ਦੇ ਨਾਲ ਹੀ ਪਿੰਡਾਂ ਵਿੱਚ ਵੀ ਜਿੰਨੇ ਕੰਮ ਕਰ ਸਕਦੇ ਹਾਂ, ਕਰਨੇ ਹਨ। ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦੀ ਇੱਛਾ ਹੈ ਕਿ ਸ਼ਹਿਰੀਆਂ ਦੀਆਂ ਮੰਗਾਂ ਦਾ ਵੀ ਪੂਰਾ ਖਿਆਲ ਰੱਖਿਆ ਜਾਵੇ। ਚੰਗੇ ਕੰਮ ਸ਼ਹਿਰਾਂ ਵਿੱਚ ਵੀ ਕਰਨੇ ਚਾਹੀਦੇ ਹਨ ਤਾਂ ਕਿ ਸ਼ਹਿਰਾਂ ਨੂੰ ਡਿਵੈਲਪ ਕਰ ਸਕੀਏ ਅਤੇ ਉਨ੍ਹਾਂ ਦੀਆਂ ਜੋ ਸੁਵਿਧਾਵਾਂ ਹਨ ਉਹ ਸ਼ਹਿਰੀਆਂ ਨੂੰ ਮਿਲ ਸਕਣ। ਇਸ ਦੇ ਨਾਲ ਹੀ ਮੈਂ ਦੋ ਤਿੰਨ ਗੱਲਾਂ ਹੋਰ ਕਹਿਣੀਆਂ ਚਾਹੁੰਦਾ ਹਾਂ ਕਿ ਇਨ੍ਹਾਂ ਵਲੋਂ ਇਥੇ ਸਾਡੇ ਬਾਰੇ ਬੜਾ ਕਿਹਾ ਗਿਆ ਕਿ ਇਹ ਆਪਣੇ ਆਪ ਨੂੰ ਦਲਿਤਾਂ ਦੇ ਬੜੇ ਅਲੰਬਰਦਾਰ ਸਮਝਣ ਲੱਗ ਪਏ ਹਨ। ਇਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸਮੇਂ ਵਿੱਚ ਜੋ ਦਲਿਤਾਂ ਦੇ ਨਾਲ ਹੋਇਆ ਹੈ, ਦਲਿਤਾਂ ਦੀਆਂ ਜੋ ਵੀ ਸਕੀਮਾਂ ਪੰਜਾਬ ਵਿੱਚ ਚਾਲੂ ਸਨ ਉਹ ਸਾਰੀਆਂ ਇਨ੍ਹਾਂ ਨੇ ਬੰਦ ਕਰ ਦਿੱਤੀਆਂ ਸਨ ਅਤੇ ਜੇ ਕੋਈ ਪੈਸਾ ਰੱਖਿਆ ਵੀ ਗਿਆ ਤਾਂ ਉਸਦੀ ਪੇਮੈਂਟ ਨਹੀਂ ਹੋਈ। ਜੇ ਰਿਲੀਜ਼ ਹੋਈ ਵੀ ਤਾਂ ਉਹ ਲੋਕਾਂ ਤੱਕ ਨਹੀਂ ਪਹੁੰਚੀ ਅਤੇ ਪਤਾ ਨਹੀਂ ਉਹ ਰਸਤੇ ਵਿੱਚ ਪੈਸਾ ਕਿਧਰ ਜਾਂਦਾ ਰਿਹਾ। ਇਸੇ ਲਈ ਅਨੇਕਾਂ ਹੀ ਵਿਜੀਲੈਂਸ ਦੇ ਕੇਸ ਬਣੇ ਹੋਏ ਹਨ। ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਜੋ ਸਕੀਮਾਂ ਸਰਦਾਰ ਬੇਅੰਤ ਸਿੰਘ ਜੀ ਦੇ ਵੇਲੇ ਦਲਿਤਾਂ ਲਈ ਪੰਜਾਬ ਵਿੱਚ ਬਣਾਈਆਂ ਗਈਆਂ ਸਨ, ਇਨ੍ਹਾਂ ਨੇ ਸਕੀਮਾਂ ਬੰਦ ਕਰ ਦਿੱਤੀਆਂ ਸਨ ਪਰ ਅਸੀਂ ਚਾਲੂ ਕੀਤੀਆਂ ਹਨ। ਸਾਡੇ ਮਹਾਨ ਗੁਰੂ, ਗੁਰੂ ਰਵਿਦਾਸ ਜੀ, ਮਹਾਂਰਿਸ਼ੀ ਬਾਲਮੀਕ ਜੀ ਔਰ ਡਾਕਟਰ ਅੰਬੇਦਕਰ ਜੀ, ਭਗਤ ਕਬੀਰ ਜੀ, ਇਨ੍ਹਾਂ ਦੇ ਨਾਵਾਂ ਦੀਆਂ ਚੇਅਰਾਂ ਅਸੀਂ ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸਥਾਪਿਤ ਕੀਤੀਆਂ ਸਨ ਪਰ ਇਨ੍ਹਾਂ ਨੇ ਕੁਝ ਨਹੀਂ ਕੀਤਾ। ਲੇਕਿਨ ਇਹ ਚੇਅਰਾਂ ਹੀ ਬੰਦ ਕਰ ਦਿੱਤੀਆਂ ਇਨ੍ਹਾਂ ਨੇ ਇਨ੍ਹਾਂ ਚੇਅਰਾਂ ਵਾਸਤੇ ਕੋਈ ਪੈਸਾ ਨਹੀਂ ਦਿੱਤਾ। ਸਾਡੇ ਕੈਪਟਨ ਅਮਰਿੰਦਰ ਸਿੰਘ ਜੀ ਪਰਮਾਤਮਾ ਨੂੰ ਮੰਨਦੇ ਹਨ। ਜਦੋਂ ਉਨ੍ਹਾਂ ਨੇ ਸੀ.ਐਮ. ਵਜੋਂ ਓਥ ਲਈ, ਇਹ ਓਥ ਉਸ ਦਿਨ ਲਈ ਜਿਸ ਦਿਨ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਸੀ। ਫਿਰ ਇਨ੍ਹਾਂ ਨੇ ਚੀਫ਼ ਮਨਿਸਟਰ ਦੀ ਕੁਰਸੀ ਤੇ ਬੈਠ ਕੇ ਸਭ ਤੋਂ ਪਹਿਲਾਂ ਆਰਡਰ ਜੋ ਕੀਤਾ, ਜਿੰਨੀਆਂ ਚੇਅਰਾਂ ਬੰਦ ਕੀਤੀਆਂ ਸਨ, ਉਨ੍ਹਾਂ ਨੂੰ ਦੁਬਾਰਾ ਸੁਰਜੀਤ ਕੀਤਾ ਔਰ ਗੁਰੂ ਸਾਹਿਬ ਦੀ ਕਿਤਾਬ ਰਿਲੀਜ਼ ਕੀਤੀ। (ਥੰਪਿੰਗ) ਮੈਂ ਸਮਝਦਾ ਹਾਂ ਕਿ ਅਗਰ ਸਾਡਾ ਇਸ ਤਰ੍ਹਾਂ ਦਾ ਚੀਫ਼ ਮਨਿਸਟਰ ਹੈ ਤਾਂ ਅਸੀਂ ਦਲਿਤਾਂ ਦੀਆਂ ਸਕੀਮਾਂ ਨੂੰ ਹੋਰ ਚੰਗੇ ਢੰਗ ਨਾਲ ਲਾਗੂ ਕਰ ਸਕਾਂਗੇ। ਮੈਨੂੰ ਇਸ ਦਾ ਮਾਣ ਹੈ। ਇਸ ਬਜਟ ਵਿੱਚ ਆਉਣ ਵਾਲੇ ਸਮੇਂ ਵਿੱਚ ਕਾਫੀ ਕੁਝ ਰੱਖਿਆ ਹੈ। ਸਪੈਸ਼ਲ ਕੰਪੋਨੈਂਟ ਪਲਾਨ ਇਸ ਬਜਟ ਵਿੱਚ 434 ਕਰੋੜ ਰੁਪਏ ਦਾ ਰੱਖਿਆ ਹੈ ਔਰ ਇਹ 434 ਕਰੋੜ ਰੁਪਿਆ ਵੱਖ-ਵੱਖ ਸਕੀਮਾਂ ਅਧੀਨ ਹੈ। ਜਦੋਂ ਸਾਡੀ ਪਹਿਲਾਂ ਸਰਕਾਰ ਸੀ ਤਾਂ ਅਸੀਂ ਸਪੈਸ਼ਲ ਕੰਪੋਨੈਂਟ ਪਲਾਨ ਦਾ ਵੱਖਰਾ ਡਾਇਰੈਕਟੋਰੇਟ ਬਣਾਇਆ ਸੀ, ਵੱਖਰਾ ਹੈਡ ਬਣਾਇਆ ਸੀ ਔਰ ਜਿਹੜਾ ਪੈਸਾ ਰੱਖਿਆ ਜਾਂਦਾ ਸੀ, ਉਹ ਉਸ ਹੈਡ ਵਿਚ ਚਲਾ ਜਾਂਦਾ ਸੀ ਤਾਂ ਕਿ ਗਰੀਬਾਂ ਨੂੰ ਸਮੇਂ ਸਿਰ ਪੈਸੇ ਮਿਲ

ਸਕਣ ਪਰ ਇਨ੍ਹਾਂ ਨੇ ਆਪਣੀ ਸਰਕਾਰ ਸਮੇਂ ਇਹ ਹੈਡ ਹੀ ਖ਼ਤਮ ਕਰ ਦਿੱਤਾ ਔਰ ਪੈਸਾ ਸਿੱਧਾ ਖਜ਼ਾਨੇ ਵਿੱਚ ਜਾਣ ਲੱਗ ਪਿਆ। ਜਿਹੜਾ ਥੋੜ੍ਹਾ ਬਹੁਤ ਪੈਸਾ ਨਿਕਲਦਾ ਸੀ, ਉਹ ਪਤਾ ਨਹੀਂ ਕਿੱਧਰ ਚਲਾ ਜਾਂਦਾ ਸੀ। ਪਰ ਅੱਜ ਸਾਡੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਵੱਖਰਾ ਕੰਮ ਕੀਤਾ ਹੈ। ਮੈਂ ਇਸ ਵਾਸਤੇ ਪੰਜਾਬ ਸਰਕਾਰ ਅਤੇ ਖਾਸ ਕਰਕੇ ਸਿੰਗਲਾ ਸਾਹਿਬ ਦਾ ਧੰਨਵਾਦੀ ਹਾਂ। ਮੈਨੂੰ ਆਸ ਹੈ ਕਿ ਨਵੀਂ ਸਕੀਮ ਤਹਿਤ 100% ਪੈਸਾ ਗਰੀਬ ਲੋਕਾਂ ਤੱਕ ਪਹੁੰਚੇਗਾ। ਜਿਹੜੇ ਦਲਿਤ ਲੋਕ ਹਨ, ਪਾਵਰਟੀ ਲਾਈਨ ਤੋਂ ਥੱਲੇ ਹਨ, ਉਨ੍ਹਾਂ ਤੱਕ ਇਹ ਪੈਸਾ ਪਹੁੰਚੇਗਾ ਜਿਸ ਨਾਲ ਅਸੀਂ ਉਨ੍ਹਾਂ ਨੂੰ ਆਰਥਿਕ ਤੌਰ ਤੇ ਤਕੜੇ ਕਰ ਸਕਾਂਗੇ। ਡਿਪਟੀ ਸਪੀਕਰ ਸਾਹਿਬ, ਸ਼ਗਨ ਸਕੀਮ ਦਾ ਬਹੁਤ ਰੌਲਾ ਪਿਆ। ਲੋਕਾਂ ਨੂੰ ਤਾਂ ਅੱਧੇ ਪੈਸੇ ਹੀ ਇਨ੍ਹਾਂ ਦੇ ਸਮੇਂ ਮਿਲਦੇ ਸਨ ਕਿਉਂਕਿ ਫਾਰਮ ਭਰਨ ਸਮੇਂ ਪੈਸੇ ਲਏ ਜਾਂਦੇ ਸਨ ਲੇਕਿਨ ਅਸੀਂ ਇਸ ਵਿਧੀ ਨੂੰ ਸਰਲ ਕਰਕੇ ਆਸ਼ੀਰਵਾਦ ਸਕੀਮ ਲੈ ਕੇ ਆਏ ਹਾਂ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਡੈਡੀਕੇਟਿਡ ਫੰਡ ਸ਼ੁਰੂ ਕੀਤਾ ਹੈ। ਇਸ ਫੰਡ ਅਧੀਨ ਸੋਸ਼ਲ ਸਕੀਮਾਂ ਵਾਸਤੇ 450 ਕਰੋੜ ਰੁਪਿਆ ਮਿਲੇਗਾ। ਪਹਿਲਾਂ ਪੈਸਾ ਤਾਂ ਰੱਖ ਦਿੱਤਾ ਜਾਂਦਾ ਸੀ ਪਰ ਖਜ਼ਾਨੇ ਵਿਚੋਂ ਕਈ ਵਾਰ ਰਿਲੀਜ਼ ਨਹੀਂ ਸੀ ਹੁੰਦਾ ਪਰ ਹੁਣ ਇਹ 450 ਕਰੋੜ ਰੁਪਿਆ ਸਿੱਧਾ ਡਿਪਾਰਟਮੈਂਟ ਨੂੰ ਜਾਏਗਾ। ਇਹ ਬੜਾ ਵੱਡਾ ਪਰਿਵਰਤਨ ਹੈ। ਕੈਪਟਨ ਅਮਰਿੰਦਰ ਸਿੰਘ ਜੀ ਨੇ ਇਸ ਨਾਲ ਬਹੁਤ ਵੱਡੀ ਸੇਧ ਦਿੱਤੀ ਹੈ। ਇਸ ਫੰਡ ਨਾਲ ਸਾਰੀਆਂ ਸਕੀਮਾਂ ਵਿਚ ਪੈਸਾ ਮਿਲੇਗਾ ਚਾਹੇ ਆਸ਼ੀਰਵਾਦ ਸਕੀਮ ਹੈ, ਵਜ਼ੀਫੇ ਦੇਣ ਵਾਲੀ ਸਕੀਮ ਹੈ, ਛੋਟੀਆਂ ਬੱਚੀਆਂ ਨੂੰ ਸਟਾਈਪੈਂਡ ਦੇਣ ਦੀ ਸਕੀਮ ਹੈ। ਅਸੀਂ ਆਸ਼ੀਰਵਾਦ ਸਕੀਮ ਵਿੱਚ 6100 ਰੁਪਏ ਰਾਸ਼ੀ ਕਰ ਦਿੱਤੀ ਹੈ। ਇਸੇ ਤਰ੍ਹਾਂ ਓਲਡ ਏਜ਼ ਪੈਨਸ਼ਨਾਂ, ਵਿਧਵਾ ਪੈਨਸ਼ਨਾਂ, ਅੰਗਹੀਣ ਪੈਨਸ਼ਨਾਂ, ਨੇਤਰਹੀਣ ਪੈਨਸ਼ਨਾਂ ਵੀ ਇਸੇ ਫੰਡ ਵਿਚੋਂ ਮਿਲਣਗੀਆਂ। ਅਸੀਂ ਪੰਜਾਬ ਵਿੱਚ ਪੈਨਸ਼ਨਾਂ ਦਾ ਕੰਮ ਪੰਚਾਇਤਾਂ ਨੂੰ ਦਿੱਤਾ ਹੈ ਔਰ ਪੰਚਾਇਤਾਂ ਫਿਰ ਬਜ਼ੁਰਗਾਂ ਨੂੰ ਪੈਨਸ਼ਨਾਂ ਦਿੰਦੀਆਂ ਹਨ। ਇਸ ਡੈਡੀਕੇਟਿਡ ਫੰਡ ਦਾ ਬਹੁਤ ਫਾਇਦਾ ਹੋਵੇਗਾ। ਇਸ ਨਾਲ ਸਾਰਿਆਂ ਨੂੰ ਸਮੇਂ ਸਿਰ ਪੈਨਸ਼ਨਾਂ ਮਿਲਣਗੀਆਂ। ਇਹ ਸਾਰੀਆਂ ਸਕੀਮਾਂ ਚਾਹੇ ਓਲਡ ਏਜ਼ ਪੈਨਸ਼ਨ ਹੈ, ਚਾਹੇ ਵਿਧਵਾ ਪੈਨਸ਼ਨ ਹੈ, ਚਾਹੇ ਨੇਤਰਹੀਣ ਪੈਨਸ਼ਨ ਹੈ, ਬੱਚਿਆਂ ਨੂੰ ਵਜ਼ੀਫੇ ਦੇਣ ਦੀ ਗੱਲ ਹੈ, ਸਭ ਸਕੀਮਾਂ ਵਿੱਚ ਫੰਡ ਮੁਹੱਈਆ ਹੋਣਗੇ। ਇਸ ਵਾਸਤੇ ਮੈਂ ਫਾਇਨਾਂਸ ਮਨਿਸਟਰ ਸ੍ਰੀ ਸੁਰਿੰਦਰ ਸਿੰਗਲਾ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਹ ਫੰਡ ਇਨ੍ਹਾਂ ਨੇ ਹਿੰਮਤ ਨਾਲ ਕਰੀਏਟ ਕੀਤਾ ਹੈ। ਜਿਹੜੀਆਂ ਸ਼ਡਿਊਲਡ ਕਾਸਟ ਵੈਲਫੇਅਰ ਦੀਆਂ ਸਕੀਮਾਂ ਚਲਦੀਆਂ ਹਨ, ਭਾਵੇਂ ਪੈਨਸ਼ਨ ਦੀ ਸਕੀਮ ਹੈ, ਭਾਵੇਂ ਹੋਰ ਸਕੀਮਾਂ ਹਨ, ਭਾਵੇਂ ਸਟਾਈਪੈਂਡ ਦੀ ਸਕੀਮ ਹੈ, ਇਨ੍ਹਾਂ ਵਿੱਚ ਜਿਹੜੇ ਪੈਸੇ ਜਾਣਗੇ, ਉਹ ਪੈਸੇ ਸਿੱਧੇ ਗੌਰਮਿੰਟ ਦੇ ਖਜ਼ਾਨੇ ਵਿਚੋਂ ਇਨ੍ਹਾਂ ਦੇ ਵੱਖਰੇ ਹੈਡ ਵਿੱਚ ਜਾਣਗੇ। ਹੁਣ ਵੈਲਫੇਅਰ ਦੇ ਬਜਟ ਵਿੱਚ ਵੱਖਰਾ ਪੈਸਾ ਹੋਵੇਗਾ। ਪਹਿਲਾਂ ਬਜਟ ਈਅਰ ਮਾਰਕ ਹੋ ਜਾਂਦਾ ਸੀ ਲੇਕਿਨ ਜਦੋਂ ਪੈਸਾ ਕਢਾਉਣਾ ਹੁੰਦਾ ਸੀ, ਉਹ ਖਜ਼ਾਨੇ ਵਿਚੋਂ ਨਿਕਲਦਾ ਨਹੀਂ ਸੀ, ਮਿਲਦਾ ਨਹੀਂ ਸੀ। ਲੇਕਿਨ ਸੁਰਿੰਦਰ ਸਿੰਗਲਾ, ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਅਧੀਨ ਦਲਿਤਾਂ ਵਾਸਤੇ ਨਵੀਂ ਸਕੀਮ ਬਣਾਈ.....

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ** ** **

**Mr. Deputy Speaker :** Alright. No Point of Order.

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਸਿਖਾਓ। ਇਹ ਸਾਡਾ ਆਪਣਾ ਟਾਈਮ ਹੈ। ਮੇਰੀ ਪਾਰਟੀ ਦਾ ਵੱਖਰਾ ਟਾਈਮ ਹੈ, ਇਨ੍ਹਾਂ ਦੀ ਪਾਰਟੀ ਦਾ ਵੱਖਰਾ ਟਾਈਮ ਹੈ। ਇਨ੍ਹਾਂ ਨੂੰ ਸਮਝਾਓ ਕਿ ਇਹ ਆਪਣੇ ਟਾਈਮ ਤੇ ਜਿੰਨਾ ਮਰਜ਼ੀ ਬੋਲ ਲੈਣ। ਮੈਂ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਹੁਣ ਜਿਹੜਾ ਪੈਸਾ ਜਿਥੇ ਵੀ ਚਾਹੀਦਾ ਹੈ, ਉਥੇ ਜਾਂਦਾ ਹੈ। ਇਹ ਸਾਰਿਆਂ ਨੂੰ ਮਿਲੇਗਾ। ਅੱਗੇ ਕਾਗਜ਼ਾਂ ਵਿੱਚ ਹੀ ਹੁੰਦਾ ਸੀ। ਇਨ੍ਹਾਂ ਦੇ ਵੇਲੇ ਕਾਗਜ਼ਾਂ ਵਿੱਚ ਰਹਿੰਦਾ ਸੀ ਲੇਕਿਨ ਪੂਰਤੀ ਨਹੀਂ ਸੀ ਹੁੰਦੀ। ਓਲਡ ਏਜ਼ ਪੈਨਸ਼ਨ ਨਹੀਂ ਸੀ ਮਿਲਦੀ। ਸ਼ਡਿਊਲਡ ਕਾਸਟਾਂ ਦੀਆਂ ਦੂਸਰੀਆਂ ਸਕੀਮਾਂ ਲਾਗੂ ਨਹੀਂ ਸੀ ਹੁੰਦੀਆਂ ਲੇਕਿਨ ਮੈਂ ਫਖਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਪੈਸੇ ਹਨ.......

**ਸਰਦਾਰ ਵੀਰ ਸਿੰਘ ਲੋਪੋਕੇ :** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਤੁਸੀਂ ਲਿਬਰਲ ਬਹੁਤ ਹੋ।

**ਮਾਨਯੋਗ ਡਿਪਟੀ ਸਪੀਕਰ :** ਚੌਧਰੀ ਸਾਹਿਬ, ਇੱਕ ਮਿੰਟ।

**ਸਰਦਾਰ ਵੀਰ ਸਿੰਘ ਲੋਪੋਕੇ :** ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ ਕਹਿੰਦੇ ਹਨ, ਇਸ ਤਰ੍ਹਾਂ ਨਹੀਂ ਹੋਇਆ, ਪ੍ਰੋਸੀਜ਼ਰ ਕੀ ਬਣਾਇਆ.....

**Mr. Deputy Speaker :** Please take your seat. This is no Point of Order.

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਮੈਂ ਕਹਿੰਦਾ ਹਾਂ ਕਿ ਸਾਡੇ ਕੋਲੋਂ ਪੈਸਾ ਤੁਹਾਡੇ ਵਾਂਗੂੰ ਗਵਾਚਦਾ ਨਹੀਂ। ਪਹਿਲਾਂ ਆਪੇ ਹੀ ਕਢਾ ਕੇ ਚਲੇ ਜਾਣਾ, ਹੁਣ ਇਹ ਪੈਸੇ ਸਿੱਧੇ ਮਿਲਣਗੇ। ਬਜਟ ਵਿੱਚ ਇਸ ਦੀ ਪ੍ਰੋਵੀਜ਼ਨ ਹੈ। ਇਸ ਤਰ੍ਹਾਂ ਦੀ ਗੱਲ ਕੀਤੀ ਹੈ।

**ਸਰਦਾਰ ਵੀਰ ਸਿੰਘ ਲੋਪੋਕੇ :** ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਹਾਂ ਜੋ ਕਮੇਟੀ ਬਣਾਈ ਸੀ।

**Mr. Deputy Speaker :** Alright. Please take your seat.

---

** Expunged as ordered by the Chair.

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ** : ਬਹੁਤ ਗੱਲਾਂ ਸਰਕਾਰਾਂ ਦੀਆਂ ਉਪਰ ਤੱਕ ਰਹਿੰਦੀਆਂ ਹਨ। ਛੋਟੀਆਂ ਛੋਟੀਆਂ ਗੱਲਾਂ ਦਾ ਪਤਾ ਨਹੀਂ ਹੁੰਦਾ। ਇਹ ਸੰਗਤ ਦਰਸ਼ਨ ਵਾਲਾ ਪੈਸਾ ਨਹੀਂ ਹੈ। ਇਹ ਸਰਕਾਰੀ ਖਜ਼ਾਨੇ ਵਿਚੋਂ ਪੈਸਾ ਆਉਣਾ ਹੈ ਅਤੇ ਸਿੱਧੇ ਉਸ ਮਹਿਕਮੇ ਨੂੰ ਜਾਣੇ ਹਨ। (ਘੰਟੀ) ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਬਹੁਤ ਮੈਂਬਰਾਂ ਨੇ ਅਜੇ ਬੋਲਣਾ ਹੈ ਪਰ ਮੈਨੂੰ ਦੋ-ਚਾਰ ਮਿੰਟ ਬੋਲ ਲੈਣ ਦਿਓ। ਜਦੋਂ ਇਨ੍ਹਾਂ ਦਾ ਟਾਈਮ ਹੋਵੇਗਾ ਤਾਂ ਇਹ ਜੋ ਮਰਜ਼ੀ ਕਹਿ ਲੈਣ। ਅਸੀਂ ਟੋਕਾ-ਟਾਕੀ ਨਹੀਂ ਕਰਨਾ ਚਾਹੁੰਦੇ। ਅਸੀਂ ਹਾਊਸ ਵਿੱਚ ਕਹਿਣ ਸੁਣਨ ਨੂੰ ਤਿਆਰ ਹਾਂ। ਇਹ ਸਾਡੀ ਗੱਲ ਪਿਆਰ ਨਾਲ ਸੁਣਨ ਕਿਉਂਕਿ ਇਨ੍ਹਾਂ ਦੀ ਸਰਕਾਰ ਵੇਲੇ ਗਰੀਬਾਂ ਵਾਸਤੇ ਕੁਝ ਨਹੀਂ ਕੀਤਾ ਗਿਆ। ਇਨ੍ਹਾਂ ਨੇ ਆਪਣੇ ਸਮੇਂ ਵਿੱਚ ਕੋਈ ਕੰਮ ਨਹੀਂ ਕੀਤਾ। ਇਹ ਝੂਠੇ ਵਾਅਦੇ ਕਰਦੇ ਰਹੇ ਹਨ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਨੂੰ ਪਤਾ ਹੈ ਕਿ ਕਿਸ ਤਰ੍ਹਾਂ ਲੈਂਡ ਡਿਵੈਲਪਮੈਂਟ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਅਤੇ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਦੀ ਇਹ ਸ਼ੇਅਰ ਕੈਪੀਟਲ ਨਹੀਂ ਦਿੰਦੇ ਰਹੇ। ਇਹ ਤਾਂ ਜਿਸ ਗਰੀਬ ਆਦਮੀ ਦੇ ਕੱਪੜੇ ਮਾੜੇ ਹੋਣ ਹੱਥ ਨਹੀਂ ਮਿਲਾਉਂਦੇ। ਲੇਕਿਨ ਇਹ ਕਾਂਗਰਸ ਸਰਕਾਰ ਹੈ, ਇਹ ਕਾਂਗਰਸ ਪਾਰਟੀ ਹੈ, ਜਿਹੜੀ ਗਰੀਬਾਂ ਦੇ ਵਾਸਤੇ ਸੋਚਦੀ ਹੈ। ਅੱਜ ਸਾਡੀ ਪੰਜਾਬ ਦੇ ਅੰਦਰ ਦਲਿਤਾਂ ਨੂੰ ਉਪਰ ਉਠਾਉਣ ਦੀ ਡਿਊਟੀ ਹੈ। ਮੇਰਾ ਖਿਆਲ ਹੈ ਇਨ੍ਹਾਂ ਦੇ ਬਰਾਬਰ ਸਾਡੀ ਆਬਾਦੀ ਹੈ ਔਰ ਹਾਲੇ ਪਤਾ ਨਹੀਂ ਇਹ ਥੱਲੇ ਚਲੇ ਜਾਣ ਕਿਉਂਕਿ ਜੋ ਕੁਝ ਇਹ ਕਰਦੇ ਹਨ, ਉਸ ਦਾ ਤੁਹਾਨੂੰ ਸਾਰਿਆਂ ਨੂੰ ਹੀ ਪਤਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੀਆਂ ਜਿਹੜੀਆਂ ਸਕੀਮਾਂ ਹਨ, ਸਾਡੇ ਮੁੱਖ ਮੰਤਰੀ ਜੀ ਦੇ ਦਿਲ ਵਿੱਚ ਦਲਿਤਾਂ ਵਾਸਤੇ ਖਾਸ ਦਰਦ ਹੈ ਕਿ ਪੰਜਾਬ ਦੇ ਗਰੀਬ ਨੂੰ ਜਿਹੜਾ ਪਾਵਰਟੀ ਲਾਈਨ ਤੋਂ ਥੱਲੇ ਹੈ ਉਸ ਬੰਦੇ ਨੂੰ ਉਪਰ ਉਠਾਉਣਾ ਹੈ। ਮੈਂ ਇਹ ਅੱਜ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੀਆਂ ਦਲਿਤਾਂ ਪ੍ਰਤੀ ਜੋ ਵੈਲਫੇਅਰ ਡਿਪਾਰਟਮੈਂਟ ਦੀਆਂ ਸਕੀਮਾਂ ਹਨ, ਉਨ੍ਹਾਂ ਪੂਰੀਆਂ ਦੀਆਂ ਪੂਰੀਆਂ ਸਕੀਮਾਂ ਲਈ ਸਾਡੇ ਐਫ.ਐਮ. ਸਾਹਿਬ ਖੁਲ੍ਹੇ ਪੈਸੇ ਦੇਣਗੇ। ਅਸੀਂ ਇਨ੍ਹਾਂ ਸਕੀਮਾਂ ਨੂੰ ਪੰਜਾਬ ਦੇ ਵਿੱਚ ਲਾਗੂ ਕਰਾਂਗੇ ਜਦ ਕਿ ਇਹ ਕਾਗਜ਼ਾਂ ਵਿੱਚ ਹੀ ਕੰਮ ਕਰਦੇ ਰਹੇ ਹਨ। ਇਹ ਕਾਗਜ਼ਾਂ ਵਿੱਚ ਬਹੁਤ ਕੁਝ ਬਣਾਉਂਦੇ ਰਹੇ ਹਨ ਪਰ ਪ੍ਰੈਕਟੀਕਲੀ ਇਹ ਪੈਸਾ ਥੱਲੇ ਨਹੀਂ ਸੀ ਜਾਂਦਾ। ਖਾਸ ਤੌਰ ਤੇ ਦਲਿਤਾਂ ਨਾਲ ਇਨ੍ਹਾਂ ਦੇ ਵੇਲੇ ਵਿਤਕਰਾ ਹੁੰਦਾ ਰਿਹਾ ਹੈ। ਇਨ੍ਹਾਂ ਨੇ ਜੋ ਸਕੀਮਾਂ ਦਲਿਤਾਂ ਵਾਸਤੇ ਬਣਾਈਆਂ, ਇਨ੍ਹਾਂ ਨੇ ਇਕੱਲੀ ਇਕੱਲੀ ਸਕੀਮ ਕੱਟ ਦੇ ਰੱਖ ਦਿੱਤੀ ਸੀ ਔਰ ਇਹ ਐਲਾਨ ਤਾਂ ਕਰਦੇ ਸੀ ਲੇਕਿਨ ਪ੍ਰੈਕਟੀਕਲੀ ਤੌਰ ਤੇ, ਬੁਨਿਆਦੀ ਤੌਰ ਤੇ ਇਹ ਕੁਝ ਨਹੀਂ ਕਰਦੇ ਸੀ। ਜਿਹੜਾ ਦਲਿਤ ਹੈ, ਉਹ ਜ਼ਿਆਦਾ ਗਿਣਤੀ ਵਿੱਚ ਪਿੰਡਾਂ ਵਿੱਚ ਰਹਿੰਦਾ ਹੈ। ਕਿਉਂਕਿ ਜਿਹੜੇ ਦਲਿਤ ਲੋਕ ਹਨ ਉਹ ਜ਼ਿਆਦਾ ਪਿੰਡਾਂ ਵਿੱਚ ਰਹਿੰਦੇ ਹਨ ਔਰ ਸ਼ਹਿਰਾਂ ਦੇ ਵਿੱਚ ਵੀ ਰਹਿਦੇ ਹਨ। ਇਨ੍ਹਾਂ ਨੇ ਪਿੰਡ ਦੇ ਸਰਦਾਰ ਆਪਣੇ ਬਣਾ ਕੇ ਰੱਖੇ ਹੋਏ ਸਨ ਔਰ ਵੋਟਾਂ ਲੈਣ ਦੀ ਖਾਤਰ ਹੀ ਇਸ ਤਰ੍ਹਾਂ ਕੀਤਾ ਹੋਇਆ ਸੀ। ਲੇਕਿਨ, ਡਿਪਟੀ ਸਪੀਕਰ ਸਾਹਿਬ, ਅੱਜ ਡੈਮੋਕਰੇਸੀ ਦਾ ਯੁੱਗ ਹੈ ਚਾਹੇ ਅੱਜ ਕੋਈ ਗਰੀਬ ਆਦਮੀ ਵੀ ਹੈ ਉਹ ਵੀ ਆਪਣੀ ਵੋਟ ਪਾਉਣ ਵੇਲੇ ਜ਼ਰੂਰ ਸੋਚੇਗਾ ਲੇਕਿਨ ਜਿਹੜੇ ਇਨ੍ਹਾਂ ਦੇ ਸਰਦਾਰ ਰੱਖੇ ਹੋਏ ਹਨ ਅੱਜ ਉਹ ਕਿਥੇ ਹਨ। ਅੱਜ ਉਨ੍ਹਾਂ ਨੇ ਹੀ ਪੰਜਾਬ ਦੇ ਵਿੱਚ ਕਾਂਗਰਸ ਦੀ ਸਰਕਾਰ ਬਣਾਈ ਹੈ ਔਰ

[ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ ]

ਕੈਪਟਨ ਅਮਰਿੰਦਰ ਸਿੰਘ ਹੁਰਾਂ ਦੇ ਹੱਥਾਂ ਵਿੱਚ ਵਾਗਡੋਰ ਸੰਭਾਲੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ ਉਦੋਂ ਤੋਂ ਇਨ੍ਹਾਂ ਨੇ ਬਹੁਤ ਕੰਮ ਕੀਤੇ ਹਨ। ਇਹ ਤਾਂ ਰੌਲਾ ਹੀ ਪਾਉਂਦੇ ਰਹਿੰਦੇ ਸਨ, ਕਦੇ ਪਾਣੀਆਂ ਦੀ ਗੱਲ ਕਰਦੇ ਰਹਿੰਦੇ ਹਨ ਪਰ ਕਰਦੇ ਕੁਝ ਨਹੀਂ ਸਨ। ਲੇਕਿਨ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੇ ਇੱਕੋ ਦਿਨ ਹੀ ਰੈਜੋਲਿਊਸ਼ਨ ਲਿਆ ਕੇ ਬੜਾ ਵੱਡਾ ਕੰਮ ਕਰ ਦਿੱਤਾ ਹੈ ਔਰ ਇਸ ਦੇ ਲਈ ਪੰਜਾਬ ਵਿਧਾਨ ਸਭਾ ਦਾ ਇਜਲਾਸ ਬੁਲਾਇਆ ਗਿਆ ਸੀ। ਇਹ ਤਾਂ ਪੰਜ ਸਾਲ ਰੌਲਾ ਪਾਉਂਦੇ ਰਹੇ ਕਿ ਅਸੀਂ ਖੂਨ ਦੀਆਂ ਨਦੀਆਂ ਵਹਾਅ ਦਿਆਂਗੇ ਲੇਕਿਨ ਨਾ ਖੂਨ ਦੀਆਂ ਨਦੀਆਂ ਹੀ ਵਹੀਆਂ ਹਨ ਔਰ ਨਾ ਹੀ ਹੋਰ ਕੁਝ ਹੋਇਆ ਹੈ। ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਚਾਹੁੰਦੇ ਹਨ ਕਿ ਜਿਹੜਾ ਵੀ ਪੈਸਾ ਬਜਟ ਦੇ ਵਿੱਚ ਲੋਕਾਂ ਦੇ ਲਈ ਰੱਖਿਆ ਗਿਆ ਹੈ ਉਹ ਸਾਰਾ ਪੈਸਾ ਸਬੰਧਤ ਲੋਕਾਂ ਦੇ ਤੀਕਰ ਪਹੁੰਚੇ, ਗਰੀਬ ਦਾ ਪੈਸਾ ਗਰੀਬ ਤੱਕ ਜਾਵੇ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਬਾਰੇ ਵੀ ਕਈ ਵੱਡੇ ਸਕੈਂਡਲ ਲੋਕਾਂ ਦੇ ਸਾਹਮਣੇ ਲਿਆਂਦੇ ਹਨ। ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਅੱਜ ਜੋ ਬਜਟ ਗਰੀਬ ਵਾਸਤੇ ਜਾਂ ਦਲਿਤ ਵਾਸਤੇ ਰੱਖਿਆ ਗਿਆ ਹੈ ਇਹ ਉਨ੍ਹਾਂ ਤੱਕ ਪਹੁੰਚੇਗਾ, ਇਨ੍ਹਾਂ ਦੇ ਵੇਲੇ ਤਾਂ ਪੈਸਾ ਲੋਕਾਂ ਤੱਕ ਪਹੁੰਚਦਾ ਹੀ ਨਹੀਂ ਸੀ। ਅੱਜ ਪੰਜਾਬ ਦੇ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਜੀ ਜਿੰਮੇ ਜੋ ਕੰਮ ਲਗਾਇਆ ਹੈ ਉਸ ਅਨੁਸਾਰ ਉਨ੍ਹਾਂ ਨੇ ਲੋਕਾਂ ਦੀ ਬਾਂਹ ਫੜ੍ਹੀ ਹੈ ਔਰ ਬੜੇ ਚੰਗੇ-ਚੰਗੇ ਕਦਮ ਉਠਾਏ ਹਨ। ਅੱਜ ਉਨ੍ਹਾਂ ਨੇ ਪੰਜਾਬ ਦੇ ਦਲਿਤਾਂ ਦੀ ਬਾਂਹ ਫੜ੍ਹੀ ਹੈ। ਪੰਜਾਬ ਦੇ ਕਿਸਾਨਾਂ ਦੀ ਬਾਂਹ ਫੜੀ ਹੈ। ਇਨ੍ਹਾਂ ਦੇ ਵੇਲੇ ਜਦੋਂ ਕਣਕ ਅਤੇ ਝੋਨਾ ਮੰਡੀਆਂ ਦੇ ਵਿੱਚ ਵਿਕਣ ਲਈ ਆਉਂਦਾ ਸੀ ਤਾਂ ਉਥੇ ਕਈ-ਕਈ ਦਿਨ ਰੁਲਦਾ ਰਹਿੰਦਾ ਸੀ ਲੇਕਿਨ ਜਦੋਂ ਦੀ ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਸਰਕਾਰ ਨੇ ਵਾਗਡੋਰ ਸੰਭਾਲੀ ਹੈ ਤਾਂ ਕਿਸੇ ਵੀ ਮੰਡੀ ਦੇ ਵਿੱਚ ਕੋਈ ਵੀ ਫਸਲ ਰੁਲਣ ਨਹੀਂ ਦਿੱਤੀ, ਵੇਲੇ ਸਿਰ ਚੁਕਵਾਈ ਗਈ ਹੈ ਔਰ ਨਾਲ ਦੀ ਨਾਲ ਪੇਮੈਂਟ ਵੀ ਕਰਵਾਈ ਗਈ ਹੈ ਔਰ ਇਸ ਦੇ ਨਾਲ ਪੰਜਾਬ ਦੇ ਕਿਸਾਨਾਂ ਨੂੰ ਕਿੰਨਾ ਫਾਇਦਾ ਪਹੁੰਚਾਇਆ ਹੈ। ਇਨ੍ਹਾਂ ਨੂੰ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਤਾਂ ਕੈਪਟਨ ਅਮਰਿੰਦਰ ਸਿੰਘ ਦੇ ਗੀਤ ਗਾਉਣੇ ਚਾਹੀਦੇ ਹਨ, ਯਾਦ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਅੰਤ ਦੇ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬਜਟ ਸ਼੍ਰੀ ਸੁਰਿੰਦਰ ਸਿੰਗਲਾ ਜੀ ਵਲੋਂ ਪੇਸ਼ ਕੀਤਾ ਗਿਆ ਹੈ, ਇਹ ਬੜੇ ਹੀ ਸਿਆਣੇ, ਬੜੇ ਵਿਦਵਾਨ, ਬੜੇ ਪੜ੍ਹੇ ਲਿਖੇ ਔਰ ਇਹ ਪਾਰਲੀਮੈਂਟ ਵਿੱਚ ਵੀ ਆਪਣੇ ਜੌਹਰ ਦਿਖਾਉਂਦੇ ਰਹੇ ਹਨ, ਇਨ੍ਹਾਂ ਨੇ ਬੜੇ ਅੱਛੇ ਫਾਈਨਾਂਸ ਮਨਿਸਟਰ ਦੇ ਤੌਰ ਤੇ ਬਜਟ ਪੇਸ਼ ਕੀਤਾ ਹੈ ਔਰ ਇਸ ਬਜਟ ਦੇ ਵਿੱਚ ਦਲਿਤਾਂ ਲਈ, ਗਰੀਬਾਂ ਲਈ, ਕਿਸਾਨਾਂ ਲਈ ਜਾਂ ਜੋ ਕੁਝ ਵੀ ਲਿਆਂਦਾ ਹੈ ਉਸ ਦੇ ਲਈ ਮੈਂ, ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਮੈਂ ਆਸ ਕਰਦਾ ਹਾਂ ਕਿ ਇਸ ਬਜਟ ਦੇ ਪਾਸ ਹੋਣ ਤੋਂ ਬਾਅਦ ਪੰਜਾਬ ਦਾ ਜਿਹੜਾ ਕਿਸਾਨ ਹੈ, ਪੰਜਾਬ ਦਾ ਜਿਹੜਾ ਗਰੀਬ ਹੈ, ਮਜ਼ਦੂਰ ਹੈ, ਦਲਿਤ ਹੈ ਉਨ੍ਹਾਂ ਨੂੰ ਬਹੁਤ ਵੱਡਾ ਲਾਭ ਮਿਲੇਗਾ। ਪੰਜਾਬ ਦੇ ਸ਼ਹਿਰ ਤਰੱਕੀ ਕਰਨਗੇ ਔਰ ਪਿੰਡਾਂ ਦੀ ਤਰੱਕੀ ਦੀ ਨੁਹਾਰ ਵੀ ਇਸ ਬਜਟ ਦੇ ਰਾਹੀਂ ਬਦਲੇਗੀ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਜੇਕਰ ਹਾਊਸ ਦੇ ਵਿੱਚ ਕੋਈ ਨਵਾਂ ਆਇਆ ਹੋਇਆ ਮੈਂਬਰ ਇਸ ਤਰ੍ਹਾਂ ਦੀ ਸਪੀਚ ਕਰੇ ਤਾਂ ਠੀਕ ਸਮਝਿਆ ਜਾ ਸਕਦਾ ਹੈ ਪਰੰਤੂ ਜੇਕਰ ਇਸ ਤਰ੍ਹਾਂ ਦੀ ਸਪੀਚ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਕਰਨ ਤਾਂ ਮੈਨੂੰ ਇਸ ਦਾ ਬੜਾ ਅਫਸੋਸ ਹੈ।

**ਮਾਨਯੋਗ ਡਿਪਟੀ ਸਪੀਕਰ** : ਹਾਂ ਜੀ, ਸ਼੍ਰੀ ਤਿਕਸ਼ਨ ਸੂਦ ਜੀ। ਤੁਹਾਡੀ ਪਾਰਟੀ ਦੇ ਸਿਰਫ਼ ਛੇ ਮਿੰਟ ਹੀ ਬਣਦੇ ਹਨ, ਇਸ ਲਈ ਤੁਸੀਂ ਆਪਣੇ ਵਿਚਾਰ ਏਨੇ ਸਮੇਂ ਦੇ ਵਿੱਚ ਹੀ ਕਹਿ ਲੈਣੇ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੇਰੀ ਰਿਕੁਐਸਟ ਹੈ ਕਿ ਜੋ ਸਾਡੀ ਪਾਰਟੀ ਦੇ ਛੇ ਮਿੰਟ ਹਨ, ਇਹ ਬਹੁਤ ਥੋੜ੍ਹੇ ਹਨ, ਤੁਸੀਂ ਮੈਨੂੰ ਬੋਲਣ ਲਈ 10 ਮਿੰਟ ਦਾ ਸਮਾਂ ਦੇ ਦਿਓ। ਡਿਪਟੀ ਸਪੀਕਰ ਸਾਹਿਬ, ਜੋ ਬਜਟ ਸ਼੍ਰੀ ਸੁਰਿੰਦਰ ਸਿੰਗਲਾ, ਵਿੱਤ ਮੰਤਰੀ ਜੀ ਵਲੋਂ ਪੇਸ਼ ਕੀਤਾ ਗਿਆ ਹੈ, ਵਾਕਿਆ ਹੀ ਫਾਈਨਾਂਸ ਮਨਿਸਟਰ ਸਾਹਿਬ ਬਹੁਤ ਕਾਬਲ ਹਨ, ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਪ੍ਰਾਬਲਮ ਇਹ ਹੁੰਦੀ ਹੈ ਕਿ ਇਹ ਇਨ੍ਹਾਂ ਦਾ ਚੌਥਾ ਬਜਟ ਹੈ ਅਤੇ ਜਦੋਂ ਕੋਈ ਬੰਦਾ ਬਿਮਾਰ ਹੋ ਜਾਂਦਾ ਹੈ ਤੇ ਫਿਰ ਉਸ ਨੂੰ ਕਿਸੇ ਸਰਜਨ ਦੇ ਕੋਲ ਲੈ ਕੇ ਜਾਂਦੇ ਹਨ ਤੇ ਉਸ ਦੇ ਤਿੰਨ-ਤਿੰਨ ਆਪਰੇਸ਼ਨ ਕਰਨ ਤੋਂ ਬਾਅਦ ਉਹ ਮਰ ਜਾਂਦਾ ਹੈ ਤਾਂ ਫਿਰ ਉਸ ਦੀ ਤਸੱਲੀ ਲਈ ਇਹ ਕਿਹਾ ਜਾਂਦਾ ਹੈ ਕਿ ਇਸ ਦਾ ਪੋਸਟ ਮਾਰਟਮ ਕਿਸੇ ਚੰਗੇ ਡਾਕਟਰ ਤੋਂ ਕਰਵਾ ਲਵੋ।..... ਅੱਜ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਇਕਾਨਮੀ ਦੀ ਜੋ ਹਾਲਤ ਹੈ ਸਿੰਗਲਾ ਸਾਹਿਬ ਉਸ ਦਾ ਪੋਸਟ ਮਾਰਟਮ ਕਰਨ ਆਏ ਹਨ। ਇਹ ਇਕ ਸ਼ਰਧਾਂਜ਼ਲੀ ਸਮਾਰੋਹ ਹੈ...

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਆਪਣਾ ਟਾਈਮ ਲੰਘਾ ਰਹੇ ਹੋ। You come to the point.

**ਸ਼੍ਰੀ ਤਿਕਸ਼ਨ ਸੂਦ** : ਪੰਜਾਬ ਦਾ ਇੰਪਲਾਈ ਮਰ ਗਿਆ, ਪੰਜਾਬੀ ਮਰ ਗਿਆ, ਇਸ ਬਜਟ ਵਿੱਚੋਂ ਕੁਝ ਨਹੀਂ ਲੱਭਦਾ। ਡਿਪਟੀ ਸਪੀਕਰ ਸਾਹਿਬ, ਇਹ ਮੈਂ ਨਹੀਂ ਕਹਿੰਦਾ ਖੁਦ ਇਨ੍ਹਾਂ ਨੇ ਮੰਨਿਆ। ਇਹ ਵਾਈਟ ਪੇਪਰ ਲੈ ਕੇ ਆਏ ਸੀ, ਫਿਸਕਲ ਰਿਫਾਰਮ ਕਮੇਟੀ ਬਣੀ ਸੀ। ਇਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਕਰਜ਼ ਥੱਲੇ ਡੁੱਬ ਗਿਆ ਹੈ। ਤਿੰਨ-ਚਾਰ ਸਾਲ ਬੀਤਣ ਤੋਂ ਬਾਅਦ ਇਹ 46 ਹਜ਼ਾਰ ਕਰੋੜ ਤੋਂ ਉਪਰ ਪਹੁੰਚ ਗਿਆ ਹੈ ਇਨ੍ਹਾਂ ਨੇ ਕੀ ਕਾਰਗੁਜ਼ਾਰੀ ਕੀਤੀ ? ਰਿਫਾਰਮ ਹੇਠ ਪੰਜਾਬ ਵਿੱਚ ਟੈਕਸ ਲਗਾਉਣ ਤੋਂ ਸਿਵਾਏ, ਕੀਮਤਾਂ ਵਧਾਉਣ ਤੋਂ ਸਿਵਾਏ ਹੋਰ ਕੁਝ ਨਹੀਂ ਕੀਤਾ। ਵੱਡੇ-ਵੱਡੇ ਵਾਅਦੇ ਇਨ੍ਹਾਂ ਨੇ ਲੋਕਾਂ ਨਾਲ ਕਰਕੇ ਪੰਜਾਬ ਵਿੱਚ ਸਰਕਾਰ ਬਣਾਈ। ਨੌਜਵਾਨਾਂ ਨੂੰ ਗੁੰਮਰਾਹ ਕੀਤਾ। ਸੈਂਕੜਿਆਂ-ਹਜ਼ਾਰਾਂ ਇੰਪਲਾਇਮੈਂਟਾਂ ਦੀ ਗੱਲ ਨਹੀਂ ਕੀਤੀ, ਲੱਖਾਂ ਦੀ ਗੱਲ ਕੀਤੀ। ਕਿਹਾ ਕਿ ਡੇਢ ਲੱਖ ਨਵੀਆਂ ਨੌਕਰੀਆਂ ਦੇਵਾਂਗੇ। ਡਿਪਟੀ ਸਪੀਕਰ ਸਾਹਿਬ, ਇਸ ਪੰਜਾਬ ਵਿਚ ਜੇ ਝਾਤ ਮਾਰੀਏ ਤਾਂ ਇੰਪਲਾਇਮੈਂਟ ਦੀ ਇਕ ਵੀ ਗੱਲ ਨਹੀਂ ਹੋ ਰਹੀ। ਮੇਰੇ ਕੋਲ ਸਾਰੀਆਂ ਲਿਸਟਾਂ ਹਨ। ਅੱਜ ਸਰਕਾਰੀ ਕਾਲਜਾਂ ਵਿਚ 422 ਲੈਕਚਰਾਰਾਂ ਦੀਆਂ ਪੋਸਟਾਂ ਖਾਲੀ ਹੋਣ ਕਰਕੇ

[ਸ਼੍ਰੀ ਤਿਕਸ਼ਨ ਸੂਦ]

ਖ਼ਤਮ ਹੋ ਗਈਆਂ, 372 ਪੋਸਟਾਂ ਕਾਲਜ ਦੇ ਬਾਕੀ ਇੰਪਲਾਇਜ਼ ਦੀਆਂ ਖਾਲੀ ਹੋਣ ਕਰਕੇ ਖ਼ਤਮ ਹੋ ਗਈਆਂ। ਜੇ.ਬੀ.ਟੀ. ਤੇ ਈ.ਟੀ.ਟੀ. ਦੀਆਂ 13198 ਅਤੇ 3298 ਪੋਸਟਾਂ ਨਹੀਂ ਭਰੀਆਂ ਗਈਆਂ। ਸੈਂਟਰ ਹੈਡ ਟੀਚਰਾਂ ਦੀਆਂ 619 ਪੋਸਟਾਂ, ਮਾਸਟਰਾਂ ਦੀਆਂ 1376 ਪੋਸਟਾਂ ਨਹੀਂ ਭਰੀਆਂ ਗਈਆਂ। ਕੋਈ ਇੰਪਲਾਇਮੈਂਟ ਦਾ ਇਸ ਪੰਜਾਬ ਵਿੱਚ ਵਾਧਾ ਨਹੀਂ ਕੀਤਾ ਗਿਆ। ਸਗੋਂ ਜਿਹੜੀਆਂ ਵੇਕੈਂਟ ਪੋਸਟਾਂ ਸਨ ਉਨ੍ਹਾਂ ਨੂੰ ਵੀ ਭਰਿਆ ਨਹੀਂ ਜਾ ਰਿਹਾ। ਕੀ ਉਹ ਅੱਗੇ ਨੂੰ ਖ਼ਤਮ ਨਹੀਂ ਹੋਣਗੀਆਂ? ਇਨ੍ਹਾਂ ਦੀ ਇੰਪਲਾਇਮੈਂਟ ਦੇਣ ਦੀ ਗੱਲ ਸਮਝ ਨਹੀਂ ਆਉਂਦੀ ਕਿ ਕਿਥੋਂ ਤੱਕ ਇਸ ਗੱਲ ਵਿੱਚ ਉਤਰੇਗੀ। ਡਿਪਟੀ ਸਪੀਕਰ ਸਾਹਿਬ, ਇਕ ਹੈਡ ਹੁੰਦਾ ਸੀ ਮੈਡੀਕਲ ਐਜੂਕੇਸ਼ਨ ਦਾ ਪੰਜਾਬ ਵਿੱਚ, ਤਕਨੀਕੀ ਐਜੂਕੇਸ਼ਨ ਦਾ ਇਨ੍ਹਾਂ ਨੇ ਉਸ ਨੂੰ ਕੈਮੋਫਲੇਜ਼ ਕਰਦੇ ਹੋਏ ਐਜੂਕੇਸ਼ਨ ਦਾ ਹੈਡ ਬਣਾਇਆ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਇਕ ਬਹੁਤ ਵਧੀਆ ਅਦਾਰਾ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਕਾਲਜ, ਜਲੰਧਰ ਜਿਵੇਂ ਕਿ ਪੀ.ਜੀ.ਆਈ., ਚੰਡੀਗੜ੍ਹ ਵਿੱਚ ਪੋਸਟ ਗ੍ਰੈਜੂਏਟ ਕਲਾਸਿਜ਼ ਹਨ ਉਥੇ ਕਿਉਂਕਿ ਬਹੁਤ ਜ਼ਿਆਦਾ ਰਸ਼ ਪੈ ਚੁੱਕਾ ਹੈ ਮਰੀਜ਼ਾਂ ਦਾ, ਟਾਈਮ ਨਹੀਂ ਹੈ, ਇਕ ਐਸਾ ਇੰਸਟੀਚਿਊਟ ਖੋਲ੍ਹਣ ਦਾ ਫੈਸਲਾ ਹੋਇਆ ਸੀ। ਉਥੇ ਐਮ.ਬੀ.ਬੀ.ਐਸ., ਪੋਸਟ ਗ੍ਰੈਜੂਏਟ ਕਲਾਸਿਜ਼ ਹੋਣੀਆਂ ਸਨ ਉਸ ਨੂੰ ਐਜੂਕੇਸ਼ਨ ਦੇ ਹੈਡ ਵਿੱਚ ਲਿਆ ਕੇ ਪ੍ਰਾਈਵੇਟ ਕਰਨ ਦਾ ਫੈਸਲਾ ਕਰ ਲਿਆ। ਜੋ ਪੰਜਾਬ ਦੇ ਹਿਤਾਂ ਲਈ ਬਹੁਤ ਮੰਦਭਾਗਾ ਹੈ। ਮੈਂ ਸਮਝਦਾ ਹਾਂ ਕਿ ਜਿਹੜੀ ਆਸ ਪਾਸ ਦੇ ਜ਼ਿਲ੍ਹਿਆਂ ਦੇ ਲੋਕਾਂ ਨੂੰ ਆਸ ਬਣੀ ਸੀ ਕਿ ਸਾਡੇ ਮਰੀਜ਼ਾਂ ਦੀ ਸਟੈਂਡਰਡ ਦੀ ਦੇਖਭਾਲ ਹੋ ਸਕੇਗੀ ਕਿਉਂਕਿ ਸੈਂਟਰ ਗੌਰਮਿੰਟ ਨੇ ਫੈਸਲਾ ਕੀਤਾ ਸੀ ਕਿ ਨਵੇਂ ਏ.ਆਈ.ਆਈ.ਐਮ.ਐਸ. ਦੇ ਲੈਵਲ ਦੇ ਅਲੱਗ-ਅਲੱਗ ਸੂਬਿਆਂ ਵਿਚ ਇੰਸਟੀਚਿਊਟ ਖੁੱਲ੍ਹਣਗੇ। ਪੰਜਾਬ ਵਿੱਚ ਸਾਰੇ ਲੋਕਾਂ ਦੀ ਇਹ ਆਸ ਦੀ ਕਿਰਨ ਸੀ ਜਿਹੜੀ ਕਿ ਖ਼ਤਮ ਕਰ ਦਿੱਤੀ ਗਈ। ਉਸ ਨੂੰ ਪ੍ਰਾਈਵੇਟ ਹੱਥਾਂ ਵਿਚ ਜਾਣ ਵਾਲਾ ਕਰ ਦਿੱਤਾ। ਇੰਡਸਟਰੀ ਦੀ ਗੱਲ ਕਰੀਏ। ਇਨ੍ਹਾਂ ਨੇ ਕਿਹਾ ਸੀ ਕਿ 50 ਕਰੋੜ ਰੁਪਿਆ ਸਬਸਿਡੀਆਂ ਲਈ ਰੱਖਾਂਗੇ। ਪੰਜਾਬ ਸਰਕਾਰ ਨੇ ਇੰਡਸਟ੍ਰੀਲਿਸਟਾਂ ਨਾਲ ਇਹ ਵਾਅਦਾ ਕੀਤਾ ਸੀ ਅਤੇ ਇਹ ਸਰਕਾਰ ਇਸ ਵਾਅਦੇ ਨਾਲ ਬਣੀ ਸੀ, ਉਨ੍ਹਾਂ ਨੇ ਇਨ੍ਹਾਂ ਨੂੰ ਸਪੋਰਟ ਕੀਤੀ ਸੀ। ਪਰ ਚੌਥਾ ਸਾਲ ਆ ਗਿਆ, ਦੁਖ ਹੈ ਕਿ ਇਹ ਊਠ ਦੇ ਮੂੰਹ ਵਿਚ ਜ਼ੀਰਾ ਦੇਣ ਵਾਲੀ ਗੱਲ ਹੈ। ਉਸ ਨਾਲ ਇੰਡਸਟਰੀ ਦਾ ਫਾਇਦਾ ਨਹੀਂ ਹੋਣਾ। ਇੰਡਸਟਰੀ ਇਸ ਆਸ ਤੇ ਬੈਠੀ ਹੈ, ਇਸ ਬਾਰੇ ਵੀ ਵਿਚਾਰ ਕਰਨੀ ਚਾਹੀਦੀ ਹੈ। ਇਹ ਘੋਸ਼ਨਾਵਾਂ ਹੀ ਕਰੀ ਜਾਂਦੇ ਹਨ, ਪੈਸਾ ਕੋਈ ਨਹੀਂ ਦਿੱਤਾ। ਪੰਜਾਬ ਕਿਸਾਨੀ ਤੇ ਨਿਰਭਰ ਹੈ। ਪਰ ਇਥੇ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਕਾਲੀ ਭਾਜਪਾ ਸਰਕਾਰ ਦੇ ਸਮੇਂ ਪੰਜਾਬ ਦੇ ਵਿੱਚ ਜੋ ਬਿਜਲੀ ਸੀ, ਉਸ ਦੇ ਲਈ ਕਿਸਾਨਾਂ ਨੂੰ ਪੈਸੇ ਨਹੀਂ ਦੇਣੇ ਪੈਂਦੇ ਸੀ ਔਰ ਪਾਣੀ ਦੇ ਪੈਸੇ ਨਹੀਂ ਦੇਣੇ ਪੈਂਦੇ ਸਨ। ਹਾਂ, ਇਹ ਮੰਨਿਆ ਕਿ ਕਿਸੇ ਦਾ ਟਿਊਬਵੈੱਲ ਖਰਾਬ ਹੋ ਗਿਆ ਤਾਂ ਜ਼ਰੂਰ ਆਪਣੇ ਕੋਲੋਂ ਪੈਸੇ ਪਾ ਲੈਂਦੇ ਸਨ। ਕਿਸੇ ਨੂੰ 200 ਰੁਪਏ ਖਰਚਾ ਆਉਂਦਾ ਸੀ ਤੇ ਕਿਸੇ ਨੂੰ 400 ਰੁਪਏ ਅਤੇ ਕਿਸੇ ਨੂੰ 1,000 ਰੁਪਏ ਦਾ ਖਰਚਾ ਆ ਜਾਂਦਾ ਸੀ।

**ਮਾਨਯੋਗ ਡਿਪਟੀ ਸਪੀਕਰ :** ਸੂਦ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ।

**ਸ਼੍ਰੀ ਤਿਕਸ਼ਨ ਸੂਦ** : ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਟਿਊਬਵੈੱਲਜ਼ ਦਾ ਖਰਚਾ ਬਹੁਤ ਆਉਂਦਾ ਹੈ। ਰਿਪੇਅਰ ਦਾ ਪੈਸਾ ਵੀ ਵੱਖਰੇ ਤੌਰ ਤੇ ਪਿੰਡ ਵਾਲਿਆਂ ਨੂੰ ਹੀ ਦੇਣਾ ਪੈਂਦਾ ਹੈ। ਅੱਜ ਕੰਡੀ ਇਲਾਕੇ ਦੇ ਵਿੱਚ ਇਨ੍ਹਾਂ ਦਾ ਟਿਊਬਵੈੱਲ ਲਗਾਉਣ ਦਾ ਕੋਈ ਵਿਚਾਰ ਨਹੀਂ ਹੈ। ਇਨ੍ਹਾਂ ਨੇ ਆਪਣੇ ਬਜਟ ਵਿੱਚ ਇਸ ਦੇ ਲਈ ਕੁਝ ਨਹੀਂ ਰੱਖਿਆ। ਨਹਿਰਾਂ ਦੇ ਖਾਲੇ ਪੱਕੇ ਕਰਨ ਬਾਰੇ ਇਸ ਬਜਟ ਦੇ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ। ਮੈਂ ਕੰਡੀ ਏਰੀਏ ਨੂੰ ਬਿਲੌਂਗ ਕਰਦਾ ਹਾਂ। ਡਾਇਵਰਸੀਫਿਕੇਸ਼ਨ ਕੰਡੀ ਇਲਾਕੇ ਵਿੱਚ ਸਭ ਤੋਂ ਵੱਧ ਜ਼ਰੂਰੀ ਹੈ। ਸਾਡੇ ਸਮੇਂ ਵਿੱਚ ਕੰਡੀ ਇਲਾਕੇ ਦੇ ਵਿੱਚ ਪਾਪੂਲਰ ਔਰ ਸਫੈਦੇ ਦੇ ਦਰਖੱਤ ਲੱਗੇ ਸੀ। ਅੱਜ ਜੇ ਸਭ ਤੋਂ ਵੱਧ ਡਾਈਵਰਸੀਫਿਕੇਸ਼ਨ ਖੇਤੀ ਦੇ ਵਿੱਚ ਹੋ ਸਕਦੀ ਹੈ ਤਾਂ ਉਹ ਪਹਿਲਾਂ ਦੀ ਤਰ੍ਹਾਂ ਪਾਪੂਲਰ ਔਰ ਸਫੈਦਾ ਲਗਾ ਕੇ ਕੰਡੀ ਦੇ ਖੇਤਰ ਵਿੱਚ ਕੀਤੀ ਜਾ ਸਕਦੀ ਹੈ। ਪਰ ਅੱਜ ਉਥੇ ਸਫੈਦਾ ਔਰ ਪਾਪੂਲਰ ਦੇ ਦਰਖਤ ਪੁੱਟੇ ਜਾ ਰਹੇ ਹਨ। ਉਹੀ ਰਕਬਾ ਫਿਰ ਕਣਕ ਅਤੇ ਝੋਨੇ ਥੱਲੇ ਆ ਗਿਆ ਹੈ ਕਿਉਂਕਿ ਉਨ੍ਹਾਂ ਫਸਲਾਂ ਦੀ ਵਿਕਰੀ ਲਈ ਪਰਾਪਰ ਪ੍ਰਬੰਧ ਇਨ੍ਹਾਂ ਨੇ ਨਹੀਂ ਕੀਤੇ। ਜਦੋਂ ਤੱਕ ਨਵੀਆਂ ਫਸਲਾਂ ਦੀ ਵਿਕਰੀ ਲਈ ਯੋਗ ਪ੍ਰਬੰਧ ਨਾ ਕੀਤੇ ਜਾਣ ਔਰ ਕੋਈ ਮਿਨੀਮਮ ਪ੍ਰਾਈਸ ਫਿਕਸ ਨਾ ਹੋਵੇ ਉਦੋਂ ਤੱਕ ਡਾਈਵਰਸੀਫਿਕੇਸ਼ਨ ਸਫਲ ਨਹੀਂ ਹੋ ਸਕਦੀ। ਕੰਡੀ ਦੇ ਇਲਾਕੇ ਦੇ ਕਿਸਾਨਾਂ ਨੂੰ ਫਸਲਾਂ ਦੀ ਡਾਈਵਰਸੀਫਿਕੇਸ਼ਨ ਕਰਨ ਦੀ ਬਹੁਤ ਜ਼ਿਆਦਾ ਲੋੜ ਹੈ।

**ਮਾਨਯੋਗ ਡਿਪਟੀ ਸਪੀਕਰ** : ਸੂਦ ਸਾਹਿਬ, ਖ਼ਤਮ ਕਰੋ ਜੀ। ਤੁਹਾਡਾ ਟਾਈਮ ਖ਼ਤਮ ਹੋ ਚੁੱਕਾ ਹੈ।

**ਸ਼੍ਰੀ ਤਿਕਸ਼ਨ ਸੂਦ** : ਬੱਸ ਸਰ। ਥੋੜ੍ਹੀ ਜਿਹੀ ਗੱਲ ਹੋਰ ਰਹਿ ਗਈ ਹੈ। ਮੈਂ ਸੜਕਾਂ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਹਾਊਸ ਵਿਚ ਜਿੰਨੇ ਸਵਾਲ ਆਉਂਦੇ ਹਨ, ਉਨ੍ਹਾਂ ਵਿਚ ਸਭ ਤੋਂ ਵੱਧ ਸਵਾਲ ਖਰਾਬ ਸੜਕਾਂ ਦੇ ਬਾਰੇ ਹੀ ਆਉਂਦੇ ਹਨ। ਇਸ ਤਰ੍ਹਾਂ ਸਰਕਾਰ ਦੀ ਆਪਣੇ ਆਪ ਵਿਚ ਇੱਕ ਅਸਫ਼ਲਤਾ ਸਾਬਤ ਹੁੰਦੀ ਹੈ। ਸਰਕਾਰੀ ਪੱਖ ਤੋਂ ਵੀ ਖਰਾਬ ਸੜਕਾਂ ਦੇ ਬਾਰੇ ਬਹੁਤ ਸਵਾਲ ਆਉਂਦੇ ਹਨ ਅਤੇ ਸਾਡੇ ਮੈਂਬਰ ਸਾਹਿਬਾਨ ਵੀ ਇਨ੍ਹਾਂ ਤੇ ਸਵਾਲ ਕਰਦੇ ਹਨ। ਜਿਹੜੀਆਂ ਸੜਕਾਂ ਬਣਦੀਆਂ ਵੀ ਹਨ, ਉਨ੍ਹਾਂ ਦਾ ਕੋਈ ਮਿਆਰ ਨਹੀਂ ਹੁੰਦਾ। ਡਿਪਟੀ ਸਪੀਕਰ ਸਾਹਿਬ, ਚੌਧਰੀ ਜਗਜੀਤ ਸਿੰਘ ਮਾਨਯੋਗ ਮੰਤਰੀ ਜੀ ਨੇ ਦੋ ਗੱਲਾਂ ਬਹੁਤ ਜ਼ੋਰ ਦੇ ਕੇ ਕਹੀਆਂ ਹਨ। ਮੈਂ ਉਨ੍ਹਾਂ ਦਾ ਜਵਾਬ ਦੇ ਕੇ ਆਪਣੀ ਗੱਲ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦੇ ਰਹੇ ਹੋ। ਇਨ੍ਹਾਂ ਨੇ ਇੱਕ ਅਰਬਨ ਡਿਵੈਲਪਮੈਂਟ ਦੀ ਗੱਲ ਕੀਤੀ ਹੈ। ਪਰ ਅਰਬਨ ਡਿਵੈਲਪਮੈਂਟ ਤਹਿਤ ਸ਼ਹਿਰੀਆਂ ਨੂੰ ਕੋਈ ਸਹੂਲਤ ਨਹੀਂ ਮਿਲੀ। ਹਾਂ, ਹੋ ਸਕਦਾ ਹੈ ਕਿ ਪਟਿਆਲਾ ਦੇ ਵਿਚ ਕੁਝ ਸੜਕਾਂ ਬਣ ਰਹੀਆਂ ਹੋਣਗੀਆਂ ਪਰ ਬਾਕੀ ਏਰੀਏ ਤਾਂ ਅਰਬਨ ਡਿਵੈਲਪਮੈਂਟ ਤੋਂ ਵਾਂਝੇ ਰਹਿ ਗਏ ਹਨ। ਸ਼ਹਿਰਾਂ ਦੇ ਵਿਚ ਬਹੁਤ ਖ਼ਰਚੇ ਵਧੇ ਹਨ। ਮਾਰਕੀਟ ਕਮੇਟੀਆਂ ਲਈ ਠੇਕੇਦਾਰੀ ਸਿਸਟਮ ਲਾਗੂ ਹੋਇਆ ਹੈ। ਚੁੰਗੀ ਦਾ ਖਰਚਾ ਵੀ ਸ਼ਹਿਰਾਂ ਦਾ ਵਧਿਆ ਹੈ। ਸ਼ਹਿਰੀ ਲੋਕ ਹੁਣ ਖੁਸ਼ ਨਹੀਂ ਹੋਏ। ਉਨ੍ਹਾਂ ਲਈ ਕੁਝ ਵੀ ਨਹੀਂ ਕੀਤਾ ਗਿਆ। ਮਿਊਂਸਿਪਲ ਕਮੇਟੀਆਂ ਦੇ ਵਿਚ ਬਹੁਤ ਜ਼ਿਆਦਾ ਪੋਸਟਾਂ ਖਾਲੀ ਪਈਆਂ ਹਨ। ਸਫਾਈ ਸੇਵਕਾਂ ਦੀਆਂ ਪੋਸਟਾਂ ਵੀ ਬਹੁਤ ਖਾਲੀ ਪਈਆਂ ਹਨ। ਸ਼ਹਿਰਾਂ ਵਿਚ

[ਸ਼੍ਰੀ ਤਿਕਸ਼ਨ ਸੂਦ]

ਸਫਾਈ ਨਹੀਂ ਹੋ ਰਹੀ। ਸਰਕਾਰ ਨੇ ਵਾਅਦਾ ਕੀਤਾ ਸੀ ਕਿ ਖਾਲੀ ਪਈਆਂ ਪੋਸਟਾਂ ਭਰੀਆਂ ਜਾਣਗੀਆਂ। ਰੈਗੂਲਰ ਨੌਕਰੀਆਂ ਦਿਵਾ ਕੇ ਸ਼ਹਿਰਾਂ ਦੇ ਵਿਚ ਨੌਕਰੀਆਂ ਦਿੱਤੀਆਂ ਜਾਣਗੀਆਂ ਪਰ ਅਜਿਹਾ ਨਹੀਂ ਹੋਇਆ। ਅੱਜ ਸ਼ਹਿਰਾਂ ਦੇ ਵਿਚ ਕੋਈ ਡਿਵੈਲਪਮੈਂਟ ਨਹੀਂ ਹੈ। ਬਾਦਲ ਸਾਹਿਬ ਦੀ ਸਰਕਾਰ ਵੇਲੇ ਅਰਬਨ ਡਿਵੈਲਪਮੈਂਟ ਫੰਡ ਦੀ ਸਥਾਪਨਾ ਕੀਤੀ ਗਈ ਸੀ। ਅੱਜ ਉਹ ਫੰਡ ਵੀ ਖ਼ਤਮ ਕਰ ਦਿੱਤਾ ਗਿਆ ਹੈ। ਸ਼ਹਿਰਾਂ ਨੂੰ ਪੈਸਾ ਕਿਥੋਂ ਜਾਵੇਗਾ ਅਤੇ ਕਦੋਂ ਜਾਵੇਗਾ। ਉਨ੍ਹਾਂ ਦੀ ਇਨਕਮ ਦਾ ਸੋਰਸ ਕੀ ਹੋਵੇਗਾ, ਇਸ ਬਾਰੇ ਕੋਈ ਬਜਟ ਵਿਚ ਗੱਲ ਨਹੀਂ ਕੀਤੀ ਗਈ। ਡਿਪਟੀ ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਗੱਲਾਂ ਕੀਤੀਆਂ ਗਈਆਂ ਹਨ। ਪੂਰੇ 10 ਕਰੋੜ ਰੁਪਏ ਅਸ਼ੀਰਵਾਦ ਸਕੀਮ ਤਹਿਤ ਮਖਸੂਸ ਕੀਤੇ ਗਏ ਸੀ। ਇਹ ਸਿਰਫ ਐਲੋਕੇਸ਼ਨਾਂ ਹੀ ਕਰਦੇ ਹਨ। ਸਾਡੇ ਵੇਲੇ ਸ਼ਗਨ ਸਕੀਮ ਦੇ ਤਹਿਤ 95 ਕਰੋੜ 71 ਲੱਖ 85 ਹਜ਼ਾਰ ਰੁਪਏ ਪੰਜ ਸਾਲਾਂ ਦੇ ਵਿਚ ਦਿੱਤੇ ਗਏ। ਇਨ੍ਹਾਂ ਦੀ ਕਾਰਗੁਜ਼ਾਰੀ ਦੇਖ ਲਵੋ। ਪਹਿਲੇ ਸਾਲ ਵਿਚ ਨਿੱਲ ਰਹੀ ਹੈ। ਦੂਸਰੇ ਸਾਲ ਵਿਚ ਇੱਕ ਕਰੋੜ 99 ਲੱਖ ਦਿੱਤਾ। ਸਾਲ 2004-05 ਦੇ ਵਿਚ ਇੱਕ ਕਰੋੜ 90 ਲੱਖ ਜਦ ਕਿ 10 ਕਰੋੜ ਰੁਪਿਆ ਪਿਛਲੇ ਸਾਲ ਐਲੋਕੇਟ ਕੀਤਾ ਹੈ। ਇਸ ਤਰ੍ਹਾਂ ਕੁੱਲ ਇੱਕ ਕਰੋੜ 99 ਲੱਖ ਹੀ ਦਿੱਤਾ। ਇਹ ਕਹਿੰਦੇ ਹਨ ਕਿ ਸਾਡੇ ਕਾਰਨ ਇਨ੍ਹਾਂ ਦਾ ਪੈਨਸ਼ਨਾਂ ਦੇਣ ਦਾ ਪ੍ਰਸੈਸ ਲੇਟ ਹੋਇਆ। ਇਹ ਕਹਿੰਦੇ ਹਨ ਕਿ ਪਹਿਲਾਂ ਇਨ੍ਹਾਂ ਨੇ ਕੰਪਲੀਕੇਸ਼ਨਜ਼ ਖ਼ਤਮ ਕੀਤੀਆਂ। ਡਿਪਟੀ ਸਪੀਕਰ ਸਾਹਿਬ, ਬਜਟ ਦੱਸਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਹਾਲਤ ਠੀਕ ਕਰਨ ਲਈ ਇਨ੍ਹਾਂ ਦੇ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਤਿੰਨ ਗਲਤ ਫੈਸਲੇ ਇਸ ਬਜਟ ਦੇ ਰਾਹੀਂ ਲੋਕਾਂ ਤੇ ਥੋਪੇ ਜਾ ਰਹੇ ਹਨ।

**ਡਾਕਟਰ ਉਪਿੰਦਰਜੀਤ ਕੌਰ (ਸੁਲਤਾਨਪੁਰ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਬੜੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਇਸ ਸਦਨ ਵਿਚ ਉੱਠੇ ਮੁੱਦੇ ਵੱਲ ਧਿਆਨ ਦਿਵਾਉਣਾ ਚਾਹੁੰਦੀ ਹਾਂ ਕਿ ਮੌਜੂਦਾ ਸਰਕਾਰ ਪੰਜਾਬੀ ਬੋਲੀ, ਪੰਜਾਬੀ ਭਾਈਚਾਰਾ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਦਾ ਬੜਾ ਵੱਡਾ ਅਡੰਬਰ ਅਤੇ ਦਮ ਭਰਦੀ ਹੈ। ਇਥੇ ਪੰਜਾਬ ਦੇ ਖਜ਼ਾਨਾ ਮੰਤਰੀ ਨੇ ਆਪਣਾ ਭਾਸ਼ਣ ਇੰਗਲਿਸ਼ ਵਿਚ ਪੜ੍ਹਿਆ। ਸਾਡੇ ਖਜ਼ਾਨਾ ਮੰਤਰੀ ਪੰਜਾਬ ਦੇ ਜੰਮਪਲ ਹਨ ਪਰ ਉਨ੍ਹਾਂ ਨੇ ਆਪਣੀ ਮਾਂ ਬੋਲੀ ਨੂੰ ਛੱਡ ਕੇ ਅੰਗਰੇਜ਼ੀ ਵਿਚ ਭਾਸ਼ਣ ਦਿੱਤਾ। ਜਿਸ ਨੂੰ ਅਸੀਂ ਬੜਾ ਮੰਦ ਭਾਗਾ ਸਮਝਦੇ ਹਾਂ। ਇਸ ਤਰ੍ਹਾਂ ਕਰਨ ਨਾਲ ਪੰਜਾਬ ਦੀ ਜਨਤਾ ਨੂੰ ਕਾਫੀ ਠੇਸ ਪਹੁੰਚੀ ਹੈ। ਇਹ ਬਜਟ ਬੜਾ ਕੰਪਲੈਕਸ ਡਾਕੂਮੈਂਟ ਹੈ। ਸਰਕਾਰ ਦੇ ਹੱਥ ਵਿਚ ਸਾਧਨ ਹਨ, ਉਸ ਨਾਲ ਸਟੇਟ ਦੀ ਇਕਾਨਮੀ ਨੂੰ ਰੀਸ਼ੇਪ ਦਿੱਤੀ ਜਾਂਦੀ ਹੈ ਅਤੇ ਸਮੇਂ ਦੀਆਂ ਚੁਣੌਤੀਆਂ ਨੂੰ ਸਾਹਮਣੇ ਰੱਖ ਕੇ ਹੀ ਬਜਟ ਬਣਾਇਆ ਜਾਂਦਾ ਹੈ। ਪੰਜਾਬ ਵਿਚ ਭਖਦੀਆਂ ਸਮੱਸਿਆਵਾਂ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਦੇ ਹੱਲ ਲਈ ਉਪਰਾਲੇ ਕੀਤੇ ਜਾਂਦੇ ਹਨ। ਇਹ ਸੂਬਾ ਐਗਰੀਕਲਚਰ ਪ੍ਰਧਾਨ ਸੂਬਾ ਹੈ। ਇਸ ਵਿਚ ਮਿਨਰਲ ਰੀਸੋਰਸਿਜ਼ ਕੋਈ ਨਹੀਂ ਹਨ। ਸਾਡੀ ਸਮੱਸਿਆ ਇਹ ਹੈ ਕਿ ਸਟੇਟ ਸਲੋਅ ਰੇਟ ਆਫ਼ ਗਰੋਥ ਨਾਲ ਵੱਧ ਰਹੀ ਹੈ। ਸਟੇਟ ਵਿਚ ਬੇਰੁਜ਼ਗਾਰੀ ਵੱਧ ਰਹੀ ਹੈ ਅਤੇ ਪਾਪੂਲੇਸ਼ਨ ਵੱਧ ਰਹੀ ਹੈ। ਸਾਡੇ ਸੂਬੇ ਵਿਚ ਕੋਈ ਹੈਵੀ ਇੰਡਸਟਰੀ ਨਹੀਂ ਰਹੀ। ਸਾਡੇ ਕੋਲ ਹੁਣ ਸਮਾਲ ਸਕੇਲ ਇੰਡਸਟਰੀ ਅਤੇ ਕਾਟੇਜ ਇੰਡਸਟਰੀ ਹੀ ਰਹਿ ਗਈ ਹੈ।

ਇਸ ਬਜਟ ਨੂੰ ਗਰੋਥ ਓਰੀਐਂਟਲ ਬਣਾਇਆ ਜਾਣਾ ਚਾਹੀਦਾ ਹੈ। ਇਨਵੈਸਟਮੈਂਟ ਵਿਚ ਤਰਜੀਹ ਦੇਣੀ ਚਾਹੀਦੀ ਹੈ। ਸਾਡਾ ਕੈਪੀਟਲ ਐਕਸਪੈਂਡੀਚਰ ਘੱਟ ਰਿਹਾ ਹੈ ਅਤੇ ਸਾਨੂੰ ਕੋਈ ਉਜਵੱਲ ਭਵਿੱਖ ਨਜ਼ਰ ਨਹੀਂ ਆ ਰਿਹਾ। ਇਸ ਬਜਟ ਤੋਂ ਸਾਨੂੰ ਕਾਫੀ ਉਮੀਦਾਂ ਸਨ। ਵਿੱਤ ਮੰਤਰੀ ਜੀ ਬੜੇ ਵੱਡੇ ਅਰਥ ਸ਼ਾਸ਼ਤਰੀ ਹਨ ਅਤੇ ਪਾਰਲੀਮੈਂਟੇਰੀਅਨ ਹਨ ਪਰ ਜੋ ਬਜਟ ਦੇ ਵਿਚ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ, ਉਨ੍ਹਾਂ ਤੋਂ ਸਾਨੂੰ ਕਾਫੀ ਨਿਰਾਸ਼ਾ ਹੋਈ ਹੈ। ਇਨ੍ਹਾਂ ਨੂੰ ਸਟੇਟ ਦੀ ਇਕਾਨਮੀ ਨੂੰ ਰੀਵਾਈਜ਼ ਕਰਨਾ ਚਾਹੀਦਾ ਸੀ ਪਰ ਸਾਨੂੰ ਇਸ ਬਜਟ ਦੇ ਵਿਚ ਕੋਈ ਨਵੀਂ ਚੀਜ਼ ਨਜ਼ਰ ਨਹੀਂ ਆਈ ਹੈ। ਇਹ ਬਜਟ ਬੜਾ ਹੀ ਨਿਰਾਸ਼ਾਜਨਕ ਹੈ। ਇਸ ਬਜਟ ਦੀਆਂ ਤਜਵੀਜ਼ਾਂ ਉਤੇ ਕਾਫੀ ਸੋਚ ਵਿਚਾਰ ਕਰਨ ਦੀ ਲੋੜ ਹੈ। ਇਸ ਬਜਟ ਦੇ ਨਾਲ ਪੰਜਾਬ ਦਾ ਮੁਲਾਜ਼ਮ, ਪੰਜਾਬ ਦਾ ਗਰੀਬ ਕਿਸਾਨ ਅਤੇ ਮਜ਼ਦੂਰ, ਇੰਡਸਟਰੀਲਿਸਟ ਨਿਰਾਸ਼ ਹੋਇਆ ਹੈ। ਸਾਨੂੰ ਸਾਰਿਆਂ ਨੂੰ ਇਸ ਬਜਟ ਤੋਂ ਕਾਫੀ ਉਮੀਦਾਂ ਸਨ ਪਰੰਤੂ ਇਹ ਬਜਟ ਕੇਵਲ ਸਰਮਾਏਦਾਰਾਂ ਦੇ ਹਿੱਤਾਂ ਦੀ ਰਾਖੀ ਕਰਦਾ ਹੈ, ਏਸੇ ਪ੍ਰਤੀ ਹੀ ਇਹ ਡੀਅਰਡ ਹੈ। ਜਦੋਂ ਬਜਟ ਪੇਸ਼ ਕੀਤਾ ਗਿਆ ਤਾਂ ਕਈ ਸਮਾਚਾਰ ਪੱਤਰਾਂ ਨੇ ਇਸ ਨੂੰ ਇਵੈਲਿਊਏਟ ਕੀਤਾ ਪਰ, ਡਿਪਟੀ ਸਪੀਕਰ ਸਾਹਿਬ, ਇਕ ਵੀ ਸਮਾਚਾਰ ਪੱਤਰ ਨੇ ਇਸ ਨੂੰ ਸਮਰਥਨ ਨਹੀਂ ਦਿੱਤਾ, ਸਲਾਹਿਆ ਨਹੀਂ ਔਰ ਸਭ ਤੋਂ ਵੱਡੀ ਗੱਲ, ਇਸ ਬਜਟ ਨੇ ਮੌਜੂਦਾ ਪੰਜਾਬ ਸਰਕਾਰ ਦਾ ਚੇਹਰਾ ਬੇਨਕਾਬ ਕਰ ਦਿੱਤਾ ਹੈ। ਇਸ ਦਾ ਸੋਲ ਥਰੱਸਟ ਪ੍ਰਾਈਵੇਟਾਈਜ਼ੇਸ਼ਨ ਤੇ ਹੈ। ਅਸੀਂ ਕਹਿ ਸਕਦੇ ਹਾਂ ਕਿ ਇਹ ਬਜਟ ਪ੍ਰਾਈਵੇਟ ਅਨ-ਲਿਮਿਟਿਡ ਹੈ। ਇਕਾਨਮੀ ਨੇ ਤਰੱਕੀ ਕਰਨੀ ਹੁੰਦੀ ਹੈ, ਪਬਲਿਕ ਤੇ ਪ੍ਰਾਈਵੇਟ ਸੈਕਟਰ ਦੋਹਾਂ ਨੇ ਆਪਣਾ ਅਹਿਮ ਯੋਗਦਾਨ ਪਾਉਣਾ ਹੁੰਦਾ ਹੈ। ਅੱਗੇ ਸਮਾਂ ਸੀ ਜਦੋਂ ਫਰੀ ਮਾਰਕੀਟ ਇਕਾਨਮੀ ਜਾਂ ਬੈਲੈਂਸਡ ਬਜਟ ਨੂੰ ਚੰਗਾ ਸਮਝਿਆ ਜਾਂਦਾ ਸੀ ਔਰ ਚੰਗੀ ਸਰਕਾਰ ਉਹ ਗਿਣੀ ਜਾਂਦੀ ਸੀ ਜਿਹੜੀ ਕਿ ਆਰਥਿਕ ਕਿਰਿਆ ਵਿਚ ਘੱਟ ਤੋਂ ਘੱਟ ਦਖਲ ਦੇਵੇ। ਸਮਾਂ ਬਦਲਿਆ ਤੇ ਸਮੇਂ ਦੀ ਤੋਰ ਨੇ ਸੰਸਾਰ ਨੂੰ ਦਰਸਾਇਆ ਕਿ ਆਰਥਿਕ ਕ੍ਰਿਆ ਵਿਚ ਦਖਲ ਦੇਣਾ ਲੋੜ ਅਨੁਸਾਰ ਜ਼ਰੂਰੀ ਹੈ। 1930 ਦੇ ਡਿਪ੍ਰੈਸ਼ਨ ਨੇ ਇਸ ਗੱਲ ਨੂੰ ਸਾਬਤ ਕੀਤਾ ਕਿ ਜੇ ਮਾਰਕੀਟ ਫੋਰਸਿਜ਼ ਨੂੰ ਰੈਗੂਲੇਟ ਨਹੀਂ ਕੀਤਾ ਜਾਂਦਾ ਤਾਂ ਡਿਸਟੌਰਸ਼ਨ ਪੈਦਾ ਹੁੰਦੀ ਹੈ ਔਰ ਵੱਡੇ ਮੰਦਵਾੜੇ ਦਾ ਸਮਾਂ ਦੇਖਣਾ ਪੈਂਦਾ ਹੈ। 1936 ਵਿਚ ਲਾਰਡ ਕੇਂਜ਼ ਨੇ ਜਨਰਲ ਥਿਊਰੀ ਆਫ ਇੰਪਲਾਇਮੈਂਟ ਦਿੱਤੀ ਜਿਸ ਵਿਚ ਉਨ੍ਹਾਂ ਨੇ ਦੱਸਿਆ ਕਿ ਸਰਕਾਰ ਨੂੰ ਆਰਥਿਕ ਕ੍ਰਿਆ ਵਿਚ ਦਖਲ ਦੇ ਕੇ ਲੋੜ ਅਨੁਸਾਰ ਸਰਪਲੱਸ ਬਜਟ ਜਾਂ ਡੈਫੀਸਿਟ ਬਜਟ ਬਨਾਉਣਾ ਚਾਹੀਦਾ ਹੈ। ਇਹ ਕੋਈ ਆਪਣੇ ਆਪ ਵਿਚ ਵਰਚਿਊ ਨਹੀਂ ਕਿ ਬੈਲੈਂਸਡ ਬਜਟ ਹੀ ਬਣਾਇਆ ਜਾਵੇ। ਵਿੱਤ ਮੰਤਰੀ ਜੀ ਇਸ ਗੱਲ ਤੋਂ ਭਲੀ ਭਾਂਤ ਪਰੀਚਿਤ ਹਨ। ਸਮਾਂ ਤੁਰਦਾ ਗਿਆ ਤੇ ਸੋਸ਼ਲਿਟ ਕੰਟਰੀਜ਼ ਵਿਚ ਸੋਸ਼ਲਿਜ਼ਮ ਵਾਲਾ ਐਕਸਪੈਰੀਮੈਂਟ ਫੇਲ੍ਹ ਹੋ ਗਿਆ ਕਿਉਂਕਿ ਉਹ ਮੁਲਕ ਜਸਟ ਸੋਸ਼ਲ ਆਰਡਰ ਪ੍ਰੋਵਾਈਡ ਨਾ ਕਰ ਸਕੇ। ਸਿੱਟੇ ਦੇ ਰੂਪ ਵਿਚ ਸਾਰਾ ਰੁਝਾਨ ਪ੍ਰਾਈਵੇਟਾਈਜੇਸ਼ਨ ਵੱਲ ਹੋ ਗਿਆ। ਅਸੀਂ ਰੋਲ ਮਾਡਲ ਦੇ ਤੌਰ ਤੇ ਸੋਸ਼ਲਿਸਟ ਕੰਟਰੀਜ਼ ਵੱਲ ਟਿਕਟਿਕੀ ਲਗਾਈ ਸੀ ਕਿਉਂਕਿ ਸਾਡੇ ਟੀਮਿੰਗ ਮਿਲੀਅਨਜ, ਜਿਨ੍ਹਾਂ ਵਿਚੋਂ ਬਹੁਤਾਤ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਉਨ੍ਹਾਂ ਲਈ ਕੀ ਕੀਤਾ ਜਾਵੇ, ਸ਼ਾਇਦ ਕੋਈ ਹੱਲ ਉਪਲਬਧ ਹੋ ਸਕੇ ਪਰ ਇਸ ਸਿਸਟਮ ਦੇ ਕੋਲੈਪਸ ਹੋਣ ਨਾਲ ਏਥੇ ਵੀ ਮੁੜ ਸਾਰਾ ਕੁਝ ਸਟਰੈਟਿਜੀ ਵਾਈਜ਼ ਵਿਚਾਰਿਆ ਗਿਆ। 1991 ਤੋਂ ਮੁਲਕ ਵਿਚ ਇਕਨਾਮਿਕ ਰਿਫਾਰਮਜ਼ ਨੂੰ ਲਾਗੂ ਕੀਤਾ ਗਿਆ ਤੇ ਪ੍ਰਾਈਵੇਟਾਈਜ਼ੇਸ਼ਨ ਵੱਲ ਰੁਝਾਨ ਵੱਧ

[ਡਾਕਟਰ ਉਪਿੰਦਰਜੀਤ ਕੌਰ]

ਗਿਆ। ਇਹ ਕ੍ਰਿਆ ਨਿਰੰਤਰ ਜਾਰੀ ਹੈ ਔਰ ਇਸ ਨੇ ਹੁਣ ਏਨੀ ਸਪੀਡ ਫੜ੍ਹ ਲਈ ਹੈ ਕਿ ਜਿਸ ਤਰ੍ਹਾਂ ਇਹ ਬਜਟ ਪੇਸ਼ ਕੀਤਾ ਗਿਆ ਹੈ, ਇਸ ਵਿਚ ਤਾਂ ਪ੍ਰਾਈਵੇਟਾਈਜ਼ੇਸ਼ਨ ਜਾਂ ਨਿੱਜੀਕਰਨ ਦਾ ਹੀ ਬੋਲਬਾਲਾ ਹੈ। ਸਰਕਾਰ ਤਾਂ ਆਪਣੀ ਜ਼ਿੰਮੇਂਵਾਰੀ ਤੋਂ ਮੁਕਤ ਹੋ ਗਈ ਹੈ। ਸਰਕਾਰ ਨੇ ਡੂਅਰ ਵਾਲਾ ਰੋਲ ਛੱਡ ਦਿੱਤਾ ਹੈ ਤੇ ਫੈਸਿਲਿਟੇਟਰ ਵਾਲਾ ਰੋਲ ਅਪਣਾਉਣਾ ਬੇਹਤਰ ਸਮਝਿਆ ਹੈ। ਇਹ ਦੁੱਖ ਵਾਲੀ ਗੱਲ ਹੈ। ਸਾਡੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ, ਉਘੇ ਇਕਾਨਮਿਸਟ ਅਮਰਤਿਆ ਸੇਨ ਹੋਏ ਹਨ। ਉਨ੍ਹਾਂ ਨੇ ਦੱਸਿਆ ਹੈ ਕਿ ਜਦੋਂ ਸਰਕਾਰ ਇਹ ਸੋਚੇ ਕਿ ਅਸੀਂ ਸੋਸ਼ਲ ਇੰਟਰਵੈਨਸ਼ਨ ਕਰਨੀ ਨਹੀਂ, ਤਾਂ ਉਹ ਆਪਣੀ ਜ਼ਿੰਮੇਂਵਾਰੀ ਤੋਂ ਮੂੰਹ ਮੋੜ ਰਹੀ ਹੁੰਦੀ ਹੈ। ਉਨ੍ਹਾਂ ਨੇ ਕਿਹਾ ਹੈ there is no evidence to prove that social intervention is counter productive. ਅਮਰਤਿਆ ਸੇਨ ਦਾ ਸੁਝਾਓ ਹੈ There should be optimum mix of public and private sectors. ਸਮਾਂ ਕਿਉਂਕਿ ਥੋੜ੍ਹਾ ਹੈ, ਇਸ ਲਈ ਮੈਂ ਬੇਨਤੀ ਕਰਾਂਗੀ ਕਿ ਮੈਨੂੰ ਆਪਣੀ ਗੱਲ ਕਹਿਣ ਲਈ ਪੂਰਾ ਅਵਸਰ ਦਿੱਤਾ ਜਾਵੇ ਕਿ ਇਸ ਬਜਟ ਵਿਚ ਨਿੱਜੀਕਰਣ ਤੇ ਐਨਾ ਜ਼ੋਰ ਕਿਉਂ ਦਿੱਤਾ ਗਿਆ ਹੈ। ਕਿਸੇ ਵੀ ਮੁਲਕ ਦੀ ਤਰੱਕੀ ਲਈ ਦੋ ਬੁਨਿਆਦੀ ਸੈਕਟਰ ਹੁੰਦੇ ਹਨ - ਇਕ ਸਿਹਤ ਅਤੇ ਦੂਜਾ ਸਿੱਖਿਆ। ਇਸ ਸਰਕਾਰ ਨੇ ਇਨ੍ਹਾਂ ਸੈਕਟਰਾਂ ਨੂੰ ਵੀ ਪ੍ਰਾਈਵੇਟ ਹੱਥਾਂ ਵਿਚ ਦੇਣ ਦਾ ਫੈਸਲਾ ਕਰ ਲਿਆ ਹੈ। ਲਾਜਿਕ ਇਹ ਦਿੱਤਾ ਗਿਆ ਹੈ ਸਾਡੇ ਪਾਸ ਸਾਧਨਾਂ ਦੀ ਕਮੀ ਹੈ, ਇਸ ਕਰਕੇ ਪ੍ਰਾਈਵੇਟ ਸੈਕਟਰ ਨੂੰ ਨਾਲ ਜੋੜਿਆ ਜਾ ਰਿਹਾ ਹੈ। ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ so long as Private sector plays only a supplementary role ਪਰ ਜੇ ਐਕਸਕਲੂਸਿਵ ਡੋਮੇਨ ਹੀ ਉਨ੍ਹਾਂ ਨੂੰ ਸੌਂਪ ਦਿੱਤਾ ਗਿਆ ਤਾਂ ਫਿਰ ਇਹ ਪੰਜਾਬ ਦੇ ਹਿੱਤ ਵਿਚ ਨਹੀਂ ਹੋਵੇਗਾ ਕਿਉਂਕਿ ਸਰਕਾਰ ਤਾਂ ਲੋਕਾਂ ਦੀ ਮਾਈ ਬਾਪ ਹੁੰਦੀ ਹੈ। ਸਰਕਾਰ ਨੇ ਉਸ ਵਰਗ ਦਾ ਵੀ ਧਿਆਨ ਕਰਨਾ ਹੁੰਦਾ ਹੈ ਜਿਹੜਾ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਿਹਾ ਹੈ ਅਤੇ ਜਿਸ ਨੂੰ ਬੁਨਿਆਦੀ ਸੁਵਿਧਾਵਾਂ ਉਪਲਬਧ ਨਹੀਂ ਹਨ। ਸੋ, ਸਰਕਾਰ ਨੇ ਬਜਟਰੀ ਮਾਧਿਅਮ ਰਾਹੀਂ ਉਨ੍ਹਾਂ ਲੋਕਾਂ ਤੋਂ ਪੈਸਾ ਲੈਣਾ ਹੁੰਦਾ ਹੈ ਜੋ ਸਮਰੱਥ ਹਨ ਅਤੇ ਉਨ੍ਹਾਂ ਲੋਕਾਂ ਦੇ ਹੱਕ ਵਿਚ ਖਰਚਣਾ ਹੁੰਦਾ ਹੈ ਜੋ ਸਮਰੱਥ ਨਹੀਂ ਹਨ। ਇਸ ਤਰ੍ਹਾਂ ਕਰਕੇ ਰੀਡਿਸਟਰੀਬਿਊਸ਼ਨ ਆਫ ਇਨਕਮ ਰਾਹੀਂ ਰਾਜ ਵਿਚ ਇਮਬੈਲੈਂਸ ਨੂੰ ਦੂਰ ਕੀਤਾ ਜਾਂਦਾ ਹੈ ਅਤੇ ਸਾਰੀ ਜਨਤਾ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਸਾਡੇ ਰਾਜ ਲਈ ਵੀ ਇਹ ਬਹੁਤ ਜ਼ਰੂਰੀ ਸ਼ਰਤ ਹੈ ਕਿਉਂਕਿ ਇੰਡੀਆ ਇਕ ਵੈਲਫੇਅਰ ਸਟੇਟ ਹੈ ਅਤੇ ਪੰਜਾਬ ਇਸ ਇੰਡੀਆ ਦਾ ਇਕ ਅਨਿੱਖੜਵਾਂ ਅੰਗ ਹੈ............

**ਮਾਨਯੋਗ ਡਿਪਟੀ ਸਪੀਕਰ :** ਤੁਹਾਡਾ ਟਾਈਮ ਖਤਮ ਹੋ ਗਿਆ ਹੈ, ਇਸ ਲਈ ਤੁਸੀਂ ਜਲਦੀ ਕਨਕਲੂਡ ਕਰੋ। ਤੁਹਾਡੇ 12 ਮਿੰਟ ਸਨ ਅਤੇ ਉਹ ਖ਼ਤਮ ਹੋ ਗਏ ਹਨ।

**ਡਾਕਟਰ ਉਪਿੰਦਰਜੀਤ ਕੌਰ :** ਡਿਪਟੀ ਸਪੀਕਰ ਸਾਹਿਬ, ਅਸੀਂ ਐਨਾ ਟਾਈਮ ਲਗਾ ਕੇ ਪੜ੍ਹ ਕੇ ਆਏ ਹਾਂ, ਹੁਣ ਸਾਨੂੰ ਆਪਣੀ ਗੱਲ ਤਾਂ ਕਰ ਲੈਣ ਦਿਓ। ਮੈਂ ਹਾਊਸ ਦਾ ਧਿਆਨ ਇਸ ਗੱਲ ਵੱਲ ਵੀ ਲਿਆਉਣਾ ਹੈ ਕਿ ਇਸ ਬਜਟ ਡਾਕੂਮੈਂਟ ਵਿਚ ਵੀ ਅਤੇ ਇਸ ਤੋਂ ਪਹਿਲੇ ਬਜਟ ਡਾਕੂਮੈਂਟ ਵਿਚ ਵੀ ਇਸ ਤੋਂ ਪੂਰਵ ਸਰਕਾਰ ਨੂੰ ਰੱਜ ਕੇ ਕੋਸਿਆ ਗਿਆ ਹੈ ਕਿ ਉਸ ਨੇ ਪੰਜਾਬ ਨੂੰ ਕਰਜ਼ਾਈ ਬਣਾ ਦਿੱਤਾ ਹੈ ਅਤੇ ਪੰਜਾਬ ਨੂੰ ਇੰਨੇ ਵੱਡੇ ਡੈੱਟ

ਟਰੈਪ ਵਿਚ ਫਸਾ ਦਿੱਤਾ ਹੈ ਕਿ ਪੰਜਾਬ ਦੀਆਂ ਕਈ ਪੁਸ਼ਤਾਂ ਉਹ ਕਰਜ਼ਾ ਲਾਹੁੰਦੀਆਂ ਰਹਿਣਗੀਆਂ ਪਰ ਜਿਹੜੇ ਡਾਕੂਮੈਂਟ ਇਨ੍ਹਾਂ ਨੇ ਬਜਟ ਸਪੀਚ ਦੇ ਨਾਲ ਪੇਸ਼ ਕੀਤੇ ਹਨ, ਉਨ੍ਹਾਂ ਤੋਂ ਇਹ ਗੱਲ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਮੌਜੂਦਾ ਸਰਕਾਰ ਨੇ ਕਰਜ਼ੇ ਵਿਚ ਕੋਈ ਕਮੀ ਨਹੀਂ ਲਿਆਂਦੀ ਬਲਕਿ ਇਸ ਸਰਕਾਰ ਦੇ ਸਮੇਂ ਕਰਜ਼ੇ ਵਿਚ ਵਾਧਾ ਹੀ ਹੋਇਆ ਹੈ। ਦੂਜੀ ਗੱਲ ਇਹ ਹੈ ਕਿ ਕਰਜ਼ਾ ਆਪਣੇ ਆਪ ਵਿਚ ਕੋਈ ਮਾੜਾ ਨਹੀਂ ਹੈ ਅਤੇ ਵਿੱਤ ਮੰਤਰੀ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿਉਂਕਿ ਇਹ ਇਕਨਾਮਿਕਸ ਦੇ ਸਟੂਡੈਂਟ ਹਨ। ਸਹੀ ਗੱਲ ਇਹ ਹੈ ਕਿ ਜੇ ਕਰਜ਼ਾ ਲਿਆ ਜਾਵੇ ਤਾਂ ਮੁਲਕ ਵਿਚ ਪ੍ਰੋਡਕਟਿਵ ਅਪਰੇਟਸ ਹੋਣਾ ਚਾਹੀਦਾ ਹੈ। ਲੇਕਿਨ ਸਿਰਫ ਇਸੇ ਗੱਲ ਵਾਸਤੇ ਕੋਸੀ ਜਾਣਾ ਕਿ ਕਰਜ਼ਾ ਵਧ ਗਿਆ ਹੈ, ਮੈਨੂੰ ਲੱਗਦਾ ਹੈ ਕਿ ਜਾਇਜ਼ ਨਹੀਂ ਹੈ। ਫਿਰ ਇਨ੍ਹਾਂ ਦੇ ਆਪਣੇ ਡਾਕੂਮੈਂਟ ਦੱਸਦੇ ਹਨ ਕਿ ਕਰਜ਼ਾ ਘਟਿਆ ਨਹੀਂ ਬਲਕਿ ਵਧਿਆ ਹੈ। ਇਨ੍ਹਾਂ ਦੇ ਆਪਣੇ ਬਜਟ ਡਾਕੂਮੈਂਟ ਵਿਚ ਇਹ ਦੱਸਿਆ ਗਿਆ ਹੈ ਕਿ ਸਾਲ 2001-02 ਵਿਚ ਸਰਕਾਰੀ ਕਰਜ਼ਾ 32,496 ਕਰੋੜ ਰੁਪਏ ਸੀ ਜੋ ਸਾਲ 2002-03 ਵਿਚ ਵਧ ਕੇ 36,854 ਕਰੋੜ ਰੁਪਏ ਹੋ ਗਿਆ। ਇਹ ਕਰਜ਼ਾ ਫਿਰ ਅੱਗੇ ਸਾਲ 2003-04 ਵਿਚ ਵੱਧ ਕੇ 41,412 ਕਰੋੜ ਰੁਪਏ ਹੋ ਗਿਆ। ਸੋ, ਮੇਰਾ ਕਹਿਣ ਤੋਂ ਭਾਵ ਇਸ ਸਰਕਾਰ ਦੇ ਸਮੇਂ ਦੇ ਦੌਰਾਨ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਵਿੱਚ ਕਮੀ ਨਹੀਂ ਆਈ ਬਲਕਿ ਇਹ ਕਰਜ਼ਾ ਵਧਿਆ ਹੈ ਔਰ ਇਹ ਕੁੱਲ ਰਾਜ ਆਮਦਨ ਦਾ 53% ਹੈ। ਦੂਸਰਾ, ਫਿਸਕਲ ਡੇਫੇਸਿਟ ਵੀ ਘਟਿਆ ਨਹੀਂ ਬਲਕਿ ਵਧਿਆ ਹੈ। ਮੈਂ ਰੈਫਰ ਕਰਦੀ ਹਾਂ ਮੀਡੀਅਮ ਟਰਮ ਫਿਸਕਲ ਪਾਲਿਸੀ ਸਟੇਟਮੈਂਟ ਪੰਨਾ 1, ਉਸ ਅਨੁਸਾਰ 2002-03 ਵਿੱਚ ਫਿਸਕਲ ਡੈਫੇਸਿਟ ਵਿੱਚ ਵੀ ਗਰਾਸ ਸਟੇਟ ਡੋਮੈਸਟਿਕ ਪ੍ਰੋਡਕਟ 6.14% ਸੀ। ਇਹ 2003-04 ਵਿੱਚ ਵੱਧ ਕੇ 6.25% ਹੋ ਗਈ। ਸੋ ਇਸ ਪੱਖੋਂ ਵੀ ਕੋਈ ਪ੍ਰਾਪਤੀ ਨਹੀਂ ਹੋਈ ਤੇ ਜੇ ਅਸੀਂ ਕਹੀਏ ਕਿ ਵਿਕਾਸ ਤੇਜ਼ ਹੋਇਆ ਤਾਂ ਵਿਕਾਸ ਦੀ ਗਤੀ ਵੀ ਇਸ ਸਮੇਂ ਦੌਰਾਨ ਧੀਮੀ ਹੋਈ ਔਰ ਕੈਪੀਟਲ ਐਕਸਪੈਂਡੀਚਰ ਘਟਿਆ। ਪੰਜਾਬ ਸਟੈਟਿਸਟੀਕਲ ਐਬਸਟ੍ਰੈਕਟ ਦੇ ਪੰਨਾ 660 ਵਿੱਚ ਅੰਕੜਿਆਂ ਅਨੁਸਾਰ 2003-04 ਵਿੱਚ ਕੈਪੀਟਲ ਐਕਸਪੈਂਡੀਚਰ 2,420 ਕਰੋੜ ਰੁਪਏ ਸੀ ਜੋ ਕਿ 2004-05 ਵਿੱਚ 2,774 ਕਰੋੜ ਰੁਪਏ ਸੀ ਅਤੇ 2005-06 ਵਿੱਚ ਇਹ 2003-04 ਦੇ ਮੁਕਾਬਲੇ ਘਟ ਕੇ 2,300 ਕਰੋੜ ਰੁਪਏ ਰਹਿ ਗਿਆ ਹੈ। ਸੋ, ਪੰਜਾਬ ਦਾ ਉਜਲ ਭਵਿੱਖ ਕਿੱਥੇ ਹੈ। ਇਹ ਆਪਣੇ ਆਪ ਵਿੱਚ ਇਕ ਬਹੁਤ ਵੱਡਾ ਕੁਐਸਚਨ ਮਾਰਕ ਹੈ ਅਤੇ ਜੋ ਅਸੀਂ ਆਪਣੇ ਰਾਜ ਦੀ ਆਮਦਨ ਦਾ ਮੁਕਾਬਲਾ ਕਰੀਏ ਮੁਲਕ ਦੀ ਆਮਦਨ ਦੇ ਨਾਲ ਤਾਂ ਅਸੀਂ ਸਾਰੇ ਹੀ ਖੇਤਰਾਂ ਵਿੱਚ ਪਛੜੇ ਹੋਏ ਹਾਂ। ਪੰਜਾਬ ਸਟੈਟਿਸਟੀਕਲ ਐਬਟ੍ਰੈਕਟ ਦਾ ਪੰਨਾ ਨੰ: 137 ਸਾਨੂੰ ਬਿਲਕੁਲ ਭਲੀਭਾਂਤ ਸਪਸ਼ਟ ਕਰ ਦਿੰਦਾ ਹੈ ਕਿ ਭਾਵੇਂ ਆਪਾਂ ਓਵਰਆਲ ਇਨਕਮ ਦਾ ਪ੍ਰਾਇਮਰੀ ਸੈਕਟਰ, ਸੈਕੰਡਰੀ ਸੈਕਟਰ, ਟਰਸ਼ਰੀ ਸੈਕਟਰ ਦੀ ਗ੍ਰੋਥ ਲੈ ਲਈਏ ਪੰਜਾਬ ਹਿੰਦੁਸਤਾਨ ਤੋਂ ਬਹੁਤ ਪਿੱਛੇ ਹੈ। ਪੰਜਾਬ ਦੀ ਐਵਰੇਜ਼ ਰੇਟ ਜੋ ਹੈ, ਗ੍ਰੋਥ ਰੇਟ, ਉਹ ਹਿੰਦੁਸਤਾਨ ਦੀ ਗ੍ਰੋਥ ਰੇਟ ਨਾਲੋਂ ਬਹੁਤ ਪਿੱਛੇ ਹੈ।

**ਮਾਨਯੋਗ ਡਿਪਟੀ ਸਪੀਕਰ** : ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ। I have already given you five minutes more. Please finish.

**ਡਾਕਟਰ ਉਪਿੰਦਰਜੀਤ ਕੌਰ** : ਡਿਪਟੀ ਸਪੀਕਰ ਸਾਹਿਬ, ਮੈਨੂੰ ਦਸ ਮਿੰਟ ਹੋਰ ਦੇ ਦਿਓ।

**ਮਾਨਯੋਗ ਡਿਪਟੀ ਸਪੀਕਰ** : ਨਹੀਂ ਜੀ, ਤੁਸੀਂ ਪੰਜ ਮਿੰਟ ਵਿੱਚ ਖ਼ਤਮ ਕਰੋ।

(ਵਿਰੋਧੀ ਬੈਂਚਾਂ ਵੱਲੋਂ ਅਵਾਜ਼ਾਂ : ਤੁਸੀ ਸਾਡਾ ਟਾਈਮ ਵੀ ਇਨ੍ਹਾਂ ਨੂੰ ਹੀ ਦੇ ਦਿਓ।)

**ਡਾਕਟਰ ਉਪਿੰਦਰਜੀਤ ਕੌਰ** : ਮੈਂ ਇੱਕ ਗੱਲ ਏਥੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਬਾਰ ਬਾਰ ਇਹ ਕਿਹਾ ਗਿਆ ਹੈ ਕਿ ਬਾਦਲ ਸਾਹਿਬ ਦੀ ਸਰਕਾਰ ਸਮੇਂ ਨੀਤੀਆਂ ਕੁਝ ਇਸ ਤਰੀਕੇ ਨਾਲ ਬਣਾਈਆਂ ਗਈਆਂ ਕਿ ਪਰ ਕੈਪੀਟਾ ਇਨਕਮ ਜਿਹੜੀ ਸੀ ਉਹਦੇ ਵਿੱਚ ਪੰਜਾਬ ਪਛੜ ਗਿਆ ਜਿਹੜਾ ਪਹਿਲਾਂ ਕਦੇ ਪਰ ਕੈਪੀਟਾ ਇਨਕਮ ਦੇ ਹਿਸਾਬ ਨਾਲ ਨੰਬਰ ਵੰਨ ਸੂਬਾ ਸੀ ਪਰ ਇਹ ਪਛੜ ਗਿਆ। ਡਿਪਟੀ ਸਪੀਕਰ ਸਾਹਿਬ, ਹਾਲਾਤ ਅਜਿਹੇ ਬਣੇ। ਆਪ ਸਭ ਦੇ ਸਾਹਮਣੇ ਹੈ ਪਰ ਮੈਂ ਬੜੇ ਮਾਣ ਦੇ ਨਾਲ ਇਹ ਗੱਲ ਹਾਊਸ ਵਿੱਚ ਪੇਸ਼ ਕਰਨਾ ਚਾਹੁੰਦੀ ਹਾਂ ਕਿ ਅਕਾਲੀ ਸਰਕਾਰ ਦੇ ਆਖਰੀ ਦੋ ਸਾਲਾਂ ਦੇ ਦਰਮਿਆਨ ਪੰਜਾਬ ਦੀ ਪਰ ਕੈਪੀਟਾ ਇਨਕਮ, ਅਸਲ ਆਮਦਨ ਵਧੀ ਔਰ 28 ਸੂਬਿਆਂ ਵਿੱਚ ਉਦੋਂ ਪੰਜਾਬ ਵਿੱਚ ਫਿਰ ਉਹੀ ਮੁਕਾਮ ਹਾਸਲ ਹੋਇਆ ਕਿ ਪੰਜਾਬ ਸਭ ਤੋਂ ਅੱਗੇ ਆ ਗਿਆ ਅਤੇ ਇਸ ਸਰਕਾਰ ਦੇ ਸਮੇਂ ਦੇਖ ਲਓ ਜੇ ਏਸੇ ਆਧਾਰ ਤੇ ਕੋਸਣਾ ਹੈ ਤਾਂ ਇਸ ਸਰਕਾਰ ਦੇ ਸਮੇਂ 2002-03 ਦੇ ਸਮੇਂ ਦੌਰਾਨ ਪੰਜਾਬ ਫਿਰ ਇਕ ਨੰਬਰ ਸੂਬਾ ਨਹੀਂ ਰਿਹਾ ਹੁਣ ਇਹ ਨੰਬਰ 2 ਤੇ ਆ ਗਿਆ ਹੈ ਅਤੇ ਮਹਾਂਰਾਸ਼ਟਰ ਪਹਿਲੇ ਨੰਬਰ ਤੇ ਆ ਗਿਆ ਹੈ। ਸਾਡੀ ਸਭ ਤੋਂ ਵੱਡੀ ਸਮੱਸਿਆ ਬੇਰੋਜ਼ਗਾਰੀ ਹੈ। ਇਹ ਗੱਲ ਬੜੇ ਦੁੱਖ ਦੇ ਨਾਲ ਕਹਿਣੀ ਪੈਂਦੀ ਹੈ ਕਿ ਇਸ ਬਜਟ ਡਾਕੂਮੈਂਟ ਦੇ ਵਿੱਚ ਮੈਨ ਪਾਵਰ ਪਲਾਨਿੰਗ ਤੇ ਮੈਨ ਪਾਵਰ ਫਾਰਕਾਸਟਿੰਗ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ। ਕੋਈ ਬਜਟ ਪਰੋਵੀਜ਼ਨ ਨਹੀਂ ਕੀਤੀ ਗਈ। ਕੋਈ ਵਿਚਾਰਧਾਰਾ ਅਨੁਸਾਰ ਇਸ ਚੀਜ਼ ਨੂੰ ਸ਼ਾਮਲ ਨਹੀਂ ਕੀਤਾ ਗਿਆ। ਸਿੱਟੇ ਵਜੋਂ 1991 ਵਿੱਚ ਇੰਬੈਲੇਂਸਿਜ਼ ਹਨ ਔਰ ਜਿੱਥੇ ਜਨਸੰਖਿਆ ਬੜੀ ਤੇਜ਼ੀ ਨਾਲ ਵੱਧ ਰਹੀ ਹੈ ਇਸ ਨੂੰ ਕੰਟਰੋਲ ਕਰਨ ਬਾਰੇ ਵੀ ਬਜਟ ਡਾਕੂਮੈਂਟ ਵਿੱਚ ਕੁਝ ਪਰੋਵੀਜ਼ਨ ਨਹੀਂ ਹੈ। ਸਾਈਲੈਂਸ, ਮੁਕੰਮਲ ਸਾਇਲੈਂਸ। ਜਿਸ ਤਰ੍ਹਾਂ ਦੀ ਪ੍ਰਵਿਰਤੀ ਸਾਰੇ ਰਾਜਾਂ ਵਿਚ ਪ੍ਰੀਵੇਲ ਕਰ ਰਹੀ ਹੈ। ਆਈ. ਜੀ. ਪਟੇਲ ਇਕ ਵਿਸ਼ਵ ਵਿਖਿਆਤ ਅਰਥ ਸ਼ਾਸਤਰੀ ਹਨ ਉਹ ਇਸ ਨੂੰ ਕਨਸੀਪਾਇਰੇਸੀ ਆਫ ਸਾਇਲੈਂਸ ਦਾ ਨਾਂ ਦਿੰਦਾ ਹੈ। ਜਨਸੰਖਿਆ ਦੇ ਉਤੇ ਕੰਟਰੋਲ ਕਰਨ ਲਈ ਕੋਈ ਨੀਤੀ ਨਹੀਂ ਹੈ। ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਕੋਈ ਸਪੈਸੀਫਿਕ ਨੀਤੀ ਨਹੀਂ ਹੈ। ਸਾਡੇ ਸੂਬੇ ਦਾ ਹਾਲ ਕੀ ਹੈ। ਨੌਂਵੀਂ ਪਲਾਨ ਦਾ ਡਾਕੂਮੈਂਟ ਤੁਸੀਂ ਵੇਖ ਲਵੋ ਤਾਂ ਤੁਹਾਨੂੰ ਭਲੀਭਾਂਤ ਪਤਾ ਲੱਗ ਜਾਵੇਗਾ ਕਿ 14 ਮੇਜਰ ਸਟੇਟਾਂ ਦਾ ਜਿਹੜਾ ਡਾਟਾ ਇਕੱਠਾ ਕੀਤਾ ਗਿਆ ਹੈ ਅਤੇ ਉਸ ਵਿਚ ਦੱਸਿਆ ਗਿਆ ਹੈ ਇਨ੍ਹਾਂ 14 ਮੇਜਰ ਸਟੇਟਾਂ ਵਿਚੋਂ ਸਭ ਤੋਂ ਘੱਟ ਇੰਪਲਾਇਮੈਂਟ ਜੈਨਰੇਸ਼ਨ ਦੀ ਦਰ ਪੰਜਾਬ ਵਿਚ ਹੈ ਜਿਹੜੀ ਕਿ 0.73% ਹੈ। ਗਰੋਥ ਇਨ ਲੇਬਰ ਫੋਰਸ ਦੀ ਦਰ 2.27% ਹੈ। ਇਸ ਤੋਂ ਇਲਾਵਾ ਬੈਕਲਾਗ ਵਿਚ ਹਰ ਸਾਲ 1.54% ਦੀ ਦਰ ਨਾਲ ਵਾਧਾ ਹੋ ਰਿਹਾ ਹੈ। ਸੀ. ਐਮ. ਸਾਹਿਬ ਨੇ 2003 ਵਿਚ ਆਪਣੇ ਭਾਸ਼ਣ ਵਿਚ

*1.16 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਜੀ ਨੇ ਸਦਨ ਦੀ ਕੁਰਸੀ ਸੰਭਾਲੀ।)

ਪੰਜਾਬ ਦੇ ਵਿਚ ਬੇਰੁਜ਼ਗਾਰਾਂ ਦੀ ਗਿਣਤੀ 20 ਲੱਖ ਦੱਸੀ ਸੀ। ਇਹ ਗਿਣਤੀ ਹੋਰ ਵੀ ਵੱਧ ਗਈ ਹੈ। ਪੜ੍ਹੇ-ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਲੋਕ ਰੁਲਦੇ ਫਿਰਦੇ ਹਨ। ਕੋਈ ਪੋਸਟਾਂ ਨਹੀਂ ਭਰੀਆਂ ਜਾ ਰਹੀਆਂ। ਨਵੀਆਂ ਪੋਸਟਾਂ ਕਰੀਏਟ ਨਹੀਂ ਕੀਤੀਆਂ ਜਾ ਰਹੀਆਂ। ਮੈਨਪਾਵਰ ਦੀ ਕੋਈ ਪਲਾਨਿੰਗ ਨਹੀਂ ਹੈ। ਸਿੱਟੇ ਵਜੋਂ

ਬੇਰੁਜ਼ਗਾਰੀ ਵਿਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। ਜਿਸ ਨਾਲ ਸੂਬੇ ਦੀ ਸਮਾਜਕ, ਰਾਜਨੀਤਕ ਅਤੇ ਆਰਥਿਕ ਸਥਿਤੀ ਨੂੰ ਬਹੁਤ ਖ਼ਤਰਾ ਬਣ ਗਿਆ ਹੈ। ਵਧਦੀ ਹੋਈ ਅਬਾਦੀ ਅਤੇ ਬੇਰੁਜ਼ਗਾਰੀ ਵਿਸਫੋਟਕ ਸਥਿਤੀ ਦੇ ਸੂਚਕ ਹਨ। ਸਾਨੂੰ ਸਾਰਿਆਂ ਨੂੰ ਇਸ ਗੱਲ ਨੂੰ ਵਿਚਾਰਨ ਦੀ ਲੋੜ ਹੈ।

ਸਿੱਖਿਆ ਦੇ ਖੇਤਰ, ਜਿਹੜਾ ਕਿ ਬੁਨਿਆਦੀ ਖੇਤਰ ਹੈ, ਵਿੱਚ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸਿਹਤ ਖੇਤਰ ਵਿਚ ਵੀ ਸਾਧਨਾਂ ਦੀ ਘਾਟ ਹੈ। ਇਸ ਤੋਂ ਇਲਾਵਾ ਰਾਜ ਵਿਚ ਜਿਹੜੇ 279 ਕਾਲਜ ਹਨ। ਉਨ੍ਹਾਂ ਵਿਚੋਂ ਕੇਵਲ 48 ਸਰਕਾਰੀ ਸੈਕਟਰ ਵਿਚ ਹਨ ਅਤੇ ਬਾਕੀ ਸਾਰੇ ਪ੍ਰਾਈਵੇਟ ਸੈਕਟਰ ਵਿਚ ਹਨ। ਕੁਝ ਗੌਰਮਿੰਟ ਏਡਿਡ ਹਨ ਅਤੇ ਕੁਝ ਨਹੀਂ। ਗੌਰਮਿੰਟ ਏਡਿਡ ਕਾਲਜਾਂ ਨੂੰ ਸਰਕਾਰ ਚਲਾ ਨਹੀਂ ਰਹੀ। ਉਨ੍ਹਾਂ ਦੀ 95% ਦੀ ਗਰਾਂਟ ਨੂੰ ਘਟਾ ਕੇ 70% ਤੇ ਲਿਆਂਦਾ ਗਿਆ ਹੈ। ਸਿੱਖਿਆ ਮੰਤਰੀ ਜੀ ਇਸ ਗੱਲ ਨੂੰ ਪ੍ਰਵਾਨ ਕਰਨਗੇ ਕਿ ਅਜਿਹਾ ਹੋ ਰਿਹਾ ਹੈ ਅਤੇ ਸਭ ਦੇ ਸਾਹਮਣੇ ਹੋ ਰਿਹਾ ਹੈ। ਇਹ ਕਹਿੰਦੇ ਹਨ ਕਿ ਸੈਲਫ ਫਾਈਨੈਂਸਿੰਗ ਬਣੋ। ਇਹ ਤਾਂ ਬਣਿਆ ਜਾ ਸਕਦਾ ਹੈ ਜੇਕਰ ਫੀਸਾਂ ਵਧਾਵਾਂਗੇ। ਇਸ ਨਾਲ ਪੇਂਡੂ ਖੇਤਰ ਵਿਚ ਜਿਹੜੇ ਛੋਟੇ ਕਿਸਾਨ ਹਨ, ਮਾਰਜੀਨਲ ਕਿਸਾਨ ਹਨ ਅਤੇ ਬਹੁਤੀ ਗਿਣਤੀ ਵਿਚ ਰਾਜ ਵਿਚ ਰਹਿੰਦੇ ਹਨ, ਹੋਰ ਜਿਹੜੇ ਗਰੀਬ ਵਰਗ ਦੇ ਲੋਕ ਹਨ, ਉਹ ਵੱਡੀ ਫੀਸ ਦੇਣ ਤੋਂ ਅਸਮਰਥ ਹੋਣਗੇ। ਸਿੱਟੇ ਵਜੋਂ, ਕੀ ਫਿਰ ਉਨ੍ਹਾਂ ਸਾਰਿਆਂ ਦੇ ਬੱਚੇ ਅਨਪੜ੍ਹ ਰਹਿ ਜਾਣਗੇ? ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਨਹੀਂ ਮੋੜਨਾ ਚਾਹੀਦਾ। ਉਹ ਕਾਲਜਾਂ ਨੂੰ ਗਰਾਂਟ ਨਹੀਂ ਦੇ ਰਹੀ, ਜਿਸ ਕਾਰਨ ਇਹ ਕਾਲਜ ਬੰਦ ਹੋਣ ਦੇ ਕਿਨਾਰੇ ਖੜ੍ਹੇ ਹਨ। ਇਹੋ ਹੀ ਹਾਲ ਇੰਜੀਨੀਅਰਿੰਗ ਕਾਲਜਾਂ ਦਾ ਹੈ। ਉਹ ਇਤਨੀ ਜ਼ਿਆਦਾ ਤਦਾਦ ਵਿਚ ਖੋਲ੍ਹ ਦਿੱਤੇ ਗਏ ਕਿ ਉਨ੍ਹਾਂ ਵਿਚ ਆਪਸੀ ਕੋ-ਆਰਡੀਨੇਸ਼ਨ ਨਹੀਂ ਹੈ। ਅੱਜ ਵੀ ਇਨ੍ਹਾਂ ਕਾਲਜਾਂ ਵਿਚ ਅੱਧੀਆਂ ਸੀਟਾਂ ਖਾਲੀ ਪਈਆਂ ਹਨ।

**ਸਿੱਖਿਆ ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਬੀਬੀ ਜੀ ਬੜਾ ਅੱਛਾ ਬੋਲ ਰਹੇ ਹਨ। ਮੈਂ ਐਪਰੀਸ਼ੀਏਟ ਕਰਦਾ ਹਾਂ। ਲੇਕਿਨ ਇਕ ਚੀਜ਼ ਉਨ੍ਹਾਂ ਦੇ ਨੋਟਿਸ ਵਿਚ ਗਲਤ ਆਈ ਹੈ ਕਿ ਗ੍ਰਾਂਟ 95% ਤੋਂ 70% ਕੀਤੀ ਗਈ ਹੈ, ਇਹ ਠੀਕ ਨਹੀਂ ਹੈ। ਬਲਕਿ ਜਿਹੜੀ ਗਰਾਂਟ 50% ਇਨ੍ਹਾਂ ਦੀ ਪਿਛਲੀ ਸਰਕਾਰ ਨੇ ਕੀਤੀ ਸੀ, ਉਸ ਨੂੰ ਆਉਂਦਿਆਂ ਸਾਰ ਹੀ ਸੀ. ਐਮ. ਸਾਹਿਬ ਨੂੰ ਰਿਕੁਐਸਟ ਕਰਕੇ ਮੁੜ ਕੇ 95% ਕੀਤਾ ਹੈ। (ਥੰਪਿੰਗ)

**ਡਾਕਟਰ ਉਪਿੰਦਰਜੀਤ ਕੌਰ :** ਸਿੱਖਿਆ ਮੰਤਰੀ ਜੀ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਆਪ ਜੀ ਨੂੰ ਇਸ ਪੀੜਾ ਦਾ ਅਹਿਸਾਸ ਹੈ ਜਿਹੜੇ ਕਿ ਪ੍ਰਾਈਵੇਟ ਕਾਲਜਾਂ ਵਿਚ ਕੰਮ ਕਰ ਰਹੇ ਹਨ ਅਤੇ ਉਥੋਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁਸ਼ਕਲਾਂ ਆ ਰਹੀਆਂ ਹਨ। ਉਨ੍ਹਾਂ ਦਾ ਨਿਵਾਰਨ ਕਰੋ, ਇਹੋ ਮੇਰੀ ਬੇਨਤੀ ਹੈ। ਅੱਜ ਆਪਾਂ ਨਿੱਜੀਕਰਨ ਦੀ ਗੱਲ ਕਰਦੇ ਹਾਂ। ਪਹਿਲਾਂ ਹੀ ਕਾਲਜਾਂ ਅਤੇ ਸਕੂਲਾਂ ਵਿਚ ਜਿਹੜੇ ਟੀਚਰ ਕੰਮ ਕਰ ਰਹੇ ਹਨ, ਉਹ ਪੈਨਸ਼ਨਾਂ ਮੰਗ ਰਹੇ ਹਨ, ਗਰੇਡ ਮੰਗ ਰਹੇ ਹਨ। ਜਿਹੜੇ ਪ੍ਰਾਈਵੇਟ ਏਡਿਡ ਸਕੂਲ ਨਹੀਂ ਹਨ, ਉਹ ਵੀ ਇਨ੍ਹਾਂ ਸਹੂਲਤਾਂ ਦੀ ਮੰਗ ਕਰ ਰਹੇ ਹਨ। ਇਨ੍ਹਾਂ ਵੱਲ ਧਿਆਨ ਦਿਉ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਹੋ ਸਕਣ ਅਤੇ ਉਹ ਕੁਆਲਟੀ ਦੀ ਐਜੂਕੇਸ਼ਨ ਇੰਪਾਰਟ ਕਰ ਸਕਣ। ਨਵੇਂ ਪਾਸੇ ਤਾਂ ਅਸੀਂ ਤੁਰ ਰਹੇ ਹਾਂ ਪਰ ਪੁਰਾਣੇ ਤੋਂ ਮੂੰਹ ਮੋੜ ਰਹੇ ਹਾਂ,

[ਡਾਕਟਰ ਉਪਿੰਦਰਜੀਤ ਕੌਰ]

ਉਸ ਨੂੰ ਵੀ ਸੰਭਾਲੋ। ਸਪੀਕਰ ਸਾਹਿਬ, ਸਮਾਂ ਬਹੁਤ ਥੋੜ੍ਹਾ ਹੈ। ਮੈਂ ਅਖੀਰ ਵਿੱਚ ਸਮ-ਅੱਪ ਕਰਦੀ ਹਾਂ। ਹੁਣ ਮੈਂ ਟੈਕਸ ਬਾਰੇ ਆਉਂਦੀ ਹਾਂ। ਇਸ ਗੱਲ ਤੇ ਮਾਣ ਕੀਤਾ ਗਿਆ ਕਿ ਅਸੀਂ ਤਾਂ ਕੇਵਲ 2 ਟੈਕਸ ਲਗਾਏ ਹਨ ਇਕ ਤਾਂ ਪੈਟਰੋਲ ਤੇ 50 ਪੈਸੇ ਦਾ ਸੈੱਸ ਅਤੇ ਦੂਸਰਾ ਡੀਜ਼ਲ ਤੇ ਇਕ ਰੁਪਿਆ ਪ੍ਰਤੀ ਲੀਟਰ ਅਤੇ ਅਸੀਂ ਹੋਰ ਕੋਈ ਟੈਕਸ ਨਹੀਂ ਲਗਾਇਆ। ਪਹਿਲੀ ਗੱਲ ਤਾਂ ਇਹ ਕਿ ਇਹ ਦਰੁੱਸਤ ਨਹੀਂ ਕਿਉਂਕਿ ਇਸ ਤੋਂ ਪਹਿਲਾਂ ਕੇਵਲ ਦੋ ਮਹੀਨੇ ਪਹਿਲਾਂ ਹੀ ਇਲੈਕਟ੍ਰੀਸਿਟੀ ਦੇ ਟੈਰਿਫ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਉਸ ਤੇ ਚੁੰਗੀ ਲਗਾਈ ਗਈ। ਇਸ ਤੋਂ ਇਲਾਵਾ ਲੀਕਰ ਤੇ ਵੀ ਐਜੂਕੇਸ਼ਨ ਸੈੱਸ ਲਗਾਇਆ ਗਿਆ ਅਤੇ ਫਿਰ ਸਦਨ ਵਿੱਚ ਸਾਡੇ ਵਿੱਤ ਮੰਤਰੀ ਜੀ ਨੇ ਇਹ ਵੀ ਡਰ ਜ਼ਾਹਿਰ ਕੀਤਾ ਹੈ ਕਿ ਯੂਜ਼ਰ ਚਾਰਜਿਜ਼ ਵੀ ਵਧਾਏ ਜਾਣਗੇ। ਏ.ਬੀ.ਸੀ. ਮਿਊਂਸਿਪਲ ਕਮੇਟੀਆਂ ਲਈ ਇਨ੍ਹਾਂ ਨੇ ਸਪੈਸੀਫਾਈ ਕੀਤਾ ਹੈ ਅਤੇ ਇਹ ਕਿਹਾ ਗਿਆ ਹੈ ਕਿ ਅਸੀਂ ਕੋਈ ਟੈਕਸ ਨਹੀਂ ਲਗਾਇਆ ਇਹ ਦਰੁੱਸਤ ਨਹੀਂ। ਮੇਰੀ ਇਹ ਸੁਜੈਸ਼ਨ ਹੈ ਕਿ ਹਾਊਸ ਵਿੱਚ ਇਹ ਸਪੱਸ਼ਟ ਰੂਪ ਵਿੱਚ ਦੱਸਣਾ ਚਾਹੀਦਾ ਹੈ ਕਿ ਇਸ ਚੀਜ਼ ਤੇ ਇੰਨਾ-ਇੰਨਾ ਟੈਕਸ ਲਗਾਇਆ ਜਾ ਰਿਹਾ ਹੈ।

**ਮਾਨਯੋਗ ਸਪੀਕਰ** : ਹੁਣ ਤੁਸੀਂ ਵਾਈਂਡ-ਅੱਪ ਕਰੋ।

**ਡਾਕਟਰ ਉਪਿੰਦਰਜੀਤ ਕੌਰ** : ਸਪੀਕਰ ਸਾਹਿਬ, ਜਿੱਥੇ ਤੱਕ ਰੈਵੀਨਿਊ ਇਕੱਠਾ ਕਰਨ ਦੀ ਗੱਲ ਹੈ ਹਰ ਸਟੇਟ ਦੇ ਕੇਵਲ ਦੋ ਸੋਰਸਿਜ਼ ਹੀ ਹੁੰਦੇ ਹਨ ਇਕ ਸੇਲਜ਼ ਟੈਕਸ ਅਤੇ ਦੂਜਾ ਐਕਸਾਈਜ਼। ਜਿੱਥੋਂ ਤੱਕ ਸੇਲਜ਼ ਟੈਕਸ ਦਾ ਤਾਅਲੁੱਕ ਹੈ ਹੁਣ ਸਰਕਾਰ ਦਾ ਵੈਲਯੂ ਐਡਿਡ ਟੈਕਸ (ਵੈਟ) ਲਾਗੂ ਕਰਨ ਦੀ ਪ੍ਰੋਪਜ਼ਲ ਹੈ ਕਿ 1 ਅਪ੍ਰੈਲ, 2005 ਤੋਂ ਲਾਗੂ ਕੀਤਾ ਜਾਣਾ ਹੈ। ਦੂਜਾ ਐਕਸਾਈਜ਼ ਟੈਕਸ ਹੈ, ਉਸ ਦਾ ਜੋ ਹੋਇਆ ਹਾਊਸ ਦੇ ਵਿੱਚ ਵੀ ਉਸ ਦੀ ਚਰਚਾ ਹੋਈ ਹੈ ਇਸ ਦੇ ਬਾਰੇ ਵੀ ਮੈਂ ਸਮਾਂ ਖਰਾਬ ਨਹੀਂ ਕਰਨਾ ਚਾਹੁੰਦੀ।

**ਮਾਨਯੋਗ ਸਪੀਕਰ** : ਤੁਹਾਡੀ ਪਾਰਟੀ ਦਾ ਸਮਾਂ ਹੋ ਚੁੱਕਿਆ ਹੈ, ਮੈਡਮ ਜੀ ਹੁਣ ਤੁਸੀਂ ਬੈਠ ਜਾਓ, ਹਾਂ ਜੀ, ਰਿਣਵਾ ਜੀ, ਹੁਣ ਤੁਸੀਂ ਬੋਲੋ।

**ਡਾਕਟਰ ਉਪਿੰਦਰਜੀਤ ਕੌਰ** : ਮਾਨਯੋਗ ਸਪੀਕਰ ਸਾਹਿਬ, ਮੈਨੂੰ ਕੇਵਲ ਪੰਜ ਮਿੰਟ ਦੇ ਦਿਓ ਜੀ।

**ਮਾਨਯੋਗ ਸਪੀਕਰ** : ਨਹੀਂ, ਮੈਡਮ ਤੁਹਾਡੀ ਪਾਰਟੀ ਦਾ ਟਾਈਮ ਖ਼ਤਮ ਹੋ ਚੁੱਕਿਆ ਹੈ।

**ਡਾਕਟਰ ਉਪਿੰਦਰਜੀਤ ਕੌਰ** : ਚਲੋ, ਠੀਕ ਹੈ ਜੀ। Thank you, Sir.

**श्री महिंदर कुमार रिणवा ( फाजिलका )** : स्पीकर साहिब, मैं आप जी का धन्यवाद करता हूँ कि आप जी ने मुझे बजट एसटीमेटस पर बोलने का मौका दिया है। मैं वित्त मंत्री श्री सुरिन्दर कुमार सिंगला जी को बधाई देता हूँ जिन्होंने पिछले तीन साल जब से कांग्रेस सरकार ने सत्ता संभाली है और जो अर्थ व्यवस्था की गाड़ी पटरी से उतर गई थी उस को ठीक करने के लिए

काफी समय लगाया और इस साल बैलैंसड बजट पेश किया गया और इस में हर वर्ग का ध्यान रखा गया है। मैं यह बात यहां Pin-point करनी चाहता हूँ कि जहाँ तक किसानों की बात है देश के अन्दर किसी भी पार्टी की सरकार रही हो हर व्यक्ति किसानों का मुदई होने का दम भरता है। एक किसान ही ऐसा व्यक्ति है जो सारे देश को आनाज पैदा करके देता है। ऐसा भी समय था जब यही देश आतम निर्भर नहीं था और आनाज दूसरे देशों से मंगवाना पड़ता था। 1960 के दशक में PL 418 के समझोते के अंतरमय स्वर्गीय लाल बहादुर शास्त्री जी ने देश को आत्म निर्भर बनाने के लिए "जै जवान जै किसान" का नारा दिया और हफते में एक दिन का उपवास रखने की बात की और इस पालिसी के तहत सब लोगों को शामिल किया गया। पिछले हालात सब के सामने हैं और आज अगर डीजल पर सैस लगाया जाता है तो मैं समझता हूँ कि यह बहुत ज्यादती होगी। (थंपिंग).........

मैं वित्त मंत्री जी से गुजारिश करुंगा कि डीजल पर जो सैस लगाया गया है, उसे वापस लेना चाहिए। (थंपिंग) वित्त मंत्री जी इस पर ध्यान करें। भूंदड़ साहिब बहुत लंबा चौड़ा बोल रहे थे। पंजाब पर जो आर्थिक बोझ 1980 से पड़ा है, उस पर वह आंकड़े दे रहे थे। टैरोरिजम की बात हुई। यह सिर्फ विरोध करने के लिये बोल रहे हैं, परंतु इन्होंने अपनी बात पर कभी ध्यान नहीं दिया। यहां तीन-चार बार उनकी सरकार आई। इनकी कारगुजारी क्या रही। टैरोरिजम में 25000 लोगों का खून बहा। जो अर्थ व्यवस्था बिगड़ी उस पर इस समय का काफी योगदान रहा। लेकिन टैरोरिजम को खत्म किस ने किया। इन की भूमिका क्या रही। इस को सारा पंजाब और सारा देश अच्छी तरह से जानता है। दो बार ऐसे मौके आए, 1989 और फिर 1992 में जब अकाली दल ने चुनाव का बाईकाट किया। (विघ्न) स्पीकर साहिब, हम ने डिसटरब नहीं किया। थोड़ा बहुत सुनने का मादा रखें।

**Mr. Speaker :** No interruption, please. (विघ्न)

**ਸਰਦਾਰ ਤੋਤਾ ਸਿੰਘ :** ** ** **

**Mr. Speaker :** No point of order.

**श्री महिंदर कुमार रिणवा :** यह खतरनाक समय था। सरदार बेअंत सिंह जी ने बागडोर संभाली। इन्होंने कहा था कि पंजाब को आंतकवाद से मुक्त करवाएंगे नहीं तो फनाह हो जाएंगे। वह शहीद हुए। पंजाब बच गया। देश बच गया। (थंपिंग) आज यह बात कर रहे हैं पंजाब के पानियों की, पंजाबी बोलते इलाकों की। सरदार प्रकाश सिंह बादल तीन बार प्रदेश के मुख्य मंत्री रहे। पिछले 30 सालों से एस.वाई.एल. की चर्चा चल रही है। यह कई बार हाई कोर्ट गये। 15 जनवरी, 2002 को सुपरीम कोर्ट ने पंजाब के खिलाफ फैसला किया। सरदार प्रकाश सिंह बादल पंजाब के मुख्य मंत्री थे। कारण यह था कि यह अपना पक्ष सुपरीम कोर्ट में ठीक ढंग से न रख सके। इनके दोसताना तालक हरियाणा में थे। इसलिये इन्होंने पंजाब के हितों की बली दे दी। (विघ्न) (शोर)

** Expunged as ordered by the Chair.

**ਮਾਨਯੋਗ ਸਪੀਕਰ :** ਮਨਪ੍ਰੀਤ ਜੀ, ਤੁਸੀਂ ਬੈਠੋ। 1.30 ਤੇ ਇਨ੍ਹਾਂ ਨੇ ਖਤਮ ਕਰ ਦੇਣਾ ਹੈ।

**श्री महिंदर कुमार रिणवा :** 2002 में कांग्रेस पार्टी का राज आया। हमने रिव्यु किया। (विध्न) कैप्टन अमरिंदर सिंह जी ने एक ऐतिहासिक बात की।

---

## SHORT ADJOURNMENT OF THE HOUSE

**Mr. Speaker :** Rinwa Ji, please take you seat. You are on your legs. Tomorrow also I will give you time for speaking.

According to the Second Report of the Business Advisory Committee, the House is to consider the Punjab Value Added Tax Bill, 2005. The House stands adjourned for one hour from 1.30 P.M. for lunch. All Hon'ble Members are requested to take the lunch being hosted by the Excise and Taxation Minister. We shall re-assemble at 2.30 P.M. to take up the Punjab Value Added Tax Bill, 2005.

*1.30 P.M

(The Sabha then *adjourned for lunch and re-assembled at 2.30 P.M.)

(Mr. Speaker in the Chair)

---

## LEGISLATIVE BUSINESS AND RESOLUTIONS UNDER ARTICLE 213(2)(a) OF THE CONSTITUTION OF INDIA

### Resolution Under Article 213(2)(a) of the Constitution of India Disapproving The Punjab Value Added Tax Ordinance, 2005 (Punjab Ordinance No. 5)

### AND

### THE PUNJAB VALUE ADDED TAX BILL, 2005.

**Mr. Speaker :** I have received three notices from some Hon'ble Members disapproving the Punjab Value Added Tax Ordinance, 2005 (Punjab Ordinance No. 5). Further, two Hon'ble Members have given notices of

amendment to refer the Bill to a Select Committee. Another Hon'ble Member has also given notice of amendment for circulating the Bill for the purpose of eliciting opinion upto 30th September, 2005. I have also received amendment notices from the Minister concerned for effecting certain changes in the Bill introduced in the House. All these amendment notices shall be deemed to have been read and moved together.

**(1) Shri Des Raj Dhugga**
**(2) Sardar Tota Singh**
**(3) Sardar Surjit Singh Rakhra**
**(4) Sardar Bhag Singh Mallah**
**(5) Sardar Gaganjit Singh**
**(6) Sardar Sohan Singh Thandal**
**(7) Chaudhary Balbir Singh Miani**

: Sir, I beg to move

That This House disapproves the Punjab Value Added Tax Ordinance, 2005 (Punjab Ordinance No. 5 of 2005).

**(1) Sardar Balwinder Singh Bhunder**
**(2) Shri Tiksen Sud**

: Sir, I beg to move-

That the Bill be referred to the Select Committee.

**Sardar Sohan Singh Thandal :** Sir, I beg to move that the Bill be circulated for the purpose of eliciting opinion upto 30th September, 2005.

**Minister for Excise and Taxation and Printing and Stationery (Sardar Sardul Singh) :** Sir, I beg to move the following amendments to the Punjab Value Added Tax Bill-

1. In Section 1, Sub section (2) may be replaced as under,-"(2) It shall come into force from the 1st day of April, 2005."

**[Minister for Excise and Taxation and Printing and Stationery]**

2. In Section 4 Clause (c) and (d) of sub section (4) may be omitted and new sub clause (c) may be added as under,-"(c) should have at least fifteen years experience of practicing as a Chartered Accountant under the Chartered Account Act, 1949 (Central Act 38 of 1949), or should be eligible for appointment as a member of the Customs, Excise and Service Tax Appellate Tribunal constituted by the Union Government"

3. In Section 80 Sub Section (3) and (4) after sub section (3) may be renumbered as sub sections (4) and (5) respectively.

**Mr. Speaker :** If the House agrees, the motions disapproving the Punjab Value Added Tax Ordinance, 2005, the amendment to refer the Bill to a Select Committee, the amendment for circulating the Bill for the purpose of eliciting opinion upto 30th Septebmer, 2005 and the Punjab Value Added Tax Bill, 2005 be discussed together and voted separately.

*(Voices : Yes, Yes)*

**Mr. Speaker :** Excise and Taxation Minister to move that the Punjab Value Added Tax Bill, 2005 be taken into consideration at once.

**Minister for Excise and Taxation and Printing and Stationery (Sardar Sardul Singh) :** Sir, I beg to move-

*That the Punjab Value Added Tax Bill be taken into consideration at once.*

**Mr. Speaker :** Motion moved-

*That the Punjab Value Added Tax Bill be taken into consideration at once.*

Now, discussion. Badal Sahib.

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ) :** ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਬਿਲ ਵੀ ਹੈ ਤੇ ਕੰਪਲੀਕੇਟਿਡ ਬਿਲ ਵੀ ਹੈ ਕਿਉਂਕਿ ਇਸ ਦਾ ਅਸਰ ਪੰਜਾਬ ਦੀ ਜਨਤਾ ਤੇ ਬਹੁਤ ਪੈਣਾ ਹੈ ਔਰ ਇਸ ਨੂੰ ਪਾਸ ਕਰਨ ਲਈ ਜਿਸ ਜਲਦੀ ਨਾਲ ਕਦਮ ਉਠਾਏ ਜਾ ਰਹੇ ਹਨ, ਭਾਵੇਂ ਬਿਲ ਪਹਿਲਾਂ ਸਰਕੂਲੇਟ ਹੋ ਗਿਆ ਸੀ ਲੇਕਿਨ ਕੱਲ੍ਹ ਹੀ ਸ਼ਾਮ ਨੂੰ ਇਹ ਦੱਸਿਆ ਗਿਆ ਕਿ ਇਸ ਦੀ ਡਿਸਕਸ਼ਨ ਅੱਜ ਹੋਣੀ ਹੈ। ਏਡੇ ਇੰਪਾਰਟੈਂਟ ਬਿਲ ਤੇ ਡਿਸਕਸ਼ਨ

ਵਾਸਤੇ ਪਹਿਲੇ ਪ੍ਰੋਗਰਾਮ ਦੇ ਵਿੱਚ ਸਮਝਿਆ ਜਾਂਦਾ ਸੀ ਕਿ ਸੈਸ਼ਨ ਦੇ ਆਖਿਰ ਵਿੱਚ ਡਿਸਕਸ਼ਨ ਹੋਣੀ ਹੈ ਲੇਕਿਨ ਅੱਜ ਆਉਣ ਨਾਲ ਬੜਾ ਥੋੜ੍ਹਾ ਸਮਾਂ ਹੈ। ਹੁਣ ਹੁਣੇ ਹੁਣੇ ਹੀ ਸਾਡੇ ਕੋਲ ਇੱਕ ਕਾਗਜ਼ ਆ ਗਿਆ ਕਿ ਲੇਟੈਸਟ ਅਮੈਂਡਮੈਂਟ ਨਾਲ ਹੋਰ ਬਿਲ ਦਿੰਦੇ ਹਾਂ। ਹੁਣ ਪੜ੍ਹਿਆ ਹੀ ਨਹੀਂ ਜਾ ਸਕਦਾ। ਪੜ੍ਹਿਆ ਹੀ ਨਹੀਂ। ਕਈ ਮੈਂਬਰ ਸਾਹਿਬਾਨ ਇਸ ਦੇ ਉਤੇ ਆਪਣੀ ਚੰਗੀ ਤਰ੍ਹਾਂ ਰਾਏ ਨਹੀਂ ਦੇ ਸਕਦੇ। ਇਸ ਲਈ ਮੇਰੀ ਪਹਿਲੀ ਬੇਨਤੀ ਇਹ ਹੈ ਕਿ ਕੁਝ ਦਿਨਾਂ ਲਈ ਵੈਸੇ ਤਾਂ ਜੇ ਇਸ ਨੂੰ ਘੋਖਣਾ ਹੋਵੇ ਤਾਂ ਸਿਲੈਕਟ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਹਰ ਪੁਆਇੰਟ ਤੇ ਆਪੋਜ਼ੀਸ਼ਨ ਅਤੇ ਰੂਲਿੰਗ ਪਾਰਟੀ ਦੇ ਮੈਂਬਰ ਬੈਠ ਕੇ ਵੇਖੇ ਤੇ ਫਿਰ ਉਹ ਸਿਲੈਕਟ ਕਮੇਟੀ ਦੀ ਰਿਪੋਰਟ ਤੋਂ ਬਾਅਦ ਦੁਬਾਰਾ ਬਿਲ ਲਿਆਂਦਾ ਜਾਵੇ। ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਗੌਰਮਿੰਟ ਚਾਹੁੰਦੀ ਹੈ ਕਿ ਇਸ ਨੂੰ ਮਿਤੀ 1 ਅਪ੍ਰੈਲ, 2005 ਤੋਂ ਲਾਗੂ ਕੀਤਾ ਜਾਏ ਪਰ ਅਸੀਂ ਆਪਣੀ ਪਾਰਟੀ ਦੀ ਰਾਏ ਪਹਿਲਾਂ ਵੀ ਕਈ ਦਫਾ ਦੇ ਚੁੱਕੇ ਹਾਂ ਕਿ ਇਸ ਐਕਟ ਨੇ ਇੰਡਸਟਰੀ, ਟਰੇਡਰ ਅਤੇ ਐਗਰੀਕਲਚਰ ਦੇ ਉਤੇ ਬੜਾ ਵੱਡਾ ਇਫੈਕਟ ਕਰਨਾ ਹੈ ਇਸ ਲਈ ਜਿਨ੍ਹਾਂ ਉਤੇ ਇਸ ਨੇ ਇਫੈਕਟ ਕਰਨਾ ਹੈ ਉਨ੍ਹਾਂ ਨੂੰ ਜ਼ਰੂਰ ਕਾਂਨਫੀਡੈਂਸ ਦੇ ਵਿੱਚ ਲਿਆ ਜਾਣਾ ਚਾਹੀਦਾ ਹੈ। ਅੰਗਰੇਜ਼ਾਂ ਦੇ ਸਮੇਂ ਵਿਚ ਇਹ ਹੁੰਦਾ ਸੀ ਕਿ ਜਦੋਂ ਉਨ੍ਹਾਂ ਨੇ ਕੋਈ ਐਕਟ ਬਣਾਉਣਾ ਹੁੰਦਾ ਸੀ ਤਾਂ ਉਹ ਕਈ ਕਈ ਮਹੀਨੇ ਪਹਿਲਾਂ ਪਬਲਿਕ ਨੋਟਿਸ ਕਢਦੇ ਸਨ ਕਿ ਇਹ ਐਕਟ ਬਣਨਾ ਹੈ ਫਿਰ ਉਸ ਦੇ ਵਿੱਚ ਸਾਰੇ ਲੋਕਾਂ ਦੀ ਰਾਏ ਆਉਂਦੀ ਸੀ ਔਰ ਹੌਲੀ ਹੌਲੀ ਪੂਰੀ ਤਰ੍ਹਾਂ ਪੜਚੋਲ ਕਰਕੇ, ਸਾਰੇ ਤੱਥਾਂ ਨੂੰ ਵੇਖ ਕੇ ਉਹ ਐਕਟ ਬਣਦਾ ਸੀ। ਹੁਣ ਇਸ ਤਰ੍ਹਾਂ ਹੋ ਗਿਆ ਹੈ ਔਰ ਏਡਾ ਵੱਡਾ ਅਹਿਮ ਫੈਸਲਾ, ਕਾਨੂੰਨ ਬਣਾਈ ਜਾ ਰਹੇ ਹਨ ਔਰ ਸਾਨੂੰ ਕੱਲ੍ਹ ਹੀ ਇਸ ਦਾ ਪਤਾ ਲੱਗਿਆ ਹੈ। ਇਸ ਲਈ ਸਭ ਤੋਂ ਪਹਿਲਾਂ ਮੇਰੀ ਬੇਨਤੀ ਹੈ ਕਿ ਵਪਾਰੀਆਂ ਨੂੰ ਅਤੇ ਟਰੇਡਰਜ਼ ਨੂੰ ਕਾਨਫੀਡੈਂਸ ਦੇ ਵਿੱਚ ਲੈਣਾ ਚਾਹੀਦਾ ਸੀ। ਇੱਕ ਹੋਰ ਵੀ ਸੀ ਕਿ ਇਹ ਵੈਟ ਸਿਸਟਮ ਸਾਰੇ ਹਿੰਦੁਸਤਾਨ ਦੇ ਵਿੱਚ ਲਾਗੂ ਹੋਣਾ ਸੀ, ਪਰ ਅਜੇ ਫੈਸਲਾ ਨਹੀਂ ਕਰ ਸਕੇ ਤਾਂ ਇਹ ਸਾਰੇ ਹਿੰਦੁਸਤਾਨ ਦੇ ਵਿੱਚ ਇੱਕ ਦਫਾ ਲਾਗੂ ਹੋਣਾ ਚਾਹੀਦਾ ਸੀ ਔਰ ਨਾਲ ਇਹ ਵੀ ਸੀ ਕਿ ਸਾਰੇ ਟੈਕਸ ਜੋ ਸਨ ਉਹ ਯੂਨੀਫਾਰਮ ਹੁੰਦੇ ਔਰ ਸਾਰੀਆਂ ਸਟੇਟਾਂ ਦਾ ਕਾਨੂੰਨ ਇਕੋ ਹੀ ਲਾਗੂ ਹੁੰਦਾ ਜਿਹੜਾ ਕਿ ਅਸੀਂ ਨਹੀਂ ਕਰ ਸਕੇ। ਨਾਲ ਇਹ ਵੀ ਸੀ ਕਿ ਜੇ ਵੈਟ ਲਾਗੂ ਕਰਨਾ ਹੈ ਤਾਂ ਦੂਜੇ ਜਿਹੜੇ ਸਾਰੇ ਟੈਕਸ ਹਨ ਉਹ ਵੈਟ ਦੇ ਨਾਲ ਮਰਜ਼ ਕਰ ਦਿੱਤੇ ਜਾਣੇ ਚਾਹੀਦੇ ਸਨ। ਸਪੀਕਰ ਸਾਹਿਬ, ਹੁਣ ਟੈਕਸ ਦਾ ਸਿਸਟਮ ਇਹ ਹੈ ਕਿ ਦੋ ਤਰ੍ਹਾਂ ਦਾ ਟੈਕਸ ਹੁੰਦਾ ਹੈ ਇੱਕ ਟੈਕਸ ਮੈਨੂਫੈਕਚਰ ਹੀ ਦੇ ਦਿੰਦਾ ਹੈ ਤੇ ਫਿਰ ਹੋਲ ਸੇਲਰ ਜਾਂ ਰਿਟੇਲਰ ਤੋਂ ਉਹ ਟੈਕਸ ਇਕੱਠਾ ਨਹੀਂ ਕੀਤਾ ਜਾਂਦਾ। ਦੂਸਰਾ ਇਹ ਹੈ ਕਿ ਮੈਨੂਫੈਕਚਰਰ ਕੋਈ ਟੈਕਸ ਨਹੀਂ ਦਿੰਦਾ ਔਰ ਉਹ ਹੋਲ ਸੇਲਰ ਕੋਲ ਚੀਜ਼ ਪਹੁੰਚਾ ਦਿੰਦਾ ਹੈ ਤੇ ਫਿਰ ਉਹ ਰਿਟੇਲਰ ਕੋਲ ਪਹੁੰਚਾ ਦਿੰਦਾ ਹੈ ਅਤੇ ਫਿਰ ਰਿਟੇਲਰ ਟੈਕਸ ਦਿੰਦਾ ਹੈ। ਇਹ ਦੋ ਸਿਸਟਮ ਸਾਡੇ ਪਹਿਲਾਂ ਚਲ ਰਹੇ ਸਨ ਪਰ ਹੁਣ ਵੈਟ ਨਾਲ ਇਹ ਟੈਕਸ ਜਿਹੜਾ ਹੈ ਉਸ ਦੀ ਜਿਹੜੀ ਵੈਲਿਊ ਐਡ ਹੋਵੇਗੀ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਉਸ ਅਨੁਸਾਰ ਲਗਣਾ ਹੈ। ਇਸ ਲਈ ਇਹ ਕਾਫ਼ੀ ਕੰਪਲੀਕੇਟਿਡ ਹੈ। ਇਸ ਦੇ ਬਾਰੇ ਨਾ ਹੀ ਟੈਕਸ ਦੇਣ ਵਾਲੇ ਨੂੰ ਹੀ ਪੂਰੀ ਤਰ੍ਹਾਂ ਵਾਕਫੀਅਤ ਹੈ ਔਰ ਨਾ ਹੀ ਲੈਣ ਵਾਲੇ ਨੂੰ ਪੂਰੀ ਵਾਕਫੀਅਤ ਹੈ। ਇਸ ਦੇ ਨਾਲ ਹੀ ਇਹ ਬੜਾ ਹਾਰਸ਼ ਵੀ ਹੈ ਔਰ ਇਸ ਦੀਆਂ ਬਹੁਤ ਸਾਰੀਆਂ ਪ੍ਰੋਵੀਜ਼ਨਾਂ ਜੋ ਹਨ ਉਹ ਐਂਟੀ ਟਰੇਡਰਜ਼ ਹਨ, ਐਂਟੀ ਫਾਰਮਰਜ਼ ਵੀ ਹਨ। ਇਸ ਦੇ ਵਿੱਚ ਇਸ ਤਰ੍ਹਾਂ ਪੁਆਇੰਟ ਤਾਂ ਕਾਫ਼ੀ ਹਨ ਜੇਕਰ ਮੈਂ ਸਾਰਿਆਂ ਬਾਰੇ ਕਹਿਣ ਲੱਗ ਜਾਵਾਂ ਤਾਂ ਬਹੁਤ ਸਮਾਂ ਲਗ ਜਾਵੇਗਾ। ਇਸ ਦੇ ਵਿੱਚ ਇੱਕ ਪੁਆਇੰਟ ਸੀਜ਼ਰ ਆਫ਼ ਸਟਾਕ ਹੈ ਕਿ ਵਪਾਰੀਆਂ ਦਾ ਸਟਾਕ ਸੀਜ਼ ਕਰ ਲਿਆ ਜਾਵੇ ਔਰ ਜਦੋਂ ਇੰਸਪੈਕਟਰ ਆ ਕੇ ਵੇਖੇਗਾ ਕਿ ਇਹ ਆਰਟੀਕਲਜ਼ ਜਿਹੜੇ ਹਨ ਉਹ ਰਜਿਸਟਰ ਵਿਚ ਦਰਜ ਨਹੀਂ ਹਨ ਤਾਂ ਉਹ ਉਦੋਂ ਹੀ ਹੁਕਮ ਕਰ ਦੇਵੇਗਾ ਕਿ ਇਹ ਸਾਰੇ ਆਰਟੀਕਲ ਸੀਜ਼ ਕਰ ਲਵੋ ਫਿਰ ਇਹ ਸਾਰੇ ਆਰਟੀਕਲ ਸੀਜ਼ ਹੋਣਗੇ ਭਾਵੇਂ ਉਹ ਟਰੇਡਰ ਦੇ ਕੋਲ ਹੀ ਰਹਿਣਗੇ ਲੇਕਿਨ ਜਦੋਂ ਤੱਕ ਮਹਿਕਮੇ ਵਾਲੇ ਫੈਸਲਾ ਨਹੀਂ ਕਰਦੇ ਉਦੋਂ ਤੱਕ ਉਹ ਵੇਚ ਨਹੀਂ ਸਕਦਾ। ਜਿਸ ਤਰ੍ਹਾਂ ਆਪਣੇ ਫੈਸਲਾ ਕਰਨ ਦੀ ਹਾਲਤ ਹੋਈ ਪਈ ਹੈ ਆਪਾਂ ਦੇਖਦੇ ਹੀ ਹਾਂ ਫੇਰ ਉਸ ਦਾ ਕੀ ਹਸ਼ਰ ਹੋਵੇਗਾ। ਇਕ ਪੈਨਲਟੀ ਲਗਾਈ ਹੈ ਜਿਸ ਦਾ ਮਤਲਬ ਹੈ ਕਿ ਰੈਵੀਨਿਊ ਸਟੇਟ ਨੂੰ ਹੋਣਾ ਚਾਹੀਦਾ ਹੈ। ਅਸੀਂ ਵੀ ਇਸ ਦੇ ਹੱਕ ਵਿਚ ਹਾਂ, ਮੈਕਸੀਮਮ ਰੈਵੀਨਿਊ ਹੋਣਾ ਚਾਹੀਦਾ ਹੈ ਪਰ ਇਹ ਇੰਨਾ ਹਾਰਸ਼ ਨਹੀਂ ਹੋਣਾ ਚਾਹੀਦਾ। ਇਹ ਵੈਟ ਹਾਰਸ਼ ਬਣਿਆ ਹੈ। ਅੱਗੇ ਕੰਸੀਲਮੈਂਟ ਹੁੰਦੀ ਸੀ। ਉਸ ਦੀ ਪੈਨਲਟੀ 2% ਹੁੰਦੀ ਸੀ। ਉਹ 50/- ਰੁਪਏ ਵੀ ਲੱਗ ਸਕਦੀ ਸੀ, 60/- ਵੀ ਲੱਗ ਸਕਦੀ ਸੀ, 10/-ਰੁਪਏ ਵੀ ਲੱਗ ਸਕਦੀ ਸੀ। ਹੁਣ ਵੈਟ ਵਿਚ 200% ਇਹ ਪੈਨਲਟੀ ਰੱਖੀ ਹੈ। ਇਕੱਲਾ ਇਹ ਹੀ ਨਹੀਂ। ਜੇ ਕਿਸੇ ਵਲੋਂ ਵੈਟ ਐਕਟ ਦੀ ਧਾਰਾ ਅਨੁਸਾਰ ਕੋਈ ਗਲਤੀ ਪਾਈ ਗਈ ਇਸ ਬਾਰੇ ਪ੍ਰੋਵੀਜ਼ਨ ਹੈ ਕਿ ਉਸ ਨੂੰ 5000/- ਰੁਪਏ ਜੁਰਮਾਨਾ ਕਰ ਸਕਦੇ ਹਨ। ਹੁਣ ਇਹ ਜੁਰਮਾਨਾ ਵੱਧਾ ਕੇ 1000/- ਤੋਂ 10,000/- ਰੁਪਿਆ ਕਰ ਦਿਤਾ ਹੈ। ਇਹ ਬੜਾ ਹਾਰਸ਼ ਹੈ। ਕੋਈ ਥੋੜ੍ਹਾ ਜਿਹਾ ਵੀ ਖਿਲਾਫ ਲਗਦਾ ਹੋਇਆ ਤਾਂ ਉਸ ਨੂੰ ਪਨਿਸ਼ਮੈਂਟ ਦਿੱਤੀ ਜਾ ਸਕਦੀ ਹੈ। ਉਸ ਦਾ ਨਤੀਜਾ ਕੀ ਨਿਕਲੇਗਾ ? ਅਸੀਂ ਕਹਿੰਦੇ ਹਾਂ ਕਿ ਟਰੇਡਰ ਨੂੰ ਵਪਾਰੀ ਨੂੰ ਇੰਸਪੈਕਟਰੀ ਰਾਜ ਤੋਂ ਬਚਾਉਣਾ ਹੈ। ਇਸ ਨਾਲ ਟਰੇਡਰ ਇੰਸਪੈਕਟਰੀ ਰਾਜ ਦੇ ਜਾਲ ਵਿਚ ਫਸ ਜਾਵੇਗਾ। ਅੱਗੇ ਆਡਿਟ ਹੁੰਦਾ ਹੈ। ਇਨਕਮ ਟੈਕਸ ਵਾਲਾ ਆਡਿਟ ਹੁੰਦਾ ਹੈ। ਹੁਣ ਇਹ ਕਰਨ ਜਾ ਰਹੇ ਹਨ ਕਿ ਜਿਸ ਕਿਸੇ ਵਪਾਰੀ ਦੀ 40 ਲੱਖ ਤੋਂ ਵੱਧ ਦੀ ਆਮਦਨ ਹੈ ਤਾਂ ਉਸ ਨੂੰ ਇਕ ਚਾਰਟਡ ਅਕਾਊਂਟੈਂਟ ਤੋਂ ਆਡਿਟ ਕਰਾਉਣਾ ਪਵੇਗਾ। ਜਿਹੜੀ ਇਹ 40 ਲੱਖ ਲਿਮਿਟ ਹੈ ਇਹ ਦਿੱਲੀ ਵਿਚ ਪੰਜ ਕਰੋੜ ਰੁਪਏ ਕਰ ਦਿੱਤੀ ਹੈ। ਹਰਿਆਣੇ ਵਿਚ ਆਡਿਟ ਵਾਲੇ ਸੀ.ਏ. ਨਹੀਂ। ਇਨਕਮ ਟੈਕਸ ਵਲੋਂ ਆਡਿਟ ਹੋਣਾ ਹੈ। ਇਹ ਹੁਣ ਹੈ ਫੇਰ ਇਹ ਡਬਲ ਆਡਿਟ ਹੋ ਜਾਵੇਗਾ ਜਿਸ ਨਾਲ ਗਲਤੀਆਂ ਵਧਣਗੀਆਂ। ਮੈਂ ਇਹ ਵੀ ਸੁਝਾਅ ਦਿੰਦਾ ਹਾਂ ਕਿ ਜਿਹੜੇ ਇਨਕਮ ਟੈਕਸ ਦੇ ਐਡਵੋਕੇਟ ਸਾਹਿਬਾਨ ਹਨ, ਉਹ ਇਸ ਵਿਚ ਮਾਹਰ ਹੁੰਦੇ ਹਨ। ਕਈ ਸਟੇਟਾਂ ਵਿਚ ਉਨ੍ਹਾਂ ਐਡਵੋਕੇਟਸ ਨੂੰ ਵੀ ਇਨ੍ਹਾਂ ਨੇ ਆਡਿਟ ਕਰਨ ਦਾ ਰਾਈਟ ਦਿੱਤਾ ਹੈ। ਇਸ ਲਈ ਇਹ ਜੋ ਹਾਰਸ਼ ਪ੍ਰੋਵੀਜ਼ਨਜ਼ ਹਨ ਇਨ੍ਹਾਂ ਨੂੰ ਹਟਾਉਣਾ ਚਾਹੀਦਾ ਹੈ, ਮੈਕਸੀਮਮ ਸਹੂਲਤ ਦੇਣੀ ਚਾਹੀਦਾ ਹੈ। ਹੁਣ ਜੇ ਕਿਸੇ ਨੇ ਅਪੀਲ ਦੇਣੀ ਹੈ ਤਾਂ ਪਹਿਲਾਂ 25% ਜਮ੍ਹਾਂ ਕਰਾਉਣਾ ਪੈਂਦਾ ਹੈ ਲੇਕਿਨ ਹੁਣ ਇਸ ਹਾਰਸ਼ ਟੈਕਸ ਵੈਟ ਵਿਚ 100% ਟੈਕਸ ਪਹਿਲਾਂ ਜਮ੍ਹਾਂ ਕਰਵਾਓ ਤਾਂ

ਉਸ ਦੀ ਅਪੀਲ ਸੁਣੀ ਜਾ ਸਕਦੀ ਹੈ। ਦਿੱਲੀ ਗੌਰਮਿੰਟ ਵਲੋਂ ਕੀ ਕੀਤਾ ਗਿਆ ਹੈ, ਉਨ੍ਹਾਂ ਨੇ ਕੀਤਾ ਹੈ ਕਿ ਕੁਝ ਜਮ੍ਹਾਂ ਨਹੀਂ ਕਰਵਾਉਣਾ ਪੈਂਦਾ, ਉਨ੍ਹਾਂ ਨੇ ਹੋਰ ਲਿਮਿਟ ਕਰ ਦਿੱਤੀ ਕਿ ਇੰਨੇ ਚਿਰ ਵਿਚ ਜੇ ਅਪੀਲ ਨਾ ਸੁਣੀ ਜਾਵੇ ਤਾਂ ਫੇਰ ਇਹ ਸਮਝਿਆ ਜਾਵੇ ਕਿ ਉਹ ਡੀਲਰ ਦੇ ਹੱਕ ਵਿਚ ਫੈਸਲਾ ਹੋ ਗਿਆ ਹੈ। ਇਸ ਲਈ ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਜੇ ਵੈਟ ਲਗਾਉਣਾ ਹੈ ਤਾਂ ਜਿਹੜੇ ਹੋਰ ਟੈਕਸ ਦੇਣੇ ਪੈਂਦੇ ਹਨ ਉਹ ਇਸ ਵਿਚ ਮਰਜ਼ ਕੀਤੇ ਜਾਣ। ਜਿਵੇਂ ਸੈਂਟਰਲ ਸੇਲਜ਼ ਟੈਕਸ, ਆਕਟਰਾਏ ਟੈਕਸ, ਐਂਟਰੀ ਟੈਕਸ, ਮਾਰਕੀਟਿੰਗ ਟੈਕਸ, ਸਟੈਂਪ ਡਿਊਟੀ ਇਹ ਸਾਰੇ ਟੈਕਸ ਮਰਜ਼ ਕਰਕੇ ਇਨ੍ਹਾਂ ਨੂੰ ਵੈਟ ਵਿਚ ਸ਼ਾਮਲ ਕਰ ਦਿਤਾ ਜਾਵੇ। ਇਹ ਵੀ ਹਾਰਸ਼ ਹੈ ਕਿ ਜੇ ਕਿਸੇ ਨੇ ਜਾਇਦਾਦ ਟਰਾਂਸਫਰ ਕਰਨੀ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਡਿਪਾਰਟਮੈਂਟ ਤੋਂ ਨੋ ਆਬਜੈਕਸ਼ਨ ਸਰਟੀਫਿਕੇਟ ਲੈਣਾ ਪਵੇਗਾ ਕਿ ਉਸ ਤੇ ਕੋਈ ਟੈਕਸ ਡਿਊ ਨਹੀਂ। ਇਹ ਕੰਮ ਜਿਸ ਤਰ੍ਹਾਂ ਚੱਲ ਰਿਹਾ ਹੈ ਇਸ ਤਰ੍ਹਾਂ ਹਜ਼ਾਰਾਂ ਰੁਪਏ ਸਰਟੀਫਿਕੇਟ ਲੈਣ ਵਾਸਤੇ ਰਿਸ਼ਵਤਾਂ ਦੇਣੀਆਂ ਪੈਣਗੀਆਂ। ਅੱਗੇ ਇਹ ਵੀ ਹੈ ਕਿ ਇੰਸਪੈਕਟਰ ਜੇ ਕੋਈ ਜਾਂਦਾ ਸੀ ਤਾਂ ਉਹ ਸਿਰਫ਼ ਗੁੱਡਜ਼ ਹੀ ਚੈਕ ਕਰਦਾ ਸੀ...ਹੁਣ ਉਸ ਦੇ ਵਿਚ ਇਹ ਵੀ ਲੈ ਆਂਦਾ ਹੈ ਅਮੈਂਡਮੈਂਟ ਜਿਹੜੀ ਹੋਈ ਹੈ, ਇਹ ਸਾਨੂੰ ਹੁਣੇ ਹੀ ਸਰਕੁਲੇਟ ਹੋਈ ਹੈ। ਇਸ ਦੇ ਵਿਚ ਤਾਂ ਪਤਾ ਨਹੀਂ ਕੀ-ਕੀ ਚੇਂਜਿਜ਼ ਕੀਤੀਆਂ ਹਨ। ਜੇ ਕੈਸ਼ ਵੀ ਪਾਇਆ ਹੋਵੇ ਜਾਂ ਵੈਲੀਉਏਬਲ ਚੀਜ਼ ਵੀ ਪਈ ਹੋਵੇ ਤਾਂ ਇਸ ਦੀ ਅਥਾਰਿਟੀ ਜਿਹੜੀ ਹੈ, ਉਹ ਚੈਕ ਕਰ ਸਕਦੇ ਹਨ। ਇੱਕ ਹੋਰ ਵੀ ਹੈ ਕਿ ਜਿਹੜਾ ਟੈਕਸ ਪੇਡ ਹੈ ਔਰ ਜੋ ਪੰਜਾਬ ਦੀਆਂ ਗੁੱਡਜ਼ ਐਕਸਪੋਰਟ ਹੁੰਦੀਆਂ ਹਨ ਅਤੇ ਇੰਟਰ ਸਟੇਟ ਜਾਂਦੀਆਂ ਹਨ, ਪਰੈਜ਼ੈਂਟ ਸਿਸਟਮ ਦੇ ਅੰਡਰ ਜਿਹੜਾ ਕਿ ਅੱਜਕੱਲ੍ਹ ਚਲ ਰਿਹਾ ਹੈ, ਸਿਰਫ ਆਰ.ਡੀ. ਫਾਰਮ ਹੀ ਦੇਣਾ ਪੈਂਦਾ ਹੈ। ਹੋਰ ਕੁਝ ਨਹੀਂ ਦੇਣਾ ਪੈਂਦਾ ਪਰ ਹੁਣ ਇਨ੍ਹਾਂ ਤੇ ਟੈਕਸ ਜਮ੍ਹਾਂ ਕਰਵਾਉਣਾ ਪਵੇਗਾ ਭਾਵੇਂ ਕਿ ਬਾਅਦ ਵਿਚ ਵਾਪਸ ਕਰ ਦਿੱਤਾ ਜਾਵੇਗਾ। ਔਰ ਇਹ ਕੋਈ ਪਤਾ ਨਹੀਂ ਕਿ ਵਾਪਸ ਹੋਣ ਵਿਚ ਕਿੰਨਾ ਸਮਾਂ ਲੱਗੇਗਾ। ਇਹ ਵੀ ਕਦਮ ਠੀਕ ਨਹੀਂ ਹੈ। ਕਈ ਸਟੇਟਾਂ ਨੇ ਇਹ ਵੀ ਕਰ ਦਿੱਤਾ ਹੈ ਕਿ ਵਿਦਇਨ ਸਪੈਸੀਫਾਈਡ ਪੀਰੀਅਡ ਉਹ ਟੈਕਸ ਵਾਪਸ ਕਰ ਦਿੱਤਾ ਜਾਵੇ। ਇਸ ਲਈ ਇਹ ਬਹੁਤ ਸਾਰੀਆਂ ਚੀਜ਼ਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਵਾਈਟ ਪੇਪਰ ਬਣਿਆ ਹੈ। ਜਿਸ ਨੂੰ ਕਿ ਸੈਂਟਰ ਦੇ ਫਾਈਨਾਂਸ ਮਨਿਸਟਰ ਨੇ ਸਾਰੀਆਂ ਸਟੇਟਾਂ ਦੇ ਫਾਈਨਾਂਸ ਮਨਿਸਟਰਾਂ ਦੀ ਸਹਿਮਤੀ ਨਾਲ ਵਾਈਟ ਪੇਪਰ ਕੱਢਿਆ ਸੀ, ਉਸ ਦੇ ਵਿਚ ਲਿਖਿਆ ਹੈ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਇਹ ਟੈਕਸ ਵਾਪਸ ਹੋਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇੱਕ ਐਗਜ਼ਿਮ ਫਾਰਮ ਬਾਰੇ ਬੜਾ ਰੌਲਾ ਪਇਆ ਰਿਹਾ ਹੈ। ਪਹਿਲਾਂ ਇਹ ਫਾਰਮ ਲੋੜੀਂਦੇ ਹੁੰਦੇ ਸਨ ਪਰ ਫਿਰ ਵਪਾਰੀਆਂ ਦੀਆਂ ਤਕਲੀਫਾਂ ਸੁਣਨ ਤੋਂ ਬਾਅਦ ਇਹ ਐਗਜ਼ਿਮ ਫਾਰਮ ਹਟਾ ਦਿੱਤਾ ਗਿਆ ਸੀ। ਹੁਣ ਵੈਟ ਸਿਸਟਮ ਵਿਚ ਫੇਰ ਤੋਂ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਇਹ ਫਾਰਮ ਲਾਗੂ ਹੋ ਜਾਣਾ ਹੈ ਜਿਸ ਦੇ ਨਾਲ ਵਪਾਰੀਆਂ ਨੂੰ ਕਾਫ਼ੀ ਤਕਲੀਫ ਹੋ ਜਾਣੀ ਹੈ। ਇਸ ਤੋਂ ਵੀ ਵੱਧ ਦੁਖ ਦੀ ਗੱਲ ਹੈ ਕਿ ਕਈ ਹੋਰ ਟੈਕਸ ਵੀ ਲਾਗੂ ਕਰ ਦਿੱਤੇ ਜਾਣਗੇ। ਇਨ੍ਹਾਂ ਨੇ ਐਗਰੀਕਲਚਰ ਖੇਤਰ ਨੂੰ ਵੀ ਨਹੀਂ ਬਖਸ਼ਿਆ। ਐਗਰੀਕਲਚਰ ਦਾ ਕਿੱਤਾ ਤਾਂ ਅੱਗੇ ਹੀ ਖਤਮ ਹੋ ਰਿਹਾ ਹੈ। ਪਹਿਲਾਂ ਇਹ ਹੁੰਦਾ ਸੀ ਕਿ ਜਿਹੜੇ ਖੇਤੀ ਦੇ ਇਕੁਵਿਪਮੈਂਟ ਸਨ, ਉਨ੍ਹਾਂ ਤੇ ਕੋਈ ਟੈਕਸ ਨਹੀਂ ਹੁੰਦਾ ਸੀ। ਹੁਣ ਇਨ੍ਹਾਂ ਨੇ ਇਹ ਕੀਤਾ ਹੈ ਕਿ ਜਿਹੜੇ ਐਗਰੀਕਲਚਰ ਦੇ ਇੰਪਲੀਮੈਂਟਸ ਵੀ ਹਨ, ਉਨ੍ਹਾਂ ਤੇ ਵੀ ਟੈਕਸ ਲਗਾ ਦਿੱਤਾ ਹੈ। ਨਾਲ ਹੀ ਇਹ ਕਿਹਾ ਹੈ ਕਿ ਜਿਹੜੇ ਸੰਦ ਤਾਂ ਆਦਮੀ ਖੁਦ ਖਿੱਚਦਾ ਹੈ ਜਾਂ ਜਾਨਵਰ ਖਿੱਚਦੇ ਹਨ, ਉਨ੍ਹਾਂ ਤੇ ਟੈਕਸ ਤੋਂ ਛੋਟ ਹੈ ਪਰ ਇਹ ਦੱਸਣ ਕਿ ਅੱਜ ਕੱਲ੍ਹ ਇਹੋ ਜਿਹਾ ਕਿਹੜਾ ਸੰਦ ਹੈ ਜਿਸ ਨੂੰ ਕਿ ਆਦਮੀ ਖਿੱਚਣ ਵੇਲੇ ਯੂਜ਼ ਕਰਦਾ ਹੈ ਜਾਂ ਜਾਨਵਰ ਖਿੱਚਣ ਵੇਲੇ ਯੂਜ਼ ਕਰਦੇ ਹਨ। ਹੁਣ ਤਾਂ ਸਾਰੇ ਖੇਤੀ ਵਿਚ ਮਸ਼ੀਨਰੀ ਹੀ ਯੂਜ਼ ਕਰਦੇ ਹਨ। ਪਹਿਲੀ ਦਫ਼ਾ ਵੈਟ ਦੇ ਤਹਿਤ 4% ਟੈਕਸ ਇਨ੍ਹਾਂ ਨੇ ਲਗਾ ਦਿੱਤਾ ਹੈ। ਟਰੈਕਟਰਾਂ ਦੇ ਵਿਚ ਜਿਹੜੇ ਪਾਰਟਸ ਹੁੰਦੇ ਹਨ ਜਾਂ ਕੰਬਾਈਨਾਂ ਦੇ ਵਿਚ ਜਿਹੜੇ ਪਾਰਟਸ ਹੁੰਦੇ ਹਨ, ਉਨ੍ਹਾਂ ਤੇ ਟੈਕਸ 12.5% ਲਗਾ ਦਿੱਤਾ ਹੈ। ਹੁਣ ਤੁਸੀਂ ਅੰਦਾਜ਼ਾ ਲਗਾ ਲਵੋਂ ਕਿ ਖੇਤੀ ਦੀ ਮਸ਼ੀਨਰੀ ਕਿੰਨੀ ਮਹਿੰਗੀ ਹੋ ਜਾਵੇਗੀ। ਖੇਤੀ ਦੀ ਮਸ਼ੀਨਰੀ ਸਬੰਧੀ ਆਪਾਂ ਅੱਜ ਜਿਸ ਹਾਲਤ ਵਿਚੋਂ ਲੰਘ ਰਹੇ ਹਾਂ ਤਾਂ ਕੀ ਇਸ ਤਰੀਕੇ ਨਾਲ ਖੇਤੀ ਕਰਨ ਵਾਲਾ ਬਚ ਸਕੇਗਾ। ਸਾਡੇ 70% ਇਹੋ ਜਿਹੀਆਂ ਆਈਟਮਜ਼ ਹੁੰਦੀਆਂ ਹਨ, ਜਿਹੜੀਆਂ ਕਿ ਟੈਕਸ ਦੇ ਵਿਚ ਅਨ-ਸਪੈਸੇਫਾਈਡ ਹੁੰਦੀਆਂ ਹਨ। ਉਹ ਜਿਹੜੀਆਂ 70% ਆਈਟਮਜ਼ ਅਨਸਪੈਸੇਫਾਈਡ ਹਨ, ਪਹਿਲਾਂ ਉਨ੍ਹਾਂ ਸਾਰੀਆਂ ਤੇ 8% ਟੈਕਸ ਲਗਦਾ ਸੀ। ਹੁਣ ਉਨ੍ਹਾਂ ਸਾਰੀਆਂ 70% ਤੇ 12% ਟੈਕਸ ਲਗਾ ਦਿੱਤਾ ਹੈ। ਜਿਸ ਦੇ ਕਾਰਨ ਇਨਫਲੇਸ਼ਨ ਵੀ ਵਧੇਗੀ ਅਤੇ ਮਹਿੰਗਾਈ ਵੀ ਹੋਵੇਗੀ। ਤੁਸੀਂ ਆਪ ਵੀ ਚੰਗੀ ਤਰ੍ਹਾਂ ਇਹ ਗੱਲ ਜਾਣਦੇ ਹੋ। ਇਨ੍ਹਾਂ ਚੀਜ਼ਾਂ ਨੂੰ ਦੇਖਦਿਆਂ ਹੋਇਆਂ ਕੁਝ ਸਟੇਟਾਂ ਨੇ ਇਸ ਸਿਸਟਮ ਨੂੰ ਨਕਾਰ ਦਿੱਤਾ ਹੈ। ਵੈਟ ਲਾਉਣ ਤੋਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਹੈ। ਛਤੀਸਗੜ੍ਹ, ਤਾਮਿਲਨਾਡੂ, ਯੂ.ਪੀ., ਮੱਧ ਪ੍ਰਦੇਸ਼, ਜੇ.ਐਂਡ ਕੇ., ਰਾਜਸਥਾਨ ਅਤੇ ਉਤਰਾਂਚਲ ਸਟੇਟਾਂ ਨੇ ਇਹ ਸਿਸਟਮ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸਾਡਾ ਪੰਜਾਬ ਇੱਕ ਬਾਰਡਰ ਦੀ ਸਟੇਟ ਹੈ। ਸਾਨੂੰ ਰਾਅ ਮੈਟੀਰੀਅਲ ਇੰਪੋਰਟ ਕਰਨਾ ਪੈਂਦਾ ਹੈ ਅਤੇ ਫਿਨਿਸ਼ਡ ਗੁੱਡਜ਼ ਵੀ ਬਾਹਰੋਂ ਲਿਆਉਣੀਆਂ ਪੈਂਦੀਆਂ ਹਨ ਅਤੇ ਇਸ ਦੇ ਲਈ ਸੈਂਟਰਲ ਸੇਲ ਟੈਕਸ ਦੇਣਾ ਪੈਂਦਾ ਹੈ। ਜਦੋਂ ਤੱਕ ਸੈਂਟਰਲ ਸੇਲ ਟੈਕਸ ਐਬੋਲਿਸ਼ ਨਹੀਂ ਹੁੰਦਾ ਉਦੋਂ ਤੱਕ ਇਹ ਟੈਕਸ ਲਿਆਉਣ ਦੇ ਬਾਰੇ ਸੋਚਣਾ ਨਹੀਂ ਚਾਹੀਦਾ। ਮੈਂ ਤਾਂ ਬੜਾ ਹੀ ਹੈਰਾਨ ਹਾਂ ਤੇ ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਲਾਗੂ ਨਾ ਕੀਤਾ ਜਾਵੇ। ਇਸ ਨੂੰ ਕੁਝ ਦੇਰ ਵਾਸਤੇ ਸਿਲੈਕਟ ਕਮੇਟੀ ਨੂੰ ਦੇ ਦਿੱਤਾ ਜਾਵੇ। ਮੈਂ ਇਹ ਵੀ ਕਹਾਂਗਾ ਕਿ ਬਹੁਤ ਸਾਰੀਆਂ ਇਹੋ ਜਿਹੀਆਂ ਆਈਟਮਜ਼ ਹਨ, ਜਿਹੜੀਆਂ ਕਿ ਬਹੁਤ ਸੈਂਸਟਿਵ ਹਨ। ਉਨ੍ਹਾਂ ਤੇ ਵੀ ਟੈਕਸ ਲੱਗ ਗਿਆ ਹੈ। ਐਗਰੀਕਲਚਰ ਦੇ ਇੰਪਲੀਮੈਂਟ ਅਤੇ ਇਕਵਿਪਮੈਂਟ ਤੇ 4% ਟੈਕਸ ਲਗ ਗਿਆ ਜਦੋਂ ਕਿ ਪਹਿਲੇ ਕੋਈ ਟੈਕਸ ਨਹੀਂ ਹੁੰਦਾ ਸੀ। ਇਸੇ ਤਰ੍ਹਾਂ ਕਰਿਆਨਾ ਆਈਟਮਾਂ ਤੇ ਵੀ 4% ਟੈਕਸ ਲਗ ਗਿਆ ਹੈ ਅਤੇ ਕਈ ਕਰਿਆਣਾ ਆਈਟਮਜ਼ ਤੇ 12% ਟੈਕਸ ਲਗ ਗਿਆ ਹੈ। ਸਟੇਸ਼ਨਰੀ ਅਤੇ ਨੋਟ ਬੁਕਸ ਤੇ 4% ਟੈਕਸ ਲਗ ਗਿਆ ਹੈ। ਪ੍ਰੋਸੈਸਡ ਨਮਕ ਤੇ 4% ਟੈਕਸ ਲਗ ਗਿਆ ਹੈ ਜਦੋਂ ਕਿ ਪਹਿਲਾਂ ਕੋਈ ਟੈਕਸ ਨਹੀਂ ਹੁੰਦਾ ਸੀ। ਆਰਡੀਨੈਂਸ ਰਾਹੀਂ ਇਨ੍ਹਾਂ

ਨੇ ਪਹਿਲੇ 8% ਟੈਕਸ ਲਗਾਇਆ ਸੀ ਪਰ ਹੁਣ ਇਹ ਬਿਲ ਰਾਹੀਂ 12.5% ਟੈਕਸ ਲਗਾ ਰਹੇ ਹਨ। ਫਰਟੇਲਾਈਜ਼ਰ ਤੇ ਪਹਿਲਾਂ ਕੋਈ ਟੈਕਸ ਨਹੀਂ ਸੀ, ਹੁਣ ਇਸ ਉਤੇ ਵੀ 4% ਟੈਕਸ ਲਗਾ ਦਿੱਤਾ ਗਿਆ। ਇਸ ਕਰਕੇ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਇਕ ਕੰਪਲੀਕੇਟਿਡ ਅਤੇ ਹਾਰਸ਼ ਬਿਲ ਹੈ। ਇਹ ਬਿਲ ਕਿਸਾਨਾਂ ਵਿਰੋਧੀ, ਵਪਾਰੀਆਂ ਵਿਰੋਧੀ ਅਤੇ ਇੰਡਸਟਰੀਲਿਸਟਾਂ ਦੇ ਵਿਰੁੱਧ ਹੈ। ਇਨ੍ਹਾਂ ਲੋਕਾਂ ਉਤੇ ਬੜਾ ਭਾਰੀ ਅਸਰ ਕਰੇਗਾ। ਇਸ ਕਰਕੇ ਇਸ ਬਿਲ ਨੂੰ ਸਿਲੈਕਟ ਕਮੇਟੀ ਹਾਊਸ ਦੀ ਬਣਾ ਕੇ ਉਸ ਦੇ ਸਪੁਰਦ ਕਰ ਦਿੱਤਾ ਜਾਵੇ। ਹਾਲੇ ਤੱਕ ਸਾਨੂੰ ਇਹ ਵੀ ਪਤਾ ਨਹੀਂ ਹੈ ਕਿ ਇਸ ਤੋਂ ਕਿੰਨੀ ਆਮਦਨੀ ਸਰਕਾਰ ਨੂੰ ਹੋਵੇਗੀ। ਇਸ ਦੇ ਵਿਚ ਬੜੀ ਅਨਸਰਟੇਨਟੀ ਹੈ। ਪਹਿਲੇ ਸਾਨੂੰ ਸੈਂਟਰਲ ਗੌਰਮਿੰਟ ਤੋਂ ਟੈਕਸਾਂ ਵਿਚ ਹਿੱਸਾ ਘੱਟ ਮਿਲਦਾ ਹੈ ਔਰ ਜੇਕਰ ਹੋਰ ਟੈਕਸ ਦਾ ਹਿੱਸਾ ਘਟ ਗਿਆ ਤਾਂ ਸਾਡੀਆਂ ਹੋਰ ਮੁਸ਼ਿਕਲਾਂ ਵਧ ਜਾਣਗੀਆਂ। ਇਸ ਨੂੰ ਪਾਸ ਕਰਵਾਉਣ ਵਿਚ ਸਰਕਾਰ ਨੂੰ ਪ੍ਰੈਸਟਿਜ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ। ਇਸ ਕਰਕੇ ਇਸ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਵੇ। ਉਸ ਤੋਂ ਬਾਅਦ ਰਿਪੋਰਟ ਆਉਣ ਤੇ ਬਿਲ ਦੀ ਸ਼ਕਲ ਵਿਚ ਪੇਸ਼ ਕੀਤਾ ਜਾਵੇ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ (ਸ਼੍ਰੀ ਅਸ਼ਵਨੀ ਸੇਖੜੀ)** : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਉਤੇ ਬੋਲਣ ਲਈ ਵਕਤ ਦਿੱਤਾ ਹੈ। ਹਿੰਦੁਸਤਾਨ ਵਿਚ ਟੈਕਸਾਂ ਵਿਚ ਰਿਫਾਰਮਜ਼ ਲਿਆਉਣ ਲਈ ਵੈਟ ਨੂੰ ਲਾਗੂ ਕੀਤਾ ਜਾ ਰਿਹਾ ਹੈ। ਟੈਕਸ ਸਿਸਟਮ ਵਿਚ ਸੁਧਾਰ ਕਰਨ ਲਈ ਡਾਕਟਰ ਮਨਮੋਹਨ ਸਿੰਘ ਜੋ ਕਿ ਗਰੇਟੈਸ ਇਕੋਨੋਮਿਸਟ ਆਫ ਦੀ ਵਰਲਡ ਹਨ ਜੋ ਪਹਿਲੇ ਸਾਡੇ ਫਾਈਨੈਂਸ ਮਨਿਸਟਰ ਗੌਰਮਿੰਟ ਆਫ ਇੰਡੀਆ ਰਹੇ ਹਨ, ਉਨ੍ਹਾਂ ਨੇ ਟੈਕਸਾਂ ਵਿਚ ਰਿਫਾਰਮਜ਼ ਲਿਆਉਣ ਲਈ ਕਈ ਕਦਮ ਪਹਿਲੇ ਚੁੱਕੇ ਸਨ ਅਤੇ ਉਸ ਵਕਤ ਵੈਟ ਦੀ ਗੱਲ ਚਲੀ ਸੀ। ਇਸ ਉਤੇ ਵਿਚਾਰ ਵਟਾਂਦਰਾ ਕਰਨ ਲਈ ਇਸ ਨੂੰ ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਫਾਈਨੈਂਸ ਐਂਡ ਪਾਲਿਸੀ ਨੂੰ ਰੈਫਰ ਕੀਤਾ ਗਿਆ ਸੀ। ਇਸ ਇੰਸਟੀਚਿਊਟ ਨੇ ਕਾਫੀ ਵਿਚਾਰ ਵਟਾਂਦਰਾ ਅਤੇ ਸਟਡੀ ਕਰਨ ਤੋਂ ਬਾਅਦ ਆਪਣੀ ਰਿਪੋਰਟ ਸਬਮਿਟ ਕੀਤੀ ਹੈ ਜਿਸ ਵਿਚ ਸਾਰੀਆਂ ਸਟੇਟਾਂ ਨੂੰ ਟੈਕਸਾਂ ਵਿਚ ਯੂਨੀਫਾਰਮਿਟੀ ਲਿਆਉਣ ਦੀ ਕੋਸਿਸ਼ ਕੀਤੀ ਗਈ ਹੈ। ਇਸ ਸਬੰਧੀ ਰਿਪੋਰਟ ਸਬਮਿਟ ਹੋ ਚੁੱਕੀ ਹੈ ਅਤੇ ਇਸ ਸਬੰਧੀ ਕਾਫੀ ਮੀਟਿੰਗਜ਼ ਹੋ ਚੁੱਕੀਆਂ ਹਨ। ਮੇਰੇ ਕੋਲ ਇਨਫਰਮੇਸ਼ਨ ਹੈ ਕਿ ਇਸ ਦੀ ਪਹਿਲੀ ਮੀਟਿੰਗ 16 ਨਵੰਬਰ, 1999 ਨੂੰ ਹੋਈ ਸੀ ਜਿਸ ਵਿਚ ਸਾਰੇ ਹਿੰਦੁਸਤਾਨ ਦੇ ਚੀਫ ਮਨਿਸਟਰਜ਼ ਅਤੇ ਫਾਈਨੈਂਸ ਮਨਿਸਟਰਜ਼ ਹਾਜ਼ਰ ਹੋਏ ਸਨ ਅਤੇ ਸਾਡੇ ਐਕਸ ਚੀਫ ਮਨਿਸਟਰ ਬਾਦਲ ਸਾਹਿਬ ਵੀ ਇਸ ਮੀਟਿੰਗ ਵਿਚ ਗਏ ਸਨ। ਉਸ ਵੇਲੇ ਵੀ ਵੈਟ ਸਬੰਧੀ ਬਿਲ ਤੇ ਡਿਸਕਸ਼ਨ ਹੋਈ ਸੀ ਅਤੇ ਕਾਫੀ ਸੋਚ ਵਿਚਾਰ ਤੋਂ ਬਾਅਦ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ ਕਿ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

convert sales tax into Value Added Tax by moving over to a multiple system of taxation with rebate for tax on all purchases with only minimal exceptions. ਇਸ ਦਾ ਮਤਲਬ ਸੀ ਕਿ ਜੋ ਵੇਚੇਗਾ ਉਸ ਉਤੇ ਟੈਕਸ ਲੱਗੇਗਾ ਅਤੇ ਜਿਹੜਾ ਅੱਗੇ ਲਵੇਗਾ ਉਸ ਨੂੰ ਕਰੈਡਿਟ ਮਿਲੇਗਾ। ਇਹ ਸਾਰਾ ਟੈਕਸ ਕੰਜ਼ਿਊਮਰ ਦੇ ਉਤੇ ਘੱਟ ਲੱਗੇਗਾ। ਇਹ ਵੈਟ ਬਿਲ ਦੁਨੀਆਂ ਦੇ 130 ਮੁਲਕਾਂ ਵਿਚ ਲੱਗਿਆ ਹੋਇਆ ਹੈ ਅਤੇ ਹਿੰਦੁਸਤਾਨ ਦੀਆਂ 21 ਸਟੇਟਸ ਨੇ ਲਾਗੂ ਕਰਨ ਲਈ ਅਪਰੂਵਲ ਵੀ ਦੇ ਦਿੱਤੀ ਹੈ। ਇਸ ਸਬੰਧੀ ਸਟੇਟਸ ਦੇ ਚੀਫ ਮਨਿਸਟਰਜ਼ ਅਤੇ ਫਾਈਨੈਂਸ ਮਨਿਸਟਰਜ਼ ਨੇ ਫੈਸਲਾ ਕੀਤਾ ਹੈ ਕਿ 1 ਅਪ੍ਰੈਲ, 2005 ਤੋਂ ਲਾਗੂ ਕਰ ਦਿੱਤਾ ਜਾਵੇ। ਇਸ ਵਿੱਚ ਸਭ ਤੋਂ ਵੱਡੀ ਗੱਲ ਗੌਰਮਿੰਟ ਆਫ ਇੰਡੀਆ ਨੇ ਕੀਤੀ ਹੈ ਕਿ 5,000 ਕਰੋੜ ਰੁਪਏ ਦੇ ਕਰੀਬ ਪੈਸਾ ਰਿਜ਼ਰਵ ਕਰਕੇ ਰੱਖਿਆ ਹੈ ਕਿ ਅਗਰ ਕਿਸੇ ਸਟੇਟ ਵਿੱਚ ਵੈਟ ਸਿਸਟਮ ਲਾਗੂ ਕਰਨ ਤੇ ਉਸ ਦਾ ਰੈਵੇਨਿਊ ਘਟਦਾ ਹੈ ਤਾਂ 5,000 ਕਰੋੜ ਰੁਪਏ ਵਿਚੋਂ ਉਸਨੂੰ ਕੰਪਨਸੇਟ ਕੀਤਾ ਜਾਵੇ। ਮਤਲਬ ਕਿ ਪੰਜਾਬ ਗੌਰਮਿੰਟ ਨੂੰ ਕੋਈ ਲਾਸ ਨਹੀਂ ਹੋਣਾ। ਜੇ ਸਟੇਟ ਦਾ ਰੈਵੇਨਿਊ ਘਟੇਗਾ ਤਾਂ ਗੌਰਮਿੰਟ ਆਫ ਇੰਡੀਆ ਕੰਪਨਸੇਟ ਕਰੇਗੀ ਤੇ ਅਲਟੀਮੇਟਲੀ ਪੰਜਾਬ ਦੇ ਕੰਜ਼ਿਊਮਰ ਨੂੰ ਇਸ ਦੇ ਨਾਲ ਫਾਇਦਾ ਹੀ ਹੋਣਾ ਹੈ, ਨੁਕਸਾਨ ਨਹੀਂ ਹੋਣਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਵਿਚ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਵੈਟ ਬਿਲ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਲਿਆਂਦਾ ਹੈ, ਇਸ ਦੇ ਕਈ ਅੱਛੇ ਫੀਚਰਜ਼ ਹਨ ਜਿਹੜੇ ਕਿ ਸਾਡੇ ਹਾਊਸ ਦੇ ਧਿਆਨ ਯੋਗ ਹਨ। ਉਦਾਹਰਣ ਵਜੋਂ, ਇਸ ਬਿਲ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ ਕਿ 5 ਲੱਖ ਰੁਪਏ ਤੱਕ ਦੀ ਟਰਨਓਵਰ ਵਾਲੇ ਜਿਹੜੇ ਬਹੁਤ ਛੋਟੇ-ਛੋਟੇ ਦੁਕਾਨਦਾਰ, ਟਰੇਡਰ ਅਤੇ ਮੈਨੂਫੈਕਚਰਰਜ਼ ਹਨ, ਜਿਨ੍ਹਾਂ ਦੀ ਸਾਲਾਨਾ ਟਰਨਓਵਰ 5 ਲੱਖ ਰੁਪਏ ਤੱਕ ਹੈ, ਉਨ੍ਹਾਂ ਨੂੰ ਪੂਰੀ ਟੈਕਸ ਐਗਜ਼ੈਂਪਸ਼ਨ ਦਿੱਤੀ ਗਈ ਹੈ। ਅੱਗੇ ਜਿਹੜੇ ਟਰੇਡਰਜ਼ ਸਾਲ ਦੀ 25 ਲੱਖ ਰੁਪਏ ਤੱਕ ਦੀ ਸੇਲ ਕਰਦੇ ਹਨ, ਮੈਨੂਫੈਕਚਰਿੰਗ ਕਰਦੇ ਹਨ, ਇਸ ਵਿਚ ਸਮਾਲ ਸਕੇਲ ਇੰਡਸਟਰੀਜ਼ ਤੇ ਹੋਰ ਟਰੇਡਰਜ਼ ਕਵਰ ਹੋ ਜਾਂਦੇ ਹਨ, ਉਨ੍ਹਾਂ ਨੂੰ ਟੀ. ਓ. ਟੀ. ਵਿਚ ਲਿਆਉਣ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਤੇ ਉਸਨੂੰ ਵੀ ਸਿੰਪਲੀਫਾਈ ਕੀਤਾ ਗਿਆ ਹੈ ਯਾਨੀ ਉਹ ਜਿੰਨੀ ਸਾਲ ਦੀ ਸੇਲ ਕਰੇਗਾ, ਉਸਦਾ 2% ਟੈਕਸ ਦੇਵੇਗਾ, ਫੇਰ ਉਸਨੂੰ ਹੋਰ ਕਿਸੇ ਨੂੰ ਦੇਖਣ ਦੀ ਜ਼ਰੂਰਤ ਨਹੀਂ ਹੈ। ਸਪੀਕਰ ਸਾਹਿਬ, ਇਹ ਬਹੁਤ ਵੱਡੀ ਪ੍ਰੋਵੀਜ਼ਨ ਹੈ ਜਿਹੜੀ ਕਿ ਇਸ ਬਿਲ ਵਿਚ ਕੀਤੀ ਗਈ ਹੈ।

ਅੱਗੇ, ਸਪੀਕਰ ਸਾਹਿਬ, ਮੇਰੇ ਕੋਲ ਛੋਟੇ-ਛੋਟੇ ਸੁਜੈਸ਼ਨ ਵੀ ਹਨ, ਕਿਉਂਕਿ ਮੈਨੂੰ ਕਈ ਟਰੇਡਰਜ਼, ਇੰਡਸਟਰੀ ਵਾਲੇ ਲੋਕ ਮਿਲੇ ਹਨ, ਉਹ ਮੈਂ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਜਿਹੜੀ ਇਸ ਬਿਲ ਵਿਚ ਥਰੈਸ਼ੋਲਡ ਲਿਮਿਟ 5 ਲੱਖ ਰੁਪਏ ਤੱਕ ਰੱਖੀ ਗਈ ਹੈ, ਉਸਨੂੰ ਵਧਾ ਕੇ ਸਾਢੇ ਸੱਤ ਲੱਖ ਜਾਂ 10 ਲੱਖ ਰੁਪਏ ਕਰ ਦਿੱਤੀ ਜਾਵੇ ਤੇ ਜਿਹੜੀ ਟੀ. ਓ. ਟੀ. ਦੀ ਲਿਮਿਟ ਹੈ, ਉਹ ਵੀ ਵਧਾ ਕੇ 25 ਲੱਖ ਤੋਂ 30 ਲੱਖ ਤੱਕ ਜਾਂ 35 ਲੱਖ ਰੁਪਏ ਤੱਕ ਦੀ ਟਰਨਓਵਰ ਤੱਕ ਕਰ ਦਿੱਤੀ ਜਾਵੇ ਤਾਕਿ ਹੋਰ ਲੋਕਾਂ ਦੀ, ਟਰੇਡਰਜ਼ ਦੀ ਇਸ ਵਿਚ ਕਵਰੇਜ ਹੋ ਜਾਵੇ। ਟੀ. ਓ. ਟੀ. ਦੀ ਜਿਹੜੀ ਇਸ ਵਿਚ 2% ਦੀ ਪ੍ਰੋਵੀਜ਼ਨ ਪ੍ਰੋਪੋਜ਼ ਕੀਤੀ ਗਈ ਹੈ, ਅਗਰ ਉਹ 1% ਹੋ ਜਾਵੇ ਤਾਂ ਕਾਫੀ ਲੋਕ ਟੈਕਸ ਦੇਣ ਨੂੰ

ਤਿਆਰ ਹੋ ਜਾਣਗੇ ਕਿਉਂਕਿ ਲੋਕ ਚਾਹੁੰਦੇ ਹਨ ਕਿ ਟੈਕਸ ਦਈਏ ਪਰ ਹਰਾਸਮੈਂਟ ਵਿਚ ਨਹੀਂ ਪੈਣਾ ਚਾਹੁੰਦੇ। 1% ਟੈਕਸ ਦੇਣ ਵਿਚ ਕਿਸੇ ਨੂੰ ਤਕਲੀਫ ਵੀ ਨਹੀਂ ਹੋਵੇਗੀ ਜਿਸ ਰੈਵੇਨਿਊ ਨਾਲ ਫੇਰ ਸਕੂਲ, ਕਾਲੇਜਿਜ਼, ਹਸਪਤਾਲ ਬਣਨਗੇ। ਇਸ ਤਰ੍ਹਾਂ 1% ਕਰਨ ਨਾਲ ਕੋਈ ਜ਼ਿਆਦਾ ਫਰਕ ਵੀ ਨਹੀਂ ਪੈਂਦਾ।

ਇਸ ਬਿਲ ਵਿਚ ਜਿਹੜੀ ਇਕ ਹੋਰ ਸ਼ਲਾਘਾਯੋਗ ਗੱਲ ਹੈ, ਉਹ ਇਹ ਹੈ ਕਿ 43 ਜ਼ਰੂਰੀ ਆਈਟਮਜ਼ ਵੈਟ ਰਿਜ਼ੀਮ ਵਿਚ ਬਿਲਕੁਲ ਐਗਜ਼ੈਂਪਟ ਕੀਤੀਆਂ ਹਨ। ਮੇਰੇ ਕੋਲ ਉਨ੍ਹਾਂ ਦੀ ਲਿਸਟ ਵੀ ਹੈ। ਐਗਰੀਕਲਚਰ ਦੇ ਇੰਪਲੀਮੈਂਟਸ, ਮੈਨੂਅਲੀ ਜਾਂ ਐਨੀਮਲ ਡਰਿਵਨ, ਜਿਹੜੇ ਛੋਟੇ ਕਿਸਾਨਾਂ ਨਾਲ ਰਿਲੇਟਿਡ ਆਈਟਮਜ਼ ਹਨ, ਜਿਵੇਂ ਟੋਕਾ ਵਗੈਰਾ, ਉਹ ਟੋਟਲੀ ਐਗਜ਼ੈਂਪਟਿਡ ਹਨ। ਬਾਕੀ ਅਸੈਂਸ਼ੀਅਲ ਆਈਟਮਜ਼ 43 ਹਨ ਜਿਹੜੀਆਂ ਐਗਜ਼ੈਂਪਟ ਕੀਤੀਆਂ ਹਨ। ਨਾਲ ਦੀ ਨਾਲ ਜਿਹੜਾ ਰੇਟ ਆਫ ਟੈਕਸੇਸ਼ਨ ਹੈ, ਉਸਨੂੰ ਵੀ ਬੜਾ ਰੈਸ਼ਨੇਲਾਈਜ਼ ਕੀਤਾ ਗਿਆ ਹੈ। ਬਿਲ ਵਿਚ ਪਰੋਪੋਜ਼ ਕੀਤਾ ਗਿਆ ਹੈ ਕਿ ਟੈਕਸ 1% ਤੋਂ 4% 270 ਆਈਟਮਜ਼ ਤੇ ਹੈ। 4% ਟੈਕਸ ਹੁਣ ਜਿਹੜੀਆਂ ਚੀਜ਼ਾਂ ਤੇ ਲੱਗਣਾ ਹੈ, ਉਨ੍ਹਾਂ ਤੇ ਪਹਿਲਾਂ 8% ਟੈਕਸ ਲੱਗਦਾ ਸੀ। ਐਸੀਆਂ 45 ਆਈਟਮਜ਼ ਨੂੰ 8% ਤੋਂ ਘਟਾ ਕੇ 4% ਟੈਕਸ ਤੇ ਲਿਆਂਦਾ ਹੈ ਔਰ ਸਾਢੇ 12% ਟੈਕਸ ਸਿਰਫ ਲਗਜ਼ਰੀ ਆਈਟਮਜ਼ ਤੇ ਹੈ। 4% ਟੈਕਸ ਰੋਜ਼ਮਰਾ ਦੀਆਂ ਜ਼ਰੂਰੀ ਆਈਟਮਜ਼ ਤੇ ਲੱਗਿਆ ਹੈ, ਸਿਰਫ ਲਗਜ਼ਰੀ ਆਈਟਮਜ਼ ਤੇ 12% ਟੈਕਸ ਲੱਗਿਆ ਹੈ।

ਏਸੇ ਤਰ੍ਹਾਂ ਇਸ ਟੈਕਸ ਸਿਸਟਮ ਨਾਲ ਮਲਟੀਪਲ ਟੈਕਸੇਸ਼ਨ ਸਿਸਟਮ ਜਿਹੜਾ ਹੈ, ਉਹ ਵੀ ਖਤਮ ਕੀਤਾ ਗਿਆ ਹੈ। ਇਸ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਸਿੰਗਲ ਟੈਕਸ ਸਿਸਟਮ ਲਿਆਂਦਾ ਜਾਵੇ। ਜਿਸ ਤਰ੍ਹਾਂ ਕਿ ਇਸ ਵਿਚ ਸਰਚਾਰਜ ਆਨ ਸੇਲ ਟੈਕਸ ਔਰ ਐਂਟਰੀ ਟੈਕਸ ਅਬਾਲਿਸ਼ ਕਰ ਦਿੱਤਾ ਗਿਆ ਹੈ, ਇਹ ਵੀ ਇਸ ਵਿਚ ਇਕ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਗਿਆ ਹੈ। ਹੁਣ ਨਾ ਹੀ ਐਂਟਰੀ ਟੈਕਸ ਦੇਣਾ ਪਵੇਗਾ ਤੇ ਨਾ ਹੀ ਸਰਚਾਰਜ ਆਨ ਸੇਲ ਟੈਕਸ ਦੇਣਾ ਪਵੇਗਾ, it is gone with this. ਮੈਂ ਜੋ ਹੁਣੇ ਬਾਦਲ ਸਾਹਿਬ ਨੇ ਵੀ ਜਿਵੇਂ ਕਿਹਾ ਹੈ, ਇਸ ਚੀਜ਼ ਨੂੰ ਵੀ ਸਪੋਰਟ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਆਕਟਰਾਏ ਹੈ, ਮੁੱਖ ਮੰਤਰੀ ਜੀ ਨੇ ਜਿਵੇਂ ਅਨਾਊਂਸਮੈਂਟ ਵੀ ਕੀਤੀ ਸੀ ਤੇ ਇਹ ਸਾਡੇ ਮੈਨੀਫੈਸਟੋ ਵਿਚ ਵੀ ਹੈ, ਇਹ ਆਕਟਰਾਏ ਲੱਗਣ ਨਾਲ ਇਕ ਤਰ੍ਹਾਂ ਨਾਲ ਡਬਲ ਟੈਕਸ ਲੱਗ ਜਾਂਦਾ ਹੈ। ਵੈਟ ਸਿਸਟਮ ਲਾਗੂ ਹੋਣ ਤੋਂ ਬਾਅਦ ਬੇਸ਼ੱਕ ਸਲੋਅਲੀ, within one year or so, ਅਗਰ ਆਕਟਰਾਏ ਅਬਾਲਿਸ਼ ਹੋ ਜਾਵੇ ਤਾਂ ਇਸ ਨਾਲ ਬਹੁਤ ਸਾਰੇ ਟਰੇਡਰਜ਼ ਨੂੰ, ਕਾਰਖਾਨੇਦਾਰਾਂ ਨੂੰ ਬੈਨੀਫਿਟ ਹੋਵੇਗਾ। ਇਹ ਜਿਹੜਾ ਟੈਕਸ ਵੈਟ ਵਿਚੋਂ ਆਉਣਾ ਹੈ, ਉਸਦੇ ਨਾਲ ਕੰਪਨਸੇਟ ਹੋ ਜਾਵੇ। ਇਸ ਵਿਚ ਸਭ ਤੋਂ ਇੰਪਾਰਟੈਂਟ ਪੁਆਇੰਟ ਹੈ ਕਿ ਇੰਸਪੈਕਟਰੀ ਰਾਜ, ਸਰਕਾਰੀ ਮੁਲਾਜ਼ਮਾਂ ਦਾ ਦਖਲ ਜਿਹੜਾ ਹੈ, ਉਹ ਖਤਮ ਕੀਤਾ ਗਿਆ ਹੈ। ਇਹ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਇਕ ਬਹੁਤ ਵੱਡੀ ਰਾਹਤ ਦਿੱਤੀ ਗਈ ਹੈ ਜਿਸ ਵਿਚ ਸੈਲਫ ਅਸੈੱਸਮੈਂਟ ਸਿਸਟਮ ਇੰਟਰੋਡਿਊਸ ਕੀਤਾ ਗਿਆ ਹੈ। ਇਸ ਦੇ ਨਾਲ ਜਿਹੜਾ ਵੀ ਟਰੇਡਰ ਹੈ ਜਾਂ ਮੈਨੂਫੈਕਚਰਰ ਹੈ, ਉਸ ਦੇ ਉਪਰ ਸਰਕਾਰ ਨੇ ਇਕ ਬੜਾ ਵੱਡਾ ਕਾਨਫੀਡੈਂਸ ਰੱਖਿਆ ਹੈ ਕਿ ਉਹ ਜੋ ਵੀ ਆਪਣੀ ਸੇਲਜ਼ ਖੁਦ ਅਸੈੱਸ ਕਰਦਾ ਹੈ, ਉਸ ਨੂੰ ਡੀਮਡ ਟੂ ਬੀ ਅਸੈੱਸਡ ਮੰਨਿਆ ਜਾਵੇਗਾ। ਉਸ ਦੇ ਵਿਚ ਕੋਈ ਇਨਕੁਆਇਰੀ ਨਹੀਂ ਹੋਵੇਗੀ ਅਤੇ ਕੋਈ ਘੋਖ ਨਹੀਂ ਕੀਤੀ ਜਾਵੇਗੀ। ਸੈਲਫ ਅਸੈੱਸਮੈਂਟ ਸਿਸਟਮ ਵਿਚ ਕਿਸੇ ਨੂੰ ਕੋਈ ਰੇਡ ਕਰਨ ਦਾ ਜਾਂ ਚੈਕਿੰਗ ਕਰਨ ਦਾ ਅਧਿਕਾਰ ਨਹੀਂ ਹੋਵੇਗਾ। ਕੋਈ ਕਰਮਚਾਰੀ ਕਿਸੇ ਬਹੁਤ ਸੀਨੀਅਰ ਲੈਵਲ ਦੇ ਅਫਸਰ ਤੋਂ ਪੁੱਛ ਕੇ ਰੇਡ ਜਾਂ ਚੈਕਿੰਗ ਕਰਨ ਜਾ ਸਕਦਾ ਹੈ। ਮਹਿਕਮੇ ਦੇ ਆਮ ਕਰਮਚਾਰੀ ਇਹ ਕੰਮ ਨਹੀਂ ਕਰ ਸਕਣਗੇ। ਇਸ ਦੇ ਵਿੱਚ ਇਕ ਹੋਰ ਲਿਬਰਲ ਟੈਕਸੇਸ਼ਨ ਸਿਸਟਮ ਦਿੱਤਾ ਹੈ ਕਿ ਜਿਹੜਾ ਕਰੈਡਿਟ ਹੈ ਇਨ-ਪੁਟ ਦਾ, ਉਹ ਆਟੋਮੈਟੀਕਲੀ ਮਿਲਣਾ ਹੈ ਅਤੇ ਰਿਫੰਡ ਵੀ ਆਸਾਨੀ ਨਾਲ ਮਿਲਣਾ ਹੈ। ਇਕ ਹੋਰ ਬਹੁਤ ਵੱਡੀ ਪ੍ਰੋਵੀਜ਼ਨ ਇਸ ਬਿਲ ਵਿਚ ਕੀਤੀ ਗਈ ਹੈ - common frame work of offences and penalties. ਜੇ ਕਿਸੇ ਨੇ ਗਲਤੀ ਨਾਲ ਟੈਕਸ ਨਹੀਂ ਦਿੱਤਾ ਤਾਂ ਕੋਈ ਪੈਨੈਲਿਟੀਜ਼ ਨਹੀਂ ਲਗਾਈਆਂ ਜਾਣਗੀਆਂ। Discriminatory powers for the officer to impose penalty has been done away with. ਕੋਈ ਅਫਸਰ ਆਪਣੀ ਮਰਜ਼ੀ ਨਾਲ ਕੋਈ ਪੈਨੈਲਿਟੀ ਨਹੀਂ ਲਗਾ ਸਕਦਾ। ਕਾਨੂੰਨ ਵਿਚ ਜੋ ਪੈਨੈਲਿਟੀ ਤਹਿ ਹੈ, ਉਸ ਦੇ ਮੁਤਾਬਿਕ ਹੀ ਉਹ ਪੈਨੈਲਿਟੀ ਲਗਾ ਸਕਦਾ ਹੈ। ਇਸ ਦੇ ਨਾਲ ਹੀ ਉਸ ਨੂੰ ਪ੍ਰੋਸੀਕਿਊਟ ਵੀ ਨਹੀਂ ਕੀਤਾ ਜਾਵੇਗਾ। ਪਹਿਲਾਂ ਇਹ ਸੀ ਕਿ ਜੇ ਕਿਸੇ ਵਪਾਰੀ ਕੋਲੋਂ ਕੋਈ ਗਲਤੀ ਹੋ ਜਾਂਦੀ ਸੀ ਤਾਂ ਉਸ ਨੂੰ 3-3 ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਹੋ ਜਾਂਦੀ ਸੀ। No prosecution provision has been given in this VAT Bill. ਇਸ ਦੇ ਨਾਲ ਹੀ ਇਸ ਵਿਚ ਇਕ ਅਪੀਲ ਦਾ ਵੀ ਸਿਸਟਮ ਰੱਖਿਆ ਗਿਆ ਹੈ ਅਤੇ ਇਸ ਦੇ ਵਾਸਤੇ ਇਕ ਟ੍ਰਿਬਿਊਨਲ ਬਣਾਉਣ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਇਹ ਮਲਟੀ ਮੈਂਬਰ ਟ੍ਰਿਬਿਊਨਲ ਬਣੇਗਾ। ਚੀਫ ਸੈਕਟਰੀ ਜਾਂ ਹਾਈ ਕੋਰਟ ਦੇ ਰਿਟਾਇਰਡ ਜੱਜ ਦੇ ਲੈਵਲ ਦੇ ਅਫਸਰ ਇਸ ਦੇ ਮੈਂਬਰ ਹੋਣਗੇ। ਉਸ ਟ੍ਰਿਬਿਊਨਲ ਵਿਚ ਵਪਾਰੀਆਂ ਨੂੰ ਇਨਸਾਫ ਮਿਲੇਗਾ। ਸਪੀਕਰ ਸਾਹਿਬ, ਜਿਹੜਾ ਵੈਟ ਕਾਨੂੰਨ ਪੰਜਾਬ ਵਿਚ ਇੰਟਰੋਡਿਊਸ ਕੀਤਾ ਗਿਆ ਹੈ ਅਤੇ ਜਿਹੜਾ ਕਾਨੂੰਨ ਦੂਸਰੀਆਂ ਸਟੇਟਾਂ ਵਿਚ ਇੰਟਰੋਡਿਊਸ ਕੀਤਾ ਗਿਆ ਹੈ, ਮੈਂ ਇਨ੍ਹਾਂ ਦੋਹਾਂ ਨੂੰ ਕੰਪੇਅਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਵਿਚ ਮੈਂ 3-4 ਪੁਆਇੰਟ ਨੋਟ ਕੀਤੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਮੁੱਖ ਮੰਤਰੀ ਅਤੇ ਦੂਜੇ ਮੰਤਰੀ ਸਾਹਿਬਾਨ ਨੇ ਬੜੀ ਮਿਹਨਤ ਨਾਲ ਇਸ ਵੈਟ ਕਾਨੂੰਨ ਨੂੰ ਬਣਾਇਆ ਹੈ। ਇਸ ਕਾਨੂੰਨ ਵਿਚ ਸਾਡੀ ਸਰਕਾਰ ਦੂਜੀਆਂ ਸਟੇਟਾਂ ਦੇ ਮੁਕਾਬਲੇ ਆਪਣੇ ਲੋਕਾਂ ਨੂੰ ਬਹੁਤ ਸਾਰੀਆਂ ਫੈਸਿਲਟੀਜ਼ ਦੇਣ ਜਾ ਰਹੀ ਹੈ। ਜਿਸ ਤਰ੍ਹਾਂ ਕਿ ਕੈਪੀਟਲ ਗੁਡਜ਼ ਹਨ, ਇਨ੍ਹਾਂ ਤੇ ਜਿਹੜਾ ਕਰੈਡਿਟ ਮਿਲਣਾ ਹੈ, ਉਹ ਸਾਡੇ ਲੋਕਾਂ ਨੂੰ ਇਕੋ ਵਾਰੀ ਹੀ ਮਿਲ ਜਾਵੇਗਾ ਜਦ ਕਿ ਬਾਕੀ ਸਟੇਟਾਂ ਵਿਚ ਇਹ 3 ਸਾਲਾਂ ਵਿਚ ਮਿਲੇਗਾ। ਇਸੇ ਤਰ੍ਹਾਂ ਜਿਹੜਾ ਕੈਸ਼ ਰਿਫੰਡ ਡੀਲਰਜ਼ ਨੂੰ ਮਿਲਣਾ ਹੈ, ਉਹ ਵੀ ਇਮੀਜੀਏਟਲੀ ਮਿਲਣਾ ਹੈ ਜਦ ਕਿ ਦੂਜੀਆਂ ਸਟੇਟਾਂ ਵਿਚ ਇਹ 1-2 ਸਾਲਾਂ ਵਿਚ ਮਿਲਣਾ ਹੈ, with no provision for prosecution. ਕੋਈ ਪੈਨੈਲਿਟੀ ਨਹੀਂ ਲੱਗੇਗੀ। ਆਫੀਸਰਜ਼ ਦੀਆਂ ਡਿਸਕਰੀਸ਼ਨਰੀ ਪਾਵਰਜ਼ ਕੱਟ ਦਿੱਤੀਆਂ ਗਈਆਂ ਹਨ ਅਤੇ ਪੈਨੈਲਿਟੀ 2% ਦੇ ਹਿਸਾਬ

ਨਾਲ ਲਗਾਈ ਗਈ ਹੈ। ਜਿਹੜੀਆਂ ਗੁਡਜ਼ ਲੀਜ਼ ਤੇ ਲੈਣੀਆਂ ਹਨ, ਉਸ ਤੇ ਕਰੈਡਿਟ ਦਿੱਤਾ ਗਿਆ ਹੈ ਜੋ ਕਿ ਦੂਸਰੀਆਂ ਸਟੇਟਾਂ ਵਿਚ ਨਹੀਂ ਹੈ। ਸੀ. ਐਸ. ਟੀ. ਬਾਰੇ ਸਵਾਲ ਬਾਦਲ ਸਾਹਿਬ ਵੱਲੋਂ ਵੀ ਉਠਾਇਆ ਗਿਆ ਹੈ। ਇਹ ਦੂਸਰੀਆਂ ਸਟੇਟਾਂ ਨੇ ਵੀ ਅਤੇ ਗੌਰਮਿੰਟ ਆਫ ਇੰਡੀਆ ਨੇ ਵੀ ਮੰਨਿਆ ਹੈ ਕਿ ਇਹ ਹੌਲੀ-ਹੌਲੀ ਚਲਾ ਜਾਵੇਗਾ। ਇਹ 3 ਸਾਲਾਂ ਵਿਚ ਆਟੋਮੈਟੀਕਲੀ ਖਤਮ ਹੋ ਜਾਵੇਗਾ। ਇਕ ਆਡਿਟ ਸਿਸਟਮ ਹੈ। ਇਹ 40 ਲੱਖ ਰੁਪਏ ਤੱਕ ਕੰਪਲਸਰੀ ਕੀਤਾ ਹੈ। ਟਰੇਡਰ ਹੈ ਜਾਂ ਮੈਨੂਫੈਕਚਰਰ ਹੈ, 40 ਲੱਖ ਰੁਪਏ ਤੱਕ ਉਸ ਦੇ ਆਡਿਟ ਕਰਾਉਣਾ ਹੀ ਹੈ। ਸੋ, ਕੋਈ ਜ਼ਿਆਦਾ ਬਰਡਨ ਕਿਸੇ ਤੇ ਨਹੀਂ ਪੈਣਾ। ਮੈਂ, ਸਪੀਕਰ ਸਾਹਿਬ, ਸਮਝਾਂਗਾ ਕਿ 1993 ਤੋਂ ਟੈਕਸ ਰਿਫਾਰਮਜ਼ ਦੀ ਗੱਲ ਚੱਲ ਰਹੀ ਹੈ ਔਰ ਅੱਜ 2005 ਹੋ ਗਿਆ ਹੈ, 12 ਸਾਲ ਦੇ ਕਰੀਬ ਹੋ ਗਏ ਹਨ। ਅੱਜ ਅਸੀਂ 21ਵੀਂ ਸਦੀ ਵਿੱਚ ਆ ਗਏ ਹਾਂ ਔਰ ਜੇਕਰ ਅਸੀਂ ਹੁਣ ਵੀ ਟੈਕਸ ਸਿਸਟਮ ਨੂੰ ਰੀਫਾਰਮ ਨਹੀਂ ਕਰਾਂਗੇ, ਕੋਈ ਸੁਧਾਰ ਨਹੀਂ ਕਰਾਂਗੇ ਜਾਂ ਇਹ ਠੀਕ ਨਹੀਂ ਹੋਵੇਗਾ। ਅੱਛੇ ਕੰਮ ਲਈ ਕੋਈ ਵੀ ਡੈੱਡ ਲਾਈਨ ਨਹੀਂ ਹੈ, ਅੱਛੇ ਕੰਮ ਜਿੰਨੀ ਜਲਦੀ ਕਰ ਲਏ ਜਾਣ ਉਨਾ ਹੀ ਅੱਛਾ ਹੈ। ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਬਣੇ ਸਨ, ਉਸ ਸਮੇਂ ਸਟੇਟ ਦੇ ਅੱਗੇ ਬਹੁਤ ਵੱਡਾ ਚੈਲੰਜ ਸੀ। ਸੂਬੇ ਦੀ ਇਕਾਨਮੀ ਰੁਇਨਡ ਸੀ। ਜੋ ਹਾਲਤ ਸਾਡੇ ਦੇਸ਼ ਦੀ ਉਦੋਂ ਸੀ ਜਦੋਂ ਸਰਦਾਰ ਮਨਮੋਹਨ ਸਿੰਘ ਨੇ ਪ੍ਰਾਇਮ ਮਨਿਸਟਰ ਦੇ ਤੌਰ ਤੇ ਅਹੁਦਾ ਸੰਭਾਲਿਆ ਸੀ, ਬਿਲਕੁਲ ਉਹੀ ਹਾਲਤ ਸਾਡੇ ਪੰਜਾਬ ਸੂਬੇ ਦੀ ਸੀ। ਸੂਬੇ ਦੀ ਇਕਾਨਮੀ ਸੁਧਾਰਨ ਵਾਸਤੇ ਇਹ ਬਹੁਤ ਵਧੀਆ ਬਿਲ ਹੈ। ਡਿਸਕਸ਼ਨ ਦੌਰਾਨ ਜਿਹੜੇ ਸੁਜੈਸ਼ਨਜ਼ ਮੈਂਬਰਾਂ ਵੱਲੋਂ ਆਉਣਗੇ ਜਾਂ ਅੱਛੇ ਹੋਣਗੇ ਟੈਕਸੇਸ਼ਨ ਮਨਿਸਟਰ ਸਾਹਿਬ ਦੇਖਣ ਅਤੇ ਲੋੜ ਮੁਤਾਬਿਕ ਦਰੁਸਤੀ ਵੀ ਕਰਨ ਤਾਂ ਬਹੁਤ ਅੱਛਾ ਹੋਏਗਾ। ਅੰਤ ਵਿੱਚ ਮੈਂ ਵੈਟ ਦੀ ਸਪੋਰਟ ਕਰਦਾ ਹਾਂ ਅਤੇ ਚਾਹੁੰਦਾ ਹਾਂ ਕਿ ਇਸ ਨੂੰ ਲਾਗੂ ਕਰ ਦੇਣਾ ਚਾਹੀਦਾ ਹੈ।

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ (ਪੱਟੀ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਬਹੁਤ ਤੁਹਾਡਾ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਦਰਅਸਲ ਜਿਵੇਂ ਪਹਿਲਾਂ ਵੀ ਚਰਚਾ ਹੋ ਚੁੱਕੀ ਹੈ ਉਸ ਤੋਂ ਲੱਗਦਾ ਹੈ ਕਿ ਇਹ ਵੈਟ ਬਿਲ ਇਕ ਕੰਪਲੀਕੇਟਿਡ ਬਿਲ ਹੈ। ਇਹ ਕਹਿਣਾ ਕਿ 34 ਮੁਲਕਾਂ ਵਿੱਚ ਇਨਕਮ ਟੈਕਸ ਜਾਂ ਵੈਟ ਲਾਗੂ ਹੋਏਗਾ ਹਰ ਇਕ ਕੰਟਰੀ ਦੀ, ਹਰ ਇਕ ਸਟੇਟ ਦੀ ਆਪਣੀ ਐਡਮਨਿਸਟਰੇਸ਼ਨ ਹੁੰਦੀ ਹੈ। ਨਾਂ ਜ਼ਰੂਰ ਇਕ ਹੁੰਦਾ ਹੈ ਪਰ ਐਡਮਨਿਸਟਰੇਟਿਵ ਰੂਲਜ਼ ਜਾਂ ਲਾਅਜ਼ ਜਿਹੜੇ ਹੁੰਦੇ ਹਨ ਉਹ ਬਿਲਕੁਲ ਹੀ ਰੂਪ ਨੂੰ ਬਦਲ ਦਿੰਦੇ ਹਨ। ਵੈਸੇ ਤਾਂ ਗੱਲਾਂ ਸਾਰੀਆਂ ਹੋ ਗਈਆਂ ਪਰ ਹੁਣੇ ਹੀ ਮੈਂਬਰ ਸਾਹਿਬ ਨੇ ਕੈਪੀਟਲ ਗੁਡਜ਼ ਦੀ ਗੱਲ ਕੀਤੀ ਸੀ ਔਰ ਕਿਹਾ ਹੈ ਕਿ ਕੈਪੀਟਲ ਗੁਡਜ਼ ਤੇ ਹੌਲੀ ਹੌਲੀ ਟੈਕਸ, ਸੀ. ਐਸ. ਟੀ. ਆਟੋਮੈਟੀਕਲੀ ਖਤਮ ਹੋ ਜਾਵੇਗੀ। ਮੈਂ ਇੱਕ ਸਿੰਪਲ ਜਿਹੀ ਗੱਲ ਜਾਣਨੀ ਚਾਹੁੰਦਾ ਹਾਂ ਕਿ ਜਿਹੜੇ

[ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ]

ਸਰਕਾਰੀ ਅਦਾਰੇ ਟੈਂਡਰ ਕਰਦੇ ਹਨ ਜਿਵੇਂ ਪੰਜਾਬ ਰੋਡਵੇਜ਼ ਹੈ, ਬਿਜਲੀ ਬੋਰਡ ਹੈ, ਪੀ.ਡਬਲਯੂ.ਡੀ. (ਬੀ. ਐਂਡ ਆਰ.) ਹੈ ਜਿਨ੍ਹਾਂ ਦਾ ਟੈਕਸ ਸੈੱਟ ਆਫ ਨਹੀਂ ਹੋ ਸਕਦਾ ਉਹ ਕੈਪੀਟਲ ਗੁਡਜ਼ ਦਾ ਜਿਹੜਾ ਉਹ ਟੈਕਸ ਪੇਅ ਕਰਨਗੇ ਕੀ ਉਹ ਫਾਰਮਰਜ਼, ਕੰਜ਼ਿਊਮਰ ਜਾਂ ਟਰਾਂਸਪੋਰਟਰ ਦੇ ਰਾਹੀਂ ਜਿਹੜਾ ਪੈਸੰਜਰ ਜਾਂਦਾ ਉਹ ਪੇਅ ਕਰਨਗੇ ਜਾਂ ਜਿਹੜੇ ਰੋਡਜ਼ ਬਣਾਉਂਦੇ ਹਨ ਉਹ ? ਕੌਣ ਪੇਅ ਕਰੇਗਾ ? ਇਸਦੀ ਐਕਟ ਦੇ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ। ਪੁਰਾਣੇ ਵਿੱਚ ਇਕ ਗੱਲ ਹੋਰ ਹੋਏਗੀ ਕਿ ਜਿਹੜਾ ਇੰਟਰ ਸਟੇਟ ਕੰਪੀਟੀਸ਼ਨ ਹੈ ਉਹ ਪੰਜਾਬ ਵਿੱਚ ਬਿਲਕੁਲ ਖਤਮ ਕਰ ਦਿੱਤਾ ਹੈ। ਜੇਕਰ ਪੰਜਾਬ ਵਿੱਚ ਕੋਈ ਇਨ੍ਹਾਂ ਅਦਾਰਿਆਂ ਨੂੰ ਸਮਾਨ ਦੇਵੇਗਾ ਤਾਂ ਉਸ ਨੂੰ ਪਹਿਲਾਂ 4% ਅਤੇ 12% ਟੈਕਸ ਤੇ। ਜੇਕਰ ਚੰਡੀਗੜ੍ਹ ਤੋਂ ਦੇਵੇਗਾ ਤਾਂ ਉਸ ਨੂੰ 1% ਸੀ. ਐਸ. ਟੀ. ਲੱਗੇਗਾ। ਅਸੀਂ ਪਹਿਲਾਂ ਹੀ ਏਨੀ ਮੁਸ਼ਕਲ ਦੇ ਵਿੱਚ ਜਾ ਰਹੇ ਹਾਂ, ਕੀ ਇੰਨਾ ਵੱਡਾ ਡਿਫਰੈਂਸ ਪੰਜਾਬ ਦੀ ਇੰਡਸਟਰੀ ਸਹਿ ਸਕੇਗੀ। 3% ਔਰ 11% ਦਾ ਫਰਕ ਪੰਜਾਬ ਦੀ ਇੰਡਸਟਰੀ ਵਾਲੇ ਸਹਿ ਸਕਣਗੇ ? ਸਟੀਲ ਇੰਡਸਟਰੀ, ਟਾਇਰ ਇੰਡਸਟਰੀ, ਸੀਮਿੰਟ ਵਾਲੇ ਇਸ ਡਿਫਰੈਂਸ ਨੂੰ ਕੀ ਸਹਿ ਸਕਣਗੇ ?

ਇਸ ਤੋਂ ਅੱਗੇ ਰਹੀ ਗੱਲ ਲਾਟਰੀ ਦੀ। 30% ਟੈਕਸ ਲਾ ਕੇ ਐਕਟ ਬਣ ਕੇ ਆ ਗਿਆ। ਮੈਂ ਜਾਣਨਾ ਚਾਹਾਂਗਾ ਕਿ ਲਾਟਰੀ ਤੇ ਟੈਕਸ ਲੱਗਿਆ ਹੈ 30%, ਕੀ ਇਹ ਸੇਮ ਸਿਸਟਮ ਕੈਲਕੂਲੇਟ ਹੋਇਆ, ਕੀ ਜੋ ਪਰਾਈਜਿਜ਼ ਮਿਲਦੇ ਹਨ ਪ੍ਰਾਈਜਿਜ਼ ਦਾ ਜੋ ਟੈਕਸ ਹੈ ਉਹ ਆਫ ਸੈੱਟ ਹੋਏਗਾ ਟਿਕਟ ਤੇ ਅਮਾਊਂਟ ਦੇ ਨਾਲ ? ਕੀ ਡਿਫਰੈਂਸੀਅਲ ਅਮਾਊਂਟ ਤੇ 30% ਟੈਕਸ ਲਾਇਆ ਜਾਵੇਗਾ ? ਪ੍ਰਾਈਜ਼ ਮਨੀ ਆਮ ਤੌਰ ਤੇ 90% ਹੁੰਦੀ ਹੈ। ਟਿਕਟ ਜੇਕਰ 100/- ਰੁਪਏ ਦਾ ਕੱਟੋ ਤਾਂ ਇਕ ਰੁਪਏ ਚੋਂ 10 ਪੈਸੇ ਬਚਦਾ ਹੈ। 10 ਪੈਸੇ ਤੇ ਤੁਸੀਂ 30% ਟੈਕਸ ਲਾਓ ਤਾਂ ਨੈਟ ਟੈਕਸ 3 ਪੈਸੇ ਰਹਿ ਗਿਆ which is lower than any other item. ਸੋ ਲਾਟਰੀ ਨੂੰ ਜੋ ਟੈਕਸ ਲੱਗ ਰਿਹਾ ਹੈ ਕੀ ਉਹ 30% ਕੈਲਕੁਲੇਟ ਕਰਕੇ ਲੱਗ ਰਿਹਾ ਹੈ ਵੈਟ ਦੇ ਸਟਾਈਲ ਨਾਲ ਪ੍ਰਾਈਜ਼ ਮਨੀ ਡਿਡਕਟ ਕਰਕੇ, ਪ੍ਰਾਈਜ਼ ਮਨੀ ਦੇ ਕੇ ? ਕੀ ਇਹ ਇਕੱਲੇ ਰਿਵਾਰਡ ਮਨੀ ਤੇ ਲੱਗੇਗਾ ? ਜੇ ਠੀਕ ਤਰ੍ਹਾਂ ਲੱਗੇ ਤਾਂ ਬਹੁਤ ਜ਼ਿਆਦਾ ਫਰਕ ਹੈ 200, 300 ਕਰੋੜ ਰੁਪਏ ਦੀ ਆਮਦਨ ਵੀ ਹੋ ਸਕਦੀ ਹੈ।

ਛੋਟੇ-ਛੋਟੇ ਟਰੇਡਰਜ਼ ਤੇ ਇਕ ਪ੍ਰਤੀਸ਼ਤ ਟੈਕਸ ਦੀ ਗੱਲ ਹੋਈ ਹੈ। ਜੇਕਰ 25 ਲੱਖ ਰੁਪਏ ਤੇ 2% ਟੈਕਸ ਦੇਣ, ਟਰਨ ਓਵਰ ਟੈਕਸ ਤਾਂ 5,000 ਰੁਪਏ ਲਗਭੱਗ ਬਣ ਜਾਂਦਾ ਹੈ। ਲੱਖ ਪਿੱਛੇ 20 ਟਰੇਡਰ ਹੋ ਗਏ। ਇਕ ਕਰੋੜ ਰੁਪਏ ਪਿੱਛੇ 2,000 ਹੋ ਗਏ ਤੇ 25 ਕਰੋੜ ਰੁਪਏ ਪਿੱਛੇ ਹੋ ਗਿਆ ਤੁਸੀਂ ਮਲਟੀਪਲਾਈ ਵੀ ਕਰਕੇ ਦੇਖ ਲਓ। ਮੈਂ 25 ਕਰੋੜ ਦੀ ਫਿਗਰ ਤੇ ਕਿਉਂ ਆਇਆ ਹਾਂ ? ਆਪ ਜੀ ਜਾਣਦੇ ਹੋ ਕਿ ਇਸ ਵੈਟ ਵਿੱਚ ਵੱਡੀ ਚੀਜ਼ ਜੋ ਇਹ ਪਾਈ ਗਈ ਹੈ ਉਹ ਇਹ ਹੈ ਕਿ ਬਾਕੀ ਸਾਰੇ ਟੈਕਸ ਖਤਮ ਕਰ ਦਿੱਤੇ ਜਾਣਗੇ। ਪਿੱਛੇ ਕੁਝ ਇੰਡਸਟਰੀ ਨੂੰ ਇਨਸੈਂਟਿਵ ਮਿਲਿਆ। ਉਹ ਇਹ ਮਿਲਿਆ ਕਿ 25 ਕਰੋੜ ਰੁਪਏ ਦੀ ਤੁਸੀਂ ਇਨਵੈਸਟਮੈਂਟ ਕਰੋ ਤੇ 25 ਕਰੋੜ ਰੁਪਏ ਤੁਸੀਂ ਐਕਸਾਈਜ਼ ਡਿਊਟੀ ਫਰੀ ਲੈ ਲਓ। ਜੇਕਰ 25 ਕਰੋੜ ਰੁਪਏ ਦਾ ਅੱਠ 8 ਬੰਦਿਆਂ ਨੂੰ ਲਾਇਸੈਂਸ ਮਿਲ ਗਿਆ ਤਾਂ 200 ਕਰੋੜ ਰੁਪਿਆ ਬਣ ਗਿਆ। ਤੁਸੀਂ ਕੈਲਕੁਲੇਟ ਕਰ ਲਓ ਕਿ ਕਿੰਨਾ ਸਮਾਨ ਟਰੇਡਰ ਇਫੈਕਟ ਹੁੰਦਾ ਹੈ ਜਿਹੜਾ ਲੱਖਾਂ ਵਿੱਚ ਚਲਿਆ ਜਾਂਦਾ ਹੈ ਜੇ ਸਿੰਪਲੀ ਅਸੀਂ ਐਕਸਾਈਜ਼ ਡਿਊਟੀ ਕੁਲੈਕਟ ਕਰੀਏ। ਐਕਸਾਈਜ਼ ਡਿਊਟੀ ਐਗਜ਼ੈਂਪਟ ਕਰਨ ਦਾ ਕੋਈ ਸੈਂਸ ਹੀ ਨਹੀਂ ਕਿਉਂਕਿ ਉਸ

ਦਾ ਕਾਰਨ ਇਹ ਹੈ ਕਿ there is no inter-state competition. ਕਿਉਂਕਿ ਜਿਸ ਨੇ ਅਲਕੋਹਲ ਦੇਣੀ ਹੈ, ਵਿਦਇਨ ਦਾ ਸਟੇਟ ਦੇਣੀ ਹੈ, ਬਾਹਰੋਂ ਤਾਂ ਆ ਨਹੀਂ ਜਾਣੀ ਅਤੇ ਆਲਰੈਡੀ ਸਟੇਟ 100 ਕਰੋੜ ਰੁਪਿਆ exise ਟੈਕਸ ਇਕੱਠਾ ਕਰਨ ਲੱਗੀ ਹੋਈ ਹੈ ਜਦੋਂ 100 ਕਰੋੜ ਰੁਪਿਆ ਇਕੱਠਾ ਹੋ ਰਿਹਾ ਹੈ there is no need for encouraging this industry ਅਪਲਾਈ ਕਰੋ, ਘੱਟੋ ਘੱਟ 200—400 ਲਾਇਸੰਸ ਹਨ। ਲੋਕਾਂ ਨੇ ਅਪਲਾਈ ਕਰ ਦੇਣਾ ਹੈ। ਮੈਂ ਕਹਿੰਦਾ ਹਾਂ ਕਿ ਤੁਸੀਂ ਇਕ ਲੱਖ ਰੁਪਿਆ ਲਾਇਸੈਂਸ ਐਪਲੀਕੇਸ਼ਨ ਫੀਸ ਰੱਖ ਦਿਓ, ਜਿਹੜੀ ਕਿ ਨਾਨ-ਰਿਫੰਡੇਬਲ ਹੋਵੇ। ਮੇਰਾ ਖਿਆਲ ਹੈ ਕਿ 2-3 ਕਰੋੜ ਰੁਪਿਆ ਐਪਲੀਕੇਸ਼ਨ ਫੀਸ ਤੋਂ ਹੀ ਇਕੱਠਾ ਹੋ ਜਾਣਾ ਹੈ। There is no sense to give them 200 crore exemption ਦੂਜੇ ਪਾਸੇ ਟਰੇਡਰ ਨੂੰ 1-2% ਟੈਕਸ ਲਗਾ ਕੇ, ਘੱਟੋ ਘੱਟ 50 ਹਜ਼ਾਰ ਜਾਂ ਇਕ ਲੱਖ ਟਰੇਡਰ ਦਾ ਨੁਕਸਾਨ ਹੋਵੇਗਾ।

ਇਹ ਤਾਂ ਹਰੇਕ ਮੰਨਦਾ ਹੈ ਕਿ ਇਹ ਐਕਟ ਕੰਪਲੀਕੇਟਡ ਹੈ। ਜਦੋਂ ਵੀ ਕੋਈ ਨਵਾਂ ਐਕਟ ਆਉਂਦਾ ਹੈ, ਉਸ ਨੂੰ ਸਮਝਣ ਵਿਚ ਟਾਈਮ ਲੱਗਦਾ ਹੈ। ਤੁਸੀਂ ਰੋਜ਼ ਅਖਬਾਰਾਂ ਵਿਚ ਪੜ੍ਹਦੇ ਹੋ, ਇਕ ਸਾਫਟ-ਵੇਅਰ ਕੰਪਨੀ ਦਾ ਵਿਗਿਆਪਨ ਆਉਂਦਾ ਹੈ ਕਿ ਸਾਡੇ ਤੋਂ ਸਾਫਟ ਵੇਅਰ ਖਰੀਦ ਲਓ to understand this complicated VAT Act, ਇਹ ਵਿਗਿਆਪਨ ਰੋਜ਼ ਆ ਰਿਹਾ ਹੈ, ਪਿਛਲੇ ਇਕ ਹਫਤੇ ਤੋਂ ਨਹੀਂ ਇਕ ਮਹੀਨੇ ਤੋਂ ਲਗਾਤਾਰ ਆ ਰਿਹਾ ਹੈ। 5,000 ਰੁਪਏ ਸਿੰਗਲ ਯੂਜ਼ਰ ਵਾਸਤੇ ਚਾਰਜਜ਼ ਰੱਖੇ ਹਨ ਅਤੇ 15 ਤੋਂ 20 ਹਜ਼ਾਰ ਰੁਪਏ ਮਲਟੀਯੂਜ਼ਰ ਲਈ ਹੈ। ਜੇਕਰ ਅਸੀਂ ਵੈਟ ਇੰਟਰੋਡਿਊਸ ਕਰਨਾ ਹੈ ਅਸੀਂ ਆਪਣੇ ਡਿਪਾਰਟਮੈਂਟ ਰਾਹੀਂ ਕੋਈ ਐਸਾ ਸਾਫਟ-ਵੇਅਰ ਪ੍ਰੋਗਰਾਮ ਬਣਾਈਏ ਅਤੇ ਇਸ ਨੂੰ ਫਰੀ ਡਿਸਟਰੀਬਿਊਟ ਕਰੀਏ for any body desirous of taking it. ਅਸੀਂ 5,000 ਰੁਪਏ ਦਾ ਖਰਚਾ ਹੋਰ ਪਾਉਣ ਲੱਗੇ ਹਾਂ। ਇਕ ਕਾਮਨ ਪਲੇਟਫਾਰਮ ਬਣਾਈਏ, ਕਾਮਨ ਲੈਂਗੁਏਜ਼ ਬਣਾਈਏ, ਫਾਰਮ ਸਿਸਟਮ ਸੇਮ ਹੋ ਜਾਵੇਗਾ, ਐਪਲੀਕੇਸ਼ਨ ਦੇਣ ਦਾ, ਰਿਸੀਵ ਕਰਨ ਦਾ, ਡਾਕੂਮੈਂਟ ਕਰਨਾ, ਸਟੋਰ ਕਰਨਾ ਇਹ ਸਾਰਾ ਕੁਝ ਸੌਖਾ ਹੋ ਜਾਵੇਗਾ ਜੇਕਰ ਇਕ ਕਾਮਨ ਸਾਫਟ-ਵੇਅਰ ਬਣਾ ਕੇ ਫਰੀ ਡਿਸਟਰੀਬਿਊਟ ਕੀਤਾ ਜਾਏ I am sure, ਜੇਕਰ ਡਿਪਾਰਟਮੈਂਟ ਕਿਸੇ ਨੂੰ ਹਾਇਰ ਕਰਕੇ ਵੀ ਇਹ ਕੰਮ ਕਰਨ ਤਾਂ ਕੋਈ ਲੰਮੀ ਚੌੜੀ ਕਾਸਟ ਨਹੀਂ ਹੋਵੇਗੀ। ਪਰ ਘੱਟੋ ਘੱਟ hand-shaking between the departments, between the consumers and also the lawyers, ਇਸ ਦੀ ਇੰਪਲੀਮੈਂਟੇਸ਼ਨ ਈਜ਼ੀ ਹੋ ਜਾਵੇਗੀ। ਆਪ ਜੀ ਨੂੰ ਪਤਾ ਹੈ ਕਿ ਸੈਂਟਰ ਸਰਕਾਰ ਨੇ ਸਰਵਿਸ ਟੈਕਸ ਇੰਟਰੋਡਿਊਸ ਕੀਤਾ ਹੈ। ਟਰਾਂਸਪੋਰਟ ਉਤੇ ਅਤੇ ਹੋਰ ਚੀਜ਼ਾਂ ਉਤੇ। ਪਤਾ ਲੱਗਾ ਹੈ ਕਿ ਇਸ ਵਿਚ ਗੌਰਮਿੰਟ ਆਫ ਇੰਡੀਆ ਨੇ ਬਿਨਾਂ ਪੈਨਲਟੀ 31 ਦਸੰਬਰ, 2005 ਤੱਕ allow ਕੀਤਾ ਹੈ ਕਿ ਐਕਟ ਨੂੰ ਲਾਗੂ ਕਰੋ। ਨਵਾਂ ਐਕਟ ਹੈ, ਉਸ ਵਿਚ ਗਲਤੀਆਂ ਹੋ ਸਕਦੀਆਂ ਹਨ, ਇਸ ਲਈ no penalization till that date. ਆਪਾਂ ਇਕ ਨਵੀਂ ਚੀਜ਼ ਸ਼ੁਰੂ ਕਰਨ ਲੱਗੇ ਹਾਂ। ਉਸ ਦੇ ਵਿਚ ਪੈਨੈਲਟੀ ਦਾ ਕਲਾਜ਼ ਇਤਨੀ ਛੇਤੀ

[ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ]

ਪਾਉਣ ਦੀ ਕੀ ਜ਼ਰੂਰਤ ਹੈ? ਆਪਾਂ ਦੋ ਸਾਲ ਚਲਾਈਏ, ਇਸ ਵਿਚ ਗਲਤੀਆਂ ਕੀ ਆਉਂਦੀਆਂ ਹਨ। ਇਸ ਤੋਂ ਬਾਅਦ ਨੈਚੂਰਲ ਮਿਸਟੇਕਸ ਵੀ ਹੋ ਸਕਦੀਆਂ ਹਨ। Why have the penalty clause in the beginning?

ਸਪੀਕਰ ਸਾਹਿਬ, ਜਦੋਂ ਕੋਈ ਐਕਟ ਬਣਦਾ ਹੈ, ਇਸ ਵਾਸਤੇ ਇੰਪਲੀਮੈਂਟੇਸ਼ਨ, ਐਡਮਨਿਸਟਰੇਸ਼ਨ ਵਾਸਤੇ ਸਾਰੇ ਡਿਪਾਰਟਮੈਂਟ ਦਾ ਢਾਂਚਾ ਬਦਲਣਾ ਹੁੰਦਾ ਹੈ। ਰੀ-ਡੈਜ਼ੀਗਨੇਸ਼ਨ ਕਰਨੀਆਂ ਹੁੰਦੀਆਂ ਹਨ, ਰੀ-ਆਥੋਰਾਈਜੇਸ਼ਨ ਕਰਨੀਆਂ ਹੁੰਦੀਆਂ ਹਨ ਕਿ who is competent to listen to what, who is not competent. ਸਤਿਕਾਰਯੋਗ ਮੈਂਬਰ ਸਾਹਿਬ ਨੇ ਗੱਲ ਤਾਂ ਕੀਤੀ ਹੈ ਕਿ ਸਿਸਟਮ ਸਟਰੀਮਲਾਈਨ ਹੋ ਗਿਆ ਹੈ, ਸਟਰੀਮਲਾਈਨ ਕਿਵੇਂ ਹੋ ਗਿਆ, ਤੁਸੀਂ ਡਿਕਲੇਅਰ ਕਰੋ it will be accepted. ਹੁਣ ਕੋਈ ਤੰਗ ਨਹੀਂ ਕਰੇਗਾ, ਕੋਈ ਪੁੱਛੇਗਾ ਨਹੀਂ। ਮੈਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਸੈਕਸ਼ਨ ਹੈ ਇਹ ਕੋਈ ਵੈਟ ਨਾਲ ਸਿਮੀਲਰ ਹੈ ਜਾਂ ਵੱਖ ਹੈ। ਵੈਟ ਥੱਲੇ ਵੀ ਸੇਮ ਹੈ। ਤੁਸੀਂ ਆਪਣੀ ਬਣਾ ਕੇ ਦੇ ਦਿਓ, ਡਿਕਲੇਰੇਸ਼ਨ ਕਰ ਦਿਉ। ਡਿਕਲੇਰੇਸ਼ਨ ਡਿਪਾਰਟਮੈਂਟ ਕੋਲ ਚਲੀ ਜਾਂਦੀ ਹੈ। ਫਿਰ ਉਨ੍ਹਾਂ ਦੀ ਮਰਜ਼ੀ ਹੈ ਆਵੇ ਜਾਂ ਨਾ ਆਵੇ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਕੋਈ ਵੀ ਮੈਂਬਰ ਸਾਹਿਬ ਇਹ ਕਹਿ ਦੇਵੇ ਐਕਸਾਈਜ਼ ਬਗੈਰ ਹੈਰਾਸਮੈਂਟ ਤੋਂ ਇੰਪਲੀਮੈਂਟ ਹੋ ਰਿਹਾ ਹੈ। ਜੇਕਰ ਐਕਸਾਈਜ਼ ਪਾਲਿਸੀ ਨਾਲ ਆਮ ਟਰੇਡਰ, ਆਮ ਇੰਡਸਟਰੀਲਿਸਟ, ਹਰ ਇਕ ਹੀ ਹੈਰਾਸ ਹੋ ਰਿਹਾ ਹੈ ਤਾਂ How is this Act going to be different by saying ਕਿ ਡਿਕਲੇਅਰ ਕਰ ਦਿਉ ਤੇ ਤੰਗ ਨਹੀਂ ਕਰਾਂਗੇ। ਸਪੀਕਰ ਸਾਹਿਬ, ਗੱਲਾਂ ਤਾਂ ਕਈ ਕਰਨ ਵਾਲੀਆਂ ਹੁੰਦੀਆਂ ਹਨ ਜਿਹੜੀਆਂ ਕਿ ਮੈਂ ਮੈਥੇਮੈਟੀਕਲੀ ਦੱਸਣਾ ਚਾਹੁੰਦਾ ਸੀ। ਇਕ ਵੱਡੀ ਗੱਲ ਜਿਸ ਉਪਰ ਇਨ੍ਹਾਂ ਨੂੰ ਗੌਰ ਕਰ ਲੈਣਾ ਚਾਹੀਦਾ ਹੈ। ਉਹ ਹੈ ਟੈਂਡਰਿੰਗ ਸਿਸਟਮ ਦੀ। ਜਿਵੇਂ ਸੜਕਾਂ ਦੇ ਟੈਂਡਰ ਹੁੰਦੇ, ਬਿਜਲੀ ਬੋਰਡ ਦਾ ਵੀ ਮੈਂ ਜ਼ਿਕਰ ਕੀਤਾ ਹੈ। ਜਿਹੜਾ ਵੀ ਆਈਟਮ ਖਰੀਦਣਗੇ ਜੇ ਕੈਪੀਟਲ ਗੁੱਡਜ਼ ਥੱਲੇ ਵੀ ਡਿਫਾਈਨ ਕੀਤਾ ਜਾਵੇ, ਅੱਜ ਦੀ ਤਰੀਕ ਵਿਚ ਜੋ ਐਕਟ ਹੈ ਉਹ ਇਹ ਹੈ ਕਿ there is no Sales Tax put on it ਜੇਕਰ ਕੈਪੀਟਲ ਗੁੱਡਜ਼ ਵੀ ਲੱਗਦਾ ਹੈ ਤਾਂ 4% ਲਗ ਜਾਂਦਾ ਹੈ, ਬਿਜਲੀ ਬੋਰਡ ਦੀ ਲਗਭਗ 1200 ਤੋਂ 1600 ਕਰੋੜ ਰੁਪਏ ਦੀ ਪਰਚੇਜ਼ ਹੈ। ਪੰਜਾਬ ਰੋਡਵੇਜ਼ ਦੀ ਟਾਇਰਾਂ ਦੀ ਪਰਚੇਜ਼ ਹੈ। ਲੋਹੇ ਦੀ ਪਰਚੇਜ਼ ਵੀ ਪੀ.ਡਲਬਯੂ.ਡੀ. ਦੀ ਹੈ। ਇਹ ਪਰਚੇਜ਼ ਸਭ ਬਾਹਰ ਚਲੀ ਜਾਵੇਗੀ ਅਤੇ ਬਾਹਰ ਵਾਲੇ ਬੈਨੀਫਿਟ ਆਫ ਡਿਫਰੈਂਸ਼ੀਅਲ ਸਟੇਟ ਨੂੰ ਪਾਸ ਆਨ ਨਹੀਂ ਕਰਨਗੇ। ਆਪਣਾ ਰੇਟ ਆਫ ਡਿਫਰੈਂਸੀਅਲ ਜਿਹੜਾ 11% ਜਾਂ 3% ਹੈ, ਇਹ ਇਨਕਰੀਜ਼ ਕਰਕੇ ਪੈਸਾ ਆਊਟ ਆਫ ਦੀ ਸਟੇਟ ਸੀ.ਐਸ.ਟੀ. ਦੀ ਫਾਰਮ ਵਿਚ ਚਲਾ ਜਾਵੇਗਾ। ਸੀ.ਐਸ.ਟੀ. ਦਾ ਜੋ ਪੈਸਾ ਹੈ, ਉਹ ਸਾਰਾ ਪੈਸਾ ਉਸ ਸਟੇਟ ਨੂੰ ਜਾਵੇਗਾ ਜਿਥੋਂ ਉਹ ਮੈਟੀਰੀਅਲ ਐਕਸਪੋਰਟ ਪੰਜਾਬ ਨੂੰ ਹੋਇਆ ਹੈ ਅਤੇ ਪੰਜਾਬ ਨੂੰ ਉਸ ਵਿਚੋਂ ਇਕ ਵੀ ਪੈਸੇ ਦਾ ਲਾਭ ਨਹੀਂ ਹੋਵੇਗਾ। ਸੋ ਇਸ ਨੁਕਸਾਨ ਨੂੰ ਜਿਹੜੀ ਗੌਰਮਿੰਟ ਪ੍ਰਚੇਜ਼ ਕਰਦੀ ਹੈ, ਉਸ ਤੇ ਜਿਹੜਾ ਸੀ.ਐਸ.ਟੀ. ਲੱਗੇਗਾ, ਉਸਨੂੰ ਪੰਜਾਬ ਵਿੱਚ ਰੀਟੇਨ ਕਰਨ ਵਾਸਤੇ ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਅਤੇ ਉਹ ਇਸ ਚੀਜ਼ ਨੂੰ ਜ਼ਰੂਰ ਕੰਸੀਡਰ ਕਰਨ। ਜੇ ਉਨ੍ਹਾਂ ਨੂੰ ਸਾਡੀ ਸਲਾਹ ਦੀ ਲੋੜ ਹੋਵੇ ਤਾਂ ਸਾਨੂੰ ਦੱਸਣ ਅਸੀਂ ਹਰ ਵੇਲੇ ਮੱਦਦ ਲਈ ਤਿਆਰ ਹਾਂ। ਹਰ ਚੀਜ਼ ਦੀ ਰੇਮਡੀ ਹੁੰਦੀ ਹੈ, ਹਰ ਚੀਜ਼ ਦਾ ਤਰੀਕਾ ਹੁੰਦਾ ਹੈ। ਇਹ ਗੱਲਾਂ ਕਰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ।

---

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB VALUE ADDED TAX ORDINANCE, 2005 (PUNJAB ORDINANCE NO. 5)

## AND

## THE PUNJAB VALUE ADDED TAX BILL, 2005.

**ਕੈਪਟਨ ਕੰਵਲਜੀਤ ਸਿੰਘ (ਬਨੂੜ) :** ਮਾਨਯੋਗ ਸਪੀਕਰ ਸਾਹਿਬ, ਸਰਕਾਰ ਵਲੋਂ ਵੈਲਯੂ ਐਡਿਡ ਟੈਕਸ ਦਾ ਬਿਲ ਪੇਸ਼ ਹੋਇਆ ਹੈ। ਪਹਿਲਾਂ ਤਾਂ ਮੈਂ ਇਸ ਗੱਲ ਤੇ ਗਿੱਲਾ ਕਰਾਂਗਾ ਕਿ ਇਸ ਬਿਲ ਨੇ, ਇਸ ਸਿਸਟਮ ਨੇ ਪੰਜਾਬ ਦੇ ਸਾਰੇ ਸੇਲਜ਼ ਟੈਕਸ ਦਾ ਜਿਹੜਾ ਸਿਸਟਮ ਹੈ, ਢਾਂਚਾ ਹੈ, ਉਸਨੂੰ ਬਦਲ ਕੇ ਰੱਖ ਦਿਤਾ ਹੈ ਔਰ ਰੈਵਨਿਊ ਜਿਸ ਦੇ ਸਿਰ ਤੇ ਸਰਕਾਰ ਚਲਦੀ ਹੈ, ਉਸਤੇ ਇਸ ਦਾ ਪ੍ਰਭਾਵ ਪਵੇਗਾ। ਇਤਨੇ ਵੱਡੇ-ਵੱਡੇ ਮਹੱਤਵਪੂਰਨ ਫੈਸਲੇ ਅਤੇ ਉਨ੍ਹਾਂ ਤੇ ਡਿਸਕਸ਼ਨ ਲਈ, ਸਪੀਕਰ ਸਾਹਿਬ, ਅਫਸੋਸ ਹੈ ਕਿ ਸਰਕਾਰ ਨੇ ਸਾਨੂੰ 24 ਘੰਟੇ ਦਿਤੇ ਹਨ ਔਰ ਉਹ ਵੀ ਐਮਰਜੰਸੀ ਵਿਚ। ਕਿਹੜੀ ਐਮਰਜੰਸੀ ਸੀ ? ਜਦੋਂ ਇਨ੍ਹਾਂ ਨੂੰ ਪਤਾ ਸੀ ਕਿ ਵੈਲਯੂ ਐਡਿਡ ਟੈਕਸ ਬਿਲ ਪਾਸ ਕਰਾਉਣਾ ਹੈ ਤਾਂ ਸੈਸ਼ਨ 10 ਦਿਨ ਪਹਿਲਾਂ ਬੁਲਾਇਆ ਜਾ ਸਕਦਾ ਸੀ ਲੇਕਿਨ ਨਹੀਂ ਕਿਉਂਕਿ ਇਹ ਹਰ ਚੀਜ਼ ਤੱਤ- ਪੜ੍ਹਤ ਕਰਨਾ ਚਾਹੁੰਦੇ ਹਨ ਔਰ ਹਰ ਚੀਜ਼ ਜ਼ਿੱਦ-ਬਾਜ਼ੀ ਨਾਲ ਕਰਾਉਣਾ ਚਾਹੁੰਦੇ ਹਨ, ਆਪੋਜੀਸ਼ਨ ਦੀ ਕੋਅਪਰੇਸ਼ਨ ਲੈਣ ਦਾ ਇਰਾਦਾ ਨਹੀਂ। ਬਾਕੀ ਮੈਂ ਦੋ ਤਿੰਨ ਗੱਲਾਂ ਕਹਿਣੀਆਂ ਹਨ। ਇਸ ਦੇ ਬਾਰੇ ਇਕ ਫਾਈਨਾਂਸ ਮਨਿਸਟਰਜ਼ ਦੀ ਇਮਪਾਵਰਡ ਕਮੇਟੀ ਬਣੀ ਸੀ ਜਿਸਦਾ ਮੈਂ ਵੀ ਮੈਂਬਰ ਸੀ ਔਰ ਉਸਦੇ ਵਿੱਚ ਵੈਲਯੂ ਐਡਿਡ ਟੈਕਸ ਬਾਰੇ ਜ਼ਿਕਰ ਹੋਇਆ ਸੀ। ਉਥੇ ਦੋ ਗੱਲਾਂ ਤਹਿ ਹੋਈਆਂ ਸਨ ਇਕ ਤਾਂ ਇਹ ਗੱਲ ਤਹਿ ਹੋਈ ਸੀ ਕਿ ਇਸਦੇ ਬਾਰੇ ਜਲਦ-ਬਾਜ਼ੀ ਨਹੀਂ ਕਰਨੀ ਚਾਹੀਦੀ, ਵਿਉਪਾਰੀਆਂ ਨੂੰ ਇੰਡਸਟਰੀਲਿਸਟਾਂ ਨੂੰ ਕੰਫੀਡੈਂਸ ਵਿੱਚ ਲੈ ਕੇ ਔਰ ਸਟੇਟ ਦੇ ਕਮਰਚਾਰੀ ਜਿਹੜੇ ਹਨ ਜਿੰਨਾਂ ਨੇ ਇਸ ਨੂੰ ਲਾਗੂ ਕਰਨਾ ਹੈ, ਉਨ੍ਹਾਂ ਨੂੰ ਐਜੂਕੇਟ ਕਰਕੇ ਇਹ ਲਾਗੂ ਕੀਤਾ ਜਾਵੇ। ਲੇਕਿਨ, ਸਪੀਕਰ ਸਾਹਿਬ, ਇਹ ਕੁਝ ਨਹੀਂ ਹੋਇਆ। ਨਾ ਕੋਈ ਕਿਸੇ ਵਿਉਪਾਰੀ ਦੇ ਨਾਲ ਤਾਲਮੇਲ ਹੋਇਆ ਹੈ, ਨਾ ਕਿਸੇ ਇੰਡਸਟਰੀਲਿਸਟ ਨਾਲ ਤਾਲਮੇਲ ਹੋਇਆ ਹੈ ਅਤੇ ਨਾ ਹੀ ਪੰਜਾਬ ਸਰਕਾਰ ਦੇ ਜਿਹੜੇ ਕਰਮਚਾਰੀ ਹਨ ਜਿਨ੍ਹਾਂ ਨੇ ਇਸ ਨੂੰ ਲਾਗੂ ਕਰਨਾ ਹੈ, ਉਨ੍ਹਾਂ ਨੂੰ ਕੋਈ ਟਰੇਨਿੰਗ ਦੇਣ ਵਾਸਤੇ ਕੋਈ ਉਪਰਾਲਾ ਕੀਤਾ ਗਿਆ ਹੈ ਔਰ ਅੱਜ ਇਹ ਬਿਲ ਪਾਸ ਕਰ ਰਹੇ ਹਨ। ਜਿਹੜੀ ਗੱਲ ਮੈਂ ਕਹਿ ਰਿਹਾ ਹਾਂ ਉਸ ਦੀ ਉਲੰਘਣਾ ਕਰਕੇ ਇਹ ਕਰ ਰਹੇ ਹਨ ਤੇ ਇਸਦਾ ਸਿੱਟਾ ਇਹ ਹੈ ਕਿ ਅੱਜ ਸਾਰੇ ਪੰਜਾਬ ਦਾ ਵਿਉਪਾਰੀ ਸੜਕਾਂ ਤੇ ਆਇਆ ਬੈਠਾ ਹੈ। ਕੀ ਸਰਕਾਰ ਆਪਣੇ ਰੈਵੀਨਿਊ ਦੇਣ ਵਾਲਿਆਂ ਨੂੰ ਨਰਾਜ਼ ਕਰਕੇ ਉਨ੍ਹਾਂ ਦੇ ਨਾਲ ਲੜਾਈ ਲੈ ਕੇ, ਉਨ੍ਹਾਂ ਦੇ ਨਾਲ ਧੱਕਾ ਕਰਕੇ ਸਰਕਾਰ ਕਾਮਯਾਬ ਹੋ ਸਕਦੀ ਹੈ। ਜੇ ਅੱਜ ਪੰਜਾਬ ਦਾ ਵਿਉਪਾਰੀ ਇਹ ਕਹੇ ਕਿ ਸਾਡੀ ਗੱਲ ਸੁਣੋ, ਅਸੀਂ ਤੁਹਾਨੂੰ ਦੱਸਦੇ ਹਾਂ ਕਿ ਇਹ ਕਿਵੇਂ ਹੋ ਸਕਦਾ ਹੈ ਤਾਂ ਸਰਕਾਰ ਇਸ ਤੋਂ ਮੁਨਕਰ ਹੋ ਰਹੀ ਹੈ। ਅੱਜ ਇਸ ਗੱਲ ਤੇ ਦਬਾਅ ਕਿਉਂ ਪਾਇਆ ਜਾ ਰਿਹਾ ਹੈ ਕਿ ਇਹ ਅੱਜ ਹੀ ਪਾਸ ਹੋਵੇ। ਤੁਸੀਂ ਵਿਉਪਾਰੀਆਂ ਨੂੰ ਬਲਾਓ ਉਨ੍ਹਾਂ ਨਾਲ ਗੱਲਬਾਤ ਕਰ ਲਓ, ਦੋ-ਤਿੰਨ ਮਹੀਨੇ ਲਗ ਜਾਣਗੇ, ਵੱਧ ਤੋਂ ਵੱਧ ਛੇ ਮਹੀਨੇ ਲਗ ਜਾਣਗੇ ਕੋਈ ਤੂਫਾਨ ਨਹੀਂ ਆਉਣ ਵਾਲਾ। ਸਪੀਕਰ ਸਾਹਿਬ, ਇਕ ਤਾਂ ਵੈਲਯੂ ਐਡਿਡ ਟੈਕਸ ਲਾਗੂ ਹੋਣ ਨਾਲ ਕੰਫਿਊਜ਼ਨ ਵੀ ਹੋਣਾ ਲਾਜ਼ਮੀ ਹੈ ਕਿਉਂਕਿ ਨਾ ਤਾਂ ਲਾਗੂ ਕਰਨ

[ਕੈਪਟਨ ਕੰਵਲਜੀਤ ਸਿੰਘ]

ਵਾਲਿਆਂ ਨੂੰ ਕੋਈ ਬਹੁਤਾ ਇਲਮ ਹੈ ਅਤੇ ਨਾ ਹੀ ਜਿਨ੍ਹਾਂ ਤੇ ਲਾਗੂ ਹੋਣਾ ਹੈ, ਉਨ੍ਹਾਂ ਨੂੰ ਇਲਮ ਹੈ। ਪਹਿਲੀਆਂ ਦੋ ਤਿੰਨ ਗੱਲਾਂ ਤੇ ਮੈਂ ਸਹਿਮਤ ਹਾਂ ਕਿ ਸਾਰੇ ਦੇਸ਼ ਵਿੱਚ ਸੂਬਿਆਂ ਦੇ ਰੈਵੀਨਿਊ ਵਿੱਚ ਘਾਟਾ ਪਵੇਗਾ ਅਤੇ ਸਟੇਟ ਰੈਵੀਨਿਊ ਵਿੱਚ ਜਿਹੜਾ ਘਾਟਾ ਪਵੇਗਾ ਉਸਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਆਪਣੇ ਬਜਟ ਵਿੱਚ ਪ੍ਰੋਵੀਜ਼ਨ ਕਰਿਆ ਕਰੇਗੀ। ਲੇਕਿਨ ਇਸ ਬਿਲ ਵਿੱਚ ਜਿਹੜਾ ਕਿ ਪੇਸ਼ ਕੀਤਾ ਗਿਆ ਹੈ। (ਵਿਘਨ) ਸਪੀਕਰ ਸਾਹਿਬ, ਟਰੇਜ਼ਰੀ ਮੈਂਬਰਾਂ ਅਤੇ ਮੰਤਰੀਆਂ ਦੀ ਦਿਲਚਸਪੀ ਡਿਬੇਟ ਵਿੱਚ ਨਹੀਂ ਹੈ। ਇਥੇ ਟੈਕਸ ਲਗਾਉਣ ਦੀਆਂ ਗੱਲਾਂ ਹੋ ਰਹੀਆਂ ਪਰ ਇਹ ਆਪਣੀਆਂ ਗੱਲਾਂ ਕਰ ਰਹੇ ਹਨ।

**ਮਾਨਯੋਗ ਸਪੀਕਰ** : ਇੰਟਰਪਟ ਨਾ ਕਰੋ।

(ਅਵਾਜ਼ਾਂ : ਤੁਹਾਡੀ (ਆਪੋਜੀਸ਼ਨ ਵੱਲ ਇਸ਼ਾਰਾ) ਹੀ ਤਾਰੀਫ ਕਰ ਰਹੇ ਸੀ)

**ਕੈਪਟਨ ਕੰਵਲਜੀਤ ਸਿੰਘ** : ਸਾਡੀ ਜਿੰਨੀ ਤਾਰੀਫ ਕਰਨੀ ਹੈ, ਸਾਨੂੰ ਪਤਾ ਹੈ। (ਹਾਸਾ) ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਾਂਗਾ ਕਿ ਇਸ ਸਾਲ ਕੇਂਦਰੀ ਬਜਟ ਵਿੱਚ ਸਟੇਟ-ਵਾਈਜ਼ ਜੋ ਪ੍ਰੋਵੀਜ਼ਨ ਹੋਣੀ ਸੀ ਜਿਹੜੀ ਕਿ ਕੇਂਦਰ ਸਰਕਾਰ ਨੇ ਕੰਪਨਸੇਟ ਕਰਨੀ ਸੀ, ਪ੍ਰਾਂਤਾਂ ਦੀਆਂ ਸਰਕਾਰਾਂ ਨੂੰ ਕੰਪਨਸੇਟ ਕਰਨਾ ਸੀ, ਉਸ ਦੀ ਵੇਰਵੇ ਮੁਤਾਬਕ ਪ੍ਰੋਵੀਜ਼ਨ ਨਹੀਂ ਹੋਈ। ਹੁਣ ਪ੍ਰਧਾਨ ਮੰਤਰੀ ਨੇ ਕਹਿ ਦਿੱਤਾ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ। ਲੇਕਿਨ ਸਾਨੂੰ ਪਤਾ ਹੈ ਕਿ ਕੇਂਦਰ ਕੋਲੋਂ ਕਿਵੇਂ ਪੈਸਾ ਨਿਕਲਦਾ ਹੈ। ਦੂਸਰੀ ਗੱਲ, ਅੱਜ ਬਿਲ ਆ ਗਿਆ ਹੈ। ਇਸ ਵਿੱਚ ਵੇਰਵੇ ਵੀ ਆ ਗਏ ਹਨ। ਸਪੀਕਰ ਸਾਹਿਬ, ਜਿਹੜੀਆਂ ਕਈ ਵਸਤੂਆਂ ਤੇ ਕਦੀ ਟੈਕਸ ਨਹੀਂ ਲੱਗਿਆ, ਉਨ੍ਹਾਂ ਤੇ ਵੀ ਸਰਕਾਰ ਟੈਕਸ ਲਗਾਉਣ ਜਾ ਰਹੀ ਹੈ। ਪੰਜਾਬ ਵਿੱਚ ਖੇਤੀਬਾੜੀ ਇੰਪਲੀਮੈਂਟਸ ਤੇ ਟੈਕਸ ਨਹੀਂ ਲੱਗਿਆ, ਉਹ ਟੈਕਸ ਫਰੀ ਸਨ, ਅੱਜ ਸਰਕਾਰ ਉਨ੍ਹਾਂ ਤੇ ਵੀ ਚਾਰ ਪਰਸੈਂਟ ਟੈਕਸ ਲਗਾਉਣ ਜਾ ਰਹੀ ਹੈ। ਡੀਜ਼ਲ ਦੀ ਗੱਲ ਮੈਂ ਕਰਾਂ। ਸਾਢੇ ਅੱਠ ਪਰਸੈਂਟ ਡੀਜ਼ਲ ਤੇ ਸੇਲਜ਼ ਟੈਕਸ ਲਗਦਾ ਹੈ।

**ਮਾਨਯੋਗ ਸਪੀਕਰ** : ਤੁਸੀਂ ਰੈਪੀਟੀਸ਼ਨ ਨਾ ਕਰੋ। ਬਾਦਲ ਸਾਹਿਬ ਪਹਿਲਾਂ ਇਹ ਗੱਲਾਂ ਕਹਿ ਚੁੱਕੇ ਹਨ।

**ਕੈਪਟਨ ਕੰਵਲਜੀਤ ਸਿੰਘ** : ਮੈਂ ਵੇਰਵੇ ਨਾਲ ਗੱਲ ਕਰਾਂਗਾ। (ਹਾਸਾ) ਇਹ ਜੋ ਇੱਕ ਰੁਪਿਆ ਸੈਸ ਲਗਾਇਆ ਗਿਆ ਹੈ, ਇਸ ਨਾਲ ਡੀਜ਼ਲ ਦੀ ਕੀਮਤ ਵਧੇਗੀ। ਦੋ ਰੁਪਏ ਕੇਂਦਰ ਵਾਲੇ ਵਧਾਉਣ ਦੀ ਗੱਲ ਕਰ ਰਹੇ ਹਨ। ਇਸ ਤਰ੍ਹਾਂ, ਸਪੀਕਰ ਸਾਹਿਬ, ਡੀਜ਼ਲ 30/- ਰੁਪਏ ਲੀਟਰ ਹੋ ਜਾਣਾ ਹੈ। ਇਸੇ ਤਰ੍ਹਾਂ ਫਰਟੇਲਾਈਜ਼ਰ ਤੇ ਹਰਿਆਣੇ ਵਿੱਚ ਟੈਕਸ ਨਹੀਂ ਸੀ ਲਗਦਾ, ਪੰਜਾਬ ਵਿੱਚ ਟੈਕਸ ਨਹੀਂ ਸੀ ਲਗਦਾ ਪਰ ਇਨ੍ਹਾਂ ਨੇ ਫੈਸਲਾ ਕਰ ਲਿਆ ਹੈ ਕਿ ਪੰਜਾਬ ਦੇ ਕਿਸਾਨ ਨੂੰ ਦਬਾਉਣਾ ਹੈ, ਕੁਚਲਣਾ ਹੈ। ਚਾਰ ਪਰਸੈਂਟ ਨਾਲ ਪੰਜਾਬ ਦੇ ਕਿਸਾਨ ਤੇ 200 ਕਰੋੜ ਰੁਪਏ ਦਾ ਬੋਝ ਪੈ ਜਾਵੇਗਾ। ਜੇ ਮੈਂ ਸਾਰੇ ਵੇਰਵੇ ਦੇਵਾਂ ਤਾਂ ਕਾਫੀ ਸਮਾਂ ਲੱਗ ਜਾਵੇਗਾ। ਇਨ੍ਹਾਂ ਨੇ ਬੜੀ ਚਲਾਕੀ ਨਾਲ ਟੈਕਸ ਦਾ ਫਲੋਅ ਰੇਟ ਵਧਾਇਆ ਹੈ। ਜੇ ਮੈਂ ਇਕੱਲੀ-ਇਕੱਲੀ ਆਈਟਮ ਦੀ ਗੱਲ ਕਰਾਂ ਤਾਂ ਕਾਫੀ ਸਮਾਂ ਲੱਗ ਜਾਵੇਗਾ। ਵੈਟ ਲਾਗੂ ਹੋਣ ਨਾਲ ਪੰਜਾਬ ਦੀ ਜਨਤਾ ਉਪਰ ਪੁਰਾਣੇ ਟੈਕਸਾਂ ਨਾਲੋਂ ਇੱਕ ਹਜ਼ਾਰ ਕਰੋੜ ਰੁਪਿਆ ਵੱਧ ਟੈਕਸ ਲਗੇਗਾ। (ਵਿਘਨ) ਤੇਰੇ ਕੋਲ ਤਾਂ ਪੈਸੇ ਆਉਣੇ ਹਨ (ਸ੍ਰੀ ਅਵਤਾਰ ਹੈਨਰੀ ਵੱਲ ਇਸ਼ਾਰਾ) ਕਾਹਨੂੰ ਰੌਲਾ ਪਾਉਂਦੇ ਹੋ। ਡਿਪਟੀ ਸਪੀਕਰ ਸਾਹਿਬ, (ਵਿਘਨ)

ਕੁਝ ਅਵਾਜ਼ਾਂ : ਸਪੀਕਰ ਸਾਹਿਬ ਕਹੋ।

**ਕੈਪਟਨ ਕੰਵਲਜੀਤ ਸਿੰਘ** : ਮਾਫ ਕਰਨਾ, ਸਪੀਕਰ ਸਾਹਿਬ। ਪਹਿਲਾਂ ਡਿਪਟੀ ਸਪੀਕਰ ਸਾਹਿਬ ਕਾਫੀ ਸਮਾਂ ਚੇਅਰ ਤੇ ਬੈਠੇ ਸਨ। ਇਸ ਲਈ ਡਿਪਟੀ ਸਪੀਕਰ ਸਾਹਿਬ ਨਿਕਲ ਜਾਂਦਾ ਹੈ। ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਸਾਨੂੰ ਇਸ ਐਕਟ ਨੂੰ ਲਾਗੂ ਕਰਨ ਦੀ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ। ਵਪਾਰੀ ਨੂੰ, ਸਨਅਤਕਾਰ ਨੂੰ ਨਿਰਾਸ਼ ਕਰਕੇ ਔਰ ਧੱਕੇਜ਼ੋਰੀ ਨਾਲ ਬਿਲ ਲਿਆਉਣ ਦਾ ਫੈਸਲਾ ਘਟੋ ਘੱਟ ਸਾਨੂੰ ਮਨਜ਼ੂਰ ਨਹੀਂ। ਬਾਦਲ ਸਾਹਿਬ ਨੇ ਵੀ ਕਿਹਾ, ਹੋਰ ਮੈਂਬਰਾਂ ਨੇ ਵੀ ਕਿਹਾ। ਸਰਕਾਰ ਪੇਸ਼ੈਂਸ ਤੋਂ ਕੰਮ ਲਵੇ, ਲੋਕਾਂ ਦੇ ਦਰਦ, ਵਪਾਰੀ ਦੇ ਦੁੱਖਾਂ ਵੱਲ ਥੋੜ੍ਹਾ ਬਹੁਤ ਧਿਆਨ ਦੇਵੇ, ਕੁਝ ਅਹਿਸਾਸ ਕਰੇ ਅਤੇ ਇਸ ਬਿਲ ਨੂੰ ਇੱਕ ਸਿਲੈਕਟ ਕਮੇਟੀ ਨੂੰ ਰੈਫਰ ਕਰੇ ਤਾਂ ਕਿ ਸਾਰੀਆਂ ਗੱਲਾਂ ਸਾਹਮਣੇ ਆ ਸਕਣ। ਉਸ ਉਪਰੰਤ ਜਿਹੜਾ ਬਿਲ ਬਣੇਗਾ, ਇੱਕ ਐਕਟ ਬਣੇਗਾ ਜਿਸ ਵਿਚ ਟੈਕਸ ਦੇਣ ਵਾਲੇ ਅਤੇ ਟੈਕਸ ਲੈਣ ਵਾਲੇ ਦੋਹਾਂ ਦੀ ਸੰਤੁਸ਼ਟੀ ਹੋਵੇਗੀ। ਫਿਰ ਹਾਊਸ ਵਿੱਚ ਵੀ ਕਿਸੇ ਨਾ ਕਿਸੇ ਗੱਲ ਤੇ ਸਹਿਮਤੀ ਹੋ ਸਕੇਗੀ। ਇਹ ਮੇਰੀ ਬੇਨਤੀ ਹੈ।

**ਸਰਦਾਰ ਤੋਤਾ ਸਿੰਘ (ਮੋਗਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਹੱਤਵਪੂਰਨ ਬਿਲ ਤੇ ਬੋਲਣ ਦੀ ਆਗਿਆ ਦਿੱਤੀ ਹੈ। ਇਹ ਜੋ ਬਿਲ ਆ ਰਿਹਾ ਹੈ, ਇਹ ਬੜਾ ਗੰਭੀਰ ਮਾਮਲਾ ਹੈ। ਇਸ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ। ਸਪੀਕਰ ਸਾਹਿਬ, ਬਹੁਤ ਚੰਗਾ ਹੁੰਦਾ ਜੇ ਸਮੇਂ ਦੀ ਸਰਕਾਰ ਲੋਕਾਂ ਨਾਲ ਵਿਚਾਰ ਕਰਦੀ। ਬਹੁਤ ਦੇਰ ਤੋਂ ਪ੍ਰਚਾਰ ਹੋਇਆ ਕਿ ਵੈਟ ਆ ਰਿਹਾ ਹੈ, ਵੈਟ ਆ ਰਿਹਾ ਹੈ। ਲੋਕਾਂ ਨੂੰ ਬੜਾ ਫਿਕਰ ਹੋਇਆ। ਇੰਡਸਟਰੀਲਿਸਟ ਇਸ ਤੋਂ ਬੜੇ ਫਿਕਰਮੰਦ ਹੋਏ। ਇਹ ਆਪ ਜਾਂ ਇਨ੍ਹਾਂ ਦੇ ਮਨਿਸਟਰ ਜਿਹੜੇ ਇਸ ਗੱਲ ਦੇ ਜਾਣਕਾਰ ਸਨ, ਉਹ ਉਸ ਵੇਲੇ ਇੰਡਸਟਰੀ ਵਾਲਿਆਂ ਨਾਲ, ਟਰੇਡਰਜ਼ ਨਾਲ ਮੀਟਿੰਗਾਂ ਕਰਕੇ ਸੁਝਾਅ ਲੈ ਕੇ ਮੁੜ ਕਿ ਬਿਲ ਲੈ ਕੇ ਆਉਂਦੇ ਤਾਂ ਸਰਬਸੰਮਤੀ ਨਾਲ ਬਿਲ ਪਾਸ ਹੋ ਜਾਣਾ ਸੀ। ਪਰ ਬੜਾ ਦੁੱਖ ਹੁੰਦਾ ਹੈ ਕਿ ਅਖਬਾਰਾਂ ਵਿੱਚ ਸਭ ਕੁਝ ਆ ਗਿਆ ਪਰ ਕਿਸੇ ਟਰੇਡਰ ਨਾਲ ਵਿਚਾਰ ਨਹੀਂ ਹੋਈ, ਕਿਸੇ ਇੰਡਸਟਰੀਲਿਸਟ ਨਾਲ ਵਿਚਾਰ ਨਹੀਂ ਹੋਈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਜਦੋਂ 3-4 ਦਿਨ ਪਹਿਲਾਂ ਇਹ ਬਿਲ ਇਥੇ ਸਤਿਕਾਰਯੋਗ ਮੈਂਬਰਾਂ ਨੂੰ ਦਿੱਤਾ ਗਿਆ ਤਾਂ ਉਸ ਤੋਂ ਮਗਰੋਂ ਪ੍ਰੈਸ ਰਾਹੀਂ ਇਹ ਇੰਡਸਟਰੀਲਿਸਟਸ ਕੋਲ ਵੀ ਪਹੁੰਚ ਗਿਆ ਅਤੇ ਹੁਣ ਇੰਡਸਟਰੀਲਿਸਟਸ ਅਤੇ ਟਰੇਟਡਰਜ਼ ਵਿੱਚ ਹਾਹਾਕਾਰ ਮੱਚ ਚੁੱਕੀ ਹੈ। ਉਸ ਦਾ ਸਿੱਟਾ ਹੈ ਕਿ ਅੱਜ ਸਾਰੇ ਅਖਬਾਰਾਂ ਵਿੱਚ ਇਸ ਬਾਰੇ ਖਬਰਾਂ ਹਨ, ਚਾਹੇ ਹਿੰਦੁਸਤਾਨ ਟਾਈਮਜ਼ ਹੈ, ਚਾਹੇ ਇੰਡੀਅਨ ਐਕਸਪ੍ਰੈਸ ਹੈ, ਚਾਹੇ ਟਾਈਮਜ਼ ਆਫ ਇੰਡੀਆ ਹੈ, ਚਾਹੇ ਇੰਗਲਿਸ਼ ਟ੍ਰਿਬਿਊਨ ਹੈ। ਵਿਸ਼ੇਸ਼ ਕਰਕੇ ਪੰਜਾਬੀ ਅਖਬਾਰਾਂ, ਚਾਹੇ ਜੱਗਬਾਣੀ ਹੈ, ਚਾਹੇ ਉਹ ਪੰਜਾਬੀ ਟ੍ਰਿਬਿਊਨ ਹੈ ਜਾਂ ਅਜੀਤ ਹੈ, ਇਨ੍ਹਾਂ ਵਿੱਚ ਲੋਕਾਂ ਦੀ ਹਾਹਾਕਾਰ ਦੀਆਂ ਵੇਰਵੇ ਨਾਲ ਖਬਰਾਂ ਦਿੱਤੀਆਂ ਹੋਈਆਂ ਹਨ। ਮੈਂ ਅਜੀਤ ਅਖਬਾਰ ਦੀ ਡਿਟੇਲ ਦੇਣੀ ਚਾਹੁੰਦਾ ਹਾਂ ਕਿ ਕਿਵੇਂ ਜਿਹੜੀ ਸਾਰੇ ਏਸ਼ੀਆ ਵਿੱਚ

[ਸਰਦਾਰ ਤੋਤਾ ਸਿੰਘ]

ਬੜੀ ਇੰਪਾਰਟੈਂਟ ਐਸੋਸੀਏਸ਼ਨ ਹੈ- ਸਾਈਕਲ ਮੈਨੂਫੈਕਚਰਿੰਗ, ਜਿਸ ਨੇ ਪੰਜਾਬ ਨੂੰ ਸਭ ਤੋਂ ਵੱਧ ਫਾਇਦਾ ਦਿੱਤਾ ਹੈ, ਉਹ ਲੁਧਿਆਣੇ ਦੀ ਮੈਨੂਫੈਕਚਰਿੰਗ ਇੰਡਸਟਰੀ ਬਾਰੇ ਇਸ ਅਜੀਤ ਅਖਬਾਰ ਵਿੱਚ ਲਿਖਿਆ ਹੈ ਕਿ ਇਸ ਲਈ ਇੰਨੀ ਜਲਦਬਾਜ਼ੀ ਕੀਤੀ ਗਈ ਕਿ ਸਾਨੂੰ ਸੁਣਿਆ ਹੀ ਨਹੀਂ ਗਿਆ। ਇਹ ਸਾਡੇ ਨਾਲ ਧੱਕਾ ਹੋਵੇਗਾ। ਇਸ ਲਈ ਇੰਨੀ ਕਾਹਲੀ ਕਾਹਦੀ। ਉਨ੍ਹਾਂ ਨੂੰ ਸੁਣਨਾ ਚਾਹੀਦਾ ਸੀ। ਇਨ੍ਹਾਂ ਨੇ ਜੋ ਨਿਯਮ ਬਣਾਏ ਹਨ, ਉਨ੍ਹਾਂ ਅਨੁਸਾਰ ਕੋਈ ਵੀ ਵਹੀਕਲ 72 ਘੰਟੇ ਤੱਕ ਜ਼ਬਤ ਹੋ ਸਕਦਾ ਹੈ। ਪਹਿਲਾਂ ਵਹੀਕਲ ਜ਼ਬਤ ਨਹੀਂ ਸੀ ਹੁੰਦੇ। ਹੁਣ 72 ਘੰਟੇ ਵਹੀਕਲ ਜ਼ਬਤ ਹੋ ਸਕਦਾ ਹੈ, ਜਿਸ ਤੇ ਲੱਖਾਂ ਰੁਪਏ ਦਾ ਮਾਲ ਲੱਦਿਆ ਹੁੰਦਾ ਹੈ। ਜਿਸ ਦਾ ਵਹੀਕਲ ਗਲਤੀ ਨਾਲ ਜ਼ਬਤ ਹੋ ਜਾਵੇ, ਉਸ ਦੀ ਇੰਡਸਟਰੀ ਦਾ ਤਾਂ ਬੜਾ ਵੱਡਾ ਨੁਕਸਾਨ ਹੋਵੇਗਾ। ਇਸ ਤਰ੍ਹਾਂ ਮੇਰੇ ਕਹਿਣ ਦਾ ਭਾਵ ਹੈ ਔਰ ਮੈਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਵਿਸ਼ੇਸ਼ ਕਰਕੇ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਹੈਨਰੀ ਸਾਹਿਬ ਨੇ ਕਿਹਾ ਹੈ ਕਿ ਸਾਡੀ ਸਰਕਾਰ ਵੇਲੇ ਝੋਨਾ ਵੀ ਵਿਕ ਗਿਆ ਔਰ ਕਣਕ ਵੀ ਵਿਕ ਗਈ। ਇਸ ਦਾ ਕਾਰਨ ਕੀ ਹੈ, ਇਸ ਦਾ ਬੇਸ ਕੀ ਹੈ, ਇਸ ਵੱਲ ਜਾਣ ਦੀ ਲੋੜ ਹੈ। ਜੇਕਰ 1995 ਦੀ ਗੱਲ ਵੱਲ ਜਾਈਏ, 1995 ਵਿੱਚ ਚਾਰ-ਪੰਜ ਸਾਲ ਦੇਖੇ ਹਨ ਕਿ ਰਾਈਸ ਮਿੱਲਰ ਭੁੱਖੇ ਮਰ ਰਹੇ ਸਨ। ਉਦੋਂ ਰਾਈਸ ਮਿੱਲਾਂ ਦੀ 24 ਟਨ ਦੀ ਕਪੈਸਿਟੀ ਸੀ। ਉਸ ਵੇਲੇ ਅਸੀਂ ਸਵਰਗੀ ਬੇਅੰਤ ਸਿੰਘ ਨੂੰ ਸਾਰੇ ਰਾਈਸ ਮਿੱਲਰ ਮਿਲੇ ਕਿ ਇਸ ਨੂੰ ਵਧਾਉਣ ਦੀ ਲੋੜ ਹੈ। ਕੋਈ ਸਟੋਰੇਜ਼ ਨਹੀਂ ਹੈ, ਸਟੋਰਜ਼ ਭਰੇ ਪਏ ਹਨ। ਮੋਗੇ ਵਾਲਿਆਂ ਅਤੇ ਲੁਧਿਆਣਾ ਵਾਲਿਆਂ ਨੂੰ ਅੰਮ੍ਰਿਤਸਰ ਜਾਣਾ ਪੈਂਦਾ ਹੈ ......

**ਮਾਨਯੋਗ ਸਪੀਕਰ** : ਤੁਸੀਂ ਬਿਲ ਤੇ ਬੋਲੋ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਰਾਈਸ ਮਿੱਲਰ ਵੀ ਟਰੇਡਰ ਹੀ ਹਨ। ਮੈਂ ਰਾਈਸ ਮਿੱਲਾਂ ਤੇ ਬੋਲ ਰਿਹਾ ਹਾਂ। ਰਾਈਸ ਮਿੱਲਰ ਮੁਸ਼ਕਲ ਵਿੱਚ ਸਨ ਅਤੇ ਕਿੰਨੇ ਸਾਲ ਮਸਲਾ ਹੱਲ ਨਹੀਂ ਹੋਇਆ ਅਤੇ ਸ਼ੈਲਰ ਬੰਦ ਹੋ ਗਏ। ਚਾਰ ਸਾਲ ਰਾਈਸ ਮਿੱਲਰਾਂ ਦਾ ਮਾਲ ਨਹੀਂ .....

**ਮਾਨਯੋਗ ਸਪੀਕਰ** : ਵੈਟ ਨਾਲ ਸਬੰਧਤ ਬੋਲੋ। Be relevant.

**ਸਰਦਾਰ ਤੋਤਾ ਸਿੰਘ** : ਵੈਟ ਨਾਲ ਹੀ ਰਾਈਸ ਮਿੱਲਾਂ ਦਾ ਸਬੰਧ ਹੈ। ਉਹ ਵੀ ਟਰੇਡਰ ਹਨ। ਇਸ ਲਈ ਸਟੋਰੇਜ਼ ਵਧਾਉਣਾ ਚਾਹੀਦਾ ਹੈ। ਫਿਰ 2002 ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਉਨ੍ਹਾਂ ਨਾਲ ਗੱਲ ਕੀਤੀ ਗਈ ਤੇ ਮਸਲਾ ਹੱਲ ਹੋਇਆ। ਫਿਰ ਸਟੋਰੇਜ਼ ਦੀ ਕਪੈਸਿਟੀ ਵਧੀ ਔਰ ਸਟੋਰੇਜ਼ ਦੀ ਕਪੈਸਿਟੀ ਕਰਕੇ ਅੱਜ ਰਾਈਸ ਮਿੱਲਰ ਹੈਨਰੀ ਸਾਹਿਬ ਕੋਲ ਸਿਫਾਰਸ਼ਾਂ ਕਰਦੇ ਹਨ ਕਿ ਸਾਡੇ ਮਾਲ ਲਗਾਓ। ਅੱਜ ਉਹ ਮਗਰ ਮਗਰ ਫਿਰਦੇ ਹਨ। ਇਹ ਸਟੋਰੇਜ਼ ਕਰਕੇ ਹੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ....... (ਘੰਟੀ)

**Mr. Speaker** : Be relevant.

**ਸਰਦਾਰ ਤੋਤਾ ਸਿੰਘ** : ਇਸ ਨੂੰ ਹਾਸੇ ਵਿੱਚ ਨਾ ਲਵੋ। ਚਾਰ ਸਾਲ ਨਰਕ ਭੋਗਿਆ ਹੈ। ਮੈਂ ਮੁੱਖ ਮੰਤਰੀ ਜੀ ਨੂੰ ਅਪੀਲ ਕਰਨੀ ਚਾਹੁੰਦਾ ਹਾਂ .....

**Mr. Speaker** : Be relevant.

**ਸਰਦਾਰ ਤੋਤਾ ਸਿੰਘ** : ਇਸ ਗੱਲ ਨੂੰ ਸੀਰੀਅਸਲੀ ਲਿਆ ਜਾਵੇ। ਖੇਤੀਬਾੜੀ ਦੀ ਇੰਡਸਟਰੀ .....

**ਮਾਨਯੋਗ ਸਪੀਕਰ** : ਤੁਸੀਂ ਵੈਟ ਡਿਸਕਸ ਕਰੋ। Please be relevant.

**ਸਰਦਾਰ ਤੋਤਾ ਸਿੰਘ** : ਸਭ ਤੋਂ ਜ਼ਿਆਦਾ ਅਸਰ ਐਗਰੀਕਲਚਰਲ ਇੰਡਸਟਰੀ ਤੇ ਪੈਣਾ ਹੈ। ਸਪੀਕਰ ਸਾਹਿਬ, ਬਿਲ ਪੜ੍ਹ ਕੇ ਹੈਰਾਨੀ ਹੋ ਗਈ ਕਿ .....

**ਮਾਨਯੋਗ ਸਪੀਕਰ** : ਤੁਹਾਡੇ ਕੋਲ ਪੁਆਇੰਟ ਨਹੀਂ ਹੈ ਤਾਂ ਬੈਠ ਜਾਓ। Kindly be relevant.

**ਸਰਦਾਰ ਤੋਤਾ ਸਿੰਘ** : ਇਸ ਨਾਲ ਥਰੈਸ਼ਰ ਤੇ ਟੈਕਸ ਲੱਗਣਾ ਹੈ, ਕੰਬਾਈਨ ਤੇ ਲੱਗਣਾ ਹੈ, ਸਪੇਅਰ ਪਾਰਟਸ ਤੇ ਲੱਗਣਾ ਹੈ। ਇਸ ਵੇਲੇ ਇਹ 12.50% ਲਗਣਾ ਹੈ। ਸਪੇਅਰ ਪਾਰਟਸ ਤੇ ਪਹਿਲਾਂ ਟੈਕਸ ਨਹੀਂ ਹੁੰਦਾ ਸੀ ਔਰ ਕੰਬਾਈਨ ਤੇ ਵੀ ਨਹੀਂ ਹੁੰਦਾ ਸੀ, ਥਰੈਸ਼ਰ ਤੇ ਨਹੀਂ ਹੁੰਦਾ ਸੀ। ਐਗਰੀਕਲਚਰ ਇੰਡਸਟਰੀ ਖਤਮ ਹੋ ਰਹੀ ਹੈ, ਇਹ ਵੈਟ ਕਰਕੇ ਹੀ ਹੋਣੀ ਹੈ। ਇਸ ਕਰਕੇ ਉਸ ਇੰਡਸਟਰੀ ਨੂੰ, ਜਿਸ ਨੂੰ ਬੜਾ ਤੌਖਲਾ ਹੈ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਉਨ੍ਹਾਂ ਦੀ ਤਸੱਲੀ ਕਰਵਾਈ ਜਾਵੇ। ਜੇਕਰ ਉਨ੍ਹਾਂ ਦੀ ਹਫਤੇ, ਪੰਦਰਾਂ ਦਿਨਾਂ ਜਾਂ ਮਹੀਨੇ ਦੇ ਵਿੱਚ ਤਸੱਲੀ ਕਰਵਾ ਦਿਆਂਗੇ ਤਾਂ ਇਸ ਦੇ ਵਿਚ ਕੋਈ ਫਰਕ ਨਹੀਂ ਪੈਂਦਾ। ਅੱਗੇ ਤੁਸੀਂ ਜ਼ਿੱਦ ਕੀਤੀ ਸੀ ਪਾਣੀਆਂ ਦੇ ਬਾਰੇ, ਤੁਸੀਂ ਇਹ ਕੰਮ ਕਰਕੇ ਬੜਾ ਵੱਡਾ ਮਾਅਰਕਾ ਮਾਰਿਆ ਹੈ। ਅਸੀਂ ਉਦੋਂ ਵੀ ਡੇਢ ਘੰਟਾ ਬਿਲ ਪੜ੍ਹਿਆ ਔਰ ਕੈਪਟਨ ਕੰਵਲਜੀਤ ਸਿੰਘ ਹੁਰਾਂ ਨੂੰ ਇਸ ਬਾਰੇ ਕਿਹਾ ਕਿ ਜਿਹੜੀ ਅਮੈਂਡਮੈਂਟ 5 ਹੈ ਉਹ ਸਾਡਾ ਰਿਪੇਰੀਅਨ ਹੱਕ ਮਾਰ ਰਹੀ ਹੈ। ਸਪੀਕਰ ਸਾਹਿਬ, ਇਹ ਉਠ ਕੇ ਬੋਲਣ ਲੱਗੇ ਪਰ ਤੁਸੀਂ ਆਗਿਆ ਨਹੀਂ ਦਿੱਤੀ।

**ਮਾਨਯੋਗ ਸਪੀਕਰ** : ਸਰਦਾਰ ਤੋਤਾ ਸਿੰਘ ਤੁਸੀਂ ਬੈਠੋ, ਤੁਹਾਡੇ ਕੋਲ ਬੋਲਣ ਲਈ ਸਬੰਧਤ ਮੈਟਰ ਨਹੀਂ ਹੈ।

ਸਰਦਾਰ ਤੋਤਾ ਸਿੰਘ : ਮੇਰੇ ਕਹਿਣ ਦਾ ਭਾਵ ਹੈ ਕਿ ਇਸ ਦੇ ਲਾਗੂ ਹੋ ਜਾਣ ਨਾਲ ਟਰੇਡਰ ਨੂੰ ਬੜੀ ਤਕਲੀਫ ਹੋਈ ਹੈ, ਇੰਡਸਟਰੀ ਨੂੰ ਤਕਲੀਫ ਹੋਈ ਹੈ। ਇਸ ਲਈ ਜਿਹੜੀਆਂ ਇਸ ਦੇ ਵਿੱਚ ਕਮੀਆਂ ਹਨ ਉਨ੍ਹਾਂ ਨੂੰ ਠੀਕ ਕਰਵਾ ਦਿੱਤਾ ਜਾਵੇ ਤਾਂਕਿ ਸਾਡੀ ਇੰਡਸਟਰੀ ਔਰ ਟਰੇਡਰਜ਼ ਦਾ ਬਚਾ ਹੋ ਸਕੇ।

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਸਪੀਕਰ ਸਾਹਿਬ, ਮੈਂ ਇਕ ਬਰੀਫ਼ ਇਨਫਰਮੇਸ਼ਨ ਦੇਣੀ ਚਾਹੁੰਦਾ ਹਾਂ। ਮੈਂ ਕਾਫੀ ਦੇਰ ਤੋਂ ਜੋ ਮੈਂਬਰ ਸਾਹਿਬਾਨ ਬੋਲ ਰਹੇ ਸਨ ਉਨ੍ਹਾਂ ਨੂੰ ਧਿਆਨ ਦੇ ਨਾਲ ਸੁਣ ਰਿਹਾ ਸੀ। ਇਹ ਜਿਹੜਾ ਵੈਲਿਊ ਐਡਿਡ ਟੈਕਸ ਲਗ ਰਿਹਾ ਸੀ। ਇਸ ਦੇ ਬਾਰੇ ਜ਼ਿਕਰ ਕਰ ਰਿਹਾ ਹਾਂ ਕਿ ਇਹ ਕਈ ਮੁਲਕਾਂ ਦੇ ਵਿੱਚ ਲਗਾ ਹੋਇਆ ਹੈ, ਇਹ ਜਦੋਂ ਲੰਡਨ ਔਰ ਯੂ. ਕੇ. ਦੇ ਵਿੱਚ ਲਾਗੂ ਕੀਤਾ ਗਿਆ ਤਾਂ ਮੈਂ ਉਦੋਂ ਕੁਦਰਤੀ ਤੌਰ ਤੇ ਉਥੇ ਹੀ ਸੀ ਤਾਂ ਲੋਕਾਂ ਨੂੰ ਉਥੇ ਸ਼ੰਕਾ ਸੀ It is a question of fear of unknown ਲੋਕਾਂ ਦੇ ਵਿੱਚ ਬਹੁਤ ਸ਼ੰਕਾ ਸੀ ਕਿ ਇਹ ਕੀ ਆ ਰਿਹਾ ਹੈ। ਇਸ ਟੈਕਸ ਦੇ ਬਾਰੇ ਅੱਜ ਤੋਂ ਦੋ ਸਾਲ ਪਹਿਲਾਂ ਚਰਚਾ ਹੋਈ ਸੀ। ਅਸੀਂ ਆਪ ਇਸ ਨੂੰ ਹੋਲਡ ਬੈਕ ਕੀਤਾ, ਇਸ ਲਈ ਹੋਲਡ ਬੈਕ ਕੀਤਾ ਕਿ ਇਸ ਦੇ ਲਈ ਪਹਿਲਾਂ ਜਾਣਕਾਰੀ ਲੈ ਲਈ ਜਾਵੇ। ਇਹ ਤਾਂ ਸਾਡੀ ਗੌਰਮਿੰਟ ਆਉਣ ਤੋਂ ਪਹਿਲਾਂ ਜਦੋਂ ਦਿੱਲੀ ਦੇ ਵਿੱਚ ਇਨ੍ਹਾਂ ਦੇ ਭਾਈਵਾਲ ਸਾਥੀਆਂ ਦੀ ਸਰਕਾਰ ਵੇਲੇ ਸ਼੍ਰੀ ਯਸ਼ਵੰਤ ਸ਼ਿਨਹਾ, ਵਿੱਤ ਮੰਤਰੀ ਸੀ ਤਾਂ ਉਦੋਂ ਇਹ ਲਿਆਉਣਾ ਚਾਹੁੰਦੇ ਸਨ ਔਰ ਗੱਲਬਾਤ ਚਲਦੀ ਸੀ ਔਰ ਜਦੋਂ ਅਸੀਂ ਆਏ ਤਾਂ ਉਦੋਂ ਗੱਲਬਾਤ ਕਾਫੀ ਅੱਗੇ ਵੱਧ ਗਈ ਸੀ ਔਰ ਸਾਡੇ ਨਾਲ ਗੱਲਬਾਤ ਕੀਤੀ ਗਈ। ਇਸ ਦਾ ਮਤਲਬ ਇਹ ਸੀ ਕਿ ਇਨ੍ਹਾਂ ਨੂੰ ਪਤਾ ਸੀ ਔਰ ਇਨ੍ਹਾਂ ਦੇ ਲੀਡਰ ਆਫ਼ ਆਪੋਜ਼ੀਸ਼ਨ ਵੀ ਬੋਲੇ। ਇਸ ਲਈ ਇਨ੍ਹਾਂ ਨੂੰ ਇਸ ਵੈਟ ਬਿਲ ਦੀ ਡਿਵੈਲਪਮੈਂਟ ਬਾਰੇ ਸਾਰਾ ਕੁਝ ਪਤਾ ਸੀ ਕਿ ਕਿਸ ਤਰ੍ਹਾਂ ਇਹ ਲਿਆਉਣਾ ਚਾਹੁੰਦੇ ਸਨ, ਇਹ ਵੀ ਨਹੀਂ ਸੀ ਇਨ੍ਹਾਂ ਨੇ ਪਿਛਲੇ ਦੋ ਚਾਰ ਦਿਨਾਂ ਦੇ ਵਿੱਚ ਸਾਡੇ ਸਾਥੀਆਂ ਨੂੰ ਮਿਲ ਕੇ ਕਿਹਾ ਕਿ It is a very simple and clear Bill. ਇਹ ਬਹੁਤ ਵਧੀਆ ਬਿਲ ਲਿਆਂਦਾ ਜਾ ਰਿਹਾ ਹੈ ਲੇਕਿਨ ਇਹ ਇਸ ਨੂੰ ਪਬਲੀਕਲੀ ਤੌਰ ਤੇ ਆਪੋਜ਼ ਕਰ ਰਹੇ ਹਨ। ਇਨ੍ਹਾਂ ਦੇ ਵਿੱਚ ਕੁਝ ਤਾਂ ਆਨੈਸਟੀ ਹੋਣੀ ਚਾਹੀਦੀ ਹੈ ਕਿ ਜੇਕਰ ਸਾਡੀ ਪਬਲਿਕ ਲਾਈਫ ਲਈ ਕੋਈ ਚੰਗੀ ਗੱਲ ਕੀਤੀ ਜਾ ਰਹੀ ਹੈ ਤਾਂ ਉਸ ਦੇ ਹੱਕ ਵਿੱਚ ਕਿਹਾ ਜਾਣਾ ਚਾਹੀਦਾ ਹੈ ਔਰ ਸਾਡੇ ਨਾਲ ਕਦੇ ਨਾ ਕਦੇ ਖੜ੍ਹੇ ਹੋ ਕੇ ਜੁਆਇੰਨ ਕਰਨਾ ਚਾਹੀਦਾ ਹੈ। ਇਹ ਜਿਹੜੀਆਂ ਸ਼ੰਕਾ ਵਾਲੀਆਂ ਗੱਲਾਂ ਇਥੇ ਕੀਤੀਆਂ ਹਨ ਔਰ ਬਾਦਲ ਸਾਹਿਬ ਕਹਿੰਦੇ ਹਨ ਕਿ ਇਹ ਬਿਲ ਬੜਾ ਕੰਪਲੀਕੇਟਿਡ ਹੈ ਲੇਕਿਨ ਮੈਂ ਕਹਿੰਦਾ ਹਾਂ ਕਿ ਇਸ ਤੋਂ ਇਲਾਵਾ ਹੋਰ ਕੋਈ ਸਿੰਪਲ ਬਿਲ ਨਹੀਂ ਹੋ ਸਕਦਾ। ਇਸ ਦੇ ਬਾਰੇ ਸਾਰੀਆਂ ਲਿਸਟਾਂ ਦਿੱਤੀਆਂ ਹੋਈਆਂ ਹਨ ਔਰ ਸੇਲਜ਼ ਟੈਕਸ ਦੇ ਵਿੱਚ ਜਿਹੜਾ ਪਹਿਲਾਂ ਟੈਕਸ ਲਗਦਾ ਸੀ ਉਹ ਹੁਣ ਜ਼ੀਰੋ ਪ੍ਰਤੀਸ਼ਤ ਲਗੇਗਾ, ਜਿਥੇ 8 ਪ੍ਰਤੀਸ਼ਤ ਟੈਕਸ ਸੀ ਉਹ 4 ਤੇ ਲਿਆਂਦਾ ਗਿਆ ਹੈ ਔਰ ਜਿਹੜਾ 12 ਪ੍ਰਤੀਸ਼ਤ ਸੀ ਉਹ 8 ਪ੍ਰਤੀਸ਼ਤ ਤੇ ਆ ਰਿਹਾ ਹੈ। ਜਿਹੜੀਆਂ ਇਹ ਗੱਲਾਂ ਹਨ ਕਿ ਇਹ ਚੇਂਜ ਨਹੀਂ ਹੋ ਸਕਦੀਆਂ ਇਸ ਦੇ ਬਾਰੇ ਫਾਈਨਾਂਸ ਮਨਿਸਟਰ ਸਾਹਿਬ ਬਾਅਦ ਦੇ ਵਿੱਚ ਡਿਟੇਲ ਦੇ ਵਿੱਚ ਦੱਸਣਗੇ ਕਿ ਹਰ ਤਿੰਨ ਜਾਂ ਛੇ ਮਹੀਨੇ ਬਾਅਦ ਰਿਵਿਊ ਕੀਤਾ ਜਾਵੇਗਾ ਕਿ ਕੋਈ ਆਈਟਮ ਨਹੀਂ ਹੈ ਜਿਹੜੀ ਆਉਣੀ ਚਾਹੀਦੀ ਹੈ। ਇਨ੍ਹਾਂ ਦੇ ਬਾਰੇ ਸਾਬਕਾ ਖਜ਼ਾਨਾ ਮੰਤਰੀ ਜੀ ਨੇ ਕਿਹਾ ਹੈ ਕਿ ਇਹ ਅਜਿਹਾ ਟੈਕਸ ਹੈ ਇਸ ਨੂੰ ਲੋਕ ਸਮਝਣ ਨਹੀਂ ਲਗਣਗੇ। ਹਰਿਆਣੇ ਦੇ ਵਿੱਚ ਇਸ ਨੂੰ ਦੋ ਸਾਲ ਲਾਗੂ ਹੋ ਗਿਆਂ

ਨੂੰ ਹੋ ਗਏ ਹਨ ਬਿਲਕੁਲ ਠੀਕ ਚਲ ਰਿਹਾ ਹੈ ਔਰ ਉਨ੍ਹਾਂ ਦਾ ਰੈਵੇਨਿਊ ਵੀ 700 ਕਰੋੜ ਰੁਪਿਆ ਵਧ ਗਿਆ ਹੈ। ਸਿਰਫ ਆਪੋਜ਼ ਕਰਨਾ for the sake of opposition ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਹੈ। ਇਥੇ ਜ਼ਿਕਰ ਆਇਆ ਕਿ ਸੀਜ਼ਰ ਆਫ ਸਟਾਕ ਹੋਵੇਗਾ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਹੈ। ਪ੍ਰਾਸੀਕਿਊਸ਼ਨ ਹੋਵੇਗਾ, ਕੁਝ ਨਹੀਂ ਕਿਹਾ। ਇਹ ਕੀਤਾ ਗਿਆ ਹੈ ਕਿ ਇਸ ਨੂੰ ਚੈਲਿੰਜ ਕਰਨਾ ਹੋਵੇ ਤਾਂ There is a provision for appeal. ਕੋਈ ਵੀ ਆਪਣਾ ਪ੍ਰੋਵੀਜ਼ਨਲ 25 ਪ੍ਰਤੀਸ਼ਤ ਜਮ੍ਹਾਂ ਕਰਵਾ ਕੇ ਅਪੀਲ ਕਰ ਸਕਦਾ ਹੈ। ਸੋ as I said, it is a fear of unknown. ਜੇ ਇਹ ਬਿਲ ਚੰਗੀ ਤਰ੍ਹਾਂ ਪੜ੍ਹਦੇ ਤਾਂ ਇਨ੍ਹਾਂ ਨੂੰ ਸਾਰਿਆਂ ਨੂੰ ਪਤਾ ਲਗ ਜਾਣਾ ਸੀ .. ਕੁਝ ਗੱਲਾਂ ਹਨ ਜਿਨ੍ਹਾਂ ਦਾ ਜ਼ਿਕਰ ਲੀਡਰ ਆਫ਼ ਦਿ ਆਪੋਜੀਸ਼ਨ ਨੇ ਕੀਤਾ ਹੈ ਕਿ ਫਰਜ਼ ਕਰੋ ਜੇਕਰ ਘਾਟਾ ਪੈ ਜਾਵੇ ਤਾਂ ਇਸ ਦਾ ਕੌਣ ਜ਼ੁੰਮੇਵਾਰ ਹੈ। ਸਾਬਕਾ ਫਾਈਨਾਂਸ ਮਨਿਸਟਰ ਕਹਿੰਦੇ ਹਨ ਕਿ ਇਸ ਦੀ ਕੋਈ ਪ੍ਰੋਵੀਜ਼ਨ ਨਹੀਂ ਕੀਤੀ। ਮੈਂ ਦਸਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਨੇ 5000 ਕਰੋੜ ਰੁਪਏ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਅਗਰ ਕਿਤੇ ਘਾਟਾ ਪੈ ਜਾਵੇ ਤਾਂ ਉਸ ਨੂੰ 100% ਕਵਰ ਕਰਾਂਗੇ ਪਹਿਲੇ ਸਾਲ ਵਿਚ ਅਤੇ ਦੂਜੇ ਸਾਲ ਵਿਚ 50% ਕਵਰ ਕਰਾਂਗੇ। (ਥੰਪਿੰਗ) ਮੈਂ ਸਿਰਫ਼ ਬਰੀਫ਼ ਇੰਟਰਵੈਂਸ਼ਨ ਹੀ ਕਰਨੀ ਹੈ ਮੈਂ ਜ਼ਿਆਦਾ ਨਹੀਂ ਬੋਲਣਾ। ਸਰਟੇਨ ਇਸ਼ੂਜ਼ ਮੇਰੀ ਪਾਰਟੀ ਦੇ ਸਾਥੀਆਂ ਨੇ ਦੱਸੇ, ਗਲਬਾਤ ਕੀਤੀ ਸੀ ਕਿ ਇਨ੍ਹਾਂ ਤੇ ਵਿਚਾਰ ਕੀਤਾ ਜਾਵੇ ਮੈਂ ਇਹ ਅਨਾਊਂਸ ਕਰਨਾ ਚਾਹੁੰਦਾ ਹਾਂ। ਨੰ: 1 ਪ੍ਰੋਸੀਕਿਊਸ਼ਨ ਦੀ ਕੋਈ ਪ੍ਰੋਵੀਜ਼ਨ ਨਹੀਂ ਹੋਵੇਗੀ there is a provision for fine. (ਥੰਪਿੰਗ) ਕੋਈ ਇੰਸਪੈਕਟਰੀ ਰਾਜ ਨਹੀਂ ਹੋਵੇਗਾ, ਕਿਸੇ ਵੀ ਇੰਸਪੈਕਟਰ ਨੂੰ ਕੋਈ ਆਥੋਰਾਈਜੇਸ਼ਨ ਨਹੀਂ ਹੋਵੇਗੀ ਕਿ ਕਿਸੇ ਤੇ ਰੇਡਜ਼ ਕੀਤੇ ਜਾਣ (ਥੰਪਿੰਗ) ਰੈਂਡਮ ਚੈਕਿੰਗ ਹਰ ਸਾਲ ਕੰਪਿਊਟਰ ਰਾਹੀਂ ਹੁੰਦੀ ਹੈ ਕਿ ਕਿਥੇ ਪ੍ਰਾਬਲਮ ਹੈ ਅਗਰ ਕੋਈ ਉਸ ਚੈਕਿੰਗ ਵਿਚ ਆ ਜਾਵੇ ਤਾਂ ਉਸ ਵਾਸਤੇ ਅਪੀਲ ਦੀ ਪ੍ਰੋਵੀਜ਼ਨ ਹੈ। ਅਸੀਂ ਲੋਕਾਂ ਦੇ ਮਨ ਵਿਚੋਂ ਇਹ ਵੀ ਕੱਢਣਾ ਚਾਹੁੰਦੇ ਹਾਂ। ਇਕ ਇਥੇ ਹੋਰ ਅਨਾਊਂਸ ਕਰਨਾ ਚਾਹੁੰਦਾ ਹਾਂ, ਇਥੇ ਇਕ ਗੱਲ ਕਹੀ ਗਈ what about other taxes. ਯੂਨੀਅਨ ਫਾਈਨਾਂਸ ਮਨਿਸਟਰ ਨੇ ਕਿਹਾ ਹੈ ਕਿ ਸੈਂਟਰਲ ਸੇਲਜ਼ ਟੈਕਸ ਫੇਜ਼ਡ ਮੈਨਰ ਨਾਲ ਤਿੰਨ ਸਾਲ ਵਿਚ ਖ਼ਤਮ ਹੋ ਜਾਵੇਗਾ। Today it is 4% tomorrow it will be 2% and then it will vanish. ਇਥੇ ਜ਼ਿਕਰ ਕੀਤਾ ਗਿਆ ਆਕਟਰਾਇ ਨੂੰ ਖ਼ਤਮ ਕਰਨ ਦਾ, ਇਹ ਖ਼ਤਮ ਹੋਵੇਗਾ ਪਰ ਪ੍ਰਾਬਲਮ ਇਹ ਆਉਂਦੀ ਹੈ ਕਿ 600 ਕਰੋੜ ਰੁਪਿਆ ਸਾਨੂੰ ਇਸ ਤੋਂ ਆਮਦਨ ਹੁੰਦੀ ਹੈ। ਅਸੀਂ ਇਨ੍ਹਾਂ ਵਰਗਾ ਹਾਲ ਨਹੀਂ ਕਰਨਾ ਕਿ ਬਗੈਰ ਪ੍ਰੋਵੀਜ਼ਨ ਕੀਤੇ ਇਸ ਨੂੰ ਚੁੱਕ ਦਿਓ। ਅਸੀਂ ਇਸ ਵਾਸਤੇ ਮੈਥਡ ਲੱਭ ਰਹੇ ਹਾਂ। ਇਕ ਬੜੀ ਹਾਈ ਪਾਵਰਡ ਯੂਨੀਅਨ ਗੌਰਮਿੰਟ ਦੀ ਇੰਸਟੀਚਿਊਸ਼ਨ ਹੈ ਉਸ ਨੂੰ ਇਹ ਟਾਸਕ ਦਿੱਤਾ ਹੈ ਕਿ ਤੁਸੀਂ ਦੱਸੋ ਅਸੀਂ ਇਸ ਵਿਚ ਕੀ ਕਰੀਏ We are finding a method what is the alternative source of taxation. ਜਿਹੜਾ ਅਸੀਂ ਲਾ ਸਕਦੇ ਹਾਂ। ਫੇਰ ਐਂਟਰੀ ਟੈਕਸ ਬਾਰੇ ਸਾਥੀਆਂ ਨੇ ਕਿਹਾ ਹੈ

[ਮੁੱਖ ਮੰਤਰੀ]

ਇਹ ਵੀ ਖ਼ਤਮ ਕੀਤਾ ਜਾਵੇਗਾ (ਥੰਪਿੰਗ) ਇਕ ਇਥੇ ਸੀ ਕਿ 5 ਲੱਖ ਤੱਕ ਕੋਈ ਟੈਕਸ ਨਹੀਂ ਹੋਵੇਗਾ। 5 ਲੱਖ ਤੋਂ 25 ਲੱਖ ਤੱਕ 2% ਟਰਨ ਓਵਰ ਟੈਕਸ ਹੈ। ਮੇਰੇ ਐਮ. ਐਲ. ਏ. ਸਾਥੀਆਂ ਨੇ ਕਿਹਾ ਕਿ ਇਸ ਦੀ ਲਿਮਟ 25 ਤੋਂ 30 ਕਰ ਦਿਓ ਅਤੇ ਜਿਹੜਾ 2% ਟੈਕਸ ਹੈ ਇਸ ਨੂੰ 1% ਤੇ ਲਿਆਂਦਾ ਜਾਵੇ। ਅਸੀਂ ਇਸ ਨਾਲ ਐਗਰੀ ਕਰ ਗਏ ਹਾਂ। (ਥੰਪਿੰਗ) ਦੂਸਰਾ ਇਥੇ ਡੀਜ਼ਲ ਦੀ ਗੱਲ ਕਰ ਰਹੇ ਸੀ। ਇਸ ਤੇ ਜੋ ਮੌਜੂਦਾ ਟੈਕਸ ਹੈ ਉਹ 8.8% ਹੈ, ਇਹ ਇਸੇ ਤਰ੍ਹਾਂ ਹੀ ਰਹੇਗਾ, ਇਹ 12% ਨਹੀਂ ਹੋਵੇਗਾ (ਥੰਪਿੰਗ) ਇਸ ਤੋਂ ਇਲਾਵਾ ਜ਼ਿਕਰ ਕੀਤਾ ਸੀ....

**ਸ਼੍ਰੀ ਤਿਕਸ਼ਨ ਸੂਦ :** ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ।

**Mr. Speaker :** No Point of Order. ਪਹਿਲਾਂ ਸੀ. ਐਮ. ਸਾਹਿਬ ਨੂੰ ਖ਼ਤਮ ਕਰ ਲੈਣ ਦਿਓ। I will give you time later on.

**ਮੁੱਖ ਮੰਤਰੀ :** ਮੇਰੇ ਸਾਥੀਆਂ ਨੇ ਇਹ ਗੱਲ ਕਹੀ ਸੀ ਕਿ ਅਸੀਂ ਜਿਹੜਾ 100 ਕਰੋੜ ਰੁਪਿਆ ਕਰੋਪ ਡਾਈਵਰਸੀਫਿਕੇਸ਼ਨ ਟੈਕਸ ਪਾਇਆ ਹੈ ਤਾਂ ਕਿ ਕਰੋਪ ਡਾਈਵਰਸੀਫਿਕੇਸ਼ਨ ਦੇ ਪ੍ਰੋਗਰਾਮ ਨੂੰ ਅੱਗੇ ਲਿਜਾਇਆ ਜਾਵੇ, ਸਾਥੀ ਇਹ ਮਹਿਸੂਸ ਕਰਦੇ ਹਨ ਕਿ ਉਹ ਨਹੀਂ ਲਾਉਣਾ ਚਾਹੀਦਾ, ਮੈਂ ਇਸ ਨਾਲ ਸਹਿਮਤ ਹਾਂ। ਡੀਜ਼ਲ ਅਤੇ ਪੈਟਰੋਲ ਬਾਰੇ ਕਿਹਾ ਗਿਆ ਹੈ। ਇੰਟਰਨੈਸ਼ਨਲ ਲੈਵਲ ਤੇ ਕਰੂਡ ਪ੍ਰਾਈਸਿਜ਼ ਵੱਧ ਰਹੀਆਂ ਹਨ, 57 ਡਾਲਰ ਪਰ ਬੈਰਲ ਹੋ ਗਿਆ ਹੈ ਹੋਰ ਪਤਾ ਨਹੀਂ ਕਿੰਨਾ ਵਧੇਗਾ। We are committed to it. I have directed the Finance Minister to find some other solution. ਲਾਸਟ ਵਿਚ ਅੱਜ ਇਹ ਜ਼ਿਕਰ ਕਰ ਰਹੇ ਸਨ ਕਿ ਇਥੇ ਚੌਕਾਂ ਵਿਚ ਬੜੇ ਜਲਸੇ ਵਗੈਰਾ ਇਸ ਦੇ ਅਗੇਂਸਟ ਹੋ ਰਹੇ ਹਨ, ਜਦੋਂ ਤੁਸੀਂ ਕਿਸੇ ਨੂੰ ਗਲਤ ਰਾਹ ਤੋਰੋਗੇ ਅਤੇ ਗਲਤ ਇਨਫਰਮੇਸ਼ਨ ਦੇਵੋਗੇ ਤਾਂ ਇਹ ਠੀਕ ਨਹੀਂ ਹੈ। ਗਰੀਬਾਂ ਨੂੰ ਜਿਨ੍ਹਾਂ ਨੂੰ ਕਿ ਪਤਾ ਨਾ ਹੋਵੇ, ਉਨ੍ਹਾਂ ਨੂੰ ਗਲਤ ਜਾਣਕਾਰੀ ਦੇ ਕੇ ਰੌਲਾ ਪਵਾਇਆ ਜਾਂਦਾ ਹੈ। ਤਾਂ ਹੀ ਇਸ ਸਿਸਟਮ ਨੂੰ ਐਬੋਲਿਸ਼ ਕਰਨ ਬਾਰੇ ਕਹਿੰਦੇ ਹਨ। ਐਲੀਗੇਸ਼ਨ ਆਈ ਸੀ ਕਿ there has been no interaction with trade and industry ਮੈਂ ਪਿਛਲੇ ਦੋ ਸਾਲਾਂ ਤੋਂ ਟਰੇਡਰਜ਼ ਦੇ ਨਾਲ ਔਰ ਸਾਰੇ ਡਿਪਾਰਟਮੈਂਟ ਦੇ ਨਾਲ ਇੰਟਰਐਕਸ਼ਨ ਕਰਦਾ ਆ ਰਿਹਾ ਹਾਂ। ਇਸ ਇਸ਼ੂ ਤੇ ਗੱਲਬਾਤ ਕੀਤੀ ਜਾਂਦੀ ਰਹੀ ਹੈ ਕਿ ਵੈਟ ਕਿਸ ਤਰ੍ਹਾਂ ਇੰਪਲੀਮੈਂਟ ਹੋਵੇਗਾ, ਇਕੱਲੇ-ਇਕੱਲੇ ਨਾਲ ਡਿਸਕਸ਼ਨ ਵੀ ਹੋਈ ਹੈ। ਗਰਾਊਂਡ ਲੇਵਲ ਤੇ ਜਾਣਕਾਰੀ ਦੇ ਕੇ ਹੀ ਇਸ ਨੂੰ ਲਿਆ ਰਹੇ ਹਾਂ। ਇਹ ਸਿਸਟਮ ਤਕਰੀਬਨ ਉਨ੍ਹਾਂ ਸਭ ਦੇਸ਼ਾਂ ਵਿਚ ਲਾਗੂ ਹੈ ਅਤੇ ਚਲ ਰਿਹਾ ਹੈ ਜਿਥੇ ਕਿ ਪ੍ਰੋਗਰੈਸਿਵ ਸਟੇਟਸ ਹਨ। ਉਹ ਪ੍ਰੋਗਰੈਸਿਵ ਸਟੇਟਸ ਹੀ ਇਹ ਲਿਆ ਰਹੀਆਂ ਹਨ। ਅਗਰ ਇਹ ਇੱਥੇ ਨਹੀਂ ਲਿਆਉਣਾ ਚਾਹੁੰਦੇ ਤਾਂ ਇਹ ਇਨ੍ਹਾਂ ਦੀ ਮਰਜ਼ੀ ਹੈ। ਫਿਰ ਜਦੋਂ ਸਾਡੇ ਲੋਕ ਪੁੱਛਣਗੇ ਕਿ ਬਾਹਰਲੇ ਸੂਬਿਆਂ ਜਿਨ੍ਹਾਂ ਵਿਚ ਵੈਟ ਲਾਗੂ ਹੈ, ਉਥੇ ਬੜੀ ਤਰੱਕੀ ਹੋ ਰਹੀ ਹੈ ਅਤੇ ਫਾਇਦਾ ਹੋ ਰਿਹਾ ਹੈ ਤਾਂ ਫਿਰ ਇਹ ਇੱਥੇ ਲਾਗੂ ਕਿਉਂ ਨਹੀਂ ਕੀਤਾ ਗਿਆ, ਇਸ ਬਾਰੇ ਫਿਰ ਇਹ ਆਪ ਹੀ ਲੋਕਾਂ ਨੂੰ ਜਵਾਬ ਦੇਣਗੇ ਸਰ, ਲਾਸਟ ਵਿਚ ਮੈਂ 85ਵੀਂ ਐਮੈਂਡਮੈਂਟ ਦੇ ਬਾਰੇ ਦੱਸਣਾ ਚਾਹੁੰਦਾ ਹਾਂ। ਮੈਂ ਪਹਿਲਾਂ ਵੀ ਕਈ ਵਾਰ ਇਸ ਦੇ ਬਾਰੇ ਕਿਹਾ ਹੈ ਕਿ it is

being implemented. We have taken a decision and now it is only a question of notification and that notification will come soon. An attempt is made to vitiate atmosphere. We want our State to be strong and progressive. ਅਸਲ ਗੱਲ ਤਾਂ ਇਹ ਹੈ ਕਿ ਇਹ ਵੈਟ ਅਤੇ ਹੋਰ ਚੀਜ਼ਾਂ ਬਾਰੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਆਟਮੋਸਫੀਅਰ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅੱਜ ਅਸੀਂ ਆਪਣੇ ਦੇਸ਼ ਨੂੰ ਅਤੇ ਆਪਣੇ ਪੰਜਾਬ ਨੂੰ ਸਟਰੌਂਗ ਕਰਨਾ ਚਾਹੁੰਦੇ ਹਾਂ। ਆਪਣੀ ਸਟੇਟ ਨੂੰ ਆਰਥਿਕ ਤੌਰ ਤੇ ਸਟਰੌਂਗ ਕਰਨ ਲਈ ਸਾਨੂੰ ਕੁੱਝ ਪ੍ਰੋਗਰੈਸਿਵ ਟੈਕਸ ਲਗਾਉਣੇ ਪੈਣਗੇ। ਜਿਹੜੇ ਮੁਲਕਾਂ ਦੇ ਵਿਚ ਵੈਟ ਲਾਗੂ ਹੈ, ਕੋਈ ਵੀ ਮੁਲਕ ਇਹੋ ਜਿਹਾ ਨਹੀਂ ਹੈ ਜਿਹੜਾ ਕਿ ਮੰਗ ਕਰਦਾ ਹੋਵੇ ਕਿ ਇਹ ਸਿਸਟਮ ਠੀਕ ਨਹੀਂ ਹੈ ਅਤੇ ਪੁਰਾਣਾ ਸਿਸਟਮ ਲਾਗੂ ਕੀਤਾ ਜਾਵੇ। ਅਗਰ ਉਨ੍ਹਾਂ ਨੂੰ ਫਾਇਦਾ ਹੋਇਆ ਹੈ ਤਾਂ ਹੀ ਉਹ ਇਹ ਸਿਸਟਮ ਚਲਣ ਦੇ ਰਹੇ ਹਨ। ਇਹ ਸਿਸਟਮ ਲਾਗੂ ਕਰਨ ਨਾਲ ਸਾਡੇ ਦੇਸ਼ ਦੀ ਆਰਥਿਕ ਹਾਲਤ ਠੀਕ ਹੋਵੇਗੀ ਅਤੇ ਦੇਸ਼ ਨੂੰ ਪੰਜਾਬ ਨੂੰ ਤਕੜਾ ਫਾਇਦਾ ਹੋਵੇਗਾ।

ਮਾਨਯੋਗ ਸਪੀਕਰ : ਸੂਦ ਜੀ, ਤੁਸੀਂ ਕੁੱਝ ਕਹਿਣਾ ਚਾਹੁੰਦੇ ਹੋ ?

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਥੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇੱਕ ਪੁਆਇੰਟ ਆਫ ਆਰਡਰ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਮਨਿਸਟਰ ਸਾਹਿਬ ਨੇ ਬਿਲ ਪੇਸ਼ ਕੀਤਾ ਹੈ, ਉਸ ਦੇ ਨਾਲ ਜਿਹੜੀਆਂ ਅਮੈਂਡਮੈਂਟਸ ਦਿੱਤੀਆਂ ਹਨ, ਉਨ੍ਹਾਂ ਦੀਆਂ ਕਾਪੀਆਂ ਹਾਲੇ ਤੱਕ ਸਾਡੇ ਤੱਕ ਸਰਕੂਲੇਟ ਨਹੀਂ ਹੋਈਆਂ। ਸਪੀਕਰ ਸਾਹਿਬ, ਦੂਸਰਾ ਮੈਂ ਇੱਕ ਅਮੈਂਡਮੈਂਟ ਟੂ ਦਿ ਬਿਲ 127 ਥੱਲੇ ਨੋਟਿਸ ਦਿੱਤਾ ਹੈ। ਇਸ ਸਬੰਧੀ ਮੈਂ ਤੁਹਾਡੀ ਪ੍ਰੋਟੈਕਸ਼ਨ ਲੈਣੀ ਚਾਹੁੰਦਾ ਹਾਂ। ਮੈਂ ਪਹਿਲਾਂ ਇਸ ਬਾਰੇ ਬੋਲ ਕੇ ਦੱਸਾਂਗਾ ਕਿ : Rule 127 states. "If notice of a proposed amendment has not been given two clear days before the day on which the consideration of the clause to which the amendment is proposed is commenced, any Member may object to the moving of the amendment, and such objection shall prevail unless the Speaker allows the amendment to be moved." ਸਪੀਕਰ ਸਾਹਿਬ, ਹਾਲੇ ਮੇਰੀ ਅਮੈਂਡਮੈਂਟ ਤਾਂ ਹਾਊਸ ਵਿਚ ਨਹੀਂ ਆਈ ਅਤੇ ਕਿਸੇ ਨੇ ਓਬਜੈਕਟ ਨਹੀਂ ਕੀਤਾ ਪਰ ਮੇਰੀ ਅਮੈਂਡਮੈਂਟ ਪਹਿਲਾਂ ਹੀ ਰਿਜੈਕਟ ਹੋ ਗਈ ਹੈ। ਮੈਨੂੰ ਇਸ ਦਾ ਆਰਡਰ ਮਿਲ ਗਿਆ ਹੈ। ਮੈਂ ਇਹ ਜ਼ਰੂਰ ਚਾਹਵਾਂਗਾ ਕਿ ਇਹ ਅਮੈਂਡਮੈਂਟ ਪਹਿਲਾਂ ਸਰਕੂਲੇਟ ਹੁੰਦੀ, ਜੇ ਕੋਈ ਓਬਜੈਕਸ਼ਨ ਕਰਦਾ ਤਾਂ ਇਹ ਰਿਜੈਕਟ ਕੀਤੀ ਜਾਂਦੀ।

ਮਾਨਯੋਗ ਸਪੀਕਰ : ਡਿਸਅਪਰੂਵ ਦੀ ਮੋਸ਼ਨ ਆ ਗਈ ਹੈ। ਤੁਹਾਡੀ ਅਮੈਂਡਮੈਂਟ ਡਿਸਅਪਰੂਵ ਕਰ ਦਿੱਤੀ ਹੈ।

**ਸ਼੍ਰੀ ਤਿਕਸ਼ਨ ਸੂਦ :** ਸਰ, ਰੂਲਜ਼ ਇਹ ਕਹਿੰਦੇ ਹਨ ਕਿ ਜੇ ਕੋਈ ਅਮੈਂਡਮੈਂਟ ਆ ਜਾਵੇ ਅਤੇ ਉਸ ਤੇ ਜੇ ਕੋਈ ਓਬਜੈਕਸ਼ਨ ਹੋਵੇ ਤਾਂ ਉਸ ਨੂੰ ਰੀਕੰਸਿਡਰ ਕਰਕੇ ਬਾਅਦ ਵਿਚ ਹੀ ਰਿਜੈਕਟ ਹੋਣੀ ਚਾਹੀਦੀ ਹੈ ਨਾ ਕਿ ਬਿਨਾਂ ਓਬਜੈਕਸ਼ਨ ਤੋਂ ਹੀ ਰਿਜੈਕਟ ਹੋ ਜਾਵੇ।

**ਮਾਨਯੋਗ ਸਪੀਕਰ :** ਅਪਰੂਵਲ ਆਫ਼ ਨੋਟਿਸ ਆ ਗਈ ਹੈ। ਅਸੀਂ ਪੁੱਟ ਕਰਾਂਗੇ। ਠੀਕ ਹੈ ਜੀ, ਉਸ ਵੇਲੇ ਬੋਲ ਲੈਣਾ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਅਮੈਂਡਮੈਂਟ ਟੂ ਦਿ ਬਿਲ ਦੀਆਂ ਕਾਪੀਆਂ ਹਾਲੇ ਤੱਕ ਨਹੀਂ ਮਿਲੀਆਂ।

**ਮਾਨਯੋਗ ਸਪੀਕਰ :** ਜਦੋਂ ਕਲਾਜ਼ਿਜ ਆਉਣਗੀਆਂ ਤਾਂ ਉਸ ਵਕਤ ਖੜ੍ਹੇ ਹੋ ਜਾਣਾ। ਅਸੀਂ ਕਾਲ ਅਪਾਨ ਕਰ ਲਵਾਂਗੇ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਇੱਥੇ ਵੈਟ ਦੇ ਬਾਰੇ ਡਿਸਕਸ਼ਨ ਹੋ ਰਹੀ ਹੈ। ਇਹ ਪੰਜਾਬ ਦੀ ਇਕਾਨਮੀ ਦੇ ਨਾਲ ਸਬੰਧਤ ਮਾਮਲਾ ਹੈ। ਇਹ ਕੋਈ ਐਸਾ ਐਕਟ ਨਹੀਂ ਹੈ ਕਿ ਬਾਕੀ ਜਿਹੜੇ ਖੇਤਰ ਹਨ, ਉਨ੍ਹਾਂ ਨੂੰ ਛੂੰਹਦਾ ਨਾ ਹੋਵੇ। ਇਹ ਹਰ ਇੱਕ ਖੇਤਰ ਤੇ ਅਸਰ ਕਰਦਾ ਹੈ। ਕਿਉਂਕਿ ਐਗਰੀਕਲਚਰ ਦਾ ਇੱਕ ਆਪਣਾ ਸਥਾਨ ਇਕਾਨਮੀ ਦੇ ਵਿਚ ਹੈ। ਇਕਾਨਮੀ ਦੇ ਵਿਚ ਬਿਜਨਸ ਅਤੇ ਸਟੇਟ ਇੰਡਸਟਰੀ ਦੀ ਇੱਕ ਆਪਣੀ ਜਗ੍ਹਾ ਹੈ। ਅੱਜ ਜੇ ਪੰਜਾਬ ਸਟੇਟ ਥੋੜ੍ਹਾ ਪਿਛੜਨ ਵੱਲ ਜਾ ਰਿਹਾ ਹੈ ਤਾਂ ਐਗਰੀਕਲਚਰ ਵਿਚ ਪਛੜ ਰਿਹਾ ਹੈ। ਇਸ ਕਰਕੇ ਪਛੜਦਾ ਜਾ ਰਿਹਾ ਹੈ ਕਿ ਰਾਜ ਵਿਚ ਇੰਡਸਟਰੀ ਤੇ ਕਮਰਸ ਜਿੰਨਾਂ ਵਧ ਸਕਦਾ ਸੀ, ਉਨਾਂ ਵਧਿਆ ਨਹੀਂ। ਜਿੰਨਾਂ ਸਾਡਾ ਪੰਜਾਬ ਇਸ ਖੇਤਰ ਵਿਚ ਅੱਗੇ ਵਧਿਆ ਸੀ, ਉਹ ਸਾਰੀ ਇੰਡਸਟਰੀ ਹਰਿਆਣੇ ਵਿਚ ਸ਼ਿਫ਼ਟ ਕਰ ਗਈ ਹੈ ਔਰ ਪੰਜਾਬ ਦੇ ਵਿਚ ਅਸੀਂ ਇਸ ਖੇਤਰ ਵਿਚ ਪਿਛੇ ਰਹਿ ਗਏ ਹਾਂ। ਡੈਮੋਕਰੇਸੀ ਰਾਜ ਦੇ ਵਿਚ ਲੋਕਾਂ ਦੀਆਂ ਭਾਵਨਾਵਾਂ ਨੂੰ ਲੈ ਕੇ ਫੈਸਲਾ ਕੀਤਾ ਜਾਂਦਾ ਹੈ। ਸਰਕਾਰ ਨੂੰ ਲੋਕਾਂ ਦੀ ਭਾਵਨਾ ਨੂੰ ਨਾਲ ਲੈ ਕੇ ਚਲਣਾ ਚਾਹੀਦਾ ਹੈ। ਕੈਪਟਨ ਸਾਹਿਬ ਨੇ ਕਿਹਾ ਕਿ ਇਹ ਬੜਾ ਪ੍ਰੋਗੈਸਿਵ ਬਿਲ ਹੈ ਇਸ ਨੂੰ ਪਾਸ ਕਰ ਦਿੱਤਾ ਜਾਵੇ। ਵੈਟ ਕੋਈ ਅਜਿਹਾ ਬਿਲ ਨਹੀਂ ਹੈ ਜਿਸ ਦੇ ਬਗੈਰ ਕੋਈ ਸਰਕਾਰ ਚਲ ਨਹੀਂ ਸਕਦੀ ਜਾਂ ਕਿਸੇ ਮੁਲਕ ਦੀ ਇਕਾਨਮੀ ਚਲ ਨਹੀਂ ਸਕਦੀ, ਨਾ ਕੋਈ ਕਾਮਰਸ ਸਿਸਟਮ ਖਰਾਬ ਹੋ ਸਕਦਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਦੁਨੀਆਂ ਦੇ 130 ਦੇਸ਼ਾਂ ਵਿਚ ਇਹ ਵੈਟ ਲਾਗੂ ਹੈ ਫਿਰ ਨਾਲ ਇਹ ਵੀ ਦਸੋ ਉਥੇ ਇਲੀਟਰੇਸੀ ਕਿੰਨੀ ਘੱਟ ਹੈ ਜਦ ਕਿ ਹਿੰਦੁਸਤਾਨ ਵਿਚ ਇਲੀਟਰੇਸੀ ਕਾਫੀ ਜ਼ਿਆਦਾ ਹੈ। ਹਿੰਦੁਸਤਾਨ ਵਿਚ ਕੋਈ ਵੀ ਤਜਰਬੇਕਾਰ ਆਦਮੀ ਆਪਣਾ ਬਿਜਨੈਸ ਕਰ ਸਕਦਾ ਹੈ। ਇਥੇ ਕੋਈ ਅਕਾਊਟੈਂਟ ਨਹੀਂ ਰਖਦਾ ਹੈ। ਪੰਜਾਬ ਵਿਚ ਤੁਸੀਂ ਦੇਖ ਲਵੋ ਛੋਟੇ ਦੁਕਾਨਦਾਰਾਂ ਨੇ ਕਿੰਨੇ ਕੁ ਅਕਾਊਟੈਂਟ ਰੱਖੇ ਹੋਏ ਹਨ। ਲੋਕੀ ਗਲੀਆਂ ਵਿਚ ਦੁਕਾਨਾਂ ਖੋਲ੍ਹੀ ਬੈਠੇ ਹਨ ਅਤੇ ਛੋਟਾ ਮੋਟਾ ਬਿਜ਼ਨੈਸ ਕਰਕੇ ਆਪਣੇ ਪਰਿਵਾਰ ਦਾ ਗੁਜਾਰਾ ਕਰ ਰਹੇ ਹਨ। ਇਸ ਬਿਲ ਵਿਚ 5 ਲੱਖ ਦੀ ਲਿਮਿਟ ਰੱਖੀ ਗਈ ਹੈ। ਜੋ ਦੁਕਾਨਦਾਰ ਰੋਜ਼ 2 ਢਾਈ ਹਜ਼ਾਰ ਰੁਪਏ ਦਾ ਬਿਜ਼ਨੈਸ ਕਰਦਾ ਹੈ ਉਸ ਨੇ ਇਸ ਘੇਰੇ ਵਿਚ ਆ ਜਾਣਾ ਹੈ ਜਿਨ੍ਹਾਂ ਦੇਸ਼ਾਂ ਵਿਚ ਵੈਟ ਲਾਗੂ ਨਹੀਂ ਹੈ ਕੀ ਉਥੋਂ ਦੀ ਸਰਕਾਰ ਪ੍ਰੋਗੈਸਿਵ ਤੌਰ ਤੇ ਕੰਮ ਨਹੀਂ ਕਰ ਰਹੀ ਹੈ। ਕਨੇਡਾ, ਅਮਰੀਕਾ ਵਿਚ ਵੈਟ ਲਾਗੂ ਨਹੀਂ ਹੈ। ਇਹ ਕੋਈ ਐਸਾ ਬਿਲ ਨਹੀਂ ਹੈ ਜਿਸ ਦੇ ਬਗੈਰ ਦੇਸ਼

ਦਾ ਟੈਕਸ ਸਿਸਟਮ ਨਾ ਚਲ ਸਕਦਾ ਹੋਵੇ। ਅਸੀਂ ਵੈਟ ਸਬੰਧੀ ਲੋਕਾਂ ਨੂੰ ਨਹੀਂ ਭੜਕਾਇਆ ਬਲਕਿ ਤੁਸੀਂ ਹੀ ਇਨ੍ਹਾਂ ਸਬੰਧੀ ਪੂਰੀ ਜਾਣਕਾਰੀ ਜਨਤਾ ਨੂੰ ਨਹੀਂ ਦੇ ਰਹੇ ਜਿਸ ਕਰਕੇ ਉਨ੍ਹਾਂ ਵਿਚ ਰੋਸ ਹੈ। ਇਨ੍ਹਾਂ ਦੀ ਪਾਰਟੀ ਦੇ ਮੈਂਬਰ ਨੇ ਕਿਹਾ ਹੈ ਕਿ ਇਸ ਬਿਲ ਦਾ ਇਨੀਸ਼ੇਟਿਵ ਡਾਕਟਰ ਮਨਮੋਹਣ ਸਿੰਘ ਨੇ ਕੀਤਾ ਸੀ। ਇਹ ਠੀਕ ਹੈ ਕਿ ਇਸ ਸਬੰਧੀ ਕਾਫ਼ੀ ਮੀਟਿੰਗਜ਼ ਸਾਡੇ ਟਾਈਮ ਵਿਚ ਹੁੰਦੀਆਂ ਰਹੀਆਂ ਹਨ। ਚੀਫ ਮਨਿਸਟਰ ਸਾਹਿਬ ਅਤੇ ਸਰਦਾਰ ਆਦੇਸ਼ ਪ੍ਰਤਾਪ ਸਿੰਘ ਵੀ ਮੀਟਿੰਗਜ਼ ਵਿਚ ਜਾਂਦੇ ਰਹੇ ਹਨ। ਹਰ ਮੀਟਿੰਗ ਵਿਚ ਇਹ ਗੱਲ ਕਹੀ ਜਾਂਦੀ ਸੀ ਕਿ ਜਦ ਤੱਕ ਪਬਲਿਕ ਇਸ ਨੂੰ ਐਕਸੈਪਟ ਨਹੀਂ ਕਰਦੀ ਉਤਨੀ ਦੇਰ ਤੱਕ ਇਸ ਨੂੰ ਲਾਗੂ ਨਾ ਕੀਤਾ ਜਾਵੇ। ਲੋਕਾਂ ਦੀਆਂ ਭਾਵਨਾ ਦੀ ਕਦਰ ਕਰਨੀ ਚਾਹੀਦੀ ਹੈ। ਜਦ ਤੱਕ ਵਪਾਰੀ ਵਰਗ ਇਸ ਨੂੰ ਐਕਸੈਪਟ ਨਹੀਂ ਕਰਦਾ ਉਤਨੀ ਦੇਰ ਤੱਕ ਇਸ ਨੂੰ ਲਾਗੂ ਨਾ ਕੀਤਾ ਜਾਵੇ। ਇਸ ਬਿਲ ਦੇ ਵਿਰੋਧ ਵਿਚ ਸਾਰੇ ਹਿੰਦੁਸਤਾਨ ਵਿਚ 3 ਦਿਨ ਦਾ ਮਹਾਂਬੰਦ ਕੀਤਾ ਜਾ ਰਿਹਾ ਹੈ। ਇਸ ਬਿਲ ਦਾ ਅਸਰ ਹਿੰਦੁਸਤਾਨ ਦੇ ਹਰ ਛੋਟੇ ਮੋਟੇ ਲੋਕਾਂ ਤੇ ਅਸਰ ਪੈਣਾ ਹੈ ਅਤੇ ਵਪਾਰੀ ਵਰਗ ਤੇ ਖਾਸ ਤੌਰ ਤੇ ਅਸਰ ਪੈਣਾ ਹੈ ਇਸ ਲਈ ਇਸ ਬਿਲ ਨੂੰ ਰੋਕ ਦਿੱਤਾ ਜਾਵੇ। ਤੁਸੀਂ ਇਸ ਬਿਲ ਨੂੰ ਪਾਸ ਕਰਵਾ ਕੇ ਪੰਜਾਬ ਦੇ ਵਪਾਰੀਆਂ ਦੀ ਮੌਤ ਦੇ ਵਰੰਟ ਉਤੇ ਦਸਖਤ ਕਰਨ ਲਗੇ ਹੋ ਤੁਸੀਂ ਬਲਦੀ ਅੱਗ ਵਿਚ ਹੱਥ ਪਾ ਰਹੇ ਹੋ। ਜਨਤਾ ਤੁਹਾਨੂੰ ਮੁਆਫ ਨਹੀਂ ਕਰੇਗੀ ਹੁਣ ਤੱਕ ਜਿਨ੍ਹਾਂ ਵੀ ਮੈਂਬਰ ਸਾਹਿਬਾਨ ਨੇ ਇਸ ਬਿਲ ਉਤੇ ਬਹਿਸ ਵਿਚ ਹਿੱਸਾ ਲਿਆ ਹੈ ਅਤੇ ਕੁਝ ਮੈਂਬਰ ਸਾਹਿਬਾਨ ਨੇ ਆਪਣੀਆਂ ਤਕਰੀਰਾਂ ਵਿਚ ਅਮੈਂਡਮੈਂਟਸ ਦਿੱਤੀਆਂ ਹਨ ਅਤੇ ਕਈਆਂ ਨੇ ਸੁਝਾਅ ਵੀ ਦਿੱਤੇ ਹਨ ਪਰ ਜਿਹੜੇ ਸੁਝਾਅ ਰੂਲਿੰਗ ਪਾਰਟੀ ਵਲੋਂ ਆਏ ਹਨ ਉਨ੍ਹਾਂ ਨੂੰ ਤਾਂ ਬਿਲ ਵਿਚ ਇਨਕਾਰਪੋਰੇਟ ਕਰ ਲਿਆ ਗਿਆ ਪਰ ਜਿਹੜੇ ਸੁਝਾਅ ਆਪੋਜ਼ੀਸਨ ਪਾਰਟੀ ਦੇ ਮੈਂਬਰ ਸਾਹਿਬਾਨ ਵਲੋਂ ਆਏ ਹਨ ਉਨ੍ਹਾਂ ਨੂੰ ਰਿਜੈਕਟ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਸਰਕਾਰ ਨੇ ਕੰਸਿਡਰ ਨਹੀਂ ਕੀਤਾ। ਜੇਕਰ ਇਸ ਤਰ੍ਹਾਂ ਹੀ ਬਿਲ ਨੂੰ ਤੁਸੀਂ ਪਾਸ ਕਰਨਾ ਹੈ ਫੇਰ ਤੁਸੀਂ ਇਸ ਬਿਲ ਨੂੰ ਤਿਆਰ ਕਰਨ ਲਈ ਪਹਿਲੇ ਗਰਾਊਂਡ ਲੈਵਲ ਤੇ ਤਿਆਰੀ ਕੀ ਕੀਤੀ ਸੀ। ਹਾਲੇ ਇਸ ਉਤੇ ਕਾਫ਼ੀ ਵਿਚਾਰ ਕਰਨ ਦੀ ਲੋੜ ਹੈ ਅਤੇ ਜਿਨ੍ਹਾਂ ਲੋਕਾਂ ਉਤੇ ਇਸ ਬਿਲ ਨੇ ਅਫੈਕਟ ਕਰਨਾ ਹੈ ਉਨ੍ਹਾਂ ਦੇ ਵਿਚਾਰ ਵੀ ਸੁਣ ਲਏ ਜਾਣ। ਇਸ ਬਿਲ ਦੇ ਲਾਗੂ ਹੋ ਜਾਣ ਨਾਲ ਸਟੇਟਸ ਵਿਚ ਮਹਿੰਗਾਈ ਵੱਧ ਜਾਵੇਗੀ। ਹਰ ਕੰਜਿਊਮਰ ਆਈਟਮਜ਼ ਤੇ ਟੈਕਸ ਹੋਰ ਲਗੇਗਾ ਅਤੇ ਪਬਲਿਕ ਦੇ ਹਰ ਵਰਗ ਨੂੰ ਅਫੈਕਟ ਕਰੇਗਾ। ਬੜੀਆਂ ਚੀਜ਼ਾਂ ਤੇ ਟੈਕਸ ਰੇਟ 8% ਤੋਂ ਸਾਢੇ 12½% ਹੋਣ ਜਾ ਰਿਹਾ ਹੈ। ਜੇ ਇਹ ਇਸ ਨੂੰ ਬਜਟ ਵਿਚ ਲਿਆਉਂਦੇ ਤਾਂ ਪਤਾ ਲਗਦਾ ਕਿ ਬਜਟ ਕਿਸ ਤਰ੍ਹਾਂ ਪਾਸ ਕਰਾਉਣਾ ਹੈ। ਸਪੀਕਰ ਸਾਹਿਬ, ਇਸ ਵਿਚ ਖਾਮੀਆਂ ਤਾਂ ਹੋਰ ਵੀ ਹਨ, ਜਿਨ੍ਹਾਂ ਤੇ ਨਹੀਂ ਬੋਲਿਆ ਗਿਆ, ਮੈਂ ਉਨ੍ਹਾਂ ਬਾਰੇ ਹੀ ਗੱਲ ਕਰਾਂਗਾ। ਇਕ ਤਾਂ, ਸਪੀਕਰ ਸਾਹਿਬ, ਕੁਝ ਐਸੀਆਂ ਆਈਟਮਜ਼ ਸਨ ਜਿਨ੍ਹਾਂ ਵਿਚ ਅਕਾਊਂਟਿੰਗ ਬਹੁਤ ਮੁਸ਼ਕਲ ਹੁੰਦੀ ਹੈ, ਜਿਵੇਂ ਭੱਠਾ ਉਦਯੋਗ ਸੀ, ਉਥੇ ਲੰਪਸਮ ਟੈਕਸ ਲਗਾਉਣ ਦਾ ਸਿਸਟਮ

[ਸ਼੍ਰੀ ਤਿਕਸ਼ਨ ਸੂਦ]

ਸੀ। ਆਨ ਲਾਈਨ ਲਾਟਰੀ, ਸਟੋਨ ਕਰੱਸ਼ਰ ਸੀ, ਵੈਟ ਵਿਚ ਉਨ੍ਹਾਂ ਬਾਰੇ ਕੋਈ ਲੰਪਸਮ ਟੈਕਸ ਦਾ ਜ਼ਿਕਰ ਨਹੀਂ ਹੈ। ਉਥੋਂ ਦਾ ਟੈਕਸ ਜਾਂ ਚੋਰੀ ਹੋਵੇਗਾ ਜਾਂ ਕਰਵਾਇਆ ਜਾਵੇਗਾ, ਉਨ੍ਹਾਂ ਵਾਸਤੇ ਇਨ੍ਹਾਂ ਕੋਲ ਕੋਈ ਸਿਸਟਮ ਨਹੀਂ। ਦੂਸਰਾ, ਆਡਿਟ ਬਾਈ ਚਾਰਟਰਡ ਅਕਾਊਂਟੈਂਟਸ ਬਾਰੇ ਜਿਹੜੀ ਅਸੀਂ ਅਮੈਂਡਮੈਂਟ ਲਿਆਂਦੀ ਹੈ, ਇਸ ਨਾਲ ਪਬਲਿਕ ਦੀ ਤਸੱਲੀ ਨਹੀਂ ਹੋਣ ਵਾਲੀ। ਕੋਈ ਵੀ ਪ੍ਰੈਕਟੀਸ਼ਨਰ, ਜਿਸਨੂੰ ਟੈਕਸੇਸ਼ਨ ਅਥਾਰਿਟੀ ਦੇ ਕੋਲ ਪੇਸ਼ ਹੋਣ ਲਈ ਪਰਮਿਸ਼ਨ ਹੈ, ਜੇ ਉਸਨੂੰ ਆਡਿਟ ਦੇ ਦਿੱਤਾ ਜਾਵੇ, ਇਕ ਹੋਰ ਅਮੈਂਡਮੈਂਟ ਕਰਕੇ, ਤਾਂ ਫਾਇਦਾ ਹੋ ਸਕਦਾ ਹੈ। ਇਸ ਵਿਚ ਜਿਹੜਾ ਸੈਕਸ਼ਨ 24 ਪਾਇਆ ਹੈ, ਜਿਸ ਦੇ ਤਹਿਤ ਸਜ਼ਾ ਦੇ ਤੌਰ ਤੇ ਕਿਸੇ ਟਰੇਡਰ ਦੀ ਆਰ.ਸੀ. ਕੈਂਸਲ ਹੋ ਸਕਦੀ ਹੈ, ਇਹ ਕਾਫੀ ਸਖਤ ਸਜ਼ਾ ਹੈ, ਵੱਡੀ ਸਜ਼ਾ ਹੈ। ਇਸ ਤਰ੍ਹਾਂ ਕਰਕੇ ਇਨ੍ਹਾਂ ਨੇ ਵਪਾਰੀ ਨੂੰ ਵਪਾਰ ਤੋਂ ਮਹਿਰੂਮ ਕਰ ਦੇਣਾ ਹੈ। ਜਿਹੜਾ ਇਹ ਕਹਿੰਦੇ ਹਨ ਕਿ ਇੰਸਪੈਕਟਰੀ ਰਾਜ ਨਹੀਂ ਆਏਗਾ, ਜਦੋਂ ਕਹਿਣਗੇ ਕਿ ਤੇਰਾ ਲਾਈਸੰਸ ਕੈਂਸਲ ਕਰ ਦੇਵਾਂਗੇ, ਤੇਰੀ ਰਜਿਸਟ੍ਰੇਸ਼ਨ ਕੈਂਸਲ ਕਰ ਦੇਵਾਂਗੇ ਤਾਂ ਵਪਾਰੀ ਕੀ ਨਹੀਂ ਕਰੇਗਾ।

ਏਸੇ ਤਰ੍ਹਾਂ, ਸਪੀਕਰ ਸਾਹਿਬ, ਕੈਸ਼ ਨੂੰ ਸਟਾਕ ਦੇ ਵਿਚ ਇਨ੍ਹਾਂ ਨੇ ਡਿਫਾਈਨ ਕਰ ਦਿੱਤਾ ਹੈ ਇਹ ਤਾਂ ਸੁਪ੍ਰੀਮ ਕੋਰਟ ਦਾ ਵੀ ਫੈਸਲਾ ਆ ਚੁਕਾ ਹੈ ਕਿ ਕੈਸ਼ ਨੂੰ ਸਟਾਕ ਵਿਚ ਨਹੀਂ ਪਾਇਆ ਜਾ ਸਕਦਾ। ਕੈਸ਼ ਕਿਸੇ ਕੋਲ ਬਿਜ਼ਨਸ ਤੋਂ ਬਾਹਰ ਵੀ ਕਿਸੇ ਪ੍ਰਾਈਵੇਟ ਕੰਮ ਲਈ ਪਿਆ ਹੋ ਸਕਦਾ ਹੈ। ਜੇ ਸੀਜ਼ਰ ਆਫ ਸਟਾਕ ਹੋ ਜਾਵੇ ਤਾਂ ਉਸ ਕੈਸ਼ ਨੂੰ ਸੇਲ ਵਿਚ ਗਿਣ ਲਿਆ ਜਾਵੇਗਾ, ਉਹ ਬੰਦਾ ਇਸ ਨੂੰ ਕਿਸ ਤਰ੍ਹਾਂ ਜਸਟੀਫਾਈ ਕਰੇਗਾ। ਏਸੇ ਤਰ੍ਹਾਂ, ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਇਸ ਸਿਸਟਮ ਨੂੰ 1 ਅਪ੍ਰੈਲ ਤੋਂ ਲਾਗੂ ਕਰਨ ਲਈ ਕਿਹਾ ਹੈ, ਪਰ ਪ੍ਰੈਕਟੀਕਲੀ ਇਸ ਦਾ ਨਾ ਕੋਈ ਫਾਰਮੈਟ ਬਣਿਆ ਹੈ ਤੇ ਨਾ ਕੋਈ ਫਾਰਮਲ ਰੂਲ ਬਣੇ ਹਨ। ਵਪਾਰੀ ਨੇ ਇਸ ਦੇ ਮੁਤਾਬਿਕ ਫੇਰ ਰਿਟਰਨ ਭਰਨੀ ਹੋਵੇਗੀ, ਬਿਨਾ ਫਾਰਮਾਂ ਤੋਂ ਅਸੀਂ ਇਸ ਨੂੰ 1 ਅਪ੍ਰੈਲ ਤੋਂ ਕਿਸ ਤਰ੍ਹਾਂ ਚਲਾ ਦੇਵਾਂਗੇ? ਏਸੇ ਤਰ੍ਹਾਂ ਰਜਿਸਟਰੇਸ਼ਨ ਕਰਾਉਣ ਦੀ ਫੀਸ ਵਧਾ ਦਿੱਤੀ ਹੈ, ਅਪੀਲ ਕਰਨ ਦਾ ਟਾਈਮ ਘਟਾ ਦਿੱਤਾ ਹੈ, ਅਪੀਲ ਦੇ ਪੈਸੇ ਵਧਾ ਦਿੱਤੇ ਹਨ, ਇਹ ਗੱਲਾਂ ਕਿਥੋਂ ਤੱਕ ਵਾਜਬ ਹਨ? ਫੇਰ ਜਿਹੜੇ ਪਹਿਲਾਂ ਐਗਜ਼ੈਂਪਟਿਡ ਯੂਨਿਟ ਸਨ, ਉਨ੍ਹਾਂ ਦੀ ਐਗਜ਼ੈਂਪਸ਼ਿਨ ਸਿਧਾਂਤਕ ਤੌਰ ਤੇ ਖਤਮ ਹੋ ਗਈ ਹੈ। ਇਸ ਵਿਚ ਪ੍ਰੋਵੀਜ਼ਨ ਹੈ ਕਿ ਐਗਜ਼ੇਪਟਿਡ ਯੂਨਿਟ ਐਗਜ਼ੇਪਟਿਡ ਰਹਿਣਗੇ ਪਰ ਡੀਲਰ ਕੋਲ ਜਿਸ ਵੇਲੇ ਮਾਲ ਚਲਾ ਗਿਆ, ਡੀਲਰ ਤੇ ਐਗਜ਼ੈਂਪਸਨ ਐਪਲੀਕੇਬਲ ਨਹੀਂ ਹੋਵੇਗੀ। ਜੇ ਤਾਂ ਫੈਕਟਰੀ ਵਾਲਾ ਆਪਣੇ ਕੋਲ ਆਪ ਰੀਟੇਲ ਕਰਕੇ ਰਖਦਾ ਹੈ ਤੇ ਆਪ ਕੰਜ਼ਿਊਮਰ ਨੂੰ ਮਾਲ ਵੇਚਦਾ ਹੈ ਤਾਂ ਉਸਨੂੰ ਐਗਜ਼ੈਪਸ਼ਨ ਮਿਲੇਗੀ। ਜੇਕਰ ਮਾਲ ਡੀਲਰ ਕੋਲ ਚਲਾ ਗਿਆ ਤਾਂ ਟੈਕਸ ਲਗੇਗਾ। ਜੇ ਫਸਟ ਸਟੇਜ ਆਈਟਮਜ਼ ਹਨ ਤਾਂ ਪਰਚੇਜ਼ ਡੈਕਲੇਰੇਸ਼ਨ ਫਾਰਮ ਦੇ ਦਿਉ ਨਹੀਂ ਤਾਂ ਸਿੱਧਾ ਟੈਕਸ ਲਗੇਗਾ। ਸਪੀਕਰ ਸਾਹਿਬ, ਐਸੀਆਂ ਬਹੁਤ ਜਿਆਦਾ ਗੱਲਾਂ ਹਨ, ਜੇ ਉਨ੍ਹਾਂ ਦੀ ਘੋਖ ਕਰੀਏ, ਪੜਚੋਲ ਕਰੀਏ (ਘੰਟੀ)

ਮਾਨਯੋਗ ਸਪੀਕਰ : ਤੁਸੀਂ ਹੁਣ ਬੈਠੋ ?

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਹਰ ਪ੍ਰੋਵੀਜ਼ਨ ਵਿਚ ਕੋਈ ਨਾ ਕੋਈ ਖਾਮੀ ਨਜ਼ਰ ਆਉਂਦੀ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ.....

**Mr. Speaker :** Resume your seat.

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਆਖਿਰ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਾਸਤੇ, ਪੰਜਾਬ ਦੀ ਇੰਡਸਟਰੀ ਵਾਸਤੇ ਇਸ ਬਿਲ ਨੂੰ ਸਿਲੈਕਟ ਕਮੇਟੀ ਕੋਲ ਇਹ ਭੇਜ ਦੇਣ ਤਾਂਕਿ ਸਾਰੀਆਂ ਪਾਰਟੀਆਂ ਦਾ ਵਿਊ ਆ ਜਾਵੇ, ਸਾਰੇ ਲੋਕ ਇਸ ਦੀ ਘੋਖ ਕਰ ਲੈਣ। ਇਸ ਨੂੰ ਬਿਲਕੁਲ ਨਾ ਲਾਗੂ ਕੀਤਾ ਜਾਵੇ ਨਹੀਂ ਤਾਂ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਵੇਗਾ। ਧੰਨਵਾਦ।

**ਮਾਨਯੋਗ ਸਪੀਕਰ :** ਸ਼੍ਰੀ ਆਰ.ਸੀ. ਡੋਗਰਾ ਜੀ।

**ਸ਼੍ਰੀਮਤੀ ਸੁਖਜਿੰਦਰ ਕੌਰ ਰਾਣਾ :** ਸਪੀਕਰ ਸਾਹਿਬ, ਮੈਨੂੰ ਇਕ ਮਿੰਟ ਦੇ ਦਿਉ।

**ਮਾਨਯੋਗ ਸਪੀਕਰ :** ਹਾਂ ਜੀ, ਤੁਸੀਂ ਬੋਲ ਲਉ। ਡੋਗਰਾ ਜੀ, ਪਲੀਜ਼ ਤੁਸੀਂ ਬੈਠੋ।

**ਸ਼੍ਰੀਮਤੀ ਸੁਖਜਿੰਦਰ ਕੌਰ ਰਾਣਾ (ਕਪੂਰਥਲਾ) :** ਮਾਨਯੋਗ ਸਪੀਕਰ ਸਾਹਿਬ ਜੀ, ਦੋ ਘੰਟੇ ਤੋਂ ਇਹ ਵੈਟ ਵਾਸਤੇ ਰੋ ਰਹੇ ਹਨ ਲੇਕਿਨ ਕੀ ਇਨ੍ਹਾਂ ਨੂੰ ਸਾਰਿਆਂ ਨੂੰ ਪਤਾ ਹੈ ਕਿ ਵੈਟ ਹੈ ਕੀ ? ਇਸ ਦੇ ਨਾਲ ਬਾਅਦ ਵਿਚ ਕੀ ਬੈਨੀਫਿਟ ਹੋਣੇ ਹਨ। ਜਿਸ ਤਰ੍ਹਾਂ ਸੰਜੇ ਗਾਂਧੀ ਨੇ ਫੈਮਿਲੀ ਪਲਾਨਿੰਗ ਸ਼ੁਰੂ ਕੀਤੀ ਸੀ ਤਾਂ ਸਾਰੇ ਰੋ ਰਹੇ ਸੀ ਪਰ ਅੱਜ ਸੰਜੇ ਗਾਂਧੀ ਨੂੰ ਯਾਦ ਕਰਦੇ ਹਨ ਕਿ ਸਾਡੀ ਇੰਡੀਆ ਦੀ ਪਾਪੂਲੇਸ਼ਨ ਕਿੰਨੀ ਘੱਟ ਹੁੰਦੀ। ਜਿਹੜੀ ਕਿ ਅੱਜ ਉਪਰ ਨੂੰ ਜਾਈ ਜਾ ਰਹੀ ਹੈ। ਜੇ ਅੱਜ ਇਹ ਵੈਟ ਇਥੇ ਲਾਗੂ ਨਹੀਂ ਕੀਤਾ ਜਾਂਦਾ ਤਾਂ ਦੋ ਸਾਲਾਂ ਬਾਅਦ ਸਾਡੇ ਇਹੀ ਆਪੋਜ਼ੀਸ਼ਨ ਵਾਲੇ ਕਹਿਣਗੇ ਕਿ ਅੱਛਾ ਹੁੰਦਾ ਜੇਕਰ ਇਥੇ ਵੈਟ ਲਾਗੂ ਹੋ ਜਾਂਦਾ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ਼੍ਰੀ ਰਮੇਸ਼ ਚੰਦਰ ਡੋਗਰਾ) :** ਸਪੀਕਰ ਸਾਹਿਬ, ਇਹ ਜਿਹੜੀ ਵੈਟ ਤੇ ਅੱਜ ਡਿਸਕਸ਼ਨ ਹੋ ਰਹੀ ਹੈ, ਇਸ ਦੇ ਉਤੇ ਬੋਲਣ ਵਾਸਤੇ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਧੰਨਵਾਦ। ਮੈਂ ਵੀ ਇਸ ਤੇ ਆਪਣੇ ਵਿਚਾਰ ਪ੍ਰਗਟ ਕਰਨੇ ਚਾਹੁੰਦਾ ਹਾਂ। ਜਿਹੜੇ ਖਦਸ਼ੇ ਸਾਡੇ ਮਨਾਂ ਵਿਚ ਸੀ, ਮਾਨਯੋਗ ਮੁੱਖ ਮੰਤਰੀ ਜੀ ਨੇ ਪਹਿਲਾਂ ਹੀ ਉਨ੍ਹਾਂ ਸਾਰੇ ਖਦਸ਼ਿਆਂ ਦਾ ਸੋਲਿਊਸ਼ਨ ਕੱਢ ਦਿੱਤਾ। ਇਕ ਤਾਂ 25 ਲੱਖ ਵਾਲੀ ਲਿਮਿਟ 30 ਲੱਖ ਕਰ ਦਿੱਤੀ ਹੈ। ਮੈਂ ਤਾਂ ਰਿਕੁਐਸਟ ਕੀਤੀ ਸੀ ਕਿ 30 ਲੱਖ ਨੂੰ ਵਧਾ ਕੇ 40 ਲੱਖ ਕਰ ਦਿੱਤੀ ਜਾਵੇ ਅਤੇ 5 ਲੱਖ ਲਿਮਿਟ ਨੂੰ 10 ਲੱਖ ਕਰ ਦਿੱਤਾ ਜਾਵੇ ਲੇਕਿਨ ਉਨ੍ਹਾਂ ਨੇ ਆਪਣਾ ਫੈਸਲਾ ਪਹਿਲਾਂ ਹੀ ਸੁਣਾ ਦਿੱਤਾ ਹੈ। ਮੈਂ ਉਨ੍ਹਾਂ ਨੂੰ ਫਿਰ ਰਿਕੁਐਸਟ ਕਰਾਂਗਾ ਅਤੇ ਉਮੀਦ ਕਰਾਂਗਾ ਕਿ ਇਹ ਲਿਮਿਟ ਹੋਰ ਵਧਾਈ ਜਾਵੇਗੀ। ਸਪੀਕਰ ਸਾਹਿਬ, ਇਕ ਗੱਲ ਇਥੇ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਬਾਰ-ਬਾਰ ਆਈ ਹੈ ਅਤੇ ਸ੍ਰੀ ਤਿਕਸ਼ਨ ਸੂਦ ਜੀ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ। ਪਹਿਲਾਂ ਟੈਕਸ ਸਿਸਟਮ ਨੂੰ ਸਟਰੀਮਲਾਈਨ ਕਰਨ ਦੀ ਪ੍ਰਾਬਲਮ ਸੀ। ਜਦੋਂ ਡਾਕਟਰ ਮਨਮੋਹਨ ਸਿੰਘ ਜੀ ਸੈਂਟਰ ਵਿਚ ਫਾਈਨਾਂਸ ਮਨਿਸਟਰ ਸਨ ਤਾਂ ਉਨ੍ਹਾਂ ਨੇ ਇਸ ਪ੍ਰਾਬਲਮ ਦਾ ਸੋਲਿਊਸ਼ਨ ਕੱਢਣ ਦੀ ਕੋਸ਼ਿਸ਼ ਕੀਤੀ ਸੀ ਤਾਂ ਕਿ ਟੈਕਸ ਸਿਸਟਮ ਨੂੰ ਸਟਰੀਮਲਾਈਨ ਕੀਤਾ ਜਾਵੇ ਲੇਕਿਨ ਵੈਟ ਨੂੰ ਲਾਗੂ ਕਰਨ ਦਾ ਫੈਸਲਾ ਤਾਂ ਮਿਤੀ 16 ਨਵੰਬਰ, 1999 ਨੂੰ ਲਿਆ ਗਿਆ ਸੀ ਜਦੋਂ ਸੈਂਟਰ ਵਿਚ ਬੀ.ਜੇ.ਪੀ. ਦੀ ਸਰਕਾਰ ਸੀ। ਉਸ ਵੇਲੇ ਦੀ ਸਰਕਾਰ ਨੇ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਵਿੱਤ ਮੰਤਰੀਆਂ ਦੀ ਮੀਟਿੰਗ ਕੀਤੀ ਸੀ ਔਰ ਉਸ ਮੀਟਿੰਗ ਵਿਚ ਫੈਸਲਾ ਲਿਆ ਗਿਆ ਸੀ ਵੈਟ ਦੇ ਬਾਰੇ ਵਿਚ ਕਿ ਇਸ ਨੂੰ ਮਿਤੀ 1 ਅਪ੍ਰੈਲ, 2001 ਤੋਂ ਲਾਗੂ ਕਰ ਦਿੱਤਾ ਜਾਵੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਉਨ੍ਹਾਂ ਨੂੰ ਸਪੀਚ ਕਰ ਲੈਣ ਦਿਓ। I will give you time. Do not intervene. ਪਹਿਲਾਂ ਉਨ੍ਹਾਂ ਨੂੰ ਬੋਲ ਲੈਣ ਦਿਓ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਵਿਚ ਜੋ ਪਾਇਨੀਅਰ ਹੈ, ਉਹ ਬੀ.ਜੇ.ਪੀ. ਦੀ ਸਰਕਾਰ ਹੈ, ਨਾ ਕਿ ਕਾਂਗਰਸ ਸਰਕਾਰ। ਉਸ ਵੇਲੇ ਇਨ੍ਹਾਂ ਦੀ ਸਰਕਾਰ ਨੇ ਫੈਸਲਾ ਕੀਤਾ ਸੀ ਅਤੇ ਉਸ ਮੀਟਿੰਗ ਵਿਚ ਉਸ ਵੇਲੇ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਇਨ੍ਹਾਂ ਦੇ ਫਾਈਨਾਂਸ ਮਨਿਸਟਰ ਵੀ ਹਾਜ਼ਰ ਸਨ। ਉਦੋਂ ਡੇਢ ਕੁ ਫੈਸਲਾ ਹੋਇਆ ਸੀ ਕਿ ਮਿਤੀ 1 ਅਪ੍ਰੈਲ, 2001 ਤੋਂ ਇਸ ਨੂੰ ਲਾਗੂ ਕਰ ਦਿੱਤਾ ਜਾਵੇ ਅਤੇ ਪ੍ਰੈਪਰੇਟਰੀ ਪੀਰੀਅਡ ਤੋਂ ਬਾਅਦ 1 ਅਪ੍ਰੈਲ, 2003 ਦੀ ਤਰੀਕ ਲਾਗੂ ਕਰਨ ਵਾਸਤੇ ਫਾਈਨਲ ਫਿਕਸ ਕਰ ਦਿੱਤੀ ਸੀ। So how it is that my concerned friend Mr. Tikshan Sud has blamed Dr. Manmohan Singh. He had only tried to find a solution for the streamlining of the tax. Sir, next, the meeting of the Empowered Committee was convened after the installation of the present government, ਇਸ ਵਿਚ ਹੁਣ ਸਿਰਫ ਇੰਨਾ ਹੀ ਚੇਂਜ ਆਇਆ ਹੈ ਕਿ ਇਸ ਨੂੰ ਲਾਗੂ ਕਰਨ ਦੀ ਤਰੀਕ 1 ਅਪ੍ਰੈਲ, 2005 ਕਰ ਦਿੱਤੀ ਕਿ ਇਸ ਤਰੀਕ ਤੋਂ ਵੈਟ ਨੂੰ ਲਾਗੂ ਕੀਤਾ ਜਾਵੇਗਾ and that was the total Sir, what the Congress did and Union Finance Minister ਨੇ ਇਹ ਕੁਮਿਟਮੈਂਟ ਦਿੱਤੀ ਕਿ ਇਸ ਫੈਸਲੇ ਤੋਂ ਬਾਅਦ ਅਗਰ ਇਸ ਗੱਲ ਤੋਂ ਕੋਈ ਨੁਕਸਾਨ ਹੋਵੇਗਾ ਤਾਂ ਇਸ-ਫਾਰਮੂਲੇ ਦੇ ਮੁਤਾਬਿਕ ਉਸ ਨੁਕਸਾਨ ਨੂੰ ਟੋਟਲੀ ਯੂਨੀਅਨ ਗੌਰਮਿੰਟ ਬੀਅਰ ਕਰੇਗੀ, ਜੋ ਵੀ ਨੁਕਸਾਨ ਹੋਵੇਗਾ। ਮਾਨਯੋਗ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪਤਾ ਨਹੀਂ ਇਸ ਵੈਟ ਨਾਲ ਫਾਇਦਾ ਕਿੰਨਾ ਹੋਣਾ ਹੈ ਅਤੇ ਕਿੰਨਾ ਨੁਕਸਾਨ ਹੋਣਾ ਹੈ। ਫਿਰ ਕੈਪਟਨ ਕੰਵਲਜੀਤ ਸਿੰਘ ਨੇ ਕਿਹਾ ਹੈ ਕਿ ਨੁਕਸਾਨ ਇਕ ਹਜ਼ਾਰ ਕਰੋੜ ਰੁਪਏ ਤੱਕ ਜਾਵੇਗਾ। ਦੋਨੋਂ ਸਟੇਟਮੈਂਟਾਂ ਬੜੀਆਂ ਡਿਫਰੈਂਟ ਹਨ ਹਾਲਾਂ ਕਿ ਇਹ ਦੋਵੇਂ ਸਟੇਟਮੈਂਟਾਂ ਇਕੋ ਹੀ ਪਾਰਟੀ ਆਂ ਅਤੇ ਇਕੋ

ਹੀ ਲੀਡਰਸ਼ਿਪ ਦੀਆਂ ਹਨ। ਇਹ ਕਹਿੰਦੇ ਹਨ ਕਿ ਪਤਾ ਨਹੀਂ ਕਿੰਨੀ ਕੁਲੈਕਸ਼ਨ ਹੋਣੀ ਹੈ। ਇਸ ਗੱਲ ਦਾ ਹਾਲੇ ਨਾ ਇਨ੍ਹਾਂ ਨੂੰ ਪਤਾ ਹੈ ਅਤੇ ਨਾ ਹੀ ਸਾਨੂੰ but approximately everything has been calculated ਅਤੇ ਇਕ ਗੱਲ ਜ਼ਰੂਰ ਹੈ ਕਿ ਇਸ ਨਾਲ ਫਾਇਦਾ ਹੀ ਹੋਣਾ ਹੈ, ਨੁਕਸਾਨ ਨਹੀਂ ਹੋਵੇਗਾ। ਇਸ ਢੰਗ ਨਾਲ ਇਹ ਵੈਟ ਕਾਨੂੰਨ ਲਾਗੂ ਕੀਤਾ ਹੈ। ਇਥੇ ਬਾਰ ਬਾਰ ਕਿਹਾ ਗਿਆ ਹੈ ਕਿ ਲੋਕਾਂ ਤੇ ਟੈਕਸ ਬਹੁਤ ਲੱਗ ਜਾਵੇਗਾ ਇਕ ਸਟੇਜ ਤੋਂ ਦੂਸਰੀ ਸਟੇਜ ਤੇ ਟੈਕਸ ਲੱਗ ਜਾਵੇਗਾ। Sir, in fact I am speaking after the Hon'ble Chief Minister has spoken about it. But since you have asked I am speaking. I am grateful to the Hon'ble Chief Minister. Sir, he has increased the limit to 30 lakh. He has reduced the tax from 2% to 1% and he has given great relief to the people of Punjab. Then, Sir, there are other features of the VAT. I think that since the final decision from the Hon'ble Chief Minister has already come, it is not good for me to continue speaking on this. Thank you, Sir.

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) :** ਮੈਂ, ਸਪੀਕਰ ਸਾਹਿਬ, ਜੋ ਗੱਲਾਂ ਕਹਿਣੀਆਂ ਚਾਹੁੰਦਾ ਸੀ ਉਹ ਰੀਪੀਟ ਨਹੀਂ ਕਰਨਾ ਚਾਹੁੰਦਾ। ਸਾਡੇ ਪਾਰਟੀ ਦੇ ਲੀਡਰ ਵੀ ਬੋਲੇ ਹਨ, ਉਨ੍ਹਾਂ ਨੇ ਸਾਰਾ ਕੁਝ ਕਹਿ ਦਿੱਤਾ ਹੈ। ਪਰ ਮੈਂ ਦੋ ਗੱਲਾਂ ਹੀ ਕਹਿਣੀਆਂ ਹਨ। ਇਕ ਇਹ ਕਿ ਲੋਕਾਂ ਨੂੰ ਕਾਂਫੀਡੈਂਸ ਵਿੱਚ ਲੈ ਕੇ ਇਹ ਸਾਰਾ ਕੁਝ ਕਰਨਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਤੇ ਟੈਕਸ ਲੱਗਣਾ ਹੈ ਉਨ੍ਹਾਂ ਨੂੰ ਕਾਂਫੀਡੈਂਸ ਵਿੱਚ ਲੈਣਾ ਚਾਹੀਦਾ ਹੈ। ਦੂਸਰਾ ਇਹ ਹੈ ਕਿ ਜੋ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਹੈ ਉਸ ਦੇ ਲਾਸਟ ਵਿੱਚ ਲਿਖਿਆ ਹੈ, ਉਸ ਸਬੰਧ ਵਿੱਚ ਕਲੈਰੀਫਿਕੇਸ਼ਨ ਚਾਹੀਦੀ ਹੈ। ਉਸ ਦੇ ਵਿੱਚ ਕਲੀਅਰ ਲਿਖਿਆ ਹੈ ਕਿ The National Institute of Public Finance and Policy submitted its Report in 1994 in a meeting of the Chief Ministers and State Finance Ministers held on 6th November, 1999. It was decided that all the States and Union Territories will implement uniform floor rates and Value Added Tax will also be introduced in all the States and Union Territories from 1st April, 2001 ਸਾਡਾ ਮਤਲਬ ਸੀ ਕਿ ਸਾਰੀਆਂ ਸਟੇਟਾਂ ਵਿੱਚ, ਯੂ.ਟੀਜ਼ ਅਤੇ ਕੰਟਰੀ ਵਿੱਚ ਐਟ ਏ ਟਾਈਮ ਲਾਗੂ ਨਹੀਂ ਹੋਣਾ। 10 ਸਟੇਟਾਂ ਇਸ ਨੂੰ ਮੰਨ ਨਹੀਂ ਰਹੀਆਂ। 20 ਸਟੇਟਾਂ ਮੰਨ ਰਹੀਆਂ ਹਨ। ਹਿੰਦੁਸਤਾਨ ਦੇ ਵਿੱਚ ਰੌਲਾ ਪੈ ਰਿਹਾ ਹੈ। ਤਿੰਨ ਚਾਰ ਮਹੀਨੇ ਦਾ ਟਾਈਮ ਦੇ ਦਿਓ ਤਾਂ ਠੀਕ ਹੈ। ਲੋਕਾਂ ਨੂੰ ਵੀ ਸੁਣ ਲੈਣਾ ਚਾਹੀਦਾ ਹੈ। ਡੀਜ਼ਲ ਤੇ ਟੈਕਸ ਵਿਦਡਰਾਅ ਕੀਤਾ ਹੈ, ਇਹ ਅੱਛਾ ਕੀਤਾ ਹੈ। ਅਸੀਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਇਹ ਟੈਕਸ ਲਗਾ ਕੇ ਸਰਕਾਰ ਨੇ ਗਲਤੀ ਕੀਤੀ ਹੈ। ਸਾਡੀ ਬੇਨਤੀ ਹੈ ਕਿ ਇਸ ਨੂੰ ਲਾਗੂ ਕਰਨ ਨਾਲ ਸਟੇਟ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਦਾ ਬਹੁਤ ਵੱਡਾ ਲਾਸ ਹੋ ਜਾਣਾ ਹੈ। ਡੀਜ਼ਲ ਨੂੰ ਇਸ ਦੇ ਪਰਵਿਊ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ। ਇਹ ਬਹੁਤ ਅੱਛੀ ਗੱਲ ਹੈ। ਜਿਹੜੀਆਂ ਗੱਲਾਂ ਹੋ ਗਈਆਂ ਹਨ। ਮੈਂ ਉਨ੍ਹਾਂ ਨੂੰ ਰੀਪੀਟ ਨਹੀਂ ਕਰਾਂਗਾ। ਸੀ.ਐਮ. ਸਾਹਿਬ ਨੇ ਕੁਝ ਬੇਨਤੀਆਂ ਮੰਨੀਆਂ ਹਨ। ਜਿਹੜੀਆਂ ਸੁਜ਼ੈਸ਼ਨਜ਼ ਹਨ, ਉਹ ਸੁਣਨੀਆਂ ਚਾਹੀਦੀਆਂ ਹਨ ਚਾਹੇ ਉਹ ਕਿਸੇ ਵੀ ਪਾਸਿਓਂ ਆਉਣ। ਜਿਹੜੀਆਂ ਗੱਲਾਂ ਅਸੀਂ ਕੀਤੀਆਂ ਹਨ, ਉਹ ਵੀ ਸਟੇਟ ਦੇ ਹਿੱਤ ਵਿੱਚ ਕੀਤੀਆਂ ਹਨ। ਵੈਟ ਬਿਲ ਦੇ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਦੇ ਵਿੱਚ ਇਹ ਸ਼ਬਦ ਹਨ।

**ਡਾਕਟਰ ਉਪਿੰਦਰਜੀਤ ਕੌਰ (ਸੁਲਤਾਨਪੁਰ) :** ਮਾਨਯੋਗ ਸਪੀਕਰ ਸਾਹਿਬ....

**ਮਾਨਯੋਗ ਸਪੀਕਰ :** ਜੋ ਵੀ ਤੁਸੀਂ ਬੋਲਣਾ ਹੈ ਉਹ ਰੈਲੇਵੈਂਟ ਹੋਵੇ।

**ਡਾਕਟਰ ਉਪਿੰਦਰਜੀਤ ਕੌਰ :** ਰੈਲੇਵੈਂਟ ਹੀ ਹੋਏਗਾ ਜੀ। ਕੁਝ ਵੀ ਇਰਰੈਲੇਵੈਂਟ ਨਹੀਂ ਹੋਵੇਗਾ। ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਉਨ੍ਹਾਂ ਨੇ ਪੈਟਰੋਲ ਅਤੇ ਡੀਜ਼ਲ ਦੀ ਇੰਟਰਨੈਸ਼ਨਲ ਕੀਮਤ ਨੂੰ ਮੁੱਖ ਰਖਦੇ ਹੋਏ ਜੋ ਤਜਵੀਜ਼ਾਂ ਵਿੱਤ ਮੰਤਰੀ ਜੀ ਵੱਲੋਂ ਪੇਸ਼ ਕੀਤੀਆਂ ਹਨ ਉਹ ਵਿਦਡਰਾਅ ਕਰ ਲਈਆਂ ਹਨ (ਥੰਪਿੰਗ) ਇਸ ਦੇ ਨਾਲ ਜੋ ਕਿਸਾਨਾਂ ਤੇ ਆਮ ਵਰਗ ਤੇ ਭਾਰ ਪੈਣਾ ਸੀ ਉਹ ਵੀ ਹੁਣ ਬੱਚ ਜਾਵੇਗਾ। ਸੋ ਇਨ੍ਹਾਂ ਨੇ ਇਹ ਚੰਗਾ ਐਲਾਨ ਕੀਤਾ ਹੈ, ਇਸਦਾ ਸਵਾਗਤ ਹੈ। ਦੂਸਰੀ ਗੱਲ ਬੀਬੀ ਰਾਣਾ ਜੀ ਨੇ ਪਾਪੂਲੇਸ਼ਨ ਕੰਟਰੋਲ ਪਾਲਿਸੀ ਜੋ ਕਿ ਸਾਰੇ ਮੁਲਕ ਦੀ ਲੋੜ ਹੈ, ਇਹ ਬੜਾ ਰੈਲੇਵੈਂਟ ਪੁਆਇੰਟ ਹੈ, ਮੈਂ ਉਨ੍ਹਾਂ ਦਾ ਜਵਾਬ ਦੇ ਰਹੀ ਹਾਂ। ਅਸੀਂ ਬੜੀ ਸੰਜੀਦਗੀ ਦੇ ਮਾਹੌਲ ਵਿੱਚ ਪੰਜਾਬ ਦੀ ਇਕਾਨਮੀ ਨੂੰ ਰੀਵਾਈਵ ਕਰਨ ਦੀ ਗੱਲ ਕਰ ਰਹੇ ਸੀ ਕੋਈ ਸੰਜੇ ਗਾਂਧੀ ਨੂੰ ਰੋ ਨਹੀਂ ਰਹੇ ਸੀ। ਗੱਲ ਇਹ ਹੈ ਕਿ ਬਜਟਰੀ ਡਿਸਕਸ਼ਨ ਦੇ ਦੌਰਾਨ ਕਿਸ ਤਰ੍ਹਾਂ ਪਾਪੂਲੇਸ਼ਨ ਕੰਟਰੋਲ ਕੀਤੀ ਜਾ ਸਕਦੀ ਹੈ, ਕਿਹੜੇ ਇਨਸੈਂਟਿਵ ਅਤੇ ਡਿਸਇਨਸੈਂਟਿਵਜ਼ ਦਿੱਤੇ ਜਾਣ ਉਸ ਦੀ ਚਰਚਾ ਹੈ। ਸੋ ਸੰਜੀਦਗੀ ਦੇ ਮਾਹੌਲ ਵਿੱਚ ਸਾਨੂੰ ਪਾਜ਼ੇਟਿਵ ਅਪਰੋਚ ਅਪਣਾ ਕੇ ਅੱਗੇ ਤੁਰਨਾ ਚਾਹੀਦਾ ਹੈ। ਇਹ ਕੋਈ ਪਾਰਟੀ ਐਫੀਲੀਏਸ਼ਨ ਤੋਂ ਉਪਰ ਉਠ ਕੇ ਸਾਨੂੰ ਆਪਣੇ ਸੂਬੇ ਦੀ ਭਲਾਈ ਲਈ ਗੱਲ ਕਰਨੀ ਚਾਹੀਦੀ ਹੈ। ਜਿੱਥੋਂ ਤੱਕ ਵੈਟ, ਵੈਲਿਊ ਐਡਿਡ ਟੈਕਸ ਦਾ ਤਾਅਲੁੱਕ ਹੈ ਇਸ ਸਬੰਧ ਵਿੱਚ ਮੇਰੀ ਬੇਨਤੀ ਹੈ ਕਿ ਇਕ ਦੋ ਦਿਨ ਪਹਿਲਾਂ ਹੀ ਵੈਟ ਦੇ ਬਿਲ ਦਾ ਖਰੜਾ ਇਹ ਸਦਨ ਦੀ ਮੇਜ਼ ਤੇ ਰੱਖਿਆ ਗਿਆ ਹੈ ਜਿਸ ਕਰਕੇ ਪੜ੍ਹਣ ਦਾ ਸਮਾਂ ਨਹੀਂ ਮਿਲ ਸਕਿਆ। ਪਰ ਕੁਝ ਜਨਰਲ ਆਬਜ਼ਰਵੇਸ਼ਨਜ਼ ਹਨ ਜਿਹੜੀਆਂ ਕਿ ਮੈਂ ਇਸ ਪਵਿੱਤਰ ਸਦਨ ਦੇ ਵਿੱਚ ਆਨਰੇਬਲ ਮੈਂਬਰ ਸਾਹਿਬਾਨ ਦੇ ਨਾਲ ਸ਼ੇਅਰ ਕਰਨਾ ਚਾਹੁੰਦੀ ਹਾਂ। ਇਸ ਵੈਟ ਦੀ ਕਿਉਂ ਲੋੜ ਪਈ? ਇਸ ਵੇਲੇ ਵਸਤਾਂ ਉਪਰ ਸੇਲਜ਼ ਟੈਕਸ ਹੈ। ਸੇਲਜ਼ ਟੈਕਸ ਦਾ ਜੋ ਮੌਜੂਦਾ ਢਾਂਚਾ ਹੈ ਉਸ ਅਧੀਨ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਵਸਤਾਂ ਉਤੇ ਵੱਖ-ਵੱਖ ਦਰਾਂ ਨਾਲ ਟੈਕਸ ਲਗਦਾ ਹੈ। ਬਹੁਤ ਸਾਰੇ ਰਾਜਾਂ ਵਿਚ ਵੱਖ-ਵੱਖ ਸਟੇਜ਼ ਤੇ ਵੱਖ-ਵੱਖ ਦਰਾਂ ਤੇ ਟੈਕਸ ਲਗਦਾ ਹੈ। There is multiplicity of tax rates ਇਸ ਨੂੰ ਦੂਰ ਕਰਨ ਲਈ ਦੂਸਰਾ ਕੋਮੋਡੀਟੀਜ਼ ਟੈਕਸ ਹੈ। ਇਹ ਵੀ ਇਕ ਮਾੜਾ ਪ੍ਰਭਾਵ ਹੈ। ਇਸ ਦਾ ਕਾਸਕੇਡਿੰਗ ਅਫੈਕਟ ਹੁੰਦਾ ਹੈ। ਉਸ ਨੂੰ ਦੂਰ ਕਰਨ ਲਈ ਇਸ ਵੈਟ ਨੂੰ ਬਿਹਤਰ ਸਮਝਿਆ ਗਿਆ। ਵੈਟ ਨੂੰ ਇਹ ਤਸਲੀਮ ਕੀਤਾ ਗਿਆ ਕਿ ਕੋਮੋਡੀਟੀਜ਼

ਟੈਕਸੇਸ਼ਨ ਵਿਚ ਜਿੰਨੀਆਂ ਵੀ ਇਲਜ਼ ਹਨ, ਉਨ੍ਹਾਂ ਸਾਰੀਆਂ ਨੂੰ ਦੂਰ ਕਰਨ ਲਈ ਇਹ panacea ਹੈ, ਯਾਨੀ ਸਭ ਮਰਜ਼ਾਂ ਦਾ ਹੱਲ ਹੈ। ਇਹ ਵੈਟ ਹੈ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਵੈਟ ਨੂੰ ਦੁਨੀਆਂ ਦੇ 100 ਮੁਲਕਾਂ ਨੇ ਲਾਗੂ ਕਰ ਲਿਆ ਹੈ। ਯੂਰਪੀਨ ਇਕਨਾਮਿਕ ਕਮਿਊਨਟੀਜ ਦੇ ਮੈਂਬਰਜ ਨੇ ਇਸ ਵੱਲ ਪਹਿਲ ਕਦਮੀ ਕੀਤੀ। ਜਿਹੜੀ ਮੈਂ ਗੱਲ ਕਹਿਣਾ ਚਾਹੁੰਦੀ ਹਾਂ ਉਹ ਇਹ ਹੈ ਕਿ ਮੈਨੂੰ ਇਸ ਨੂੰ ਸਟੱਡੀ ਕਰਨ ਦਾ ਸਮਾਂ ਨਹੀਂ ਮਿਲ ਸਕਿਆ। ਸਾਡੇ ਮੁਲਕ ਵਿਚ ਵੀ 21 ਰਾਜਾਂ ਨੇ ਇਸ ਨੂੰ ਲਾਗੂ ਕਰ ਲਿਆ ਹੈ। ਲੇਕਿਨ ਉਤਰ ਪ੍ਰਦੇਸ਼ ਅਤੇ ਤਾਮਿਲਨਾਡੂ ਨੇ ਇਸ ਨੂੰ ਲਾਗੂ ਕਰਨ ਤੋਂ ਨਾਂਹ ਕਰ ਦਿੱਤੀ। ਬੀ.ਜੇ.ਪੀ. ਸਰਕਾਰਾਂ ਵਾਲੀਆਂ ਪੰਜ ਸਟੇਟਾਂ ਨੇ ਵੀ ਇਸ ਨੂੰ ਹਾਲ ਦੀ ਘੜੀ ਲਾਗੂ ਕਰਨ ਤੋਂ ਅਸਮਰਥਾ ਵਿਖਾਈ ਹੈ ਕਿਉਂਕਿ ਇਸ ਦਾ ਇਕ ਆਧਾਰ ਹੈ। ਇਸ ਵੈਟ ਤੋਂ ਤਾਂ ਫਾਇਦਾ ਹੋਣਾ ਹੈ ਜੇਕਰ ਇਹ ਸਾਰੇ ਮੁਲਕ ਵਿਚ ਇਕੋ ਸਮੇਂ ਯੂਨੀਫਾਰਮ ਰੂਪ ਵਿਚ ਲਾਗੂ ਹੋਵੇ। ਇਹ ਯੂਨੀਫਾਰਮ ਰੇਟ ਤੇ ਲਗਣਾ ਹੈ। ਜਿਵੇਂ ਤਜਵੀਜ਼ ਕੀਤਾ ਗਿਆ ਹੈ ਕਿ ਇਹ 4% ਤੋਂ ਲੈ ਕੇ ਸਾਢੇ 12 ਪ੍ਰਤੀਸ਼ਤ ਦੇ ਦਰਮਿਆਨ ਲਗਣਾ। ਇਹ ਰੇਟ ਜਿਨ੍ਹਾਂ ਚੀਜ਼ਾਂ ਤੇ ਲਗਣਾ ਹੈ, ਜੇਕਰ ਕੁਝ ਸਟੇਟਾਂ ਲਗਾਉਣ ਤੇ ਕੁਝ ਨਾ ਲਗਾਉਣ ਤਾਂ ਇਸ ਦੇ ਨਾਲ ਵੈਟ ਤੋਂ ਜੋ ਮੁਲਕ ਨੂੰ ਫਾਇਦਾ ਹੋਣਾ ਹੈ, ਰਾਜ ਨੂੰ ਫਾਇਦਾ ਹੋਣਾ ਹੈ ਉਹ ਰੁਕ ਜਾਵੇਗਾ। ਇਸ ਦੇ ਨਾਲ ਡਿਸਟੌਰਸ਼ਨ ਪੈਦਾ ਹੋਣਗੀਆਂ। ਇੰਟਰ ਸਟੇਟ ਅਤੇ ਵਿਦਇਨ ਸਟੇਟ ਇੰਬੇਲੇਂਸਜ਼ ਪੈਦਾ ਹੋਣਗੀਆਂ। ਇਸ ਕਰਕੇ ਜਦੋਂ ਵੀ ਇਸ ਨੂੰ ਲਾਗੂ ਕੀਤਾ ਜਾਵੇ, ਸਾਰੇ ਮੁਲਕ ਵਿਚ ਇਕੋ ਸਮੇਂ ਹੋਣਾ ਚਾਹੀਦਾ ਹੈ। ਬੜੀਆਂ ਗੱਲਾਂ ਹੈਡ-ਲਾਈਨਜ਼ ਬਣੀਆਂ ਹਨ, ਇਸ ਐਕਟ ਦੀਆਂ ਧਾਰਾਵਾਂ ਵਿਚ। ਡੈਡ ਲਾਈਨਜ਼ ਫਿਕਸ ਹੋਈਆਂ ਹਨ। ਅੱਜ ਆਪਾਂ ਵੀ ਡੈਡ ਲਾਈਨ ਫਿਕਸ ਕੀਤੀ ਹੈ ਕਿ ਇਸ ਨੂੰ ਪਹਿਲੀ ਅਪ੍ਰੈਲ, 2005 ਤੋਂ ਲਾਗੂ ਕਰਨਾ ਹੈ। ਪਰ ਮੇਰੀ ਬੇਨਤੀ ਹੈ ਕਿ ਜੇ ਵਾਕਿਆ ਹੀ ਇਸ ਤੋਂ ਫਾਇਦਾ ਲੈਣਾ ਹੈ ਤਾਂ ਇਸ ਨੂੰ ਲਾਗੂ ਕਰਨ ਲਈ ਲੋਕਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ, ਲੋਕਾਂ ਦੀ ਗੁੱਡਵਿੱਲ ਨਾਲ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ। ਇਸ ਵਿਚ ਕੋਈ ਹਰਜ਼ ਨਹੀਂ ਜੇ ਇਸ ਦੇ ਖਰੜੇ ਨੂੰ ਇਕ ਸਿਲੈਕਟ ਕਮੇਟੀ ਨੂੰ ਸੌਂਪਿਆ ਜਾਵੇ ਜਿਹੜੀ ਕਿ ਇਸ ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕਰ ਸਕੇ। ਮੈਂਬਰ ਸਾਹਿਬਾਨ ਵੀ ਇਸ ਨੂੰ ਚੰਗੀ ਤਰ੍ਹਾਂ ਘੋਖ, ਪਰਖ ਲੈਣ। ਸਰਕਾਰ ਵੱਲੋਂ ਜਿਹੜੇ ਮਯੀਅਰ ਲਿਆਂਦੇ ਜਾ ਰਹੇ ਹਨ, ਉਹ ਮੁਲਕ ਦੀ ਇਕਨਾਮਿਕ ਰਿਫਾਰਮ ਦੀ ਪ੍ਰਕਿਰਿਆ ਦੇ ਤਹਿਤ ਲਿਆਂਦੇ ਜਾ ਰਹੇ ਹਨ ਜਾਂ ਇਸ ਆਧਾਰ ਤੇ ਲਿਆਂਦੇ ਜਾ ਰਹੇ ਹਨ ਕਿ ਇਸ ਨੂੰ ਸਰਲ ਪ੍ਰਣਾਲੀ ਰਾਹੀਂ ਲਾਗੂ ਕੀਤਾ ਜਾਵੇਗਾ। ਇਸ ਦੇ ਨਾਲ ਜਿਹੜੀ ਆਮਦਨ ਵੈਟ ਤੋਂ ਹੋਵੇਗੀ ਉਹ ਸੇਲਜ਼ ਟੈਕਸ ਆਮਦਨ ਨਾਲੋਂ ਜਿਆਦਾ ਹੋਵੇਗੀ। ਲੇਕਿਨ ਵੈਟ ਹਰ ਸਟੇਜ਼ ਤੇ ਜਿਵੇਂ ਇਸ ਦੀ ਵੈਲਿਊ ਐਡ ਹੋਵੇਗੀ, ਉਸ ਤੇ ਟੈਕਸ ਲੱਗੇਗਾ ਇਸ ਦੇ ਪਲੱਸ ਜਿਨਾ ਵੀ ਟੋਟਲ ਟੈਕਸ ਜਿਹੜੇ ਵਿਅਕਤੀਆਂ ਨੇ ਜਾਂ ਟਰੇਡਰ ਨੇ ਦਿੱਤਾ ਉਸ ਨੂੰ ਆਫ ਸੈਟ ਕੀਤਾ ਜਾਵੇਗਾ ਔਰ ਇਸ ਨੂੰ ਟੋਟਲ ਵਿਚੋਂ ਘਟਾਇਆ ਜਾਵੇ ਤਦ ਨੈਟ ਟੈਕਸ ਦਾ ਭਾਰ ਪਵੇਗਾ ਇਸਦੇ ਨਾਲ

[ਡਾਕਟਰ ਉਪਿੰਦਰਜੀਤ ਕੌਰ]

ਆਮਦਨ ਹੋਵੇਗੀ ਔਰ ਜਿਹੜਾ ਟੈਕਸ ਅਵੇਡ ਕਰਨ ਵਾਲਾ ਹੈ, ਉਸ ਨੂੰ ਵੀ ਰਿਸਟ੍ਰੇਨ ਕੀਤਾ ਜਾਵੇਗਾ। ਸੈਂਟਰ ਦੀ ਵੀ ਇਹ ਮਨਸਾ ਹੈ ਕਿ ਲੋਕਾਂ ਨੂੰ ਇਸ ਬਾਰੇ ਐਜੂਕੇਟ ਕੀਤਾ ਜਾਵੇ ਉਨ੍ਹਾਂ ਨੂੰ ਟਰੇਂਡ ਕੀਤਾ ਜਾਵੇ ਔਰ ਬਕਾਇਦਾ ਪਬਲਿਸਾਈਜ਼ ਕੀਤਾ ਜਾਵੇ। ਮੈਂ ਇਸ ਹਾਊਸ ਦੇ ਮੁਅੱਜਜ਼ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦੀ ਹਾਂ ਕਿ ਸਾਨੂੰ ਕਾਹਲੀ ਨਾਲ ਕਦਮ ਨਹੀਂ ਉਠਾਉਣਾ ਚਾਹੀਦਾ ਔਰ ਸਾਰੇ ਵਿਉਪਾਰੀਆਂ ਨੂੰ ਸਾਰੇ ਇੰਡਸਟਰੀਲਿਸਟਾਂ ਨੂੰ ਆਪਣੇ ਨਾਲ ਲੈ ਕੇ ਤੁਰਨਾ ਚਾਹੀਦਾ ਹੈ। ਉਨ੍ਹਾਂ ਨੂੰ ਇਨਫਾਰਮ ਕਰੀਏ ਅਤੇ ਉਨ੍ਹਾਂ ਦਾ ਸਹਿਯੋਗ ਲਈਏ। ਮੈਂਬਰ ਸਾਹਿਬਾਨ ਵੀ ਇਸ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ ਔਰ ਫਿਰ ਇਸ ਤੇ ਵਿਚਾਰ ਵਟਾਂਦਰਾ ਹੋਵੇ ਔਰ ਸਾਰਿਆਂ ਦੀ ਰਾਏ ਬਣੇ। ਉਸਦੇ ਬਾਅਦ ਹੀ ਬਿਲ ਐਕਟ ਦਾ ਰੂਪ ਧਾਰਨ ਕਰੇ ਅਤੇ ਲਾਗੂ ਹੋਵੇ। ਆਪ ਸਭ ਦਾ ਬਹੁਤ-ਬਹੁਤ ਧੰਨਵਾਦ ਔਰ ਸਪੀਕਰ ਸਾਹਿਬ ਆਪ ਜੀ ਦਾ ਬਹੁਤ-ਬਹੁਤ ਧੰਨਵਾਦ।

**ਵਿੱਤ ਅਤੇ ਯੋਜਨਾ ਮੰਤਰੀ (ਸ਼੍ਰੀ ਸੁਰਿੰਦਰ ਸਿੰਗਲਾ) :** ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਹੁਤ ਹੀ ਅਹਿਮ ਔਰ ਸ਼ਾਇਦ ਜੇ ਮੈਂ ਇਹ ਕਹਾਂ ਕਿ ਇੰਡੀਪੈਂਡੈਂਟ ਇੰਡੀਆ ਵਿੱਚ ਸੱਭ ਤੋਂ ਪਹਿਲਾ ਟੈਕਸ ਰੀਫਾਰਮ ਹੋ ਰਿਹਾ ਹੈ, ਔਰ ਉਹ ਸੇਲਜ਼ ਟੈਕਸ ਤੋਂ ਵੈਟ ਨੂੰ ਲਾਗੂ ਕੀਤੇ ਜਾਣ ਵਾਸਤੇ ਹੈ ਔਰ ਇਹ ਵੀ ਹੈ ਕਿ ਇਹ ਜਿਹੜਾ ਨੈਸ਼ਨਲ ਕੰਸੈਂਸਿਜ ਬਿਲਡ ਹੋਇਆ ਹੈ। ਸਾਰੀਆਂ ਸਟੇਟਾਂ ਦੇ ਵਿੱਤ ਮੰਤਰੀਆਂ ਦੀਆਂ ਪਿਛਲੇ ਛੇ ਸਾਲਾਂ ਤੋਂ ਲਗਾਤਾਰ ਮੀਟਿੰਗਾਂ ਚਲਦੀਆਂ ਰਹੀਆਂ ਹਨ ਜਿਸ ਵਿੱਚ ਪੰਜਾਬ ਨੇ ਵੀ ਬੜਾ ਐਕਟਿਵਲੀ ਹਿੱਸਾ ਪਾਇਆ ਔਰ ਮੈਨੂੰ ਦੱਸਣ ਵਿੱਚ ਵੀ ਖੁਸ਼ੀ ਹੁੰਦੀ ਹੈ ਕਿ ਐਕਸ ਵਿੱਤ ਮੰਤਰੀ, ਪੰਜਾਬ ਦੀ ਵੈਟ ਲਾਉਣ ਵਾਲੀ ਇੰਪਾਵਰਡ ਕਮੇਟੀ ਦੇ 8 ਮੈਂਬਰਾਂ ਵਿਚੋਂ ਖੁਦ ਇਕ ਮੈਂਬਰ ਸਨ ਔਰ ਸੀ. ਐਮ. ਕਾਨਫਰੰਸ ਵਿੱਚ ਵੀ ਜਦੋਂ ਸਾਡੇ ਆਪੋਜੀਸ਼ਨ ਦੇ ਮੁੱਖ ਮੰਤਰੀ ਸਨ, ਉਸ ਵੇਲੇ ਵੀ ਇਹ ਫੈਸਲਾ ਕੀਤਾ ਗਿਆ ਸੀ ਕਿ ਸਾਨੂੰ ਵੈਟ ਦੀ ਜ਼ਰੂਰਤ ਹੈ ਔਰ ਵੈਟ ਦੀ ਯੂਨੀਫਾਰਮਿਟੀ ਸਾਰੀਆਂ ਸਟੇਟਾਂ ਵਿੱਚ ਹੋਵੇ। ਸਾਰੀਆਂ ਸਟੇਟਾਂ ਦੇ ਵਿੱਚ ਇਕ ਰੇਟ ਹੋਵੇ ਤਾਂ ਇਸਦੇ ਨਾਲ ਇਕਾਨਮੀ ਡਿਸਟੋਰਸ਼ਨ ਨਹੀਂ ਹੋਵੇਗੀ। ਮੈਨੂੰ ਇਹ ਵੀ ਖੁਸ਼ੀ ਹੈ ਕਿ ਤੁਸੀਂ ਖੁਦ ਵੈਟ ਦੀ ਚੰਗੀ ਐਡਵੋਕੇਸੀ ਕੀਤੀ ਹੈ । ਇਹ ਸਡਨਲੀ ਇਕ ਮਹੀਨਾ ਪਹਿਲਾਂ ਜਦੋਂ ਸਾਰੇ ਸੂਬਿਆਂ ਦੇ ਵਿੱਤ ਮੰਤਰੀ ਹਾਜ਼ਰ ਸਨ, ਉਸ ਵੇਲੇ ਇਹ ਫੈਸਲਾ ਹੋਇਆ ਸੀ ਖਾਸ ਕਰਕੇ ਬੀ.ਜੇ.ਪੀ. ਦੇ ਮੱਧ ਪ੍ਰਦੇਸ਼ ਦੇ ਵਿੱਤ ਮੰਤਰੀ ਚਾਵਲਾ ਜੀ ਔਰ ਰਾਜਸਥਾਨ ਦੇ ਮੀਨਾ ਜੀ ਨੇ ਕਿਹਾ ਸੀ ਕਿ ਅਸੀਂ ਤਾਂ ਇਸ ਨੂੰ ਲਾਗੂ ਕਰਵਾ ਹੀ ਲੈਣਾ ਹੈ ਪਰ ਹੁਣ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਬੀ.ਜੇ.ਪੀ. ਦੀਆਂ ਸਾਰੀਆਂ ਸਟੇਟਾਂ ਨੇ ਪਹਿਲਾਂ ਕੁਮਿਟਮੈਂਟ ਕੀਤੀ ਹੈ ਅਤੇ ਵਿੱਤ ਮੰਤਰੀਆਂ ਦੀ ਮੀਟਿੰਗ ਵਿੱਚ ਪ੍ਰੋਮਿਸ ਕੀਤਾ ਕਿ ਅਸੀਂ ਵੈਟ ਲਾਉਣ ਲਈ ਤਿਆਰ ਹਾਂ ਪਰ ਹੁਣ ਸਡਨਲੀ 6 ਸਟੇਟਾਂ ਨੇ ਵੈਟ ਨਹੀਂ ਲਗਾਇਆ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਸਾਡੀ ਸੈਂਟਰਲ ਐਸਿਸਟੈਂਸ ਕੱਟੀ ਜਾਵੇ ਸਾਨੂੰ ਕੋਈ ਗੁਰੇਜ਼ ਨਹੀਂ। ਇਹ ਬੀ.ਜੇ.ਪੀ. ਦੇ ਵਿੱਤ ਮੰਤਰੀਆਂ ਨੇ ਸਡਨਲੀ ਹੀ ਨੈਸ਼ਨਲ ਕੰਸੈਂਸਿਜ਼ ਨੂੰ ਤੋੜਿਆ ਹੈ ਔਰ ਸ਼੍ਰੀ ਅਡਵਾਨੀ ਜੀ, ਜਿਹੜੇ ਕਿ ਬੀ.ਜੇ.ਪੀ. ਦੇ ਪ੍ਰਧਾਨ ਹਨ, ਉਨ੍ਹਾਂ ਨੇ ਸਟੇਟਸ ਦੀ ਅਕਾਨਮੀ ਤੇ ਚੋਟ ਮਾਰੀ ਹੈ ਅਤੇ ਸਾਰੀਆਂ ਬੀ.ਜੇ.ਪੀ. ਦੀਆਂ ਸਟੇਟਾਂ ਦੇ ਵਿੱਤ ਮੰਤਰੀਆਂ ਅਤੇ ਮੁੱਖ ਮੰਤਰੀਆਂ ਨੂੰ ਬੁਲਾ ਕੇ ਮਜ਼ਬੂਰ ਕਰਿਆ ਹੈ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆਫ ਆਰਡਰ ਤਾਂ ਨਹੀਂ ਪੁਆਇੰਟ ਆਫ ਡਿਸਟਰਬੈਂਸ ਤਾਂ ਹੋ ਸਕਦਾ ਹੈ। ਚਲੋ ਦੱਸੋ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ।

**ਸ਼੍ਰੀ ਤਿਕਸ਼ਨ ਸੂਦ :** ਸਰ, ਇਨ੍ਹਾਂ ਨੇ ਅਡਵਾਨੀ ਜੀ ਦਾ ਨਾਂ ਇੱਥੇ ਲਿਆ ਹੈ। He is not present in the House. ਇਸ ਲਈ ਉਨ੍ਹਾਂ ਦਾ ਨਾਂ ਡੀਬੇਟ ਵਿਚੋਂ ਕੱਢ ਦੇਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਇਹ ਕੋਈ ਖਿਲਾਫ ਵਾਲੀ ਗੱਲ ਨਹੀਂ ਹੈ। ਤੁਸੀਂ ਹੀਅਰ ਕਰੋ। ਕੋਈ ਅਨ-ਪਾਰਲੀਮੈਂਟਰੀ ਗੱਲ ਨਹੀਂ ਹੈ।

**ਵਿੱਤ ਅਤੇ ਯੋਜਨਾ ਮੰਤਰੀ :** ਸਪੀਕਰ ਸਾਹਿਬ, ਇਹ ਪਹਿਲੀ ਵਾਰ ਹੈ ਕਿ ਸੈਂਟਰ ਸਟੇਟ ਰਿਲੇਸ਼ਨਜ਼ ਦੀ ਅਟਾਨਮੀ ਦੀ ਇੱਕ ਵਧੀਆ ਉਦਾਹਰਨ ਕਿ ਫਾਇਨਾਂਸ ਮਨਿਸਟਰ ਨੇ ਸਾਰੀਆਂ ਪਾਵਰਾਂ ਸੈਂਟਰਲ ਗੌਰਮਿੰਟ ਤੋਂ ਲੈ ਕੇ ਆਪ ਫੈਸਲਾ ਕੀਤਾ ਹੋਵੇ ਤੇ ਇੱਕ ਪੁਲੀਟੀਕਲ ਪਾਰਟੀ ਦਾ ਹੈਡ ਇਸ ਅਟਾਨਮੀ ਤੇ ਚੋਟ ਮਾਰਦਾ ਹੋਵੇ। ਸਾਰੀਆਂ ਬੀ.ਜੇ.ਪੀ. ਦੀਆਂ ਸਟੇਟਾਂ ਨੇ ਕਿਹਾ ਕਿ ਅਸੀਂ ਵੈਟ ਨਹੀਂ ਲਾਗੂ ਕਰਨਾ। ਬਹਾਨਾ ਲਗਾਇਆ ਕਿ ਸੀ.ਐਸ.ਟੀ./ਸੈਂਟਰਲ ਸੇਲਜ਼ ਟੈਕਸ ਅੜਚਨ ਹੈ। ਇਸ ਦਾ ਸਾਨੂੰ ਰੋਡ ਮੈਪ ਦਿਓ। ਪਿਛਲੇ ਹਫਤੇ ਮੀਟਿੰਗ ਹੋਈ। ਉਸ ਮੀਟਿੰਗ ਵਿੱਚ ਸੈਂਟਰ ਸੇਲਜ਼ ਟੈਕਸ ਦਾ ਰੋਡ ਮੈਪ ਦਿੱਤਾ ਗਿਆ ਪਰ ਕੋਈ ਬੀ.ਜੇ.ਪੀ. ਦਾ ਫਾਇਨਾਂਸ ਮਨਿਸਟਰ ਹਾਜ਼ਰ ਨਹੀਂ ਸੀ। ਇਹ ਪੁਲੀਟੀਕਲ ਚੀਟਿੰਗ ਹਿੰਦੁਸਤਾਨ ਦੇ ਲੋਕਾਂ ਨਾਲ ਕੀਤੀ ਜਾ ਰਹੀ ਹੈ। ਇਹ ਪੁਲੀਟੀਕਲ ਦਖਲ ਦਿੱਤਾ ਜਾ ਰਿਹਾ ਹੈ। ਮੈਂ ਹਿਸਟਰੀ ਦੱਸਦਾ ਹਾਂ ਸ਼੍ਰੀ ਜਸਵੰਤ ਸਿੰਘ ਅਤੇ ਸ਼੍ਰੀ ਯਸ਼ਵੰਤ ਸਿਨਹਾ ਨੇ ਚਾਰ ਬਜਟ ਪੇਸ਼ ਕੀਤੇ ਔਰ ਚਾਰੋਂ ਬਜਟਾਂ ਵਿੱਚ ਕਿਹਾ ਗਿਆ ਹੈ ਕਿ ਵੈਟ ਸਭ ਤੋਂ ਵਧੀਆ ਹੈ। ਸਮਝਦਾਰ ਬੀਬੀ ਵੀ ਇੱਥੇ ਕਹਿ ਰਹੀ ਹੈ ਕਿ ਵੈਟ ਸਭ ਤੋਂ ਵਧੀਆ ਹੈ। ਹਿੰਦੁਸਤਾਨ ਵਿੱਚ ਇਤਨਾ ਵੱਡਾ ਰਿਫਾਰਮ ਆ ਰਿਹਾ ਹੈ, ਹਿੰਦੁਸਤਾਨ ਦੇ ਫੈਡਰਲ ਸਿਸਟਮ ਦਾ ਇਹ ਇਤਨਾ ਵੱਡਾ ਫੈਸਲਾ ਹੈ ਔਰ ਪਿਛਲੀ ਮੀਟਿੰਗ ਵਿੱਚ ਬੀ.ਜੇ.ਪੀ. ਦੇ ਇੱਕ ਮਨਿਸਟਰ ਦਾ ਸੁਝਾਓ ਸੀ। ਮੈਂ ਨਾਂ ਨਹੀਂ ਲੈਣਾ ਚਾਹੁੰਦਾ ਕਿ ਜਿਸ ਤਰ੍ਹਾਂ ਫਾਇਨਾਂਸ ਮਨਿਸਟਰ ਦੀ ਇੰਪਾਵਰਡ ਕਮੇਟੀ ਬਣਾਈ ਗਈ ਹੈ। ਐਗਰੀਕਲਚਰ ਦੀ ਇੰਪਾਵਰਡ ਕਮੇਟੀ ਬਣਾਉਣੀ ਚਾਹੀਦੀ ਹੈ ਕਿਉਂਕਿ ਸੈਂਟਰਲ ਗੌਰਮਿੰਟ ਐਗਰੀਕਲਚਰ ਪਾਲਿਸੀਆਂ ਐਸੀਆਂ ਬਣਾਉਂਦੀ ਹੈ ਜਿਹੜੀਆਂ ਕਿਸੀ ਸਟੇਟ ਨੂੰ ਸੂਟ ਕਰਦੀਆਂ ਹਨ ਤੇ ਕਿਸੀ ਨੂੰ ਨਹੀਂ। ਇਸ ਲਈ ਇੰਪਾਵਰਡ ਕਮੇਟੀ ਹੋਣੀ ਚਾਹੀਦੀ ਹੈ ਜਿਹੜੀ ਫੈਸਲਾ ਕਰੇ। ਇਹ ਇੰਨਾ ਵੱਡਾ ਐਕਸਪੈਰੀਮੈਂਟ ਹੋ ਰਿਹਾ ਹੈ ਜਿਹੜਾ ਬੀ.ਜੇ.ਪੀ. ਤੇ ਸਾਹਮਣੇ ਬੈਠੇ ਭਰਾਵਾਂ ਨੂੰ ਪਸੰਦ ਨਹੀਂ। ਇਨ੍ਹਾਂ ਨੂੰ ਤਾਂ ਜੋ ਬੀ.ਜੇ.ਪੀ. ਵਾਲੇ ਕਹਿੰਦੇ ਹਨ, ਉਸ ਮੁਤਾਬਿਕ ਚਲਦੇ ਹਨ। ਇਨ੍ਹਾਂ ਦਾ ਆਪਣਾ ** ** ਆਪ ਕੁਝ ਨਹੀਂ ਕਰਦੇ।

** Expunged as ordered by the Chair.

ਮਾਨਯੋਗ ਸਪੀਕਰ : ਇਨ੍ਹਾਂ ਦਾ ਆਪਣਾ ** ਇਹ ਕੱਟ ਦਿੱਤਾ ਜਾਵੇ।

ਵਿੱਤ ਅਤੇ ਯੋਜਨਾ ਮੰਤਰੀ : ਚਲੋ, ਮੈਂ ਇਹ ਕਹਿੰਦਾ ਹਾਂ ਕਿ ਮਾਈਂਡ ਡਰਿਵਨ ਨਹੀਂ ਹੁੰਦਾ ਬਲਕਿ ਉਹ ਮਾਈਂਡ ਡਰਾਈਵ ਕਰਦੇ ਹਨ।

ਮਾਨਯੋਗ ਸਪੀਕਰ : ਸਭ ਦਾ ਆਪਣਾ ਮਾਈਂਡ ਹੁੰਦਾ ਹੈ।

ਵਿੱਤ ਅਤੇ ਯੋਜਨਾ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਮਾਈਂਡ ਬੀ.ਜੇ.ਪੀ. ਵਾਲੇ ਡਰਾਈਵ ਕਰਦੇ ਹਨ। ਇਹ ਬਹੁਤ ਵੱਡਾ ਟੈਕਸ ਰਿਫਾਰਮ ਹੈ। ਲੀਡਰ ਆਫ ਦਿ ਆਪੋਜ਼ੀਸਨ ਨੇ ਦੋ ਮੁੱਦਿਆਂ ਤੇ ਐਂਫਾਸਾਈਜ਼ ਕੀਤਾ ਹੈ ਜਿਸ ਦਾ ਮੈਂ ਜਵਾਬ ਦੇਣਾ ਚਾਹੁੰਦਾ ਹਾਂ। ਇੱਕ ਇਹ ਕਿ ਇਹ ਬੜਾ ਕੰਪਲੀਕੇਟਿਡ ਹੈ ਅਤੇ ਦੂਜਾ ਇਹ ਬੜਾ ਹਾਰਸ਼ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੇਲਜ਼ ਟੈਕਸ ਕੰਪਲੀਕੇਟਿਡ ਹੈ ਜਾਂ ਵੈਟ। ਇਸ ਵਿੱਚ ਫਰਕ ਕਰ ਲਓ। ਜਿਹੜਾ ਸੇਲਜ਼ ਟੈਕਸ ਹੁਣ ਵਾਲਾ ਹੈ, ਇਹ ਕੰਪਲੀਕੇਟਿਡ ਹੈ ਜਾਂ ਇਹ ਸਿੰਪਲ ਹੈ। ਮੈਂ ਚਾਰ ਉਦਾਹਰਨਾਂ ਦੇਣੀਆਂ ਚਾਹੁੰਦਾ ਹਾਂ। ਚਾਰੋ ਹੀ ਰੈਲੇਵੈਂਟ ਹਨ। ਇੱਕ ਤਾਂ ਸੇਲਜ਼ ਟੈਕਸ ਜਿਵੇਂ ਕਿਹਾ ਗਿਆ ਹੈ, ਟੈਕਸ ਤੇ ਟੈਕਸ ਹੈ। ਸਿੰਗਲ ਪੁਆਇੰਟ ਤੇ ਹੁੰਦਿਆਂ ਹੋਇਆਂ ਇਹ ਕਈ ਵਾਰ ਦੋ-ਤਿੰਨ ਜਗ੍ਹਾ ਤੇ ਲੱਗ ਜਾਂਦਾ ਹੈ। ਜਦੋਂ ਵੈਟ ਹੁੰਦਾ ਹੈ ਤਾਂ ਮਲਟੀ ਟੈਕਸ। ਜਿੱਥੇ ਵੈਲਿਊ ਐਡ ਹੁੰਦੀ ਹੈ, ਉਥੇ ਟੈਕਸ ਲੱਗਦਾ ਹੈ। ਇਸ ਕਰਕੇ ਟੈਕਸ ਤੇ ਟੈਕਸ ਈਫੈਕਟ ਕਰਦਾ ਹੈ ਔਰ ਇਸ ਨਾਲ ਲੋਕਾਂ ਨੂੰ ਕੰਜ਼ਿਊਮਰ ਨੂੰ, ਰਾਹਤ ਮਿਲਦੀ ਹੈ। ਇਸ ਵਿਚ ਦੋ ਹਿੱਸਿਆਂ ਵਿੱਚ ਟੈਕਸ ਹੈ। ਕਿਤੇ ਚਾਰ ਪਰਸੈਂਟ, ਕਿਤੇ ਦਸ ਪਰਸੈਂਟ ਤੇ ਕਿਤੇ ਬਾਰ੍ਹਾਂ ਪਰਸੈਂਟ ਪਰ ਇਹ ਪਹਿਲੀ ਵਾਰ ਹੈ ਕਿ ਨੈਸ਼ਨਲ ਕੰਸੈਂਸਿਜ਼ ਵਿਚ ਤਿੰਨ ਰੇਟ ਹਨ ਜ਼ੀਰੋ ਪਰਸੈਂਟ, ਚਾਰ ਪਰਸੈਂਟ, ਸਾਢੇ ਬਾਰ੍ਹਾਂ ਪਰਸੈਂਟ। ਹੁਣ ਦੱਸੋ ਕਿ ਇਹ ਸਿੰਪਲ ਹੈ ਜਾਂ ਕੰਪਲੀਕੇਟਿਡ। 270 ਚੀਜ਼ਾਂ ਐਸੀਆਂ ਹਨ ਜਿਹੜੀਆਂ ਚਾਰ ਪਰਸੈਂਟ ਵਿਚ ਹੋਣਗੀਆਂ, 45 ਚੀਜ਼ਾਂ ਐਸੀਆਂ ਜਿਹੜੀਆਂ ਅੱਠ ਪਰਸੈਂਟ ਵਿਚ ਸਨ ਤੇ ਚਾਰ ਪਰਸੈਂਟ ਵਿਚ ਚਲੀਆਂ ਗਈਆਂ ਹਨ। ਔਰ ਐਸੀਆਂ 42 ਕਮਾਡਿਟੀਜ਼ ਹਨ, ਜਿਹੜੀਆਂ ਵੈਟ ਤੋਂ ਬਾਹਰ ਕੱਢ ਦਿੱਤੀਆਂ ਹਨ। ਮਤਲਬ ਇੰਨੀ ਸਿੰਪਲੀਫਿਕੇਸ਼ਨ। ਇਸ ਤੋਂ ਇਲਾਵਾ ਹੋਰ ਹੋ ਹੀ ਨਹੀਂ ਸਕਦੀ। ਤੀਜਾ ਅਡਵਾਂਟੇਜ ਹੈ ਕਿ ਸੈਲਫ ਅਸੈਸਮੈਂਟ ਹੈ। ਤੁਹਾਨੂੰ ਇੰਸਪੈਕਟਰੀ ਰਾਜ, ਜਿਸ ਤੋਂ ਸਾਰਾ ਟਰੇਡਰ ਜਲਦਾ ਹੈ, ਤੁਹਾਨੂੰ ਉਹ ਇੰਸਪੈਕਟਰੀ ਰਾਜ ਦੇਖਣਾ ਨਹੀਂ ਪੈਣਾ। ਤੁਸੀਂ ਆਪ ਅਸੈਸਮੈਂਟ ਕਰੋ। ਫਾਰਮ ਭਰ ਦਿਓ। ਫਾਰਮ ਭਰਨ ਨਾਲ ਤੁਹਾਡੀ 2 ਪ੍ਰਤੀਸ਼ਤ ਸਕਰੂਟਨੀ ਹੋਏਗੀ ਔਰ 98 ਪ੍ਰਤੀਸ਼ਤ ਸਕਰੂਟਨੀ ਨਹੀਂ ਹੋਣੀ। ਜੇ ਕੁਝ ਹੋਏਗੀ ਤਾਂ ਉਸ ਤੇ ਤੁਹਾਨੂੰ ਬੁਲਾਇਆ ਜਾ ਸਕਦਾ ਹੈ ਔਰ ਬੁਲਾਉਣ ਵਾਸਤੇ ਤੁਹਾਨੂੰ ਪਹਿਲਾਂ ਨੋਟਿਸ ਦੇਣਾ ਪਵੇਗਾ, ਕਿੰਨਾ ਆਸਾਨ ਕੰਮ ਹੈ। ਪਹਿਲਾਂ ਤੁਹਾਡਾ, ਹਰ ਆਦਮੀ ਦਾ ਸੇਲ ਟੈਕਸ ਇੰਸਪੈਕਟਰ ਆ ਕੇ ਦਰਵਾਜਾ ਖੜਕਾ ਕੇ ਰੇਡ ਕਰ ਸਕਦਾ ਸੀ। ਉਹ ਸਾਰੀਆਂ ਸੇਲ ਟੈਕਸ ਦੀਆਂ ਪਾਵਰਾਂ ਖਤਮ ਕਰ ਦਿੱਤੀਆਂ ਹਨ। ਪਨੈਲਿਟੀ ਤੇ ਮੈਂ ਬਾਅਦ ਵਿੱਚ ਆਉਂਦਾ ਹਾਂ। ਸੈਕਿੰਡ ਚੀਜ਼ ਸੈਲਫ ਅਸੈਸਮੈਂਟ ਹੋਏਗੀ। Interface with department is zero. ਤੁਸੀਂ ਦੱਸੋ ਇਸ ਤੋਂ ਜਿਆਦਾ ਸਿੰਪਲੀਫਿਕੇਸ਼ਨ ਕੀ ਹੋਏਗੀ। ਟਰੇਡਰ ਇਸ ਵਿੱਚ ਸਭ ਤੋਂ ਜਿਆਦਾ ਖੁਸ਼ ਹੈ। ਜਿਸ ਤਰ੍ਹਾਂ ਮੇਰੇ ਛੋਟੇ ਵੀਰ ਅਸ਼ਵਨੀ ਸੇਖੜੀ ਜੀ ਨੇ ਕਿਹਾ ਹੈ ਕਿ ਪੰਜ ਲੱਖ ਤੱਕ ਤਾਂ ਕੋਈ ਵੈਟ ਹੈ ਹੀ ਨਹੀਂ ਹੈ। ਵੈਟ ਵਾਸਤੇ ਰਜਿਸਟਰੇਸ਼ਨ ਦੀ ਜਰੂਰਤ ਹੀ ਨਹੀਂ ਹੈ। 5 ਲੱਖ ਤੋਂ 25 ਲੱਖ ਤੱਕ ਜਰੂਰਤ ਹੈ, ਜਿਸ ਤੇ ਆਨਰੇਬਲ ਚੀਫ

** Expunged as ordered by the Chair.

ਮਨਿਸਟਰ ਸਾਹਿਬ ਨੇ ਹੁਣੇ ਅਨਾਊਂਸ ਕੀਤਾ ਹੈ ਅਤੇ 30 ਲੱਖ ਰੁਪਏ ਦੀ ਮਨਿਸਟਰ ਸਾਹਿਬ ਨੂੰ ਕੰਸਿਡਰ ਕਰਨ ਵਾਸਤੇ ਡਿਮਾਂਡ ਰੱਖੀ ਹੈ। ਹੁਣ ਟਰਨ ਓਵਰ ਟੈਕਸ ਦੇਣਾ ਹੈ। They will be only registering. ਤੁਸੀਂ ਦੱਸੋ ਸਿੰਪਲ ਹੋ ਗਿਆ ਕਿ ਨਹੀਂ। 2 ਪ੍ਰਤੀਸ਼ਤ ਦਾ ਇੱਕ ਪ੍ਰਤੀਸ਼ਤ ਕਰ ਦਿੱਤਾ। ਆਨਰੇਬਲ ਚੀਫ ਮਨਿਸਟਰ ਸਾਹਿਬ ਨੇ ਇੱਕ ਪ੍ਰਤੀਸ਼ਤ ਕਰਾ ਦਿੱਤਾ। ਪੰਜਾਬ ਦਾ 32 ਤੋਂ 40 ਪ੍ਰਤੀਸ਼ਤ ਤੱਕ ਟਰੇਡਰ ਇਸ ਵੈਟ ਤੋਂ ਬਾਹਰ ਹੈ। ਤੁਸੀਂ ਦੱਸੋ ਇਸ ਤੋਂ ਵੱਧ ਸਿੰਪਲੀਫਿਕੇਸ਼ਨ ਕੀ ਹੋ ਸਕਦੀ ਹੈ। ਤੁਸੀਂ ਕੀ ਸਟੱਡੀ ਕੀਤੀ ਹੈ। ਜੇਕਰ ਤਿੰਨ ਦਿਨ ਸਟੱਡੀ ਨਹੀਂ ਕੀਤੀ ਤਾਂ ਇੱਕ ਮਹੀਨਾ ਹੋਰ ਸਟੱਡੀ ਕੀ ਕਰੋਗੇ। ਇਸ ਦੀ ਸਟੱਡੀ ਦੀ ਜ਼ਰੂਰਤ ਹੀ ਨਹੀਂ ਹੈ। ਫਿਰ, ਸਰ, ਇੰਨਾ ਲਿਬਰਲ ਇਨਪੁਟ ਟੈਕਸ ਕਰੈਡਿਟ ਹੈ। ਜਿਵੇਂ ਇਥੇ ਕਿਹਾ ਗਿਆ ਹੈ ਕਿ ਜੇ ਕੁਝ ਸੂਬਿਆਂ ਨੇ ਇਹ ਵੈਟ ਅਡਾਪਟ ਨਾ ਕੀਤਾ ਤਾਂ ਡਿਸਟੋਰਸ਼ਨ ਹੋਏਗੀ। ਮੈਂ ਉਸ ਫਾਈਨਾਂਸ ਮਨਿਸਟਰਾਂ ਦੀ ਮੀਟਿੰਗ ਵਿੱਚ ਵੀ ਕਿਹਾ ਸੀ ਕਿ ਜਿਨ੍ਹਾਂ ਸੂਬਿਆਂ ਵਿੱਚ ਇਨਪੁਟ ਟੈਕਸ ਕਰੈਡਿਟ ਨਹੀਂ ਹੈ, ਉਨ੍ਹਾਂ ਦੀ ਇੰਡਸਟਰੀ ਸ਼ਿਫਟ ਹੋ ਕੇ ਜਿਥੇ ਇਨਪੁਟ ਟੈਕਸ ਕਰੈਡਿਟ ਹੈ, ਉਥੇ ਆ ਜਾਵੇਗੀ। ਜਿਵੇਂ ਡਬਲਿਯੂ.ਟੀ.ਓ. ਵਿੱਚ ਜਦੋਂ ਚਾਈਨਾ ਮੈਂਬਰ ਨਹੀਂ ਸੀ ਤਾਂ ਚਾਈਨਾ ਨੂੰ ਹਰ ਰੋਜ਼ ਡਬਲਿਯੂ.ਟੀ.ਓ. ਦੇ ਧੱਕੇ ਖਾਣੇ ਪੈਂਦੇ ਸੀ ਕਿ ਸਾਨੂੰ ਡਬਲਿਯੂ.ਟੀ.ਓ. ਦਾ ਮੈਂਬਰ ਬਣਾਓ ਕਿਉਂਕਿ ਉਸ ਨੂੰ ਗਲੋਬਲ ਟਰੇਡ ਨਹੀਂ ਮਿਲਦੀ ਸੀ। ਜੋ ਸੂਬੇ ਅੱਜ ਇਸ ਨੂੰ ਅਡਾਪਟ ਨਹੀਂ ਕਰ ਰਹੇ ਜਦੋਂ ਉਥੇ ਇਨਪੁਟ ਟੈਕਸ ਕਰੈਡਿਟ ਨਹੀਂ ਮਿਲੇਗਾ, ਉਨ੍ਹਾਂ ਦੀਆਂ ਕੀਮਤਾਂ ਜ਼ਿਆਦਾ ਹੋਣਗੀਆਂ ਤਾਂ ਉਹ ਇੰਡਸਟਰੀ ਜਿਥੇ ਵੈਟ ਹੋਏਗਾ, ਉਨ੍ਹਾਂ ਸਟੇਟਾਂ ਵਿੱਚ ਆਏਗੀ। ਮਤਲਬ ਇਸ ਦੇ ਇਤਨੇ ਫਾਇਦੇ ਹਨ। ਜਿਹੜਾ ਟੈਕਸ ਦੇਣ ਵਾਲਾ ਆਨੈਸਟ ਹੈ, ਉਸ ਨੂੰ ਡਰਨ ਦੀ ਜ਼ਰੂਰਤ ਨਹੀਂ ਹੈ। ਇਸ ਕਰਕੇ ਇਹ ਕੰਪਲੀਕੇਟਿਡ ਨਹੀਂ ਹੈ, ਇਹ ਸਿੰਪਲ ਹੈ। ਦੂਜਾ ਪੁਆਇੰਟ ਬਾਦਲ ਸਾਹਿਬ ਨੇ ਕਿਹਾ ਹੈ ਕਿ ਇਹ ਬੜਾ ਹਾਰਸ਼ ਹੈ। ਪਹਿਲਾਂ ਤਾਂ ਹਾਰਸ਼ ਲਫਜ਼ ਦਾ ਮੀਨਿੰਗ ਨਹੀਂ ਸਮਝਾਇਆ। ਸੇਲ ਟੈਕਸ ਦੀਆਂ ਪ੍ਰੋਵੀਜ਼ਨਜ਼ ਹਾਰਸ਼ ਹਨ ਜਾਂ ਇਸ ਵੈਟ ਵਿੱਚ ਹਨ। ਉਥੇ ਰੇਡ ਦੀ ਇਜਾਜ਼ਤ ਹੈ, ਸੀਜ਼ਰ ਦੀ ਇਜਾਜ਼ਤ ਹੈ। ਵੈਟ ਵਿੱਚ ਕੋਈ ਐਸੀ ਪ੍ਰੋਵੀਜ਼ਨ ਨਹੀਂ ਹੈ। ਕੇਵਲ ਪੰਜਾਬ ਸੂਬੇ ਦਾ ਵੈਟ ਬਿਲ ਜਿਹੜਾ ਪਾਸ ਹੋਣ ਜਾ ਰਿਹਾ ਹੈ, ਇਸ ਇਕੱਲੇ ਵਿੱਚ ਕੋਈ ਵੀ ਪ੍ਰਾਸੀਕਿਊਸ਼ਨ ਕਲਾਜ਼ ਨਹੀਂ ਹੈ। ਬਾਕੀ ਸਾਰੀਆਂ ਸਟੇਟਾਂ ਵਿੱਚ ਇਹ ਪ੍ਰਾਸੀਕਿਊਸ਼ਨ ਕਲਾਜ਼ਿਜ਼ ਹਨ। (ਥੰਪਿੰਗ) ਇਹ ਤਦ ਹੋਇਆ ਹੈ ਕਿ ਜਿਹੜਾ ਇੰਡਸਟਰੀ ਅਤੇ ਟਰੇਡਰਜ਼ ਦਾ ਮਸਲਾ ਸਾਲ ਡੇਢ ਸਾਲ ਤੋਂ ਚੱਲ ਰਿਹਾ ਹੈ ਔਰ ਉਨ੍ਹਾਂ ਨੇ ਇਹ ਸੁਜੈਸਟ ਕੀਤਾ ਕਿ ਇਹ ਬਿਲਕੁਲ ਨਾ ਲਗਾਓ, ਪ੍ਰਾਸੀਕਿਊਸ਼ਨ ਦੀ ਕਲਾਜ਼ ਕੱਟ ਲਓ। ਪਨੈਲਿਟੀ ਕਲਾਜ਼ਿਜ਼ ਦਾ ਜਿਹੜਾ ਜ਼ਿਕਰ ਕੀਤਾ ਹੈ, ਪਨੈਲਿਟੀ ਕਲਾਜ਼ਿਜ਼ ਉਹ ਹਨ ਜਿਹੜੀਆਂ ਬਿਲਕੁਲ ਕਲੀਅਰ ਹਨ। ਜਿਥੇ ਕੋਈ ਡਿਫਾਲਟ ਹੋਏਗਾ, ਉਸ ਦੀ ਪਨੈਲਿਟੀ ਕਲਾਜ਼ ਆਲਰੇਡੀ ਤਹਿ ਹੈ। ਸਰਕਾਰ ਕੋਲ ਜਾਂ ਅਫਸਰ ਕੋਲ ਕੋਈ ਡਿਸਕਰੀਸ਼ਨ ਨਹੀਂ ਹੈ। ਦੂਜਾ ਇਨ੍ਹਾਂ ਨੇ ਕੋਟ ਕੀਤਾ ਹੈ ਕਿ ਜੇਕਰ ਅਪੀਲ ਕਰਨ ਲਈ ਜਾਓ ਤਾਂ 100 ਪ੍ਰਤੀਸ਼ਤ ਦੇਣਾ ਪਵੇਗਾ ਮੈਂ ਇਨ੍ਹਾਂ ਨੂੰ ਪੜ੍ਹ

[ਵਿੱਤ ਅਤੇ ਯੋਜਨਾ ਮੰਤਰੀ]

ਕੇ ਸੁਣਾ ਦਿੰਦਾ ਹਾਂ Receipt of the statutory payment of 25% of the amount shall also be submitted with the memorandum of appeal. ਕਿਤੇ 100 ਪ੍ਰਤੀਸ਼ਤ ਨਹੀਂ ਹੈ, ਇਹ 25 ਪ੍ਰਤੀਸ਼ਤ ਹੈ। ਜਿਹੜਾ ਲੀਡਰ ਆਫ਼ ਆਪੋਜ਼ੀਸ਼ਨ ਕਹਿੰਦੇ ਸਨ ਕਿ 100 ਪ੍ਰਤੀਸ਼ਤ ਹੈ, ਇਹ 25 ਪ੍ਰਤੀਸ਼ਤ ਹੀ ਹੈ। ਇਹ ਸਾਰੀਆਂ ਗੱਲਾਂ ਕਹਿਣ ਤੋਂ ਬਾਅਦ ਇਹ ਨਾ ਕੋਈ ਹਾਰਸ਼ ਬਿੱਲ ਹੈ, ਨਾ ਹੀ ਕੰਪਲੀਕੇਟਿਡ ਹੈ। ਇਸ ਤੋਂ ਜ਼ਿਆਦਾ ਸਿੰਪਲ ਕਾਨੂੰਨ ਨਹੀਂ ਹੋ ਸਕਦਾ ਔਰ ਨਾ ਹੀ ਇਹ ਹਾਰਸ਼ ਹੈ। ਹਾਂ ਹਾਰਸ਼ ਇਹ ਜ਼ਰੂਰ ਹੈ ਜਿਸ ਦਾ ਜਵਾਬ ਚੀਫ਼ ਮਨਿਸਟਰ ਸਾਹਿਬ ਨੇ ਦਿੱਤਾ ਹੈ ਕਿ ਜੇ ਸਾਡੀ ਰੈਵੀਨਿਊ ਘੱਟ ਜਾਵੇ ਤੇ ਸਾਡੇ ਕੋਲ ਫਾਲ ਬੈਕ ਵਾਸਤੇ ਸੈਂਟਰ ਗੌਰਮਿੰਟ ਨੇ ਇਸ ਬਜਟ ਦੇ ਵਿੱਚ ਪੰਜ ਹਜ਼ਾਰ ਕਰੋੜ ਰੁਪਿਆ ਰੱਖਿਆ ਹੈ। ਅਗਰ ਸਾਨੂੰ ਕੋਈ ਪ੍ਰਾਬਲਮ ਆਉਂਦੀ ਹੈ ਜਾਂ ਰੈਵੀਨਿਊ ਘੱਟ ਜਾਂਦਾ ਹੈ ਤਾਂ ਅਸੀਂ ਇਸ ਨੂੰ ਵਾਪਸ ਲੈ ਸਕਦੇ ਹਾਂ। ਉਸ ਤੋਂ ਵੀ ਸਾਨੂੰ ਐਡਵਾਂਟਿਜ਼ ਹਨ, ਉਹ ਇਹ ਹਨ ਕਿ ਜਿਹੜੀ ਸਾਡੀ ਨਾਰਮਲ ਗਰੋਥ ਰੇਟ ਹੈ ਟੈਕਸ ਵੱਧਣ ਦੀ, ਉਸਨੂੰ ਐਡਜਸਟ ਕਰਕੇ ਜੇਕਰ ਸ਼ਾਰਟ ਫਾਲ ਹੋਵੇ ਤਾਂ ਫਿਰ ਅਸੀਂ ਲੈ ਸਕਦੇ ਹਾਂ। ਉਹ ਇਹ ਠੀਕ ਨਹੀਂ ਕਰ ਸਕਦੇ ਕਿ ਜੇਕਰ ਸਾਡੀ ਨਾਰਮਲ ਇਨਕਰੀਜ਼ ਹੋ ਰਹੀ ਹੈ ਤੇ ਉਸ ਨੂੰ ਉਹ ਸ਼ਾਰਟ ਫਾਲ ਮੰਨ ਲੈਂਦੇ ਹਨ ਤਾਂ ਇਸ ਦੇ ਲਈ ਵੀ ਇੱਕ ਪ੍ਰਿੰਸੀਪਲ, ਇਕ ਫਾਰਮੂਲਾ ਬਣਾਇਆ ਹੈ। ਹਾਂ ਜਿਥੇ ਸਾਨੂੰ ਛੋਟ ਆ ਸਕਦੀ ਸੀ ਕਿ ਜਿਵੇਂ ਪਰਚੇਜ਼ ਹੈ, ਜਿੰਨਾ ਵੀ ਫੂਡ ਗਰੇਨ ਸਰਕਾਰ ਖ਼ਰੀਦਦੀ ਹੈ, ਐਫ.ਸੀ.ਆਈ.। ਤਾਂ ਅਸੀਂ ਕਿਹਾ ਕਿ ਇਸ ਦੇ ਨਾਲ ਅਸੀਂ ਬਿਲਕੁਲ ਐਗਰੀ ਨਹੀਂ ਕਰਦੇ ਕਿਉਂਕਿ ਇਸ ਦੇ ਨਾਲ ਸਾਨੂੰ 400-500 ਕਰੋੜ ਰੁਪਏ ਦਾ ਲਾਸ ਹੈ ਕਿਉਂਕਿ ਫੂਡ ਸੈਂਟਰਲ ਗੌਰਮਿੰਟ ਸਾਡੇ ਕੋਲੋਂ ਖਰੀਦਦੀ ਹੈ। ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਬਗੈਰ ਸੋਚੇ ਸਮਝੇ ਹਾਹਾਕਾਰ ਮਚਾਉਣ ਵਾਲੇ ਤਾਂ ਬੜੇ ਹਨ। ਹੁਣ ਕਹਿੰਦੇ ਹਨ ਕਿ ਭਾਰਤ ਬੰਦ ਹੈ, ਮਹਾਂ ਬੰਦ ਹੈ। ਸਾਨੂੰ ਤਾਂ ਕਿਤੇ ਨਜ਼ਰ ਨਹੀਂ ਆਇਆ। ਇਨ੍ਹਾਂ ਨੂੰ ਆਇਆ ਹੋਵੇਗਾ। ਜਦੋਂ ਇਹ ਆਪ ਵਕਾਲਤ ਕਰਦੇ ਸਨ ਉਸ ਵੇਲੇ ਮੈਂ ਸਮਝਦਾ ਹਾਂ ਕਿ ਮਹਾਂ ਬੰਦ ਆਇਆ ਨਹੀਂ। ਇਹ ਉਸ ਵੇਲੈ ਮੈਂ ਸਮਝਦਾ ਹਾਂ ਕਿ ਛੇ ਸਪੀਚਾਂ ਇਨ੍ਹਾਂ ਵਲੋਂ ਜਗ੍ਹਾ ਜਗ੍ਹਾ ਤੇ ਕੀਤੀਆਂ ਹਨ ਪਰ ਅੱਜ ਕਹਿੰਦੇ ਹਨ ਕਿ ਨਾ ਕਰੋ। ਦੂਜਾ ਅਦੇਸ਼ ਜੀ ਦੀ ਗੱਲ ਠੀਕ ਹੈ ਉਹ ਬਹੁਤ ਹੀ ਰੈਲੇਵੈਂਟ ਹੈ, ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਕੋਈ ਆਦਮੀ, ਕੋਈ ਵੀ ਕੁਲੈਕਟਿਵ ਬਾਡੀ ਇਨਕਲੂਡਿੰਗ ਲੈਜਿਸਲੇਚਰ, ਇਹ ਐਂਟੀਸੀਪੀਏਟ ਨਹੀਂ ਕਰ ਸਕਦੇ। ਇਹ ਜਿਹੜੀਆਂ ਸਾਨੂੰ ਪ੍ਰਾਬਲਮ ਆਉਣ ਵਾਲੀਆਂ ਹਨ। ਇਹ ਸਹੀ ਗੱਲ ਹੈ ਕਿ ਅਜਿਹੇ ਮੁੱਦੇ ਜਿਹੜੇ ਅੱਜ ਨਹੀਂ ਆ ਸਕਦੇ, ਸਡਨਲੀ ਆ ਸਕਦੇ ਹਨ, ਉਨ੍ਹਾਂ ਵਾਸਤੇ ਸੈਂਟਰ ਵਿੱਚ ਫਾਈਨਾਂਸ ਮਨਿਸਟਰ ਨੇ ਇੰਪਾਵਰਡ ਕਮੇਟੀ ਆਫ਼ ਫਾਈਨਾਂਸ ਮਨਿਸਟਰਜ਼ ਕਾਂਸਟੀਚਿਊਟ ਕਰ ਦਿੱਤੀ ਹੈ ਔਰ ਨਵੇਂ ਮੁੱਦੇ ਜਾਂ ਨਵੀਂ ਪ੍ਰਾਬਲਮਜ਼ ਨੂੰ ਐਡਰੈਸ ਕਰੇਗੀ। ਇਸ ਕਰਕੇ ਮੈਂ ਸਮਝਦਾ ਹਾਂ ਕਿ Let Punjab Assembly show the way to this country that we are for tax reform and we should not be worried as the Hon'ble Chief Minister has indicated. ਕਿ ਜਿਹੜਾ fear of unknown ਹੈ, ਜਿਸ ਨੂੰ ਪਤਾ ਨਹੀਂ ਹੈ, ਉਹ unknown fear ਖਤਮ ਹੋ ਜਾਵੇਗਾ ਜਦੋਂ ਤੁਸੀਂ ਇਹ ਪ੍ਰੈਕਟਿਸ ਸਟਾਰਟ ਕਰੋਗੇ। ਹੋਰ ਬਥੇਰੀਆਂ ਗੱਲਾਂ ਹਨ। ਮੈਂ ਸਮਝਦਾ ਹਾਂ ਕਿ ਇਹ ਬਿਲ ਮੋਸਟ ਟੈਕਸ ਰਿਫਾਰਮਿੰਗ ਹੈ ਔਰ ਇਸ ਦੀ ਜ਼ਰੂਰਤ ਹੈ ਜੇ ਤੁਸੀਂ ਗਲੋਬਲਾਈਜ ਵਰਲਡ ਵਿੱਚ ਰਹਿੰਦੇ ਹੋ। ਆਪਾਂ ਦੂਸਰੀ ਮੰਜ਼ਿਲ ਤੈਅ ਕਰਨੀ ਹੈ। ਦੂਸਰੀ

ਮੰਜ਼ਿਲ ਤੈਅ ਕਰਨ ਵਾਸਤੇ ਸਾਨੂੰ ਇੱਕ ਨੈਸ਼ਨਲ ਵੈਟ ਚਾਹੀਦਾ ਹੈ, ਜੋ ਇਹ ਕੰਨਸੈਂਸਿਜ਼ ਮੈਂ ਸਮਝਦਾ ਹਾਂ ਕਿ ਜਲਦੀ ਹੋ ਜਾਵੇਗਾ ਕਿਉਂਕਿ ਮੇਰੀ ਕੱਲ੍ਹ ਹੀ ਜਿਹੜੇ ਚੇਅਰਮੈਨ ਇੰਪਾਵਰਡ ਕਮੇਟੀ ਆਫ਼ ਫਾਈਨਾਂਸ ਮਨਿਸਟਰਜ਼ ਦੇ ਹਨ, ਉਨ੍ਹਾਂ ਨਾਲ ਗੱਲਬਾਤ ਹੋਈ ਹੈ। ਉਹ ਯੂ.ਪੀ. ਦੇ ਚੀਫ਼ ਮਨਿਸਟਰ ਨੂੰ ਮਿਲ ਕੇ ਕਨਵਿੰਸ ਕਰਵਾ ਰਹੇ ਹਨ, ਬੀ.ਜੇ.ਪੀ. ਵਾਲਿਆਂ ਨੂੰ ਤਾਂ ਕੰਨਵਿੰਸ ਕਰਵਾਉਣਾ ਮੁਸ਼ਕਲ ਹੈ ਕਿਉਂਕਿ ਉਨ੍ਹਾਂ ਦਾ ਤਾਂ ਪਾਲਿਟਿਕਸ ਹੈ। ਉਮੀਦ ਹੈ ਕਿ ਉਹ ਮੰਨ ਜਾਣਗੇ। ਫਿਰ ਉਮੀਦ ਹੈ ਕਿ ਸਟੇਟ ਵੈਟ ਤੋਂ ਹੱਟ ਕੇ ਨੈਸ਼ਨਲ ਵੈਟ ਹੋਵੇਗਾ ਅਤੇ ਫਿਰ ਇੱਕ ਨੈਸ਼ਨਲ ਮਾਰਕੀਟ ਹੋਵੇਗੀ। ਜਿਵੇਂ ਮੇਰੀ ਭੈਣ ਉਪਿੰਦਰਜੀਤ ਕੌਰ ਨੇ ਕਿਹਾ ਕਿ ਯੂਰਪ ਪਹਿਲੀ ਸਟੇਟ ਹੈ, ਯੂਰਪ ਵਿੱਚ ਯੂਨੀਫਾਰਮਿਟੀ ਹੈ, ਯੂਰਪੀਅਨ ਦੇਸ਼ਾਂ ਦੇ ਵਿੱਚ ਵੈਟ ਲਾਅ ਹੈ। ਇਸ ਦੇ ਨਾਲ ਸਾਡਾ ਸੂਬਾ ਜ਼ਿਆਦਾ ਤਰੱਕੀ ਕਰੇਗਾ। ਮੈਂ ਸਮਝਦਾ ਹਾਂ ਕਿ ਇਹ ਫਸਟ ਸਟੈੱਪ ਹੈ ਇਸ ਦੇ ਵਿੱਚ ਕੋਈ ਰੋੜਾ ਨਹੀਂ ਹੋਣਾ ਚਾਹੀਦਾ। ਅੱਜ ਤੁਸੀਂ ਖੁਸ਼ੀ ਨਾਲ ਪਾਸ ਕਰੋ। ਮੈਂ ਤੁਹਾਡੇ ਤੋਂ ਇਹ ਉਮੀਦ ਰਖਦਾ ਹਾਂ, ਕੋਈ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਪੰਜਾਬ ਦੇ ਲੋਕਾਂ ਨਾਲ ਕੋਈ ਪਾਲੀਟਿਕਸ ਨਾ ਕਰੋ। ਪੰਜਾਬ ਦੇ ਲੋਕ ਦੇਖਦੇ ਹਨ। ਅਸੀਂ ਵੀ ਕਹਿੰਦੇ ਹਾਂ ਕਿ ਇਹ ਕਾਫੀ ਇਮਾਨਦਾਰ ਟੈਕਸ ਹੈ, ਇਸ ਵਿਚ ਸਭ ਤੋਂ ਜ਼ਿਆਦਾ ਰਾਹਤ ਹੈ, ਕੋਈ ਤਕਲੀਫ਼ ਨਹੀਂ ਆਉਣੀ। ਆਖਿਰ ਵਿਚ ਕਹਾਂਗਾ ਕਿ ਇਹ ਵੀ ਫੈਸਲਾ ਇੰਪਾਵਰਡ ਕਮੇਟੀ ਆਫ ਫਾਈਨਾਂਸ ਮਨਿਸਟਰਸ ਨੇ ਕੀਤਾ ਹੈ ਕਿ ਇਕ ਸਾਲ ਤੱਕ ਜਿਤਨੇ ਵੀ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਹਨ। ਸਾਰੇ ਸੂਬਿਆਂ ਦੇ, ਜਿਥੇ ਵੈਟ ਲੱਗ ਰਿਹਾ ਹੈ, ਉਥੇ ਕੋਈ ਪੈਨਲਟੀ ਨਾ ਲਗਾਈ ਜਾਵੇ। ਕੋਈ ਪੈਨਲਟੀ, ਕੋਈ ਡਾਇਰੈਕਸ਼ਨ, ਕੋਈ ਸਕਰੂਟਨੀ ਵੈਟ ਦੀਆਂ ਅਸੈਸਮੈਂਟਸ ਦੀ ਨਹੀਂ ਹੋਣੀ ਚਾਹੀਦੀ। ਮੈਂ ਉਮੀਦ ਕਰਦਾ ਹਾਂ ਕਿ ਸਾਡੇ ਐਕਸਾਈਜ਼ ਐਂਡ ਟੈਕਸੇਸ਼ਨ ਮਨਿਸਟਰ ਇਸ ਨੂੰ ਪੂਰੀ ਤਰ੍ਹਾਂ ਫਾਲੋ ਕਰਨਗੇ। ਧੰਨਵਾਦ (ਥੰਪਿੰਗ)

**Mr. Speaker :** First I will put the three motions given notice of by some Hon'ble Members to disapprove the Ordinance to the vote of the House.

**ਵਿੱਤ ਅਤੇ ਯੋਜਨਾ ਮੰਤਰੀ :** ਸਰ, ਇਕ ਰਿਕੁਐਸਟ ਕਰਨੀ ਹੈ। ਮੈਂ ਭੁੱਲ ਗਿਆ ਸੀ। ਅੰਮ੍ਰਿਤਸਰ ਵਿਚ ਜਿਹੜਾ ਟੈਕਸ ਹੈ ਉਥੇ ਜਿਹੜਾ ਸ਼ਡਿਊਲ ਬਣਿਆ ਹੈ ਉਹ ਸਾਢੇ 12% ਹੈ। ਮੈਂ ਰਿਕੁਐਸਟ ਕਰਾਂਗਾ ਕਿ ਇਹ 4% ਕੀਤਾ ਜਾਵੇ। ਇਹ ਪੰਜਾਬ ਦਾ ਸਭ ਤੋਂ ਵੱਡਾ ਟਰੇਡ ਚਾਹ ਦਾ ਹੈ। ਮੈਂ ਉਮੀਦ ਕਰਦਾ ਹਾਂ ਕਿ ਇਹ ਕੀਤਾ ਜਾਵੇਗਾ ਕਿਉਂਕਿ ਦਿੱਲੀ ਵਿਚ ਵੀ 4% ਉਨ੍ਹਾਂ ਨੇ ਕੀਤਾ ਹੈ ਅਤੇ ਹਰਿਆਣੇ ਵਿਚ ਵੀ 4% ਹੈ।

**ਆਬਕਾਰੀ ਤੇ ਕਰ ਮੰਤਰੀ :** ਇਸ ਨੂੰ ਦੇਖ ਲਵਾਂਗੇ ਜੀ।

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ :** ਸਪੀਕਰ ਸਾਹਿਬ, ਜਿਨ੍ਹਾਂ ਦੀ ਸੇਲ 5 ਲੱਖ ਹੈ ਉਨ੍ਹਾਂ ਨੂੰ ਇਹ ਕੋਈ ਕ੍ਰੈਡਿਟ ਦਿੰਦੇ ਹਨ ਪਰ ਜਿਨਾਂ ਦੀ ਸੇਲ ਪੰਜ ਲੱਖ ਤੋਂ ਘੱਟ ਹੈ ਉਨ੍ਹਾਂ ਨੂੰ ਇਹ ਨਹੀਂ ਦੇਣਗੇ, ਉਨ੍ਹਾਂ ਦੀ ਚੀਜ਼ ਮਹਿੰਗੀ ਹੋਵੇਗੀ। ਉਨ੍ਹਾਂ ਵਾਸਤੇ ਵੀ ਕੋਈ ਕੰਪਨਸੇਸ਼ਨ ਚਾਹੀਦਾ ਹੈ। ਇਸ ਬਾਰੇ ਵੀ ਵਿਚਾਰ ਕੀਤਾ ਜਾਵੇ।

**Mr. Speaker :** This is a suggestion for consideration.

**Mr. Speaker :** Question is—

"This House disapproves the Punjab Value Added Tax Ordinance, 2005 (Punjab Ordinance No. 5 of 2005)."

*The motion was lost.*

**Mr. Speaker :** The next notice of amendment given notice of by Hon'ble Members Sardar Balwinder Singh Bhunder and Shri Tikshan Sud to refer the Punjab Value Added Tax Bill to the Select Committee to the vote of the House.

**Mr. Speaker :** Question is—

That the Bill be referred to the Select Committee.

*The motion was lost.*

**Mr. Speaker :** Now, I will put notice of amendment given by Sardar Sohan Singh Thandal for circulating the Bill for the purpose of eliciting opinion upto 30th September, 2005 to the vote of the House.

**Mr. Speaker :** Question is—

"That the Bill be circulated for the purpose of eliciting opinion upto 30th September, 2005."

*The motion was lost.*

**Mr. Speaker :** Question is—

That the Punjab Value Added Tax Bill be taken into consideration at once.

*The motion was carried.*

**Mr. Speaker :** Now the House will proceed to consider the Bill clause by clause.

**Sub-Clause (2) of Clause 1**

**Mr. Speaker :** First I will put notice of amendment to Sub-Clause (2) of Clause 1 moved by the Excise and Taxation Minister :—

That in Section 1, Sub-Section (2) may be replaced as under :-

"(2) It shall come into force from the 1st day of April, 2005."

*The motion was carried.*

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਜਿਹੜੀਆਂ ਅਮੈਂਡਮੈਂਟ ਦੀਆਂ ਕਾਪੀਆਂ ਹਨ, ਉਹ ਸਾਡੇ ਤੱਕ ਪਹੁੰਚੀਆਂ ਨਹੀਂ ਹਨ ਅਤੇ ਜਿਹੜੀ ਮੈਂ ਅਮੈਂਡਮੈਂਟ ਦਿੱਤੀ ਸੀ, ਉਸ ਬਾਰੇ ਤੁਸੀਂ ਪਹਿਲਾਂ ਕਿਹਾ ਸੀ ਕਿ ਜਦੋਂ ਬਿਲ ਕਲਾਜ਼ ਬਾਈ ਕਲਾਜ਼ ਪਾਸ ਕਰਾਂਗੇ, ਉਸ ਵੇਲੇ ਬੋਲ ਲੈਣਾ। ਮੇਰੇ ਵਲੋਂ ਅਮੈਂਡਮੈਂਟ ਸੀ ਕਿ ਕਲਾਜ਼ ਵਨ ਵਿਚ ਪ੍ਰੋਵਿਜੋ ਐਡ ਕੀਤਾ ਜਾਵੇ ਕਿ

"Provided that before coming into force of Act all other taxes like C.S.T., Octroi, Service Tax, Excise duty and Entry Tax etc. shall be abolished and it shall be enforced only after all the States adopt Value Added Tax in their own respective States."

**Mr. Speaker :** I shall put it after carrying out the amendment moved by the Minister.

---

**WALK-OUT**

**ਸ਼੍ਰੀ ਤਿਕਸ਼ਨ ਸੂਦ :** ਸਰ ਪੁਆਇੰਟ ਆਫ਼ ਆਰਡਰ..

**ਮਾਨਯੋਗ ਸਪੀਕਰ :** ਨੋ ਪੁਆਇੰਟ ਆਫ਼ ਆਰਡਰ।

(ਇਸ ਸਮੇਂ ਸ਼੍ਰੀ ਤਿਕਸ਼ਨ ਸੂਦ ਅਤੇ ਸਰਦਾਰ ਸੁਖਪਾਲ ਸਿੰਘ, ਮੈਂਬਰ ਬੀ.ਜੇ.ਪੀ. ਪੁਆਇੰਟ ਆਫ਼ ਆਰਡਰ ਤੇ ਸਮਾਂ ਨਾ ਦਿੱਤੇ ਜਾਣ ਦੇ ਰੋਸ ਕਾਰਨ ਸਦਨ ਵਿਚੋਂ ** **ਦੇ ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।)

**ਮਾਨਯੋਗ ਸਪੀਕਰ :** ਜੋ ** ** ਨਾਅਰੇ ਲਗਾਏ ਜਾ ਰਹੇ ਹਨ, ਉਹ ਰਿਕਾਰਡ ਨਾ ਕੀਤੇ ਜਾਣ।

---

** Not recorded as ordered by the Chair.

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB VALUE ADDED TAX ORDINANCE, 2005 (PUNJAB ORDINANCE NO. 5)

## AND

## THE PUNJAB VALUE ADDED TAX BILL, 2005 *(RESUMPTION)*

**Mr. Speaker :** Question is—

That Sub Clause (2) of Clause 1 shall read as under :-

It shall come into force from the 1st day of April, 2005.

*The motion was carried.*

**Mr. Speaker :** Now I shall put the motion of amendment moved by Shri Tikshan Sud to the vote of the House.

**Mr. Speaker :** Question is—

"That a proviso be added at the end of Sub Clause (2) of Clause 1 as under :—

"Provided that before coming into force of Act all other taxes like C.S.T., Octroi, Service Tax, Excise duty and Entry Tax etc. shall be abolished and it shall be enforced only after all the States adopt Value Added Tax in their own respective States."

*The motion was lost.*

**Mr. Speaker :** Question is—

That Sub Clause (2) of Clause 1, as amended, stand part of the Bill.

*The motion was carried.*

### Clauses 2 and 3

**Mr. Speaker :** As there is no amendment to Clauses 2 and 3, if the House agrees, these clauses be put to the vote of the House together.

*(Voices: Yes, Yes)*

**Mr. Speaker** : Question is—

That Clauses 2 and 3 stand part of the Bill.

*The motion was carried.*

**Mr. Speaker** : First I will put the notice to Clause 4 moved by the Excise and Taxation Minister to the vote of the House.

**Mr. Speaker** : Question is—

That part (c) and part (d) of Clause 4 shall be clubbed and should read as under :—

## WALK-OUT

(At this stage all the Hon'ble Members of the Shiromani Akali Dal present in the House staged a walk out).

(Noises and interruptions)

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB VALUE ADDED TAX ORDINANCE, 2005 (PUNJAB ORDINANCE NO. 5)

## AND

## THE PUNJAB VALUE ADDED TAX BILL, 2005 *(RESUMPTION)*

**Mr. Speaker** : Silence please.

**Mr. Speaker** : Clause (c) should have at least 15 years experience of practicing as a Chartered Accountant under the Chartered Accountants' Act, 1949 (Central Act 38 of 1949) or should be eligible for appointment as a member of the Custom, Excise & Service Tax Appellate Tribunal constituted by the Union Government.

*The motion was carried.*

**Mr. Speaker :** Question is—

That Clause 4, as amended, stand part of the Bill.

*The motion was carried unanimously.*

**Clauses 5 to 79**

**Mr. Speaker :** As there is no amendment to Clauses 5 to 79, if the House agrees, these Clauses be put to the vote of the House together.

*(Voices: Yes, Yes)*

**Mr. Speaker :** Question is—

That Clauses 5 to 79 stand part of the Bill.

*The motion was carried unanimously.*

**Clause 80**

**Mr. Speaker :** First I will put the notice of amendment to Clause 80 moved by Finance Minister and the Excise and Taxation Minister to the vote of the House.

**Mr. Speaker :** Question is—

That Sub-clauses (3) and (4), after Sub-clause (3), shall be renumbered as Sub-clause (4) and (5) respectively.

*The motion was carried unanimously.*

**Mr. Speaker :** Now I will put Clause 80, as amended, to the vote of the House.

**Mr. Speaker :** Question is—

That Clauses 80, as amended, stand part of the Bill.

*The motion was carried unanimously.*

AND

THE PUNJAB VALUE ADDED TAX BILL, 2005 *(Resumption)*

## Clauses 81 to 94

**Mr. Speaker :** As there is no amendment to Clauses 81 to 94, if the House agrees, these Clauses be put to the vote of the House together.

*(Voices: Yes, Yes)*

**Mr. Speaker :** Question is—

That Clauses 81 to 94 stand part of the Bill.

*The motion was carried unanimously.*

**Mr. Speaker :** The suggestions given by Hon'ble C.M. have also been included.

## Sub Clause (1) of Clause 1

**Mr. Speaker :** Question is—

That Sub-clause (1) of Clause 1 stand part of the Bill.

*The motion was carried unanimously.*

## TITLE

**Mr. Speaker :** Question is—

That Title be the Title of the Bill.

*The motion was carried unanimously.*

**Mr. Speaker :** Minister to move that the Bill be passed.

**Minister for Excise and Taxation and Printing and Stationery (Sardar Sardul Singh) :** Sir, I beg to move—

That the Punjab Value Added Tax Bill, as amended, be passed.

**Mr. Speaker :** Motion moved.

That the Punjab Value Added Tax Bill, as amended, be passed.

**Mr. Speaker :** Question is—

That the Punjab Value Added Tax Bill, as amended, be passed.

*The motion was carried unanimously.*

**Mr. Speaker :** The House stands adjourned till 10.00 A.M. on Wednesday, the 30th March, 2005.

*4.45 P.M. (The Sabha then* adjourned till 10.00 A.M. on Wednesday, the 30th March, 2005.)

---

*6471/PVS—Govt. Press, U.T., Chd.*

2005

sed.

on

ay,

Published under the authority of the Punjab Vidhan Sabha and printed by the Controller, Printing & Stationery Department, U.T., Chandigarh.

# PUNJAB VIDHAN SABHA
## DEBATES

*Wednesday, the 30th March, 2005*

**Vol. IX - No. 7**

OFFICIAL REPORT

CONTENTS



**Punjab Vidhan Sabha Secretariat, Chandigarh.**

**Price : Rs.** ...............

164-00

*Th*

pleased
by the I
Govern
inclusi
Govern

**Emplo**
sanctio
of the I

# PUNJAB VIDHAN SABHA

*Wednesday, the 30th March, 2005*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

ਮਾਨਯੋਗ ਸਪੀਕਰ : ਕੁਐਸਚਨਜ਼ । ਸਰਦਾਰ ਮਨਪ੍ਰੀਤ ਸਿੰਘ ਜੀ ।

### Bills of Mobile Phones used by I.A.S. and I.P.S. Officers

***1148. Sardar Manpreet Singh Badal :** Will the Chief Minister be pleased to state whether the bills pertaining to the charges of mobile phones used by the I.A.S. and I.P.S. officers serving in the State are reimbursed by the State Government, if so, the maximum limit thereof together with the reasons for non-inclusion of their mobile numbers in the Telephone Directory of the State Government ?

**Minister for Local Government, Parliamentary Affairs, Labour and Employment and Elections (Chaudhary Jagjit Singh) :** Sir, Government has sanctioned the reimbursement of the expenditure incurred on the mobile phones of the I.A.S. and I.P.S. officers with the following designations :—

1. Chief Secretary
2. All Financial Commissioners
3. All Principal Secretaries
4. All Administrative Secretaries
5. All the Deputy Commissioners
6. Heads of Departments
7. D.G.P./Lokpal

**[Minister for Local Government, Parliamentary Affairs, Labour and Employment and Elections]**

The maximum limit of reimbursement of expenditure incurred on mobile phones of Financial Commissioners and other officers mentioned above (except Chief Secretary) is Rs. 1,000 per month.

In addition to the above, for curbing evasion of tax, 16 mobile telephone connections were sanctioned as a special case for the officers of Excise and Taxation Department and out of them the following I.A.S. officers have been beneficiaries of that scheme :—

1. Financial Commissioner (Taxation)
2. Excise and Taxation Commissioner
3. Additional Excise and Taxation Commissioner-I

For officers of the Excise and Taxation Department maximum limit on expenditure is fixed as Rs. 3,000 P.M.

The Telephone Directory of State Government is published by the Public Relations Department. The Department of Public Relations has informed that the mobile numbers, which are given by the personal staff of the officers, are published in the Directory and those, which are not given, are not published.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪਲੀਮੈਂਟਰੀ, ਸਰ।

**ਮਾਨਯੋਗ ਸਪੀਕਰ :** ਹਾਂ ਜੀ, ਮਨਪ੍ਰੀਤ ਜੀ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਮਾਨਯੋਗ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ, ਕਿਉਂਕਿ ਇਨ੍ਹਾਂ ਨੇ ਜਵਾਬ ਵਿੱਚ ਵੇਰਵਾ ਦਿੱਤਾ ਹੈ ਕਿ ਫਲਾਣੇ ਫਲਾਣੇ ਅਫ਼ਸਰਾਂ ਨੂੰ ਮੋਬਾਈਲ ਫੋਨਾਂ ਦੀ ਸਹੂਲਤ ਸਟੇਟ ਗੌਰਮਿੰਟ ਆਪਣੇ ਐਕਸਚੈਕਰ ਵਿਚੋਂ ਦਿੰਦੀ ਹੈ ਤੇ ਜਿਨ੍ਹਾਂ ਅਫ਼ਸਰਾਂ ਦੇ ਮੋਬਾਇਲ ਨੰਬਰ ਉਨ੍ਹਾਂ ਦਾ ਪਰਸਨਲ ਸਟਾਫ ਦਿੰਦਾ ਹੈ, ਉਨ੍ਹਾਂ ਦਾ ਨੰਬਰ ਡਾਇਰੈਕਟਰੀ ਵਿੱਚ ਐਨਲਿਸਟ ਕਰ ਦਿੱਤਾ ਜਾਂਦਾ ਹੈ। ਮੇਰਾ ਸਵਾਲ ਹੈ ਕਿ ਜੇ ਸਟੇਟ ਗੌਰਮਿੰਟ ਦੇ ਐਕਸਚੈਕਰ ਵਿਚੋਂ ਪੈਸਾ ਜਾਂਦਾ ਹੈ they are reimbursed, ਕੀ ਇਹ ਐਨਸ਼ਿਓਰ ਕਰਨਗੇ, ਏਥੇ ਐਸ਼ੋਰੈਂਸ ਦੇਣਗੇ ਕਿ ਉਨ੍ਹਾਂ ਦੇ ਮੋਬਾਇਲ ਟੈਲੀਫੋਨ ਨੰਬਰ ਜੋ ਹਨ they will be published in the directory ?

**ਮੰਤਰੀ :** ਸਪੀਕਰ ਸਾਹਿਬ, ਕਿਉਂਕਿ ਇਹ ਖਰਚਾ ਪੰਜਾਬ ਸਰਕਾਰ ਕਰਦੀ ਹੈ, ਜਿਨ੍ਹਾਂ ਟੈਲੀਫੋਨ ਨੰਬਰਾਂ ਦਾ ਵੇਰਵਾ ਡਾਇਰੈਕਟਰੀ ਵਿੱਚ ਨਹੀਂ ਛਪਦਾ, ਉਨ੍ਹਾਂ ਨੂੰ ਡਾਇਰੈਕਟ ਕਰ ਦਿਆਂਗੇ ਕਿ ਛਾਪ ਦੇਣ।

**ਮਾਨਯੋਗ ਸਪੀਕਰ :** ਡਾਇਰੈਕਟਰੀ ਵਿੱਚ ਛਪਵਾ ਦੇਣਗੇ।

ਸਰਦਾਰ ਮਨਪ੍ਰੀਤ ਸਿੰਘ ਬਾਦਲ : ਧੰਨਵਾਦ ਜੀ। ਸਪੀਕਰ ਸਾਹਿਬ, ਇਨ੍ਹਾਂ ਨੇ ਸਿਰਫ ਆਈ.ਏ.ਐਸ. ਅਫਸਰਾਂ ਦੇ ਮੋਬਾਇਲ ਫੋਨਾਂ ਦਾ ਵੇਰਵਾ ਦਿੱਤਾ ਹੈ। ਕੀ ਇਸ ਦਾ ਮਤਲਬ ਹੈ ਕਿ ਪੰਜਾਬ ਕਾਡਰ ਦੇ ਜਿਹੜੇ ਆਈ.ਪੀ.ਐਸ. ਅਫਸਰ ਹਨ, ਉਨ੍ਹਾਂ ਨੂੰ ਮੋਬਾਇਲ ਫੋਨ ਦੀ ਸੁਵਿੱਧਾ ਉਪਲੱਬਧ ਨਹੀਂ ਹੈ ?

ਮੰਤਰੀ : ਸਪੀਕਰ ਸਾਹਿਬ, 2-3 ਆਈ.ਪੀ.ਐਸ. ਅਫਸਰ ਵੀ ਇਹ ਸੁਵਿਧਾ ਲੈ ਰਹੇ ਹਨ, ਜਿਹੜੇ ਹੈਡ ਆਫ ਦਿ ਡਿਪਾਰਟਮੈਂਟਸ ਹਨ। ਇਸ ਦੇ ਵਾਸਤੇ ਕੋਈ ਨਾਂਹ ਨਹੀਂ। ਇਸ ਲਈ ਬਕਾਇਦਾ ਬੋਰਡ ਬਣਿਆ ਹੋਇਆ ਹੈ, ਜਿਸ ਵਿੱਚ ਚੀਫ ਸੈਕ੍ਰੇਟਰੀ, ਐਫ.ਸੀ.ਆਰ., ਸੈਕ੍ਰੇਟਰੀ ਸਟੇਸ਼ਨਰੀ ਵਿਭਾਗ, ਹੋਮ ਸੈਕ੍ਰੇਟਰੀ, ਫਾਈਨਾਂਸ ਸੈਕ੍ਰੇਟਰੀ ਤੇ ਹੋਰ ਸੈਕ੍ਰੇਟਰੀ ਮੈਂਬਰ ਹਨ। ਇਹ ਬੋਰਡ ਮੋਬਾਇਲ ਫੋਨ ਸੈਂਕਸ਼ਨ ਕਰਦਾ ਹੈ। ਬਾਕੀ ਜਿਨ੍ਹਾਂ ਨੂੰ ਲੋੜ ਹੈ, ਉਨ੍ਹਾਂ ਨੂੰ ਮਿਲਦੇ ਪਏ ਹਨ। 3-4 ਅਫਸਰ ਆਲਰੇਡੀ ਲੈ ਰਹੇ ਹਨ।

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਖਰਚਾ ਰੀਇੰਬਰਸ ਕਰਨ ਬਾਰੇ ਪੁੱਛਿਆ ਹੈ। ਆਈ.ਪੀ.ਐਸ. ਅਫ਼ਸਰਾਂ ਨੂੰ ਸਟੇਟ ਗੌਰਮਿੰਟ ਮੋਬਾਇਲ ਫੋਨਾਂ ਦਾ ਖਰਚਾ ਰੀਇੰਬਰਸ ਕਰਦੀ ਹੈ ਜਾਂ ਨਹੀਂ ? ਮੇਰਾ ਸਵਾਲ ਬੜਾ ਸਪੈਸਿਫਿਕ ਹੈ।

ਮੰਤਰੀ : ਸਪੀਕਰ ਸਾਹਿਬ, 3 ਅਫਸਰ ਜਿਹੜੇ ਹਨ, ਹੋਮ ਗਾਰਡ ਦੇ ਡਾਇਰੈਕਟਰ ਜਨਰਲ, ਮੋਬਾਇਲ ਫੋਨ ਉਨ੍ਹਾਂ ਦੇ ਕੋਲ ਹਨ ਤੇ ਉਨ੍ਹਾਂ ਦਾ ਖਰਚਾ ਸਰਕਾਰ ਦਿੰਦੀ ਹੈ। ਜਿਹੜੇ ਆਈ.ਏ.ਐਸ. ਤੇ ਆਈ.ਪੀ.ਐਸ. ਅਫਸਰ ਹਨ, ਉਨ੍ਹਾਂ ਦੇ ਫੋਨਾਂ ਦਾ ਖਰਚਾ ਵੀ ਸਰਕਾਰ ਦਿੰਦੀ ਹੈ, ਚੀਫ ਸੈਕ੍ਰੇਟਰੀ ਦਾ ਡਿਪਾਰਟਮੈਂਟ ਦਿੰਦਾ ਹੈ। ਜਿਹੜੇ ਐਕਸਾਈਜ਼ ਐਂਡ ਟੈਕਸੇਸ਼ਨ ਦੇ ਅਫ਼ਸਰ ਇਹ ਸੁਵਿਧਾ ਲੈ ਰਹੇ ਹਨ, ਉਨ੍ਹਾਂ ਦਾ ਖਰਚਾ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਦਿੰਦਾ ਹੈ।

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਜੋ ਡਿਸਟ੍ਰਿਕਟਸ ਦੇ ਐਸ.ਐਸ.ਪੀਜ਼ ਹਨ, ਰੇਂਜ ਦੇ ਡੀ.ਆਈ.ਜੀ. ਹਨ, are they allowed reimbursement of the mobile phones ?

ਮਾਨਯੋਗ ਸਪੀਕਰ : ਡਿਸਟ੍ਰਿਕਟ ਦੇ ਅਫਸਰਾਂ ਬਾਰੇ ਦੱਸੋ।

ਮੰਤਰੀ : ਸਪੀਕਰ ਸਾਹਿਬ, ਮੈਂ ਸਾਫ ਕਿਹਾ ਹੈ, ਜਿਨ੍ਹਾਂ ਨੂੰ ਬੋਰਡ ਨੇ ਸੈਂਕਸ਼ਨ ਦਿੱਤੀ ਹੈ, ਉਨ੍ਹਾਂ ਦੀ ਲਿਸਟ ਮੈਂ ਪੜ੍ਹ ਦਿੱਤੀ ਹੈ। ਉਨ੍ਹਾਂ ਨੂੰ ਰੀਇੰਬਰਸਮੈਂਟ ਮਿਲਦੀ ਪਈ ਹੈ।

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਮੇਰੇ ਸਵਾਲ ਦਾ ਜਵਾਬ ਨਹੀਂ ਦੇ ਰਹੇ। ਮੇਰਾ ਰਿਟਨ ਸਟਾਰਡ ਕੁਐਸਚਨ ਸੀ। ਮੈਂ ਪੁੱਛਿਆ ਹੈ ਕਿ ਕੀ ਰਾਜ ਵਿੱਚ ਸੇਵਾ ਕਰ ਰਹੇ ਆਈ.ਏ.ਐਸ. ਅਤੇ ਆਈ.ਪੀ.ਐਸ. ਅਫਸਰਾਂ ਨੂੰ ਮੋਬਾਇਲ ਫੋਨ ਦੀ ਸੁਵਿਧਾ ਮਿਲੀ ਹੋਈ ਹੈ ?

ਮਾਨਯੋਗ ਸਪੀਕਰ : ਤੁਸੀਂ ਆਈ.ਪੀ.ਐਸ. ਦੀ ਲਿਸਟ ਚਾਹੁੰਦੇ ਹੋ ?

ਸਰਦਾਰ ਮਨਪ੍ਰੀਤ ਸਿੰਘ ਬਾਦਲ : ਜਿਨ੍ਹਾਂ ਅਫਸਰਾਂ ਨੂੰ ਇਹ ਰੀਇੰਬਰਸ ਕਰਦੇ ਹਨ, ਉਨ੍ਹਾਂ ਦੇ ਨੰਬਰ ਡਾਇਰੈਕਟਰੀ ਵਿੱਚ ਪਬਲਿਸ਼ ਕਰਨ।

ਮਾਨਯੋਗ ਸਪੀਕਰ : ਡਾਇਰੈਕਟਰੀ ਵਿੱਚ ਛਾਪਣ ਬਾਰੇ ਤਾਂ ਇਨ੍ਹਾਂ ਨੇ ਕਹਿ ਹੀ ਦਿੱਤਾ ਹੈ।

ਮੰਤਰੀ : ਮੈਂ ਤਾਂ ਕਹਿ ਰਿਹਾ ਹਾਂ ਕਿ ਅਸੀਂ ਡਾਇਰੈਕਟਰੀ ਵਿੱਚ ਨਾਂ ਅਤੇ ਟੈਲੀਫੋਨ ਨੰ: ਪਬਲਿਸ਼ ਕਰਦੇ ਹਾਂ। ਇਨ੍ਹਾਂ ਫੋਨਾਂ ਦਾ ਖਰਚਾ ਸਰਕਾਰ ਦਿੰਦੀ ਹੈ ਅਤੇ ਅਸੀਂ ਉਨ੍ਹਾਂ ਨੂੰ ਪਬਲਿਸ਼ ਕਰਦੇ ਹਾਂ। ਜਿਸ ਕਿਸੇ ਅਫਸਰ ਨੂੰ ਮੋਬਾਇਲ ਦੀ ਲੋੜ ਹੈ, ਉਹ ਸਰਕਾਰ ਨੂੰ ਅਪਲਾਈ ਕਰੇ। ਉਨ੍ਹਾਂ ਨੂੰ ਸਰਕਾਰ ਨੇ ਫੋਨ ਸੈਂਕਸ਼ਨ ਕਰਨਾ ਹੈ ਅਤੇ ਸਬੰਧਤ ਅਧਿਕਾਰੀ ਉਹ ਫੋਨ ਸੈਂਕਸ਼ਨ ਕਰੀ ਜਾਂਦੇ ਹਨ।

---

## ਚਾਵਲ ਮਿੱਲਾਂ ਵਿਰੁੱਧ ਬਣਦਾ ਸਰਕਾਰੀ ਝੋਨਾ

*1181. **ਚੌਧਰੀ ਬਲਬੀਰ ਸਿੰਘ ਮਿਆਣੀ (ਸਰਦਾਰ ਸੋਹਣ ਸਿੰਘ ਠੰਡਲ ਵੱਲੋਂ ਪੇਸ਼ ਕੀਤਾ ਗਿਆ)** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਉਨ੍ਹਾਂ ਚਾਵਲ ਮਿੱਲਾਂ ਦੇ ਨਾਂ ਕੀ-ਕੀ ਹਨ, ਜਿਨ੍ਹਾਂ ਨੇ ਸਾਲ 2002-03, 2003-04 ਅਤੇ 2004-05 ਦੇ ਦੌਰਾਨ ਛੜਾਈ ਲਈ ਸਰਕਾਰ ਦੁਆਰਾ ਉਨ੍ਹਾਂ ਨੂੰ ਸਪਲਾਈ ਕੀਤੇ ਝੋਨੇ ਦੇ ਸਟਾਕ ਵਿਰੁੱਧ ਚਾਵਲਾਂ ਦੀ ਲੋੜੀਂਦੀ ਮਾਤਰਾ ਦੀ ਸਪਲਾਈ ਨਹੀਂ ਕੀਤੀ ਹੈ ਅਤੇ ਹਰ ਇਕ ਮਿੱਲ ਵੱਲ ਕਿੰਨੀ ਮਾਤਰਾ ਬਕਾਇਆ ਹੈ?

ਸ਼੍ਰੀ ਅਵਤਾਰ ਹੈਨਰੀ : ਖੁਰਾਕ ਸਪਲਾਈਜ਼ ਵਿਭਾਗ/ਪਨਗਰੇਨ, ਮਾਰਕਫੈਡ, ਪਨਸਪ, ਪੰਜਾਬ ਰਾਜ ਗੁਦਾਮ ਨਿਗਮ ਅਤੇ ਪੰਜਾਬ ਐਗਰੋ ਫੂਡਗਰੇਨਜ਼ ਕਾਰਪੋਰੇਸ਼ਨ ਦੇ ਸਾਲ 2002-03 ਅਤੇ 2003-04 ਦੇ ਵੱਖ-ਵੱਖ ਮਿੱਲਾਂ ਪਾਸ ਬਚਦੇ ਚਾਵਲਾਂ ਸਬੰਧੀ ਸੂਚਨਾ ਸਾਲਵਾਰ/ਏਜੰਸੀਵਾਰ ਅਨੁਲੱਗ 'ੳ' ਤੇ ਨਾਲ ਨੱਥੀ ਕੀਤੀ ਜਾਂਦੀ ਹੈ।

ਫਸਲੀ ਸਾਲ 2004-05 ਬਾਰੇ ਦੱਸਿਆ ਜਾਂਦਾ ਹੈ ਕਿ ਮਿਤੀ 23 ਮਾਰਚ, 2005 ਤੱਕ ਰਾਜ ਦੀਆਂ ਏਜੰਸੀਆਂ ਦੀ 92% ਮਿਲਿੰਗ ਮੁਕੰਮਲ ਹੋ ਚੁੱਕੀ ਹੈ। ਪਨਗਰੇਨ ਦੀ 96%, ਮਾਰਕਫੈਡ ਦੀ 93%, ਪਨਸਪ ਦੀ 92%, ਪੰਜਾਬ ਰਾਜ ਗੁਦਾਮ ਨਿਗਮ ਦੀ 90% ਅਤੇ ਪੰਜਾਬ ਐਗਰੋ ਫੂਡਗਰੇਨਜ਼ ਕਾਰਪੋਰੇਸ਼ਨ ਦੀ 86% ਮਿਲਿੰਗ ਮੁਕੰਮਲ ਹੋ ਚੁੱਕੀ ਹੈ। ਫਸਲੀ ਸਾਲ 2004-05 ਦੀ ਮਿਲਿੰਗ ਮੁਕੰਮਲ ਕਰਨ ਦੀ ਮਿਤੀ 30 ਜੂਨ, 2005 ਹੈ ਅਤੇ ਅੰਤਿਮ ਸਥਿਤੀ ਉਸ ਉਪਰੰਤ ਹੀ ਸਾਹਮਣੇ ਆਵੇਗੀ।

ਅਨੁਲੱਗ 'ੳ'

ਸਾਲ 2002-03

(ਅੰਕੜੇ ਟਨਾਂ ਵਿੱਚ)

| ਲੜੀ ਨੰ: | ਏਜੰਸੀ | ਜ਼ਿਲ੍ਹਾ | ਮਿੱਲ ਦਾ ਨਾਂ | ਬਕਾਇਆ ਚਾਵਲ |
|---|---|---|---|---|
| 1 | ਫੂਡ ਸਪ/ਪਨਗਰੇਨ | ਮੁਕਤਸਰ | ਤਾਜ ਇੰਡਸਟਰੀਜ਼, ਮੁਕਤਸਰ | 233 |
| | | | ਆਨੰਦ ਕਾਟਨ ਫੈਕਟਰੀ, ਮਲੋਟ | 418 |
| | | | ਜੋੜ : | 651 |
| 2 | ਮਾਰਕਫੈਡ | ਪਟਿਆਲਾ | ਮਾਵੀ ਗਰਾਮ ਉਦਯੋਗ ਸੰਮਤੀ, ਮਾਵੀ ਕਲਾਂ | 176 |
| | | | ਜੋੜ : | 176 |
| 3 | ਪਨਸਪ | ਫਿਰੋਜ਼ਪੁਰ | ਪਸੂਪਤੀ ਰਾਈਸ ਮਿੱਲ ਅਬੋਹਰ | 1602 |
| | | ਮੁਕਤਸਰ | ਤਾਜ ਇੰਡਸਟਰੀਜ਼, ਮੁਕਤਸਰ | 1692 |
| | | | ਸਚਦੇਵਾ ਐਗਰੋ, ਮੁਕਤਸਰ | 913 |
| | | | ਗੋਬਿੰਦ ਖਾਲਸਾ ਰਾਈਸ ਮਿਲਜ਼, ਮੁਕਤਸਰ | 856 |
| | | ਪਟਿਆਲਾ | ਮਹਾਂਵੀਰ ਰਾਈਸ ਮਿੱਲ ਪਾਤੜਾਂ | 576 |
| | | | ਐਮ. ਐਸ. ਰਾਈਸ ਮਿੱਲ, ਬਖਸ਼ੀਵਾਲਾ | 559 |
| | | | ਜੋੜ : | 6207 |
| 4 | ਪੰਜਾਬ ਰਾਜ ਗੁਦਾਮ ਨਿਗਮ | ਲੁਧਿਆਣਾ | ਡੀਵਾਈਨ ਰਾਈਸ ਮਿੱਲ ਜਗਰਾਉਂ | 285 |
| | | ਮੋਗਾ | ਕੰਬੋਜ ਐਗਰੋ ਰਾਈਸ ਮਿੱਲ ਕੋਟ ਈਸੇ ਖਾਂ | 1340 |
| | | ਮੁਕਤਸਰ | ਅਭੀਮਨਯੂ ਰਾਈਸ ਮਿੱਲ ਬਲਮਗੜ੍ਹ | 835 |
| | | ਪਟਿਆਲਾ | ਮੇਹਰ ਰਾਈਸ ਮਿੱਲ, ਭਾਦਸੋਂ | 91 |
| | | | ਜੋੜ : | 2551 |
| 5 | ਪੰਜਾਬ ਐਗਰੋ ਫੂਡਗਰੇਨ ਕਾਰਪੋਰੇਸ਼ਨ | ਫਿਰੋਜ਼ਪੁਰ | ਸ਼ਿਵਾਲਿਕ ਰਾਈਸ ਮਿੱਲ ਗੁਰੂ ਹਰ ਸਹਾਏ | 160 |
| | | | ਜੋੜ : | 160 |
| | | | ਕੁੱਲ ਜੋੜ : | 9745 |

[ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ]

ਸਾਲ 2003-04

(ਅੰਕੜੇ ਟਨਾਂ ਵਿੱਚ)

| ਲੜੀ ਨੰ: | ਏਜੰਸੀ | ਜ਼ਿਲ੍ਹਾ | ਮਿੱਲ ਦਾ ਨਾਂ | ਬਕਾਇਆ ਚਾਵਲ |
|---|---|---|---|---|
| 1 | ਫੂਡਸਪ/ਪਨਗਰੇਨ | ਫਿਰੋਜ਼ਪੁਰ | ਮਾਡਰਨ ਪਾਰ ਬੁਆਇਲਡ ਰਾਈਸ ਮਿੱਲ, ਫਿਰੋਜ਼ਪੁਰ ਕੈਂਟ | 80 |
| | | | ਜੋੜ : | 80 |
| 2 | ਮਾਰਕਫੈਡ | ਪਟਿਆਲਾ | ਗੁਰਦੇਵ ਰਾਈਸ ਮਿੱਲ, ਡਕਾਲਾ | 551 |
| | | | ਜੀ. ਪੀ. ਫੂਡ, ਪਟਿਆਲਾ | 216 |
| | | | ਮਹਾਂਦੇਵ ਰਾਈਸ ਮਿੱਲ, ਪਟਿਆਲਾ | 77 |
| | | | ਰਾਮ ਕਿਰਪਾ ਰਾਈਸ ਮਿੱਲ, ਸਨੌਰ | 277 |
| | | | ਕੁਠਿਆਲਾ ਐਗਰੋ ਫੂਡ, ਤਸਿਬੁੰਲੀ | 194 |
| | | | ਗੌਰਵ ਰਾਈਸ ਮਿੱਲ, ਸਮਾਣਾ | 65 |
| | | ਲੁਧਿਆਣਾ | ਬਦੀਨਪੁਰ ਰਾਈਸ ਐਂਡ ਜਨਰਲ ਮਿਲਜ਼, ਖੰਨਾ | 923 |
| | | | ਜੋੜ : | 2253 |
| 3 | ਪਨਸਪ | ਫਰੀਦਕੋਟ | ਸ਼ਿਵ ਵਰਦਾਨ ਰਾਈਸ ਐਕਸਪੋਰਟਸ, ਸਾਦਿਕ | 183 |
| | | | ਜੋੜ : | 183 |
| 4 | ਪੰਜਾਬ ਰਾਜ ਗੁਦਾਮ ਨਿਗਮ | ਫਿਰੋਜ਼ਪੁਰ | ਗਨਪਤੀ ਰਾਈਸ ਮਿੱਲ, ਗੁਰੂ ਹਰ ਸਹਾਏ | 203 |
| | | ਮੁਕਤਸਰ | ਮਾਲਵਾ ਰਾਈਸ ਮਿੱਲ, ਬਲਮਗੜ੍ਹ | 59 |
| | | ਮੋਗਾ | ਬਲਕੰਡੀ ਐਗਰੋ ਪ੍ਰਾ: ਲਿਮ: ਕੋਟ ਈਸੇ ਖਾਂ | 268 |
| | | ਪਟਿਆਲਾ | ਮਿੱਤਲ ਰਾਈਸ ਮਿੱਲ, ਪਟਿਆਲਾ | 279 |
| | | | ਮਧੂ ਰਾਈਸ ਮਿੱਲ, ਪਟਿਆਲਾ | 165 |
| | | | ਮਹਾਂਵੀਰ ਰਾਈਸ ਮਿੱਲ, ਪਟਿਆਲਾ | 188 |
| | | | ਜਲੋਟਾ ਰਾਈਸ ਮਿੱਲ, ਪਟਿਆਲਾ | 108 |
| | | | ਜੋੜ : | 1270 |

| ਲੜੀ ਨੰ: | ਏਜੰਸੀ | ਜ਼ਿਲ੍ਹਾ | ਮਿੱਲ ਦਾ ਨਾਂ | ਬਕਾਇਆ ਚਾਵਲ |
|---|---|---|---|---|
| 5 | ਪੰਜਾਬ ਐਗਰੋ ਫੂਡਗਰੇਨ ਕਾਰਪੋਰੇਸ਼ਨ | ਅੰਮ੍ਰਿਤਸਰ | ਫਰੈਂਡਜ਼ ਰਾਈਸ ਮਿੱਲ, ਫਤਿਆਬਾਦ | 520 |
| | | | ਸੁਪਰ ਰਾਈਸ ਮਿੱਲ, ਅਜਨਾਲਾ | 198 |
| | | ਗੁਰਦਾਸਪੁਰ | ਸ਼ਕਤੀ ਰਾਈਸ ਮਿੱਲ, ਬਟਾਲਾ | 300 |
| | | ਲੁਧਿਆਣਾ | ਜਗਦੰਬੇ ਗਰਾਮ ਉਦਯੋਗ ਸੰਮਤੀ, ਮਲੋਦ | 131 |
| | | ਮਾਨਸਾ | ਦਸ਼ਮੇਸ਼ ਰਾਈਸ ਮਿੱਲ, ਧਰਮਪੁਰਾ | 778 |
| | | ਜੋੜ : | | 1927 |
| | | ਕੁੱਲ ਜੋੜ : | | 5713 |

**ਸਰਦਾਰ ਸੋਹਣ ਸਿੰਘ ਠੰਡਲ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਸਾਲ 2004-05 ਦੀ ਜੋ ਮਿਲਿੰਗ ਹੈ, ਉਹ ਸਾਰੀਆਂ ਏਜੰਸੀਆਂ ਦੀ 92% ਤੋਂ 95% ਮਿਲਿੰਗ ਹੋ ਚੁੱਕੀ ਹੈ। ਇਸੇ ਤਰ੍ਹਾਂ ਇਨ੍ਹਾਂ ਨੇ ਦੱਸਿਆ ਹੈ ਕਿ ਸਾਲ 2002-03 ਦਾ 9,745 ਮੀਟ੍ਰਿਕ ਟਨ ਚਾਵਲ ਮਿੱਲਾਂ ਵੱਲ ਬਕਾਇਆ ਹੈ ਅਤੇ ਸਾਲ 2003-04 ਦਾ 5,713 ਮੀਟ੍ਰਿਕ ਟਨ ਚਾਵਲ ਮਿੱਲਾਂ ਵੱਲ ਬਕਾਇਆ ਹੈ। ਇਸ ਤਰ੍ਹਾਂ ਨਾਲ ਇਹ ਟੋਟਲ 15,458 ਮੀਟ੍ਰਿਕ ਟਨ ਚਾਵਲ ਮਿੱਲਾਂ ਵੱਲ ਬਕਾਇਆ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕੀ ਕਾਰਣ ਹੈ ? ਇਹ ਚਾਵਲ ਹਾਲੇ ਤੱਕ ਪੂਰਾ ਵਾਪਸ ਕਿਉਂ ਨਹੀਂ ਆਇਆ ?

**ਮੰਤਰੀ :** ਸਪੀਕਰ ਸਾਹਿਬ, ਸਾਲ 2003 ਵਿੱਚ ਜਿਹੜੀ ਪੈਡੀ ਖੁਰਦ ਬੁਰਦ ਕੀਤੀ ਗਈ ਸੀ, ਅਸੀਂ ਉਨ੍ਹਾਂ ਦੋਸ਼ੀ ਮਿੱਲਾਂ ਦੇ ਅਗੇਂਸਟ ਐਫ.ਆਈ.ਆਰ. ਦਰਜ ਕਰਵਾਈ ਹੈ। ਆਨੰਦ ਕਾਟਨ ਫੈਕਟਰੀ ਵਿਰੁੱਧ ਐਫ.ਆਈ.ਆਰ. ਨੰ: 67, ਮਿਤੀ 2 ਅਪ੍ਰੈਲ, 2004 ਨੂੰ ਦਰਜ ਕੀਤੀ ਜਾ ਚੁੱਕੀ ਹੈ। ਇਸ ਦੇ ਵਿੱਚ ਮਹਿਕਮੇ ਦੇ ਜਿਹੜੇ ਕਰਮਚਾਰੀ ਦੋਸ਼ੀ ਪਾਏ ਗਏ ਸੀ, ਉਨ੍ਹਾਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ। ਇਨ੍ਹਾਂ ਵਿੱਚ ਪ੍ਰਭ ਦਿਆਲ, ਦੌਲਤ ਰਾਮ ਅਤੇ ਆਤਮਾ ਸਿੰਘ ਨਾਂ ਦੇ ਕਰਮਚਾਰੀ ਸ਼ਾਮਲ ਹਨ। ਇਸੇ ਤਰ੍ਹਾਂ ਤਾਜ ਇੰਡਸਟਰੀ, ਮੁਕਤਸਰ ਹੈ। ਉਨ੍ਹਾਂ ਦੇ ਵਿਰੁੱਧ ਵੀ ਐਫ.ਆਈ.ਆਰ. ਲੱਾਜ ਕੀਤੀ ਜਾ ਚੁੱਕੀ ਹੈ। ਮੈਂਬਰ ਸਾਹਿਬ ਨੇ ਜੋ ਪੁੱਛਿਆ ਹੈ, ਉਸ ਦਾ ਜਵਾਬ ਇਹੀ ਹੈ ਕਿ ਪੈਡੀ ਖੁਰਦ ਬੁਰਦ ਕੀਤੀ ਗਈ ਸੀ ਅਤੇ ਅਸੀਂ ਦੋਸ਼ੀਆਂ ਵਿਰੁੱਧ ਐਫ.ਆਈ.ਆਰ. ਕਰਵਾ ਚੁੱਕੇ ਹਾਂ। ਪੁਲਿਸ ਕੇਸ ਅਤੇ ਹੋਰ ਦੂਸਰੇ ਕੇਸ ਵੀ ਕੀਤੇ ਹਨ ਤਾਂ ਕਿ ਖੁਰਦ ਬੁਰਦ ਹੋਈ ਪੈਡੀ ਰਿਕਵਰ ਕੀਤੀ ਜਾ ਸਕੇ।

**ਸਰਦਾਰ ਸੋਹਣ ਸਿੰਘ ਠੰਡਲ :** ਸਪੀਕਰ ਸਾਹਿਬ, ਮੰਤਰੀ ਜੀ ਨੇ ਐਫ.ਆਈ.ਆਰ. ਦਰਜ ਕਰਾਈ ਗਈ ਦੱਸਿਆ ਹੈ। ਕਰੋੜਾਂ ਰੁਪਏ ਦਾ ਚਾਵਲ ਖੁਰਦ ਬੁਰਦ ਕਰ ਲਿਆ ਗਿਆ। ਅਖਬਾਰਾਂ ਵਿੱਚ ਇਹ ਗੱਲ ਛਪ ਚੁੱਕੀ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਚਾਵਲ ਦੀ ਰਿਕਵਰੀ ਕਰਨ ਵਾਸਤੇ ਇਹ ਕੀ ਪ੍ਰਬੰਧ ਕਰ ਰਹੇ ਹਨ ਜਾਂ ਕੀ ਉਪਰਾਲਾ ਕੀਤਾ ਜਾ ਰਿਹਾ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2002-03 ਵਿੱਚ 10 ਕਰੋੜ ਰੁਪਏ ਦੇ ਚਾਵਲ ਦਾ ਡਿਫਾਲਟ ਸੀ ਜਿਹੜਾ ਕਿ ਸਾਲ 2003-04 ਵਿੱਚ ਘਟ ਕੇ ਇੱਕ ਕਰੋੜ ਰੁਪਏ ਦਾ ਰਹਿ ਗਿਆ ਹੈ। ਦੋ ਸਾਲਾਂ ਦਾ ਟੋਟਲ 16 ਕਰੋੜ ਰੁਪਏ ਦਾ ਡਿਫਾਲਟ ਬਣਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 1997 ਤੋਂ ਲੈ ਕੇ 2002 ਤੱਕ 200 ਕਰੋੜ ਰੁਪਏ ਦਾ ਡਿਫਾਲਟ ਸੀ। ਇਸ ਦੀ ਰਿਕਵਰੀ ਵਾਸਤੇ ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ। ਜੋ ਕੁਝ ਲਾਅ ਅਲਾਓ ਕਰਦਾ ਹੈ, ਉਸ ਦੇ ਮੁਤਾਬਿਕ ਅਸੀਂ ਪੂਰਾ ਐਕਸ਼ਨ ਲਿਆ ਹੈ। ਮੈਂ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਅਸੀਂ ਇਹ ਰਿਕਵਰੀ ਜ਼ਰੂਰ ਕਰਾਂਗੇ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਵਿੱਚ ਰਾਈਸ ਮਿਲਜ਼ ਦੀ 3,200 ਟਨ ਦੀ ਕਪੈਸਿਟੀ ਹੈ। ਕੁੱਲ 140 ਲੱਖ ਟਨ ਚਾਵਲ ਆਇਆ ਹੈ ਉਹ 31 ਮਾਰਚ ਤੋਂ ਪਹਿਲਾਂ-ਪਹਿਲਾਂ ਮਿਲਿੰਗ ਹੋ ਸਕਦਾ ਹੈ। ਜੋ ਇਨ੍ਹਾਂ ਨੇ ਕਿਹਾ ਹੈ ਕਿ 95% ਤੱਕ ਮਿਲਿੰਗ ਹੋ ਚੁੱਕੀ ਹੈ, ਇਹ ਮੇਰਾ ਖਿਆਲ ਹੈ ਕਿ ਇਹ ਮਿਲਿੰਗ ਉਨ੍ਹਾਂ ਮਿੱਲਾਂ ਨੇ ਕੀਤੀ ਹੈ, ਜਿਨ੍ਹਾਂ ਨੇ ਆਪਣੇ ਟੀਚੇ ਵਿੱਚ ਰਹਿ ਕੇ ਮਿਲਿੰਗ ਕੀਤੀ ਹੈ ਅਤੇ ਜਿਨ੍ਹਾਂ ਦਾ ਟੀਚਾ ਮਿਥਿਆ ਗਿਆ ਸੀ ਕਿ ਇਸ ਟੀਚੇ ਤੋਂ ਵੱਧ ਚਾਵਲ ਅਲਾਟ ਨਹੀਂ ਕਰਨਾ। ਜਿਹੜੀਆਂ ਮਿੱਲਾਂ ਮਿਲਿੰਗ ਕਰਨ ਤੋਂ ਰਹਿ ਗਈਆਂ ਹਨ, ਕੀ ਉਹ ਇਸ ਕਰਕੇ ਤਾਂ ਨਹੀਂ ਰਹਿ ਗਈਆਂ ਕਿ ਉਨ੍ਹਾਂ ਨੂੰ ਟੀਚੇ ਤੋਂ ਵੱਧ ਚਾਵਲ ਅਲਾਟ ਕੀਤਾ ਗਿਆ ਹੈ? ਜਿਹੜਾ 5% ਰਹਿੰਦਾ ਹੈ ਕੀ ਇਹ ਉਨ੍ਹਾਂ ਮਿੱਲਾਂ ਵੱਲ ਤਾਂ ਨਹੀਂ ਜਿਨ੍ਹਾਂ ਨੂੰ ਟੀਚੇ ਤੋਂ ਵੱਧ ਚਾਵਲ ਅਲਾਟ ਕੀਤਾ ਗਿਆ?

**ਮੰਤਰੀ** : ਪਿੱਛੇ ਬਾਰਸ਼ ਹੋਣ ਕਾਰਨ ਕੁਝ ਰਹਿ ਗਿਆ ਸੀ। ਮੈਂ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਇਸ ਦੀ ਮਿਆਦ 30 ਜੂਨ, 2005 ਹੈ, ਇਸ ਤੋਂ ਪਹਿਲਾਂ-ਪਹਿਲਾਂ ਸਾਰੀ ਮਿਲਿੰਗ ਕਰਵਾ ਦਿੱਤੀ ਜਾਵੇਗੀ।

---

## ਪੀਣ ਯੋਗ ਪਾਣੀ ਦੀ ਸਪਲਾਈ

*1217. **ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਨਕੋਦਰ ਵਿੱਚ ਅਜਿਹੇ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜੇ ਤੱਕ ਪੀਣਯੋਗ ਪਾਣੀ ਦੀ ਸਪਲਾਈ ਨਹੀਂ ਕੀਤੀ ਗਈ ਹੈ ਅਤੇ ਇਨ੍ਹਾਂ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਅਵਤਾਰ ਹੈਨਰੀ** : ਤਹਿਸੀਲ ਨਕੋਦਰ ਵਿਖੇ 105 ਪਿੰਡ ਅਜਿਹੇ ਹਨ, ਜਿਨ੍ਹਾਂ ਨੂੰ ਅਜੇ ਤੱਕ ਪੀਣ ਵਾਲੇ ਪਾਣੀ ਦੀ ਸਪਲਾਈ ਮੁਹੱਈਆ ਨਹੀਂ ਕੀਤੀ ਗਈ। ਇਨ੍ਹਾਂ ਵਿਚੋਂ 29 ਪਿੰਡਾਂ ਨੂੰ ਸਵੱਛ ਪੀਣ ਵਾਲਾ ਪਾਣੀ ਮੁਹੱਈਆ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ, ਜੋ ਕਿ ਸਾਲ 2006 ਦੇ ਅੰਤ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ਅਤੇ ਬਾਕੀ ਰਹਿੰਦੇ 76 ਪਿੰਡਾਂ ਨੂੰ ਸਵੱਛ ਪੀਣ ਵਾਲਾ ਪਾਣੀ ਦੇਣ ਲਈ ਤਿੰਨ ਸਾਲਾਂ ਦੇ ਅੰਦਰ-ਅੰਦਰ ਕਵਰ ਕਰ ਦਿੱਤਾ ਜਾਵੇਗਾ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮਾਨਯੋਗ ਮੰਤਰੀ ਸਾਹਿਬ ਨੇ ਜੋ ਜਵਾਬ ਦਿੱਤਾ ਹੈ, ਉਸ ਲਈ ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿੱਚ ਸਾਰੀ ਤਹਿਸੀਲ ਨੂੰ ਸਵੱਛ ਪਾਣੀ ਦੇਣ ਦਾ ਵਿਸਵਾਸ਼ ਦਿਵਾਇਆ ਹੈ। ਲੇਕਿਨ ਮੇਰੀ ਇਕ ਬੇਨਤੀ ਹੈ, ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਲੋਕ ਡੇਰਿਆਂ ਵਿੱਚ ਰਹਿੰਦੇ ਹਨ, ਸਤਲੁਜ ਦਰਿਆ ਦੀ ਬੈਲਟ ਦੇ ਨੇੜੇ ਅੱਠ ਦਸ ਘਰਾਂ ਵਿੱਚ ਰਹਿੰਦੇ ਹਨ, ਕੀ ਉਨ੍ਹਾਂ ਨੂੰ ਪੀਣ ਵਾਲੇ ਸਵੱਛ ਪਾਣੀ ਦਾ ਪ੍ਰਬੰਧ ਕਰਨਗੇ ਕਿਉਂਕਿ ਲੁਧਿਆਣੇ ਦੇ ਗੰਦੇ ਨਾਲੇ ਦਾ ਪਾਣੀ ਦਰਿਆ ਵਿੱਚ ਗਿਰਦਾ ਹੈ। ਸੈਲਾ ਖੁਰਦ ਦਾ ਗੰਦਾ ਪਾਣੀ ਵੀ ਵਿੱਚ ਪੈਂਦਾ ਹੈ। ਕੀ ਸਰਕਾਰ ਉਨ੍ਹਾਂ ਵਾਸਤੇ ਵੀ ਸਵੱਛ ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਕਰਵਾਏਗੀ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਖਦਸ਼ਾ ਪ੍ਰਗਟ ਕੀਤਾ ਹੈ, ਉਹ ਸਹੀ ਹੈ ਕਿ ਪੋਲੀਊਟਿਡ ਵਾਟਰ ਹੈ। ਗੌਰਮਿੰਟ ਕੋਸ਼ਿਸ਼ ਕਰ ਰਹੀ ਹੈ। ਵਰਲਡ ਬੈਂਕ ਵੱਲੋਂ end of the year ਤੇ ਪੈਸਾ ਆਉਣ ਦੀ ਉਮੀਦ ਹੈ, ਉਸ ਵਿੱਚ ਅਸੀਂ ਕੰਮ ਪੂਰਾ ਕਰਾਂਗੇ।

---

## ਸੀ.ਡੀ. 2.35 ਸਕੀਮ

*1229. **ਸਰਦਾਰ ਸੁਰਜੀਤ ਸਿੰਘ ਰੱਖੜਾ (ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤਾ ਗਿਆ)** : ਕੀ ਐਨ.ਆਰ.ਆਈ. ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਸੀ. ਡੀ. 2.35 ਸਕੀਮ ਨੂੰ ਬੰਦ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਕਾਰਣ ਕੀ ਹਨ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਨਹੀਂ ਜੀ। ਇਹ ਸਕੀਮ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਤੋਂ ਨਵੇਂ ਬਣੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਨੂੰ ਮਿਤੀ 1 ਅਪ੍ਰੈਲ, 2004 ਤੋਂ ਟਰਾਂਸਫਰ ਕੀਤੀ ਗਈ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫ਼ਤ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਕੀਮ ਹੈ ਇਹ ਟਰਾਂਸਫਰ ਕੀਤੀ ਗਈ ਹੈ, ਇਸ ਦੇ ਕੀ ਕਾਰਨ ਹਨ ਅਤੇ ਇਹ ਜੋ ਸਕੀਮ ਹੈ ਇਸ ਸਕੀਮ ਦੇ ਤਹਿਤ ਪੰਜਾਬ ਵਿੱਚ ਕਿੰਨੇ ਐਨ.ਆਰ.ਆਈਜ਼ ਨੇ ਹਿੱਸਾ ਪਾਇਆ ਹੈ ? ਜੇ ਇਹ ਦੱਸ ਸਕਦੇ ਹਨ ਤਾਂ ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹੋਵਾਂਗਾ।

**ਮਾਨਯੋਗ ਸਪੀਕਰ** : ਟਰਾਂਸਫਰ ਕਰਨ ਦੀ ਵਜ੍ਹਾ ਔਰ ਐਨ.ਆਰ.ਆਈਜ਼ ਦਾ ਹਿੱਸਾ ਦੱਸੋ।

**ਮੰਤਰੀ** : ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਬਣਦਿਆਂ ਹੀ 9 ਜੂਨ, 2002 ਤੋਂ ਇਹ ਪ੍ਰਵਾਸੀ ਭਾਰਤੀ ਮਹਿਕਮਾ ਨਵਾਂ ਬਣਾਇਆ ਸੀ। ਇਹ ਸਕੀਮ ਪ੍ਰਵਾਸੀ ਭਾਰਤੀਆਂ ਲਈ ਹੈ, ਜਿਸ ਵਿੱਚ 50% ਹਿੱਸਾ ਐਨ.ਆਰ.ਆਈਜ਼ ਨੇ ਪਾਉਣਾ ਹੈ ਔਰ 50% ਪੰਜਾਬ ਗੌਰਮਿੰਟ ਨੇ ਦੇਣਾ ਹੈ। ਇਸ ਲਈ ਇਹ ਸਕੀਮ ਪ੍ਰਵਾਸੀ ਭਾਰਤੀ ਮਹਿਕਮੇ ਨੂੰ ਟਰਾਂਸਫਰ ਕਰ ਦਿੱਤੀ ਗਈ ਹੈ।

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਐਨ.ਆਰ.ਆਈਜ਼ ਦਿੰਦੇ ਹਨ ਕੀ ਪੰਜਾਬ ਗੌਰਮਿੰਟ ਨਾਲ ਦੀ ਨਾਲ ਉਸੇ ਦਿਨ ਹੀ ਸੈਂਕਸ਼ਨ ਕਰ ਦਿੰਦੀ ਹੈ ਜਾਂ 50% ਲੈ ਕੇ ਕਰਦੇ ਹਨ?

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਐਨ.ਆਰ.ਆਈਜ਼ ਡਿਵੈਲਪਮੈਂਟ ਕਮੇਟੀ ਚੀਫ਼ ਸੈਕਟਰੀ ਸਾਹਿਬ ਦੀ ਪ੍ਰਧਾਨਗੀ ਥੱਲੇ ਬਣੀ ਹੋਈ ਹੈ। ਜਿਹੜਾ ਵੀ ਉਥੇ ਕੋਈ ਅਪਲਾਈ ਕਰਦਾ ਹੈ, ਉਹ 50% ਆਪਣੇ ਲੈਵਲ ਤੇ ਐਨ.ਆਰ.ਆਈ. ਜਾਂ ਜਿਹੜੀ ਵੀ ਸਭਾ ਹੈ, ਜਿਹੜਾ ਪਿੰਡ ਕਰਵਾਉਂਦਾ ਹੈ, ਉਹ ਜਮ੍ਹਾਂ ਕਰਵਾ ਦਿੰਦੇ ਹਨ। ਪਹਿਲਾਂ 25% ਆਪ ਪਿੰਡ ਵਾਲੇ ਖਰਚਦੇ ਹਨ ਅਤੇ 25% ਪੈਸਾ ਸਰਕਾਰ ਵੱਲੋਂ ਹੋ ਜਾਂਦਾ ਹੈ। ਫਿਰ 25% ਹੋਰ ਖਰਚਿਆ ਜਾਵੇ ਤਾਂ ਬਾਅਦ ਵਿੱਚ ਅਖੀਰਲਾ 25% ਪੈਸਾ ਫਿਰ ਸਰਕਾਰ ਵੱਲੋਂ ਹੋ ਜਾਂਦਾ ਹੈ। ਇਸ ਤਰ੍ਹਾਂ ਚਾਰ ਪੰਜ ਪਿੰਡਾਂ ਵਲੋਂ ਪੈਸੇ ਲਏ ਗਏ ਹਨ। ਇਹ ਬਹੁਤ ਵਧੀਆ ਸਕੀਮ ਹੈ ਅਤੇ ਚੱਲ ਰਹੀ ਹੈ।

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹਦੇ ਵਿੱਚ ਕੋਈ ਮਿਨੀਮਮ ਲਿਮਿਟ ਵੀ ਹੈ, ਜੋ ਕੋਈ ਕੰਟ੍ਰੀਬਿਊਸ਼ਨ ਕਰ ਸਕਦਾ ਹੈ ਔਰ ਕੋਈ ਟਾਈਮ ਸਪੈਨ ਹੈ, ਜਿਸ ਵਿੱਚ ਪੰਜਾਬ ਸਰਕਾਰ ਨੇ ਪੈਸਾ ਦੇਣਾ ਹੁੰਦਾ ਹੈ?

**ਮੰਤਰੀ** : ਸਾਰਾ ਪੈਸਾ ਪੰਜਾਬ ਸਰਕਾਰ ਵੱਲੋਂ ਲਾਉਣ ਦੀ ਕੋਈ ਸਕੀਮ ਨਹੀਂ ਹੈ। ਵੈਸੇ ਪੰਜਾਬ ਸਰਕਾਰ ਪਿੰਡਾਂ ਦੀ ਡਿਵੈਲਪਮੈਂਟ ਕਰ ਰਹੀ ਹੈ। ਬੜੇ ਪੈਸੇ ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਵੱਲੋਂ ਦਿੱਤੇ ਜਾ ਰਹੇ ਹਨ। ਪ੍ਰਵਾਸੀ ਭਾਰਤੀਆਂ ਵੱਲੋਂ 2.5 ਸਕੀਮ ਹੈ। ਇਸ ਵਿੱਚ 50:50 ਸ਼ੇਅਰ ਤੇ ਕੰਮ ਹੁੰਦਾ ਹੈ।

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ** : ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 50% ਪੰਜਾਬ ਸਰਕਾਰ ਦਿੰਦੀ ਹੈ, ਇਸ ਦਾ ਕੋਈ ਟਾਈਮ ਸਪੈਨ ਹੈ ਕਿ ਜਦੋਂ ਐਨ.ਆਰ.ਆਈ. ਪੈਸੇ ਜਮ੍ਹਾਂ ਕਰਵਾ ਦਿੰਦਾ ਹੈ ਤਾਂ ਸਰਕਾਰ ਇਤਨੇ ਸਮੇਂ ਵਿੱਚ ਆਪਣੇ ਪੈਸੇ ਜਮ੍ਹਾਂ ਕਰਵਾ ਦੇਵੇਗੀ।

**ਮੰਤਰੀ** : ਸਮੇਂ ਦੀ ਕੋਈ ਲਿਮੀਟੇਸ਼ਨ ਨਹੀਂ ਹੈ। ਜਦੋਂ ਵੀ ਕੋਈ ਐਨ.ਆਰ.ਆਈ. ਪੈਸੇ ਜਮ੍ਹਾਂ ਕਰਵਾ ਦਿੰਦਾ ਹੈ। ਸੀ. ਐਸ. ਦੇ ਲੈਵਲ ਤੇ ਕਮੇਟੀ ਦੀ ਮੀਟਿੰਗ ਹੁੰਦੀ ਹੈ। ਉਸ ਤੋਂ ਅਗਲੇ ਦਿਨ ਹੀ ਡੀ. ਸੀ. ਸਰਕਾਰ ਦਾ ਸ਼ੇਅਰ ਜਮ੍ਹਾਂ ਕਰਵਾ ਦਿੰਦਾ ਹੈ। ਇਸ ਵਾਸਤੇ ਅਸੀਂ ਬਜਟ ਵਿੱਚ 5 ਕਰੋੜ ਰੁਪਏ ਰੱਖੇ ਹਨ। ਇਸ ਵਿਚੋਂ ਬਹੁਤ ਘੱਟ ਪੈਸਾ ਲੱਗਿਆ ਹੈ। ਇਕ ਕਰੋੜ ਰੁਪਿਆ ਹੀ ਲੱਗਿਆ ਹੈ। ਜਦੋਂ ਵੀ ਕੋਈ ਪੈਸਾ ਜਮ੍ਹਾਂ ਕਰਵਾਉਂਦਾ ਹੈ, ਉਸੇ ਸਮੇਂ ਹੀ ਸਰਕਾਰੀ ਸ਼ੇਅਰ ਜਮ੍ਹਾਂ ਹੋ ਜਾਂਦਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਐਨ.ਆਰ.ਆਈ. ਦਿੰਦੇ ਹਨ। ਕੀ ਉਹ ਪੈਸਾ ਐਨ.ਆਰ.ਆਈ. ਦੀ ਡਿਸਕਰੀਸ਼ਨ ਉਤੇ ਖਰਚ ਕੀਤਾ ਜਾਂਦਾ ਹੈ ਜਾਂ ਕਿ ਸਰਕਾਰ ਆਪਣੀ ਡਿਸਕਰੀਸ਼ਨ ਤੇ ਖਰਚ ਕਰਦੀ ਹੈ।

ਮੰਤਰੀ : ਇਹ ਬਿਲਕੁਲ ਐਨ.ਆਰ.ਆਈਜ਼. ਦੀ ਡਿਸਕਰੀਸ਼ਨ ਉਤੇ ਖਰਚ ਕੀਤਾ ਜਾਂਦਾ ਹੈ। ਉਹ ਪਹਿਲਾਂ ਹੀ ਸਕੀਮ ਬਣਾ ਕੇ, ਪਲਾਨ ਬਣਾ ਕੇ ਦਿੰਦੇ ਹਨ ਕਿ ਕਿਹੜੇ ਪਿੰਡ ਵਿੱਚ ਸੀਵਰੇਜ਼ ਪਾਉਣਾ ਹੈ, ਸਕੂਲ ਦੀ ਬਿਲਡਿੰਗ ਬਣਾਉਣੀ ਹੈ ਜਾਂ ਕੋਈ ਹੋਰ ਕੰਮ ਕਰਨਾ ਹੈ। ਫਿਰ ਇਹ ਪੈਸਾ ਉਨ੍ਹਾਂ ਦੀ ਮਰਜ਼ੀ ਨਾਲ ਹੀ ਖਰਚ ਕੀਤਾ ਜਾਂਦਾ ਹੈ।

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 5 ਕਰੋੜ ਰੁਪਿਆ ਰੱਖਿਆ ਗਿਆ ਹੈ, ਇਹ ਬਹੁਤ ਹੀ ਥੋੜ੍ਹੀ ਰਕਮ ਹੈ। ਕੀ ਐਨ.ਆਰ.ਆਈਜ਼. ਦੇ ਵਸੀਲਿਆਂ ਵਿੱਚ ਕਮੀ ਹੈ ਜਾਂ ਕਿ ਸਰਕਾਰ ਦੇ ਵਸੀਲਿਆਂ ਵਿੱਚ ਕਮੀ ਹੈ।

ਮੰਤਰੀ : ਅਸੀਂ ਇਸ ਸਕੀਮ ਦਾ ਬੜਾ ਪ੍ਰਚਾਰ ਕਰ ਰਹੇ ਹਾਂ। ਜਿਹੜੀ ਐਨ.ਆਰ.ਆਈਜ਼. ਸਭਾ ਬਣੀ ਹੋਈ ਹੈ, ਉਸ ਵਿੱਚ ਕੇਵਲ 10-15 ਹਜ਼ਾਰ ਹੀ ਮੈਂਬਰ ਬਣੇ ਹਨ ਜਦੋਂ ਕਿ ਬਾਹਰਲੇ ਮੁਲਕਾਂ ਵਿੱਚ ਪੰਜਾਬੀਆਂ ਦੀ ਗਿਣਤੀ 2 ਲੱਖ ਦੇ ਕਰੀਬ ਹੈ। ਸਾਡੇ ਵੱਲੋਂ ਪੂਰਾ ਪ੍ਰਚਾਰ ਕੀਤਾ ਜਾ ਰਿਹਾ ਹੈ। ਖਾਸ ਕਰਕੇ ਦੋਆਬੇ ਦੇ ਏਰੀਏ ਵਿੱਚ ਜਿਹੜੀ ਡਿਵੈਲਪਮੈਂਟ ਹੋ ਰਹੀ ਹੈ, ਉਹ ਐਨ.ਆਰ.ਆਈਜ਼ ਦੇ ਯੋਗਦਾਨ ਨਾਲ ਹੀ ਹੋ ਰਹੀ ਹੈ। ਹੁਣ ਇਸ ਦੀ ਮੰਗ ਵੱਧ ਗਈ ਹੈ। ਹੁਣ ਮੋਗਾ ਸਾਈਡ ਵੱਲ ਵੀ ਮੰਗ ਹੋ ਗਈ ਹੈ। ਲੁਧਿਆਣੇ ਜ਼ਿਲ੍ਹੇ ਵਿੱਚ ਬ੍ਰਹਮਪੁਰਾ ਪਿੰਡ ਵਿੱਚ ਸੀ.ਐਮ. ਸਾਹਿਬ ਪਿਛਲੇ ਮਹੀਨੇ ਹੀ ਉਦਘਾਟਨ ਕਰਕੇ ਆਏ ਹਨ ਅਤੇ 48 ਲੱਖ ਰੁਪਿਆ ਦੇ ਕੇ ਆਏ ਹਨ। ਸਾਡੇ ਵੱਲੋਂ ਕੋਸ਼ਿਸ਼ ਪੂਰੀ ਹੈ, ਕੋਈ ਕਮੀ ਨਹੀਂ ਹੈ। ਅਸੀਂ ਇਸ ਸਕੀਮ ਲਈ 5 ਕਰੋੜ ਰੁਪਏ ਰੱਖੇ ਹਨ ਪਰ ਜਿਹੜਾ ਖਰਚਾ ਹੋਇਆ ਹੈ, ਉਹ ਬਹੁਤ ਹੀ ਘੱਟ ਹੋਇਆ ਹੈ। ਜੇਕਰ ਖਰਚਾ ਜ਼ਿਆਦਾ ਵੀ ਹੋ ਗਿਆ ਤਾਂ ਜਦੋਂ ਵੀ ਲੋੜ ਪਵੇਗੀ ਤਾਂ ਹੋਰ ਪੈਸਾ ਵੀ ਰੱਖਿਆ ਜਾ ਸਕਦਾ ਹੈ।

———

## ਗੁਰਦਾਸਪੁਰ ਵਿਖੇ ਬੋਲੇ ਅਤੇ ਗੂੰਗੇ ਬੱਚਿਆਂ ਲਈ ਸਕੂਲ

*1224 . (1) ਸਰਦਾਰ ਬਲਵਿੰਦਰ ਸਿੰਘ ਭੂੰਦੜ
(2) ਸਰਦਾਰ ਮਨਪ੍ਰੀਤ ਸਿੰਘ ਬਾਦਲ } : ਕੀ ਸਮਾਜਿਕ

ਸੁਰੱਖਿਆ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਗੁਰਦਾਸਪੁਰ ਵਿਖੇ ਬੋਲਿਆਂ ਅਤੇ ਗੂੰਗਿਆਂ ਲਈ ਸਕੂਲ ਵਿੱਚ ਇਸ ਸਮੇਂ ਪੜ੍ਹ ਰਹੇ ਬੱਚਿਆਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਵਿੱਚ ਲਗਾਏ ਗਏ ਅਧਿਆਪਕਾਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲ ਸਰਕਾਰੀ ਇਮਾਰਤ ਵਿੱਚ ਚਲਾਇਆ ਜਾ ਰਿਹਾ ਹੈ ?

**ਸ਼੍ਰੀਮਤੀ ਗੁਰਕੰਵਲ ਕੌਰ :** (ੳ) ਇਸ ਸਮੇਂ ਗੁਰਦਾਸਪੁਰ ਵਿਖੇ ਬੋਲੇ ਅਤੇ ਗੂੰਗੇ ਬੱਚਿਆਂ ਦੇ ਸਕੂਲ ਵਿੱਚ 27 ਬੱਚੇ ਪੜ੍ਹ ਰਹੇ ਹਨ ਅਤੇ ਇਥੇ ਤਿੰਨ ਅਧਿਆਪਕ ਨਿਯੁਕਤ ਹਨ।

(ਅ) ਇਹ ਸਕੂਲ ਬੱਚਤ ਭਵਨ ਦੀ ਸਰਕਾਰੀ ਇਮਾਰਤ ਵਿੱਚ ਚਲਾਇਆ ਜਾ ਰਿਹਾ ਹੈ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਗੂੰਗੇ-ਬੋਲੇ ਤੇ ਅਪਾਹਜ ਬੱਚਿਆਂ ਲਈ ਸਕੂਲ ਬੱਚਤ ਭਵਨ ਵਿੱਚ ਚਲ ਰਿਹਾ ਹੈ। ਕੀ ਵਜ੍ਹਾ ਹੈ ਕਿ ਇਹ ਬੱਚਤ ਭਵਨ ਦੀ ਬਜਾਏ ਸਕੂਲ ਦੀ ਨਿਰਧਾਰਤ ਬਿਲਡਿੰਗ ਵਿੱਚ ਨਹੀਂ ਚਲ ਰਿਹਾ?

**ਰਾਜ ਮੰਤਰੀ :** ਮੈਂ ਦੱਸਣਾ ਚਾਹੁੰਦੀ ਹਾਂ ਕਿ ਇਸ ਦੀ ਬੈਕ-ਗਰਾਊਂਡ ਕੀ ਹੈ। ਮਿਤੀ 5 ਮਈ, 1987 ਨੂੰ ਮਿਸ ਰਾਜ ਮੋਹਨੀ ਰਲੀਆ ਰਾਮ ਨੇ ਬਿਲਡਿੰਗ ਦਾਨ ਵਿੱਚ ਦਿੱਤੀ ਸੀ, ਜਿਸ ਵਿੱਚ ਇਹ ਸਕੂਲ ਸਥਾਪਤ ਕੀਤਾ ਗਿਆ ਸੀ। ਬਿਲਡਿੰਗ ਦੀ ਹਾਲਤ ਬੜੀ ਖਸਤਾ ਸੀ। ਉਨ੍ਹਾਂ ਦਾ ਕੋਈ ਰਿਸ਼ਤੇਦਾਰ ਅਦਾਲਤ ਵਿੱਚ ਚਲਾ ਗਿਆ ਸੀ, ਕਿਉਂਜੋ ਬਿਲਡਿੰਗ ਦੀ ਹਾਲਤ ਠੀਕ ਨਹੀਂ ਸੀ, ਇਸ ਕਰਕੇ ਡੀ.ਸੀ., ਗੁਰਦਾਸਪੁਰ ਨੇ ਉਸ ਸਕੂਲ ਨੂੰ ਅਸਥਾਈ ਤੌਰ ਤੇ ਅਗਸਤ, 2000 ਵਿੱਚ ਬੱਚਤ ਭਵਨ ਵਿੱਚ ਤਬਦੀਲ ਕਰ ਦਿੱਤਾ ਸੀ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਦਰਅਸਲ ਮੈਂ ਸਵਾਲ ਵੀ ਇਸੇ ਕਰਕੇ ਕੀਤਾ ਸੀ। ਕਿਉਂਜੋ 6 ਮਹੀਨੇ ਪਹਿਲਾਂ ਅਖਬਾਰਾਂ ਵਿੱਚ ਖਬਰ ਛਪੀ ਸੀ। ਮੈਂ ਵਜ਼ੀਰ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਕੂਲ ਦੀ ਬਿਲਡਿੰਗ ਕਿਸੇ ਪ੍ਰਮਾਤਮਾ ਦੇ ਭਗਤ ਜੋ ਇਕ ਨਨ ਸੀ, ਨੇ ਦਾਨ ਵਿੱਚ ਦਿੱਤੀ ਸੀ। ਪਰ ਜਿਹੜਾ ਲੈਂਡ ਮਾਫੀਆ ਗਿਰੋਹ ਹੈ, ਉਨ੍ਹਾਂ ਨੇ ਇਕ ਫਰਜ਼ੀ ਵਿੱਲ ਬਣਾ ਲਈ ਅਤੇ ਕੋਰਟ ਵਿੱਚ ਕੇਸ ਚਲ ਰਿਹਾ ਹੈ। ਉਸ ਲੈਂਡ ਮਾਫੀਆ ਨੇ ਉਸ ਬਿਲਡਿੰਗ ਨੂੰ ਢਾਹ ਕੇ .......

**ਮਾਨਯੋਗ ਸਪੀਕਰ :** ਤੁਸੀਂ ਇਨਫਰਮੇਸ਼ਨ ਦੇਣ ਦੀ ਬਜਾਏ ਸਵਾਲ ਪੁੱਛੋ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਜਦੋਂ ਕੋਰਟ ਵਿੱਚ ਕੇਸ ਚਲ ਰਿਹਾ ਹੈ। ਉਸ ਲੈਂਡ ਮਾਫੀਏ ਦੇ ਖਿਲਾਫ ਡੀ. ਸੀ. ਗੁਰਦਾਸਪੁਰ ਵੱਲੋਂ ਐਫ.ਆਈ.ਆਰ. ਵੀ ਦਰਜ ਕਰਵਾਈ ਹੈ। ਉਨ੍ਹਾਂ ਨੂੰ ਬੇਦਖਲ ਕਰ ਦਿੱਤਾ ਗਿਆ ਹੈ। ਕੀ ਸਰਕਾਰ ਇਸ ਮਾਮਲੇ ਵਿੱਚ ਕਾਰਵਾਈ ਕਰਕੇ ਉਹ ਬਿਲਡਿੰਗ ਵਾਪਸ ਲੈਣ ਵਾਸਤੇ ਉਪਰਾਲੇ ਕਰ ਰਹੀ ਹੈ? ਹੁਣ ਬੱਚਿਆਂ ਨੂੰ ਬੱਚਤ ਭਵਨ ਵਿੱਚ ਜਿਥੇ ਫਾਈਲਾਂ ਪਈਆਂ ਹੁੰਦੀਆਂ ਹਨ, ਮੀਟਿੰਗਾਂ ਹੁੰਦੀਆਂ ਹਨ, ਉਥੇ ਪੜ੍ਹਨਾ ਪੈ ਰਿਹਾ ਹੈ।

**ਰਾਜ ਮੰਤਰੀ :** ਮੇਰਾ ਖਿਆਲ ਹੈ ਕਿ ਮਾਫੀਏ ਬਾਰੇ ਪੁਜੀਸ਼ਨ ਜ਼ਿਆਦਾ ਇਨ੍ਹਾਂ ਨੂੰ ਪਤਾ ਹੈ, ਮੈਨੂੰ ਤਾਂ ਪਤਾ ਨਹੀਂ। ਮਾਫੀਏ ਦੀਆਂ ਗੱਲਾਂ ਤੁਹਾਨੂੰ ਜ਼ਿਆਦਾ ਪਤਾ ਹੁੰਦੀਆਂ ਹਨ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ ਇਹ ਕੋਈ ਜਵਾਬ ਨਹੀਂ ਹੈ ਜੀ।

**ਮਾਨਯੋਗ ਸਪੀਕਰ :** ਉਨ੍ਹਾਂ ਨੂੰ ਬੋਲ ਤਾਂ ਲੈਣ ਦਿਓ।

**ਰਾਜ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਇਸ ਬਿਲਡਿੰਗ ਬਾਰੇ ਰਲੀਆ ਰਾਮ ਦੇ ਕਿਸੇ ਰਿਸ਼ਤੇਦਾਰ ਨੇ ਸਿਵਲ ਕੋਰਟ, ਗੁਰਦਾਸਪੁਰ ਵਿੱਚ ਕੇਸ ਕਰ ਦਿੱਤਾ ਸੀ ਅਤੇ ਉਥੇ ਰੈਡ ਕਰਾਸ ਸੁਸਾਇਟੀ, ਗੁਰਦਾਸਪੁਰ ਦੇ ਵਿਰੁੱਧ ਫੈਸਲਾ ਹੋ ਗਿਆ ਸੀ, ਜਿਸ ਤੇ ਰੈਡ ਕਰਾਸ ਸੁਸਾਇਟੀ ਨੇ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਅਤੇ ਸਿਵਲ ਕੋਰਟ ਵਲੋਂ ਪ੍ਰਾਪਤ ਹੋਏ ਹੁਕਮਾਂ ਅਨੁਸਾਰ ਸਟੇਅ ਪ੍ਰਾਪਤ ਕੀਤੀ ਸੀ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਸੈਂਟਰ ਰੈਡ ਕਰਾਸ ਸੁਸਾਇਟੀ, ਗੁਰਦਾਸਪੁਰ ਵਲੋਂ ਚਲ ਰਿਹਾ ਹੈ ਅਤੇ ਸਰਕਾਰ ਦਾ ਨਹੀਂ ਹੈ। ਇਸ ਲਈ ਉਹ ਆਪਣੇ ਪੱਧਰ ਤੇ ਅਦਾਲਤ ਵਿੱਚੋਂ ਇਸ ਝਗੜੇ ਨੂੰ ਨਿਪਟਾਉਣ ਅਤੇ ਸਕੂਲ ਚਲਾਉਣ ਦਾ ਉਪਰਾਲਾ ਕਰੇਗੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਅਸੀਂ ਜਾਣਨਾ ਚਾਹੁੰਦੇ ਹਾਂ ਕਿ ਇਕ ਇੰਨੇ ਵੱਡੇ ਮਹਾਨ ਇਨਸਾਨ ਨੇ ਕਰੋੜਾਂ ਰੁਪਏ ਦੀ ਜਾਇਦਾਦ ਪੁੰਨ ਕੀਤੀ ਅਤੇ ਉਥੇ ਗੂੰਗੇ ਅਤੇ ਬੋਲੇ ਬੱਚੇ ਪੜ੍ਹਦੇ ਹਨ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਕੋਰਟ ਵਿੱਚ ਤਾਂ ਕੇਸ 40-40 ਸਾਲ ਚਲਦੇ ਰਹਿੰਦੇ ਹਨ ਅਤੇ ਡਿਪਟੀ ਕਮਿਸ਼ਨਰ, ਗੁਰਦਾਸਪੁਰ ਨੇ ਐਫ.ਆਈ.ਆਰ. ਦਰਜ਼ ਕਰਵਾਈ ਹੈ ਅਤੇ ਉਸਦੇ ਬੇਸ ਤੇ ਉਸ ਪਾਰਟੀ ਤੋਂ, ਜਿਸ ਨੇ ਇਹ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਕੋਰਟ ਦਾ ਬਹਾਨਾ ਨਾ ਲਾ ਕੇ ਉਸ ਨੂੰ ਬੇਦਖਲ ਕਰਕੇ ਇਹ ਜਾਇਦਾਦ ਕਦੋਂ ਵਾਪਸ ਇਸ ਸੰਸਥਾ ਵਲੋਂ ਲਈ ਜਾਵੇਗੀ ਅਤੇ ਉਥੇ ਗੂੰਗੇ ਅਤੇ ਬੋਲੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਜਾਵੇਗਾ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਦੱਸ ਦਿਤਾ ਹੈ ਕਿ ਇਹ ਕੇਸ ਕੋਰਟ ਵਿੱਚ ਚਲ ਰਿਹਾ ਹੈ। ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਨੂੰ ਕਿਉਂ ਸਮਝ ਨਹੀਂ ਆਉਂਦੀ ਇਹ ਕੇਸ ਕੋਰਟ ਵਿੱਚ ਚਲ ਰਿਹਾ ਹੈ ਅਤੇ ਸਬਜੁਡੀਸ ਹੈ।

———

## ABOLISHING 10% POSTS OF I.P.S./P.P.S. OFFICERS

***1131. (1) Shri Romesh Dutt Sharma**
**(2) Sardar Bir Devinder Singh** } : Will the

Chief Minister be pleased to State—

(a) the total number of I.P.S./P.P.S. officers working at present in Government Departments/Public Undertakings, separately ;

(b) whether the Government proposes to abolish 10% of the above mentioned posts as an austerity measure, if so, the steps to be taken by the Government in this regard ?

**Captain Amarinder Singh :** (a) There are 110 I.P.S. officers out of which 107 I.P.S. officers are working in the Government Departments and 3 in Corporation/Board/Commission. There are 434 P.P.S. officers, out of which 429 are working in Government Departments and 5 in Corporation/Board.

(b) There is no such proposal as of now.

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਇਕ ਤਾਂ ਮੈਂ ਜਾਣਨਾ ਚਾਹੁੰਦਾ ਹਾਂ ਕਿ ਆਈ.ਪੀ.ਐਸ. ਅਫਸਰਾਂ ਦਾ ਸੈਂਟਰਲ ਡੈਪੂਟੇਸ਼ਨ ਦਾ ਕੋਟਾ ਸੂਬੇ ਦਾ ਕੀ ਹੈ ਅਤੇ ਕਿੰਨੇ ਆਈ.ਪੀ.ਐਸ. ਅਫਸਰ ਗੌਰਮਿੰਟ ਆਫ ਇੰਡੀਆ ਜਾਂ ਦੂਸਰੀਆਂ ਆਰਗੇਨਾਈਜੇਸ਼ਨਜ਼ ਵਿੱਚ ਡੈਪੂਟੇਸ਼ਨ ਤੇ ਗਏ ਹਨ। ਕੀ ਇਸ ਕੋਟੇ ਦੇ ਮੁਤਾਬਿਕ ਡੈਪੂਟੇਸ਼ਨ ਤੇ ਪੂਰੇ ਬੰਦੇ ਗਏ ਹੋਏ ਹਨ ? ਦੂਸਰਾ, ਇਹ ਇਕ ਟਾਪ ਹੈਵੀ ਪੁਲਿਸ ਅਫਸਰਾਂ ਦੀ ਪਰੂਨਿੰਗ ਕਰਨ ਬਾਰੇ ਕੋਈ ਪ੍ਰੋਪੋਜ਼ਲ ਕਿਉਂ ਨਹੀਂ ਹੈ ? Why there is no proposal to prune top heavy police administration ?

**Chief Minister :** The reason there is no proposal, as I have mentioned, is becuase they are not based like in the military or pyramid system. In their selection system, they have a vertical rise. If one A.D.G.P. gets promotion, then everybody above has to get his due. We cannot help unless the Central Rule is changed. We cannot change.

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਮੇਰਾ ਕੁਐਸਚਨ ਸੀ ਕਿ ਆਨ ਡੈਪੂਟੇਸ਼ਨ ਸਾਡੇ ਕਿੰਨੇ ਬੰਦੇ ਜਾਣੇ ਚਾਹੀਦੇ ਹਨ ਅਤੇ ਕਿੰਨੇ ਆਈ.ਪੀ.ਐਸ. ਅਫਸਰ ਡੈਪੂਟੇਸ਼ਨ ਤੇ ਹਨ। ਦੂਸਰਾ ਇਹ ਹੈ ਕਿ ਡੀ.ਜੀ.ਪੀ. ਦੀਆਂ ਜਿਹੜੀਆਂ ਪੋਸਟਾਂ ਹਨ, ਉਨ੍ਹਾਂ ਦੀ ਕੀ ਜਸਟੀਫਿਕੇਸ਼ਨ ਹੈ ਅਤੇ ਕੀ ਕੀ ਕੰਮ ਉਨ੍ਹਾਂ ਦੇ ਸਪੁਰਦ ਕੀਤਾ ਹੋਇਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਦੋਬਾਰਾ ਰਪੀਟ ਹੋ ਰਿਹਾ ਹੈ। ਮੈਂ ਕਿਹਾ ਹੈ ਕਿ I do not remember off hand which officer is posted where. But I can say that every senior officer is holding a very important portfolio. We can give the details. As regards the number of officers on deputation, the selection process is that we can only offer. We have offered, Government of India has to select. It is not in our hands ਅਤੇ ਇਸਦੇ ਬਾਰੇ ਅਸੀਂ ਡੀਟੇਲ ਦੱਸ ਸਕਦੇ ਹਾਂ ਕਿ ਗੌਰਮਿੰਟ ਆਫ ਇੰਡੀਆ ਵਿੱਚ ਕਿੰਨੇ ਡੈਪੂਟੇਸ਼ਨ ਤੇ ਗਏ ਹਨ। ਇਹ ਇਕ ਸਿਲੈਕਸ਼ਨ ਦਾ ਪ੍ਰੋਸੈਸ ਹੈ। ਜਿਥੋਂ ਤੱਕ ਸਵਾਲ ਹੈ ਕਿ ਕਿੰਨੇ ਉਥੋਂ ਆਏ ਹਨ, ਸੱਤ ਤੋਂ ਨੌਂ ਅਫਸਰ ਬਤੌਰ ਐਸ. ਪੀ: ਅਤੇ ਦੋ ਬਤੌਰ ਡੀ. ਐਸ. ਪੀ. ਪੈਰਾ ਮਿਲਟਰੀ ਫੋਰਸਿਜ਼ ਤੋਂ ਪੰਜਾਬ ਗੌਰਮਿੰਟ ਵਿੱਚ ਕੰਮ ਕਰ ਰਹੇ ਹਨ।

ਸਰਦਾਰ ਬੀਰ ਦਵਿੰਦਰ ਸਿੰਘ : ਸਪੀਕਰ ਸਾਹਿਬ, ਜਿਹੜੇ ਅਫਸਰ ਪੰਜਾਬ ਪੁਲਿਸ ਵਿੱਚ ਪੈਰਾ ਮਿਲਟਰੀ ਫੋਰਸਿਜ਼ ਜਾਂ ਹੋਰ ਦੂਸਰੀਆਂ ਆਰਗੇਨਾਈਜ਼ੇਸ਼ਨ ਵਿਚੋਂ ਆਏ ਹਨ, ਕੀ ਉਨ੍ਹਾਂ ਨੂੰ ਐਬਜ਼ਾਰਬ ਕਰ ਲਿਆ ਗਿਆ ਹੈ ਜਾਂ ਉਹ ਡੈਪੂਟੇਸ਼ਨ ਤੇ ਹੀ ਚੱਲ ਰਹੇ ਹਨ ? ਇਸ ਤੋਂ ਇਲਾਵਾ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਐਬਜ਼ਾਰਬ ਕੀਤੇ ਗਏ ਹਨ, ਕੀ ਉਨ੍ਹਾਂ ਨਾਲ ਸਟੇਟ ਦੀ ਪਰਮੋਸ਼ਨ ਈਫੈਕਟ ਤਾਂ ਨਹੀਂ ਕੀਤੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜ਼ਿਆਦਾ ਅਫਸਰ ਅਜਿਹੇ ਹਨ ਜਿਹੜੇ ਸਾਡੀ ਫੋਰਸ ਵਿੱਚ ਹਨ, ਉਨ੍ਹਾਂ ਦੇ ਕੇਸ ਚੱਲ ਰਹੇ ਹਨ ਔਰ ਕਾਫੀ ਓਲਡ ਕੇਸ ਚੱਲ ਰਹੇ ਹਨ। ਇਸ ਕਰਕੇ ਉਨ੍ਹਾਂ ਨੂੰ ਡੇਟਸ ਵਾਸਤੇ ਇੱਥੇ ਰਹਿਣਾ ਪੈਂਦਾ ਹੈ। ਇਸ ਕਰਕੇ ਅਸੀਂ ਉਨ੍ਹਾਂ ਨੂੰ ਰੱਖਿਆ ਹੋਇਆ ਹੈ। ਕਈਆਂ ਨੂੰ ਅਸੀਂ ਐਬਜ਼ਾਰਬ ਕਰਨ ਵਾਸਤੇ ਸੋਚ ਰਹੇ ਹਾਂ। ਜੋ ਵੀ ਐਪਰੋਪਰੀਏਟ ਡਿਸੀਜ਼ਨ ਹੋਵੇਗਾ, ਉਹ ਹਾਊਸ ਦੇ ਧਿਆਨ ਵਿੱਚ ਲਿਆ ਦੇਵਾਂਗੇ।

———

## CASES OF KIDNAPPING REGISTERED IN THE STATE

***1150.** (1) **Sardar Manpreet Singh Badal**
(2) **Sardar Gurbinder Singh Atwal** } : Will the Chief Minister be pleased to state the district-wise number of cases of kidnapping/abductions registered in the State during the year 2002, 2003, 2004 and 2005 (till date) together with the present status thereof ?

**Captain Amarinder Singh :** The requisite information is placed on the table of the House as per Annexure A, B, C and D.

### ANNEXURE-A

**YEAR 2002**

| Sr. No. | District | Case Regd. | Under Trial | Under Traced | Can. | Convicted | Acqu. | U. Investigation | Total |
|---|---|---|---|---|---|---|---|---|---|
| 1 | Kapurthala | 24 | 7 | 2 | 9 | 1 | 5 | 0 | 24 |
| 2 | Jagraon | 21 | 8 | 0 | 9 | 0 | 4 | 0 | 21 |
| 3 | Barnala | 6 | 1 | 3 | 2 | 0 | 0 | 0 | 6 |
| 4 | Gurdaspur | 18 | 9 | 0 | 5 | 0 | 4 | 0 | 18 |
| 5 | Ropar | 38 | 13 | 4 | 8 | 2 | 10 | 1 | 38 |
| 6 | Tarn Taran | 17 | 7 | 1 | 9 | 0 | 0 | 0 | 17 |
| 7 | Sangrur | 23 | 3 | 4 | 5 | 1 | 10 | 0 | 23 |
| 8 | Ferozepur | 24 | 15 | 3 | 6 | 0 | 0 | 0 | 24 |
| 9 | Moga | 16 | 4 | 1 | 5 | 1 | 0 | 5 | 16 |
| 10 | Patiala | 41 | 9 | 10 | 22 | 0 | 0 | 0 | 41 |
| 11 | Mansa | 5 | 3 | 1 | 1 | 0 | 0 | 0 | 5 |
| 12 | Fatehgarh Sahib | 12 | 1 | 1 | 5 | 0 | 4 | 1 | 12 |
| 13 | Muktsar | 14 | 6 | 0 | 6 | 0 | 0 | 2 | 14 |
| 14 | Bathinda | 36 | 10 | 2 | 19 | 2 | 2 | 1 | 36 |
| 15 | Jalandhar | 65 | 19 | 8 | 22 | 7 | 9 | 0 | 65 |
| 16 | Faridkot | 11 | 3 | 1 | 7 | 0 | 0 | 0 | 11 |
| 17 | Amritsar | 32 | 16 | 2 | 7 | 2 | 3 | 2 | 32 |
| 18 | Hoshiarpur | 16 | 3 | 0 | 9 | 0 | 4 | 0 | 16 |
| 19 | Ludhiana | 125 | 38 | 28 | 49 | 4 | 6 | 0 | 125 |
| 20 | Nawanshahar | 16 | 5 | 2 | 5 | 0 | 3 | 1 | 16 |
| 21 | Batala | 17 | 2 | 2 | 13 | 0 | 0 | 0 | 17 |
| 22 | Majitha | 20 | 5 | 2 | 7 | 0 | 2 | 4 | 20 |
| 23 | Khanna | 10 | 1 | 0 | 8 | 0 | 1 | 0 | 10 |
| 24 | G.R.P. | 1 | 1 | 0 | 0 | 0 | 0 | 0 | 1 |
| | Total | 608 | 189 | 77 | 238 | 20 | 67 | 17 | 608 |

**[Chief Minister]**

**ANNEXURE-B**

**Year 2003**

| Sr. No. | District | Case Regd. | Under Trial | Under Trace | Can. | Convicted | Acqu. | Under Investigation | Total |
|---|---|---|---|---|---|---|---|---|---|
| 1 | Kapurthala | 17 | 5 | 1 | 5 | 2 | 4 | 0 | 17 |
| 2 | Jagraon | 9 | 5 | 0 | 3 | 0 | 1 | 0 | 9 |
| 3 | Barnala | 12 | 3 | 4 | 2 | 0 | 3 | 0 | 12 |
| 4 | Gurdaspur | 6 | 2 | 0 | 3 | 0 | 1 | 0 | 6 |
| 5 | Ropar | 29 | 15 | 1 | 9 | 2 | 2 | 0 | 29 |
| 6 | Tarn Taran | 10 | 8 | 0 | 1 | 0 | 1 | 0 | 10 |
| 7 | Sangrur | 17 | 4 | 2 | 3 | 2 | 4 | 2 | 17 |
| 8 | Ferozepur | 19 | 10 | 1 | 4 | 0 | 1 | 3 | 19 |
| 9 | Moga | 21 | 3 | 0 | 9 | 0 | 2 | 7 | 21 |
| 10 | Patiala | 35 | 12 | 8 | 15 | 0 | 0 | 0 | 35 |
| 11 | Mansa | 8 | 5 | 0 | 3 | 0 | 0 | 0 | 8 |
| 12 | Fatehgarh Sahib | 11 | 4 | 1 | 5 | 0 | 1 | 0 | 11 |
| 13 | Muktsar | 9 | 4 | 0 | 1 | 0 | 2 | 2 | 9 |
| 14 | Bathinda | 16 | 5 | 1 | 6 | 1 | 0 | 3 | 16 |
| 15 | Jalandhar | 82 | 17 | 18 | 23 | 0 | 10 | 14 | 82 |
| 16 | Faridkot | 8 | 5 | 0 | 2 | 0 | 1 | 0 | 8 |
| 17 | Amritsar | 38 | 13 | 0 | 16 | 0 | 1 | 8 | 38 |
| 18 | Hoshiarpur | 27 | 7 | 1 | 12 | 0 | 3 | 4 | 27 |
| 19 | Ludhiana | 80 | 20 | 15 | 34 | 2 | 3 | 6 | 80 |
| 20 | Nawanshahar | 16 | 2 | 2 | 6 | 0 | 2 | 4 | 16 |
| 21 | Batala | 13 | 6 | 0 | 5 | 0 | 2 | 0 | 13 |
| 22 | Majitha | 6 | 0 | 0 | 1 | 0 | 4 | 1 | 6 |
| 23 | Khanna | 10 | 7 | 1 | 2 | 0 | 0 | 0 | 10 |
| 24 | G.R.P. | 1 | 0 | 0 | 1 | 0 | 0 | 0 | 1 |
| | Total | 500 | 162 | 56 | 171 | 9 | 48 | 54 | 500 |

## ANNEXURE-C

**Year 2004**

| Sr. No. | District | Case Regd. | Under Trial | Under Trace | Can. | Convicted | Acqu. | Under Investigation | Total |
|---|---|---|---|---|---|---|---|---|---|
| 1 | Kapurthala | 16 | 8 | 0 | 4 | 2 | 0 | 2 | 16 |
| 2 | Jagraon | 27 | 17 | 2 | 7 | 0 | 1 | 0 | 27 |
| 3 | Barnala | 7 | 5 | 0 | 1 | 0 | 1 | 0 | 7 |
| 4 | Gurdaspur | 13 | 5 | 0 | 0 | 0 | 0 | 8 | 13 |
| 5 | Ropar | 17 | 8 | 0 | 4 | 0 | 1 | 4 | 17 |
| 6 | Tarn Taran | 6 | 2 | 0 | 4 | 0 | 0 | 0 | 6 |
| 7 | Sangrur | 16 | 3 | 1 | 5 | 1 | 2 | 4 | 16 |
| 8 | Ferozepur | 18 | 3 | 0 | 7 | 0 | 3 | 5 | 18 |
| 9 | Moga | 21 | 3 | 2 | 8 | 0 | 0 | 8 | 21 |
| 10 | Patiala | 44 | 8 | 9 | 17 | 0 | 0 | 10 | 44 |
| 11 | Mansa | 8 | 2 | 0 | 2 | 0 | 0 | 4 | 8 |
| 12 | Fatehgarh Sahib | 9 | 3 | 0 | 5 | 0 | 0 | 1 | 9 |
| 13 | Muktsar | 12 | 4 | 0 | 5 | 0 | 0 | 3 | 12 |
| 14 | Bathinda | 27 | 8 | 0 | 3 | 0 | 0 | 16 | 27 |
| 15 | Jalandhar | 74 | 21 | 10 | 16 | 0 | 1 | 26 | 74 |
| 16 | Faridkot | 15 | 8 | 0 | 2 | 0 | 0 | 5 | 15 |
| 17 | Amritsar | 31 | 16 | 0 | 8 | 0 | 0 | 7 | 31 |
| 18 | Hoshiarpur | 21 | 5 | 1 | 3 | 0 | 1 | 11 | 21 |
| 19 | Ludhiana | 70 | 16 | 5 | 25 | 0 | 0 | 24 | 70 |
| 20 | Nawanshahar | 16 | 5 | 0 | 0 | 0 | 0 | 11 | 16 |
| 21 | Batala | 9 | 6 | 0 | 3 | 0 | 0 | 0 | 9 |
| 22 | Majitha | 18 | 5 | 0 | 3 | 0 | 0 | 10 | 18 |
| 23 | Khanna | 14 | 6 | 1 | 3 | 0 | 0 | 4 | 14 |
| 24 | G.R.P. | 0 | 0 | 0 | 0 | 0 | 0 | 0 | 0 |
| | Total | 509 | 167 | 31 | 135 | 3 | 10 | 163 | 509 |

[Chief Minister]

**Annexure-D**

**Year 2005 (UP TO 10.3.2005)**

| Sr. No. | District | Case Regd. | Under Trial | Under Trace | Can. | Convicted | Acqu. | Under Investigation | Total |
|---|---|---|---|---|---|---|---|---|---|
| 1 | Kapurthala | 3 | 0 | 0 | 3 | 0 | 0 | 0 | 3 |
| 2 | Jagraon | 1 | 0 | 0 | 0 | 0 | 0 | 1 | 1 |
| 3 | Barnala | 2 | 0 | 0 | 0 | 0 | 0 | 2 | 2 |
| 4 | Gurdaspur | 6 | 0 | 0 | 0 | 0 | 0 | 6 | 6 |
| 5 | Ropar | 2 | 0 | 0 | 0 | 0 | 0 | 2 | 2 |
| 6 | Tarn Taran | 4 | 2 | 0 | 0 | 0 | 0 | 2 | 4 |
| 7 | Sangrur | 3 | 0 | 0 | 1 | 0 | 0 | 2 | 3 |
| 8 | Ferozepur | 4 | 0 | 0 | 0 | 0 | 0 | 4 | 4 |
| 9 | Moga | 2 | 0 | 0 | 0 | 0 | 0 | 2 | 2 |
| 10 | Patiala | 5 | 0 | 0 | 0 | 0 | 0 | 5 | 5 |
| 11 | Mansa | 4 | 0 | 0 | 1 | 0 | 0 | 3 | 4 |
| 12 | Fatehgarh Sahib | 0 | 0 | 0 | 0 | 0 | 0 | 0 | 0 |
| 13 | Muktsar | 0 | 0 | 0 | 0 | 0 | 0 | 0 | 0 |
| 14 | Bathinda | 6 | 0 | 0 | 0 | 0 | 0 | 6 | 6 |
| 15 | Jalandhar | 8 | 0 | 2 | 2 | 0 | 0 | 4 | 8 |
| 16 | Faridkot | 2 | 0 | 0 | 0 | 0 | 0 | 2 | 2 |
| 17 | Amritsar | 5 | 0 | 0 | 0 | 0 | 0 | 5 | 5 |
| 18 | Hoshiarpur | 1 | 0 | 0 | 0 | 0 | 0 | 1 | 1 |
| 19 | Ludhiana | 6 | 2 | 0 | 1 | 0 | 0 | 3 | 6 |
| 20 | Nawanshahar | 0 | 0 | 0 | 0 | 0 | 0 | 0 | 0 |
| 21 | Batala | 4 | 0 | 0 | 0 | 0 | 0 | 4 | 4 |
| 22 | Majitha | 5 | 0 | 0 | 0 | 0 | 0 | 5 | 5 |
| 23 | Khanna | 1 | 0 | 0 | 0 | 0 | 0 | 1 | 1 |
| 24 | G.R.P. | 0 | 0 | 0 | 0 | 0 | 0 | 0 | 0 |
| | Total | 74 | 4 | 2 | 8 | 0 | 0 | 60 | 74 |

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਹਾਲ ਹੀ ਵਿੱਚ ਪੰਜਾਬ ਵਿੱਚ there have been a spate of kidnapping and some of them have been very unfortunate. ਜੋ ਇਨ੍ਹਾਂ ਨੇ ਜਵਾਬ ਦਿੱਤਾ ਹੈ, ਉਹ ਮੈਂ ਬੜੇ ਗੌਰ ਨਾਲ ਪੜ੍ਹਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਕਿੰਨੀਆਂ ਕਿਡਨੈਪਿੰਗਜ਼ ਹੋਈਆਂ ਹਨ ? ਇਹ ਬੜੀਆਂ ਐਕਸੈਪਸ਼ਨਲ ਹਨ। ਕਿਤੇ ਤਾਂ 500 ਹਨ, ਕਿਤੇ 600 ਹਨ ਔਰ ਅੱਗੇ ਜਵਾਬ ਪੜ੍ਹੀਏ ਤੇ ਫਿਰ ਉਸ ਵਿੱਚੋਂ ਮੈਂ ਪੁੱਛਦਾ ਹਾਂ, ਇੱਕ ਤਾਂ Why is there such a high rate of cancellation, such a high rate of acquittal and high rate of untraced cases ? Does it reflect upon the working of the Punjab Police.

**Chief Minister :** Sir, I don't think that is the question. It is just that when cases are registered, investigated and the cases are dropped. In acquittal, I think the benefit of doubt is given and the cases are dropped. This level is high, but justice must prevail. The cases should be properly investigated. In cases where it is based on solid grounds, those should be taken up. As the Hon'ble Member has said about high rate, this is unacceptable. However, now the record shows that it came down to 200 from 500—600. We can bring to the Members' notice that we have been able to crack most of the cases that happened recently. So, this does mean that things are improving and this improvement will continue.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜਾ ਰਿਕਾਰਡ ਮੈਨੂੰ ਭੇਜਿਆ ਹੈ, ਉਸ ਵਿੱਚ ਲੁਧਿਆਣਾ ਅਤੇ ਜਲੰਧਰ ਦੇ ਫਿਗਰ ਸਾਰੇ ਪੰਜਾਬ ਨਾਲੋਂ ਵੱਖਰੇ ਹਨ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਇਨ੍ਹਾਂ ਕੋਲ ਇਨਫਰਮੇਸ਼ਨ ਹੋਵੇ ਤਾਂ ਇਹ ਦੱਸਣ ਕਿ ਜਿਹੜੀਆਂ ਇਹ ਕਿਡਨੈਪਿੰਗਜ਼ ਹੋਈਆਂ ਹਨ, ਇਹ ਕਿਨ੍ਹਾਂ ਕਾਰਨਾਂ ਕਰਕੇ ਹੋਈਆਂ ਹਨ ? ਕਾਰਨ ਤਾਂ ਕਈ ਹੋ ਸਕਦੇ ਹਨ ਪਰ ਕੀ ਰੈਨਸਮ ਵੀ ਇਸ ਦਾ ਕਾਰਨ ਹੈ ਕਿਉਂਕਿ ਲੁਧਿਆਣਾ ਅਤੇ ਜਲੰਧਰ ਐਨ.ਆਰ.ਆਈਜ਼. ਇਲਾਕਾ ਵੀ ਹੈ ਔਰ ਇੰਡਸਟਰੀਅਲ ਇਲਾਕਾ ਵੀ ਹੈ ?

**Chief Minister :** Sir, basically crime is more in cities than in villages. It is a fact that most of these crimes which happened recently, like kidnapping, they are economic crimes. People are being kidnapped for ransom and that is the unfortunate part. We all have to get together and improve our Society, but this is unfortunate.

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਦਾ ਕੰਡਕਟ ਮੈਂ ਬੜਾ ਦੇਖਿਆ ਹੈ, ਇਹ ਹਮੇਸ਼ਾ ਰਪਟ ਵੀ ਦਰਜ ਨਹੀਂ ਕਰਦੀ। ਉਹ ਐਪਲੀਕੇਸ਼ਨ ਲੈ ਕੇ ਰੱਖ ਲੈਂਦੇ ਹਨ। ਜਿਹੜੇ ਕੇਸ ਇਨਫਲੂਐਂਸ਼ਲ ਲੋਕਾਂ ਦੇ ਹੁੰਦੇ ਹਨ ਜਾਂ ਜਿਥੇ ਲੋਕ ਇਕੱਠੇ ਹੋ ਜਾਂਦੇ ਹਨ, ਉਹ ਕੇਸ ਦਰਜ ਹੋ ਜਾਂਦੇ ਹਨ। ਸਾਡੇ ਹੁਸ਼ਿਆਰਪੁਰ ਕੋਲ ਅੱਜੋਵਾਲ ਪਿੰਡ ਦੀਆਂ ਦੋ ਨਾਬਾਲਗ ਲੜਕੀਆਂ ਝਬਾਲ ਤੋਂ ਅਗਵਾ ਕੀਤੀਆਂ ਹੋਈਆਂ ਹਨ। ਜਵਾਬ ਵਾਲੀ ਗਿਣਤੀ ਦੇ ਵਿੱਚ ਇਨ੍ਹਾਂ ਦੀ ਗਿਣਤੀ ਵੀ ਹੋਏਗੀ ਔਰ ਪੁਲਿਸ ਸਿਰਫ ਇਸ ਕਰਕੇ ਨਹੀਂ ਫੜ੍ਹਨ ਜਾਂਦੀ ਕਿ ਸਾਨੂੰ ਉਪਰੋਂ ਮਨਜ਼ੂਰੀ ਨਹੀਂ ਮਿਲੀ ਪੈਸੇ ਲੈਣ ਦੀ.......

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ। ਇਨਫਰਮੇਸ਼ਨ ਦੇਣ ਦੀ ਬਜਾਏ ਇਨਫਰਮੇਸ਼ਨ ਲਓ।

**ਸ਼੍ਰੀ ਤਿਕਸ਼ਨ ਸੂਦ :** ਪੁਲਿਸ ਨੂੰ ਕਿਉਂਕਿ ਬਿਹਾਰ ਜਾਣਾ ਪੈਣਾ ਹੈ, ਇਸ ਕਰਕੇ....

**Mr Speaker :** Don't give information. ਤੁਸੀਂ ਸਵਾਲ ਕਰੋ।

**ਸ਼੍ਰੀ ਤਿਕਸ਼ਨ ਸੂਦ :** ਕੀ ਇਸ ਤਰ੍ਹਾਂ ਦੇ ਕੇਸਾਂ ਬਾਰੇ ਮਾਨਯੋਗ ਮੁੱਖ ਮੰਤਰੀ ਸਾਹਿਬ ਐਸ਼ੋਰੈਂਸ ਦੇਣਗੇ ਕਿ ਜਿਥੇ ਅਗਵਾ ਹੋ ਜਾਵੇ, ਖਾਸ ਤੌਰ ਤੇ ਨਾਬਾਲਗ ਬੱਚਿਆਂ ਦਾ, ਉਥੇ ਪੁਲਿਸ ਆਪਣੇ ਆਪ, ਆਪਣੇ ਫੰਡਜ਼ ਨਾਲ ਜਾਵੇ, ਆਪ ਖਰਚਾ ਕਰਕੇ ਕੀ ਇਕਦਮ ਐਕਸ਼ਨ ਲਵੇਗੀ ?

**ਮਾਨਯੋਗ ਸਪੀਕਰ :** ਪੁਲਿਸ ਐਕਸ਼ਨ ਲਵੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਬਿਲਕੁੱਲ ਉਲਟਾ ਹੀ ਸਵਾਲ ਪੁਛਿਆ ਹੈ। ਮੈਂ ਜਿਸ ਤਰ੍ਹਾਂ ਕਿਹਾ ਸੀ ਕਿ we have to screen out and innocent ਬੰਦਿਆਂ ਨੂੰ ਛੱਡਣਾ ਪਵੇਗਾ। ਜਿਥੋਂ ਤੱਕ ਇਨ੍ਹਾਂ ਨੇ ਕਿਹਾ ਹੈ ਕਿ ਸਪੈਸ਼ਲ ਕੇਸ ਬਿਹਾਰ ਨਾਲ ਸਬੰਧਤ ਹੈ, ਮੈਂ ਹਾਊਸ ਨੂੰ ਐਸ਼ੋਅਰ ਕਰਵਾਉਂਦਾ ਹਾਂ ਕਿ ਚਾਹੇ ਕ੍ਰਿਮੀਨਲ ਜਿਥੇ ਮਰਜੀ ਚਲਿਆ ਜਾਵੇ, ਜਿਨ੍ਹਾਂ ਨੇ ਕਰਾਈਮ ਇਥੇ ਕੀਤਾ ਹੈ, ਉਹ ਚਾਹੇ ਉੜੀਸਾ ਵਿੱਚ ਹੋਵੇ, ਚਾਹੇ ਕੰਨਿਆ ਕੁਮਾਰੀ ਵਿੱਚ ਹੋਵੇ, ਚਾਹੇ ਸੂਰਤ ਵਿੱਚ ਹੋਵੇ there is no shortage of money. Police will go and trace them and catch them. ਇਸ ਵਿੱਚ ਕੋਈ ਇਹੋ ਜਿਹੀ ਗੱਲ ਨਹੀਂ ਹੈ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਅਗਵਾ ਦੇ ਕੇਸ ਪੰਜਾਬ ਵਿੱਚ ਹੋਏ ਹਨ, ਉਨ੍ਹਾਂ ਦੇ ਵਿੱਚ ਜਿਹੜੀ ਪੰਜਾਬ ਤੋਂ ਬਾਹਰੋਂ ਲੇਬਰ ਆਈ ਹੈ, ਇੰਡਸਟਰੀ ਲੇਬਰ ਅਤੇ ਖੇਤੀਬਾੜੀ ਲੇਬਰ ਆਈ ਹੈ, ਉਨ੍ਹਾਂ ਦੀ ਭੂਮਿਕਾ ਕੀ ਹੈ ? ਅਗਰ ਇਹ ਜਵਾਬ 'ਹਾਂ' ਵਿੱਚ ਹੋਵੇ ਤਾਂ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਕੋਲ ਉਨ੍ਹਾਂ ਦੀ ਰਜਿਸਟਰੇਸ਼ਨ, ਉਨ੍ਹਾਂ ਦਾ ਅਤਾ ਪਤਾ ਲਾਉਣ ਲਈ ਕੋਈ ਉਪਰਾਲੇ ਕਰਨੇ ਵਿਚਾਰ ਅਧੀਨ ਹੋ ਸਕਦੇ ਹਨ ਕਿ ਨਹੀਂ ?

**Chief Minister :** It is out of democracy. ਆਪਾਂ ਡੈਮੋਕਰੇਸੀ ਵਿੱਚ ਹਾਂ, ਅਸੀਂ ਡਿਸਟਿੰਗੂਅਸ਼ ਨਹੀਂ ਕਰ ਸਕਦੇ ਕਿ ਬਾਹਰੋਂ ਆਏ ਹੋਏ ਨੇ ਕਰਾਈਮ ਕੀਤਾ ਹੈ ਜਾਂ ਨਹੀਂ। Criminal is criminal. ਜਿਹੜਾ ਕਰਾਈਮ ਕਰਦਾ ਹੈ, we will have to catch him whether he is from Punjab or any other state. That is got nothing to do with it. Crime is being tackled very effectively.

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਪਿਛਲੇ ਦਿਨੀਂ ਕਿਡਨੈਪਿੰਗ ਦੀਆਂ ਘਟਨਾਵਾਂ ਵਾਪਰੀਆਂ ਹਨ, What special steps have been taken or whether there is any proposal to create a Rapid Action Group to deal with the kidnapping cases ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਸਪੈਸ਼ਲੀ ਕੁਝ ਕਦਮ ਚੁੱਕੇ ਹਨ। ਤੁਸੀਂ ਦੇਖਿਆ ਹੈ ਕਿ ਮੇਨਲੀ ਚਿਲਡਰਿਨ ਦੀਆਂ ਕਿਡਨੈਪਿੰਗਜ਼ ਹੋਈਆਂ ਹਨ। ਮੈਂ ਪਹਿਲਾਂ ਵੀ ਕਹਿ ਚੁਕਿਆ ਹਾਂ ਕਿ ਸਾਰੇ ਕੇਸ ਕਰੈਕ ਕੀਤੇ ਹਨ। Sir, we have not yet named as investigation is reaching its conclusion. We want to catch those people. However, let me assure the House that every case in recent days has been properly solved by the Police. ਜੋ ਇਨ੍ਹਾਂ ਦੀ ਸ਼ੰਕਾ ਹੈ, ਅਸੀਂ ਬੱਚਿਆਂ ਨੂੰ ਅਗਵਾ ਕਰਨ ਤੋਂ ਰੋਕਣ ਬਾਰੇ ਸਲਿਊਸ਼ਨ ਕੱਢਿਆ ਹੈ, We have started Community Policing that there should be interaction between the police and the people of the area and particularly it is launched in Ludhiana and it is working very effectively. ਹੁਣ ਰੀਐਕਸ਼ਨ ਟਾਈਮ ਬਹੁਤ ਘੱਟ ਹੈ। ਜਦੋਂ ਕੋਈ ਵਾਕਿਆ ਹੁੰਦਾ ਹੈ ਤਾਂ ਤਿੰਨ-ਚਾਰ ਮਿੰਟ ਦਾ ਰੀਐਕਸ਼ਨ ਟਾਈਮ ਹੈ। ਮੈਂ ਹੁਣ ਤੁਹਾਨੂੰ ਦੱਸਦਾ ਹਾਂ ਕਿ however, generally what we are doing is No. 1 that all educational institutions, students from rich families and students going to tuitions, these areas are being covered by motorcycle patrolling etc. No. 2 is that general watch is also being maintained in and around the schools etc. No. 3 is that vehicles of suspicious persons sitting near the schools/colleges are questioned regarding their antecedents. No. 4 during the opening and closing timings of the schools city sealing plan is also implemented. If any, unfortunate incident takes place, the men on duty there immediately get into action. No. 5 is that raids are also being conducted on the suspected hideouts of the kidnappers and a close watch is also being kept on the activities of former terrorists/kidnappers etc.

**Mr. Speaker :** Next question.

---

## ਗਰੀਬੀ ਰੇਖਾ ਤੋਂ ਹੇਠ ਰਹਿੰਦੇ ਲੋਕਾਂ ਲਈ ਪੱਕੇ ਮਕਾਨ

***1228 (1) ਸਰਦਾਰ ਗੁਲਜ਼ਾਰ ਸਿੰਘ ਰਣੀਕੇ**
**(2) ਸ਼੍ਰੀ ਦੇਸ ਰਾਜ ਧੁੱਗਾ** } : ਕੀ ਦਿਹਾਤੀ ਵਿਕਾਸ

ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਗਰੀਬੀ ਰੇਖਾਂ ਤੋਂ ਹੇਠ ਰਹਿੰਦੇ ਲੋਕਾਂ ਲਈ ਪੱਕੇ ਮਕਾਨ ਉਸਾਰਨ ਲਈ ਸਕੀਮ ਅਧੀਨ ਪਿਛਲੇ ਤਿੰਨ ਸਾਲਾਂ ਦੌਰਾਨ ਵੰਡੀ ਗਈ ਰਕਮ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ਅਤੇ ਅਜਿਹੇ ਲੋਕਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜਿਹੀ ਇਮਦਾਦ ਦੀ ਅਦਾਇਗੀ ਅਜੇ ਕੀਤੀ ਜਾਣੀ ਹੈ ?

**ਸਰਦਾਰ ਲਾਲ ਸਿੰਘ :** ਰਾਜ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਪੱਕੇ ਮਕਾਨਾਂ ਦੀ ਉਸਾਰੀ ਸਕੀਮ ਅਧੀਨ ਪਿਛਲੇ ਤਿੰਨਾਂ ਸਾਲਾਂ ਦੌਰਾਨ ਵੰਡੀ ਗਈ ਰਾਸ਼ੀ ਅਤੇ ਉਨ੍ਹਾਂ ਲੋਕਾਂ ਦੀ ਗਿਣਤੀ, ਜਿਨ੍ਹਾਂ ਨੂੰ ਅਜੇ ਵੀ ਅਜਿਹੀ ਇਮਦਾਦ ਦਿਤੀ ਜਾਣੀ ਹੈ, ਸਬੰਧੀ ਜ਼ਿਲ੍ਹੇਵਾਰ ਵੇਰਵਾ 'ਅਨੁਲੱਗ' ਤੇ ਦਿੱਤਾ ਜਾਂਦਾ ਹੈ ਜੋ ਕਿ ਸਦਨ ਦੀ ਟੇਬਲ ਤੇ ਰੱਖਿਆ ਜਾਂਦਾ ਹੈ।

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

## ਅਨੁਲੱਗ

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਪਿਛਲੇ ਤਿੰਨ ਸਾਲਾਂ ਦੌਰਾਨ ਪੱਕੇ ਮਕਾਨ ਬਣਾਉਣ ਲਈ ਵੰਡੀ ਗਈ ਕੁੱਲ ਰਕਮ (ਰੁਪਏ ਲੱਖਾਂ ਵਿਚ) | ਲੋਕਾਂ ਦੀ ਗਿਣਤੀ ਜਿਨ੍ਹਾਂ ਨੂੰ ਅਜਿਹੀ ਸਹਾਇਤਾ ਅਜੇ ਦਿੱਤੀ ਜਾਣੀ ਹੈ (ਨੰ:) |
|---|---|---|---|
| 1 | ਅੰਮ੍ਰਿਤਸਰ | 593.60 | 6759 |
| 2 | ਬਠਿੰਡਾ | 276.00 | 6376 |
| 3 | ਫਰੀਦਕੋਟ | 147.00 | 3620 |
| 4 | ਫਤਹਿਗੜ੍ਹ ਸਾਹਿਬ | 111.60 | 1955 |
| 5 | ਫਿਰੋਜ਼ਪੁਰ | 288.00 | 8550 |
| 6 | ਗੁਰਦਾਸਪੁਰ | 532.60 | 15691 |
| 7 | ਹੁਸ਼ਿਆਰਪੁਰ | 369.20 | 6585 |
| 8 | ਜਲੰਧਰ | 277.60 | 6992 |
| 9 | ਕਪੂਰਥਲਾ | 165.80 | 3122 |
| 10 | ਲੁਧਿਆਣਾ | 364.80 | 2000 |
| 11 | ਮਾਨਸਾ | 135.60 | 9487 |
| 12 | ਮੋਗਾ | 91.60 | 838 |
| 13 | ਮੁਕਤਸਰ | 101.00 | 1205 |
| 14 | ਨਵਾਂਸ਼ਹਿਰ | 106.40 | 450 |
| 15 | ਪਟਿਆਲਾ | 327.60 | 11190 |
| 16 | ਰੂਪਨਗਰ | 360.80 | 3503 |
| 17 | ਸੰਗਰੂਰ | 399.20 | 4020 |

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਤਿੰਨ ਸਾਲਾਂ ਦੇ ਲਈ ਰਾਸ਼ੀ ਰੱਖੀ ਗਈ ਹੈ, ਇਸ ਦੇ ਵਿੱਚ ਕਿੰਨੇ ਪ੍ਰਤੀਸ਼ਤ ਸ਼ੇਅਰ ਪੰਜਾਬ ਸਰਕਾਰ ਵੱਲੋਂ ਔਰ ਕਿੰਨੇ ਪ੍ਰਤੀਸ਼ਤ ਸ਼ੇਅਰ ਸੈਂਟਰ ਗੌਰਮਿੰਟ ਵਲੋਂ ਪਾਇਆ ਗਿਆ ਹੈ ?

**ਮੰਤਰੀ :** ਸਪੀਕਰ ਸਾਹਿਬ, ਇਸ ਸਕੀਮ ਦੇ ਵਿੱਚ ਸੈਂਟਰ ਸਰਕਾਰ ਆਪਣਾ ਹਿੱਸਾ 75% ਪਾਉਂਦੀ ਹੈ, ਸਟੇਟ ਗੌਰਮਿੰਟ 25% ਪਾਉਂਦੀ ਹੈ। ਪਿਛਲੇ ਤਿੰਨ ਸਾਲਾਂ ਦੇ ਵਿੱਚ 46 ਕਰੋੜ 40 ਲੱਖ ਰੁਪਿਆ ਵੰਡਿਆ ਜਾ ਚੁੱਕਿਆ ਹੈ, ਜਿਸ ਦੇ ਵਿੱਚ 25% ਸਟੇਟ ਗੌਰਮਿੰਟ ਨੇ ਆਪਣਾ ਸ਼ੇਅਰ ਪਾਇਆ ਹੈ ਔਰ 75% ਹਿੱਸਾ ਸੈਂਟਰ ਗੌਰਮਿੰਟ ਨੇ ਪਾਇਆ ਹੈ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਬਾਕੀ ਲਾਭਪਾਤਰੀ ਰਹਿੰਦੇ ਹਨ, ਜਿਨ੍ਹਾਂ ਨੂੰ ਹਾਲੇ ਤੱਕ ਮਕਾਨ ਨਹੀਂ ਮਿਲੇ। ਉਨ੍ਹਾਂ ਲਾਭਪਾਤਰੀਆਂ ਨੂੰ ਮਕਾਨ ਦਿਵਾਉਣ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ, ਕੀ ਕਾਰਵਾਈ ਕਰ ਰਹੀ ਹੈ ?

**ਮੰਤਰੀ :** ਸਪੀਕਰ ਸਾਹਿਬ, ਸਾਰੇ ਪੰਜਾਬ ਦੇ ਵਿੱਚ ਲਾਭਪਾਤਰੀਆਂ ਦੀ ਗਿਣਤੀ 1 ਲੱਖ 15 ਹਜ਼ਾਰ 526 ਹੈ। ਜਿਨ੍ਹਾਂ ਵਿਚੋਂ 23183 ਲਾਭਪਾਤਰੀਆਂ ਨੂੰ ਇਸ ਸਕੀਮ ਦਾ ਬੈਨੀਫਿਟ ਮਿਲ ਚੁੱਕਿਆ ਹੈ ਅਤੇ 92343 ਲਾਭਪਾਤਰੀ ਹਾਲੇ ਰਹਿੰਦੇ ਹਨ, ਇਹ ਇੱਕ ਕਾਂਨਟੀਨਿਯੂਸ ਪ੍ਰਾਸੈਸ ਹੈ। ਆਹਿਸਤਾ-ਆਹਿਸਤਾ ਹਰ ਸਾਲ ਇਸ ਨੂੰ ਕਵਰ ਕਰਨ ਦੀ ਕੋਸ਼ਿਸ਼ ਕਰਾਂਗੇ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਮਕਾਨਾਂ ਨੂੰ ਦੇਣ ਬਾਰੇ ਕੀ ਕਰਾਈਟੇਰੀਆ ਅਪਣਾਇਆ ਹੋਇਆ ਹੈ। ਕਿਹੜੇ ਵਿਅਕਤੀ ਨੂੰ ਮਕਾਨ ਪਹਿਲਾਂ ਦੇਣਾ ਹੈ ਤੇ ਕਿਹੜੇ ਨੂੰ ਬਾਅਦ ਵਿੱਚ ਦੇਣਾ ਹੈ ?

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਦੁਬਾਰਾ ਸਪਲੀਮੈਂਟਰੀ ਕਰ ਦੇਣ, ਮੈਨੂੰ ਗੱਲ ਸਮਝ ਨਹੀਂ ਆਈ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲਾਭਪਾਤਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਪਰ ਇਨ੍ਹਾਂ ਕੋਲ ਪੈਸੇ ਘੱਟ ਹਨ। ਇਸ ਲਈ ਇਹ ਮਕਾਨ ਕਿਸ ਪੈਮਾਨੇ ਦੇ ਆਧਾਰ ਉਤੇ ਅਲਾਟ ਕੀਤੇ ਜਾਂਦੇ ਹਨ। ਇਸ ਦਾ ਕਰਾਈਟੇਰੀਆ ਕੀ ਹੈ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਲਾਭਪਾਤਰੀਆਂ ਦੀ ਲਿਸਟ ਬਣਾਈ ਹੋਈ ਹੈ ਤੇ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿੰਦੇ ਹਨ, ਪਹਿਲਾਂ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਫਿਰ ਅਨੁਸੂਚਿਤ ਜਾਤੀਆਂ ਨੂੰ ਤੇ ਫਿਰ ਦੂਜੇ ਕਬੀਲਿਆਂ ਨੂੰ ਤਰਤੀਬਵਾਰ ਦਿੱਤੇ ਜਾਂਦੇ ਹਨ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ ਸਹੀ ਨਹੀਂ ਦਿੱਤਾ ਹੈ। ਇਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਦੀ ਰਕਮ ਦੱਸੀ ਹੈ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਾਕੀ ਰਹਿੰਦੇ ਲਾਭਪਾਤਰੀ ਹਨ, ਬਾਕੀ ਜਿਹੜਾ ਬੈਕਲਾਗ ਹੈ, ਉਸ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ। ਕੀ ਇਸ ਦੇ ਲਈ ਕੋਈ ਟਾਈਮ ਬਾਊਂਡ ਕੀਤਾ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਇਹ ਇੱਕ ਕਾਨਟੀਨਿਊਸ ਪ੍ਰਾਸੈਸ ਹੈ ਔਰ 23183 ਲਾਭਪਾਤਰੀਆਂ ਨੂੰ ਬੈਨੀਫਿਟ ਹੋ ਚੁੱਕਾ ਹੈ 92343 ਰਹਿੰਦੇ ਹਨ। ਬਾਕੀ ਹਰ ਸਾਲ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ, ਸਰਦਾਰ ਗੁਰਜੰਟ ਸਿੰਘ ਜੀ।

**ਸ਼੍ਰੀਮਤੀ ਅਰੁਣਾ ਚੌਧਰੀ :** ਸਪੀਕਰ ਸਾਹਿਬ......

**ਮਾਨਯੋਗ ਸਪੀਕਰ :** ਹੁਣ ਨੈਕਸਟ ਸਵਾਲ, ਕਾਲ ਅਪਾਨ ਹੋ ਚੁੱਕਾ ਹੈ। ਇਸ ਕਰਕੇ ਤੁਸੀਂ ਬੈਠ ਜਾਓ।

---

### ਗੰਦੇ ਪਾਣੀ ਦੇ ਨਿਕਾਸ ਲਈ ਵਿਵਸਥਾ ਕਰਨਾ

*1264. **ਸਰਦਾਰ ਗੁਰਜੰਟ ਸਿੰਘ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਪਿੰਡਾਂ ਦੇ ਗੰਦੇ ਪਾਣੀ ਦੇ ਨਿਕਾਸ ਲਈ ਵਿਵਸਥਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਲਾਲ ਸਿੰਘ :** ਹਾਂ ਜੀ। ਹਰ ਸਾਲ ਕੁਝ ਪਿੰਡਾਂ ਵਿਚ ਸੀਵਰੇਜ਼ ਉਪਲੱਬਧ ਕਰਵਾਉਣ ਦੀ ਤਜ਼ਵੀਜ਼ ਹੈ। ਇਸ ਸਕੀਮ ਲਈ 75% ਤੋਂ 90% ਦੀ ਰਾਸ਼ੀ ਸਰਕਾਰ ਵਲੋਂ ਅਤੇ ਬਾਕੀ ਦੀ ਰਾਸ਼ੀ ਪਿੰਡ ਵਾਸੀਆਂ ਵਲੋਂ ਦਿੱਤੀ ਜਾਵੇਗੀ। ਪਿੰਡ ਵਾਸੀ ਇਸ ਸਕੀਮ ਨੂੰ ਚਲਾਉਣ ਅਤੇ ਇਸ ਦੀ ਸਾਂਭ ਸੰਭਾਲ ਨੂੰ ਯਕੀਨੀ ਬਣਾਉਣਗੇ।

**ਸਰਦਾਰ ਗੁਰਜੰਟ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕੁੱਲ ਕਿੰਨੇ ਪਿੰਡ ਇਸ ਸਕੀਮ ਦੇ ਤਹਿਤ ਲਿਆਂਦੇ ਗਏ ਹਨ ਅਤੇ ਮੰਤਰੀ ਜੀ ਨੇ ਜਵਾਬ ਵਿੱਚ ਦੱਸਿਆ ਹੈ ਕਿ 75% ਤੋਂ 90% ਤੱਕ ਰਾਸ਼ੀ ਸਰਕਾਰ ਵਲੋਂ ਪਾਈ ਜਾਂਦੀ ਹੈ ਬਾਕੀ ਰਹਿੰਦੀ ਰਾਸ਼ੀ ਪਿੰਡ ਵਾਸੀਆਂ ਵਲੋਂ ਪਾਈ ਜਾਂਦੀ ਹੈ। ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਦੇ ਕੋਲ ਜ਼ਮੀਨ ਨਹੀਂ ਹੈ ਔਰ ਉਹ ਪੈਸੇ ਨਹੀਂ ਦੇ ਸਕਦੇ, ਸਰਕਾਰ ਉਨ੍ਹਾਂ ਵਾਸਤੇ ਕੀ ਉਪਰਾਲੇ ਕਰ ਰਹੀ ਹੈ ?

**ਮਾਨਯੋਗ ਸਪੀਕਰ :** ਦੋ ਸਵਾਲ ਆ ਗਏ ਹਨ।

**ਮੰਤਰੀ :** ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਤਕਰੀਬਨ 12500 ਪਿੰਡ ਹਨ ਔਰ ਇਹ ਸਕੀਮ ਵਿਚਾਰ ਅਧੀਨ ਹੈ। ਵਿਲੇਜ਼ ਲਾਈਫ਼ ਇੰਪਰੂਵਮੈਂਟ ਫਾਊਂਡੇਸ਼ਨ ਜੋ ਕਿ ਐਨ.ਆਰ.ਆਈ. ਦੀ ਸੰਸਥਾ ਹੈ, ਜਿਸ ਦਾ ਇਥੇ ਪਹਿਲਾਂ ਜਿਕਰ ਕੀਤਾ ਗਿਆ ਹੈ, ਉਨ੍ਹਾਂ ਨੇ ਪੰਜਾਬ ਦੇ ਵਿੱਚ ਦੋ ਪਿੰਡ ਸਿਲੈਕਟ ਕੀਤੇ ਹਨ। ਇੱਕ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਖਰੌਦੀ ਪਿੰਡ ਹੈ ਔਰ ਦੂਜਾ ਲੁਧਿਆਣੇ ਜ਼ਿਲ੍ਹੇ ਵਿੱਚ ਬਹਮਪੁਰ ਪਿੰਡ ਹੈ। ਇਹ ਸਕੀਮ ਬਹੁਤ ਵਧੀਆ ਕਾਮਯਾਬ ਹੋਈ ਹੈ। ਇਸ ਨੂੰ ਸਾਹਮਣੇ ਰੱਖ ਕੇ ਸਕੀਮ ਬਣੀ ਹੈ, ਜੋ ਕਿ ਵਿਚਾਰ ਅਧੀਨ ਹੈ। ਜੋ 1500 ਦੀ ਅਬਾਦੀ ਜਾਂ 275 ਮਕਾਨਾਂ ਦਾ ਪਿੰਡ ਹੈ, ਇਸ ਸਕੀਮ ਦੇ ਮੁਤਾਬਕ ਉਸ ਨੂੰ ਕਵਰ ਕਰਨ ਵਾਸਤੇ 60 ਲੱਖ ਰੁਪਿਆ ਚਾਹੀਦਾ ਹੈ ਅਤੇ ਜੇ ਸਾਡੇ ਸਾਰੇ

ਪੰਜਾਬ ਦੇ ਪਿੰਡਾਂ ਨੂੰ ਇਸ ਸਕੀਮ ਅੰਦਰ ਕਵਰ ਕਰਨਾ ਹੋਵੇ ਤਾਂ ਤਕਰੀਬਨ 7200 ਕਰੋੜ ਰੁਪਿਆ ਚਾਹੀਦਾ ਹੈ। ਅਸੀਂ ਵਿਚਾਰ ਕਰ ਰਹੇ ਹਾਂ ਕਿ ਹਰ ਸਾਲ 900 ਕਰੋੜ ਰੁਪਿਆ ਖਰਚ ਕਰਕੇ ਅੱਠ ਸਾਲਾਂ ਵਿਚ ਪੰਜਾਬ ਦੇ ਸਾਰੇ ਪਿੰਡ ਕਵਰ ਹੋ ਸਕਣ। ਉਸ ਵਾਸਤੇ ਇਹ ਪਾਸੀਬਲ ਨਹੀਂ ਕਿ ਸਾਰਾ ਬੋਝ ਸਰਕਾਰ ਚੁੱਕੇ। ਲੋਕਾਂ ਨੂੰ ਵੀ ਕੁਝ ਹਿੱਸਾ ਪਾਉਣਾ ਪਵੇਗਾ ਤਾਂ ਹੀ ਇਹ ਸਕੀਮ ਕਾਮਯਾਬ ਹੋ ਸਕਦੀ ਹੈ। ਇਸ ਲਈ ਅਸੀਂ ਅਨੁਮਾਨ ਲਾਇਆ ਹੈ ਕਿ ਕੇਂਦਰੀ ਵਿੱਤ ਕਮਿਸ਼ਨ ਵਲੋਂ ਸਾਲ ਵਿਚ 64 ਕਰੋੜ ਰੁਪਏ ਪਾ ਕੇ, ਰਾਜ ਵਿੱਤ ਕਮਿਸ਼ਨ ਵੱਲੋਂ ਸਾਲ ਵਿਚ 180 ਕਰੋੜ ਰੁਪਏ ਪਾ ਕੇ ਅਤੇ ਜਿਹੜਾ ਲੋਕਾਂ ਦਾ ਹਿੱਸਾ ਬਣਦਾ ਹੈ 10% ਪਾ ਕੇ ਬਾਕੀ 100 ਕਰੋੜ ਰੁਪਿਆ ਪੀ.ਆਈ.ਡੀ.ਬੀ. ਵਲੋਂ ਪਾ ਕੇ ਅਸੀਂ ਇਹ ਪ੍ਰਬੰਧ ਇਕ ਸਾਲ ਵਿਚ ਕਰ ਸਕੀਏ। ਉਸ ਨਾਲ ਅੱਠ ਸਾਲ ਵਿਚ ਸਾਰਾ ਪੰਜਾਬ ਕਵਰ ਹੋ ਸਕਦਾ ਹੈ। ਇਹ ਵਿਚਾਰ ਅਧੀਨ ਹੈ। ਅਜੇ ਤਾਂ ਇਹ ਕੰਮ ਸ਼ੁਰੂ ਕਰਨਾ ਹੈ। ਸਕੀਮ ਦੇ ਤੌਰ ਤੇ ਦੋ ਪਿੰਡ ਹਨ, ਜਿਨ੍ਹਾਂ ਨੂੰ ਸਾਹਮਣੇ ਰੱਖ ਕੇ ਪੰਜਾਬ ਸਰਕਾਰ ਨੇ ਸਕੀਮ ਉਲੀਕੀ ਹੈ। ਸਾਂਭ ਸੰਭਾਲ ਤਾਂ ਲੋਕਾਂ ਨੇ ਕਰਨੀ ਹੈ, ਤਾਂ ਹੀ ਇਹ ਕਾਮਯਾਬ ਹੋਵੇਗੀ ਨਹੀਂ ਤਾਂ ਫੇਲ੍ਹ ਹੋ ਜਾਵੇਗੀ।

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ ਦੀ ਐਕਸਟੈਨਸ਼ਨ ਮੰਗੀ ਗਈ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪਲੀਮੈਂਟਰੀ, ਸਪੀਕਰ ਸਾਹਿਬ....

**ਮਾਨਯੋਗ ਸਪੀਕਰ :** ਇਹ ਸਕੀਮ ਵਿਚਾਰ ਅਧੀਨ ਹੈ, ਤੁਸੀਂ ਸਪਲੀਮੈਂਟਰੀ ਕੀ ਕਰਨੀ ਹੈ?

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਇਨ੍ਹਾਂ ਨੇ ਸਪਲੀਮੈਂਟਰੀ ਦਾ ਜਵਾਬ ਦਿਤਾ ਹੈ।

**ਮਾਨਯੋਗ ਸਪੀਕਰ :** 10 ਸਵਾਲ ਪਏ ਹਨ। 40 ਮਿੰਟ ਤੋਂ ਜਿਆਦਾ ਸਮਾਂ ਹੋ ਗਿਆ ਹੈ। ਸਾਰੇ ਮੈਂਬਰਾਂ ਨੇ ਮਿਹਨਤ ਕਰਕੇ ਸਵਾਲ ਲਿਆਂਦੇ ਹਨ। ਇਹ ਸਕੀਮ ਹਾਲੇ ਵਿਚਾਰ ਅਧੀਨ ਉਨ੍ਹਾਂ ਨੇ ਕਿਹਾ ਹੈ। ਹਾਂ ਜੀ, ਅਜੀਤ ਸਿੰਘ ਕੋਹਾੜ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1230***

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

---

### Repair of Jalandhar-Moga Road

***1261 Sardar Ajit Singh Kohar :** Will the Public Works (B&R) Minister be pleased to state the year in which the repair of Jalandhar-Moga Highway was carried out togetherwith the time by which it is likely to be repaired again ?

**Sardar Partap Singh Bajwa :** Jalandhar-Moga (NH-71) road was last repaired during the years 2001 to 2005. The repair work of this road is likely to be completed during the year 2005-06.

* S. Q. No. 1230 which was postponed for 11th April, 2005 was taken up on 19th April, 2005.

**ਸਰਦਾਰ ਅਜੀਤ ਸਿੰਘ ਕੋਹਾੜ :** ਮਾਨਯੋਗ ਸਪੀਕਰ ਸਾਹਿਬ, ਆਪ ਦੇ ਰਾਹੀਂ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਦੀ ਰਿਪੇਅਰ ਹੋਈ ਸੀ, ਇਹ ਹੁਣੇ ਹੋਈ ਸੀ ਤੇ ਇੰਨੀ ਜਲਦੀ ਟੁੱਟ ਚੁੱਕੀ ਹੈ। ਇਸ ਦੀ ਦੁਬਾਰਾ ਰਿਪੇਅਰ ਕਦੋਂ ਕਰਾਉਣੀ ਹੈ ? ਜਲੰਧਰ ਤੋਂ ਮੋਗਾ ਜਿਹੜਾ ਹਾਈਵੇਅ ਹੈ, ਉਸ ਦੀ ਰਿਪੇਅਰ ਹੋਇਆਂ ਹਾਲੇ 6 ਮਹੀਨੇ ਹੋਏ ਹਨ ਅਤੇ ਉਹ ਫੇਰ ਟੁੱਟ ਗਈ ਹੈ। ਇਸ ਲਈ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਸ ਦੀ ਰਿਪੇਅਰ ਕਦੋਂ ਕਰਾਉਣਗੇ ?

**ਮੰਤਰੀ :** ਇਨ੍ਹਾਂ ਦੀ ਜਾਣਕਾਰੀ ਵਾਸਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸੜਕ ਵੱਖਰੇ-ਵੱਖਰੇ ਹਿੱਸਿਆਂ ਵਿਚ ਕੋਈ ਸਾਲ 2001 ਵਿਚ, ਕੋਈ 2002, ਕੋਈ 2003 ਤੇ ਕੋਈ 2004 ਵਿਚ ਬਣੀ ਹੈ। ਜਿਸ ਪੋਰਸ਼ਨ ਦਾ ਇਹ ਜ਼ਿਕਰ ਕਰ ਰਹੇ ਹਨ, ਮੈਂ ਉਸ ਦਾ ਜਵਾਬ ਦੇ ਸਕਦਾ ਹਾਂ ਕਿਉਂਕਿ ਸਾਰੀ ਸੜਕ ਇਕ ਸਾਲ ਵਿਚ ਨਹੀਂ ਬਣੀ ਹੈ। ਕੋਈ ਪੋਰਸ਼ਨ ਪਹਿਲਾਂ ਬਣਿਆ ਹੈ ਤੇ ਕੋਈ ਬਾਅਦ ਵਿਚ ਬਣਿਆ ਹੈ। ਇਹ ਕਿਸ ਪੋਰਸ਼ਨ ਬਾਰੇ ਕਹਿ ਰਹੇ ਹਨ, ਉਸ ਦੇ ਕਿਲੋਮੀਟਰ ਦੱਸ ਦੇਣ ਮੈਂ ਜਵਾਬ ਦੱਸ ਦੇਵਾਂਗਾ।

**ਸਰਦਾਰ ਅਜੀਤ ਸਿੰਘ ਕੋਹਾੜ :** ਜਲੰਧਰ ਤੋਂ ਨਕੋਦਰ, ਜਲੰਧਰ ਤੋਂ ਬਾਈ ਵਾਲਾ ਪੁੱਲ ਸੜਕ ਦੀ ਰਿਪੇਅਰ ਕੀਤੀ ਗਈ ਸੀ ਅਤੇ ਉਹ ਸੜਕ ਦੁਬਾਰਾ ਟੁੱਟ ਗਈ ਹੈ। 6 ਮਹੀਨਿਆਂ ਵਿਚ ਹੀ ਇਹ ਹਾਲ ਹੋ ਗਿਆ ਹੈ। ਮਾੜੇ ਮਾੜੇ ਟਾਂਕੇ ਦੁਬਾਰਾ ਲਗਾ ਦਿਤੇ ਗਏ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਟਾਂਕੇ ਲਾਏ ਹਨ ਉਸ ਨਾਲ ਸੜਕ ਠੀਕ ਨਹੀਂ ਹੋਈ, ਇਹ ਉਸ ਸੜਕ ਦੀ ਦੁਬਾਰਾ ਰਿਪੇਅਰ ਕਦੋਂ ਕਰਾਉਣਗੇ ?

**ਮੰਤਰੀ :** ਟਾਂਕੇ ਤਾਂ ਕੋਈ ਨਹੀਂ ਲਗਾਏ ਗਏ। ਜਦੋਂ ਬਰਸਾਤਾਂ ਹੁੰਦੀਆਂ ਹਨ ਤਾਂ ਮਾੜੀ ਮੋਟੀ ਸੜਕ ਵਿਚ ਫਰਕ ਜ਼ਰੂਰ ਪੈਂਦਾ ਹੈ। ਇਸ ਸੜਕ ਦੀ ਰਿਪੇਅਰ ਹੋਈ ਹੈ, ਇਸ ਕਿਸਮ ਦੀ ਕੋਈ ਗੱਲ ਨਹੀਂ। ਮੇਰਾ ਖਿਆਲ ਹੈ ਇਹ ਸੜਕ ਬਿਲਕੁਲ ਠੀਕ ਹੈ। 5 ਕਿਲੋਮੀਟਰ ਜਲੰਧਰ ਕਾਰਪੋਰੇਸ਼ਨ ਤੋਂ 16 ਕਿਲੋਮੀਟਰ ਤੱਕ ਮੁਕੰਮਲ ਕੰਮ ਹੋ ਚੁੱਕਾ ਹੈ। 16 ਕਿਲੋਮੀਟਰ ਤੋਂ ਨਕੋਦਰ ਤੱਕ ਕੰਮ ਚੱਲ ਰਿਹਾ ਹੈ। ਜਿਸ ਪੋਰਸ਼ਨ ਦਾ ਇਹ ਜ਼ਿਕਰ ਕਰ ਰਹੇ ਹਨ that work is still in progress. ਇਹ ਕੰਪਲੀਟ ਨਹੀਂ ਹੋਇਆ। ਜਲਦੀ ਹੀ ਉਸ ਨੂੰ ਠੀਕ ਕਰਵਾ ਦੇਵਾਂਗੇ।

**ਸਰਦਾਰ ਗੁਰਦੇਵ ਸਿੰਘ ਬਾਦਲ :** ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸੇ ਸੜਕ ਦਾ ਅਗਲਾ ਹਿੱਸਾ ਜਿਹੜਾ ਮੋਗਾ ਤੋਂ ਕਾਵਾਂ ਵਾਲਾ ਪੱਤਣ ਤੱਕ ਦਾ ਹੈ, ਇਸ ਦੀ ਹਾਲਤ ਅਫਗਾਨਿਸਤਾਨ ਦੀਆਂ ਸੜਕਾਂ ਵਰਗੀ ਹੋਈ ਪਈ ਹੈ, ਇਸ ਸੜਕ ਦੀ ਰਿਪੇਅਰ ਕਦੋਂ ਕਰ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਲੱਗਦਾ ਹੈ ਕਿ ਇਹ ਤਾਜ਼ਾ ਹੀ ਅਫਗਾਨਿਸਤਾਨ ਤੋਂ ਹੋ ਕੇ ਆਏ ਹਨ। ਪਹਿਲਾਂ ਤਾਂ ਮੈਂ ਸੋਚਿਆ ਸੀ ਕਿ ਸ਼ਾਇਦ ਇਹ ਪਾਕਿਸਤਾਨ ਹੀ ਗਏ ਹਨ। ਇਨ੍ਹਾਂ ਦੀ ਗੱਲ ਤੋਂ ਇਹ ਪਤਾ ਨਹੀਂ ਚਲਦਾ ਕਿ ਕਿਹੜੀ ਸੜਕ ਦੀ ਗੱਲ ਕਰ ਰਹੇ ਹਨ। ਇਨ੍ਹਾਂ ਦਾ ਧਿਆਨ ਕਿਹੜੇ ਬੰਨੇ ਵੱਲ ਹੈ। ਕੀ ਇਹ ਜਲੰਧਰ ਵੱਲ ਨੂੰ ਜਾਂਦੀ ਸੜਕ ਬਾਰੇ ਕਹਿ ਰਹੇ ਹਨ ਜਾਂ ਇਸ ਤੋਂ ਦੂਸਰੇ ਪਾਸੇ ਜਾਂਦੀ ਸੜਕ ਬਾਰੇ ਕਹਿ ਰਹੇ ਹਨ ? ਸਪੈਸੇਫਿਕ ਸੜਕ ਦੇ ਬਾਰੇ ਦੱਸਿਆ ਜਾਵੇ ਤਾਂ ਹੀ ਠੀਕ ਜਵਾਬ ਦਿੱਤਾ ਜਾਵੇਗਾ। ਇਹ ਤਾਂ ਇੱਥੇ ਅਫਗਾਨਿਸਤਾਨ ਦੀ ਗੱਲ ਕਰ ਰਹੇ ਹਨ, ਇਨ੍ਹਾਂ ਨੂੰ ਅਫਗਾਨਿਸਤਾਨ ਦਿੱਸ ਰਿਹਾ ਹੈ। ਇਹ ਸਪੈਸੇਫਿਕ ਦੱਸਣ ਕਿ ਕਿਹੜੇ ਕਿਲੋਮੀਟਰ ਦੀ ਗੱਲ ਕਰ ਰਹੇ ਹਨ ਤਾਂ ਇਸ ਬਾਰੇ ਮੈਂ ਜਵਾਬ ਦੇ ਦੇਵਾਂਗਾ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੋਗੇ ਤੋਂ ਕਾਵਾਂ ਵਾਲਾ ਪੱਤਣ ਸੜਕ ਜਿਹੜੀ ਕਿ ਜਲੰਧਰ ਵੱਲ ਨੂੰ ਜਾ ਰਹੀ ਹੈ, ਉਸ ਦੀ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਮੈਂ ਅਫਗਾਨਿਸਤਾਨ ਦਾ ਨਾਂ ਤਾਂ ਇਸ ਕਰਕੇ ਲਿਆ ਹੈ, ਕਿਉਂਕਿ ਇਹ ਪਾਕਿਸਤਾਨ ਦੇ ਵਿਚ ਤਾਂ ਨੀਂਹ ਪੱਥਰ ਲਾਉਂਦੇ ਫਿਰਦੇ ਹਨ ਅਤੇ ਆਪਣੇ ਪੰਜਾਬ ਦੀਆਂ ਸੜਕਾਂ ਵੱਲ ਘੱਟ ਧਿਆਨ ਹੈ।

**ਮੰਤਰੀ** : ਸਰ, ਮੈਂ ਇੱਕ ਮਿੰਟ ਪਹਿਲਾਂ ਇਨ੍ਹਾਂ ਦੀ ਇਸ ਗੱਲ ਦਾ ਜਵਾਬ ਦੇਣਾ ਚਾਹੁੰਦਾ ਹਾਂ ਜੀ। ਮੈਂ ਜਵਾਬ ਦੇਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਦੇ ਵਿਚ ਤਾਂ ਸਾਡੇ ਸੀ.ਐਮ. ਸਾਹਿਬ ਬੜਾ ਨੇਕ ਕੰਮ ਕਰਕੇ ਆਏ ਹਨ। ਕਿਉਂਕਿ ਪਿਛਲੇ ਬਹੁਤ ਸਾਰੇ ਸਾਲਾਂ ਤੋਂ ਹਰ ਸਿੱਖ ਆਪਣੀ ਅਰਦਾਸ ਵਿਚ ਸ਼ਾਮਲ ਕਰਦਾ ਆ ਰਿਹਾ ਹੈ ਕਿ ਨਨਕਾਣਾ ਸਾਹਿਬ ਤੇ ਹੋਰ ਵਿਛੜੇ ਗੁਰਦੁਆਰੇ ਅਤੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਅਤੇ ਸੇਵਾ ਸੰਭਾਲ ਦਾ ਦਾਨ ਸਿੱਖਾਂ ਨੂੰ ਬਖਸ਼ਿਆ ਜਾਵੇ। ਸਾਡੇ ਚੀਫ ਮਨਿਸਟਰ ਸਾਹਿਬ ਨੇ ਜਾ ਕੇ ਬਹੁਤ ਹੀ ਅੱਛਾ ਕੰਮ ਕੀਤਾ ਹੈ। ਇਨ੍ਹਾਂ ਨੇ ਜਾ ਕੇ ਉਥੇ ਨੀਂਹ ਪੱਥਰ ਰੱਖਿਆ ਹੈ। ਜੇ ਇਹ ਇਸ ਚੰਗੇ ਕੰਮ ਨੂੰ ਇਸ ਤਰੀਕੇ ਨਾਲ ਕੰਡੈਮ ਕਰਦੇ ਹਨ ਤਾਂ ਇਸ ਤੋਂ ਵੱਧ ਬਦਕਿਸਮਤੀ ਦੀ ਹੋਰ ਕੋਈ ਗੱਲ ਨਹੀਂ ਹੋ ਸਕਦੀ। (ਥੰਪਿੰਗ) ਇਹ ਤਾਂ ਸਗੋਂ ਬੜੀ ਹੀ ਖੁਸ਼ੀ ਦੀ ਗੱਲ ਹੈ ਕਿ ਜਦੋਂ ਸਾਡੇ ਚੀਫ ਮਨਿਸਟਰ ਸਾਹਿਬ ਉਥੇ ਗਏ ਤਾਂ ਉਦੋਂ 725 ਬੰਦੇ ਛੁਡਵਾ ਕੇ ਨਾਲ ਲੈ ਕੇ ਆਏ ਹਨ ਅਤੇ ਜਦੋਂ ਤੁਸੀਂ ਉਥੇ ਗਏ ਸੀ ਤਾਂ ਤੁਸੀਂ ਤਾਂ ਉਥੋਂ ਸਿਰਫ ਭੇਡੂ ਹੀ ਲੈ ਕੇ ਆਏ ਸੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1245

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

---

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਰ, ਮੇਰਾ 1230 ਨੰ: ਕੁਐਸਚਨ ਰਹਿ ਗਿਆ ਹੈ ਜੀ।

**ਮਾਨਯੋਗ ਸਪੀਕਰ** : ਇਸ ਸਵਾਲ ਦੇ ਜਵਾਬ ਲਈ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।*

---

## ਸਿਵਲ ਡਿਸਪੈਂਸਰੀ, ਗੜ੍ਹਦੀਵਾਲਾ ਨੂੰ ਅਪਗ੍ਰੇਡ ਕਰਨਾ

*1193. **ਸ਼੍ਰੀ ਦੇਸ ਰਾਜ ਧੁੱਗਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਡਿਸਪੈਂਸਰੀ ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਸਿਵਲ ਹਸਪਤਾਲ ਵਜੋਂ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

**ਸ਼੍ਰੀ ਰਮੇਸ਼ ਚੰਦਰ ਡੋਗਰਾ** : ਨਹੀਂ ਜੀ।

---

* S. Q. No. 1230 listed for 19th April, 2005 could not be taken up as the Member concerned was not present.

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਮੰਤਰੀ ਜੀ ਨੇ 'ਨਹੀਂ ਜੀ' ਦੇ ਵਿਚ ਜਵਾਬ ਦਿੱਤਾ ਹੈ। ਇਸ ਡਿਸਪੈਂਸਰੀ ਦੀ ਬਿਲਡਿੰਗ ਵੀ ਬਣ ਚੁੱਕੀ ਹੈ ਔਰ ਇਸ ਦੇ ਆਲੇ ਦੁਆਲੇ 30-40 ਪਿੰਡ ਲੱਗਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪ੍ਰਬੰਧ ਹੋ ਜਾਣ ਦੇ ਬਾਵਜੂਦ ਵੀ ਉਹ ਕਿਹੜੇ ਕਾਰਨ ਹਨ, ਜਿਨ੍ਹਾਂ ਕਰਕੇ ਸਰਕਾਰ ਇਸ ਡਿਸਪੈਂਸਰੀ ਨੂੰ ਅਪਗ੍ਰੇਡ ਨਹੀਂ ਕਰ ਰਹੀ ?

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਇਨ੍ਹਾਂ ਦਾ ਕੁਐਸਚਨ ਪੂਰੀ ਤਰ੍ਹਾਂ ਸਮਝ ਵਿਚ ਨਹੀਂ ਆਇਆ (ਵਿਘਨ) (ਇਸ ਸਮੇਂ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬੋਲ ਰਹੇ ਸੀ।)

**ਮਾਨਯੋਗ ਸਪੀਕਰ** : ਆਪਸ ਵਿਚ ਗੱਲਾਂ ਨਾ ਕਰੋ ਜੀ।

**ਮੰਤਰੀ** : ਸਪੀਕਰ ਸਾਹਿਬ, ਗੜ੍ਹਦੀਵਾਲਾ ਦੇ ਵਿਚ ਸਿਵਲ ਡਿਸਪੈਂਸਰੀ ਹੈ। ਇਸ ਦੇ ਨਾਲ ਦਸੂਹਾ ਲੱਗਦਾ ਹੈ। ਉਥੇ 15 ਬੈਡਜ ਦਾ ਹਸਪਤਾਲ ਹੈ। ਇਸ ਤੋਂ ਇਲਾਵਾ ਭੂੰਗਾ ਵੀ ਇਸ ਦੇ ਨਾਲ ਹੀ ਲੱਗਦਾ ਹੈ। which is also about 7-8 Kilometers. Dasuya is about 10 Kilometers and then in the vicinity of the area there are a lot of dispensaries also. Dasuya Hospital and Bhunga Hospital are fully equipped to receive any patient in emergency or otherwise, and, sir, they have also vehicles there which can immediately go and bring the patients. I do not think that there is any necessity of upgrading this dispensary in view of the health services available with us in the near vicinity.

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਭੂੰਗੇ ਦੀ ਗੱਲ ਕਰ ਰਹੇ ਹਨ, ਇਹ ਤਾਂ ਇੱਕ ਪਿੰਡ ਹੈ ਜਦੋਂ ਕਿ ਗੜ੍ਹਦੀਵਾਲਾ ਸ਼ਹਿਰ ਹੈ। ਇਸ ਦੇ ਨਾਲ ਅੱਗੇ 30-40 ਪਿੰਡ ਹੋਰ ਵੀ ਲੱਗਦੇ ਹਨ। ਇਹ ਇਸ ਨੂੰ ਤਰਜੀਹ ਕਿਉਂ ਨਹੀਂ ਦੇ ਰਹੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਤਰਜੀਹ ਦੇ ਰਿਹਾ ਹਾਂ। ਮੇਰਾ ਧਿਆਨ ਹੈ ਇਸ ਪਾਸੇ। ਇਹ ਮੇਰੇ ਹਲਕੇ ਵਿਚ ਪੈਂਦਾ ਹੈ। ਮੈਂ ਬੜਾ ਤਿਆਰ ਹਾਂ and I would definitely like to help him but the question is there is no necessity and need of this, sir.

---

## ਉਪ-ਮੰਡਲ, ਸੁਲਤਾਨਪੁਰ ਲੋਧੀ ਵਿਚ ਜਲ ਸਪਲਾਈ ਸਕੀਮਾਂ

***1269. ਡਾਕਟਰ ਉਪਿੰਦਰਜੀਤ ਕੌਰ** : ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਪ ਮੰਡਲ, ਸੁਲਤਾਨਪੁਰ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਮਨਜ਼ੂਰ ਕੀਤੀਆਂ ਗਈਆਂ ਪੀਣਯੋਗ ਜਲ ਸਪਲਾਈ ਸਕੀਮਾਂ ਦੇ ਵੇਰਵੇ ਕੀ ਹਨ ?

**ਸ਼੍ਰੀ ਅਵਤਾਰ ਹੈਨਰੀ** : ਉਪ ਮੰਡਲ ਸੁਲਤਾਨਪੁਰ ਵਿੱਚ ਪਿਛਲੇ 3 ਸਾਲਾਂ ਦੌਰਾਨ ਮੰਨਜ਼ੂਰ ਕੀਤੀਆਂ ਗਈਆਂ ਪੀਣ ਯੋਗ ਜਲ ਸਪਲਾਈ ਸਕੀਮਾਂ ਦਾ ਵੇਰਵਾ ਜਿਨ੍ਹਾਂ ਅਧੀਨ 9 ਪਿੰਡ ਸ਼ਾਮਿਲ ਕੀਤੇ ਗਏ ਹਨ, ਨੱਥੀ ਅਨੁਲੱਗ ਵਿੱਚ ਦਿੱਤਾ ਗਿਆ ਹੈ।

**The details of Potable Water Supply Schemes sanctioned during last three years i.e. 2002-03, 2003-04 and 2004-05 in Sub-Division Sultanpur**

| Sr. No. | Name of sanctioned Rural Water Supply Scheme | Name of villages covered under the schemes | Cost of the Scheme (Rs. in lacs) | Name of the programme under which scheme has been sanctioned | Present Status of the scheme |
|---|---|---|---|---|---|
| 1 | 2 | 3 | 4 | 5 | 6 |
| 1 | Providing water supply scheme Meharwala | 1. Meharwala<br>2. Baja | 25.43 | ARWSP | Tubewell installed |
| 2 | Providing water supply scheme Kamalpur | 1. Kamalpur<br>2. Alladitta | 34.05 | ARWSP | Tubewell installed |
| 3 | Providing water supply scheme Ahli Kalan and Ahli Khurd | 1. Ahli Kalan<br>2. Ahli Khurd | 29.14 | NABARD (RIDF-X) | Work will be taken in hand in financial year 2005-06 and will be completed in next 2 years. |
| 4 | Providing Water supply scheme Sherpur Sadda | 1. Sherpur Sadda | 22.80 | NABARD (RIDF-X) | Work will be taken in hand in financial year 2005-06 and will be completed in next 2 years. |
| 5 | Providing water supply scheme Sujo Kalia | 1. Sujo Kalia | 23.33 | NABARD (RIDF-X) | Work will be taken in hand in financial year 2005-06 and will be completed in next 2 years. |
| 6 | Providing water supply scheme Kabirpur | 1. Kabirpur | 22.7 | NABARD (RIDF-X) | Work will be taken in hand in financial year 2005-06 and will be completed in next 2 years. |
| | **Total** | **9 villages** | **157.50** | | |

**ਡਾਕਟਰ ਉਪਿੰਦਰਜੀਤ ਕੌਰ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗੀ ਕਿ ਸੁਲਤਾਨਪੁਰ ਅਜਿਹਾ ਇਲਾਕਾ ਹੈ ਜਿਹੜਾ ਕਿ ਵੇਈਂ ਨਦੀ ਦੇ ਵਿਸ਼ੁੱਧ ਪਾਣੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ ਅਤੇ ਸੀਵਰੇਜ ਦੇ ਪਾਣੀ ਦੇ ਪ੍ਰਬੰਧ ਕਰਨ ਦੀ ਉਥੇ ਬਹੁਤ ਜ਼ਰੂਰਤ ਹੈ। ਪਿਛਲੇ ਤਿੰਨ ਸਾਲਾਂ ਦੌਰਾਨ ਕੇਵਲ ਛੇ ਜਲ ਸਪਲਾਈ ਸਕੀਮਾਂ ਪ੍ਰਵਾਨ ਕੀਤੀਆਂ ਗਈਆਂ ਹਨ, ਜਿਨ੍ਹਾਂ ਨਾਲ 9 ਪਿੰਡ ਕਵਰ ਹੁੰਦੇ ਹਨ। ਕੀ ਮੰਤਰੀ ਜੀ ਇਹ ਦੱਸਣਗੇ ਕਿ ਇਨ੍ਹਾਂ ਪਿੰਡਾਂ ਦੇ ਵਿਚ ਜਲ ਸਪਲਾਈ ਕਦੋਂ ਤੱਕ ਨਿਸ਼ਚਿਤ ਰੂਪ ਦੇ ਵਿਚ ਚਾਲੂ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਸਾਰੇ 9 ਪਿੰਡਾਂ ਦਾ ਮਸਲਾ ਹੈ, ਇਸ ਦੇ ਵਿਚੋਂ 4 ਪਿੰਡਾਂ ਮੇਹਰਵਾਲਾ, ਬਾਜਾ, ਕਮਾਲਪੁਰ, ਅਲਦਿੱਤਾ ਦੇ ਵਿਚ ਟਿਊਬਵੈੱਲ ਲਗਾਏ ਗਏ ਹਨ ਅਤੇ ਬਾਕੀ ਦੇ 5 ਪਿੰਡਾਂ ਵਿਚ ਅਸੀਂ 2 ਸਾਲਾਂ ਦੇ ਵਿਚ ਕੰਪਲੀਟ ਕਰ ਲਵਾਂਗੇ।

**ਡਾਕਟਰ ਉਪਿੰਦਰਜੀਤ ਕੌਰ** : ਸਪੀਕਰ ਸਾਹਿਬ, ਜਿਸ ਤਰ੍ਹਾਂ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਆਉਣ ਵਾਲੇ 3 ਸਾਲਾਂ ਦੇ ਵਿਚ ਇਨ੍ਹਾਂ ਜਲ ਸਪਲਾਈ ਸਕੀਮਾਂ ਨੂੰ ਪ੍ਰਵਾਨ ਕਰ ਲਿਆ ਜਾਵੇਗਾ ਅਤੇ ਕੰਪਲੀਟ ਕਰ ਲਿਆ ਜਾਵੇਗਾ ਪਰ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਦ ਇਹ ਸਕੀਮਾਂ ਪਿਛਲੀ ਸਰਕਾਰ ਦੇ ਸਮੇਂ ਮਨਜ਼ੂਰ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਸਕੀਮਾਂ ਰਾਹੀਂ 53 ਪਿੰਡਾਂ ਨੂੰ ਕਵਰ ਕੀਤਾ ਜਾਣਾ ਸੀ ਅਤੇ ਬਹੁਤ ਸਾਰਾ ਕੰਮ ਵੀ ਹੋ ਚੁੱਕਾ ਸੀ, ਜਿਵੇਂ ਟਿਊਬਵੈੱਲਜ਼ ਦਾ ਬੋਰ ਕਰਨਾ, ਟੈਂਕੀਆਂ ਬਨਾਉਣਾ ਅਤੇ ਹੋਰ ਕੰਮ ਹੋ ਚੁੱਕਾ ਸੀ ਫੇਰ ਸਰਕਾਰ ਨੇ ਇਨ੍ਹਾਂ ਜਲ ਸਪਲਾਈ ਸਕੀਮਾਂ ਨੂੰ ਚਾਲੂ ਕਿਉਂ ਨਹੀਂ ਕੀਤਾ ? ਕਿਰਪਾ ਕਰਕੇ ਇਹ ਦਸਿਆ ਜਾਵੇ ਕਿ ਇਨ੍ਹਾਂ ਸਕੀਮਾਂ ਤੇ ਕੰਮ ਕਿਉਂ ਬੰਦ ਕੀਤਾ ਗਿਆ ਸੀ ਅਤੇ ਇਹ ਜਲ ਸਪਲਾਈ ਸਕੀਮਾਂ ਨੂੰ ਚਾਲੂ ਕਿਉਂ ਨਹੀਂ ਕੀਤਾ ਗਿਆ ਸੀ ? ਕੀ ਇਨ੍ਹਾਂ ਸਕੀਮਾਂ ਨੂੰ ਮੰਤਰੀ ਸਾਹਿਬ ਸਮਾਂ ਬੱਧ ਅਤੇ ਮਿਤੀ ਬੱਧ ਕਰਨਗੇ ਤਾਂ ਕਿ ਕੰਮ ਟਾਈਮ ਸਿਰ ਹੋ ਸਕੇ ?

**ਮੰਤਰੀ** : ਸਪੀਕਰ ਸਾਹਿਬ, ਪਿਛਲੇ 5 ਸਾਲਾਂ ਦੇ ਦੌਰਾਨ 12 ਸਕੀਮਾਂ ਦੀ ਮਨਜ਼ੂਰੀ ਦਿੱਤੀ ਗਈ ਸੀ, ਜਿਸ ਦੇ ਨਾਲ 38 ਪਿੰਡਾਂ ਨੂੰ ਕਵਰ ਕੀਤਾ ਜਾਣਾ ਸੀ ਅਤੇ ਸਿਰਫ 4 ਸਕੀਮਾਂ ਐਸੀਆਂ ਸਨ, ਜਿਨ੍ਹਾਂ ਰਾਹੀਂ 13 ਪਿੰਡਾਂ ਨੂੰ ਕਵਰ ਕੀਤਾ ਜਾਣਾ ਸੀ। ਫੰਡਜ਼ ਦੀ ਕਮੀ ਕਰਕੇ ਕੰਮ ਬੰਦ ਪਿਆ ਹੈ। ਕੁਝ ਥਾਂ ਤੇ ਟਿਊਬਵੈੱਲ ਦਾ ਬੋਰ ਕੀਤਾ ਹੋਇਆ ਹੈ।

**ਡਾਕਟਰ ਉਪਿੰਦਰਜੀਤ ਕੌਰ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜਿਥੇ ਟਿਊਬਵੈੱਲ ਲਗ ਚੁੱਕੇ ਹਨ, ਟੈਂਕੀਆਂ ਬਣ ਚੁੱਕੀਆਂ ਹਨ ਅਤੇ ਬੋਰ ਹੋ ਚੁੱਕਾ ਹੈ, ਉਥੇ ਫੰਡਜ਼ ਦੀ ਘਾਟ ਕਾਰਣ ਕੰਮ ਕਿਉਂ ਬੰਦ ਕੀਤਾ ਹੋਇਆ ਹੈ ? ਇਨ੍ਹਾਂ ਨੂੰ ਚਾਲੂ ਕਰਵਾ ਦਿੱਤਾ ਜਾਵੇ। ਫੇਰ ਤੁਸੀਂ ਨਵੀਂਆਂ ਸਕੀਮਾਂ ਨੂੰ ਕਿਉਂ ਸ਼ੁਰੂ ਕੀਤਾ ਹੈ ਜਦ ਪਿਛਲੀਆਂ ਸਕੀਮਾਂ ਨੂੰ ਕੰਪਲੀਟ ਨਹੀਂ ਕੀਤਾ ਗਿਆ ?

**ਮੰਤਰੀ** : ਸਪੀਕਰ ਸਾਹਿਬ, ਜਿਥੇ ਟਿਊਬਵੈੱਲਜ਼ ਲਗਾਏ ਜਾ ਰਹੇ ਹਨ, ਉਥੇ ਪਾਈਪ ਲਾਈਨਜ਼ ਵਿਛਾਈਆਂ ਜਾ ਰਹੀਆਂ ਹਨ। ਮੈਂ ਇਨ੍ਹਾਂ ਨੂੰ ਆਸ਼ਵਾਸਨ ਦਿੰਦਾ ਹਾਂ ਕਿ ਹੁਣ ਜਦੋਂ ਫੰਡਜ਼ ਆਉਣਗੇ ਤਾਂ ਅਸੀਂ ਪਹਿਲਾਂ ਚਾਲੂ ਕੀਤੀਆਂ ਹੋਈਆਂ ਸਕੀਮਾਂ ਨੂੰ ਪੂਰਾ ਕਰਾਂਗੇ ਫੇਰ ਨਵੀਂਆਂ ਸਕੀਮਾਂ ਨੂੰ ਸ਼ੁਰੂ ਕੀਤਾ ਜਾਵੇਗਾ। ਚਾਲੂ ਸਕੀਮਾਂ ਨੂੰ ਤਰਜੀਹ ਦਿੱਤੀ ਜਾਵੇਗੀ।

## Link Road for Village Kakrali Tehsil Dasuya

***1169. Shri Des Raj Dhuga :** Will the Chief Minister be pleased to state whether there is any proposal under consideration of the Government to connect village Kakrali, Tehsil Dasuya with a link road; if so, the time by which it is likely to be done ?

**Captain Amarinder Singh :** No, sir, Village Kakrali is already connected with link road.

**ਸ਼੍ਰੀ ਦੇਸ ਰਾਜ ਧੁੱਗਾ :** ਸਪੀਕਰ ਸਾਹਿਬ, ਪਿੰਡ ਕੱਕਰਾਲੀ ਤਹਿਸੀਲ ਦਸੂਹਾ ਦੇ ਬੱਚਿਆਂ ਨੂੰ ਹਾਈ ਸਕੂਲ ਜਾਣ ਲਈ ਕੋਈ ਲਿੰਕ ਸੜਕ ਨਹੀਂ ਹੈ। ਕੀ ਮੁੱਖ ਮੰਤਰੀ ਸਾਹਿਬ ਇਸ ਪਿੰਡ ਨੂੰ ਲਿੰਕ ਸੜਕ ਦੇ ਨਾਲ ਜੋੜ ਦੇਣਗੇ ਤਾਂਕਿ ਸਕੂਲ ਵਿਚ ਜਾਣ ਵਾਲਿਆਂ ਬੱਚਿਆਂ ਨੂੰ ਫਾਇਦਾ ਹੋ ਸਕੇ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਬੱਚਿਆਂ ਦੀ ਪ੍ਰਾਬਲਮਜ਼ ਨੂੰ ਦੇਖਦੇ ਹੋਏ ਇਸ ਪਿੰਡ ਨੂੰ ਮੇਨ ਰੋਡ ਦੇ ਨਾਲ ਲਿੰਕ ਕਰਨ ਵਾਸਤੇ 2.9 ਕਿਲੋਮੀਟਰ ਦਾ ਰਸਤਾਂ ਪੈਂਦਾ ਹੈ। ਇਸ ਵਿਚ ਸਟਾਰਮ ਵਾਟਰ ਲਾਈਨਜ਼ ਆਉਂਦੀ ਹੈ, ਜਿਸ ਕਰਕੇ ਇਸ ਦੀ ਅਲਾਈਨਮੈਂਟ ਚੇਂਜ ਕਰਕੇ ਕੋਈ ਹੋਰ ਰਸਤਾ ਕੱਢਿਆ ਜਾਵੇਗਾ ਫਿਰ ਉਥੇ ਇਹ ਸੜਕ ਬਣ ਸਕਦੀ ਹੈ। ਉਥੇ ਨਵੀਂ ਸੜਕ ਨਹੀਂ ਬਣਾਵਾਂਗੇ। ਜਿਸ ਵਕਤ ਨਵੀਂਆਂ ਸੜਕਾਂ ਲਈ ਸਕੀਮ ਬਣੇਗੀ ਅਤੇ ਹਰ ਸਬ-ਡਵੀਜ਼ਨ ਨੂੰ ਨਵੀਂ ਸੜਕ ਦੇਵਾਂਗੇ, ਉਸ ਵਕਤ ਇਸ ਨੂੰ ਫੇਰ ਕਵਰ ਕਰ ਲਵਾਂਗੇ।

---

## Leave Rules for Prisoners

***1263. Sardar Gurjant Singh :** Will the Chief Minister be pleased to state the leave rules for landlord and landless prisoners, separately in the State together with the steps being taken to remove the disparity, if any, in these rules ?

**Captain Amarinder Singh :** Temporary release of prisoners is regulated by the Punjab Good Conduct Prisoners (Temporary Release) Act, 1962. It lays down temporary release upto 6 weeks for carrying out agricultural operations to landowners and cultivators. Temporary release for a period of 2 to 4 weeks is allowed for various other non-agricultural purposes. A copy of the relevant sections of the Act is placed on the table of the House.

[Chief Minister]

## THE PUNJAB GOOD CONDUCT PRISONERS (TEMPORARY RELEASE) ACT, 1962

Section 3

(1) The State Government may, in consultation with the District Magistrate and subject to such conditions and in such manner as may be prescribed, release temporarily for a period specified in sub-section (2) and prisoner if the State Government is satisfied that—

(a) a member of the prisoner's family has died or is seriously ill ; or

(b) the marriage of prisoner's son or daughter is to be celebrated ; or

(c) the temporary release of the prisoner is necessary for ploughing, sowing or harvesting or carrying on any other agricultural operation on his land ****{or any other land cultivated by him}*** and no friend of the prisoner or a member of prisoner's family is prepared to help him in this behalf in his absence ; or

(d) it is desirable so to do for any other sufficient cause.

(2) The period for which a prisoner may be released shall be determined by the State Government so as not to exceed :—

(a) where the prisoner is to be released on the ground specified in clause (a) of sub-section (1), two weeks ;

(b) where the prisoner is to be released on the ground specified in clause (b) or clause (d) of sub-section (1), four weeks ; and

(c) where the prisoner is to be released on the ground specified in clause (c) of sub-section (1), six weeks.

***[[{2-A) Notwithstanding anything contained in sub-section (2), where a prisoner undergoing a sentence of life imprisonment, is to be released on the ground specified in clause (d) of sub-section (1), he may be released for a period of six months or less in parts, during the five years.]]*

---

*{} Inserted,—*vide* The Punjab Good Conduct Prisoners (Temporary Release) Amendment Ordinance, 2000 (Ordinance No. 6 of 2000, published in the Punjab Govt. Gazette Extraordinary dated 24th May, 2000; and the Punjab Good Conduct Prisoners (Temporary Release) Amendment Act, 2000, published in the Punjab Govt. Gazette Extraordinary dated 3rd November, 2000.

** *[{}]* *-do-*

But operation of this amendment stayed by the Punjab & Haryana High Court,—*vide* orders dated 16th April, 2001 in Cr. M. No. 27247 of 2000 in Cr. A. No. 331-DB of 1999.

(3) The period of release under this section shall not count towards the total period of the sentence of a prisoner.

(4) The State Government may by notification authorize any officer to exercise it's power under this section in respect of all or any of the grounds specified therein.

**Section 4**

(1) The State Government or any other officer authorized by it in this behalf may, in consultation with the District Magistrate and subject to such conditions and in such manner as may be prescribed, release temporarily, on furlough, any prisoner who has been sentenced to a term of imprisonment of not less than five years, and who :—

(a) has immediately before the date of his temporary release, undergone imprisonment for a period of three years, excluding remissions; and

(b) has not during such period committed any jail offence and has earned at least three annual good conduct remissions;

Provided that nothing herein shall apply to a prisoner who-

(i) is a habitual offender as defined in clause (3) of section 2 of the Punjab Habitual Offenders (Control and Reforms) Act, 1952, or

(ii) has been convicted of robbery or dacoity or such other offence as the State Government may, by notification, specify.

(2) The period of furlough for which a prisoner is eligible under sub-section (1) shall be three weeks during the first year of his release and two weeks during each successive year thereafter.

(3) Subject to the provisions of clause (d) of sub-section (3) of section 8, the period of release referred to in sub-Section (1) shall count towards the total period of the sentence of a prisoner.

**Section 5**

For the purpose of calculating the temporary release of a prisoner under section 3 and 4, the days of departure from and arrival at the prison shall be excluded.

**ਸਰਦਾਰ ਗੁਰਜੰਟ ਸਿੰਘ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਛੁੱਟੀਆਂ ਦਾ ਜੋ ਅੰਤਰ ਭੂਮੀ ਮਾਲਕਾਂ ਅਤੇ ਭੂਮੀਹੀਣ ਕੈਦੀਆਂ ਬਾਰੇ ਦੱਸਿਆ ਹੈ ਇਹ 6 ਹਫਤੇ ਮਾਲਕ ਲਈ ਅਤੇ 4 ਹਫਤੇ ਭੂਮੀਹੀਣ ਕੈਦੀਆਂ ਲਈ ਹੈ। ਇਹ ਭੂਮੀਹੀਣ ਕੈਦੀਆਂ ਲਈ ਛੁੱਟੀਆਂ ਦਾ ਸਮਾਂ ਬਹੁਤ ਘੱਟ ਹੈ, ਉਨ੍ਹਾਂ ਨੂੰ ਵੱਧ ਸਮਾਂ ਦਿੱਤਾ ਜਾਵੇ ਤਾਂਕਿ ਉਹ ਆਪਣੇ ਬੱਚਿਆਂ ਲਈ ਰੋਜ਼ੀ ਰੋਟੀ ਦਾ ਪ੍ਰਬੰਧ ਕਰ ਸਕਣ। ਕੀ ਇਹ ਸਰਕਾਰ ਦੇ ਵਿਚਾਰ ਅਧੀਨ ਹੈ ਕਿ 1962 ਦਾ ਐਕਟ ਜਿਹੜਾ ਪੁਰਾਣਾ ਬਣਿਆ ਹੋਇਆ ਹੈ, ਉਸ ਨੂੰ ਬਦਲਣ ਦੀ ਕੋਈ ਤਜਵੀਜ਼ ਹੋਵੇ? ਜੇ ਹੈ, ਤਾਂ ਇਸਨੂੰ ਕਦੋਂ ਤੱਕ ਬਦਲ ਦਿੱਤਾ ਜਾਵੇਗਾ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਨਾਲ ਇਸ ਗੱਲ ਤੇ ਸਹਿਮਤ ਹਾਂ ਕਿ ਇਹ 6 ਹਫਤੇ ਦੀ ਹੀ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ, ਜੋ ਪੁਆਇੰਟ ਇਨ੍ਹਾਂ ਨੇ ਲਿਆਂਦਾ ਹੈ, ਇਕ ਕੰਪਲੇਂਟ ਨੰਬਰ 2401/2003 has been filed by Shri Tarlochan Singh from the Central Jail, which is pending in the Punjab State Human Rights Commission. With this object in mind, the State has filed an interim reply and the matter is under consideration of the State Government. The next date of hearing for this is 29th April, 2005. ਅਸੀਂ ਇਸ ਦੇ ਹੱਕ ਵਿੱਚ ਹਾਂ and once the judgement is there ਜਦੋਂ ਇਹ ਆਪਣੀ ਜੱਜਮੈਂਟ ਦੇਣਗੇ, ਫੇਰ ਅਸੀਂ ਇਸ ਨੂੰ ਕਰਾਂਗੇ। But it is a subjudiced matter at the moment.

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਕੈਦੀ ਅਜਿਹੇ ਹਨ ਜਿਹੜੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਪਰ ਉਨ੍ਹਾਂ ਦੀ ਰਿਹਾਈ ਇਸ ਕਰਕੇ ਨਹੀਂ ਹੁੰਦੀ ਕਿ ਜਿਹੜਾ ਕੋਈ ਕਰੈਕਟਰ ਸਰਟੀਫਿਕੇਟ ਲੋੜੀਂਦਾ ਹੈ, ਉਹ ਆਉਂਦਾ ਨਹੀਂ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੰਦੇ 14-14 ਸਾਲ ਤੋਂ ਜੇਲ੍ਹ ਵਿੱਚ ਬੈਠੇ ਹਨ, ਉਨ੍ਹਾਂ ਦਾ ਸਰਟੀਫਿਕੇਟ ਨਹੀਂ ਆਉਂਦਾ, ਉਨ੍ਹਾਂ ਦੀ ਰਿਹਾਈ ਲਈ ਇਹ ਕੋਈ ਪ੍ਰਬੰਧ ਕਰਨਗੇ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਜਿਹੜਾ ਇਸ ਦੇ ਵਿੱਚ ਇਸ ਗੱਲ ਦਾ ਜ਼ਿਕਰ ਕਰ ਰਹੇ ਹਨ, I will certainly go into this matter. ਅਗਰ ਜਿਨ੍ਹਾਂ ਦੀ ਸਜ਼ਾ ਪੂਰੀ ਹੋ ਗਈ ਹੈ ਤੇ ਉਹ ਸਾਡੀਆਂ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੈਠੇ ਹਨ, this is completely unacceptable to us and I will see that these people are released.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜੋ ਜੇਲ੍ਹ ਮੈਨੂਅਲ ਅੱਜ ਪੰਜਾਬ ਵਿੱਚ ਲਾਗੂ ਹੈ, ਉਹ ਅੰਗਰੇਜ਼ਾਂ ਦੇ ਜ਼ਮਾਨੇ ਦਾ ਬਣਿਆ ਹੋਇਆ ਹੈ। ਇਕ ਤਾਂ ਇਹ ਕਿ ਆਇਆ ਉਹ ਜੇਲ੍ਹ ਮੈਨੂਅਲ ਜਿਹੜਾ ਹੈ, ਉਸ ਦੇ ਵਿੱਚ ਤਬਦੀਲੀ ਦੀ, ਅਮੈਂਡਮੈਂਟਸ ਦੀ ਕੋਈ ਇਨ੍ਹਾਂ ਦੀ

ਪਰੋਪੋਜ਼ਲ ਹੈ ? ਨੰਬਰ ਦੋ, ਜਿਹੜੇ ਉਮਰ ਕੈਦੀ ਹਨ, ਉਨ੍ਹਾਂ ਦੀ ਰਿਹਾਈ ਵਾਸਤੇ ਜਿਹੜਾ ਨਕਸ਼ਾ ਹੈ, ਉਹ ਉਨ੍ਹਾਂ ਦੀ ਕੈਦ ਪੂਰੀ ਹੋਣ ਤੋਂ ਬਾਅਦ ਜੇਲ੍ਹ ਤੋਂ ਮੂਵ ਕੀਤਾ ਜਾਂਦਾ ਹੈ। ਕੀ ਇਹ ਐਸਾ ਕੋਈ ਪ੍ਰਾਵਧਾਨ ਕਰਨਗੇ ਕਿ ਉਨ੍ਹਾਂ ਦੀ ਸਜ਼ਾ ਜਿਸ ਤਾਰੀਖ ਨੂੰ ਖਤਮ ਹੋ ਜਾਂਦੀ ਹੈ, ਉਸ ਤੋਂ 6 ਮਹੀਨੇ ਪਹਿਲਾਂ ਹੀ ਉਨ੍ਹਾਂ ਦੀ ਰਿਹਾਈ ਦਾ ਨਕਸ਼ਾ ਮੂਵ ਹੋ ਜਾਵੇ ਤਾਂਕਿ ਉਨ੍ਹਾਂ ਦੀ ਰਿਹਾਈ ਸਮੇਂ ਸਿਰ ਹੋ ਸਕੇ ? ਕੀ ਕੋਈ ਐਸੀ ਯੋਜਨਾ ਇਨ੍ਹਾਂ ਦੇ ਵਿਚਾਰ ਅਧੀਨ ਹੈ ?

**ਮੁੱਖ ਮੰਤਰੀ** : ਜੋ ਮੈਂਬਰ ਸਾਹਿਬ ਨੇ ਇਹ ਸ਼ੰਕਾ ਪ੍ਰਗਟ ਕੀਤਾ ਹੈ, we will accept his advice and we will do it.

**ਮਾਨਯੋਗ ਸਪੀਕਰ** : ਅਗਲਾ ਸਵਾਲ। ਚੌਧਰੀ ਬਲਬੀਰ ਸਿੰਘ ਮਿਆਣੀ। ਠੰਡਲ ਸਾਹਿਬ ਪੇਸ਼ ਕਰਨ।

---

## ਕਾਲੀ ਬੇਈਂ ਤੇ ਪੁਲ ਦੀ ਉਸਾਰੀ

***1180. ਚੌਧਰੀ ਬਲਬੀਰ ਸਿੰਘ ਮਿਆਣੀ (ਸਰਦਾਰ ਸੋਹਣ ਸਿੰਘ ਠੰਡਲ ਵੱਲੋਂ ਪੇਸ਼ ਕੀਤਾ ਗਿਆ)** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡ ਤੱਲਾ ਨੇੜੇ ਕਾਲੀ ਬੇਈਂ ਤੇ ਪੁਲ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਪੁਲ ਦੀ ਉਸਾਰੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਲਾਲ ਸਿੰਘ** : ਸ਼੍ਰੀਮਾਨ ਜੀ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡ ਤੱਲਾ ਨੇੜੇ ਕਾਲੀ ਬੇਈਂ ਤੇ ਪੁਲ਼ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਜਾਨਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਵਿੱਚ ਕਿਹਾ ਹੈ ਕਿ ਇਨ੍ਹਾਂ ਦੀ ਕੋਈ ਉਪਰਾਲਾ ਕਰਨ ਦੀ ਤਜਵੀਜ ਨਹੀਂ ਹੈ। ਸਪੀਕਰ ਸਾਹਿਬ, ਜਿਹੜੇ ਵੀ ਨਹਿਰਾਂ ਤੇ ਜਾਂ ਹੋਰ ਪੁਲ ਬਣਾਉਣੇ ਹਨ, ਕੀ ਕੋਈ ਇਰੀਗੇਸ਼ਨ ਦੇ ਮਹਿਕਮੇ ਤੋਂ ਇਲਾਵਾ ਦੂਸਰਾ ਮਹਿਕਮਾ ਵੀ ਇਹ ਪੁਲ ਬਣਾਉਂਦਾ ਹੈ ? ਕੀ ਜਿਵੇਂ ਪੀ.ਡਬਲਿਊ.ਡੀ. ਪੁਲ ਬਣਾਉਂਦਾ ਹੈ, ਉਹ ਇਰੀਗੇਸ਼ਨ ਦੇ ਮਹਿਕਮੇ ਤੋਂ ਮਨਜ਼ੂਰੀ ਲੈਂਦਾ ਹੈ ਤੇ ਕੀ ਇਰੀਗੇਸ਼ਨ ਮਹਿਕਮਾ ਪੁਲ ਬਣਨ ਤੋਂ ਪਹਿਲਾਂ ਮਨਜ਼ੂਰੀ ਦਿੰਦਾ ਹੈ ?

**ਮੰਤਰੀ** : ਇਹ ਠੀਕ ਹੈ ਜੀ ਕਿ ਮਨਜ਼ੂਰੀ ਲੈ ਕੇ ਹੀ ਬਣਾਉਂਦੇ ਹਨ।

**ਸਰਦਾਰ ਸੋਹਣ ਸਿੰਘ ਠੰਡਲ :** ਸਪੀਕਰ ਸਾਹਿਬ, ਮੈਂ ਇਹੀ ਪੁੱਛਣਾ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ 1168 ਨੰਬਰ ਕੁਐਸਚਨ ਸਾਡੇ ਮਾਨਯੋਗ ਮੈਂਬਰ ਧੁੱਗਾ ਸਾਹਿਬ ਨੇ ਪੀ.ਡਬਲਿਊ.ਡੀ. ਮੰਤਰੀ ਸਾਹਿਬ ਕੋਲ ਲਾਇਆ ਸੀ। ਉਸ ਪੁਲ ਬਾਰੇ ਮੰਤਰੀ ਸਾਹਿਬ ਨੇ ਆਸ਼ਵਾਸਨ ਦਿੱਤਾ ਸੀ ਕਿ 31 ਮਾਰਚ, 2006 ਤੱਕ ਇਸ ਪੁਲ ਨੂੰ ਮੁਕੰਮਲ ਕਰ ਦੇਵਾਂਗੇ। ਅੱਜ ਮੰਤਰੀ ਜੀ ਕਹਿ ਰਹੇ ਹਨ ਕਿ ਐਸੀ ਤਜਵੀਜ਼ ਹੀ ਕੋਈ ਨਹੀਂ।

**ਮਾਨਯੋਗ ਸਪੀਕਰ :** ਮੇਰਾ ਖਿਆਲ ਹੈ ਫਰਕ ਲੱਗਾ ਹੋਵੇਗਾ ਪੁਲ ਬਾਰੇ।

**ਮੰਤਰੀ :** ਸਪੀਕਰ ਸਾਹਿਬ, ਇਹ ਮੇਰੇ ਧਿਆਨ ਵਿੱਚ ਨਹੀਂ ਹੈ। ਪਿੰਡ ਤੱਲਾ, ਜ਼ਿਲ੍ਹਾ ਹੁਸ਼ਿਆਰਪੁਰ, ਕਾਲੀ ਬੇਈਂ ਦੀ ਬੁਰਜੀਂ 69000 ਦੇ ਨਜ਼ਦੀਕ ਪੈਂਦਾ ਹੈ। ਇਹ ਤਜਵੀਜ਼ਤ ਪੁਲ ਦੇ ਉਪਰਲੇ ਅਤੇ ਹੇਠਲੇ ਪਾਸੇ ਪਹਿਲਾਂ ਪੁਲ ਬੁਰਜੀ 66000 ਪਿੰਡ ਮੱਦਾ ਅਤੇ ਬੁਰਜੀ 74700 ਪਿੰਡ ਪੁਲ ਪੁਖਤਾ ਤੇ ਬਣੇ ਹੋਏ ਹਨ। ਇਲਾਕੇ ਦੇ ਲੋਕਾਂ ਵੱਲੋਂ ਇਸ ਪੁਲ ਨੂੰ ਬਣਾਉਣ ਲਈ ਕੋਈ ਪ੍ਰਤੀ ਬੇਨਤੀ ਵਿਭਾਗ ਨੂੰ ਪ੍ਰਾਪਤ ਨਹੀਂ ਹੋਈ। ਇਸ ਲਈ ਇਸ ਥਾਂ ਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਮੈਂ ਆਪਣੇ ਡਿਪਾਰਟਮੈਂਟ ਦੀ ਗੱਲ ਕਰ ਰਿਹਾ ਹਾਂ ਕਿ ਬੁਰਜੀ ਨੰਬਰ 69000 ਤੇ ਪਹਿਲਾਂ ਹੀ ਪੁਲ ਹੈ ਜੋ ਕਿ ਬੀ. ਐਂਡ ਆਰ. ਵਿਭਾਗ ਦੇ ਅਧੀਨ ਹੈ ਤੇ ਬਣਿਆ ਹੋਇਆ ਹੈ।

---

## ਡਰੇਨਾਂ ਦੀ ਸਫਾਈ ਤੇ ਖਰਚ

*1216. **ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2003-04 ਅਤੇ 2004-05 ਦੌਰਾਨ ਤਹਿਸੀਲ ਫਿਲੌਰ ਵਿਖੇ ਸਾਫ ਕੀਤੀਆਂ ਗਈਆਂ ਡਰੇਨਾਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਤੇ ਕਿੰਨਾ ਖਰਚਾ ਕੀਤਾ ਗਿਆ?

**ਸਰਦਾਰ ਲਾਲ ਸਿੰਘ :** ਸ੍ਰੀਮਾਨ ਜੀ, ਜ਼ਿਲ੍ਹਾ ਜਲੰਧਰ ਦੀ ਤਹਿਸੀਲ ਫਿਲੌਰ ਵਿੱਚ ਚਾਰ ਨੰਬਰ ਡਰੇਨਾਂ ਪੈਂਦੀਆਂ ਹਨ, ਜਿਨ੍ਹਾਂ ਦੇ ਨਾਮ ਕੋਟ ਬਾਦਲ ਖਾਨ ਡਰੇਨ, ਤਲਵਾਂਨ ਡਰੇਨ, ਤਿਹੰਗ ਡਰੇਨ ਅਤੇ ਭੈਣੀ ਡਰੇਨ ਹਨ ਅਤੇ ਇਨ੍ਹਾਂ ਦੀ ਕੁੱਲ ਲੰਬਾਈ 26.50 ਕਿਲੋਮੀਟਰ ਹੈ। ਸਾਲ 2003-04 ਅਤੇ 2004-05 ਦੌਰਾਨ ਇਨ੍ਹਾਂ ਡਰੇਨਾਂ ਦੀ ਸਫਾਈ/ਭੁੱਲ ਸਫਾਈ ਲਈ ਕੋਈ ਵੀ ਖਰਚਾ ਨਹੀਂ ਕੀਤਾ ਗਿਆ ਹੈ।

**Mr. Speaker :** Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### ਕਪੂਰਥਲਾ-ਸੁਲਤਾਨਪੁਰ ਅਤੇ ਕਪੂਰਥਲਾ-ਲੋਹੀਆਂ ਸੜਕਾਂ ਦੀ ਮੁਰੰਮਤ

*1268. **ਡਾਕਟਰ ਉਪਿੰਦਰਜੀਤ ਕੌਰ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਪੂਰਥਲਾ-ਸੁਲਤਾਨਪੁਰ ਅਤੇ ਕਪੂਰਥਲਾ-ਲੋਹੀਆਂ ਸੜਕਾਂ ਦੀ ਖਸਤਾ ਹਾਲਤ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹਾਂ ਜੀ। ਸਾਲ 2005-06 ਦੌਰਾਨ ਇਸ ਸੜਕ ਨੂੰ ਪੈਚ ਵਰਕ ਨਾਲ ਮੁਰੰਮਤ ਕਰਨ ਦੀ ਤਜਵੀਜ਼ ਹੈ। ਇਸ ਸੜਕ ਨੂੰ ਨਾਬਾਰਡ ਸਕੀਮ ਅਧੀਨ ਮਜਬੂਤ ਕਰਨ ਲਈ ਵੀ ਤਜਵੀਜ਼ ਬਣਾਈ ਜਾ ਰਹੀ ਹੈ।

---

### ਧੁੱਸੀ ਬੰਧ ਨੂੰ ਮਜ਼ਬੂਤ ਕਰਨਾ

*1262. **ਸਰਦਾਰ ਅਜੀਤ ਸਿੰਘ ਕੋਹਾੜ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿੱਚ ਗਿੱਦੜ ਪਿੰਡੀ ਤੋਂ ਫਿਲੌਰ ਤੱਕ ਸਤਲੁਜ ਦਰਿਆ ਦੇ ਨਾਲ-ਨਾਲ ਧੁੱਸੀ ਬੰਧ ਨੂੰ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

**ਸਰਦਾਰ ਲਾਲ ਸਿੰਘ** : ਹਾਂ, ਸ਼੍ਰੀਮਾਨ ਜੀ, ਜ਼ਿਲ੍ਹਾ ਜਲੰਧਰ ਵਿੱਚ ਗਿੱਦੜ ਪਿੰਡੀ ਤੋਂ ਫਿਲੌਰ ਤੱਕ ਦਰਿਆ ਸਤਲੁਜ ਦੇ ਨਾਲ-ਨਾਲ ਧੁੱਸੀ ਬੰਧ ਨੂੰ ਮਜ਼ਬੂਤ ਕਰਨ ਦੀ ਤਜਵੀਜ਼ ਹੈ ਜੋ ਕਿ ਸਰਕਾਰ ਦੇ ਵਿਚਾਰ ਅਧੀਨ ਹੈ।

---

## UNSTARRED QUESTIONS AND ANSWERS

### ਰਾਜ ਵਿੱਚ ਫ਼ੋਕਲ ਪੁਆਇੰਟਾਂ ਦੀ ਗਿਣਤੀ

167. **ਕੈਪਟਨ ਬਲਬੀਰ ਸਿੰਘ ਬਾਠ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਫ਼ੋਕਲ ਪੁਆਇੰਟਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਅਜਿਹੇ ਫ਼ੋਕਲ ਪੁਆਇੰਟਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਤੇ ਇਸ ਸਮੇਂ ਕੰਮ ਨਹੀਂ ਚੱਲ ਰਿਹਾ ?

**ਸਰਦਾਰ ਲਾਲ ਸਿੰਘ** : ਰਾਜ ਵਿੱਚ ਕੁਲ ਦਿਹਾਤੀ 597 ਫ਼ੋਕਲ ਪੁਆਇੰਟ ਹਨ ਅਤੇ 52 ਫ਼ੋਕਲ ਪੁਆਇੰਟ ਕੰਮ ਨਹੀਂ ਕਰ ਰਹੇ।

---

**ਰਾਜ ਵਿਚ ਸਰਕਾਰੀ ਸੈਕੰਡਰੀ ਸਕੂਲਾਂ ਦੀ ਗਿਣਤੀ**

168. (1) **ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ**
(2) **ਸਰਦਾਰ ਮਨਤਾਰ ਸਿੰਘ ਬਰਾੜ** } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਲੜਕਿਆਂ/ਲੜਕੀਆਂ ਲਈ ਸਰਕਾਰੀ ਸੈਕੰਡਰੀ ਸਕੂਲਾਂ ਦੀ ਵੱਖ-ਵੱਖ ਕੁੱਲ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਉਨ੍ਹਾਂ ਵਿਚ ਲਗਾਏ ਗਏ ਲੈਕਚਰਾਰਾਂ ਦੀ ਵਿਸ਼ਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿਚੋਂ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿੱਚ ਭੂਗੋਲ ਦਾ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ ?

**ਸ਼੍ਰੀ ਹਰਨਾਮ ਦਾਸ ਜੌਹਰ** : (ੳ) ਪੰਜਾਬ ਰਾਜ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਅਤੇ ਲੜਕੀਆਂ ਦੀ ਗਿਣਤੀ ਨਿਮਨਲਿਖਤ ਅਨੁਸਾਰ ਹੈ :—

| | | | **ਸਕੂਲਾਂ ਦੀ ਗਿਣਤੀ** |
|---|---|---|---|
| 1. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) | = | 119 |
| 2. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) | = | 178 |
| 3. | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੋ-ਐਜੂਕੇਸ਼ਨ) | = | 1040 |
| | ਕੁੱਲ | = | 1337 |

ਵਿਸ਼ੇਵਾਰ ਤੈਨਾਤ ਕੀਤੇ ਲੈਕਚਰਾਰਾਂ ਦੀ ਗਿਣਤੀ ਅਨੁਲੱਗ "ਕ" ਤੇ ਹੈ।

(ਅ) 69

## ਅਨੁਲੱਗ "ਕ"

| ਲੜੀ ਨੰਬਰ | ਵਿਸ਼ਾ | ਤੈਨਾਤ ਕੀਤੇ ਲੈਕਚਰਾਰਾਂ ਦੀ ਗਿਣਤੀ |
|---|---|---|
| 1 | ਅੰਗਰੇਜ਼ੀ | 1021 |
| 2 | ਪੰਜਾਬੀ | 1058 |
| 3 | ਹਿੰਦੀ | 119 |
| 4 | ਹਿਸਟਰੀ | 422 |
| 5 | ਅਰਥ ਸ਼ਾਸਤਰ | 700 |
| 6 | ਪੋਲੀਟੀਕਲ ਸਾਇੰਸ | 796 |
| 7 | ਹਿਸਾਬ | 605 |
| 8 | ਕਾਮਰਸ | 602 |
| 9 | ਫਿਜੀਕਸ | 350 |
| 10 | ਕੈਮਿਸਟਰੀ | 354 |
| 11 | ਬਾਇਲੌਜੀ | 371 |
| 12 | ਸਰੀਰਕ ਸਿੱਖਿਆ | 125 |
| 13 | ਮਿਊਜ਼ਿਕ | 023 |
| 14 | ਜੋਗਰਿਫੀ | 051 |
| 15 | ਫਾਇਨ ਆਰਟਸ | 013 |
| 16 | ਸੰਸਕ੍ਰਿਤ | 010 |
| 17 | ਹੋਮ ਸਾਇੰਸ | 015 |
| 18 | ਖੇਤੀਬਾੜੀ | 003 |
| 19 | ਸੋਸ਼ਿਆਲੋਜੀ | 001 |
| | ਜੋੜ : | 6639 |

## ਸਰਕਾਰੀ ਦਫ਼ਤਰਾਂ ਆਦਿ ਵਿਚ ਤਸਵੀਰਾਂ ਲਗਾਉਣ ਲਈ ਕਸੌਟੀ

169. **ਸ਼੍ਰੀ ਤਿਕਸ਼ਨ ਸੂਦ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਸਰਕਾਰੀ ਦਫ਼ਤਰਾਂ ਅਤੇ ਇਮਾਰਤਾਂ ਅਤੇ ਜਨਤਕ ਥਾਵਾਂ ਵਿਚ ਉੱਘੀਆਂ ਸਖਸ਼ੀਅਤਾਂ ਦੀਆਂ ਤਸਵੀਰਾਂ ਲਟਕਾਉਣ/ਲਗਾਉਣ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ ?

**ਕੈਪਟਨ ਅਮਰਿੰਦਰ ਸਿੰਘ** : ਨਹੀਂ ਜੀ। ਇਸ ਸਬੰਧ ਵਿੱਚ ਉਘੇ ਵਿਅਕਤੀਆਂ ਦੇ ਸਰਕਾਰੀ ਦਫ਼ਤਰਾਂ, ਇਮਾਰਤਾਂ ਅਤੇ ਜਨਤਕ ਥਾਵਾਂ ਤੇ ਪੋਰਟ੍ਰੇਟ ਲਗਾਉਣ ਬਾਰੇ ਕੋਈ ਵੀ ਨਿਰਧਾਰਤ ਕਰਾਈਟੇਰੀਆ ਨਹੀਂ ਹੈ। ਪੰਜਾਬ ਸਰਕਾਰ ਵਲੋਂ ਸਿਰਫ ਕੌਮੀ ਨੇਤਾਵਾਂ ਦੀਆਂ ਫੋਟੋਆਂ ਲਟਕਾਉਣ/ਲਗਾਉਣ ਲਈ ਰਾਜ ਪੱਧਰ ਤੇ ਸਿਵਲ ਸਕੱਤਰੇਤ ਸਮੇਤ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ, ਸਬ ਡਵੀਜ਼ਨਲ ਅਫ਼ਸਰਾਂ ਦੇ ਦਫ਼ਤਰਾਂ ਅਤੇ ਰੈਸਟ ਹਾਊਸ ਵਿੱਚ ਪੱਤਰ ਨੰ: 28/6/78-ਰਾਜ(1)/164, ਮਿਤੀ 24 ਅਪ੍ਰੈਲ, 1979 ਰਾਹੀਂ ਨੀਤੀ ਜਾਰੀ ਕੀਤੀ ਗਈ ਹੈ, ਜੋ ਕਿ ਵਿਧਾਨ ਸਭਾ ਦੇ ਮੇਜ਼ ਤੇ ਅਨੁਲੱਗ 'ਏ' ਅਨੁਸਾਰ ਰੱਖੀ ਜਾਂਦੀ ਹੈ।

### ਅਨੁਲੱਗ 'ਏ'

ਨੰ: 28/6/78-ਰਾਜ(1)/164

**ਪੰਜਾਬ ਸਰਕਾਰ**

ਆਮ ਰਾਜ ਪ੍ਰਬੰਧ ਵਿਭਾਗ

ਸੇਵਾ ਵਿਖੇ

ਸਕੱਤਰ,
ਲੋਕ ਸੰਪਰਕ ਵਿਭਾਗ, ਪੰਜਾਬ
ਚੰਡੀਗੜ੍ਹ।
ਮਿਤੀ ਚੰਡੀਗੜ੍ਹ, 24 ਅਪਰੈਲ, 1979।

ਵਿਸ਼ਾ : ਸਰਕਾਰੀ ਦਫ਼ਤਰਾਂ ਵਿਚ ਕੌਮੀ ਨੇਤਾਵਾਂ ਦੀਆਂ ਫੋਟੋਆਂ ਲਟਕਾਉਣ ਬਾਰੇ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਡਾਇਰੈਕਟਰ, ਸੂਚਨਾ ਤੇ ਪ੍ਰਚਾਰ ਵਿਭਾਗ, ਪੰਜਾਬ ਦੇ ਮੀਮੋ ਨੰ: ਪੀ.ਆਰ. (ਪੀ. ਐਸ.)-79/1730, ਮਿਤੀ 21 ਫਰਵਰੀ, 1979 ਦੇ ਹਵਾਲੇ ਵਿੱਚ।

2. ਸਰਕਾਰੀ ਦਫ਼ਤਰਾਂ ਵਿਚ ਕੌਮੀ ਨੇਤਾਵਾਂ ਦੀਆਂ ਫੋਟੋਆਂ ਲਟਕਾਉਣ ਬਾਰੇ ਸਰਕਾਰ ਨੇ ਮੁੜ ਵਿਚਾਰ ਕਰਕੇ ਇਹ ਫੈਸਲਾ ਕੀਤਾ ਹੈ ਕਿ ਅੱਗੇ ਤੋਂ ਰਾਜ ਪੱਧਰ ਤੇ ਸਿਵਲ ਸਕੱਤਰੇਤ ਸਮੇਤ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ, ਸਬ ਡਵੀਜ਼ਨਲ ਅਫ਼ਸਰਾਂ ਅਤੇ ਰੈਸਟ ਹਾਊਸਾਂ ਵਿਚ ਕੇਵਲ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਸਰਵਿੰਗ ਰਾਸ਼ਟਰਪਤੀ ਜੀ ਦੀਆਂ ਫੋਟੋਆਂ ਹੀ ਲਟਕਾਈਆਂ ਜਾਣ। ਇਨ੍ਹਾਂ ਫੋਟੋਆਂ ਨੂੰ ਬਣਵਾਉਣ

ਅਤੇ ਭਿੰਨ-ਭਿੰਨ ਵਿਭਾਗ ਨੂੰ ਵੰਡਣ ਦੀ ਜ਼ਿੰਮੇਵਾਰੀ ਲੋਕ ਸੰਪਰਕ ਵਿਭਾਗ ਦੀ ਹੋਵੇਗੀ। ਇਸ ਫੈਸਲੇ ਦੀ ਪੂਰਤੀ ਦੀ ਰਿਪੋਰਟ ਤਿੰਨ ਮਹੀਨੇ ਦੇ ਅੰਦਰ-ਅੰਦਰ ਭੇਜੀ ਜਾਵੇ।

3. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ,

(ਸਹੀ)

ਉਪ-ਸਕੱਤਰ, ਰਾਜਨੀਤਿਕ।

ਨੰ: 28/6/78 ਰਾਜ-(1)/165, ਮਿਤੀ ਚੰਡੀਗੜ੍ਹ, 24 ਅਪ੍ਰੈਲ, 1979 ।

ਇਸ ਦੀ ਇਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :—

(1) ਸਮੂਹ ਵਿਭਾਗਾਂ ਦੇ ਮੁੱਖੀਆਂ, ਕਮਿਸ਼ਨਰਾਂ ਅਤੇ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ, ਉਪ-ਮੰਡਲ ਅਫ਼ਸਰਾਂ ਅਤੇ ਪੰਜਾਬ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ।

(2) ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ।

(ਸਹੀ)

ਉਪ-ਸਕੱਤਰ, ਰਾਜਨੀਤਿਕ।

ਇਸ ਦੀ ਇਕ ਕਾਪੀ ਮੁੱਖ ਮੰਤਰੀ, ਪੰਜਾਬ ਜੀ ਦੇ ਪ੍ਰਮੁੱਖ ਸਕੱਤਰ ਅਤੇ ਮੰਤਰੀਆਂ ਅਤੇ ਰਾਜ ਮੰਤਰੀਆਂ ਦੇ ਸਕੱਤਰਾਂ/ਨਿੱਜੀ ਸਕੱਤਰਾਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

(ਸਹੀ)

ਉਪ-ਸਕੱਤਰ, ਰਾਜਨੀਤਿਕ।

ਗ: ਸ. ਪੱਤਰ ਨੰ: 28/6/78 ਰਾਜ-(1), ਮਿਤੀ ਚੰਡੀਗੜ੍ਹ, 24 ਅਪ੍ਰੈਲ, 1979।

ਇਸ ਦੀ ਇਕ ਕਾਪੀ ਰਾਜਪਾਲ ਜੀ ਦੇ ਸਕੱਤਰ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

(ਸਹੀ)

ਉਪ-ਸਕੱਤਰ, ਰਾਜਨੀਤਿਕ।

ਗ: ਸ. ਪੱਤਰ ਨੰ: 28/6/78 ਰਾਜ-(1), ਮਿਤੀ ਚੰਡੀਗੜ੍ਹ, 24 ਅਪ੍ਰੈਲ, 1979।

ਇਸ ਦੀ ਇਕ ਕਾਪੀ :

1. ਪੰਜਾਬ ਦੇ ਸਮੂਹ ਵਿੱਤੀ ਕਮਿਸ਼ਨਰਾਂ ; ਅਤੇ
2. ਪੰਜਾਬ ਦੇ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

(ਸਹੀ)

ਉਪ-ਸਕੱਤਰ, ਰਾਜਨੀਤਿਕ।

ਗ: ਸ. ਪੱਤਰ ਨੰ: 28/6/78 ਰਾਜ-(1), ਮਿਤੀ ਚੰਡੀਗੜ੍ਹ, 24 ਅਪ੍ਰੈਲ, 1979।

———

## ਐਲੀਮੈਂਟਰੀ ਸਕੂਲਾਂ ਵਿਚ ਖਾਲੀ ਆਸਾਮੀਆਂ

170. ਸ਼੍ਰੀ ਤਿਕਸ਼ਨ ਸੂਦ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਰਾਜ ਵਿਚ ਐਲੀਮੈਂਟਰੀ ਸਕੂਲਾਂ ਵਿਚ ਸਾਰੇ ਕਾਡਰਾਂ ਵਿਚ ਖਾਲੀ ਪਈਆਂ ਆਸਾਮੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ?

ਸ਼੍ਰੀ ਹਰਨਾਮ ਦਾਸ ਜੌਹਰ : ਰਾਜ ਦੇ ਐਲੀਮੈਂਟਰੀ ਸਕੂਲਾਂ ਵਿੱਚ ਵੱਖ-ਵੱਖ ਕਾਡਰਾਂ ਵਿੱਚ ਖਾਲੀ ਆਸਾਮੀਆਂ ਦੀ ਗਿਣਤੀ ਹੇਠ ਅਨੁਸਾਰ ਹੈ :—

| ਲੜੀ ਨੰ: | ਕਾਡਰ | ਖਾਲੀ ਆਸਾਮੀਆਂ ਦੀ ਗਿਣਤੀ |
|---|---|---|
| 1 | ਜੇ.ਬੀ.ਟੀ./ਈ.ਟੀ.ਟੀ. ਟੀਚਰ | 13198 |
| 2 | ਹੈਡ ਟੀਚਰ | 3293 |
| 3 | ਸੈਂਟਰ ਹੈਡ ਟੀਚਰ | 619 |
| 4 | ਮਾਸਟਰ | 1374 |
| 5 | ਸੀ ਐਂਡ ਵੀ ਟੀਚਰ | 713 |
| 6 | ਸੇਵਾਦਾਰ ਕਮ-ਚੌਂਕੀਦਾਰ | 436 |

---

## ਲੈਕਚਰਾਰਾਂ ਦੀਆਂ ਖਾਲੀ ਆਸਾਮੀਆਂ

171. ਸ਼੍ਰੀ ਤਿਕਸ਼ਨ ਸੂਦ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਸਰਕਾਰੀ ਸੈਕੰਡਰੀ ਸਕੂਲਾਂ ਵਿਚ ਲੈਕਚਰਾਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਵਿਸ਼ੇ-ਵਾਰ ਗਿਣਤੀ ਕਿੰਨੀ-ਕਿੰਨੀ ਹੈ ?

ਸ਼੍ਰੀ ਹਰਨਾਮ ਦਾਸ ਜੌਹਰ : ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

## ਅਨੁਲੱਗ 'ੳ'

ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਲੈਕਚਰਾਰਾਂ ਦੀਆਂ ਵਿਸ਼ਾ-ਵਾਰ ਖਾਲੀ ਅਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰਬਰ | ਵਿਸ਼ਾ | ਖਾਲੀ ਅਸਾਮੀਆਂ ਦੀ ਗਿਣਤੀ |
|---|---|---|
| 1 | ਅੰਗਰੇਜ਼ੀ | 429 |
| 2 | ਪੰਜਾਬੀ | 363 |
| 3 | ਹਿੰਦੀ | 061 |
| 4 | ਹਿਸਟਰੀ | 186 |
| 5 | ਅਰਥ ਸ਼ਾਸਤਰ | 211 |
| 6 | ਪੋਲੀਟੀਕਲ ਸਾਇੰਸ | 286 |
| 7 | ਹਿਸਾਬ | 267 |
| 8 | ਕਾਮਰਸ | 053 |
| 9 | ਫਿਜ਼ੀਕਸ | 079 |
| 10 | ਕੈਮਿਸਟਰੀ | 078 |
| 11 | ਬਾਇਲੌਜੀ | 040 |
| 12 | ਸ਼ਰੀਰਕ ਸਿੱਖਿਆ | 010 |
| 13 | ਮਿਊਜ਼ਿਕ | 007 |
| 14 | ਜੌਗਰਫੀ | 022 |
| 15 | ਫਾਇਨ ਆਰਟਸ | 006 |
| 16 | ਸੰਸਕ੍ਰਿਤ | 007 |
| 17 | ਹੋਮ ਸਾਇੰਸ | 004 |
| 18 | ਖੇਤੀ ਬਾੜੀ | 002 |
| 19 | ਸੋਸ਼ਿਆਲੋਜੀ | 001 |
| | ਜੋੜ : | 2122 |

## ਕਾਲਜ ਅਧਿਆਪਕਾਂ ਅਤੇ ਸਹਾਇਕ ਅਮਲੇ ਦੀਆਂ ਖਾਲੀ ਆਸਾਮੀਆਂ

172. ਸ਼੍ਰੀ ਤ੍ਰਿਕਸ਼ਨ ਸੂਦ : ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਇਸ ਸਮੇਂ ਰਾਜ ਵਿੱਚ ਸਰਕਾਰੀ ਕਾਲਜਾਂ ਵਿੱਚ ਕਾਲਜ ਅਧਿਆਪਕਾਂ ਅਤੇ ਸਹਾਇਕ ਅਮਲੇ ਦੀਆਂ ਵੱਖ-ਵੱਖ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ ?

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਰਕਾਰੀ ਕਾਲਜਾਂ ਵਿੱਚ ਟੀਚਿੰਗ ਸਟਾਫ ਦੀਆਂ ਕੁੱਲ 2024 ਪ੍ਰਵਾਨਿਤ ਆਸਾਮੀਆਂ ਵਿਚੋਂ 1252 ਪੋਸਟਾਂ ਰੈਗੂਲਰ ਲੈਕਚਰਾਰਾਂ ਨਾਲ ਭਰੀਆਂ ਹੋਈਆਂ ਹਨ। 350 ਪੋਸਟਾਂ ਵਿਰੁੱਧ ਪਾਰਟ ਟਾਈਮ ਲੈਕਚਰਾਰ ਕੰਮ ਕਰ ਰਹੇ ਹਨ ਅਤੇ ਬਾਕੀ ਦੀਆਂ 422 ਪੋਸਟਾਂ ਇਸ ਸਮੇਂ ਖਾਲੀ ਪਈਆਂ ਹਨ। ਇਹ 422 ਖਾਲੀ ਪੋਸਟਾਂ ਜੋ ਕਿ ਸਰਕਾਰ ਦੇ ਪੱਤਰ ਨੰ: ਐਫ.ਡੀ.-ਡੀ.ਐਫ.ਈ.ਆਰ.ਆਈ.-02/658, ਮਿਤੀ 10/13 ਮਈ, 2002 ਮੁਤਾਬਕ ਖਤਮ ਹੋ ਚੁੱਕੀਆਂ ਹਨ। ਇਸੇ ਤਰ੍ਹਾਂ ਸਰਕਾਰੀ ਕਾਲਜਾਂ ਵਿੱਚ ਇਸ ਸਮੇਂ ਵੱਖ-ਵੱਖ ਕੈਟਾਗਰੀ ਦੇ ਸਪੋਰਟਿੰਗ ਸਟਾਫ ਦੀਆਂ 372 ਖਾਲੀ ਪੋਸਟਾਂ ਹਨ। ਜੋ ਕਿ ਸਰਕਾਰ ਦੇ ਉਪਰੋਕਤ ਪੱਤਰ ਅਨੁਸਾਰ ਖਤਮ ਹੋ ਚੁੱਕੀਆਂ ਹਨ।

---

## MATTER RAISED DURING ZERO HOUR

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਰੂਲ ਨੰ: 71 ਥੱਲੇ ਬਾਦਲ ਸਾਹਿਬ, ਸਰਦਾਰ ਤੋਤਾ ਸਿੰਘ ਅਤੇ ਸਾਡੇ ਕੁਝ ਹੋਰ ਮੈਂਬਰਾਂ ਵੱਲੋਂ ਇਕ ਸਬਸਟਾਂਟਿਵ ਮੋਸ਼ਨ ਦਿੱਤਾ ਗਿਆ ਸੀ। ਸਾਨੂੰ ਹਾਲੇ ਤੱਕ ਇਸ ਬਾਰੇ ਕੋਈ ਜਵਾਬ ਨਹੀਂ ਆਇਆ। ਅੱਜ ਫਿਰ ਇਸ ਮਸਲੇ ਬਾਰੇ ਗੱਲ ਆਈ ਹੈ। ਇਹ ਕੇਸ ਸਕੈਮ ਹੈ ਅਤੇ ਸਰਕਾਰ ਨੇ ਇਸ ਬਾਰੇ ਇਨਕੁਆਇਰੀ ਕਰਵਾਉਣ ਦਾ ਵਾਅਦਾ ਕੀਤਾ ਸੀ। ਦੋ ਮਹੀਨੇ ਹੋ ਗਏ ਹਨ ਲੇਕਿਨ ਹਾਲੇ ਤੱਕ ਨਾ ਕਿਸੇ ਇਨਕੁਆਇਰੀ, ਨਾ ਕਿਸੇ ਰਿਪੋਰਟ ਅਤੇ ਨਾ ਕਿਸੇ ਐਕਸ਼ਨ ਬਾਰੇ ਦੱਸਿਆ ਗਿਆ ਹੈ। ਸਾਨੂੰ ਇਸ ਸਬਸਟਾਂਟਿਵ ਮੋਸ਼ਨ ਬਾਰੇ ਕੁਝ ਤਾਂ ਦੱਸਿਆ ਜਾਵੇ ਕਿ ਯੈਸ ਹੈ ਜਾਂ ਨੋ ਹੈ।

**Mr. Speaker :** I will examine that.

---

## DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2005-06

**Mr. Speaker :** Discussion and voting on Demands for Grants relating to the Budget Estimates for the year 2005-2006. Now the Finance Minister to present the Demands for Grants relating to the Budget Estimates for the year 2005-2006.

**Minister for Local Government, Parliamentary Affairs, Labour and Employment and Elections (Chaudhary Jagjit Singh) :** Sir, I beg to move that the Demand Nos. 1 to 30 for Grants relating to the Budget Estimates for the year 2005-06 be taken and put together for discussion and voting.

**Captain Kanwaljit Singh :** Sir, I am on a Point of Order.

**Mr. Speaker :** Yes.

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਇਹ ਫਾਈਨਾਂਸ ਬਿਲ ਹੈ ਅਤੇ ਫਾਈਨਾਂਸ ਮਨਿਸਟਰ ਸਾਹਿਬ ਇਸ ਵੇਲੇ ਹਾਊਸ ਵਿਚ ਬੈਠੇ ਨਹੀਂ ਹਨ। ਕੀ ਸਰਕਾਰ ਦੱਸੇਗੀ ਕਿ ਕੀ ਉਹ ਰਿਜ਼ਾਈਨ ਕਰ ਗਏ ਹਨ। (ਹਾਸਾ) ਉਨ੍ਹਾਂ ਨੇ ਇਹ ਬਿੱਲ ਪੇਸ਼ ਨਹੀਂ ਕੀਤਾ। ਕੀ ਉਹ ਇਸ ਬਿੱਲ ਨਾਲ ਸਹਿਮਤ ਨਹੀਂ ਹਨ ?

**Mr. Speaker :** Wherever he is, I agree that he should come. I agree with your demand. I think he should come here. He should be present in the House for Demands. ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿ ਉਨ੍ਹਾਂ ਨੂੰ ਇਸ ਵੇਲੇ ਹਾਊਸ ਵਿਚ ਮੌਜੂਦ ਹੋਣਾ ਚਾਹੀਦਾ ਸੀ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ :** ਸਪੀਕਰ ਸਾਹਿਬ, ਡਿਮਾਂਡਜ਼ ਪੇਸ਼ ਕਰ ਤਾਂ ਦਿੱਤੀਆਂ ਹਨ। ਤੁਸੀਂ ਹੁਣ ਬਹਿਸ ਸ਼ੁਰੂ ਕਰਾ ਦਿਓ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਕਨਵੈਨਸ਼ਨ ਇਹ ਹੈ ਕਿ ਇਹ ਸਾਰੀਆਂ ਡਿਮਾਂਡਜ਼ ਐਫ.ਐਮ. ਵੱਲੋਂ ਪੇਸ਼ ਹੋਣੀਆਂ ਚਾਹੀਦੀਆਂ ਹਨ ਅਤੇ ਉਹ ਇਸ ਵੇਲੇ ਗੈਰ-ਹਾਜ਼ਰ ਹਨ। ਕੀ ਉਹ ਅਸਤੀਫਾ ਦੇ ਗਏ ਹਨ ?

(Noises)

**Mr. Speaker :** No. No. please take your seats (Noise) He has come.

There are 30 Demands for Grants relating to the Budget Estimates which are to be discussed and voted upon today. If the Hon'ble Members agree, all these Demands may be deemed to have been read and moved together as per past practice.

(Voices : Yes, yes.)

[Mr. Speaker]

**Demand No. 1**

That a sum not exceeding Rs. 7,04,71,64,000 on Revenue Account and Rs. 29,68,74,000 on Capital Account be granted to the Governor to defray the charges that will come in course of payment for the year 2005-2006 in respect of Agriculture and Forests.

**Demand No. 2**

That a sum not exceeding Rs. 1,55,28,71,000 on Revenue Account and Rs. 5,46,13,000 on Capital Account be granted to the Governor to defray the charges that will come in course of payment for the year 2005-2006 in respect of Animal Husbandry and Fisheries.

**Demand No. 3**

That a sum not exceeding Rs. 1,80,59,05,000 on Revenue Account and Rs. 19,76,11,000 on Capital Account be granted to the Governor to defray the charges that will come in course of payment for the year 2005-2006 in respect of Cooperation.

**Demand No. 4**

That a sum not exceeding Rs. 19,98,56,000 on Revenue Account and Rs. 1,37,14,000 on Capital Account be granted to the Governor to defray the charges that will come in course of payment for the year 2005-2006 in respect of Defence Services Welfare.

**Demand No. 5**

That a sum not exceeding Rs. 25,11,70,64,000 on Revenue Account and Rs. 1,00,57,35,000 on Capital Account be granted to the Governor to defray the charges that will come in course of payment for the year 2005-2006 in respect of Education.

**Demand No. 6**

That a sum not exceeding Rs. 13,85,00,000 on Revenue Account be granted to the Governor to defray the charges that will come in course of payment for the year 2005-2006 in respect of Election.

**Demand No. 7**

That a sum not exceeding Rs. 55,75,11,000 on Revenue Account be granted to the Governor to defray the charges that will come in course of payment for the year 2005-2006 in respect of Excise and Taxation.

**Demand No. 8**

That a sum not exceeding Rs. 89,58,64,63,000 on Revenue Account and Rs. 56,68,42,70,000 on Capital Account be granted to the Governor to defray the charges that will come in course of payment for the year 2005-2006 in respect of Finance.

**Demand No. 9**

That a sum not exceeding Rs. 52,70,71,000 on Revenue Account and Rs. 2,95,13,000 on Capital Account be granted to the Governor to defray the charges that will come in course of payment for the year 2005-2006 in respect of Food and Supplies.

**Demand No. 10**

That a sum not exceeding Rs. 86,76,04,000 on Revenue Account and Rs. 4,80,00,000 on Capital Account be granted to the Governor to defray the charges that will come in course of payment for the year 2005-2006 in respect of General Administration.

**Demand No. 11**

That a sum not exceeding Rs. 7,45,80,41,000 on Revenue Account and Rs. 22,05,89,000 on Capital Account be granted to the Governor to defray the charges that will come in course of payment for the year 2005-2006 in respect of Health and Family Welfare.

**Demand No. 12**

That a sum not exceeding Rs. 12,76,27,00,000 on Revenue Account and Rs. 51,84,40,000 on Capital Account be granted to the Governor to defray the charges that will come in course of payment for the year 2005-2006 in respect of Home Affairs and Justice.

[Mr. Speaker]

**Demand No. 13**

That a sum not exceeding Rs. 78,12,92,000 on Revenue Account and Rs. 23,87,18,000 on Capital Account be granted to the Governor to defray the charges that will come in course of payment for the year 2005-2006 in respect of Industries.

**Demand No. 14**

That a sum not exceeding Rs. 14,41,37,000 on Revenue Account and Rs. 50,00,000 on Capital Account be granted to the Governor to defray the charges that will come in course of payment for the year 2005-2006 in respect of Information and Public Relations.

**Demand No. 15**

That a sum not exceeding Rs. 15,58,52,85,000 on Revenue Account and Rs. 7,30,24,39,000 on Capital Account be granted to the Governor to defray the charges that will come in course of payment for the year 2005-2006 in respect of Irrigation and Power.

**Demand No. 16**

That a sum not exceeding Rs. 18,02,83,000 on Revenue Account be granted to the Governor to defray the charges that will come in course of payment for the year 2005-2006 in respect of Labour and Employment.

**Demand No. 17**

That a sum not exceeding Rs. 2,24,43,92,000 on Revenue Account and Rs. 2,05,09,17,000 on Capital Account be granted to the Governor to defray the charges that will come in course of payment for the year 2005-2006 in respect of Local Government, Housing and Urban Development.

**Demand No. 18**

That a sum not exceeding Rs. 6,16,62,000 on Revenue Account and Rs. 1,00,00,000 on Capital Account be granted to the Governor to defray the charges that will come in course of payment for the year 2005-2006 in respect of Personnel and Administrative Reforms.

**Demand No. 19**

That a sum not exceeding Rs. 4,57,82,62,000 on Revenue Account and Rs. 2,70,09,56,000 on Capital Account be granted to the Governor to defray the charges that will come in course of payment for the year 2005-2006 in respect of Planning.

**Demand No. 20**

That a sum not exceeding Rs. 2000 on Revenue Account be granted to the Governor to defray the charges that will come in course of payment for the year 2005-2006 in respect of Programme Implementation.

**Demand No. 21**

That a sum not exceeding Rs. 9,10,51,94,000 on Revenue Account and Rs. 6484709000 on Capital Account be granted to the Governor to defray the charges that will come in course of payment for the year 2005-2006 in respect of Public Works.

**Demand No. 22**

That a sum not exceeding Rs. 5,10,06,76,000 on Revenue Account be granted to the Governor to defray the charges that will come in course of payment for the year 2005-2006 in respect of Revenue and Rehabilitation.

**Demand No. 23**

That a sum not exceeding Rs. 1,44,25,13,000 on Revenue Account and Rs. 1747610000 on Capital Account be granted to the Governor to defray the charges that will come in course of payment for the year 2005-2006 in respect of Rural Development and Panchayats.

**Demand No. 24**

That a sum not exceeding Rs. 7,44,08,000 on Revenue Account and Rs. 1967700000 on Capital Account be granted to the Governor to defray the charges that will come in course of payment for the year 2005-2006 in respect of Science and Technology and Environment.

[Mr. Speaker]

**Demand No. 25**

That a sum not exceeding Rs. 1,86,57,86,000 on Revenue Account and Rs. 6,89,00,000 on Capital Account be granted to the Governor to defray the charges that will come in course of payment for the year 2005-2006 in respect of Social and Women's Welfare of Scheduled Castes and Backward Classes.

**Demand No. 26**

That a sum not exceeding Rs. 13,88,20,000 on Revenue Account be granted to the Governor to defray the charges that will come in course of payment for the year 2005-2006 in respect of State Legislature.

**Demand No. 27**

That a sum not exceeding Rs. 1,19,37,20,000 on Revenue Account be granted to the Governor to defray the charges that will come in course of payment for the year 2005-2006 in respect of Technical Education and Industrial Training.

**Demand No. 28**

That a sum not exceeding Rs. 10,87,86,000 on Revenue Account and Rs. 7,12,35,000 on Capital Account be granted to the Governor to defray the charges that will come in course of payment for the year 2005-2006 in respect of Tourism and Cultural Affairs.

**Demand No. 29**

That a sum not exceeding Rs. 3,30,57,52,000 on Revenue Account and Rs. 15,82,00,000 on Capital Account be granted to the Governor to defray the charges that will come in course of payment for the year 2005-2006 in respect of Transport.

**Demand No. 30**

That a sum not exceeding Rs. 11,41,26,000 on Revenue Account and Rs. 4,02,000 on Capital Account be granted to the Governor to defray the charges that will come in course of payment for the year 2005-2006 in respect of Vigilance.

*DEMANDS NO. 1 AND 7 TO BE DISCUSSED SPECIFICALLY FOR 2½ HOURS. THEREAFTER GUILLOTINE WILL APPLY.*

**Mr. Speaker :** As per practice Guillotine will be applied at 1.30 P.M. I will request that while raising discussion, the Demand No. on which the discussion is sought to be raised may please be indicated by the Member concerned. The Demand Nos. 1 and 7 are to be discussed specifically for Agriculture and Excise and Taxation and I request also that one Member should take 10 minutes so that all Members take part in the Budget Discussion.

Now discussion. Yes, Sardar Parkash Singh Badal Sahib.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਇਹ ਸਾਡੀ ਪਾਰਟੀ ਦਾ ਟਾਈਮ ਹੈ। ਜੇ ਤੁਸੀਂ ਮੁਨਾਸਿਬ ਸਮਝੋ ਤਾਂ ਬਾਦਲ ਸਾਹਿਬ (ਸ. ਪ੍ਰਕਾਸ਼ ਸਿੰਘ ਬਾਦਲ) ਨੂੰ ਇਸ ਵਿਚੋਂ ਖੁਲ੍ਹਾ ਟਾਈਮ ਦੇ ਦਿਓ।

**Mr. Speaker :** I agree. ਚਾਹੀਦਾ ਤਾਂ ਇਹ ਸੀ ਕਿ ਤੁਹਾਡੇ ਬਾਕੀ ਮੈਂਬਰ ਵੀ ਬੋਲ ਲੈਂਦੇ ਪਰ ਚਲੋ, ਠੀਕ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ) :** ਸਪੀਕਰ ਸਾਹਿਬ, ਦੋ ਡੀਮਾਂਡਜ਼ ਤੇ ਸਪੈਸ਼ਲ ਡਿਸਕਸ਼ਨ ਰੱਖੀ ਗਈ ਹੈ। ਇਹਦਾ ਸਮਾਂ 2.30 ਘੰਟੇ ਹੈ। ਦੋਨੋਂ ਬੜੀਆਂ ਇੰਪਾਰਟੈਂਟ ਡੀਮਾਂਡਜ਼ ਹਨ। ਇਸ ਲਈ ਮੇਰੀ ਪਹਿਲੀ ਰਿਕੁਐਸਟ ਹੈ ਕਿ ਆਪਣੀ ਪਾਰਟੀ ਵੱਲੋਂ ਅੱਜ ਇਨ੍ਹਾਂ ਡੀਮਾਂਡਜ਼ ਤੇ ਸਿਰਫ ਮੈਂ ਹੀ ਬੋਲਾਂਗਾ। ਇਸ ਕਰਕੇ 10 ਮਿੰਟ ਤੁਸੀਂ ਕਿਹਾ ਹੈ, ਸੋ ਪਾਰਟੀ ਵੱਲੋਂ ਮੈਂ ਹੀ ਬੋਲਾਂਗਾ।

**ਮਾਨਯੋਗ ਸਪੀਕਰ :** ਬਿਲਕੁਲ ਠੀਕ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਪਹਿਲੀ ਡੀਮਾਂਡ ਹੈ, ਜਿਸ ਦੀ ਚਰਚਾ ਸਾਰੇ ਸੂਬੇ ਦੇ ਘਰ ਘਰ ਵਿੱਚ ਹੈ, ਅਖਬਾਰਾਂ ਵਿੱਚ ਹੈ, ਉਹ ਹੈ ਐਕਸਾਈਜ਼। ਪਿਛਲੇ ਦਿਨੀਂ ਐਕਸਾਈਜ਼ ਦੀ ਔਕਸ਼ਨ ਹੋਈ ਹੈ। ਸਟੇਟ ਦਾ ਜਿਹੜਾ ਮੇਜਰ ਰੈਵੀਨਿਊ ਹੈ, ਉਹ ਐਕਸਾਈਜ਼ ਤੋਂ ਆਉਂਦਾ ਹੈ ਤੇ ਉਸ ਵਾਸਤੇ ਜਿਹੜੀ ਸਰਕਾਰ ਹੈ, ਉਹ ਮੈਕਸੀਮਮ ਕੋਸ਼ਿਸ਼ ਕਰਦੀ ਹੈ ਕਿ ਇਨ੍ਹਾਂ ਔਕਸ਼ਨਜ਼ ਦੇ ਵਿੱਚ ਇਕ ਤਾਂ ਕੰਪੀਟੀਸ਼ਨ ਹੋਵੇ, ਇਕ ਟਰਾਂਸਪੇਰੈਂਸੀ ਹੋਵੇ, ਮੈਕਸੀਮਮ ਰੈਵੀਨਿਊ ਆਵੇ ਤੇ ਗਰੇਟਰ ਇੰਪਲਾਇਮੈਂਟ ਹੋਵੇ। ਹੁਣ ਤੱਕ ਇਹੀ ਮੁੱਦੇ ਹੁੰਦੇ ਹਨ, ਜਿਨ੍ਹਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਪਰ, ਸਪੀਕਰ ਸਾਹਿਬ, ਹੁਣ ਇਹੋ ਜਿਹੀ ਸਰਕਾਰ ਪੰਜਾਬ ਵਿੱਚ ਆ ਗਈ ਹੈ, ਜਿਸ ਵਿੱਚ ਆਮ ਇਹ ਹੈ ਕਿ ਕੋਈ ਇਨ੍ਹਾਂ ਨੂੰ ਰੈਵੀਨਿਊ ਜੈਨਰੇਸ਼ਨ ਦੀ ਦਿਲਚਸਪੀ ਨਹੀਂ, ਕੋਈ ਦਿਲਚਸਪੀ ਨਹੀਂ ਕਿ ਗਰੇਟਰ ਇੰਪਲਾਇਮੈਂਟ ਹੋਵੇ। ਇਨ੍ਹਾਂ ਨੂੰ ਦਿਲਚਸਪੀ ਹੈ ਪਰਸਨਲ ਗੇਨਜ਼ ਲਈ ਫੇਵਰੇਟਿਜ਼ਮ ਹੋਵੇ ਆਪਣੀ ਫੇਵਰ ਵਾਸਤੇ ਫੇਵਰੇਟਿਜ਼ਮ ਕਰਨੀ। ਇਹ ਜਿਹੜੀ ਲਿਕਰ ਔਕਸ਼ਨ ਹੋਈ ਹੈ, ਇਹ ਦਿਨ ਦਿਹਾੜੇ ਪੰਜਾਬ ਦੇ ਖਜ਼ਾਨੇ ਤੇ ਡਾਕਾ ਵੱਜਿਆ ਹੈ। ਇਹ biggest decoity of the history ਹੈ। ਮੈਂ ਕਹਾਂਗਾ ਕਿ ਜਿਹੜਾ ਸਭ ਕੁਝ ਹੋਇਆ ਹੈ, ਇਹ at the behest of the Government ਹੋਇਆ ਹੈ। ਇਹ ਸਾਰਿਆਂ ਨੂੰ ਪਤਾ ਹੈ। ਮੇਰੇ ਸਾਹਮਣੇ ਬੈਠੇ ਭਰਾਵਾਂ ਨੂੰ ਵੀ ਪਤਾ ਹੈ ਪਰ ਇਨ੍ਹਾਂ ਦੀ ਜੁਰਅੱਤ ਨਹੀਂ ਹੈ। ਇਨ੍ਹਾਂ ਦੀ ** ** ਇਹ ਸਚਾਈ ਨੂੰ ਸਚਾਈ ਕੀ ਆਖਣ ?

** Expunged as ordered by the Chair.

ਵਿੱਤ ਅਤੇ ਯੋਜਨਾ ਅਤੇ ਸੰਸਥਾਈ ਵਿੱਤ ਅਤੇ ਬੈਂਕਿੰਗ ਮੰਤਰੀ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਸਪੀਕਰ ਸਾਹਿਬ, ਇਨ੍ਹਾਂ ਨੇ ਬੜੇ ਆਬਜੈਕਸ਼ਨੇਬਲ ਵਰਡਜ਼ ਯੂਜ਼ ਕੀਤੇ ਹਨ। ਇਨ੍ਹਾਂ ਨੇ ਕਿਹਾ ਹੈ ਕਿ ** ** ** (ਵਿਰੋਧੀ ਧਿਰਾਂ ਵੱਲ ਇਸ਼ਾਰਾ) ** ** ਸਾਡੀ ** ** ** **

ਸਰਦਾਰ ਪ੍ਰਕਾਸ਼ ਸਿੰਘ ਬਾਦਲ : ** ** ** ** ** ** ** ** ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਇਹ ਮੈਨੂੰ ਇੰਟਰਪਟ ਨਾ ਕਰਨ।

ਮਾਨਯੋਗ ਸਪੀਕਰ : ** ** ਨਹੀਂ ਹੋ ਸਕਦੀ। ਕੋਈ ਹੋਰ ਸ਼ਬਦ ਯੂਜ਼ ਕਰ ਲਓ। ** ** ਸ਼ਬਦ ਨੂੰ ਐਕਸਪੰਜ ਕੀਤਾ ਜਾਂਦਾ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਬਾਰੇ ਬੱਚੇ ਬੱਚੇ ਨੂੰ ਪਤਾ ਹੈ, ਅਖਬਾਰਾਂ ਵਾਲਿਆਂ ਨੂੰ ਪਤਾ ਹੈ, ਪੰਜਾਬ ਦੇ ਹਰ ਰਹਿਣ ਵਾਲੇ ਨੂੰ ਪਤਾ ਹੈ।

ਵਿੱਤ ਅਤੇ ਯੋਜਨਾ ਅਤੇ ਸੰਸਥਾਈ ਵਿੱਤ ਅਤੇ ਬੈਂਕਿੰਗ ਮੰਤਰੀ : ਸਾਡਾ ਵੀ ਪਤਾ ਹੈ, ਤੁਹਾਡਾ ਵੀ ਪਤਾ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਇੰਟ੍ਰਪਸ਼ਨ ਕਰਦੇ ਹਨ। ਜੇਕਰ ਇਹੀ ਹਾਲ ਹੈ, ਫਿਰ ਤਾਂ ਚੱਲਣ ਦਿਓ। (ਵਿਘਨ) ਸਪੀਕਰ ਸਾਹਿਬ, ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਦਫਾ ਹੋਇਆ ਹੈ ਕਿ ਵੈਲ ਪਲਾਨਡ ਕੁਰੱਪਸ਼ਨ ਹੋਈ ਹੈ ਔਰ ਇਕੱਲੀ ਵੈਲ ਪਲਾਨਡ ਨਹੀਂ, ਹਾਈਐਸਟ ਆਰਡਰ ਦੀ ਕੁਰੱਪਸ਼ਨ ਹੋਈ ਹੈ। ਜਿਹੜੀ ਔਕਸ਼ਨ ਹੋਈ ਹੈ, ਇਹ ਇਕ ਤਰ੍ਹਾਂ ਨਾਲ ਸਿਰਫ ਫਾਰਮੈਲਟੀ ਸੀ। ਇਹ ਤਾਂ ਸ਼ਾਇਦ ਪਹਿਲਾਂ ਹੀ ਹੋ ਚੁੱਕੀ ਸੀ। ਇਕ ਮਲਟੀ ਮਿਲੀਨਿਆਰ ਅਤੇ ਬਹੁਤ ਵੱਡੇ ਮਨਾਪਲਿਸਟ ਲਿਕਰ ਕਾਰਟਲ ਦੇ ਦਰਮਿਆਨ ਅਤੇ ਪੰਜਾਬ ਦੇ ਬਾਦਸ਼ਾਹ ਦੇ ਦਰਮਿਆਨ। ਮੈਂ ਨਾਂ ਨਹੀਂ ਕਿਸੇ ਦਾ ਲੈਣਾ ਚਾਹੁੰਦਾ, ਇਹਦਾ ਸਾਰੇ ਦਾ ਕੀ ਮਤਲਬ ਸੀ। ਇਸ ਸਾਰੀ ਪਲਾਨਿੰਗ ਦਾ ਮਤਲਬ ਸੀ ਕਿ ਉਸ ਲਿਕਰ ਕਾਰਟਲ ਨੂੰ ਸਾਰੇ ਪੰਜਾਬ ਦੇ ਠੇਕੇ ਦੇ ਦਿੱਤੇ ਜਾਣ to grease their own palm. ਇਹ ਪਬਲਿਕ ਇੰਟਰਸਟ ਦੀ ਗੱਲ ਨਹੀਂ ਹੈ। ਇਹ ਕੋਈ ਸਟੇਟ ਦੇ ਇੰਟਰਸਟ ਦੀ ਗੱਲ ਨਹੀਂ। ਇਕ ਪਰਸਨਲ ਮਨੀ ਗੇਨਜ਼ ਦੀ ਗੱਲ ਹੈ। ਕੀ ਕਦੀ ਵੈਲਫੇਅਰ ਸਟੇਟ ਵਿਚ ਇਸ ਤਰ੍ਹਾਂ ਹੁੰਦਾ ਹੈ ? ਲੋਕ ਇਹ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਸਪੀਕਰ ਸਾਹਿਬ, ਆਕਸ਼ਨ ਕਿਸ ਤਰ੍ਹਾਂ ਹੋਈ। ਆਕਸ਼ਨ ਦਾ ਤਰੀਕਾ ਹੁੰਦਾ ਹੈ ਕਿ ਜਿਨ੍ਹਾਂ ਨੇ ਆਕਸ਼ਨ ਵਿਚ ਹਿੱਸਾ ਲੈਣਾ ਹੋਵੇ, ਉਨ੍ਹਾਂ ਨੂੰ ਪਰਚੀਆਂ ਦਿੱਤੀਆਂ ਜਾਂਦੀਆਂ ਹਨ। ਆਕਸ਼ਨ ਹਾਲ ਵਿਚ ਉਹ ਆ ਕੇ ਬੋਲੀ ਦੇ ਸਕਦੇ ਹਨ। ਇਹ ਵੀ ਹੁੰਦਾ ਹੈ ਕਿ ਜਿਹੜੀ ਸਾਰੀ ਐਕਸਾਈਜ਼ ਪਾਲਿਸੀ ਹੁੰਦੀ ਹੈ, ਉਸ ਨੂੰ ਸਾਰੀ ਸਟੇਟ ਵਿਚ ਪਬਲਿਸ਼ ਕੀਤਾ ਜਾਵੇ। ਇਨ੍ਹਾਂ ਨੇ ਰਿਕਾਰਡ ਪੂਰਾ ਕਰਨ ਵਾਸਤੇ ਡਿਪਾਰਟਮੈਂਟ ਦੇ ਅਫਸਰਾਂ ਨੂੰ ਹਦਾਇਤਾਂ ਤਾਂ ਜਾਰੀ ਕਰ ਦਿੱਤੀਆਂ ਕਿ ਆਕਸ਼ਨ ਪਾਲਿਸੀ ਤੇ ਸਲਿਪਾਂ ਬਾਰੇ ਪਬਲਿਸ਼ ਕੀਤਾ ਜਾਵੇ ਲੇਕਿਨ ਜਿਹੜੀਆਂ ਟੈਲੀਫੂਨ ਤੇ ਹਦਾਇਤਾਂ ਹੋਈਆਂ, ਉਹ ਇਹ ਸਨ ਕਿ ਨਾ ਕਿਸੇ ਨੂੰ ਪਰਚੀ ਦੇਣੀ ਹੈ ਅਤੇ ਨਾ

** Expunged as ordered by the Chair.

ਕੋਈ ਪਰਚੀ ਮਿਲਣੀ ਹੈ। ਪਰਚੀ ਕੇਵਲ ਲੁਧਿਆਣੇ ਵਿਚੋਂ ਹੀ ਮਿਲਣੀ ਹੈ ਅਤੇ ਉਹ ਵੀ ਤਾਂ ਮਿਲਣੀ ਹੈ ਜੇਕਰ ਪੌਂਟੀ ਚੱਢਾ ਕਲੀਅਰੈਂਸ ਦੇਵੇਗਾ। ਜਿਸ ਨੂੰ ਪੌਂਟੀ ਚੱਢਾ ਕਲੀਅਰੈਂਸ ਨਹੀਂ ਦੇਵੇਗਾ, ਉਸ ਨੂੰ ਪਰਚੀ ਨਹੀਂ ਮਿਲਣੀ। ਸਪੀਕਰ ਸਾਹਿਬ, ਇਹ ਹਿਸਟਰੀ ਵਿਚ ਪਹਿਲੀ ਵਾਰ ਹੋਇਆ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਦਾ ਨਾਂ ਗਿਨੀਜ਼ ਬੁੱਕ ਵਿਚ ਲਿਖਣਾ ਚਾਹੀਦਾ ਹੈ। ਸਾਰੀ ਡਵੀਜ਼ਨ, ਇਕ ਡਵੀਜ਼ਨ ਵਿਚ 4-4 ਜ਼ਿਲ੍ਹੇ ਹੁੰਦੇ ਹਨ, ਵਿਚ ਇਹ ਫੈਸਲਾ ਹੋਇਆ ਕਿ ਕੰਟਰੀ ਲੀਕਰ ਅਤੇ ਆਈ.ਐਮ.ਐਫ.ਐਲ. ਦੇ ਠੇਕੇ ਇਕੱਠੇ ਦਿੱਤੇ ਜਾਣ। ਇਹ ਕਿਉਂ ਹੋਇਆ, ਕਿਉਂਜੋ ਪੌਂਟੀ ਚੱਢਾ ਤੋਂ ਬਗੈਰ ਕੋਈ ਹੋਰ ਬੋਲੀ ਦੇ ਨਾ ਸਕੇ। ਨਾ ਕਿਸੇ ਕੋਲ ਇਤਨਾ ਪੈਸਾ ਹੈ ਕਿ ਉਹ ਬੋਲੀ ਦੇ ਸਕੇ। The whole process of auction of one Division was completed within seconds ਤੁਸੀਂ ਵੀ ਐਫ.ਐਮ. ਰਹੇ ਹੋ ਅਤੇ ਤੁਹਾਡਾ ਸਿਆਸੀ ਤਜਰਬਾ ਬਹੁਤ ਜ਼ਿਆਦਾ ਹੈ। ਇਹ ਕਦੀ ਹੋਇਆ ਹੈ ਕਿ ਇਤਨੀ ਵੱਡੀ ਆਕਸ਼ਨ ਸਕਿੰਟਾਂ ਵਿਚ ਹੋ ਜਾਵੇ ਅਤੇ ਇਸ ਤਰ੍ਹਾਂ ਦਾ ਮੁੱਦਾ ਕਿ ਇਕ ਬੰਦੇ ਦੇ ਹੱਥ ਵਿਚ ਸਾਰੀ ਟਰੇਡ ਦੇ ਦੇਣਾ, ਇਸ ਤੋਂ ਲਗਦਾ ਹੈ ਕਿ ਖੁੱਲੇ ਗੱਫੇ ਲਏ ਗਏ ਹਨ। ਇਹ ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ, ਪਹਿਲੇ ਦਿਨ ਤਾਂ ਇਥੋ ਤੱਕ ਹੋਇਆ ਕਿ ਜਦੋਂ ਆਕਸ਼ਨ ਹੋਣੀ ਸੀ, ਟਾਈਮ 10.30 ਵਜੇ ਦਾ ਸੀ ਤਾਂ ਫਿਰ 10.30 ਵਜੇ ਹੀ ਸ਼ੁਰੂ ਹੋਣੀ ਚਾਹੀਦੀ ਸੀ। ਲੇਕਿਨ ਜਦੋਂ ਪੌਂਟੀ ਚੱਢਾ 11.30 ਵਜੇ ਆਇਆ ਤਾਂ ਫਿਰ whole process in motion ਹੋਇਆ। ਉਸ ਦੇ ਆਉਣ ਦਾ ਇਤਨਾ ਸ਼ਾਨਦਾਰ ਸਵਾਗਤ ਹੋਇਆ ਕਿ ਇਤਨਾ ਸੀ.ਐਮ. ਸਾਹਿਬ ਦਾ ਵੀ ਸਵਾਗਤ ਨਹੀਂ ਹੁੰਦਾ। ਸਪੀਕਰ ਸਾਹਿਬ, ਮੈਨੂੰ ਬੜਾ ਦੁਖ ਹੁੰਦਾ ਹੈ, ਮੈਨੂੰ ਸ਼ਰਮ ਆਉਂਦੀ ਹੈ, ਬੜਾ ਅਫ਼ਸੋਸ ਹੁੰਦਾ ਹੈ ਕਿ ਸਾਰੇ ਪੰਜਾਬ ਦੀ ਆਕਸ਼ਨ ਵਿਚ ਕੇਵਲ 25 ਕਰੋੜ ਰੁਪਏ ਦਾ ਇਜ਼ਾਫਾ ਹੋਇਆ। ਤੁਸੀਂ ਆਪਣੇ ਸਮੇਂ ਵਿਚ ਵੀ ਵੇਖਦੇ ਹੋਵੋਗੇ। ਪਰ ਹੁਣ ਕੇਵਲ 2.5% ਇਜ਼ਾਫਾ ਹੋਇਆ ਹੈ। ਇਸ ਤੋਂ ਵੱਡੀ ਲੁੱਟ ਕੀ ਹੋ ਸਕਦੀ ਹੈ। ਕੀ ਇਸ ਤੋਂ ਵੱਡਾ ਕਰੱਪਸ਼ਨ ਦੇ ਵਿਚ ਕੋਈ ਹੋਰ ਘੁਟਾਲਾ ਪੰਜਾਬ ਵਿਚ ਹੋ ਸਕਦਾ ਹੈ? ਸਪੀਕਰ ਸਾਹਿਬ, ਤੁਸੀਂ ਵੇਖ ਲਵੋ। ਸਾਡਾ ਗੁਆਂਢੀ ਸੂਬਾ ਹਰਿਆਣਾ ਹੈ। ਉਹ ਸਾਡੇ ਨਾਲੋਂ ਅਬਾਦੀ ਵਿਚ ਵੀ ਛੋਟਾ ਹੈ ਅਤੇ ਉਥੇ ਲੋਕ ਵੀ ਘੱਟ ਪੀਂਦੇ ਹਨ। ਉਥੇ ਵੀ ਆਕਸ਼ਨ ਹੋਈ। ਉਥੇ 15% ਦਾ ਇਜ਼ਾਫਾ ਹੋਇਆ ਹੈ...

**ਮਾਨਯੋਗ ਸਪੀਕਰ** : ਬਾਦਲ ਸਾਹਿਬ, ਤੁਹਾਨੂੰ ਥੋੜ੍ਹਾ ਇੰਟਰਪਟ ਕਰਕੇ ਦੱਸਣਾ ਹੈ ਕਿ ਤੁਹਾਡੀ ਪਾਰਟੀ ਦੇ ਹਿੱਸੇ 52 ਮਿੰਟ ਆਉਂਦੇ ਹਨ ਅਤੇ ਤੁਸੀਂ 10—15 ਮਿੰਟ ਬੋਲ ਚੁੱਕੇ ਹੋ। ਤੁਹਾਡੀ ਪਾਰਟੀ ਦੇ ਹੋਰ ਮੈਂਬਰਾਂ ਨੇ ਵੀ ਬੋਲਣਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ, ਹੋਰ ਕਿਸੇ ਨਹੀਂ ਬੋਲਣਾ।

**ਮਾਨਯੋਗ ਸਪੀਕਰ** : ਫਿਰ ਠੀਕ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : 15% ਨਹੀਂ ਬਲਕਿ 18% ਇਨਕਰੀਜ਼ ਹੋਈ ਹੈ। ਪੰਜਾਬ ਨਾਲੋਂ ਕਿਤੇ ਵੱਧ ਇਨਕਰੀਜ਼ ਹੋਈ ਹੈ। ਮੈਂ ਤੁਹਾਨੂੰ ਹਰਿਆਣਾ ਦੇ ਅੰਦਰ ਦੱਸਦਾ ਹਾਂ ਕਿ ਚੰਗੇ ਡਿਸਟ੍ਰਿਕਟ ਤਾਂ ਛੱਡ ਦਿਓ, ਜਿਹੜੇ ਸਭ ਤੋਂ ਬੈਕਵਰਡ ਡਿਸਟ੍ਰਿਕਟ ਹਨ, ਰੋਹਤਕ ਅਤੇ ਭਿਵਾਨੀ, ਉਨ੍ਹਾਂ ਜ਼ਿਲ੍ਹਿਆਂ ਵਿਚ ਵੀ ਸਾਰੇ ਪੰਜਾਬ ਨਾਲੋਂ ਵੱਧ ਇਨਕਰੀਜ਼ ਹੋਈ ਹੈ।

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਾਡੇ ਪੰਜਾਬ ਨਾਲੋਂ ਹਰਿਆਣਾ ਵਿੱਚ 6% ਜ਼ਿਆਦਾ ਉਨ੍ਹਾਂ ਦੇ ਰੈਵਨਿਊ ਵਿੱਚ ਵਾਧਾ ਹੋਇਆ ਹੈ। ਤੁਸੀਂ ਆਪ ਦੇਖ ਲਓ ਕਿ ਕਿੱਥੋਂ ਤੱਕ ਠੀਕ ਹੈ। ਇੱਥੋਂ ਤੱਕ ਕਿ ਜਦੋਂ ਇਹ ਸਕੀਮ ਬਣ ਰਹੀ ਸੀ ਤਾਂ ਜਿਹੜੇ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ ਹਨ, ਉਨ੍ਹਾਂ ਨੇ ਛੁੱਟੀ ਵਾਸਤੇ ਵੀ ਦਰਖਾਸਤ ਦੇ ਦਿਤੀ ਸੀ ਕਿ ਮੈਂ ਇਸ ਪਾਪ ਦਾ ਭਾਗੀ ਨਹੀਂ ਬਣਨਾ ਲੇਕਿਨ ਉਸਦੀ ਛੁੱਟੀ ਮਨਜ਼ੂਰ ਨਹੀਂ ਹੋਈ। ਫਿਰ ਉਹ ਆਕਸ਼ਨ ਤੇ ਵੀ ਨਹੀਂ ਗਿਆ। ਹੋਰ ਦੂਸਰੇ ਅਫਸਰ ਵੀ ਨਹੀਂ ਗਏ। ਇਹ ਸਾਰਾ ਕੁਝ ਜੋ ਹੋਇਆ ਹੈ, ਇਸ ਤੇ ਪ੍ਰੈਸ ਦਾ ਕਮੈਂਟ ਹੈ, ਪੋਲੀਟੀਸ਼ਨਜ਼ ਦਾ ਵੀ ਕਮੈਂਟ ਹੈ। ਇੱਥੋਂ ਤੱਕ ਕਿ ਸਰਦਾਰ ਜਗਮੀਤ ਸਿੰਘ ਬਰਾੜ ਨੇ ਵੀ ਕਿਹਾ ਕਿ Liquor auction is disgraceful. It is a naked scandal. The alleged bribe taken was to the tune of more than rupees hundred crore. ਇਹ ਉਹ ਆਦਮੀ ਕਹਿ ਰਿਹਾ ਹੈ ਜਿਹੜਾ ਕਿ 25 ਸਾਲਾਂ ਤੋਂ ਕਾਂਗਰਸ ਵਿੱਚ ਰਿਹਾ ਹੈ, ਪਾਰਲੀਮੈਂਟ ਦਾ ਮੈਂਬਰ ਵੀ ਰਿਹਾ ਹੈ ਅਤੇ ਸੀ.ਐਮ. ਦਾ ਵੀ ਕੈਂਡੀਡੇਟ ਰਿਹਾ ਹੈ, ਉਸਨੇ ਇਹ ਕਿਹਾ ਹੈ। ਇਕੱਲੇ ਉਸਨੇ ਨਹੀਂ ਕਿਹਾ, ਅਖਬਾਰਾਂ ਨੇ ਵੀ ਕਿਹਾ ਹੈ। ਜੇ ਮੈਂ ਸਾਰੀਆਂ ਅਖਬਾਰਾਂ ਬਾਰੇ ਦੱਸਣ ਲੱਗਿਆ ਤਾਂ ਮੇਰੇ 50 ਮਿੰਟ ਤਾਂ ਇਸੇ ਤੇ ਲੱਗ ਜਾਣਗੇ, ਮੈਂ ਐਗਰੀਕਲਚਰ ਬਾਰੇ ਵੀ ਬੋਲਣਾ ਹੈ। ਟਾਈਮਜ਼ ਆਫ਼ ਇੰਡੀਆ ਨੇ ਵੀ ਕਿਹਾ ਹੈ Patiala Peg Royal-Rs. 131 crore peg gulped in twenty-eight seconds, ਸਪੀਕਰ ਸਾਹਿਬ, ਤੁਸੀਂ ਤਾਂ ਸ਼ਾਇਦ ਕਦੇ ਪੀਤੀ ਨਹੀਂ। ਇਕ ਹੈ ਸਿਪਿੰਗ ਕਰ ਲੈਣਾ, ਇਕ ਹੁੰਦਾ ਹੈ ਗਲਪ। ਇਹ 38 ਕਰੋੜ ਰੁਪਏ ਦੀ ਸ਼ਰਾਬ ਇਕ ਵੇਰ ਗਲਪ ਕਰ ਗਏ। ਡਕਾਰ ਜਾਣ ਲਈ ਵੀ ਹਾਜ਼ਮਾ ਚਾਹੀਦਾ ਹੈ। ਪਹਿਲਾਂ 38 ਕਰੋੜ ਰੁਪਏ ਦਾ ਪੈਗ ਮਾਰਿਆ ਅਤੇ ਫਿਰ 108 ਕਰੋੜ ਰੁਪਏ ਦਾ 87 ਸੈਕਿੰਡ ਵਿੱਚ ਹੀ ਇਕ ਹੋਰ ਪੈਗ ਮਾਰਿਆ। ਸਪੀਕਰ ਸਾਹਿਬ, ਸਾਡੇ ਅਕਸਾਈਜ਼ ਦੀਆਂ ਪੰਜ ਡਵੀਜ਼ਨਾਂ ਹਨ ਅਤੇ 1206 ਠੇਕੇ ਹਨ ਇਨ੍ਹਾਂ ਪੰਜ ਦੀਆਂ ਪੰਜ ਡਵੀਜ਼ਨਾਂ ਵਿੱਚ ਹੀ ਇਹ ਹਜ਼ਮ ਕਰ ਗਏ। ਸਪੀਕਰ ਸਾਹਿਬ, ਕਦੇ ਇਸ ਤਰ੍ਹਾਂ ਹੋਇਆ। ਤੁਸੀਂ ਸਪੀਕਰ ਸਾਹਿਬ, ਕਦੇ ਐਸਾ ਜ਼ਿੰਦਗੀ ਵਿੱਚ ਦੇਖਿਆ ਹੈ। ਇਸੇ ਤਰ੍ਹਾਂ ਅਖਬਾਰ ਅਜੀਤ ਲਿਖਦਾ ਹੈ, ਇਹ 21 ਮਾਰਚ, 2005 ਦਾ ਅਖਬਾਰ ਹੈ। ਅਖਬਾਰ ਲਿਖਦਾ ਹੈ ਕਿ ਪੰਜਾਬ ਵਿਚ ਇਸ ਵੇਰ ਸ਼ਰਾਬ ਦੇ ਠੇਕੇ ਦੀ ਨਿਲਾਮੀ ਦਾ ਹਾਲ ਪਹਿਲਾਂ ਵਰਗਾ ਹੀ ਹੋਇਆ ਹੈ। ਇਕ ਗਰੁੱਪ ਨੂੰ ਬਹੁਤੇ ਠੇਕੇ ਦੇ ਦਿਤੇ ਜਾਣ ਦਾ ਜੋ ਕਾਰਨ ਹੋ ਸਕਦਾ ਹੈ, ਅੱਜ ਇਹ ਕਿਸੇ ਤੋਂ ਵੀ ਲੁਕਿਆ ਛੁਪਿਆ ਨਹੀਂ। ਜੇਕਰ ਇਕ ਗਰੁੱਪ ਦਾ ਕਬਜ਼ਾ ਹੋ ਜਾਵੇ ਤਾਂ ਫਿਰ ਉਹ ਆਪਣੀਆਂ ਚੰਮ ਦੀਆਂ ਚਲਾ ਸਕਦਾ ਹੈ। ਇਹ ਤਾਂ ਹੋ ਸਕਦਾ ਹੈ ਜੇ ਹੇਠਾਂ ਤੋਂ ਲੈ ਕੇ ਉਪਰ ਤੱਕ ਮੁੱਠੀ ਗਰਮ ਹੋ ਜਾਵੇ ਤਾਂ ਅੱਖਾਂ ਤੇ ਪਰਦਾ ਪੈਣਾ ਜ਼ਰੂਰੀ ਹੈ। ਸਾਰੀਆਂ ਅਖਬਾਰਾਂ ਨੇ ਬਹੁਤ ਕੁਝ ਲਿਖਿਆ ਹੈ ਪਰ ਮੇਰੇ ਪਾਸ ਇਤਨਾ ਸਮਾਂ ਨਹੀਂ ਕਿ ਮੈਂ ਸਾਰਾ ਪੜ੍ਹ ਕੇ ਦੱਸ ਸਕਾਂ। ਸਪੀਕਰ ਸਾਹਿਬ, ਹੁਣ ਪੰਜਾਬ ਵਿਚ ਮਨਾਪਲੀ ਸਿਸਟਮ ਹੈ। ਇਕੱਲੇ ਇਕੱਲੇ ਨੇ ਜਿੰਨਾ ਜੇਬ ਵਿੱਚ ਪਾਉਣਾ ਸੀ ਪਾ ਲਿਆ ਪਰ ਇਸ ਦਾ ਅਸਰ ਕਿਸ ਤੇ ਹੋਵੇਗਾ। ਅਸਰ ਹੋਵੇਗਾ ਕਸਟਮਰ ਤੇ ਕਿਉਂਕਿ ਸ਼ਰਾਬ ਦੀ ਅਪਰ ਲਿਮਟ ਕੋਈ ਨਹੀਂ ਭਾਵੇਂ 100 ਦੀ ਵੇਚ ਲਵੇ ਜਾਂ 150 ਦੀ ਵੇਚ ਲਵੇ ਜਦ ਠੇਕਾ ਹੀ ਇਕ ਬੰਦੇ ਕੋਲ ਹੈ ਤਾਂ ਫਿਰ ਭਾਵੇਂ ਕਿਸੇ ਭਾਅ ਤੇ ਵੇਚ ਲਵੇ ਅਤੇ ਇਸ ਦੀ ਪੀਉਰਟੀ ਵੀ ਸ਼ਿਓਰ ਨਹੀਂ ਹੋ ਸਕਦੀ। ਲੋਕ ਉਨ੍ਹਾਂ ਦੀ ਮਰਜੀ ਤੇ ਹਨ। ਸਪੀਕਰ ਸਾਹਿਬ, ਇਕ ਹੋਰ ਨਵਾਂ ਸਿਸਟਮ ਸ਼ੁਰੂ ਹੋ ਗਿਆ। ਉਹ ਇਹ ਕਿ ਜਿਹੜੇ ਸ਼ਰਾਬ ਦੇ ਵੱਡੇ ਵੱਡੇ

ਠੇਕੇਦਾਰ ਹਨ, ਉਨ੍ਹਾਂ ਨੇ ਆਪਣੀ ਡਿਸਟਿਲਰੀ ਵੀ ਲਗਾ ਲਈ ਹੈ। ਇਕ ਪੌਂਟੀ ਚੱਢਾ ਨੇ ਵੀ ਲਗਾ ਲਈ ਹੈ ਅਤੇ ਉਸਦਾ ਕੀ ਅਸਰ ਹੋਵੇਗਾ ਕਿ ਉਹ ਸ਼ਰਾਬ ਵੀ ਆਪ ਬਣਾਏਗਾ ਅਤੇ ਐਕਸਾਈਜ਼ ਵੀ ਨਹੀਂ ਦੇਵੇਗਾ, ਸੇਲਜ਼ ਟੈਕਸ ਵੀ ਨਹੀਂ ਦੇਵੇਗਾ ਔਰ ਦੋ ਨੰਬਰ ਦੀ ਸ਼ਰਾਬ ਵੀ ਵੇਚੇਗਾ ਕਿਉਂਕਿ ਉਸ ਨੂੰ ਸਰਕਾਰ ਦਾ ਕੋਈ ਡਰ ਨਹੀਂ। ਇੱਕ ਕਹਾਵਤ ਹੈ :

ਸਈਆਂ ਭਏ ਕੋਤਵਾਲ ਤਾਂ ਫਿਰ ਡਰ ਕਾਹੇ ਕਾ।

ਸਾਂਈਂ ਆਪਣਾ ਹੈ, ਗੌਰਮਿੰਟ ਆਪਣੀ ਹੈ ਤੇ ਫਿਰ ਵੇਖ ਲਓ ਕਿ ਕਿੰਨਾ ਨੁਕਸਾਨ ਹੋਣਾ ਹੈ। ਇਹ ਬੜੀ ਦੁਖ ਦੀ ਗੱਲ ਹੈ। ਬੜੀਆਂ ਗੱਲਾਂ ਇੰਪਲਾਇਮੈਂਟ ਦੀਆਂ ਚਲਦੀਆਂ ਹਨ ਔਰ ਬੜੇ ਫੰਡ ਕਰੀਏਟ ਕੀਤੇ ਜਾ ਰਹੇ ਹਨ। ਫਾਇਨਾਂਸ ਮਨਿਸਟਰ ਸਾਹਿਬ ਕਰ ਰਹੇ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਨਵਾਂ ਰੁਜ਼ਗਾਰ ਤਾਂ ਕੀ ਦੇਣਾ ਹੈ ਪਰ ਜਿਹੜੇ ਸਦੀਆਂ ਤੋਂ ਪ੍ਰੋਫੈਸ਼ਨਲ ਰੁਜ਼ਗਾਰ ਤੇ ਸਨ, ਉਨ੍ਹਾਂ ਦਾ ਰੁਜ਼ਗਾਰ ਵੀ ਖ਼ਤਮ ਕਰ ਦਿੱਤਾ ਗਿਆ ਹੈ। ਅੱਜ ਪੌਂਟੀ ਚੱਢਾ, ਪੌਂਟੀ ਚੱਢਾ ਹੀ ਸਾਰੇ ਪੰਜਾਬ ਵਿੱਚ ਹੋ ਰਿਹਾ ਹੈ। ਸਾਰੇ ਪੰਜਾਬ ਵਿੱਚ ਉਸ ਦੇ ਹੀ ਠੇਕੇ ਹਨ। ਇਸ ਸਮੇਂ ਤੋਂ ਵੱਧ ਹੋਰ ਕੀ ਕਹਾਂ। ਪਤਾ ਸਾਰਿਆਂ ਨੂੰ ਹੈ ਪਰ ਵਿਚਾਰੇ, ਕੀ ਕਰਨ। ਮੈਂ ਨਹੀਂ ਕਹਿੰਦਾ ਕਿ ਸਾਰਿਆਂ ਨੂੰ ਹਿੱਸਾ ਮਿਲਿਆ ਹੋਵੇਗਾ। ਤਿੰਨ-ਚਾਰਾਂ ਨੂੰ ਮਿਲਿਆ ਹੈ। ਇੱਕ ਤਾਂ ਸਰਦਾਰ ਜੀ ਪਰ੍ਹਾਂ ਨੂੰ ਮੂੰਹ ਕਰੀ ਬੈਠੇ ਹਨ। (ਵਿਘਨ)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ** (**ਸਰਦਾਰ ਲਾਲ ਸਿੰਘ**) : ਸਪੀਕਰ ਸਾਹਿਬ, ਇਹ ਮੇਰਾ ਨਾਂ ਲੈ ਰਹੇ ਹਨ......(ਵਿਘਨ) (ਸ਼ੋਰ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤਾਂ ਕਿਸੇ ਦਾ ਨਾਂ ਨਹੀਂ ਲਿਆ। ਕਿੰਨੇ ਹੀ ਉਧਰ ਨੂੰ ਮੂੰਹ ਕਰੀ ਬੈਠੇ ਹਨ।

ਮਾਨਯੋਗ ਸਪੀਕਰ : ਸਰਦਾਰ ਲਾਲ ਸਿੰਘ ਜੀ, ਉਨ੍ਹਾਂ ਨੇ ਤੁਹਾਡਾ ਨਾਂ ਨਹੀਂ ਲਿਆ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਗਿਲਟੀ ਕਾਂਨਸ਼ੀਅਸ ਹਨ। ਮੈਂ ਤਾਂ ਕਿਸੇ ਦਾ ਨਾਂ ਨਹੀਂ ਲਿਆ। (ਵਿਘਨ)

ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ............

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਨਾਂ ਤਾਂ ਲਿਆ ਹੀ ਨਹੀਂ।

**ਮਾਨਯੋਗ ਸਪੀਕਰ** : ਤੁਸੀਂ ਸੀਟ ਤੇ ਬੈਠੋ। ਤੁਹਾਡਾ ਨਾਂ ਨਹੀਂ ਲਿਆ। ਅਗਰ ਕੋਈ ਪੁਆਇੰਟ ਆਫ ਆਰਡਰ ਹੈ ਤਾਂ ਦੱਸੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਕਿਸੇ ਦੀ ਗਿਲਟੀ ਕਾਂਨਸ਼ੀਅਸ ਹੋਵੇ ਤਾਂ ਫਿਰ ਉਸ ਦਾ ਕੋਈ ਇਲਾਜ ਨਹੀਂ। ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਇਸੇ ਹਾਊਸ ਵਿੱਚ ਬਿਆਨ ਦਿੱਤਾ ਸੀ ਔਰ ਉਹ ਹਾਊਸ ਦੇ ਰਿਕਾਰਡ ਵਿਚ ਵੀ ਹੈ ਕਿ ਕੋਈ ਵੀ ਕੰਪਲੇਂਟ ਕਰੇਗਾ ਤਾਂ ਉਸ ਦੀ ਸੀ.ਬੀ.ਆਈ. ਇਨਕੁਆਇਰੀ ਕਰਵਾਈ ਜਾਵੇਗੀ। ਸਪੀਕਰ ਸਾਹਿਬ, ਇਸ ਤੋਂ ਵੱਡਾ ਸਕੈਂਡਲ ਸਟੇਟ ਵਿੱਚ ਹੋਰ ਨਹੀਂ ਹੋ ਸਕਦਾ। ਇਸ ਤੋਂ ਵੱਡਾ ਕੁਰੱਪਸ਼ਨ ਦਾ ਕੇਸ ਸਟੇਟ ਵਿੱਚ ਹੋਰ ਨਹੀਂ ਹੋ ਸਕਦਾ। ਚੀਫ਼ ਮਨਿਸਟਰ ਸਾਹਿਬ ਜਿਨ੍ਹਾਂ ਨੂੰ ਮਿਸਟਰ ਕਲੀਨ ਕਹਿੰਦੇ ਹਨ, ਇਹ ਕੇਸ ਸੀ.ਬੀ.ਆਈ. ਦੇ ਸਪੁਰਦ ਕਰਨ। (ਥੰਪਿੰਗ) ਫਿਰ ਹੀ ਅਸੀਂ ਕੁਝ ਸਮਝਾਂਗੇ ਨਹੀਂ ਤਾਂ ਫਿਰ ਜਿਵੇਂ ਕਿ ਮੇਰੇ ਤੋਂ ਸਖਤ ਲਫਜ਼ ਵਰਤਿਆ ਜਾਂਦਾ ਹੈ। ਫਿਰ ਮਿਸਟਰ ਕਲੀਨ ਨਹੀਂ, ਫਿਰ ਮਿਸਟਰ ਡਰਟੀ ਹੀ ਡਰਟੀ ਕਹਿਲਾਉਣਗੇ। ਅੱਜ ਇਹ ਸਰਕਾਰ ਸਿਰ ਤੋਂ ਪੈਰ ਤੱਕ ਕੁਰੱਪਸ਼ਨ ਨਾਲ ਲਥਪਥ ਹੈ। ਇਨ੍ਹਾਂ ਨੇ ਸੀ.ਬੀ.ਆਈ. ਨੂੰ ਸਪੁਰਦ ਨਹੀਂ ਕਰਨਾ ਕਿਉਂਕਿ ਅੱਗੇ ਵੀ ਕੁਝ ਨਾ ਕੁਝ ਜਾਂਦਾ ਹੋਵੇਗਾ।

ਅਗਲਾ ਮੁੱਦਾ ਜਿਹੜਾ ਹੈ, ਉਹ ਐਗਰੀਕਲਚਰ ਦਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਪੰਜਾਬ ਦਾ ਕਿਸਾਨ ਮਿਹਨਤੀ ਹੈ। ਪੰਜਾਬ ਦੀ 70% ਪਾਪੂਲੇਸ਼ਨ ਐਗਰੀਕਲਚਰ ਤੇ ਨਿਰਭਰ ਹੈ। ਈਵਨ ਇੰਡਸਟਰੀ ਤੇ ਟਰੇਡ ਵੀ ਤਾਂ ਹੀ ਪ੍ਰਫੁਲਿਤ ਹੋ ਸਕਦਾ ਹੈ, ਜੇਕਰ ਐਗਰੀਕਲਚਰ ਪ੍ਰਫੁਲਿਤ ਹੋਵੇਗੀ। ਇਸ ਕਾਂਗਰਸ ਦੀ ਸਰਕਾਰ ਵੇਲੇ ਸਫਰਰ ਤਾਂ ਬਹੁਤ ਹੋਏ ਹਨ ਪਰ ਜਿਹੜਾ ਵਰਸਟ ਸਫਰਰ ਹੋਇਆ ਹੈ, ਉਹ ਜਾਂ ਤਾਂ ਕਿਸਾਨ ਹੈ ਜਾਂ ਫਿਰ ਦਲਿਤ। ਉਨ੍ਹਾਂ ਦੀ ਤਾਂ ਜਾਨ ਹੀ ਕੱਢ ਲਈ ਹੈ। ਚੌਧਰੀ ਸਾਹਿਬ, ਤੁਸੀਂ ਵੀ ਅੰਦਰੋਂ ਉਠੋ। ਆਪਣੀ ਜ਼ਮੀਰ ਦੀ ਅਵਾਜ਼ ਨੂੰ ਪਹਿਚਾਣੋ।

**ਮਾਨਯੋਗ ਸਪੀਕਰ :** ਤਾਹਨੇ ਨਾ ਦਿਓ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮੈਂ ਸੋਚਿਆ ਕਿ ਸ਼ਾਇਦ ਕੋਈ ਫਾਇਦਾ ਹੋ ਜਾਵੇ। ਮੈਂ ਬਿਲਕੁਲ ਫੈਕਟਸ ਦੀ ਗੱਲ ਕਰਾਂਗਾ। ਅਗਰ ਫੈਕਟਸ ਤੇ ਹੋਵੇ ਤਾਂ ਮੰਨ ਲੈਣਾ, ਨਹੀਂ ਨਾ ਮੰਨਣਾ। ਪਹਿਲੀ ਗੱਲ ਹੈ ਸਟੈਗਨੇਸ਼ਨ ਇਨ ਐਗਰੀਕਲਚਰ। ਪੰਜਾਬ ਦੇ ਲੋਕ ਕਿਸੇ ਸਮੇਂ ਆਪਣਾ ਮੂੰਹ ਦਿਖਾ ਸਕਦੇ ਸੀ ਕਿਉਂਕਿ ਪੰਜਾਬ ਸਭ ਤੋਂ ਵੱਧ ਖੇਤੀ ਦੀ ਪੈਦਾਵਾਰ ਕਰਦਾ ਸੀ ਲੇਕਿਨ ਅੱਜ ਪੰਜਾਬ ਦੀ ਐਗਰੀਕਲਚਰ ਗਰੋਥ 2.6% ਹੈ ਔਰ ਨੈਸ਼ਨਲ ਗਰੋਥ 3.2% ਹੈ। ਉਨ੍ਹਾਂ ਦੀ ਐਗਰੀਕਲਚਰ ਪ੍ਰੋਡਕਸ਼ਨ ਸਾਡੇ ਨਾਲੋਂ ਜ਼ਿਆਦਾ ਹੈ। ਫਿਰ, ਸਪੀਕਰ ਸਾਹਿਬ, ਦੂਜੀ ਗੱਲ ਇਨਕਮ ਦੀ ਹੁੰਦੀ ਹੈ। ਜਿਸ ਘਰ ਦਾਣੇ, ਉਸ ਦੇ ਕਮਲੇ ਵੀ ਸਿਆਣੇ। ਕਦੇ ਆਪਣੇ ਕੋਲ ਦਾਣੇ ਹੁੰਦੇ ਸੀ, ਇਨਕਮ ਹੁੰਦੀ ਸੀ ਲੇਕਿਨ ਅੱਜ ਕੋਈ ਗੱਲ ਨਹੀਂ। ਇਨ੍ਹਾਂ ਤਿੰਨਾਂ ਸਾਲਾਂ ਵਿੱਚ, ਜਦੋਂ ਦੀ ਇਹ ਸਰਕਾਰ ਆਈ ਹੈ, ਫਾਰਮਰਜ਼ ਤੇ ਫਾਰਮ ਲੇਬਰ ਦੀ ਪਰ ਕੈਪਿਟਾ ਇਨਕਮ ਘੱਟ ਗਈ ਹੈ, ਬਹੁਤ ਘੱਟ ਗਈ ਹੈ। ਇਸ ਦੇ ਤਿੰਨ-ਚਾਰ ਰੀਜ਼ਨ ਹਨ। ਪਹਿਲਾਂ ਰੀਜ਼ਨ ਤਾਂ ਐਗਰੀਕਲਚਰ ਦੀ ਇਨਕਮ ਵਿੱਚ ਸਟੈਗਨੇਸ਼ਨ ਹੈ। ਦੂਜਾ, ਸਪੋਰਟ ਪ੍ਰਾਈਸ ਵਿੱਚ ਨਾਮੀਨਲ ਇਨਕਰੀਜ਼ ਹੋਈ ਹੈ। ਤੀਜਾ ਕਾਰਨ, ਫਰਟੇਲਾਈਜ਼ਰ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਫਾਸਟ ਇਨਕਰੀਜ਼ ਹੋਈ ਹੈ। ਜੋ ਅਸੀਂ ਸਾਰੀਆਂ ਸਹੂਲਤਾਂ ਦਿੱਤੀਆਂ ਸਨ, ਉਹ ਸਾਰੀਆਂ ਇਨ੍ਹਾਂ ਨੇ ਵਿਦਡਰਾਅ ਕਰ ਲਈਆਂ ਹਨ। ਬਿਜਲੀ-ਪਾਣੀ ਬਾਰੇ ਵਾਅਦੇ ਕੀਤੇ ਸਨ ਪਰ ਕੋਈ ਪੂਰੇ ਨਹੀਂ ਹੋਏ। ਜੇ ਕੋਈ

ਸਰਕਾਰ ਆਪਣਿਆਂ ਵਾਅਦਿਆਂ ਤੋਂ ਮੁਕਰ ਜਾਏ, ਉਹ ਸਰਕਾਰ ਸਰਕਾਰ ਤਾਂ ਕਹਾ ਸਕਦੀ ਹੈ। ਪਰ ਕੀ ਇਨ੍ਹਾਂ ਨੇ ਆਪਣੇ ਮੈਨੀਫੈਸਟੋ ਵਿੱਚ ਕਿਹਾ ਨਹੀਂ ਸੀ ਜਾਂ ਵੋਟਾਂ ਵੇਲੇ ਆਪਣੀਆਂ ਸਪੀਚਾਂ ਵਿੱਚ ਕਿਹਾ ਨਹੀਂ ਸੀ ਕਿ ਸਾਡੀ ਸਰਕਾਰ ਬਣਨ ਤੇ ਅਸੀਂ ਟਿਊਬਵੈੱਲਾਂ ਦੀ ਬਿਜਲੀ ਮੁਆਫ ਕਰ ਦਿਆਂਗੇ। ਅਸੀਂ ਨਹਿਰੀ ਪਾਣੀ ਮੁਆਫ ਕਰ ਦਿਆਂਗੇ, ਜਿਵੇਂ ਅਕਾਲੀ ਦਲ-ਬੀ.ਜੇ.ਪੀ. ਦੀ ਸਰਕਾਰ ਨੇ ਕੀਤਾ ਸੀ। ਪਰ ਇਹ ਮੁਕਰ ਗਏ। ਹੁਣ ਉਸ ਦਾ ਰਿਜ਼ਲਟ ਇਹ ਹੋਇਆ ਕਿ ਐਗਰੀਕਲਚਰ ਇਨਕਮ ਘੱਟ ਗਈ ਹੈ। ਪੰਜ ਸਾਲ ਸਾਡੀ ਸਰਕਾਰ ਚੱਲੀ ਹੈ, ਮੇਰੇ ਕੋਲ ਇਹ ਅੰਕੜੇ ਹਨ, ਮਨਿਸਟਰ ਸਾਹਿਬ ਲਿਖ ਲੈਣ ਔਰ ਜੇਕਰ ਗਲਤੀ ਹੋਈ ਤਾਂ ਦਰੁੱਸਤੀ ਕਰ ਦੇਣਾ, I will feel obliged, ਜਦੋਂ ਸਾਡੀ ਸਰਕਾਰ ਬਣੀ ਤਾਂ ਪੰਜਾਬ ਦੀ 8542.70 ਕਰੋੜ ਦੀ ਐਗਰੀਕਲਚਰ ਇਨਕਮ ਸੀ ਅਤੇ ਜਦੋਂ ਅਸੀਂ ਛੱਡ ਕੇ ਗਏ ਸੀ, ਉਦੋਂ 10 ਕਰੋੜ 29 ਲੱਖ 46 ਹਜ਼ਾਰ ਕਰੋੜ ਦੀ ਐਗਰੀਕਲਚਰ ਇਨਕਮ ਸੀ। ਇਨਕਰੀਜ਼ ਹੋਇਆ 4.35 ਪ੍ਰਤੀਸ਼ਤ ਲੇਕਿਨ ਜਦੋਂ ਇਹ ਆ ਗਏ ਤਾਂ ਸਾਰੇ ਕੰਮ ਬੜੇ ਮਾੜੇ ਹੋਏ। ਖੇਤੀਬਾੜੀ ਦੀ ਪੈਦਾਵਾਰ ਫਿਰ ਘਟਾ ਦਿੱਤੀ ਅਤੇ ਇਨਕਮ ਵੀ ਘੱਟ ਗਈ। ਇਨ੍ਹਾਂ ਵੇਲੇ ਇਨਕਮ ਰਹੀ 9438.21 ਕਰੋੜ ਰੁਪਏ ਔਰ ਇਹ ਪਲੱਸ ਨਹੀਂ ਮਾਈਨਸ 5.89 ਪ੍ਰਤੀਸ਼ਤ ਹੈ।

**ਮੁੱਖ ਮੰਤਰੀ** (ਬੈਠੇ-ਬੈਠੇ) : ਇਹ ਕਿਹੜੀਆਂ ਫਿਗਰਾਂ ਹਨ, ਕਿੱਥੋਂ ਲਈਆਂ ਹਨ। (ਹਾਸਾ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਹ ਹਸਣ ਦਾ ਵੇਲਾ ਨਹੀਂ ਬਲਕਿ ਚਿੰਤਤ ਹੋਣਾ ਚਾਹੀਦਾ ਹੈ। ਤੁਹਾਨੂੰ ਵੀ ਤੇ ਸਾਨੂੰ ਵੀ।

**ਕੁਝ ਆਵਾਜ਼ਾਂ** : ਇਹ ਫਿਗਰਾਂ ਕਿਥੋਂ ਲਈਆਂ ਹਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਸ ਦੇ ਕਾਰਨ ਹਨ। ਕਾਰਨ ਕੀ ਹੈ ਕਿ ਇਨਕਮ ਕਿਉਂ ਘਟੀ ? ਪਹਿਲਾਂ ਤਾਂ ਇਹ ਹੈ ਕਿ ਜਿਹੜੇ ਤਾਂ ਜੇਬ ਵਿੱਚ ਪੈਸੇ ਪੈਣੇ ਹਨ, ਉਹ ਵਧ ਪੈਣ ਅਤੇ ਜਿਹੜਾ ਖਰਚਾ ਹੋਣਾ ਹੈ, ਉਹ ਘਟ ਹੋਵੇ। ਇਨਕਮ ਤਾਂ ਵਧੇਗੀ। ਇਸ ਤਰ੍ਹਾਂ ਮੈਂ ਦੱਸਦਾ ਹਾਂ ਕਿ ਪੰਜ ਸਾਲ ਸਾਡੀ ਸਰਕਾਰ ਚੱਲੀ ਔਰ ਪੰਜ ਸਾਲਾਂ ਵਿੱਚ ਅਸੀਂ ਜਿਹੜੇ ਪੈਸੇ ਦਿੱਤੇ ਹਨ, ਉਹ ਆਪਣੀ ਜੇਬਾਂ ਵਿੱਚੋਂ ਨਹੀਂ ਪਾਏ, ਉਹ ਕਿਸਾਨਾਂ ਨੂੰ ਐਮ.ਐਸ.ਪੀ. ਦੇ ਥਰੂ ਦਿੱਤੇ ਹਨ। ਇਨ੍ਹਾਂ ਵਾਂਗੂੰ ਜੇਬਾਂ ਵਿੱਚ ਨੋਟ ਨਹੀਂ ਪਾਏ। ਸਾਡੇ ਪੰਜ ਸਾਲਾਂ ਵਿੱਚ ਵ੍ਹੀਟ ਦੀ ਔਸਤ ਐਮ.ਐਸ.ਪੀ. ਵਧੀ, ਇਹ ਤਾਂ ਲਿਖ ਲਓ, ਫਿਰ ਇਹ ਨਾ ਆਖਿਓ ਕਿ ਗਲਤ ਹੋ ਗਿਆ, ਇਹ 230.05 ਰੁਪਏ ਕੁਇੰਟਲ ਵਧਾਈ। (ਆਪੋਜ਼ੀਸ਼ਨ ਵੱਲੋਂ ਥੰਪਿੰਗ) ਪੈਸੇ ਵਧਣਗੇ ਤਾਂ ਹੀ ਲੋਕਾਂ ਦੀ ਇਨਕਮ ਵਧੇਗੀ। ਇਨ੍ਹਾਂ ਦੇ ਤਿੰਨ ਸਾਲਾਂ ਵਿੱਚ ਕਿੰਨਾ ਵਾਧਾ ਹੋਇਆ, ਇਹ ਹੋਇਆ 30 ਰੁਪਏ ਪਰ ਕੁਇੰਟਲ। ਕਿਥੇ 230 ਰੁਪਏ ਅਤੇ ਕਿਥੇ 30 ਰੁਪਏ। ਦੋ ਸਾਲਾਂ ਵਿੱਚ 50 ਰੁਪਏ ਹੋਰ ਵੀ ਲੱਗ ਜਾਣ ਤਾਂ ਕਿੰਨਾ ਜ਼ਿਆਦਾ ਹੋਵੇਗਾ। ਇਹ ਦੇਖ ਲਓ। (ਇਸ ਸਮੇਂ ਹਾਊਸ ਵਿੱਚ ਮੈਂਬਰ ਸਾਹਿਬਾਨ ਆਪਸ ਵਿੱਚ ਗੱਲਾਂ ਕਰ ਰਹੇ ਸਨ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਮੇਨਟੇਨ ਕਰੋ। ਸਾਰੀਆਂ ਕੰਮ ਦੀਆਂ ਗੱਲਾਂ ਹਨ।

**ਮਾਨਯੋਗ ਸਪੀਕਰ** : ਆਰਡਰ, ਆਰਡਰ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਾਡੇ ਵੇਲੇ ਪੈਡੀ ਵਿੱਚ 165 ਰੁਪਏ ਪਰ ਕੁਇੰਟਲ ਵਾਧਾ ਹੋਇਆ ਅਤੇ ਇਨ੍ਹਾਂ ਨੇ 30 ਰੁਪਏ ਕੁਇੰਟਲ ਵਾਧਾ ਕੀਤਾ। ਹੁਣ ਤੁਸੀਂ ਦੱਸੋ ਜੇ ਕਿਸਾਨਾਂ ਨੂੰ ਪੈਸੇ ਮਿਲਣਗੇ ਤਾਂ ਹੀ ਇਨਕਮ ਵਧੇਗੀ। ਮੈਂ ਕਹਿੰਦਾ ਹਾਂ ਕਿ ਜਦੋਂ ਕੀਮਤਾਂ ਵਧਦੀਆਂ ਹਨ ਤਾਂ ਪੰਜਾਬ ਦੀ ਸਰਕਾਰ ਇੱਕ ਵਾਰ ਵੀ ਉਥੇ ਨਹੀਂ ਗਈ। ਜਦੋਂ ਕੀਮਤਾਂ ਵਧਦੀਆਂ ਸਨ ਤਾਂ ਅਸੀਂ ਮਹੀਨਾ ਮਹੀਨਾ ਪਹਿਲਾਂ ਉਥੇ ਜਾ ਕੇ ਬਹਿੰਦੇ ਸੀ ਔਰ ਕਦੇ ਪ੍ਰਾਈਮ ਮਨਿਸਟਰ ਨੂੰ, ਕਦੇ ਫਾਈਨਾਂਸ ਮਨਿਸਟਰ ਨੂੰ ਅਤੇ ਕਦੇ ਐਗਰੀਕਲਚਰ ਮਨਿਸਟਰ ਨੂੰ ਮਿਲਦੇ ਸੀ। ਇਨ੍ਹਾਂ ਨੇ ਤਾਂ ਰੱਬ ਦੇ ਆਸਰੇ ਹੀ ਛੱਡ ਦਿੱਤਾ ਕਿ ਜੋ ਮਰਜ਼ੀ ਵਧਾ ਦਿਓ, ਸਭ ਅੱਛਾ ਹੈ। ਇਸ ਤੋਂ ਇਲਾਵਾ ਹੋਰ ਕਿਸਾਨ ਦੀ ਕਿਵੇਂ ਆਮਦਨ ਘਟ ਗਈ, ਇਨ੍ਹਾਂ ਨੇ ਕਿਸਾਨਾਂ ਦੇ ਟਿਊਬਵੈੱਲਾਂ ਤੇ ਜੋ ਪਾਵਰ ਸੀ, ਉਸ ਤੇ ਚਾਰਜਿਜ਼ ਲਾ ਦਿੱਤੇ। ਸਪੀਕਰ ਸਾਹਿਬ, ਅਸੀਂ ਤਾਂ ਯੂਰੀਏ ਦੀ ਕੀਮਤ ਵੀ 200 ਰੁਪਏ ਕੁਇੰਟਲ ਤੋਂ 144 ਰੁਪਏ ਘਟਾਈ ਸੀ। ਮੇਰਾ ਮਤਲਬ ਹੈ ਕਿ ਸਾਡੇ ਵੇਲੇ ਅਸੀਂ ਫਸਲਾਂ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਹੈ, ਖਰਚਾ ਘਟਾਇਆ ਹੈ। ਇਨ੍ਹਾਂ ਨੇ ਖਰਚਾ ਵਧਾਇਆ ਹੈ। ਹੁਣ ਲੈ ਲਓ ਡੀਜ਼ਲ ਦੀ ਹੀ ਗੱਲ। ਡੀਜ਼ਲ ਦੇ ਬਾਰੇ ਮੈਂ ਮਿਤੀ 1 ਅਪ੍ਰੈਲ, 2004 ਤੋਂ ਹੀ ਗੱਲ ਕਰਨ ਲੱਗਾ ਹਾਂ, ਸਿਰਫ ਇੱਕ ਸਾਲ ਦੀ ਗੱਲ ਕਰਨ ਲੱਗਾ ਹਾਂ। ਜੇਕਰ ਹੋਰ ਸਾਲਾਂ ਦੀ ਗੱਲ ਕਰਨ ਲੱਗ ਜਾਵਾਂ ਤਾਂ ਸਮਾਂ ਜ਼ਿਆਦਾ ਲੱਗ ਜਾਵੇਗਾ। ਡੀਜ਼ਲ ਦੀ ਕੀਮਤ ਪ੍ਰਤੀ ਲਿਟਰ 20.82 ਸੀ ਅਤੇ ਹੁਣ ਅੱਜ ਇਸ ਦੀ ਕੀਮਤ 26.05 ਪ੍ਰਤੀ ਲਿਟਰ ਹੋ ਗਈ ਹੈ ਯਾਨੀ ਕਿ ਇਕ ਸਾਲ ਦੇ ਵਿੱਚ 5 ਰੁਪਏ 17 ਪੈਸੇ ਦਾ ਵਾਧਾ ਕਰ ਦਿੱਤਾ ਗਿਆ ਹੈ। ਜਿਹੜਾ ਕਿਸਾਨ ਡੀਜ਼ਲ ਯੂਜ਼ ਕਰਦੇ ਹਨ ਉਹ ਹੈ 9.75 ਲੱਖ ਕਿਲੋ ਲਿਟਰ। ਇਸ ਤਰ੍ਹਾਂ ਡੀਜ਼ਲ ਦੇ ਰੇਟ ਵੱਧਣ ਨਾਲ ਕਿਸਾਨਾਂ ਦੀਆਂ ਜੇਬਾਂ ਵਿਚੋਂ 500 ਕਰੋੜ ਰੁਪਿਆ ਨਿਕਲਿਆ ਹੈ। ਹੁਣ ਇਨ੍ਹਾਂ ਨੇ 100 ਕਰੋੜ ਰੁਪਏ ਦਾ ਹੋਰ ਵੀ ਸੈਸ ਲਗਾ ਦਿੱਤਾ ਸੀ ਪਰ ਵਾਪਸ ਲੈ ਲਿਆ ਹੈ। ਇਹ ਕਰਦੇ ਹਨ ਕਿਸਾਨਾਂ ਨਾਲ ਹਮਦਰਦੀ। ਜੇਕਰ ਇਸ ਵਾਰੀ ਫਾਇਰ ਕਰ ਹੀ ਦਿੱਤਾ ਤਾਂ ਫਿਰ ਉਨ੍ਹਾਂ ਤੋਂ ਹਮਦਰਦੀ ਕਿਸ ਤਰ੍ਹਾਂ ਮਿਲੇਗੀ, ਇਸ ਲਈ ਇੱਕ ਰੁਪਿਆ ਸੈਸ ਵਿਦਡਰਾਅ ਕਰ ਲਿਆ ਹੈ। ਉਹ ਇਸ ਕਰਕੇ ਕੀਤਾ ਕਿਉਂਕਿ ਕਈ ਇਨ੍ਹਾਂ ਦੇ ਮੈਂਬਰਾਂ ਵਲੋਂ ਵੀ ਜ਼ੋਰ ਪਾਇਆ ਗਿਆ ਔਰ ਕੁਝ ਅਖਬਾਰਾਂ ਵਾਲਿਆਂ ਨੇ ਵੀ ਲਿਖਿਆ ਸੀ ਤਾਂ ਹੀ ਇਹ ਵਿਦਡਰਾਅ ਕੀਤਾ ਗਿਆ ਹੈ। ਜੇਕਰ ਇਹ ਲਗਾ ਦਿੰਦੇ ਤਾਂ 97.50 ਕਰੋੜ ਰੁਪਏ ਦਾ ਚੂਨਾ ਕਿਸਾਨਾਂ ਨੂੰ ਹੋਰ ਲੱਗ ਜਾਣਾ ਸੀ। ਇਸ ਦਾ ਮਤਲਬ ਕਿਸਾਨਾਂ ਨੂੰ ਇੱਕ ਸਾਲ ਦੇ ਦੌਰਾਨ 500 ਕਰੋੜ ਰੁਪਏ ਦਾ ਘਾਟਾ ਡੀਜ਼ਲ ਦੇ ਰੇਟ ਵਿਚ ਵਾਧਾ ਹੋਣ ਕਾਰਨ ਹੋ ਗਿਆ ਹੈ। ਸਪੀਕਰ ਸਾਹਿਬ ਕਈ ਗੱਲਾਂ ਦਾ ਆਮ ਜਨਤਾ ਨੂੰ ਪਤਾ ਨਹੀਂ ਹੁੰਦਾ, ਆਮ ਲੋਕਾਂ ਨੂੰ ਪਤਾ ਨਹੀਂ ਹੁੰਦਾ। ਆਹ, ਸਾਹਮਣੇ ਬੈਠੇ ਹਨ ਬਿਜਲੀ ਮੰਤਰੀ ਜੀ, ਇਹ ਵੀ ਆਪਣੀ ਤਸੱਲੀ ਕਰ ਲੈਣ। ਇਨ੍ਹਾਂ ਨੂੰ ਦੱਸਣ ਲੱਗਾ ਹਾਂ ਕਿ ਕਿਸਾਨਾਂ ਦੇ ਉਤੇ ਡੀਪਨਿੰਗ ਆਫ ਟਿਊਬਵੈੱਲਜ ਅਤੇ ਰਿਸਟੋਰਿੰਗ ਔਰ ਰਿਪਲੇਸਮੈਂਟ ਆਫ ਪੰਪਿੰਗ ਸੈਟੱਸ ਦੇ ਨਾਲ 664.31 ਕਰੋੜ ਰੁਪਏ ਦਾ ਵਾਧੂ ਬੋਝ ਪਿਆ ਹੈ। ਇਹ ਤਾਂ ਸਿਰਫ ਦੋ ਮੱਦਾਂ ਹੀ ਹਨ, ਜਿਸ ਦੇ ਕਾਰਨ ਪੰਜਾਬ ਦੇ ਕਿਸਾਨ ਉਤੇ 664.31 ਕਰੋੜ ਰੁਪਏ ਦਾ ਬੋਝ ਪਿਆ ਹੈ। ਹੁਣ ਫਸਲਾਂ ਦੀਆਂ ਕੀਮਤਾਂ ਦੇ ਵਿੱਚ ਕਿੰਨਾ ਨੁਕਸਾਨ ਹੋਇਆ ਹੈ। ਪਿਛਲੇ ਸਾਲ ਔਰ ਇਸ ਸਾਲ ਦੇ ਵਿੱਚ ਜੋ ਇਕੱਲੀ ਕਾਟਨ ਦੀ ਫਸਲ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਘਾਟਾ ਪਿਆ ਹੈ, ਉਹ 450 ਕਰੋੜ ਰੁਪਏ ਬਣਦਾ ਹੈ।

ਇਸ ਤੋਂ ਇਲਾਵਾ ਸ਼ੂਗਰ ਕੇਨ ਦੀ ਗੱਲ ਹੈ, ਪ੍ਰੋਡਕਸ਼ਨ ਘੱਟ ਗਈ ਪਰ ਰੇਟ ਉਹੀ ਚਲੀ ਗਏ। ਇਨ੍ਹਾਂ ਨੂੰ ਕੀ ਫਰਕ ਪੈਣਾ ਹੈ। ਸਾਡੇ ਵੇਲੇ ਹੀ 100 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਗੰਨੇ ਦਾ ਰੇਟ ਮੁਕਰਰ ਹੋਇਆ ਸੀ ਔਰ ਬਾਦਲ ਸਾਹਿਬ (ਸਰਦਾਰ ਗੁਰਦੇਵ ਸਿੰਘ ਬਾਦਲ ਵੱਲ ਇਸ਼ਾਰਾ) ਨੇ ਇਕੱਠਾ ਹੀ 20 ਰੁਪਏ ਦੇ ਹਿਸਾਬ ਨਾਲ ਵਾਧਾ ਕੀਤਾ ਸੀ। ਉਸ ਤੋਂ ਬਾਅਦ ਇਨ੍ਹਾਂ ਨੇ ਕੋਈ ਵਾਧਾ ਨਹੀਂ ਕੀਤਾ। ਗੰਨੇ ਦੇ ਨੁਕਸਾਨ ਕਾਰਨ ਪੰਜਾਬ ਦੇ ਕਿਸਾਨਾਂ ਨੂੰ 12 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦੀਆਂ, ਕਿਸਾਨਾਂ ਦੀਆਂ ਜੇਬਾਂ ਵਿੱਚੋਂ 1126.51 ਕਰੋੜ ਰੁਪਿਆ ਕੱਢਿਆ ਹੈ। ਸਪੀਕਰ ਸਾਹਿਬ, ਹੁਣ ਤੁਸੀਂ ਦੱਸੋ ਕਿ ਕਿਸਾਨ ਕਿਸੇ ਤਰ੍ਹਾਂ ਬਚ ਸਕਦਾ ਹੈ? ਫਿਰ ਉਹ ਸੁਸਾਈਡ ਨਹੀਂ ਕਰਨਗੇ ਤਾਂ ਹੋਰ ਕੀ ਕਰਨਗੇ। ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਇਹ ਸਿਰਫ ਕ੍ਰਿਟੀਸਿਜ਼ਮ ਦੀ ਗੱਲ ਨਹੀਂ । ਮੈਂ ਕ੍ਰਿਟੀਸਿਜ਼ਮ ਨਹੀਂ ਕਰ ਰਿਹਾ ਹਾਂ। ਮੈਂ ਇੱਕ ਗੱਲ ਕਹਿੰਦਾ ਹਾਂ ਕਿ ਜੇਕਰ ਪੰਜਾਬ ਦੀ ਕਿਸਾਨੀ ਬਚੇਗੀ ਤਾਂ ਹੀ ਪੰਜਾਬ ਔਰ ਦੇਸ਼ ਬਚੇਗਾ। ਹੁਣ ਪ੍ਰਾਈਸ ਇੰਡੈਕਸ ਇੱਕ ਸਾਲ ਦੇ ਵਿੱਚ 175 ਤੋਂ 190 ਰੁਪਏ ਚਲਿਆ ਗਿਆ ਹੈ, ਇਸ ਦਾ ਕਿੰਨਾ ਵੱਡਾ ਅਸਰ ਪੰਜਾਬ ਦੇ ਕਿਸਾਨ ਉਪਰ ਪਵੇਗਾ। ਇਸ ਲਈ ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ ਜਿਸ ਖੇਤ ਕੇ ਬਹਿਕਾਂ ਕੋ ਮੁਯੱਸਰ ਨਾ ਹੋ ਰੋਜ਼ੀ-ਰੋਟੀ, ਉਸ ਖੇਤ ਕੇ ਹਰ ਗੋਸ਼ਠਾ ਗੀਦਮ ਕੋ ਜਲਾ ਦੋਂ। ਜੇਕਰ ਕਿਸਾਨ ਨੂੰ ਰੋਟੀ ਨਹੀਂ ਮਿਲੇਗੀ ਔਰ ਸਰਕਾਰ ਉਸ ਨੂੰ ਰੋਟੀ ਨਹੀਂ ਮੁਹੱਈਆ ਕਰਵਾ ਸਕੇਗੀ ਤਾਂ ਸਰਕਾਰ ਦਾ ਹਸ਼ਰ ਇਹੀ ਹੋਣਾ ਚਾਹੀਦਾ ਹੈ ਜੋ ਇਸ ਵਿਚ ਲਿਖਿਆ ਹੈ। ਇਸ ਤੋਂ ਇਲਾਵਾ ਮੈਂ, ਫਾਈਨਾਂਸ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਪੈਸੇ ਸੈਂਟਰ ਗੌਰਮਿੰਟ ਤੋਂ ਆਉਂਦੇ ਹਨ ਉਨ੍ਹਾਂ ਦੀ ਮਿਸਯੂਟੇਲਾਈਜ਼ੇਸਨ ਕਿਸ ਤਰ੍ਹਾਂ ਹੋਈ ਹੈ। ਗੌਰਮਿੰਟ ਆਫ਼ ਇੰਡੀਆ ਵਲੋਂ for the farm production and soil conservationਵਾਸਤੇ 92 ਕਰੋੜ ਰੁਪਿਆ ਪੰਜਾਬ ਦੇ ਖਜ਼ਾਨੇ ਵਿੱਚ ਆਇਆ ਸੀ ਔਰ ਇਨ੍ਹਾਂ ਨੇ ਉਸ ਦੇ ਵਿਚੋਂ ਸਿਰਫ 6.20 ਕਰੋੜ ਰੁਪਿਆ ਹੀ ਯੂਟੇਲਾਈਜ਼ ਕੀਤਾ ਹੈ। ਜਿਹੜਾ 92 ਕਰੋੜ ਸੈਂਟਰ ਨੇ ਦਿੱਤਾ ਸੀ, ਉਹੀ ਡਕਾਰ ਗਏ ਤੇ ਫੇਰ ਕਿਸਾਨ ਕਰੇਗਾ ਕੀ। ਪੰਜਾਬ ਵਿਚ ਉਹ ਪੈਸਾ ਖਰਚ ਨਹੀਂ ਹੁੰਦਾ। 4% ਐਤਕੀਂ ਪਲਾਨ ਵਿਚ ਰੱਖਿਆ ਹੈ। ਉਸ ਦਾ ਹੋਇਆ ਕੀ ਕਿ ਇਕ ਤਾਂ ਸੈਂਟਰ ਗੌਰਮਿੰਟ ਨੇ ਜਿਹੜਾ 68.66 ਕਰੋੜ ਦੇਣਾ ਸੀ, ਉਸ ਬਾਰੇ ਉਨ੍ਹਾਂ ਨੇ ਚਿੱਠੀ ਲਿਖ ਦਿਤੀ ਕਿ ਉਹ ਪੈਸਾ ਨਹੀਂ ਭੇਜ ਰਹੇ ਕਿਉਂਕਿ ਤੁਸੀਂ ਗਲਤ ਸਕੀਮਾਂ ਵਿਚ ਵਰਤ ਰਹੇ ਹੋ। ਸੈਂਟਰ ਇਹ ਵੀ ਡਿਮਾਂਡ ਕਰ ਰਹੀ ਹੈ ਕਿ ਪਹਿਲਾਂ ਜਿਹੜਾ 92 ਕਰੋੜ ਰੁਪਿਆ ਦਿਤਾ ਸੀ, ਉਹ ਵੀ ਵਾਪਸ ਕਰੋ ਕਿਉਂਕਿ ਉਹ ਪੈਸਾ ਦੂਜੇ ਪਾਸੇ ਤਨਖਾਹਾਂ ਦੇਣ ਵਿਚ ਦੇ ਦਿਤਾ ਸੀ। ਇਕ ਸਟੇਟ ਦੀ ਪਲਾਨ ਹੁੰਦੀ ਹੈ ਤੇ ਦੂਜੀ ਸੈਂਟਰਲੀ ਸਪਾਂਸਰਡ ਸਕੀਮ। 51.48 ਕਰੋੜ ਰੁਪਿਆ ਖੇਤੀਬਾੜੀ ਵਾਸਤੇ ਰੱਖਿਆ ਸੀ। ਉਸ 51 ਕਰੋੜ ਰੁਪਏ ਵਿੱਚੋਂ ਅਸੀਂ ਬੜੇ ਖੁਸ਼ ਹੁੰਦੇ ਜੇ ਇਕ ਕਰੋੜ ਵੀ ਖਰਚ ਕਰ ਦਿੰਦੇ ਪਰ ਖਰਚ ਕਿੰਨਾ ਕੀਤਾ, 60 ਲੱਖ ਰੁਪਿਆ। ਇਹ ਕਿੰਨੇ ਅਫਸੋਸ ਦੀ ਗੱਲ ਹੈ। ਕੀ ਇਹ ਕਿਸਾਨ ਨਾਲ ਧ੍ਰੋਹ ਨਹੀਂ, ਇਹ ਕਿਸਾਨ ਨਾਲ ਧੱਕਾ ਨਹੀਂ ਕਿ ਸੈਂਟਰ ਵਿਚੋਂ ਆਇਆ ਰੁਪਿਆ ਨਾ ਲਾਇਆ ਜਾਵੇ ਤੇ ਪੰਜਾਬ ਦੀ ਜਿਹੜੀ ਆਪਣੀ ਪਲਾਨ ਹੈ, ਉਸ ਵਿਚੋਂ ਵੀ ਪੈਸਾ ਨਾ ਲਾਈਏ। ਸਪੀਕਰ ਸਾਹਿਬ, ਕੀ ਗੱਲਾਂ ਕਰੀਏ। ਮੇਰਾ ਖਿਆਲ ਹੈ ਕਿ ਕਿਤੇ ਘੋਖੋਗੇ ਫੇਰ ਪਤਾ ਲੱਗੇਗਾ ਕਿ ਕਿਸ ਤਰ੍ਹਾਂ ਕਿਸਾਨਾਂ ਨੂੰ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਇਨ੍ਹਾਂ ਨੇ ਲਤਾੜਿਆ ਹੈ। ਸਪੀਕਰ ਸਾਹਿਬ, ਸਾਡੇ ਕੈਪਟਨ ਸਾਹਿਬ ਨੂੰ ਯਾਦ ਹੋਵੇਗਾ। ਮੈਂ ਸਾਡੇ ਕੈਪਟਨ ਸਾਹਿਬ ਦਾ ਨਾਂ ਲੈਂਦਾ ਹਾਂ। 45 ਕਰੋੜ ਰੁਪਿਆ ਲਿਆਂਦਾ ਸੀ, second push to agriculture ਵਾਸਤੇ ਇਹ ਬੜੀ ਮਿਹਨਤ ਨਾਲ ਪਲੈਨਿੰਗ ਕਮਿਸ਼ਨ ਨੂੰ ਰਿਕੁਐਸਟ ਕਰਕੇ ਲਿਆ ਸੀ, for stabilizing new processing units. ਆਪਾਂ ਸਮਝਦੇ ਹਾਂ ਕਿ ਵੈਲਿਯੂ ਐਡੀਸ਼ਨ ਹੋਵੇਗੀ ਤਾਂ ਪੈਦਾਵਾਰ ਵਧੇਗੀ। 45 ਕਰੋੜ ਰੁਪਿਆ ਲਿਆ ਕੇ 27 ਕਰੋੜ ਰੁਪਿਆ ਉਸ ਵਿਚੋਂ ਇਨ੍ਹਾਂ ਨੇ ਐਗਰੋ ਇੰਡਸਟਰੀ ਨੂੰ ਦੇ ਦਿੱਤਾ ਤੇ 18 ਕਰੋੜ ਰੁਪਿਆ ਇੰਝ ਹੀ ਖਾ ਪੀ ਗਏ। 28 ਕਰੋੜ ਰੁਪਏ ਕਿਵੇਂ ਖਰਚੇ ਹਨ, ਉਹ ਅੱਗੇ ਜਾ ਕੇ ਦੱਸਾਂਗਾ ਕਿ ਖਰਚ ਹੋਏ ਹਨ ਜਾਂ ਨਹੀਂ। ਇਕ ਇਨ੍ਹਾਂ ਨੇ ਪੰਜਾਬ ਵਿਚ, ਮੈਨੂੰ ਲਫਜ਼ ਪਰਾਪਰ ਨਹੀਂ ਆਉਂਦੇ, ਡਾਈਵਰਸੀਫਿਕੇਸ਼ਨ ਦਾ ਨਵਾਂ ਪਾਖੰਡ ਰਚਿਆ। ਜਿਹੜਾ ਕਿ ਸਕਸੈਸਫੁਲ ਹੋਇਆ ਹੀ ਨਹੀਂ। ਉਸ ਤੇ ਵਾਰ-ਵਾਰ ਤਜਰਬੇ ਹੋਏ। ਇਸ ਵਾਸਤੇ 100 ਕਰੋੜ ਰੁਪਿਆ ਰੱਖਿਆ ਹੈ, ਪਿਛੇ ਵੀ ਰੱਖਿਆ ਗਿਆ ਸੀ ਅਤੇ ਇਸ ਨੂੰ ਕਿਵੇਂ ਲੁਟਾਇਆ ਗਿਆ ਹੈ। ਇਸ ਬਾਰੇ ਪਤਾ ਹੈ ਤੇ ਕੀ ਇਸ 100 ਕਰੋੜ ਨੂੰ ਵੀ ਇਵੇਂ ਹੀ ਲੁਟਾਉਣਾ ਹੈ। ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਆਖਾਂਗਾ ਕਿ ਇਹ ਨਾ ਰੱਖੋ। ਲੋਕਾਂ ਦੀਆਂ ਜੇਬਾਂ ਗਰਮ ਕਰਨੀਆਂ ਹਨ ਤਾਂ ਰੱਖੋ। ਇਸ ਦਾ ਮਕਸਦ ਸੀ ਕਿ ਡਾਈਵਰਸੀਫਿਕੇਸ਼ਨ ਕਰਨੀ ਹੈ। ਟੋਟਲ 10 ਲੱਖ ਏਕੜ ਵਿਚ ਕਰਨੀ ਹੈ, 5 ਲੱਖ ਏਕੜ ਪੈਡੀ ਦੀ ਕਰਨੀ ਹੈ ਤੇ ਇਸੇ ਤਰ੍ਹਾਂ 5 ਲੱਖ ਏਕੜ ਵੀਟ ਦੀ ਕਰਨੀ ਹੈ। ਲੇਕਿਨ ਹੋਇਆ ਕੀ ਕਿ ਪੈਡੀ ਕਲਟੀਵੇਸ਼ਨ ਦਾ ਏਰੀਆ 1 ਲੱਖ 75 ਹਜ਼ਾਰ ਹੈਕਟੇਅਰ ਵੱਧ ਹੋ ਗਿਆ। ਡਾਈਵਰਸੀਫਿਕੇਸ਼ਨ ਕਰਦੇ ਕਰਦੇ ਦੂਜੇ ਪਾਸੇ ਰਕਬਾ ਵੱਧ ਗਿਆ ਤੇ ਕਣਕ ਵਿਚ 24 ਹਜ਼ਾਰ ਹੈਕਟੇਅਰ ਵਾਧਾ ਹੋ ਗਿਆ। ਸਪੀਕਰ ਸਾਹਿਬ, ਮੈਂ ਅੱਜ ਫੇਰ ਤੁਹਾਡੇ ਰਾਹੀਂ ਸਦਨ ਨੂੰ ਦੱਸਦਾ ਹਾਂ ਕਿ ਕਿਸਾਨ ਉਦੋਂ ਤੱਕ ਪੈਡੀ ਬੀਜਣ ਤੋਂ ਨਹੀਂ ਹਟੇਗਾ, ਵੀਟ ਬੀਜਣ ਤੋਂ ਨਹੀਂ ਹਟੇਗਾ ਜਦੋਂ ਤੱਕ ਜਿਹੜੀ ਆਲਟ੍ਰਨੇਟਿਵ ਕਰਾਪ ਹੈ, ਉਸ ਵਿਚ ਇਸ ਰੋਟੇਸ਼ਨ ਜਿੰਨਾ ਫਾਇਦਾ ਨਹੀਂ ਹੁੰਦਾ। ਹਿੰਦੁਸਤਾਨ ਦੀ ਸਰਕਾਰ 14 ਹਜ਼ਾਰ ਕਰੋੜ ਰੁਪਏ ਦੇ ਦਾਲਾਂ ਤੇ ਤੇਲ (ਆਇਲ ਸੀਡਜ਼) ਬਾਹਰੋਂ ਮੰਗਵਾਉਂਦੀ ਹੈ। ਉਹੀ ਪ੍ਰਾਈਸ ਸਟੈਬਲਾਈਜੇਸ਼ਨ ਵਾਸਤੇ ਇਥੇ ਦੇ ਦੇਣ ਤਾਂ ਫੇਰ ਇਹ ਹੋ ਸਕਦਾ ਹੈ, ਨਹੀਂ ਤਾਂ ਤਜਰਬਾ ਉਸੇ ਤਰ੍ਹਾਂ ਹੀ ਰਹਿਣਾ ਹੈ। ਮੈਂ ਸੁਝਾਅ ਦਿੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਪ੍ਰਾਈਸ ਸਟੈਬਲਾਈਜੇਸ਼ਨ ਫੰਡ ਰੱਖਣਾ ਚਾਹੀਦਾ ਹੈ। ਹੁਣ ਮੈਂ ਕਾਂਟ੍ਰੈਕਟ ਫਾਰਮਿੰਗ ਦੀ ਗੱਲ ਦੱਸਾਂ। ਸਪੀਕਰ ਸਾਹਿਬ, ਤੁਸੀਂ ਸ਼ਾਇਦ ਪੂਰਾ ਸਟੱਡੀ ਨਾ ਕੀਤਾ ਹੋਵੇ, 7 ਏਜੰਸੀਆਂ ਛਾਂਟੀਆਂ ਸਨ, ਜਿਹੜੀਆਂ ਕਿ ਫਾਰਮਰਜ਼ ਨੂੰ ਗਾਈਡੈਂਸ ਦੇਣਗੀਆਂ। ਐਕਸਟੈਂਸ਼ਨ ਗਾਈਡੈਂਸ ਪੰਜਾਬ ਦੇ ਕਿਸਾਨਾਂ ਨੂੰ ਦੇਣਗੀਆਂ। ਉਹ ਕੰਪਨੀਆਂ, ਜਿਨ੍ਹਾਂ ਨੇ ਖੇਤੀਬਾੜੀ ਵਿਚ ਕੰਮ ਨਹੀਂ ਕੀਤਾ, ਉਹ ਕਿਸਾਨਾਂ ਨੂੰ ਕੀ ਗਾਈਡੈਂਸ ਦੇਣਗੀਆਂ ਤੇ ਉਨ੍ਹਾਂ ਨੂੰ ਪਤਾ ਕੀ ਦਿੱਤਾ, ਉਹ 100 ਰੁਪਿਆ ਏਕੜ। ਉਹ ਕੰਪਨੀਆਂ ਐਕਸਟੈਨਸ਼ਨ ਗਾਈਡੈਂਸ ਦੇਣਗੀਆਂ। ਸਰਕਾਰ ਉਨ੍ਹਾਂ ਨੂੰ ਸੌ ਰੁਪਿਆ ਪਰ ਏਕੜ ਦੇਵੇਗੀ। ਔਰ ਇਹ ਪੈਸਾ ਕਿੱਥੋਂ ਜਾਵੇਗਾ? ਜਿਵੇਂ ਕਿ ਮੈਂ ਪਹਿਲਾਂ ਹੀ ਦੱਸਿਆ ਹੈ ਕਿ Push to agriculture ਤਹਿਤ ਜਿਹੜਾ ਐਗਰੋ ਇੰਡਸਟਰੀ ਨੂੰ ਪੈਸਾ ਦਿੱਤਾ ਹੈ, ਉਸ ਦੇ ਵਿੱਚੋਂ ਸੌ ਰੁਪਿਆ ਪਰ ਏਕੜ ਇਨ੍ਹਾਂ ਨੂੰ ਦਿੱਤਾ ਜਾਵੇਗਾ। ਜੇਕਰ ਮੈਂ ਸਾਰੇ ਫਿਗਰਜ਼ ਦੱਸਣ ਲੱਗਾਂ ਤਾਂ ਸਮਾਂ ਕਾਫੀ ਲੱਗ ਜਾਵੇਗਾ। ਇਨ੍ਹਾਂ ਨੇ 4 ਕਰੋੜ 42 ਲੱਖ ਰੁਪਿਆ ਏਜੰਸੀਆਂ ਨੂੰ ਦੇ ਦਿੱਤਾ ਹੈ। ਜੇ ਇਹੀ 4 ਕਰੋੜ 42 ਲੱਖ ਰੁਪਿਆ ਕਿਸਾਨਾਂ ਨੂੰ ਦੇ

ਦਿੰਦੇ ਤਾਂ ਸ਼ਾਇਦ ਇਨ੍ਹਾਂ ਦੀ ਕੋਈ ਸਕੀਮ ਕਾਮਯਾਬ ਹੋ ਜਾਂਦੀ। ਇਸ ਸਬੰਧੀ ਤੁਸੀਂ ਆਪ ਦੇਖੋ ਕਿ ਕੀ ਇਨ੍ਹਾਂ ਕੰਪਨੀਆਂ ਨੂੰ ਇਹ ਪੈਸੇ ਦੇਣ ਦਾ ਕੋਈ ਰੀਜਨ ਬਣਦਾ ਹੈ ? ਆਪਣੇ ਵੀ ਯੂਨੀਵਰਸਿਟੀ ਹੈ ਅਤੇ ਡਾਇਰੈਕਟੋਰੇਟ ਹੈ, ਅਗਰ ਉਹ ਐਕਸਟੈਨਸ਼ਨ ਐਡਵਾਈਜ਼ ਨਹੀਂ ਦੇ ਸਕਦੇ ਤਾਂ ਇਹ ਕੰਪਨੀਆਂ ਕਿਵੇਂ ਐਡਵਾਈਜ਼ ਦੇ ਦੇਣਗੀਆਂ ? ਇਨ੍ਹਾਂ ਨੇ ਪੈਸਾ ਤਾਂ ਐਕਸਟੈਨਸ਼ਨ ਵਾਲੇ ਐਡਵਾਈਜ਼ਰਾਂ ਨੂੰ ਦੇ ਦਿੱਤਾ ਹੈ। ਫਿਰ ਖਰੀਦਦਾਰਾਂ ਦੀਆਂ ਜੇਬਾਂ ਭਰ ਦਿੱਤੀਆਂ ਹਨ। ਇਸ ਦੇ ਵਾਸਤੇ 9 ਏਜੰਸੀਆਂ ਤਿਆਰ ਕਰ ਲਈਆਂ ਔਰ ਉਨਾਂ ਨੂੰ ਕਿਹਾ ਕਿ ਬਾਸਮਤੀ, ਮੇਜ਼, ਗੁਆਰਾ, ਮੂੰਗ, ਸਰੋਂ ਅਤੇ ਸਨ ਫਲਾਵਰ ਆਦਿ ਫਸਲਾਂ ਅਸੀਂ ਡਾਈਵਰਸੀਫਿਕੇਸ਼ਨ ਕਰਨੀਆਂ ਹਨ। ਇਹ ਕੰਪਨੀਆਂ ਹਨ ਕੋਈ, ਇਹ ਤਾਂ ਟਰੇਡਰਜ਼ ਹਨ ? ਇਨ੍ਹਾਂ ਦੇ ਕੰਮ ਤਾਂ ਬਾਦਸ਼ਾਹਤ ਵਾਲੇ ਹੁੰਦੇ ਹਨ ਕਿ ਤੁਹਾਨੂੰ ਮਾਰਕੀਟ ਫੀਸ ਜੋ ਲਗਦੀ ਹੈ, ਜਾਂ ਆਰ.ਡੀ.ਐਫ. ਲਗਦਾ ਹੈ, ਉਹ ਸਾਡੇ ਤਿੰਨ ਰੁਪਏ ਪ੍ਰਤੀ ਕੁਇੰਟਲ ਤੁਹਾਨੂੰ ਨਹੀਂ ਲਗਣਾ। ਜੇ ਇਨ੍ਹਾਂ ਦਾ ਰਿਕਾਰਡ ਦੇਖੀਏ ਜਿਹੜਾ ਕਿ ਵਿਧਾਨ ਸਭਾ ਦੇ ਵਿਚ ਵੀ ਇਨ੍ਹਾਂ ਨੇ ਦਿੱਤਾ ਹੈ ਤਾਂ 12 ਲੱਖ 10 ਹਜ਼ਾਰ ਕੁਇੰਟਲ ਬਾਸਮਤੀ ਥਰੂ ਕੰਟਰੈਕਟ ਇਨ੍ਹਾਂ ਨੇ ਬਿਜਾਈ ਹੈ ਅਤੇ 13 ਸੌ ਰੁਪਏ ਦਾ ਰੇਟ ਦੇਣਾ ਸੀ। 157.30 ਕਰੋੜ ਰੁਪਏ ਦੀ ਬਾਸਮਤੀ ਸੀ। ਇਨ੍ਹਾਂ ਦਾ ਇਸ ਦੇ ਵਿਚ ਕੀ ਰੋਲ ਸੀ ? ਜਾਂ ਤਾਂ ਉਹ ਕੋਈ ਪੈਸੇ ਵੱਧ ਦਿੰਦੇ। ਇਨ੍ਹਾਂ ਦੇ ਐਗਜ਼ੰਪਸ਼ਨਜ਼ ਦੇ ਨਾਲ ਇਨ੍ਹਾਂ ਨੂੰ ਮਿਲੇ 6 ਕਰੋੜ 92 ਲੱਖ ਰੁਪਏ । ਇਹ ਪੈਸਾ ਇਨ੍ਹਾਂ ਨੇ ਇਨ੍ਹਾਂ 7 ਏਜੰਸੀਆਂ ਨੂੰ ਦੇ ਦਿੱਤਾ ਹੈ। ਇਸੇ ਤਰ੍ਹਾਂ ਹਾਇਓਲਾ ਜੋ ਸਰੋਂ ਦੀ ਕਿਸਮ ਦੇ ਵਿਚ ਐਗਜ਼ੰਪਸ਼ਨਜ ਦਿੱਤੀ ਹੈ। 4 ਕਰੋੜ 16 ਲੱਖ 40 ਹਜ਼ਾਰ 208 ਇਸ ਦੇ ਵਿਚ ਉਨ੍ਹਾਂ ਨੂੰ ਕਨਸੈਸ਼ਨ ਦਿੱਤਾ ਹੈ। ਇਹ ਕਿਸ ਚੀਜ਼ ਦੀ ਕਨਸੈਸ਼ਨ ਦਿੱਤੀ ਗਈ ਹੈ ? ਇਸ ਤਰ੍ਹਾਂ ਤਾਂ 20 ਕਰੋੜ ਰੁਪਏ ਦੀ ਕਨਸੈਸ਼ਨ ਹੋ ਗਈ ਤਾਂ ਫਿਰ ਤਾਂ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਪੈਸਾ, ਪੰਜਾਬ ਦੇ ਖਜ਼ਾਨੇ ਦਾ ਪੈਸਾ ਕਿਸਾਨਾਂ ਦਾ ਪੈਸਾ ਉਨ੍ਹਾਂ ਨੂੰ ਦੇ ਦਿੱਤਾ ਹੈ। ਸਪੀਕਰ ਸਾਹਿਬ, ਜੇ ਸਾਰਾ ਹਿਸਾਬ ਕਿਤਾਬ ਲਗਾ ਲਈਏ ਤਾਂ ਦੋ ਤਿੰਨ ਫਸਲਾਂ ਦੇ ਵਿਚ 11 ਕਰੋੜ ਰੁਪਏ ਦੇ ਤਕਰੀਬਨ ਉਨ੍ਹਾਂ ਨੂੰ ਪੈਸਾ ਦੇ ਦਿੱਤਾ ਗਿਆ ਹੈ। ਇਹ ਐਕਸਟੈਨਸ਼ਨ ਸਿਰਫ ਪ੍ਰੋਸੈਸਿੰਗ ਯੂਨਿਟਸ ਵਾਸਤੇ ਮਿਲੀ ਹੈ ਕਿ ਇਹ ਪੈਸੇ ਪ੍ਰੋਜੈਕਟ ਯੂਨਿਟਸ ਨੂੰ ਦਿੱਤੇ ਜਾਣ। ਲੇਕਿਨ ਇਨ੍ਹਾਂ ਨੇ ਟਰੇਡਰਜ਼ ਨੂੰ ਅਤੇ ਵਪਾਰੀਆਂ ਨੂੰ ਪੈਸਾ ਦੇ ਦਿੱਤਾ, ਉਨ੍ਹਾਂ ਦੀਆਂ ਜੇਬਾਂ ਭਰ ਦਿੱਤੀਆਂ ਤਾਂ, ਸਪੀਕਰ ਸਾਹਿਬ, ਤੁਸੀਂ ਆਪ ਹਿਸਾਬ ਲਗਾ ਲਓ ਕਿ ਕਿੰਨਾ ਪੈਸਾ ਖਰਾਬ ਕੀਤਾ ਗਿਆ ਹੈ। ਇਨ੍ਹਾਂ ਨੂੰ ਪੈਸਾ ਹਜ਼ਮ ਕਰਨ ਦੇ ਤਰੀਕੇ ਬੜੇ ਆਉਂਦੇ ਹਨ। ਖਾਣ ਦੇ ਬੜੇ ਤਰੀਕੇ ਇਹ ਕੱਢ ਲੈਂਦੇ ਹਨ। ਐਸੇ ਤਰੀਕੇ ਕੱਢ ਲੈਂਦੇ ਹਨ ਕਿ ਅਸੀਂ ਸੋਚ ਵੀ ਨਹੀਂ ਸਕਦੇ। ਇਹ ਕਹਿੰਦੇ ਹਨ ਕਿ ਪਬਲੀਸਿਟੀ ਕਰਦੇ ਹਾਂ। ਬੀਜਣੀ ਤਾਂ ਸਰ੍ਹੋਂ ਹੈ, ਬੀਜਣੀ ਤਾਂ ਤਾਰਾਮੀਰਾ ਹੈ ਔਰ ਬਾਸਮਤੀ ਹੈ ਪਰ ਇਸ ਦੇ ਲਈ ਇਨ੍ਹਾਂ ਨੇ ਪਬਲੀਸਿਟੀ ਟੈਲੀਵਿਜ਼ਨਾਂ ਦੇ ਵਿਚ ਕੀਤੀ ਹੈ। ਇਸ ਪਬਲੀਸਿਟੀ ਦੇ ਲਈ 8 ਕਰੋੜ 19 ਲੱਖ 42 ਹਜ਼ਾਰ ਰੁਪਏ ਟੀ.ਵੀ. ਦੀ ਐਡ ਦੇ ਲਈ ਦੇ ਦਿੱਤੇ ਹਨ। ਪ੍ਰਿੰਟ ਮੀਡੀਆ ਨੂੰ ਵੱਖਰੇ ਪੈਸੇ ਦੇ ਦਿੱਤੇ ਗਏ ਹਨ। ਹੋਰਡਿੰਗ ਅਤੇ ਬੋਰਡਜ਼ ਬਣਾਏ ਜਾਣ ਲਈ ਇੱਕ ਕਰੋੜ ਤੀਹ ਲੱਖ ਰੁਪਏ ਦਿੱਤੇ ਗਏ ਹਨ। ਜੋ ਇਸ ਨਾਲ ਕੰਸਰਨਡ ਹੈ, ਉਹ ਜ਼ਰੂਰ ਇਸ ਗੱਲ ਵੱਲ ਧਿਆਨ ਦੇਵੇ ਕਿ ਇੱਕ ਟੀ.ਵੀ. ਚੈਨਲ ਜਿਹੜਾ ਕਿ ਇਨ੍ਹਾਂ ਦੇ ਗੁਣ ਗਾਉਂਦਾ ਹੈ, ਉਹ ਪੰਜਾਬ ਟੂਡੇ ਟੀ.ਵੀ. ਚੈਨਲ ਹੈ, ਉਸ ਨੂੰ ਸਤੰਬਰ, 2000 ਤੱਕ 7 ਕਰੋੜ ਰੁਪਏ ਦੇ ਦਿੱਤੇ ਗਏ ਹਨ। (ਆਪੋਜ਼ੀਸ਼ਨ ਵਲੋਂ ਸ਼ੇਮ-ਸ਼ੇਮ ਦੀਆਂ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਆਵਾਜ਼ਾਂ) ਸਪੀਕਰ ਸਾਹਿਬ, ਇਹ ਪੰਜਾਬ ਦੇ ਫੰਡਜ਼ ਦੇ ਨਾਲ ਗਦਾਰੀ ਕਰ ਰਹੇ ਹਨ। ਇਹ ਹੋ ਰਿਹਾ ਹੈ ਕਿ ਪੈਸਾ ਚਾਹੇ ਸੈਂਟਰ ਦਾ ਹੋਵੇ, ਉਹ ਖਾ ਲਓ, ਚਾਹੇ ਸਟੇਟ ਪਲਾਨ ਦਾ ਪੈਸਾ ਹੋਵੇ, ਉਹ ਵੀ ਖਾ ਜਾਓ ਅਤੇ ਜਿਹੜੇ ਕੰਮਾਂ ਦੇ ਵਾਸਤੇ ਪੈਸੇ/ਫੰਡਜ਼ ਮਿਲਦੇ ਹਨ, ਉਹ ਕੰਮ ਨਾ ਕਰੀਏ। ਇਹ ਠੀਕ ਗੱਲ ਨਹੀਂ ਹੈ। ਪੈਸਾ ਵੱਡੇ-ਵੱਡੇ ਵਪਾਰੀਆਂ ਨੂੰ ਦੇ ਦਿੱਤਾ ਗਿਆ ਹੈ ਕਿ ਐਕਸਟੈਨਸ਼ਨ ਸਰਵਿਸਿਜ਼ ਲੈਣੀਆਂ ਹਨ। ਟਰੇਡਰਜ ਨੂੰ ਪੈਸਾ ਦਿੱਤਾ ਗਿਆ ਹੈ ਅਤੇ ਬਚਦਾ ਪੈਸਾ 7 ਕਰੋੜ ਰੁਪਿਆ ਟੀ.ਵੀ. ਚੈਨਲ ਵਾਲਿਆਂ ਨੂੰ ਦੇ ਦਿੱਤਾ ਗਿਆ ਹੈ। 45 ਕਰੋੜ ਰੁਪਿਆ ਤਾਂ ਇਸੇ ਤਰ੍ਹਾਂ ਹੀ ਇਨ੍ਹਾਂ ਨੇ ਖਰਾਬ ਕਰ ਦਿੱਤਾ ਹੈ। ਇਨ੍ਹਾਂ ਨੂੰ ਪੈਸੇ ਫਜ਼ੂਲ ਵਰਤਣ ਦੇ ਤਰੀਕੇ ਬੜੇ ਆਉਂਦੇ ਹਨ। ਸਾਡੀ ਸਮਝ ਦੇ ਵਿਚ ਤਾਂ ਇਹੋ ਜਿਹੇ ਤਰੀਕੇ ਆਉਂਦੇ ਹੀ ਨਹੀਂ। ਸਾਨੂੰ ਇਹੋ ਜਿਹੀਆਂ ਸਕੀਮਾਂ ਬਣਾਉਣੀਆਂ ਹੀ ਨਹੀਂ ਆਉਂਦੀਆਂ। ਜਿਹੜੇ ਇੰਪਲੀਮੈਂਟਸ ਬਣਾਏ ਗਏ ਹਨ, ਕੀ ਉਨ੍ਹਾਂ ਲਈ ਪੈਸੇ ਅਸੀਂ ਦੇਣੇ ਸੀ ? ਉਹ ਅਸੀਂ ਨਹੀਂ ਦੇਣੇ ਸੀ, ਉਹ ਤਾਂ ਐਕਸਟੈਨਸ਼ਨ ਵਾਲੇ ਦਿੰਦੇ। ਸੰਦ ਜਿਵੇਂ ਕਿ ਮੋਅਰ, ਡਰਾਇਰ ਅਤੇ ਟਰਾਂਸਪਲਾਂਟਰ ਆਦਿ ਹਨ........

**ਮਾਨਯੋਗ ਸਪੀਕਰ** : ਵਾਈਂਡ ਅੱਪ ਕਰੋ ਜੀ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : 3.15 ਕਰੋੜ ਰੁਪਏ ਦੇ ਉਹ ਬਣਾਏ ਸਨ। ਹੋਰ ਬੜੀ ਇੰਸਟਰਟਿੰਗ ਗੱਲ ਹੈ। ਇਨ੍ਹਾਂ ਨੇ ਸਰੋਂ ਅਤੇ ਬਾਸਮਤੀ ਕਿਸਾਨਾਂ ਦੀ ਬੀਜਣ ਲਈ ਇਕ ਮੀਟਿੰਗ 2003 ਦੇ ਮਾਰਚ-ਅਪ੍ਰੈਲ ਮਹੀਨੇ ਵਿਚ ਪਤਾ ਕਿਥੇ ਕੀਤੀ, ਉਹ ਇਨ੍ਹਾਂ ਨੇ ਇੰਡੀਆ ਵਿਚ ਨਹੀਂ ਬਲਕਿ ਅਮਰੀਕਾ ਵਿਚ 3-4 ਬੰਦਿਆਂ ਨੇ ਮਿਲ ਕੇ ਕੀਤੀ। ਅਮਰੀਕਾ ਵਿਚ ਸਰੋਂ ਬੀਜੀ ਨਹੀਂ ਜਾਂਦੀ ਪਰ ਮੀਟਿੰਗ ਪਲੇਸ ਅਮਰੀਕਾ ਵਿਚ ਰੱਖਿਆ ਗਿਆ। ਇਸੇ ਤਰ੍ਹਾਂ ਇਨ੍ਹਾਂ ਨੇ 7 ਅਪ੍ਰੈਲ ਤੋਂ 16 ਅਪ੍ਰੈਲ ਤੱਕ ਫਲੋਰੀਡਾ (ਅਮਰੀਕਾ) ਵਿਚ ਮੀਟਿੰਗ ਰੱਖੀ ਜਿਥੇ 5 ਬੰਦੇ ਮੀਟਿੰਗ ਵਿਚ ਗਏ। ਇਸ ਵਿਚ ਐਮ.ਡੀ., ਡਾਇਰੈਕਟਰ ਹੌਰਟੀਕਲਚਰ, ਡਿਪਟੀ ਡਾਇਰੈਕਟਰ ਹੌਰਟੀਕਲਚਰ, ਸੈਕਟਰੀ ਮੰਡੀ ਬੋਰਡ, ਲਾਭ ਸਿੰਘ ਚੇਅਰਮੈਨ, ਸੰਜੀਵ ਵਰਮਾ, ਵਾਈਸ ਚੇਅਰਮੈਨ ਅਤੇ ਜਸਬੀਰ ਸਿੰਘ, ਵਾਈਸ ਚੇਅਰਮੈਨ ਗਏ ਸਨ। ਇਸ ਤੋਂ ਇਲਾਵਾ ਇਕ ਮੀਟਿੰਗ ਇਨ੍ਹਾਂ ਨੇ ਫਲੋਰੀਡਾ ਵਿਚ 28 ਫਰਵਰੀ ਤੋਂ 7 ਮਾਰਚ, 2003 ਵਿਚ ਕੀਤੀ। ਇਹ ਵੀ ਫਲੋਰੀਡਾ ਦੀ ਕਿਸੇ ਜਗ੍ਹਾ ਤੇ ਹੋਈ, ਜਿਸ ਦਾ ਨਾਂ ਮੈਨੂੰ ਸਮਝ ਨਹੀਂ ਆ ਰਿਹਾ। ਕੈਪਟਨ ਸਾਹਿਬ ਨੂੰ ਥਾਂ ਦਾ ਪਤਾ ਹੋਵੇਗਾ। ਫੇਰ ਇਨ੍ਹਾਂ ਨੇ ਇਕ ਮੀਟਿੰਗ ਲੰਡਨ ਵਿਚ ਕੀਤੀ। ਚੀਫ ਮਨਿਸਟਰ ਸਾਹਿਬ ਨੇ ਇਹ ਮੀਟਿੰਗ ਤਲਵੰਡੀ ਸਾਬੋ ਨਹੀਂ ਕੀਤੀ ਜਾਂ ਕਿਸੇ ਬਾਰਡਰ ਦੇ ਇਲਾਕੇ ਵਿਚ ਨਹੀਂ ਕੀਤੀ ਬਲਕਿ ਬਾਹਰਲੇ ਮੁਲਕਾਂ ਦੇ ਵਿਚ ਜਾ ਕੇ ਮੀਟਿੰਗਾਂ ਕੀਤੀਆਂ। ਇਸ ਤੋਂ ਬਾਦ ਇਹ ਹਾਲੈਂਡ, ਫਰਾਂਸ ਅਤੇ ਜਰਮਨੀ ਵਿਚ 28 ਸਤੰਬਰ ਤੋਂ 2 ਅਕਤੂਬਰ ਤੱਕ ਗਏ ਇਸ ਤੋਂ ਬਾਦ ਇਨ੍ਹਾਂ ਨੇ ਯੂ.ਕੇ., ਸਿੰਘਾਪੁਰ ਵਿਚ ਕਨਟਰੈਕਟ ਫਾਰਮਿੰਗ ਲਈ ਪੀ.ਐਸ.ਆਈ.ਡੀ.ਸੀ. ਦੇ ਅਫਸਰਾਂ ਨਾਲ ਮੀਟਿੰਗਾਂ ਕੀਤੀਆਂ। ਜਿਹੜੇ ਦੌਰੇ ਇਨ੍ਹਾਂ ਅਫਸਰਾਂ ਨੇ ਕੀਤੇ, ਜੇਕਰ ਇਸ ਦੀ ਇਨਕੁਆਇਰੀ ਕੀਤੀ ਜਾਵੇ ਤਾਂ ਇਨ੍ਹਾਂ ਨੂੰ ਸਜ਼ਾਵਾਂ ਮਿਲ ਸਕਦੀਆਂ ਹਨ। ਇਨ੍ਹਾਂ ਨੇ ਕਨਟਰੈਕਟ ਫਾਰਮਿੰਗ ਲਈ ਮੱਕੀ ਦਾ ਬੀਜ ਲਿਆਂਦਾ ਪਰ ਉਹ ਦਾਣਾ ਉਗਿਆ ਹੀ ਨਹੀਂ ਅਤੇ ਜੋ ਜੌਂ ਲਿਆਂਦਾ ਗਿਆ, ਉਸ ਨੂੰ ਕਿਸਾਨਾਂ ਨੇ ਖਰੀਦਿਆ ਵੀ ਨਹੀਂ ਅਤੇ ਬਾਸਮਤੀ ਇਤਨੀ ਮਾੜੀ ਕਿਸਮ ਦੀ ਸੀ ਕਿ ਉਸ ਨੂੰ ਲੋਅ ਪ੍ਰਾਈਸ ਤੇ ਵੇਚਣਾ ਪਿਆ, ਜਿਸ ਕਰਕੇ ਲੋਕਾਂ ਵਿਚ ਕਾਫੀ ਰੀਜੈਂਟਮੈਂਟ ਪੈਦਾ ਹੋਈ।

ਤੁਸੀਂ ਕਨਟਰੈਕਟ ਫਾਰਮਿੰਗ ਸ਼ੁਰੂ ਕਰਨ ਤੋਂ ਪਹਿਲਾਂ ਕੋਈ ਕਾਨੂੰਨ ਬਣਾ ਲਓ ਪਰ ਐਗਰੋ ਇੰਡਸਟਰੀ ਵਾਲੇ ਕਾਨੂੰਨ ਬਣਾਉਣਾ ਨਹੀਂ ਚਾਹੁੰਣਗੇ ਕਿਉਂਕਿ ਫੇਰ ਉਹ ਗਫੇ ਨਹੀਂ ਖਾ ਸਕਣਗੇ। ਹਰਿਆਣੇ ਵਿਚ ਅਤੇ ਸਾਊਥ ਦੀਆਂ ਸਟੇਟਸ ਵਿਚ ਇਸ ਸਬੰਧੀ ਕਾਨੂੰਨ ਬਣਿਆ ਹੋਇਆ ਹੈ। ਇਹ 45 ਕਰੋੜ ਦਾ ਮਿਸਯੂਜ਼ ਕਰ ਰਹੇ ਹਨ। ਐਗਰੋ ਪ੍ਰੋਸੈਸਿੰਗ ਯੂਨਿਟਸ ਲਈ ਕੋਈ ਪੈਸਾ ਨਹੀਂ ਰਖਿਆ ਗਿਆ। (ਘੰਟੀ) ਸਪੀਕਰ ਸਾਹਿਬ, 18 ਕਰੋੜ ਰੁਪਏ ਦਾ ਜੋ ਹਸ਼ਰ ਹੋਇਆ ਹੈ, ਉਹ ਮੈਂ ਤੁਹਾਨੂੰ ਥੋੜੇ ਲਫਜ਼ਾਂ ਵਿਚ ਦਸ ਸਕਦਾ ਹਾਂ, ਕਿਉਂਕਿ ਤੁਸੀਂ ਟਾਈਮ ਘੱਟ ਦਿਤਾ ਹੈ। ਇਹ ਐਗਰੋ ਇੰਡਸਟਰੀ ਉਤੇ ਖਰਚ ਹੋਣ ਦੇ ਬਜਾਏ ਜਾਂ ਕਿਸਾਨਾਂ ਨੂੰ ਇਸ ਦਾ ਕੋਈ ਫਾਇਦਾ ਹੋਣ ਦੇ ਬਜਾਏ ਇਕ ਬਾਹਰਲੇ ਮੁਲਕਾਂ ਦੇ ਵਿਚ ਮੀਟਿੰਗਾਂ ਕਰਕੇ ਮਿਸਯੂਜ਼ ਕਰੀ ਜਾ ਰਹੇ ਹਨ। ਇਸ ਤਰੀਕੇ ਨਾਲ ਮਿਸਮੈਨੇਜਮੈਂਟ ਹੋ ਰਹੀ ਹੈ, ਮੈਂ ਤਾਂ ਦੇਖ ਕੇ ਹੈਰਾਨ ਹਾਂ ਕਿਸ ਤਰ੍ਹਾਂ ਖੇਤੀ ਦਾ ਪੈਸਾ ਖੇਤੀ ਤੇ ਖਰਚ ਨਾ ਕਰਕੇ ਹੋਰ ਕੰਮਾਂ ਵਾਸਤੇ ਯੂਜ਼ ਕੀਤਾ ਜਾ ਰਿਹਾ ਹੈ ਰੂਰਲ ਡਿਵੈਲਪਮੈਂਟ ਲਈ ਕੋਈ ਇਨਵੈਸਟਮੈਂਟ ਨਹੀਂ ਕੀਤੀ ਜਾ ਰਹੀ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੇ ਰਿਪੋਰਟ ਵਿਚ ਦੱਸਿਆ ਹੈ ਕਿ 18 ਹਜ਼ਾਰ ਕਰੋੜ ਰੁਪਿਆ ਕਿਸਾਨਾਂ ਉਤੇ ਕਰਜ਼ਾ ਚੜ੍ਹਿਆ ਹੋਇਆ ਹੈ। ਇਹ ਉਨ੍ਹਾਂ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ। ਕਿਸੇ ਹੋਰ ਰਿਪੋਰਟ ਦੇ ਵਿਚ ਇਹ ਕਰਜ਼ਾ 22 ਹਜ਼ਾਰ ਕਰੋੜ ਰੁਪਏ ਦਾ ਹੈ। 85% ਫਾਰਮਰਜ਼ ਕਰਜ਼ੇ ਹੇਠਾਂ ਦੱਬੇ ਹੋਏ ਹਨ ਅਤੇ 10-15% ਫਾਰਮਰਜ਼ ਬੜੀ ਕਰੀਟੀਕਲ ਪੁਜ਼ੀਸ਼ਨ ਵਿਚ ਪਹੁੰਚ ਚੁੱਕੇ ਹਨ, ਜਿੰਨ੍ਹਾਂ ਉਤੇ ਕਰਜ਼ਾ ਚੜ੍ਹਾਇਆ ਹੋਇਆ ਹੈ। ਉਹ ਖੁਦਕੁਸ਼ੀ ਦੀ ਹਾਲਤ ਵਿਚ ਹਨ। ਇਹ ਕਰਜ਼ਾ 16 ਹਜ਼ਾਰ ਕਰੋੜ ਰੁਪਏ ਦਾ ਹੈ। ਸਪੀਕਰ ਸਾਹਿਬ, ਪਿੰਡਾਂ ਦੇ ਬੱਚੇ ਫਾਰਮਾਂ ਵਿਚ ਕੰਮ ਕਰ ਸਕਦੇ ਹਨ ਪਰ ਉਨ੍ਹਾਂ ਉਤੇ ਕਰਜ਼ਾ ਕਾਫੀ ਹੈ। ਇਹ ਮੈਨੂੰ ਦਸ ਦੇਣ ਜੇਕਰ ਇਨ੍ਹਾਂ ਨੇ ਪਿਛਲੇ 3 ਸਾਲਾਂ ਦੇ ਵਿਚ ਕਿਸੇ ਪੇਂਡੂ ਲੜਕੇ ਨੂੰ ਇੰਪਲਾਇਮੈਂਟ ਦਿੱਤੀ ਹੋਵੇ। ਮੈਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਦੱਸਿਆ ਕਿ ਯੂਨੀਵਰਸਿਟੀ ਦੇ ਵਿਚ ਦਸਵੀਂ ਬਾਰ੍ਹਵੀਂ ਪਾਸ ਕੋਈ ਲੜਕਾ ਐਸਾ ਨਹੀਂ ਹੈ, ਜੋ ਪਿੰਡ ਤੋਂ ਪੜ੍ਹ ਕੇ ਯੂਨੀਵਰਸਿਟੀ ਵਿਚ ਸਟੱਡੀ ਕਰਦਾ ਹੋਵੇ। ਇਹ ਹਾਲ ਸਾਡੀ ਐਗਰੀਕਲਚਰ ਯੂਨੀਵਰਸਿਟੀ ਦਾ ਹੋਇਆ ਹੈ। ਉਥੇ ਸਭ ਬੱਚੇ ਉਹੀ ਹਨ, ਜਿਹੜੇ ਸ਼ਹਿਰਾਂ ਵਿਚੋਂ ਪੜ੍ਹ ਕੇ ਆਉਂਦੇ ਹਨ। (ਘੰਟੀ) Sir, I will take 5 minutes more. ਜੇਕਰ ਅਨ-ਇੰਪਲਾਇਮੈਂਟ ਹੀ ਦੇਣੀ ਸੀ, ਰਿਕਰੂਟਮੈਂਟ ਤੇ ਬੈਨ ਲਾਉਣਾ ਸੀ ਤਾਂ ਇਹ ਵੀ ਚਾਹੀਦਾ ਸੀ ਕਿ ਬੱਚਿਆਂ ਨੂੰ ਕੋਈ ਆਪਰਚੂਨਿਟੀ ਫਾਰ ਸੈਲਫ ਇੰਪਲਾਇਮੈਂਟ ਦਿੱਤੀ ਜਾਂਦੀ। ਪਰ ਇਸ ਪਾਸੇ ਕੁਝ ਨਹੀਂ ਕੀਤਾ ਗਿਆ। ਸਾਰੀਆਂ ਗੱਲਾਂ ਦਾ ਤਾਅਲੁੱਕ ਐਗਰੀਕਲਚਰ ਨਾਲ ਹੈ। ਫਾਰਮਰ ਲਈ ਐਜੂਕੇਸ਼ਨ ਵੀ ਜਰੂਰੀ ਹੈ, ਹੈਲਥ ਵੀ ਫਾਰਮਰ ਦੀ ਜ਼ਰੂਰੀ ਹੈ। Education and Health services have reached a point of standstill. ਵਰਲਡ ਬੈਂਕ ਦੀ ਰਿਪੋਰਟ ਦੱਸਦੀ ਹੈ 36% of the primary school teachers remain absent from their schools. The rate is third highest across Indian states following Bihar and Jharkhand where 39% of the Doctors and 44% of the other medical personnel remain absent from their duty. ਇਹ ਜੀ ਤੁਸੀਂ ਹੈਲਥ ਮਨਿਸਟਰ ਸਾਹਿਬ ਧਿਆਨ ਦੇਣਾ, ਇਕੱਲੇ ਜਵਾਬ ਨਾਲ ਕੰਮ ਨਹੀਂ ਸਰਦਾ.........(ਘੰਟੀ)

**Mr. Speaker** : Please resume your seat.

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਕੂਲਾਂ ਦਾ ਹਾਲ, ਹਸਪਤਾਲਾਂ ਦਾ ਹਾਲ ਇਕੋ ਜਿਹਾ ਹੈ। ਹੈਲਥ ਦਾ ਇਨਫਰਾਸਟ੍ਰਕਚਰ ਹੈ, ਬਿਲਡਿੰਗਾਂ ਬਣਾ ਦਿੱਤੀਆਂ, ਡਾਕਟਰ ਹੈ ਨਹੀਂ। ਸਪੀਕਰ ਸਾਹਿਬ, ਮੈਂ ਹੋਰ ਬੇਨਤੀ ਕਰਾਂਗਾ ਕਿ ਹੁਣ ਹਾਈ-ਟੈਕ ਕਰਾਪਸ ਜਿਹੜੀਆਂ ਹਨ, ਉਹ need of the hour ਹਨ। ਇਸ ਦੇ ਪਾਸੇ ਧਿਆਨ ਦਿਉ। ਆਰਗੈਨਿਕ ਫਾਰਮਿੰਗ ਵੱਲ ਧਿਆਨ ਦਿਉ। ਮੈਡੀਸੀਨਲ ਪਲਾਂਟਸ, ਜੇ ਤੁਸੀਂ ਡਾਈਵਰਸੀਫਿਕੇਸ਼ਨ ਕਰਾਉਣੀ ਹੈ, ਉਧਰ ਵੀ ਧਿਆਨ ਦਿਉ। ਪਾਣੀ ਦੀ ਜੋ ਹਾਲਤ ਹੈ, ਉਸ ਅਨੁਸਾਰ ਸਾਡਾ ਪੰਜਾਬ ਕੁਝ ਸਾਲਾਂ ਨੂੰ ਡੈਜ਼ਰਟ ਬਣ ਜਾਵੇਗਾ। ਡ੍ਰਿਪ ਇਰੀਗੇਸ਼ਨ ਵੱਲ ਧਿਆਨ ਦਿਉ, ਭਾਵੇਂ ਸਬਸਿਡੀ ਦੇ ਦਿਉ, 50%, 75%, ਜਿੰਨੀ ਦੇ ਸਕਦੇ ਹੋ, ਦੇ ਦਿਉ। 100 ਕਰੋੜ ਰੁਪਏ ਜਿਹੜੇ ਡਾਈਵਰਸੀਫਿਕੇਸ਼ਨ ਵਾਸਤੇ ਰੱਖੇ ਹਨ, ਉਹ ਪੁਰਾਣੀਆਂ ਫਰਮਾਂ ਵਾਲਿਆਂ ਨੂੰ ਨਾ ਦੇ ਦੇਣਾ। ਉਨ੍ਹਾਂ ਕੋਈ ਡਾਈਵਰਸੀਫਿਕੇਸ਼ਨ ਨਹੀਂ ਹੋਣ ਦੇਣੀ। ਉਹ ਕਿਸਾਨਾਂ ਨੂੰ ਦੇ ਦਿਉ, ਕੋਈ ਪਾਣੀ ਵਾਸਤੇ ਟੈਂਕ ਬਣਾ ਲੈਣਗੇ। ਫਿਰ, ਸਪੀਕਰ ਸਾਹਿਬ, ਇਨ੍ਹਾਂ ਨੂੰ ਪ੍ਰਾਈਸ ਸਟੈਬਲਾਈਜੇਸ਼ਨ ਫੰਡ ਰੱਖਣਾ ਚਾਹੀਦਾ ਹੈ.........(ਘੰਟੀ) ਸਪੀਕਰ ਸਾਹਿਬ, 2 ਮਿੰਟ ਜੀ। ਇਨ੍ਹਾਂ ਨੂੰ ਰੂਰਲ ਇਨਡੈਟਡਨੈਸ ਰਿਲੀਫ ਫੰਡ ਦੇਣਾ ਚਾਹੀਦਾ ਹੈ। ਆਖਿਰ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਦੀ ਪੰਜਾਬ ਵਿਚ ਕਾਂਗਰਸ ਸਰਕਾਰ ਆਈ ਹੈ, ਇਸ ਨੇ ਕਿਸਾਨਾਂ ਕੋਲੋ ਗਿਣ-ਗਿਣ ਕੇ ਬਦਲੇ ਲਏ ਹਨ। ਇਨ੍ਹਾਂ ਨੇ ਨਿਹੱਥੇ ਤੇ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਮਿਹਨਤੀ ਕਿਸਾਨਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਹੈ। ਉਨ੍ਹਾਂ ਉਪਰ ਬੇਰਹਿਮੀ ਨਾਲ ਡਾਂਗਾਂ ਬਰਸਾਈਆਂ ਜਾ ਰਹੀਆਂ ਹਨ। ਇਕੱਲੇ ਕਿਸਾਨਾਂ ਨੂੰ ਹੀ ਨਹੀਂ, ਉਨ੍ਹਾਂ ਦੀਆ ਇਸਤਰੀਆ ਅਤੇ ਲੱਖਾਂ ਬੱਚਿਆਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਇਹ ਸਰਕਾਰ ਬਾਬਰ ਤੋਂ ਵੀ ਜ਼ਾਲਮ ਬਣ ਕੇ ਅੱਜ ਉਨ੍ਹਾਂ ਤੇ ਕਹਿਰ ਢਾਹ ਰਹੀ ਹੈ। ਇਹ ਬਹੁਤ ਹੀ ਦੁੱਖਦਾਈ ਗੱਲ ਹੈ। ਇਸ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਵੇ, ਘੱਟ ਹੈ......(ਘੰਟੀ)

**ਮਾਨਯੋਗ ਸਪੀਕਰ :** ਹੁਣ ਤੁਸੀਂ ਬੈਠੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਚਲੋ ਤੁਹਾਡਾ ਹੁਕਮ ਮੰਨ ਲੈਂਦੇ ਹਾਂ। ਤੁਸੀਂ ਤਾਂ ਸਾਡੀ ਗੱਲ ਨਹੀਂ ਮੰਨਦੇ। ਅਸੀਂ ਮੰਨ ਲੈਂਦੇ ਹਾਂ। ਬੱਸ ਥੋੜ੍ਹਾ ਜਿਹਾ ਰਹਿੰਦਾ ਹੈ..........

**ਆਵਾਜ਼ਾਂ :** ਹਾਲੇ ਪੰਜ ਮਿੰਟ ਰਹਿੰਦੇ ਹਨ।

**ਸਥਾਨਕ ਸਰਕਾਰ, ਸੰਸਦੀ ਮਾਮਲਿਆਂ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ :** ਨਹੀਂ ਜੀ, 55 ਮਿੰਟ ਹੋ ਗਏ ਹਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮੈਂ ਅੰਤ ਵਿੱਚ ਬੇਨਤੀ ਕਰਦਾ ਹਾਂ ਕਿ ਇਹ ਮੇਰੀਆਂ ਕਹੀਆਂ ਸਾਰੀਆਂ ਗੱਲਾਂ ਵੱਲ ਧਿਆਨ ਦੇਣ। ਇਨ੍ਹਾਂ ਵਿਚੋਂ ਕੋਈ ਗੱਲ ਵੀ ਗਲਤ ਨਹੀਂ, ਸਾਰੀਆਂ ਠੀਕ ਹਨ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ।

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਸਪੀਕਰ ਸਾਹਿਬ, ਮੇਰੀ ਇਕ ਬੇਨਤੀ ਹੈ ਕਿ ਆਪੋਜ਼ੀਸ਼ਨ ਨੂੰ ਅਸੀਂ ਸੁਣ ਲਿਆ ਹੈ, ਇਹ ਵੀ ਸਾਨੂੰ ਸੁਣ ਕੇ ਜਾਣ। ਮਾੜਾ ਜਿਹਾ ਬਹਾਨਾ ਲੈ ਕੇ ਉਠ ਕੇ ਤੁਰ ਪੈਂਦੇ ਹਨ। ਤੁਰਨ ਦਾ, ਮੇਰਾ ਖਿਆਲ ਹੈ, ਇਨ੍ਹਾਂ ਨੂੰ ਸ਼ੌਂਕ ਹੈ। ਕਦੇ ਆਉਂਦੇ ਹਨ, ਕਦੇ ਜਾਂਦੇ ਹਨ। ਕੋਈ ਵੀ ਦਿਨ ਨਹੀਂ ਜਦੋਂ ਇਹ ਇਸ ਕੰਮ ਵਿਚ ਨਾ ਪਏ ਹੋਣ। ਪਤਾ ਨਹੀਂ ਇਨ੍ਹਾਂ ਨੂੰ ਐਕਸਰਸਾਈਜ਼ ਕਰਨ ਦੀ ਆਦਤ ਹੈ ਜਾਂ ਕੀ ਹੈ। (ਵਿਘਨ)

**Mr. Speaker :** Order please, order.

ਮੁੱਖ ਮੰਤਰੀ : ਲੇਕਿਨ ਮੈਨੂੰ ਅੱਜ ਹੈਰਾਨੀ ਇਸ ਗੱਲ ਦੀ ਹੈ ਕਿ ਇਹ ਸਦਨ ਇਕ ਸਦਨ ਹੁੰਦਾ ਹੈ, ਇਸ ਦੀਆਂ ਕੁਝ ਡੈਮੋਕਰੇਟਿਕ ਟਰੈਡੀਸ਼ਨਜ਼ ਹਨ। ਇਸ ਸਦਨ ਵਿਚ ਕੋਈ ਸੱਚ ਤੋਂ ਇਲਾਵਾ ਹੋਰ ਕੁਝ ਬੋਲ ਨਹੀਂ ਸਕਦਾ। ਇਹ ਲੋਕ ਰਾਜ, ਡੈਮੋਕਰੇਸੀ ਦੀ ਇਕ ਪਰੰਪਰਾ ਹੈ ਲੇਕਿਨ ਜਿਹੜੀਆਂ ਅੱਜ ਗੱਲਾਂ ਮੈਂ ਸੁਣੀਆਂ ਹਨ ਕਿ ਲੱਖਾਂ ਬੱਚਿਆਂ ਨੂੰ ਜੇਲ੍ਹਾਂ ਵਿਚ ਦੇ ਦਿੱਤਾ, ਡਾਂਗਾਂ, ਗੋਲੀਆਂ ਚਲਾ ਦਿੱਤੀਆਂ, ਪਤਾ ਨਹੀਂ ਕਿਧਰੋਂ ਕੱਢਦੇ ਹਨ ਇਹ ਆਂਕੜੇ। ਇਹ ਜਿਹੜੇ ਫੈਕਟਸ ਇਨ੍ਹਾਂ ਨੇ ਇਥੇ ਕੋਟ ਕੀਤੇ ਹਨ, ਇਨ੍ਹਾਂ ਦੇ ਵਾਸਤੇ ਇਨ੍ਹਾਂ ਦਾ ਕੋਈ ਨਾ ਕੋਈ ਇਕਨਾਮਿਕ ਥਿੰਕ ਟੈਂਕ ਤਾਂ ਹੋਣਾ ਹੀ ਹੈ। ਮੈਂ ਜਾਨਣਾ ਚਾਹੁੰਦਾ ਹਾਂ ਕਿ ਉਹ ਥਿੰਕ ਟੈਂਕ ਕੌਣ ਹੈ। ਇਹ ਆਪਣੀਆਂ ਫਿਗਰਜ਼ ਦਾ ਸੋਰਸ ਕਿਥੋਂ ਲੈਂਦੇ ਹਨ। ਅਗਰ ਇਹ ਫਿਗਰਜ਼ ਇਸ ਸਦਨ ਵਿਚ ਗਲਤ ਹੋਣ, ਅਗਰ ਇਸ ਸਦਨ ਵਿਚ ਗਲਤ ਅੰਕੜੇ ਦੇਈ ਜਾਉਗੇ ਜਾਂ ਝੂਠ ਮਾਰੀ ਜਾਉਗੇ then this is a very sad day for our democracy. ਇਸ ਤਰੀਕੇ ਨਾਲ ਸਾਡਾ ਇਹ ਜੋ ਡੈਮੋਕਰੇਟਿਕ ਸੈੱਟ-ਅਪ ਹੈ, ਇਹ ਠੀਕ ਤਰੀਕੇ ਨਾਲ ਕੰਮ ਨਹੀਂ ਕਰ ਸਕੇਗਾ। ਸਾਡੀ ਡੈਮੋਕਰੇਸੀ ਇਹੋ ਜਿਹੀ ਹੈ—ਚਾਹੇ ਉਹ ਵਿਧਾਨ ਸਭਾ ਹੈ ਜਾਂ ਪਾਰਲੀਮੈਂਟ ਹੈ, ਇਕ ਸੈਂਕਰੋਸੈਂਟ ਬਾਡੀ ਹੈ ਅਤੇ ਇਸ ਵਿਚ ਜਿਹੜੇ ਅੰਕੜੇ ਦਿੱਤੇ ਜਾਣੇ ਹਨ, it has to be based on reality and not based on fiction. ਇਨ੍ਹਾਂ ਦੀ ਤਾਂ ਸਾਰੀ ਸਪੀਚ ਹੀ ਫਿਕਸ਼ਨ ਤੇ ਆਧਾਰਤ ਹੈ। ਐਕਸਾਈਜ ਮਨਿਸਟਰ ਸਾਹਿਬ ਬਿਮਾਰ ਹਨ, ਇਸ ਕਰਕੇ ਉਨ੍ਹਾਂ ਵੱਲੋਂ ਜਵਾਬ ਤਾਂ ਐਫ.ਐਮ. ਸਾਹਿਬ ਦੇਣਗੇ ਪਰ ਐਗਰੀਕਲਚਰ ਦੇ ਬਾਰੇ ਮੈਂ ਇਨ੍ਹਾਂ ਨੂੰ ਜ਼ਰੂਰ ਕੁਝ ਦੱਸਣਾ ਚਾਹੁੰਦਾ ਹਾਂ। want to come down on Agriculture. ਇਹ ਆਪਣੇ ਆਪ ਨੂੰ ਐਗਰੀਕਲਚਰ ਵਿਸ਼ੇ ਦਾ ਬੜਾ ਮਾਹਿਰ ਕਹਾਉਂਦੇ ਹਨ। ਇਹ ਕਹਿੰਦੇ ਹਨ ਕਿ agricultural production is going down ਅਤੇ ਇਸ ਪਾਸੇ ਬਹੁਤ ਨੁਕਸਾਨ ਹੋ ਰਿਹਾ ਹੈ। ਮੈਂ ਇਨ੍ਹਾਂ ਨੂੰ ਅੰਕੜੇ ਦੱਸਣੇ ਚਾਹੁੰਦਾ ਹਾਂ, ਸੁਣ ਲੈਣ। ਜਦੋਂ ਅਸੀਂ ਟੇਕ-ਓਵਰ ਕੀਤਾ ਅਤੇ 2002 ਵਿਚ ਫਸਲ ਕੱਟੀ ਤਾਂ ਉਸ ਵੇਲੇ ਮਾਰਕੀਟੇਬਲ ਪ੍ਰੋਡਿਊਸ 22 ਮਿਲੀਅਨ ਟਨ ਸੀ—ਜ਼ੀਰੀ ਅਤੇ ਕਣਕ ਮਿਲਾ ਕੇ। ਐਤਕੀ ਅਸੀਂ 30 ਮਿਲੀਅਨ ਟਨ ਤੇ ਪਹੁੰਚ ਗਏ ਹਾਂ। 15.6 ਮਿਲੀਅਨ ਟਨ ਝੋਨਾ ਅਤੇ ਕਣਕ 15 ਮਿਲੀਅਨ ਟਨ ਤੋਂ ਉਪਰ ਹੈ। ਅਸਲ ਫੈਕਟਸ ਐਂਡ ਫਿਗਰਜ਼ ਤਾਂ ਇਹ ਹਨ। ਲੀਡਰ ਆਫ ਦੀ ਆਪੋਜ਼ੀਸ਼ਨ ਕੋਲ ਇਹ ਫਿਗਰਜ਼ ਨਹੀਂ ਹਨ ਤਾਂ ਨੋਟ ਕਰ ਲੈਣ। It is good that he knows the correct figures. ਸਾਲ 2002-03 ਵਿਚ 16166 ਕਰੋੜ ਰੁਪਏ ਦੀ ਐਗਰੀਕਲਚਰਲ ਪ੍ਰੋਡਕਸ਼ਨ ਸੀ ਜਿਹੜੀ 2003-04 ਵਿਚ 17 ਹਜ਼ਾਰ ਕਰੋੜ ਰੁਪਏ ਤੋਂ ਉਪਰ ਹੋ ਗਈ। ਸਾਲ 2004-05 ਵਿਚ ਇਹ ਪ੍ਰੋਡਕਸ਼ਨ 20 ਹਜ਼ਾਰ ਕਰੋੜ ਰੁਪਏ ਨੂੰ ਕਰਾਸ ਕਰ ਜਾਣੀ ਹੈ। ਮਤਲਬ ਇਹ ਕਿ ਇਸ

[ਮੁੱਖ ਮੰਤਰੀ]

ਸਾਲ 4 ਹਜ਼ਾਰ ਕਰੋੜ ਰੁਪਿਆ ਐਡੀਸ਼ਨਲ ਮਨੀ ਰੂਰਲ ਸੈਕਟਰ ਵਿਚ ਆ ਗਿਆ ਹੈ। ਇਹ ਚੀਜ਼ ਇਸ ਗੱਲ ਤੋਂ ਵੀ ਸਾਬਤ ਹੁੰਦੀ ਹੈ ਕਿ ਜ਼ਮੀਨਾਂ ਦੀਆ ਕੀਮਤਾਂ ਵਧੀ ਜਾ ਰਹੀਆਂ ਹਨ ਅਤੇ ਸੂਬੇ ਵਿਚ ਕੰਜਿਊਮਰ ਮਾਰਕੀਟ ਦਿਨੋ ਦਿਨ ਹੋਰ ਡਿਵੈਲਪ ਹੁੰਦੀ ਜਾ ਰਹੀ ਹੈ। ਲੋਕਾਂ ਦੀ ਆਮਦਨ ਇਨਕਰੀਜ਼ ਹੋ ਰਹੀ ਹੈ। ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਇਹ ਆਪਣੇ ਅੰਕੜੇ ਕਿਧਰੋਂ ਕੱਢ ਕੇ ਲੈ ਆਉਂਦੇ ਹਨ। ਜਾਂ ਫਿਰ ਇਹ ਜਾਣ ਬੁਝ ਕੇ ਸਦਨ ਵਿਚ ਗਲਤ ਅੰਕੜੇ ਦੇ ਰਹੇ ਹਨ। I do not understand this. There has to be some understanding of this.

**Mr. Speaker :** One Hon'ble Member cannot mislead the House.

**Chief Minister :** It can not be misled. ਹਾਊਸ ਨੂੰ ਮਿਸਲੀਡ ਕਰਨਾ ਬਹੁਤ ਗਲਤ ਗੱਲ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਫਿਗਰਜ਼ ਦੱਸ ਸਕਦਾ ਹਾਂ। ਇਹ ਆਪਣੇ ਰਿਮਾਰਕਸ ਵਾਪਸ ਲੈਣ ਕਿ ਇਹ ਫਿਗਰਜ਼ ਗਲਤ ਹਨ ਜਾਂ ਕਿ ਹਾਊਸ ਨੂੰ ਮਿਸਲੀਡ ਕੀਤਾ ਹੈ।

**Mr. Speaker :** Resume your (Sardar Parkash Singh Badal) seat. Resume your seat, please. Do not intervene.

**ਮੁੱਖ ਮੰਤਰੀ :** ਕਣਕ ਝੋਨੇ ਦੀ ਗੱਲ ਸੁਣ ਲਈ ਹੈ। ਹੁਣ ਕਾਟਨ ਦੀ ਗੱਲ ਸੁਣ ਲਓ। ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਦੇ ਆਪਣੇ ਇਲਾਕੇ ਦੀ ਗੱਲ ਦੱਸਦਾ ਹਾਂ। ਇਨ੍ਹਾਂ ਨੂੰ ਪੁਛਿਆ ਜਾਵੇ ਕਿ ਇਹ 5 ਸਾਲ ਹਕੂਮਤ ਵਿਚ ਰਹੇ ਹਨ, ਉਦੋਂ ਕਾਟਨ ਦੀ ਪ੍ਰੋਡਕਸ਼ਨ ਕਿੰਨੀ ਸੀ—27 ਲੱਖ ਬੇਲਜ਼ ਜੋ ਕਿ 7 ਲੱਖ ਬੇਲਜ਼ ਥੱਲੇ ਆ ਗਈ ਸੀ। ਇਥੇ ਇਕ ਸੁਝਾਅ ਆਇਆ ਅਤੇ ਸੁੰਡੀਆਂ ਦੀ ਗੱਲ ਕੀਤੀ ਗਈ ਕਿ ਇਹ ਕਾਟਨ ਦੀ ਫਸਲ ਨੂੰ ਮਾਰ ਦਿੰਦੀਆਂ ਹਨ। ਇਨ੍ਹਾਂ ਦੇ ਵੇਲੇ 28-28 ਸਪਰੇਆਂ ਕੀਤੀਆਂ ਗਈਆਂ ਪਰ ਉਹ ਸੁੰਡੀਆਂ ਮਰੀਆਂ ਨਹੀਂ ਜਿਸ ਕਰਕੇ ਪੂਰੀ ਫਸਲ ਨਹੀਂ ਹੋਈ। ਮੈਂ ਇਨ੍ਹਾਂ ਦੀ ਮੰਡੀ ਮਲੋਟ ਵਿਚ ਗਿਆ ਸੀ। ਇਹ 4-5 ਸਾਲ ਪਹਿਲਾਂ ਹੀ ਗੱਲ ਹੈ। ਇਕ ਕਿਸਾਨ ਇਕ ਨਿੱਕੀ ਜਿਹੀ ਢੇਰੀ ਕੋਲ ਬੈਠਾ ਸੀ। ਮੈਂ ਉਸ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਮੈਂ ਬੇਅੰਤ ਸਪਰੇਆਂ ਕੀਤੀਆਂ ਹਨ ਪਰੰਤੂ ਸੁੰਡੀਆਂ ਨਹੀਂ ਮਰੀਆਂ। ਮੈਂ ਪੁੱਛਿਆ ਕਿ ਸੁੰਡੀਆਂ ਨੂੰ ਮਾਰਨ ਵਾਲੀ ਦਵਾਈ ਕਿਥੋਂ ਲੈਂਦੇ ਹੋ। ਮੈਂ ਇੰਸਪੈਕਟਰ ਨੂੰ ਵੀ ਪੁਛਿਆ ਕਿ ਤੁਸੀਂ ਇਹ ਦਵਾਈ ਕਿੱਥੋਂ ਖਰੀਦਦੇ ਹੋ। ਉਹ ਕਹਿਣ ਲੱਗਾ ਕਿ ਸਾਨੂੰ ਹੁਕਮ ਹੈ ਕਿ ਫਲਾਣੀ ਫੈਕਟਰੀ ਤੋਂ ਹੀ ਇਹ ਖਰੀਦਣੀ ਹੈ। ਇਕ ਖਾਸ ਫੈਕਟਰੀ ਹੈ, ਉਥੋਂ ਹੀ ਇਹ ਦਵਾਈ ਖਰੀਦੀ ਜਾਂਦੀ ਸੀ। This is a tragedy. ਜਿਸ ਏਰੀਏ ਵਿਚ ਇਨ੍ਹਾਂ ਦੇ ਆਪਣੇ ਲੋਕ ਹੋਣ ਅਤੇ ਇਹ ਪਤਾ ਹੀ ਨਾ ਹੋਵੇ ਕਿ ਉਥੇ ਕੀ ਹੋ ਰਿਹਾ ਹੈ, ਕਿੰਨੀ ਹੈਰਾਨੀ ਦੀ ਗੱਲ ਹੈ। ਆਪਣੀ ਨਿੱਜੀ ਆਮਦਨੀ ਵਧਾਉਣ ਵਾਸਤੇ ਪਤਾ ਨਹੀਂ ਇਹ ਕੀ ਕੁਝ ਕਰਦੇ ਰਹੇ। ਜਿਹੜਾ ਤੁਹਾਡਾ ਆਪਣਾ

ਇਲਾਕਾ ਹੋਵੇ, ਜਿਥੇ ਗਰੀਬ ਲੋਕ ਵਸਦੇ ਹੋਣ, ਉਨ੍ਹਾਂ ਨੂੰ ਇਹ ਆਪਣਾ ਪਰਿਵਾਰ ਹੀ ਨਹੀਂ ਸਮਝਦੇ ਹਨ। ਉਨ੍ਹਾਂ ਨੇ ਉਥੇ ਖੁਦਕੁਸ਼ੀਆਂ ਕੀਤੀਆਂ। ਜਿੰਨੀਆਂ ਇਨ੍ਹਾਂ ਦੇ ਇਲਾਕੇ ਵਿੱਚ ਖੁਦਕੁਸ਼ੀਆਂ ਹੋਈਆਂ, ਹੋਰ ਕਿਤੇ ਨਹੀਂ ਹੋਈਆਂ, ਉਹ ਨਰਮੇ ਵਾਲੀ ਥਾਂ ਜਿਸ ਨੂੰ ਚਿੱਟਾ ਸੋਨਾ ਕਿਹਾ ਜਾਂਦਾ ਸੀ ਇਨ੍ਹਾਂ ਨੂੰ ਸਾਰਾ ਪਤਾ ਹੈ ਸ਼ਾਇਦ ਇਹ ਭੁੱਲ ਗਏ ਨੇ। ਅਸੀਂ ਹੁਣ ਚੰਗੀਆਂ ਪੈਸਟੀਸਾਈਡਜ਼ ਲਿਆਂਦੀਆਂ ਹਨ। ਨਵੇਂ ਹਾਈਬ੍ਰਿਡ ਬੀਜ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਰਾਹੀਂ ਪੈਦਾ ਕੀਤੇ ਹਨ ਔਰ ਹੁਣ ਬੀ.ਟੀ.ਕਾਟਨ ਵੀ ਆ ਰਹੀ ਹੈ। ਪੰਜ ਵਰਾਇਟੀਜ਼ ਰਿਲੀਜ਼ ਕਰ ਰਹੇ ਹਾਂ ਔਰ ਇਸ ਦੀ ਇੰਡੀਕੇਸ਼ਨ ਇਹ ਹੈ ਕਿ ਜਿਹੜੀ ਪ੍ਰੋਡਕਸ਼ਨ 7 ਤੋਂ 13 ਲੱਖ ਬੇਲ ਤੱਕ ਪਹੁੰਚ ਗਈ ਸੀ ਹੁਣ ਐਤਕੀ 21 ਲੱਖ ਬੇਲ ਇਸ ਸਾਲ ਹੋ ਗਈ ਹੈ। ਵਾਹਿਗੁਰੂ ਦੀ ਕ੍ਰਿਪਾ ਨਾਲ ਇਹ ਹੁਣ ਵਧਦੀ ਜਾ ਰਹੀ ਹੈ। ਇਸ ਸਾਲ ਜ਼ਿਆਦਾ ਨਰਮਾ ਹੋਊ (ਸਰਕਾਰੀ ਬੈਂਚਾਂ ਵੱਲੋਂ ਥੰਪਿੰਗ) ਰੇਟ ਆਫ ਇੰਟ੍ਰੈਸਟ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ, ਇਹ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਚੰਗੀਆਂ ਗੱਲਾਂ ਦਾ ਜ਼ਿਕਰ ਨਹੀਂ ਕਰਦੇ। ਇਨ੍ਹਾਂ ਦੇ ਟਾਈਮ ਰੇਟ ਆਫ ਇੰਟ੍ਰੈਸਟ 14% ਹੁੰਦਾ ਸੀ। ਇਸ ਵਾਰ 10% ਤੇ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਸਪੀਕਰ ਸਾਹਿਬ, ਪਾਣੀ ਦਾ ਜ਼ਿਕਰ ਕਰਦਿਆਂ ਹੋਇਆਂ ਇਨ੍ਹਾਂ ਲੋਕਾਂ ਨੂੰ ਸ਼ਰਮ ਨਹੀਂ ਆਉਂਦੀ। ਪੰਜ ਸਾਲ ਇਹ ਏਥੇ ਰਹੇ ਹਨ। ਕਿੱਥੇ ਸੀ ਉਹੀ ਪਾਣੀ ਉਦੋਂ ? ਕਿੱਥੇ ਸੀ ਐਸ.ਵਾਈ.ਐਲ. ? ਇਹ ਮੋਰਚੇ ਲਵਾਉਂਦੇ ਰਹੇ। ਲੋਕਾਂ ਨੂੰ ਮਰਵਾਉਂਦੇ ਰਹੇ, ਇਨ੍ਹਾਂ ਨੇ ਲੋਕਾਂ ਨੂੰ ਮਰਵਾ ਦਿੱਤਾ। ਪੰਜਾਬ ਉਦੋਂ ਕਿੱਥੇ ਸੀ ? ਕਿੱਥੇ ਸੀ ਐਸ.ਵਾਈ.ਐਲ. ਇਹ ਪੰਜ ਸਾਲ ਕੀ ਕਰਦੇ ਰਹੇ ? 1972 ਤੋਂ ਲੈ ਕੇ ਇਨ੍ਹਾਂ ਨੇ ਪੰਜਾਬ ਦੇ ਹਾਲਾਤ ਵਿਗਾੜ ਕੇ ਰੱਖ ਦਿੱਤੇ। ਕਿੰਨੇ ਲੋਕ ਮਰਵਾ ਦਿੱਤੇ, ਕਿੰਨਾ ਖੂਨ ਡੁਲ੍ਹਵਾ ਦਿੱਤਾ। ਇਨ੍ਹਾਂ ਨੇ ਆਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ। ਜਿਹੜਾ ਕੰਮ ਅਸੀਂ ਇੱਕ ਘੰਟੇ ਵਿੱਚ ਬਿਲ ਲਿਆ ਕੇ ਪਾਸ ਕਰਕੇ ਪਰ੍ਹੇ ਮਾਰਿਆ, ਕੀ ਇਹ ਕੰਮ ਇਹ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਨਹੀਂ ਕਰ ਸਕਦੇ ਸੀ ? ਇਹ ਗੱਲਾਂ ਇਨ੍ਹਾਂ ਨੂੰ ਸੁਝਦੀਆਂ ਹੀ ਨਹੀਂ। ਹੁਣ ਇਹ ਕਹਿੰਦੇ ਕਿ ਕਲਾਜ਼ 5 ਨੂੰ ਚੁੱਕ ਦਿਓ ਜੀ ? ਕਹਿੰਦੇ ਹਨ ਉਸ ਵੇਲੇ ਅਸੀਂ ਪੜ੍ਹੀ ਨਹੀਂ ਸੀ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕੀ ਤੁਸੀਂ ਅਨਪੜ੍ਹ ਹੋ ? 10.30 ਵਜੇ ਸਾਡੀ ਕੈਬਨਿਟ ਨੇ ਉਸ ਦਿਨ ਇਸ ਨੂੰ ਪਾਸ ਕਰ ਦਿੱਤਾ ਸੀ ਅਤੇ 2.00 ਵਜੇ ਏਥੇ ਅਸੈਂਬਲੀ ਹੋਈ। ਇਹੋ ਜਿਹੇ ਦੋ ਪੇਪਰ ਇਹ ਨਹੀਂ ਪੜ੍ਹ ਸਕਦੇ ? ਹੁਣ ਜਦੋਂ ਬਿਲ ਪਾਸ ਕਰ ਦਿੱਤਾ ਤਾਂ ਇਹ ਕਹਿੰਦੇ ਹਨ ਕਿ ਜੀ ਉਹ ਕਲਾਜ਼ 5 ਰਿਮੂਵ ਕਰੋ। ਇਹ ਉਦੋਂ ਪੜ੍ਹਦੇ ਜਦੋਂ ਤੁਸੀਂ ਏਥੇ ਸਦਨ ਵਿੱਚ ਬੋਲੇ ਹੋ, ਲੀਡਰ ਆਫ ਦਿ ਆਪੋਜ਼ੀਸ਼ਨ ਬੋਲੇ ਹਨ, ਸਾਬਕਾ ਫਾਇਨਾਂਸ ਮਨਿਸਟਰ ਸਾਹਿਬ ਵੀ ਬੋਲੇ ਸਨ, ਉਦੋਂ ਕਿਉਂ ਨਹੀਂ ਇਹ ਗੱਲਾਂ ਕਰ ਸਕੇ ? ਸਪੀਕਰ ਸਾਹਿਬ, ਇਹ ਪੜ੍ਹ ਹੀ ਨਹੀਂ ਸਕੇ ਔਰ ਅੱਜ ਤੁਸੀਂ ਇਹੋ ਜਿਹੀਆਂ ਗੱਲਾਂ ਕਰਦੇ ਹੋ। ਅਸੀਂ ਪੰਜਾਬ ਨੂੰ ਬਚਾਇਆ। ਸਪੀਕਰ ਸਾਹਿਬ, ਭੁੱਲ ਗਏ ਇਹ 1966 ਤੋਂ ਲੈ ਕੇ, ਜਦੋਂ ਅਸੀਂ ਗ੍ਰੀਨ ਰੈਵੋਲਿਊਸ਼ਨ ਚਲਾਈ। ਕਿਸ ਤਰੀਕੇ ਨਾਲ ਫ਼ਸਲ ਆਫਟਰ ਫ਼ਸਲ, ਕਣਕ, ਝੋਨਾ ਔਰ ਫਿਰ ਕਣਕ ਔਰ ਜ਼ਮੀਨ ਦੀ ਹਾਲਤ ਕੀ ਬਣਾ ਦਿੱਤੀ ? ਮੈਂ ਇਸ ਵਾਸਤੇ ਲੋਕਾਂ ਨੂੰ ਬਲੇਮ ਨਹੀਂ ਕਰਦਾ। ਲੋਕਾਂ ਦੀ ਆਮਦਨ ਵਧਾਉਣੀ ਸੀ, ਲੋਕੀ ਚਾਹੁੰਦੇ ਸਨ ਕਿ ਆਮਦਨੀ ਵਧੇ। ਭਾਅ ਚੰਗੇ ਸੀ ਅਤੇ ਕਣਕ ਤੋਂ ਬਾਅਦ ਜੋ ਰੋਟੇਸ਼ਨ ਹੁੰਦੀ ਸੀ, ਉਸ ਨਾਲ ਪੰਜਾਬ ਦੀ ਧਰਤੀ ਮਜ਼ਬੂਤ ਰਹਿੰਦੀ ਸੀ। ਹੁਣ ਉਹ ਰੋਟੇਸ਼ਨ ਖਤਮ ਹੋ ਗਈ, ਇਸ ਕਰਕੇ ਅਸੀਂ ਡਾਈਵਰਸੀਫਿਕੇਸ਼ਨ ਦੀ ਗੱਲ

[ਮੁੱਖ ਮੰਤਰੀ]

ਚਲਾਈ। ਇਸ ਨਾਲ ਕਿਸਾਨਾਂ ਦੀ ਆਮਦਨੀ ਵਧਣੀ ਸ਼ੁਰੂ ਹੋਈ ਹੈ ਔਰ ਪੰਜਾਬ ਦੀ ਖੇਤੀਬਾੜੀ ਨੂੰ ਅਸੀਂ ਠੀਕ ਕਰਨਾ ਹੈ। ਅੱਜ ਧਰਤੀ ਥੋੜ੍ਹੀ ਜਿਹੀ ਸੁੱਕਦੀ ਹੈ, ਹਾਲੇ ਗਿੱਲੀ ਹੁੰਦੀ ਹੈ ਤਾਂ ਉਸ ਵਿੱਚ ਤਰੇੜਾਂ ਆ ਜਾਂਦੀਆਂ ਹਨ। ਪੰਜਾਬ ਦੀ ਸਾਰੀ ਸੋਆਇਲ ਕੋਈ ਕਾਪਰ ਡੈਫੀਸ਼ੀਐਂਸੀ, ਕੋਈ ਜਿੰਕ ਡੈਫੀਸੀਐਂਸੀਜ, ਕੋਈ ਗੋਬਰ ਡੈਫੀਸੀਐਂਸੀ, ਮੈਗਨੀਜ਼ ਡੈਫੀਸ਼ੀਐਂਸੀ ਦਿਖਾ ਰਹੀ ਹੈ। ਉਹ ਸਾਰੀਆਂ ਡੈਫੀਸੀਐਂਸੀਜ਼ ਮਾਈਕਰੋ ਨਿਊਟਰੈਂਟਸ ਕਰਕੇ ਵਧਦੀਆਂ ਜਾ ਰਹੀਆਂ ਹਨ। ਇਸ ਦਾ ਮਤਲਬ ਇਹ ਹੈ ਕਿ ਕਿਤੇ ਕਾਪਰ ਹੈ ਨਹੀਂ, ਕਿਤੇ ਮੈਗਨੀਜ਼ ਹੈ ਨਹੀਂ। ਗ੍ਰੀਨ ਮੈਨਿਓਰ ਨਾ ਹੋਣ ਕਰਕੇ, ਜਿਸ ਦੀ ਕਿ ਧਰਤੀ ਨੂੰ ਲੋੜ ਹੈ, ਪਾਣੀ ਬੜਾ ਘਟ ਗਿਆ। ਨਦੀਆਂ ਵਿੱਚ 17.1 ਪਾਣੀ ਹੁੰਦਾ ਸੀ ਜਿਹੜਾ ਕਿ ਘਟ ਕੇ 14.3 ਤੇ ਆ ਗਿਆ ਹੈ ਔਰ ਸਾਡਾ ਸੋਆਇਲ ਵਾਟਰ ਟੇਬਲ ਦਿਨ ਬ ਦਿਨ ਥੱਲੇ ਜਾ ਰਿਹਾ ਹੈ। ਇਨ੍ਹਾਂ ਨੂੰ ਪਤਾ ਹੈ ਇਹ ਆਪ ਹੀ ਬਾਰ-ਬਾਰ ਕਹਿੰਦੇ ਹਨ, ਪਰ ਇਹ ਗੱਲਾਂ ਨਹੀਂ ਦੱਸਦੇ। ਅੱਜ ਲੋਕ ਟਿਊਬਵੈੱਲ ਲਾ ਰਹੇ ਹਨ। ਇਨ੍ਹਾਂ ਨੇ ਪੰਜ ਸਾਲ ਵਿੱਚ 11,000 ਟਿਊਬਵੈੱਲ ਕੁਨੈਕਸ਼ਨ ਦਿੱਤੇ। ਕਾਂਗਰਸ ਪਾਰਟੀ ਨੇ, ਪਿਛਲੇ ਸਾਲ 40,000 ਕੁਨੈਕਸ਼ਨਜ਼ ਦਿੱਤੇ ਔਰ ਇਸ ਸਾਲ 40,000 ਹੋਰ ਦੇ ਰਹੇ ਹਾਂ। (ਥੰਪਿੰਗ) ਔਰ ਰੀਬੋਰਿੰਗ ਦਾ ਜਿਹੜਾ ਪੈਸਾ ਬਿਜਲੀ ਬੋਰਡ ਨੂੰ ਪੈਂਦਾ ਸੀ, ਉਹ 5,000 ਰੁਪਏ ਲੈਂਦੇ ਸੀ, ਇਕ ਹਜ਼ਾਰ ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਹ ਪੂਰੇ ਦਾ ਇਕ ਹਜ਼ਾਰ ਰੁਪਿਆ ਕਰ ਦਿੱਤਾ ਹੈ। ਅਸੀਂ ਉਸ ਨੂੰ ਥੱਲੇ ਲਿਆ ਰਹੇ ਹਾਂ ਕਿਉਂਕਿ ਸਾਨੂੰ ਪਤਾ ਹੈ ਕਿ ਉਥੇ ਕੀ ਮੁਸੀਬਤਾਂ ਹਨ।

ਸਪੀਕਰ ਸਾਹਿਬ, ਇਹ ਐਮ.ਐਸ.ਪੀ. ਦੀਆਂ ਗੱਲਾਂ ਕਰਦੇ ਹਨ। ਬੀ.ਜੇ.ਪੀ. ਦੀ ਜਿਹੜੀ ਨੈਸ਼ਨਲ ਐਗਜੈਕਟਿਵ ਕਮੇਟੀ ਦੀ ਅੰਮ੍ਰਿਤਸਰ ਵਿੱਚ ਮੀਟਿੰਗ ਹੋਈ ਸੀ, ਉਸ ਵਿੱਚ ਫੈਸਲਾ ਹੋ ਗਿਆ ਸੀ ਕਿ ਐਮ.ਐਸ.ਪੀ. ਚੁੱਕ ਦੇਣੀ ਹੈ ਪਰ ਇਹ ਉਧਰ ਨੂੰ ਭੱਜੇ ਗਏ ਔਰ ਉਨ੍ਹਾਂ ਨੇ ਐਮ.ਐਸ.ਪੀ. ਮੇਨਟੇਨ ਕੀਤੀ। ਇਹ ਜਿਹੜਾ ਅੱਜ ਪ੍ਰਾਈਸ ਸਟਰੱਕਚਰ ਤੁਸੀਂ ਦੱਸ ਰਹੇ ਹੋ, ਸਾਡੀ ਗੌਰਮਿੰਟ ਨੂੰ ਤਾਂ ਹਾਲੇ ਉਥੇ ਆਏ ਨੂੰ ਅੱਠ ਨੌ ਮਹੀਨੇ ਵੀ ਨਹੀਂ ਹੋਏ। ਤਿੰਨ ਸਾਲ ਸਾਡੀ ਸਰਕਾਰ ਨੂੰ ਹੋਏ ਹਨ। ਜੋ ਅਸੀਂ ਉਨ੍ਹਾਂ ਦੀ ਸਰਕਾਰ ਨਾਲ ਕਰਦੇ ਰਹੇ ਹਾਂ, ਉਥੇ ਸਾਡੀ ਕੋਈ ਸੁਣਨ ਨੂੰ ਤਿਆਰ ਨਹੀਂ ਹੈ। ਕੋਈ ਉਨ੍ਹਾਂ ਦੇ ਵਿੱਚ ਐਮ.ਐਸ.ਪੀ. ਵਧਾਉਣ ਨੂੰ ਤਿਆਰ ਨਹੀਂ ਸੀ। ਇਹ ਕਾਂਗਰਸ ਸਰਕਾਰ ਨੇ ਜ਼ੋਰ ਪਾਇਆ ਸੀ ਕਿ ਜੇਕਰ ਨਾ ਵਧਾਈ ਗਈ ਤਾਂ ਬਹੁਤ ਨੁਕਸਾਨ ਹੋ ਜਾਵੇਗਾ। ਇਸ ਬਾਰੇ ਸਾਰਿਆਂ ਨੂੰ ਪਤਾ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਸਾਨੂੰ ਸਟੇਟ ਵਿਚ ਇੰਟਰੈਸਟ ਹੈ, ਇਨ੍ਹਾਂ ਨੂੰ ਵੀ ਇੰਟਰੈਸਟ ਹੋਣਾ ਚਾਹੀਦਾ ਹੈ। ਪੰਜਾਬ ਦੀ ਇਕਾਨਮੀ ਐਗਰੀਕਲਚਰ ਬੇਸਡ ਹੈ। ਅਸੀਂ ਇਸ ਨੂੰ ਵਧਾਉਣਾ ਚਾਹੁੰਦੇ ਹਾਂ। ਅਸੀਂ ਇੰਡਸਟਰੀ ਨੂੰ ਵਧਾਉਣਾ ਚਾਹੁੰਦੇ ਹਾਂ। ਪੰਜਾਬ ਦੇ ਅੰਦਰ 70% ਲੋਕ ਐਸੇ ਹਨ ਜਿਹੜੇ ਖੇਤੀਬਾੜੀ ਉਤੇ ਨਿਰਭਰ ਹਨ। ਅਸੀਂ ਉਨ੍ਹਾਂ ਦਾ ਭਵਿੱਖ ਬਣਾਉਣਾ ਹੈ। ਮੈਨੂੰ ਪਾਵਰ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਪਹਿਲਾਂ ਬਿਜਲੀ ਕੇਵਲ 3-4 ਘੰਟੇ ਆਉਂਦੀ ਸੀ। ਜਦੋਂ ਅਜੇ ਖਾਲ ਹੀ ਭਰਦੇ ਸਨ ਤਾਂ ਬਿਜਲੀ ਬੰਦ ਹੋ ਜਾਂਦੀ ਸੀ, ਉਦੋਂ ਇਹ ਕਹਾਵਤ ਚੱਲੀ ਸੀ ਕਿ ਪੈਸੇ ਲੈ ਲਓ, ਬਿਜਲੀ ਦੇ ਦਿਓ। ਅਸੀਂ ਪ੍ਰੌਮਿਸ ਕੀਤਾ ਸੀ, ਠੀਕ ਹੈ, ਸਾਡੀ ਕਾਂਗਰਸ ਪਾਰਟੀ ਉਸ ਵਾਅਦੇ ਨੂੰ ਨਿਭਾਏਗੀ। ਇਹ ਕਦੋਂ ਨਿਭਾਵੇਗੀ, ਇਹ ਅਸੀਂ ਵੇਖਣਾ ਹੈ। ਸਾਡੇ ਕੋਲ ਪੰਜ ਸਾਲ ਦਾ ਸਮਾਂ ਹੈ। ਪਹਿਲਾਂ ਅਸੀਂ ਆਰਥਿਕ ਸੁਧਾਰਾਂ ਲਈ ਕਦਮ ਚੁੱਕੇ

ਹਨ। ਮੈਂ ਕਿਹਾ ਸੀ ਕਿ ਅਸੀਂ ਬੜੇ ਮੀਨੀਮਮ ਚਾਰਜਿਜ਼ ਲਗਾਵਾਂਗੇ ਅਤੇ ਬਿਜਲੀ ਪੂਰੀ ਦੇਵਾਂਗੇ। ਜਦੋਂ ਅਸੀਂ ਆਏ, ਉਦੋਂ ਪੂਰੇ ਹਿੰਦੁਸਤਾਨ ਦੇ ਸੂਬਿਆਂ ਵਿਚ ਸੋਕਾ ਪਿਆ ਹੋਇਆ ਸੀ। ਉਦੋਂ ਪੰਜਾਬ ਨੇ ਇਕ ਮਿਲੀਅਨ ਟਨ ਅਨਾਜ ਪੈਦਾ ਕੀਤਾ ਸੀ। ਅਸੀਂ ਬਾਹਰੋਂ ਬਿਜਲੀ ਖਰੀਦ ਕੇ 8 ਘੰਟੇ ਬਿਜਲੀ ਦਿੱਤੀ ਸੀ (ਥੰਪਿੰਗ)। ਉਦੋਂ ਝੋਨੇ ਦਾ ਸੀਜਨ ਸੀ। ਹੁਣ ਅੱਜ ਵੀ ਅਸੀਂ 1600 ਕਰੋੜ ਰੁਪਏ ਦੀ ਬਿਜਲੀ ਖਰੀਦ ਰਹੇ ਹਾਂ। ਮੇਰਾ ਵਾਅਦਾ ਹੈ ਕਿ ਹਰ ਪਿੰਡ ਦੇ ਵਿਚ, ਪੰਜਾਬ ਦੇ 12400 ਪਿੰਡਾਂ ਵਿੱਚ ਪੂਰੇ 24 ਘੰਟੇ ਬਿਜਲੀ ਹੋਵੇ, ਜਿਸ ਤਰ੍ਹਾਂ ਅਰਬਨ ਏਰੀਏ ਵਿਚ ਹੁੰਦੀ ਹੈ। (ਥੰਪਿੰਗ) ਇਹ ਪੁੱਛਣਗੇ ਕਿ 30 ਜੂਨ ਤੱਕ ਦੇਣੀ ਸੀ। ਮੈਂ ਦੱਸਦਾ ਹਾਂ ਕਿ ਬਿਜਲੀ ਬੋਰਡ ਕੋਲ ਪੈਸੇ ਦੀ ਘਾਟ ਨਹੀਂ। ਪੈਸੇ ਅਸੀਂ ਦਿੱਤੇ ਹੋਏ ਹਨ। ਜੇਕਰ ਘਾਟ ਹੈ ਤਾਂ ਕੇਵਲ ਖੰਭਿਆਂ ਦੀ ਅਤੇ ਜਾਂ ਟਰਾਂਸਫਾਰਮਰਾਂ ਦੀ। ਉਨ੍ਹਾਂ ਨੇ ਸਾਨੂੰ 30 ਸਤੰਬਰ ਦੀ ਤਰੀਕ ਦਿੱਤੀ ਹੈ ਕਿ ਅਸੀਂ ਉਦੋਂ ਤੱਕ ਪੂਰੀ ਕਰ ਦਿਆਂਗੇ। ਮੇਰੇ ਕਹਿਣ ਦਾ ਮਤਲਬ ਹੈ ਕਿ ਸਾਡਾ ਆਬਜੈਕਟਿਵ ਇਕੋ ਹੀ ਹੈ ਕਿ ਪੰਜਾਬ ਅੱਗੇ ਵਧੇ। ਜੇਕਰ ਇਨ੍ਹਾਂ ਦਾ ਆਬਜੈਕਟਿਵ ਨਹੀਂ ਤਾਂ ਫਿਰ ਇਹ ਝੂਠੀਆਂ ਗੱਲਾਂ ਕਰਕੇ ਸਦਨ ਦਾ ਸਮਾਂ ਵੇਸਟ ਕਰ ਰਹੇ ਹਨ। ਸਵਾਲ ਹੈ ਕਿ ਪੰਜਾਬ ਦੇ ਕਿਸਾਨ ਨੂੰ ਇਸ ਸੰਕਟ ਵਿਚੋਂ ਕਿਸ ਤਰ੍ਹਾਂ ਕੱਢੀਏ। ਇਹ ਕੋਈ ਤਰੀਕਾ ਦੱਸਣ ਕਿ ਕਣਕ ਦੀ ਫਸਲ 60 ਮਣ ਤੋਂ ਵਧਾ ਕੇ 100 ਮਣ ਤੇ ਆ ਜਾਵੇ। ਇਕ ਤਰੀਕਾ ਤਾਂ ਇਹ ਹੈ। ਪਰ ਇਸ ਨਾਲ ਪ੍ਰੋਗਰੈਸ ਨਹੀਂ ਹੋ ਸਕਦੀ ਕਿਉਂਜੋ ਐਗਰੀਕਲਚਰ ਗਰੋਥ ਬੜੀ ਘੱਟ ਹੈ ਕਿਉਂਕਿ ਅਸੀਂ ਮੈਕਸੀਮਮ ਪ੍ਰੋਡਕਸ਼ਨ ਕਰ ਰਹੇ ਹਾਂ। ਪਾਕਿਸਤਾਨ ਦਾ ਪੰਜਾਬ ਸਾਡੇ ਪੰਜਾਬ ਨਾਲੋਂ ਬਹੁਤ ਵੱਡਾ ਹੈ। ਉਹ 3 ਮਿਲੀਅਨ ਟਨ ਕਣਕ ਇੰਪੋਰਟ ਕਰ ਰਹੇ ਹਨ। ਮੈਂ ਕਿਹਾ ਕਿ ਅਸੀਂ ਵੀ ਤੁਹਾਨੂੰ ਕਣਕ ਦੇ ਦਿਆ ਕਰਾਂਗੇ ਇਕ ਵਾਰੀ ਟਰੇਡ ਖੁੱਲ੍ਹ ਲਵੇ। ਸਾਡੇ ਕੋਲ ਇਧਰ 30 ਮਿਲੀਅਨ ਟਨ ਕਣਕ ਸਰਪਲੱਸ ਹੈ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਅਸੀਂ ਕਿੰਨੀ ਐਡਵਾਂਸਮੈਂਟ ਤੇ ਹਾਂ। ਅਸੀਂ ਪੰਜਾਬ ਦੀ ਜ਼ਮੀਨ ਨੂੰ ਬਚਾਉਣ ਵਾਸਤੇ ਡਾਈਵਰਸੀਫਿਕੇਸ਼ਨ ਦੀ ਗੱਲ ਚਲਾਈ। ਡਾਈਵਰਸੀਫਿਕੇਸ਼ਨ ਕਿਉਂ ਜ਼ਰੂਰੀ ਸੀ ? ਉਹ ਇਸ ਲਈ ਕਿ ਪਾਣੀ ਘਟਦਾ ਜਾ ਰਿਹਾ ਹੈ। ਅਸੀਂ ਕਿੰਨੀ ਦੇਰ ਕਣਕ ਉਗਾਵਾਂਗੇ, ਗੰਨਾ ਉਗਾਵਾਂਗੇ। ਦੂਸਰੀ ਗੱਲ, ਜੇਕਰ ਡਾਈਵਰਸੀਫਿਕੇਸ਼ਨ ਅਪਣਾਉਂਦੇ ਹਾਂ ਤਾਂ ਸਾਨੂੰ ਕੋਈ ਤਰੀਕਾ ਅਪਨਾਉਣਾ ਪਵੇਗਾ। ਇਕ ਕਰਾਪ ਐਡਜਸਟਮੈਂਟ ਪ੍ਰੋਗਰਾਮ ਬਣਾਇਆ ਗਿਆ ਸੀ ਜਿਹੜਾ ਕਿ ਜੌਹਲ ਸਾਹਿਬ ਨੇ ਤਿਆਰ ਕੀਤਾ ਸੀ। ਇਨ੍ਹਾਂ ਨੇ ਉਸ ਪ੍ਰੋਗਰਾਮ ਨੂੰ ਨਾਂਹ ਕਰ ਦਿੱਤੀ। ਅਸੀਂ ਪ੍ਰਾਈਮ ਮਨਿਸਟਰ ਕੋਲ ਜਾ ਕੇ ਮਿਲੇ। ਉਨ੍ਹਾਂ ਨੂੰ ਦੱਸਿਆ ਤਾਂ ਉਨ੍ਹਾਂ ਨੇ ਕਿਹਾ, ਕਿ ਅੱਛੀ ਬਾਤ ਹੈ, ਹਮ ਦੇਖੇਂਗੇ, ਪਲਾਨਿੰਗ ਕਮਿਸ਼ਨ ਕੋ ਭੇਜ ਦੇਤੇ ਹੈਂ, ਐਗਰੀਕਲਚਰ ਮਨਿਸਟਰ ਕੋ ਭੇਜ ਦੇਤੇ ਹੈਂ। ਲੇਕਿਨ ਅੰਤ ਵਿੱਚ ਬੀ.ਜੇ.ਪੀ. ਦੀ ਸਰਕਾਰ ਨੇ ਕਿਹਾ ਕਿ ਉਹ ਇਸ ਉਤੇ ਖੁਸ਼ ਨਹੀਂ ਹੈ। ਉਸ ਨੂੰ ਲਾਗੂ ਇਸ ਕਰਕੇ ਨਾ ਕੀਤਾ ਕਿ ਕਿਧਰੇ ਕਾਂਗਰਸ ਦੀ ਪਾਰਟੀ ਨੂੰ ਫਾਇਦਾ ਨਾ ਹੋ ਜਾਵੇ। ਗੱਲ ਤਾਂ ਬਸ ਇਤਨੀ ਹੈ। ਹੁਣ ਅਸੀਂ ਫਿਰ ਟੇਕ-ਅੱਪ ਕਰ ਰਹੇ ਹਾਂ। ਕਰਾਪ ਐਡਜਸਟਮੈਂਟ ਪ੍ਰੋਗਰਾਮ ਨੂੰ ਪਤਾ ਨਹੀਂ ਇਨ੍ਹਾਂ ਨੇ ਸਟੱਡੀ ਵੀ ਕੀਤਾ ਹੈ ਜਾਂ ਨਹੀਂ। ਕਰਾਪ ਐਡਜ਼ਸਟਮੈਂਟ ਪ੍ਰੋਗਰਾਮ ਇਹ ਹੈ ਕਿ ਜਦੋਂ ਤੱਕ ਇਕ ਕਿੱਲੇ ਜ਼ਮੀਨ ਵਿਚੋਂ ਕਿਸਾਨ ਕਣਕ ਜਾਂ ਝੋਨੇ ਵਿਚੋਂ ਜਿੰਨੀ ਆਮਦਨ ਕਮਾ ਰਿਹਾ ਹੈ, ਉਹ ਦੂਜੀਆਂ ਫਸਲਾਂ ਵਿਚੋਂ ਨਹੀਂ ਕਮਾਏਗਾ ਦੂਜੇ ਕੰਮ ਕਰਕੇ । ਉਦੋਂ ਤੱਕ ਇਹ ਤਬਦੀਲੀ ਨਹੀਂ ਆ ਸਕਦੀ । ਇਹ ਹੈ ਕਰਾਪ ਐਡਜਸਟਮੈਂਟ। ਅੱਜ 14,000 ਕਰੋੜ ਰੁਪਏ ਦੇ ਆਇਲ ਸੀਡਜ਼ ਅਤੇ

[ਮੁੱਖ ਮੰਤਰੀ]

ਪਲਸਿਜ ਅਸੀਂ ਬਾਹਰੋਂ ਖਰੀਦਦੇ ਹਾਂ। ਕਰਾਪ ਸਬਸਟੀਚੂਸ਼ਨ ਅਤੇ ਇਮਪੋਰਟ ਸਬਸਟੀਚੂਸ਼ਨ ਕਰਾਉਣ ਲਈ ਅਤੇ ਧਰਤੀ ਨੂੰ ਇੰਪਰੂਵ ਕਰਨ ਲਈ ਵੀ ਇਹ ਇਕ ਸਾਧਨ ਹੈ। ਅਗਰ ਤੁਸੀਂ ਦਾਲਾਂ ਲਗਾ ਦਿਓ, ਉਸਦੀ ਆਮਦਨ ਘੱਟ ਹੈ ਉਹ ਆਮਦਨ ਦਾ ਜਿਹੜਾ ਗੈਪ ਹੈ, ਫਰਜ਼ ਕਰੋ ਛੋਨੇ ਅਤੇ ਮੂੰਗੀ ਦਾ ਜੋ ਹੈ, ਉਹ ਗੈਪ ਕਰਾਪ ਐਡਜਸਟਮੈਂਟ ਰਾਹੀਂ ਅਸੀਂ ਭਰ ਦਈਏ ਤਾਂ ਕਿ ਉਹ ਬੰਦੇ ਨੂੰ ਲਾਸ ਨਾ ਹੋਵੇ। ਇਕ ਲੈਗਯੂਮ ਹੈ ਲੈਗਯੂਮ ਦੇ ਨਾਲ ਉਸਦੀ ਜ਼ਮੀਨ ਵੀ ਚੰਗੀ ਹੁੰਦੀ ਹੈ। ਇਮਪੋਰਟ ਸਬਸਟੀਚੂਸ਼ਨ ਵੀ ਠੀਕ ਹੋ ਜਾਵੇ। ਸੋ ਇਹ ਗੱਲਾਂ ਹਨ This is a system. ਜਿਹੜੀ ਚਲਦੀ ਹੈ, ਚਲਣ ਦਿਓ, ਇਹ ਕਹੀ ਜਾਂਦੇ ਹਨ ਕਿ ਸਕੀਮ ਫੇਲ੍ਹ ਹੋ ਗਈ। ਇਹ ਪਤਾ ਨਹੀਂ ਅੰਕੜੇ ਕਿਧਰੋਂ ਲੈ ਕੇ ਆਉਂਦੇ ਹਨ ਇਹ ਗਲਤ ਅੰਕੜੇ ਪੇਸ਼ ਕਰਦੇ ਹਨ। ਮੈਂ ਅੰਕੜੇ ਦੱਸਦਾ ਹਾਂ ਨੋਟ ਕਰ ਲਵੋ ਜੀ। ਹਿਓਲਾ ਪਹਿਲੇ ਸਾਲ 19798 ਹੈਕਟੇਅਰ ਅਤੇ ਪਿਛਲੇ ਸਾਲ 19111 ਹੈਕਟੇਅਰ ਅਤੇ ਇਸ ਸਾਲ 60,000 ਹੈਕਟੇਅਰ ਲਗਾਇਆ ਗਿਆ ਹੈ। ਇਸੇ ਤਰ੍ਹਾਂ ਸਨਫਲਾਵਰ ਪਿਛਲੇ ਸਾਲ 8541 ਹੈਕਟੇਅਰ ਅਤੇ ਉਸ ਤੋਂ ਪਿਛਲੇ ਸਾਲ 22014 ਹੈਕਟੇਅਰ ਅਤੇ ਇਸ ਸਾਲ 30,000 ਹੈਕਟੇਅਰ ਲਗਾ ਰਹੇ ਹਾਂ। ਮਾਲਟਿੰਗ ਬਾਰਲੇ ਬਾਰੇ ਮੈਂ ਦੱਸਦਾ ਹਾਂ, ਇਹ ਕਹਿੰਦੇ ਕਿ ਕੋਈ ਚੁੱਕਦਾ ਨਹੀਂ। ਮੈਂ ਦੱਸਦਾ ਹਾਂ ਕਿ ਇਹ ਜਿਹੜਾ ਮਾਲਟਿੰਗ ਬਾਰਲੇ ਹੈ, ਉਹ ਬੀਅਰ ਬਣਾਉਣ ਵਾਲੀਆਂ ਕੰਪਨੀਆਂ ਲੈਂਦੀਆਂ ਹਨ ਅਤੇ ਇਹ ਯੂਨਾਈਟਿਡ ਬਿਵਰੀਜ਼ ਜੋ ਮਿਸਟਰ ਮਾਲਿਆ ਦੀ ਬਿਰੂਗੀ ਹੈ, ਉਹ ਸਾਰਾ ਜੌਅ ਚੁੱਕਦੀ ਹੈ। ਮੈਂ ਤੁਹਾਨੂੰ ਸਾਰੀ ਮਾਰਕੀਟ ਦਾ ਦੱਸ ਦਿਤਾ ਹੈ ਕਿ ਇਹ ਸਾਰਾ ਬਾਰਲੇ ਉਹ ਸਾਰਾ ਚੁੱਕ ਰਹੀ ਹੈ। ਇਹ 5343 ਏਕੜ ਸਾਰੀ ਮਾਲਟਿੰਗ ਬਾਰਲੇ ਉੱਧਰ ਜਾ ਰਹੀ ਹੈ। ਇਨ੍ਹਾਂ ਨੂੰ ਕਾਪੀ ਚਾਹੀਦੀ ਹੈ ਤਾਂ ਫੋਟੋ ਕਾਪੀ ਕਰਵਾ ਕੇ ਦੇ ਦਿਆਂਗੇ। ਲੇਕਿਨ ਅੱਜ ਸਮਝਣ ਵਾਲੀ ਗੱਲ ਇਹ ਹੈ ਕਿ ਸਾਡੀ ਕੋਸ਼ਿਸ਼ ਹੈ ਕਿ ਅਸੀਂ ਤਬਦੀਲੀ ਲਿਆਈਏ। ਜਪਾਨ ਵਿੱਚ ਟੋਕਿਓ ਦੀਆਂ ਜ਼ਮੀਨਾਂ ਮੇਰਾ ਖਿਆਲ ਹੈ ਕਿ ਇਸ ਸਦਨ ਨਾਲੋਂ ਚੋਖਾ ਹਿੱਸਾ ਹੋਣਗੀਆਂ, ਪਰ ਉਹ ਆਪਣੇ ਟੱਬਰ ਪਾਲ ਰਹੇ ਹਨ। ਕਾਰਨ ਇਹ ਹੈ ਕਿ ਉਹ ਦੇਖਦੇ ਹਨ ਕਿ ਜਿਹੜੀ ਫਸਲ ਅਸੀਂ ਬੀਜਣੀ ਹੈ, ਜਿਸ ਦੇ ਨਾਲ ਆਮਦਨ ਵੱਧ ਜਾਵੇ ਔਰ ਉਹੀ ਗੱਲ ਸਾਡੇ ਵਿੱਚ ਹੈ। ਅੱਜ ਪੰਜਾਬ ਐਗਰੋ ਜਿਹੜੀ ਹੈ, ਉਸ ਦੇ ਬਾਰੇ ਮੈਂ ਦੱਸਦਾ ਹਾਂ। ਕੰਟਰੈਕਟ ਫਾਰਮਿੰਗ ਵੀ ਅਸੀਂ ਕਰ ਰਹੇ ਹਾਂ। ਇਹ ਕਹਿਣਾ ਕਿ ਲੋਕਾਂ ਨੂੰ ਬਾਹਰ ਕਿਸ ਨੇ ਭੇਜਿਆ ਹੈ, ਮੈਂ ਕਹਿੰਦਾ ਹਾਂ ਕਿ ਮੈਂ ਭੇਜਿਆ ਹੈ, ਮੈਨੂੰ ਸਜ਼ਾ ਦੇ ਦਿਓ ਜਿਹੜੀ ਦੇਣੀ ਹੈ। ਕਿਉਂ ਭੇਜਿਆ ? ਮੈਂ ਐਗਰੀਕਲਚਰਲ ਮਨਿਸਟਰ ਵੀ ਹਾਂ ਅਤੇ ਚੀਫ਼ ਮਨਿਸਟਰ ਵੀ ਹਾਂ। ਮੈਂ ਇਹ ਪ੍ਰੋਗਰਾਮ ਚਲਾਉਣਾ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਹਾਲੈਂਡ ਅੱਜ ਹਾਰਟੀਕਲਚਰ ਅਤੇ ਐਗਰੀਕਲਚਰ ਵਿੱਚ ਲੀਡ ਕਰ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਲੋਕ ਉਥੇ ਜਾ ਕੇ ਦੇਖਣ ਕਿ ਕੀ ਹੋ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਉਹ ਸੂਟਕੱਟ ਸਿਟੀ ਦੇ ਵਿੱਚ ਜਾਣ, ਜਿੱਥੇ ਸੱਭ ਤੋਂ ਵੱਡਾ ਐਗਰੋ ਫੇਅਰ ਹੁੰਦਾ ਹੈ ਅਤੇ ਉਥੇ ਜਾ ਕੇ ਦੇਖਣ ਕਿ ਕੀ ਹੋ ਰਿਹਾ ਹੈ। ਮੈਂ ਭੇਜੇ ਹਨ, ਹਾਲੈਂਡ ਵਿੱਚ, ਫਲੋਰਿਡਾ ਦੇ ਵਿੱਚ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਕੀਨੂੰ ਲਗਾ ਰਹੇ ਹਨ ਅਤੇ ਅਸੀਂ ਮਾਲਟਾ ਵਾਪਸ ਲੈ ਕੇ ਆਉਣਾ ਚਾਹੁੰਦੇ ਹਾਂ, ਕਿਉਂਕਿ ਕੀਨੂੰ ਦਾ ਇੰਡਸਟਰੀਅਲ ਪ੍ਰੋਸੈਸ ਨਹੀਂ ਬਣ ਸਕਦਾ। ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਇਸ ਨੂੰ ਕਿਸੇ ਤਰੀਕੇ ਨਾਲ ਬਦਲੀਏ ਤਾਂ ਕਿ ਮਾਲਟਾ ਵਾਪਸ ਆ ਸਕੇ। ਉਥੇ ਮੈਂ ਫਲੋਰਿਡਾ ਵਿੱਚ ਇਹ ਦੇਖਣ ਵਾਸਤੇ ਭੇਜੇ ਸਨ ਅਤੇ ਉਥੇ ਜਿਹੜੀ ਕੰਪਨੀ ਹੈ, ਟਰਾਪੀਕਾਨਾ, ਅਸੀਂ ਉਨ੍ਹਾਂ ਨਾਲ ਗੱਲ ਕੀਤੀ ਹੈ। ਉਨ੍ਹਾਂ ਤੋਂ ਅਸੀਂ ਪਲਾਂਟ ਮੈਟੀਰੀਅਲ ਮੰਗਵਾਇਆ ਹੈ,

ਅਤੇ ਰੂਟਸ ਮੈਟੀਰੀਅਲ ਮੰਗਵਾਇਆ ਹੈ ਅਤੇ ਇਹ ਜਿਹੜੀ ਜੱਟੀ ਖੱਟੀ ਹੈ, ਇਨ੍ਹਾਂ ਨੂੰ ਪਤਾ ਹੈ ਜਿਹੜੀ ਇੱਥੇ ਨਹੀਂ ਚਲਦੀ, ਜਿਸ ਦੇ ਬਾਰੇ ਇਹ ਜਾਣਦੇ ਹਨ, ਅਸੀਂ ਉਥੇ ਸਾਊਥ ਅਮਰੀਕਾ ਤੋਂ ਮੰਗਵਾਈਆਂ ਹਨ, ਫਲੋਰਿਡਾ ਤੋਂ ਮੰਗਵਾਈਆਂ ਹਨ ਅਤੇ ਕੈਲੀਫੋਰਨੀਆਂ ਤੋਂ ਮੰਗਵਾਈਆ ਹਨ। ਮੈਂ ਖੁਸ਼ਖਬਰੀ ਦੇ ਸਕਦਾ ਹਾਂ ਕਿ ਜਿਹੜੇ ਹੁਣ ਜਾ ਕੇ ਆਏ ਹਨ ਇਥੇ ਸ਼ਾਇਦ ਚਾਰ ਫਰੂਟ ਜੂਸ ਪ੍ਰੋਸੈਸਿੰਗ ਪਲਾਂਟ ਲਗਾ ਸਕਣ। ਸੋ, ਇਹ ਗੱਲਾਂ ਹਨ ਕੀ ਅੱਜ ਕਹਿਣਾ ਕਿ ਕਿਉਂ ਭੇਜ ਰਹੇ ਹੋ, ਕੀ ਆਪਾਂ ਆਪਣੇ ਖਿਆਲ ਨੂੰ ਡੱਬੀ ਵਿਚ ਬੰਦ ਕਰਕੇ ਰੱਖਣਾ ਹੈ। ਇਹ ਪੰਜਾਬੀ ਦੀ ਗੱਲ ਕਰਦੇ ਹਨ। ਮੈਂ ਇਸ ਨਾਲ ਡਿਸਐਗਰੀ ਕਰ ਰਿਹਾ ਹਾਂ। ਅੱਜ ਬਾਇਔਟੈਕ ਦੀ ਇਨ੍ਹਾਂ ਨੇ ਗੱਲ ਕੀਤੀ ਹੈ। Biotech is an international subject of science. ਅੱਜ ਤੁਸੀਂ ਇਨਫਰਮੇਸ਼ਨ ਟੈਕਨਾਲੌਜੀ ਦੀ ਗੱਲ ਕਰਦੇ ਹੋ। ਅੱਜ ਕੋਈ ਵੀ ਹਾਈਟੈਕ ਦੇ ਵਿੱਚ ਜਿਹੜੀ ਕੰਪਨੀ ਅਸੀਂ ਲੈ ਕੇ ਆ ਰਹੇ ਹਾਂ। ਉਹ ਪਹਿਲਾਂ ਇਹ ਸਵਾਲ ਕਰਦੇ ਹਨ ਕਿ ਤੁਹਾਡੇ ਕਿੰਨੇ ਅੰਗਰੇਜ਼ੀ ਬੋਲਦੇ ਗਰੈਜੂਏਟ ਨਿਕਲਦੇ ਹਨ। ਜਦ ਅਸੀਂ ਦੱਸਦੇ ਹਾਂ ਕਿ 60000 ਕਾਲਜ ਹਨ ਇੰਨੇ ਸਾਡੇ ਇੰਜੀਨੀਅਰਿੰਗ ਕਾਲਜ ਹਨ, ਫਿਰ ਉਹ ਖੁਸ਼ ਹੁੰਦੇ ਹਨ। ਅਗਰ ਆਪਾਂ ਆਪਣੇ ਬੱਚਿਆਂ ਵਾਸਤੇ ਇਹ ਤਿਆਰ ਨਹੀਂ ਕਰਾਂਗੇ ਤਾਂ ਸਾਡੇ ਬੱਚਿਆਂ ਦਾ ਭਵਿੱਖ ਨਹੀਂ ਬਣਨਾ। ਇਥੇ ਪੰਜਾਬ ਵਿਚ ਸਾਨੂੰ ਉਹ ਪੜ੍ਹਾਉਣੇ ਪੈਣਗੇ, ਤਿਆਰੀ ਕਰਨੀ ਪਵੇਗੀ ਕਿ ਸਾਡੇ ਬੱਚੇ ਚਾਹੇ ਪੰਜਾਬ ਵਿਚ ਚਾਹੇ ਹਿੰਦੁਸਤਾਨ ਤੇ ਚਾਹੇ ਦੁਨੀਆਂ ਦੇ ਕਿਸੇ ਹਿੱਸੇ ਵਿੱਚ ਜਾ ਕੇ ਆਪਣੀਆਂ ਪ੍ਰਾਪਤੀਆਂ ਕਰ ਸਕਣ। ਨੌਕਰੀਆਂ ਲੈ ਸਕਣ। ਅੱਜ ਸਿਲੀਕਾਨ ਵੈਲੀ ਦੇਖ ਲਓ। ਉਥੋਂ ਅਗਰ ਹਿੰਦੁਸਤਾਨ ਦੇ ਸਾਰੇ ਆਈ.ਟੀ. ਸਾਇੰਟਿਸਟ ਨਿਕਲ ਜਾਣ ਤਾਂ ਉਹ ਸਿਲੀਕਾਨ ਵੈਲੀ ਸ਼ਾਇਦ ਕੁਲੈਪਸ ਹੋ ਜਾਵੇ। ਯੂ.ਕੇ. ਵਿੱਚ ਸਾਡੇ ਡਾਕਟਰ ਹਨ ਔਰ ਅਗਰ ਯੂ.ਕੇ. ਵਿਚੋਂ ਸਾਡੇ ਡਾਕਟਰ ਨਿਕਲ ਜਾਣ ਤਾਂ ਸ਼ਾਇਦ ਉਨ੍ਹਾਂ ਦਾ ਮੈਡੀਕਲ ਸੈਟ-ਅੱਪ ਕੁਲੈਪਸ ਹੋ ਜਾਵੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਲੋਕਾਂ ਦੀ ਬੜੀ ਹਿੰਮਤ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੀ ਮਦਦ ਕਰੀਏ ਤਾਂ ਕਿ ਉਹ ਦੁਨੀਆਂ ਵਿੱਚ ਕੁਝ ਬਣ ਸਕਣ। ਪੰਜਾਬ ਵਿੱਚ ਇੰਨੀ ਜਗ੍ਹਾ ਨਹੀਂ। ਸਾਰੇ ਬੱਚੇ ਇੱਥੇ ਨਹੀਂ ਰਹਿ ਸਕਦੇ। ਸਾਰੇ ਹੀ ਬਾਹਰ ਜਾਣਾ ਚਾਹੁੰਦੇ ਹਨ। ਅਸੀਂ ਹੁਣੇ ਪਾਕਿਸਤਾਨ ਤੋਂ ਬੱਚੇ ਛੁਡਾ ਕੇ ਲਿਆਏ ਹਾਂ ਕਿਉਂਕਿ ਉਹ ਬਾਹਰ ਜਾਣਾ ਚਾਹੁੰਦੇ ਸਨ ਅਤੇ ਨੌਕਰੀ ਪ੍ਰਾਪਤ ਕਰਨਾ ਚਾਹੁੰਦੇ ਸਨ ਪਰ ਉਹ ਗਲਤ ਟਰੈਵਲ ਏਜੰਟ ਦੇ ਹੱਥ ਚੜ੍ਹ ਗਏ ਹਨ ਅਤੇ ਵਿਚਾਰੇ ਜੇਲ੍ਹਾਂ ਵਿੱਚ ਪਹੁੰਚ ਗਏ। ਅੱਜ ਹਰ ਬੱਚੇ ਦੇ ਮਨ ਦੀ ਖਾਹਿਸ਼ ਹੈ ਕਿ ਮੈਂ ਕੁਝ ਨਾ ਕੁਝ ਕਰਾਂ। ਉਹ ਆਪਣੇ ਪਰਿਵਾਰ ਲਈ ਕੁਝ ਕਰਨਾ ਚਾਹੁੰਦਾ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਨੂੰ ਤਿਆਰ ਕਰੀਏ। ਇਹ ਸਾਡੀ ਕੋਸ਼ਿਸ਼ ਹੈ। ਅੱਜ ਇਹ ਕਹਿ ਰਹੇ ਹਨ ਕਿ ਐਗਰੀਕਲਚਰ ਦੀ ਸਿਰਫ ਦੋ ਪਰਸੈਂਟ ਗਰੋਥ ਹੋਈ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 2003-04 ਵਿਚ ਇਸ ਪ੍ਰਾਈਮ ਸੈਕਟਰ ਵਿਚ 7.2% ਗਰੋਥ ਹੋਈ ਹੈ। ਇਹ ਹਕੀਕਤ ਹੈ ਕਿ ਫਿਰ ਵੀ ਐਗਰੀਕਲਚਰ ਵਿਚ ਸਟੈਗਨੇਸ਼ਨ ਹੈ ਪਰ ਇਸ ਵਾਸਤੇ ਅਸੀਂ ਲੱਗੇ ਹੋਏ ਹਾਂ। ਕਈ ਵਾਰ ਕੁਝ ਫਸਲਾਂ ਇੱਥੇ ਸਕਸੈਸ ਨਹੀਂ ਹੁੰਦੀਆਂ। ਕਈ ਕਾਰਨ ਹਨ। ਕਈ ਵਾਰ ਪਾਣੀ ਠੀਕ ਨਹੀਂ ਹੁੰਦਾ। ਸੁਆਇਲ ਠੀਕ ਨਹੀਂ ਹੁੰਦਾ। ਵੈਦਰ ਠੀਕ ਨਹੀਂ ਹੁੰਦਾ। ਇਸ ਲਈ ਸਾਨੂੰ ਚਾਹੀਦਾ ਹੈ ਕਿ ਉਹ ਫਸਲ ਛੱਡ ਕੇ ਦੂਜੀ ਫਸਲ ਵੱਲ ਧਿਆਨ ਕਰੀਏ ਤਾਂ ਹੀ ਡਿਵੈਲਪਮੈਂਟ ਹੋਵੇਗੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਤੇ ਪਕੜ ਕਰਕੇ

[ਮੁੱਖ ਮੰਤਰੀ]

ਹੀ ਪੰਜਾਬ ਠੀਕ ਤਰੀਕੇ ਨਾਲ ਚੱਲ ਸਕਦਾ ਹੈ। ਇਹ ਪ੍ਰਾਇਮਰੀ ਚੀਜ਼ ਹੈ। ਸਾਡੀ ਪੂਰੀ ਕੋਸ਼ਿਸ਼ ਹੈ ਕਿ ਅਸੀਂ ਪੰਜਾਬ ਦੀ ਕਿਸਾਨੀ ਨੂੰ ਜਿੰਨਾ ਉਚਾ ਚੁੱਕ ਸਕਦੇ ਹਾਂ, ਚੁੱਕੀਏ। ਅਸੀਂ ਔਖੀ ਘੜੀ ਵਿਚੋਂ ਲੰਘ ਰਹੇ ਹਾਂ। ਅਸੀਂ ਕੁਝ ਇਨਪੁੱਟ ਕੱਢੀਏ। ਕੁਝ ਰੀਸਰਚ ਕਰੀਏ। ਅਸੀਂ ਡਾਈਵਰਸੀਫਿਕੇਸ਼ਨ ਵਾਸਤੇ 100 ਕਰੋੜ ਰੁਪਿਆ ਰੱਖਿਆ ਹੈ। ਇਹ ਕਿਸੇ ਪਰਪਜ਼ ਵਾਸਤੇ ਰੱਖਿਆ ਹੈ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੂੰ ਅਸਿਸਟ ਕਰੀਏ। ਅੱਜ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦਾ 90% ਤਨਖਾਹਾਂ ਵਿੱਚ ਚਲਾ ਜਾਂਦਾ ਹੈ ਔਰ ਸਿਰਫ ਦੋ ਪਰਸੈਂਟ ਰੀਸਰਚ ਵਿੱਚ ਜਾਂਦਾ ਹੈ। ਅਸੀਂ ਚਾਹੁੰਦੇ ਹਾਂ ਕਿ ਟਮਾਟਰਾਂ ਦੀ ਨਵੀਂ ਵਰਾਇਟੀ ਪੈਦਾ ਕਰੀਏ। ਸਪੀਕਰ ਸਾਹਿਬ, ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਪੰਜਾਬ ਵਿਚ ਕੋਲਡ ਚੇਨ ਦਾ ਪ੍ਰਬੰਧ ਕਰ ਰਹੇ ਹਾਂ ਔਰ ਇਸ ਵਾਸਤੇ ਅਸੀਂ ਸਬਜ਼ੀਆਂ ਆਈਡੈਂਟੀਫਾਈ ਕਰ ਰਹੇ ਹਾਂ। ਅਸੀਂ ਇੱਕ ਕੰਪਨੀ ਨਾਲ 100 ਕਰੋੜ ਰੁਪਏ ਦਾ ਮੈਮੋਰੰਡਮ ਵੀ ਇਸ ਵਾਸਤੇ ਸਾਈਨ ਕੀਤਾ ਹੈ। ਅਸੀਂ ਦੇਖ ਰਹੇ ਹਾਂ ਕਿ ਏਅਰ-ਕਰਾਫਟ ਸ਼ੁਰੂ ਕਰੀਏ। ਸ਼ਾਇਦ ਫਿਲੌਰ ਵਿਖੇ ਸ਼ੁਰੂ ਕਰੀਏ ਤਾਂ ਕਿ ਅਸੀਂ ਸਬਜ਼ੀਆਂ ਬਾਹਰ ਭੇਜ ਸਕੀਏ। ਕਾਰਨ ਇਹ ਹੈ ਕਿ ਬਾਹਰ ਫਸਲਾਂ ਨਹੀਂ ਪੈਦਾ ਹੋ ਰਹੀਆਂ ਔਰ ਜੋ ਮਿਹਨਤ ਪੰਜਾਬ ਦਾ ਕਿਸਾਨ ਕਰ ਰਿਹਾ ਹੈ, ਉਹ ਬਾਕੀ ਮੁਲਕ ਨਹੀਂ ਕਰ ਸਕਦੇ। ਇਹ ਜਿਹੜੀ ਕੰਪਨੀ ਹੈ, ਇਹ ਕਿਤੇ ਹੋਰ ਨਹੀਂ ਗਈ। ਜਰਮਨੀ ਨਹੀਂ ਗਈ, ਫਰਾਂਸ ਨਹੀਂ ਗਈ, ਅਮਰੀਕਾ ਨਹੀਂ ਗਈ। ਇਹ ਪੰਜਾਬ ਵਿਚ ਆਏ। ਉਹ ਇਕ ਦਮ ਇੱਥੇ ਨਹੀਂ ਆਏ। ਪਹਿਲਾਂ ਉਨ੍ਹਾਂ ਨੇ ਕਈ ਸਾਲ ਇੱਥੇ ਰੀਸਰਚ ਕੀਤੀ, ਪ੍ਰਬੰਧ ਕੀਤੇ, ਸੈਂਪਲ ਹੈ, ਮਾਰਕੀਟ ਦੇਖੀ ਔਰ ਫਿਰ ਇੱਥੇ ਆਏ। ਇਹ ਇੱਕ ਗਰੇਟ ਆਪਰਚੂਨਟੀ ਹੈ। ਅਸੀਂ ਇਸ ਨੂੰ ਛੱਡਣਾ ਨਹੀਂ ਚਾਹੁੰਦੇ। ਸਾਡੇ ਬਿਜਲੀ ਦੀ ਕਮੀ ਸੀ। ਅਸੀਂ 1600 ਕਰੋੜ ਰੁਪਏ ਦੀ ਬਿਜਲੀ ਖਰੀਦੀ। 2400 ਕਰੋੜ ਰੁਪਏ ਦੀ ਬਿਜਲੀ ਇਸ ਸਾਲ ਖਰੀਦਾਂਗੇ ਪਰ ਅਸੀਂ ਕਿਸਾਨਾਂ ਨੂੰ ਬਿਜਲੀ ਬੰਦ ਨਹੀਂ ਹੋਣ ਦੇਵਾਂਗੇ। (ਥੰਪਿੰਗ) ਆਈ.ਟੀ. ਸੈਕਟਰ ਔਰ ਇੰਡਸਟਰੀ ਨੂੰ ਵੀ ਬਿਜਲੀ ਦੀ ਲੋੜ ਹੈ। ਇਹ ਮਹੱਤਵਪੂਰਨ ਸੈਕਟਰ ਹਨ। ਬਾਇਓ ਸੈਕਟਰ ਨੂੰ ਬਿਜਲੀ ਦੀ ਲੋੜ ਹੈ। ਲਾਈਟ ਇੰਜੀਨੀਅਰਿੰਗ ਸੈਕਟਰ ਵੀ ਸਾਡਾ ਮਹੱਤਵਪੂਰਨ ਸੈਕਟਰ ਹੈ ਔਰ ਅਸੀਂ ਉਥੇ ਵੀ ਪ੍ਰਬੰਧ ਕਰ ਰਹੇ ਹਾਂ। ਅਸੀਂ ਇਕਾਨਮੀ ਨੂੰ ਅੱਗੇ ਵਧਾਉਣਾ ਹੈ। ਮੇਰੀ ਬੇਨਤੀ ਹੈ ਕਿ ਜਦੋਂ ਸਦਨ ਵਿਚ ਬਹਿਸ ਹੁੰਦੀ ਹੈ ਜਾਂ ਡਿਸਕਸ਼ਨ ਹੁੰਦੀ ਹੈ, ਤਾਂ ਇਹ ਅੱਛਾ ਹੋਵੇਗਾ ਅਗਰ ਅਸੀਂ ਆਪਣੀ ਪਾਲਿਟਿਕਸ ਨੂੰ ਬਾਹਰ ਛੱਡ ਕੇ ਇਥੇ ਆ ਕੇ ਪੰਜਾਬ ਦੇ ਹਿਤਾਂ ਦੀ ਗੱਲ ਕਰੀਏ। ਸਾਨੂੰ ਖੁਸ਼ੀ ਹੈ ਕਿ ਜਦੋਂ ਪੰਜਾਬ ਦੇ ਪਾਣੀਆਂ ਦੀ ਗੱਲ ਕੀਤੀ ਗਈ ਸੀ ਤਾਂ ਇਨ੍ਹਾਂ ਨੇ ਸਾਡਾ ਸਾਥ ਦਿੱਤਾ। ਇਨ੍ਹਾਂ ਨੂੰ ਇਸ ਵਿੱਚ ਵੀ ਪਤਾ ਸੀ ਕਿ ਜੇਕਰ ਸਾਥ ਨਹੀਂ ਦਿੰਦੇ ਤਾਂ ਬਾਹਰ ਬੜੇ ਸਵਾਲ ਹੋਣੇ ਸੀ, ਇਸ ਕਰਕੇ ਇਨ੍ਹਾਂ ਨੇ ਸਾਥ ਦਿੱਤਾ। ਚਲੋ ਦਿੱਤਾ ਤਾਂ ਸੀ। ਪੰਜਾਬ ਦੀ ਐਗਰੀਕਲਚਰ ਸਾਡੇ ਵਾਸਤੇ ਬੜੀ ਇੰਪਾਰਟੈਂਟ ਹੈ। ਇਥੇ ਸਹੀ ਅੰਕੜੇ ਰੱਖੋ। ਸਹੀ ਪ੍ਰੋਗਰਾਮ ਦਿਓ। ਕੋਈ ਸੁਝਾਅ ਦਿਓ ਕਿ ਪੰਜਾਬ ਦੇ ਵਾਸਤੇ ਆਹ ਕਰ ਲਓ। ਚੰਗੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ ਪਰ criticism for the sake of criticism ਇਹ ਨਹੀਂ ਹੋਣਾ ਚਾਹੀਦਾ। ਹੋਰ ਐਕਸਾਈਜ਼ ਬਾਰੇ ਬੜਾ ਕੁਝ ਕਿਹਾ ਗਿਆ ਸੀ ਪਰ ਇਸ ਦਾ ਜਵਾਬ ਫਾਈਨਾਂਸ ਮਨਿਸਟਰ ਦੇਣਗੇ। ਇਹ ਕੰਪਲੀਟਲੀ ਭੁੱਲ ਗਏ ਆਪਣੇ ਵੇਲੇ ਦੀਆਂ ਐਕਸਾਈਜ਼ ਦੀਆਂ ਗੱਲਾਂ। ਆਹ ਮੈਨੂੰ ਦਿਓ (ਵਿੱਤ ਮੰਤਰੀ ਵੱਲ ਇਸ਼ਾਰਾ) ਮੈਂ ਪੜ੍ਹਾਂ ਜਾਂ ਤੁਸੀਂ ਸੁਣਾਉਗੇ। ਚਲੋ ਠੀਕ ਹੈ। (ਆਵਾਜ਼ਾਂ, ਦੇ ਦਿਓ, ਦੇ ਦਿਓ।) (ਇਸ ਸਮੇਂ ਵਿੱਤ ਮੰਤਰੀ ਜੀ ਨੇ ਕਾਗਜ਼ ਮੁੱਖ ਮੰਤਰੀ ਜੀ ਨੂੰ ਦਿੱਤਾ।)

ਇਹ ਕਹਿ ਰਹੇ ਹਨ ਕਿ ਜਿਹੜੀਆਂ ਐਕਸਾਈਜ਼ ਠੇਕਿਆਂ ਦੀਆਂ ਬੋਲੀਆਂ ਹੋਈਆਂ ਹਨ, ਇਸ ਵਿੱਚ ਬੜੇ ਘਪਲੇ ਹੋਏ ਹਨ, ਸੌ ਕਰੋੜ ਰੁਪਏ ਦੇ ਘਪਲੇ ਹੋਏ ਹਨ। ਜਗਮੀਤ ਬਰਾੜ ਇਹ ਕਹਿੰਦਾ ਹੈ। ਕੀ ਜਗਮੀਤ ਬਰਾੜ ਚੀਫ ਜਸਟਿਸ ਲੱਗਿਆ ਹੋਇਆ ਹੈ। ਇਹ ਕਹਿੰਦੇ ਹਨ ਕਿ ਇਹ ਜਗਮੀਤ ਬਰਾੜ ਨੇ ਕਿਹਾ ਹੈ ਕਿਉਂਕਿ ਇਹ ਗੱਲ ਇਨ੍ਹਾਂ ਨੂੰ ਸੂਟ ਕਰਦੀ ਹੈ। ਪੁਆਇੰਟ ਇਹ ਸੀ ਕਿ ਇਨ੍ਹਾਂ ਦਾ ਇੱਕ ਨੌਜਵਾਨ ਇਥੇ ਐਕਸਾਈਜ਼ ਮਨਿਸਟਰ ਸੀ, ਜਿਸ ਨੇ ਹਿੰਮਤ ਕੀਤੀ ਔਰ 1999-2000 ਵਿੱਚ ਐਕਸਾਈਜ਼ ਪਾਲਿਸੀ ਬਦਲ ਕੇ ਰੈਵੇਨਿਓ ਵਿੱਚ 108 ਕਰੋੜ ਰੁਪਏ ਦੀ ਇਨਕਰੀਜ਼ ਕੀਤੀ। ਫਿਰ ਸਤਿਕਾਰਯੋਗ ਬੇਟਾ ਜੀ ਨੇ ਵਧਣ ਨਹੀਂ ਦਿੱਤਾ। ਸਤਿਕਾਰਯੋਗ ਲੀਡਰ ਦੇ ਸਤਿਕਾਰਯੋਗ ਬੇਟਾ ਜੀ ਨੇ ਇਹ ਵਧਣ ਨਹੀਂ ਦਿੱਤਾ ਲੇਕਿਨ ਉਨ੍ਹਾਂ ਨੇ ਕੋਸ਼ਿਸ਼ ਕੀਤੀ। However in terms of numbers, 2000-01 ਵਿੱਚ 25.81 ਕਰੋੜ ਰੁਪਏ ਦੀ ਇਨਕਰੀਜ ਹੋਈ। Following year 2001-02 ਵਿੱਚ ਪਿਛਲੇ ਸਾਲ ਨਾਲੋਂ 17.81 ਕਰੋੜ ਥੱਲੇ ਗਿਆ। ਫਿਰ ਜਦੋਂ ਅਸੀਂ ਆਏ ਤਾਂ ਇਸ ਨੈਗੇਟਿਵ ਨੂੰ ਦੇਖਿਆ ਅਤੇ ਸਟੈਂਡਰਡ ਇਨਕਰੀਜ਼ ਨੂੰ ਦੇਖਿਆ ਜੋ ਹਰ ਸਾਲ ਇਨਕਰੀਜ਼ ਹੁੰਦੀ ਹੈ, ਉਹ 2.3 ਪ੍ਰਤੀਸ਼ਤ ਹੈ, ਦੋ ਪੁਆਇੰਟ ਇਨਕਰੀਜ਼ ਨਾਲ ਅਸੀਂ 99 ਕਰੋੜ ਰੁਪਏ ਦੀ ਇਨਕਰੀਜ਼ ਕੀਤੀ ਜਦ ਕਿ ਇਹ ਰੈਵੇਨਿਊ ਨੂੰ ਥੱਲੇ ਲੈ ਕੇ ਗਏ ਸੀ। (ਥੰਪਿੰਗ) ਉਸ ਤੋਂ ਬਾਅਦ 19.87, ਫਿਰ 21.17 ਅਤੇ ਐਤਕੀ 25.10 ਇਨਕਰੀਜ਼ ਹੋਈ। ਉਪਰ ਹੀ ਉਪਰ, ਇਹ ਨਹੀਂ ਕਿ ਥੱਲੇ ਗਏ। ਇਹ ਹਰਿਆਣੇ ਨੂੰ ਕੋਟ ਕਰਦੇ ਹਨ। ਇਹ ਕਹਿੰਦੇ ਹਨ ਕਿ ਬੜਾ ਲੁੱਟ ਲਿਆ ਹੈ, ਪੰਜ ਪਾਰਟੀਆਂ ਹੋਈਆਂ ਹਨ। ਇਥੇ ਬੜੀ ਗੜਬੜ ਹੋਈ ਹੈ। ਇਨ੍ਹਾਂ ਨੂੰ ਦੁਖ ਇਸ ਗੱਲ ਦਾ ਹੈ ਕਿ ਜਿਹੜੀ ਪਾਰਟੀ ਨੂੰ ਇਹ ਸਪੋਰਟ ਕਰਦੇ ਸੀ, ਉਹ ਲੁਧਿਆਣੇ ਦੀ ਪਾਰਟੀ ਹੈ, ਉਹ ਬਾਹਰ ਰਹਿ ਗਈ। ਸਭ ਤੋਂ ਜ਼ਿਆਦਾ ਦੁਖ ਤਾਂ ਇਸ ਦਾ ਹੈ। ਉਸ ਨੇ ਬੋਲੀ ਦਿੱਤੀ ਨਹੀਂ, ਇਸ ਕਰਕੇ ਉਹ ਰਹਿ ਗਿਆ। ਉਸ ਨੂੰ ਆਉਣ ਵਾਸਤੇ ਕਿਸੇ ਨੇ ਰੋਕਿਆ ਤਾਂ ਨਹੀਂ ਸੀ। ਇਹ ਹਰਿਆਣੇ ਦੀ ਗੱਲ ਕਰਦੇ ਹਨ। ਹਰਿਆਣੇ ਦਾ ਇਨ੍ਹਾਂ ਦਾ ਜਿਹੜਾ ਸਾਥੀ ਹੈ, ਦੋਸਤ ਹੈ, ਯਾਰ ਹੈ, ਉਹ ਆਪਣੇ ਆਪ ਨੂੰ ਬੜਾ ਮਹਾਂਰਥੀ ਕਹਾਉਂਦਾ ਸੀ। ਉਸ ਨੂੰ ਵੀ ਇਲੈਕਸ਼ਨਾਂ ਵਿੱਚ ਪਤਾ ਲੱਗ ਗਿਆ। ਉਹ ਸਾਰੇ ਹਰਿਆਣੇ ਨੂੰ ਇੱਕ ਦਿਨ ਵਿੱਚ ਨਿਪਟਾ ਦਿੰਦਾ ਸੀ। ਇਨ੍ਹਾਂ ਨੂੰ ਪਤਾ ਨਹੀਂ ਕਿ ਕਾਂਗਰਸ ਵੇਲੇ ਫਿਰ ਆਟੋਮੈਟੀਕਲੀ ਬੋਲੀਆਂ ਹੋਈਆਂ ਹਨ ਅਤੇ ਰੈਵੇਨਿਊ ਉਪਰ ਗਿਆ ਹੈ ਮੈਂ ਇਕ ਗੱਲ ਦੱਸਣੀ ਚਾਹੁੰਦਾ ਹਾਂ, ਬਾਕੀ ਤਾਂ ਫਾਈਨਾਂਸ ਮਨਿਸਟਰ ਸਾਹਿਬ ਦੱਸਣਗੇ। These are the figures, which speak themselves. ਕੋਈ ਐਸੀ ਗੱਲ ਨਹੀਂ ਕਿ ਇਸ ਵਿੱਚ ਰੈਵੇਨਿਊ ਕੋਈ ਡਾਊਨ ਹੋਇਆ ਹੈ। 2.3 ਪ੍ਰਤੀਸ਼ਤ ਇਨਕਰੀਜ਼ ਹੋਇਆ ਹੈ। That is the difference. ਕੁਐਸਚਨ ਹੈ ਕਿ ਰੈਵੇਨਿਊ ਕਿੰਨਾ ਵਧੇਗਾ ਪਰ It is not in our hands. ਇਸ ਦੇ ਬਾਵਜੂਦ ਕਿ Molesses 40 ਪ੍ਰਤੀਸ਼ਤ ਮਾਰਕੀਟ ਵਿੱਚ ਇਨਕਰੀਜ਼ ਹੋਇਆ ਹੈ, I am not justifying anything. ਜਿਨ੍ਹਾਂ ਨੇ ਬੋਲਣਾ ਹੈ, ਬੋਲਣ ਦਿਓ। We are about to do what is in the interest of the State, for the State and the revenue of the State without promising the health of Punjab. ਮੈਂ ਨਹੀਂ ਚਾਹੁੰਦਾ ਕਿ ਪੰਜਾਬ ਸ਼ਰਾਬੀਆਂ ਦਾ ਸੂਬਾ ਬਣ ਜਾਵੇ। Certainly we will see that revenue increase is there and proper revenue increase for that matter. ਲੇਕਿਨ ਇਹ ਨਹੀਂ ਕਿ ਸ਼ਰਾਬ ਨੂੰ ਪਰਮੋਟ ਕਰੀਏ

[ਮੁੱਖ ਮੰਤਰੀ]

ਜਾਂ ਐਡਵਰਟਾਈਜ਼ਮੈਂਟ ਕਰੀ ਜਾਈਏ ਕਿ ਸਾਰੇ ਸ਼ਰਾਬ ਪੀਣ ਲਗ ਜਾਓ It is not that we want to promote drinking. That is not Punjab Government's intention. ਮੈਂ ਇਹੀ ਦੱਸਣਾ ਚਾਹੁੰਦਾ ਹਾਂ ਕਿ I can promise if they give constructive suggestions, we will take them into considereation. ਮੈਂ ਹੈਡਮਾਸਟਰ ਵਾਂਗ ਲੈਕਚਰ ਨਹੀਂ ਕਰ ਰਿਹਾ। ਮੈਂ ਇਨ੍ਹਾਂ ਨੂੰ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਹ ਪੰਜਾਬ ਦੇ ਭਵਿੱਖ ਬਾਰੇ ਸੋਚਣਾ ਚਾਹੁੰਦੇ ਹਨ ਔਰ ਪੰਜਾਬ ਦੇ ਭਵਿੱਖ ਬਾਰੇ ਇਨ੍ਹਾਂ ਦੇ ਦਿਲ ਵਿਚ ਹਮਦਰਦੀ ਹੈ ਤਾਂ ਜਦ ਆਉਣ ਤਿਆਰੀ ਕਰਕੇ ਆਉਣ, ਕੰਸਟ੍ਰਕਟਿਵ ਆਪੋਜ਼ੀਸ਼ਨ ਬਣ ਕੇ ਕੰਸਟ੍ਰਕਟਿਵ ਸੁਝਾਅ ਦੇਣ। ਅਸੀਂ ਵਾਅਦਾ ਕਰਦੇ ਹਾਂ ਕਿ ਜੇਕਰ ਚੰਗੇ ਸੁਝਾਅ ਹੋਣਗੇ ਤਾਂ ਕੋਈ ਇਨ੍ਹਾਂ ਨੂੰ ਨਹੀਂ ਕਹੇਗਾ ਕਿ ਅਸੀਂ ਇਨ੍ਹਾਂ ਨੂੰ ਰਿਜੈਕਟ ਕਰਦੇ ਹਾਂ। Thank you, ਸਪੀਕਰ ਸਾਹਿਬ।

**ਮਾਨਯੋਗ ਸਪੀਕਰ** : ਸ਼੍ਰੀ ਸੁਨੀਲ ਜਾਖੜ ਜੀ.......ਵਿਘਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

(ਇਸ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਹਾਂ ਜੀ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਇੱਕੋ ਹੀ ਸੁਝਾਅ ਦੇਵਾਂਗਾ ਔਰ ਇਨ੍ਹਾਂ ਨੇ ਸੁਝਾਅ ਮੰਗੇ ਵੀ ਹਨ। ਮੇਰੇ ਅੰਦਰ ਵੀ ਪੰਜਾਬ ਪ੍ਰਤੀ ਹਮਦਰਦੀ ਹੈ। ਮੈਂ ਸੁਝਾਅ ਦਿੰਦਾ ਹਾਂ ਕਿ ਜਿਹੜੇ ਠੇਕਿਆਂ ਦੀ ਆਕਸ਼ਨ ਹੋਈ ਉਸ ਦੀ ਸੀ.ਐਮ. ਸਾਹਿਬ ਸੀ.ਬੀ.ਆਈ. ਤੋਂ ਇਨਕੁਆਰੀ ਕਰਵਾਉਣ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਵੇਂ ਮੈਂ ਹੁਣੇ ਦੱਸਿਆ ਹੈ ਕਿ This matter is already there and increase of revenue is according to the trends. ਜੋ ਟਰੈਂਡ ਇਨ੍ਹਾਂ ਦੇ ਵੇਲੇ ਹੋਇਆ ਹੈ It is the same trends..... ਹੁਣ ਇਨ੍ਹਾਂ ਨੂੰ ਇਹ ਹੈ ਕਿ ਇਹ ਆਪਣੇ ਆਪ ਨੂੰ ਪੰਜਾਬ ਦੇ ਰਖਵਾਲੇ ਘੋਸ਼ਿਤ ਕਰ ਰਹੇ ਹਨ। ਮੈਂ ਇਨ੍ਹਾਂ ਨੂੰ ਇਕ ਸਵਾਲ ਹੀ ਪੁੱਛਦਾ ਹਾਂ ਇਹ ਉਸ ਦਾ ਹੀ ਜਵਾਬ ਦੇ ਦੇਣ We have taken him to the trial. ਅਗਰ ਇਹ ਬਿਲਕੁਲ ਨਿਰਦੋਸ਼ ਸਨ ਤਾਂ ਇਨ੍ਹਾਂ ਨੂੰ ਟਰਾਇਲ ਕੋਰਟ ਦੇ ਵਿੱਚ ਜਾਣਾ ਚਾਹੀਦਾ ਸੀ ਔਰ ਕਹਿਣਾ ਚਾਹੀਦਾ ਸੀ ਕਿ ਮੇਰਾ ਟਰਾਇਲ ਕਰੋ ਕਿ ਮੈਂ ਅਪਰੂਵ ਕਰਾਂਗਾ। ਫਿਰ ਇਹ ਹਾਈ ਕੋਰਟ ਵਿਚੋਂ ਸੁਪਰੀਮ ਕੋਰਟ ਵਿੱਚ ਭੱਜੇ। ਹੁਣ ਵਾਹਿਗੁਰੂ ਦੀ ਕਿਰਪਾ ਨਾਲ ਇਹ ਦੋ ਚਾਰ ਦਿਨਾਂ ਦੇ ਵਿੱਚ ਉਥੋਂ ਟਰਾਇਲ ਕੋਰਟ ਵਿੱਚ ਵਾਪਸ ਆਉਣਗੇ ਤਾਂ ਇਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ 3400 ਕਰੋੜ ਰੁਪਿਆ ਕਿਥੇ ਹੈ।

**ਮਾਨਯੋਗ ਸਪੀਕਰ** : ਹਾਂ ਜੀ, ਸ਼੍ਰੀ ਸੁਨੀਲ ਜਾਖੜ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਭੂੰਦੜ ਕਲੈਰੀਫਿਕੇਸ਼ਨ ਦੀ ਮੰਗ ਕਰ ਰਹੇ ਸਨ ਅਤੇ ਪਾਰਟੀ ਦੇ ਹੋਰ ਕਈ ਮੈਂਬਰ ਸਾਹਿਬ ਵੀ ਖੜ੍ਹੇ ਸਨ ਤੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ** : ਪਲੀਜ਼, ਨੋ ਇੰਟਰਪਸ਼ਨ। ਚਲੋ ਭੂੰਦੜ ਸਾਹਿਬ ਜੀ, ਦੱਸੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਸੀ.ਐਮ. ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਔਰ ਇਨ੍ਹਾਂ ਨੇ ਆਪਣੀ ਸਪੀਚ ਵਿਚ ਕਿਹਾ ਵੀ ਹੈ ਕਿ ਜਿਹੜਾ ਕਾਨੂੰਨ ਪਾਸ ਕੀਤਾ ਹੈ, ਇਹ ਦੇਸ਼ ਦੇ ਭਲੇ ਲਈ ਕੀਤਾ ਹੈ, ਆਪੋਜ਼ੀਸ਼ਨ ਨੇ ਵੀ ਸਾਥ ਦਿੱਤਾ ਹੈ ਅਤੇ ਮਗਰੋਂ ਹੁਣ ਰੌਲਾ ਪਾਉਂਦੇ ਹਨ। ਮੈਂ ਤੁਹਾਨੂੰ ਲਿਖ ਕੇ ਵੀ ਦਿੱਤਾ ਹੈ। ਜਿਹੜਾ ਰਿਪੇਅਰੀਅਨ ਲਾਅ ਹੈ ਉਹ ਇੰਟਰਨੈਸ਼ਨਲ ਹੈ ਔਰ ਨੈਸ਼ਨਲ ਲੈਵਲ ਦੇ ਉਤੇ ਵੀ ਹੈ। ਹੁਣ ਸੈਂਟਰ ਗੌਰਮਿੰਟ ਦਾ ਬਿਆਨ ਵੀ ਆਇਆ ਹੈ ਕਿ ਇਹ ਲਾਗੂ ਨਹੀਂ ਹੋਵੇਗਾ (ਵਿਘਨ)।

**ਮਾਨਯੋਗ ਸਪੀਕਰ** : ਇਸ ਕਲੈਰੀਫਿਕੇਸ਼ਨ ਦੀ ਕੋਈ ਲੋੜ ਨਹੀਂ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੀ ਇਹ ਹੁਣ ਸਾਡਾ ਸਾਥ ਦੇਣਗੇ ਕਲਾਜ਼ 5 ਦੇ ਵਿੱਚ ਅਮੈਂਡਮੈਂਟ ਕਰਨ ਵਿੱਚ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ I do not think he has studied this problem. The riparian problem that existed is not a part of law. It is not constitutionally accepted. If there is any legal process or if there is any legislative process, we will do it. ਇਹ ਕਹਿਣਾ ਕਿ ਅਸੀਂ ਤੁਹਾਡਾ ਸਾਥ ਦੇ ਦਿਆਂਗੇ। ਅਸੀਂ ਸਾਥ ਕਿਸ ਤਰ੍ਹਾਂ ਦੇ ਸਕਦੇ ਹਾਂ। ਅਗਰ ਇਹ ਸਮਝਦੇ ਹਨ ਕਿ ਇਨ੍ਹਾਂ ਦਾ ਸਾਥ ਦੇਣ ਵਾਸਤੇ ਅਸੀਂ ਬੱਸਾਂ ਦੇ ਸਾਹਮਣੇ ਲੇਟ ਜਾਵਾਂਗੇ, ਉਹ ਤਾਂ ਅਸੀਂ ਨਹੀਂ ਕਰ ਸਕਦੇ।

**ਮਾਨਯੋਗ ਸਪੀਕਰ** : ਹਾਂ ਜੀ, ਸ਼੍ਰੀ ਸੁਨੀਲ ਜਾਖੜ ਜੀ, ਤੁਸੀਂ ਬੋਲੋ। (ਵਿਘਨ)

**संसदीय सचिव, सिंचाई व बागबानी ( श्री सुनील कुमार जाखड़ )** : माननीय स्पीकर, हमारे मानयोग चीफ मनिस्टर साहिब ने बड़े विस्तार से (विघन).........

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਬਹੁਤ ਸਾਰੇ ਮੈਂਬਰ ਖੜ੍ਹੇ ਸਨ ਅਤੇ ਬੋਲ ਰਹੇ ਸਨ ਜਿਸ ਕਾਰਨ ਸਾਫ਼ ਸੁਣਾਈ ਨਹੀਂ ਸੀ ਦੇ ਰਿਹਾ ਅਤੇ ਸਰਦਾਰ ਜਗਦੀਸ਼ ਸਿੰਘ ਗਰਚਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਨੋ ਪੁਆਇੰਟ ਆਫ ਆਰਡਰ। ਤੁਸੀਂ ਬੈਠੋ (ਵਿਘਨ.....ਸ਼ੋਰ) ਹਾਂ ਜੀ, ਸ਼੍ਰੀ ਸੁਨੀਲ ਜਾਖੜ ਜੀ, ਤੁਸੀਂ ਜਾਰੀ ਰੱਖੋ।

**संसदीय सचिव, सिंचाई व बागबानी :** माननीय स्पीकर साहिब, हमारे मुख्य मंत्री साहिब ने विस्तार से एक्साईज़ और एग्रीकलचर के बारे में बोलने के बाद और कुछ बात कहने के लिए बच नहीं जाती (विघन).........

**ਮਾਨਯੋਗ ਸਪੀਕਰ :** ਤੁਸੀਂ ਇਕ ਮਿੰਟ ਤਸ਼ਰੀਫ ਰੱਖੋ, ਉਨ੍ਹਾਂ ਨੂੰ ਬਾਅਦ ਦੇ ਵਿੱਚ ਪੁੱਛ ਲਵਾਂਗੇ। ਹਾਂ ਜੀ, ਗਰਚਾ ਜੀ, ਤੁਸੀਂ ਆਪਣਾ ਪੁਆਇੰਟ ਆਫ ਆਰਡਰ ਦੱਸੋ ਕੀ ਹੈ ?

**ਸਰਦਾਰ ਜਗਦੀਸ਼ ਸਿੰਘ ਗਰਚਾ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ** **

**ਮਾਨਯੋਗ ਸਪੀਕਰ :** ਜੋ ਕੁਝ ਵੀ ਬਗੈਰ ਇਜਾਜ਼ਤ ਤੋਂ ਬੋਲਿਆ ਜਾ ਰਿਹਾ ਹੈ ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ। ਇਹ ਪ੍ਰੋਸੀਡਿੰਗ ਦਾ ਪਾਰਟ ਨਹੀਂ ਬਣਨਾ ਚਾਹੀਦਾ।

**संसदीय सचिव, सिंचाई व बागबानी :** मुख्य मंत्री जी ने किसी भी आनरेबल मैंबर का नाम नहीं लिया। ये तो चोर की दाढ़ी में तिनके वाली बात है। बड़ी तफसील से मुख्यमंत्री साहिब ने जो issues उठे हैं Agriculture से संबंधित issues उठे हैं, extension policy से संबंधित कोई बात उठी है, जो भी बात की कोई apprehension थी, जो genuine concern रहा, हर एक के बारे में तफसील से ब्यान किया..........

**ਮਾਨਯੋਗ ਸਪੀਕਰ :** ਤੁਸੀਂ 10 ਮਿੰਟ ਵਿਚ ਕਨਕਲੂਡ ਕਰ ਲੈਣਾ।

**संसदीय सचिव, सिंचाई व बागबानी :** सबसे पहले स्पीकर साहिब, मैं धन्यवाद देता हूं आनरेबल चीफ मनिस्टर साहिब को कि उन्होंने सारे हाऊस की एक मात्र मांग, सांझी मांग कि किसानों के ऊपर जो डीज़ल और पैट्रोल का सैस लगाया गया है, उसे हटा कर he has shown that he has all the concern for the farmers (Thumping) इस से यह बात झलकती है कि यहां पंजाब का मुख्यमंत्री कोई राजनीतिक नहीं बैठा बल्कि कोई किसान बैठा है। उनकी बात मैं ध्यान से सुन रहा था। जब लीडर आफ दि आपोजीशन बोल रहे थे खुशी भी है, दुख भी है कि इनकी बात सुन कर मैं इस नतीजे पर पहुँचा हूँ कि इन्होंने किसान की भावनाएं कुंठित कर रखी हैं। He was primarily motivated by Politics, मैं गुजारिश करूंगा आनरेबल चीफ मनिस्टर साहिब को, मैंने जब लीडर आफ दि आपोजीशन की बात सुनी तो इस नतीजे पर पहुँचा कि चीफ मनिस्टर साहिब आप स्कीम का नाम बदल दें। Crop diversification की बजाये कोई और नाम कर दें। बादल साहिब भी वही बात कह रहे थे जो हमारी सरकार की नीति है। Diversification की बात जब आती है तो प्रोपेगंडा करने, critisize करने लग जाते हैं। इन के ब्यान से यही झलक रहा था। यहां बार बार कहा गया कि आज किसान का 662 करोड़ रुपया Tubewell repair पर लग गया। बादल साहिब का किसान भी आज का किसान है and he is still working against the nature. Against nature जो चीज यहां grow नहीं कर सकते, जिसके लिए

** Expunged/not recorded as ordered by the Chair.

कोई साधन नहीं है पर हम फिर भी record breaking yield ले रहे हैं। जिस agriculture की बात कर रहे हैं, We have reached a plateau. जैसे चीफ मनिस्टर साहिब ने कहा, Norman Burlough यहां पर इसी महीने आए हुए थे। जिन्होंने green revolation की नींव रखी, जिस में Punjab Agriculture University का भी भारी योगदान था। वे यहां पर आए। उन्होंने पंजाब के लिए एक बात कही कि जब तक हम crop diversification नहीं करेंगे हम को, किसान को फायदा नहीं होगा। हमारे किसान की तरक्की नहीं हो सकती। मैं बधाई देना चाहता हूँ मुख्यमंत्री साहिब को कि यहां पर already agriculture diversification exist करती है। भूंदड़ साहिब बैठे नहीं हैं। There are already ways and means. यहां पर किन्नु के बाग हैं। उस में मुख्यमंत्री साहिब ने खुद interest लिया, storage की व्यवस्था की, नई varities ला कर process करनी है। value addition करके international market में भेज पाएंगे। एक बात और मैं Finance Minister साहिब के ध्यान में लाना चाहूँगा.......

| *12.31 ਵਜੇ ਬਾਅਦ ਦੁਪਹਿਰ | (ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

कि आज केन्द्र सरकार में एक ऐसी नीति बनी है, जिस के तहत जो हमारे existing sick शूगर मिल्ज हैं, उनके लिए इन्होंने बहुत से incentives, बहुत से फाईनेंसिज पैकेजज़ और असिसटैंस देने की बात की है। मैं आनरेवल फाईनांस मनिस्टर साहिब से गुजारिश करुंगा कि वह इस बात पर फिर से गौर करें, एक बार फिर से देखें क्योंकि यह Tried and testing crop है। अगर आज भी हम अपनी sick मिल्ज को revive कर सकते हैं तो बड़ी अच्छी बात होगी और जिस किसम के कदम हमारे आनरेबल चीफ मनिस्टर साहिब ने persue करके उठाये हैं, लैवी की शूगर जो आलरेडी हमारे गोडाउन में भरी पड़ी है, उसकी वजह से न सिर्फ किसानों की पेमेंट रुकी पड़ी है परन्तु additional burden in terms of interest or loss of quality भी हम को हो रहा है। इसकी तरफ ध्यान देकर अगर हम अपनी मिल्ज को वापस सेंन्ट्रल असिसटैंस से revive कर पायें और कोई Joint venture के तहत कर पायें या फिर किसी भी प्रपोजल के तहत कर पायेंगे तो मैं समझता हूँ कि हमारे पास already existing structure है, जिसके तहत हम किसान को ईमीज़ीएट बैनीफिटस दे सकते हैं। इसके साथ ही यहां पर पानी के लैवल की बात कर रहे थे। इस संबंधी यहां पर चाहे Termination of Agreements एक्ट पास हुआ, चाहे बादल साहिब का concern था कि आज पंजाब में Tubewell पानी का लैवल नीचे जा रहा है, डिप्टी स्पीकर साहिब, जैसा कि मैंने पहले भी कहा था कि आज जो Paddy हम grow कर रहे हैं इस की implications न सिर्फ आने वाली जैनरेशन को ही भुगतनी पड़ेगी बल्कि हम आज भी भुगत रहे हैं। आज बिजली और पानी की कमी को देखते हुये मैं F.M. साहिब के ध्यान में लाना चाहूंगा कि आज इंटरनेशनल लैवल पर कोई आटो एग्रीमैंट के तहत एक कार्बन ट्रेडिंग चालू की गई है। जिसकी exchange already लंडन में फंकशनल है। डिप्टी स्पीकर साहिब, आप और हमारे साथी भलीभांत परिचित है कि Paddy growing is one of the largest source

[संसदीय सचिव, सिंचाई व बागबानी]

for Mithane production. मिथेन हमारे environmental को damage कर रही है। उसको हम अगर किसी तरीके से पैकेज करके वहां से alternate croping लाते हैं तो मैं समझता हूं कि उसे carbon trading के तहत उस मार्किट में इंटरनेशनल फाईनेंशल एंजंसीज से, प्राईवेट पार्टीयों से पारटीसीपेट करवा के फंडिग कर सकते हैं। इस बात के लिये मैं हमारे Learned & able Finance Minister साहिब से कहूंगा कि इस पर एक स्टॅडी गरुप बनाया जाये ताकि इसको नए तरीके से फंडिग के तहत वर्लड बैंक से या प्राईवेट पार्टीयों से सहायता मिले। आने वाले समय में carbon trading points का बहुत बड़ा महत्त्व होगा जिस तरह कि हमारे नेशनल स्टॉक एकसचेंज है, उसी तरह से मैं समझता हूं कि इस बात का फायदा हमारे किसान को मिले। हमारे यहां उसके तहत इंडस्ट्री लग सके, इस बात के लिये मैं आनरेबल चीफ मनिस्टर साहिब का ध्यान दिलाना चाहूंगा। एक बात जो आनरेबल चीफ मनिस्टर साहिब ने कही और सरदार बादल साहिब ने भी कही है कि आज किसान को drip irrigation और sprinkle irrigation की तरफ जाने की जरुरत है, क्योंकि किसान आज भी पानी पर मुनस्सर है। आप पंजाब के किसान को पानी दीजिये। मुझे इस बात की खुशी है कि हमारे बजट में हमने हमारे already existing water channels जो हैं, जैसे नहरें और खाले आदि, उनकी रिपेयर के लिये बजट में प्रोवीजन रखा है। जिस बात के बारे में आपोजीशन के लीडर बादल साहिब कह रहे थे कि किसान से किये हुये वायदे झुठला दिये। मैं इस बात से सहमत नहीं हूँ क्योंकि जब आनरेबल चीफ मनिस्टर साहिब ने यहां पर पानी के ऊपर आबियाना लगाने की बात की थी तो मुझे बड़ा अजीब लगा था पर आज मुझे यह कहते हुये गर्व है और खुशी भी है कि हमारे आबोहर फाजिल्का का इलाका जो टेल एंड पर पड़ता है। वहां पर तकरीबन 200 किलोमीटर दूर नीचे जाकर पानी मिलता है। इस लिये हम पानी की एक-एक बूंद की कदर जानते हैं। अगर यह Termination of Agreement की तरफ ध्यान न देते तो आज अबोहर और फाजिल्का का इलाका राजस्थान का हिस्सा बन जाता। वहां लोगों ने 9.9% आबियाने का भुगतान किया है। लोगों ने additional burden इस बात के लिये दिया कि उनको पानी बिना सीपेज और वेसटेज के एक-एक बूंद वहां पहुंच पाये। इसी बात का ध्यान करते हुए हमारे बजट के अन्दर 25 करोड़ रुपये दिये गये हैं। चीफ मनिस्टर साहिब जब फिरोजपुर गये हुये थे तो उन्होंने उस इलाके के लिये जो नया प्रोजैक्ट चालू किया है, उसकी लाईनिंग के लिए 50 करोड़ रुपये दिये हैं। मैं इस नये प्रोजैक्ट को चालू करने के लिये इनको बधाई देना चाहता हूं। इस के साथ ही जिस बात की ताईद आनरेबल चीफ मनिस्टर साहिब ने भी की है और मैंने भी पिछले साल सदन में बात उठाई थी, पर इसको गलत represent किया गया था कि आज हमारी एग्रीकल्चर युनिवर्सिटी जो हमारा प्रिमीयम इंस्टीट्यूशन है, इस बात को कोई डीनाई नहीं कर सकता कि Punjab Agriculture University का हमारे किसानों के लिये बड़ा योगदान रहा है, पर इस P.A.U. के बजट का 99% खर्च कर्मचारियों की सैलरी पर हो रहा है। Research Work पर कोई खर्च नहीं किया जा रहा और सरकार की तरफ से Research development के लिये कोई बजट की provision नहीं हुई, जिस का खम्याजा हमारे ईलाके के लोगों को भुगतना पड रहा है।

B.T. cotton के लिये हम बहुत ही चिंतित रहे हैं। इसको सरकार ने persue किया है। America के Powell की वजह करके Agriculture Production down चली गई है और किसानों के हालात बहुत ही खराब है। हमारे C.M. साहिब और F.M. Sahib बड़े concerned हैं। इस की research and expension work के लिये they both need to be greatly strengthened हमारे पास Talent है, और गांव के लोगों को अग्रह किया जा सकता है। इस जानकारी से वाकिफ किया जा सकता है। हमारे किसान दूसरे प्रांतों के किसानों से yield wise produce करने में पीछे नहीं रहे हैं। इस करके सरकार का Alternative crop की तरफ ध्यान गया है। किसानों ने सूरजमुखी और सोयाबीन को ज्यादा उगा कर इस बात को prove कर दिया है। उन्होंने दूसरे प्रांतों से खास कर Madhya Pradesh से ज्यादा Produce किया है। सरकार हमारे किसानों के लिए Mandi स्थापित कर दे और Support Price का इंतजाम कर दे, जो कि बहुत ही जरुरी है। Processing Units तब ही लग सकते हैं अगर support price हो और उनके के लिये Mandies set up हो जायें। तब हमारे किसानों को इस तरफ Switch over करने में देरी नहीं लगेगी। अब हमारे F.M. Sahib ने ध्यान दिया है। सिर्फ exist cotton के लिये Mandi की जरुरत नहीं बल्कि Citrus, Kinneu, Malta, Suraj Mukhi, Soya Bean के लिये भी मंडी setup होनी चाहिये ताकि यह माल दिल्ली की Mandi में ना जाकर यह अबोहर की Mandi में बिके और हिन्दुस्तान का सारा व्यापारी अबोहर की Mandi से Kinnu और Malta खरीदे और यहां से Export भी किया जाये। सरकार ने फिर किसानों की तरफ ध्यान देकर उन की जान में जान डाली है। मैं इन का धन्यवाद करता हूँ। 4—6 Plant Fruit Juice Processing के लग सकते हैं। इस से Fruit Processing unit grow हो सकते हैं। इस तरफ ध्यान देने की जरुरत है। यहां पर बार बार Excise Auction Policy के बारे में कहा गया है। इन liquor auction का हरियाणा के साथ comparison किया गया है। जब Punjab and Haryana की Division हुई तो 60% ratio पंजाब की और 40% ratio हरियाणा की हुई थी। पंजाब की ratio ज्यादा थी। हरियाणा की Liqure Sale Auction की बल्ले बल्ले की गई कि 800 Crore Rs. का Revenue generate किया गया है, जब कि पंजाब में Rs. 1500 Crore का Revenue generate किया गया। अगर ratio के हिसाब से Revenue generate होता तो यह Rs. 1100 Crore का होना चाहिए था। इस को हरियाणा के साथ comparison करना बेमाने है। हमारे Chief Minister Sahib ने सही तरीके से पंजाब के हितों की रक्षा की है। Excise Policy में पंजाब के हितों का ध्यान किया गया है। जिस से पंजाब को काफी revenue generate हो गया है। अंत में मैं इन्हीं शब्दों के साथ आप का धन्यवाद करता हूँ।

**ਸੰਸਦੀ ਸਕੱਤਰ, ਖੇਤੀਬਾੜੀ ਅਤੇ ਪਸ਼ੂ ਪਾਲਣ ਤੇ ਡੇਅਰੀ ਵਿਕਾਸ ਅਤੇ ਮੱਛੀ ਪਾਲਣ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਹਾਲਾਂਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਬੋਲਣ ਤੋਂ ਬਾਅਦ ਤਾਂ ਬੋਲਣ ਨੂੰ ਕੁਝ ਨਹੀਂ ਰਹਿ ਗਿਆ। ਪਰ ਮੈਂ ਬਾਰਡਰ ਦੇ ਏਰੀਏ ਦਾ ਹੋਣ ਕਰਕੇ ਕੁਝ ਸੁਜੈਸ਼ਨਜ਼ ਰੱਖਣੀਆਂ ਚਾਹੁੰਦਾ ਹਾਂ। ਅੱਜ ਪੰਜਾਬ ਦੀ ਕਿਸਾਨੀ ਦਿਨੋਂ ਦਿਨ ਬਹੁਤ ਥੱਲੇ ਜਾ ਰਹੀ ਹੈ। ਜਿਵੇਂ ਬਾਦਲ ਸਾਹਿਬ

[ਸੰਸਦੀ ਸਕੱਤਰ, ਖੇਤੀਬਾੜੀ ਅਤੇ ਪਸ਼ੂ ਪਾਲਣ ਤੇ ਡੇਅਰੀ ਵਿਕਾਸ ਅਤੇ ਮੱਛੀ ਪਾਲਣ]

ਨੇ ਵੀ ਕਿਹਾ ਹੈ ਕਿ ਐਗਰੀਕਲਚਰ ਯੂਨੀਵਰਸਿਟੀ ਵਿਚ ਅੱਜ ਪੰਜਾਬ ਦੇ ਪਿੰਡਾਂ ਦਾ ਕੋਈ ਲੜਕਾ ਨਹੀਂ ਪੜ੍ਹ ਰਿਹਾ। ਪਿੰਡਾਂ ਦਾ ਲੜਕਾ ਤਾਂ ਆਏਗਾ, ਡਿਪਟੀ ਸਪੀਕਰ ਸਾਹਿਬ, ਅਗਰ ਪਿੰਡਾਂ ਦੇ ਸਕੂਲਾਂ ਦੀ ਐਜੂਕੇਸ਼ਨ ਵਧੀਆ ਹੋਵੇਗੀ। ਅੱਜ ਸਾਨੂੰ ਜ਼ਰੂਰਤ ਇਸ ਗੱਲ ਦੀ ਹੈ ਕਿ ਪੰਜਾਬ ਦੇ ਜਿੰਨੇ ਵੀ ਸਕੂਲ ਹਨ, ਉਨ੍ਹਾਂ ਦੇ ਸਿਲੇਬਸ ਵਿਚ ਐਗਰੀਕਲਚਰ ਸਬਜੈਕਟ ਕੰਪਲਸਰੀ ਹੋਣਾ ਚਾਹੀਦਾ ਹੈ। ਅੱਜ ਪੰਜਾਬ ਦੇ ਕਿਸਾਨ ਦਾ ਲੜਕਾ ਕੰਮ ਕਰਨੋਂ ਹਟ ਗਿਆ ਹੈ, ਉਸਦੇ ਵਿਚ ਵਰਕ ਕਲਚਰ ਨਹੀਂ ਰਿਹਾ। ਅੱਜ ਉਹ ਭੁੱਲ ਗਿਆ ਹੈ ਕਿ ਕਮਾਈ ਕਿਵੇਂ ਕਰਨੀ ਹੈ। ਮੈਂ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਨੂੰ ਵੀ ਕਹਾਂਗਾ ਕਿ ਇਸ ਲਈ ਕੋਈ ਇਹੋ ਜਿਹਾ ਤਰੀਕਾ ਪੈਦਾ ਕਰਨ ਕਿ ਪੰਜਾਬ ਦੇ ਬੱਚੇ ਸਕੂਲਾਂ ਵਿਚ ਜਾਣ, ਉਥੇ ਟੀਚਰ ਪੂਰੇ ਹੋਣ, ਸਕੂਲਾਂ ਵਿਚ ਐਜੂਕੇਸ਼ਨ ਸ਼ੁਰੂ ਤੋਂ ਹੀ ਇਹੋ ਜਿਹੀ ਹੋਵੇ, ਐਗਰੀਕਲਚਰ ਦਾ ਵਿਸ਼ਾ ਕੰਪਲਸਰੀ ਹੋਵੇ ਤਾਂਕਿ ਬੱਚੇ ਉਥੋਂ ਹੀ ਕੰਮ ਕਰਨਾ ਸਿੱਖਣ।

ਦੂਸਰੀ ਚੀਜ਼, ਡਿਪਟੀ ਸਪੀਕਰ ਸਾਹਿਬ, ਜਿਹੜੀ ਪਿੰਡਾਂ ਦੀ ਜ਼ਮੀਨ ਹੈ, ਜਿਵੇਂ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ ਕਿ ਅੱਜ ਪੰਜਾਬ ਵਿਚ ਡਾਈਵਰਸੀਫਿਕੇਸ਼ਨ ਲਿਆਉਣੀ ਬਹੁਤ ਜ਼ਰੂਰੀ ਹੈ ਕਿਉਂਕਿ ਜੇ ਅਸੀਂ ਰਵਾਇਤੀ ਫਸਲਾਂ ਤੇ ਚਲਦੇ ਰਹੇ ਤਾਂ ਪੰਜਾਬ ਵਿਚ ਪਾਣੀ ਵੀ ਖਤਮ ਹੋ ਜਾਵੇਗਾ। ਜੇ ਪਾਣੀ ਨਹੀਂ ਰਹੇਗਾ ਤਾਂ ਕਿਸਾਨੀ ਵੀ ਖਤਮ ਹੋ ਜਾਵੇਗੀ। ਏਥੇ ਆਰਗੈਨਿਕ ਫਾਰਮਿੰਗ ਦੀ ਗੱਲ ਕੀਤੀ ਗਈ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਆਰਗੈਨਿਕ ਫਾਰਮਿੰਗ ਹੋਣੀ ਚਾਹੀਦੀ ਹੈ ਪਰ ਇਸ ਦੀ ਮਾਰਕੀਟਿੰਗ ਵੀ ਬਹੁਤ ਜ਼ਰੂਰੀ ਹੈ। ਅੱਜ ਆਰਗੈਨਿਕ ਫਾਰਮਿੰਗ ਦੇ ਬਾਰੇ ਸਿਰਫ ਉੱਪਰਲੇ ਲੈਵਲ ਦੇ ਲੋਕਾਂ ਨੂੰ ਪਤਾ ਹੈ ਕਿ ਜੇ ਤੁਸੀਂ ਸਬਜ਼ੀ ਜਾਂ ਹੋਰ ਬੀਜ ਕੇ ਮਾਰਕੀਟ ਜਾਵੋਗੇ ਤਾਂ ਕੀ ਮੁੱਲ ਪੈਣਾ ਹੈ ਪਰ ਇਸ ਬਾਰੇ ਆਮ ਲੋਕਾਂ ਨੂੰ ਹਾਲੇ ਨਹੀਂ ਪਤਾ। ਅੱਜ ਲੋਕਾਂ ਨੂੰ ਡਾਈਵਰਸੀਫਿਕੇਸ਼ਨ ਬਾਰੇ ਵੀ ਤੇ ਆਰਗੈਨਿਕ ਫਾਰਮਿੰਗ ਬਾਰੇ ਵੀ ਐਜੂਕੇਟ ਕਰਨਾ ਪਵੇਗਾ। ਹੁਣੇ ਏਥੇ ਜਿਵੇਂ ਬਾਦਲ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਦੇ ਵਿਚ ਕਿਸਾਨ ਜੇਲ੍ਹਾਂ ਅੰਦਰ ਜਾ ਰਹੇ ਹਨ, ਉਨ੍ਹਾਂ ਤੇ ਡਾਂਗਾਂ ਪੈ ਰਹੀਆਂ ਹਨ, ਇਹ ਗੱਲਾਂ ਠੀਕ ਨਹੀਂ। ਲੋਕਾਂ ਨੂੰ ਇਸ ਵਾਸਤੇ ਸਾਨੂੰ ਐਜੂਕੇਸ਼ਨ ਦੇਣੀ ਪਵੇਗੀ, ਕੁਟਾਉਣਾ ਨਹੀਂ ਚਾਹੀਦਾ। ਸਾਨੂੰ ਦੇਖਣਾ ਇਹ ਚਾਹੀਦਾ ਹੈ ਕਿ ਉਨ੍ਹਾਂ ਨੂੰ ਅਸੀਂ ਉਪਰ ਕਿਵੇਂ ਲੈ ਕੇ ਜਾ ਸਕਦੇ ਹਾਂ। ਜਿਹੜੀਆਂ ਪ੍ਰੋਡੱਕਟਸ ਦੀ ਦਿਨੋ ਦਿਨ ਪ੍ਰੋਡੱਕਸ਼ਨ ਘਟ ਰਹੀ ਹੈ, ਉਨ੍ਹਾਂ ਵਿੱਚ ਅਸੀਂ ਵਾਧਾ ਕਿਵੇਂ ਕਰ ਸਕਦੇ ਹਾਂ, ਇਹ ਐਜੂਕੇਸ਼ਨ ਦੇਣੀ ਪੈਣੀ ਹੈ।

ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਐਫ.ਐਮ. ਸਾਹਿਬ ਨੂੰ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਜ਼ਮੀਨ ਵਿੱਚ ਕੱਲਰ ਦੀ ਰੇਸ਼ੋ ਫਿਰ ਵੱਧ ਰਹੀ ਹੈ। ਇਸ ਦੇ ਲਈ ਜਿਪਸਮ ਅਗਰ ਫਰੀ ਨਹੀਂ, ਤਾਂ 50% ਸਬਸਿਡੀ ਤੇ ਸਾਨੂੰ ਦੇਣੀ ਚਾਹੀਦੀ ਹੈ ਤਾਂਕਿ ਪੰਜਾਬ ਵਿੱਚ ਅਸੀਂ ਕੱਲਰ ਖਤਮ ਕਰ ਸਕੀਏ। ਕੱਲਰ ਖਤਮ ਹੋਣ ਨਾਲ ਕਿਸਾਨੀ ਵਧੇਗੀ, ਪੈਦਾਵਾਰ ਵਧੇਗੀ, ਆਰ.ਡੀ.ਐਫ. ਵੀ ਆਏਗੀ, ਮਾਰਕੀਟ ਫੀਸ ਵੀ ਆਏਗੀ। ਬਹੁਤ ਗੱਲਾਂ ਹੋਈਆਂ ਕਿ ਪੰਜਾਬ ਵਿੱਚ ਇਹ ਹੋ ਗਿਆ, ਉਹ ਹੋ ਗਿਆ। ਹੁਣੇ ਮੁੱਖ ਮੰਤਰੀ ਸਾਹਿਬ ਨੇ ਪੂਰੇ ਵਿਸਥਾਰ ਨਾਲ ਸਾਰੀਆਂ ਗੱਲਾਂ ਦਾ ਜਵਾਬ ਦਿੱਤਾ ਹੈ। ਸਾਨੂੰ ਐਜੀਟੇਸ਼ਨ ਕਰਾਉਣ ਜਾਂ ਭੜਕਾਉਣ ਦੀ ਬਜਾਏ ਮਿਲ ਕੇ ਸੋਚਣਾ ਪੈਣਾ ਹੈ। ਅੱਜ ਪੰਜਾਬ ਅੰਦਰ ਨਸ਼ੇ ਦੀ ਵਰਤੋਂ

ਗੰਭੀਰ ਸਥਿਤੀ ਤੱਕ ਪਹੁੰਚ ਚੁੱਕੀ ਹੈ। ਖਾਸ ਕਰਕੇ ਪੇਂਡੂ ਏਰੀਆਜ਼ ਵਿੱਚ ਨਸ਼ੇ ਬਹੁਤ ਵੱਧ ਗਏ ਹਨ। ਹੁਣੇ ਬਾਦਲ ਸਾਹਿਬ ਬੋਲ ਕੇ ਹਟੇ ਹਨ। ਸ਼੍ਰੋਮਣੀ ਕਮੇਟੀ ਵੀ ਤੁਹਾਡੇ ਕੋਲ ਹੈ। ਤੁਸੀਂ ਜਿਥੇ ਪੰਥ ਦੀ ਗੱਲ ਕਰਦੇ ਹੋ, ਕਿਸਾਨੀ ਦੀ ਗੱਲ ਕਰਦੇ ਹੋ, ਉਥੇ ਅੱਜ ਸਾਨੂੰ ਪੰਜਾਬ ਦੀ ਸੰਤਾਨ ਬਚਾਉਣ ਲਈ ਵੀ ਨਗਰ ਕੀਰਤਨ ਕੱਢਣੇ ਪੈਣਗੇ। ਇਹ ਦੇਖਣਾ ਹੈ ਕਿ ਬੱਚਿਆਂ ਨੂੰ ਇਸ ਆਦਤ ਤੋਂ ਕਿਵੇਂ ਹਟਾਉਣਾ ਹੈ। ਜੇ ਅੱਜ ਅਸੀਂ ਆਪਣੀ ਸੰਤਾਨ ਬਚਾ ਲਵਾਂਗੇ, ਪਾਣੀ ਬਚਾ ਲਵਾਂਗੇ ਤਾਂ ਕਿਸਾਨੀ ਖੁਦ ਬਚ ਜਾਵੇਗੀ। ਤੁਸੀਂ ਵੀ ਪਿੰਡਾਂ ਵਿੱਚ ਰਹਿੰਦੇ ਹੋ, ਅਸੀਂ ਵੀ ਰਹਿੰਦੇ ਹਾਂ। ਅਸੀਂ ਸਾਰੇ ਜਾਣਦੇ ਹਾਂ ਕਿ ਪਿੰਡਾਂ ਵਿੱਚ ਨੌਜਵਾਨਾਂ ਦੀ ਹਾਲਤ ਕੀ ਹੈ। ਉਨ੍ਹਾਂ ਨੂੰ ਆਪਣਾ ਭਵਿੱਖ ਨਜ਼ਰ ਨਹੀਂ ਆ ਰਿਹਾ, ਉਨ੍ਹਾਂ ਨੂੰ ਪਤਾ ਨਹੀਂ ਲਗ ਰਿਹਾ ਕਿ ਅਸੀਂ ਕਿਸ ਪਾਸੇ ਜਾਣਾ ਹੈ।

ਮੈਂ, ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਅੰਦਰ ਅਗਰ ਐਗਰੀਕਲਚਰ ਵਿੱਚ ਕੋਈ ਥੋੜ੍ਹੀ ਬਹੁਤ ਕਮੀ ਰਹਿ ਗਈ ਹੈ ਤਾਂ ਅਸੀਂ ਉਸਨੂੰ ਪੂਰਾ ਕਰ ਦਈਏ ਅਤੇ ਵੱਧ ਤੋਂ ਵੱਧ ਉਸਤੇ ਸਬਸਿਡੀ, ਜਿਵੇਂ ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਹੈ, ਸਬਸਿਡੀ ਦੇ ਕੇ ਪੰਜਾਬ ਦਾ ਭਵਿੱਖ ਬਚਾ ਲਈਏ। ਅੱਜ ਵੈਸੇ ਵੀ ਪੰਜਾਬ ਅੰਦਰ ਖੇਤੀ ਦੀ ਜ਼ਮੀਨ ਘਟਦੀ ਜਾ ਰਹੀ ਹੈ। ਮਾਲਵੇ ਵਿੱਚ, ਜਿਥੇ ਬਾਦਲ ਸਾਹਿਬ ਰਹਿੰਦੇ ਹਨ, ਬਹੁਤ ਵੱਡੇ ਫਾਰਮ ਹਨ ਤੇ ਲੋਕ ਅਮੀਰ ਹਨ ਪਰ ਸਾਡੇ ਮਾਝੇ ਵਿਚ 2 ਏਕੜ ਤੱਕ ਖੇਤ ਰਹਿ ਗਏ ਹਨ। ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਜਾਪਾਨ ਵਿੱਚ ਛੋਟੀਆਂ-ਛੋਟੀਆਂ ਥਾਵਾਂ ਤੇ ਲੋਕ ਏਨੀ ਪ੍ਰੋਡਕਸ਼ਨ ਕਰ ਰਹੇ ਹਨ, ਮੈਂ ਮੁੱਖ ਮੰਤਰੀ ਸਾਹਿਬ ਤੇ ਐਫ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਕੋਈ ਇਹੋ ਜਿਹੀ ਟੈਕਨਾਲੋਜੀ ਲਿਆ ਕੇ ਦੇਣ ਕਿ ਅਸੀਂ 2 ਏਕੜ ਵਿੱਚੋਂ ਵੀ ਆਪਣੇ ਪਰਿਵਾਰ ਨੂੰ ਪਾਲ ਸਕੀਏ। ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਦਿਨੋ ਦਿਨ ਬਹੁਤ ਪੈਸੇ ਆ ਰਹੇ ਹਨ ਅਤੇ ਪਿੰਡਾਂ ਵਿਚ ਬੜਾ ਕੁਝ ਹੋ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਪਿੰਡਾਂ ਵਿਚ ਬਹੁਤ ਡਿਵੈਲਪਮੈਂਟ ਕਰ ਲਵਾਂਗੇ ਪਰ ਸਭ ਤੋਂ ਪਹਿਲਾਂ ਸਾਨੂੰ ਆਪਣੀ ਐਗਰੀਕਲਚਰ ਬਚਾਉਣੀ ਪਵੇਗੀ ਅਤੇ ਇਸ ਦੇ ਵਾਸਤੇ ਡਾਈਵਰਸੀਫਿਕੇਸ਼ਨ ਦਾ ਬਹੁਤ ਵੱਡਾ ਅਤੇ ਅਹਿਮ ਰੋਲ ਹੈ। ਇਸ ਦੇ ਵਾਸਤੇ ਕਿਸਾਨ ਨੂੰ ਐਜੂਕੇਟ ਕੀਤਾ ਜਾਵੇ, ਉਸ ਨੂੰ ਕਣਕ ਝੋਨੇ ਤੋਂ ਹਟਾ ਕੇ ਦੂਸਰੇ ਪਾਸੇ ਲੈ ਕੇ ਜਾਈਏ ਅਤੇ ਪੰਜਾਬ ਦੀ ਤਰੱਕੀ ਕਰੀਏ। ਧੰਨਵਾਦ।

**Mr. Deputy Speaker :** Mr. Tikshan Sud, you have got only three minutes.

ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਤਿੰਨ ਮਿੰਟ ਦਾ ਟਾਈਮ ਤਾਂ ਬਹੁਤ ਥੋੜ੍ਹਾ ਹੈ। ਮੈਂ ਸ਼ਾਰਟ ਜਿਹੀ ਗੱਲ ਹੀ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਖੇਤੀ ਨੂੰ ਬਚਾਉਣ ਲਈ, ਪੰਜਾਬ ਦੀ ਖੇਤੀ ਨੂੰ ਵਧਾਉਣ ਲਈ ਅਤੇ ਪੰਜਾਬ ਨੂੰ ਹੋਰ ਖੁਸ਼ਹਾਲ ਬਣਾਉਣ ਲਈ ਸਭ ਤੋਂ ਪਹਿਲਾਂ ਤਾਂ ਉਹ ਹੀ ਕੰਮ ਕਰਨੇ ਚਾਹੀਦੇ ਹਨ ਜੋ ਛੇਤੀ ਹੋ ਸਕਦੇ ਹਨ ਯਾਨੀ ਸ਼ਾਰਟ ਟਰਮ ਮਈਅਰਜ਼। ਕਿਸਾਨ ਨੂੰ 30 ਰੁਪਏ ਪੈਡੀ ਦਾ ਬੋਨਸ ਹਾਲੇ ਤੱਕ ਨਹੀਂ ਮਿਲਿਆ ਜਿਸ ਦਾ

[ਸ਼੍ਰੀ ਤਿਕਸ਼ਨ ਸੂਦ]

ਵਾਅਦਾ ਕਰਕੇ ਸਰਕਾਰ ਇਹ ਚੋਣਾਂ ਜਿੱਤ ਕੇ ਆਈ ਸੀ। ਇਸ ਦੇ ਵਾਸਤੇ ਇਸ ਬਜਟ ਵਿਚ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ। ਦੂਜੀ ਗੱਲ ਇਹ ਹੈ ਕਿ ਅਵਾਰਾ ਅਤੇ ਜੰਗਲੀ ਪਸ਼ੂ ਇਸ ਵੇਲੇ ਕਿਸਾਨ ਦਾ ਜਿੰਨਾ ਨੁਕਸਾਨ ਕਰ ਰਹੇ ਹਨ, ਹੋਰ ਕੋਈ ਨਹੀਂ ਕਰ ਰਿਹਾ। ਖਾਸ ਕਰਕੇ ਕੰਡੀ ਦੇ ਇਲਾਕੇ ਵਿਚ ਏਕੜਾਂ ਦੀ ਏਕੜ ਫਸਲ ਇਹ ਪਸ਼ੂ ਖਰਾਬ ਕਰੀ ਜਾ ਰਹੇ ਹਨ। ਇਸ ਸਮੱਸਿਆ ਵੱਲ ਅਰਜੈਨਟਲੀ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਅਗਲੀ ਗੱਲ ਇਹ ਹੈ ਕਿ ਜਦੋਂ ਫਸਲ ਬੀਜਣ ਦਾ ਟਾਈਮ ਆਉਂਦਾ ਹੈ ਤਾਂ ਖਾਦ ਨਹੀਂ ਮਿਲਦੀ। ਇਸ ਵਾਰ ਕਣਕ ਦੀ ਬਿਜਾਈ ਵੇਲੇ ਡੀ.ਏ.ਪੀ. ਖਾਦ ਗਾਇਬ ਹੋ ਗਈ ਸੀ। ਇਹ ਪਹਿਲਾਂ ਵੀ ਗਾਇਬ ਹੋ ਜਾਂਦੀ ਰਹੀ ਹੈ ਅਤੇ ਇਸ ਵਾਰ ਵੀ ਗਾਇਬ ਹੋ ਗਈ ਸੀ, ਜਿਸ ਕਰਕੇ ਕਿਸਾਨ ਨੂੰ ਕਾਮਯਾਬੀ ਨਹੀਂ ਮਿਲਦੀ ਹੈ। ਸਰਕਾਰ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਨੇ ਕਿਸਾਨ ਨਾਲ ਉਸ ਦੇ ਇਨ-ਪੁੱਟ ਘਟਾਉਣ ਲਈ ਵਾਅਦਾ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਕਿਸਾਨ ਨੂੰ ਬਿਜਲੀ ਫਰੀ ਦੇਵਾਂਗੇ। ਇਸ ਬਜਟ ਵਿਚ ਬਿਜਲੀ ਦੇ ਵੱਧ ਤੋਂ ਵੱਧ ਕੁਨੈਕਸ਼ਨ ਦੇਣ ਦੀ ਗੱਲ ਕੀਤੀ ਗਈ ਹੈ। ਮੇਰੀ ਬੇਨਤੀ ਹੈ ਕਿ ਜੇ ਬਿਜਲੀ ਫਰੀ ਨਹੀਂ ਦੇ ਸਕਦੇ ਤਾਂ ਸਬਸਿਡਾਈਜ਼ਡ ਜ਼ਰੂਰ ਦੇਣੀ ਚਾਹੀਦੀ ਹੈ। ਕਿਸਾਨ ਨੂੰ ਇਨ-ਪੁੱਟ ਮਹਿੰਗੇ ਮਿਲਦੇ ਹਨ ਅਤੇ ਆਊਟ-ਪੁੱਟ ਸਸਤੇ ਵਿਕਦੇ ਹਨ, ਜਿਸ ਕਰਕੇ ਉਸ ਨੂੰ ਘਾਟਾ ਪੈਂਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਡਾਈਵਰਸੀਫਿਕੇਸ਼ਨ ਕੁਦਰਤੀ ਤਰੀਕੇ ਨਾਲ ਵਧਾਉਣੀ ਚਾਹੀਦੀ ਹੈ। ਜਿਵੇਂ ਕੰਡੀ ਦੇ ਇਲਾਕੇ ਵਿਚ ਆਰਚਰਡ ਅਤੇ ਐਗਰੋ ਫਾਰੈਸਟਰੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਝੋਨਾ ਹੌਲੀ-ਹੌਲੀ ਨਹਿਰੀ ਇਲਾਕਿਆਂ ਤੱਕ ਸੀਮਤ ਹੋ ਜਾਵੇਗਾ। ਡਾਈਵਰਸੀਫਿਕੇਸ਼ਨ ਲਈ ਆਰਚਰਡ ਲਾਉਣ ਲਈ ਡ੍ਰਿਪ ਇਰੀਗੇਸ਼ਨ ਸਿਸਟਮ ਅਤੇ ਹੋਰ ਸਾਜ਼ੋ-ਸਮਾਨ ਜ਼ਰੂਰ ਦਿੱਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਇਨਪੁਟਸ ਬਾਰੇ ਕੁਝ ਅੰਕੜੇ ਹਨ ਜੋ ਕਿ ਬੜੇ ਹੈਰਾਨੀਜਨਕ ਹਨ। 1960-61 ਵਿਚ ਫਰਟੇਲਾਈਜ਼ਰ ਇਕ ਕਿਲੋ ਪ੍ਰਤੀ ਹੈਕਟੇਅਰ ਲੱਗਦੀ ਸੀ ਜਦ ਕਿ ਹੁਣ ਇਹ 194 ਕਿਲੋ ਲੱਗਦੀ ਹੈ ਯਾਨੀ ਇਸ ਦੀ ਖਪਤ 200 ਗੁਣਾ ਤੱਕ ਪਹੁੰਚ ਗਈ ਹੈ। ਇਸੇ ਤਰ੍ਹਾਂ ਪੈਸਟੀਸਾਈਡ ਦੀ ਤਿੰਨ ਗੁਣਾ ਖਪਤ ਹੋ ਗਈ। ਪਹਿਲਾਂ ਪੰਜਾਬ ਵਿਚ 3200 ਟਨ ਲੱਗਦੀ ਸੀ ਜਿਹੜੀ ਕਿ ਹੁਣ 6900 ਟਨ ਲੱਗਦੀ ਹੈ। ਇਸੇ ਤਰ੍ਹਾਂ ਹੀ ਟਰੈਕਟਰਾਂ ਦੀ ਖਪਤ ਹੈ। ਇਹ ਵੀ 3 ਗੁਣਾ ਹੋ ਗਈ ਹੈ ਜਦ ਕਿ ਉਨ੍ਹਾਂ ਤੋਂ ਕੰਮ ਕੇਵਲ 1/5 ਹਿੱਸਾ ਹੀ ਲਿਆ ਜਾਂਦਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਵੱਲ ਜੇਕਰ ਅਸੀਂ ਧਿਆਨ ਨਹੀਂ ਦੇਵਾਂਗੇ, ਖਰਚਾ ਘੱਟ ਕਰਨ ਬਾਰੇ ਨਹੀਂ ਸੋਚਾਂਗੇ ਤਾਂ ਜ਼ਮੀਨ ਦੀ ਹਾਲਤ ਵੀ, ਕਿਸਾਨ ਦੀ ਹਾਲਤ ਵੀ ਅਤੇ ਪੰਜਾਬ ਦੀ ਇਕਾਨਮੀ ਦੀ ਹਾਲਤ ਵੀ ਵਿਗੜਦੀ ਚਲੀ ਜਾਵੇਗੀ। ਜੌਹਲ ਕਮੇਟੀ ਦੀ ਰਿਪੋਰਟ ਵਿਚ ਢਾਈ ਲੱਖ ਏਕੜ ਜ਼ਮੀਨ ਦੀ ਡਾਈਵਰਸੀਫਿਕੇਸ਼ਨ ਵਾਸਤੇ ਜਿਹੜੀ 320 ਕਰੋੜ ਰੁਪਏ ਦੇਣ ਦੀ ਗੱਲ ਕੀਤੀ ਗਈ ਹੈ, ਇਸ ਵੱਲ ਸਰਕਾਰ ਜ਼ਰੂਰ ਧਿਆਨ ਦੇਵੇ। ਅੱਜ ਖੇਤੀ ਦੀ ਵਿਕਾਸ ਦਰ ਘਟ ਰਹੀ ਹੈ। ਇਸ ਕਰਕੇ ਜੇਕਰ ਇਸ ਨੂੰ ਤਾਈਵਾਨ ਵਾਂਗ ਕਿੱਤਾ-ਮੁਖੀ ਕਰ ਦੇਈਏ, ਤਾਂ ਹੀ ਆਪਾਂ ਖੇਤੀ ਨੂੰ ਅਤੇ ਕਿਸਾਨ ਨੂੰ ਬਚਾ ਸਕਦੇ ਹਾਂ। ਧੰਨਵਾਦ।

ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ (ਸ਼੍ਰੀ ਸੁਰਿੰਦਰ ਸਿੰਗਲਾ) : ਡਿਪਟੀ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਸਭ ਤੋਂ ਪਹਿਲਾਂ ਮੈਂ ਜਿਨ੍ਹਾਂ ਮੈਂਬਰ ਸਾਹਿਬਾਨ ਨੇ ਇਸ ਬਹਿਸ ਵਿਚ ਭਾਗ ਲਿਆ ਹੈ, ਉਨ੍ਹਾਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਔਰ ਖਾਸ ਕਰਕੇ ਸਾਹਮਣੇ ਵਾਲੇ ਬੈਂਚਾਂ ਤੋਂ ਚੰਗੀ ਕੰਟ੍ਰੀਬਿਊਸ਼ਨ, ਇੰਪਲੀਮੈਂਟੇਸ਼ਨ ਵਾਸਤੇ ਔਰ ਅੱਗੇ ਨੂੰ ਡਾਇਰੈਕਸ਼ਨ ਦੇਣ ਵਾਸਤੇ ਮੈਂ ਖਾਸ ਕਰਕੇ ਦੋ ਨਾਂ ਲੈਣਾ ਪਸੰਦ ਕਰਦਾ ਹਾਂ, ਜਿਵੇਂ ਡਾਕਟਰ ਉਪਿੰਦਰਜੀਤ ਕੌਰ ਔਰ ਭੂੰਦੜ ਸਾਹਿਬ। ਨਾਲ ਹੀ ਇਸ ਸਾਈਡ ਤੋਂ ਚੌਧਰੀ ਜਗਜੀਤ ਸਿੰਘ ਜੀ, ਜਿਨ੍ਹਾਂ ਦੇ ਦਲਿਤ ਔਰ ਖਾਸ ਕਰਕੇ ਵੀਕਰ ਸੈਕਸ਼ਨ ਤੇ ਬੜੇ ਚੰਗੇ ਸੁਝਾਅ ਵੀ ਸਨ ਔਰ ਚੰਗੀ ਇੰਪਲੀਮੈਂਟੇਸ਼ਨ ਦੇ ਮੁੱਦੇ ਵੀ ਉਨ੍ਹਾਂ ਨੇ ਸਾਹਮਣੇ ਰੱਖੇ। ਏਸੇ ਤਰ੍ਹਾਂ ਸੁਨੀਲ ਜਾਖੜ ਜੀ ਨੇ ਐਗਰੀਕਲਚਰਲ ਤੇ ਬਾਈ ਐਂਡ ਲਾਰਜ ਚੰਗੀ ਕੰਟ੍ਰੀਬਿਊਸ਼ਨ ਇਸ ਬਜਟ ਦੀ ਡੀਬੇਟ ਵਿੱਚ ਪਾਈ ਹੈ। ਥੋੜ੍ਹਾ ਜਿਹਾ ਮੈਨੂੰ ਅਫਸੋਸ ਹੈ ਕਿ ਮੈਂ ਸਾਹਮਣੇ ਬੈਂਚਾਂ ਦੇ ਯੰਗਮਾਂਈਡ ਦੀ ਪਾਰਟੀਸੀਪੇਸ਼ਨ ਚਾਹੁੰਦਾ ਸੀ, ਉਹ ਨਹੀਂ ਮਿਲੀ।

(ਇਕ ਆਵਾਜ਼ : ਟਾਈਮ ਹੀ ਨਹੀਂ ਸੀ)

ਯੰਗ ਮਾਂਈਡ ਔਰ ਫਰੈਸ਼ ਮਾਂਈਡ ਜਿਹੜੇ ਦੋਨਾਂ ਨੂੰ ਸਮਝਦੇ ਹਨ, ਉਨ੍ਹਾਂ ਵੱਲੋਂ ਇਕਾਨਮੀ ਜਾਂ ਬਜਟ ਨੂੰ ਨਿਆਂ ਦਾ ਰਸਤਾ ਦਿਖਾਉਣ ਵਾਸਤੇ ਜ਼ਰੂਰ ਕੁਝ ਕਹਿਣਾ ਚਾਹੀਦਾ ਸੀ। ਇਸ ਬਾਰੇ ਮੈਨੂੰ ਥੋੜ੍ਹੀ ਜਿਹੀ ਡਿਸਐਪੁਆਇੰਟਮੈਂਟ ਹੋਈ ਹੈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਬਜਟ ਬਣਾਉਣ ਤੋਂ ਪਹਿਲਾਂ ਪ੍ਰੀ ਬਜਟ ਐਕਸਰਸਾਈਜ਼ ਵਿੱਚ ਡਿਪਾਰਟਮੈਂਟਸ ਨੇ ਮਨਿਸਟਰ ਸਾਹਿਬਾਨ ਨੇ, ਆਊਟ ਸਾਈਡ ਤੋਂ ਐਗਰੀਕਲਚਰਿਸਟ ਫੋਰਮ ਨੇ, ਇੰਡਸਟਰੀ ਫੋਰਮਜ਼ ਨੇ ਔਰ ਏਥੇ ਮੈਂ ਇਹ ਵੀ ਕਹਾਂਗਾ ਕਿ ਡਿਪਾਰਟਮੈਂਟ ਫਾਇਨਾਂਸ ਦੀ ਟੀਮ ਜਿਹੜੀ ਕਿ ਹਿੰਦੁਸਤਾਨ ਦੀ ਇਕਾਨਮੀ ਤੇ ਦੁਨੀਆਂ ਦੀ ਇਕਾਨਮੀ ਤੇ ਬਿਲਕੁਲ ਨਵਾਂ ਨਜ਼ਰੀਆ ਰਖਦੀ ਹੈ, ਉਨ੍ਹਾਂ ਨੇ ਮੇਰੀ ਬੜੀ ਮਦਦ ਇਹ ਬਜਟ ਬਣਾਉਣ ਵਿੱਚ ਕੀਤੀ ਹੈ। ਸਰ, ਐਕਸ ਫਾਇਨਾਂਸ ਮਨਿਸਟਰ ਨੇ ਕੁਝ ਟਿਪਣੀਆਂ ਅਖਬਾਰਾਂ ਦੀਆਂ ਪੜ੍ਹ ਕੇ ਸੁਣਾਈਆਂ। ਉਹਦੇ ਵਿੱਚ ਕ੍ਰਿਟੀਸਿਜ਼ਮ ਏਨਾ ਜ਼ਿਆਦਾ ਝਲਕਦਾ ਨਹੀਂ। ਉਹਦੇ ਵਿੱਚ ਕੁਝ ਕਨਸਰਨ ਦੱਸੇ ਗਏ ਹਨ ਤੇ ਕੁਝ ਐਂਫੇਸਾਈਜ਼ ਦਾ ਜ਼ਿਕਰ ਕੀਤਾ ਗਿਆ ਹੈ ਪਰ ਓਵਰਆਲ ਕੋਈ ਕ੍ਰਿਟੀਸਿਜ਼ਮ, ਚਾਹੇ ਉਹ ਪੰਜਾਬੀ ਟ੍ਰਿਬਿਊਨ ਹੈ, ਇੰਗਲਿਸ਼ ਟ੍ਰਿਬਿਊਨ, ਨਹੀਂ ਹੈ। ਜੇ ਮੈਂ ਪੰਜਾਬ ਦੇ ਇੰਗਲਿਸ਼ ਟ੍ਰਿਬਿਊਨ ਦੀ ਗੱਲ ਕਰਾਂ ਤਾਂ ਉਸ ਨੇ ਡਾਈਵਰਸੀਫਿਕੇਸ਼ਨ ਨੂੰ ਹੋਰ ਮਜ਼ਬੂਤ ਕਰਕੇ ਔਰ ਚੰਗੇ ਕਦਮ ਪੁੱਟਣ ਵਾਸਤੇ ਕਿਹਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਜ਼ਰੂਰੀ ਹੈ ਅਤੇ ਇਸ ਵਾਸਤੇ ਫੰਡਜ਼ ਵੀ ਹੋਰ ਲਾਓ। ਪਰ ਮੈਂ ਇਕ ਨਿਊਜ਼ ਪੇਪਰ ਜਿਹੜਾ ਕਿ ਪਰੋਫੈਸ਼ਨਲ ਨਿਊਜ਼ ਪੇਪਰ ਹੈ, ਉਸ ਦਾ ਏਥੇ ਜ਼ਰੂਰ ਜ਼ਿਕਰ ਕਰਨਾ ਚਾਹਾਂਗਾ। ਇਕਨਾਮਿਕ ਟਾਈਮਜ਼ ਨੇ ਇਸ ਬਜਟ ਬਾਰੇ ਲਿਖਿਆ ਹੈ ਕਿ "Punjab budget for 2005-06 is note-worthy for fiscal correction it undertakes. Introduction of Value Added Tax, articulation of a policy direction that is in consonance with the economic reforms raising the national economy on a path of accelerated growth in the State of Punjab."

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

Sir, these are the comments of Economic Times, the most professional journalism and the writer is Mr. T. K. Arun, a Ph.D. from Harvard University. ਸੋ, ਇਹ ਉਸਦੇ ਕੁਮੈਂਟਸ ਹਨ। ਸੋ, ਮੈਂ ਇਸ ਕਰਕੇ ਦੱਸਣਾ ਚਾਹੁੰਦਾ ਹਾਂ ਕਿ ਬਾਕੀ ਅਖਬਾਰਾਂ ਨੇ ਕਨਸਰਨ, ਐਂਫੇਸਿਜ਼ ਅਤੇ ਪਰਾਇਰਟੀਜ਼ ਦੱਸੀਆਂ ਹਨ, ਪਰ ਕ੍ਰਿਟੀਸਿਜ਼ਮ ਕੋਈ ਨਹੀਂ। ਮੈਂ ਤੁਹਾਡੇ ਨਾਲ ਇਹ ਗੱਲ ਜ਼ਰੂਰ ਸ਼ੇਅਰ ਕਰਨਾ ਚਾਹੁੰਦਾ ਹਾਂ ਕਿ ਜਦੋਂ ਮੈਂ ਇਹ ਬਜਟ ਬਣਾ ਰਿਹਾ ਸੀ ਤਾਂ ਇੱਕ ਗੱਲ ਬਾਰ-ਬਾਰ ਇਹ ਆ ਰਹੀ ਸੀ। ਡਿਪਟੀ ਸਪੀਕਰ ਸਾਹਿਬ, ਇਕ ਬਾਰ-ਬਾਰ ਗੱਲ ਆਉਂਦੀ ਸੀ, ਪਹਿਲੀ ਵਾਰ ਸ਼ਾਇਦ ਰਿਕਾਰਡਿਡ ਹਿਸਟਰੀ ਵਿੱਚ ਹੈ। ਜੇ ਮੈਂ ਇਹ ਕਹਾਂ ਕਿ 2000 ਸਾਲ ਵਿੱਚ... ਪਹਿਲੀ ਵਾਰੀ ਹਿੰਦੁਸਤਾਨ ਇਹ ਮਹਿਸੂਸ ਕਰ ਰਿਹਾ ਹੈ ਕਿ ਇਹ ਐਕਸਾਈਟਿੰਗ ਟਾਈਮ ਐਂਡ ਹੋਪਫੁੱਲ ਟਾਈਮ ਹੈ ਅਤੇ ਹਿੰਦੁਸਤਾਨ ਇਕ ਸੁਪਰ ਇਕਨਾਮਿਕ ਪਾਵਰ ਬਣਨ ਜਾ ਰਿਹਾ ਹੈ। ਇਸ ਤੋਂ ਪਹਿਲਾਂ 2000 ਸਾਲ ਦੀ ਹਿਸਟਰੀ ਵਿਚ ਕਦੀ ਵੀ ਐਸੀ ਉਮੀਦ ਨਹੀਂ ਸੀ। ਅੱਜ ਜਿੰਨੇ ਵੀ ਗਲੋਬਲ ਥਿੰਕ ਟੈਂਕ ਹਨ, ਚਾਹੇ ਉਹ ਸੀ.ਆਈ.ਏ. ਹੈ, ਉਹ ਵੀ ਕਹਿੰਦੇ ਹਨ ਕਿ ਹਿੰਦੁਸਤਾਨ ਇਕਨਾਮਿਕ ਰੇਸ ਵਿਚ ਅਮਰੀਕਾ ਨੂੰ ਪਿੱਛੇ ਛਡਣਾ ਚਾਹੁੰਦਾ ਹੈ। ਵਰਲਡ ਇਕਨਾਮਿਕ ਫੋਰਮ ਦੀ ਡਿਸਕਸ਼ਨ ਵਿਚ ਇਹ ਗੱਲ ਨਿਕਲੀ ਸੀ ਕਿ ਆਉਣ ਵਾਲੇ 10-15 ਸਾਲਾਂ ਵਿਚ ਹਿੰਦੁਸਤਾਨ ਸੰਸਾਰ ਦੀ ਵੱਡੀ ਇਕਨਾਮਿਕ ਪਾਵਰ ਬਣਨ ਵਾਲਾ ਹੈ। ਤੁਸੀਂ ਇਹ ਗੱਲ ਸੋਚੋ ਕਿ ਜਦੋਂ 1991 ਵਿਚ ਇਕਨਾਮਿਕ ਰਿਫਾਰਮ ਅਨਲੀਸ਼ ਹੋ ਰਹੇ ਸਨ ਤਾਂ ਸਚਮੁੱਚ ਪੈਟਰੀਓਟਿਕ, ਮੋਸਟ ਪੈਟਰੀਓਟਿਕ ਨੈਸ਼ਨਲਲਿਸਟ, ਮੈਂ ਉਨ੍ਹਾਂ ਦਾ ਨਾਂ ਵੀ ਲੈਣਾ ਚਾਹਾਂਗਾ ਮੈਂ ਸ਼੍ਰੀ ਚੰਦਰ ਸ਼ੇਖਰ ਜੀ ਦੀ ਗੱਲ ਕਰਦਾ ਹਾਂ, ਕਿ ਜਦੋਂ ਇਕਨਾਮਿਕ ਰਿਫਾਰਮ ਖੁਲ੍ਹ ਰਹੇ ਸਨ ਅਤੇ ਸਾਰੇ ਹਿੰਦੁਸਤਾਨ ਵਿਚ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਮਲਟੀਨੈਸ਼ਨਲ ਕੰਪਨੀਆਂ ਹਿੰਦੁਸਤਾਨ ਵਿਚ ਆਉਣਗੀਆਂ ਅਤੇ ਆ ਕੇ ਹਿੰਦੁਸਤਾਨ ਨੂੰ ਗੋਬਲ ਕਰ ਲੈਣਗੀਆਂ, ਲੁੱਟ ਲੈਣਗੀਆਂ। ਈਸਟ ਇੰਡੀਆ ਕੰਪਨੀ ਦੀ ਤਰ੍ਹਾਂ ਕੰਮ ਹੋਵੇਗਾ।

*1-01 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)

ਪਰ ਅੱਜ ਸਚਾਈ ਇਹ ਹੈ ਕਿ ਅੱਜ ਅਮਰੀਕਾ ਵਾਲੇ ਹਿੰਦੁਸਤਾਨ ਦੀ ਬਰੇਨ ਪਾਵਰ ਤੋਂ ਡਰ ਰਹੇ ਹਨ। ਜਦੋਂ ਅਮਰੀਕਾ ਦੇ ਪ੍ਰੈਜ਼ੀਡੈਂਟ ਦਾ ਇਲੈਕਸ਼ਨ ਹੋਇਆ, ਮੈਂ ਇਹ ਗੱਲ ਇਸ ਕਰਕੇ ਦੱਸ ਰਿਹਾ ਹਾਂ ਕਿ ਸਾਡਾ ਪੰਜਾਬ ਕਿਸ ਤਰ੍ਹਾਂ ਖੜ੍ਹਾ ਹੈ। ਹਿੰਦੁਸਤਾਨ ਦੀਆਂ ਆਈ.ਟੀ. ਕੰਪਨੀਆਂ ਨੇ ਕਿਹਾ ਕਿ ਆਊਟ ਸੋਰਸਿੰਗ ਬੰਦ ਕਰੋ। ਹੁਣੇ ਹੁਣੇ ਅਸੀਂ ਦੋ ਕੰਪਨੀਆਂ ਦੀ ਓਪਨਿੰਗ ਕੀਤੀ ਹੈ। ਇਕ ਅਮਰੀਕਾ ਦੀ ਮਸ਼ਹੂਰ ਕੰਪਨੀ ਡੈਲ ਹੈ ਜਿਹੜੀ ਕਿ fourth admired best company ਹੈ। ਇਸ ਨੇ 1500 ਬੱਚਿਆਂ ਨੂੰ ਨੌਕਰੀਆਂ ਦੇਣੀਆਂ ਹਨ। (ਥੰਪਿੰਗ) ਦੂਸਰੀ ਟੀ.ਸੀ.ਐਸ. ਕੰਪਨੀ ਹੈ, ਜਿਸ ਦੇ ਅਧਿਕਾਰੀ ਰਾਮ ਦੁਰਾਏ ਪਰਸੋਂ ਹੀ ਮੁੱਖ ਮੰਤਰੀ ਨੂੰ ਮਿਲ ਕੇ ਗਏ ਹਨ। ਉਨ੍ਹਾਂ ਨੇ 10000 ਨੌਕਰੀਆਂ ਆਈ.ਟੀ. ਵਿਚ ਦੇਣੀਆਂ ਹਨ। ਵਿਪਰੋ ਆਦਿ ਸੰਸਾਰ ਦੀਆਂ ਕੁਝ ਐਸੀਆਂ ਕੰਪਨੀਆਂ ਹਨ, ਜਿਹੜੀਆਂ ਪੰਜਾਬ

ਵਿਚ ਅਗਲੇ 3 ਮਹੀਨਿਆਂ ਵਿਚ, ਕੋਈ ਲੰਮਾ ਸਮਾਂ ਨਹੀਂ ਹੈ, ਕੇਵਲ ਤਿੰਨ ਮਹੀਨਿਆਂ ਵਿਚ ਆ ਰਹੀਆਂ ਹਨ। ਇਸ ਦੇ ਵਿਰੁੱਧ ਹਰ ਅਮਰੀਕਨ ਲੈਜੀਸਲੇਚਰ ਨੇ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਆਊਟ ਸੋਰਸਿੰਗ ਬੰਦ ਕਰੋ। ਜੇਕਰ ਇਹ ਆਊਟ ਸੋਰਸਿੰਗ ਬੰਦ ਹੋਵੇਗੀ ਤਾਂ ਅਮਰੀਕਾ ਦੀਆਂ ਨੌਕਰੀਆਂ ਹਿੰਦੁਸਤਾਨ ਕੋਲ ਨਹੀਂ ਜਾਣਗੀਆਂ। ਅੱਜ ਹਿੰਦੁਸਤਾਨ ਦੀਆਂ ਕੰਪਨੀਆਂ ਅਮਰੀਕਨ ਕੰਪਨੀਆਂ ਨੂੰ ਖਰੀਦ ਰਹੀਆਂ ਹਨ, ਯੂਰਪੀਨ ਕੰਪਨੀਆਂ ਨੂੰ ਖਰੀਦ ਰਹੀਆਂ ਹਨ। ਜਦੋਂ ਇਹੋ ਜਿਹਾ ਵਿਚਾਰ ਹੋਵੇ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਇਸ ਦੌੜ ਵਿੱਚ ਪਿਛੇ ਨਹੀਂ ਹੈ? ਜਦੋਂ ਸਾਰਾ ਮੁਲਕ ਇਸ ਰੇਸ ਵਿਚ ਹੈ, ਸਾਰਾ ਸੰਸਾਰ ਇਕਨਾਮਿਕ ਪਾਵਰ ਬਣਨ ਜਾ ਰਿਹਾ ਹੈ, ਤਾਂ ਸਾਡਾ ਪੰਜਾਬ ਕਿਥੇ ਖੜ੍ਹਾ ਹੈ? ਇਹ ਮੇਰਾ ਸਭ ਤੋਂ ਵੱਡਾ ਕਨਸਰਨ ਸੀ। ਇਕ ਇਕਨਾਮਿਕ ਟਾਈਮ ਕਾਨਫਰੰਸ ਵਿਚ ਮੈਂ ਗਿਆ ਸੀ। ਕੇਵਲ 5% ਐਕਸਟਰਨਲ ਸੈਕਟਰ ਪੰਜਾਬ ਦੀ ਇਕਾਨਮੀ ਵਿੱਚ ਰਿਹਾ ਤਾਂ ਅਸੀਂ ਇਸ ਦੌੜ ਵਿੱਚ ਪਿਛੇ ਰਹਿ ਜਾਵਾਂਗੇ। ਜਿਵੇਂ ਹੁਣੇ ਹੀ ਬਾਦਲ ਸਾਹਿਬ ਨੇ ਐਗਰੀਕਲਚਰ ਬਾਰੇ ਕੋਟ ਕੀਤਾ ਹੈ। ਇਸ ਬਾਰੇ ਮੈਨੂੰ ਨਹੀਂ ਪਤਾ ਕਿ ਉਨ੍ਹਾਂ ਦਾ ਸੋਰਸ ਆਫ ਇਨਫਰਮੇਸ਼ਨ ਕੀ ਹੈ? ਜੇਕਰ ਹਾਊਸ ਵਿੱਚ ਕੋਈ ਫਿਗਰ ਕੋਟ ਕਰਨੀ ਹੈ ਤਾਂ ਇਹ ਵੀ ਦੱਸਣਾ ਚਾਹੀਦਾ ਹੈ ਕਿ ਇਹ ਕਿਥੋਂ ਦੀ ਹੈ, ਪਲਾਨਿੰਗ ਕਮਿਸ਼ਨ ਦੀ ਹੈ ਜਾਂ ਸਟੇਟ ਗੌਰਮਿੰਟ ਦੀ ਹੈ ਤਾਂ ਕਿ ਸਾਰੇ ਲੋਕ ਇਤਬਾਰ ਕਰ ਸਕਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਵੈਸਟ ਏਸ਼ੀਆ ਪੈਟਰੋਲੀਅਮ ਪ੍ਰੋਡਕਟਸ ਵਾਸਤੇ ਸੰਸਾਰ ਦਾ ਹੱਬ ਬਣ ਗਿਆ ਹੈ। ਇਸ ਤਰ੍ਹਾਂ ਪੰਜਾਬ ਵੀ ਫੂਡ ਦੇ ਮਾਮਲੇ ਵਿੱਚ ਇਕ ਗਲੋਬਲ ਹੱਬ ਬਣ ਸਕਦਾ ਹੈ। ਜਿਵੇਂ ਬਾਦਲ ਸਾਹਿਬ ਨੇ ਠੀਕ ਕਿਹਾ ਹੈ ਕਿ ਜਦ ਤੱਕ ਐਗਰੀਕਲਚਰ ਵਿਚ ਵੈਲਿਊ ਐਡੀਸ਼ਨ ਨਹੀਂ ਹੋਵੇਗਾ ਤਦ ਤੱਕ ਐਗਰੀਕਲਚਰ ਦੀ ਇਨਕਮ ਨਹੀਂ ਵਧ ਸਕਦੀ। ਕਿਉਂਕਿ ਅਸੀਂ ਪੇਲੈਟੋ ਤੇ ਪਹੁੰਚ ਚੁੱਕੇ ਹਾਂ। ਇਸ ਦਾ ਜ਼ਿਕਰ ਮੈਂ ਬਾਅਦ ਵਿੱਚ ਕਰਾਂਗਾ। ਅੱਜ ਹਿੰਦੁਸਤਾਨ ਦੇ ਸਾਰੇ ਸੂਬੇ ਤਰੱਕੀ ਕਰ ਰਹੇ ਹਨ, ਸਾਡਾ ਵੀ ਦਿਲ ਹੈ, ਸਾਡਾ ਵੀ ਡਰੀਮ ਹੈ। ਜੋ ਲੋਕ ਡਰੀਮ ਨਹੀਂ ਲੈਂਦੇ, ਉਹ ਕਦੇ ਨਹੀਂ ਤਰੱਕੀ ਕਰਦੇ ਅਤੇ ਮੈਂ ਡਰੀਮ ਲੈਣਾ ਜਾਣਦਾ ਹਾਂ। ਮੇਰੇ ਮੁੱਖ ਮੰਤਰੀ ਜੀ ਵੀ ਡਰੀਮਰ ਹਨ। ਇਸ ਡਰੀਮ ਨੂੰ ਪਾਉਣ ਵਾਸਤੇ, ਕੱਲ ਪੰਜਾਬ ਦੇ ਬਜਟ ਤੇ ਟ੍ਰਿਬਿਊਨ ਵਿੱਚ ਲਿਖਿਆ ਕਿ "The State budgets are usually unremarkable and stingy, crafted by unenthusiastic bureaucrats who have limited cash to play with and few avenues are left for fund raising by electoral considerations. Rising salaries, pensions and debt repayments have wrecked State Finances almost all over the country, including Punjab, and most State Grovernments are surviving on borrowings, putting the coming generations under heavy debts." ਸਿਚੂਏਸ਼ਨ ਇਹ ਹੈ ਕਿ ਜਦੋਂ ਸਟੇਟ ਕੋਲ ਕੁਝ ਨਾ ਹੋਵੇ ਅਤੇ ਸਾਡਾ ਡਰੀਮ ਪੰਜਾਬ ਨੂੰ ਵਧਾਉਣ ਦਾ ਹੋਵੇ ਪਰ ਸਾਨੂੰ ਕਾਹਦਾ ਆਸਰਾ ਹੈ। ਟੈਕਸ ਤੁਸੀਂ ਲਗਾ ਨਹੀਂ ਸਕਦੇ, ਪਹਿਲਾਂ ਤਾਂ ਸਾਰੀਆਂ ਪਾਵਰਾਂ ਟੈਕਸੇਸ਼ਨ ਦੀਆਂ ਸੈਂਟਰ ਕੋਲ ਹਨ। ਥੋੜ੍ਹੀਆਂ ਬਹੁਤੀਆਂ ਸਟੇਟ ਕੋਲ ਹਨ। ਇਥੇ ਅਕਸਾਈਜ਼ ਦਾ ਜ਼ਿਕਰ ਕੀਤਾ ਗਿਆ। ਇਨ੍ਹਾਂ ਨੇ ਕਿਹਾ ਕਿ ਅਕਸਾਈਜ਼ ਤੋਂ ਬੜੀ ਇਨਕਮ ਹੈ।

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਮੈਂ ਬਾਦਲ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਬਜਟ ਵਿੱਚ ਅਕਸਾਈਜ਼ ਤੋਂ ਕੇਵਲ 15.6% ਆਮਦਨ ਹੈ। ਪੰਜਾਬ ਵਿੱਚ ਇਹ ਬਹੁਤ ਵੱਡੀ ਇਨਕਮ ਨਹੀਂ। ਮੈਂ ਕਹਿੰਦਾ ਹਾਂ ਕਿ ਜਦੋਂ ਕੋਈ ਸਾਧਨ ਇਨਕਮ ਨੂੰ ਜੁਟਾਉਣ ਦਾ ਨਾ ਹੋਵੇ ਅਤੇ ਇਸ ਦੇ ਬਾਵਜੂਦ ਖਰਚੇ ਘੱਟ ਨਹੀਂ ਕਰ ਸਕਦੇ ਅਤੇ ਖਰਚੇ ਵੀ ਹੋਣ ਅਨ-ਪ੍ਰੋਡੱਕਟਿਵ ਤਾਂ ਕੀ ਕਰ ਸਕਦੇ ਹਾਂ। ਜਦੋਂ ਅਨ-ਪ੍ਰੋਡੱਕਟਿਵ ਖਰਚੇ ਸਰਕਾਰਾਂ ਕਰਦੀਆਂ ਜਾ ਰਹੀਆਂ ਹਨ ਤਾਂ ਕੋਈ ਰਸਤਾ ਨਹੀਂ ਰਹਿੰਦਾ। ਇਕ ਰਸਤਾ ਨਜ਼ਰ ਆਇਆ, ਜਿਵੇਂ ਡਾਕਟਰ ਮਨਮੋਹਨ ਸਿੰਘ ਜੀ ਨੇ ਸੋਚਿਆ ਸੀ। ਮੈਂ ਉਦਾਹਰਣ ਦੇਣੀ ਚਾਹੁੰਦਾ ਹਾਂ ਇਸ ਗੱਲ ਦੀ ਕਿ ਗੌਰਮਿੰਟ ਆਫ ਇੰਡੀਆ ਕੋਲ ਇਕ ਲੱਖ ਕਰੋੜ ਰੁਪਏ ਕਦੇ ਨਾ ਹੁੰਦੇ ਜੇ ਟੈਲੀਫੂਨ ਦੀ ਕਪੈਸਟੀ ਅਤੇ ਉਸਦੀ ਨੈਟ-ਵਰਕਿੰਗ ਦੀ ਐਕਸਪੈਨਸ਼ਨ ਨਾ ਕਰਨੀ ਹੁੰਦੀ ਲੇਕਿਨ ਉਸਦੇ ਕੋਲ ਇਕ ਚੀਜ਼ ਜ਼ਰੂਰੀ ਸੀ, ਉਹ ਸੀ ਪਾਲਿਸੀ ਰੀਸੋਰਸਿਜ਼। ਉਸ ਵੇਲੇ ਇਹ ਹੋਇਆ ਕਿ ਡਾਕਟਰ ਮਨਮੋਹਨ ਸਿੰਘ ਜੀ ਨੇ ਟੈਲੀਫੂਨ ਸੈਕਟਰ ਖੋਲ੍ਹ ਦਿਤਾ ਅਤੇ ਇਕ ਲੱਖ ਕਰੋੜ ਰੁਪਏ ਦੀ ਇਨਵੈਸਟਮੈਂਟ ਲੋਕਾਂ ਕੋਲ ਆ ਗਈ ਅਤੇ ਹੁਣ ਟੈਲੀਫੂਨ ਸਭ ਕੋਲ ਹੈ, ਸਬਜ਼ੀ ਵੇਚਣ ਵਾਲੇ ਕੋਲ ਵੀ ਹੈ। ਹੁਣ ਆਨ-ਡਿਮਾਂਡ ਹੈ। ਪਹਿਲਾਂ 10-10 ਸਾਲ ਨਹੀਂ ਮਿਲਦਾ ਸੀ। ਇਸੇ ਕਰਕੇ ਇਸ ਬਜਟ ਵਿੱਚ ਇਹ ਦਿਖਾਇਆ ਗਿਆ ਹੈ ਕਿ ਸਾਡੇ ਕੋਲ ਪੈਸਾ ਬੇਸ਼ੱਕ ਨਾ ਹੋਵੇ ਲੇਕਿਨ ਸਾਡੇ ਕੋਲ ਪੈਸਾ ਜੁਟਾਉਣ ਵਾਸਤੇ ਵੀ ਅਤੇ ਲੋਕਾਂ ਨੂੰ ਮੁਹੱਈਆ ਕਰਨ ਵਾਸਤੇ ਵੀ ਪਾਲਿਸੀ ਰੀਸੋਰਸਿਜ਼ ਹਨ। ਸਾਡੇ ਕੋਲ ਤਿੰਨ ਚਾਰ ਮਸਲੇ ਹਨ। ਸਾਨੂੰ ਸਾਰਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੋਈ ਇਸ ਨੂੰ ਭਾਵੇਂ ਪ੍ਰਾਈਵੇਟਾਈਜੇਸ਼ਨ ਕਹੇ ਜਾਂ ਠੇਕੇਦਾਰੀ ਕਹੇ। ਐਕਸ ਫਾਈਨਾਂਸ ਮਨਿਸਟਰ ਸਾਹਿਬ ਮੇਰੇ ਦੋਸਤ ਵੀ ਹਨ। ਬੜੇ ਪਿਆਰ ਨਾਲ ਮੈਂ ਇਨ੍ਹਾਂ ਨੂੰ ਟੈਲੀਫੂਨ ਤੇ ਗਿਲਾ ਵੀ ਕੀਤਾ। ਮੈਂ ਕਿਹਾ ਕਿ ਸਾਰਾ ਕੁਝ ਹੀ ਮੈਂ ਪੜ੍ਹਿਆ ਹੈ। ਮੈਂ ਕਿਹਾ ਕਿ ਪੰਜਾਬ ਦੇ ਸਭ ਤੋਂ ਵੱਡੇ ਲੀਡਰ, ਟਾਲੈਸਟ ਲੀਡਰ ਸਰਦਾਰ ਸਵਰਨ ਸਿੰਘ ਜੀ ਨੇ ਪੰਜਾਬ ਵਾਸਤੇ ਓਪਨਿੰਗ ਖੋਲ੍ਹੀ ਅਤੇ ਸਾਰੀ ਦੁਨੀਆਂ ਨੂੰ ਗਲੋਬੇਲਾਈਜੇਸ਼ਨ ਦਿਖਾਇਆ। ਅੱਜ ਸਾਰੀ ਦੁਨੀਆਂ ਵਿੱਚ 9 ਐਮ.ਪੀ. ਪੰਜਾਬੀ ਹਨ। ਉਸ ਵੇਲੇ ਸਰਦਾਰ ਸਵਰਨ ਸਿੰਘ ਜੀ ਨੇ ਇਕ ਬਹੁਤ ਵੱਡਾ ਡਿਸੀਜ਼ਨ ਲਿਆ ਸੀ। Open up entire world to Punjabis, ਉਨ੍ਹਾਂ ਨੇ ਸ਼ੁਰੂਆਤ ਕੀਤੀ ਸੀ ਇਕ ਪੰਜ ਕਰੋੜ ਰੁਪਏ ਦੇ ਇੰਸਟੀਚੂਸ਼ਨ ਨਾਲ। ਮੈਂ ਉਸ ਨੂੰ ਇਕ ਟ੍ਰਿਬਿਊਟ ਪੇਸ਼ ਕਰ ਰਿਹਾ ਸੀ। ਇਸ ਦੇ ਮੈਂਬਰ ਜੇ ਮੈਂ ਦੱਸਾਂ ਤੁਸੀਂ ਹੈਰਾਨ ਹੋਵੋਗੇ ਕਿ ਸਾਰੇ ਵੱਡੇ ਤੋਂ ਵੱਡੇ ਲੋਕ ਹਨ। ਮੈਂ ਕਿਹਾ ਕਿ ਉਨ੍ਹਾਂ ਵਾਸਤੇ ਵੀ ਇਹ ਐਕਸ ਵਿੱਤ ਮੰਤਰੀ ਸਾਹਿਬ ਆ ਗਏ ਹਨ। ਇਨ੍ਹਾਂ ਨੇ ਕੋਈ ਤਾਰੀਫ ਨਹੀਂ ਕੀਤੀ ਪਰ ਮੈਨੂੰ ਕੋਈ ਅਫਸੋਸ ਨਹੀਂ। ਮੈਂ ਅੱਜ ਜ਼ਜ਼ਬਾਤ ਨਾਲ ਬੋਲ ਰਿਹਾ ਹਾਂ। ਪੰਜਾਬ ਵਿੱਚ ਅੱਜ ਇਕਾਨਮੀ ਦਾ ਮੁੱਦਾ ਹੈ, ਪੰਜਾਬ ਵਿੱਚ ਅਨਇੰਪਲਾਇਮੈਂਟ ਦਾ ਮੁੱਦਾ ਹੈ। ਪੰਜਾਬ ਵਿੱਚ ਐਗਰੀਕਲਚਰ ਕਰਾਈਸਿਜ਼ ਹੈ। ਇਹ ਕਰਾਈਸਿਜ਼ ਅੱਜ ਦਾ ਨਹੀਂ ਬਲਕਿ ਬਾਦਲ ਸਾਹਿਬ ਵੇਲੇ ਦਾ ਹੈ। ਮੈਨੂੰ ਕਹਿੰਦਿਆਂ ਇਹ ਖੁਸ਼ੀ ਹੋ ਰਹੀ ਹੈ ਕਿ ਜੇ ਅੱਜ ਐਗਰੀਕਲਚਰ ਕਰਾਈਸਿਜ਼ ਹੋਇਆ ਹੈ ਤਾਂ ਐਗਰੀਕਲਚਰ ਗਰੋਥ ਵੀ ਕਾਂਗਰਸ ਪਾਰਟੀ ਦੀ ਦੇਣ ਹੈ। ਜਿਸ ਪਾਲਿਸੀ ਦਾ ਤੁਸੀਂ ਜ਼ਿਕਰ ਕਰਦੇ ਹੋ, ਉਹ

ਵੀ ਕਾਂਗਰਸ ਪਾਰਟੀ ਦੀ ਦੇਣ ਹੈ ਗਰੀਨ ਰੈਵੋਲਿਊਸ਼ਨ ਅਤੇ ਐਮ.ਐਸ.ਪੀ.। ਇਹ ਪਿਛਲੇ 25 ਸਾਲ ਤੋਂ ਮਿਲ ਰਹੀ ਹੈ। ਇਸ ਤੇ ਮੈਂ ਬਾਅਦ ਵਿੱਚ ਬੋਲਾਂਗਾ। ਫਿਰ ਮੇਰੀ ਜਦੋਂ ਸੋਚ ਚਲੀ, ਮੈਂ ਦੇਖਿਆ ਕਿ ਸਾਡੇ ਕੋਲ ਪਾਲਿਸੀ ਰਿਸੋਰਸਿਜ਼ ਹਨ। ਮੈਂ ਉਨ੍ਹਾਂ ਦਾ ਇਸਤੇਮਾਲ ਕਰਾਂ ਔਰ ਪੰਜਾਬ ਨੂੰ ਫਾਸਟ ਟਰੈਕ ਗਰੋਥ ਤੇ ਲੈ ਕੇ ਜਾਵਾਂ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਐਗਰੀਕਲਚਰ ਦੀ ਗਰੋਥ ਹੋਵੇਗੀ, ਇੰਡਸਟਰੀ ਦੀ ਗਰੋਥ ਹੋਵੇਗੀ, ਇਨਫਰਾਸਟਰਕਚਰ ਦੀ ਗਰੋਥ ਹੋਵੇਗੀ। ਸੋਸ਼ਲ ਸੈਕਟਰ ਬਾਰੇ ਦੋਸਤ ਸੁਨੀਲ ਜਾਖੜ ਜੀ ਅਤੇ ਸੁਖਜਿੰਦਰ ਜੀ ਨੇ ਜ਼ਿਕਰ ਕੀਤਾ ਕਿ ਜਦ ਤੱਕ ਐਜੂਕੇਸ਼ਨ ਤੇ ਹੈਲਥ ਵਿੱਚ ਮਿਆਰ ਨਹੀਂ ਬਣਦਾ, ਪੰਜਾਬ ਤਰੱਕੀ ਨਹੀਂ ਕਰ ਸਕਦਾ। ਇਹ ਪੰਜ ਟੀਚੇ ਹਨ। ਅੱਜ ਹਿੰਦੁਸਤਾਨ ਦਾ ਗਰੋਥ ਰੇਟ 18% ਹੈ ਔਰ ਅਸੀਂ ਕਾਫੀ ਥੱਲੇ ਹਾਂ। ਇਸ ਨੂੰ ਉਪਰ ਚੁੱਕਣ ਲਈ ਚਾਰ-ਪੰਜ ਮੁੱਦੇ ਹਨ। ਇੱਕ ਹੈ ਫਿਸਕਲ ਕਨਸਾਲੀਡੇਸ਼ਨ ਅਤੇ ਫਿਰ ਪੰਜਾਬ ਦੀ ਫਿਸਕਲ ਡਟੀਰੀਓਰੇਸ਼ਨ ਲੰਬੇ ਸਮੇਂ ਤੋਂ ਚੱਲ ਰਹੀ ਹੈ। ਪੰਜ ਸਾਲ ਅਕਾਲੀ ਰਾਜ ਵਿੱਚ ਵੀ ਇਹ ਸੀ। ਇਸ ਨਾਲ ਇੰਨਾ ਫਿਸਕਲ ਸਟ੍ਰੈਸ ਸੀ ਕਿ ਕੋਈ ਡਿਵੈਲਪਮੈਂਟ ਦਾ ਸਾਧਨ ਨਹੀਂ ਬਚਿਆ। ਡਿਵੈਲਪਮੈਂਟ ਦੋ ਤਰੀਕੇ ਨਾਲ ਹੋ ਸਕਦੀ ਹੈ। ਇੱਕ ਤਾਂ ਗੌਰਮਿੰਟ ਮਿਨੀਮਮ ਡਿਵੈਲਪਮੈਂਟ ਕਰੇ। ਅਗਰ ਉਸ ਕੋਲ ਰਿਸੋਰਸਿਜ਼ ਨਹੀਂ ਤਾਂ ਪ੍ਰਾਈਵੇਟ ਸੈਕਟਰ ਨੂੰ ਲੀਵਰੇਜ਼ ਕਰੇ, ਉਨ੍ਹਾਂ ਦੇ ਫੰਡਜ਼ ਨੂੰ ਲੀਵਰੇਜ ਕਰੇ। ਜਿਸ ਪ੍ਰਾਈਵੇਟਾਈਜ਼ੇਸ਼ਨ ਦਾ ਜ਼ਿਕਰ ਮੇਰੇ ਅਜ਼ੀਮ ਦੋਸਤ ਐਕਸ ਫ਼ਾਈਨਾਂਸ ਮਨਿਸਟਰ ਜੀ ਨੇ ਕੀਤਾ ਕਿ ਅਸੀਂ ਪ੍ਰਾਈਵੇਟਾਈਜ਼ੇਸ਼ਨ ਕਰ ਰਹੇ ਹਾਂ, ਮੈਂ ਇਨ੍ਹਾਂ ਦੇ ਡਾਕੂਮੈਂਟਸ ਵੀ ਤੁਹਾਨੂੰ ਪੜ੍ਹ ਕੇ ਸੁਣਾਵਾਂਗਾ ਕਿ ਕਿਸ ਤਰ੍ਹਾਂ ਦਲੀਲਾਂ ਨਾਲ ਇਨ੍ਹਾਂ ਨੇ ਯੂਜ਼ਰ ਚਾਰਜਿਜ਼ ਲਗਾਏ। ਇਨ੍ਹਾਂ ਨੇ ਵੀ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਔਰ ਇਸ ਵਾਸਤੇ ਫੰਡਜ਼ ਕਰੀਏਟ ਕੀਤੇ ਪਰ ਪਤਾ ਨਹੀਂ ਇਹ ਮੁੰਗੇਰੀ ਲਾਲ ਦੇ ਸੁਪਨੇ ਕਿਉਂ ਦੇਖਦੇ ਹਨ। ਇਹ ਸੁਪਨੇ ਤਾਂ ਲੈਂਦੇ ਹਨ ਪਰ ਕਰਦੇ ਕੁਝ ਨਹੀਂ। ਸਪੀਕਰ ਸਾਹਿਬ, ਮੈਨੂੰ ਯਾਦ ਹੈ ਜਦੋਂ ਮੈਂ ਕਾਂਗਰਸ ਦਾ ਜਨਰਲ ਸੈਕਟਰੀ ਸੀ। ਮੈਂ ਇਨ੍ਹਾਂ ਦੀ ਬਜਟ ਸਪੀਚ ਪੜ੍ਹੀ ਸੀ। ਇਨ੍ਹਾਂ ਨੇ ਐਗਰੀਕਲਚਰ ਵਾਸਤੇ ਜੋ ਕੁਝ ਕਿਹਾ, ਉਸ ਵਾਸਤੇ ਮੈਂ ਇੱਕ ਆਰਟੀਕਲ ਲਿਖਿਆ ਔਰ ਮੈਂ ਕਿਹਾ ਕਿ ਮੈਂ ਬਜਟ ਨੂੰ ਟਰੀਬਿਊਟ ਪੇਸ਼ ਕਰ ਰਿਹਾ ਹਾਂ। ਮੈਂ ਇਨ੍ਹਾਂ ਦੀ ਪਰਸਨੈਲਿਟੀ ਔਰ ਸ਼ਖਸੀਅਤ ਦੀ ਪ੍ਰਸ਼ੰਸਾ ਕੀਤੀ ਔਰ ਕਾਂਗਰਸ ਵਾਲੇ ਸਮਝਣ ਲੱਗੇ ਕਿ ਸ਼ਾਇਦ ਇਨ੍ਹਾਂ ਨਾਲ ਰਲ ਗਿਆ ਹੈ ਪਰ ਮੈਨੂੰ ਅਫਸੋਸ ਹੈ ਕਿ ਇਨ੍ਹਾਂ ਨੇ ਗਰਾਊਂਡ ਤੇ ਕੁਝ ਨਹੀਂ ਕੀਤਾ। ਮੈਂ ਫਿਗਰ ਦੇਵਾਂ ਕਿ ਇਨ੍ਹਾਂ ਨੇ ਕਿੰਨੇ ਪੈਸੇ ਰੱਖੇ ਤੇ ਕਿੰਨੇ ਖਰਚੇ। ਫਿਰ ਆਪਣੇ ਆਪ ਨੂੰ ਇਹ ਐਗਰੀਕਲਚਰ ਦੇ ਠੇਕੇਦਾਰ ਅਖਵਾਉਂਦੇ ਹਨ।

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਰਾਣਾ ਗੁਰਮੀਤ ਸਿੰਘ ਸੋਢੀ ਨੇ ਫਲੋਰ ਕਰਾਸ ਕੀਤੀ।)

**ਮਾਨਯੋਗ ਸਪੀਕਰ :** ਸੋਢੀ ਜੀ, ਤੁਸੀਂ ਠੀਕ ਨਹੀਂ ਕੀਤਾ। ਤੁਹਾਨੂੰ ਫਲੋਰ ਕਰਾਸ ਨਹੀਂ ਕਰਨੀ ਚਾਹੀਦੀ ਕਿਉਂਕਿ ਫਾਈਨਾਂਸ ਮਨਿਸਟਰ ਸਾਹਿਬ ਬੋਲ ਰਹੇ ਹਨ।

ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਭਲਾਈ (ਰਾਣਾ ਗੁਰਮੀਤ ਸਿੰਘ ਸੋਢੀ) : ਸਪੀਕਰ ਸਾਹਿਬ, ਸੌਰੀ।

ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿਗ ਮੰਤਰੀ : ਸਪੀਕਰ ਸਾਹਿਬ, ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਨੇ ਸੱਤਾ ਸੰਭਾਲੀ, ਉਦੋਂ ਰੈਵਨਿਊ ਡੈਫੀਸਿਟ ਸੀ, 3781 ਕਰੋੜ ਰੁਪਏ ਤੇ ਹੁਣ ਇਹ ਫਿਗਰ ਹੈ 2118 ਕਰੋੜ ਰੁਪਏ ਭਾਵ ਕਿ 1,600 ਕਰੋੜ ਰੁਪਿਆ ਘੱਟ ਗਿਆ ਹੈ। ਫਿਰ ਫਿਸਕਲ ਡੈਫੀਸਿਟ ਪਹਿਲਾਂ 4,959 ਕਰੋੜ ਸੀ, ਹੁਣ 4,449 ਕਰੋੜ ਹੈ। ਮੈਂ ਡਾਕਟਰ ਉਪਿੰਦਰਜੀਤ ਕੌਰ ਵੱਲ ਵੇਖ ਰਿਹਾ ਹਾਂ, ਉਨ੍ਹਾਂ ਨੂੰ ਬੜੀ ਨਾਲੇਜ ਹੈ। ਇਹ ਕਹਿੰਦੇ ਹਨ ਕਿ ਬੈਲੇਂਸ ਬਜਟ ਕਰਨ ਦੀ ਜ਼ਰੂਰਤ ਨਹੀਂ ਹੈ। ਇਹ ਫਿਸਕਲ ਡੈਫੀਸਿਟ ਚਲਦਾ ਹੈ ਪਰ ਉਨ੍ਹਾਂ ਦੀ ਨਾਲ ਹੀ ਇੱਕ ਦਲੀਲ ਹੋਰ ਸੀ ਕਿ ਫਿਸਕਲ ਡੈਫੀਸਿਟ ਬੌਰੋ ਕਰੋ ਔਰ ਇਸ ਦੀ ਕਨਜ਼ੰਪਸ਼ਨ ਕਰੋ। ਮੈਂ ਬਿਲਕੁੱਲ ਸਹਿਮਤ ਹਾਂ ਔਰ ਇਹ ਸਹੀ ਗੱਲ ਹੈ, ਜੇ ਪੰਜਾਬ ਨੇ ਤਰੱਕੀ ਕਰਨੀ ਹੈ। ਇੱਕ ਲੱਖ ਕਰੋੜ ਰੁਪਏ ਦੀ ਪੰਜਾਬ ਦੀ ਇਕਾਨਮੀ ਹੈ ਅਤੇ ਬਜਟ 3,500 ਕਰੋੜ ਰੁਪਏ ਦਾ ਹੈ। ਇਹ 4 ਪ੍ਰਤੀਸ਼ਤ ਵੀ ਨਹੀਂ ਹੈ। ਜਦੋਂ ਪੰਜਾਬ ਦੀ ਹਾਈਐਸਟ ਪਰ ਕੈਪਿਟਾ ਇਨਕਮ ਹੋਵੇ ਤਾਂ ਉਸ ਨੂੰ ਇਨਫਰਾਸਟਰਕਚਰ ਵਾਸਤੇ ਸਾਰਾ ਕੁਝ ਹੀ ਚਾਹੀਦਾ ਹੈ। ਇਹ ਕੋਈ ਸਰਕਾਰ ਨਹੀਂ ਪ੍ਰੋਵਾਈਡ ਕਰ ਸਕਦੀ। ਮੈਂ ਤੁਹਾਡੇ ਪਲੈਨ ਦੀਆਂ ਫਿਗਰਾਂ ਦੇਵਾਂ, ਕੋਈ 2700 ਦੀ ਹੈ, ਕੋਈ 2500 ਦੀ ਹੈ ਔਰ ਕੋਈ 2200 ਦੀ ਹੈ। ਔਰ ਉਨ੍ਹਾਂ ਦਾ ਪਲੈਨ ਪਰਫਾਰਮੈਂਸ 65 ਪ੍ਰਤੀਸ਼ਤ ਹੈ। ਸਪੀਕਰ ਸਾਹਿਬ, ਇਹ ਜਵਾਬ ਦੇ ਦੇਣ। ਮੈਂ ਇਨ੍ਹਾਂ ਤੋਂ ਪੁੱਛ ਲੈਂਦਾ ਹਾਂ। ਮੈਂ ਫਿਗਰਾਂ ਦੇਵਾਂਗਾ ਕਿ ਇਨ੍ਹਾਂ ਦੀ ਪਲੈਨ ਦੀ ਪਰਫਾਰਮੈਂਸ 65 ਪ੍ਰਤੀਸ਼ਤ ਤਾਂ ਕਿਤੇ ਵੀ ਜ਼ਿਆਦਾ ਨਹੀਂ ਹੈ। ਇਸ ਕਰਕੇ ਬਹੁਤ ਵੱਡਾ ਕਨਸਰਨ ਸੀ ਕਿ ਇਸ ਦੇ ਬਾਵਜੂਦ ਵੀ ਫਿਸਕਲ ਡੈਫੀਸਿਟ ਵੀ ਘਟ ਹੋਇਆ ਹੈ। ਜੀ.ਡੀ.ਪੀ. ਦਾ ਸਾਲ 2002 ਦਾ ਰੈਵੇਨਿਊ ਡੈਫੀਸਿਟ 5.38 ਸੀ ਅਤੇ ਹੁਣ ਰਹਿ ਗਿਆ ਹੈ 2.20। ਇਸੇ ਤਰ੍ਹਾਂ ਰੈਵੇਨਿਊ ਫਿਸਕਲ ਡੈਫੀਸਿਟ 76 ਪ੍ਰਤੀਸ਼ਤ ਸੀ ਅਤੇ ਹੁਣ 46 ਪ੍ਰਤੀਸ਼ਤ ਹੈ। ਇਹ ਸਾਰਾ ਕੁਝ ਮੈਂ ਇਸ ਕਰਕੇ ਦੱਸ ਰਿਹਾ ਹਾਂ ਕਿ ਇੱਕ ਥੋੜ੍ਹਾ ਜਿਹਾ ਮੇਰਾ ਕਨਸਰਨ ਹੈ। ਇਸ ਦੇ ਬਾਵਜੂਦ ਵੀ ਜਿਹੜਾ ਜੀ.ਡੀ.ਪੀ. ਦਾ ਪਬਲਿਕ ਡੈਟ ਹੈ, ਉਹ ਪਬਲਿਕ ਡੈਟ ਉਸ ਵੇਲੇ ਜਦੋਂ ਤੁਹਾਡੀ ਸਰਕਾਰ ਸੀ 53 ਪ੍ਰਤੀਸ਼ਤ ਸੀ, ਅੱਜ ਸਿਰਫ 52 ਪ੍ਰਤੀਸ਼ਤ ਹੈ। ਇਹ ਕੋਈ ਜ਼ਿਆਦਾ ਘਟਿਆ ਨਹੀਂ ਹੈ। ਇਸ ਦੇ ਕਈ ਕਾਰਨ ਹਨ। ਜੇ ਕੁਝ ਡਿਵੈਲਪਮੈਂਟ ਕਰਨੀ ਚਾਹੁੰਦੇ ਹਾਂ ਤਾਂ ਸਮਾਲ ਸੇਵਿੰਗ ਦੇ ਪੈਸੇ ਤੇ ਇੰਟਰਸਟ ਜ਼ਿਆਦਾ ਹੈ। ਉਸ ਦੀ ਕਾਸਟ ਵੀ ਜ਼ਿਆਦਾ, ਫੀਸ ਵੀ ਜ਼ਿਆਦਾ ਪਰ ਇਸ ਦੇ ਬਾਵਜੂਦ ਵੀ ਸਾਨੂੰ ਇਸ ਨੂੰ ਕਰਨਾ ਪੈਣਾ ਹੈ। ਮੈਂ ਉਮੀਦ ਕਰਦਾ ਹਾਂ ਕਿ ਜਿਵੇਂ ਇਕਾਨਮੀ ਇੰਪਰੂਵ ਹੁੰਦੀ ਜਾਏਗੀ ਤਾਂ ਇਹ ਜੀ.ਡੀ.ਪੀ. ਦੀ ਡੈਟ ਪ੍ਰਤੀਸ਼ਤ ਵੀ ਘਟਦੀ ਜਾਏਗੀ। ਮੇਨ ਸਵਾਲ ਇਹ ਹੈ ਕਿ ਪੰਜਾਬ ਦੀ ਇਕਾਨਮੀ ਨੂੰ ਕੋਈ ਖਤਰਾ ਨਹੀਂ ਹੋਇਆ। ਪੰਜਾਬ ਦੀ ਇਕਾਨਮੀ ਅੱਜ ਫਿਰ ਅਨਸਸਟੇਨੇਬਲ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡੀ ਚੀਜ਼ ਹੈ ਕਿ ਫਿਸਕਲ ਕਰਾਈਸਿਸ ਟਲ ਗਿਆ ਹੈ। ਪਰ ਫਿਸਕਲ ਕਰਾਈਸਿਸ ਟਲਣ ਤੋਂ ਬਾਅਦ ਫਿਸਕਲ ਕਮਫਰਟ ਨਹੀਂ ਹੋਈ। ਜਦੋਂ ਤੱਕ ਰਿਸੋਰਸਿਜ਼ ਨਹੀਂ ਹੋਣਗੇ, ਉਦੋਂ ਤੱਕ ਕੋਈ ਡਿਵੈਲਪਮੈਂਟ ਨਹੀਂ ਹੋ ਸਕਦੀ।

ਇਸ ਕਰਕੇ ਮੈਂ ਇਹ ਸਮਝਦਾ ਹਾਂ ਸਰ, ਕਿ ਹੁਣ ਸਭ ਤੋਂ ਵੱਡਾ ਟੀਚਾ ਡਿਵੈਲਪਮੈਂਟ ਕਰਨ ਦਾ ਸੀ। ਹਿੰਦੁਸਤਾਨ ਨੂੰ ਬਹੁਤ ਅੱਗੇ ਲੈ ਕੇ ਜਾਣਾ ਹੈ, ਪੰਜਾਬ ਨੂੰ ਹਿੰਦੁਸਤਾਨ ਨਾਲ ਤੋਰਨਾ ਹੈ ਤਾਂ ਮੈਨੂੰ ਇੱਕ ਚੀਜ਼ ਜ਼ਰੂਰ ਕਰਨੀ ਪਏਗੀ ਕਿ ਫਿਸਕਲ ਪੁਜੀਸ਼ਨ ਠੀਕ ਕਰਨੀ ਹੋਏਗੀ ਔਰ ਇਸ ਸਮੇਂ ਐਟਲੀਸਟ ਬਰਡਨ ਨਹੀਂ ਹੈ, ਐਟਲੀਸਟ ਕੋਈ ਚੈਕ ਨਹੀਂ ਹੈ ਕਿ ਇਹ ਸਾਨੂੰ ਪਿੱਛੇ ਘੜੀਸੇਗੀ। ਹਾਹਾਕਾਰ ਹੋਏਗੀ ਕਿ ਸਾਨੂੰ ਸੈਲਰੀ ਨਹੀਂ ਮਿਲ ਰਹੀ, ਪੈਨਸ਼ਨ ਨਹੀਂ ਮਿਲ ਰਹੀ ਜਾਂ ਵਿਆਜ ਪੇਅ ਨਹੀਂ ਹੋ ਰਿਹਾ। ਉਸ ਦੀ ਅਗਰ ਫਿੱਗਰ ਦੱਸਾਂ ਕਿ ਪਹਿਲਾਂ ਅਸੀਂ 118 ਰੁਪਏ ਖਰਚ ਕਰਦੇ ਸੀ 100 ਰੁਪਏ ਦੀ ਆਮਦਨ ਪਿੱਛੇ, ਅੱਜ ਇਹ ਹੈ ਕਿ ਅੱਜ 80 ਰੁਪਏ ਦਾ ਖਰਚ ਹੈ। ਇਥੋਂ ਤਾਂ ਰਾਹਤ ਹੈ। ਪਰ ਇਸ ਰਾਹਤ ਨੂੰ ਇਹ ਸਮਝ ਲੈਣਾ ਬਹੁਤ ਵੱਡਾ ਕਮਫਰਟ ਨਹੀਂ ਹੈ। ਇਸ ਕਰਕੇ ਦੂਜੀ ਪਾਲਿਸੀ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਕਰਕੇ, ਸਰ, ਅਸਾਂ ਨੇ ਤਹੱਈਆ ਕੀਤਾ ਹੈ ਕਿ ਚਾਰ ਚੀਜ਼ਾਂ ਕਰਨੀਆਂ ਹਨ। ਫਸਟ ਕਲਾਸ ਇਨਫਰਾਸਟਰਕਚਰ ਹੋਵੇ। ਜੇ ਇੰਡਸਟਰੀ ਨੇ ਆਉਣਾ ਹੈ, ਐਗਰੋ ਇੰਡਸਟਰੀ ਨੇ ਆਉਣਾ ਹੈ ਤਾਂ ਜਿਥੇ ਅਸੀਂ ਫਸਲ ਬੀਜ ਰਹੇ ਹਾਂ, ਜਿਹੜੀ ਕਿ ਤੁਸੀਂ ਇੰਟਰਨੈਸ਼ਨਲ ਮਾਰਕੀਟ ਵਿੱਚ ਵੇਚਣੀ ਹੈ, ਜੇ ਉਥੇ ਲਿੰਕ ਰੋਡ ਨਹੀਂ ਤਾਂ ਸਮਝੋ ਫਿਰ ਮੁਸ਼ਕਲ ਹੈ। ਵਰਲਡ ਕਲਾਸ ਇਨਫਰਾਸਟਰਕਚਰ ਬਣਾਉਣ ਵਾਸਤੇ ਅਲੋਨ ਰੋਡ ਸੈਕਟਰ ਵਾਸਤੇ ਅਸੀਂ ਤਰਕੀਬਨ ਤਕਰੀਬਨ 2,300-2,400 ਕਰੋੜ ਰੁਪਿਆ ਰੱਖਿਆ ਹੈ। ਔਰ ਇਹ ਹਿਸਟਰੀ ਦੇ ਵਿੱਚ ਪਹਿਲੀ ਵਾਰੀ ਹੋਵੇਗਾ। ਸਰ, ਪੈਸਾ ਦੋ ਪਾਸੇ ਤੋਂ ਆ ਰਿਹਾ ਹੈ। ਵਰਲਡ ਬੈਂਕ ਕੋਲੋਂ ਇਸ ਸਾਲ 400 ਕਰੋੜ ਰੁਪਿਆ ਔਰ ਨਬਾਰਡ ਕੋਲੋਂ 265 ਕਰੋੜ ਰੁਪਿਆ, ਨਾਨ ਪਲਾਨ ਦਾ 100 ਕਰੋੜ, ਪਲਾਨ ਦਾ 100 ਕਰੋੜ, ਪੀ.ਆਈ.ਡੀ.ਬੀ. ਦਾ 500-700 ਕਰੋੜ ਦੇ ਵਿਚਕਾਰ, ਸੀ.ਆਰ.ਐਫ.ਟੀ. ਦਾ 62 ਕਰੋੜ ਆਰ.ਐਂਡ ਡੀ. ਔਰ ਮੰਡੀਕਰਨ ਬੋਰਡ ਦਾ 240 ਔਰ 62 ਕਰੋੜ ਰੁਪਿਆ। ਇਹ ਸਾਰਾ ਰਲਾ ਕੇ ਦੱਸਿਆ ਹੈ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦਾ ਜਿਹੜਾ ਸਾਡਾ ਰੋਡ ਨੈਟਵਰਕ ਹੈ, ਉਹ ਬੈਸਟ ਹੋ ਸਕੇ। ਇਸ ਤੋਂ ਇਲਾਵਾ ਕੁਝ ਹਾਈਲੀ ਟਰੈਵਲਡ ਰੋਡਜ਼ ਹਨ, ਜਿਨ੍ਹਾਂ ਦੀ ਮੈਂਨਟੀਨੈਂਸ ਦੀ ਬਹੁਤ ਪ੍ਰਾਬਲਮ ਹੁੰਦੀ ਹੈ। ਅਸੀਂ ਉਸ ਨੂੰ ਬੀ.ਓ.ਟੀ. ਬੇਸਿਜ਼ ਤੇ ਬਣਾ ਰਹੇ ਹਾਂ। ਸਰਕਾਰੀ ਬੱਸਾਂ ਵਾਲੇ ਤਾਂ ਪੈਸੇ ਦੇ ਦਿੰਦੇ ਹਨ। ਟਰੱਕਾਂ ਵਾਲੇ ਵੀ ਦੇ ਦਿੰਦੇ ਹਨ। ਗਰੀਬ ਆਦਮੀ ਨੇ ਤਾਂ ਚਲਣਾ ਨਹੀਂ, ਉਸ ਤੋਂ ਤਾਂ ਕੀ ਲਵਾਂਗਾ ਲੇਕਿਨ ਕਾਰ ਵਾਲੇ ਤੋਂ ਪੈਸੇ ਲੈਣੇ ਹੋਣ ਤਾਂ ਉਸ ਨੂੰ ਪੈਸੇ ਦੇਣ ਵਿਚ ਕੋਈ ਦਿੱਕਤ ਵੀ ਨਹੀਂ ਹੋਵੇਗੀ। ਅਸੀਂ ਉਮੀਦ ਕਰਦੇ ਹਾਂ ਕਿ ਬਹੁਤ ਥੋੜ੍ਹੇ ਚਾਰਜਿਜ਼ ਹੋਣਗੇ। ਪਰ ਜਿਥੇ ਸੜਕ ਬਣਾਈਏ ਕੋਈ ਚਾਰਜਿਜ਼ ਵੀ ਨਾ ਹੋਣ ਔਰ ਉਥੇ ਕੋਈ ਪੀ.ਆਈ.ਡੀ.ਬੀ. ਦਾ ਠੇਕੇਦਾਰ ਵੀ ਨਾ ਆਵੇ ਤਾਂ ਅਜਿਹੇ ਕੰਮ ਲਈ ਗੈਪ ਫੰਡਿਗ ਦਾ ਇੰਤਜਾਮ ਕੀਤਾ ਹੈ। ਇਹ ਤਾਂ ਹੈ ਸਰ ਰੋਡਜ਼ ਦਾ। ਇਸ ਤੋਂ ਅੱਗੇ ਇਰੀਗੇਸ਼ਨ ਦੇ ਬਾਰੇ ਗੱਲ ਕਰਦਾ ਹਾਂ। ਸਾਡੇ ਹੀ ਪਿਛਲੇ ਦੋ ਤਿੰਨ ਸਾਲਾਂ ਦੇ ਬਾਰੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਜ਼ਿਕਰ ਕੀਤਾ ਹੈ। ਇਹ ਪਹਿਲੀ ਵਾਰ ਹੈ ਕਿ ਅਸੀਂ 221 ਕਰੋੜ ਰੁਪਿਆ ਇਰੀਗੇਸ਼ਨ ਪਰਪਜ਼ ਵਾਸਤੇ ਰਖਿਆ ਹੈ। ਇਸੇ ਤਰ੍ਹਾਂ ਸਾਨੂੰ ਪਤਾ ਹੈ ਕਿ ਪਾਵਰ ਸੈਕਟਰ ਜੋ ਹੈ ਉਸ ਦੇ ਵਿੱਚ ਰਿਫਾਰਮ ਦੀ ਜ਼ਰੂਰਤ ਹੈ।

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਮੈਂ ਇਸ ਬਹਿਸ ਵਿੱਚ ਨਹੀਂ ਪਵਾਂਗਾ ਕਿਉਂਕਿ ਕੁਝ ਪੁਲੀਟੀਕਲੀ ਹੈਬਿਟ ਹੋ ਗਈ ਹੈ ਕਿ ਜਦੋਂ ਸਰਕਾਰ ਚੁਣੀ ਜਾਂਦੀ ਹੈ, ਬਣਦੀ ਹੈ ਉਦੋਂ ਤਾਂ ਅਸੀਂ ਕਹਿੰਦੇ ਹਾਂ ਕਿ ਇਸ ਦੇ ਵਿਚ ਰਿਫਾਰਮ ਦੀ ਬਹੁਤ ਜ਼ਰੂਰਤ ਹੈ ਲੇਕਿਨ ਜਦੋਂ ਅਸੀਂ ਸਰਕਾਰ ਤੋਂ ਬਾਹਰ ਹੋ ਜਾਂਦੇ ਹਾਂ ਤਾਂ ਅਸੀਂ ਕਹਿੰਦੇ ਹਾਂ ਕਿ ਇਸ ਦੇ ਵਿਚ ਰਿਫਾਰਮ ਦੀ ਕੋਈ ਲੋੜ ਨਹੀਂ ਹੈ। ਫਾਰਮਰ ਫਾਈਨਾਂਸ ਮਨਿਸਟਰ ਸਾਹਿਬ ਨੇ ਵੀ ਦਲੀਲ ਦਿੱਤੀ। ਮੈਂ ਇਨ੍ਹਾਂ ਨੂੰ ਥੋੜ੍ਹਾ ਜਿਹਾ ਇੰਟਰਵੀਨ ਕੀਤਾ ਸੀ ਕਿ ਜਿਹੜਾ ਪਾਵਰ ਰਿਫਾਰਮ ਐਕਟ ਹੈ, ਇਹ ਤੁਹਾਡੀ ਤੇ ਬੀ.ਜੇ.ਪੀ. ਦੀ ਸੈਂਟਰ ਦੇ ਵਿਚ ਸਰਕਾਰ ਸੀ, ਉਦੋਂ ਸੈਂਟਰਲ ਐਕਟ, 2003 ਤੁਸੀਂ ਪਾਸ ਕੀਤਾ ਸੀ, ਤੁਹਾਡੀਆਂ ਵੋਟਾਂ ਪਈਆਂ ਹਨ ਔਰ ਫਿਰ ਇਹ ਕਹਿੰਦੇ ਹਨ ਕਿ ਅਨਬੰਡਲਿੰਗ ਨਾ ਕਰੋ। ਅਨਬੰਡਲਿੰਗ ਨਾ ਕਰੋ। ਇਨ੍ਹਾਂ ਨੇ ਦਲੀਲ ਦਿੱਤੀ ਕਿ ਇਹ ਫੇਲ੍ਹ ਹੋ ਗਈ ਹੈ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਇਹ ਕਈ ਜਗ੍ਹਾ ਕਾਮਯਾਬ ਵੀ ਹੋਈ ਹੈ। ਇਸ ਦੇ ਵਿਚ ਸਾਨੂੰ ਸਭ ਤੋਂ ਜ਼ਿਆਦਾ ਟੈਰਿਫ ਪਾਲਿਸੀ ਔਰ ਆਪਰੇਸ਼ਨਲ ਐਫੀਸੈਂਸੀ ਦਾ ਖਿਆਲ ਰੱਖਣਾ ਚਾਹੀਦਾ ਹੈ, ਫਿਰ ਇਹ ਫੇਲ੍ਹ ਨਹੀਂ ਹੁੰਦੀ। ਮੈਂ ਤੁਹਾਨੂੰ ਮਿਸਾਲ ਦੇ ਤੌਰ ਤੇ ਦੱਸਣਾ ਚਾਹੁੰਦਾ ਹਾਂ ਕਿ ਲਹਿਰਾ ਮੁਹੱਬਤ ਥਰਮਲ ਪਲਾਂਟ ਦੇ ਦੋ ਯੂਨਿਟ 210 ਮੈਗਾਵਾਟ ਦੇ ਹਨ। ਉਹ 3400 ਮਿਲੀਅਨ ਯੂਨਿਟ ਪੈਦਾ ਕਰਦੇ ਹਨ ਔਰ ਰੋਪੜ ਦੇ ਵਿੱਚ ਜਿਹੜੇ 6 ਯੂਨਿਟ 210 ਮੈਗਾਵਾਟ ਦੇ ਹਨ, ਉਹ ਸਿਰਫ 7200 ਮਿਲੀਅਨ ਯੂਨਿਟ ਪੈਦਾ ਕਰਦੇ ਹਨ। ਇਸੇ ਤਰ੍ਹਾਂ ਬਠਿੰਡੇ ਦਾ ਅਲੱਗ ਪਲਾਂਟ ਹੈ ਔਰ ਉਥੇ ਚਾਰ ਯੂਨਿਟ ਹਨ, ਜਿਨ੍ਹਾਂ ਦੇ ਵਿਚ ਪੁਰਾਣੇ ਯੂਨਿਟ ਵੀ ਹਨ ਲੇਕਿਨ, ਸਪੀਕਰ ਸਾਹਿਬ, ਜੇਕਰ ਇਨ੍ਹਾਂ ਦੇ ਵਿਚ ਆਪਰੇਸ਼ਨਲ ਐਫੀਸੈਂਸੀ ਵਧਾ ਲਈ ਜਾਵੇ ਤਾਂ ਇੱਕ ਹਜ਼ਾਰ ਕਰੋੜ ਰੁਪਏ ਦੀ ਬਿਜਲੀ ਅੱਜ ਵਧਾਈ ਜਾ ਸਕਦੀ ਹੈ। ਜੇ ਅਸੀਂ ਲਹਿਰਾ ਮੁਹੱਬਤ ਦੀ ਗੱਲ ਕਰੀਏ, ਜਿਥੇ ਕਿ ਮਿਨੀਮਮ ਵਰਕਰ ਕੰਮ ਕਰਦੇ ਹਨ ਔਰ ਉਥੇ 1020 ਕਰੋੜ ਰੁਪਏ ਦੀ ਬਿਜਲੀ ਤਿੰਨ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਪੈਦਾ ਕਰ ਸਕਦੇ ਹਾਂ ਤਾਂ ਫਿਰ ਰੋਪੜ ਵਿਖੇ ਅਸੀਂ ਤਿੰਨ ਗੁਣਾ ਭਾਵ 3500 ਕਰੋੜ ਰੁਪਏ ਦੀ ਬਿਜਲੀ ਪੈਦਾ ਕਰ ਸਕਦੇ ਹਾਂ, ਜਦ ਕਿ ਉਥੇ 2100-2200 ਕਰੋੜ ਰੁਪਏ ਦੀ ਬਿਜਲੀ ਪੈਦਾ ਹੁੰਦੀ ਹੈ। ਇਸ ਦਾ ਮਤਲਬ ਇਹ ਹੈ ਕਿ ਜੇਕਰ ਅਸੀਂ ਰਿਫਾਰਮ ਕਰਨਾ ਹੋਵੇ ਤਾਂ ਸਾਨੂੰ ਆਪਰੇਸ਼ਨਲ ਐਫੀਸੈਂਸੀ ਚਾਹੀਦੀ ਹੈ। ਮੈਂ ਕਹਿ ਰਿਹਾ ਹਾਂ ਕਿ ਸਾਨੂੰ ਰਿਸੋਰਸਿਜ਼ ਰੀ-ਜੈਨਰੇਟ ਕਰਨ ਦੀ ਜ਼ਰੂਰਤ ਹੈ ਔਰ ਇਹ ਬਜਟ ਵਿਚ ਪੇਸ਼ ਕੀਤਾ ਹੈ। ਦੋ ਮਸਲੇ ਹਨ ਇੱਕ ਐਸਟਸ ਹੈ, ਇੱਕ ਵੈਲਥ ਹੈ। ਜੇਕਰ ਇੱਕ ਦੁਕਾਨਦਾਰ ਔਰ ਇਕ ਇੰਡਸਟਰੀਲਿਸਟ ਹੈ ਔਰ ਜੇ ਇੰਡਸਟ੍ਰੀਲਿਸਟ ਆਪਣਾ 10 ਕਰੋੜ ਗਿਰਵੀ ਰੱਖ ਕੇ ਇਕ ਦੋ ਸ਼ੈਲਰ ਲਗਾ ਕੇ ਤਿੰਨ ਸਾਲਾਂ ਵਿਚ 10 ਕਰੋੜ ਛੁਡਾ ਸਕਦਾ ਹੈ, ਉਹ ਚੰਗਾ ਹੈ ਕਿ ਉਸ ਨੇ ਵੈਲਥ ਹੋਰ ਖਰੀਦ ਲਈ ਕਿਉਂਕਿ ਤਿੰਨ ਸਾਲਾਂ ਬਾਅਦ ਗਿਰਵੀ ਹੱਟ ਜਾਵੇਗੀ। ਦੋ ਸ਼ੈਲਰ ਲੈ ਲਵੇ ਇਸੇ ਤਰ੍ਹਾਂ ਹੀ ਮੈਂ ਕਹਿੰਦਾ ਹਾਂ, ਸਪੀਕਰ ਸਾਹਿਬ, ਕਿ ਸਾਡੇ ਕੋਲ ਐਸਟਸ ਹਨ। ਇਹ ਸੋਚਣ ਵਾਲੀ ਗੱਲ ਹੈ, ਇਹ ਤੁਹਾਡੇ ਐਕਟ ਵਿਚ ਅਵੇਲੇਬਲ ਹੈ ਕਿ ਦੋਵੇਂ ਯੂਨਿਟ, ਲਹਿਰਾ ਮੁਹੱਬਤ ਤੇ ਰੋਪੜ ਥਰਮਲ ਪਲਾਂਟ 2 ਹਜ਼ਾਰ ਕਰੋੜ ਰੁਪਏ ਤੋਂ ਲੈ ਕੇ 10 ਹਜ਼ਾਰ ਕਰੋੜ ਰੁਪਏ ਤੱਕ ਵਿਕ ਸਕਦੇ ਹਨ। ਤੁਸੀਂ 10 ਹਜ਼ਾਰ ਕਰੋੜ ਰੁਪਏ

ਇਕੱਠੇ ਕਰ ਲਓ। ਆਉਣ ਵਾਲੇ 20 ਸਾਲਾਂ ਵਾਸਤੇ 20 ਹਜ਼ਾਰ ਕਰੋੜ ਰੁਪਏ ਦੇ ਨਵੇਂ ਯੂਨਿਟ ਲਗਾਏ ਜਾ ਸਕਦੇ ਹਨ। ਮੈਂ ਨਹੀਂ ਕਹਿੰਦਾ ਕਿ ਪ੍ਰਾਈਵੇਟ ਨੂੰ ਵੇਚੋ ਐਨ.ਟੀ.ਪੀ.ਸੀ. ਸਰਕਾਰ ਦੀ ਹੈ, ਯੂ.ਪੀ. ਨੇ ਵੀ ਵੇਚਿਆ ਹੈ। ਉਨ੍ਹਾਂ ਦੀ ਆਪਰੇਸ਼ਨਲ ਐਫੀਸੈਂਸੀ ਨਾਲ 1 ਹਜ਼ਾਰ ਕਰੋੜ ਦੀ ਬਿਜਲੀ ਦੀ ਬੱਚਤ ਹੋ ਜਾਵੇਗੀ। ਤੁਸੀਂ ਸੋਚ ਲਓ, ਤੁਸੀਂ ਪਰਮਾਨੈਂਟਲੀ ਬਿਜਲੀ ਦਾ ਮਸਲਾ ਹੱਲ ਕਰਨ ਵਿੱਚ ਇੰਟਰਸਟਡ ਹੋ ਜਾਂ ਨਹੀਂ। ਇਹ ਮੁੱਦਾ ਨਹੀਂ ਹੈ। ਇਸ ਬਜਟ ਵਿਚ ਇਸ ਨੂੰ ਨਹੀਂ ਰੱਖਿਆ ਹੈ। ਮੈਂ ਤੁਹਾਡੀ ਸੋਚ ਵਾਸਤੇ ਕਹਿ ਰਿਹਾ ਹਾਂ ਕਿ ਜਿੰਨੇ ਸਰਕਾਰ ਦੇ ਐਸਟਸ ਹਨ, ਉਨ੍ਹਾਂ ਦੀ ਰੀ-ਇੰਜੀਨੀਅਰਿੰਗ ਕਰਨ ਦੀ ਲੋੜ ਹੈ। ਰੀਡਿਪਲਾਇ ਕਰਨ ਦੀ ਲੋੜ ਹੈ। ਪੀ.ਟੀ.ਐਲ. ਬਾਰੇ ਮੈਂ ਤੁਹਾਡੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਉਥੇ 200 ਤਾਂ ਨੌਕਰੀਆਂ ਵਧ ਗਈਆਂ ਹਨ ਉਨ੍ਹਾਂ ਦੀ ਪ੍ਰੋਡਕਸ਼ਨ ਕਪੈਸਿਟੀ ਵੱਧ ਗਈ ਹੈ। ਅਸੀਂ ਉਸ ਨਾਲ ਨਵੀਂ ਇੰਡਸਟਰੀ ਲਗਾ ਲਵਾਂਗੇ, ਪੀ.ਟੀ.ਐਲ. ਇਥੇ ਹੀ ਹੈ। ਜੇ ਤੁਸੀਂ ਐਨ.ਟੀ.ਪੀ.ਸੀ. ਨੂੰ ਇਹ ਪ੍ਰਾਜੈਕਟ ਦੇ ਦਿਓ ਤਾਂ ਤੁਹਾਡੇ ਕੋਲ ਜਿਹੜਾ 10 ਹਜ਼ਾਰ ਕਰੋੜ ਰੁਪਿਆ ਹੈ, ਉਸ ਤੇ 10 ਹਜ਼ਾਰ ਕਰੋੜ ਰੁਪਏ ਦਾ ਲੀਵਰੇਜ਼ ਮਾਰਕੀਟ ਬੋਰੋਇੰਗ ਕਰ ਲਓ। 20 ਹਜ਼ਾਰ ਕਰੋੜ ਰੁਪਏ ਦੇ ਨਵੇਂ ਯੂਨਿਟ ਲਗਾ ਲਓ। ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਸ ਕਮੇਟੀ ਵਿੱਚ ਰੀਇੰਜੀਨੀਅਰਿੰਗ ਕਰ ਲਓ ਅਤੇ ਨਾਲ ਇਸ ਵਿਚ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਵੀ ਬੁਲਾ ਲਓ ਫਿਰ ਇਨ੍ਹਾਂ ਦਾ ਕਾਂਫੀਡੈਂਸ ਲੈਵਲ ਵੱਧ ਜਾਵੇਗਾ। ਹਾਲ ਇਹ ਹੈ ਕਿ ਅੱਜ ਦੇ ਯੁੱਗ ਵਿਚ ਇਸ ਦੀ ਜ਼ਰੂਰਤ ਹੈ। ਤਦ ਹੀ ਤਾਂ ਮੈਂ ਕਿਹਾ ਸੀ ਕਿ ਮੈਨੂੰ ਚੰਗਾ ਲਗਦਾ ਕਿ ਜੋ ਫਰੈਸ਼ ਮਾਈਂਡ ਹਨ, ਜੋ ਅੱਜ ਦੀ ਦੁਨੀਆਂ ਦੇ ਨਾਲ ਜਿਉਂਦੇ ਹਨ ਉਹ ਬੋਲਦੇ, ਮੈਨੂੰ ਖੁਸ਼ੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਕਿਹਾ ਨਹੀਂ ਇਹ ਤਾਂ ਹੋ ਹੀ ਨਹੀਂ ਸਕਦਾ ਮੁੱਖ ਮੰਤਰੀ ਸਾਹਿਬ ਕਿ ਤੁਹਾਨੂੰ ਫਲੋਅ ਦਾ ਨਾ ਪਤਾ ਹੋਵੇ। He (Chief Minister) knows everything. ਇਸੇ ਕਰਕੇ ਫਸਟ ਟਾਈਮ ਕਹਿ ਰਹੇ ਹਾਂ ਕਿ ਪੰਜਾਬ ਦੀ ਹਿਸਟਰੀ ਵਿਚ Punjab is moving with the times ਔਰ ਮੈਂ ਡਾਕਟਰ ਮਨਮੋਹਨ ਸਿੰਘ ਦੇ ਵਰਡ ਕਹਾਂਗਾ ਕਿ ਪੰਜਾਬ ਫਾਰਚੂਨੇਟ ਹੈ, ਮੁਲਕ ਫਾਰਚੂਨੇਟ ਹੈ। He is the most modern mind. He had said it publically. He has praised and said that he is the best Chief Minister in India, the State has. (thumping) So, use his talent.

ਮਾਨਯੋਗ ਸਪੀਕਰ : ਤੁਸੀਂ ਹੋਰ ਟਾਈਮ ਲਵੋਗੇ, ਫਾਈਨਾਂਸ ਮਨਿਸਟਰ ਸਾਹਿਬ ?

ਵਿੱਤ ਤੇ ਯੋਜਨਾਬੰਦੀ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ : ਇਹ ਤਾਂ ਹਾਲੇ ਸਟਾਰਟ ਹੀ ਹੈ, ਮੈਂ ਹੋਰ ਟਾਈਮ ਲਵਾਂਗਾ।

ਮਾਨਯੋਗ ਸਪੀਕਰ : ਅੱਧਾ ਘੰਟਾ ਲਵੋਗੇ ?

ਵਿੱਤ ਤੇ ਯੋਜਨਾਬੰਦੀ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ : ਥੋੜ੍ਹਾ ਜਿਹਾ ਹੋਰ ਬੋਲਣ ਦਿਓ।

## EXTENSION OF THE TIME OF THE SITTING

**ਮਾਨਯੋਗ ਸਪੀਕਰ :** ਚਲੋ ਠੀਕ ਹੈ। If the House agrees ਤਾਂ ਕੀ ਜਿੰਨਾ ਚਿਰ ਵਿੱਤ ਮੰਤਰੀ ਜੀ ਬੋਲਣਗੇ, ਉਤਨਾ ਚਿਰ ਲਈ ਹਾਊਸ ਦਾ ਸਮਾਂ ਵਧਾ ਲਿਆ ਜਾਵੇ ?

(ਆਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਦੇ ਬੋਲਣ ਤੱਕ ਹਾਊਸ ਦਾ ਸਮਾਂ ਵਧਾਇਆ ਜਾਂਦਾ ਹੈ।

## DISCUSSION AND VOTING ON DEMANDS FOR GRANTS RELATING TO THE BUDGET ESTIMATES FOR THE YEAR 2005-06 (*RESUMPTION*)

**ਵਿੱਤ ਤੇ ਯੋਜਨਾਬੰਦੀ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਅਰਬਨ ਅਤੇ ਰੂਰਲ ਡਿਵੈਲਪਮੈਂਟ ਬਾਰੇ ਕੌਣ ਨਹੀਂ ਜਾਣਦਾ, ਇਕੱਲਾ ਇਕੱਲਾ ਪੰਜਾਬੀ ਇਹ ਜਾਣਦਾ ਹੈ ਕਿ ਤੁਸੀਂ ਅਗਰ ਅਰਬਨ ਏਰੀਏ ਨੂੰ ਫੈਸਿਲਟੀ ਦੇਣੀ ਹੈ, ਚੌਧਰੀ ਜਗਜੀਤ ਸਿੰਘ ਕਈ ਵਾਰ ਨਰਾਜ਼ ਹੋ ਜਾਂਦਾ ਹੈ ਕਿ ਬਜਟ ਵਿੱਚ ਪੈਸਾ ਘੱਟ ਰੱਖਦਾ ਹਾਂ। ਸਪੀਕਰ ਸਾਹਿਬ, ਜੇ ਇਕੱਲੇ 159 ਸ਼ਹਿਰਾਂ ਤੇ ਟਾਊਨਾਂ ਅਤੇ ਕਸਬਿਆਂ ਵਿੱਚ ਚੰਗਾ ਪੀਣ ਦਾ ਪਾਣੀ, ਸਾਫ਼ ਸੁਥਰਾ ਸੀਵਰੇਜ ਸਿਸਟਮ ਅਤੇ ਸੈਨੀਟੇਸ਼ਨ ਆਦਿ ਸਾਰੀਆਂ ਗੱਲਾਂ ਦੇਣੀਆਂ ਹੋਣ ਤਾਂ ਤੁਹਾਨੂੰ ਸਾਢੇ ਚਾਰ ਹਜ਼ਾਰ ਕਰੋੜ ਰੁਪਿਆ ਚਾਹੀਦਾ ਹੈ। ਜਿਸ ਮਿਊਂਸਿਪੈਲਿਟੀ ਦੀ ਆਮਦਨ 600 ਕਰੋੜ ਰੁਪਿਆ ਹੁੰਦੀ ਹੋਵੇ ਤੇ ਉਸ ਆਮਦਨ ਦਾ 70% ਹਿੱਸਾ ਤਨਖਾਹਾਂ ਵਿੱਚ ਚਲਾ ਜਾਵੇ ਤਾਂ ਕੀ ਤੁਸੀਂ ਕੁਝ ਸੋਚ ਸਕਦੇ ਹੋ ? ਅਗਲੇ 50 ਸਾਲਾਂ, ਜਿਵੇਂ 50 ਸਾਲ ਪਹਿਲਾਂ ਬੀਤ ਗਏ ਹਨ, ਫੇਰ ਬੀਤ ਜਾਣਗੇ। ਤੁਸੀਂ ਨਾਅਰੇ ਲਗਾਓ, ਅਸੀਂ ਵੀ ਲਗਾਵਾਂਗੇ ਕਿ ਅਸੀਂ ਸਭ ਕੁਝ ਕਰਨ ਵਾਲੇ ਹਾਂ ਪਰ ਇਸ ਨਾਲ ਕੁਝ ਨਹੀਂ ਹੋਣਾ। ਇਸੇ ਤਰ੍ਹਾਂ ਤੁਸੀਂ ਵੀ ਪਿੰਡਾਂ ਵਾਲਿਆਂ ਨਾਲ ਮਜ਼ਾਕ ਕਰਦੇ ਰਹੇ ਹੋ ਔਰ ਹੋਰ ਵੀ ਬਹੁਤ ਸਾਰੇ ਪਿੰਡਾਂ ਵਾਲਿਆਂ ਨਾਲ ਮਜ਼ਾਕ ਕਰਦੇ ਰਹੇ ਹਨ। (ਵਿਘਨ) ਸੱਚ ਤਾਂ ਇਹ ਹੈ ਕਿ ਹਰ ਕੋਈ ਉਨ੍ਹਾਂ ਨਾਲ ਮਜ਼ਾਕ ਕਰਦਾ ਰਿਹਾ ਹੈ। ਤੁਹਾਡੇ ਕਹਿਣ ਦੀ ਤਾਂ ਜ਼ਰੂਰਤ ਹੀ ਨਹੀਂ ਹੈ। ਮੈਂ ਤਾਂ ਆਪ ਹੀ ਦੱਸ ਰਿਹਾ ਹਾਂ। ਜੇਕਰ ਪਿੰਡਾਂ ਦੇ ਵਿਚ ਇੱਕ-ਇੱਕ ਦੋ-ਦੋ ਲੱਖ ਰੁਪਿਆ ਗਰਾਂਟਾਂ ਦੇ ਰੂਪ ਵਿਚ ਦੇ ਦਿਓ ਤਾਂ ਇਸ ਦੇ ਨਾਲ ਨਾ ਤਾਂ ਉਨ੍ਹਾਂ ਦੇ ਕੋਈ ਕੰਮ ਹੁੰਦੇ ਹਨ ਅਤੇ ਨਾ ਹੀ ਸਰਕਾਰ ਦਾ ਪੈਸਾ ਹੀ ਸਹੀ ਰੂਪ ਵਿੱਚ ਇਸਤੇਮਾਲ ਹੁੰਦਾ ਹੈ। ਜੋ ਇੱਥੇ ਇੱਕ ਪਿੰਡ ਦਾ ਨਾਂ ਆਇਆ ਹੈ, ਸ਼ਾਇਦ ਬ੍ਰਹਮਪੁਰਾ ਪਿੰਡ ਦਾ ਨਾਂ ਹੈ...(ਇੱਕ ਆਵਾਜ਼ : ਬਰਮਪੁਰ ਪਿੰਡ ਹੈ ਜੀ) ਤੁਹਾਡਾ ਧੰਨਵਾਦ ਪਿੰਡ ਦਾ ਨਾਂ ਦੱਸਣ ਬਾਰੇ। ਇਹ ਬਰਮਪੁਰ ਪਿੰਡ ਲੁਧਿਆਣਾ ਦੇ ਏਰੀਏ ਵਿੱਚ ਪੈਂਦਾ ਹੈ। ਇਹ ਵਧੀਆ ਗੱਲ ਹੋਈ ਹੈ ਕਿ ਜੇ ਉਸ ਨੇ ਜਾ ਕੇ ਉਥੇ 56 ਲੱਖ ਰੁਪਏ ਲਗਾ ਕੇ ਸਾਰੀਆਂ ਫੈਸਲੀਟੀਜ਼ ਦੇ ਦਿੱਤੀਆਂ ਹਨ ਅਤੇ ਪਿੰਡ ਦੀ ਜ਼ਿੰਦਗੀ ਬਹੁਤ ਵਧੀਆ ਬਣਾ ਦਿੱਤੀ ਹੈ। ਇਕੋ ਵਾਰ ਪੈਸਾ ਜ਼ਿਆਦਾ ਦੇਣ ਨਾਲ ਤਾਂ ਪਿੰਡਾਂ ਦੀ ਨੁਹਾਰ ਬਦਲ ਸਕਦੀ ਹੈ

ਅਦਰਵਾਈਜ਼ ਜੇ ਤੁਸੀਂ ਪੰਜ-ਪੰਜ ਜਾਂ ਦਸ-ਦਸ ਲੱਖ ਰੁਪਿਆ ਵੀ ਦੇ ਦਿੰਦੇ ਰਹੋ ਤਾਂ ਵੀ ਕੁਝ ਨਹੀਂ ਬਣਦਾ। ਤੁਹਾਡੇ ਸਾਹਮਣੇ ਹੈ ਕਿ ਬਾਦਲ ਸਾਹਿਬ ਨੇ ਸੰਗਤ ਦਰਸ਼ਨ ਪ੍ਰੋਗਰਾਮ ਦੇ ਤਹਿਤ ਪਿੰਡਾਂ ਦੇ ਵਿਚ ਪੈਸਾ ਬਹੁਤ ਵੰਡਿਆ ਪਰ ਸੰਗਤ ਦਰਸ਼ਨ ਪ੍ਰੋਗਰਾਮ ਦੇ ਤਹਿਤ ਪਿੰਡਾਂ ਦੇ ਵਿਚ ਕੋਈ ਡਿਵੈਲਪਮੈਂਟ ਨਹੀਂ ਹੋਈ। ਇਸ ਦੇ ਬਾਰੇ ਮੈਨੂੰ ਦੱਸਦਿਆਂ ਸ਼ਰਮ ਵੀ ਆਉਂਦੀ ਹੈ ਕਿ ਇੱਥੇ ਸੀ.ਏ.ਜੀ. ਦੀ ਰਿਪੋਰਟ ਆਈ ਹੈ। ਜੋ ਕਿ ਹਾਊਸ ਦੇ ਵਿਚ ਲੇਅ ਵੀ ਹੋ ਸਕਦੀ ਹੈ ਅਤੇ ਕੁਐਸਚਨ ਵੀ ਉਠ ਸਕਦਾ ਹੈ ਕਿ ਬਗੈਰ ਅਸੈਂਬਲੀ ਦੀ ਅਪਰੂਵਲ ਦੇ ਪੈਸਾ ਖਰਚਿਆ ਕਿਵੇਂ ਗਿਆ। ਅਸੈਂਬਲੀ ਦੀ ਅਪਰੂਵਲ ਦੇ ਬਗੈਰ ਪੈਸਾ ਖਰਚਿਆ ਨਹੀਂ ਜਾ ਸਕਦਾ। ਇਸ ਬਾਰੇ ਤਾਂ ਇਨ੍ਹਾਂ ਨੇ ਫਾਈਨਾਂਸ ਮਨਿਸਟਰ ਨੂੰ ਵੀ ਨਹੀਂ ਪੁੱਛਿਆ। ਇਹ ਗੱਲ ਠੀਕ ਨਹੀਂ ਹੈ ਕਿ ਫਾਈਨਾਂਸ ਮਨਿਸਟਰ ਨੂੰ ਪੈਸਾ ਵਰਤਣ ਬਾਰੇ ਨਾ ਪੁੱਛਿਆ ਜਾਵੇ। ਮਹਾਰਾਜਾ ਬਾਦਲ ਸਾਹਿਬ ਨੇ ਜੋ ਕਿਸੇ ਨੂੰ ਕਿਹਾ ਦੇ ਦਿੱਤਾ। ਇਸ ਤੋਂ ਵੱਡਾ ਡਾਕਾ ਪੰਜਾਬ ਦੀ ਅਸੈਂਬਲੀ ਤੇ ਕੀ ਹੋ ਸਕਦਾ ਹੈ ? ਇਸ ਤੋਂ ਵੱਡਾ ਡਾਕਾ ਫਾਈਨਾਂਸ ਮਨਿਸਟਰ ਦੀਆਂ ਪਾਵਰਜ਼ ਤੇ ਕੋਈ ਨਹੀਂ ਹੋ ਸਕਦਾ। ਪਰ ਮੇਰਾ ਇਹ ਇਸ਼ੂ ਨਹੀਂ ਹੈ। ਮੇਰਾ ਇਸ਼ੂ ਤਾਂ ਅਰਬਨ ਏਰੀਆ, ਸ਼ਹਿਰ, ਟਾਊਨ ਔਰ ਪਿੰਡਾਂ ਦੇ ਬਾਰੇ ਹੈ। ਸੈਂਟਰਲ ਗੌਰਮਿੰਟ ਨੇ ਵੀ ਸੈਂਟਰਲ ਰੈਨੂਅਲ ਫੰਡ 5,500 ਕਰੋੜ ਰੁਪਏ ਦਾ ਰੱਖਿਆ ਹੈ। ਅਸੀਂ ਵੀ ਐਸਾ 50 ਕਰੋੜ, 100 ਕਰੋੜ ਜਾਂ ਡੇਢ ਸੌ ਕਰੋੜ ਰੁਪਏ ਦਾ ਇੱਕ ਫੰਡ ਆਪਣੇ ਵਲੋਂ ਕਰੀਏਟ ਕਰ ਸਕਦੇ ਹਾਂ। ਡੇਢ ਸੌ ਕਰੋੜ ਰੁਪਏ ਪੀ.ਆਈ.ਡੀ.ਬੀ. ਤੋਂ ਲਈਏ, ਕੋਈ 12 ਸੌ ਕਰੋੜ ਰੁਪਏ ਮਾਰਕੀਟਸ ਤੋਂ ਬੋਰੋ ਕਰੀਏ ਅਤੇ ਕੈਪੀਟਲ ਮਾਰਕੀਟਸ ਤੋਂ ਅਰੇਂਜ ਕਰੀਏ। ਇਸ ਤਰ੍ਹਾਂ ਤਕਰੀਬਨ 1,500 ਕਰੋੜ ਰੁਪਿਆ ਹੋ ਜਾਂਦਾ ਹੈ। ਜੇ ਅਸੀਂ ਹਰ ਇੱਕ ਪਿੰਡ ਨੂੰ ਕਹੀਏ ਅਤੇ ਉਹ ਕੈਪੀਟਲ ਕਾਸਟ 10% ਦੇਣ ਅਤੇ ਰਿਫਾਰਮਜ਼ ਕਰਨ ਤਾਂ ਅਸੀਂ ਆਪਣੇ ਵਲੋਂ 40-50 ਲੱਖ ਰੁਪਿਆ ਉਸ ਪਿੰਡ ਨੂੰ ਦੇ ਦੇਵਾਂਗੇ। ਜਿਸ ਪਿੰਡ ਨੇ ਇਸ ਤਰੀਕੇ ਨਾਲ ਪੈਸਾ ਲੈਣਾ ਹੋਵੇ, ਉਸ ਪਿੰਡ ਦੀਆਂ ਸੜਕਾਂ ਵੀ ਠੀਕ ਹੋ ਜਾਣਗੀਆਂ, ਕੋਈ ਗੰਦੀ ਗਲੀ ਜਾਂ ਗੰਦੀ ਨਾਲੀ ਵੀ ਨਹੀਂ ਰਹੇਗੀ। ਪਾਣੀ, ਸੀਵਰੇਜ, ਬਿਜਲੀ ਭਾਵ ਕਿ ਹਰ ਤਰ੍ਹਾਂ ਦੀਆਂ ਸਹੂਲਤਾਂ ਉਸ ਪਿੰਡ ਨੂੰ ਵਧੀਆ ਤਰੀਕੇ ਨਾਲ ਮੁਹੱਈਆ ਹੋ ਜਾਣਗੀਆਂ। ਉਹ ਪਿੰਡ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਕਰ ਸਕੇਗਾ। ਇਸ ਸਕੀਮ ਤਹਿਤ ਅਸੀਂ 2000 ਪਿੰਡਾਂ ਦਾ ਇੰਤਜ਼ਾਮ ਕੀਤਾ ਹੈ। ਇਸੇ ਤਰ੍ਹਾਂ ਸ਼ਹਿਰਾਂ ਦੇ ਵਿਚ ਵੀ ਕੀਤਾ ਹੈ। ਇਹ ਕਹਿੰਦੇ ਹਨ ਕਿ ਪ੍ਰਾਈਵੇਟਾਈਜ਼ੇਸ਼ਨ ਕੀਤੀ ਹੈ। ਪ੍ਰਾਈਵੇਟਾਈਜ਼ੇਸ਼ਨ ਕਿੱਥੇ ਕੀਤੀ ਹੈ ? ਅਸੀਂ ਵਧੀਆ ਸਹੂਲਤਾਂ ਦੇਣੀਆਂ ਹਨ। ਜੋ ਐਸੈਟਸ ਕਰੀਏਟ ਹੋਣਗੇ, ਉਹ ਪਿੰਡਾਂ ਦੀਆਂ ਪੰਚਾਇਤਾਂ ਦੇ ਹੋਣਗੇ। ਸ਼ਹਿਰਾਂ ਅਤੇ ਟਾਊਨਜ਼ ਦੇ ਵਿਚ ਇਹ ਮਿਊਂਸਿਪਲ ਕਮੇਟੀਆਂ ਅਤੇ ਕਾਰਪੋਰੇਸ਼ਨਜ਼ ਦੇ ਹੋਣਗੇ। ਇਹ ਪ੍ਰਾਈਵੇਟਾਈਜ਼ੇਸ਼ਨ ਨਹੀਂ ਹੈ। ਸਾਡੇ ਕੋਲ 300 ਕਰੋੜ ਰੁਪਿਆ ਹੈ। ਉਸ ਪਬਲਿਕ ਫੰਡ ਨੂੰ ਲੀਵਰੇਜ਼ ਕਰਕੇ ਸਾਡੇ ਪਿੰਡਾਂ, ਸ਼ਹਿਰਾਂ ਦਾ ਨਕਸ਼ਾ ਤਿੰਨਾਂ ਸਾਲਾਂ ਦੇ ਵਿਚ ਬਦਲਿਆ ਜਾ ਸਕਦਾ ਹੈ। ਜ਼ਿਆਦਾ ਲੰਬੇ ਸਮੇਂ ਦੀ ਜ਼ਰੂਰਤ ਨਹੀਂ ਪਵੇਗੀ। ਜੋ ਵੀ ਪਿੰਡ ਇਸ ਸਕੀਮ ਦੇ ਤਹਿਤ ਆ ਜਾਣਗੇ, ਉਹ ਇਸ ਤੋਂ ਫਾਇਦਾ ਲੈ ਜਾਣਗੇ ਜੇ ਤੁਹਾਡੇ ਪਿੰਡਾਂ ਨੂੰ ਜ਼ਰੂਰਤ ਨਹੀਂ ਹੈ ਤਾਂ ਨਾ ਲਵੋ। ਉਨ੍ਹਾਂ ਪਿੰਡਾਂ ਦੇ ਲੋਕ ਤੁਹਾਡੇ ਗਲ ਹੀ ਪੈਣਗੇ, ਉਹ ਮੇਰੇ ਗਲ ਨਹੀਂ ਪੈਣਗੇ।

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਸਰ, ਹੁਣ ਮੈਂ ਅਗਲੇ ਪੁਆਇੰਟ ਪੰਜਾਬ ਦੀ ਸਕੂਲ ਐਜੂਕੇਸ਼ਨ ਦੇ ਬਾਰੇ ਬੋਲਣਾ ਚਾਹੁੰਦਾ ਹਾਂ। ਇਹ ਬੜਾ ਦਰਦਨਾਕ ਔਰ ਭਿਆਨਕ ਤੇ ਬੜਾ ਹੀ ਗੰਭੀਰ ਮਾਮਲਾ ਹੈ। ਪੰਜਾਬ ਦੇ ਵਿਚ ਐਜੂਕੇਸ਼ਨ ਦਾ ਹਾਲ ਬੁਰਾ ਹੈ। ਮੈਂ ਇਹ ਗੱਲ ਓਪਨਲੀ ਕਹਾਂਗਾ ਕਿ ਪੰਜਾਬ ਦੀ ਸਕੂਲ ਐਜੂਕੇਸ਼ਨ ਦਾ ਸਿਸਟਮ ਠੀਕ ਨਹੀਂ ਹੈ। ਲੋਕਾਂ ਨੂੰ ਐਜੂਕੇਸ਼ਨ ਡਿਲੀਵਰ ਨਹੀਂ ਹੋ ਰਹੀ। ਮੈਂ ਪਿਛਲੀ ਦਫ਼ਾ ਬੋਲਦਿਆਂ ਹੋਇਆਂ ਵੀ ਕਿਹਾ ਸੀ ਕਿ ਸਾਡੇ ਇੱਥੇ 117 ਐਮ.ਐਲ.ਏਜ਼. ਹਨ। ਕਿਸੇ ਦਾ ਵੀ ਬੱਚਾ ਗੌਰਮਿੰਟ ਸਕੂਲਾਂ ਦੇ ਵਿਚ ਨਹੀਂ ਪੜ੍ਹਦਾ। ਇਨ੍ਹਾਂ ਦੇ ਕੋਈ ਗਰੈਂਡ-ਸਨਜ਼/ਡਾਟਰਜ਼ ਵੀ ਗੌਰਮਿੰਟ ਸਕੂਲਾਂ ਵਿਚ ਨਹੀਂ ਪੜ੍ਹਦੇ। ਕਿਸੇ ਵੀ ਆਈ.ਏ.ਐਸ. ਅਫਸਰ ਦਾ ਬੱਚਾ ਗੌਰਮਿੰਟ ਸਕੂਲਾਂ ਵਿਚ ਨਹੀਂ ਪੜ੍ਹਦਾ। ਇਥੋਂ ਤੱਕ ਕਿ ਜਿਹੜੇ ਟੀਚਰ ਉਥੇ ਪੜ੍ਹਾਉਂਦੇ ਹਨ, ਉਨ੍ਹਾਂ ਦੇ ਬੱਚੇ ਵੀ ਉਥੇ ਨਹੀਂ ਪੜ੍ਹਦੇ। ਮੈਂ ਪ੍ਰੈਸ ਵਾਲਿਆਂ ਨੂੰ ਦੱਸ ਦੇਵਾਂ, ਇਥੇ ਕਾਫੀ ਸ਼ੋਰ ਪਾਇਆ ਗਿਆ ਕਿ ਸਰਕਾਰ ਪ੍ਰਾਈਵੇਟਾਈਜ਼ ਕਰ ਰਹੀ ਹੈ। ਸਾਡੇ ਕੋਲ ਪਹਿਲਾਂ ਪ੍ਰਾਇਮਰੀ ਦੀ 18 ਲੱਖ ਬੱਚਿਆਂ ਦੀ ਫਿਗਰ ਸੀ ਜੋ ਹੁਣ ਘਟ ਕੇ 13 ਲੱਖ ਦੀ ਫਿਗਰ ਰਹਿ ਗਈ ਹੈ। ਮੈਨੂੰ ਖੁਸ਼ੀ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਇਕ ਐਜੂਕੇਸ਼ਨ ਸਬੰਧੀ ਕਮੇਟੀ ਡਿਪਟੀ ਚੀਫ ਮਨਿਸਟਰ, ਬੀਬੀ ਰਾਜਿੰਦਰ ਕੌਰ ਭੱਠਲ ਦੀ ਚੇਅਰਮੈਨਸ਼ਿਪ ਵਿਚ ਬਣਾਈ ਹੈ। ਉਸ ਕਮੇਟੀ ਕੋਲ ਸਾਰੇ ਮੁੱਦੇ ਹਨ। ਇਹ ਬਜਟ ਵਿਚ ਵੀ ਜ਼ਿਕਰ ਕੀਤਾ ਗਿਆ ਹੈ ਕਿ ਸਰਕਾਰ ਕੋਈ ਪ੍ਰਾਈਵੇਟਾਈਜ਼ੇਸ਼ਨ ਵੱਲ ਨਹੀਂ ਜਾ ਰਹੀ, ਨਾ ਹੀ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਾਂ। ਅਸੀਂ ਬਜਟ ਦੇ ਵਿਚ ਪਹਿਲਾਂ ਨਾਲੋਂ ਜ਼ਿਆਦਾ ਪੈਸਾ ਰੱਖਿਆ ਹੈ। ਅਸੀਂ 2,400 ਕਰੋੜ ਰੁਪਿਆ ਰੱਖਿਆ ਹੈ। ਇਹ ਕਹਿੰਦੇ ਹਨ ਕਿ ਅਸੀਂ ਸਿਸਟਮ ਪ੍ਰਾਈਵੇਟਾਈਜ਼ ਕਰ ਰਹੇ ਹਾਂ ਪਰ ਅਸੀਂ ਤਾਂ alternative system of delivery and quality of public goods ਵੱਲ ਜਾ ਰਹੇ ਹਾਂ। ਅਸੀਂ ਕਹਿੰਦੇ ਹਾਂ ਕਿ ਪਬਲਿਕ ਪਾਰਟਨਰਸ਼ਿਪ ਪ੍ਰਾਈਵੇਟ ਦੇ ਨਾਲ ਹੋਣੀ ਚਾਹੀਦੀ ਹੈ। ਇਸ ਉਤੇ ਹਾਲੇ ਸਰਕਾਰ ਦਾ ਕੋਈ ਫੈਸਲਾ ਨਹੀਂ ਹੋਇਆ। ਐਜੂਕੇਸ਼ਨ ਦੇ ਖੇਤਰ ਵਿਚ ਬੜੇ ਪੁਰਾਣੇ ਇੰਸਟੀਚਿਊਟਸ ਹਨ, ਜਿਵੇਂ ਖਾਲਸਾ ਸਕੂਲਜ਼ ਹਨ, ਡੀ.ਏ.ਵੀ. ਸਕੂਲਜ਼ ਹਨ, ਆਰੀਯਾ ਸਕੂਲਜ਼ ਹਨ। ਇਨ੍ਹਾਂ ਦੀ 100-100 ਸਾਲ ਦੀ ਹਿਸਟਰੀ ਹੈ। ਇਸ ਨੂੰ ਅਸੀਂ ਐਕਸਪੈਰੀਮੈਂਟਲ ਬੇਸ ਤੇ ਕੁਝ ਸਕੂਲਾਂ ਵਿਚ ਸ਼ੁਰੂ ਕਰ ਸਕਦੇ ਹਾਂ ਪਰ ਇਸ ਦਾ ਦੂਜਾ ਪੱਖ ਇਹ ਵੀ ਹੈ ਕਿ ਇਨ੍ਹਾਂ ਨੇ ਵੀ ਆਦਰਸ਼ ਸਕੂਲ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ। ਜਦ ਇਨ੍ਹਾਂ ਨੇ ਗੌਰਮਿੰਟ ਸਕੂਲਜ਼ ਵਿਚ ਕੁਆਲਿਟੀ ਆਫ ਐਜੂਕੇਸ਼ਨ ਦੀ ਕਮੀ ਮਹਿਸੂਸ ਕੀਤੀ ਸੀ ਤਾਂ ਆਦਰਸ਼ ਸਕੂਲ ਬਣਾਏ ਗਏ ਸਨ ਪਰ ਉਹ ਵੀ ਫੇਲ੍ਹ ਹੋ ਗਏ। ਇਸ ਦੀ ਰਿਪੋਰਟ ਵੀ ਮੇਰੇ ਕੋਲ ਹੈ। ਇਨ੍ਹਾਂ ਨੇ ਹਰ ਬਲਾਕ ਵਿਚ ਇਕ ਆਦਰਸ਼ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਸੀ। ਪਰ ਇਹ ਸਾਰੇ ਸਕੂਲਜ਼ ਫੇਲ੍ਹ ਹੋ ਗਏ ਸਨ। ਇਨ੍ਹਾਂ ਦੀ ਹਾਲਤ ਹੁਣ ਬੜੀ ਮਾੜੀ ਹੈ। ਇਨ੍ਹਾਂ ਸਕੂਲਾਂ ਦੇ ਵਿਚ ਵੀ ਬੱਚਿਆਂ ਦੀ ਗਿਣਤੀ ਘੱਟ ਗਈ ਹੈ ਔਰ ਲੋਕ ਪ੍ਰਾਈਵੇਟ ਸਕੂਲਾਂ ਵਿਚ ਐਜੂਕੇਸ਼ਨ ਲੈਣ ਲਈ ਜਾ ਰਹੇ ਹਨ। ਇਸੇ ਤਰ੍ਹਾਂ ਹੈਲਥ ਵਿਚ ਹੈ। ਰੋਜ਼ ਕੁਐਸਚਨ ਆਵਰ ਵਿਚ ਮੈਂ ਸੁਣਦਾ ਹਾਂ ਕਿ ਸ਼ਹਿਰਾਂ ਤੋਂ ਦੂਰ ਦੇ ਪਿੰਡਾਂ ਦੇ ਸਕੂਲਾਂ ਵਿੱਚ ਟੀਚਰਜ਼ ਘੱਟ ਹਨ ਅਤੇ ਸ਼ਹਿਰਾਂ ਦੇ ਨੇੜੇ ਵਾਲੇ ਸਕੂਲਾਂ ਵਿਚ ਜ਼ਿਆਦਾ ਟੀਚਰਜ਼ ਲੱਗੇ ਹੋਏ ਹਨ। ਸਟਾਫ਼ ਸਰਪਲੱਸ ਹੈ ਪਰ ਰੂਰਲ ਏਰੀਏ ਵਿੱਚ ਟੀਚਰਜ਼ ਘੱਟ ਲੱਗੇ ਹੋਏ ਹਨ। ਇਹ rationalisation of deployment of teachers ਪਾਲਿਸੀ ਹੈ। ਜਦ ਪਹਿਲਾਂ 18 ਲੱਖ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹ ਰਹੇ

ਸਨ, ਤਾਂ ਉਸ ਸਮੇਂ ਦੀਆਂ ਸੈਂਕਸ਼ਨ ਪੋਸਟਾਂ ਉਸੇ ਤਰ੍ਹਾਂ ਕਾਇਮ ਹਨ। ਹੁਣ 13 ਲੱਖ ਬੱਚਾ ਸਕੂਲਾਂ ਵਿਚ ਰਹਿ ਗਿਆ ਹੈ ਪਰ ਪੋਸਟਾਂ ਹਾਲੇ ਵੀ ਸਟੈਂਡ ਕਰ ਰਹੀਆਂ ਹਨ। ਇਥੇ ਸੈਂਕਸ਼ਨ ਆਫ ਪੋਸਟ ਦਾ ਮੀਨਿੰਗ ਹੀ ਖਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਹੈਲਥ ਦਾ ਦੂਜਾ ਮੁੱਦਾ ਹੈ। ਮੈਂ ਕੱਲ੍ਹ ਅਖਬਾਰ ਵਿਚ ਪੜ੍ਹ ਰਿਹਾ ਸੀ ਕਿ ਹਿੰਦੁਸਤਾਨ ਸਰਵਿਸ ਸੈਕਟਰ ਵਿਚ ਦੁਨੀਆਂ ਵਿਚ ਲੀਡ ਕਰ ਰਿਹਾ ਹੈ। ਹਿੰਦੁਸਤਾਨ ਸਪਲਾਇਰ ਆਫ਼ ਮੈਨ ਪਾਵਰ ਵੀ ਬਣਦਾ ਜਾ ਰਿਹਾ ਹੈ। ਚਾਹੇ ਕਿਸੇ ਮੁਲਕ ਵਿਚ ਟੀਚਰਜ਼ ਜਾਂ ਨਰਸਾਂ ਚਾਹੀਦੀਆਂ ਹੋਣ, ਉਸ ਵਿਚ ਪੰਜਾਬ ਲੀਡ ਕਰ ਰਿਹਾ ਹੈ। ਪੰਜਾਬ ਹੈਲਥ ਸਰਵਿਸ ਸੈਕਟਰ ਵਿਚ ਵੀ ਲੀਡ ਕਰ ਰਿਹਾ ਹੈ। ਮੈਨੂੰ ਬੜੀ ਖੁਸ਼ੀ ਹੈ ਕਿ ਬਜਟ ਦੇ ਵਿਚ ਮੈਂ ਇਸ ਚੀਜ਼ ਨੂੰ ਮਿਸ ਕਰ ਗਿਆ ਸੀ ਪਰ ਇਥੇ ਬੀਬੀ ਉਪਿੰਦਰਜੀਤ ਕੌਰ ਨੇ ਹਾਊਸ ਵਿਚ ਮੇਰੀ ਅਟੈਂਸ਼ਨ ਇਸ ਵੱਲ ਦਿਵਾਈ ਸੀ ਅਤੇ ਕਿਹਾ ਸ਼ੀ ਕਿ ਮੈਨ ਪਾਵਰ ਪਾਲਿਸੀ ਦੀ ਰੀਫਲੈਕਸ਼ਨ ਇਸ ਬਜਟ ਵਿਚ ਨਹੀਂ ਹੈ। ਇਸ ਦੀ ਬਜਟ ਵਿਚ ਕੋਈ ਪ੍ਰੋਵੀਜ਼ਨ ਨਹੀਂ ਹੈ ਪਰ ਹੁਣ ਇਹ ਸਪਲੀਮੈਂਟਰੀ ਡਿਮਾਂਡ ਦੇ ਵਿਚ ਆ ਸਕਦੀ ਹੈ। ਮੈਂ ਇਤਨਾ ਕਹਿੰਦਾ ਹਾਂ ਕਿ 50% ਤੋਂ 60% ਬੰਦੇ ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਵਿਚ ਮੈਨ ਪਾਵਰ ਵਜੋਂ ਗਏ ਹੋਏ ਹਨ। ਮੈਨ ਪਾਵਰ ਵਿਚ ਤਾਂ ਅਸੀਂ ਵੀ ਪਿਛੇ ਨਹੀਂ ਰਹਿਣ ਵਾਲੇ। ਮੈਂ ਕਹਿੰਦਾ ਹਾਂ ਕਿ 20% of the global flow of service sector belongs to India. ਇਸ ਕਰਕੇ ਅਸੀਂ ਇਸ ਸੈਕਟਰ ਨੂੰ ਕਿਵੇਂ ਹੈਂਡਲ ਕਰਨਾ ਹੈ, Smt. Rajinder Kaur Bhattal has been discussing with both the HRD Ministers, and last time she was telling she discussed it with Prime Minister of India who is also equally worried. ਫਾਰਚੂਨੇਟਲੀ ਜਿਹੜਾ ਸੈਸ, ਐਜੂਕੇਸ਼ਨ ਸੈਸ ਗੌਰਮਿੰਟ ਆਫ ਇੰਡੀਆ ਨੇ 2% ਇਕੱਠਾ ਕੀਤਾ, ਉਹ 7,000 ਕਰੋੜ ਰੁਪਿਆ ਉਨ੍ਹਾਂ ਕੋਲ ਇਕੱਠਾ ਹੋਇਆ ਪਿਆ ਹੈ ਪਰ ਅੱਜ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਇਸ ਨੂੰ ਕਿਵੇਂ ਵਰਤੀਏ। ਉਸ ਵਿਚੋਂ 300-400 ਕਰੋੜ ਸਾਨੂੰ ਪੰਜਾਬ ਨੂੰ ਵੀ ਮਿਲੇਗਾ। ਫੈਸਲਾ ਸਿਰਫ ਉਨ੍ਹਾਂ ਨੇ ਇਹ ਕਰਨਾ ਹੈ ਕਿ ਐਜੂਕੇਸ਼ਨ ਡਿਲੀਵਰੀ ਕਿਸ ਤਰ੍ਹਾਂ ਦੀ ਹੋਵੇ ਕਿਉਂਕਿ ਟੀਚਰ ਐਜੂਕੇਸ਼ਨ ਡਿਲੀਵਰ ਨਹੀਂ ਕਰ ਰਿਹਾ। The quality of teachers has decreased ਅੱਜ ਨੰਬਰ ਆਫ਼ ਸਟੂਡੈਂਟ ਅਤੇ ਟੀਚਰ ਦੇਖ ਲਓ ਸਾਰੇ ਹਿੰਦੁਸਤਾਨ ਵਿਚ, ਹਾਲਾਂਕਿ ਇਹ ਪੰਜਾਬ ਵਿਚ ਹਾਈਐਸਟ ਹੈ। ਫਿਰ ਵੀ ਸਾਡੇ ਜਿਹੜੇ 4 ਮੁੱਦੇ ਹਨ, ਉਨ੍ਹਾਂ ਤੇ ਅਸੀਂ ਨਵਾਂ ਮਾਡਲ, ਜ਼ਰੂਰੀ ਨਹੀਂ ਕਿ ਪ੍ਰਾਈਵੇਟਾਈਜ਼ ਹੋਵੇ, ਅਸੀਂ ਜਿਹੜੇ ਇਕ ਪਾਰਟੀਕੁਲਰ ਸਿਸਟਮ ਨਾਲ ਹੁਣ ਵੀ ਜਾ ਰਹੇ ਹਾਂ, ਅਸੀਂ ਉਸਦੀ ਵੀ ਘੋਖ ਕਰ ਰਹੇ ਹਾਂ ਤੇ ਉਮੀਦ ਹੈ ਕਿ ਅਸੀਂ 3-4 ਮਾਡਲ ਡਿਫਰੈਂਟ-ਡਿਫਰੈਂਟ ਡਿਸਟ੍ਰਿਕਟਸ ਵਿਚ ਲਿਆਈਏ, ਜਿਸ ਨਾਲ ਸਾਰਿਆਂ ਦਾ ਐਕਸਪੈਰੀਮੈਂਟ ਹੋ ਜਾਵੇ। ਬੜੀਆਂ ਬੜੀਆਂ ਕੰਪਨੀਆਂ, ਮਿਸਾਲ ਦੇ ਤੌਰ ਤੇ ਵਿਪਰੋ ਦੇ ਮਾਲਕ, the richest man of India, ਸ਼੍ਰੀ ਅਜ਼ੀਮ ਪ੍ਰੇਮਜੀ ਨੂੰ ਵੀ ਮੈਂ ਸਾਡੇ ਐਜੂਕੇਸ਼ਨ ਮੰਤਰੀ ਹਰਨਾਮ ਦਾਸ ਜੌਹਰ ਜੀ ਨਾਲ ਮਿਲਾਇਆ ਸੀ। ਇਸ ਇਕੱਲੇ ਇਨਸਾਨ ਨੇ 700 ਕਰੋੜ ਰੁਪਿਆ ਇਸ ਸਾਲ ਪ੍ਰਾਇਮਰੀ ਐਜੂਕੇਸ਼ਨ ਤੇ ਖਰਚਿਆ ਹੈ। ਇਹ ਉਸਦਾ ਕੰਮ ਹੈ, ਉਸ ਨੇ ਜਿੰਨੀ ਵੀ ਮੈਨ ਪਾਵਰ ਪੈਦਾ ਕਰਨੀ ਹੈ, ਉਹ ਆਈ.ਟੀ. ਇੰਡਸਟਰੀ ਵਿਚ ਭੇਜਣੀ ਹੈ, ਉਹ ਸ਼ੁਰੂਆਤ ਤੋਂ ਹੀ ਪੈਦਾ ਕਰਨੀ ਹੈ। ਇਹ ਵੀ ਉਨ੍ਹਾਂ ਨੂੰ ਮਿਲ ਚੁਕੇ ਹਨ ਤੇ ਉਸਨੂੰ ਇਥੇ ਲਿਆਉਣ ਦੀ ਵੀ ਕੋਸ਼ਿਸ਼

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਜਾਰੀ ਹੈ। ਉਹ ਪੈਸਾ ਸਾਰਾ ਆਪ ਲਗਾਏਗਾ ਤੇ ਉਮੀਦ ਹੈ ਕਿ ਜੋ ਅਸੀਂ ਐਕਸਪੈਰੀਮੈਂਟ ਕਰਨ ਜਾ ਰਹੇ ਹਾਂ ਕਿ ਸਕੂਲਾਂ ਦੀ ਐਜੂਕੇਸ਼ਨ ਬੇਹਤਰ ਹੋਵੇ, ਉਸ ਵਿੱਚ ਸਫਲ ਹੋਵਾਂਗੇ ਕਿਉਂਕਿ ਜੇ ਐਜੂਕੇਸ਼ਨ ਰਿਸੋਰਸਿਜ ਹੋਣਗੇ ਤਾਂ ਕੋਈ ਦਿੱਕਤ ਨਹੀਂ ਹੋਵੇਗੀ। ਬੰਦਾ ਉਸ ਤੋਂ ਬਾਅਦ ਨੌਕਰੀ ਵੀ ਆਪਣੇ ਆਪ ਲੱਭ ਲੈਂਦਾ ਹੈ।

**ਇੱਕ ਆਵਾਜ਼ :** ਇਹ ਵੀ ਠੇਕੇਦਾਰੀ ਹੀ ਹੈ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਇਹ ਠੇਕੇਦਾਰੀ ਕਹਿਣ ਤੋਂ ਹਟ ਜਾਉ। ਇਹ ਕੋਈ ਠੇਕੇਦਾਰੀ ਨਹੀਂ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਵਿੱਚ ਜਿਹੜੇ ਠੇਕੇ ਆਉਂਦੇ ਹਨ, ਉਸ ਦੀ ਲੋੜ ਨਹੀਂ ਰਹਿਣੀ।

**ਇਕ ਆਵਾਜ਼ :** ਸਰਕਾਰ ਦੀ ਹੀ ਲੋੜ ਨਹੀਂ ਰਹਿਣੀ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਉਹ ਤਾਂ ਤੁਹਾਡੀ ਲੋੜ ਨਹੀਂ ਰਹਿਣੀ।

**Mr. Speaker :** Please address the Chair.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਠੀਕ ਹੈ ਜੀ। ਸਰ, ਡਿਵੈਲਪਮੈਂਟ ਦੇ ਜਿਹੜੇ ਗੋਲਜ਼ ਵਿਜ਼ਨ ਵਿੱਚ ਰੱਖੇ ਹਨ, ਉਨ੍ਹਾਂ ਨੂੰ ਅਚੀਵ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਇਨ੍ਹਾਂ ਨਵੀਆਂ ਮਾਡਲ ਪਾਲਿਸੀਜ਼ ਦਾ ਇਸਤੇਮਾਲ ਹੋਵੇ ਜਿਸ ਨਾਲ ਜਿਹੜੀ ਸਾਡੀ ਡਿਵੈਲਪਮੈਂਟ ਦੀ ਸਪੀਡ ਹੈ, ਉਹ ਵੀ ਵੱਧ ਜਾਵੇ ਔਰ ਪੰਜਾਬ ਦੀ ਇਕਾਨਮੀ ਇਕ ਮੋਸਟ ਡਿਵੈਲਪਡ ਇਕਾਨਮੀ ਹੋਵੇ। ਪੰਜਾਬ ਦੀ ਇਕਾਨਮੀ ਸਭ ਤੋਂ ਜ਼ਿਆਦਾ ਗਲੋਬਲਾਈਜ਼ ਹੋਵੇ, ਜਿਸ ਨਾਲ ਸਾਡੀ ਐਗਰੀਕਲਚਰ ਵੀ ਵਧੇਗੀ, ਇੰਡਸਟਰੀ ਵੀ ਵਧੇਗੀ। ਥੋੜ੍ਹਾ ਜਿਹਾ ਸਰ, ਇੰਡਸਟਰੀ ਤੇ ਬੋਲ ਕੇ ਮੈਂ ਆਖਿਰ ਵਿੱਚ ਇਨ੍ਹਾਂ ਦੇ, ਅਕਾਲੀ ਦਲ ਦੀ ਸਰਕਾਰ ਦੇ ਬਜਟ ਹੀ ਕੋਟ ਕਰਦਾ ਹਾਂ। ਕੋਈ ਇਕ ਇੰਡਸਟਰੀ ਦਾ ਇਹ ਨਾਂ ਲੈ ਕੇ ਕਹਿ ਦੇਣ ਜਿਹੜੀ ਇਹ 5 ਸਾਲ ਵਿੱਚ ਲਿਆਏ ਹੋਣ। ਬਠਿੰਡਾ ਰਿਫਾਈਨਰੀ ਦਾ ਵਾਰ ਵਾਰ ਜ਼ਿਕਰ ਹੋਇਆ ਹੈ, ਪਿਛਲੇ ਸੈਸ਼ਨ ਵਿੱਚ ਵੀ ਹੋਇਆ ਸੀ ਔਰ ਮੈਂ ਇਹ ਚੈਲੰਜ ਕੀਤਾ ਸੀ, ਚਿੱਠੀ ਦੇ ਥਰੂ, ਬਠਿੰਡਾ ਦੇ ਜਰਨਲਿਸਟਾਂ ਨੂੰ ਦਿਖਾਈ ਵੀ ਸੀ ਤੇ ਜਰਨਲਿਸਟ ਭਰਾਵਾਂ ਨੂੰ ਇਹ ਵੀ ਕਿਹਾ ਸੀ ਕਿ ਜਰਨਲਿਸਟ ਭਰਾਓ, ਤੁਸੀਂ enemy of truth ਨਾ ਬਣੋ। ਉਹ ਚਿੱਠੀ ਦੇਖ ਕੇ ਕਹਿਣ ਲੱਗੇ ਕਿ ਕੀ ਕਰੀਏ, ਤੁਹਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਬੋਲਦੇ ਹਨ। ਮੈਂ ਕਿਹਾ ਕਿ ਚਿੱਠੀ ਮੈਂ ਉਪਰੋਂ ਲਿਆਇਆ ਹਾਂ। ਪੁੱਛਣ ਲਗੇ ਕਿ ਕੀ ਤੁਸੀ ਡਿਪਟੀ ਪ੍ਰਾਈਮ ਮਨਿਸਟਰ ਸੀ ? ਮੈਂ ਕਿਹਾ ਕਿ ਮੈਂ ਉਥੇ ਬੋਲਣ ਵਾਲਾ ਐਮ.ਪੀ. ਸੀ, ਇਨ੍ਹਾਂ ਦੇ ਤਾਂ ਗੁੰਗੇ ਬਹਿਰੇ ਐਮ.ਪੀ. ਸੀ, ਜਿਹੜੇ ਲਿਆ ਨਹੀਂ ਸਕੇ। ਮੈਨੂੰ ਇਹ ਵੀ ਕਲੇਮ ਹੈ, ਕੱਲ੍ਹ ਸਵਾਲ ਵਿੱਚ ਵੀ ਇਨ੍ਹਾਂ ਨੇ ਬਠਿੰਡਾ ਰਿਫਾਈਨਰੀ ਬਾਰੇ ਪੁਛਿਆ ਸੀ ਕਿ 3 ਸਾਲ ਹੋ ਗਏ ਹਨ, ਤੁਸੀਂ ਬਣਾਈ ਕਿਉਂ ਨਹੀਂ ? ਇਨ੍ਹਾਂ ਨੇ ਬੜਾ ਜਾਇਜ਼ ਕੁਐਸਚਨ ਕੀਤਾ ਸੀ ਕਿ ਤਿੰਨ

ਸਾਲ ਹੋ ਗਏ ਹਨ, ਇਹ ਰਿਫਾਈਨਰੀ ਅਜੇ ਤੱਕ ਬਣਾਈ ਕਿਉਂ ਨਹੀਂ। ਮੈਨੂੰ ਬੜੀ ਖੁਸ਼ੀ ਹੋਈ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਜਵਾਬ ਦਿੱਤਾ ਕਿ ਅਸੀਂ 10 ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਵਾਸਤੇ ਅਤੇ ਕਿਸੇ ਕੰਪਨੀ ਨੂੰ ਬੈਨੀਫਿਟ ਦੇਣ ਵਾਸਤੇ ਪੰਜਾਬ ਦੇ ਫੰਡਜ਼ ਦਾ ਜਾਂ ਸੇਵਿੰਗਜ਼ ਦਾ ਦੁਰਉਪਯੋਗ ਨਹੀਂ ਕੀਤਾ ਹੈ। ਮੈਂ ਵੀ ਆਪਣਾ ਰਾਈਟ ਐਕਸਰਸਾਈਜ਼ ਕਰਨਾ ਚਾਹੁੰਦਾ ਹਾਂ। ਮੈਂ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1997 ਵਿੱਚ ਇਹ ਰਿਫਾਈਨਰੀ ਆ ਗਈ। ਉਦੋਂ ਦਿੱਲੀ ਵਿੱਚ ਇਨ੍ਹਾਂ ਦੀ ਭਾਈਵਾਲ ਸਰਕਾਰ ਸੀ ਅਤੇ ਪੰਜਾਬ ਵਿੱਚ ਇਹ ਆਪ ਮੁੱਖ ਮੰਤਰੀ ਸਨ। ਫਿਰ ਉਨ੍ਹਾਂ 5 ਸਾਲਾਂ ਵਿੱਚ ਇਹ ਰਿਫਾਈਨਰੀ ਕਿਉਂ ਨਹੀਂ ਲੱਗੀ ਜਦ ਕਿ ਸਿਰਫ ਢਾਈ ਸਾਲਾਂ ਵਿੱਚ ਇਹ ਲੱਗ ਜਾਂਦੀ ਹੈ। ਕੀ ਇਸ ਦਾ ਜਵਾਬ ਇਹ ਪੰਜਾਬ ਦੇ ਲੋਕਾਂ ਨੂੰ ਦੇਣਗੇ ? ਹੁਣ ਤੁਸੀਂ ਸਾਡੇ ਸੀ.ਐਮ. ਤੋਂ ਪੁੱਛਦੇ ਹੋ ਕਿ ਪਿਛਲੇ 3 ਸਾਲਾਂ ਵਿੱਚ ਕਿਉਂ ਨਹੀਂ ਲੱਗੀ। ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਇਨ੍ਹਾਂ ਦੇ 5 ਸਾਲਾਂ ਵਿੱਚ ਇਹ ਕਿਉਂ ਨਹੀਂ ਲੱਗੀ। ਕੱਲ੍ਹ ਇਹ ਪੁੱਛ ਰਹੇ ਸੀ ਕਿ ਇਸ ਦੇ ਲੇਟ ਲੱਗਣ ਨਾਲ ਕਿੰਨਾ ਨੁਕਸਾਨ ਹੋਵੇਗਾ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ 5 ਸਾਲਾਂ ਵਿੱਚ ਇਹ ਕਿਉਂ ਨਹੀਂ ਲੱਗੀ। ਇਹ ਇਨ੍ਹਾਂ ਦੀਆਂ ਕਰਤੂਤਾਂ ਕਰਕੇ ਨਹੀਂ ਲੱਗੀ। ਐਚ.ਪੀ.ਸੀ.ਐਲ. ਇਕੱਲੀ ਇਹ ਪ੍ਰਾਜੈਕਟ ਲਗਾਉਣਾ ਚਾਹੁੰਦੀ ਸੀ। ਇਨ੍ਹਾਂ ਨੇ ਕਿਹਾ ਕਿ ਪੀ.ਐਸ.ਆਈ.ਡੀ.ਸੀ. ਇਸ ਦੇ ਵਿੱਚ ਹਿੱਸੇਦਾਰ ਹੋਵੇਗੀ। ਜਿਸ ਵੇਲੇ ਪੀ.ਐਸ.ਆਈ.ਡੀ.ਸੀ. ਦਾ ਨਾਂ ਸੁਣਿਆ ਤਾਂ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ ਅਰਾਮਕੋ, ਜਿਹੜੀ ਇਸ ਰਿਫਾਈਨਰੀ ਨੂੰ ਲਗਾਉਣ ਲੱਗੀ ਸੀ, ਭੱਜ ਗਈ। ਇਸ ਰਿਫਾਈਨਰੀ ਵਿੱਚ ਪੀ.ਐਸ.ਆਈ.ਡੀ.ਸੀ. ਠੇਕਾ ਲੈਣਾ ਚਾਹੁੰਦੀ ਸੀ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਤੁਹਾਡੇ ਆਪਣੇ ਕੋਲ ਪੈਸਾ ਨਹੀਂ ਸੀ ਤਾਂ ਲੋਨ ਲੈ ਕੇ ਉਸ ਵਿੱਚ ਹਿੱਸੇਦਾਰ ਬਣਨ ਦੀ ਤੁਹਾਨੂੰ ਕੀ ਲੋੜ ਸੀ ?

**ਮਾਨਯੋਗ ਸਪੀਕਰ :** ਬਾਰ ਬਾਰ ਤੁਹਾਨੂੰ ਤੁਹਾਨੂੰ ਨਾ ਕਰੋ। Address the Chair.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਸੌਰੀ, ਸਰ। ਅਗਰ ਇਕ ਵੀ ਫੈਕਟ ਗਲਤ ਹੋਵੇ ਤਾਂ ਇਹ ਮੈਨੂੰ ਦੱਸ ਦੇਣ। ਮੈਂ ਬੜੀ ਜ਼ਿਮੇਂਵਾਰੀ ਨਾਲ ਇਹ ਗੱਲ ਕਹਿ ਰਿਹਾ ਹਾਂ। ਮੈਂ ਸਾਰਾ ਕੁਝ ਕੱਲ੍ਹ ਹੀ ਪੇਸ਼ ਕਰ ਦਿਆਂਗਾ। ਮੈਂ ਕਿਸੇ ਵੀ ਗੱਲ ਵਿੱਚ ਝੂਠ ਨਹੀਂ ਬੋਲਾਂਗਾ। ਕੌਣ ਕਹਿੰਦਾ ਹੈ ਕਿ ਇਹ ਫੈਕਟਰੀ ਤੁਸੀਂ ਲਿਆਏ ਹੋ। ਸਰਦਾਰ ਹਰਚਰਨ ਸਿੰਘ ਬਰਾੜ ਦਿੱਲੀ ਗਏ ਸੀ। ਮੈਂ ਵੀ ਨਾਲ ਸੀ ਅਤੇ ਉਦੋਂ ਕੈਪਟਨ ਸਤੀਸ਼ ਸ਼ਰਮਾ ਨੇ ਇਸ ਦੀ ਲੈਟਰ ਆਫ ਇਨਟੈਂਟ ਦਿੱਤੀ ਸੀ। ਸੱਚ ਬੋਲਣ ਦੀ ਆਦਤ ਪਾਓ। ਇਨ੍ਹਾਂ ਨੇ ਆਪਣੇ 5 ਸਾਲਾਂ ਵਿੱਚ ਇਹ ਰਿਫਾਈਨਰੀ ਕਿਉਂ ਨਹੀਂ ਲਗਾਈ। ਇਸ ਡਿਲੇਅ ਕਾਰਣ ਹਜ਼ਾਰਾਂ ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ। ਕਿਸੇ ਹੋਰ ਮੁਲਕ ਦਾ ਕਾਨੂੰਨ ਇਥੇ ਲਾਗੂ ਹੁੰਦਾ ਤਾਂ ਅੱਜ ਇਹ ਸਾਰੇ ਜੇਲ੍ਹਾਂ ਵਿੱਚ ਹੁੰਦੇ। ਡਿਲੇਅ ਕਰਕੇ ਇਨ੍ਹਾਂ ਨੇ ਸਟੇਟ ਦਾ ਕਿੰਨਾ ਨੁਕਸਾਨ ਕੀਤਾ। ਇਹ ਸਿਰਫ ਅਰਾਮਕੋ ਵਿੱਚ ਪੀ.ਐਸ.ਆਈ.ਡੀ.ਸੀ. ਨੂੰ ਹਿੱਸੇਦਾਰ ਬਣਾਉਣ ਦੇ ਚੱਕਰ ਵਿੱਚ ਕੀਤਾ। ਫਿਰ ਕਹਿੰਦੇ ਹਨ ਕਿ ਨੌਕਰੀਆਂ ਪੈਦਾ ਕਰੋ। ਅੱਜ ਪੰਜਾਬ ਇਹੋ ਜਿਹੀਆਂ ਕੰਪਨੀਆਂ ਲਿਆਉਣ ਵਿੱਚ ਬਹੁਤ ਅੱਗੇ ਹੈ। ਮੈਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਜਦੋਂ ਮੈਂ ਸਰਦਾਰ ਦਰਬਾਰਾ ਸਿੰਘ ਦਾ ਪੁਲੀਟੀਕਲ ਸੈਕਟਰੀ ਹੁੰਦਾ ਸੀ ਤਾਂ ਦੇਸ਼ ਵਿੱਚ ਸਭ ਤੋਂ ਪਹਿਲੀ ਆਈ.ਟੀ. ਕੰਪਨੀ ਪੀ.ਐਸ.ਈ.ਐਲ. ਪੰਜਾਬ ਵਿੱਚ ਆਈ ਸੀ। ਇਹ ਗੱਲ ਵੱਖਰੀ ਹੈ ਕਿ ਕਈ ਕਾਰਣਾਂ ਕਰਕੇ ਇਸ ਦੀ ਗਰੋਥ ਨਹੀਂ ਹੋ ਸਕੀ ਜਦ ਕਿ ਇਕੱਲੇ ਬੰਗਲੌਰ ਵਿੱਚ 22 ਹਜ਼ਾਰ ਕਰੋੜ ਰੁਪਏ ਦਾ ਰੈਵੇਨਿਊ ਇਹ ਇੰਡਸਟਰੀ ਪੈਦਾ ਕਰਦੀ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਇਥੇ ਕੰਪਨੀ ਆਫਟਰ ਕੰਪਨੀ ਆ ਰਹੀ ਹੈ। ਤੁਹਾਨੂੰ ਅੰਦਾਜ਼ਾ ਹੋਵੇਗਾ ਕਿ ਪਿਛਲੇ ਡੇਢ ਸਾਲ ਵਿੱਚ 10 ਹਜ਼ਾਰ ਨੌਕਰੀਆਂ ਦੇ ਅਵਸਰ ਪੈਦਾ ਹੋ ਗਏ ਹਨ। ਟੀ.ਸੀ.ਐਸ., ਵਿਪਰੋ ਅਤੇ ਇਨਫੋਸਿਸ ਇਥੇ ਆ ਰਹੀਆਂ ਹਨ। ਇੰਪਾਵਰਡ ਕਮੇਟੀ ਇਥੇ 8 ਹਜ਼ਾਰ ਕਰੋੜ ਰੁਪਏ ਦੇ ਪ੍ਰਾਜੈਕਟ ਲਿਆਈ ਹੈ। ਇਸ ਦੇ ਵਿੱਚ ਟੈਕਸਟਾਈਲ ਦੇ ਪ੍ਰਾਜੈਕਟਸ ਵੀ ਸ਼ਾਮਲ ਹਨ। ਬਹੁਤ ਵੱਡੀ ਹੈਰਾਨੀ ਹੁੰਦੀ ਹੈ ਜਦੋਂ ਪਤਾ ਲੱਗਦਾ ਹੈ ਕਿ ਨਿਊ ਯਾਰਕ ਵਿੱਚ ਸ਼ੰਕਰ ਕਾਟਨ ਮਿੱਲ, ਗੁਜਰਾਤ ਦਾ ਬਣਿਆ ਹੋਇਆ ਪ੍ਰੋਡਕਟ ਵਿਕ ਰਿਹਾ ਹੈ। ਜੇ ਸ਼ੰਕਰ ਕਾਟਨ ਮਿੱਲ ਦਾ ਪ੍ਰੋਡਕਟ ਇੰਟਰਨੈਸ਼ਨਲ ਮਾਰਕੀਟ ਵਿੱਚ ਜਾ ਕੇ ਜੈ.ਸੀ. ਪੈਨੀ ਵਿੱਚ ਵਿਕਦਾ ਹੈ ਤਾਂ ਹੋਰ ਵੀ ਕੰਪਨੀਆਂ ਜ਼ੈ.ਸੀ. ਪੈਨੀ ਅਤੇ ਵਾਲਮਾਰਟ ਨੂੰ ਮਾਲ ਵੇਚਦੀਆਂ ਹਨ। ਉਹ ਦਿਨ ਦੂਰ ਨਹੀਂ ਜਦੋਂ ਲੋਕ ਗੱਲਾਂ ਕਰਨਗੇ ਕਿ ਇਹ ਬਠਿੰਡਾ ਦੀ ਬਣੀ ਹੋਈ ਕਾਟਨ ਸ਼ਰਟ ਹੈ, ਇਹ ਅਮਰੀਕਾ ਵਿੱਚ ਵਿਕਦੀ ਹੈ। ਇਹ ਤਦ ਹੋਵੇਗਾ ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਦੇ ਵੇਲੇ 7.5 ਲੱਖ ਬੇਲ ਸੀ, ਅੱਜ ਉਹ ਬੇਲਜ਼ 22 ਲੱਖ ਤੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਹ 30 ਲੱਖ ਬੇਲਜ਼ ਹੋਵੇਗੀ। ਇਸ ਤਰ੍ਹਾਂ ਸੀ.ਐਮ. ਸਾਹਿਬ ਲੱਗੇ ਹੋਏ ਹਨ, ਇਹ ਖੁਦ ਦੱਸਣ ਤਾਂ ਬਿਹਤਰ ਹੈ। ਚਾਰ ਟੈਕਸਟਾਈਲ ਹਾਊਸ ਏਥੇ ਆ ਰਹੇ ਹਨ। ਇਹ ਤਕਰੀਬਨ ਦੋ ਲੱਖ ਨੌਕਰੀਆਂ ਏਥੇ ਆਪਣੇ ਆਪ ਵਿੱਚ ਪੈਦਾ ਕਰਨਗੇ ਔਰ ਸਾਰਾ ਮਾਲ ਗਲੋਬਲ ਮਾਰਕੀਟ ਨੂੰ ਉਹ ਵੇਚਣਗੇ। ਆਲਰੇਡੀ ਦੋ ਤਿੰਨ ਕੰਪਨੀਆਂ ਇਥੇ ਹਨ। ਇਸੇ ਤਰ੍ਹਾਂ ਕੋਰ ਕੰਪੀਟੈਂਸ ਹੋਰ ਸੈਕਟਰ ਵਿੱਚ ਵੀ ਹੈ। ਜਿਵੇਂ ਅੱਜ ਹੀ ਲਾਈਟ ਇੰਜੀਨੀਅਰਿਂਗ ਬਾਰੇ ਕਿਹਾ ਗਿਆ ਹੈ। ਮੈਨੂੰ ਖੁਸ਼ੀ ਹੁੰਦੀ ਹੈ ਇਹ ਦੱਸ ਕੇ ਕਿ ਅਸ਼ੋਕ ਲੇਅ ਲੈਂਡ ਔਰ ਡੀਫੈਂਸ ਮਨਿਸਟਰੀ ਦਾ ਜੁਆਇੰਟ ਓਨਰਸ਼ਿਪ ਥੱਲੇ ਬਹੁਤ ਵੱਡਾ ਪ੍ਰੋਜੈਕਟ ਹੈ। ਜਿਹੜੇ ਆਰਮੀ ਨੂੰ ਟਰੈਕਟਰਜ਼ ਦੇਣਗੇ। ਉਸਦੀ ਇਨਵੈਸਟਮੈਂਟ ਪੰਜ ਹਜ਼ਾਰ ਕਰੋੜ ਰੁਪਏ ਦੀ ਹੋਵੇਗੀ। ਉਹ ਪ੍ਰੋਜੈਕਟ ਵੀ ਏਥੇ ਜਲਦੀ ਹੀ ਆ ਜਾਵੇਗਾ। ਇਸੇ ਤਰ੍ਹਾਂ ਅਸੀਂ ਰਤਨ ਟਾਟਾ ਨਾਲ ਇਨਟੱਚ ਹਾਂ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਹ ਇੰਡੀਕਾ ਕਾਰ ਦਾ ਕਾਰਖਾਨਾ ਲਾਉਣ। ਉਹ ਕਾਰਖਾਨਾ ਲਾਉਣਾ ਮੰਨ ਗਏ ਹਨ। ਉਹ ਇਸ ਦੀ ਫਿਜ਼ੀਬਿਲਟੀ ਸਟੱਡੀ ਕਰ ਰਹੇ ਹਨ। ਗੱਲ ਇਹ ਹੈ ਕਿ ਜਦੋਂ ਤੱਕ ਇੰਡਸਟਰਲਾਈਜ਼ੇਸ਼ਨ ਨਹੀਂ ਕਰੋਗੇ, ਉਦੋਂ ਤੱਕ ਕੁਝ ਨਹੀਂ ਹੋਣਾ। ਸਪੀਕਰ ਸਾਹਿਬ, ਇਕ ਥੋੜ੍ਹਾ ਜਿਹਾ ਮੈਂ ਹੋਰ ਦੱਸਣਾ ਚਾਹੁੰਦਾ ਹਾਂ, ਇਹ ਕਹਿੰਦੇ ਹਨ ਇਹ ਪੰਜਾਬ ਦੇ ਇੰਟ੍ਰਸਟ ਵਿੱਚ ਜਾਗ੍ਰਤ ਹਨ। ਜਦੋਂ ਵਾਜਪਾਈ ਸਾਹਿਬ ਨੇ ਸਪੈਸ਼ਲ ਐਕਸਾਈਜ਼ ਕਨਸੈਸ਼ਨ, ਇਨਕਮ ਟੈਕਸ ਕਨਸੈਸ਼ਨ ਹਿਮਾਚਲ ਪ੍ਰਦੇਸ਼ ਔਰ ਉਤਰਾਂਚਲ ਨੂੰ ਦਿੱਤੇ ਤਾਂ ਇਹ ਸੌਂ ਰਹੇ ਸਨ। ਇਕ ਵੀ ਮੀਟਿੰਗ ਇਹ ਉਨ੍ਹਾਂ ਨਾਲ ਕਰਕੇ ਆਏ ਕਿ ਤੁਸੀਂ ਅਜਿਹਾ ਨਾ ਕਰੋ ਤਾਂ ਦੱਸ ਦੇਣ? ਵਾਜਪਾਈ ਸਾਹਿਬ ਨੂੰ ਰਾਈਟ ਹੈ ਕਿ ਹਿੰਦੁਸਤਾਨ ਦੀ ਫਿਸਕਲ ਪਾਲਿਸੀ ਦਾ ਉਹ ਪਰਾਪਰਲੀ ਯੂਜ਼ ਕਰਨ ਪਰ ਵਾਜਪਾਈ ਸਾਹਿਬ ਜਾਂ ਦੂਜੇ ਕਿਸੇ ਪ੍ਰਾਇਮ ਮਨਿਸਟਰ ਨੂੰ ਹਿੰਦੁਸਤਾਨ ਦੀ ਫਿਸਕਲ ਪਾਲਿਸੀ ਦਾ ਮਿਸਯੂਜ਼ ਕਰਨ ਦਾ ਕੋਈ ਹੱਕ ਨਹੀਂ। ਇਕ ਸਟੇਟ ਨੂੰ ਫਾਇਦਾ ਦਿੱਤਾ ਜਾਵੇ ਅਤੇ ਦੂਜੀ ਨੂੰ ਨੁਕਸਾਨ ਪਹੁੰਚੇ ਤਾਂ ਇਹ

ਕਿੱਥੋਂ ਤੱਕ ਠੀਕ ਹੈ। ਮੈਂ ਏਥੇ ਮੈਨਸ਼ਨ ਕਰਾਂਗਾ ਕਿ ਮੇਰੇ ਕੋਲ ਸੁਖਬੀਰ ਬਾਦਲ ਦੀ ਸਪੀਚ ਹੈ। ਉਨ੍ਹਾਂ ਨੇ ਬੜਾ ਸੋਚ ਸਮਝ ਕੇ ਇਸ ਪਾਲਿਸੀ ਨੂੰ ਆਪੋਜ਼ ਕੀਤਾ ਸੀ। He opposed in the recent Lok Sabha debate ਕਿ ਇਹ ਨਹੀਂ ਹੋਣਾ ਚਾਹੀਦਾ। ਸਾਨੂੰ ਕੋਈ ਇਤਰਾਜ ਨਹੀਂ। ਪ੍ਰਧਾਨ ਮੰਤਰੀ ਅੱਜ ਵੀ ਜਾਂ ਕੱਲ੍ਹ ਜਿਹੜਾ ਸੀ ਅਗਰ ਹਿਮਾਚਲ ਡਿਵੈਲਪਡ ਨਹੀਂ ਤਾਂ ਉਨ੍ਹਾਂ ਨੂੰ 5,000 ਕਰੋੜ ਰੁਪਿਆ ਦਿੰਦਾ ਹੈ ਤਾਂ ਠੀਕ ਹੈ ਪਰ ਉਨ੍ਹਾਂ ਨੂੰ ਇਹ ਰਾਈਟ ਨਹੀਂ ਕਿ ਮੇਰੀ ਸਟੇਟ ਨੂੰ ਬਰਬਾਦ ਕਰ ਦਿਓ ਜਾਂ ਦੂਜੀਆਂ ਸਟੇਟਾਂ ਨੂੰ ਬਰਬਾਦ ਕਰ ਦਿਓ। ਅੱਜ ਇਕੱਲੇ ਇਕੱਲੇ ਫਾਰਮਾ ਸੈਕਟਰ ਦੀ 1,250 ਕਰੋੜ ਰੁਪਏ ਦੀ ਇਨਵੈਸਟਮੈਂਟ 15 ਦਿਨਾਂ ਵਿੱਚ ਹੋ ਗਈ। ਮੈਂ ਇਹ ਨਹੀਂ ਕਹਿੰਦਾ ਕਿ ਅਜ਼ੀਮਪ੍ਰੇਮ ਜੀ ਆਈਕਨ ਹੋਵੇ, ਹਿੰਦੁਸਤਾਨ ਦਾ richest ਮੈਨ ਹੋਵੇ ਤਾਂ ਉਹ ਬੱਦੀ ਵਿੱਚ ਵੈਜੀਟੇਬਲ ਆਇਲ ਦਾ ਯੂਨਿਟ ਲਗਾਉਣ ਕਿਉਂ ਆਇਆ ? ਇਹ ਯੂਨਿਟ ਕਿੰਨੇ ਦਾ ਹੈ, ਕੇਵਲ 20 ਕਰੋੜ ਰੁਪਏ ਦਾ ਅਤੇ ਇਕ ਸਾਲ ਦੀ ਐਕਸਾਈਜ਼ ਦੀ ਸੈਂਕਸ਼ਨ ਹੈ 26 ਕਰੋੜ ਰੁਪਏ ਦੀ। Do not destroy economy. Mr. Vajpayee destroyed Punjab. He is not a friend of Punjab. ਪਤਾ ਨਹੀਂ ਕਿਸ ਤਰ੍ਹਾਂ ਦੀ ਦੋਸਤੀ ਸੀ। ਇਹ ਉਥੇ ਹਿਮਾਚਲ ਵਿੱਚ ਰੈਸਟ ਕਰਨ ਗਏ ਤੇ ਦਸਖ਼ਤ ਕਰਨ ਲਈ ਵੀ। ਪਤਾ ਨਹੀਂ ਕਿਹੜੇ ਮੂਡ ਵਿੱਚ ਕੀਤੇ ਹੋਣੇ। ਪਰ ਅਫਸੋਸ ਹੈ ਕਿ ਇਹ ਪੰਜਾਬ ਨੂੰ ਬੜਾ ਮਹਿੰਗਾ ਪਿਆ ਹੈ। ਹਾਂ, ਮਾਨਯੋਗ ਮੁੱਖ ਮੰਤਰੀ ਜੀ ਔਰ ਕਈ ਕੈਬਿਨਟ ਦੇ ਕੁਲੀਗ ਮੰਤਰੀਆਂ ਅਤੇ ਸਾਰੇ ਪਾਰਲੀਮੈਂਟ ਦੇ ਮੈਂਬਰਾਂ ਨੇ ਡਾਕਟਰ ਮਨਮੋਹਨ ਸਿੰਘ ਨੂੰ ਕਿਹਾ ਕਿ ਇਹ ਟੈਰੀਟੋਰੀਅਲ ਕਨਸੈਸ਼ਨ ਪਾਲਿਸੀ ਬੜੀ ਖਤਰਨਾਕ ਹੈ। It is a most dangerous thing. ਇਹ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਸਾਡੀ ਗੱਲ ਸੁਣੀ ਉਸ ਵਿੱਚ ਇਹੀ ਹੋਇਆ ਕਿ ਪਿਛਲੇ ਬਜਟ ਵਿੱਚ ਚਿਦੰਬਰਮ ਸਾਹਿਬ ਇੱਕ ਸੰਨ ਸੈਟ ਕਲਾਜ਼ ਲੈ ਕੇ ਆਏ ਕਿ 2007 ਤੋਂ ਬਾਅਦ ਇਹ ਨਹੀਂ ਹੋਵੇਗਾ ਪਰ ਉਦੋਂ ਤੱਕ ਇਹ ਇੰਡਸਟਰੀਆਂ ਲੱਗ ਚੁੱਕੀਆਂ ਹੋਣਗੀਆਂ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਵੇਂ ਅਸੀਂ ਟੈਕਸਟਾਈਲ ਬਾਰੇ ਕੁਝ ਕੀਤਾ ਸੀ, ਮੇਰੇ ਨਾਲ ਟੈਕਸਟਾਈਲ ਦੇ ਕੁਝ ਬੰਦੇ ਪ੍ਰਾਈਮ ਮਨਿਸਟਰ ਨੂੰ ਮਿਲੇ ਕਿ ਤੁਸੀਂ ਜ਼ੀਰੋ ਐਕਸਾਈਜ਼ ਡਿਊਟੀ ਕਰ ਦਿਓ ਫਿਰ ਕੋਈ ਹਿਮਾਚਲ ਪ੍ਰਦੇਸ਼ ਵਿੱਚ ਨਹੀਂ ਜਾਵੇਗਾ। ਜਿਸ ਵੇਲੇ ਉਹ ਜ਼ੀਰੋ ਟੈਕਸਟਾਈਲ ਡਿਊਟੀ ਹੋ ਗਈ ਤਾਂ ਕੋਈ ਵੀ ਯੂਨਿਟ ਹਿਮਾਚਲ ਜਾਂ ਉਤਰਾਂਚਲ ਨਹੀਂ ਜਾਵੇਗਾ।

ਅਸੀਂ ਇਨ੍ਹਾਂ ਦੇ ਖਿਆਫ ਨਹੀਂ ਹਾਂ। ਉਨ੍ਹਾਂ ਨੂੰ ਜਿੰਨਾ ਮਰਜੀ ਪੈਸਾ ਦੇ ਦੇਣ। ਪਰ ਸੈਂਟਰ ਸਰਕਾਰ ਨੂੰ ਇਹ ਕੋਈ ਹੱਕ ਨਹੀਂ ਕਿ ਉਹ ਇਕ ਰਾਜ ਨੂੰ ਫਾਇਦਾ ਪਹੁੰਚਾਵੇ ਅਤੇ ਦੂਜੇ ਰਾਜ ਨੂੰ ਤਬਾਹ ਕਰ ਦੇਵੇ। ਜੇਕਰ ਇਸ ਤਰ੍ਹਾਂ ਨਾ ਹੁੰਦਾ ਤਾਂ ਸਾਡੀ ਸਟੇਟ ਵਿੱਚ ਇੰਡਸਟਰੀ ਅੱਗੇ ਹੋਣੀ ਸੀ। ਪਤਾ ਨਹੀਂ ਸ਼ਾਇਦ ਇਨ੍ਹਾਂ ਨੇ ਆਪਣੀ ਪਾਵਰ ਬਚਾਉਣੀ ਸੀ। ਬਾਦਲ ਸਾਹਿਬ, ਸੈਂਟਰ ਦੀ ਸਰਕਾਰ ਨੂੰ ਚਾਹੁੰਦੇ ਸਨ। ** ** ਨਾਲ ਇਨ੍ਹਾਂ ਦੀ ਲੜਾਈ ਹੋ ਰਹੀ ਸੀ...(ਸ਼ੋਰ)... (ਵਿਘਨ)

**ਸਰਦਾਰ ਗੁਰਦੇਵ ਸਿੰਘ ਬਾਦਲ** (ਬੈਠੇ ਬੈਠੇ) : ਤੁਹਾਡੀ ਹੁਣ ਸਰਦਾਰ ਜਗਮੀਤ ਸਿੰਘ ਬਰਾੜ ਨਾਲ ਲੜਾਈ ਚੱਲ ਰਹੀ ਹੈ। ਬੀਬੀ ਭੱਠਲ 45 ਮੈਂਬਰ ਲੈ ਕੇ ਦਿੱਲੀ ਬੈਠੀ ਰਹੀ, ਤੁਹਾਡੇ ਖਿਲਾਫ਼।

---

** Expunged as ordered by the Chair.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ** : ਭੱਠਲ ਜੀ ਤਾਂ ਸਾਡੇ ਲੀਡਰ ਹਨ। ਸਾਡੇ ਡਿਪਟੀ ਸੀ.ਐਮ. ਹਨ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ** ** ਇਸ ਦੁਨੀਆਂ ਵਿੱਚ ਨਹੀਂ ਹਨ। ਇਸ ਲਈ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੀਦਾ। ਉਨ੍ਹਾਂ ਦਾ ਨਾਂ ਐਕਸਪੰਜ ਹੋਣਾ ਚਾਹੀਦਾ ਹੈ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ** : ਮੈਨੂੰ ਕੋਈ ਇਤਰਾਜ਼ ਨਹੀਂ, ਕੋਈ ਪ੍ਰਾਬਲਮ ਨਹੀਂ ਹੈ ਜੇਕਰ ਨਾਂ ਐਕਸਪੰਜ ਕੀਤਾ ਜਾਂਦਾ ਹੈ।

**ਮਾਨਯੋਗ ਸਪੀਕਰ** : ਨਾਂ ਐਕਸਪੰਜ ਕਰ ਦਿੱਤਾ ਜਾਵੇ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ** : ਮੈਂ ਕਹਿਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਇਲੈਕਸ਼ਨ ਡਿਵੈਲਪਮੈਂਟ ਦੇ ਏਜੰਡੇ ਤੇ ਹੋਣ। ਡਿਵੈਲਪਮੈਂਟ ਦਾ ਏਜੰਡਾ ਤਾਂ ਤੁਹਾਡੇ ਹੱਥ ਹੈ ਨਹੀਂ। ਤੁਸੀਂ ਕੁਝ ਕੀਤਾ ਹੀ ਨਹੀਂ। ਤੁਸੀਂ ਪੰਜਾਬ ਨੂੰ ਬਰਬਾਦ ਕੀਤਾ ਸੀ। ਹੁਣ ਅਸੀਂ ਇਸ ਨੂੰ ਰਿਵਾਈਵ ਕਰ ਰਹੇ ਹਾਂ।

**ਮਾਨਯੋਗ ਸਪੀਕਰ** : ਕਿਰਪਾ ਕਰਕੇ ਚੇਅਰ ਨੂੰ ਐਡਰੈਸ ਕਰੋ। ਤੁਸੀਂ ਤੁਸੀਂ ਨਾ ਕਰੋ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ** : ਮੈਂ ਕਹਿ ਰਿਹਾ ਹਾਂ ਕਿ ਜਿਹੋ ਜਿਹੇ ਰਿਜਲਟ ਅਜਨਾਲਾ, ਗੜ੍ਹਸ਼ੰਕਰ, ਕਪੂਰਥਲਾ ਵਿੱਚ ਰਹੇ ਹਨ, ਉਨ੍ਹਾਂ ਦੇ ਮੁਤਾਬਿਕ ਤਾਂ ਤੁਹਾਡੀ ਪਾਰਟੀ ਹੁਣ ਰਿਵਾਈਵ ਨਹੀਂ ਹੋਵੇਗੀ। ਬੀ.ਜੇ.ਪੀ. ਤਾਂ ਪਰਮਾਨੈਂਟਲੀ ਚੱਲੀ ਗਈ ਹੈ। ਤੁਹਾਨੂੰ ਵੀ ਨਾਲ ਲੈ ਕੇ ਡੁੱਬੇਗੀ। ਤੁਹਾਡਾ ਭਵਿੱਖ ਕੋਈ ਨਹੀਂ। ਆਉਣ ਵਾਲਾ ਭਵਿੱਖ ਤਾਂ ਸਾਡਾ ਹੀ ਹੈ।...(ਸ਼ੋਰ) (ਵਿਘਨ)

**ਮਾਨਯੋਗ ਸਪੀਕਰ** : ਆਰਡਰ ਪਲੀਜ਼, ਆਰਡਰ। ਫਾਈਨੈਂਸੀਅਲ ਐਸਪੈਕਟ ਤੇ ਬੋਲੋ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ** : ਲੀਡਰ ਆਫ ਆਪੋਜੀਸ਼ਨ ਨੇ ਲੀਕਰ ਤੇ ਬੜੀ ਹੀ ਚਰਚਾ ਕੀਤੀ ਹੈ। ਮਾਨਯੋਗ ਸੀ.ਐਮ. ਸਾਹਿਬ ਦੱਸ ਚੁੱਕੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਵੀ ਪਹਿਲਾਂ ਇਨਕਰੀਜ਼ 9% ਸੀ। ਉਸ ਤੋਂ ਪਹਿਲਾਂ ਅਕਾਲੀਆਂ ਵੇਲੇ ਵੀ 9% ਸੀ। ਜਿਸ ਤਰ੍ਹਾਂ ਸੀ.ਐਮ. ਸਾਹਿਬ ਨੇ ਦੱਸਿਆ ਹੈ ਕਿ ਇਨ੍ਹਾਂ ਦੇ ਸਮੇਂ ਇਕ ਵਾਰੀ 1.6% ਦੀ ਡਿਕਲਾਈਨ ਹੋਈ ਸੀ।

**Captain. Kanwaljit Singh :** You are repeating.

---

** Expunged as ordered by the Chair.

ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ : ਹਾਂ, ਮੈਂ ਰਿਪੀਟ ਕਰ ਰਿਹਾ ਹਾਂ।

ਮਾਨਯੋਗ ਸਪੀਕਰ : ਮੁੱਖ ਮੰਤਰੀ ਜੀ ਇਸ ਪੱਖ ਬਾਰੇ ਕਾਫ਼ੀ ਦੱਸ ਚੁੱਕੇ ਹਨ।

ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ : ਜਦੋਂ 1.6% ਡਿਕਲਾਈਨ ਹੋਈ ਸੀ ਤਾਂ ਕੀ ਉਦੋਂ ਇਨ੍ਹਾਂ ਦੀ ਸਰਕਾਰ ਨੇ ਡਾਕਾ ਮਾਰਿਆ ਸੀ ? ਟਰੈਜ਼ਰੀ ਤੇ ਕੀ ਡਾਕਾ ਪਿਆ ਸੀ ?...(ਸ਼ੋਰ). (ਵਿਘਨ)

**Mr. Speaker :** No interruption please. F. M. Sahib, Please conclude.

**Captain Kanwaljit Singh :** Speaker Sir, Point of Order. ਵਿੱਤ ਮੰਤਰੀ ਜੀ ਡਿਬੇਟ ਨੂੰ ਕਨਕਲੂਡ ਕਰ ਰਹੇ ਹਨ ਅਤੇ ਇਹ ਸਾਨੂੰ ਸਵਾਲ ਕਰ ਰਹੇ ਹਨ। We will not be able to reply. ਇਨ੍ਹਾਂ ਨੂੰ ਇਸ ਗੱਲ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਨ੍ਹਾਂ ਨੂੰ ਚਾਹੀਦਾ ਹੈ ਕਿ ਜਿਹੜੇ ਪੁਆਇੰਟ ਰੇਜ਼ ਹੋਏ ਹਨ, ਉਨ੍ਹਾਂ ਨੂੰ ਇਹ ਕਨਕਲੂਡ ਕਰਨ। ਜਿਹੜੀ ਗੱਲ ਲੀਡਰ ਆਫ ਦੀ ਹਾਊਸ ਨੇ ਕਹਿ ਦਿੱਤੀ ਹੈ, ਉਹ ਕਿਉਂ ਰਿਪੀਟ ਹੋਵੇ।

ਮਾਨਯੋਗ ਸਪੀਕਰ : ਆਪੋਜੀਸ਼ਨ ਵੱਲੋਂ ਕੋਈ ਜਵਾਬ ਨਹੀਂ ਮਿਲੇਗਾ। ਇਸ ਲਈ ਵਿੱਤ ਮੰਤਰੀ ਸਾਹਿਬ ਤੁਸੀਂ ਕਨਕਲੂਡ ਕਰੋ। You cannot ask for an answer.

ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ : ਸਪੀਕਰ ਸਾਹਿਬ, ਮੇਰਾ ਰਾਈਟ ਤਾਂ ਇਹ ਖੋਹ ਨਹੀਂ ਸਕਦੇ ਭਾਵੇਂ ਇਹ ਜਵਾਬ ਨਾ ਦੇ ਸਕਦੇ ਹੋਣ ਪਰ ਮੈਂ ਸਵਾਲ ਤਾਂ ਕਰ ਸਕਦਾ ਹਾਂ।

**Captain Kanwaljit Singh :** No, he cannot question now.

**Mr. Speaker :** Kindly conclude your speech. Yes, I agree they are not on treasury benches.

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ।

ਸਰਦਾਰ ਜਗਦੀਸ਼ ਸਿੰਘ ਗਰਚਾ : ਸਪੀਕਰ ਸਾਹਿਬ, ** ** **

**Mr. Speaker :** Without permission what Hon'ble Member is saying should not be recorded. Please take your seat.

ਸਰਦਾਰ ਮਨਪ੍ਰੀਤ ਸਿੰਘ ਬਾਦਲ : ਮਾਨਯੋਗ ਸਪੀਕਰ ਸਾਹਿਬ, ਵਿੱਤ ਮੰਤਰੀ ਸਾਹਿਬ ਦੀ ਜਿਹੜੀ ਸਪੀਚ ਹੈ, ਉਹ ਬੜੀ ਦਿਲਚਸਪ ਹੈ। ਅਸੀਂ ਬੜੇ ਗੌਰ ਨਾਲ ਸੁਣ ਰਹੇ ਹਾਂ ਬੜੀ ਅੱਛੀ ਸਪੀਚ ਹੈ। ਪਰ ਜਦੋਂ ਕੋਈ ਸਿਆਸੀ ਵਿਅੰਗ ਕਰਦੇ ਹਨ ਤਾਂ ਇੰਟਰੱਪਸ਼ਨ ਹੁੰਦੀ ਹੈ।

** Expunged as ordered by the Chair.

ਮਾਨਯੋਗ ਸਪੀਕਰ : ਵਿੱਤ ਮੰਤਰੀ ਜੀ ਤੁਸੀਂ ਕਨਕਲੂਡ ਕਰੋ। ਮੁੱਖ ਮੰਤਰੀ ਸਾਹਿਬ, ਕਾਫ਼ੀ ਕੁਝ ਕਹਿ ਚੁੱਕੇ ਹਨ।

ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਹਰਿਆਣੇ ਬਾਰੇ ਜ਼ਿਆਦਾ ਜਾਣਦਾ ਹਾਂ। Lastly, Sir, I would say as a measure of relief to farmers and factories, Hon'ble Chief Minister has announced withdrawal of levy of Re. 1 per litre on diesel and additional levy of 50 paise per litre on petrol which involves a revenue sacrifice of Rs. 100 crores. With a view to make up this loss of revenue and to capitalize agri-infrastructure research and diversification fund, I propose a levy of Rs. 5 per bottle on Punjab Medium Liquor and Rs. 10 per bottle on Indian Made Foreign Liquor, Schedule III of Punjab Infrastructure Development Act, 2002 would be suitably amended to create enabling legal frame work for this purpose by 31st March, 2005.

Sir, as a measure of welfare for the Government employees, I also announce the Government's decision to pay them additional dearness allowance of 3% of the basic pay from 1st January, 2005.

**Captain Kanwaljit Singh :** It is part of the budget.

**Finance Planning and Institutional Finance and Banking Minister :** Well I can announce.

**Mr. Speaker :** There is a cut motion given notice of by Sud Sahib on Demand No. 13 ਸੂਦ ਸਾਹਿਬ ਇੰਡਸਟਰੀ ਬਾਰੇ ਦੋ ਮਿੰਟ ਕੁਝ ਕਹਿਣਾ ਚਾਹੁੰਦੇ ਹੋ ਤਾਂ ਕਹਿ ਸਕਦੇ ਹੋ ? ਪਹਿਲਾਂ ਆਪਣਾ ਕਟ ਮੋਸ਼ਨ ਮੂਵ ਕਰੋ।

**Shri Tikshan Sud :** Sir, I beg to move—

That the demand be reduced by Rs. 1.

ਸਪੀਕਰ ਸਾਹਿਬ, ਸਰਕਾਰ ਦੀ ਇਹ ਪਾਲਿਸੀ ਰਹੀ ਹੈ ਕਿ ਅਸੀਂ 600 ਕਰੋੜ ਰੁਪਏ ਦੀ ਸਬਸਿਡੀ ਇੰਡਸਟਰੀ ਨੂੰ ਦੇਣੀ ਹੈ। ਉਸ ਸਮੇਂ ਉਨ੍ਹਾਂ ਨੇ ਇਸ ਅੰਡਰਸਟੈਂਡਿੰਗ ਤੇ ਇੰਡਸਟਰੀ ਲਗਾਈ ਸੀ। ਵਿੱਤ ਮੰਤਰੀ ਜੀ ਨੇ ਇੰਡਸਟਰੀ ਦੀਆਂ ਗੱਲਾਂ ਬਹੁਤ ਕੀਤੀਆਂ ਹਨ ਅਤੇ ਖਾਸ ਕਰਕੇ ਨਵੀਂ ਇੰਡਸਟਰੀ ਬਾਰੇ ਬਹੁਤ ਗੱਲਾਂ ਕੀਤੀਆਂ ਹਨ ਪਰ ਪੁਰਾਣੀ ਇੰਡਸਟਰੀ ਬਾਰੇ ਕੁਝ ਨਹੀਂ ਕਿਹਾ। ਉਨ੍ਹਾਂ ਨੂੰ ਵੀ ਸਬਸਿਡੀ ਦੇ ਕੇ ਰੀਵਾਈਵ ਕਰਨਾ ਚਾਹੀਦਾ ਹੈ।

**Mr. Speaker :** Motion moved—

That the demand be reduced by Re. 1.

**Mr. Speaker :** Question is—

That the demand be reduced by Re. 1.

The motion was lost.

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਤਾਂ ਨਹੀਂ, ਪਰ ਪੁਆਇੰਟ ਆਫ ਕਲੈਰੀਫਿਕੇਸ਼ਨ ਹੈ। ਸਪੀਕਰ ਸਾਹਿਬ, ਮੈਂ ਆਪਣੇ ਭਾਸ਼ਣ ਵਿੱਚ ਦੋ ਬੇਨਤੀਆਂ ਕਰੀਆਂ ਸਨ। ਇਕ ਤਾਂ ਮੈਂ ਵਿੱਤ ਮੰਤਰੀ ਸਾਹਿਬ ਨੂੰ ਕਿਹਾ ਸੀ ਕਿ 450 ਕਰੋੜ ਰੁਪਏ ਜਿਹੜਾ ਇਨ੍ਹਾਂ ਨੇ ਪੰਜਾਬ ਦੀ ਜਨਤਾ ਤੇ ਟੈਕਸ ਲਗਾਇਆ ਹੈ, ਉਹ ਵਾਪਸ ਲਿਆ ਜਾਵੇ। ਦੂਸਰਾ, ਜਿਹੜਾ ਇਨ੍ਹਾਂ ਨੇ ਸ਼ਹਿਰਾਂ ਵਿੱਚ ਬਿਜਲੀ ਤੇ ਔਕਟਰਾਏ ਲਗਾਈ ਹੈ ਅਤੇ ਇਸਦੇ ਨਾਲ 100 ਕਰੋੜ ਰੁਪਏ ਦਾ ਬੋਝ ਜਨਤਾ ਤੇ ਪੈਣਾ ਹੈ, ਉਸਨੂੰ ਵਾਪਸ ਲਿਆ ਜਾਵੇ। ਇਨ੍ਹਾਂ ਸੰਬੰਧੀ ਮੈਂ ਕਲੈਰੀਫਿਕੇਸ਼ਨ ਮੰਗਦਾ ਹਾਂ ਜੀ।

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਨੇ ਆਪਣੀ ਬਹਿਸ ਵਿੱਚ ਇਨ੍ਹਾਂ ਬਾਰੇ ਕੋਈ ਜ਼ਿਕਰ ਹੀ ਨਹੀਂ ਕੀਤਾ।

**ਕੈਪਟਨ ਕੰਵਲਜੀਤ ਸਿੰਘ :** ਸਰ, ਮੈਂ ਇਨ੍ਹਾਂ ਦੋ ਪੁਆਇੰਟਾਂ ਬਾਰੇ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ਜੀ। I am specifically asking him. I have a right to ask him. ਸਪੀਕਰ ਸਾਹਿਬ, ਇਨ੍ਹਾਂ ਨੇ ਹੁਣੇ ਐਲਾਨ ਕੀਤਾ ਹੈ ਕਿ ਆਈ.ਐਮ.ਐਫ.ਐਲ. ਤੇ ਇੰਨਾ ਸੈਸ ਲਾਵਾਂਗੇ ਔਰ ਐਕਸਾਈਜ਼ ਤੇ ਠੇਕੇ ਚੜ੍ਹ ਚੁੱਕੇ ਹਨ। ਐਕਸਾਈਜ਼ ਪਾਲਿਸੀ ਅਪਰੂਵ ਹੋ ਚੁੱਕੀ ਹੈ। (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਇੱਕ ਫਿਕਰੇ ਵਿੱਚ ਪੁੱਛੋ। ਤੁਸੀਂ ਤਾਂ ਡਿਬੇਟ ਵਿੱਚ ਪੈ ਗਏ।

**ਕੈਪਟਨ ਕੰਵਲਜੀਤ ਸਿੰਘ :** ਕੀ ਇਹ ਲੀਗਲੀ ਲਾਗੂ ਕਰ ਸਕਦੇ ਹਨ।

**Finance, Planning and Institutional Finance & Banking Minister :** Sir, I have stated that we will be using PIDB Act to have an enabling legal framework to collect this money from the liquor trade.

**Mr. Speaker :** If the House agrees, all the Demands may be put to the vote of the House together ?

(Voices : Yes, Yes.)

**Mr. Speaker** : Question is—

**DEMAND NO. 1**

That a sum not exceeding Rs. 7,04,71,64,000 on Revenue Account and Rs. 29,68,74,000 on Captial Account be granted to the Governor to defray the charges that will come in course of payment for the year 2005-2006, in respect of Agriculture and Forests.

**DEMAND NO. 2**

That a sum not exceeding Rs. 1,55,28,71,000 on Revenue Account and Rs. 5,46,13,000 on Capital Account be granted to the Governor to defray the charges that will come in course of payment for the year 2005-2006 in respect of Animal Husbandry & Fisheries.

**DEMAND NO. 3**

That a sum not exceeding Rs. 1,80,59,05,000 on Revenue Account and Rs. 19,76,11,000 on Capital Account be granted to the Governor to defray the charges that will come in course of payment for the year 2005-2006 in respect of Co-operation.

**DEMAND NO. 4**

That a sum not exceeding Rs. 19,98,56,000 on Revenue Account and Rs. 1,37,14,000 on Capital Account be granted to the Governor to defray the charges that will come in course of payment for the year 2005-2006 in respect of Defence Services Welfare.

**DEMAND NO. 5**

That a sum not exceeding Rs. 25,11,70,64,000 on Revenue Account and Rs. 1,00,57,35,000 on Capital Account be granted to the Governor to defray the charges that will come in course of payment for the year 2005-2006, in respect of Education.

**DEMAND NO. 6**

That a sum not exceeding Rs. 13,85,00,000 on Revenue Account be granted to the Governor to defray the charges that will come in course of payment for the year 2005-2006 in respect of Election.

**DEMAND NO. 7**

That a sum not exceeding Rs. 55,75,11,000 on Revenue Account be granted to the Governor to defray the charges that will come in course of payment for the year 2005-2006 in respect of Excise & Taxation.

**DEMAND NO. 8**

That a sum not exceeding Rs. 89,58,64,63,000 on Revenue Account and Rs. 56,68,42,70,000 on Capital Account be granted to the Governor to defray the charges that will come in course of payment for the year 2005-2006, in respect of Finance.

**DEMAND NO. 9**

That a sum not exceeding Rs. 52,70,71,000 on Revenue Account and Rs. 2,95,13,000 on Capital Account be granted to the Governor to defray the charges that will come in course of payment for the year 2005-2006, in respect of Food & Supplies.

**DEMAND NO. 10**

That a sum not exceeding Rs. 86,76,04,000 on Revenue Account and Rs. 4,80,00,000 on Capital Account be granted to the Governor to defray the charges that will come in course of payment for the year 2005-2006, in respect of General Administration.

**DEMAND NO. 11**

That a sum not exceeding Rs. 7,45,80,41,000 on Revenue Account and Rs. 22,05,89,000 on Capital Account be granted to the Governor to defray the charges that will come in course of payment for the year 2005-2006, in respect of Health & Family Welfare.

**DEMAND NO. 12**

That a sum not exceeding Rs. 12,76,27,00,000 on Revenue Account and Rs. 51,84,40,000 on Capital Account be granted to the Governor to defray the charges that will come in course of payment for the year 2005-2006, in respect of Home Affairs & Justice.

[Mr. Speaker]

DEMAND NO. 13

That a sum not exceeding Rs. 78,12,92,000 on Revenue Account and Rs. 23,87,18,000 on Capital Account be granted to the Governor to defray the charges that will come in course of payment for the year 2005-2006, in respect of Industries.

DEMAND NO. 14

That a sum not exceeding Rs. 14,41,37,000 on Revenue Account and Rs. 50,00,000 on Capital Account be granted to the Governor to defray the charges that will come in course of payment for the year 2005-2006 in respect of Information & Public Relations.

DEMAND NO. 15

That a sum not exceeding Rs. 15,58,52,85,000 on Revenue Account and Rs. 7,30,24,39,000 on Capital Account be granted to the Governor to defray the charges that will come in course of payment for the year 2005-2006 in respect of Irrigation & Power.

DEMAND NO. 16

That a sum not exceeding Rs. 18,02,83,000 on Revenue Account be granted to the Governor to defray the charges that will come in course of payment for the year 2005-2006 in respect of Labour & Employment.

DEMAND NO. 17

That a sum not exceeding Rs. 2,24,43,92,000 on Revenue Account and Rs. 2,05,09,17,000 on Capital Account be granted to the Governor to defray the charges that will come in course of payment for the year 2005-2006 in respect of Local Government, Housing & Urban Development.

DEMAND NO. 18

That a sum not exceeding Rs. 6,16,62,000 on Revenue Account and Rs. 1,00,00,000 on Capital Account be granted to the Governor to defray the charges that will come in course of payment for the year 2005-2006 in respect of Personnel & Administrative Reforms.

**DEMAND NO. 19**

That a sum not exceeding Rs. 4,57,82,62,000 on Revenue Account and Rs. 2,70,09,56,000 on Capital Account be granted to the Governor to defray the charges that will come in course of payment for the year 2005-2006 in respect of Planning.

**DEMAND NO. 20**

That a sum not exceeding Rs. 2,000 on Revenue Account be granted to the Governor to defray the charges that will come in course of payment for the year 2005-2006 in respect of Programme Implementation.

**DEMAND NO. 21**

That a sum not exceeding Rs. 9,10,51,94,000 on Revenue Account and Rs. 6,48,47,09,000 on Capital Account be granted to the Governor to defray the charges that will come in course of payment for the year 2005-2006 in respect of Public Works.

**DEMAND NO. 22**

That a sum not exceeding Rs. 5,10,06,76,000 on Revenue Account be granted to the Governor to defray the charges that will come in course of payment for the year 2005-2006 in respect of Revenue & Rehabilitation.

**DEMAND NO. 23**

That a sum not exceeding Rs. 1,44,25,13,000 on Revenue Account and Rs. 1,74,76,10,000 on Capital Account be granted to the Governor to defray the charges that will come in course of payment for the year 2005-2006 in respect of Rural Development and Panchayats.

**DEMAND NO. 24**

That a sum not exceeding Rs. 7,44,08,000 on Revenue Account and Rs. 1,96,77,00,000 on Capital Account be granted to the Governor to defray the charges that will come in course of payment for the year 2005-2006 in respect of Science & Technology and Environment.

[Mr. Speaker]

## DEMAND NO. 25

That a sum not exceeding Rs. 1,86,57,86,000 on Revenue Account and Rs. 6,89,00,000 on Capital Account be granted to the Governor to defray the charges that will come in course of payment for the year 2005-2006 in respect of Social and Women's Welfare of Scheduled Castes and Backward Classes.

## DEMAND NO. 26

That a sum not exceeding Rs. 13,88,20,000 on Revenue Account be granted to the Governor to defray the charges that will come in course of payment for the year 2005-2006 in respect of State Legislature.

## DEMAND NO. 27

That a sum not exceeding Rs. 1,19,37,20,000 on Revenue Account be granted to the Governor to defray the charges that will come in course of payment for the year 2005-2006 in respect of Technical Education and Industrial Training.

## DEMAND NO. 28

That a sum not exceeding Rs. 10,87,86,000 on Revenue Account and Rs. 7,12,35,000 on Capital Account be granted to the Governor to defray the charges that will come in course of payment for the year 2005-2006 in respect of Tourism and Cultural Affairs.

## DEMAND NO. 29

That a sum not exceeding Rs. 3,30,57,52,000 on Revenue Account and Rs. 15,82,00,000 on Capital Account be granted to the Governor to defray the charges that will come in course of payment for the year 2005-2006 in respect of Transport.

## DEMAND NO. 30

That a sum not exceeding Rs. 11,41,26,000 on Revenue Account and Rs. 4,02,000 on Capital Account be granted to the Governor to defray the charges that will come in course of payment for the year 2005-2006 in respect of Vigilance.

The motion was carried.

**Mr. Speaker :** Now, Finance Minister to introduce the Punjab Appropriation (No. 2) Bill.

## THE PUNJAB APPROPRIATION (NO. 2) BILL, 2005

**Minister for Finance, Planning and Institutional Finance & Banking (Shri Surinder Singla) :** Sir, I beg to introduce the Punjab Appropriation (No. 2) Bill.

Sir, I also beg to move—

> That the Punjab Appropriation (No. 2) Bill be taken into consideration at once.

**Mr. Speaker :** Motion moved—

> That the Punjab Appropriation (No. 2) Bill be taken into consideration at once.

If any Hon'ble Member wants to speak ? Yes, Manpreet Singh Ji.

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ) :** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਇਹ ਬਜਟ ਪੇਸ਼ ਹੋਇਆ ਹੈ, ਇਸ ਤੇ ਡਿਸਕਸ਼ਨ ਵਾਸਤੇ ਸਿਰਫ ਦੋ ਦਿਨ ਰੱਖੇ ਹਨ। ਬਤੌਰ ਚੀਫ਼ ਵਿਪ੍ਹ ਮੇਰੇ ਕੋਲ ਬਹੁਤ ਸਾਰੇ ਮੈਂਬਰਾਂ ਨੇ ਕਿਹਾ ਸੀ ਕਿ ਅਸੀਂ ਬੋਲਣਾ ਚਾਹੁੰਦੇ ਹਾਂ ਪਰ ਆਪੋਜ਼ੀਸ਼ਨ ਦੇ ਸਿਰਫ ਤਿੰਨ ਮੈਂਬਰਾਂ ਨੂੰ ਹੀ ਬੋਲਣ ਦਾ ਮੌਕਾ ਮਿਲਿਆ ਤੇ ਉਨ੍ਹਾਂ ਨੇ ਆਪਣੀ ਗੱਲ ਕਹੀ। ਇਸ ਤੋਂ ਇਲਾਵਾ ਜਦੋਂ ਬਿਲ ਮੂਵ ਹੋ ਰਿਹਾ ਹੈ, ਕਿਉਂਕਿ ਮੈਨੂੰ ਵੀ ਬੋਲਣ ਦਾ ਮੌਕਾ ਨਹੀਂ ਮਿਲਿਆ, ਇਸ ਲਈ ਹੁਣ ਮੈਂ ਫਾਇਨਾਂਸ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਇੱਕ-ਦੋ ਚੀਜ਼ਾਂ ਲਿਆਉਣਾ ਚਾਹੁੰਦਾ ਹਾਂ। ਮੈਂ ਇਕਨਾਮਿਕਸ ਦਾ ਸਟੂਡੈਂਟ ਨਹੀਂ ਪਰ ਜਿਹੜਾ ਸਟੇਟ ਦਾ ਰੈਵੀਨਿਊ ਅਕਾਊਂਟ ਹੈ, ਇਸ ਵਿੱਚ ਲੈਂਡ ਰੈਵੀਨਿਊ ਦਸ ਕਰੋੜ ਦਰਸਾਇਆ ਗਿਆ ਹੈ ਔਰ ਇਸ ਨੂੰ ਕੁਲੈਕਟ ਕਰਨ ਲਈ ਤਕਰੀਬਨ 70 ਕਰੋੜ ਰੁਪਏ ਰੱਖੇ ਗਏ ਹਨ। ਦਸ ਕਰੋੜ ਰੁਪਿਆ ਇਕੱਠਾ ਕਰਨ ਲਈ ਸੱਤਰ ਕਰੋੜ ਰੁਪਏ ਦਾ ਖਰਚਾ ਕੀਤਾ ਗਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਸਟੀਫਾਈਡ ਹੈ ? ਇਸ ਤਰ੍ਹਾਂ ਐਕਸਾਈਜ਼ ਦਾ 14 ਕਰੋੜ 500 ਲੱਖ ਦੇ ਕਰੀਬ ਦਿਖਾਇਆ ਹੈ, ਵਹੀਕਲਸ ਤੋਂ ਟੈਕਸ 430 ਕਰੋੜ ਦਿਖਾਇਆ ਹੈ ਲੇਕਿਨ ਲੈਂਡ ਰੈਵੀਨਿਊ ਜੋ 10 ਕਰੋੜ ਬਣਦਾ ਹੈ, ਉਸ ਵਾਸਤੇ 70 ਕਰੋੜ ਕਿਉਂ ਖਰਚ ਕੀਤਾ ਜਾ ਰਿਹਾ ਹੈ ? ਕਿਰਪਾ ਕਰਕੇ ਇਹ ਦੱਸਣ ਦੀ ਮਿਹਰਬਾਨੀ ਕਰਨ। ਇਸੇ ਤਰ੍ਹਾਂ ਹੀ ਸਪੀਕਰ ਸਾਹਿਬ, ਪਿਛਲੇ ਬਜਟ ਐਸਟੀਮੇਟਸ ਵਿੱਚ ਇਨ੍ਹਾਂ ਨੇ ਐਲੋਕੇਸ਼ਨ ਵਿੱਚ ਬੜੇ ਭਾਰੀ ਕੱਟ ਲਗਾਏ। ਮਸਲਨ ਐਜੂਕੇਸ਼ਨ ਤੇ ਕੱਟ ਲੱਗਿਆ, ਵਾਟਰ ਸਪਲਾਈ ਤੇ ਸੈਨੀਟੇਸ਼ਨ ਤੇ ਕੱਟ ਲੱਗਿਆ। ਇਸ ਤੇ ਤਕਰੀਬਨ 424 ਕਰੋੜ ਰੁਪਿਆ ਰੱਖਿਆ ਗਿਆ ਸੀ ਤੇ ਸਿਰਫ 181 ਕਰੋੜ ਹੀ ਦਿੱਤਾ ਗਿਆ। ਸਾਰੇ ਡਿਪਾਰਟਮੈਂਟ ਤੇ ਕੱਟ ਲੱਗਿਆ। ਇਰੀਗੇਸ਼ਨ ਤੇ 100 ਕਰੋੜ ਦੀ ਰਾਸ਼ੀ ਵਿੱਚ 50-70% ਕੱਟ ਲੱਗਿਆ ਪਰ ਪੁਲਿਸ ਡਿਪਾਰਟਮੈਂਟ ਤੇ ਕੋਈ ਕੱਟ ਨਹੀਂ ਲੱਗਿਆ। ਜਦੋਂ ਹੋਰ ਡਿਪਾਰਟਮੈਂਟਸ ਵਿੱਚ ਕੱਟ ਲੱਗਦੇ ਸੀ ਤੇ ਫਿਰ ਪੁਲਿਸ ਵਿੱਚ ਵੀ ਕੱਟ ਲਗਾਉਣਾ ਬਣਦਾ ਸੀ ਤਾਂ ਕਿ ਹੋਰ ਡਿਪਾਰਟਮੈਂਟਸ ਨੂੰ ਫਾਇਦਾ ਹੋ ਸਕਦਾ। ਸਪੀਕਰ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਸਾਹਿਬ, ਇਸੇ ਤਰ੍ਹਾਂ ਜੋ ਸਮਰੀ ਫਾਇਨਾਂਸ਼ੀਅਲ ਪੁਜ਼ੀਸ਼ਨ ਦੀ ਮੈਂ ਸਟੱਡੀ ਕੀਤੀ ਹੈ, ਪਿਛਲੇ ਤੋਂ ਪਿਛਲੇ ਸਾਲ 1,356 ਕਰੋੜ ਇੰਟਰਸਟ ਫਰਾਮ ਪੀ.ਐਸ.ਈ.ਬੀ. ਇਕੱਠਾ ਹੋਇਆ। ਪਿਛਲੇ ਸਾਲ 1,842 ਕਰੋੜ ਇੰਟਰਸਟ ਇਕੱਠਾ ਹੋਇਆ ਔਰ ਇਸ ਸਾਲ ਸਿਰਫ 480 ਕਰੋੜ ਹੀ ਦਰਸਾਇਆ ਗਿਆ ਹੈ। ਇਸਦੀ ਕੀ ਵਜ਼੍ਹਾ ਹੈ ? ਇੱਕ ਮੇਰਾ ਸਵਾਲ ਹੈ Grants from Finance Commission ਦਾ। ਪਿਛਲੇ ਸਾਲ ਇਨ੍ਹਾਂ ਨੂੰ 212 ਕਰੋੜ ਰੁਪਏ ਮਿਲੇ, ਉਸ ਤੋਂ ਪਹਿਲੇ ਸਾਲ 134 ਕਰੋੜ ਮਿਲੇ ਲੇਕਿਨ ਇਸ ਸਾਲ 1,785 ਕਰੋੜ ਰੁਪਏ ਦਿਖਾਏ ਹਨ। ਇਸ ਦੀ ਕੀ ਵਜ਼੍ਹਾ ਹੈ ? Why is the Finance Minister so optimistic ਕਿ ਇੰਨੀ ਵੱਡੀ ਫਾਈਨਾਂਸ ਕਮਿਸ਼ਨ ਤੋਂ ਇਹ ਰਕਮ ਹਾਸਲ ਹੋਏਗੀ। ਇਸੇ ਤਰ੍ਹਾਂ, ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਸਟੇਟ ਦਾ ਓਨ ਨਾਨ-ਟੈਕਸ ਰੈਵੇਨਿਊ ਪਿਛਲੇ ਸਾਲ 6,158 ਕਰੋੜ ਰੁਪਏ ਸੀ ਅਤੇ ਇਸ ਸਾਲ 1,300 ਕਰੋੜ ਰੁਪਏ ਕਮ ਹੋ ਗਏ ਹਨ, ਇਸ ਦੀ ਵਜ਼੍ਹਾ ਕੀ ਹੈ ? ਇਸ ਸਾਲ ਇਨ੍ਹਾਂ ਨੇ ਸਟੈਂਪ ਡਿਊਟੀ, ਰਜਿਸਟਰੇਸ਼ਨ ਵਗੈਰਾ ਤੋਂ 400—425 ਕਰੋੜ ਰੁਪਏ ਇਕੱਠੇ ਕੀਤੇ ਹਨ। ਇਹ 50 ਪ੍ਰਤੀਸ਼ਤ ਘੱਟ ਗਿਆ ਸੀ ਜਦ ਕਿ ਇਸ ਬਜਟ ਐਸਟੀਮੇਟਸ ਵਿੱਚ ਇਹ 1,100 ਕਰੋੜ ਰੁਪਏ ਦਿਖਾਏ ਹਨ। ਪਿਛਲੇ ਸਾਲ 400—425 ਕਰੋੜ ਰੁਪਏ ਤਾਂ ਇਸ ਸਾਲ 1,100 ਕਰੋੜ ਰੁਪਿਆ ਕਿਵੇਂ ਆ ਸਕਦਾ ਹੈ। ਮੈਂ ਇਹ ਤਿੰਨ-ਚਾਰ ਚੀਜ਼ਾਂ ਫਾਈਨਾਂਸ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ।

ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ (ਸ਼੍ਰੀ ਸੁਰਿੰਦਰ ਸਿੰਗਲਾ) : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਲੈਂਡ ਰੈਵੇਨਿਊ ਦੀ ਕੁਲੈਕਸ਼ਨ ਦੀ ਕਾਸਟ ਦੀ ਗੱਲ ਕੀਤੀ ਹੈ, ਇਹ ਸਿਰਫ ਲੈਂਡ ਰੈਵੇਨਿਊ ਕੁਲੈਕਸ਼ਨ ਦੀ ਕਾਸਟ ਨਹੀਂ ਹੈ, ਇਹ ਸਾਰੇ ਰੈਵੇਨਿਊ ਡਿਪਾਰਟਮੈਂਟ ਦੀ ਕਾਸਟ ਹੈ। It is not only a small function. ਇਹ ਇਕੱਲੀ ਲੈਂਡ ਰੈਵੇਨਿਊ ਦੀ ਕਾਸਟ ਨਹੀਂ ਹੈ। ਦੂਜੀ ਗੱਲ ਇਹ ਹੈ ਕਿ the police expenditure has stabilised to Rs. 1,100 crores which is totally establishment cost and is not to be compared with plan performance sector. ਪਲੈਨ ਪਰਫਾਰਮੈਂਸ ਦਾ ਮੈਂ ਪਹਿਲਾਂ ਜਿਕਰ ਕਰ ਚੁੱਕਿਆ ਹਾਂ। ਤੁਹਾਡੇ ਵੇਲੇ ਪਲੈਨ ਪਰਫਾਰਮੈਂਸ 60-62 ਪ੍ਰਤੀਸ਼ਤ ਰਹੀ ਹੈ। ਹੁਣ ਦੇ ਬਜਟ ਵਿੱਚ ਪ੍ਰੋਵੀਜ਼ਨ ਇਹ ਹੈ ਕਿ ਪਲੈਨ ਪਰਫਾਰਮੈਂਸ ਐਕਚੁਅਲ ਰਿਸੋਰਸਿਜ਼ ਤੇ ਬੇਸਿਡ ਹੈ। ਤੀਜਾ ਕੁਐਸਚਨ 12ਵੇਂ ਫਾਈਨਾਂਸ ਕਮਿਸ਼ਨ ਬਾਰੇ ਹੈ। It is a fact that recommendations of the 12th Finance Commission are binding upon the Government of India. Its report has already been tabled in the Parliament and the Cabinet has accepted it. So, the flow which will come to us is very significant, it is a very big change. The issue regarding financial stress was raised with the Finance Commission when it came to Punjab. It was convinced that the State needs funds because the legacy of terrorism really did not allow us to grow faster to raise our collections. This plea went well with the Commission and it gave revenue grants. This year it is Rs. 1,554 crores. It is unimaginably big

figure but it will come. So, similarly in the next year it is again Rs. 930 crores and in the third year it is going to be Rs. 680 crores. A lot of people in the other States are accusing Punjab as the one big beneficiary of revenue grants. The other is West Bengal. I think, we both put our case strongly and we got. This Rs. 3,200 crores is spread over three years. This is the reason. Sir, the stamp duty is likely to go up from Rs. 700 to Rs. 1,100 crores. But, that figure I have given you on the basis of the 12th Finance Commission.

**Mr. Speaker :** Question is—

That the Punjab Appropriation (No. 2) Bill be taken into consideration at once.

*The motion was carried.*

**Mr. Speaker :** Now the House will proceed to consider the Bill Clause-by-Clause.

**CLAUSES 2 AND 3**

**Mr. Speaker :** As there is no amendment to Clauses 2 and 3, if the House agrees, these Clauses be put together to the vote of the House.

(Voices : Yes, Yes.)

**Mr. Speaker :** Question is—

That Clauses 2 and 3 stand part of the Bill.

*The motion was carried.*

**SCHEDULE**

**Mr. Speaker :** Question is—

That Schedule stand part of the Bill.

*The motion was carried.*

**CLAUSE 1**

**Mr. Speaker :** Question is—

That Clause 1 stand part of the Bill.

*The motion was carried.*

## TITLE

**Mr. Speaker :** Question is—

That Title be the Title of the Bill.

*The motion was carried.*

**Mr. Speaker :** Minister to move that the Bill be passed.

**Minister for Finance, Planning and Institutional Finance and Banking (Shri Surinder Singla) :** Sir, I beg to move—

That the Punjab Appropriation (No. 2) Bill be passed.

**Mr. Speaker :** Motion moved—

That the Punjab Appropriation (No. 2) Bill be passed.

**Mr. Speaker :** Question is—

That the Punjab Appropriation (No. 2) Bill be passed.

*The motion was carried.*

**Mr. Speaker :** The House stands adjourned till 10.00 A.M. on Thursday, the 31st March, 2005.

*2.16 P.M. .The Sabha then* adjourned till 10.00 A.M. on Thursday, the 31st March, 2005).

---

*6470/PVS—Govt. Press, U.T., Chd.*

Published under the authority of the Punjab Vidhan Sabha and printed by the Controller, Printing and Stationery , U.T., Chandigarh.

# PUNJAB VIDHAN SABHA

## DEBATES

*31st March, 2005*

**Vol. IX - No. 8**

OFFICIAL REPORT

CONTENTS




**Punjab Vidhan Sabha Secretariat, Chandigarh.**

**Price : Rs. ........148-00**

# PUNJAB VIDHAN SABHA

*Thursday, the 31st March, 2005*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 10.00 A.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

### ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਲਈ ਬੱਸਾਂ ਦੀ ਖਰੀਦ

*1158 . (1) **ਸ਼੍ਰੀ ਤਰਲੋਚਨ ਸਿੰਘ**
(2) **ਸ਼੍ਰੀ ਰਮੇਸ਼ ਦੱਤ ਸ਼ਰਮਾ** } : ਕੀ ਟਰਾਂਸਪੋਰਟ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਲਈ ਨਵੀਆਂ ਬੱਸਾਂ ਖਰੀਦਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀ ਮਹਿੰਦਰ ਸਿੰਘ ਕੇ.ਪੀ.** : ਨਹੀਂ ਜੀ। ਚਾਲੂ ਮਾਲੀ ਸਾਲ ਦੌਰਾਨ, ਪੰਜਾਬ ਰੋਡਵੇਜ਼, ਲਈ ਨਵੀਆਂ ਬੱਸਾਂ ਦੀ ਖਰੀਦ ਕਰਨ ਦਾ ਕੋਈ ਵਿਚਾਰ ਨਹੀਂ ਹੈ। ਪਰੰਤੂ ਪਨਬੱਸ ਵਲੋਂ ਬੈਂਕ ਤੋਂ 40 ਕਰੋੜ ਰੁਪਏ ਦਾ ਕਰਜ਼ਾ ਲੈ ਕੇ 360 ਬੱਸਾਂ ਖਰੀਦਣ ਦੀ ਤਜਵੀਜ਼ ਵਿਚਾਰ ਅਧੀਨ ਹੈ।

ਹਾਂ ਜੀ। ਸਾਲ 2005-2006 ਦੇ ਦੌਰਾਨ ਪੀ.ਆਰ.ਟੀ.ਸੀ. ਵੱਲੋਂ 100 ਨਵੀਆਂ ਬੱਸਾਂ ਪਾਉਣ/ਤਬਦੀਲ ਕਰਨ ਦੀ ਤਜਵੀਜ਼ ਹੈ ਜੋ ਸਰਕਾਰ ਦੇ ਵਿਚਾਰ ਅਧੀਨ ਹੈ। ਜਿਸ ਦਿਨ ਇਹ ਜਵਾਬ ਇਨ੍ਹਾਂ ਨੇ ਮੰਗਿਆ ਸੀ ਉਸ ਦਿਨ ਤਜਵੀਜ਼ ਸੀ, ਮੈਂ ਦੱਸਣਾ ਚਾਹੁੰਦਾ ਹਾਂ ਕਿ 100 ਬੱਸਾਂ ਦੀ ਪ੍ਰਵਾਨਗੀ ਸਰਕਾਰ ਨੇ ਦੇ ਦਿਤੀ ਹੈ। ਉਹ ਬੱਸਾਂ ਪੀ.ਆਰ.ਟੀ.ਸੀ. ਦੇ ਫਲੀਟ ਵਿਚ ਦਾਖਲ ਹੋ ਜਾਣਗੀਆਂ।

**ਸ਼੍ਰੀ ਤਰਲੋਚਨ ਸਿੰਘ** : ਸਪਲੀਮੈਂਟਰੀ ਸਪੀਕਰ ਸਾਹਿਬ, ..

**ਮਾਨਯੋਗ ਸਪੀਕਰ** : ਹਾਂ ਜੀ, ਕੁਐਸਚਨ ਕਰਨਾ ਹੈ ?

**ਸ਼੍ਰੀ ਤਰਲੋਚਨ ਸਿੰਘ** : ਯੈੱਸ ਸਰ, ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਜਾਨਣਾ ਚਾਹਾਂਗਾ ਕਿ ਇਕ ਜਿਹੜੀ ਪਨਬੱਸ ਹੈ ਉਸ ਨੂੰ ਪਾਉਣ ਵਿਚ ਕਿੰਨਾ ਖਰਚਾ ਆਉਂਦਾ ਹੈ ? ਕੀ ਦੂਜੀਆਂ ਬੱਸਾਂ ਜਿੰਨਾ ਖਰਚਾ ਹੁੰਦਾ ਹੈ ?

**ਮੰਤਰੀ** : ਬਰਾਬਰ ਹੀ ਖਰਚਾ ਹੁੰਦਾ ਹੈ। ਕੋਈ ਅਲੱਗ ਨਹੀਂ ਹੈ। ਅਸੀਂ ਪਨਬੱਸ ਦੀਆਂ ਬੱਸਾਂ ਲੋਨ ਲੈ ਕੇ ਪਾ ਰਹੇ ਹਾਂ।

**ਸ਼੍ਰੀ ਤਰਲੋਚਨ ਸਿੰਘ** : ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿਹੜਾ ਲੋਨ ਲੈਣਾ ਹੈ ਕੀ ਉਸ ਦਾ ਇੰਟਰਸਟ ਸਰਕਾਰ ਨੂੰ ਦੇਣਾ ਪਵੇਗਾ ?

**ਮੰਤਰੀ** : ਸਪੀਕਰ ਸਾਹਿਬ, ਕੋਈ ਵੀ ਫਾਈਨਾਂਸ਼ੀਅਲ ਇੰਸਟੀਚਿਊਸ਼ਨ ਹੈ, ਉਹ ਬਿਨਾਂ ਇੰਟਰਸਟ ਤੋਂ ਕੋਈ ਪੈਸਾ ਨਹੀਂ ਦਿੰਦਾ। ਇਸ ਤੇ ਵੀ ਵਿਆਜ ਲੱਗਣਾ ਹੈ ਪਰ ਜੋ ਇਨ੍ਹਾਂ ਬੱਸਾਂ ਦੀ ਪ੍ਰਫਾਰਮੈਂਸ ਹੈ, ਵਿਆਜ ਕੱਢ ਕੇ ਫਿਰ ਵੀ ਇਹ ਲਾਭ ਵਾਲਾ ਸੌਦਾ ਹੈ।

**ਸ਼੍ਰੀ ਤਰਲੋਚਨ ਸਿੰਘ** : ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਆਪਣੇ ਜਵਾਬ ਵਿਚ ਮੰਤਰੀ ਸਾਹਿਬ ਨੇ ਕਿਹਾ ਹੈ ਬਰਾਬਰ ਦਾ ਖਰਚਾ ਪੈਂਦਾ ਹੈ, ਕੀ ਇੰਟਰਸਟ ਦੇਣ ਨਾਲ ਸਰਕਾਰ ਤੇ ਬੋਝ ਵੱਧ ਨਹੀਂ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਜੋ ਸਰਕਾਰ ਵਲੋਂ ਪਿਛਲੇ ਵਰ੍ਹਿਆਂ ਵਿਚ ਬਜਟ ਵਿਚ ਪ੍ਰੋਵੀਜ਼ਨ ਸੀ, ਉਸ ਵਿਚ ਕੋਈ ਫੰਡ ਰਿਲੀਜ਼ ਨਹੀਂ ਹੋਏ ਸਨ। ਇਸ ਕਾਰਨ ਪੰਜਾਬ ਰੋਡਵੇਜ਼ ਦਾ ਜਿਹੜਾ ਖਰਚਾ ਹੋਣਾ ਸੀ, ਉਹ ਲੋਨਜ਼ ਲੈ ਕੇ ਪੂਰਾ ਕੀਤਾ ਗਿਆ। ਅਸੀਂ ਸੋਚਦੇ ਹਾਂ ਕਿ ਅੱਜ ਜਿਹੜੀਆਂ ਫਾਈਨਾਂਸ਼ੀਅਲ ਇੰਸਟੀਚਿਊਸ਼ਨਜ਼ ਹਨ, ਉਨ੍ਹਾਂ ਦੀ ਲੋਨਿੰਗ ਸਕੀਮ ਬੜੀ ਆਸਾਨ ਹੈ, ਉਹ ਸਰਲ ਵਿਆਜ ਤੇ ਲੋਨ ਦਿੰਦੀਆਂ ਹਨ। ਇਸ ਕਰਕੇ ਜਿਹੜੀਆਂ ਬੱਸਾਂ ਸਨ, ਉਹ ਲੋਨ ਤੇ ਖਰੀਦੀਆਂ ਗਈਆਂ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਰਡਰ ਏਰੀਆ ਵਿਚ ਪਿੰਡਾਂ ਦੇ ਜਿਹੜੇ ਰੂਟ ਹਨ, ਉਹ ਬੰਦ ਪਏ ਹਨ। ਕੀ ਉਨ੍ਹਾਂ ਨੂੰ ਚਲਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ?

**ਮੰਤਰੀ** : ਸਪੀਕਰ ਸਾਹਿਬ, ਰੂਟ ਬੰਦ ਇਸ ਕਰਕੇ ਨਹੀਂ ਪਏ ਕਿ ਬੱਸਾਂ ਨਹੀਂ ਹਨ। ਲੇਕਿਨ ਕਈ ਜਗ੍ਹਾਂ ਜਿਹੜੇ ਬੱਸਾਂ ਦੇ ਰੂਟ ਹਨ, ਉਹ ਫਾਇਦੇਮੰਦ ਨਹੀਂ ਹੁੰਦੇ। ਪਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਬੱਸ ਸਰਵਿਸ ਦੇਣੀ ਹੈ। ਜੇਕਰ ਮੈਂਬਰ ਸਾਹਿਬ ਨੂੰ ਲੱਗਦਾ ਹੈ ਕਿ ਕਿਸੇ ਰੂਟ ਤੇ, ਪਰਟੀਕੁਲਰ ਰੂਟ ਤੇ ਬੱਸ ਨਹੀਂ ਚਲਦੀ, ਉਹ ਚਲਾ ਦੇਵਾਂਗੇ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਬੱਸਾਂ ਚਲਦੀਆਂ ਹਨ, ਰੂਟ ਚਲਦੇ ਹਨ ਪਰ ਜਿਹੜੇ ਡਰਾਈਵਰ ਹਨ ਉਹ ਪ੍ਰਾਈਵੇਟ ਬੱਸਾਂ ਵਾਲਿਆਂ ਨਾਲ ਰਲ ਕੇ ਪੈਸਾ ਲੈ ਕੇ ਬੱਸਾਂ ਖੜ੍ਹੀਆਂ ਕਰ ਦਿੰਦੇ ਹਨ। ਜਿਸ ਕਾਰਨ ਪ੍ਰਾਈਵੇਟ ਬੱਸਾਂ ਵਾਲਿਆਂ ਨੂੰ ਆਮਦਨ ਜਾਂਦੀ ਹੈ ਅਤੇ ਇਸ ਤਰ੍ਹਾਂ ਸਰਕਾਰ ਨੂੰ ਨੁਕਸਾਨ ਹੋ ਰਿਹਾ ਹੈ। ਕੀ ਮੰਤਰੀ ਜੀ ਆਸ਼ਵਾਸਨ ਦੇਣਗੇ ਕਿ ਚੈਕਿੰਗ ਕਰਕੇ ਜੋ ਇਸ ਤਰ੍ਹਾਂ ਦਾ ਗਲਤ ਕੰਮ ਕਰ ਰਹੇ ਹਨ ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਨਿਰੰਤਰ ਚੈਕਿੰਗ ਹੋ ਰਹੀ ਹੈ ਪਰ ਕੋਈ ਅਜਿਹੀ ਸ਼ਿਕਾਇਤ ਸਾਡੇ ਕੋਲ ਨਹੀਂ ਆਈ।

---

**ਮਾਨਯੋਗ ਸਪੀਕਰ** : ਇਹ ਪ੍ਰਸ਼ਨ ਸਰਦਾਰ ਸੋਹਨ ਸਿੰਘ ਠੰਡਲ ਪੇਸ਼ ਕਰਨਗੇ।

## ਸਰਵ ਸਿੱਖਿਆ ਅਭਿਆਨ ਸਕੀਮ ਅਧੀਨ ਭਰਤੀ

*1138. **ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ (ਸਰਦਾਰ ਸੋਹਨ ਸਿੰਘ ਠੰਡਲ ਵੱਲੋਂ ਪੇਸ਼ ਕੀਤਾ ਗਿਆ)** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਵ ਸਿੱਖਿਆ ਅਭਿਆਨ ਸਕੀਮ ਅਧੀਨ ਕੋਈ ਭਰਤੀ ਕੀਤੀ ਜਾ ਰਹੀ ਹੈ? ਜੇਕਰ ਅਜਿਹਾ ਹੋਵੇ, ਤਾਂ ਇਸ ਮੰਤਵ ਲਈ ਭਰਤੀ ਕਰਨ ਦਾ ਤਰੀਕਾ ਕੀ ਹੈ?

**ਸ਼੍ਰੀ ਹਰਨਾਮ ਦਾਸ ਜੌਹਰ** : ਹਾਂ ਜੀ, ਭਰਤੀ ਮੁੱਖ ਅਖਬਾਰਾਂ ਵਿੱਚ ਖੁੱਲ੍ਹੇ ਇਸ਼ਤਿਹਾਰ ਦੇ ਕੇ ਕੀਤੀ ਗਈ/ਜਾ ਰਹੀ ਹੈ।

**ਸਰਦਾਰ ਸੋਹਨ ਸਿੰਘ ਠੰਡਲ** : ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਸਰਵ ਸਿੱਖਿਆ ਅਭਿਆਨ ਦੇ ਤਹਿਤ ਪੰਜਾਬ ਵਿਚ ਕਿੰਨੇ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ?

**ਮੰਤਰੀ** : ਸਪੀਕਰ ਸਾਹਿਬ, 1900 ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ।

**ਸਰਦਾਰ ਸੋਹਨ ਸਿੰਘ ਠੰਡਲ** : ਸਪੀਕਰ ਸਾਹਿਬ, ਇਹ ਕਿਹੜੇ-ਕਿਹੜੇ ਸਾਲ ਵਿਚ ਕੀਤੀ ਗਈ ਹੈ। ਮੈਂ ਇਹ ਵੀ ਜਾਨਣਾ ਚਾਹਾਂਗਾ ਕਿ ਸਰਵ ਸਿੱਖਿਆ ਅਭਿਆਨ ਤਹਿਤ ਸੈਂਟਰਲ ਗੌਰਮਿੰਟ ਵਲੋਂ ਸਟੇਟ ਗੌਰਮਿੰਟ ਨੂੰ ਕਿੰਨੇ ਫੰਡ ਪ੍ਰਾਪਤ ਹੋਏ?

**ਮੰਤਰੀ** : ਇਹ ਸਾਲ 2003-04 ਵਿਚ ਭਰਤੀ ਕੀਤੀ ਗਈ ਹੈ। ਇਸ ਦੇ ਵਾਸਤੇ ਸੈਂਟਰਲ ਗੌਰਮਿੰਟ ਵਲੋਂ 103 ਪੁਆਇੰਟ ਸਮਥਿੰਗ ਕਰੋੜ ਰੁਪਏ ਦੇ ਫੰਡਜ਼ ਆਏ ਸਨ।

**ਸਰਦਾਰ ਸੋਹਨ ਸਿੰਘ ਠੰਡਲ** : ਸਪੀਕਰ ਸਾਹਿਬ, 103 ਕਰੋੜ ਰੁਪਏ ਸਰਵ ਸਿੱਖਿਆ ਸਕੀਮ ਦੇ ਤਹਿਤ ਸੈਂਟਰਲ ਗੌਰਮਿੰਟ ਨੇ ਪੰਜਾਬ ਗੌਰਮਿੰਟ ਨੂੰ ਦਿੱਤੇ ਪਰ ਹਾਲੇ ਤੱਕ ਵੀ ਤਕਰੀਬਨ ਸਾਰੇ ਸਕੂਲ ਅਧਿਆਪਕਾਂ ਤੋਂ ਖਾਲੀ ਹਨ। ਕੀ ਕਾਰਨ ਹਨ ਕਿ ਸਾਲ 1993-94 ਤੋਂ ਬਾਅਦ ਕੋਈ ਭਰਤੀ ਨਹੀਂ ਕੀਤੀ ਗਈ? ਜਿਹੜੇ ਅਧਿਆਪਕ ਸਕੂਲਾਂ ਵਿਚ ਹਨ ਵੀ, ਉਨ੍ਹਾਂ ਨੂੰ ਵੀ ਇੱਕ ਜਗ੍ਹਾ ਤੇ ਇੱਕਠੇ ਕਰਕੇ 8-8 ਜਾਂ 10-10 ਦਿਨਾਂ ਦੇ ਕੈਂਪ ਲਗਾਏ ਜਾ ਰਹੇ ਹਨ। ਪੈਸਾ ਉਨ੍ਹਾਂ ਦੇ ਚਾਹ-ਪਾਣੀ ਤੇ ਹੀ ਖਰਚ ਕੀਤਾ ਜਾ ਰਿਹਾ ਹੈ ਅਤੇ ਇਸ ਤਰੀਕੇ ਦੇ ਨਾਲ ਪੈਸੇ ਦੀ ਦੁਰਵਰਤੋਂ ਹੋ ਰਹੀ ਹੈ..

**ਮਾਨਯੋਗ ਸਪੀਕਰ** : ਤੁਸੀਂ ਉਨ੍ਹਾਂ ਨੂੰ ਸਵਾਲ ਕਰੋ। ਕਹਾਣੀ ਨਾ ਦੱਸੋ। ਸਵਾਲ ਕਰੋ ਜੀ।

**ਸਰਦਾਰ ਸੋਹਨ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਲਗਾਤਾਰ ਸੈਂਟਰਲ ਗੌਰਮਿੰਟ ਵਲੋਂ ਆ ਰਿਹਾ ਹੈ, ਕੀ ਉਸ ਦੇ ਨਾਲ ਟੀਚਰਜ਼ ਦੀ ਭਰਤੀ ਕਰਨ ਦੀ ਤਜਵੀਜ਼ ਵੀ ਸਰਕਾਰ ਕੋਲ ਹੈ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ ਸਕੂਲਾਂ ਵਿਚ ਜਿੰਨੇ ਈ.ਟੀ.ਟੀ. ਟੀਚਰਜ਼ ਦੀ ਲੋੜ ਹੈ, ਉਸ ਦੇ ਮੁਤਾਬਿਕ ਟੀਚਰਜ਼ ਸਾਡੇ ਕੋਲ ਹਨ। ਈ.ਟੀ.ਟੀ. ਟੀਚਰਜ਼ ਦੂਸਰੇ ਟੀਚਰਜ਼ ਨਾਲੋਂ ਡਿਫਰੈਂਟ ਹਨ। ਇਸ ਲਈ ਸੈਂਟਰਲ ਗੌਰਮਿੰਟ ਵਲੋਂ ਪੈਸਾ ਮਿਲਦਾ ਹੈ। ਉਸ ਦੇ ਵਿਚ ਆਪਣਾ ਹਿੱਸਾ ਪਹਿਲੇ ਸਾਲ 25% ਪਾਉਣਾ ਸੀ ਪਰ ਬਦਕਿਸਮਤੀ ਨਾਲ ਸਾਡੀ ਸਰਕਾਰ ਉਸ ਵਿਚ ਆਪਣਾ ਹਿੱਸਾ ਨਹੀਂ ਪਾ ਸਕੀ। ਅਗਲੇ ਸਾਲ ਸਾਡੀ ਸਰਕਾਰ ਨੇ ਉਸ ਪੈਸੇ ਵਿਚ ਸਿਰਫ 25% ਪੈਸਾ ਪਾਇਆ। ਰਿਲੀਜ਼ ਹੋਈ ਕੁੱਲ ਰਕਮ ਨਾਲ ਅਸੀਂ ਈ.ਟੀ.ਟੀ. ਟੀਚਰ ਐਂਰ ਇਸ ਦੇ ਨਾਲ ਟੀਚਰਜ਼ ਤੋਂ ਇਲਾਵਾ ਜਿਹੜਾ ਸਕੂਲ ਚਲਾਉਣ ਵਾਸਤੇ ਹੋਰ ਸਟਾਫ ਚਾਹੀਦਾ ਸੀ, ਜਿਵੇਂ ਅਕਾਊਂਟੈਂਟ ਜਾਂ ਆਫਿਸ ਇੰਚਾਰਜ਼ ਆਦਿ ਸਟੇਟ ਪ੍ਰੋਜੈਕਟ ਦਫ਼ਤਰ ਤੇ ਜ਼ਿਲ੍ਹਾ ਪ੍ਰੋਜੈਕਟ ਦਫਤਰਾਂ ਵਿੱਚ, ਉਹ ਰੱਖੇ ਗਏ ਹਨ। ਪੜ੍ਹਾਈ ਜਾਰੀ ਹੈ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਈ.ਟੀ.ਟੀ. ਵਾਲੇ ਟੀਚਰ ਪ੍ਰਾਇਮਰੀ ਸਕੂਲਾਂ ਵਿਚ ਲਾਏ ਹਨ, ਫਿਰ ਵੀ ਸਾਰੇ ਪੰਜਾਬ ਵਿਚ 28,000 ਸੀਟਾਂ ਖਾਲੀ ਹਨ। ਜਿਸ ਦੇ ਵਿਚੋਂ ਕਿ ਬਹੁਤੀਆਂ ਸੀਟਾਂ ਪ੍ਰਾਇਮਰੀ ਸਕੂਲਾਂ ਦੀਆਂ ਹਨ। ਅਸੀਂ ਹਾਈ ਕੋਰਟ ਦੇ ਸਾਹਮਣੇ ਐਡਮਿਟ ਕੀਤਾ ਹੈ ਕਿ ਈ.ਟੀ.ਟੀ. ਟੀਚਰਜ਼ ਨੂੰ ਭਰਤੀ ਕਰਕੇ ਬਾਅਦ ਵਿਚ ਹਾਇਰ ਐਜੂਕੇਸ਼ਨ ਬਾਰੇ ਵਿਚਾਰਿਆ ਜਾਵੇਗਾ। ਈ.ਟੀ.ਟੀ. ਟੀਚਰਜ਼ ਦੀਆਂ ਜਿਹੜੀਆਂ ਸੀਟਾਂ ਖਾਲੀ ਹਨ, ਉਨ੍ਹਾਂ ਨੂੰ ਕਦੋਂ ਭਰਿਆ ਜਾਵੇਗਾ? ਖਾਲੀ ਸੀਟਾਂ ਕਦੋਂ ਤੱਕ ਪੂਰੀਆਂ ਕਰ ਲਵੋਗੇ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਈ ਸਵਾਲਾਂ ਦੇ ਜਵਾਬਾਂ ਵਿਚ ਦੱਸ ਚੁੱਕਿਆ ਹਾਂ ਕਿ ਸਰਕਾਰੀ ਤੌਰ ਤੇ ਸਾਨੂੰ ਫੰਡ ਨਹੀਂ ਮਿਲ ਰਹੇ। ਜਦੋਂ ਸਾਨੂੰ ਫੰਡਜ਼ ਮਿਲ ਜਾਣਗੇ ਐਂਰ ਜਦੋਂ ਮੈਨੂੰ ਇਜਾਜ਼ਤ ਹੋਵੇਗੀ ਟੀਚਰਜ਼ ਭਰਤੀ ਕਰਨ ਦੀ, ਅਸੀਂ ਕਰ ਲਵਾਂਗੇ। ਪਹਿਲਾਂ ਵੀ ਅਸੀਂ ਸਪੈਸ਼ਲ ਇਜ਼ਾਜ਼ਤ ਲਈ ਸੀ, ਉਸ ਵੇਲੇ ਕੈਬਨਿਟ ਕੋਲੋਂ ਇਜ਼ਾਜ਼ਤ ਲਈ ਸੀ, ਨਹੀਂ ਤਾਂ ਅਸੀਂ ਇਹ ਵੀ ਭਰ ਨਹੀਂ ਸਕਦੇ ਸੀ। ਇਸ ਲਈ ਜਿਹੜੇ ਫੰਡਜ਼ ਸਾਨੂੰ ਟੀਚਰਜ਼ ਭਰਤੀ ਕਰਨ ਲਈ ਸੀ.ਐਮ. ਸਾਹਿਬ ਦੇਣਗੇ ਅਤੇ ਸਾਡੀ ਕੈਬਨਿਟ ਜਦੋਂ ਇਜ਼ਾਜ਼ਤ ਦੇਵੇਗੀ, ਉਸ ਵੇਲੇ ਇਹ ਭਰਤੀਆਂ ਕਰਾਂਗੇ।

---

## ਗੜ੍ਹੇ ਪੈਣ ਕਾਰਣ ਖ਼ਰਾਬ ਹੋਈਆਂ ਫਸਲਾਂ ਲਈ ਮੁਆਵਜ਼ਾ

*1265 . (1) ਸਰਦਾਰ ਗੁਰਜੰਟ ਸਿੰਘ
(2) ਸਰਦਾਰ ਸੁਖਪਾਲ ਸਿੰਘ } : ਕੀ ਮਾਲ ਅਤੇ ਪੁਨਰਵਾਸ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਾਲ ਹੀ ਵਿੱਚ ਗੜ੍ਹੇ ਪੈਣ ਕਾਰਣ ਬਠਿੰਡਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਖੇਤੀਬਾੜੀ ਜ਼ਮੀਨ ਦੇ ਕਿੰਨੇ ਰਕਬੇ ਵਿੱਚ ਫ਼ਸਲਾਂ ਖਰਾਬ ਹੋ ਗਈਆਂ ਹਨ ਅਤੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਕੀ ਕਸੌਟੀ ਅਪਣਾਈ ਗਈ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਹਾਂ ਜੀ। ਡਿਪਟੀ ਕਮਿਸ਼ਨਰ, ਬਠਿੰਡਾ ਅਤੇ ਫਿਰੋਜ਼ਪੁਰ ਵੱਲੋਂ ਪ੍ਰਾਪਤ ਹੋਈਆਂ ਰਿਪੋਰਟਾਂ ਅਨੁਸਾਰ ਜ਼ਿਲ੍ਹਾ ਬਠਿੰਡਾ ਅਤੇ ਫਿਰੋਜ਼ਪੁਰ ਵਿਚ ਪਿੱਛੇ ਜਿਹੇ ਪਏ ਗੜ੍ਹਿਆਂ ਨਾਲ ਕਰਮਵਾਰ ਕੁੱਲ 37,270 ਏਕੜ ਅਤੇ 15,505 (ਏਕੜ) 3 (ਕਨਾਲ) 15 (ਮਰਲੇ) ਵਾਹੀ ਯੋਗ ਜ਼ਮੀਨ ਵਿੱਚ ਫਸਲਾਂ ਦਾ ਨੁਕਸਾਨ ਹੋਇਆ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

### ਨੁਕਸਾਨ ਏਕੜਾਂ ਵਿਚ

| ਜ਼ਿਲ੍ਹਾ | 25% ਤੱਕ | 25% ਤੋਂ ਵੱਧ–50% ਤੱਕ | 50% ਤੋਂ ਵੱਧ–75% ਤੱਕ | 75% ਤੋਂ ਉਪਰ |
|---|---|---|---|---|
| ਬਠਿੰਡਾ | 20021 | 5293 | 3302 | 8654 |
| ਫਿਰੋਜ਼ਪੁਰ | 6722 (ਏ) 1(ਕ) 15(ਮ) | 3557 | 1239 | 3987 (ਏ) 2(ਕ) |

ਸਰਕਾਰ ਵੱਲੋਂ ਫਸਲਾਂ ਦੇ ਨੁਕਸਾਨ ਦਾ ਕੋਈ ਮੁਆਵਜਾ ਨਹੀਂ ਦਿੱਤਾ ਜਾਂਦਾ ਪਰੰਤੂ ਸਰਕਾਰ ਦੀ ਨੀਤੀ ਅਨੁਸਾਰ ਕੁਦਰਤੀ ਆਫਤਾਂ ਰਾਹਤ ਫੰਡ ਵਿਚੋਂ ਹੇਠ ਲਿਖੀਆਂ ਦਰਾਂ ਤੇ ਰਾਹਤ ਦਿੱਤੀ ਜਾਂਦੀ ਹੈ :—

### ਨੁਕਸਾਨ ਦੀ ਪ੍ਰਤੀਸ਼ਤਤਾ ਅਤੇ ਰਾਹਤ ਦੇ ਰੇਟ

| 25% ਤੱਕ | 25% ਤੋਂ ਵੱਧ–50% ਤੱਕ | 50% ਤੋਂ ਵੱਧ–75% ਤੱਕ | 75% ਤੋਂ ਉਪਰ |
|---|---|---|---|
| ਨਿੱਲ | 700/– ਰੁਪਏ ਪ੍ਰਤੀ ਏਕੜ | 1,000/– ਰੁਪਏ ਪ੍ਰਤੀ ਏਕੜ | 2,000/– ਰੁਪਏ ਪ੍ਰਤੀ ਏਕੜ |

**ਸਰਦਾਰ ਗੁਰਜੰਟ ਸਿੰਘ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਗੜ੍ਹੇ ਪੈਣ ਕਾਰਨ ਬਹੁਤ ਤਬਾਹ ਹੋ ਗਈਆਂ ਹਨ, ਸਰੋਂ ਦੀ ਫਸਲ ਤਾਂ ਸੌ ਪ੍ਰਤੀਸ਼ਤ ਹੀ ਖਰਾਬ ਹੋ ਗਈ ਜਦ ਕਿ ਕਣਕ ਦੀ ਫਸਲ ਸਿਰਫ ਪੰਜ ਦਸ ਪ੍ਰਤੀਸ਼ਤ ਹੀ ਬਚੀ ਹੈ, ਬਾਕੀ ਜਿਹੜਾ ਸਰਕਾਰ ਨੇ ਮੁਆਵਜ਼ਾ ਦੇਣ ਦੀ ਗੱਲ ਕੀਤੀ ਹੈ ਇਹ ਬਹੁਤ ਥੋੜ੍ਹੀ ਰਕਮ ਹੈ। ਖਾਦ ਅਤੇ ਡੀਜ਼ਲ ਦੇ ਰੇਟ ਪਹਿਲਾਂ ਹੀ ਬਹੁਤ ਜ਼ਿਆਦਾ ਵੱਧ ਗਏ ਹਨ। ਕੀ ਮੰਤਰੀ ਸਾਹਿਬ ਇਸ ਗੱਲ ਦਾ ਵਿਸ਼ਵਾਸ਼ ਦਿਵਾਉਣਗੇ ਕਿ ਜਿਹੜਾ ਮੁਆਵਜ਼ਾ ਦਿੱਤਾ ਗਿਆ ਹੈ ਇਸ ਨੂੰ ਰਿਵਿਊ ਕਰਕੇ ਹੋਰ ਵੱਧ ਅਤੇ ਯੋਗ ਮੁਆਵਜ਼ਾ ਦੇਣ ਬਾਰੇ ਵਿਚਾਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਸੈਂਟਰ ਗੌਰਮਿੰਟ ਵਲੋਂ ਪੰਜਾਬ ਸਰਕਾਰ ਨੂੰ 75 ਪ੍ਰਤੀਸ਼ਤ ਮੁਆਵਜ਼ੇ ਦੇ ਤੌਰ ਤੇ ਆਉਂਦੇ ਹਨ ਤੇ 25 ਪ੍ਰਤੀਸ਼ਤ ਸੂਬੇ ਦੀ ਸਰਕਾਰ ਹਿੱਸੇ ਦੇ ਵਜੋਂ ਪਾ ਕੇ ਦਿੰਦੀ ਹੈ। ਇਹ ਠੀਕ ਹੈ ਕਿ ਸੈਂਟਰ ਗੌਰਮਿੰਟ ਦੇ ਮੁਆਵਜ਼ਾ ਦੇਣ ਦੇ ਨਾਰਮਜ਼ ਬਹੁਤ ਘੱਟ ਹਨ। ਅਸੀਂ ਵੀ ਮਹਿਸੂਸ ਕਰਦੇ ਹਾਂ, ਸਾਡੇ ਚੀਫ ਮਨਿਸਟਰ ਸਾਹਿਬ ਨੇ ਇਨ੍ਹਾਂ ਦੀ ਮਦਦ ਲਈ ਵੱਧ ਤੋਂ ਵੱਧ ਰੇਟ ਦੇਣ ਦੀ ਕੋਸ਼ਿਸ਼ ਕੀਤੀ ਹੈ ਪਰ ਹਾਲੇ ਤੱਕ ਇਸ ਨੂੰ ਹੋਰ ਵਧਾਉਣ ਦਾ ਵਿਚਾਰ ਨਹੀਂ ਹੈ ਅਤੇ ਨਾ ਹੀ ਹੋਰ ਮੁਆਵਜ਼ਾ ਦਿੱਤਾ ਜਾ ਸਕਦਾ ਹੈ। ਅਸੀਂ ਸੈਂਟਰਲ ਗੌਰਮਿੰਟ ਨਾਲ ਮਾਮਲਾ ਟੇਕ ਅੱਪ ਕਰਾਂਗੇ ਕਿ ਹੋਰ ਮਦਦ ਮਿਲ ਸਕੇ ਔਰ ਉਨ੍ਹਾਂ ਦੀ ਡਾਇਰੈਕਸ਼ਨ ਤੇ ਹੀ ਮੁਆਵਜ਼ਾ ਦਿੱਤਾ ਜਾ ਸਕਦਾ ਹੈ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਮੁਆਵਜ਼ਾ ਦਿੱਤਾ ਜਾਂਦਾ ਹੈ, ਇਹ ਬਹੁਤ ਥੋੜ੍ਹਾ ਹੈ ਅਤੇ ਜਿਮੀਂਦਾਰਾਂ ਨਾਲ ਇੱਕ ਮਜ਼ਾਕ ਹੀ ਹੈ। ਇਨ੍ਹਾਂ ਗੜ੍ਹਿਆਂ ਦੇ ਕਾਰਨ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ। ਉਨ੍ਹਾਂ ਦੇ ਘਰ ਵਿਚ ਖਾਣ ਨੂੰ ਦਾਣੇ ਵੀ ਨਹੀਂ ਰਹੇ। ਜਿਹੜੇ ਪੰਜ-ਪੰਜ ਕਿੱਲੇ ਵਾਲੇ ਕਿਸਾਨ ਬਾਰਡਰ ਏਰੀਏ ਵਿਚ ਬੈਠੇ ਹਨ ਉਨ੍ਹਾਂ ਦੀ ਹਾਲਤ ਬੜੀ ਤਰਸਯੋਗ ਹੈ। ਕੀ ਸਰਕਾਰ ਇਸ ਹਾਊਸ ਵਿਚ ਵਿਚਾਰ ਕਰਕੇ ਹੋਰ ਜ਼ਿਆਦਾ ਮੁਆਵਜ਼ਾ ਦੇਣ ਤੇ ਵਿਚਾਰ ਕਰਨ ਲਈ ਤਿਆਰ ਹੈ, ਨਹੀਂ ਤਾਂ ਭੁੱਖਮਰੀ ਕਰਕੇ ਲੁੱਟਾਂ ਸ਼ੁਰੂ ਹੋ ਜਾਣਗੀਆਂ ?

**ਮਾਨਯੋਗ ਸਪੀਕਰ** : ਮੰਤਰੀ ਜੀ, ਕੀ ਤੁਸੀਂ ਇਸ ਮੁਆਵਜ਼ੇ ਸਬੰਧੀ ਸੈਂਟਰ ਗੌਰਮਿੰਟ ਨਾਲ ਗੱਲ ਕਰੋਗੇ ?

**ਮੰਤਰੀ** : ਪਿਛਲੀ ਸਰਕਾਰ ਦੇ ਸਮੇਂ ਵੀ ਇਸ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਆਉਂਦੀਆਂ ਰਹੀਆਂ ਹਨ। ਸੂਬੇ ਵਿਚ ਅਕਾਲੀ ਪਾਰਟੀ ਦੀ ਸਰਕਾਰ ਸੀ ਅਤੇ ਸੈਂਟਰ ਵਿਚ ਬੀ.ਜੇ.ਪੀ. ਦੀ ਸਰਕਾਰ ਸੀ (ਵਿਘਨ) ਉਸ ਵੇਲੇ ਇਨ੍ਹਾਂ ਦੀ ਸਰਕਾਰ ਨੇ ਕੁਦਰਤੀ ਆਫਤਾਂ ਦੇ ਮੁਆਵਜ਼ੇ ਲਈ ਰਕਮ ਨਹੀਂ ਵਧਾਈ, ਹੁਣ ਇਹ ਸਾਨੂੰ ਕਹਿ ਰਹੇ ਹਨ। ਅਸੀਂ ਸੈਂਟਰ ਗੌਰਮਿੰਟ ਨਾਲ ਗੱਲਬਾਤ ਕਰਕੇ ਵੱਧ ਤੋਂ ਵੱਧ ਮੁਆਵਜ਼ੇ ਲਈ ਕੋਸ਼ਿਸ਼ ਕਰਾਂਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕਿਸੇ ਵੇਲੇ 600 ਰੁਪਏ ਪ੍ਰਤੀ ਹੈਕਟੇਅਰ ਮੁਆਵਜ਼ਾ ਕਿਸਾਨਾਂ ਨੂੰ ਮਿਲਦਾ

ਸੀ ਪਰ ਸਾਡੀ ਸਰਕਾਰ ਵੇਲੇ ਇਸ ਮਾਮਲੇ ਨੂੰ ਟੇਕ ਅੱਪ ਕਰਕੇ ਦੋ ਹਜ਼ਾਰ ਰੁਪਿਆ ਪ੍ਰਤੀ ਏਕੜ ਕਰਵਾ ਦਿੱਤਾ ਸੀ। ਇਹ ਇਸ ਗੱਲ ਦਾ ਬਹਾਨਾ ਨਾ ਕਰਨ ਕਿ ਕਿਹੜੀ ਸਰਕਾਰ ਸੀ ਜਾਂ ਨਹੀਂ। ਕੀ ਇਹ ਕੈਬਨਿਟ ਤੋਂ ਫੈਸਲਾ ਕਰਵਾਉਣਗੇ ਕਿ ਪ੍ਰਤੀ ਏਕੜ ਪੰਜ ਹਜ਼ਾਰ ਰੁਪਿਆ ਮੁਆਵਜ਼ਾ ਕਿਸਾਨਾਂ ਨੂੰ ਮਿਲੇਗਾ ?

**ਮੰਤਰੀ** : ਇਸ ਤੇ ਗੌਰ ਕਰ ਲਵਾਂਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੁਦਰਤੀ ਆਫਤਾਂ ਦੀ ਡੈਫੀਨਿਸ਼ਨ ਕੀ ਹੈ ਤੇ ਕੁਦਰਤੀ ਆਫਤਾਂ ਵਿੱਚ ਜਿਹੜੇ ਜੰਗਲੀ ਜਾਨਵਰਾਂ ਦਾ ਨੁਕਸਾਨ ਹੋ ਜਾਂਦਾ ਹੈ, ਉਸ ਦਾ ਮੁਆਵਜ਼ਾ ਕਿਸ ਤਰ੍ਹਾਂ ਦਿੱਤਾ ਜਾਂਦਾ ਹੈ ?

**ਮੰਤਰੀ** : ਮੈਂ ਇਨ੍ਹਾਂ ਨੂੰ ਕੁਦਰਤੀ ਆਫ਼ਤਾਂ ਬਾਰੇ ਦਸਦਾ ਹਾਂ ਕਿ ਤੂਫਾਨ, ਗੜ੍ਹੇਮਾਰੀ, ਭੂਚਾਲ, ਸੋਕਾ ਆਦਿ ਇਸ ਵਿਚ ਆਉਂਦੇ ਹਨ। ਇਸ ਅਧੀਨ ਹੀ ਇਹ ਮੁਆਵਜ਼ਾ ਦਿੱਤਾ ਜਾਂਦਾ ਹੈ।

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ** : ਦੋ ਹਜ਼ਾਰ ਰੁਪਿਆ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਨੋਟੀਫਿਕੇਸ਼ਨ ਕਿਹੜੇ ਸਾਲ ਦੀ ਹੈ ?

**ਮੰਤਰੀ** : ਇਹ ਕਾਫੀ ਦੇਰ ਦੀ ਨੋਟੀਫਿਕੇਸ਼ਨ ਹੈ। ਇਸ ਵਿੱਚ 75 ਪ੍ਰਤੀਸ਼ਤ ਸੈਂਟਰ ਗੌਰਮਿੰਟ ਤੋਂ ਅਤੇ 25 ਪ੍ਰਤੀਸ਼ਤ ਸੂਬੇ ਦੀ ਸਰਕਾਰ ਵਲੋਂ ਪਾਇਆ ਜਾਂਦਾ ਹੈ। ਇਸ ਵੇਲੇ ਨੋਟੀਫਿਕੇਸ਼ਨ ਦੀ ਕਾਪੀ ਮੇਰੇ ਕੋਲ ਨਹੀਂ ਹੈ।

**ਮਾਨਯੋਗ ਸਪੀਕਰ** : ਹਾਂ ਜੀ, ਸੁਖਪਾਲ ਸਿੰਘ ਜੀ ਹਾਲੇ ਹੋਰ ਪੁੱਛਣਾ ਚਾਹੁੰਦੇ ਹਨ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਾਊਸ ਵਿਚ ਇਕ ਪਾਰਟੀ ਦੇ ਤੌਰ ਤੇ ਜਵਾਬ ਨਾ ਦਿੱਤਾ ਜਾਵੇ ਕਿ ਕਿਹੜੀ ਪਾਰਟੀ ਨੇ ਕੀ ਕੀਤਾ। ਲੋਕਾਂ ਦੇ ਕੋਲ ਇਸ ਵਕਤ ਖਾਣ ਨੂੰ ਨਹੀਂ, ਪਸ਼ੂਆਂ ਲਈ ਤੂੜੀ ਨਹੀਂ। ਉਨ੍ਹਾਂ ਦਾ 2,000 ਰੁਪਏ ਨਾਲ ਗੁਜ਼ਾਰਾ ਨਹੀਂ ਹੋ ਸਕਦਾ। ਕੀ ਇਹ ਕੈਬਿਨੇਟ ਦੀ ਮੀਟਿੰਗ ਬੁਲਾ ਕੇ ਇਸ ਤੇ ਦੁਬਾਰਾ ਵਿਚਾਰ ਕਰਨਗੇ ?

**Mr. Speaker :** This is no question. ਹਾਂ ਜੀ, ਸਰਦਾਰ ਮਨਪ੍ਰੀਤ ਸਿੰਘ ਬਾਦਲ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫ਼ਤ ਮਾਨਯੋਗ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਹ ਮੁਆਵਜ਼ਾ ਨਹੀਂ, ਰਿਲੀਫ ਹੈ। ਪਹਿਲਾਂ ਵੀ ਇਹ ਮੁਕਤਸਰ ਵਿਚ ਢਾਈ ਸਾਲ ਬਾਅਦ ਵੰਡ ਕੇ ਆਏ ਹਨ। ਹੁਣ ਕਰਾਪ ਦਾ ਫੇਰ ਡੈਮੇਜ ਹੋਇਆ ਹੈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਰਿਲੀਫ ਕਿਹਾ ਹੈ, ਉਹ ਕਦੋਂ ਤੱਕ ਤਕਸੀਮ ਹੋ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, 16 ਕਰੋੜ 27 ਲੱਖ ਰੁਪਿਆ ਅਸੀਂ ਪਹਿਲਾਂ ਦੇ ਦਿੱਤਾ ਹੈ। ਹੁਣ 10 ਕਰੋੜ 35 ਲੱਖ ਰੁਪਿਆ ਮਹਿਕਮੇ ਵਲੋਂ ਰਿਲੀਜ਼ ਹੋਣ ਵਾਲਾ ਹੈ। ਅਸੀਂ ਆਪਣੇ ਵਲੋਂ ਕਰਕੇ ਦੇ ਦਿੱਤਾ ਹੈ, ਅਸੀਂ ਆਪ ਕਿਹਾ ਵੀ ਹੈ ਤੇ ਚਿੱਠੀ ਵੀ ਦੇ ਦਿੱਤੀ ਹੈ। ਜਿਹੜੇ ਪੈਸੇ ਰਹਿੰਦੇ ਹਨ, ਇਹ ਥੋੜ੍ਹੇ ਦਿਨਾਂ ਵਿਚ ਦੇ ਦਿੱਤੇ ਜਾਣਗੇ। ਇਹ ਤਿਆਰ ਹੋ ਚੁੱਕਾ ਹੈ, ਥੋੜ੍ਹੇ ਦਿਨਾਂ ਵਿਚ ਰਾਹਤ ਦੇ ਦੇਵਾਂਗੇ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਮੀਂਦਾਰ ਤੇ ਦਲਿਤ ਭਰਾ ਜਿਹੜੇ ਇਕੱਠੇ ਖੇਤੀ ਦਾ ਕੰਮ ਕਰਦੇ ਹਨ, ਦਲਿਤ ਜ਼ਿਮੀਂਦਾਰ ਨਾਲ ਸਾਂਝੀ-ਸੀਰੀ ਰਲ ਕੇ ਕੰਮ ਕਰਦੇ ਹਨ, ਕੀ ਜਿਹੜਾ ਮੁਆਵਜ਼ਾ ਸਰਕਾਰ ਜਿਮੀਂਦਾਰ ਨੂੰ ਦਿੰਦੀ ਹੈ, ਕੀ ਇਹ ਸਾਂਝੀ-ਸੀਰੀ ਕਰਨ ਵਾਲੇ ਨੂੰ ਵੀ ਮੁਆਵਜ਼ਾ ਦੇਣ ਦੀ ਖੇਚਲ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜੇ ਗੱਲ ਕਰੀਏ ਤਾਂ ਗੁੱਸਾ ਕਰ ਲੈਂਦੇ ਹਨ। ਪਹਿਲਾਂ 5 ਸਾਲ ਐਗਰੀਕਲਚਰ ਦਾ ਮਹਿਕਮਾ ਇਨ੍ਹਾਂ ਦੇ ਆਪਣੇ ਕੋਲ ਰਿਹਾ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਜਿਹੜੇ ਮਜ਼ਦੂਰ ਹਨ, ਉਨ੍ਹਾਂ ਲਈ ਵੀ ਮੁਆਵਜ਼ਾ ਹੋਣਾ ਚਾਹੀਦਾ ਹੈ। ਅਸੀਂ ਜਿਹੜਾ ਸੈਂਟਰ ਨੂੰ ਕਲੇਮ ਭੇਜਿਆ ਹੈ, ਜਿਹੜੇ ਮਜ਼ਦੂਰ ਜ਼ਿਮੀਂਦਾਰਾਂ ਕੋਲ ਖੇਤੀ ਦਾ ਕੰਮ ਕਰਦੇ ਹਨ, ਉਨ੍ਹਾਂ ਲਈ ਵੀ ਮੰਗ ਕੀਤੀ ਹੈ। ਜੇ ਮੈਂ ਕਹਿੰਦਾ ਹਾਂ ਕਿ ਪਿਛਲੇ 5 ਸਾਲਾਂ ਵਿਚ ਇਨ੍ਹਾਂ ਨੇ ਇਸ ਗੱਲ ਦਾ ਨਾਂ ਤੱਕ ਨਹੀਂ ਲਿਆ, ਤਾਂ ਬੋਲਦੇ ਹਨ।

**ਸਰਦਾਰ ਗੁਰਦੇਵ ਸਿੰਘ ਬਾਦਲ (ਬੈਠੇ ਬੈਠੇ)** : ਸਾਡੇ ਰਾਜ ਵਿਚ ਗੜ੍ਹੇ ਹੀ ਨਹੀਂ ਪਏ। ਇਨ੍ਹਾਂ ਦੇ ਰਾਜ ਵਿਚ ਹੀ ਪੈਂਦੇ ਹਨ।

**ਮਾਨਯੋਗ ਸਪੀਕਰ** : ਅਗਲਾ ਸਵਾਲ। ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ।

---

## ਅੰਗੂਰਾਂ ਦੀ ਵੀਕਰੀ

*1109. **ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਕੀ ਸਹਿਕਾਰਤਾ ਤੇ ਬਾਗਬਾਨੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਤਲਵੰਡੀ ਸਾਬੋ ਵਿੱਚ ਬਹੁਤ ਸਾਰਾ ਰਕਬਾ ਅੰਗੂਰਾਂ ਦੀ ਕਾਸ਼ਤ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਵਿਭਾਗ ਦੁਆਰਾ ਆਉਣ ਵਾਲੇ ਸੀਜ਼ਨ ਵਿੱਚ ਅੰਗੂਰਾਂ ਦੀ ਵਿਕਰੀ ਨੂੰ ਯਕੀਨੀ ਬਣਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਜਸਜੀਤ ਸਿੰਘ ਰੰਧਾਵਾ** : ਹਾਂ ਜੀ, ਇਸ ਸਮੇਂ ਅੰਗੂਰਾਂ ਹੇਠ ਤਲਵੰਡੀ ਸਾਬੋ, ਬਠਿੰਡਾ ਵਿਚ ਕੁੱਲ ਰਕਬਾ 663 ਹੈਕਟੇਅਰ ਹੈ।

ਜਿਥੋਂ ਤੀਕ ਅੰਗੂਰਾਂ ਅਤੇ ਹੋਰ ਦੂਜੇ ਫਲਾਂ ਦੀ ਮਾਰਕੀਟਿੰਗ ਦਾ ਸਬੰਧ ਹੈ, ਪੰਜਾਬ ਖੇਤੀ ਐਕਸਪੋਰਟ ਕਾਰਪੋਰੇਸ਼ਨ ਨੂੰ ਰਾਜ ਸਰਕਾਰ ਵਲੋਂ ਬਤੌਰ ਨੋਡਲ ਏਜੰਸੀ ਘੋਸ਼ਿਤ ਕੀਤਾ

ਗਿਆ ਹੈ। ਇਸ ਏਜੰਸੀ ਵਲੋਂ ਪਹਿਲਾਂ ਹੀ ਅੰਗੂਰ ਦੀ ਫਸਲ ਦੇ ਮੰਡੀਕਰਨ ਲਈ ਦੋ ਪ੍ਰੀ-ਕੂਲਿੰਗ ਸੈਂਟਰ ਤਲਵੰਡੀ ਸਾਬੋ ਅਤੇ ਬਾਦਲ ਵਿਖੇ ਸਥਾਪਤ ਕੀਤੇ ਗਏ ਹਨ ਜਿਥੇ ਕਿ ਅੰਗੂਰਾਂ ਦੀ ਫਸਲ ਨੂੰ ਠੰਡਾ ਕਰਨ ਅਤੇ ਪੈਕਿੰਗ ਮੈਟੀਰੀਅਲ (ਗੱਤੇ ਦੇ ਬਕਸੇ ਆਦਿ) ਤੇ ਇਨ੍ਹਾਂ ਸੈਂਟਰਾਂ ਵਿਚ 25 ਪ੍ਰਤੀਸ਼ਤ ਉਪਦਾਨ ਦਿੱਤਾ ਜਾਂਦਾ ਹੈ।

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਬ ਡਿਵੀਜ਼ਨ ਤਲਵੰਡੀ ਸਾਬੋ ਵਿਚ ਲਗਭਗ ਸਾਢੇ ਛੇ ਸੌ ਏਕੜ ਤੋਂ ਉਤੇ ਰਕਬੇ ਵਿਚ ਅੰਗੂਰਾਂ ਦੇ ਬਾਗ ਹਨ। ਅੰਗੂਰ ਇਕ ਅਜਿਹੀ ਫਸਲ ਹੈ, ਜਿਹੜੀ ਬਹੁਤ ਜਲਦੀ ਖਰਾਬ ਹੋ ਜਾਂਦੀ ਹੈ। ਇਸ ਦੀ ਮਾਰਕੀਟਿੰਗ ਬਾਰੇ ਅੱਜ ਦੇਖੀਏ ਕਿ ਅੰਗੂਰ ਤਲਵੰਡੀ ਸਾਬੋ ਤੋਂ ਕਲਕੱਤਾ ਅਤੇ ਜੰਮੂ ਕਸ਼ਮੀਰ ਤੱਕ ਜਾ ਰਿਹਾ ਹੈ। ਇਕ ਤਾਂ ਜਿਹੜਾ ਇਨ੍ਹਾਂ ਨੇ ਮੈਨਸ਼ਨ ਕੀਤਾ ਹੈ ਕਿ ਉਥੇ ਪੰਜਾਬ ਐਗਰੀਕਲਚਰ ਐਕਸਪੋਰਟ ਕਾਰਪੋਰੇਸ਼ਨ ਦੁਆਰਾ ਪ੍ਰੀਕੂਲਿੰਗ ਯੂਨਿਟ ਲਾਇਆ ਸੀ, ਇਹ ਯੂਨਿਟ ਜਿਸ ਦਿਨ ਦਾ ਲੱਗਿਆ ਹੈ......

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਵਾਲ ਕਰ ਰਿਹਾ ਹਾਂ ਜੀ। ਉਹ ਯੂਨਿਟ ਮਸਾਂ ਮਹੀਨਾ ਦੋ ਮਹੀਨੇ ਚਲਿਆ ਹੋਣਾ ਹੈ ਤੇ ਹੁਣ ਬਿਲਕੁਲ ਬੰਦ ਹੈ। ਅੱਜ ਵੀ ਬੰਦ ਪਿਆ ਹੈ। ਸਪੀਕਰ ਸਾਹਿਬ, ਕੀ ਹੁਣ ਆਉਣ ਵਾਲੀ ਜਿਹੜੀ ਫਸਲ ਹੈ, ਉਸਨੂੰ ਵੇਚਣ ਦਾ ਜਿਹੜਾ ਕਿਸਾਨ ਦਾ ਪ੍ਰੋਗਰਾਮ ਬਣ ਰਿਹਾ ਹੈ ਕਿਉਂਕਿ ਜਦੋਂ ਉਹ ਅੰਗੂਰਾਂ ਨੂੰ ਇਕ ਵਾਰ ਠੇਕੇ ਤੇ ਦੇ ਦਿੰਦਾ ਹੈ ਜਾਂ ਤੋੜ ਕੇ ਵੇਚਦਾ ਹੈ, ਉਸ ਕੋਲ ਫੇਰ ਰੱਖਣ ਵਾਸਤੇ ਕੋਈ ਸਾਧਨ ਨਹੀਂ। ਉਹ ਕੇਵਲ 72 ਘੰਟੇ ਰੱਖ ਸਕਦਾ ਹੈ।

**Mr. Speaker :** Put question.

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਯੂਨਿਟ ਲਾਇਆ ਹੈ, ਕੀ ਇਸ ਸੀਜ਼ਨ ਤੋਂ ਪਹਿਲਾਂ-ਪਹਿਲਾਂ ਉਸ ਨੂੰ ਚਾਲੂ ਕਰਵਾ ਦਿੱਤਾ ਜਾਵੇਗਾ ਜਾਂ ਨਹੀਂ ?

**ਮਾਨਯੋਗ ਸਪੀਕਰ** : ਸੀਜ਼ਨ ਤੋਂ ਪਹਿਲਾਂ ਚਾਲੂ ਕਰਵਾ ਦਿੱਤਾ ਜਾਵੇਗਾ, ਰੰਧਾਵਾ ਜੀ ?

**ਮੰਤਰੀ** : ਸਪੀਕਰ ਸਾਹਿਬ, ਇਹ ਸਾਡੇ ਨੋਟਿਸ ਵਿਚ ਹੈ। ਜਿਹੜੀ ਪੰਜਾਬ ਐਗਰੀਕਲਚਰ ਐਕਸਪੋਰਟ ਕਾਰਪੋਰੇਸ਼ਨ ਹੈ, ਉਸ ਨੇ ਇਹ ਪ੍ਰੀਕੂਲਿੰਗ ਯੂਨਿਟ ਲਾਏ ਹੋਏ ਹਨ। ਡਿਪਾਰਟਮੈਂਟ ਪਹਿਲਾਂ ਹੀ ਕਾਰਪੋਰੇਸ਼ਨ ਨੂੰ ਹਦਾਇਤਾਂ ਜਾਰੀ ਕਰ ਚੁੱਕਾ ਹੈ ਕਿ ਅਪ੍ਰੈਲ, ਮਈ, ਜੂਨ ਤੱਕ ਫਸਲ ਆਉਣੀ ਹੁੰਦੀ ਹੈ, ਇਹ ਪ੍ਰੀਕੂਲਿੰਗ ਸੈਂਟਰ ਜਿਹੜਾ ਹੈ, ਇਸਨੂੰ ਚਲਦਾ ਕਰਕੇ ਦਿੱਤਾ ਜਾਵੇ।

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਕਿਸਾਨ ਜਿਹੜੀ ਆਪਣੀ ਫਸਲ ਬੀਜਦਾ ਸੀ, ਉਸ ਦੀ ਮਾਰਕੀਟਿੰਗ ਕਰਨ ਵਾਸਤੇ ਸਰਕਾਰ ਪਲਾਸਟਿਕ ਦੇ ਡੱਬੇ ਦਿੰਦੀ ਹੁੰਦੀ ਸੀ। ਇਹ ਆਮ ਤੌਰ ਤੇ ਹਰ ਚੀਜ਼ ਵਿਚ ਪੈਕ ਨਹੀਂ ਹੋ ਸਕਦਾ। ਇਸ ਨੂੰ ਹਵਾ ਲੱਗਣੀ ਚਾਹੀਦੀ ਹੈ ਤਾਂ ਕਿ ਜਿਥੇ ਜਾ ਕੇ ਇਹ ਵਿਕਣੀ ਹੈ, ਉਥੇ ਤੱਕ ਜਾਂਦੇ ਜਾਂਦੇ ਇਹ ਖਰਾਬ ਨਾ ਹੋ ਜਾਵੇ। ਸਰਕਾਰ ਇਹ ਪਲਾਸਟਿਕ ਬੈਗਜ਼ ਦਿੰਦੀ ਹੁੰਦੀ ਸੀ ਲੇਕਿਨ ਹੁਣ ਸਰਕਾਰ ਨੇ ਦੇਣੇ ਬੰਦ ਕਰ ਦਿੱਤੇ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਵਾਰ ਵੀ ਸੀਜ਼ਨ ਦੇ ਮੌਕੇ ਇਹ ਬੈਗਜ਼ ਕਿਸਾਨਾਂ ਨੂੰ ਮੁਹੱਈਆ ਕਰਵਾਏਗੀ ?

**ਮੰਤਰੀ** : ਸਪੀਕਰ ਸਾਹਿਬ, ਸਰਕਾਰ ਇਹ ਪਲਾਸਟਿਕ ਦੇ ਨਹੀਂ ਬਲਕਿ ਗੱਤੇ ਦੇ ਬੈਗਜ਼ ਦੇਵੇਗੀ। ਗੱਤੇ ਦੇ ਬੈਗਜ਼ ਤੇ ਸਰਕਾਰ 25% ਸਬਸਿਡੀ ਦਿੰਦੀ ਹੈ। ਮੈਂ ਇਨ੍ਹਾਂ ਦੀ ਜਾਣਕਾਰੀ ਵਾਸਤੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਜਿਹੜੀ ਪਰਲਟ ਵਰਾਈਟੀ ਹੈ, ਇਥੇ ਕਲਾਈਮੈਟਿਕ ਕੰਡੀਸ਼ਨਜ਼ ਅੱਛੀਆਂ ਨਾ ਹੋਣ ਕਰਕੇ ਇਸ ਦੀ ਕੁਆਲਿਟੀ ਬਹੁਤੀ ਅੱਛੀ ਨਹੀਂ ਹੁੰਦੀ। ਇਸ ਦੀ ਮਾਰਕੀਟਿੰਗ ਆਮ ਤੌਰ ਤੇ ਪੰਜਾਬ ਵਿਚ ਹੀ ਹੁੰਦੀ ਹੈ ਅਤੇ ਬਾਹਰ ਇਹ ਭੇਜਿਆ ਨਹੀਂ ਜਾਂਦਾ ਹੈ।

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਪਰਲਟ ਵਰਾਈਟੀ ਹੈ, ਇਹ ਪੰਜਾਬ ਵਿਚ ਕਿਸ ਸਾਲ ਵਿਚ ਇੰਟਰੋਡਿਊਸ ਕੀਤੀ ਗਈ ਸੀ ? ਮੇਰੇ ਕਹਿਣ ਦਾ ਭਾਵ ਇਹ ਹੈ ਅਤੇ ਮੇਰਾ ਆਪਣਾ ਖਿਆਲ ਇਹ ਹੈ ਕਿ ਇਸ ਨੂੰ ਇੰਟਰੋਡਿਊਸ ਕੀਤੀ ਨੂੰ 40-42 ਸਾਲ ਹੋ ਗਏ ਹਨ। ਕੀ ਮੰਤਰੀ ਜੀ ਇਹ ਵੀ ਦੱਸਣਗੇ ਕਿ ਮਹਿਕਮਾ ਕੋਈ ਨਵੀਂ ਵਰਾਈਟੀ ਇੰਟਰੋਡਿਊਸ ਕਰ ਰਿਹਾ ਹੈ ਜਿਵੇਂ ਕਿਹਾ ਗਿਆ ਹੈ ਕਿ ਕਲਾਈਮੈਟਿਕ ਕੰਡੀਸ਼ਨਜ਼ ਇਥੇ ਅੱਛੀਆਂ ਨਹੀਂ ਹਨ ?

**ਮੰਤਰੀ** : ਸਪੀਕਰ ਸਾਹਿਬ, ਸਾਡੇ ਇਥੇ ਜਿਹੜੀਆਂ ਕਲਾਈਮੈਟਿਕ ਕੰਡੀਸ਼ਨਜ਼ ਹਨ ਅਤੇ ਜਿਹੜੀ ਸਾਇਲ ਦੀ ਕੰਡੀਸ਼ਨ ਹੈ, ਉਸ ਦੇ ਮੁਤਾਬਿਕ ਇਹੀ ਵੈਰਾਈਟੀ ਜ਼ਿਆਦਾ ਸੂਟੇਬਲ ਹੈ। ਇਸ ਪਾਸੇ ਰਿਸਰਚ ਤਾਂ ਹੋ ਰਹੀ ਹੈ ਲੇਕਿਨ ਅਜੇ ਤੱਕ ਕੋਈ ਹੋਰ ਵੈਰਾਈਟੀ ਆਈ ਨਹੀਂ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਪਿਛਲੇ 2 ਸਾਲਾਂ ਵਿਚ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੇ ਅੰਗੂਰ ਦੀ ਫਸਲ ਵਾਸਤੇ ਇਕ ਮੀਨੀਮਮ ਸਪੋਰਟ ਪ੍ਰਾਈਸ ਇੰਟਰੋਡਿਊਸ ਕੀਤੀ ਸੀ ਤਾਂ ਕਿ ਇਸ ਦੀ ਪ੍ਰਾਈਸ ਇਕ ਖਾਸ ਲੈਵਲ ਤੋਂ ਥੱਲੇ ਨਾ ਜਾਵੇ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਾਲ ਵੀ ਇਹ ਕਾਰਪੋਰੇਸ਼ਨ ਜਾਂ ਸਰਕਾਰ ਇਹ ਮੀਨੀਮਮ ਸਪੋਰਟ ਪ੍ਰਾਈਸ ਇੰਟਰੋਡਿਊਸ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਆਮ ਤੌਰ ਤੇ ਭਾਅ ਇਕ ਨਿਸ਼ਚਿਤ ਸੀਮਾ ਤੋਂ ਥੱਲੇ ਨਹੀਂ ਜਾਂਦਾ। ਇਸ ਦੀ ਕੰਜ਼ਮਪਸ਼ਨ ਲੋਕਲ ਲੈਵਲ ਤੇ ਹੁੰਦੀ ਹੈ। ਹਾਲ ਦੀ ਘੜੀ ਇਸ ਤਰ੍ਹਾਂ ਦੀ ਕੋਈ ਪ੍ਰਾਈਸ ਫਿਕਸ ਨਹੀਂ ਕੀਤੀ ਗਈ ਹੈ।

———

## ਸਬ-ਡਿਵੀਜ਼ਨ ਤਲਵੰਡੀ ਸਾਬੋ ਵਿੱਚ ਲਗਾਏ ਗਏ ਪੌਦੇ

*1110. **ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਕੀ ਜੰਗਲਾਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਬ-ਡਿਵੀਜ਼ਨ ਤਲਵੰਡੀ ਸਾਬੋ ਵਿੱਚ ਹਰਿਆਲੀ ਨੂੰ ਬਣਾਈ ਰੱਖਣ ਲਈ ਵਿਭਾਗ ਦੁਆਰਾ ਸਾਲ 2004-05 ਦੌਰਾਨ ਕਿੰਨੇ ਪੌਦੇ ਲਗਾਏ ਗਏ ਅਤੇ ਕਿਸ-ਕਿਸ ਕਿਸਮ ਦੇ ਪੌਦੇ ਲਗਾਏ ਗਏ ਅਤੇ ਕਿਸ-ਕਿਸ ਜਗ੍ਹਾ ਤੇ ਲਗਾਏ ਗਏ ;

(ਅ) ਕੀ ਸਾਲ 2005-06 ਦੌਰਾਨ ਵੀ ਉਕਤ ਸਬ-ਡਿਵੀਜ਼ਨ ਵਿੱਚ ਹੋਰ ਪੌਦੇ ਲਗਾਉਣ ਦੀ ਕੋਈ ਸਕੀਮ ਹੈ ?

**ਸ਼੍ਰੀ ਹੰਸ ਰਾਜ ਜੋਸਨ** : (ੳ) ਸਾਲ 2004-05 ਦੇ ਦੌਰਾਨ ਤਲਵੰਡੀ ਸਾਬੋ ਉਪ ਮੰਡਲ ਵਿੱਚ ਵੱਖ-ਵੱਖ 6 ਥਾਵਾਂ ਤੇ 13,700 ਪੌਦੇ ਲਗਾਏ ਗਏ। ਲਗਾਏ ਗਏ ਪੌਦੇ ਟਾਹਲੀ, ਨਿੰਮ, ਜਾਮਣ, ਸੁਖਚੈਨ, ਧਰੇਕ ਆਦਿ ਕਿਸਮਾਂ ਦੇ ਹਨ। ਲਗਾਏ ਗਏ ਪੌਦਿਆਂ ਦਾ ਸਥਾਨਵਾਰ ਵੇਰਵਾ ਹੇਠ ਅਨੁਸਾਰ ਹੈ :—

| ਲੜੀ ਨੰ: | ਸਥਾਨ | ਲਗਾਏ ਗਏ ਪੌਦਿਆਂ ਦੀ ਗਿਣਤੀ |
|---|---|---|
| 1 | ਕੋਟਲਾ ਬ੍ਰਾਂਚ ਨਹਿਰ | 6,000 |
| 2 | ਰੀਫਾਇਨਰੀ ਚੈਨਲ | 6,000 |
| 3 | ਸੰਘੋਹਾ ਬ੍ਰਾਂਚ ਨਹਿਰ | 1,060 |
| 4 | ਸੁੱਖਲੱਧੀ ਮਾਈਨਰ | 160 |
| 5 | ਪਿੰਡ ਕੌਰੇਆਣਾ | 480 |
| | ਜੋੜ | 13,700 |

(ਅ) (i) ਹਾਂ, ਸ਼੍ਰੀ ਮਾਨ ਜੀ। ਸਾਲ 2005-06 ਦੌਰਾਨ ਤਲਵੰਡੀ ਸਾਬੋ ਉਪ ਮੰਡਲ ਵਿੱਚ ਨੈਸ਼ਨਲ ਅਫਾਰਸਟੇਸ਼ਨ ਪ੍ਰੋਗਰਾਮ ਅਧੀਨ ਇਕ ਪ੍ਰੋਜੈਕਟ ਜੋ ਕਿ ਵਣ ਵਿਕਾਸ ਏਜੰਸੀ, ਬਠਿੰਡਾ ਵਲੋਂ ਲਾਗੂ ਕੀਤਾ ਜਾਣਾ ਹੈ, ਭਾਰਤ ਸਰਕਾਰ ਦੀ ਪ੍ਰਵਾਨਗੀ ਵਾਸਤੇ ਭੇਜਿਆ ਗਿਆ ਹੈ ਜਿਸ ਵਿੱਚ 1,14,114 (ਇੱਕ ਲੱਖ ਚੌਦਾਂ ਹਜਾਰ ਇੱਕ ਸੌ ਅਤੇ ਚੌਦਾਂ) ਪੌਦੇ ਲਗਾਉਣ ਦਾ ਟੀਚਾ ਹੈ। ਇਸ ਤੋਂ ਇਲਾਵਾ ਤਲਵੰਡੀ ਸਾਬੋ ਉਪ ਮੰਡਲ ਵਿਚ ਸਾਲ 2005-06 ਦੌਰਾਨ ਕੰਪਨਸੇਟਰੀ ਅਫਾਰਸਟੇਸ਼ਨ ਸਕੀਮ ਅਧੀਨ ਟਪਰਾ ਜੰਗਲ ਵਿਚ 17022 ਪੌਦੇ ਲਗਾਉਣ ਦੀ ਤਜਵੀਜ਼ ਹੈ।

**ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ** : ਸਪੀਕਰ ਸਾਹਿਬ, ਪਿਛਲੇ ਦਿਨੀਂ ਅਸੀਂ ਵੇਖਿਆ ਹੈ ਕਿ ਜਿਹੜੇ ਸੜਕਾਂ ਦੇ ਆਲੇ ਦੁਆਲੇ ਪੇੜ ਲਗਾਏ ਗਏ ਸਨ, ਉਹ ਕਿਸੇ ਬਿਮਾਰੀ ਕਾਰਣ ਲਗਾਤਾਰ ਸੁੱਕਦੇ ਜਾ ਰਹੇ ਹਨ। ਵੱਖ-ਵੱਖ ਕਿਸਮਾਂ ਦੇ ਉਹ ਪੇੜ ਜਿਵੇਂ ਟਾਹਲੀ ਅਤੇ ਕਿੱਕਰ ਆਦਿ ਬਿਮਾਰੀ ਕਾਰਣ ਬਿਲਕੁਲ ਹੀ ਸੁੱਕ ਗਏ ਹਨ। ਇਕੱਲੇ ਤਲਵੰਡੀ ਸਾਬੋ ਵਿਚ ਹੀ ਨਹੀਂ ਬਲਕਿ ਪੰਜਾਬ ਦੇ ਹੋਰ ਹਿੱਸਿਆਂ ਵਿਚ ਵੀ ਪੇੜ ਸੁੱਕ ਗਏ ਸਨ ਉਸ ਦੇ ਕੀ ਕਾਰਨ ਸਨ ? ਉਹ ਕੁਝ ਮਹੀਨਿਆਂ ਦੇ ਵਿੱਚ ਹੀ ਕਿਉਂ ਸੁੱਕ ਗਏ ?

**ਮਾਨਯੋਗ ਸਪੀਕਰ** : ਹਾਂ ਜੀ, ਸੁੱਕਣ ਦੇ ਕਾਰਣ ਅਤੇ ਉਨ੍ਹਾਂ ਦੀ ਸੁਰੱਕਸ਼ਾ ਵਾਸਤੇ ਕੀ ਕਰ ਰਹੇ ਹੋ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਜਿਹੜੀ ਵੀ ਵਾਟਰ ਲਾਗਿੰਗ ਹੈ, ਕਿਉਂਕਿ ਇਕ ਸਿਸਟਮ ਹੈ ਕਿਤੇ ਸੇਮ ਚਲੀ ਜਾਂਦੀ ਔਰ ਕਿਤੇ ਆ ਜਾਂਦੀ ਹੈ। ਜਿਸ ਤਰ੍ਹਾਂ ਇਹ ਗੱਲ ਕਰ ਰਹੇ ਹਨ, ਬਠਿੰਡਾ ਜ਼ਿਲ੍ਹਾ ਕਿਸੇ ਵੇਲੇ ਨਰਮੇ ਦਾ ਘਰ ਮੰਨਿਆ ਜਾਂਦਾ ਸੀ। ਅੱਜ ਤੋਂ ਕੁਝ ਸਾਲ ਪਹਿਲਾਂ ਉਥੇ ਸੇਮ ਚਲੀ ਗਈ ਹੈ। ਇਸ ਕਾਰਨ ਕਿੱਕਰ ਔਰ ਟਾਹਲੀ ਦੀ ਗੱਲ ਇਹ ਕਰ ਰਹੇ ਹਨ ਕਿ ਉਹ ਸੁੱਕ ਗਏ ਹਨ। ਉਸ ਵਾਸਤੇ ਅਸੀਂ ਇਕ ਪ੍ਰਾਜੈਕਟ ਦਿੱਤਾ ਹੈ। ਡੇਹਰਾਦੂਨ ਰਿਸਰਚ ਇੰਸਟੀਚਿਊਟ ਉਸਦੀ ਖੋਜ ਕਰ ਰਹੀ ਹੈ, ਜਿਸ ਵੇਲੇ ਉਸ ਦਾ ਰਜ਼ਲਟ ਆ ਜਾਵੇਗਾ ਉਸ ਹਿਸਾਬ ਦੇ ਨਾਲ ਅਸੀਂ ਕਾਰਵਾਈ ਕਰਾਂਗੇ। ਪਰ ਉਸਦੇ ਨਾਲ ਹੀ ਜਿੱਥੇ ਐਸੇ ਪੌਦੇ ਸੁੱਕ ਗਏ ਹਨ ਉਨ੍ਹਾਂ ਨੂੰ ਰੀਪਲੇਸ ਕਰਾਂਗੇ, ਫੌਰੀ ਤੌਰ ਤੇ ਕੋਸ਼ਿਸ਼ ਕਰਾਂਗੇ ਕਿ ਜੰਗਲਾਤ ਜਲਦੀ ਭਰ ਦਿੱਤਾ ਜਾਵੇ।

**ਸਰਦਾਰ ਸੁਖਪਾਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪੰਜਾਬ ਦੇ ਵਿੱਚ ਪਿੱਪਲ ਔਰ ਬੋਹੜ ਦੇ ਦਰਖਤਾਂ ਦੀ ਪੈਦਾਵਾਰ ਵੀ ਕਰ ਰਹੇ ਹਨ ਕਿਉਂਕਿ ਇਸ ਦੀ ਕਿਸਮ ਆਪਣੇ ਆਪ ਹੀ ਪੈਦਾ ਹੁੰਦੀ ਹੈ। ਨਾ ਇਹ ਮਰਦਾ ਹੈ ਅਤੇ ਨਾ ਹੀ ਇਸ ਨੂੰ ਕੋਈ ਬੀਮਾਰੀ ਲਗਦੀ ਹੈ ?

**ਮਾਨਯੋਗ ਸਪੀਕਰ** : ਤਲਵੰਡੀ ਸਾਬੋ ਵਿੱਚ ਪਿੱਪਲ ਔਰ ਬੋਹੜ ਬਾਰੇ ਦੱਸੋ।

**ਰਾਜ ਮੰਤਰੀ** : ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਜੋ ਰਵਾਇਤੀ ਦਰਖਤ ਹੁੰਦੇ ਹਨ ਔਰ ਦਰਖਤਾਂ ਦੀਆਂ ਜੋ ਸਪੀਸਿਜ਼ ਹਨ, ਉਹ 100 ਨਾਲੋਂ ਜ਼ਿਆਦਾ ਹਨ ਉਨ੍ਹਾਂ ਵਿੱਚੋਂ ਬੋਹੜ, ਪਿੱਪਲ ਅਤੇ ਬੋਰੇਨ ਵਾਸਤੇ ਜ਼ੋਰ ਦਿੱਤਾ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਦਿਨੀਂ ਇਨ੍ਹਾਂ ਨੇ ਗ੍ਰੀਨ ਸਿਟੀ ਸਕੀਮ ਡਿਕਲੇਅਰ ਕੀਤੀ ਸੀ, ਉਸ ਸਕੀਮ ਵਿੱਚ ਕਿਹੜੇ-ਕਿਹੜੇ ਸ਼ਹਿਰ ਲਿਆਂਦੇ ਅਤੇ ਉਸ ਦਾ ਕ੍ਰਾਇਟੀਰੀਆ ਕੀ ਬਣਾਇਆ ਸੀ ?

**ਮਾਨਯੋਗ ਸਪੀਕਰ** : ਇਸ ਸਵਾਲ ਵਿੱਚੋਂ ਇਹ ਸਪਲੀਮੈਂਟਰੀ ਨਹੀਂ ਨਿਕਲਦਾ, ਜੇ ਤੁਸੀਂ ਜਵਾਬ ਦੇਣਾ ਚਾਹੋਗੇ ਤਾਂ ਦੇਖ ਲਓ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

---

## Fee Concession in Professional Colleges

***1140. Sardar Inder Iqbal Singh Atwal (Put by Sardar Sohan Singh Thandal) :** Will the Minister of State for Welfare be pleased to state whether there is any proposal under consideration of the Government to remit the fees of students belonging to Scheduled Castes/Scheduled Tribes studying in the professional colleges; if so, the time by which the said proposal is likely to materialize ?

**Shrimati Gurkanwal Kaur :** No, sir. However admission fees, including non-refundable compulsory fees, charged from the Scheduled Caste students by the concerned professional colleges/institutions, are later on reimbursed to the eligible students on receipt of funds.

**ਸਰਦਾਰ ਸੋਹਨ ਸਿੰਘ ਠੰਡਲ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੈਨੇਟ ਨੇ ਜਿਹੜੇ ਰਿਜ਼ਰਵ ਕੈਟੇਗਰੀ ਦੇ ਇਹ ਸਟੂਡੈਂਟਸ ਹਨ ਉਨ੍ਹਾਂ ਦੀ ਫੀਸ ਅਤੇ ਹੋਰ ਜਿਹੜੇ ਉਨ੍ਹਾਂ ਕੋਲੋਂ ਪੈਸੇ ਲਏ ਜਾਂਦੇ ਹਨ ਇਹ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਕੀ ਉਸੇ ਤਰ੍ਹਾਂ ਹੀ ਬਾਕੀ ਸੰਸਥਾਵਾਂ ਵੀ ਮੁਆਫ ਕਰਨ ਦਾ ਕੋਈ ਵਿਚਾਰ ਕਰਦੀਆਂ ਹਨ ?

**ਰਾਜ ਮੰਤਰੀ :** ਤੁਸੀਂ ਆਪਣਾ ਇਹ ਵਾਲਾ ਕੁਐਸਚਨ ਦੁਬਾਰਾ ਪੁੱਟ ਕਰੋ ਕਿਉਂਕਿ ਜਿਹੜਾ ਤੁਸੀਂ ਲਿਖਤੀ ਸਵਾਲ ਦਿੱਤਾ ਹੈ ਉਸ ਵਿੱਚ ਇਹ ਇਨਕਲੂਡਿਡ ਨਹੀਂ ਹੈ।

**ਸਰਦਾਰ ਸੋਹਨ ਸਿੰਘ ਠੰਡਲ :** ਸਪੀਕਰ ਸਾਹਿਬ, ਮੈਂ ਪੁੱਛਿਆ ਹੈ ਕਿਉਂਕਿ ਸਾਰੇ ਪੰਜਾਬ ਦੀ ਗੱਲ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੈਨਿਟ ਨੇ ਫੈਸਲਾ ਕਰ ਦਿੱਤਾ ਹੈ ਕਿ ਫੀਸ ਅਤੇ ਹੋਰ ਖਰਚੇ ਮੁਆਫ ਕੀਤੇ ਜਾਣਗੇ। ਕੀ ਬਾਕੀ ਯੂਨੀਵਰਸਿਟੀਆਂ ਅਤੇ ਕਾਲਜਿਜ਼ ਵਿੱਚ ਵੀ ਇਹ ਮੁਆਫ ਕੀਤੇ ਜਾਣਗੇ ?

**ਮਾਨਯੋਗ ਸਪੀਕਰ :** ਪ੍ਰੋਫੈਸ਼ਨਲ ਕਾਲਜ ਅਤੇ ਹੋਰ ਯੂਨੀਵਰਸਿਟੀਆਂ ਵਿੱਚ ਕਰਨ ਬਾਰੇ ਪੁੱਛਦੇ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਅਸੀਂ ਵਿਚਾਰ ਕਰ ਸਕਦੇ ਹਾਂ। ਮੈਂ ਤੁਹਾਨੂੰ ਪਹਿਲਾਂ ਹੀ ਜਵਾਬ ਦਿੱਤਾ ਹੈ ਕਿ ਸਾਡਾ ਕੋਈ ਫੈਸਲਾ ਨਹੀਂ ਹੈ। ਕਿਉਂਕਿ ਇਸ ਦਾ ਕਨਸਰਨ ਦੂਸਰੇ ਡਿਪਾਰਟਮੈਂਟਸ ਨਾਲ ਵੀ ਹੈ, ਸੋ ਅਸੀਂ ਇਸ ਨੂੰ ਵਿਚਾਰ ਕਰਕੇ ਫੈਸਲਾ ਕਰ ਸਕਦੇ ਹਾਂ ਕਿ ਕੀ ਕਰਨਾ ਚਾਹੀਦਾ ਹੈ। ਜੋ ਅੱਜ ਤੱਕ ਹੋ ਰਿਹਾ ਹੈ ਉਸ ਦਾ ਵੇਰਵਾ ਮੈਂ ਤੁਹਾਨੂੰ ਦੱਸ ਦਿੱਤਾ ਹੈ।

———

**Appointments of D.S.Ps from the Sports Quota**

***1070. Shri Tikshan Sud :** Will the Chief Minister be pleased to state whether the Government proposes to make appointments to the posts, of Deputy Superintendents of Police, Punjab from the sports quota ; if so, the time by which such appointments are likely to be made ?

**Minister for Local Government, Parliamentary Affairs, Labour and Employment and Elections (Chaudhry Jagjit Singh) :** There is no such proposal under consideration of the Government, as of now.

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਖਰੀ ਵੇਲੇ ਸਪੋਰਟਸ ਕੋਟੇ ਵਿੱਚੋਂ ਡੀ.ਐਸ.ਪੀਜ਼ ਦੀਆਂ ਕੁਝ ਭਰਤੀਆਂ ਹੋਈਆਂ ਸਨ। ਉਹ ਕਿਸ ਕਨਸਿਡਰੇਸ਼ਨ ਨਾਲ ਕੀਤੀਆਂ ਗਈਆਂ ਔਰ ਫਿਰ ਉਹ ਵਾਪਸ ਲੈਣੀਆਂ ਪਈਆਂ ? ਅਜਿਹਾ ਕਿਵੇਂ ਹੋਇਆ ?

**ਮੰਤਰੀ :** ਸਪੀਕਰ ਸਾਹਿਬ, ਇਹ ਕੇਸ ਸੁਪਰੀਮ ਕੋਰਟ ਵਿੱਚ ਚਲ ਰਿਹਾ ਹੈ। ਇਸ ਕਰਕੇ ਇਹ ਸਬਜੁਡਿਸ ਹੈ। ਇਸ ਕਰਕੇ ਮੈਂ ਕੁਝ ਕਹਿਣਾ ਨਹੀਂ ਚਾਹੁੰਦਾ।

**ਮਾਨਯੋਗ ਸਪੀਕਰ :** ਇਸ ਦਾ ਫੈਸਲਾ ਹੋ ਚੁੱਕਾ ਹੈ। ਤੁਸੀਂ ਐਕਸ਼ਨ ਵੀ ਲੈ ਲਿਆ ਹੈ।

**ਸ਼੍ਰੀ ਤਿਕਸ਼ਨ ਸੂਦ :** ਸਵਾਲ ਦਾ ਜਵਾਬ ਨਹੀਂ ਆ ਰਿਹਾ ਹੈ। ਮੈਂ ਪੁੱਛਿਆ ਹੈ ਕਿ ਤੁਸੀਂ ਉਹ ਵਾਪਸ ਲੈ ਲਈਆਂ ਹਨ। ਸਪੀਕਰ ਸਾਹਿਬ, ਇਹ ਮੇਰੇ ਸਵਾਲ ਦਾ ਜਵਾਬ ਨਹੀਂ ਦੇ ਰਹੇ। ਮੈਂ ਦੋ ਗੱਲਾਂ ਪੁੱਛੀਆਂ ਹਨ ?

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਡੀ.ਐਸ.ਪੀ. ਕੱਢੇ ਗਏ ਸਨ ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਐਸ.ਐਲ.ਪੀ. ਪਾਈ ਹੋਈ ਹੈ। ਇਹ ਮਾਮਲਾ ਸੁਪਰੀਮ ਕੋਰਟ ਵਿਚ ਚਲ ਰਿਹਾ ਹੈ। ਇਸ ਕਰਕੇ ਜਵਾਬ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀਆਂ ਅਪੁਆਇੰਟਮੈਂਟਸ ਵਾਪਸ ਹੋ ਗਈਆਂ ਹਨ। ਕੀ ਇਹ ਇਨਕੁਆਇਰੀ ਕਰਾਉਣਗੇ ਕਿ ਕਿਸ ਗਲਤ ਕਨਸਿਡਰੇਸ਼ਨ ਨਾਲ ਉਨ੍ਹਾਂ ਦੀ ਭਰਤੀ ਕੀਤੀ ਗਈ ਸੀ। ਜੇਕਰ ਇਹ ਆਪ ਇਨਕੁਆਇਰੀ ਕਰਾਉਣਾ ਨਹੀਂ ਚਾਹੁੰਦੇ ਤਾਂ ਕੀ ਕੋਈ ਵਿਧਾਨ ਸਭਾ ਦੀ ਕਮੇਟੀ ਬਣਾਈ ਜਾਵੇਗੀ ?

**ਮਾਨਯੋਗ ਸਪੀਕਰ :** ਮਾਮਲਾ ਸਬ-ਜੁਡਿਸ ਹੈ। ਇਸ ਲਈ ਕੋਈ ਕੁਐਸਚਨ ਕਰਨ ਦੀ ਲੋੜ ਨਹੀਂ ਹੈ।

———————

## RELIEF FOR SICK INDUSTRIAL UNITS

***1204. 1. Shri Jugal Kishore Sharma**
**2. Shri Ramesh Dutt Sharma** : Will the Chief Minister be pleased to state whether there is any proposal under consideration of the Government to give relief to the Old Industrial Units in Amritsar for their upliftment; if so, the details thereof?

**Minister for Local Government, Parliamentary Affairs, Labour and Employment and Elections (Chaudhry Jagjit Singh) :** There is no such proposal under consideration of the Government, as of now.

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਸਪੈਸ਼ਲ ਇਕਨਾਮਿਕ ਜ਼ੋਨ ਅਧੀਨ ਨਵੀਂ ਇੰਡਸਟਰੀ ਲਗਾਈ ਜਾ ਰਹੀ ਹੈ। ਇਸ ਦੇ ਨਾਲ ਕੀ ਪੁਰਾਣੀ ਇੰਡਸਟਰੀ ਜਿਹੜੀ ਕਿ ਓਲਡ ਤੇ ਸਿੱਕ ਹੋ ਗਈ ਹੈ, ਨੂੰ ਜੋੜਨ ਦੀ ਸਰਕਾਰ ਦੀ ਕੋਈ ਤਜ਼ਵੀਜ਼ ਹੈ ?

**ਮਾਨਯੋਗ ਸਪੀਕਰ :** ਕੀ ਬਿਮਾਰ ਇੰਡਸਟਰੀ ਦਾ ਕੋਈ ਇਲਾਜ਼ ਹੈ ?

**ਮੰਤਰੀ :** ਜਿਹੜੀ ਇਨ੍ਹਾਂ ਨੇ ਬਿਮਾਰ ਇੰਡਸਟਰੀ ਦੀ ਗੱਲ ਕੀਤੀ ਹੈ ਉਸ ਬਾਰੇ ਸਰਕਾਰ ਵੱਲੋਂ ਜੇਕਰ ਉਨ੍ਹਾਂ ਨੂੰ ਮੁੜ ਕੇ ਸਟੈਂਡ ਕਰਨਾ ਹੈ ਤਾਂ ਉਨ੍ਹਾਂ ਨੂੰ ਸੇਲਜ਼ ਟੈਕਸ, ਪਰਚੇਜ਼ ਟੈਕਸ, ਹਾਊਸ ਟੈਕਸ, ਬਿਜਲੀ ਦੇ ਬਿੱਲ, ਪਾਣੀ ਦੇ ਬਿੱਲ ਆਦਿ ਸਾਰਿਆਂ ਦੀ ਵਸੂਲੀ ਪੰਜ ਸਾਲ ਲਈ ਅੱਗੇ ਪਾ ਦੇਵੇਗੀ। ਜੇਕਰ ਉਹ ਇੰਡਸਟਰੀ ਉਠ ਖੜੀ ਹੁੰਦੀ ਹੈ ਤਾਂ ਫਿਰ ਇੰਟਰਸਟ ਦੇ ਨਾਲ ਉਹ ਸਾਰੇ ਬਿੱਲ ਵਾਪਸ ਲਏ ਜਾਣਗੇ। ਜੇਕਰ ਉਨ੍ਹਾਂ ਵਿਚੋਂ ਕੋਈ ਨਵੀਂ ਇੰਡਸਟਰੀ ਲਗਾਉਣੀ ਹੈ ਜਿਵੇਂ ਟੈਕਨਾਲੋਜੀ ਜਾਂ ਹੋਰ ਚੀਜ਼ਾਂ ਵਾਸਤੇ ਤਾਂ ਉਸ ਨੂੰ 25% ਸਬਸਿਡੀ ਪੰਜਾਬ ਸਰਕਾਰ ਦੇਵੇਗੀ।

**ਸਰਦਾਰ ਰਣਦੀਪ ਸਿੰਘ ਨਾਭਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 438 ਯੂਨਿਟ ਐਸੇ ਹਨ ਜਿਹੜੇ ਕਿ ਪੰਜਾਬ ਸਰਕਾਰ ਦੀ ਕਾਰਗੁਜਾਰੀ ਕਰਕੇ, ਕਿਉਂਕਿ ਉਨ੍ਹਾਂ ਨੂੰ ਸਬਸਿਡੀ ਤਾਂ ਮਿਲੀ ਨਹੀਂ, ਸਿੱਕ ਯੂਨਿਟ ਬਣ ਗਏ ਹਨ। ਉਨ੍ਹਾਂ ਨੂੰ ਸਬਸਿਡੀ ਦੇਣ ਵਾਸਤੇ ਅਤੇ ਮੁੜ ਕੇ ਰਿਵਾਈਵਲ ਵਾਸਤੇ ਕੋਈ ਪਾਲਿਸੀ ਬਣਾਉਣਗੇ। ਦੂਸਰਾ ਸਵਾਲ ਹੈ ਕਿ ਮਾਨਯੋਗ ਮੁੱਖ ਮੰਤਰੀ ਜੀ ਨੇ ਰਾਜਪਾਲ ਦੇ ਭਾਸ਼ਨ ਦੇ ਪੰਨਾ 29 ਤੇ ਲਿਖਿਆ ਹੈ ਕਿ ਇੰਡਸਟਰੀ ਵਾਸਤੇ ਉਨ੍ਹਾਂ ਦੀ ਪਰੀਓਰਟੀ ਹੋਵੇਗੀ। ਇਸ ਲਈ ਉਸ ਇੰਡਸਟਰੀ ਨੂੰ ਰਿਵਾਈਵ ਕਰਨਾ ਸਾਡੀ ਜਿੰਮੇਂਵਾਰੀ ਬਣਦੀ ਹੈ। ਮੁੱਖ ਮੰਤਰੀ ਜੀ ਨੇ ਇਹ ਵੀ ਲਿਖਿਆ ਹੈ ਕਿ ਇਕ ਹਜ਼ਾਰ ਕਰੋੜ ਰੁਪਏ ਦੇ 5612 ਹੋਰ ਨਵੇਂ ਯੂਨਿਟ ਲਗਾਏ ਜਾ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਤਹਿਤ ਕੋਈ ਪਾਲਿਸੀ ਬਣਾਉਣ ਦਾ ਵਿਚਾਰ ਸਰਕਾਰ ਦੇ ਅਧੀਨ ਹੈ, ਕਿਉਂਜੋ ਮੁੱਖ ਮੰਤਰੀ ਜੀ ਨੇ ਇੰਡਸਟਰੀ ਨੂੰ ਪਰੀਓਰਟੀ ਬਾਰੇ ਕਿਹਾ ਹੋਇਆ ਹੈ।

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਪੰਜ ਹਜ਼ਾਰ ਸਮਾਲ ਸਕੇਲ ਇੰਡਸਟਰੀ ਦੇ ਯੂਨਿਟ ਲੱਗਣੇ ਹਨ, ਉਨ੍ਹਾਂ ਨੂੰ ਜਿਹੜੀ ਸਬਸਿਡੀ ਦੇਣੀ ਹੈ, ਉਹ 5,500 ਕਰੋੜ ਰੁਪਏ ਬਣਦੀ ਹੈ ਜਿਹੜੀ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਦੇਣੀ ਹੈ। ਅਸੀਂ ਸੈਂਟਰ ਦੀ ਸਰਕਾਰ ਨੂੰ ਲਿਖਿਆ ਹੋਇਆ ਹੈ । ਜਦੋਂ ਉਹ ਪੈਸੇ ਉਪਲਬਧ ਹੋਣਗੇ, ਅਸੀਂ ਉਨ੍ਹਾਂ ਨੂੰ ਦੇਵਾਂਗੇ। ਪੰਜਾਬ ਸਰਕਾਰ ਦੀ ਇੰਡਸਟਰੀਅਲ ਪਾਲਿਸੀ ਬਣੀ ਹੋਈ ਹੈ ਕਿ ਅਸੀਂ ਇੰਡਸਟਰੀ ਨੂੰ ਪਹਿਲ ਦੇ ਆਧਾਰ ਤੇ ਲਵਾਂਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਬਸਿਡੀ ਦੀ ਪੇਮੈਂਟ ਇਨ੍ਹਾਂ ਕੋਲ ਹੈ ਨਹੀਂ। ਇਨ੍ਹਾਂ ਨੇ 50 ਕਰੋੜ ਰੁਪਿਆ ਬਜਟ ਵਿਚ ਰੱਖਿਆ ਹੈ। ਕੀ ਜਿਹੜਾ ਇਹ 50 ਕਰੋੜ ਰੁਪਿਆ ਵੰਡਣਗੇ, ਉਸ ਵਿਚ ਪਰੀਓਰਟੀ ਓਲਡ ਕੇਸਾਂ ਦੇ ਨੰਬਰਾਂ ਤੋਂ ਸ਼ੁਰੂ ਕਰਨਗੇ ਜਾਂ ਕਿ ਪਿੱਕ ਐਂਡ ਚੂਜ ਕਰਨਗੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਪੁਰਾਣੇ ਕੇਸਾਂ ਦੀ ਸਬਸਿਡੀ ਬਕਾਇਆ ਪਈ ਹੈ। ਜਦੋਂ ਵੀ ਫੰਡ ਆਉਣਗੇ ਅਸੀਂ ਇੰਡਸਟਰੀ ਡਿਪਾਰਟਮੈਂਟ ਨੂੰ ਦੇ ਦੇਵਾਂਗੇ ਅਤੇ ਉਹ ਅੱਗੇ ਵੰਡਣਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੰਤਰੀ ਜੀ ਜਵਾਬ ਨਹੀਂ ਦੇ ਰਹੇ, ਟਾਲ ਰਹੇ ਹਨ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਿਹਾ ਹੈ ਕਿ ਪੁਰਾਣੇ ਸਾਰਿਆਂ ਨੂੰ ਦੇਵਾਂਗੇ।

**ਸਰਦਾਰ ਰਣਦੀਪ ਸਿੰਘ ਨਾਭਾ :** ਸਪੀਕਰ ਸਾਹਿਬ, 428 ਵੱਡੇ ਪੱਧਰ ਦੇ ਯੂਨਿਟ ਐਸੇ ਹਨ ਜਿਨ੍ਹਾਂ ਵਿੱਚ ਬਦਕਿਸਮਤੀ ਨਾਲ ਸਾਡਾ ਇਕ ਐਕਸਪੋਰਟ ਓਰੀਐਂਟਿਡ ਯੂਨਿਟ ਵੀ ਹੈ, ਇਹ ਸਾਰੇ ਯੂਨਿਟ ਬੰਦ ਹੋ ਚੁੱਕੇ ਹਨ ਅਤੇ ਕੀ ਸਰਕਾਰ ਨੇ ਕੋਈ ਪਾਲਿਸੀ ਐਡਾਪਟ ਕੀਤੀ ਹੈ ਕਿ ਇਨ੍ਹਾਂ ਨੂੰ ਚਲਾਇਆ ਜਾਣਾ ਹੈ ਜਾਂ ਨਹੀਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ, ਅਸੀਂ ਪਾਲਿਸੀ ਤਾਂ ਐਡਾਪਟ ਕਰ ਲਵਾਂਗੇ ਪਰ ਜਿਹੜੀ ਪੁਰਾਣੀ ਇੰਡਸਟਰੀ ਮਰ ਰਹੀ ਹੈ, ਉਸ ਨੂੰ ਬਚਾ ਲਵੋ।

**ਮਾਨਯੋਗ ਸਪੀਕਰ :** ਮਨਿਸਟਰ ਸਾਹਿਬ ਦਾ ਰਿਪਲਾਈ ਆ ਗਿਆ ਹੈ ਕਿ ਅਸੀਂ ਸਬਸਿਡੀ ਦੇਵਾਂਗੇ।

**ਡਾਕਟਰ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਖਾਦੀ ਬੋਰਡ ਦੇ ਰਾਹੀਂ ਲੋਨ ਦਿਤਾ ਜਾਂਦਾ ਸੀ ਅਤੇ ਜਿਸ ਦਾ ਵਿਆਜ਼ ਬਹੁੱਤ ਘੱਟ ਹੁੰਦਾ ਸੀ ਅਤੇ ਉਸ ਤੇ ਸਬਸਿਡੀ ਵੀ ਦਿਤੀ ਜਾਂਦੀ ਸੀ। ਕੀ ਸਰਕਾਰ ਨੇ ਪਿੱਛਲੇ ਤਿੰਨ ਸਾਲਾਂ ਵਿੱਚ ਉਨ੍ਹਾਂ ਨੂੰ ਕੋਈ ਸਬਸਿਡੀ ਦਿਤੀ ਹੈ ਜਾਂ ਨਹੀਂ ? ਜੇ ਨਹੀਂ ਦਿਤੀ ਤਾਂ ਕਦੋਂ ਤੱਕ ਦਿਤੀ ਜਾਵੇਗੀ ?

**ਮਾਨਯੋਗ ਸਪੀਕਰ :** ਇਹ ਇੰਡਸਟਰੀ ਬਾਰੇ ਸਵਾਲ ਹੈ ਤੁਸੀਂ ਤਾਂ ਸਾਰੇ ਪਾਸੇ ਨੂੰ ਘੁਮਾ ਦਿਤਾ ਹੈ। ਅਗਲਾ ਸਵਾਲ।

---

## ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਗ੍ਰਾਂਟਾਂ

***1165 ਸਰਦਾਰ ਸੁਖਪਾਲ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪਿਛਲੀਆਂ ਪੰਚਾਇਤੀ ਚੋਣਾਂ ਦੌਰਾਨ ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਲਈ ਜਾਰੀ ਕੀਤੇ ਗਏ ਫ਼ੰਡਾਂ ਦੀ ਰਾਸ਼ੀ ਕਿੰਨੀ ਸੀ ?

**ਸਰਦਾਰ ਲਾਲ ਸਿੰਘ :** ਪਿਛਲੀਆਂ ਪੰਚਾਇਤੀ ਚੋਣਾਂ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਰਬ-ਸੰਮਤੀ ਨਾਲ ਚੁਣੀਆਂ ਗਰਾਮ ਪੰਚਾਇਤਾਂ ਨੂੰ 40 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ।

**ਸਰਦਾਰ ਸੁਖਪਾਲ ਸਿੰਘ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਵਿੱਚ ਕਿੰਨੀਆਂ ਐਸੀਆਂ ਪੰਚਾਇਤਾਂ ਹਨ ਜਿਹੜੀਆਂ ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਹਨ ਅਤੇ ਹਲਕਾ ਵਾਈਜ਼ ਵੇਰਵਾ ਦਿਤਾ ਜਾਵੇ ਔਰ ਕਿੰਨੇ ਪੈਸੇ ਹਲਕਾ-ਵਾਈਜ਼ 40 ਲੱਖ ਰੁਪਏ ਵਿਚੋਂ ਡਿਸਬਰਸ ਕੀਤੇ ਗਏ ਹਨ ?

**ਮੰਤਰੀ :** ਸਪੀਕਰ ਸਾਹਿਬ, ਟੋਟਲ ਪੰਚਾਇਤਾਂ ਪੰਜਾਬ ਵਿੱਚ 12443 ਹਨ ਅਤੇ ਇਨ੍ਹਾਂ ਵਿਚੋਂ 2177 ਪੰਚਾਇਤਾਂ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਸਨ, 278 ਪੰਚਾਇਤਾਂ ਨੂੰ ਅਸੀਂ 5.56 ਕਰੋੜ ਰੁਪਏ, 2 ਲੱਖ ਰੁਪਏ ਪ੍ਰਤੀ ਪੰਚਾਇਤ ਦੇ ਹਿਸਾਬ ਨਾਲ ਦਿਤੇ ਹਨ। 1899 ਪੰਚਾਇਤਾਂ ਐਸੀਆਂ ਹਨ ਜਿੰਨ੍ਹਾਂ ਦੀ ਰਕਮ ਦੋ ਲੱਖ ਰੁਪਏ ਪ੍ਰਤੀ ਪੰਚਾਇਤ ਦੇ ਹਿਸਾਬ ਨਾਲ ਦੇਣੀ ਬਣਦੀ ਹੈ, ਇਹ ਤਕਰੀਬਨ 33.98 ਕਰੋੜ ਰੁਪਏ ਦੇਣੀ ਰਹਿੰਦੀ ਹੈ। ਇਸ ਸਾਲ ਸਾਡੀ ਕੋਸ਼ਿਸ਼ ਹੈ ਕਿ ਅਸੀਂ ਸਾਰੀਆਂ ਪੰਚਾਇਤਾਂ ਨੂੰ ਦੇ ਦਿਆਂਗੇ ਜੀ।

**ਸਰਦਾਰ ਸੁਖਪਾਲ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਸਾਰੇ ਪੰਜਾਬ ਦੇ ਬਾਰੇ ਨਹੀਂ ਪੁੱਛਿਆ ਸੀ, ਮੈਂ ਤਾਂ ਸਿਰਫ ਫਿਰੋਜ਼ਪੁਰ ਜ਼ਿਲ੍ਹੇ ਬਾਰੇ ਪੁਛਿਆ ਸੀ ਕਿ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਹਲਕਾਵਾਰ ਕਿੰਨੀਆਂ ਪੰਚਾਇਤਾਂ ਸਰਵ ਸੰਮਤੀ ਨਾਲ ਚੁਣੀਆਂ ਗਈਆਂ ਸਨ ਅਤੇ ਕਿੰਨੇ-ਕਿੰਨੇ ਪੈਸੇ ਕਿਹੜੀ ਕਿਹੜੀ ਪੰਚਾਇਤ ਨੂੰ ਦਿਤੇ ਗਏ ਹਨ ?

**ਮਾਨਯੋਗ ਸਪੀਕਰ :** ਮੰਤਰੀ ਜੀ, ਇਹ ਤਾਂ ਫਿਰੋਜ਼ਪੁਰ ਬਾਰੇ ਸਵਾਲ ਪੁੱਛ ਰਹੇ ਹਨ।

**ਮੰਤਰੀ :** ਸਪੀਕਰ ਸਾਹਿਬ, ਫਿਰੋਜ਼ਪੁਰ ਜ਼ਿਲ੍ਹੇ ਵਿੱਚ 10 ਬਲਾਕ ਹਨ ਜਿੰਨ੍ਹਾਂ ਵਿਚੋਂ 20 ਪੰਚਾਇਤਾਂ ਨੂੰ ਅਸੀਂ 2 ਲੱਖ ਰੁਪਏ ਦੇ ਹਿਸਾਬ ਨਾਲ 40 ਲੱਖ ਰੁਪਏ ਦਿਤੇ ਹਨ। ਸਾਰੇ ਜ਼ਿਲ੍ਹੇ ਦੀ ਪੰਚਾਇਤਵਾਰ ਮੇਰੇ ਕੋਲ ਲਿਸਟ ਹੈ, ਇਹ ਪੜ੍ਹ ਲੈਣ।

**ਡਾਕਟਰ ਰਮੇਸ਼ ਦੱਤ ਸ਼ਰਮਾ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਦੋ-ਦੋ ਲੱਖ ਰੁਪਏ ਯੂਨਾਨੀਮਸਲੀ, ਜਿਹੜੀਆਂ ਪੰਚਾਇਤਾਂ ਚੁਣੀਆਂ ਗਈਆਂ ਸਨ, ਉਨ੍ਹਾਂ ਨੂੰ ਦੇਣ ਲਈ ਸਰਕਾਰ ਨੇ ਅਨਾਊਂਸ ਕੀਤਾ ਸੀ। ਕੀ ਮੰਤਰੀ ਜੀ ਟਾਈਮ-ਬਾਊਂਡ ਕਰਨਗੇ ਕਿ ਕਦੋਂ ਤੱਕ ਬਾਕੀ ਰਹਿੰਦੀਆਂ ਪੰਚਾਇਤਾਂ ਨੂੰ ਪੈਮੈਂਟ ਕਰ ਦੇਣਗੇ ਕਿਉਂਕਿ ਦੋ ਸਾਲ ਹੋ ਗਏ ਹਨ ਪੰਚਾਇਤਾਂ ਬਣੀਆਂ ਨੂੰ ਅਤੇ ਕੁਝ ਸਿਲੈਕਟਿਡ ਪੰਚਾਇਤਾਂ ਨੂੰ ਪੇਮੈਂਟ ਦਿਤੀ ਵੀ ਜਾ ਚੁੱਕੀ ਹੈ। ਬਾਕੀ ਰਹਿੰਦੀਆਂ ਪੰਚਾਇਤਾਂ ਨੂੰ ਪੈਮੈਂਟ ਕਰਨ ਲਈ ਇਹ ਟਾਈਮ -ਬਾਊਂਡ ਕਰਨਗੇ ?

**ਮਾਨਯੋਗ ਸਪੀਕਰ :** ਮੰਤਰੀ ਜੀ ਨੇ ਕਹਿ ਦਿਤਾ ਹੈ ਕਿ 2005-06 ਵਿੱਚ ਕਵਰ ਕਰ ਲੈਣਗੇ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਜਿਹੜੀਆਂ ਬਾਕੀ ਰਹਿੰਦੀਆਂ ਹਨ, ਇਸ ਸਾਲ ਵਿੱਚ ਉਨ੍ਹਾਂ ਨੂੰ ਕਵਰ ਕਰਨ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਮਲਕੀਅਤ ਸਿੰਘ ਦਾਖਾ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿੱਚ ਹੀ ਬਹੁਤ ਸਾਰੀਆਂ ਪੰਚਾਇਤਾਂ ਸਰਵ-ਸੰਮਤੀ ਨਾਲ ਚੁਣੀਆਂ ਗਈਆਂ ਸਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਦੱਲਿਤ ਸਰਪੰਚ ਵੀ ਚੁਣੇ ਗਏ ਹਨ। ਸਾਡੇ ਲੁਧਿਆਣਾ ਜ਼ਿਲ੍ਹੇ ਵਿੱਚ ਵੀ ਕੁਝ ਪੰਚਾਇਤਾਂ ਨੂੰ ਪੈਸਾ ਮਿਲ ਚੁਕਿਆ ਹੈ ਅਤੇ ਕੁਝ ਨੂੰ ਨਹੀਂ ਦਿਤਾ ਗਿਆ। ਮੰਤਰੀ ਜੀ ਦੱਸਣਗੇ ਕਿ ਬਾਕੀ ਰਹਿੰਦੀਆਂ ਪੰਚਾਇਤਾਂ ਨੂੰ ਕਦੋਂ ਤੱਕ ਪੈਸੇ ਦੇ ਦਿਤੇ ਜਾਣਗੇ ?

**ਮਾਨਯੋਗ ਸਪੀਕਰ :** ਮੰਤਰੀ ਜੀ ਨੇ ਕਹਿ ਤਾਂ ਦਿਤਾ ਹੈ ਕਿ ਸਾਲ 2005-06 ਵਿੱਚ ਸਾਰਿਆਂ ਨੂੰ ਦੇ ਦੇਵਾਂਗੇ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਿੱਥੋਂ ਤੱਕ ਦੱਲਿਤ ਸਰਪੰਚਾਂ ਦੀਆਂ ਜਿਹੜੀਆਂ ਪੰਚਾਇਤਾਂ ਹਨ, ਉਨ੍ਹਾਂ ਨੂੰ ਪ੍ਰਾਇਰਟੀ ਤੇ ਦੇ ਦੇਵਾਂਗੇ ਜੀ ਪਰ ਇਸੇ ਸਾਲ ਦੇਣ ਕੀ ਕੋਸ਼ਿਸ਼ ਕਰਾਂਗੇ।

**ਸਰਦਾਰ ਤੋਤਾ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਸੰਭਾਵਨਾ ਹੈ ਇਸੇ ਸਾਲ ਦੇ ਦਿਆਂਗੇ ਜੀ। ਜਿਨ੍ਹਾਂ ਨੂੰ ਦੇਣਗੇ ਉਨ੍ਹਾਂ ਦਾ ਕਰਾਈਟੇਰੀਆ ਕੀ ਮਿਥਣਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਕਰਾਈਟੇਰੀਆ ਤਾਂ ਦੱਸ ਦਿਤਾ ਹੈ। ਦੱਲਿਤਾਂ ਨੂੰ ਪਹਿਲਾਂ ਦੇ ਦੇਵਾਂਗੇ। ਬਾਕੀਆਂ ਨੂੰ ਬਾਅਦ ਵਿੱਚ ਦੇ ਦੇਵਾਂਗੇ। ਦੇਵਾਂਗੇ ਸਭ ਨੂੰ।

———————

## ਸਰਕਾਰੀ ਬੰਗਲੇ/ਕੁਆਰਟਰਾਂ ਦੀ ਮੁਰੰਮਤ

*1164 **ਸਰਦਾਰ ਸੁਖਪਾਲ ਸਿੰਘ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੈਨਾਲ ਕਲੋਨੀ, ਫਿਰੋਜ਼ਪੁਰ ਸ਼ਹਿਰ ਵਿੱਚ ਸਰਕਾਰੀ ਬੰਗਲਿਆਂ/ਕੁਆਰਟਰਾਂ ਦੀ ਮੁਰੰਮਤ ਕਿਸ ਸਾਲ ਵਿੱਚ ਕੀਤੀ ਗਈ ਸੀ ?

**ਸਰਦਾਰ ਲਾਲ ਸਿੰਘ :** ਕੈਨਾਲ ਕਲੋਨੀ ਫਿਰੋਜ਼ਪੁਰ ਸ਼ਹਿਰ ਵਿਖੇ ਰਿਹਾਇਸ਼ੀ ਸਰਕਾਰੀ ਬੰਗਲਿਆਂ/ਕੁਆਰਟਰਾਂ ਦੀ ਮੁਰੰਮਤ ਸਾਲ 1988-89 ਵਿੱਚ ਕੀਤੀ ਗਈ।

**ਸਰਦਾਰ ਸੁਖਪਾਲ ਸਿੰਘ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਮਕਾਨਾਂ ਦੀ ਸਾਲ 1988-89 ਤੋਂ ਬਾਅਦ ਰਿਪੇਅਰ ਨਹੀਂ ਕੀਤੀ ਗਈ। ਮਕਾਨਾਂ ਦੀ ਹਾਲਤ ਬਹੁਤ ਖਸਤਾ ਹੈ। ਕਈ ਮਕਾਨਾਂ ਦੀਆਂ ਛੱਤਾਂ ਡਿੱਗਣ ਵਾਲੀਆਂ ਹਨ। ਉਥੇ ਪਰਿਵਾਰ ਰਹਿੰਦੇ ਹਨ। ਇਸ ਲਈ ਕੀ ਮੰਤਰੀ ਜੀ ਇਨ੍ਹਾਂ ਮਕਾਨਾਂ ਦੀ ਰਿਪੇਅਰ ਕਰਨ ਜਾਂ ਦੁਬਾਰਾ ਕੰਸਟਰਕਟ ਕਰਨ ਸੰਬੰਧੀ ਆਸ਼ਵਾਸਨ ਦੇਣਗੇ ਤਾਂ ਕਿ ਜਲਦੀ ਤੋਂ ਜਲਦੀ ਇਨ੍ਹਾਂ ਮਕਾਨਾਂ ਦੀ ਹਾਲਤ ਠੀਕ ਹੋਵੇ ਅਤੇ ਕੋਈ ਜਾਨੀ-ਮਾਲੀ ਨੁਕਸਾਨ ਨਾ ਹੋਵੇ ?

**ਮੰਤਰੀ :** ਸਪੀਕਰ ਸਾਹਿਬ, ਸਾਲ 1988-89 ਵਿੱਚ ਇਨ੍ਹਾਂ ਮਕਾਨਾਂ ਤੇ ਤਿੰਨ ਕਰੋੜ 44 ਲੱਖ ਦੇ ਕਰੀਬ ਖਰਚ ਕੀਤਾ ਗਿਆ ਸੀ। ਇਨ੍ਹਾਂ ਮਕਾਨਾਂ ਦੀ ਹਾਲਤ ਬਹੁਤ ਮਾੜੀ ਹੈ। ਤਕਰੀਬਨ ਸੱਤਰ ਸਾਲ ਇਨ੍ਹਾਂ ਮਕਾਨਾਂ ਨੂੰ ਬਣਿਆਂ ਹੋ ਗਏ ਹਨ। ਬਿਲਡਿੰਗਾਂ ਖਸਤਾ ਹਾਲਤ ਵਿੱਚ ਹਨ। ਇਸ ਵਾਸਤੇ ਕਾਫੀ ਪੈਸਾ ਚਾਹੀਦਾ ਹੈ। ਅਸੀਂ ਐਸਟੀਮੇਟ ਬਣਾਇਆ ਹੈ ਔਰ 40 ਲੱਖ ਰੁਪਿਆ ਇਨ੍ਹਾਂ ਤੇ ਖਰਚ ਕਰਾਂਗੇ ਔਰ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਨ੍ਹਾਂ ਨੂੰ ਸਰਕਾਰ ਵੇਚੇਗੀ ਨਹੀਂ।

**ਸਰਦਾਰ ਸੁਖਪਾਲ ਸਿੰਘ :** ਸਪੀਕਰ ਸਾਹਿਬ, 24 ਸਾਲ ਹੋ ਗਏ ਹਨ, ਇਨ੍ਹਾਂ ਦੀ ਮੁਰੰਮਤ ਹੋਏ ਨੂੰ ਔਰ ਮਕਾਨਾਂ ਦੇ ਖਰਾਬ ਹੋਣ ਕਾਰਨ ਕਾਫੀ ਜਾਨੀ ਮਾਲੀ ਨੁਕਸਾਨ ਹੋਣ ਦਾ ਡਰ ਹੈ। ਇਸ ਲਈ ਕੀ ਸਰਕਾਰ ਜ਼ਿੰਮੇਵਾਰੀ ਲਵੇਗੀ ਕਿ ਅਗਰ ਕੋਈ ਇਸ ਤਰ੍ਹਾਂ ਦੀ ਘਟਨਾ ਵਾਪਰਦੀ ਹੈ ਤੇ ਸਰਕਾਰ ਇਸ ਸੰਬੰਧੀ ਮੁਆਵਜ਼ਾ ਦੇਵੇਗੀ ?

**ਮੰਤਰੀ :** ਸਪੀਕਰ ਸਾਹਿਬ, ਪਰਮਾਤਮਾ ਨਾ ਕਰੇ ਕਿ ਅਜਿਹਾ ਨੁਕਸਾਨ ਹੋਵੇ। ਕਾਹਨੂੰ ਇਸ ਤਰ੍ਹਾਂ ਸੋਚਣਾ ਹੈ ਪਰ ਅਗਰ ਐਸਾ ਕੋਈ ਮੌਕਾ ਹੋਇਆ ਤਾਂ ਜ਼ਰੂਰ ਵਿਚਾਰਾਂਗੇ।

**ਸਰਦਾਰ ਸੋਹਨ ਸਿੰਘ ਠੰਡਲ :** ਸਪੀਕਰ ਸਾਹਿਬ, ਮੰਤਰੀ ਜੀ ਤੋਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਧਿਆਨ ਵਿੱਚ ਕੋਈ ਅਜਿਹਾ ਕੇਸ ਹੈ ਕਿ ਸਰਕਾਰੀ ਕੁਆਰਟਰ ਵਿੱਚ ਇਨ੍ਹਾਂ ਦੇ ਮਹਿਕਮੇ ਦੇ ਬੰਦੇ ਨਾ ਰਹਿ ਕੇ ਬਲਕਿ ਪ੍ਰਾਈਵੇਟ ਬੰਦੇ ਨਿਵਾਸ ਕਰਦੇ ਹਨ ?

**ਮੰਤਰੀ :** ਸਪੀਕਰ ਸਾਹਿਬ, ਇਹ ਕਿਸ ਕਾਲੋਨੀ ਦਾ ਜ਼ਿਕਰ ਕਰਦੇ ਹਨ ?

**ਸਰਦਾਰ ਸੋਹਨ ਸਿੰਘ ਠੰਡਲ :** ਸਪੀਕਰ ਸਾਹਿਬ, ਗੜ੍ਹਸ਼ੰਕਰ ਵਿਖੇ ਇਰੀਗੇਸ਼ਨ ਦੀ ਕਾਲੋਨੀ ਹੈ, ਜਿਸ ਵਿਚ ਸਰਕਾਰੀ ਬੰਦੇ ਰਹਿਣ ਦੀ ਬਜਾਏ ਪ੍ਰਾਈਵੇਟ ਬੰਦੇ ਰਹਿ ਰਹੇ ਹਨ। ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ? ਜੇ ਉਹ ਰਹਿ ਰਹੇ ਹਨ ਤਾਂ ਕਿਵੇਂ ਰਹਿ ਰਹੇ ਹਨ ਅਤੇ ਕਦੋਂ ਤੋਂ ਰਹਿ ਰਹੇ ਹਨ ?

**ਮੰਤਰੀ :** ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਇਸ ਸਵਾਲ ਨਾਲ ਸੰਬੰਧਿਤ ਨਹੀਂ ਪਰ ਇਨ੍ਹਾਂ ਨੇ ਧਿਆਨ ਵਿੱਚ ਗੱਲ ਲਿਆਂਦੀ ਹੈ, ਇਸ ਦੀ ਜ਼ਰੂਰ ਪੜਤਾਲ ਕਰਵਾ ਲਵਾਂਗੇ।

---

**ਸੰਗਰੂਰ-ਮਲੇਰਕੋਟਲਾ-ਲੁਧਿਆਣਾ ਸੜਕ ਦੀ ਮੁਰੰਮਤ**

***1076. ਸ਼੍ਰੀ ਤਿਕਸ਼ਨ ਸੂਦ :** ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੰਗਰੂਰ-ਮਲੇਰਕੋਟਲਾ-ਲੁਧਿਆਣਾ ਸੜਕ ਦੀ ਪਿਛਲੀ ਵਾਰ ਮੁਰੰਮਤ ਕਿਸ ਸਾਲ ਵਿੱਚ ਕੀਤੀ ਗਈ ਸੀ ਅਤੇ ਇਸ ਦੀ ਦੁਬਾਰਾ ਮੁਰੰਮਤ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਇਸ ਸੜਕ ਦੇ 63.49 ਕਿ.ਮੀ. ਦੀ ਮੁਰੰਮਤ 1999-2000 ਵਿਚ ਅਤੇ 7.80 ਕਿ.ਮੀ. ਦੀ ਮੁਰੰਮਤ 2000-01 ਵਿਚ ਕੀਤੀ ਗਈ ਸੀ। ਇਸ ਸੜਕ ਦੀ ਦੁਬਾਰਾ ਮੁਰੰਮਤ ਸਾਲ 2005-06 ਵਿਚ ਕੀਤੇ ਜਾਣ ਦੀ ਸੰਭਾਵਨਾ ਹੈ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕ ਕਿਹੜੀ ਕੈਟਾਗਰੀ ਦੀ ਹੈ ਅਤੇ ਇਸ ਕੈਟਾਗਰੀ ਦੀਆਂ ਸੜਕਾਂ ਦੀ ਯੂਜ਼ਅਲ ਕੋਰਸ ਵਿੱਚ ਕਿੰਨੇ ਚਿਰ ਬਾਅਦ ਰਿਪੇਅਰ ਹੁੰਦੀ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਸਟੇਟ ਹਾਈਵੇ ਹੈ। ਇਨ੍ਹਾਂ ਦੀ ਪੰਜ ਸਾਲ ਬਾਅਦ ਰਿਪੇਅਰ ਡਿਊ ਬਣਦੀ ਹੈ। ਸਪੀਕਰ ਸਾਹਿਬ, ਦਾਸ ਉਥੇ ਫਾਊਂਡੇਸ਼ਨ ਰੱਖਣ ਵਾਸਤੇ ਜਾ ਰਿਹਾ ਹੈ ਔਰ ਕੋਸ਼ਿਸ਼ ਹੈ ਕਿ ਅਸੀਂ ਜਲਦੀ ਹੀ ਮੁਕੰਮਲ ਕਰ ਦੇਵਾਂਗੇ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਵਿੱਚ ਕਿਹਾ ਹੈ ਕਿ ਜਲਦੀ ਹੀ ਇਸ ਸੜਕ ਨੂੰ ਬਣਾਉਣ ਦੀ ਸੰਭਾਵਨਾ ਹੈ। ਕੀ ਇਹ ਸੰਭਾਵਨਾ ਨੂੰ ਯਕੀਨ ਵਿੱਚ ਬਦਲਣਗੇ ਔਰ ਜਦ ਤੱਕ ਇਹ ਸੜਕ ਨਹੀਂ ਬਣਦੀ, ਉਦੋਂ ਤੱਕ ਟੋਏ ਪੂਰੇ ਕਰਨਗੇ ਤਾਂ ਕਿ ਸੜਕ ਥੋੜ੍ਹੀ ਬਹੁਤ ਚਲਣਯੋਗ ਹੋ ਸਕੇ ?

**ਮੰਤਰੀ :** ਸਪੀਕਰ ਸਾਹਿਬ, ਥੋੜ੍ਹੀ ਬਹੁਤ ਨਹੀਂ, ਅਸੀਂ ਪੂਰੀ ਰਿਪੇਅਰ ਕਰਾਂਗੇ ਔਰ ਫਿਰ ਇਹ ਉਸ ਸੜਕ ਤੋਂ ਪੂਰੀ ਸਪੀਡ ਨਾਲ ਭੱਜਣਗੇ। ਅਸੀਂ ਇਸ ਸੜਕ ਤੇ 12 ਕਰੋੜ ਰੁਪਿਆ ਲਗਾ ਰਹੇ ਹਾਂ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ :** ਸਪੀਕਰ ਸਾਹਿਬ, ਪਿਛਲੇ ਦਿਨੀਂ ਅਖਬਾਰ ਵਿੱਚ ਇੱਕ ਖਬਰ ਆਈ ਸੀ ਕਿ ਇਸ ਸੜਕ ਦੀ ਇੰਨੀ ਮਾੜੀ ਹਾਲਤ ਹੈ ਕਿ ਇੱਕ ਗਰਭਵਤੀ ਔਰਤ ਦਾ ਇਸ ਸੜਕ ਕਾਰਨ ਗਰਭਪਾਤ ਹੋ ਗਿਆ। ਉਸ ਨੇ ਕੰਜ਼ਿਊਮਰ ਕੋਰਟ ਵਿੱਚ ਕੇਸ ਵੀ ਕੀਤਾ ਹੈ। ਕੀ ਇਨ੍ਹਾਂ ਦੇ ਧਿਆਨ ਵਿੱਚ ਅਜਿਹਾ ਕੇਸ ਹੈ ?

**ਮੰਤਰੀ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਬਹੁਤਾ ਇਨ੍ਹਾਂ ਦਾ ਧਿਆਨ ਇਸੇ ਕੰਮ ਵਿੱਚ ਲੱਗਦਾ ਹੈ ਪਰ ਮੇਰੇ ਤੱਕ ਅਜੇ ਅਜਿਹਾ ਕੇਸ ਪਹੁੰਚਿਆ ਨਹੀਂ। ਇਹ ਇਨ੍ਹਾਂ ਗੱਲਾਂ ਦੀ ਬੜੀ ਪੈਰਵੀ ਰੱਖਦੇ ਹਨ ਕਿ ਕਿਹੜੀ ਔਰਤ ਗਰਭਵਤੀ ਹੋਈ ਹੈ ਤੇ ਕਿਹੜੀ ਨਹੀਂ। ( ਹਾਸਾ)

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗੁਰੂ ਅਰਜਨ ਦੇਵ ਮਹਾਰਾਜ ਪਾਤਸ਼ਾਹ ਦੇ ਇਤਿਹਾਸਕ ਗੁਰਦੁਆਰਾ ਚੋਹਲਾ ਸਾਹਿਬ ਤੋਂ ਗੋਇੰਦਵਾਲ ਸਾਹਿਬ ਦੀ ਸੜਕ ਬਿਲਕੁੱਲ ਬੰਦ ਪਈ ਹੈ। ਉਸ ਤੇ ਸੈਂਕੜੇ ਯਾਤਰੀ ਬਾਹਰੋਂ ਵੀ ਆਉਂਦੇ ਹਨ। ਉਨ੍ਹਾਂ ਨੂੰ ਵਲ ਕੇ ਲੰਬੇ ਰਸਤੇ ਥਾਈਂ ਲੰਘਣਾ ਪੈਂਦਾ ਹੈ, ਉਨ੍ਹਾਂ ਨੂੰ ਤਕਲੀਫ ਹੁੰਦੀ ਹੈ। ਇਸੇ ਤਰ੍ਹਾਂ ਤਰਨਤਾਰਨ ਤੋਂ ਗੋਇੰਦਵਾਲ ਸਾਹਿਬ ਸੜਕ ਵੀ ਬੰਦ ਪਈ ਹੈ। ਉਥੇ ਲੋਕੀਂ ਪਾਸੇ ਤੋਂ ਲੰਘਦੇ ਹਨ। ਇਨ੍ਹਾਂ ਸੜਕਾਂ ਦੀ ਜੇਕਰ ਮੁਕੰਮਲ ਰਿਪੇਅਰ ਨਹੀਂ ਕਰਵਾ ਸਕਦੇ ਤਾਂ ਪੈਚ ਵਰਕ ਹੀ ਕਰਵਾ ਦੇਣ।

**ਮਾਨਯੋਗ ਸਪੀਕਰ :** ਇਹ ਸਵਾਲ ਇਸ ਸਵਾਲ ਵਿੱਚ ਨਹੀਂ ਉਠਦਾ। I am not allowing.

**ਮੰਤਰੀ :** ਸਪੀਕਰ ਸਾਹਿਬ, ਮੈਨੂੰ ਜਵਾਬ ਦੇ ਲੈਣ ਦਿਓ, ਮੈਂ ਤਸੱਲੀ ਕਰਵਾ ਦਿੰਦਾ ਹਾਂ। ਇਹ ਬੜੀ ਅੱਛੀ ਗੱਲ ਹੈ ਕਿ ਇਨ੍ਹਾਂ ਨੇ ਇਹ ਸਵਾਲ ਉਠਾਇਆ ਹੈ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦੀ ਰਿਲੀਜੀਅਸ ਇੰਪਾਰਟੈਂਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਵਰਲਡ ਬੈਂਕ ਤੋਂ ਜਿਹੜਾ ਲੋਨ ਆ ਰਿਹਾ ਹੈ, ਉਸ ਨਾਲ ਲੁਧਿਆਣਾ ਤੋਂ ਵਾਇਆ ਮਲੇਰਕੋਟਲਾ-ਸੰਗਰੂਰ ਵਾਲੀ ਸੜਕ ਅਤੇ ਕਪੂਰਥਲਾ ਤੋਂ ਲੈ ਕੇ ਗੋਇੰਦਵਾਲ ਸਾਹਿਬ, ਅਟਾਰੀ ਵਾਲੀ ਸੜਕ ਫਸਟ ਫੇਜ਼ ਵਿੱਚ ਲੈ ਰਹੇ ਹਾਂ। ਇਹ ਬਹੁਤ ਬਿਹਤਰੀਨ ਬਣੇਗੀ, ਮੈਂ ਇਨ੍ਹਾਂ ਨੂੰ ਦੱਸਣਾਂ ਚਾਹੁੰਦਾ ਹਾਂ।

———

## Repeal of Periphery Act

***1041. Sardar Bir Devinder Singh :** Will the Housing and Urban Development Minister be pleased to state whether the Government proposes to repeal the Punjab New Capital (Periphery) Control Act, 1952, as recommended by the Committee on Subordinate Legislation of Punjab Vidhan Sabha for the year 2002-03 ?

**Shri Raghunath Sahai Puri :** At present there is no proposal before the Punjab Government to repeal the Punjab New Capital (Periphery) Control Act, 1952.

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਨਿਊ ਕੈਪੀਟਲ ਪੈਰੀਫੇਰੀ ਐਕਟ 1952 ਤੋਂ ਬਾਅਦ legislature enacted three legislations.

1. The Punjab Regional and Town Planning and Development Act, 1995.

[ਸਰਦਾਰ ਬੀਰ ਦਵਿੰਦਰ ਸਿੰਘ]

2. The Punjab Apartment and Property Regulation Act, 1995.

3. The Punjab Apartment Ownership Act, 1995.

ਇਹ ਤਿੰਨ ਨਵੇਂ ਐਕਟ ਬਣਨ ਤੋਂ ਬਾਅਦ ਕੀ ਇਹ ਮਹਿਸੂਸ ਨਹੀਂ ਕੀਤਾ ਜਾ ਰਿਹਾ ਕਿ ਇਸ ਕੈਪੀਟਲ ਪੈਰੀਫੇਰੀ ਐਕਟ ਦੀ ਹੁਣ ਕੋਈ ਜ਼ਰੂਰਤ ਨਹੀਂ ਰਹਿ ਗਈ। It is a redundant and obsolete piece of legislation and overlapping jurisdiction of this legislation. ਇਸ ਨੂੰ ਟੇਕ ਕੇਅਰ ਕਰਨ ਲਈ ਕੀ ਸਰਕਾਰ ਕੋਈ ਵਿਚਾਰ ਕਰ ਰਹੀ ਹੈ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਵਿਚਾਰ ਕਰਨ ਲਈ ਡਾਇਰੈਕਸ਼ਨਜ਼ ਜਾਰੀ ਹੋ ਗਈਆਂ ਹਨ, ਗਾਈਡਲਾਈਨਜ਼ ਬਣਾ ਲਈਆਂ ਗਈਆਂ ਹਨ। ਇੱਕ ਬੜੀ ਹਾਈ ਲੈਵਲ ਕਮੇਟੀ ਚੀਫ ਸੈਕ੍ਰੇਟਰੀ ਦੀ ਚੇਅਰਮੈਨਸ਼ਿਪ ਥੱਲੇ ਬਣਾਈ ਗਈ ਹੈ, ਜਿਸ ਵਿੱਚ ਬੜੇ ਸੀਨੀਅਰ ਅਫ਼ਸਰ ਮੈਂਬਰ ਹਨ। ਇਸ ਕਮੇਟੀ ਵਿੱਚ ਫਾਈਨਾਂਸ਼ਲ ਕਮਿਸ਼ਨਰ ਰੈਵੇਨਿਊ, ਪ੍ਰਿੰਸੀਪਲ ਸੈਕ੍ਰੇਟਰੀ ਲੋਕਲ ਗੌਰਮਿੰਟ, ਪ੍ਰਿੰਸੀਪਲ ਸੈਕ੍ਰੇਟਰੀ ਇੰਡਸਟਰੀ, ਸੈਕ੍ਰੇਟਰੀ ਪੀ.ਡਬਲਿਯੂ.ਡੀ. (ਬੀ. ਐਂਡ ਆਰ.), ਸੈਕ੍ਰੇਟਰੀ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ, ਚੀਫ ਐਡਮਨਿਸਟ੍ਰੇਟਰ ਪੁੱਡਾ ਮੈਂਬਰ ਸੈਕ੍ਰੇਟਰੀ ਹਨ। ਜਦੋਂ ਪੈਰੀਫੇਰੀ ਐਕਟ 1952 ਬਣਾਇਆ ਗਿਆ ਸੀ, ਉਸ ਦਾ ਇਸੇ ਯੂਨਾਈਟਿਡ ਹਾਊਸ ਵਿੱਚ ਫੈਸਲਾ ਕੀਤਾ ਸੀ। ਅਗਰ ਕੋਈ ਫੈਸਲਾ ਚੇਂਜ ਕਰਨਾ ਹੈ ਤਾਂ ਉਹ ਵੀ ਇਸੇ ਹਾਊਸ ਵਿੱਚ ਹੋਣਾ ਹੈ। ਇਸ ਕਰਕੇ ਕਮੇਟੀ ਦੀ ਰਿਪੋਰਟ ਜਲਦੀ ਆ ਰਹੀ ਹੈ ਔਰ ਇਸ ਕਮੇਟੀ ਨੇ 18 ਜਨਵਰੀ, 2005 ਨੂੰ ਜਿਥੇ ਇੱਕ ਮੀਟਿੰਗ ਕੀਤੀ ਹੈ, ਉਥੇ ਲੀਡਿੰਗ ਪੇਪਰਾਂ ਵਿੱਚ ਐਡ ਵੀ ਦਿੱਤੀ ਸੀ। ਸਾਡੇ ਕੋਲ 500 ਤੋਂ ਉਪਰ ਲੋਕਾਂ ਦੇ ਸੁਝਾਅ ਵੀ ਆਏ ਹਨ ਅਤੇ ਉਨ੍ਹਾਂ ਦੇ ਆਬਜੈਕਸ਼ਨ ਵੀ ਆਏ ਹਨ। ਇਹ ਬੜਾ ਲੰਬਾ ਚੌੜਾ ਕੰਮ ਹੈ ਔਰ ਮੈਨੂੰ ਆਸ ਹੈ ਕਿ ਬੜੀ ਜਲਦੀ ਇਸ ਕਮੇਟੀ ਦੀ ਰਿਪੋਰਟ ਆਉਣ ਤੇ ਸਰਕਾਰ ਬੜੀ ਜਲਦੀ ਫੈਸਲਾ ਕਰੇਗੀ ਕਿਉਂਕਿ ਇਸ ਏਰੀਏ ਦੇ ਵਿੱਚ 336 ਪਿੰਡ ਹਨ, 5 ਮਿਉਂਸਿਪਲ ਕਮੇਟੀਆਂ ਹਨ ਅਤੇ ਤਿੰਨ ਕਾਂਸਟੀਚਿਊਂਸੀਜ਼ ਫਾਲ ਕਰਦੀਆਂ ਹਨ। ਮੈਂ ਮੈਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਬੜੀ ਜਲਦੀ ਰਿਪੋਰਟ ਆਉਣ ਤੇ ਇਹ ਫੈਸਲਾ ਕਰ ਦਿੱਤਾ ਜਾਏਗਾ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਜਦੋਂ ਇਹ 1952 ਵਿੱਚ ਪੈਰੀਫੇਰੀ ਐਕਟ ਬਣਿਆ ਤਾਂ ਉਦੋਂ ਇਥੇ ਜੁਆਇੰਟ ਪੰਜਾਬ ਸੀ। ਉਸ ਤੋਂ ਬਾਅਦ ਨਵਾਂ ਸੂਬਾ ਬਣਿਆ ਔਰ ਪੰਜਾਬ ਦੀ ਜੋ ਕੈਪੀਟਲ ਹੈ, ਉਹ ਵੀ ਪੰਜਾਬੀ ਸੂਬੇ ਵਿਚੋਂ ਬਾਹਰ ਚਲੀ ਗਈ। ਉਸ ਤੋਂ ਬਾਅਦ ਤਿੰਨ ਅਰਬਨ ਅਸਟੇਟਸ ਬਣ ਗਈਆਂ। ਅਰਬਨ ਅਸਟੇਟ ਪੰਚਕੂਲਾ, ਅਰਬਨ ਸਟੇਟ ਮੋਹਾਲੀ ਅਤੇ ਮਿਉਂਸਿਪਲ ਕਮੇਟੀ, ਜ਼ੀਰਕਪੁਰ। ਇਹ ਪੈਰੀਫੇਰੀ ਐਕਟ ਵਿੱਚ ਹੀ ਬਣੀਆਂ ਹਨ ਔਰ ਉਸ ਤੋਂ ਬਾਅਦ ਇਸ ਪੈਰੀਫੇਰੀ ਕੰਟਰੋਲ ਐਕਟ ਦਾ ਕੋਈ ਮਕਸਦ ਨਹੀਂ ਰਹਿ ਜਾਂਦਾ। ਮੈਂ ਇਹ ਜਾਣਨਾ ਚਾਹਵਾਂਗਾ ਕਿ ਇਹ ਨਵੀਂ ਡਿਵੈਲਪਮੈਂਟ ਤੋਂ ਬਾਅਦ,

ਨਵੇਂ ਸਿਟੀ ਬਣਨ ਤੋਂ ਬਾਅਦ whether there is any proposal to bring a comprehensive new legislation to take care of the long term perspective of the planned urbanization for 50 years ? What is the long term perspective of the urbanization plan in the State of Punjab in the immediate periphery of the Capital ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਿਹਾ ਹੈ ਕਿ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਚੀਫ਼ ਸੈਕਟਰੀ ਦੀ ਰਿਪੋਰਟ ਆ ਜਾਏ ਫਿਰ ਉਸ ਤੋਂ ਇਲਾਵਾ ਜਿਹੜਾ ਇਨ੍ਹਾਂ ਨੇ ਵਿਧਾਨ ਸਭਾ ਦੀ ਸੁਬਾਰਡੀਨੇਟ ਕਮੇਟੀ ਵਿੱਚ ਵੀ ਫੈਸਲਾ ਕੀਤਾ ਹੈ ਉਸ ਦਾ ਅਸੀਂ ਬੜਾ ਮਾਣ ਅਤੇ ਸਤਿਕਾਰ ਕਰਦੇ ਹਾਂ। ਉਸ ਦੀਆਂ ਸਿਫਾਰਸ਼ਾਂ ਵੀ ਭੇਜ ਦਿੱਤੀਆਂ ਹਨ। ਇਸ ਮਾਮਲੇ ਤੇ ਸੋਚ ਵਿਚਾਰ ਕਰਕੇ, ਰਿਪੋਰਟ ਆਉਣ ਤੋਂ ਬਾਅਦ ਹੀ ਫੈਸਲਾ ਕਰਾਂਗੇ।

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ, ਸਰਦਾਰ ਬੀਰ ਦਵਿੰਦਰ ਸਿੰਘ।

---

## Name of Parks in Mohali

***1042. Sardar Bir Devinder Singh :** Will the Housing and Urban Development Minister be pleased to state the names of the parks maintained by PUDA at S.A.S. Nagar (Mohali) together with the area of each park and the playing equipments installed therein ?

**Shri Raghunath Sahai Puri :** The total Nos. of parks/open spaces being maintained by PUDA at S.A.S. Nagar is 295 Nos. having area 289.00 acres. These parks are not identified by any particular names but by the adjoining House Numbers. The 2 Nos. Leisure Valleys, 3 Nos. Neighbourhood Parks, 4 Nos. Green Belts and 2 Nos. Special Parks are also included in these parks. 1244 Nos. benches and 877 Nos. play-ways (Playing equipments) have been installed in these parks.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ . .

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਪਹਿਲਾਂ ਮੇਰੀ ਸਪਲੀਮੈਂਟਰੀ ਹੈ ਕਿਉਂਕਿ ਮੇਰਾ ਸਵਾਲ ਹੈ.....

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਐਸ.ਏ.ਐਸ. ਨਗਰ, ਵਿਖੇ ਪਾਰਕ ਹਨ। ਉਨ੍ਹਾਂ ਦੇ ਵਿਚੋਂ ਕਿਸ ਪਾਰਕ ਦੀ ਜਗ੍ਹਾ ਕਿਸੇ ਸਕੂਲ ਵਾਸਤੇ ਜਾਂ ਚੈਰੀਟੇਬਲ ਟਰੱਸਟ ਵਾਸਤੇ ਅਲਾਟਮੈਂਟ ਕੀਤੀ ਗਈ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਕੁਐਸਚਨ ਅਲੱਗ ਹੈ, ਇਹ ਅਲਗ ਸਵਾਲ ਕਰ ਦੇਣ ਤਾਂ ਜਵਾਬ ਦੇ ਦੇਵਾਂਗਾ। ਜੇਕਰ ਉਂਝ ਇਹ ਚਾਹੁਣ ਤਾਂ ਇਨ੍ਹਾਂ ਨੂੰ ਲਿਖ ਕੇ ਭੇਜ ਦਿਆਂਗੇ ਪਰੰਤੂ ਇਸ ਵੇਲੇ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਬਾਕੀ ਸਵਾਲ ਦਾ ਜਵਾਬ ਮੈਂ ਦੇ ਦਿੱਤਾ ਹੈ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਪਾਰਕਾਂ ਦੇ ਰੱਖ-ਰਖਾਵ ਵਾਸਤੇ ਪਾਣੀ ਦਾ ਕੀ ਸੋਰਸ ਕੀਤਾ ਹੋਇਆ ਹੈ, ਉਥੇ ਕਿੰਨੇ ਟਿਊਬਵੈਲ ਹਨ, ਉਨ੍ਹਾਂ ਵਿਚੋਂ ਕਿੰਨੇ ਚਲਦੇ ਹਨ ?

**ਮਾਨਯੋਗ ਸਪੀਕਰ :** ਇਨ੍ਹਾਂ ਪਾਰਕਾਂ ਨੂੰ ਹਰਾ ਭਰਾ ਰੱਖਣ ਵਾਸਤੇ ਪਾਣੀ ਦਾ ਕੀ ਸੋਰਸ ਹੈ ?

**ਮੰਤਰੀ :** ਸਪੀਕਰ ਸਾਹਿਬ, ਟਿਊਬਵੈਲ ਦੀ ਗਿਣਤੀ ਮੇਰੇ ਕੋਲ ਇਸ ਵੇਲੇ ਨਹੀਂ ਹੈ ਵੈਸੇ ਜਿੰਨੇ ਵੀ ਪਾਰਕ ਹਨ ਇਨ੍ਹਾਂ ਉਤੇ 90 ਲੱਖ ਰੁਪਿਆ ਖਰਚ ਕੀਤਾ ਜਾਂਦਾ ਹੈ। ਇਨ੍ਹਾਂ ਸਾਰੇ ਪਾਰਕਾਂ ਦੇ ਲਈ ਪਾਣੀ ਦਾ ਪ੍ਰਬੰਧ ਕੀਤਾ ਹੋਇਆ ਹੈ, 76 ਬੇਲਦਾਰ ਰੱਖੇ ਹੋਏ ਹਨ। ਕੋਈ ਅਜਿਹਾ ਪਾਰਕ ਨਹੀਂ ਹੈ ਜਿਸ ਨੂੰ ਪਾਣੀ ਨਾ ਲਗਦਾ ਹੋਵੇ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਪਹਿਲਾਂ ਤਾਂ ਮੰਤਰੀ ਜੀ ਨੇ ਕਿਹਾ ਕਿ ਮੇਰੇ ਕੋਲ ਜਾਣਕਾਰੀ ਨਹੀਂ ਕਿਉਂਕਿ ਟਿਊਬਵੈਲਾਂ ਦੀ ਗਿਣਤੀ ਤੋਂ ਪਾਣੀ ਦੇ ਸੋਰਸ ਬਾਰੇ ਪਤਾ ਲਗ ਸਕਦਾ ਹੈ। ਮੈਂ ਮੰਤਰੀ ਜੀ ਤੋਂ ਇਹ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਇਹ ਹਦਾਇਤ ਕਰਨਗੇ ਕਿ ਚੀਫ਼ ਐਡਮਨਿਸਟ੍ਰੇਟਰ, ਪੁੱਡਾ ਨੂੰ ਨਾਲ ਲੈ ਕੇ ਇਨ੍ਹਾਂ ਪਾਰਕਾਂ ਦੀ ਵਿਜ਼ਿਟ ਕਰਵਾਉਣਗੇ ਕਿ ਜਿਥੇ ਪਾਣੀ ਦਾ ਸੋਰਸ ਨਹੀਂ ਹੈ, ਉਥੇ ਪਾਣੀ ਮੁਹੱਈਆ ਕਰਵਾਉਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਸੈਸ਼ਨ ਤੋਂ ਬਾਅਦ ਇੱਕ ਮੀਟਿੰਗ ਕਾਲ ਕਰਾਂਗੇ ਜਿਸ ਵਿਚ ਸਾਰੇ ਅਫ਼ਸਰ ਔਰ ਅਸੀਂ ਮੈਂਬਰ ਸਾਹਿਬ ਨੂੰ ਵੀ ਸ਼ਾਮਲ ਕਰ ਲਵਾਂਗੇ। ਜੇਕਰ ਇਹ ਕੋਈ ਪੰਘੂੜਿਆਂ ਦੀ ਗੱਲ ਕਰਨਗੇ ਜਾਂ ਪਾਣੀ ਦੀ ਗਲ ਕਰਨਗੇ ਤਾਂ ਉਥੇ ਲਗਵਾ ਦਿਆਂਗੇ।

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ, ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ।

---

### Cases of Looting/Dacoity and Theft in the State

***1205. (1) Shri Jugal Kishore Sharma**
**(1) Shri Romesh Dutt Dharma** } : Will the Chief Minister be pleased to state the district-wise number of looting/dacoity and theft cases registered in the State, during the years 2002-03, 2003-04, and 2004-05 togetherwith total number of cases which have since been solved ?

**Minister for Local Govt. Parliamentary Affairs, Labour and Employment and Elections (Chaudhry Jagjit Singh) :** The requisite information is placed on the table of the House as per Annexures A, B and C.

## ANNEXURE-A

**District wise detail of Case Registered and solved under Heads Robbery, Dacoity and Theft**

| | 2002-03 | | | | | |
|---|---|---|---|---|---|---|
| | Robbery | | Dacoity | | Theft | |
| District | Registered | Solved | Registered | Solved | Registered | Solved |
| Amritsar | 11 | 10 | 3 | 3 | 134 | 91 |
| Taran Taran | 4 | 3 | 1 | 1 | 43 | 38 |
| Majitha | 1 | 1 | 0 | 0 | 47 | 37 |
| Gurdaspur | 4 | 4 | 2 | 2 | 50 | 44 |
| Batala | 1 | 1 | 0 | 0 | 52 | 39 |
| Jalandhar | 12 | 9 | 0 | 0 | 318 | 202 |
| Hoshiarpur | 18 | 16 | 18 | 14 | 98 | 65 |
| Kapurthala | 2 | 1 | 4 | 2 | 70 | 49 |
| Nawanshahr | 2 | 2 | 0 | 0 | 74 | 65 |
| Patiala | 7 | 5 | 2 | 0 | 17 | 9 |
| Sangrur | 8 | 7 | 3 | 3 | 174 | 130 |
| Barnala | 3 | 3 | 0 | 0 | 50 | 33 |
| Fatehgarh Sahib | 3 | 2 | 1 | 0 | 38 | 27 |
| Ludhiana | 15 | 10 | 19 | 19 | 856 | 496 |
| Jagraon | 7 | 4 | 0 | 0 | 31 | 26 |
| Khanna | 1 | 1 | 5 | 5 | 44 | 19 |
| Ropar | 0 | 0 | 0 | 0 | 126 | 98 |
| Ferozepur | 3 | 1 | 1 | 0 | 119 | 60 |
| Muktsar | 4 | 3 | 0 | 0 | 36 | 13 |
| Moga | 6 | 5 | 0 | 0 | 61 | 28 |
| Faridkot | 2 | 2 | 1 | 0 | 49 | 33 |
| Bathinda | 2 | 2 | 1 | 0 | 234 | 95 |
| Mansa | 2 | 2 | 1 | 1 | 45 | 29 |
| Govt. Railway Police | 0 | 0 | 0 | 0 | 23 | 15 |
| **Total** | **118** | **94** | **62** | **50** | **2789** | **1741** |

**[Minister for Local Govt. Parliamentary Affairs, Labour & Employment and Elections]**

## ANNEXURE-B

**District wise detail of Cases Registered and solved under Heads Robbery, Dacoity and Theft**

| | 2003-04 | | | | | |
|---|---|---|---|---|---|---|
| | Robbery | | Dacoity | | Theft | |
| District | Registered | Solved | Registered | Solved | Registered | Solved |
| Amritsar | 8 | 5 | 0 | 0 | 159 | 82 |
| Taran Taran | 1 | 1 | 0 | 0 | 50 | 39 |
| Majitha | 2 | 2 | 0 | 0 | 60 | 44 |
| Gurdaspur | 1 | 1 | 0 | 0 | 38 | 29 |
| Batala | 0 | 0 | 0 | 0 | 59 | 36 |
| Jalandhar | 10 | 7 | 4 | 4 | 382 | 240 |
| Hoshiarpur | 5 | 5 | 7 | 7 | 109 | 76 |
| Kapurthala | 2 | 2 | 0 | 0 | 71 | 49 |
| Nawanshahr | 5 | 3 | 1 | 1 | 83 | 71 |
| Patiala | 6 | 1 | 2 | 1 | 24 | 14 |
| Sangrur | 9 | 2 | 4 | 4 | 138 | 91 |
| Barnala | 5 | 4 | 0 | 0 | 45 | 34 |
| Fatehgarh Sahib | 2 | 1 | 0 | 0 | 34 | 26 |
| Ludhiana | 9 | 7 | 18 | 18 | 598 | 283 |
| Jagraon | 2 | 1 | 0 | 0 | 49 | 40 |
| Khanna | 1 | 1 | 6 | 6 | 61 | 22 |
| Ropar | 2 | 2 | 2 | 2 | 130 | 110 |
| Ferozepur | 5 | 5 | 1 | 1 | 231 | 75 |
| Muktsar | 2 | 1 | 4 | 3 | 42 | 17 |
| Moga | 3 | 2 | 2 | 2 | 101 | 41 |
| Faridkot | 2 | 2 | 0 | 0 | 44 | 24 |
| Bathinda | 0 | 0 | 0 | 0 | 257 | 116 |
| Mansa | 3 | 3 | 0 | 0 | 53 | 31 |
| Govt. Railway Police | 2 | 2 | 0 | 0 | 28 | 21 |
| **Total** | **87** | **60** | **51** | **49** | **2846** | **1611** |

## ANNEXURE-C

**District wise detail of Cases Registered and solved under Heads Robbery, Dacoity and Theft**

| | 2004-05 | | | | | |
|---|---|---|---|---|---|---|
| | **Robbery** | | **Dacoity** | | **Theft** | |
| District | Registered | Solved | Registered | Solved | Registered | Solved |
| Amritsar | 6 | 4 | 1 | 0 | 172 | 69 |
| Taran Taran | 4 | 3 | 1 | 1 | 43 | 34 |
| Majitha | 3 | 2 | 0 | 0 | 59 | 40 |
| Gurdaspur | 2 | 1 | 0 | 0 | 61 | 35 |
| Batala | 0 | 0 | 0 | 0 | 57 | 42 |
| Jalandhar | 6 | 5 | 0 | 0 | 293 | 125 |
| Hoshiarpur | 3 | 3 | 1 | 1 | 75 | 48 |
| Kapurthala | 2 | 1 | 1 | 1 | 76 | 47 |
| Nawanshahr | 10 | 9 | 2 | 2 | 100 | 51 |
| Patiala | 8 | 4 | 0 | 0 | 24 | 5 |
| Sangrur | 4 | 4 | 3 | 0 | 109 | 67 |
| Barnala | 3 | 2 | 1 | 1 | 43 | 28 |
| Fatehgarh Sahib | 1 | 1 | 0 | 0 | 50 | 22 |
| Ludhiana | 7 | 7 | 21 | 21 | 373 | 189 |
| Jagraon | 4 | 3 | 0 | 0 | 103 | 60 |
| Khanna | 1 | 1 | 2 | 2 | 57 | 21 |
| Ropar | 2 | 2 | 1 | 1 | 141 | 111 |
| Ferozepur | 0 | 0 | 1 | 0 | 162 | 62 |
| Muktsar | 1 | 0 | 0 | 0 | 66 | 29 |
| Moga | 0 | 0 | 1 | 1 | 59 | 30 |
| Faridkot | 2 | 1 | 0 | 0 | 44 | 30 |
| Bathinda | 2 | 2 | 1 | 1 | 304 | 116 |
| Mansa | 2 | 2 | 0 | 0 | 32 | 18 |
| Govt. Railway Police | 1 | 1 | 1 | 1 | 24 | 9 |
| **Total** | **74** | **58** | **38** | **33** | **2527** | **1288** |

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਰਿਪੋਰਟ ਚੋਰੀਆਂ ਸਬੰਧੀ ਆਈ ਹੈ ਉਸ ਅਨੁਸਾਰ ਬਹੁਤ ਕੇਸ ਰਜਿਸਟਰ ਹੋਏ ਹਨ ਪਰ ਹੱਲ ਬਹੁਤ ਘੱਟ ਹੋਏ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੇਸ ਹੱਲ ਨਹੀਂ ਹੋਏ, ਇਸ ਬਾਰੇ ਸਰਕਾਰ ਕੀ ਕਾਰਵਾਈ ਕਰਦੀ ਹੈ ਔਰ ਜਿਹੜੇ ਪੁਲਿਸ ਅਫ਼ਸਰ ਹੱਲ ਨਹੀਂ ਕਰਦੇ, ਉਸ ਦੇ ਬਾਰੇ ਕੋਈ ਕਾਰਵਾਈ ਕੀਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਵੱਡੀ ਗਿਣਤੀ ਵਿਚ ਚੋਰੀਆਂ ਦੇ ਕੇਸ ਰਜਿਸਟਰ ਹੋਏ ਹਨ ਤੇ ਇਹ ਹੱਲ ਵੀ ਹੋਏ ਹਨ। ਜਿਹੜੇ ਬਕਾਇਆ ਰਹਿੰਦੇ ਹਨ, ਉਨ੍ਹਾਂ ਵਾਸਤੇ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਹੱਲ ਕਰਨ ਵਾਸਤੇ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ?

**ਡਾਕਟਰ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਨਣਾ ਚਾਹਾਂਗਾ ਕਿ ਜਿਹੜੀਆਂ ਲੁੱਟਾਂ ਹਨ, ਰੌਬਰੀਜ਼ ਹਨ, ਇਸ ਵਿਚ 74 ਕੇਸ ਦਰਜ ਹੋਏ, 38 ਡਾਕੇ ਹੋਏ ਹਨ, ਚੋਰੀਆਂ ਜਿਹੜੀਆਂ ਹਨ ਉਹ 2,527 ਹੋਈਆਂ ਹਨ। ਪਰ ਮੰਤਰੀ ਸਾਹਿਬ ਕਹਿੰਦੇ ਹਨ ਕਿ ਇਹ ਬੜੀ ਤਾਦਾਦ ਵਿਚ ਕੇਸ ਹੱਲ ਕਰ ਦਿੱਤੇ ਗਏ ਹਨ। ਸਰਕਾਰ ਦੇ ਅੰਕੜਿਆਂ ਅਨੁਸਾਰ 1,288 ਕੇਸ ਹੱਲ ਹੋਏ ਹਨ ਅਤੇ ਕਰੀਬ 1,300 ਚੋਰੀਆਂ ਦੇ ਕੇਸ ਹਾਲੇ ਹੱਲ ਨਹੀਂ ਹੋਏ। ਇਹ ਬਕਾਇਆ ਰਹਿੰਦੇ ਹਨ। ਇਹ ਅਫ਼ਸਰ ਤਾਂ ਬਣਾਈ ਜਾਂਦੇ ਹਨ, ਪਰ ਜਿਹੜਾ ਲਾਅ ਐਂਡ ਆਰਡਰ ਹੈ ਉਹ ਹੇਠਾਂ ਜਾਈ ਜਾਂਦਾ ਹੈ। ਕੀ ਇਹ ਇਸ ਵਾਸਤੇ ਉਪਰਾਲਾ ਕਰਨਗੇ ? ਜਾਂ ਤਾਂ ਅਫ਼ਸਰਾਂ ਨੂੰ ਘਟਾਉਣ ਜਾਂ ਫੇਰ ਲਾਅ ਐਂਡ ਆਰਡਰ ਠੀਕ ਕਰਨ।

**ਮੰਤਰੀ** : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ, ਅਸੀਂ 74 ਵਿਚੋਂ 58 ਕੇਸ ਖੋਹਾਂ ਦੇ, 38 ਵਿਚੋਂ 33 ਕੇਸ ਡਕੈਤੀ ਦੇ ਅਤੇ 2,527 ਵਿਚੋਂ 1,288 ਕੇਸ ਚੋਰੀਆਂ ਦੇ ਹੱਲ ਕਰ ਲਏ ਹਨ। ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੂਰੇ ਜ਼ੋਰਾਂ ਨਾਲ ਪੁਲਿਸ ਲੱਗੀ ਹੋਈ ਹੈ ਤਾਂ ਕਿ ਇਹ ਚੀਜ਼ਾਂ ਕਢਾਈਆਂ ਜਾ ਸਕਣ ਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾ ਸਕੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਜਿਹੜਾ ਕ੍ਰਾਈਮ ਹੁੰਦਾ ਹੈ ਮੈਂ ਅੰਕੜਿਆਂ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਇਕ ਬੱਚਾ ਅਗਵਾ ਕੀਤਾ ਗਿਆ ਅਤੇ ਸਵਾ ਕਰੋੜ ਰੁਪਿਆ ਲੈ ਕੇ ਛੱਡਿਆ ਗਿਆ। ਕੀ ਉਹ ਸਵਾ ਕਰੋੜ ਰੁਪਿਆ ਬਰਾਮਦ ਕਰਕੇ ਵਾਰਸਾਂ ਨੂੰ ਦਿਵਾਉਣਗੇ ? ਕੀ ਉਹ ਦੋਸ਼ੀ ਜੇਲ੍ਹ ਅੰਦਰ ਹਨ ? ਦੋਸ਼ੀਆਂ ਨਾਲ ਮਿਲੀ ਭੁਗਤ ਕਰਨ ਵਿਚ ਡਿਪਾਰਟਮੈਂਟ ਦੇ ਬੰਦਿਆਂ ਦਾ ਕਸੂਰ ਸੀ ? ਉਨ੍ਹਾਂ ਕਲਪ੍ਰਿਟਸ ਦੇ ਖਿਲਾਫ਼ ਐਫ.ਆਈ.ਆਰ. ਦਰਜ ਕਰਕੇ ਸਜ਼ਾ ਦਿਵਾਉਣਗੇ ? ਤਾਂ ਕਿ ਜਿਹੜੇ ਇਹ ਹੀਨੀਅਸ ਕ੍ਰਾਈਮ ਹਨ, ਇਹ ਘਟਨਾਵਾਂ, ਜੋ ਕਿ ਕਾਨੂੰਨ ਦੀ ਰਾਖੀ ਕਰਨ ਵਾਲੇ ਹਨ, ਉਨ੍ਹਾਂ ਦੁਆਰਾ ਨਾ ਵਾਪਰਨ ?

**ਮਾਨਯੋਗ ਸਪੀਕਰ :** ਇਹ ਸਪੈਸਿਫਿਕ ਸਵਾਲ ਹੈ। ਅਜਿਹੇ ਕੇਸ ਦੁਬਾਰਾ ਨਾ ਹੋਣ ਇਸ ਵਾਸਤੇ ਕੀ ਨਵੇਂ ਪ੍ਰਬੰਧ ਕੀਤੇ ਹਨ ?

**ਮੰਤਰੀ :** ਸਪੀਕਰ ਸਾਹਿਬ, ਸਰਕਾਰ ਨੇ ਬੜੇ ਪ੍ਰਬੰਧ ਕੀਤੇ ਹਨ, ਕੋਸ਼ਿਸ਼ ਕੀਤੀ ਹੈ, ਸ਼ਹਿਰ ਦੀ ਨਾਕਾਬੰਦੀ, ਮੋਬਾਇਲ ਵੈਨਜ਼ ਫਿਰਦੀਆਂ ਹਨ। ਬਾਹਰੋਂ ਲੋਕ ਜਿਹੜੇ ਆਉਂਦੇ ਹਨ, ਉਨ੍ਹਾਂ ਦੀ ਵੈਰੀਫਿਕੇਸ਼ਨ ਕੀਤੀ ਜਾਂਦੀ ਹੈ। ਜੇਲ੍ਹਾਂ ਵਿਚੋਂ ਜਿਹੜੇ ਬਾਹਰ ਨਿਕਲਦੇ ਹਨ ਉਨ੍ਹਾਂ ਨੂੰ ਦੇਖਦੇ ਹਾਂ। ਮਾਈਗ੍ਰੇਟ ਲੇਬਰ ਨੂੰ ਦੇਖਦੇ ਹਾਂ। ਸਾਡੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਅਜਿਹੀਆਂ ਵਾਰਦਾਤਾਂ ਨਾ ਵਾਪਰਨ। ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਸੀ ਉਸ ਦਾ ਮੈਂ ਜਵਾਬ ਦੇ ਦਿੱਤਾ ਹੈ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਘਟਨਾਵਾਂ ਦੀਆਂ ਜਿਹੜੀਆਂ ਫਿਗਰਜ਼ ਇਨ੍ਹਾਂ ਨੇ ਦਿਤੀਆਂ ਹਨ ਉਨ੍ਹਾਂ ਵਿਚ ਕੁਝ ਐਸੀਆਂ ਘਟਨਾਵਾਂ ਹਨ ਜੋ ਪੁਲਿਸ ਆਫੀਸ਼ੀਅਲਜ਼ ਦੀ ਮਿਲੀ ਭੁਗਤ ਨਾਲ ਵਾਪਰੀਆਂ ਹਨ। ਉਹ ਕਿੰਨੀਆਂ ਘਟਨਾਵਾਂ ਹਨ ਅਤੇ ਉਨ੍ਹਾਂ ਦੋਸ਼ੀਆਂ ਖਿਲਾਫ਼ ਕੀ ਕਾਰਵਾਈ ਕੀਤੀ ਗਈ ਹੈ ?

**ਮੰਤਰੀ :** ਅਜਿਹੀ ਕੋਈ ਘਟਨਾ ਨਹੀਂ ਹੈ ਜਿਹੜੀ ਪੁਲਿਸ ਦੇ ਨਾਲ ਰਿਲੇਟਿਡ ਹੋਵੇ। (ਸ਼ੋਰ)

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ। ਵਕਤ ਥੋੜ੍ਹਾ ਰਹਿ ਗਿਆ ਹੈ।

---

## Abolsihing 10% Posts of I.A.S./P.C.S. Officers

***1234. Shri Tarlochan Singh :** Will the Chief Minister be pleased to state—

(a) the total number of I.A.S./P.C.S. officers working in Punjab, in Government Departments/Co-operative Institutions/Public Undertakings at present, separately ;

(b) whether the Government proposes to abolish 10% of the above mentioned posts as an austerity measures ; if so, the steps to be taken by the Government in this regard ?

**Minister for Local Govt. Parliamentary Affairs, Labour and Employment and Elections (Chaudhry Jagjit Singh) :** (a) The total number of I.A.S./P.C.S. officers working in Punjab is as follows :—

| Sr. No. | Institutions | Total number of I.A.S. officers | Total number of P.C.S. officers |
|---|---|---|---|
| 1 | Government Deptts. | 123 | 188 |
| 2 | Co-operative Institutions | 004 | - |
| 3 | Public Undertaking | 023 | 032 |

(b) There is no proposal under consideration in the Department of Personnel to abolish 10% posts as an austerity measure.

**ਸਰਦਾਰ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਨਣਾ ਚਾਹਾਂਗਾ ਕਿ ਜਦੋਂ ਸਰਕਾਰ ਨੇ ਮਨ ਬਣਾ ਲਿਆ ਕਿ ਸਾਰਾ ਕੁਝ ਪ੍ਰਾਈਵੇਟ ਕਰਨਾ ਹੈ ਤੇ ਕਿਤੇ ਟੀਚਰ ਰਿਟਾਇਰ ਹੋ ਜਾਂਦਾ ਹੈ, ਸੇਵਾਦਾਰ ਰਿਟਾਇਰ ਹੋ ਜਾਂਦਾ ਹੈ, ਡਾਕਟਰ ਰਿਟਾਇਰ ਹੋ ਜਾਂਦਾ ਹੈ, ਉਹ ਪੋਸਟਾਂ ਅਸੀਂ ਅਬਾਲਿਸ਼ ਕਰ ਦਿੰਦੇ ਹਾਂ। ਇਸੇ ਤਰ੍ਹਾਂ ਜਿਹੜਾ ਕੋਈ ਆਈ.ਏ.ਐਸ. ਜਾਂ ਪੀ.ਸੀ.ਐਸ. ਅਫ਼ਸਰ ਰਿਟਾਇਰ ਹੋ ਜਾਂਦਾ ਹੈ ਉਹ ਪੋਸਟਾਂ ਵੀ ਸਰਕਾਰ ਨੂੰ ਅਬਾਲਿਸ਼ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਪਬਲਿਕ ਇੰਟਰਸਟ ਵਿਚ ਆਸਟੈਰਿਟੀ ਮਈਯਰਜ਼ ਚੁੱਕੇ ਜਾ ਸਕਣ।

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਕਿ ਅਜਿਹੀ ਗੱਲ ਦੀ ਕੋਈ ਪ੍ਰੋਪੋਜ਼ਲ ਨਹੀਂ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਜਾਨਣਾ ਚਾਹੁੰਦਾ ਹਾਂ ਕਿ ਗੱਲ ਬੜੀ ਅਹਿਮ ਹੈ। ਸਾਰਾ ਪੰਜਾਬ ਇਸ ਚੱਕਰ ਵਿਚ ਹੈ। ਮੈਂ ਸਪੈਸਿਫਿਕ ਜਾਨਣਾ ਚਾਹਾਂਗਾ ਕਿ ਜੇ ਪ੍ਰੋਪੋਜ਼ਲ ਨਹੀਂ ਹੈ, ਕੀ ਇਸ ਪ੍ਰੋਪੋਜ਼ਲ ਤੇ ਜ਼ਰੂਰ ਵਿਚਾਰ ਕਰਨਗੇ ਕਿ ਜਿਹੜੇ ਅਫ਼ਸਰ ਕਲਾਸ-1 ਤੋਂ ਉਪਰ ਕ੍ਰਾਈਮ ਵਿਚ ਇਨਵਾਲਵ ਹਨ, ਕੁਰੱਪਸ਼ਨ ਵਿਚ ਇਨਵਾਲਵ ਹਨ ਕੀ ਉਨ੍ਹਾਂ ਨੂੰ ਰਿਟਾਇਰ ਕਰਨ ਦੇ ਨਾਲ ਕੇਸ ਚਲਾਉਣ ਦਾ ਯਤਨ ਕਰਨਗੇ ?

**ਮਾਨਯੋਗ ਸਪੀਕਰ :** ਹਾਂ ਜੀ, ਇਸ ਪਰਪੋਜ਼ਲ ਤੇ ਕੀ ਗੌਰ ਕਰਨ ਦਾ ਵਿਚਾਰ ਹੈ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਸੀ, ਉਸ ਦਾ ਮੈਂ ਜਵਾਬ ਦੇ ਦਿੱਤਾ ਹੈ। ਜੋ ਇਹ ਹੁਣ ਪੁੱਛ ਰਹੇ ਹਨ ਇਹ ਤਾਂ ਕੋਈ ਸਵਾਲ ਹੀ ਨਹੀਂ ਹੈ।

---

**Mr. Speaker :** Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

# WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## 24-ਘੰਟੇ ਬਿਜਲੀ ਸਪਲਾਈ ਸਕੀਮ ਅਧੀਨ ਲਿਆਂਦੇ ਗਏ ਪਿੰਡਾਂ ਦੀ ਗਿਣਤੀ

*1257. **ਸਰਦਾਰ ਵੀਰ ਸਿੰਘ ਲੋਪੋਕੇ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2002-03, 2003-04 ਅਤੇ 2004-05 ਦੇ ਦੌਰਾਨ ਤਹਿਸੀਲ ਅਜਨਾਲਾ (ਜ਼ਿਲ੍ਹਾ ਅੰਮ੍ਰਿਤਸਰ) ਵਿਚ 24-ਘੰਟੇ ਬਿਜਲੀ ਸਪਲਾਈ ਸਕੀਮ ਅਧੀਨ ਲਿਆਂਦੇ ਗਏ ਪਿੰਡਾਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ ?

**ਸਰਦਾਰ ਲਾਲ ਸਿੰਘ** : ਤਹਿਸੀਲ ਅਜਨਾਲਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਪਿੰਡਾਂ ਨੂੰ ਹੇਠ ਲਿਖੇ ਅਨੁਸਾਰ 24 ਘੰਟੇ ਅਰਬਨ ਪੱਧਰ ਸਪਲਾਈ ਮੁਹੱਈਆ ਕਰਵਾਈ ਜਾ ਚੁੱਕੀ ਹੈ ਜੀ :—

| ਕ੍ਰਮ ਨੰ: | ਸਾਲ | ਪਿੰਡਾਂ ਦੀ ਗਿਣਤੀ |
|---|---|---|
| 1 | 2002-03 | 22 |
| 2 | 2003-04 | 21 |
| 3 | 2004-05 | 144 |

---

## ਟ੍ਰਾਂਸਫਾਰਮਰ ਲਗਾਉਣੇ

*1258. **ਸਰਦਾਰ ਵੀਰ ਸਿੰਘ ਲੋਪੋਕੇ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2003-04 ਅਤੇ 2004-05 ਦੇ ਦੌਰਾਨ ਤਹਿਸੀਲ ਅਜਨਾਲਾ ਵਿਚ ਲਗਾਏ ਗਏ ਨਵੇਂ ਟ੍ਰਾਂਸਫਾਰਮਰਾਂ ਅਤੇ ਬਿਜਲੀ ਦੇ ਖੰਭਿਆਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਤੇ ਕਿਨਾ ਖਰਚ ਕੀਤਾ ਗਿਆ ?

**ਸਰਦਾਰ ਲਾਲ ਸਿੰਘ** : ਮੰਗੀ ਗਈ ਸੂਚਨਾ ਹੇਠ ਲਿਖੇ ਅਨੁਸਾਰ ਹੈ ਜੀ :—

| ਕ੍ਰਮ ਨੰ: | ਵੇਰਵਾ | 2002-04 | 2004-05 |
|---|---|---|---|
| (1) | ਅਜਨਾਲਾ ਤਹਿਸੀਲ ਵਿੱਚ ਨਵੇਂ ਟਰਾਂਸਫਾਰਮਰ ਲਗਾਏ। | 212 | 324 |
| (2) | ਬਿਜਲੀ ਦੇ ਖੰਭੇ ਅਜਨਾਲਾ ਤਹਿਸੀਲ ਵਿੱਚ ਲਗਾਏ। | 2396 | 7320 |
| (3) | ਉਪ੍ਰੋਕਤ ਲੜੀ ਨੰ: 1 ਅਤੇ 2 ਤੇ ਆਇਆ ਖਰਚਾ | 206.00 ਲੱਖ | 479.85 ਲੱਖ |

### ਸੁਲਤਾਨਪੁਰ ਵਿਖੇ ਅਰਬਨ ਅਸਟੇਟ ਦਾ ਵਿਕਾਸ

*1270. **ਡਾਕਟਰ ਉਪਿੰਦਰਜੀਤ ਕੌਰ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੁਲਤਾਨਪੁਰ ਵਿਖੇ ਪਹਿਲਾਂ ਹੀ ਪ੍ਰਾਪਤ ਕੀਤੀ ਭੂਮੀ ਉਪਰ ਕਿੰਨੇ ਸਮੇਂ ਦੇ ਅੰਦਰ-ਅੰਦਰ ਅਰਬਨ ਅਸਟੇਟ ਦਾ ਵਿਕਾਸ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਰਘੂਨਾਥ ਸਹਾਏਪੁਰੀ** : ਪੁੱਡਾ, ਅਗਲੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸੁਲਤਾਨਪੁਰ ਵਿਖੇ ਸ਼ਹਿਰੀ ਮਿਲਖ ਲਈ ਪਲਾਟਾਂ ਦੀ ਮੰਗ ਦਾ ਦੁਬਾਰਾ ਜਾਇਜਾ ਲਵੇਗਾ।

ਜੇਕਰ ਚੰਗਾ ਹੁੰਗਾਰਾ ਮਿਲਿਆ ਤਾਂ ਵਿਕਾਸ ਕਾਰਜ ਪਹਿਲ ਦੇ ਅਧਾਰ ਤੇ ਕੀਤੇ ਜਾਣਗੇ।

---

### ਸੁਲਤਾਨਪੁਰ ਵਿਖੇ ਬੇਈਂ ਉਪਰ ਪੁਲ ਦਾ ਨਿਰਮਾਣ

*1271. **ਡਾਕਟਰ ਉਪਿੰਦਰਜੀਤ ਕੌਰ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੁਲਤਾਨਪੁਰ, ਜ਼ਿਲ੍ਹਾ ਕਪੂਰਥਲਾ ਵਿਖੇ ਗੁਰਦੁਆਰਾ ਸ਼੍ਰੀ ਬੇਰ ਸਾਹਿਬ ਨਜ਼ਦੀਕ ਬੇਈਂ ਉਪਰ ਬਣਾਏ ਗਏ ਪੁਲ ਨੂੰ ਕਿੰਨੇ ਸਮੇਂ ਦੇ ਅੰਦਰ-ਅੰਦਰ ਜਨਤਾ ਲਈ ਖੋਲ੍ਹ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਰਘੂਨਾਥ ਸਹਾਏਪੁਰੀ** : ਪੁਲ ਦੀ ਉਸਾਰੀ ਲੱਗਭਗ ਮੁਕੰਮਲ ਹੋ ਚੁੱਕੀ ਹੈ। ਪ੍ਰੰਤੂ ਪੁਲ ਨੂੰ ਦੋਵੇਂ ਪਾਸਿਆਂ ਤੋਂ ਪਹੁੰਚ-ਮਾਰਗ ਦੇਣ ਲਈ, ਲੱਗਭਗ 14 ਕਨਾਲ, 15 ਮਰਲਾ ਭੌਂ ਪ੍ਰਾਪਤ ਕਰਨੀ ਪਵੇਗੀ। ਭੌਂ ਪ੍ਰਾਪਤ ਹੋਣ ਉਪਰੰਤ ਪਹੁੰਚ-ਮਾਰਗਾਂ ਦੀ ਉਸਾਰੀ ਪਹਿਲ ਦੇ ਆਧਾਰ ਤੇ ਕੀਤੀ ਜਾਵੇਗੀ।

---

### ਪੰਜਾਬ ਰਾਜ ਬਿਜਲੀ ਬੋਰਡ ਦੀ ਮਾਲੀ ਸਥਿਤੀ

*1246. **ਡਾ: ਰਮੇਸ਼ ਦੱਤ ਸ਼ਰਮਾ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2002-03 ਅਤੇ 2003-04 ਦੇ ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਨੂੰ ਪਏ ਘਾਟਿਆਂ ਦੇ ਵੇਰਵੇ ਕੀ ਹਨ ਅਤੇ ਉਸਦੀ ਮਾਲੀ ਹਾਲਤ ਸੁਧਾਰਨ ਲਈ ਰਾਜ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਸਰਦਾਰ ਲਾਲ ਸਿੰਘ** : ਸਾਲ 2003-04 ਦੌਰਾਨ ਬੋਰਡ ਨੂੰ 435.99 ਕਰੋੜ ਰੁਪਏ ਦਾ ਘਾਟਾ ਪਿਆ ਸੀ, ਜਦ ਕਿ ਸਾਲ 2003-04 ਦੌਰਾਨ ਬੋਰਡ ਨੇ 174.92 ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ ਹੈ।

ਪੰਜਾਬ ਰਾਜ ਬਿਜਲੀ ਬੋਰਡ ਦੀ ਮਾਲੀ ਹਾਲਤ ਵਿੱਚ ਸੁਧਾਰ ਲਿਆਉਣ ਲਈ ਹੇਠ ਲਿਖੇ ਕਦਮ ਉਠਾਏ ਗਏ ਹਨ :—

(1) ਪੰਜਾਬ ਸਰਕਾਰ ਨੇ ਟੈਰਿਫ਼ ਅਤੇ ਇਸ ਨਾਲ ਸਬੰਧਤ ਰੈਗੂਲੇਟਰੀ ਕੰਮਾਂ ਨੂੰ ਨਿਯਮਿਤ ਕਰਨ ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦਾ ਗਠਨ ਕੀਤਾ ਹੈ।

(2) ਅਕਤੂਬਰ, 2002 ਤੋਂ ਖੇਤੀਬਾੜੀ ਟਿਊਬਵੈੱਲਾਂ ਤੇ ਟੈਰਿਫ਼ ਲਗਾਇਆ ਗਿਆ ਹੈ।

(3) ਖੇਤੀਬਾੜੀ ਪੰਪ ਸੈਟਾਂ ਨੂੰ ਰਿਆਇਤੀ ਦਰਾਂ ਤੇ ਬਿਜਲੀ ਦੇਣ ਲਈ 2002-03 ਤੋਂ ਨਿਯਮਤ ਤੌਰ ਤੇ ਮੁਆਵਜ਼ਾ ਦਿੱਤਾ ਗਿਆ ਹੈ।

(4) ਵਿੱਤੀ ਪੁਨਰਗਠਨ ਸੁਧਾਰ ਯੋਜਨਾ ਨੂੰ ਲਾਗੂ ਕਰਨ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

(5) ਸਾਲ 2003-04 ਦੌਰਾਨ 1480 ਕਰੋੜ ਰੁਪਏ ਦੇ ਕਰਜ਼ਿਆਂ ਨੂੰ ਵੱਧ ਵਿਆਜ਼ ਦੀ ਦਰ ਤੋਂ ਬਦਲ ਕੇ ਘੱਟ ਵਿਆਜ ਦੀ ਦਰ ਤੇ ਲਿਆਂਦਾ ਗਿਆ ਹੈ।

(6) ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਪੂੰਜੀ ਨਿਵੇਸ਼ ਕੀਤਾ ਜਾ ਰਿਹਾ ਹੈ।

---

## UNSTARRED QUESTIONS AND ANSWERS

### Expenditure on Construction/Repair of Roads

**173. Sardar Gurbinder Singh Atwal :** Will the Public Works (B&R) Minister be pleased to state the year-wise and district-wise expenditure incurred on construction/repair of roads during the year 2002, 2003, 2004 and 2005 by the Department in the State ?

**Sardar Partap Singh Bajwa :** Yes please. The detail of year-wise and district-wise expenditure incurred is placed on the table of the House.

[ਲੋਕ ਨਿਰਮਾਣ (ਭਵਨ ਤੇ ਮਾਰਗ) ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ]

## Detail of year-wise & district-wise expenditure incurred

| Sr. No. | Name of District | New Construction (Expdt. in lacs) | | | Special Repair (Expdt. in lacs) | | |
|---|---|---|---|---|---|---|---|
| | | 2002-03 | 2003-04 | 2004-05 | 2002-03 | 2003-04 | 2004-05 |
| 1 | FatehgarhSahib | 190.12 | 0.00 | -0.42 | 64.96 | 214.87 | 509.61 |
| 2 | Gurdaspur | 1142.87 | 523.31 | 471.92 | 567.87 | 537.79 | 639.72 |
| 3 | Hoshiarpur | 584.54 | 21.90 | 50.71 | 318.11 | 888.38 | 1725.77 |
| 4 | Patiala | 669.01 | -540.95 | 563.68 | 22.50 | 440.89 | 809.64 |
| 5 | Ropar | 274.87 | 145.98 | 23.41 | 384.64 | 793.40 | 900.32 |
| 6 | Amritsar | 658.78 | 150.48 | 48.07 | 28.13 | 454.34 | 1817.89 |
| 7 | Jalandhar | 204.51 | 11.90 | 8.17 | 155.65 | 157.88 | 561.99 |
| 8 | Kapurthala | 203.74 | -4.69 | 1.65 | 17.96 | 146.19 | 512.02 |
| 9 | Ludhiana | 1304.05 | 638.66 | 648.26 | 304.46 | 586.25 | 1093.21 |
| 10 | Sangrur | 612.87 | 88.03 | 36.10 | 53.15 | 284.72 | 732.82 |
| 11 | Bathinda | 698.90 | 41.12 | 0.00 | 1.98 | 112.00 | 1114.36 |
| 12 | Mansa | 435.76 | 323.60 | 70.10 | 0.31 | 14.73 | 1.25 |
| 13 | Faridkot | 114.14 | 0.00 | 0.00 | 10.38 | 62.16 | 133.16 |
| 14 | Ferozepur | 228.87 | 62.76 | 35.09 | 222.38 | 109.76 | 637.70 |
| 15 | Moga | 441.95 | 20.32 | 0.00 | 11.49 | 28.89 | 523.44 |
| 16 | Mukatsar | 815.28 | 427.34 | 0.00 | 154.44 | 0.00 | 241.51 |
| 17 | Nawanshahr | 0.00 | 0.00 | 0.00 | 0.00 | 0.00 | 0.00 |
| | **Total** | **8580.16** | **1909.76** | **1956.74** | **2318.41** | **4832.25** | **11954.33** |

## ਬਹਾਦਰੀ ਇਨਾਮ ਜਿੱਤਣ ਵਾਲਿਆਂ ਨੂੰ ਪਲਾਟਾਂ ਦੀ ਅਲਾਟਮੈਂਟ

174. **ਸਰਦਾਰ ਨਿਰਮਲ ਸਿੰਘ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਸਦਨ ਦੀ ਮੇਜ਼ ਤੇ ਪੰਜਾਬ ਰਾਜ ਨਾਲ ਸਬੰਧਿਤ ਅਜਿਹੇ ਬਹਾਦਰੀ ਇਨਾਮ ਜਿੱਤਣ ਵਾਲਿਆਂ ਦੀ ਸੂਚੀ ਰੱਖਣਗੇ ਜਿਨ੍ਹਾਂ ਨੂੰ 1989 ਤੋਂ ਲੈ ਕੇ ਮਿਤੀ ਅੰਤ ਤੱਕ ਐਸ.ਏ.ਐਸ. ਨਗਰ (ਮੁਹਾਲੀ) ਅਤੇ ਪੰਜਾਬ ਦੇ ਦੂਜੇ ਕਸਬਿਆਂ ਵਿਚ ਪੁੱਡਾ ਦੁਆਰਾ ਰਿਹਾਇਸ਼ੀ ਪਲਾਟ ਅਲਾਟ ਕੀਤੇ ਹਨ ਅਤੇ ਇਸ ਸੂਚੀ ਵਿਚ ਅਲਾਟੀਆਂ ਦੇ ਰੈਂਕ, ਨਾਮ, ਐਵਾਰਡ, ਪਲਾਟ ਦਾ ਆਕਾਰ ਅਤੇ ਅਜਿਹੀ ਅਲਾਟਮੈਂਟ ਦੀ ਜਗ੍ਹਾ ਵੀ ਦਰਸਾਈ ਜਾਵੇ ?

**ਸ਼੍ਰੀ ਰਘੂਨਾਥ ਸਹਾਏਪੁਰੀ** : ਸ਼੍ਰੀਮਾਨ ਜੀ, ਸੂਚਨਾ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ।

**List of Gallantry Awardees belonging to the State of Punjab who have been allotted residential plots by PUDA at SAS Nagar and other towns of Punjab since 1989 to date**

| Sr. No. | Name of allottee | Rank | Award | Size of Plot | Station | Remarks |
|---|---|---|---|---|---|---|
| 1 | 2 | 3 | 4 | 5 | 6 | 7 |
| 1 | Karam Pal Singh | Brigadier | Defence Bravery Award | 500 sq. yds. | S.A.S. Nagar | |
| 2 | Pritam Singh Mann | Asstt. Commandant B.S.F. | Police Medal for Gallantry | 250 sq. yds. | S.A.S. Nagar | |
| 3 | Vikram Anand | Major | Vir Chakra | 250 sq. yds. | S.A.S. Nagar | |
| 4 | Jaminder Singh Jaspal | Brigadier | Vir Chakra | 200 sq. yds. | S.A.S. Nagar | |
| 5 | Gurmukh Singh | Col. | Vir Chakra | 200 sq. yds. | S.A.S. Nagar | |
| 6 | Surjit Singh | S.P. (Punjab Police) | Police Medal for Gallantry | 200 sq. yds. | S.A.S. Nagar | |
| 7 | R.S. Sandhu | Col. | Vir Chakra | 150 sq. yds. | S.A.S. Nagar | |
| 8 | A.S. Ghuman | Lt. Col. | Shaurya Chakra | 500 sq. yds. | S.A.S. Nagar | Sr. No. 1 to 7 are old allotments. In Sr. No. 8 to 23, only Letter of Intents have been issued. But due to stay granted by the Hon'ble Punjab & Haryana High Court to the land owners of Sector 76—80, allotment letters could not be issued to the letter of intent holders. |
| 9 | Sant Singh | Brigadier | Maha Vir Chakra | 500 sq. yds. | S.A.S. Nagar | |
| 10 | Rajinder Singh Sohal | Sub-Inspector (Punjab Police) | Police Medal for Gallantry | 500 sq. yds. | S.A.S. Nagar | |
| 11 | Surjit Singh | D.S.P. (Punjab Police) | Police Medal for Gallantry | 500 sq. yds. | S.A.S. Nagar | |
| 12 | Gurbachan Singh Sahi | Major | Shaurya Chakra | 500 sq. yds. | S.A.S. Nagar | |
| 13 | Gurbans Singh Sanga | Col. (Retd.) | Maha Vir Chakra | 400 sq. yds. | S.A.S. Nagar | |
| 14 | Jagroop Singh Brar | Col. | Maha Vir Chakra | 300 sq. yds. | S.A.S. Nagar | |
| 15 | Lachman Singh Lehal | Major General | Vir Chakra | 300 sq. yds. | S.A.S. Nagar | |
| 16 | Ram Lubhia Bawa | Supdt. B.R.G.D.-II GREF | Shaurya Chakra | 250 sq. yds. | S.A.S. Nagar | |

| | | | | | | |
|---|---|---|---|---|---|---|
| 17 | Anu Rana Saluja | Sqdn. Ldr. | Shaurya Chakra | 250 sq. yds. | S.A.S. Nagar | |
| 18 | Jaspal Singh | D.S.P. (Punjab Police) | Police Medal for Gallantry | 200 sq. yds. | S.A.S. Nagar | |
| 19 | S. Elango | D.S.P. | Police Medal for Gallantry | 200 sq. yds. | S.A.S. Nagar | |
| 20 | Anupam Singh | Major | Sena/Army Medal | 200 sq. yds. | S.A.S. Nagar | |
| 21 | Nand Lal | ADIG/(CRPF) Retd. | Police Medal for Gallantry | 150 sq. yds. | S.A.S. Nagar | |
| 22 | Harbans Singh | Constable (Punjab Police) | Police Medal for Gallantry | 125 sq. yds. | S.A.S. Nagar | |
| 23 | Khubi Ram | S.P. (Punjab Police) | Police Medal for Gallantry | 400 sq. yds. | S.A.S. Nagar | Sh. Khubi Ram has also been allotted plot at Ludhiana. As per policy, only one plot was to be allotted to the Gallantry Awardee, as such his case is under consideration for cancellation of this allotment. |
| 24 | Smt. Davinder Kaur Wd/o Shahid Balwinder Singh Naik | Naik | Sena Medal | 250 sq. yds. | Ludhiana | |
| 25 | Sh. Ram Pal Singh | Deputy Supdt. of Police, 76 Batalian Central Reserve Force | Police Medal for Gallantry | 200 sq. yds. | Ludhiana | |
| 26 | Sh. Khubi Ram | Supdt. of Police (Operation) Security to CM of Punjab. | Police Medal for Gallantry | 200 sq. yds. | Ludhiana | |
| 27 | Sh. Gurmeet Singh | Sub-Inspector of Punjab Police | Police Medal for Gallantry | 100 sq. yds. | Ludhiana | |
| 28 | Col. G.S. Ghuman | Lieutenant Colonel | Sena Medal (Distinguished) | 100 sq. yds. | Ludhiana | |
| 29 | Col. Rupinder Singh Sandhu | Colonel | Vir Chakra | 200 sq. yds. | Phagwara | |
| 30 | Lt. Col. Rahul Katyar | Lt. Col. | Vayu Sena Medal/Sena Medal | 200 sq. yds. | Phagwara | |

## ਬਹਾਦਰੀ ਇਨਾਮ ਜਿੱਤਣ ਵਾਲਿਆਂ ਨੂੰ ਪਲਾਟਾਂ ਦੀ ਅਲਾਟਮੈਂਟ

175. **ਸਰਦਾਰ ਨਿਰਮਲ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਸਦਨ ਦੀ ਮੇਜ਼ ਤੇ ਪੰਜਾਬ ਰਾਜ ਨਾਲ ਸਬੰਧਿਤ ਬਹਾਦਰੀ ਇਨਾਮ ਜਿੱਤਣ ਵਾਲਿਆਂ ਦੀ ਸੂਚੀ ਰੱਖਣਗੇ ਜਿਨ੍ਹਾਂ ਨੂੰ 1989 ਤੋਂ ਲੈ ਕੇ ਮਿਤੀ ਅੰਤ ਤੱਕ ਪੰਜਾਬ ਦੇ ਵੱਖ-ਵੱਖ ਨਗਰਾਂ ਵਿਚ ਇੰਪਰੂਵਮੈਂਟ ਟਰੱਸਟਾਂ ਦੁਆਰਾ ਰਿਹਾਇਸ਼ੀ ਪਲਾਟਾਂ ਦੀ ਅਲਾਟਮੈਂਟ ਕੀਤੀ ਗਈ ਹੈ ਅਤੇ ਇਸ ਸੂਚੀ ਵਿਚ ਅਲਾਟੀਆਂ ਦਾ ਰੈਂਕ, ਨਾਮ, ਐਵਾਰਡ, ਪਲਾਟ ਦਾ ਆਕਾਰ ਅਤੇ ਪਲਾਟਾਂ ਦੀ ਜਗ੍ਹਾ ਵੀ ਦਰਸਾਈ ਜਾਵੇ?

**ਚੌਧਰੀ ਜਗਜੀਤ ਸਿੰਘ** : ਨਹੀਂ, ਜੀ

---

## ਕੰਡੀ ਨਹਿਰ ਦੀ ਉਸਾਰੀ

176. **ਸ਼੍ਰੀ ਤਿਕਸ਼ਨ ਸੂਦ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੰਡੀ ਨੇਹਿਰ ਦੇ ਫੇਜ਼-2 ਅਤੇ ਫੇਜ਼-3 ਤੇ ਕੰਮ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਲਾਲ ਸਿੰਘ** : ਵਿਸ਼ਵ ਬੈਂਕ ਦੀ ਸਹਾਇਤਾ ਨਾਲ 59.5 ਕਿਲੋਮੀਟਰ ਲੰਬੀ ਕੰਡੀ ਨਹਿਰ ਸਟੇਜ-1 ਪਹਿਲਾਂ ਹੀ ਉਸਾਰੀ ਜਾ ਚੁੱਕੀ ਹੈ। ਇਹ ਪ੍ਰੋਜੈਕਟ 19867 ਹੈਕਟੇਅਰ ਇਲਾਕੇ ਵਿੱਚ ਸਿੰਚਾਈ ਸਹੂਲਤ ਪ੍ਰਦਾਨ ਕਰਕੇ, ਕੰਡੀ ਇਲਾਕੇ ਦੇ 215 ਪਿੰਡਾਂ ਨੂੰ ਲਾਭ ਪਹੁੰਚਾ ਚੁੱਕਾ ਹੈ। 70.50 ਕਿਲੋਮੀਟਰ ਲੰਬੀ ਕੰਡੀ ਨਹਿਰ ਸਟੇਜ-2 ਦੀ ਉਸਾਰੀ ਕਰਨ ਦੀ ਤਜਵੀਜ਼ ਹੈ, ਜਿਸ ਅਧੀਨ ਸਿੰਚਾਈ ਦੇ 29527 ਹੈਕਟੇਅਰ ਲਿਆਂਦੇ ਜਾਣਗੇ ਜਿਸ ਨਾਲ 218 ਪਿੰਡਾਂ ਨੂੰ ਲਾਭ ਮਿਲੇਗਾ। ਇਸ ਪ੍ਰੋਜੈਕਟ ਨੂੰ ਸੈਂਟਰਲ ਵਾਟਰ ਕਮਿਸ਼ਨ, ਭਾਰਤ ਸਰਕਾਰ ਵਲੋਂ ਮਈ, 1997 ਦੇ ਕੀਮਤ ਸੂਚਕ ਅੰਕ ਦੇ ਆਧਾਰ ਤੇ 147 ਕਰੋੜ ਰੁਪਏ ਦੀ ਅਨੁਮਾਨਿਤ ਕੀਮਤ ਨਾਲ ਤਕਨੀਕੀ ਕਲੀਅਰੈਂਸ ਦਿੱਤੀ ਜਾ ਚੁੱਕੀ ਹੈ, ਜੋ ਦਸੰਬਰ, 2003 ਦੀ ਕੀਮਤ ਤੋਂ ਵਧ ਕੇ 170 ਕਰੋੜ ਹੋ ਜਾਵੇਗੀ। ਭਾਰਤ ਸਰਕਾਰ ਤੋਂ ਲੋੜੀਂਦੀਆਂ ਕਲੀਅਰੈਂਸਜ ਪ੍ਰਾਪਤ ਕੀਤੀਆਂ ਜਾ ਚੁੱਕੀਆਂ ਹਨ ਅਤੇ ਭਾਰਤ ਸਰਕਾਰ ਦੇ ਹਿੱਸੇ ਦੀ ਸੀ.ਐਲ.ਏ. ਦੀ 67% ਦੀ ਪਹਿਲੀ ਕਿਸ਼ਤ ਜੋ 10.50 ਕਰੋੜ ਰੁਪਏ ਬਣਦੀ ਹੈ, ਪ੍ਰਾਪਤ ਹੋ ਚੁਕੀ ਹੈ। ਰਾਜ ਸਰਕਾਰ ਦੇ ਹਿੱਸੇ ਦੀ 33% ਪੰਜਾਬ ਇਨਫਰਾਸਟਰੱਕਚਰ ਵਿਕਾਸ ਬੋਰਡ ਤੋਂ ਪ੍ਰਾਪਤ ਕਰਨ ਦਾ ਇੰਤਜਾਮ ਕੀਤਾ ਜਾ ਰਿਹਾ ਹੈ। ਇਸ ਪ੍ਰੋਜੈਕਟ ਦੀ ਉਸਾਰੀ ਫਾਈਨਾਸੀਅਲ ਕਲੋਜ਼ਰ, ਜੋ 1-2 ਮਹੀਨੇ ਵਿੱਚ ਮਿਲਣ ਦੀ ਆਸ ਹੈ, ਮਿਲਣ ਉਪਰੰਤ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਉਪਰੰਤ ਇਹ ਪ੍ਰੋਜੈਕਟ ਤਿੰਨ ਸਾਲਾਂ ਵਿੱਚ ਪੂਰਾ ਕਰ ਲਿਆ ਜਾਵੇਗਾ। ਸਟੇਜ-2 ਵਾਸਤੇ ਲੋੜੀਂਦੀਆਂ ਤਿਆਰੀਆਂ, ਸਮੇਤ ਜ਼ਮੀਨ ਅਕੁਆਇਰ ਕਰਨ ਦੀ ਕਾਰਵਾਈ, ਪਹਿਲਾਂ ਹੀ ਸ਼ੁਰੂ ਕੀਤੀਆਂ ਜਾ ਚੁੱਕੀਆਂ ਹਨ। ਇਸ ਪ੍ਰੋਜੈਕਟ ਦੀ ਕੋਈ ਸਟੇਜ-3 ਨਹੀਂ ਹੈ।

---

## ਸਰਵ ਸਿੱਖਿਆ ਅਭਿਆਨ ਅਧੀਨ ਫੰਡਾਂ ਦੀ ਵੰਡ

177. **ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2002-03, 2003-04 ਅਤੇ 2004-05 ਦੇ ਦੌਰਾਨ ਰਾਜ ਵਿਚ ਸਰਵ ਸਿੱਖਿਆ ਅਭਿਆਨ ਅਧੀਨ ਜ਼ਿਲ੍ਹਾ-ਵਾਰ ਕਿੰਨੀ-ਕਿੰਨੀ ਰਕਮ ਵੰਡੀ ਗਈ ਹੈ ਅਤੇ ਸਕੂਲਾਂ ਲਈ ਉਕਤ ਫੰਡਾਂ ਦੀ ਵੰਡ ਲਈ ਕੀ ਕਸੌਟੀ ਅਪਣਾਈ ਗਈ?

**ਸ੍ਰੀ ਹਰਨਾਮ ਦਾਸ ਜੌਹਰ** : ਸਰਵ ਸਿੱਖਿਆ ਅਭਿਆਨ, ਅਥਾਰਟੀ, ਪੰਜਾਬ ਦੁਆਰਾ ਜ਼ਿਲ੍ਹਾਵਾਰ ਫੰਡਾਂ ਦੀ ਵੰਡ ਸਬੰਧੀ ਸੂਚਨਾਂ ਅਨੁਲੱਗ ਤੇ ਰੱਖੀ ਜਾਂਦੀ ਹੈ।

ਸਕੂਲਾਂ ਵਿੱਚ ਫੰਡ ਲੋੜ ਦੇ ਆਧਾਰ ਤੇ ਕੇਂਦਰ ਸਰਕਾਰ ਦੇ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਅਨੁਸਾਰ ਦਿੱਤੇ ਜਾਂਦੇ ਹਨ।

## ਅਨੁਲੱਗ

### ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੁਆਰਾ ਜ਼ਿਲ੍ਹਾਵਾਰ ਫੰਡਾਂ ਦੀ ਵੰਡ

(ਰਕਮ ਲੱਖਾਂ ਵਿੱਚ)

| ਲੜੀ ਨੰ: | ਜ਼ਿਲ੍ਹੇ ਦਾ ਨਾਂ | 2002-03 | 2003-04 | 2004-05 ਮਿਤੀ 28 ਫਰਵਰੀ 2005 ਤੱਕ |
|---|---|---|---|---|
| 1 | ਅੰਮ੍ਰਿਤਸਰ | 1192.96700 | 784.58900 | 323.35348 |
| 2 | ਬਠਿੰਡਾ | 509.95200 | 561.52900 | 161.72068 |
| 3 | ਫਰੀਦਕੋਟ | 358.13000 | 219.15900 | 140.18560 |
| 4 | ਫਤਹਿਗੜ੍ਹ ਸਾਹਿਬ | 325.92300 | 212.32600 | 159.85934 |
| 5 | ਫਿਰੋਜ਼ਪੁਰ | 890.61700 | 1111.25800 | 214.57993 |
| 6 | ਗੁਰਦਾਸਪੁਰ | 1059.77900 | 732.59900 | 339.62983 |
| 7 | ਹੁਸ਼ਿਆਰਪੁਰ | 790.28300 | 453.56300 | 320.28748 |
| 8 | ਜਲੰਧਰ | 822.38300 | 513.34300 | 289.65671 |
| 9 | ਕਪੂਰਥਲਾ | 446.20500 | 259.50300 | 202.84920 |
| 10 | ਲੁਧਿਆਣਾ | 900.80700 | 530.90200 | 313.24635 |
| 11 | ਮਾਨਸਾ | 370.62700 | 287.50900 | 172.91090 |
| 12 | ਮੋਗਾ | 481.36700 | 302.03700 | 169.30890 |
| 13 | ਮੁਕਤਸਰ | 431.97200 | 313.20000 | 171.56045 |
| 14 | ਨਵਾਂ ਸ਼ਹਿਰ | 374.97200 | 200.97400 | 147.32203 |
| 15 | ਪਟਿਆਲਾ | 1002.34200 | 666.63000 | 290.12515 |
| 16 | ਰੋਪੜ | 544.14700 | 332.56400 | 259.62980 |
| 17 | ਸੰਗਰੂਰ | 855.69700 | 629.17700 | 297.33260 |
| | ਕੁਲ ਜੋੜ | 11358.17000 | 8110.86200 | 3973.55843 |

---

### ਬਟਾਲਾ ਅਤੇ ਗੁਰਦਾਸਪੁਰ ਵਿਖੇ ਬਾਈ-ਪਾਸਾਂ ਦੀ ਉਸਾਰੀ

178. **ਕੈਪਟਨ ਬਲਬੀਰ ਸਿੰਘ ਬਾਠ** :ਕੀ ਲੋਕ ਕਾਰਜ ਭਵਨ ਅਤੇ ਮਾਰਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਟਾਲਾ ਅਤੇ ਗੁਰਦਾਸਪੁਰ ਵਿਖੇ ਬਾਈ-ਪਾਸਾਂ ਦੀ ਉਸਾਰੀ ਦਾ ਕੰਮ ਕਦੋਂ ਤੋਂ ਚੱਲ ਰਿਹਾ ਹੈ ਅਤੇ ਇਨ੍ਹਾਂ ਤੇ ਹੁਣ ਤੱਕ ਕਿੰਨਾ ਖਰਚ ਕੀਤਾ ਗਿਆ ਅਤੇ ਇਨ੍ਹਾਂ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹਾਂ ਜੀ। ਗੁਰਦਾਸਪੁਰ ਬਾਈਪਾਸ 1993 ਤੋਂ ਉਸਾਰਿਆ ਜਾ ਰਿਹਾ ਹੈ ਜੋ ਕਿ ਬਿਨਾਂ ਰੇਲਵੇ ਕਰੌਸਿੰਗ ਦੇ ਪੂਰਾ ਹੋ ਗਿਆ ਹੈ। ਰੇਲਵੇ ਕਰੌਸਿੰਗ ਦੇ 30 ਜੂਨ, 2005 ਤੱਕ ਪੂਰੇ ਹੋਣ ਦੀ ਸੰਭਾਵਨਾ ਹੈ। ਇਸ ਸੜਕ ਤੇ ਹੁਣ ਤੱਕ 764.34 ਲੱਖ ਰੁਪਏ ਖਰਚ ਹੋ ਚੁੱਕੇ ਹਨ।

ਬਟਾਲਾ ਬਾਈਪਾਸ ਦੀ ਉਸਾਰੀ, ਜੋ ਕਿ ਕੌਮੀ ਮਾਰਗ-15 ਬਟਾਲਾ-ਫਤਿਹਗੜ੍ਹ ਚੂੜੀਆਂ ਸੜਕ ਨੂੰ ਜੋੜਦਾ ਹੈ, ਬਾਰਡਰ ਰੋਡ ਆਰਗੇਨਾਈਜੇਸ਼ਨ (ਬੀ.ਆਰ.ਓ) ਕੋਲ ਹੈ।

---

## MATTERS RAISED DURING ZERO HOUR

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਰ, ਮੈਂ ਜ਼ੀਰੋ ਆਵਰ ਦੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਪੁਆਇੰਟ ਬੜਾ ਹੀ ਸਪੈਸੇਫਿਕ ਹੈ। ਮੈਂ ਕੋਈ ਐਸੀ ਵੈਸੀ ਗੱਲ ਨਹੀਂ ਕਰ ਰਿਹਾ। ਸਪੀਕਰ ਸਾਹਿਬ, ਅੱਜ ਜੋ ਪੰਜਾਬ ਦੇ ਵਿਚ ਹਾਲਾਤ ਬਣੇ ਹੋਏ ਹਨ, ਇਨ੍ਹਾਂ ਸਬੰਧੀ ਦਿਨ ਰਾਤ ਅਖਬਾਰਾਂ ਦੇ ਵਿਚ ਖਬਰਾਂ ਆਉਂਦੀਆਂ ਹਨ। ਇਸ ਬਾਰੇ ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਗੈਰ ਕਾਨੂੰਨੀ ਢੰਗਾਂ ਨਾਲ ਭੁੱਕੀ, ਚਰਸ, ਅਫੀਮ ਆਦਿ ਨਸ਼ੇ ਵਿਕ ਰਹੇ ਹਨ ਅਤੇ ਬੱਚਿਆਂ ਨੂੰ ਅਗਵਾ ਕਰਨ ਦੀਆਂ ਘਟਨਾਵਾਂ ਹੋ ਰਹੀਆਂ ਹਨ, ਲੜਕੀਆਂ, ਧੀਆਂ ਤੇ ਭੈਣਾਂ ਨਾਲ ਰੇਪ ਹੋ ਰਹੇ ਹਨ। ਇਨ੍ਹਾਂ ਕੰਮਾਂ ਵਿਚ ਇਨਵਾਲਵਡ ਇੱਕ ਡੀ.ਐਸ.ਪੀ. ਫਿਲੌਰ ਦੀ ਕੱਲ੍ਹ ਬਦਲੀ ਕੀਤੀ ਗਈ ਹੈ.. (ਵਿਘਨ, ਸ਼ੋਰ) ਪਲੀਜ਼ ਚੁੱਪ ਹੋ ਜਾਓ। ਸਪੀਕਰ ਸਾਹਿਬ, ਬਦਲੀ ਕਰਨਾ ਤਾਂ ਕੋਈ ਸਜ਼ਾ ਨਹੀਂ ਹੈ। ਇਸੇ ਤਰ੍ਹਾਂ ਪਿਛਲੇ ਸਾਲ ਤਿੰਨ ਡੀ.ਐਸ.ਪੀ. ਹਰਿਆਣਾ ਦੇ ਵਿਚ ਚਲੇ ਗਏ ਸਨ....... (ਵਿਘਨ)

**ਮਾਨਯੋਗ ਸਪੀਕਰ ਸਾਹਿਬ** : ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਕੋਈ ਗਲਤ ਗੱਲ ਨਹੀ ਕਰ ਰਿਹਾ। ਤੁਸੀਂ ਮੈਨੂੰ ਮੇਰੇ ਆਖਰੀ ਲਫਜ਼ ਤਾਂ ਕੰਪਲੀਟ ਕਰ ਲੈਣ ਦਿਓ। ਪਲੀਜ਼, ਪਲੀਜ਼। ਮੈਂ ਇਹੀ ਜਾਣਨਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਤੇ ਕੋਈ ਪਰਚਾ ਦਰਜ ਕਰਕੇ ਅਤੇ ਸਸਪੈਂਡ ਕਰਕੇ ਕੇਸ ਚਲਾਉਣਗੇ ?

**ਮਾਨਯੋਗ ਸਪੀਕਰ ਸਾਹਿਬ** : ਹਾਂ ਜੀ, ਤਿਕਸ਼ਨ ਸੂਦ ਜੀ, ਦੱਸੋ।

**ਸ਼੍ਰੀ ਤਿਕਸ਼ਨ ਸੂਦ** : ਸਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਦਸੂਹਾ ਸ਼ੂਗਰ ਮਿੱਲ ਵਿਚੋਂ ਕੁਝ ਦਿਨਾਂ ਤੋਂ ਬਹੁਤ ਜ਼ਿਆਦਾ ਗੰਦੀ ਸਮੈਲ ਆ ਰਹੀ ਹੈ ਅਤੇ ਉਥੇ ਬਹੁਤ ਜ਼ਿਆਦਾ ਪੋਲਿਊਸ਼ਨ ਫੈਲਿਆ ਹੋਇਆ ਹੈ। ਜਿਸ ਦੇ ਨਾਲ ਆਸ ਪਾਸ ਦੇ ਇਲਾਕੇ ਵਿਚ ਵੀ ਰਹਿਣਾ ਮੁਸ਼ਕਿਲ ਹੋ ਗਿਆ ਹੈ। ਤੁਸੀਂ ਵੀ ਉਥੋਂ ਹੀ ਲੰਘਦੇ ਹੋ। ਕੀ ਸਾਡਾ ਪੋਲਿਊਸ਼ਨ ਡਿਪਾਰਮੈਂਟ ਇਸ ਮਾਮਲੇ ਦੇ ਵਿਚ ਸੁੱਤਾ ਪਿਆ ਹੈ ?

**ਮਾਨਯੋਗ ਸਪੀਕਰ ਸਾਹਿਬ** : ਤੁਹਾਡੀ ਗੱਲ ਆ ਗਈ ਹੈ, ਬੈਠ ਜਾਓ। ਗਰਚਾ ਸਾਹਿਬ, ਦੱਸੋ।

**ਸਰਦਾਰ ਜਗਦੀਸ਼ ਸਿੰਘ ਗਰਚਾ** : ਸਪੀਕਰ ਸਾਹਿਬ, ਮੈਂ ਸ਼ਰਾਬ ਦੇ ਠੇਕਿਆਂ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ......

**ਮਾਨਯੋਗ ਸਪੀਕਰ ਸਾਹਿਬ** : ਇਹ ਗੱਲ ਹੋ ਗਈ ਹੈ। ਪਲੀਜ਼, ਬੈਠ ਜਾਓ।

**ਸਰਦਾਰ ਜਗਦੀਸ਼ ਸਿੰਘ ਗਰਚਾ** : ** **

**Mr. Speaker :** Please resume your seat. What the Hon'ble Member is speaking should not be recorded. Now next business.

---

** Not recorded as ordered by the Chair.

## PAPERS LAID ON THE TABLE

**Minister for Local Government, Parliamentary Affairs, Labour & Employment and Elections (Chaudhary Jagjit Singh)** : Sir I beg to lay on the Table :-

(i) Report of the Comptroller and Auditor General of India for the year 2003-2004 (Civil)—Government of Punjab (In Punjabi and English);

(ii) Report of the Comptroller and Auditor General of India for the year 2003-2004 (Commercial)—Government of Punjab (In Punjabi and English);

(iii) Report of the Comptroller and Auditor General of India for the year 2003-2004 (Revenue Receipts)—Government of Punjab (In Punjabi and English);

(iv) Finance Accounts of Government of Punjab for the year 2003-04; and

(v) Appropriation Accounts of Government of Punjab for the year 2003-04.

as required under Clause(2) of Article 151 of the Constitution of India.

(noises....interruptions....)

---

## WALK OUT

(At this stage all the Members belonging to the Shiromani Akali Dal and Bharatiya Janata Party present in the House and Independent Members- Sardar Sukhdarshan Singh Marar and Sardar Harmit Singh Sandhu staged a walk out as a protest against not being allowed to speak during Zero Hour)

---

## PRESENTATION OF REPORTS OF THE COMMITTEES

(i) **Chairman, Committee on Public undertakings (Sardar Jasbir Singh Gill 'Dimpa') :** Sir, I beg to present the 80th Report of the Committe on Public Undertakings on the general working of the Punjab Agro Industries Corporation Limited.

(ii) **Chairman, Committee on the Welfare of Scheduled Castes, Scheduled Tribes and Backward Classes (Chaudhary Santokh Singh)** : Sir, I beg to present the 31st Report of the Committee on the Welfare of Scheduled Castes, Scheduled Tribes and Backward Classes on the implementation of the policy of reservation to the Scheduled Castes, Scheduled Tribes and Backward Classes in different Departments/Corporations and Boards and the schemes being run by the Welfare Department pursuant to 81st and 85th amendments to the Constitution.

(iii) **Member, Committee on Subordinate Legislation (Sardar Bir Devinder Singh) :** Sir, I beg to present the 33rd Report of the Committee on Subordinate Legislation for the year 2004-05.

---

## RESOLUTION *RE.* RECOMMENDATION TO THE STATE GOVERNMENT TO TAKE IMMEDIATE EFFECTIVE STEPS TO INSTALL SEWERAGE WATER TREATMENT PLANTS AT APPROPRIATE PLACES TO CHECK THE WATER POLLUTION DUE TO THE DISCHARGE OF SULLAGE WATER FROM THE CITIES INTO THE RIVERS IN THE STATE

**Mr. Speaker** : Now Jathedar Tota Singh to move the Resolution. He is not present here.

**ਸਥਾਨਕ ਸਰਕਾਰ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ** : ਸਪੀਕਰ ਸਾਹਿਬ, ਇੱਥੇ ਕੋਈ ਵੀ ਰੈਜ਼ੋਲਿਊਸ਼ਨ ਮੂਵ ਕਰਨ ਵਾਲਾ ਨਹੀਂ ਹੈ। ਇਸ ਲਈ ਹਾਊਸ ਐਡਜ਼ਰਨ ਕਰ ਦਿਓ ਜੀ।

(At this stage, Jathedar Tota Singh was seen rushing towards his seat.)

**Mr. Speaker :** Jathedar Tota Singh is running, he is coming and he will move the Resolution. Yes, Jathedar Tota Singh Ji.

**ਸਰਦਾਰ ਤੋਤਾ ਸਿੰਘ** (ਮੋਗਾ) : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ, ਇਹ ਸਦਨ ਰਾਜ ਸਰਕਾਰ ਨੂੰ ਰਾਜ ਵਿਚ ਸ਼ਹਿਰਾਂ ਵਿਚੋਂ ਗੰਦੇ ਪਾਣੀ ਦਾ ਨਿਕਾਸ ਦਰਿਆਵਾਂ ਵਿਚ ਕਰਨ ਕਾਰਨ ਪਾਣੀ ਪ੍ਰਦੂਸ਼ਿਤ ਹੋਣ ਨੂੰ ਰੋਕਣ ਲਈ ਢੁੱਕਵੀਆਂ ਥਾਵਾਂ ਤੇ ਸੀਵਰੇਜ ਵਾਟਰ ਟ੍ਰੀਟਮੈਂਟ ਪਲਾਂਟ ਲਗਾਉਣ ਲਈ ਤੁਰੰਤ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਸਿਫਾਰਸ਼ ਕਰਦਾ ਹੈ।"

ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਨੂੰ ਮੂਵ ਕਰਨ ਦਾ ਮੌਕਾ ਦਿੱਤਾ ਅਤੇ ਬੋਲਣ ਦੀ ਆਗਿਆ ਦਿੱਤੀ ਹੈ। ਇਹ ਜੋ ਮਤਾ ਹਾਊਸ ਦੇ ਵਿਚ ਲਿਆਂਦਾ ਗਿਆ ਹੈ। ਇਸ ਦੀ ਸਮੇਂ ਮੁਤਾਬਿਕ ਬਹੁਤ ਲੋੜ ਹੈ। ਜੋ ਹੇਠਲਾ ਪਾਣੀ ਧਰਤੀ ਵਿਚ ਹੈ ਉਹ ਗੰਦਾ ਹੁੰਦਾ ਜਾ ਰਿਹਾ ਹੈ ਅਤੇ ਲੋਕਾਂ ਵਿਚ ਬਿਮਾਰੀਆਂ ਫੈਲ ਰਹੀਆਂ ਹਨ ਅਤੇ ਡਾਕਟਰਾਂ ਦੀਆਂ ਰਿਪੋਰਟਾਂ ਆ ਰਹੀਆਂ ਹਨ ਕਿ ਇਹ ਬਿਮਾਰੀਆਂ ਗੰਦੇ ਪਾਣੀ ਕਰਕੇ ਫੈਲ ਰਹੀਆਂ ਹਨ। ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ ਜਦ ਕਿ ਇਨਸਾਨੀ ਜ਼ਿੰਦਗੀ ਲਈ ਪਾਣੀ ਦੀ ਬਹੁਤ ਲੋੜ ਹੈ। ਪਰ ਅੱਜ ਹਾਲਾਤ ਕੀ ਹਨ ਕਿ ਕਿਸੇ ਸ਼ਹਿਰ ਦੇ ਵਿਚ ਗੰਦੇ ਪਾਣੀ ਦਾ ਨਾ ਪਰਾਪਰ ਨਿਕਾਸ ਹੈ ਅਤੇ ਨਾ ਹੀ ਕੋਈ ਸੀਵਰੇਜ ਟ੍ਰੀਟਮੈਂਟ ਪਲਾਂਟ ਲੱਗਾ ਹੋਇਆ ਹੈ ਜਦ ਕਿ ਇਸ ਦੀ ਬਹੁਤ ਲੋੜ ਹੈ। ਲੁਧਿਆਣਾ ਇਕ ਇੰਡਸਟਰੀਅਲ ਸ਼ਹਿਰ ਹੈ। ਇਸ ਸ਼ਹਿਰ ਦੀ ਆਬਾਦੀ 25 ਲੱਖ ਦੀ ਹੈ ਪਰ ਇਥੇ ਸੀਵਰੇਜ ਟ੍ਰੀਟਮੈਂਟ ਪਲਾਂਟ ਕੋਈ ਨਹੀਂ ਹੈ ਅਤੇ ਗੰਦੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ। ਇਹ ਗੰਦਾ ਪਾਣੀ ਸਤਲੁਜ ਦਰਿਆ ਵਿਚ ਜਾ ਰਿਹਾ ਹੈ ਅਤੇ ਇਸ ਦਰਿਆ ਦਾ ਪਾਣੀ ਵੀ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਪਹਿਲਾਂ ਇਸ ਦਰਿਆ ਦੇ ਪਾਣੀ ਨੂੰ ਪਵਿੱਤਰ ਸਮਝਿਆ ਜਾਂਦਾ ਸੀ ਅਤੇ ਸਾਫ਼ ਸੁਥਰਾ ਹੋਣ ਕਰਕੇ ਸਿਹਤ ਲਈ ਵੀ ਅੱਛਾ ਹੁੰਦਾ ਸੀ ਪਰ ਹੁਣ ਕੈਮੀਕਲ ਵਾਲਾ ਗੰਦਾ ਪਾਣੀ ਇਸ ਦਰਿਆ ਵਿਚ ਆ ਰਿਹਾ ਹੈ। ਜਿਸ ਕਰਕੇ ਇਸ ਦਰਿਆ ਦਾ ਪਾਣੀ ਵੀ ਗੰਦਾ ਹੋ ਗਿਆ ਅਤੇ ਲੋਕ ਨੱਕ ਤੇ ਕੱਪੜਾ ਰੱਖਕੇ ਲੰਘਦੇ ਹਨ। ਇਸ ਦਰਿਆ ਵਿਚ ਕੋਈ ਜੀਵ-ਜੰਤੂ ਅਤੇ ਮੱਛੀ ਇਸ ਗੰਦੇ ਪਾਣੀ ਵਿਚ ਜ਼ਿੰਦਾ ਨਹੀਂ ਰਹਿ ਸਕਦੀ।

| 11.07 ਵਜੇ ਪੂਰਵ ਦੁਪਹਿਰ | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

ਇਸ ਦਰਿਆ ਦੇ ਪਾਣੀ ਨੂੰ ਪਹਿਲਾਂ ਪਵਿੱਤਰ ਸਮਝਿਆ ਜਾਂਦਾ ਸੀ ਅਤੇ ਸਿਹਤ ਲਈ ਵੀ ਅੱਛਾ ਸੀ। ਪਰ ਦੁਖ ਦੀ ਗੱਲ ਹੈ ਕਿ ਕੈਮੀਕਲ, ਗੰਦੇ ਪਾਣੀ ਦੇ ਨਾਲ ਆਉਣ ਕਰਕੇ ਸਾਰਾ ਕੁਝ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਜ਼ਮੀਨ ਦੇ ਹੇਠਲਾ ਪਾਣੀ ਵੀ ਗੰਦਾ ਹੁੰਦਾ ਜਾ ਰਿਹਾ ਹੈ ਅਤੇ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ ਅਤੇ ਬਿਮਾਰੀਆਂ ਪੈਦਾ ਕਰ ਰਿਹਾ ਹੈ। ਇਸ ਨੂੰ ਰੋਕਣ ਲਈ ਸਰਕਾਰ ਵਲੋਂ ਸ਼ਹਿਰਾਂ ਦੇ ਵਿਚ ਟ੍ਰੀਟਮੈਂਟ ਪਲਾਂਟ ਲਗਾਏ ਜਾਣੇ ਚਾਹੀਦੇ ਹਨ ਤਾਂ ਕਿ ਲੋਕਾਂ ਨੂੰ ਸਾਫ ਸੁਥਰਾ ਪਾਣੀ ਮਿਲ ਸਕੇ। ਲੁਧਿਆਣਾ ਸ਼ਹਿਰ ਦਾ 10 ਕਿਲੋਮੀਟਰ ਤੱਕ ਦਾ ਪਾਣੀ ਗੰਦਾ ਹੁੰਦਾ ਜਾ ਰਿਹਾ ਹੈ। ਪਹਿਲੇ ਲੋਕ ਘਰਾਂ ਵਿਚ

[ਸਰਦਾਰ ਤੋਤਾ ਸਿੰਘ]

ਹੈਂਡ ਪੰਪ ਲਗਾ ਕੇ ਪੀਣ ਦੇ ਪਾਣੀ ਦਾ ਇੰਤਜਾਮ ਕਰਦੇ ਸਨ ਪਰ ਹੁਣ ਛੋਟੀ ਜਿਹੀ ਪਾਣੀ ਦੀ ਸਰਕਾਰੀ ਟੂਟੀ ਲਗਾ ਕੇ ਪੀਣ ਦੇ ਪਾਣੀ ਦਾ ਪ੍ਰਬੰਧ ਕਰ ਰਹੇ ਹਨ ਤਾਂ ਕਿ ਸਾਫ਼ ਸੁਥਰਾ ਪਾਣੀ ਪੀ ਸਕਣ। ਪਹਿਲੇ ਪਿੰਡਾਂ ਦੇ ਵਿਚ ਟਿਊਬਵੈੱਲ ਰਾਹੀਂ ਪਾਣੀ ਯੂਜ਼ ਕੀਤਾ ਜਾਂਦਾ ਸੀ ਪਰ ਹੁਣ ਤਾਂ ਇਹ ਵੀ ਗੰਦਾ ਹੋਣ ਕਰਕੇ ਖੇਤੀ ਦੇ ਲਈ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਇਸ ਨਾਲ ਸਬਜ਼ੀਆਂ ਦੇ ਵਿਚ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਫਸਲਾਂ ਵਿਚ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਸਰਕਾਰ ਵਲੋਂ ਗੰਦੇ ਪਾਣੀ ਦੇ ਲਈ ਟ੍ਰੀਟਮੈਂਟ ਪਲਾਂਟ ਲਗਾ ਦਿੱਤਾ ਜਾਵੇ। (interruption)

(At this stage some Hon'ble Members were speaking while sitting not on their seats.)

**Mr. Deputy Speaker :** Please take your seats. All the Hon'ble Members are requested to take their seats.

**ਸਰਦਾਰ ਤੋਤਾ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਵਿਦਿਆ ਮੰਤਰੀ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਤੁਹਾਡੇ ਲੁਧਿਆਣਾ ਸ਼ਹਿਰ ਵਿਚ ਗੰਦੇ ਪਾਣੀ ਦੇ ਲਈ ਟ੍ਰੀਟਮੈਂਟ ਪਲਾਂਟ ਦੀ ਗੱਲ ਕਰ ਰਿਹਾ ਹਾਂ ਪਰ ਤੁਸੀਂ ਗੱਲਾਂ ਵਿਚ ਲੱਗੇ ਹੋਏ ਹੋ। ਤੁਸੀਂ ਤਾਂ ਸਾਨੂੰ ਇਸ ਉਤੇ ਸਪੋਰਟ ਕਰੋ।

**(ਸਿੱਖਿਆ ਮੰਤਰੀ (ਬੈਠੇ ਬੈਠੇ)** : ਮੈਂ ਤੁਹਾਨੂੰ ਇਸ ਗਲ ਤੇ ਸਪੋਰਟ ਕਰਦਾ ਹਾਂ।) ਡਿਪਟੀ ਸਪੀਕਰ ਸਾਹਿਬ, ਗੰਦੇ ਪਾਣੀ ਕਰਕੇ ਲੋਕਾਂ ਦੇ ਵਿਚ ਬਿਮਾਰੀਆਂ ਫੈਲ ਰਹੀਆਂ ਹਨ ਅਤੇ ਮਨੁੱਖੀ ਜੀਵਨ ਲਈ ਇਕ ਖਤਰਾ ਬਣਦਾ ਜਾ ਰਿਹਾ ਹੈ। ਇਸ ਨੂੰ ਰੋਕਣ ਲਈ ਸਰਕਾਰ ਵਲੋਂ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਹੇਠਲਾ ਪਾਣੀ ਵੀ ਸਾਫ ਨਹੀਂ ਰਿਹਾ ਅਤੇ ਉਹ ਵੀ ਗੰਦਾ ਹੁੰਦਾ ਜਾ ਰਿਹਾ ਹੈ। ਇਨਸਾਨੀ ਜੀਵਨ ਲਈ ਸਾਫ਼ ਸੁਥਰਾ ਪਾਣੀ ਬਹੁਤ ਲੋੜਵੰਦ ਹੈ ਪਰ ਇਥੇ ਤਾਂ ਪਾਣੀ ਜਿਹੜਾ ਖੇਤੀ ਲਈ ਦਿੱਤਾ ਜਾ ਰਿਹਾ ਹੈ ਇਹ ਵੀ ਗੰਦਾ ਹੈ। ਜਿਸ ਕਰਕੇ ਖੇਤੀ ਦੀਆਂ ਫਸਲਾਂ ਵਿਚ ਗੰਦੇ ਪਾਣੀ ਕਰਕੇ ਫਸਲਾਂ ਬਰਬਾਦ ਹੋ ਰਹੀਆਂ ਹਨ ਅਤੇ ਬਿਮਾਰੀਆਂ ਪੈਦਾ ਕਰਕੇ ਇਨਸਾਨੀ ਜੀਵਨ ਨੂੰ ਤਬਾਹ ਕਰ ਰਹੀਆਂ ਹਨ। ਇਸ ਲਈ ਗੰਦੇ ਪਾਣੀ ਦੇ ਨਿਕਾਸ ਲਈ ਸਰਕਾਰ ਨੂੰ ਟ੍ਰੀਟਮੈਂਟ ਪਲਾਂਟ ਲਗਾਉਣਾ ਚਾਹੀਦਾ ਹੈ। ਲੁਧਿਆਣਾ ਸ਼ਹਿਰ ਵਿਚ ਕਾਰਖਾਨਿਆਂ ਦਾ ਕੈਮੀਕਲ ਸਤਲੁਜ ਦਰਿਆ ਦੇ ਵਿਚ ਪਾਇਆ ਜਾ ਰਿਹਾ ਹੈ ਜਿਸ ਕਰਕੇ ਦਰਿਆ ਦਾ ਪਾਣੀ ਵੀ ਪ੍ਰਦੂਸ਼ਿਤ ਹੋ ਰਿਹਾ ਹੈ। ਇਸ ਲਈ ਸਾਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਮੈਂ ਇਕੱਲੇ ਲੁਧਿਆਣਾ ਸ਼ਹਿਰ ਦੀ ਗੱਲ ਨਹੀਂ ਕਰ ਰਿਹਾ, ਜਿੰਨੀਆਂ ਵੀ ਡ੍ਰੇਨਾਂ ਹਨ, ਜਾ ਕੇ ਦੇਖੋ, ਕਿਸੇ ਵੇਲੇ ਸਾਫ ਪਾਣੀ ਉਨ੍ਹਾਂ ਡ੍ਰੇਨਾਂ ਵਿਚੋਂ ਜਾਂਦਾ ਸੀ, ਹੁਣ ਮੀਂਹ ਦਾ ਪਾਣੀ ਵੀ ਨਹੀਂ ਜਾਂਦਾ। ਉਨ੍ਹਾਂ ਡ੍ਰੇਨਾਂ ਵਿਚ ਗੰਦਾ ਪਾਣੀ ਜਾਂਦਾ ਹੈ। ਜਿੰਨੇ ਵੀ ਛੋਟੇ ਕਸਬੇ, ਵੱਡੇ ਸ਼ਹਿਰਾਂ ਦਾ ਗੰਦਾ ਪਾਣੀ ਹੈ, ਉਹ ਉਨ੍ਹਾਂ ਡ੍ਰੇਨਾਂ ਵਿਚ ਪੈ ਰਿਹਾ ਹੈ। ਚੰਦ ਭਾਨ ਡ੍ਰੇਨ ਨੂੰ ਦੇਖੀਏ, ਉਸ ਵਿਚ ਜਿੰਨਾ ਪਾਣੀ ਵਗ ਰਿਹਾ ਹੈ, ਉਹ ਸਾਰਾ ਫੈਕਟਰੀਆਂ ਦਾ ਕੈਮੀਕਲਜ਼ ਵਾਲਾ ਪਾਣੀ ਵਗ ਰਿਹਾ ਹੈ। ਅੰਮ੍ਰਿਤਸਰ ਤੋਂ ਜਲੰਧਰ ਵੱਲ ਜਿੰਨੀਆਂ

ਵੀ ਡ੍ਰੇਨਾਂ ਹਨ, ਉਨ੍ਹਾਂ ਵਿਚ ਕੈਮੀਕਲ ਵਾਲਾ ਪਾਣੀ ਵਗ ਰਿਹਾ ਹੈ। ਬੇਈਂ ਨਦੀ ਦਾ ਸਾਰਾ ਪਾਣੀ ਪ੍ਰਦੂਸ਼ਿਤ ਹੋ ਚੁਕਾ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅੱਜ ਅਸੀਂ ਚਾਹੇ ਡ੍ਰੇਨਾਂ ਨੂੰ ਦੇਖੀਏ, ਦਰਿਆਵਾਂ ਨੂੰ ਦੇਖੀਏ, ਦਰਿਆਵਾਂ ਵਿਚੋਂ ਜਿਹੜੀਆਂ ਨਹਿਰਾਂ ਨਿਕਲਦੀਆਂ ਹਨ, ਉਨ੍ਹਾਂ ਨਹਿਰਾਂ ਨੂੰ ਦੇਖੀਏ, ਸਭ ਦਾ ਮਾੜਾ ਹਾਲ ਹੈ। ਦੋਰਾਹਾ ਤੋਂ ਅੱਗੇ ਚਾਰ ਨਹਿਰਾਂ ਜਾਂਦੀਆਂ ਹਨ, ਜਦੋਂ ਅਸੀਂ ਉਨ੍ਹਾਂ ਨਹਿਰਾਂ ਦੇ ਨਾਲ ਲਿੰਕ ਰੋਡਜ਼ ਤੇ ਜਾਣਾ ਹੁੰਦਾ ਹੈ ਤਾਂ ਮੌਕੇ ਤੇ ਜਦੋਂ ਉਨ੍ਹਾਂ ਸੜਕਾਂ ਨੂੰ ਕਰਾਸ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਨਹਿਰਾਂ ਦੇ ਪਾਣੀ ਦੇ ਉਤੇ 2-2 ਫੁੱਟ ਉਚੀ ਝੱਗ, ਚਿੱਟੀ ਝੱਗ ਤਰ ਰਹੀ ਹੁੰਦੀ ਹੈ। ਜਿਹੜਾ ਪਾਣੀ ਪਹਿਲਾਂ ਇੰਨਾ ਪਵਿੱਤਰ ਹੁੰਦਾ ਸੀ, ਅੱਜ ਉਸਦੀ ਕੋਈ ਡੰਗਰ ਵੀ ਵਰਤੋਂ ਨਹੀਂ ਕਰ ਸਕਦਾ। ਜੇ ਇਹੋ ਜਿਹੀ ਨਹਿਰ ਦਾ ਪਾਣੀ ਡੰਗਰ ਪੀ ਲਵੇ ਤਾਂ ਖ਼ਤਮ ਹੋ ਜਾਂਦਾ ਹੈ। ਮਨੁੱਖੀ ਜੀਵਨ ਤਾਂ ਝੱਗ ਨੂੰ ਦੇਖ ਕੇ ਪਾਣੀ ਵਰਤ ਹੀ ਨਹੀਂ ਸਕਦਾ। ਅਗਰ ਅਸੀਂ ਨਹਿਰਾਂ ਦਾ ਪਾਣੀ ਆਪਣੀਆਂ ਫਸਲਾਂ ਨੂੰ ਦਿੰਦੇ ਹਾਂ ਤਾਂ ਉਨ੍ਹਾਂ ਨੂੰ ਵੀ ਕਈ ਕਿਸਮ ਦੀਆਂ ਬਿਮਾਰੀਆਂ ਲਗ ਜਾਂਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਅੱਜ ਸਾਰੀ ਵਿਧਾਨ ਸਭਾ, ਸਾਰਾ ਹਾਊਸ ਇਸ ਮਤੇ ਤੇ ਸੀਰੀਅਸ ਹੋ ਕੇ ਵਿਚਾਰ ਕਰੇ ਕਿਉਂਕਿ ਇਹ ਕੋਈ ਛੋਟੀ ਗੱਲ ਨਹੀਂ, ਬਹੁਤ ਮਹੱਤਤਾ ਵਾਲੀ ਗੱਲ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਜੋ ਵੀਰ ਟਰੈਜ਼ਰੀ ਬੈਂਚਾਂ ਤੇ ਬੈਠੇ ਹਨ, ਉਨ੍ਹਾਂ ਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਨੂੰ ਆਪੋਜੀਸ਼ਨ ਦਾ ਮਤਾ ਸਮਝ ਕੇ ਰੱਦ ਨਾ ਕੀਤਾ ਜਾਵੇ। ਇਸ ਦੀ ਮਹੱਤਤਾ ਨੂੰ ਦੇਖ ਕੇ ਇਸ ਨੂੰ ਪਾਸ ਕੀਤਾ ਜਾਵੇ। ਅੱਜ ਸਾਨੂੰ ਸਾਰਿਆਂ ਨੂੰ ਬੜੀਆਂ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ। ਲੁਧਿਆਣਾ ਸ਼ਹਿਰ ਕਿੰਨਾ ਵੱਡਾ ਸ਼ਹਿਰ ਹੈ, ਇਸ ਦੀ ਕਿੰਨੀ ਆਮਦਨ ਹੈ। ਕਾਰਪੋਰੇਸ਼ਨ ਨੂੰ ਕਿੰਨੀ ਆਮਦਨ ਹੈ, ਪਰ ਉਥੇ ਵੀ ਅੱਜ ਤੱਕ ਟਰੀਟਮੈਂਟ ਪਲਾਂਟ ਨਹੀਂ ਲਗ ਸਕਿਆ। ਉਥੇ ਸੁਣਿਆ ਸੀ, ਅਖਬਾਰਾਂ ਵਿਚ ਆਇਆ ਸੀ ਕਿ ਟਰੀਟਮੈਂਟ ਪਲਾਂਟ ਲਗਣ ਵਾਲਾ ਹੈ, ਪਰ ਉਥੇ ਵਿਜੀਲੈਂਸ ਦਾ ਛਾਪਾ ਪੈ ਗਿਆ, ਪਤਾ ਨਹੀਂ ਕੀ ਕਾਰਨ ਸੀ, ਇਹ ਲੱਗਣੋਂ ਰਹਿ ਗਿਆ। ਇਹ ਕੋਈ ਸ਼ਹਿਰ ਵੀ ਦੱਸ ਦੇਣ ਜਿਥੇ ਟਰੀਟਮੈਂਟ ਪਲਾਂਟ ਕੰਮ ਕਰਦਾ ਹੋਵੇ ਜਦ ਕਿ ਇਸ ਕੰਮ ਵਾਸਤੇ ਬਹੁਤ ਫੰਡ ਰੱਖਣ ਦੀ ਲੋੜ ਸੀ। ਐਤਕੀਂ ਬਜਟ ਵਿਚ ਵੀ ਕਿਸੇ ਟਰੀਟਮੈਂਟ ਪਲਾਂਟ ਵਾਸਤੇ ਕੋਈ ਪੈਸਾ ਨਹੀਂ ਰੱਖਿਆ ਗਿਆ।

ਡਿਪਟੀ ਸਪੀਕਰ ਸਾਹਿਬ, ਮਨੁੱਖੀ ਜੀਵਨ ਅਤੇ ਡੰਗਰਾਂ ਲਈ ਸਭ ਤੋਂ ਮੁਢਲੀ ਜ਼ਰੂਰਤ ਪਾਣੀ ਹੈ। ਪਤਾ ਨਹੀਂ ਕਿਸ ਤਰ੍ਹਾਂ ਸਾਡੇ ਪੰਜ ਦਰਿਆਵਾਂ ਦਾ ਜੋ ਸਭ ਤੋਂ ਪਵਿੱਤਰ ਪਾਣੀ ਹੁੰਦਾ ਸੀ, ਉਸ ਵਿਚ ਸ਼ਹਿਰਾਂ ਦਾ, ਫੈਕਟਰੀਆਂ ਦਾ ਗੰਦਾ ਪਾਣੀ ਮਿਲ ਗਿਆ ਤੇ ਅੱਜ ਸਾਡਾ ਪਾਣੀ ਸਭ ਤੋਂ ਗੰਦਾ ਪਾਣੀ ਬਣ ਗਿਆ। ਅੰਮ੍ਰਿਤਸਰ ਵੱਲ ਜਾਓ, ਜਿੰਨੀਆਂ ਡ੍ਰੇਨਾਂ ਹਨ, ਗੰਦੇ ਪਾਣੀ ਨਾਲ ਕਿਸੇ ਡ੍ਰੇਨ, ਮਾਈਨਰ, ਨਹਿਰ ਕੋਲ ਚਲੇ ਜਾਉ, ਬਦਬੂ ਵਾਲਾ ਪਾਣੀ ਹੈ। ਇਸ ਸਥਿਤੀ ਨੂੰ ਸੁਧਾਰਨ ਲਈ ਸਾਡੇ ਕੋਲ ਇਕੋ ਇਕ ਸਾਧਨ ਹੈ ਕਿ ਅਸੀਂ ਟਰੀਟਮੈਂਟ ਪਲਾਂਟ ਲਗਾਈਏ ਤੇ ਇਸ ਪਾਣੀ ਦੀ ਵਰਤੋਂ ਕੀਤੀ ਜਾਵੇ, ਇਸ ਨੂੰ ਖੇਤੀਬਾੜੀ ਲਈ ਲੋੜ ਮੁਤਾਬਿਕ ਵਰਤਿਆ ਜਾ ਸਕੇ। ਅੱਜ

[ਸਰਦਾਰ ਤੋਤਾ ਸਿੰਘ]

ਸਾਡਾ ਪਾਣੀ 70 ਫੁੱਟ ਤੋਂ ਡੂੰਘਾ ਜਾ ਚੁੱਕਾ ਹੈ। ਸਾਨੂੰ ਹੁਣ ਡੂੰਘੇ ਟਿਊਬਵੈੱਲ ਲਾਉਣੇ ਪੈ ਰਹੇ ਹਨ। ਪਹਿਲਾਂ ਲੱਗੀਆਂ ਮੋਟਰਾਂ ਖ਼ਤਮ ਹੋ ਚੁੱਕੀਆਂ ਹਨ, ਕੰਮ ਨਹੀਂ ਕਰ ਰਹੀਆਂ। ਹੁਣ ਨਵੀਆਂ ਮੋਟਰਾਂ ਲਗ ਰਹੀਆਂ ਹਨ ਜਿਹੜੀਆਂ 200-300 ਫੁੱਟ ਤੋਂ ਪਾਣੀ ਸੁੱਟਦੀਆਂ ਹਨ। ਗੰਦੇ ਪਾਣੀ ਨੂੰ ਟਰੀਟਮੈਂਟ ਪਲਾਂਟ ਲਗਾ ਕੇ ਖੇਤੀਬਾੜੀ ਯੋਗ ਬਣਾਇਆ ਜਾਵੇ, ਦਰਿਆਵਾਂ ਦੇ ਪਾਣੀ ਨੂੰ ਖੇਤੀਬਾੜੀ ਯੋਗ ਬਣਾਇਆ ਜਾਵੇ। ਇਹ ਸਾਰਾ ਪਾਣੀ ਸਾਡੇ ਸੂਬੇ ਦੇ ਭਲੇ ਲਈ ਵਰਤਿਆ ਜਾ ਸਕਦਾ ਹੈ, ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਅੱਜ ਲੁਧਿਆਣਾ ਸ਼ਹਿਰ ਵਿਚ ਜਾ ਕੇ ਦੇਖੋ, ਸਤਲੁਜ ਦਰਿਆ ਵਿਚ ਜੋ ਪਾਣੀ ਡਿਗਦਾ ਹੈ, ਉਹ ਕਿੰਨੀ ਤੇਜ਼ੀ ਨਾਲ ਜਾ ਰਿਹਾ ਹੈ। ਅਬੋਹਰ ਬ੍ਰਾਂਚ ਜਿੰਨਾ ਪਾਣੀ ਉਸ ਇਕੱਲੀ ਨਹਿਰ ਵਿਚੋਂ ਜਾ ਰਿਹਾ ਹੈ। ਇਹ ਪਾਣੀ ਕਿੰਨੇ ਲੱਖ ਏਕੜ ਜ਼ਮੀਨ ਨੂੰ ਸਿੰਜ ਸਕਦਾ ਹੈ ਜੇਕਰ ਉਥੇ ਟਰੀਟਮੈਂਟ ਪਲਾਂਟ ਲਗਾ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਅਸੀਂ ਮੋਗਾ ਸ਼ਹਿਰ ਵਾਸਤੇ ਸੀਵਰੇਜ ਮਨਜ਼ੂਰ ਕਰਵਾਇਆ ਸੀ, ਬਾਦਲ ਸਾਹਿਬ ਉਸਦਾ ਉਦਘਾਟਨ ਵੀ ਕਰਕੇ ਆਏ ਸੀ। ਉਸ ਵਾਸਤੇ ਪੈਸੇ ਵੀ ਦੇ ਦਿੱਤੇ ਸਨ ਤੇ ਉਸਨੇ 31 ਮਾਰਚ, 2004 ਤੱਕ ਮੁਕੰਮਲ ਵੀ ਹੋ ਜਾਣਾ ਸੀ। ਕੁਝ ਹੁੱਡਕੋ ਨੇ ਸਹਾਇਤਾ ਦਿੱਤੀ ਸੀ ਤੇ ਕੁਝ ਪੈਸਾ ਸਰਕਾਰ ਨੇ ਪਾਉਣਾ ਸੀ। ਸਾਡੇ ਮੋਗਾ ਮਿਊਂਸਿਪਲ ਕਮੇਟੀ ਦਾ ਟਰੀਟਮੈਂਟ ਪਲਾਂਟ ਵੀ 50% ਮੁਕੰਮਲ ਹੋ ਚੁੱਕਾ ਸੀ। ਸਾਰੇ ਸ਼ਹਿਰ ਦਾ ਜਿਹੜਾ ਗੰਦਾ ਪਾਣੀ ਨਦੀਆਂ ਵਿਚ ਪੈ ਰਿਹਾ ਸੀ, ਉਹ ਪਾਣੀ ਟਰੀਟਮੈਂਟ ਪਲਾਂਟ ਲਗਾ ਕੇ ਖੇਤਾਂ ਵਿਚ ਲੱਗਣਾ ਸੀ। ਲੇਕਿਨ ਇਸ ਸਰਕਾਰ ਨੇ ਆਉਂਦਿਆਂ ਹੀ ਉਸ ਦੇ ਵਾਸਤੇ ਫੰਡ ਦੇਣੇ ਬੰਦ ਕਰ ਦਿੱਤੇ। ਇਹ ਇਕ ਭਲਾਈ ਦਾ ਕੰਮ ਸੀ ਅਤੇ ਜਿਹੜਾ ਭਲਾਈ ਦਾ ਕੰਮ ਹੋਵੇ, ਉਸ ਨੂੰ ਰਾਜਨੀਤੀ ਤੋਂ ਉਪਰ ਉਠ ਕੇ ਲੈਣਾ ਚਾਹੀਦਾ ਹੈ। ਇਸ ਕਰਕੇ ਮੇਰੀ ਟਰੇਜ਼ਰੀ ਬੈਂਚਾਂ ਨੂੰ ਬੇਨਤੀ ਹੈ ਕਿ ਜੋ ਇਥੇ ਚੰਗਾ ਕੰਮ ਹੁੰਦਾ ਹੋਵੇ, ਉਸ ਨੂੰ ਅਧੂਰਾ ਨਹੀਂ ਛੱਡਣਾ ਚਾਹੀਦਾ। ਜੇ ਉਹ ਟਰੀਟਮੈਂਟ ਪਲਾਂਟ ਮਿਤੀ 31 ਮਾਰਚ, 2004 ਤੱਕ ਚਾਲੂ ਹੋ ਜਾਂਦਾ ਤਾਂ ਇਕ ਲੱਖ ਪੈਂਤੀ ਹਜ਼ਾਰ ਤੋਂ ਉਪਰ ਦੀ ਆਬਾਦੀ ਵਾਲੇ ਮੋਗਾ ਸ਼ਹਿਰ ਦਾ ਉਹ ਗੰਦਾ ਪਾਣੀ ਘੱਟੋ ਘੱਟ 2 ਪਿੰਡਾਂ ਨੂੰ ਸਪਲਾਈ ਹੋ ਜਾਂਦਾ। ਉਹ ਪਾਣੀ ਖੇਤੀਯੋਗ ਹੋ ਜਾਂਦਾ। ਇਸ ਨਾਲ ਟੇਲਾਂ ਵਾਲਿਆਂ ਨੂੰ ਵੀ ਫਾਇਦਾ ਹੋ ਜਾਣਾ ਸੀ। ਧਰਤੀ ਹੇਠਲਾ ਪਾਣੀ 80 ਫੁੱਟ ਡੂੰਘਾ ਹੈ, ਉਸ ਦੀ ਬਜਾਏ ਇਹ ਪਾਣੀ ਖੇਤੀ ਦੀ ਵਰਤੋਂ ਵਿਚ ਆ ਸਕਦਾ ਸੀ। ਇਥੇ ਹੀ ਬੱਸ ਨਹੀਂ। ਜੇ ਅਸੀਂ ਬਾਹਰਲਿਆਂ ਸੂਬਿਆਂ ਦੀ ਗੱਲ ਕਰੀਏ ਤਾਂ ਉਥੇ ਟਰੀਟਮੈਂਟ ਪਲਾਂਟ ਲਗਾ ਕੇ ਗੰਦਾ ਪਾਣੀ ਪੀਣਯੋਗ ਵੀ ਬਣਾਇਆ ਜਾਂਦਾ ਹੈ। ਅਸੀਂ ਤਾਂ ਇਹ ਖੇਤੀਯੋਗ ਹੀ ਬਣਾਉਣਾ ਸੀ। ਜੇ ਇਸ ਤਰ੍ਹਾਂ ਹੋ ਜਾਂਦਾ ਤਾਂ ਪੀਣ ਵਾਲਾ ਪਾਣੀ ਆਪਣੇ ਆਪ ਬਚ ਜਾਣਾ ਸੀ। ਟਰੀਟਮੈਂਟ ਪਲਾਂਟ ਲਾ ਕੇ ਗੰਦੇ ਪਾਣੀ ਨੂੰ ਖੇਤੀਯੋਗ ਬਣਾਉਣ ਵਾਸਤੇ ਕੋਈ ਬਹੁਤਾ ਖ਼ਰਚ ਵੀ ਨਹੀਂ ਹੁੰਦਾ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇਹ ਬੜਾ ਮਹੱਤਤਾ ਵਾਲਾ ਪ੍ਰਸਤਾਵ ਹੈ, ਇਸ ਨੂੰ ਰਾਜਸੀ ਪੱਖ ਤੋਂ ਉੱਪਰ ਉੱਠ ਕੇ ਸਾਰੇ ਮੈਂਬਰ ਸਾਹਿਬਾਨ ਵਿਚਾਰਨ ਅਤੇ ਇਕਮੁੱਠ ਹੋ ਕੇ ਇਸ ਨੂੰ ਪਾਸ ਕਰਨ ਦੀ ਕੋਸ਼ਿਸ਼ ਕਰਨ। ਇਸ ਤੋਂ ਪਹਿਲਾਂ ਵੀ ਪਿਛਲੇ ਵੀਰਵਾਰ ਨੂੰ ਇਕ ਗੈਰ-ਸਰਕਾਰੀ ਮਤਾ ਨਸ਼ਿਆਂ ਦੇ ਖਿਲਾਫ ਇਥੇ ਲਿਆਂਦਾ ਗਿਆ ਸੀ। ਉਸ ਦੇ ਉਤੇ 3-4 ਘੰਟੇ ਬਹਿਸ ਹੋਈ ਲੇਕਿਨ ਬੜੇ ਦੁੱਖ ਦੀ ਗੱਲ ਹੈ ਕਿ

ਇਸ ਹਾਊਸ ਵਿਚ ਉਸ ਨੂੰ ਪਾਸ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਭਾਵੇ ਕਿ ਉਹ ਮਤਾ ਟਰੈਜ਼ਰੀ ਬੈਂਚਾਂ ਵੱਲੋਂ ਸ਼੍ਰੀ ਜੁਗਲ ਕਿਸ਼ੋਰ ਜੀ ਨੇ ਲਿਆਂਦਾ ਸੀ। ਇਸ ਕਰਕੇ ਮੇਰੀ ਬੇਨਤੀ ਹੈ ਕਿ ਜੇ ਕੋਈ ਮਹੱਤਤਾ ਵਾਲਾ ਗੈਰ-ਸਰਕਾਰੀ ਮਤਾ ਹੋਵੇ ਤਾਂ ਉਸ ਤੇ ਇਕੱਲੀ ਬਹਿਸ ਹੀ ਨਾ ਕਰਾਈ ਜਾਵੇ, ਉਸ ਨੂੰ ਪਾਸ ਵੀ ਕੀਤਾ ਜਾਵੇ। ਸੋ, ਮੈਂ ਇਸ ਮਤੇ ਨੂੰ ਪਾਸ ਕਰਨ ਵਾਸਤੇ ਰਿਕੁਐਸਟ ਕਰਦਾ ਹਾਂ। ਇਹ ਬਹੁਤ ਮਹੱਤਤਾ ਵਾਲਾ ਮਤਾ ਹੈ ਕਿਉਂਕਿ ਖੇਤੀਬਾੜੀ ਵਾਸਤੇ, ਮਨੁੱਖ ਵਾਸਤੇ ਅਤੇ ਜਾਨਵਰ ਵਾਸਤੇ ਪਾਣੀ ਦੀ ਬਹੁਤ ਜ਼ਰੂਰਤ ਹੈ। ਐਗਰੀਕਲਚਰਲ ਯੂਨੀਵਰਸਿਟੀ ਦੀ ਰਿਪੋਰਟ ਲੈ ਲਓ। ਇਸ ਯੂਨੀਵਰਸਿਟੀ ਨੇ ਰਿਪੋਰਟ ਦਿੱਤੀ ਹੈ ਕਿ ਗੰਦਾ ਪਾਣੀ ਨਾਲਿਆਂ ਵਿਚ ਆ ਰਿਹਾ ਹੈ ਜਿਸ ਕਰਕੇ ਪੰਜਾਬ ਦੇ ਦਰਿਆ ਅਤੇ ਨਾਲੇ ਗੰਦੇ ਹੋ ਚੁੱਕੇ ਹਨ। ਮਾਈਨਰਾਂ ਜਾਂ ਨਹਿਰਾਂ ਦਾ ਪਾਣੀ ਵੀ ਗੰਦਾ ਹੋ ਚੁੱਕਾ ਹੈ। ਹੋਰ ਸੈਂਟਰ ਦੀਆਂ ਰਿਪੋਰਟਾਂ ਵੀ ਲੈ ਲਓ। ਉਨ੍ਹਾਂ ਵਿਚ ਵੀ ਇਹੀ ਕਿਹਾ ਗਿਆ ਹੈ। ਇਸ ਲਈ ਟਰੇਜ਼ਰੀ ਬੈਂਚਾਂ ਨੂੰ ਖਾਸ ਕਰਕੇ ਮੇਰੀ ਬੇਨਤੀ ਹੈ ਕਿ ਇਸ ਵੱਲ ਧਿਆਨ ਦੇ ਕੇ ਇਸ ਮਤੇ ਨੂੰ ਪਾਸ ਕਰਾਇਆ ਜਾਵੇ। ਖਾਲੀ ਬਹਿਸ ਕਰਕੇ ਹੀ ਸਮਾਂ ਬਰਬਾਦ ਨਾ ਕੀਤਾ ਜਾਵੇ। ਇਸ ਦੇ ਨਾਲ ਹੀ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਸਰਦਾਰ ਮਨਤਾਰ ਸਿੰਘ ਬਰਾੜ (ਕੋਟਕਪੂਰਾ) :** ਪਰਮ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਜੋ ਗੈਰ-ਸਰਕਾਰੀ ਮਤਾ ਸੀਵਰੇਜ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਔਰ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਇਸ ਸਦਨ ਵਿਚ ਜਥੇਦਾਰ ਤੋਤਾ ਸਿੰਘ ਜੀ ਵਲੋਂ ਲਿਆਂਦਾ ਗਿਆ ਹੈ, ਉਸ ਤੇ ਬੋਲਣ ਦਾ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਹਵਾ ਅਤੇ ਪਾਣੀ ਦੋ ਕੁਦਰਤੀ ਚੀਜ਼ਾਂ ਹਨ, ਜੋ ਸਾਨੂੰ ਮਿਲੀਆਂ ਹਨ। ਇਨ੍ਹਾਂ ਚੀਜ਼ਾਂ ਦੀ ਬਹੁਤ ਮਹੱਤਤਾ ਹੈ ਲੇਕਿਨ ਅੱਜ ਅਫ਼ਸੋਸ ਹੈ ਕਿ ਸਾਡੀ ਅਣਗਿਹਲੀ ਕਰਕੇ ਅਤੇ ਬੇਨਿਯਮੀਆਂ ਕਰਕੇ ਇਹ ਦੋਨੋਂ ਹੀ ਚੀਜ਼ਾਂ ਪ੍ਰਦੂਸ਼ਿਤ ਹੋ ਰਹੀਆਂ ਹਨ। ਇਸ ਦਾ ਅਸਰ ਸਾਡੀ ਜ਼ਰਖੇਜ਼ ਭੂਮੀ ਉਪਰ ਤਾਂ ਪੈ ਹੀ ਰਿਹਾ ਹੈ, ਮਨੁੱਖੀ ਜੀਵਨ ਤੇ ਇਸ ਦਾ ਅਸਰ ਹੋਰ ਵੀ ਜ਼ਿਆਦਾ ਹੈ। 1947 ਤੋਂ ਪਹਿਲਾਂ ਪੰਜਾਬ ਇਕ ਸੀ ਜਦੋਂ ਸਾਡਾ ਮੁਲਕ ਆਜ਼ਾਦ ਹੋਇਆ। 1947 ਤੋਂ ਬਾਅਦ ਪੰਜਾਬ ਦੀ ਵੰਡਿਆ ਗਿਆ ਅਤੇ ਸਾਡੇ ਕੋਲ ਸਿਰਫ ਢਾਈ ਦਰਿਆ ਹੀ ਰਹਿ ਗਏ। ਬਾਕੀ ਪਾਕਿਸਤਾਨ ਵਿੱਚ ਚਲੇ ਗਏ। ਲੇਕਿਨ ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਵਾਤਾਵਰਣ ਇੰਨਾ ਵਧੀਆ ਸੀ ਕਿ ਪੰਜਾਬ ਵਿੱਚ ਜਿਹੜਾ ਮਨੁੱਖ ਪੈਦਾ ਹੁੰਦਾ ਸੀ ਉਹ ਦੁਨੀਆਂ ਦੇ ਵਿੱਚ ਪੰਜਾਬ ਦਾ ਨਾਂ ਪੈਦਾ ਕਰਦਾ ਸੀ। ਸਰਦਾਰ ਦਾਰਾ ਸਿੰਘ ਪਹਿਲਵਾਨ ਹੋਏ ਹਨ, ਉਨ੍ਹਾਂ ਨੇ ਦੁਨੀਆਂ ਦੇ ਵਿੱਚ ਨਾਂ ਪੈਦਾ ਕੀਤਾ। ਸਰਦਾਰ ਕਰਤਾਰ ਸਿੰਘ ਪਹਿਲਵਾਨ ਹੋਏ ਹਨ, ਉਨ੍ਹਾਂ ਨੇ ਦੁਨੀਆਂ ਦੇ ਵਿੱਚ ਨਾਂ ਪੈਦਾ ਕੀਤਾ। ਸਰਦਾਰ ਮਿਲਖਾ ਸਿੰਘ ਹੋਏ ਹਨ ਉਨ੍ਹਾਂ ਨੇ ਦੁਨੀਆਂ ਦੇ ਵਿੱਚ 'ਫਲਾਇੰਗ ਸਿੱਖ' ਦੇ ਤੌਰ ਤੇ ਨਾਂ ਪੈਦਾ

[ਸਰਦਾਰ ਮਨਤਾਰ ਸਿੰਘ ਬਰਾੜ]

ਕੀਤਾ। ਮੈਂ ਕਿਨ੍ਹਾਂ ਕਿੰਨਾਂ ਦੇ ਨਾਂ ਲਵਾਂ। ਜੇਕਰ ਸਾਰਿਆਂ ਦੇ ਨਾਂ ਲਵਾਂ ਤਾਂ ਸਦਨ ਦਾ ਬਹੁਤ ਸਮਾਂ ਲੱਗ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਅੱਜ ਇਸੇ ਕਰਕੇ ਦੁੱਖ ਹੁੰਦਾ ਹੈ ਜਦੋਂ ਅਸੀਂ ਦੇਖਦੇ ਹਾਂ ਕਿ ਸਾਡੇ 15-20 ਸਾਲ ਦੇ ਨੌਜਵਾਨਾਂ ਨੂੰ ਹਾਰਟ ਅਟੈਕ ਹੋ ਰਹੇ ਹਨ। ਅੱਜ ਦੁੱਖ ਹੁੰਦਾ ਜਦੋਂ ਅਸੀਂ ਦੇਖਦੇ ਹਾਂ ਕਿ ਸਾਡੇ 30 ਸਾਲ ਦੇ, 35 ਸਾਲਾਂ ਦੇ ਨੌਜਵਾਨਾਂ ਨੂੰ ਸ਼ੂਗਰ ਨੇ ਘੇਰਿਆ ਹੋਇਆ ਹੈ ਔਰ ਦਮੇ ਨੇ ਘੇਰਿਆ ਹੋਇਆ ਹੈ। ਇਹ ਚੀਜ਼ਾਂ ਕਿਉਂ ਹਨ? ਇਹ ਜਿਹੜਾ ਮਤਾ ਅੱਜ ਲੈ ਕੇ ਆਂਦਾ ਹੈ ਇਸ ਦਾ ਇਸ ਪੁਆਇੰਟ ਨਾਲ ਬਹੁਤ ਵੱਡਾ ਰੋਲ ਹੈ। ਅੱਜ ਸਾਡੇ ਦਰਿਆਵਾਂ ਦੇ ਵਿੱਚ ਜਿਹੜੇ ਸਾਨੂੰ ਪਾਣੀ ਦਿੰਦੇ ਹਨ ਉਨ੍ਹਾਂ ਦੇ ਵਿਚ ਸੀਵਰੇਜ ਦਾ ਪਾਣੀ ਜਾ ਰਿਹਾ ਹੈ। ਲੁਧਿਆਣੇ ਦੀ ਮਿਸਾਲ ਜਥੇਦਾਰ ਤੋਤਾ ਸਿੰਘ ਜੀ ਨੇ ਦਿੱਤੀ ਹੈ। ਬੁੱਢੇ ਨਾਲੇ ਦਾ ਪਾਣੀ ਜੋ ਹੈ ਉਹ ਸਤਲੁਜ ਦੇ ਵਿੱਚ ਜਾਂਦਾ ਹੈ। ਇਸੇ ਤਰ੍ਹਾਂ ਹੀ ਬਹੁਤ ਸਾਰੀਆਂ ਫੈਕਟਰੀਆਂ ਰੰਗ ਵਗੈਰਾ ਦੀਆਂ ਹਨ ਜਾਂ ਹੋਰ ਰਸਾਇਣ ਵਗੈਰਾ ਦੀਆਂ ਹਨ। ਉਨ੍ਹਾਂ ਵਿੱਚ ਜਿਹੜੇ ਕੈਮੀਕਲ ਹਨ ਉਹ ਨਹਿਰਾਂ ਵਿੱਚ ਜਾਂਦੇ ਹਨ। ਪਿੱਛੇ ਜਿਹੇ ਕਾਫੀ ਸਾਲ ਹੋ ਗਏ ਹਨ ਇਕ ਨਿਊਜ਼ ਬਹੁਤ ਚਰਚਾ ਦਾ ਵਿਸ਼ਾ ਬਣੀ ਰਹੀ ਕਿ ਸਰਹਿੰਦ ਕੈਨਾਲ ਦੇ ਨੇੜੇ ਮਲੇਰਕੋਟਲੇ ਵਿਖੇ ਕੋਈ ਫੈਕਟਰੀ ਲੱਗੀ ਸੀ ਉਸ ਦੇ ਰਸਾਇਣ ਪਾਣੀ ਵਿੱਚ ਮਿਲਦੇ ਹਨ ਪਰ ਜਦੋਂ ਉਹ ਅੱਗੇ ਪੀਣ ਲਈ ਵਰਤਿਆ ਜਾਂਦਾ ਹੈ ਤਾਂ ਉਥੇ ਲੋਕਾਂ ਨੂੰ ਬੀਮਾਰੀਆਂ ਲਗਦੀਆਂ ਹਨ। ਜੇਕਰ ਉਸ ਪਾਣੀ ਨੂੰ ਸਿੰਚਾਈ ਲਈ ਵਰਤਿਆ ਜਾਂਦਾ ਹੈ ਤਾਂ ਉਹ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਘੱਟ ਕਰਦਾ ਹੈ। 70% ਦਰਿਆਵਾਂ ਦਾ ਪਾਣੀ ਅਸੀਂ ਵਾਟਰ ਵਰਕਸ ਵਿੱਚ ਵਰਤਦੇ ਹਾਂ। ਨਹਿਰਾਂ ਦਾ ਪਾਣੀ ਵੀ ਅਸੀਂ ਵਾਟਰ ਵਰਕਸ ਵਿੱਚ ਵਰਤਦੇ ਹਾਂ। ਜਦੋਂ ਪ੍ਰਦੂਸ਼ਿਤ ਪਾਣੀ ਮਿਲਦਾ ਹੈ ਤਾਂ ਉਹ ਲੋਕਾਂ ਦੀ ਸਿਹਤ ਨੂੰ ਖ਼ਰਾਬ ਕਰਦਾ ਹੈ ਅਤੇ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੁੰਦਾ ਹੈ। ਹੈਲਥ ਮਨਿਸਟਰ ਸਾਹਿਬ ਬੈਠੇ ਹਨ। ਪਿਛਲੇ ਸਾਲ ਇਹ ਮੇਰੇ ਹਲਕੇ ਵਿੱਚ ਜੈਤੋ ਗਏ ਸਨ ਉਥੇ ਡਾਇਰੀਆ ਦੀ ਬੀਮਾਰੀ ਫੈਲ ਗਈ ਸੀ ਔਰ ਕਈ ਮੌਤਾਂ ਹੋ ਗਈਆਂ ਸਨ। ਇਨ੍ਹਾਂ ਨੇ ਕਾਫੀ ਪੇਨ ਲਿਆ ਅਤੇ ਉਥੇ ਡਾਕਟਰਾਂ ਦਾ ਵੀ ਇੰਤਜ਼ਾਮ ਕੀਤਾ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਮੁਢਲੀਆਂ ਸਮੱਸਿਆਵਾਂ ਨੂੰ ਜੜ੍ਹ ਤੋਂ ਪਕੜਨ ਦੀ ਲੋੜ ਹੈ। ਇਸ ਦਾ ਜਾਇਜ਼ਾ ਲੈਣ ਦੀ ਲੋੜ ਹੈ ਕਿ ਉਹ ਕਿਉਂ ਹੁੰਦੀਆਂ ਹਨ। ਪੀਣ ਵਾਲੇ ਪਾਣੀ ਨਾਲ ਸੀਵਰੇਜ ਦਾ ਪਾਣੀ ਮਿਕਸ ਹੋ ਜਾਂਦਾ ਹੈ ਤਾਂ ਉਸ ਨਾਲ ਪੀਲੀਆ ਵਰਗੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ। ਇਹ ਇਕ ਅਹਿਮ ਮਸਲਾ ਹੈ। ਇਸ ਤੇ ਸਾਨੂੰ ਸਾਰਿਆਂ ਨੂੰ ਗੌਰ ਫਰਮਾਉਣੀ ਚਾਹੀਦੀ ਹੈ। ਇਥੇ ਹੀ ਬੱਸ ਨਹੀਂ ਇਹ ਮਨੁੱਖੀ ਜੀਵਨ ਦਾ ਘਾਣ ਵੀ ਕਰਦੀਆਂ ਹਨ। ਸਾਡੀ ਸਿੰਜਾਈ ਦਰਿਆਵਾਂ ਦੇ ਉਤੇ ਡਿਪੈਂਡ ਕਰਦੀ ਹੈ। ਦਰਿਆ ਦਾ ਪਾਣੀ ਜਿਹੜਾ ਨਹਿਰਾਂ ਰਾਹੀਂ ਖੇਤਾਂ ਨੂੰ ਜਾਂਦਾ ਹੈ ਜਦੋਂ ਉਸ ਵਿੱਚ ਇਹੋ ਜਿਹੇ ਰਸਾਇਣ ਪਹੁੰਚ ਜਾਂਦੇ ਹਨ ਤਾਂ ਇਹੋ ਜਿਹੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਮੇਰੇ ਕੋਲ ਰਿਪੋਰਟ ਤਾਂ ਹੁਣ ਨਹੀਂ ਹੈ। ਮੈਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਔਰ ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ, ਨਵੀਂ ਦਿੱਲੀ ਦੀਆਂ ਰਿਪੋਰਟਾਂ ਪੜ੍ਹੀਆਂ ਹਨ। ਇਨ੍ਹਾਂ ਰਿਪੋਰਟਾਂ ਵਿੱਚ ਹੈ ਕਿ ਫੈਕਟਰੀਆਂ ਦਾ ਰਸਾਇਣ ਵਾਲਾ ਪਾਣੀ ਜੇਕਰ ਪੰਜਾਬ ਦੇ ਵਿੱਚ ਲੱਗ ਗਿਆ ਤਾਂ ਪੰਜਾਬ ਦਾ ਜਿਹੜਾ ਵਾਟਰ ਲੈਵਲ ਹੈ ਉਹ ਪਹਿਲਾਂ ਹੀ ਥੱਲੇ ਜਾ

ਰਿਹਾ ਹੈ ਜਿਸ ਨਾਲ ਪੰਜਾਬ ਦੀ ਭੂਮੀ ਦੀ ਉਪਜਾਊ ਸ਼ਕਤੀ ਘਟਦੀ ਜਾ ਰਹੀ ਹੈ। ਜੇਕਰ ਇਸ ਦਾ ਵੀ ਕੋਈ ਉਪਰਾਲਾ ਨਹੀਂ ਕੀਤਾ ਗਿਆ ਤਾਂ ਇਹ ਬਿਲਕੁਲ ਖ਼ਤਮ ਹੋ ਜਾਵੇਗਾ। ਅੱਜ ਪੰਜ-ਸੱਤ ਕਰੋੜ ਰੁਪਏ ਲਗਾ ਕੇ ਵੱਡੀਆਂ ਵੱਡੀਆਂ ਫੈਕਟਰੀਆਂ ਲਗ ਰਹੀਆਂ ਹਨ ਲੇਕਿਨ ਫੈਕਟਰੀਆਂ ਵਾਲੇ 25-30 ਲੱਖ ਰੁਪਏ ਹੋਰ ਲਾਉਣ ਦੀ ਕਿਰਸ ਕਰ ਜਾਂਦਾ ਹੈ। ਉਹ ਉਥੇ ਟਰੀਟਮੈਂਟ ਪਲਾਂਟ ਨਹੀਂ ਲਾਉਂਦਾ। ਸਾਰੀਆਂ ਫੈਕਟਰੀਆਂ ਵਿੱਚ ਟਰੀਟਮੈਂਟ ਪਲਾਂਟ ਨਹੀਂ ਹਨ। ਸਾਡੇ ਕੋਟਕਪੂਰੇ ਮਿਲਕ ਪਲਾਂਟ ਬਣਿਆ ਹੈ ਉਸ ਦਾ ਪਰਦੂਸ਼ਤ ਪਾਣੀ ਨੈਸ਼ਨਲ ਹਾਈ ਵੇਅ-5 ਵਿੱਚ ਗਿਰਦਾ ਹੈ। ਇਕ ਚਾਹਲ ਪਿੰਡ ਹੈ ਉਥੇ ਇਕ ਸੇਮ ਨਾਲਾ ਜਾ ਰਿਹਾ ਹੈ। ਗੱਤੇ ਦੀ ਫੈਕਟਰੀ ਵਿੱਚ ਇੰਨਾ ਕੈਮੀਕਲ ਵਾਲਾ ਪਾਣੀ ਆਉਂਦਾ ਹੈ ਕਿ ਜਦੋਂ ਕੋਈ ਪਸ਼ੂ ਲੈ ਕੇ ਕੋਈ ਕਿਸਾਨ ਜਾਂ ਉਨ੍ਹਾਂ ਦਾ ਕੋਈ ਛੇੜੂ ਉਸ ਡੰਗਰ ਨੂੰ ਪਾਣੀ ਵਿੱਚ ਵਾੜਦੇ ਹਨ ਤਾਂ ਮੱਝ ਜਾਂ ਗਾਂ ਜਦੋਂ ਪਾਣੀ ਵਿੱਚ ਜਾਂਦੇ ਹਨ ਤਾਂ ਉਸ ਦੀਆਂ ਲੱਤਾਂ ਛਿਲੀਆਂ ਜਾਂਦੀਆਂ ਹਨ। 20-25 ਹਜ਼ਾਰ ਰੁਪਏ ਦੀ ਮੱਝ ਮਰ ਜਾਂਦੀ ਹੈ। ਬਹੁਤ ਸਾਰੀਆਂ ਸੰਸਥਾਵਾਂ ਇਸ ਕੰਮ ਵਿਚ ਯੋਗਦਾਨ ਪਾ ਰਹੀਆਂ ਹਨ। ਇਕੱਲੀ ਸੰਸਥਾ ਵੀ ਕੁਝ ਨਹੀਂ ਕਰ ਸਕਦੀ ਜਿੰਨਾ ਚਿਰ ਤੱਕ ਅਸੀਂ ਸਾਰੇ ਰਲ-ਮਿਲ ਕੇ ਕੋਈ ਉਪਰਾਲੇ ਨਾ ਕਰੀਏ। ਬੇਈਂ ਨਦੀ ਦੀ ਸਫ਼ਾਈ ਸੰਤ ਬਲਬੀਰ ਸਿੰਘ ਨੇ ਕੁਝ ਸਮਾਂ ਪਹਿਲਾਂ ਹੀ ਕਰਵਾਈ ਹੈ। ਆਪਣੇ ਕਾਰ-ਸੇਵਕਾਂ ਦੁਆਰਾ ਸਫਾਈ ਕਰਾਉਣ ਤੋਂ ਬਾਅਦ ਉਨ੍ਹਾਂ ਨੇ ਲੋਕਾਂ ਨੂੰ ਵਾਰ ਵਾਰ ਬੇਨਤੀ ਕੀਤੀ ਕਿ ਹੁਣ ਇਸ ਦੇ ਵਿਚ ਰਸਾਇਣਿਕ ਪਦਾਰਥਾਂ ਵਾਲਾ ਪਾਣੀ, ਸੀਵਰੇਜ ਦਾ ਪਾਣੀ ਜਾਂ ਪ੍ਰਦੂਸ਼ਿਤ ਪਾਣੀ ਨਾ ਸੁੱਟਿਆ ਜਾਵੇ ਤਾਂ ਜੋ ਜਿਹੜਾ ਅਸੀਂ ਜ਼ਿੰਦਗੀਆਂ ਨਾਲ ਖਿਲਵਾੜ ਕਰਦੇ ਹਾਂ, ਉਸ ਨੂੰ ਵੀ ਰੋਕਿਆ ਜਾ ਸਕੇ। ਜਿਹੜੀ ਜਰਖੇਜ਼ ਜ਼ਮੀਨ ਇਸ ਪ੍ਰਦੂਸ਼ਿਤ ਪਾਣੀ ਨਾਲ ਖਰਾਬ ਹੋ ਰਹੀ ਹੈ, ਉਸ ਨੂੰ ਵੀ ਰੋਕਿਆ ਜਾ ਸਕੇ। ਪਰ ਇਸ ਸਦਨ ਵਿਚ ਪਿਛੇ ਜਿਹੇ ਜਿਹੜਾ ਇਕ ਨਸ਼ਿਆਂ ਦਾ ਮਤਾ ਆਇਆ ਸੀ। ਉਸ ਉਤੇ ਮੈਨੂੰ ਵੀ ਬੋਲਣ ਦਾ ਮੌਕਾ ਮਿਲਿਆ ਸੀ ਪਰ ਅਫ਼ਸੋਸ ਦੀ ਗੱਲ ਹੈ ਕਿ ਉਸ ਨੂੰ ਪਾਸ ਕਰਨ ਦੀ ਬਜਾਏ ਰੱਦ ਕਰ ਦਿੱਤਾ ਗਿਆ। ਇਹ ਵੀ ਹਿਊਮਨ ਬੀਂਗਜ਼ ਦਾ ਮਤਾ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਾਨੂੰ ਸਾਰਿਆਂ ਨੂੰ ਸਰਬਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ। ਇਸ ਵਾਸਤੇ ਜਿਹੜਾ ਕਾਨੂੰਨ ਬਣਿਆ ਹੋਇਆ ਹੈ ਕਿ ਵਾਟਰ ਟਰੀਟਮੈਂਟ ਪਲਾਂਟ ਲਗਾਏ ਜਾਣ। ਜਿਥੇ ਤਾਂ ਸਰਕਾਰ ਨੇ ਲਗਾਉਣੇ ਹਨ, ਉਹ ਤਾਂ ਲਗਾਵੇ ਹੀ, ਇਸ ਦੇ ਨਾਲ ਹੀ ਪ੍ਰਾਈਵੇਟ ਫੈਕਟਰੀਆਂ ਵਾਲਿਆਂ ਨੂੰ ਪੂਰੀ ਸਖ਼ਤੀ ਨਾਲ ਕਿਹਾ ਜਾਵੇ ਕਿ ਉਹ ਵਾਟਰ-ਟਰੀਟਮੈਂਟ ਪਲਾਂਟ ਲਗਾਉਣ। ਕਿਸੇ ਦੀ ਕੋਈ ਸਿਫਾਰਸ਼ ਨਾ ਮੰਨੀ ਜਾਵੇ, ਕੋਈ ਗੱਲ ਨਾ ਸੁਣੀ ਜਾਵੇ ਤਾਂ ਜੋ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ। ਇਨ੍ਹਾਂ ਸ਼ਬਦਾਂ ਦੇ ਨਾਲ ਹੀ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ।

**ਸਰਦਾਰ ਵੀਰ ਸਿੰਘ ਲੋਪੋਕੇ (ਰਾਜਾ ਸਾਂਸੀ)** : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਜ਼ਥੇਦਾਰ ਤੋਤਾ ਸਿੰਘ ਜੀ ਦੁਆਰਾ ਲਿਆਂਦੇ ਹੋਏ ਮਤੇ ਉਤੇ ਮੈਨੂੰ ਬੋਲਣ ਦੀ ਇਜਾਜ਼ਤ ਦਿੱਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਮਤਾ ਲਿਆਂਦਾ ਹੈ, ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਕਿਉਂ ਜੋ ਜਦੋਂ ਪਿਛਲੇ ਹਫਤੇ ਇਸ ਹਾਊਸ ਵਿਚ ਸਾਡੇ ਸਾਥੀ ਜੁਗਲ ਕਿਸ਼ੋਰ ਜੀ ਨੇ ਨਸ਼ਿਆਂ ਬਾਰੇ ਇਕ ਬੜਾ ਹੀ ਅਹਿਮ ਮਤਾ ਲਿਆਂਦਾ ਸੀ ਕਿ ਸਾਡੀ ਨੌਜਵਾਨ ਪੀੜੀ ਦਾ ਬੇੜਾ ਗਰਕ ਹੋ ਰਿਹਾ ਹੈ। ਸਾਡੇ ਮਾਨਯੋਗ ਮੁੱਖ ਮੰਤਰੀ ਜੀ ਕਹਿੰਦੇ ਹਨ ਕਿ ਜਿਹੜੀ ਕੋਈ ਚੰਗੀ ਗੱਲ ਹੋਵੇ, ਜਿਹੜਾ ਕੋਈ ਚੰਗਾ ਸੁਝਾਓ ਹੋਵੇ, ਉਸ ਨੂੰ ਲਾਗੂ ਕਰਨ ਵਿਚ ਉਹ ਕਦੀ ਵੀ ਗੁਰੇਜ਼ ਨਹੀਂ ਕਰਨਗੇ। ਜਿਹੜਾ ਮਤਾ ਸ੍ਰੀ ਜੁਗਲ ਕਿਸ਼ੋਰ ਜੀ ਨੇ ਲਿਆਂਦਾ ਸੀ, ਉਸ ਉਤੇ ਸਾਰੀ ਦਿਹਾੜੀ ਬਹਿਸ ਹੁੰਦੀ ਰਹੀ। ਚੰਗੇ ਸੁਝਾਓ ਆਉਂਦੇ ਰਹੇ। ਪਰ ਆਖਿਰ ਵਿਚ ਆਣ ਕੇ ਇਹ ਮਤਾ ਪਾਸ ਨਹੀਂ ਕੀਤਾ ਗਿਆ। ਇਨ੍ਹਾਂ ਦੀ ਨੀਅਤ ਹੀ ਸਾਫ ਨਹੀਂ ਕਿ ਅਸੀਂ ਪੰਜਾਬ ਦੀ ਨੌਜਵਾਨ ਪੀੜੀ ਨੂੰ ਸਾਂਭ ਸਕੀਏ।

ਜਿਥੋਂ ਤੱਕ ਪਾਣੀਆਂ ਦੀ ਗੱਲ ਹੈ, ਸਾਡੇ ਗੁਰੂਆਂ ਨੇ ਇਸ ਨੂੰ ਬਹੁਤ ਹੀ ਮਹੱਤਤਾ ਦਿੱਤੀ ਹੈ,

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

ਉਨ੍ਹਾਂ ਨੇ ਪਾਣੀ ਨੂੰ ਮਹੱਤਤਾ ਦਿੰਦਿਆਂ ਹੋਇਆਂ ਇਸ ਨੂੰ ਪਿਤਾ ਦਾ ਦਰਜਾ ਦਿੱਤਾ ਹੈ। ਅੱਜ ਉਸ ਪਾਣੀ ਨੂੰ ਅਸੀਂ ਜਿਵੇਂ ਗੰਧਲਾ ਕਰ ਰਹੇ ਹਾਂ, ਦਰਿਆਵਾਂ ਦੇ ਪਾਣੀ ਦਾ ਦੁਰਉਪਯੋਗ ਹੋ ਰਿਹਾ ਹੈ, ਸਾਨੂੰ ਇਸ ਉਤੇ ਬੜੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਇਨ੍ਹਾਂ ਦਰਿਆਵਾਂ ਦੇ ਵਿਚੋਂ ਹੀ ਨਹਿਰਾਂ ਨਿਕਲੀਆਂ ਹਨ ਅਤੇ ਇਨ੍ਹਾਂ ਨਹਿਰਾਂ ਵਿਚੋਂ ਅੱਗੇ ਛੋਟੇ ਛੋਟੇ ਸੂਏ ਨਿਕਲਦੇ ਹਨ। ਇਹ ਪਾਣੀ ਮਾਲ-ਡੰਗਰ ਵੀ ਪੀਂਦੇ ਹਨ ਅਤੇ ਮਨੁੱਖ ਵੀ ਪੀਂਦੇ ਹਨ। ਜਿਵੇਂ ਸਾਡਾ ਅੰਮ੍ਰਿਤਸਰ ਬੜਾ ਪਵਿੱਤਰ ਸ਼ਹਿਰ ਹੈ ਅਤੇ ਗੁਰੂ ਰਾਮ ਦਾਸ ਜੀ ਦਾ ਘਰ ਹੈ। ਉਸ ਦੇ ਸਰੋਵਰ ਵਿਚ ਵੀ ਨਹਿਰਾਂ ਦਾ ਪਾਣੀ ਪੈਂਦਾ ਹੈ। ਮਨ ਨੂੰ ਬੜਾ ਦੁੱਖ ਹੁੰਦਾ ਹੈ ਜਦੋਂ ਇਨ੍ਹਾਂ ਨਹਿਰਾਂ ਦੇ ਵਿਚ ਗੰਦਗੀ ਅਤੇ ਸਾਰਾ ਗੰਦਾ ਪਾਣੀ ਸੁੱਟਿਆ ਜਾਂਦਾ ਹੈ ਅਤੇ ਸੁੱਟਿਆ ਜਾ ਰਿਹਾ ਹੈ। ਪਿਛੇ ਜਿਹੇ ਸਰਦਾਰ ਗੁਲਜ਼ਾਰ ਸਿੰਘ ਰਣੀਕੇ ਨੇ ਇਕ ਸਵਾਲ ਵੀ ਕੀਤਾ ਸੀ ਕਿ ਉਸ ਨਹਿਰ ਦੇ ਵਿਚੋਂ ਛੇਹਰਟਾ ਮਾਈਨਰ ਨਿਕਲਿਆ ਔਰ ਬਾਈਪਾਸ ਨੇੜੇ ਛੇਹਰਟੇ ਲਾਗੇ ਸੀਵਰੇਜ ਦਾ ਗੰਦਾ ਪਾਣੀ ਸੂਏ ਵਿੱਚ ਪਾਇਆ ਗਿਆ ਅਤੇ ਹੁਣ ਤਾਂ ਉਹ ਸੂਆ ਵੀ ਪੂਰਿਆ ਗਿਆ ਹੈ ਅਤੇ ਉਥੇ ਹੁਣ ਪਾਣੀ ਆਉਣਾ ਬੰਦ ਹੋ ਗਿਆ ਹੈ ਅਤੇ ਅੱਗੇ ਜੋ ਪਾਣੀ ਕਿਸਾਨਾਂ ਦੇ ਖੇਤਾਂ ਵਿੱਚ ਜਾਣਾ ਸੀ ਜਾਂ ਹੋਰ ਕੰਮਾਂ ਲਈ ਵਰਤਿਆ ਸੀ, ਉਹ ਵੀ ਗੰਦਾ ਹੋ ਗਿਆ। ਉਥੇ ਆਪਾਂ ਨੂੰ ਟਰੀਟਮੈਂਟ ਪਲਾਂਟ ਲਗਾਉਣਾ ਚਾਹੀਦਾ ਸੀ ਕਿਉਂਕਿ ਪਾਣੀ ਜਿਹੜਾ ਹੈ ਇਨਸਾਨ ਵਾਸਤੇ ਬੜੀ ਵਡਮੁੱਲੀ ਚੀਜ਼ ਹੈ, ਦਰਿਆਵਾਂ ਦੇ ਪਾਣੀ ਨੂੰ ਛੱਡ ਕੇ ਪਿੰਡਾਂ ਦਾ ਪਾਣੀ ਵੀ, ਜੋ ਦਲਿਤ ਵੀਰ ਹਨ ਉਨ੍ਹਾਂ ਦੇ ਘਰਾਂ ਵਿੱਚ ਜੋ ਲੈਟਰੀਨਾਂ ਬਣਾ ਕੇ ਦਿੱਤੀਆਂ ਗਈਆਂ ਹਨ ਪਰ ਉਹ ਜਿਹੜੀਆਂ ਲੈਟਰੀਨਾਂ ਬਣਾਈਆਂ ਗਈਆਂ ਹਨ ਉਹ ਸਿਰਫ਼ ਟੋਆ ਮਾਰਕੇ ਉਪਰ ਰੱਖ ਦਿਤੀਆਂ ਹਨ। ਆਪਾਂ ਸਾਰਿਆਂ ਨੂੰ ਪਿੰਡਾਂ ਵਿੱਚ ਜਾਣ ਦਾ ਮੌਕਾ ਮਿਲਦਾ ਹੈ ਅਤੇ ਉਨ੍ਹਾਂ ਗਰੀਬਾਂ ਦੇ ਘਰ ਵੀ ਜਾਣ ਦਾ ਮੌਕਾ ਮਿਲਦਾ ਹੈ,

ਉਹ ਸੇਵਾ-ਪਾਣੀ ਵਜੋਂ ਜਦੋਂ ਪਾਣੀ ਲਿਆ ਕੇ ਪਿਲਾਉਂਦੇ ਹਨ, ਪੀ ਵੀ ਲਈਦਾ ਹੈ ਪਰ ਉਸਦਾ ਸਵਾਦ ਹੋਰ ਹੁੰਦਾ ਹੈ। ਜਦੋਂ ਉਨ੍ਹਾਂ ਨੂੰ ਪੁੱਛਦੇ ਹਾਂ ਕਿ ਤੁਹਾਡੇ ਪਾਣੀ ਦਾ ਸਵਾਦ ਕਿਹੋ ਜਿਹਾ ਹੈ ਤਾਂ ਉਹ ਕਹਿੰਦੇ ਹਨ ਕਿ ਜਿੱਥੇ ਇਹ ਪੰਜ ਸੱਤ ਘਰਾਂ ਵਿੱਚ ਲੈਟਰੀਨਾਂ ਬਣਵਾ ਕੇ ਦਿਤੀਆਂ ਗਈਆਂ ਹਨ ਅਸੀਂ ਪਾਣੀ ਦੇ ਨਲਕੇ ਤਾਂ ਡੂੰਘੇ ਲਗਵਾ ਨਹੀਂ ਸਕਦੇ, ਇਸਦੇ ਨਾਲ ਸਾਡੇ ਨਲਕਿਆਂ ਦਾ ਪਾਣੀ ਖਰਾਬ ਹੋ ਗਿਆ ਹੈ। ਸਾਨੂੰ ਉਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਦੂਜਾ ਜਿੱਥੇ ਜਿੱਥੇ ਅਸੀਂ ਸੂਇਆਂ ਜਾਂ ਨਹਿਰਾਂ ਵਿੱਚ ਗੰਦਾ ਪਾਣੀ ਪਾਉਂਦੇ ਹਾਂ, ਉਨ੍ਹਾਂ ਲਈ ਵੀ ਸਾਨੂੰ ਉਪਰਾਲਾ ਕਰਨਾ ਚਾਹੀਦਾ ਹੈ ਕਿਉਂਕਿ ਪੇਟ ਦੀਆਂ ਸਾਰੀਆਂ ਬੀਮਾਰੀਆਂ ਹੀ ਪਾਣੀ ਤੋਂ ਲਗਦੀਆਂ ਹਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਮਤਾ ਹੈ, ਇਸ ਨੂੰ ਪਾਸ ਕਰਕੇ ਉਚਿਤ ਉਪਰਾਲੇ ਕਰਕੇ ਟਰੀਟਮੈਂਟ ਪਲਾਂਟ ਲਗਾਏ ਜਾਣੇ ਚਾਹੀਦੇ ਹਨ ਤਾਂ ਕਿ ਸੀਵਰੇਜ਼ ਦਾ ਜਿਹੜਾ ਪਾਣੀ ਹੈ ਉਸ ਤੋਂ ਪੀਣ ਵਾਲੇ ਪਾਣੀ ਨੂੰ ਗੰਦਾ ਹੋਣ ਤੋਂ ਰੋਕਿਆ ਜਾ ਸਕੇ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ।

**ਸਰਦਾਰ ਜਸਬੀਰ ਸਿੰਘ ਗਿੱਲ 'ਡਿੰਪਾ' (ਬਿਆਸ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਕ ਬਹੁਤ ਹੀ ਅਹਿਮ ਮਤੇ ਤੇ ਇਸ ਅਜ਼ੀਮ ਸਦਨ ਵਿੱਚ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ। ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਵਿੱਚ ਬਹੁਤ ਤੇਜ਼ੀ ਦੇ ਨਾਲ ਸ਼ਹਿਰੀਕਰਨ ਹੋਇਆ ਹੈ, ਕਾਰਖਾਨੇ ਲੱਗੇ ਹਨ, ਇੰਡਸਟਰੀਲਾਈਜੇਸ਼ਨ ਵੀ ਹੋਇਆ ਹੈ। ਉਨ੍ਹਾਂ ਦੇ ਆਉਣ ਦੇ ਨਾਲ ਕਈ ਤਰ੍ਹਾਂ ਦੇ ਐਫਲਯੂਏਂਟਸ ਅਤੇ ਕੈਮੀਕਲਜ਼ ਸਾਡੇ ਪਾਣੀ ਦੇ ਵਿੱਚ ਵੇਸਟ ਵਾਟਰ ਵਿੱਚ ਰਲ ਗਏ ਹਨ। ਇਸ ਦੇ ਨਾਲ ਜਿੱਥੇ ਸਾਡੇ ਵਾਤਾਵਰਨ ਤੇ ਅਸਰ ਪਿਆ ਹੈ, ਉਥੇ ਜੀਵ-ਜੰਤੂ ਅਤੇ ਦਰੱਖਤਾਂ ਤੇ ਵੀ ਇਸ ਦਾ ਅਸਰ ਦੇਖਣ ਨੂੰ ਮਿਲਦਾ ਹੈ। ਇਸ ਪਲਿਊਸ਼ਨ ਦਾ ਅਸਰ ਜੇ ਆਪਾਂ ਝਾਤ ਮਾਰੀਏ ਤਾਂ ਇੱਲਾਂ ਤਾਂ ਬਿਲਕੁਲ ਹੀ ਗਾਇਬ ਹੋ ਗਈਆਂ ਹਨ। ਅੱਗੇ ਪਿੰਡਾਂ ਵਿੱਚ ਚਿੜੀਆਂ ਹੁੰਦੀਆਂ ਸਨ, ਹੁਣ ਉਹ ਵੀ ਦੇਖਣ ਨੂੰ ਨਹੀਂ ਮਿਲਦੀਆਂ। ਨਿੰਮਾਂ ਤੇ ਨਮੋਲੀਆਂ ਨਹੀਂ ਲਗਦੀਆਂ ਅਤੇ ਹੁਣ ਕਿੱਕਰਾਂ ਤੇ ਵੀ ਤੁੱਕੇ ਦੇਖਣ ਨੂੰ ਨਹੀਂ ਮਿਲਦੇ। ਇਹ ਸਾਰੀ ਤਬਦੀਲੀ ਇਸਦੇ ਕਾਰਨ ਹੀ ਹੋਈ ਹੈ। ਗੁਰਬਾਣੀ ਵਿੱਚ ਵੀ ਪਾਣੀ ਨੂੰ ਬਹੁਤ ਵੱਡਾ ਮਾਣ ਦਿਤਾ ਗਿਆ ਹੈ। ਗੁਰੂ ਸਾਹਿਬ ਨੇ ਕਿਹਾ ਹੈ:

ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ

ਅੱਜ ਪਾਣੀ ਨੂੰ ਸੰਭਾਲਣ ਦੀ ਲੋੜ ਹੈ। ਜਿਸ ਤਰ੍ਹਾਂ ਜੱਥੇਦਾਰ ਤੋਤਾ ਸਿੰਘ ਜੀ ਨੇ ਇਹ ਮਤਾ ਲਿਆਂਦਾ ਹੈ, ਇਹ ਬੜਾ ਹੀ ਵਧੀਆ ਮਤਾ ਹੈ ਅਤੇ ਇਸ ਤਰ੍ਹਾਂ ਦੇ ਹੋਰ ਵੀ ਮਤੇ ਸਾਨੂੰ ਇਸ ਅਜ਼ੀਮ ਸਦਨ ਵਿੱਚ ਲਿਆਉਣੇ ਚਾਹੀਦੇ ਹਨ। ਇਸ ਨਾਲ ਹਰ ਇੱਕ ਨੂੰ ਜਾਗਰੂਕਤਾ ਮਿਲਦੀ ਹੈ ਅਤੇ ਪੰਜਾਬ ਦਾ ਭਲਾ ਹੋ ਸਕਦਾ ਹੈ। ਡਿਪਟੀ ਸਪੀਕਰ

[ਸਰਦਾਰ ਜਸਬੀਰ ਸਿੰਘ ਗਿੱਲ 'ਡਿੰਪਾ']

ਸਾਹਿਬ, ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣ ਲਈ ਸਰਕਾਰ ਵੱਲੋਂ ਬਹੁਤ ਉਪਰਾਲੇ ਕੀਤੇ ਗਏ ਹਨ ਅਤੇ ਇਸ ਸੰਬੰਧੀ ਬਹੁਤ ਵਧੀਆ ਤਿੰਨ-ਚਾਰ ਪਲਾਨ ਬਣਾਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 46 ਦੇ ਕਰੀਬ ਟਰੀਟਮੈਂਟ ਲਗਾਉਣ ਲਈ ਪ੍ਰਾਜੈਕਟ ਤਿਆਰ ਕੀਤਾ ਗਿਆ ਹੈ ਜਿਸ ਵਿੱਚੋਂ 13 ਦੀ ਸੈਂਕਸ਼ਨ ਹੋ ਚੁੱਕੀ ਹੈ। ਪੰਜ ਸੀਵਰੇਜ ਟਰੀਟਮੈਂਟ ਪਲਾਂਟਾਂ ਤੇ ਕੰਮ ਸ਼ੁਰੂ ਹੋ ਚੁੱਕਾ ਹੈ। ਚਾਰ ਸੀਵਰੇਜ ਟਰੀਟਮੈਂਟ ਪਲਾਂਟ ਅੰਡਰ ਕੰਸਟਰਕਸ਼ਨ ਹਨ। ਕਿਸੇ ਤਰ੍ਹਾਂ 38 ਟਰੀਟਮੈਂਟ ਪਲਾਂਟ ਹੋਰ ਸੈਂਕਸ਼ਨ ਹੋਣ ਵਾਲੇ ਹਨ। ਅਗਰ ਅਸੀਂ ਇਹ ਸਾਰੇ ਸੀਵਰੇਜ ਟਰੀਟਮੈਂਟ ਪਲਾਂਟ ਸੈਂਕਸ਼ਨ ਕਰਕੇ ਕਮਿਸ਼ਨ ਕਰ ਦਿੰਦੇ ਹਾਂ ਤਾਂ ਇਸ ਨਾਲ ਪੰਜਾਬ ਦੀ 60-65% ਜਨਤਾ ਨੂੰ ਲਾਭ ਮਿਲ ਸਕਦਾ ਹੈ। ਜਥੇਦਾਰ ਜੀ ਨੇ ਮੇਰੇ ਤੋਂ ਪਹਿਲਾਂ ਬੋਲਦਿਆਂ ਕਿਹਾ ਸੀ ਕਿ ਲੁਧਿਆਣੇ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਕੰਮ ਬੰਦ ਪਿਆ ਹੈ। ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੋਈ ਵੀ ਕੰਮ ਬੰਦ ਨਹੀਂ ਪਿਆ। ਉਥੇ ਦੋ ਸੀਵਰੇਜ ਪਲਾਂਟ ਹਨ। ਬਲੌਖੇਤ ਵਿਖੇ ਸੀਵਰੇਜ ਪਲਾਂਟ ਦਾ ਕੰਮ ਪੂਰੇ ਜ਼ੋਰ ਸ਼ੋਰ ਨਾਲ ਚਲ ਰਿਹਾ ਹੈ। ਮੇਰੇ ਹਿਸਾਬ ਨਾਲ ਇਸ ਸਾਲ ਦੇ ਵਿੱਚ ਵਿੱਚ ਉਹ ਕਮਿਸ਼ਨ ਹੋ ਜਾਵੇਗਾ, ਅਜਿਹੀ ਸੰਭਾਵਨਾ ਹੈ। ਇੱਕ ਹੋਰ ਸੀਵਰੇਜ ਪਲਾਂਟ ਸੰਬੰਧੀ ਟੈਂਡਰ ਹੋ ਚੁੱਕੇ ਹਨ ਔਰ ਇਹ ਪਲਾਂਟ ਲੁਧਿਆਣੇ ਲੱਗਣ ਨਾਲ ਕਾਫ਼ੀ ਫਰਕ ਪਵੇਗਾ। ਇਸ ਨਾਲ ਪਾਣੀ ਦੇ ਸਵਾਦ ਤੇ ਵੀ ਫਰਕ ਪਵੇਗਾ ਅਤੇ ਕੁਆਲਿਟੀ ਤੇ ਵੀ ਫਰਕ ਪਵੇਗਾ। ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਨੇ ਸੱਤਾ ਸੰਭਾਲੀ ਸੀ ਤੇ ਉਨ੍ਹਾਂ ਨੇ ਜਲੰਧਰ ਵਿਖੇ 36.38 ਕਰੋੜ ਰੁਪਏ ਦੀ ਲਾਗਤ ਨਾਲ 85 ਕਿੱਲੇ ਜ਼ਮੀਨ ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣ ਲਈ ਐਕੁਆਇਰ ਕੀਤੀ ਸੀ। ਉਸ ਤੇ ਵੀ ਛੇਤੀ ਹੀ ਕੰਸਟਰਕਸ਼ਨ ਸ਼ੁਰੂ ਕਰ ਦਿੱਤੀ ਜਾਵੇਗੀ। ਫਗਵਾੜਾ ਵਿਖੇ ਇੱਕ ਸੀਵਰੇਜ ਟਰੀਟਮੈਂਟ ਪਲਾਂਟ ਲੱਗ ਗਿਆ ਹੈ ਤੇ ਦੂਜਾ ਲੱਗਣ ਦੀ ਤਿਆਰੀ ਵਿੱਚ ਹੈ। ਫਿਲੌਰ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਲੱਗ ਚੁੱਕਾ ਹੈ। ਕਪੂਰਥਲਾ ਜਿਸ ਦਾ ਸਾਡੇ ਮਾਨਯੋਗ ਮੈਂਬਰਾਂ ਨੇ ਜ਼ਿਕਰ ਕੀਤਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਸਾਡੇ ਲੋਕਲ ਬਾਡੀਜ਼ ਮਨਿਸਟਰ ਇਸ ਦਾ ਉਦਘਾਟਨ ਕਰਕੇ ਆਏ ਹਨ। ਹੁਸ਼ਿਆਰਪੁਰ ਵਿਖੇ ਵੀ ਸੀਵਰੇਜ ਟਰੀਟਮੈਂਟ ਪਲਾਂਟ ਕਮਿਸ਼ਨ ਹੋ ਚੁੱਕਿਆ ਹੈ। ਫਾਜ਼ਿਲਕਾ ਵਿਖੇ ਵੀ ਟਰੀਟਮੈਂਟ ਪਲਾਂਟ ਲਗਾਉਣ ਦਾ ਕੰਮ ਚਾਲੂ ਹੈ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਕਾਰਜ ਲਈ ਬਜਟ ਵਿੱਚ ਐਲੋਕੇਸ਼ਨ ਵਧਾਉਣੀ ਚਾਹੀਦੀ ਹੈ ਤਾਂ ਕਿ ਅਸੀਂ ਪੰਜਾਬ ਨੂੰ ਜਲਦੀ ਤੋਂ ਜਲਦੀ ਕਵਰ ਕਰ ਸਕੀਏ। ਇੱਕ ਗੱਲ ਹੋਰ ਮੈਂ ਕਹਿਣੀ ਚਾਹੁੰਦਾ ਹਾਂ ਕਿ ਕੁਰਾਲੀ ਬਾਈਪਾਸ ਕੋਲ ਸਿਸਵਾਂ ਨਦੀ ਤੇ ਇੱਕ ਦਿਨ ਮੈਂ ਦੇਖਿਆ ਕਿ ਪਾਣੀ ਦਾ ਰੰਗ ਲਾਲ ਸੀ ਔਰ ਵਾਪਸੀ ਤੇ ਦੇਖਿਆ ਕਿ ਪਾਣੀ ਸੁੱਕਾ ਸੀ ਤੇ ਧਰਤੀ ਲਾਲ ਪਈ ਸੀ। ਇਸ ਦਾ ਭਾਵ ਕਿ ਐਫ੍ਲੂਲੈਂਟਸ ਪਾਣੀ ਵਿਚ ਆ ਰਹੇ ਹਨ। ਮੈਂ ਸਮਝਦਾ ਹਾਂ ਕਿ ਇਸ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਹਿਮਾਚਲ ਅਤੇ ਮੱਧ ਪ੍ਰਦੇਸ਼ ਨੇ ਇੱਕ ਬਹੁਤ ਵਧੀਆ ਸਕੀਮ ਇੰਪਲੀਮੈਂਟ ਕੀਤੀ ਹੈ, ਉਹ ਹੈ ਰੇਨ ਵਾਟਰ ਹਾਰਵੈਸਟਿੰਗ ਦੀ। ਉਹ ਵੀ ਸਾਨੂੰ ਅਡਾਪਟ ਕਰਨੀ ਚਾਹੀਦੀ ਹੈ। ਸਾਡਾ ਪਾਣੀ ਦਾ ਪੱਧਰ ਕਾਫੀ ਹੇਠਾਂ ਚਲਾ ਗਿਆ ਹੈ ਜਿਸ ਨਾਲ ਕਈ ਮੁਸ਼ਕਲਾਂ ਆ ਰਹੀਆਂ ਹਨ। ਇਸ ਬਾਰੇ ਇੱਕ ਜਾਗਰੂਕ ਮੁਹਿੰਮ ਚਲਾਉਣ ਦੀ ਲੋੜ ਹੈ। ਭਾਵੇਂ ਇਹ ਹਲਕਾ-ਵਾਰ ਸ਼ੁਰੂ

ਕੀਤੀ ਜਾਵੇ ਤੇ ਭਾਵੇਂ ਜਾਇੰਟ ਐਮ.ਐਲ.ਏਜ਼ ਦੀ ਕਮੇਟੀ ਬਣਾ ਦਿੱਤੀ ਜਾਵੇ ਜਿਸ ਵਿੱਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਣ। ਉਨ੍ਹਾਂ ਨੂੰ ਜ਼ਿਮੇਵਾਰੀ ਦਿੱਤੀ ਜਾਵੇ ਤਾਂ ਕਿ ਉਹ ਇਹ ਕਾਰਜ ਕਰ ਸਕਣ। ਅਸੀਂ ਦੇਖਦੇ ਹਾਂ ਕਿ ਕੋਈ ਵੀ ਆਦਮੀ ਇੰਡਸਟਰੀਅਲ ਬਾਈ-ਪ੍ਰੋਡੇਕਟਸ ਨੂੰ ਦਰਿਆਵਾਂ, ਨਾਲਿਆਂ, ਚੌਆਂ ਜਾਂ ਜਿੱਥੇ ਵੀ ਜਗ੍ਹਾ ਮਿਲਦੀ ਹੈ ਉਥੇ ਸੁੱਟ ਦਿੰਦਾ ਹੈ। ਇਸ ਨਾਲ ਕਾਫੀ ਨੁਕਸਾਨ ਹੋ ਰਿਹਾ ਹੈ। ਇਸ ਲਈ ਉਨ੍ਹਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਭਾਵੇਂ ਇੱਕ-ਇੱਕ ਇੰਡਸਟਰੀ ਵਾਲੇ ਨੂੰ ਮਿਲ ਕੇ ਕਹੋ ਤੇ ਚਾਹੇ ਬੰਦਸ਼ਾਂ ਲਗਾ ਕੇ ਕਰੋ। ਪਲਿਊਸ਼ਨ ਬੋਰਡ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਮਲੋਟ ਵਿਚ ਵੀ ਟਰੀਟਮੈਂਟ ਪਲਾਂਟ ਲਗਾ ਰਹੇ ਹਾਂ। ਮੈਂ ਇਸ ਮਤੇ ਦੀ ਬਿਲਕੁਲ ਸਪੋਰਟ ਕਰਦਾ ਹਾਂ ਕਿ ਇਹ ਬਿਲਕੁਲ ਸਹੀ ਮਤਾ ਸਦਨ ਵਿੱਚ ਆਇਆ ਹੈ ਅਤੇ ਇਹੋ ਜਿਹੇ ਮਤੇ ਹੋਰ ਵੀ ਅੱਗੇ ਆਉਣ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ (ਅੰਮ੍ਰਿਤਸਰ ਉੱਤਰੀ)** : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦੀ ਆਗਿਆ ਦਿੱਤੀ ਹੈ ਔਰ ਸਰਦਾਰ ਤੋਤਾ ਸਿੰਘ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਬਹੁਤ ਮਹੱਤਵਪੂਰਨ ਮਤਾ ਅੱਜ ਸਦਨ ਵਿੱਚ ਲਿਆਂਦਾ ਹੈ। ਇਨਸਾਨ ਨੂੰ ਹਮੇਸ਼ਾ ਦੋ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ—ਸਵੱਛ ਹਵਾ ਤੇ ਸਵੱਛ ਪਾਣੀ। ਅੱਜ ਸਾਡੀ ਬਦਕਿਸਮਤੀ ਹੈ ਕਿ ਅੱਜ ਨਾ ਤਾਂ ਸਵੱਛ ਪਾਣੀ ਮਿਲ ਰਿਹਾ ਹੈ ਅਤੇ ਨਾ ਹੀ ਸਵੱਛ ਹਵਾ ਮਿਲ ਰਹੀ ਹੈ। ਇਸ ਮਤੇ ਵਿੱਚ ਜੋ ਟਰੀਟਮੈਂਟ ਪਲਾਂਟ ਬਾਰੇ ਕਿਹਾ ਗਿਆ ਹੈ, ਇਸ ਬਾਰੇ ਡਿੰਪਾ ਜੀ ਨੇ ਬੜਾ ਡਿਟੇਲ ਵਿੱਚ ਦੱਸਿਆ ਹੈ ਕਿ ਪੰਜਾਬ ਸਰਕਾਰ ਕੀ ਕੀ ਉਪਰਾਲੇ ਕਰ ਰਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਗੁਰੂ ਦੀ ਪਵਿੱਤਰ ਨਗਰੀ ਵਿੱਚ ਅੱਜ ਤੋਂ 25 ਸਾਲ ਪਹਿਲਾਂ ਸੀਵਰੇਜ਼ ਪਿਆ ਸੀ। ਉਸ ਵੇਲੇ ਸਾਡੇ ਅੰਮ੍ਰਿਤਸਰ ਦੀ ਪਾਪੂਲੇਸ਼ਨ ਤਕਰੀਬਨ 2.5 ਲੱਖ ਸੀ ਔਰ ਅੱਜ ਅੰਮ੍ਰਿਤਸਰ ਦੀ ਪਾਪੂਲੇਸ਼ਨ 10 ਲੱਖ ਤੋਂ ਉਪਰ ਹੋਣ ਜਾ ਰਹੀ ਹੈ। ਤੁਹਾਨੂੰ ਪਤਾ ਹੈ ਕਿ ਅੱਜ ਪਲਾਸਟਿਕ ਦੀਆਂ ਜਿਹੜੀਆਂ ਥੈਲੀਆਂ ਹਨ, ਉਹ ਵੀ ਲੋਕ ਸੀਵਰੇਜ਼ ਵਿੱਚ ਸੁੱਟ ਦਿੰਦੇ ਹਨ। ਜਿਹੜਾ ਸੀਵਰੇਜ਼ ਪਹਿਲਾਂ ਅੰਮ੍ਰਿਤਸਰ ਵਿੱਚ ਪਿਆ ਸੀ, ਅੱਜ ਉਹ ਸੀਵਰੇਜ਼ ਦੀ ਉਹ ਕਪੈਸਿਟੀ ਨਹੀਂ ਰਹੀ। ਅੱਜ ਸੀਵਰੇਜ਼ ਓਵਰਫਲੋਅ ਹੁੰਦਾ ਹੈ। ਉਸ ਨਾਲ ਗੰਦਗੀ ਵੀ ਪੈਂਦੀ ਹੈ ਅਤੇ ਸ਼ਹਿਰ ਵਿੱਚ ਪਲਿਊਸ਼ਨ ਵੀ ਹੁੰਦਾ ਹੈ। ਇਸ ਦੇ ਨਾਲ ਨਾਲ ਹੀ ਮੈਂ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਠੇਕੇਦਾਰ ਹਰਜਿੰਦਰ ਸਿੰਘ ਜੀ ਦੇ ਉਪਰਾਲੇ ਨਾਲ ਔਰ ਮੇਰੇ ਉਪਰਾਲੇ ਨਾਲ ਅੰਮ੍ਰਿਤਸਰ ਸ਼ਹਿਰ ਦੇ ਚਾਰੇ ਪਾਸੇ ਜਿਹੜਾ ਗੰਦਾ ਨਾਲਾ ਚਲਦਾ ਹੈ, ਉਸ ਨੂੰ ਪੱਕਾ ਕਰਨ ਵਾਸਤੇ ਤੇ ਉਸ ਨਾਲੇ ਨੂੰ ਕਵਰ ਕਰਨ ਵਾਸਤੇ ਪਲਾਨ ਕੀਤਾ ਗਿਆ ਹੈ। ਪੰਜ ਕਰੋੜ ਰੁਪਿਆ ਸੀ.ਐਮ. ਸਾਹਿਬ ਨੇ ਦਿੱਤਾ ਹੈ। ਅੰਮ੍ਰਿਤਸਰ ਤੋਂ ਲੈ ਕੇ ਉਸ ਦਾ ਕੰਮ ਚਾਲੂ ਹੈ ਔਰ ਉਹ ਕੰਮ ਮੇਰਾ ਖਿਆਲ ਹੈ ਖਤਮ ਹੋਣ ਤੇ ਆ ਰਿਹਾ ਹੈ ਪਰ ਅਜੇ ਵੀ ਇਸ ਵਾਸਤੇ 12 ਕਰੋੜ ਰੁਪਏ ਦੀ ਜ਼ਰੂਰਤ ਹੈ। ਜਿਹੜਾ ਏਰੀਆ ਰਹਿ ਗਿਆ ਹੈ, ਉਸ ਨੂੰ ਵੀ ਪੱਕਾ

[ਸ਼੍ਰੀ ਜੁਗਲ ਕਿਸ਼ੋਰ ਸ਼ਰਮਾ]

ਕੀਤਾ ਜਾਏ ਤਾਂ ਕਿ ਜਿਹੜਾ ਪਾਲਿਊਸ਼ਨ ਹੈ, ਉਹ ਆਲੇ-ਦੁਆਲੇ ਦੀਆਂ ਜਿਹੜੀਆਂ ਆਬਾਦੀਆਂ ਹਨ, ਗੰਦੀਆਂ ਆਬਾਦੀਆਂ ਹਨ, ਉਨ੍ਹਾਂ ਵਿੱਚ ਨਾ ਜਾ ਸਕੇ। ਅੰਮ੍ਰਿਤਸਰ ਦੇ ਵਿੱਚ ਜਿਹੜਾ ਨਾਲਾ ਚਲਦਾ ਹੈ, ਉਹ ਏਰੀਆ ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ ਵਿੱਚ ਪੈਂਦਾ ਹੈ ਔਰ ਉਸ ਏਰੀਏ ਵਿੱਚ ਅਸੀਂ ਗੁਰੂ ਤੇਗ ਬਹਾਦਰ ਨਗਰ ਵਸਾਉਣ ਜਾ ਰਹੇ ਹਾਂ। ਤਕਰੀਬਨ-ਤਕਰੀਬਨ ਪੌਣੇ ਦੋ ਕਰੋੜ ਰਪਿਆ ਅਸੀਂ ਸ਼ੁਰੂ ਤੋਂ, ਜਿਥੋਂ ਨਾਲਾ ਆਉਂਦਾ ਹੈ, ਉਥੇ ਲਗਾਉਣ ਜਾ ਰਹੇ ਹਾਂ ਔਰ 2 ਕਰੋੜ 75 ਲੱਖ ਰੁਪਿਆ ਹੋਰ ਚਾਹੀਦਾ ਹੈ। ਜਿਹੜਾ ਬਾਕੀ ਏਰੀਆ ਜੀ.ਟੀ. ਰੋਡ ਤੋਂ ਲੈ ਕੇ ਸੁਲਤਾਨਵਿੰਡ ਗੇਟ ਤੱਕ ਰਹਿ ਗਿਆ ਹੈ, ਉਸ ਨੂੰ ਕਵਰ ਕਰਨ ਵਾਸਤੇ ਇੰਪਰੂਵਮੈਂਟ ਟਰੱਸਟ ਵਿੱਚ ਮਤਾ ਪਾਸ ਕਰਕੇ ਪੰਜਾਬ ਸਰਕਾਰ ਨੂੰ ਭੇਜਿਆ ਹੈ। ਅੱਜ ਜਰੂਰਤ ਹੈ ਇਸ ਦੀ ਕਿ ਇਹ ਜਿਹੜਾ ਮਤਾ ਸਰਦਾਰ ਤੋਤਾ ਸਿੰਘ ਜੀ ਨੇ ਪੇਸ਼ ਕੀਤਾ ਹੈ, ਉਸ ਵਾਸਤੇ ਸੀਰੀਅਸਲੀ ਸੋਚੀਏ। ਅਸੀਂ ਦੇਖਿਆ ਹੈ ਕਿ ਸ਼ਹਿਰ ਦੇ ਵਿੱਚ ਕਈ ਐਸੀਆਂ ਆਬਾਦੀਆਂ ਹਨ, ਜਿਥੇ ਸੀਵਰੇਜ਼ ਅਜੇ ਤੱਕ ਨਹੀਂ ਪਿਆ। ਉਥੇ ਸੀਵਰੇਜ਼ ਨਾ ਪੈਣ ਕਰਕੇ ਲੋਕਾਂ ਦੇ ਜਿਹੜੇ ਹੈਂਡ ਪੰਪ ਹਨ, ਬਦਕਿਸਮਤੀ ਦੀ ਗੱਲ ਹੈ ਕਿ ਉਨ੍ਹਾਂ ਹੈਂਡ ਪੰਪਾਂ ਵਿੱਚ ਸੀਵਰੇਜ਼ ਦਾ ਗੰਦਾ ਪਾਣੀ ਆਉਂਦਾ ਹੈ। ਸਾਡੇ ਲੋਕਲ ਬਾਡੀਜ਼ ਮਨਿਸਟਰ, ਚੌਧਰੀ ਜਗਜੀਤ ਸਿੰਘ ਜੀ ਨੇ ਬਹੁਤ ਉਪਰਾਲਾ ਕੀਤਾ ਹੈ ਔਰ ਸਾਡੇ ਸ੍ਰੀ ਗੁਰੂ ਗੋਬਿੰਦ ਸਿੰਘ ਨਗਰ ਵਿੱਚ ਨਵਾਂ ਸੀਵਰੇਜ਼ ਪਾਇਆ ਹੈ। ਉਸ ਦੇ ਵਾਸਤੇ 10 ਲੱਖ ਰੁਪਿਆ ਇਨ੍ਹਾਂ ਨੇ ਤੁਰੰਤ ਸਾਨੂੰ ਦਿੱਤਾ ਹੈ। ਉਸ ਦੇ ਨਾਲ ਹੀ ਜਿਹੜੀ ਨਵੀਂ ਆਬਾਦੀ ਹੈ, ਉਸ ਦੇ ਵਾਸਤੇ ਟੈਂਡਰ ਲਗਾਏ ਜਾ ਰਹੇ ਹਨ ਤਾਂਕਿ ਜਿਹੜਾ ਪਾਲਿਊਸ਼ਨ ਹੈ ਉਸ ਤੋਂ ਲੋਕਾਂ ਨੂੰ ਰਾਹਤ ਦਿਵਾਈ ਜਾ ਸਕੇ ਔਰ ਲੋਕਾਂ ਨੂੰ ਸਵੱਛ ਪਾਣੀ ਮਿਲ ਸਕੇ। ਮੈਂ ਇੱਕ ਗੱਲ ਹੋਰ ਵੀ ਕਹਿਣੀ ਚਾਹੁੰਦਾ ਹਾਂ ਕਿ ਜ਼ਿਆਦਾ ਪਾਣੀ ਇੰਡਸਟਰੀ ਦਾ ਆਉਂਦਾ ਹੈ ਜਿਹੜਾ ਲੋਕਾਂ ਦੇ ਖੇਤਾਂ ਦੇ ਵਿੱਚ, ਲੋਕਾਂ ਦੀਆਂ ਸੀਵਰੇਜ ਵਿੱਚ ਪੈਂਦਾ ਹੈ। ਉਸ ਵਾਸਤੇ ਵੀ ਬੜਾ ਉਪਰਾਲਾ ਕਰਨ ਦੀ ਜ਼ਰੂਰਤ ਹੈ ਕਿਉਂਕਿ ਜਿਥੇ ਪਾਲਿਊਸ਼ਨ ਨੂੰ ਦੂਰ ਕਰਨ ਦੀ ਜ਼ਰੂਰਤ ਹੈ, ਉਥੇ ਅਸੀਂ ਇੰਡਸਟਰੀ ਵਾਲਿਆਂ ਨੂੰ ਵੀ ਵਧਾਉਣਾ ਹੈ। ਮੈਂ ਇਹ ਗੱਲ ਸਮਝਦਾ ਹਾਂ ਕਿ ਜਿਸ ਵੇਲੇ ਇੰਡਸਟਰੀ ਵਾਲੇ ਆਪਣਾ ਪਲਾਂਟ ਲਗਾਉਂਦੇ ਹਨ ਤਾਂ ਉਨ੍ਹਾਂ ਨੂੰ ਐਨ.ਓ.ਸੀ. ਨਹੀਂ ਮਿਲਦਾ। ਇਸ ਤਰ੍ਹਾਂ ਦੇ ਕਈ ਕੇਸ ਮੇਰੇ ਨੋਟਿਸ ਵਿੱਚ ਵੀ ਆਏ ਹਨ ਕਿ ਜਿਹੜੇ ਸਰਕਾਰੀ ਅਫ਼ਸਰ ਹਨ, ਇੰਸਪੈਕਟਰ ਹਨ ਉਹ ਬੜੇ ਐਸੇ ਢੰਗ ਨਾਲ ਲਿਆਂਦੇ ਹਨ ਕਿ ਫਿਰ ਇੰਡਸਟਰੀ ਵਾਲਾ ਸਮਝਦਾ ਹੈ ਕਿ ਚਲੋ ਇੰਸਪੈਕਟਰਾਂ ਨਾਲ ਮਿਲ ਮਿਲਾ ਕੇ ਕੰਮ ਚਲਾਈ ਜਾਈਏ, ਟਰੀਟਮੈਂਟ ਪਲਾਂਟ ਲਗਾਉਣ ਦੀ ਕੀ ਜ਼ਰੂਰਤ ਹੈ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਇਸ ਨੂੰ ਇਸ ਮਾਮਲੇ ਉਤੇ ਸੋਚ ਕੇ ਕਿ ਜਿਹੜਾ ਐਨ.ਓ.ਸੀ. ਦਾ ਤਰੀਕਾ ਹੈ ਉਸ ਨੂੰ ਸਰਲ ਬਣਾਇਆ ਜਾਣਾ ਚਾਹੀਦਾ ਹੈ ਤਾਂਕਿ ਇੰਡਸਟਰੀ ਵਾਲੇ ਲੋਕਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ ਔਰ ਉਹ ਸਹੀ ਢੰਗ ਦੇ ਨਾਲ ਟਰੀਟਮੈਂਟ ਪਲਾਂਟ ਲਗਾਉਣ ਔਰ ਪਾਣੀ ਦੀ ਪਾਲਿਊਸ਼ਨ ਦੂਰ ਹੋ ਸਕੇ। ਜੇਕਰ ਅੱਜ ਸ਼ਹਿਰਾਂ ਦੇ ਵਿਚ ਵੇਖਿਆ ਜਾਵੇ ਕਿ ਜਿਥੇ ਪਾਣੀ ਦਾ ਪ੍ਰਦੂਸ਼ਣ ਹੈ ਔਰ ਉਸ ਦੇ ਨਾਲ ਨਾਲ ਸ਼ਹਿਰਾਂ ਦੇ ਵਿੱਚ ਜਿਵੇਂ ਕਾਰਾਂ ਜਾਂ ਹੋਰ ਥਰੀ-ਵਹੀਲਰ ਵਗੈਰਾ ਚਲਦੇ ਹਨ ਉਨ੍ਹਾਂ ਦੇ ਨਾਲ ਵੀ ਪਾਲਿਊਸ਼ਨ ਵਿਚ ਬਹੁਤ ਜ਼ਿਆਦਾ ਵਾਧਾ ਹੋ ਰਿਹਾ ਹੈ ਪਰੰਤੂ ਉਨ੍ਹਾਂ ਨੂੰ ਕੋਈ ਵੀ ਚੈਕ ਨਹੀਂ ਕੀਤਾ ਜਾਂਦਾ। ਲੋਕੀਂ ਮਿੱਟੀ ਦਾ ਤੇਲ ਪਾ ਕੇ ਸ਼ਹਿਰਾਂ ਦੇ ਵਿਚ ਪ੍ਰਦੂਸ਼ਣ ਵਧਾਉਂਦੇ ਹਨ। ਮੈਂ ਬੇਨਤੀ ਕਰਨੀ

ਚਾਹੁੰਦਾ ਹਾਂ ਕਿ ਇਸ ਉਤੇ ਸਾਨੂੰ ਪੂਰਾ ਯਤਨ ਕਰਨਾ ਚਾਹੀਦਾ ਹੈ ਤਾਂਕਿ ਜਿਹੜਾ ਪਾਣੀ ਦਾ ਪਲਿਊਸ਼ਨ ਹੈ, ਹਵਾ ਦਾ ਪਲਿਊਸ਼ਨ ਹੈ, ਇਨ੍ਹਾਂ ਦੋਨਾਂ ਨੂੰ ਦੂਰ ਕੀਤਾ ਜਾ ਸਕੇ। ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ ਮੈਂ ਵੀ ਇਸ ਦੇ ਨਾਲ ਸਹਿਮਤ ਹਾਂ ਕਿਉਂਕਿ ਇਹ ਬਹੁਤ ਅਹਿਮ ਮਤਾ ਹੈ ਔਰ ਇਨਸਾਨੀ ਜ਼ਿੰਦਗੀ ਦੇ ਨਾਲ ਤੁਅੱਲਕ ਰਖਦਾ ਹੈ। ਸਰਕਾਰ ਜਿਵੇਂ ਉਪਰਾਲੇ ਕਰ ਰਹੀ ਹੈ ਜਲਦੀ ਤੋਂ ਜਲਦੀ ਟਰੀਟਮੈਂਟ ਪਲਾਂਟ ਲਗਾ ਕੇ ਪਾਣੀ ਦੇ ਪ੍ਰਦੂਸ਼ਣ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਅੰਤ ਵਿੱਚ ਮੈਂ, ਸਰਦਾਰ ਤੋਤਾ ਸਿੰਘ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਮਤਾ ਇਸ ਸਦਨ ਦੇ ਵਿੱਚ ਲਿਆਂਦਾ ਹੈ। ਜੈ ਹਿੰਦ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ (ਸ਼੍ਰੀ ਅਸ਼ਵਨੀ ਸ਼ੇਖੜੀ)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਸ਼ੁਕਰਗੁਜ਼ਾਰ ਹਾਂ ਕੀ ਤੁਸੀਂ ਮੈਨੂੰ ਬਹੁਤ ਹੀ ਅਹਿਮ ਮਤੇ/ਇਸ਼ੂ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਜਥੇਦਾਰ ਤੋਤਾ ਸਿੰਘ ਜੀ ਨੇ ਇਹ ਜਿਹੜਾ ਇਸ਼ੂ ਵਿਧਾਨ ਸਭਾ ਵਿੱਚ ਮੈਂਬਰ ਸਾਹਿਬਾਨ ਦੇ ਗੌਰ ਲਈ ਪੇਸ਼ ਕੀਤਾ ਹੈ ਇਸ ਰੈਜ਼ੋਲਿਊਸ਼ਨ ਨੂੰ ਮੈਂ ਸਮਝਦਾ ਹਾਂ ਕਿ It is one of the most important problem which is being faced by Punjabis today. ਸਦੀਆਂ ਤੋਂ ਪੰਜਾਬ ਦੀ ਜਿਹੜੀ ਧਰਤੀ ਹੈ ਇਥੇ ਪੰਜਾਂ ਦਰਿਆਵਾਂ ਦਾ ਪਾਣੀ ਵਗਦਾ ਸੀ, ਬੜਾ ਮਿੱਠਾ ਪਾਣੀ ਮਿਲਦਾ ਸੀ। ਮੈਨੂੰ ਪਿਛਲੇ ਦਿਨੀਂ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ ਹੈ ਔਰ ਜਿਹੜੇ ਪਾਕਿਸਤਾਨ ਵਿੱਚ ਜੇਹਲਮ, ਝਨਾਬ ਆਦਿ ਦਰਿਆ ਵਗਦੇ ਹਨ, ਉਨ੍ਹਾਂ ਨੂੰ, ਉਥੋਂ ਦੀ ਧਰਤੀ ਨੂੰ ਵੇਖਣ ਦਾ ਮੌਕਾ ਮਿਲਿਆ ਹੈ। ਡਿਪਟੀ ਸਪਕੀਰ ਸਾਹਿਬ, ਮੈਂ ਜਦੋਂ ਛੋਟਾ ਸੀ ਤਾਂ ਮੈਂ ਇਹ ਕਦੇ ਸੋਚਿਆ ਵੀ ਨਹੀਂ ਸੀ ਕਿ ਸਾਨੂੰ ਕਿਸੇ ਵੇਲੇ ਮਿਨਰਲ ਵਾਟਰ ਜਾਂ ਪਾਣੀ ਉਬਾਲ ਕੇ ਪੀਣਾ ਪਿਆ ਕਰੇਗਾ। ਅੱਜ ਕਿਸ ਤਰ੍ਹਾਂ ਪੰਜਾਬ ਦੇ ਦਰਿਆਵਾਂ ਦਾ ਪਾਣੀ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ ਔਰ ਇਹ ਜਿਹੜਾ ਖਰਾਬ ਪਾਣੀ, ਪ੍ਰਦੂਸ਼ਿਤ ਹੋਇਆ ਪਾਣੀ ਹੈ ਇਸ ਨੇ ਸਾਡੀ ਜ਼ਮੀਨ ਦੇ ਵਾਟਰ ਬੇਸਿਨ ਨੂੰ ਵੀ ਪ੍ਰਦੂਸ਼ਿਤ ਕਰਕੇ ਰੱਖ ਦਿੱਤਾ ਹੈ। ਅੱਜ ਦੇ ਦਿਨ ਇਹ ਜਿਹੜਾ ਪਾਲਿਊਸ਼ਨ ਹੈ ਇਹ ਨਾ ਕੇਵਲ ਇੰਡਸਟਰੀ ਵਾਲਿਆਂ ਵਾਸਤੇ, ਬਲਕਿ ਹਿਊਮਨ ਜਿਹੜੇ ਪਾਣੀ ਯੂਜ਼ ਕਰਦੇ ਹਨ, ਲੋਕ ਜਿਹੜਾ ਪਾਣੀ ਯੂਜ਼ ਕਰਦੇ ਹਨ ਉਸ ਦੇ ਉਤੇ ਬਹੁਤ ਜ਼ਿਆਦਾ ਅਸਰ ਪੈਂਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪਾਣੀ ਖਰਾਬ ਹੈ, ਇਸ ਨੂੰ ਦੂਰ ਕਰਨ ਵਾਸਤੇ ਜ਼ਰੂਰੀ ਹੈ ਕਿ ਅਸੀਂ ਪਾਣੀ ਨੂੰ ਟਰੀਟਮੈਂਟ ਦੇਈਏ ਤਾਂਕਿ ਇਹ ਜਿਹੜਾ ਪਾਣੀ ਹੈ ਇਹ ਦਰਿਆ ਦੇ ਵਿੱਚ ਜਾਂ ਵਾਟਰ ਬੇਸਿਨ ਦੇ ਵਿੱਚ ਜਾਵੇ ਤਾਂ ਪਾਣੀ ਨੂੰ ਪ੍ਰਦੂਸ਼ਿਤ ਨਾ ਕਰ ਸਕੇ। ਇਸ ਲਈ ਇਸ ਤੋਂ ਪਹਿਲਾਂ ਪਾਣੀ ਦੀ ਟਰੀਟਮੈਂਟ ਹੋਣੀ ਚਾਹੀਦੀ ਹੈ। ਜਿਥੇ ਇੰਡਸਟਰੀ ਵਾਲੇ ਜਾਂ ਦੂਸਰੇ ਲੋਕ ਜਿਹੜੇ ਟੈਨਰੀ ਦਾ ਕੰਮ ਕਰਦੇ ਹਨ ਉਨ੍ਹਾਂ ਨੂੰ ਪਾਣੀ ਡਿਸਪੋਜ਼ ਆਫ਼ ਕਰਨ ਤੋਂ ਪਹਿਲਾਂ ਟਰੀਟ ਕਰਨਾ ਚਾਹੀਦਾ ਹੈ। ਇਹ ਬਹੁਤ ਜ਼ਰੂਰੀ ਹੈ ਕਿ ਜਿਹੜੀ ਹਿਊਮਨ ਵੇਸਟ ਹੈ ਜਿਸ ਨਾਲ ਪਾਣੀ ਖਰਾਬ ਹੁੰਦਾ ਹੈ ਉਸ ਦਾ ਡਿਸਪਜ਼ਲ ਜਿਹੜਾ ਨਦੀਆਂ ਨਾਲਿਆਂ ਵਿਚ ਕਰਨਾ ਹੈ, ਉਸ ਦਾ ਟਰੀਟਮੈਂਟ ਜ਼ਰੂਰੀ ਹੈ। ਮੈਂ ਲੋਕਲ ਬਾਡੀਜ਼ ਮਨਿਸਟਰ, ਡਿੰਪਾ ਜੀ ਅਤੇ ਪਲਿਊਸ਼ਨ ਬੋਰਡ ਦੇ ਚੇਅਰਮੈਨ ਨੂੰ ਕਹਿਣਾ ਚਾਹਾਂਗਾ ਕਿ ਜਿੰਨੀਆਂ ਮਿਊਂਸਪਲ ਕਾਰਪੋਰੇਸ਼ਨ ਹਨ, ਜਿਥੇ ਸੀਵਰੇਜ ਪੈ ਚੁੱਕਾ ਹੈ ਉਸ ਦਾ ਜਿਹੜਾ ਪਾਣੀ ਡਿਸਪੋਜ਼ ਕਰਨਾ ਹੈ ਉਸ ਵਾਸਤੇ ਹਰ ਜਗ੍ਹਾ ਤੇ

**[ਸੰਸਦੀ ਸਕੱਤਰ ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]**

ਟਰੀਟਮੈਂਟ ਪਲਾਂਟ ਲਗਾਉਣੇ ਚਾਹੀਦੇ ਹਨ। ਪਿਛੇ ਜਿਹੇ ਪਾਲਿਊਸ਼ਨ ਕੰਟਰੋਲ ਬੋਰਡ ਦੇ ਚੇਅਰਮੈਨ ਬਾਜਵਾ ਸਾਹਿਬ ਨਾਲ ਮੇਰੀ ਮੀਟਿੰਗ ਹੋਈ ਸੀ। ਇਸ ਬੋਰਡ ਦਾ ਕੰਮ ਹੈ ਕਿ ਏਅਰ ਤੇ ਵਾਟਰ ਦੀ ਪਾਲਿਊਸ਼ਨ ਨੂੰ ਖ਼ਤਮ ਕਰਨਾ। ਇਨ੍ਹਾਂ ਕੋਲ ਫੰਡ ਵੀ ਕਾਫੀ ਹਨ। ਸਾਡੀ ਲੋਕਲ ਬਾਡੀਜ਼ ਮਨਿਸਟਰੀ ਤੇ ਪਾਲਿਊਸ਼ਨ ਬੋਰਡ ਦੀ ਕੁਲੈਬੋਰੇਸ਼ਨ ਹੋਵੇ ਤਾਂ ਕਿ ਜਿਹੜੇ ਸਾਡੇ ਮੇਜਰ ਸ਼ਹਿਰ ਹਨ ਅਤੇ ਏ ਕਲਾਸ ਮਿਉਂਸਪਲ ਕਮੇਟੀਆਂ ਹਨ ਜਿਹੜੀਆਂ ਲੱਖਾਂ ਗੈਲਨ ਪਾਣੀ ਯੂਜ਼ ਕਰਦੀਆਂ ਹਨ ਅਤੇ ਉਹ ਪਾਣੀ ਨਦੀਆਂ-ਨਾਲਿਆਂ ਵਿਚ ਜਾ ਰਿਹਾ ਹੈ ਉਸ ਦਾ ਟਰੀਟਮੈਂਟ ਕਰਾਉਣ। ਮੇਰਾ ਸੁਝਾਅ ਹੈ ਕਿ ਇਸ ਤੇ ਇਮੀਜੀਏਟਲੀ ਕੋਈ ਨਾ ਕੋਈ ਕਾਰਵਾਈ ਕਰੀਏ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਇਕ ਗੱਲ, ਇਸ ਹਾਊਸ ਨਾਲ ਸ਼ੇਅਰ ਕਰਨੀ ਚਾਹੁੰਦਾ ਹਾਂ ਕਿ ਕਲਚਰਲ ਅਫੇਅਰਜ਼, ਟੂਰਿਜ਼ਮ ਮਨਿਸਟਰ ਵਜੋਂ ਮੈਂ ਇਕ ਵਾਰ ਜਿਥੇ ਬਿਆਸ ਤੇ ਸਤਲੁਜ ਦਾ ਸੰਗਮ ਹੈ ਉਥੇ ਗਿਆ। ਉਸ ਜਗ੍ਹਾ ਤੇ ਸਾਫ਼ ਨਜ਼ਰ ਆਉਂਦਾ ਹੈ ਕਿ ਬਿਆਸ ਦਾ ਪਾਣੀ ਸਾਫ਼ ਤੇ ਸਤਲੁਜ ਦਾ ਕਾਲਾ, ਗੰਦਾ ਪਾਣੀ ਹੈ। ਮੈਂ ਦੇਖ ਕੇ ਹੈਰਾਨ ਰਹਿ ਗਿਆ ਕਿ ਸਤਲੁਜ ਦਾ ਇੰਨਾ ਪਲਿਊਟਿਡ ਵਾਟਰ ਹੈ, ਜਿਹੜਾ ਕਿ ਸਾਡੀ ਜ਼ਮੀਨ ਨੂੰ ਬਰਬਾਦ ਕਰ ਰਿਹਾ ਹੈ। ਪਾਣੀ ਦਾ ਕਾਲਾ ਰੰਗ ਸਾਫ਼ ਨਜ਼ਰ ਆਉਂਦਾ ਹੈ। ਇਸ ਲਈ ਬਹੁਤ ਇੰਪਾਰਟੈਂਟ ਹੈ ਕਿ ਵਾਟਰ ਟਰੀਟਮੈਂਟ ਪਲਾਂਟ ਜਿਥੇ ਵਾਟਰ ਡਿਸਪੋਜ਼ ਕਰਨਾ ਹੈ, ਲਗਾਏ ਜਾਣ। ਇਕ ਚੀਜ਼ ਨੋਟ ਕਰਨ ਵਾਲੀ ਹੈ ਕਿ ਜਿਸ ਰਫਤਾਰ ਨਾਲ ਪਲਿਊਸ਼ਨ ਵੱਧ ਰਿਹਾ ਹੈ, ਜੇ ਇਸ ਤੇ ਕੋਈ ਅੰਕੁਸ਼ ਨਾ ਲਗਾਇਆ, ਕੋਈ ਫੁਲਸਟਾਪ ਨਾ ਲਗਾਇਆ ਗਿਆ ਤਾਂ ਆਉਣ ਵਾਲੇ ਸਾਲਾਂ ਵਿਚ ਇਹ ਪਾਣੀ ਸਾਡੇ ਪੀਣ ਯੋਗ ਨਹੀਂ ਰਹਿਣਾ । ਫਸਲਾਂ ਵਾਸਤੇ ਵੀ ਇਹ ਬਹੁਤ ਵੱਡਾ ਨੁਕਸਾਨ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਜ਼ਰੂਰ ਕਹਾਂਗਾ ਕਿ ਪਿਛਲੇ ਦਿਨੀਂ ਇਕ ਬਹੁਤ ਅਹਿਮ ਮੁੱਦਾ ਸ੍ਰੀ ਜੁਗਲ ਕਿਸ਼ੋਰ ਜੀ ਨੇ ਉਠਾਇਆ ਸੀ ਉਸ ਤੇ 2-3 ਘੰਟੇ ਕਾਫੀ ਬਹਿਸ ਹੋਈ, ਐਂਟੀ ਡਰੱਗਜ਼ ਤੇ ਵਿਚਾਰ ਰੱਖੇ ਗਏ ਪਰ ਉਹ ਮਤਾ ਪਾਸ ਨਹੀਂ ਹੋ ਸਕਿਆ, ਕਿਉਂਕਿ ਸਮਾਂ ਖ਼ਤਮ ਹੋ ਚੁੱਕਾ ਸੀ। ਇਹ ਇਸ਼ੂ ਸਾਡੀ ਆਉਣ ਵਾਲੀ ਨਸਲ, ਜੈਨਰੇਸ਼ਨ ਲਈ ਬਹੁਤ ਵੱਡਾ ਸਵਾਲ ਹੈ ਕਿਉਂਕਿ ਜਿਹੜੀ ਸਾਡੇ ਤੋਂ ਪਹਿਲਾਂ ਜੈਨਰੇਸ਼ਨ ਸੀ, ਸਾਡੇ ਪਿਤਾ ਜੀ ਤੁਸੀਂ ਸਾਰੇ ਸੀਨੀਅਰ ਬੰਦੇ ਸੀ ਉਸ ਵੇਲੇ ਤੇ ਅੱਜ ਦੇ ਜ਼ਮਾਨੇ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਜਿੰਨਾ ਪਾਲਿਊਸ਼ਨ ਪਿਛਲੇ 10-15 ਸਾਲਾਂ ਵਿਚ ਹੋਇਆ ਹੈ ਇੰਨਾ ਪਿਛਲੀਆਂ 15 ਸਦੀਆਂ ਵਿਚ ਨਹੀਂ ਹੋਇਆ ਹੋਣਾ। ਸੈਂਕੜੇ ਸਾਲ ਬੀਤ ਗਏ। ਹਿਊਮਨ ਵੇਸਟ ਨੇ ਪਾਣੀ ਨੂੰ ਇੰਨਾ ਖਰਾਬ ਨਹੀਂ ਕੀਤਾ। ਪਰ ਇਨ੍ਹਾਂ 10-15 ਸਾਲਾਂ ਵਿਚ ਬਹੁਤ ਪਾਣੀ ਪਾਲਿਊਟ ਹੋਇਆ ਹੈ। ਪਹਿਲਾਂ ਸਾਡੇ ਟਰੈਡੀਸ਼ਨਲ ਸੋਰਸਿਜ਼ ਸਨ, ਹਰ ਪਿੰਡ ਵਿਚ ਇਕ ਛੱਪੜ ਹੁੰਦਾ ਸੀ, ਉਹ ਸਾਰੇ ਹੁਣ ਪੂਰੇ ਗਏ, ਸ਼ਹਿਰਾਂ ਵਿਚ ਤਲਾਅ ਜ਼ਰੂਰ ਹੁੰਦਾ ਸੀ, ਲੋਕਾਂ ਨੇ ਉਥੇ ਜਾ ਕੇ ਬਾਥ ਕਰਨਾ ਪਰ ਹੁਣ ਤਾਂ ਹਰ ਘਰ ਵਿਚ ਹਰ ਕਮਰੇ ਦੇ ਨਾਲ ਬਾਥਰੂਮ, ਟੂਟੀ ਲੱਗੀ ਹੋਈ ਹੈ। ਹਰ ਇਨਸਾਨ ਇਕ ਬਾਲਟੀ ਨਾਲ ਨਹਾ ਸਕਦਾ ਹੈ ਪਰ 4 ਬਾਲਟੀਆਂ ਵਰਤੀਆਂ ਜਾਂਦੀਆਂ ਹਨ ਕਿਉਂਕਿ ਪੰਜਾਬ ਵਿਚ ਪਾਣੀ ਖੁੱਲ੍ਹਾ ਹੈ, ਪਾਣੀ ਵੇਸਟ ਜਾ ਰਿਹਾ ਹੈ। ਸੀਵਰੇਜ ਦੇ ਪਾਣੀ ਨੂੰ ਟ੍ਰੀਟ ਜ਼ਰੂਰ ਕਰਨਾ ਚਾਹੀਦਾ ਹੈ ਇਹ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਇਸ ਦਾ ਟ੍ਰੀਟਮੈਂਟ ਸਰਕਾਰੀ ਪੱਧਰ ਤੇ ਕਰਨਾ ਚਾਹੀਦਾ ਹੈ। ਜਿਥੋਂ ਤੱਕ ਇੰਡਸਟਰੀ ਵਾਲਿਆਂ ਦਾ ਸਵਾਲ ਹੈ ਉਹ ਜ਼ਰੂਰ ਕੋਆਪਰੇਟ ਕਰਦੇ ਹਨ। 2-4 ਜਗ੍ਹਾ

ਤੇ ਡਿਸਟਿਲਰੀਜ਼ ਹਨ ਜਿਨ੍ਹਾਂ ਦੀ ਸਮੈਲ ਆਉਂਦੀ ਹੈ। ਕੁਝ ਲੋਕਾਂ ਨੇ ਇਸ ਦੀ ਕੰਪਲੇਂਟ ਕੀਤੀ ਹੈ ਔਰ ਮੈਂ ਸਮਝਦਾ ਹਾਂ ਕਿ ਪਾਲਿਊਸ਼ਨ ਕੰਟਰੋਲ ਬੋਰਡ ਤੇ ਵਾਟਰ ਸੀਵਰੇਜ਼ ਬੋਰਡ ਨੂੰ ਇਨ੍ਹਾਂ ਦੇ ਖਿਲਾਫ਼ ਕੋਈ ਐਕਸ਼ਨ ਲੈਣਾ ਚਾਹੀਦਾ ਹੈ। ਕਈ ਪਿੰਡਾਂ ਵਿਚ ਇਸ ਦੀ ਸਮੈਲ ਜਾ ਰਹੀ ਹੈ। ਇਸ ਚੀਜ਼ ਦਾ ਹੱਲ ਕੱਢਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਜ਼ਰੂਰੀ ਹੈ ਕਿ ਵਾਟਰ ਟ੍ਰੀਟਮੈਂਟ ਪਲਾਂਟ ਲਗਾਇਆ ਜਾਵੇ, ਮੈਂ ਬਟਾਲਾ ਸਿਟੀ ਨੂੰ ਰੀਪ੍ਰੈਜ਼ੈਂਟ ਕਰਦਾ ਹਾਂ। ਅੱਜ ਮੇਰੇ ਸ਼ਹਿਰ ਵਿਚ ਸਭ ਤੋਂ ਵੱਡੀ ਪ੍ਰਾਬਲਮ ਸੀਵਰੇਜ਼ ਡਿਸਪੋਜ਼ਲ ਦੀ ਹੈ। ਮੈਂ ਸਮਝਦਾ ਹਾਂ ਕਿ ਉਸ ਸ਼ਹਿਰ ਵਿਚ ਜਦੋਂ ਵੀ ਸੜਕਾਂ ਬਣਦੀਆਂ ਹਨ, ਸੀਵਰੇਜ਼ ਦਾ ਪਾਣੀ ਚੋਕ ਹੋ ਜਾਂਦਾ ਹੈ। ਉਥੇ ਸੀਵਰ ਦਾ ਪਾਣੀ ਚੋਕ ਹੋ ਜਾਂਦਾ ਹੈ ਕਿਉਂਕਿ ਸਾਡੇ ਇੱਥੇ ਹਿਊਮਨ ਨੇਚਰ ਹੀ ਇਹੋ ਜਹੀ ਹੈ ਕਿ ਲਿਫਾਫੇ ਆਦਿ ਉਥੇ ਸੁੱਟ ਦਿੰਦੇ ਹਨ ਅਤੇ ਗੰਦ ਪਾ ਦਿੰਦੇ ਹਨ। ਇਸੇ ਕਾਰਨ ਸੀਵਰ ਬੰਦ ਹੋ ਜਾਂਦਾ ਹੈ। ਇਸ ਨੂੰ ਰੋਕਣ ਲਈ ਸਾਨੂੰ ਸਮਾਜ ਨੂੰ ਸਮਝਾਉਣ ਲਈ ਸਪੈਸ਼ਲ ਕੰਪੇਨ ਚਲਾਉਣੀ ਚਾਹੀਦੀ ਹੈ। ਅਸੀਂ ਲੋਕਾਂ ਨੂੰ ਐਜੂਕੇਟ ਕਰੀਏ ਕਿ ਸ਼ਹਿਰਾਂ ਦੇ ਵਿਚ ਸੀਵਰ ਨੂੰ ਕਿਸ ਤਰ੍ਹਾਂ ਸਹੀ ਢੰਗ ਨਾਲ ਚਲਾਉਣਾ ਹੈ। ਕਿਸ ਤਰ੍ਹਾਂ ਇਨ੍ਹਾਂ ਨੂੰ ਸਹੀ ਹਾਲਤ ਵਿਚ ਰੱਖ ਸਕਦੇ ਹਾਂ। ਇਸ ਦੇ ਵਾਸਤੇ ਸੈਮੀਨਾਰ ਕੀਤੇ ਜਾ ਸਕਦੇ ਹਨ। ਸਕੂਲਾਂ ਦੇ ਵਿਚ ਬੱਚਿਆਂ ਨੂੰ ਵੀ ਦੱਸਣਾ ਚਾਹੀਦਾ ਹੈ। It is very important. ਅਸੀਂ ਸੀਵਰ ਨੂੰ ਸ਼ੁੱਧ ਰੱਖਣ ਵਾਸਤੇ ਆਪਣੇ ਕਰੀਕੁਲਮ ਦੇ ਵਿਚ ਅਤੇ ਸਿਲੇਬਸ ਦੇ ਵਿਚ ਇਸ ਬਾਰੇ ਹਿੱਸਾ ਪਾਈਏ, ਸਿਲੇਬਸ ਦੇ ਵਿਚ ਚੀਜ਼ਾਂ ਸ਼ਾਮਲ ਕੀਤੀਆਂ ਜਾਣ। ਸਪੈਸ਼ਲ ਇਨ੍ਹਾਂ ਗੱਲਾਂ ਬਾਰੇ ਦੱਸਿਆ ਜਾਵੇ ਤਾਂ ਕਿ ਬੱਚਿਆਂ ਨੂੰ ਬਚਪਨ ਵਿਚ ਹੀ ਆਦਤ ਬਣ ਸਕੇ ਕਿ ਸੀਵਰੇਜ਼ ਸਹੀ ਢੰਗ ਨਾਲ ਕਿਵੇਂ ਰੱਖੇ ਜਾ ਸਕਦੇ ਹਨ। ਪਾਣੀ ਨੂੰ ਸਾਫ ਕਿਵੇਂ ਰੱਖਿਆ ਜਾ ਸਕਦਾ ਹੈ ਔਰ ਏਅਰ ਨੂੰ ਕਿਵੇਂ ਸਾਫ ਰੱਖਿਆ ਜਾ ਸਕਦਾ ਹੈ। ਆਲੇ ਦੁਆਲੇ ਦੀ ਸਫਾਈ ਕਿਵੇਂ ਰੱਖਣੀ ਹੈ ਅਤੇ ਗੰਦਗੀ ਕਿਸ ਤਰ੍ਹਾਂ ਦੂਰ ਕਰਨੀ ਹੈ।

ਡਿਪਟੀ ਸਪੀਕਰ ਸਾਹਿਬ, ਪਿਛੇ ਜਿਹੇ ਮੈਨੂੰ ਜਾਪਾਨ ਜਾਣ ਦਾ ਮੌਕਾ ਮਿਲਿਆ। ਅਸੀਂ ਉਥੇ ਟੋਕੀਓ ਵੀ ਗਏ ਸੀ। ਮੇਰੇ ਨਾਲ ਕੁਝ ਬੰਦੇ ਹੋਰ ਸਨ। ਅਫ਼ਸਰ ਵੀ ਸਨ ਅਤੇ ਦੋ-ਤਿੰਨ ਬੰਦੇ ਇੰਡਸਟਰੀ ਨਾਲ ਸਬੰਧਤ ਵੀ ਮੇਰੇ ਨਾਲ ਸਨ। ਅਸੀਂ ਉਥੇ ਕਿਲਾ ਵੇਖਣ ਚਲੇ ਗਏ। ਅਸੀਂ ਉਥੋਂ ਪੌਪਕਾਰਨ ਲਏ ਅਤੇ ਪੌਪਕਾਰਨ ਖਾਣ ਲੱਗੇ। ਜਦੋਂ ਉਹ ਖਤਮ ਹੋ ਗਏ ਤਾਂ ਮੈਂ ਵੇਖਿਆ ਕਿ ਹੁਣ ਲਿਫਾਫਾ ਕਿੱਥੇ ਸੁੱਟਾਂ। ਉਥੋਂ ਦੀਆਂ ਸੜਕਾਂ ਤੇ ਲਿਫਾਫਾ ਤਾਂ ਕੀ ਸੁੱਟਣਾ ਸੀ, ਉਥੇ ਸਾਨੂੰ ਇੱਕ ਪਿੰਨ ਵੀ ਗਿਰੀ ਹੋਈ ਨਜ਼ਰ ਨਹੀਂ ਆਈ। I asked the Police Officer where do I throw it. ਇਸ ਦੇ ਜਵਾਬ ਵਿਚ ਉਸ ਨੇ ਕਿਹਾ ਕਿ keep it in your pocket and throw it in your room. ਮਤਲਬ ਕਿ ਉਨ੍ਹਾਂ ਨੇ ਉਥੇ ਡਸਟਬਿਨ ਵੀ ਨਹੀਂ ਰੱਖੇ ਹੋਏ ਸਨ। ਉਨ੍ਹਾਂ ਨੇ ਕਿਹਾ ਕਿ ਆਪਣੇ ਨਾਲ ਲਿਜਾਓ ਅਤੇ ਆਪਣੇ ਕਮਰੇ ਦੇ ਵਿਚ ਡਸਟਬਿਨ ਵਿਚ ਜਾ ਕੇ ਸੁਟੋ। ਉਥੇ ਸਫਾਈ ਰੱਖਣ ਦੇ

[ਸੰਸਦੀ ਸਕੱਤਰ ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਇਸ ਤਰ੍ਹਾਂ ਦੇ ਪ੍ਰਬੰਧ ਹਨ। ਉਥੇ ਸਵੱਛਤਾ ਰੱਖਣ ਦਾ ਬੜਾ ਵਧੀਆ ਵਾਤਾਵਰਣ ਬਣਿਆ ਹੋਇਆ ਹੈ ਜੋ ਕਿ ਸਾਡੇ ਇੱਥੇ ਨਹੀਂ ਹੈ। ਇਸ ਤੋਂ ਇਲਾਵਾ ਇਹ ਵੀ ਵੇਖਣ ਵਾਲੀ ਗੱਲ ਹੈ ਮੈਂ ਪੰਜਾਬ ਦੇ ਲੋਕਾਂ ਬਾਰੇ ਵੀ ਇੱਥੇ ਦੱਸਣਾ ਚਾਹੁੰਦਾ ਹਾਂ ਕਿ ਸ਼ਹਿਰ ਦੇ ਲੋਕਾਂ ਨੂੰ ਅਤੇ ਆਪਣੇ ਹਲਕੇ ਦੇ ਪਿੰਡਾਂ ਦੇ ਲੋਕਾਂ ਨੂੰ ਵੀ ਵੇਖਿਆ ਹੈ ਕਿ ਉਹ ਲੋਕ ਬਿਆਸ ਡੇਰੇ ਵਿਚ ਜਾਂਦੇ ਹਨ ਅਤੇ ਉਸ ਡੇਰੇ ਨੂੰ ਬਹੁਤ ਸਾਫ ਸੁਥਰਾ ਰੱਖਦੇ ਹਨ। ਉਥੇ ਸਾਨੂੰ ਕੋਈ ਗੰਦ ਨਜ਼ਰ ਨਹੀਂ ਆਉਂਦਾ। ਪਰ ਉਹੀ ਲੋਕ ਜਦੋਂ ਆਪਣੇ ਸ਼ਹਿਰ ਜਾਂ ਪਿੰਡ ਦੀਆਂ ਗਲੀਆਂ ਦੇ ਵਿਚ ਆ ਜਾਂਦੇ ਹਨ ਤਾਂ ਉਹ ਉਥੇ ਲਿਫਾਫੇ ਵੀ ਸੁੱਟ ਦਿੰਦੇ ਹਨ ਅਤੇ ਗੰਦ ਵੀ ਪਾ ਦਿੰਦੇ ਹਨ। ਅੱਜ ਜ਼ਰੂਰਤ ਸਾਡੀ ਇਹ ਹੈ ਕਿ ਹਿਊਮਨ ਟੈਂਡੇਸੀ ਨੂੰ ਬਦਲਿਆ ਜਾਵੇ। ਹਿਊਮਨ ਟੈਂਡੇਸੀ ਬਦਲਣ ਦੀ ਜ਼ਰੂਰਤ ਹੈ। ਇਸ ਦੇ ਵਾਸਤੇ ਬੱਚਿਆਂ ਨੂੰ ਸਕੂਲ ਲੈਵਲ ਤੇ ਹੀ ਸਮਝਾਇਆ ਜਾਵੇ। ਬੱਚਿਆਂ ਦੇ ਮਨ ਵਿਚ ਹੀ ਇਹ ਗੱਲ ਬੈਠ ਜਾਵੇ ਕਿ ਪੋਲਿਊਸ਼ਨ ਕਿਸ ਤਰ੍ਹਾਂ ਘਟਾਉਣਾ ਹੈ। ਸਵੱਛਤਾ ਕਿਵੇਂ ਰੱਖਣੀ ਹੈ। ਮੈਨੂੰ ਹੁਣੇ ਇੱਥੇ ਹੀ ਬੋਲਣ ਦਾ ਮੌਕਾ ਮਿਲਿਆ ਹੈ। ਅਗਰ ਪਹਿਲਾਂ ਪਤਾ ਹੁੰਦਾ ਤਾਂ ਮੈਂ ਪੂਰੀ ਤਿਆਰੀ ਕਰ ਆਉਂਦਾ। ਅੱਜ ਜ਼ਰੂਰਤ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ, ਆਉਣ ਵਾਲੀ ਜੈਨੇਰੇਸ਼ਨ ਨੂੰ ਟਰੇਨਿੰਗ ਦੇਈਏ। ਅੱਜ ਸਾਡੇ ਮਾਨਯੋਗ ਚੀਫ ਮਨਿਸਟਰ ਸਾਹਿਬ ਇੱਥੇ ਨਹੀਂ ਹਨ। ਚੌਧਰੀ ਜਗਜੀਤ ਸਿੰਘ ਜੀ ਹੋਰਾਂ ਨੇ ਰਿਪ੍ਰੈਜ਼ੈਂਟ ਕਰਨਾ ਹੈ। ਮੈਂ ਇਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਇਮੀਜੀਏਟਲੀ ਇਸੇ ਸਰਕਾਰ ਦੇ ਸਮੇਂ ਵਿਚ ਹੀ ਪ੍ਰਬੰਧ ਹੋਵੇ ਅਤੇ ਸਟੈਪ ਲੈਣੇ ਚਾਹੀਦੇ ਹਨ ਤਾਂ ਕਿ ਜਿਹੜੇ ਸ਼ਹਿਰਾਂ ਦੀ ਆਬਾਦੀ ਇੱਕ ਲੱਖ ਤੋਂ ਉਪਰ ਹੋ ਗਈ ਹੈ, ਉਨ੍ਹਾਂ ਨੂੰ ਹੁਣੇ ਤੋਂ ਹੀ ਸੰਭਾਲਿਆ ਜਾਵੇ। ਕਾਲੋਨੀਆਂ ਮਸ਼ਰੂਮਾਂ ਦੀ ਤਰ੍ਹਾਂ ਵੱਧ ਰਹੀਆਂ ਹਨ, ਜਿਸ ਕਾਰਨ ਸੀਵਰੇਜ਼ ਸਿਸਟਮ ਤੇ ਵੀ ਅਸਰ ਪੈ ਰਿਹਾ ਹੈ। ਜਿੱਥੇ ਸੀਵਰੇਜ ਇੱਕ ਲੱਖ ਪਾਪੂਲੇਸ਼ਨ ਦੇ ਹਿਸਾਬ ਨਾਲ ਪਾਇਆ ਗਿਆ ਸੀ, ਉਥੇ ਹੁਣ ਕਾਲੋਨੀਆਂ ਦੇ ਵਧਣ ਕਾਰਨ ਦੋ ਲੱਖ ਦੀ ਆਬਾਦੀ ਹੋ ਜਾਂਦੀ ਹੈ ਕਿਉਂਕਿ ਪਿੰਡਾਂ ਦੇ ਲੋਕ ਵੀ ਸ਼ਹਿਰਾਂ ਦੇ ਵਿਚ ਆ ਜਾਂਦੇ ਹਨ। ਇਸ ਨਾਲ ਸੀਵਰੇਜ ਸਿਸਟਮ ਤੇ ਇਫੈਕਟ ਹੁੰਦਾ ਹੈ। ਇਸ ਗੱਲ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਮੈਂ ਸਮਝਦਾ ਹਾਂ ਕਿ ਅਸੀਂ ਜਿੰਨੀਆਂ ਮਰਜ਼ੀ ਸੜਕਾਂ ਬਣਾ ਲਈਏ, ਜਦੋਂ ਸੀਵਰ ਦਾ ਪਾਣੀ ਓਵਰਫਲੋਅ ਹੋ ਜਾਂਦਾ ਹੈ ਤਾਂ ਉਹ ਘਰਾਂ ਵਿਚ ਆ ਵੜਦਾ ਹੈ ਜਿਸ ਦੇ ਕਾਰਨ ਕਾਫ਼ੀ ਬਿਮਾਰੀਆਂ ਫੈਲਦੀਆਂ ਹਨ। ਸਾਡੇ ਬਟਾਲਾ ਦੇ ਵਿਚ ਵੀ ਇੱਕ ਵਾਰੀ ਡੇਂਗੂ ਦੀ ਬਿਮਾਰੀ ਫੈਲੀ ਸੀ। ਮੈਂ ਇਸ ਬਾਰੇ ਹੈਲਥ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਸੀ। ਸਾਨੂੰ ਉਥੇ 15-20 ਦਿਨ ਜਾ ਕੇ ਬਹੁਤ ਮਿਹਨਤ ਕਰਨੀ ਪਈ। ਕਈ ਜਾਨਾਂ ਬਚਾਉਣੀਆਂ ਪਈਆਂ। ਕਈ ਸੂਬਿਆਂ ਦੇ ਲੋਕ ਇਸ ਬਿਮਾਰੀ ਕਾਰਨ ਇਸ ਦੁਨੀਆਂ ਨੂੰ ਛੱਡ ਗਏ। ਅਸੀਂ ਉਥੇ ਬਚਾਅ ਦੇ ਪ੍ਰਬੰਧ ਕੀਤੇ। ਇਹ ਬਿਮਾਰੀ ਵੀ ਸੀਵਰ ਦੇ ਪਾਣੀ ਤੋਂ ਹੀ ਸ਼ੁਰੂ ਹੋਈ ਸੀ। ਉਥੇ ਡੇਂਗੂ ਮਸ਼ਰੂਮ ਦੀ ਤਰ੍ਹਾਂ ਫੈਲਿਆ। ਫਿਰ ਪੂਰੇ ਸ਼ਹਿਰ ਦੇ ਵਿਚ ਫੈਲ ਗਿਆ ਸੀ। ਇਸ ਤਰ੍ਹਾਂ ਮਲਟੀਪਲ ਚੇਨ ਇਫੈਕਟ ਹੁੰਦੀ ਹੈ। ਵਾਟਰ ਡਿਸਪੋਜ਼ਲ ਦਾ ਸਿਸਟਮ ਠੀਕ ਕਰਨ ਲਈ ਔਰ ਸੀਵਰੇਜ਼ ਦੀ ਵਧੀਆ ਫੈਸਲਿਟੀ ਦੇਣ ਲਈ ਕੋਈ ਨਾ ਕੋਈ ਕਦਮ ਚੁੱਕਣੇ ਪੈਣੇ ਹਨ। ਹਿਊਮਨ ਨੇਚਰ ਬਦਲਣੀ ਪਵੇਗੀ। ਮੈਂ ਜਥੇਦਾਰ ਤੋਤਾ ਸਿੰਘ ਦੇ ਪ੍ਰਸਤਾਵ ਦੀ ਪੂਰੀ ਸਪੋਰਟ ਕਰਦਾ ਹਾਂ। ਸਾਡੇ ਹਾਊਸ ਨੂੰ ਪਾਰਟੀ ਲੈਵਲ ਤੋਂ ਉਪਰ ਉਠ ਕੇ ਕੋਈ ਨਾ ਕੋਈ ਐਸਾ ਸਿਸਟਮ ਬਣਾਉਣਾ ਪਵੇਗਾ ਜਿਸ ਦੇ ਕਾਰਨ ਸਾਰੇ ਪੰਜਾਬ ਦੇ ਲੋਕਾਂ ਦਾ ਭਲਾ ਹੋਵੇ। ਇਕ ਵਾਰੀ ਫਿਰ ਪੰਜਾਬ ਦੀ

ਧਰਤੀ ਤੇ ਪੰਜਾਬ ਦੇ ਦਰਿਆਵਾਂ ਦਾ ਅੰਮ੍ਰਿਤਮਈ ਸਾਫ ਸੁਥਰਾ ਮਿੱਠਾ ਪਾਣੀ ਮਿਲੇ ਨਾ ਕਿ ਅਸੀਂ ਆਪਣੀ ਆਉਣ ਵਾਲੀ ਜੈਨਰੇਸ਼ਨ ਨੂੰ ਗੰਦਾ ਪਾਣੀ ਦੇਈਏ।

**ਸਰਦਾਰ ਗੁਲਜਾਰ ਸਿੰਘ ਰਣੀਕੇ (ਅਟਾਰੀ, ਐਸ.ਸੀ.)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉਤੇ, ਜਿਸ ਨੂੰ ਸਰਦਾਰ ਤੋਤਾ ਸਿੰਘ ਜੀ ਨੇ ਇਸ ਸਦਨ ਵਿਚ ਪੇਸ਼ ਕੀਤਾ ਹੈ, ਬੋਲਣ ਲਈ ਸਮਾਂ ਦਿੱਤਾ ਹੈ। ਜੋ ਵਾਤਾਵਰਣ ਅਤੇ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ ਇਸ ਨੂੰ ਰੋਕਣ ਲਈ ਸਰਕਾਰ ਵਲੋਂ ਯੋਗ ਕਦਮ ਚੁਕਣ ਦੀ ਲੋੜ ਹੈ। ਮੇਰੇ ਤੋਂ ਪਹਿਲਾਂ ਮੇਰੇ ਕਾਬਲ ਸਾਥੀਆਂ ਨੇ ਆਪਣੇ-ਆਪਣੇ ਸੁਝਾਅ ਅਤੇ ਵਿਚਾਰ ਰੱਖੇ ਹਨ ਅਤੇ ਇਸ ਵਿਸ਼ੇ ਉਤੇ ਆਪਣੀ ਚਿੰਤਾ ਦਾ ਪ੍ਰਗਟਾਵਾ ਵੀ ਕੀਤਾ ਹੈ। ਗੰਦੇ ਪਾਣੀ ਦਾ ਨਿਕਾਸ ਨਹੀਂ ਹੋ ਰਿਹਾ ਹੈ ਅਤੇ ਇਸ ਦੇ ਨਾਲ ਬਿਮਾਰੀਆਂ ਪਿੰਡਾਂ ਵਿਚ ਫੈਲ ਰਹੀਆਂ ਹਨ ਅਤੇ ਸ਼ਹਿਰਾਂ ਦੇ ਵਿਚ ਸੀਵਰੇਜ ਟ੍ਰੀਟਮੈਂਟ ਪਲਾਂਟ ਨਹੀਂ ਲਗੇ ਹੋਏ। ਇੰਨਾਂ ਗੱਲਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਭ ਤੋਂ ਪਹਿਲਾਂ ਅਸੀਂ ਪਿੰਡਾਂ ਤੋਂ ਚਲਦੇ ਹਾਂ। ਉਥੇ ਗੰਦੇ ਪਾਣੀ ਦੀ ਇਸ ਵਕਤ ਕੀ ਹਾਲਤ ਚਲ ਰਹੀ ਹੈ ਜੋ ਬੜੀ ਭਾਰੀ ਸਮੱਸਿਆ ਬਣਦੀ ਜਾ ਰਹੀ ਹੈ। ਪਹਿਲੇ ਤਾਂ ਪਿੰਡਾਂ ਦੇ ਵਿਚ ਬਰਸਾਤਾਂ ਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਉਹ ਪਿੰਡਾਂ ਦੇ ਵਿਚ ਗੰਦਗੀ ਪੈਦਾ ਕਰ ਰਿਹਾ ਹੈ ਅਤੇ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਪਹਿਲੇ ਸਾਡੇ ਬਜ਼ੁਰਗ ਪਿੰਡਾਂ ਦੇ ਇਕ ਪਾਸੇ ਛੱਪੜ ਬਣਾ ਦਿੰਦੇ ਸਨ ਅਤੇ ਉਥੇ ਬਾਰਸ਼ਾਂ ਦਾ ਪਾਣੀ ਅਤੇ ਗੰਦਾ ਪਾਣੀ ਪਿੰਡਾਂ ਦਾ ਉਸ ਵਿਚ ਇਕੱਠਾ ਹੁੰਦਾ ਰਹਿੰਦਾ ਸੀ ਅਤੇ ਧਰਤੀ ਵਿਚ ਹੇਠਾਂ ਵੀ ਚਲਾ ਜਾਂਦਾ ਸੀ ਅਤੇ ਪਿੰਡਾਂ ਦੇ ਜਾਨਵਰ ਉਸ ਦੇ ਵਿਚੋਂ ਪਾਣੀ ਵੀ ਪੀ ਲੈਂਦੇ ਸਨ ਅਤੇ ਨਹਾ ਵੀ ਲੈਂਦੇ ਸਨ। ਪਰ ਹੁਣ ਪਿੰਡਾਂ ਦੇ ਵਿਚ ਇਨ੍ਹਾਂ ਛੱਪੜਾਂ ਨੂੰ ਕਵਰ ਕਰ ਲਿਆ ਗਿਆ ਹੈ। ਉਥੇ ਮਕਾਨ ਬਣਦੇ ਜਾ ਰਹੇ ਹਨ ਅਤੇ ਗੰਦੇ ਪਾਣੀ ਦੇ ਨਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਪਿੰਡਾਂ ਤੋਂ ਕਾਫੀ ਦੂਰ ਜਿਹੜੇ ਛੱਪੜ ਰਹਿ ਗਏ ਹਨ ਉਥੇ ਗੰਦਾ ਪਾਣੀ ਪਹੁੰਚਦਾ ਹੀ ਨਹੀਂ ਜਿਸ ਕਰਕੇ ਪਿੰਡਾਂ ਦੇ ਵਿੱਚ ਮੱਛਰ ਵਗੈਰਾ ਪੈਦਾ ਹੋ ਰਿਹਾ ਹੈ, ਬਿਮਾਰੀਆਂ ਆ ਰਹੀਆਂ ਹਨ ਅਤੇ ਖੇਤੀ ਵਿਚ ਕਈ ਤਰ੍ਹਾਂ ਦੇ ਕੀੜੇ ਪੈਦਾ ਹੋ ਰਹੇ ਹਨ। ਸਬਜ਼ੀਆਂ ਵਿਚ ਬਿਮਾਰੀਆਂ ਆ ਰਹੀਆਂ ਹਨ ਅਤੇ ਫਿਰ ਇਹ ਲੋਕਾਂ ਤੱਕ ਬਿਮਾਰੀਆਂ ਪਹੁੰਚ ਰਹੀਆਂ ਹਨ। ਇਹ ਸਾਰਾ ਕੁਝ ਸਾਫ-ਸੁਥਰੇ ਪਾਣੀ ਦੀ ਸਪਲਾਈ ਨਾ ਹੋਣ ਕਰਕੇ ਅਤੇ ਵਾਤਾਵਰਣ ਪ੍ਰਦੂਸ਼ਿਤ ਹੋਣ ਕਰਕੇ ਹੋ ਰਿਹਾ ਹੈ। ਇਹ ਬੜਾ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਆਬਾਦੀ ਵਿਚ ਜਿਹੜੇ ਛੱਪੜ ਆ ਗਏ ਹਨ ਉਥੇ ਗੰਦਗੀ ਫੈਲ ਰਹੀ ਹੈ। ਹੁਣ ਸਰਕਾਰ ਵਲੋਂ ਸਰਕਾਰੀ ਨਲਕੇ ਲਗਾ ਕੇ ਲੋਕ ਪਾਣੀ ਪੀ ਰਹੇ ਹਨ ਜਦਕਿ ਪਹਿਲੇ ਲੋਕ ਆਪਣੇ ਘਰਾਂ ਵਿਚ ਹੈਂਡ ਪੰਪ ਲਗਾ ਕੇ ਪੀਣ ਦੇ ਪਾਣੀ ਦਾ ਪ੍ਰਬੰਧ ਕਰਦੇ ਸਨ, ਟਿਊਬਵੈੱਲ ਲਗਾਉਂਦੇ ਸਨ। ਪਰ ਹੁਣ ਤਾਂ ਇਹ ਬਿਮਾਰੀਆਂ ਪਿੰਡ ਪੱਧਰ ਤੱਕ ਪਹੁੰਚ ਗਈਆਂ ਹਨ ਅਤੇ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡਾਂ ਤੋਂ ਬਾਹਰ ਬਸਤੀਆਂ ਵੱਸ ਗਈਆਂ ਹਨ। ਇਨ੍ਹਾਂ ਬਸਤੀਆਂ ਦੇ ਵੱਸ ਜਾਣ ਕਰਕੇ ਗੰਦੇ

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]

ਪਾਣੀ ਦਾ ਨਿਕਾਸ ਰੁਕ ਗਿਆ ਹੈ ਅਤੇ ਲੋਕਾਂ ਨੇ ਉਥੇ ਆਪਣੇ ਘਰ ਬਣਾ ਲਏ ਹਨ ਅਤੇ ਸਰਕਾਰ ਨੇ ਇਨ੍ਹਾਂ ਬਸਤੀਆਂ ਨੂੰ ਰੋਕਣ ਲਈ ਕੋਈ ਪ੍ਰਬੰਧ ਨਹੀਂ ਕੀਤਾ, ਨਾ ਹੀ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕੋਈ ਕੀਤਾ ਹੈ। ਸ਼ਹਿਰਾਂ ਦੇ ਵਿਚ ਲੋਕ ਸਾਫ- ਸੁਥਰੇ ਪਾਣੀ ਦੀਆਂ ਬੋਤਲਾਂ ਲੈ ਕੇ ਪਾਣੀ ਪੀ ਰਹੇ ਹਨ ਅਤੇ ਘਰਾਂ ਵਿਚ ਐਕਵਾਗਾਰਡ ਵਾਟਰ ਪਿਓਰੀਫੀਕੇਸ਼ਨ ਲਗਾਇਆ ਹੋਇਆ ਹੈ। ਪਰ ਪਿੰਡਾਂ ਵਿਚ ਇਸ ਤਰ੍ਹਾਂ ਕੋਈ ਪ੍ਰਬੰਧ ਨਹੀਂ ਹੈ। ਇਸ ਲਈ ਸਰਕਾਰ ਨੂੰ ਲੋਕਾਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਟ੍ਰੀਟਮੈਂਟ ਪਲਾਂਟ ਸ਼ਹਿਰਾਂ ਦੇ ਵਿਚ ਲਗਾ ਦਿੱਤੇ ਜਾਣੇ ਚਾਹੀਦੇ ਹਨ। ਸ਼ਹਿਰਾਂ ਦੇ ਵਿਚ ਪਾਣੀ ਦੇ ਸੈਂਪਲ ਟੈਸਟ ਕੀਤੇ ਜਾਂਦੇ ਹਨ ਅਤੇ ਇਸ ਦੀ ਰੋਕਥਾਮ ਲਈ ਉਪਰਾਲੇ ਕੀਤੇ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੇਰਾ ਹਲਕਾ ਅੰਮ੍ਰਿਤਸਰ ਸ਼ਹਿਰ ਦੇ ਨਾਲ ਲਗਦਾ ਹੈ ਅਤੇ ਤੁਸੀਂ ਵੀ ਇਸ ਸ਼ਹਿਰ ਦੇ ਨਾਲ ਸਬੰਧ ਰੱਖਦੇ ਹੋ। ਪਿਛੇ ਤੁਹਾਨੂੰ ਵੀ ਪਤਾ ਹੈ ਸੁਲਤਾਨਪੁਰ ਵਿਚ ਗੰਦੇ ਪਾਣੀ ਕਰਕੇ 15-20 ਜਾਨਾਂ ਚਲੀਆਂ ਗਈਆਂ ਸਨ। ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਲੋਕ ਉਥੇ ਗੰਦਾ ਪਾਣੀ ਪੀਂਦੇ ਰਹੇ ਸਨ ਅਤੇ ਬਿਮਾਰ ਹੋ ਗਏ ਸਨ ਜਿਸ ਕਰਕੇ ਬੜੀਆਂ ਕੀਮਤੀ ਜਾਨਾਂ ਚਲੀਆਂ ਗਈਆਂ ਸਨ। ਇਸ ਨੂੰ ਰੋਕਣ ਲਈ ਸਰਕਾਰ ਵਲੋਂ ਹਾਲੇ ਤੱਕ ਕੋਈ ਟ੍ਰੀਟਮੈਂਟ ਪਲਾਂਟ ਨਹੀਂ ਲਗਾਇਆ ਗਿਆ ਹੈ। ਸਰਦਾਰ ਤੋਤਾ ਸਿੰਘ ਨੇ ਜੋ ਮਤਾ ਇਸ ਹਾਊਸ ਵਿਚ ਲਿਆਂਦਾ ਹੈ ਇਹ ਇਕ ਬੜਾ ਅਹਿਮ ਮਤਾ ਹੈ ਇਸ ਉਤੇ ਅਮਲ ਕਰਕੇ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ। ਪਿੰਡਾਂ ਅਤੇ ਸ਼ਹਿਰਾਂ ਦੇ ਗੰਦੇ ਪਾਣੀ ਦਾ ਨਿਕਾਸ ਸੂਏ ਅਤੇ ਨਾਲਿਆਂ ਵਿਚ ਕੀਤਾ ਗਿਆ ਅਤੇ ਨਹਿਰਾਂ ਵਿਚ ਇਹ ਗੰਦਾ ਪਾਣੀ ਪਾਇਆ ਗਿਆ ਜਿਹੜਾ ਕਿ ਪੱਕਾ ਹੱਲ ਨਹੀਂ ਹੈ। ਹੁਣ ਤਾਂ ਨਾਲੇ ਵੀ ਸੁਕ ਗਏ ਹਨ ਸੂਏ ਵਿਚ ਜਿਹੜਾ ਗੰਦਾ ਪਾਣੀ ਜਾਂਦਾ ਹੈ ਇਹ ਇਕ ਥਾਂ ਤੇ ਰੁਕ ਜਾਂਦਾ ਹੈ ਅਤੇ ਮੱਛਰ ਅਤੇ ਕੀੜੇ ਪੈਦਾ ਹੋਣ ਕਰਕੇ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਨਹਿਰਾਂ ਵਿਚ ਨਿਕਾਸ ਵੀ ਬੰਦ ਪਿਆ ਹੈ, ਸੂਏ ਬੰਦ ਪਏ ਹਨ। ਡਰੇਨੇਜ਼ ਡਿਪਾਰਟਮੈਂਟ ਵਲੋਂ ਕੋਈ ਸਫਾਈ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ ਅੰਮ੍ਰਿਤਸਰ ਕਾਰਪੋਰੇਸ਼ਨ ਸੂਏ ਬੰਦ ਹੋਣ ਦੇ ਬਾਵਜੂਦ ਵੀ ਵਾਟਰ ਦੇ ਬਿੱਲ ਵਸੂਲ ਕਰ ਰਹੀ ਹੈ। ਮੇਰੇ ਹਲਕੇ ਦੇ ਸੂਏ ਬੰਦ ਪਏ ਹਨ ਪਰ ਕਾਰਪੋਰੇਸ਼ਨ ਵਾਲੇ ਬਿੱਲ ਵਸੂਲ ਕਰੀ ਜਾ ਰਹੇ ਹਨ। ਪਿਛਲੇ 5-6 ਸਾਲਾਂ ਤੋਂ ਸੂਏ ਡਰਾਈ ਹੋ ਚੁੱਕੇ ਹਨ ਪਹਿਲਾਂ ਇਨ੍ਹਾਂ ਸੂਇਆਂ ਰਾਹੀਂ ਇਰੀਗੇਸ਼ਨ ਦੇ ਲਈ ਪਾਣੀ ਦੀ ਸਪਲਾਈ ਹੁੰਦੀ ਸੀ, ਪਰ ਸੂਏ ਬੰਦ ਹੋਣ ਦੇ ਬਾਵਜੂਦ ਵੀ ਕਾਰਪੋਰੇਸ਼ਨ ਵਾਲੇ ਬਿੱਲ ਵਸੂਲ ਕਰੀ ਜਾ ਰਹੇ ਹਨ। ਉਸ ਦੇ ਬਾਰੇ ਸਰਕਾਰ ਦੇ ਧਿਆਨ ਵਿਚ ਅੱਗੇ ਵੀ ਕਾਫੀ ਲਿਆਂਦਾ ਸੀ ਤੇ ਹੁਣ ਵੀ ਲਿਆਉਣਾ ਚਾਹੁੰਦਾ ਹਾਂ ਕਿ ਉਸਦਾ ਕੋਈ ਪ੍ਰਬੰਧ ਕਰਕੇ ਚੰਗਾ ਪੀਣ ਵਾਲਾ ਪਾਣੀ ਮੁਹੱਈਆ ਕਰਾਇਆ ਜਾਵੇ ਕਿਉਂਕਿ ਲੋਕਾਂ ਨੂੰ ਪੀਣ ਵਾਲਾ ਪਾਣੀ ਚੰਗਾ ਨਹੀਂ ਮਿਲ ਰਿਹਾ। ਅੱਗੇ ਪਿੰਡਾਂ ਵਿਚ ਨਹਿਰਾਂ ਦਾ ਪਾਣੀ ਆਉਂਦਾ ਸੀ ਜਿਹੜਾ ਫਸਲਾਂ ਲਈ ਤੇ ਡੰਗਰਾਂ ਲਈ ਵਧੀਆ ਹੁੰਦਾ ਸੀ। ਮਨੁੱਖਤਾ ਲਈ ਵੀ ਸਾਫ ਪਾਣੀ ਦੀ ਲੋੜ ਹੁੰਦੀ ਹੈ ਜੋ ਕਿ ਪਹਿਲਾਂ ਮੁਹੱਈਆ ਹੋ ਜਾਂਦਾ ਸੀ। ਪਰ ਹੁਣ ਡਿਪਟੀ ਸਪੀਕਰ ਸਾਹਿਬ, ਇਹ ਪਾਣੀ ਉਪਲਬੱਧ ਨਹੀਂ ਹੋ ਰਿਹਾ। ਇਸ ਬਾਰੇ ਮੈਂ ਕਹਿੰਦਾ ਹਾਂ ਕਿ ਕੋਈ ਹਾਊਸ ਦੀ ਕਮੇਟੀ ਬਣਾ ਕੇ ਜਾਂ ਡਿਪਾਰਟਮੈਂਟ ਦੀ ਕਮੇਟੀ ਬਣਾ ਕੇ ਸਾਰੇ ਪੰਜਾਬ ਦਾ ਸਰਵੇ ਕਰਵਾ ਲਿਆ ਜਾਵੇ, ਜਾਇਜ਼ਾ ਲਿਆ ਜਾਵੇ। ਇਹ ਜਾਇਜ਼ਾ ਸਾਰੇ ਜ਼ਿਲ੍ਹਿਆਂ ਦੇ ਬਲਾਕਾਂ ਦਾ, ਪਿੰਡਾਂ ਦਾ ਹੋਣਾ ਚਾਹੀਦਾ ਹੈ ਕਿ ਪੰਜਾਬ ਵਿਚ ਕਿਹੜੇ-

ਕਿਹੜੇ ਬਲਾਕ, ਕਿਹੜੇ-ਕਿਹੜੇ ਪਿੰਡ ਐਸੇ ਹਨ, ਜਿਥੇ ਉਨ੍ਹਾਂ ਦੇ ਸੂਏ ਅਤੇ ਨਹਿਰਾਂ ਵਿਚ ਗੰਦਾ ਪਾਣੀ ਛੱਡਿਆ ਜਾ ਰਿਹਾ ਹੈ। ਇਸ ਤੋਂ ਬਾਅਦ ਅਸੀਂ ਉਨ੍ਹਾਂ ਦਾ ਪ੍ਰਬੰਧ ਕਰਕੇ ਸਾਫ ਪਾਣੀ ਮੁਹੱਈਆ ਕਰਾਈਏ। ਹੋਣਾ ਤਾਂ ਇਹ ਚਾਹੀਦਾ ਹੈ ਕਿ ਗੰਦੇ ਪਾਣੀ ਦੇ ਨਾਲੇ ਦਾ ਪ੍ਰਬੰਧ ਵੱਖਰਾ ਹੋਵੇ ਤੇ ਸਾਫ ਪਾਣੀ ਦੇ ਨਾਲੇ ਦਾ ਪ੍ਰਬੰਧ ਵੱਖਰਾ ਹੋਵੇ। ਗੰਦੇ ਨਾਲੇ ਵਿਚ ਨਹਿਰਾਂ ਦਾ, ਦਰਿਆਵਾਂ ਦਾ ਪਾਣੀ ਨਾ ਛੱਡਿਆ ਜਾਵੇ।

ਡਿਪਟੀ ਸਪਕੀਰ ਸਾਹਿਬ, ਅੱਗੇ ਇਸੇ ਤਰ੍ਹਾਂ ਇੰਡਸਟਰੀਆਂ ਦੀ ਗੱਲ ਚਲੀ। ਸਾਡੇ ਅੰਮ੍ਰਿਤਸਰ ਵਿਚ ਪਿੰਡ ਚੱਬਾ ਹੈ ਜਿਥੇ 3-4 ਇੰਡਸਟਰੀਆਂ ਲਗੀਆਂ ਹੋਈਆਂ ਹਨ, ਗੱਤਾ ਮਿੱਲਾਂ ਹਨ। ਉਨ੍ਹਾਂ ਦਾ ਗੰਦਾ ਪਾਣੀ ਪੈ ਰਿਹਾ ਹੈ। ਇਹ ਪਿੰਡ ਬਹੁਤ ਵੱਡਾ ਹੈ ਤੇ ਇਸ ਤੋਂ ਅਗਲੇ ਪਿੰਡਾਂ ਨੂੰ ਵੀ ਗੰਦਾ ਪਾਣੀ ਜਾ ਰਿਹਾ ਹੈ। ਉਥੇ ਇਸ ਨਾਲ ਇਫੈਕਟਿਡ ਸਾਰੇ ਪਿੰਡ ਕਲਪ ਰਹੇ ਹਨ। ਉਨ੍ਹਾਂ ਨੇ ਪਾਣੀ ਟੈਸਟ ਕਰਾਇਆ ਹੈ ਤਾਂ ਪਾਇਆ ਗਿਆ ਕਿ ਉਥੇ ਨਲਕੇ ਅਤੇ ਬੋਰਾਂ ਦਾ ਪਾਣੀ ਵੀ ਪੀਣ ਯੋਗ ਨਹੀਂ ਹੈ। ਲੋਕਾਂ ਨੇ ਇੰਡਸਟਰੀ ਵਾਲਿਆਂ ਨੂੰ ਮਿਲ ਕੇ ਵੀ ਬਹੁਤ ਵਾਰੀ ਕਿਹਾ ਹੈ ਕਿ ਜੋ ਇਸ ਸਬੰਧੀ ਪ੍ਰੋਪੋਜ਼ਲ ਹਨ, ਪ੍ਰੋਜੈਕਟ ਹਨ, ਉਨ੍ਹਾਂ ਨੂੰ ਸ਼ੁਰੂ ਕਰਾਉਣ ਤਾਂਕਿ ਪਿੰਡਾਂ ਦੇ ਲੋਕਾਂ ਨੂੰ ਦਿੱਕਤ ਨਾ ਆਵੇ। ਇਸ ਪਾਣੀ ਨਾਲ ਫਸਲਾਂ ਦਾ ਵੀ ਕਾਫੀ ਨੁਕਸਾਨ ਹੁੰਦਾ ਹੈ, ਇਹ ਪਾਣੀ ਫਸਲਾਂ ਨੂੰ ਵੀ ਨੁਕਸਾਨ ਕਰਦਾ ਹੈ। ਫਸਲ ਮਾਰੀ ਜਾਂਦੀ ਹੈ, ਸੁੱਕ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਖਾਸ ਤੌਰ ਤੇ ਪਿੰਡ ਚੱਬੇ ਦਾ ਮਸਲਾ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਉਥੇ 3-4 ਇੰਡਸਟਰੀਆਂ ਬਾਈ-ਪਾਸ ਤੋਂ ਸ਼ੁਰੂ ਹੋ ਜਾਂਦੀਆਂ ਹਨ ਤੇ ਉਨ੍ਹਾਂ ਦੇ ਗੰਦੇ ਪਾਣੀ ਦਾ ਉਚਿਤ ਪ੍ਰਬੰਧ ਨਾ ਹੋਣ ਕਰਕੇ 8-10 ਪਿੰਡਾਂ ਦਾ ਨੁਕਸਾਨ ਹੋ ਰਿਹਾ ਹੈ। ਇੰਡਸਟਰੀ ਵਾਲੇ ਪ੍ਰਾਜੈਕਟ ਲਾਉਣ ਤਾਂਕਿ ਪਿੰਡਾਂ ਦੇ ਲੋਕਾਂ ਨੂੰ ਸਾਫ ਪਾਣੀ ਮਿਲ ਸਕੇ।

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਖਾਸੇ ਦੀ ਇੰਡਸਟਰੀ ਹੈ। ਉਸਦਾ ਗੰਦਾ ਪਾਣੀ ਦੂਜਿਆਂ ਸੂਇਆਂ ਵਿਚ ਜਾਂਦਾ ਹੈ, ਖਾਲਿਆਂ ਵਿਚ ਜਾਂਦਾ ਹੈ ਤੇ ਪਾਣੀ ਪੀਣ ਯੋਗ ਨਹੀਂ ਰਹਿੰਦਾ। ਫਿਰ ਇਹੀ ਪਾਣੀ ਜ਼ਮੀਨ ਵਿਚ ਵੀ ਜਾ ਵੜਦਾ ਹੈ। ਇਸ ਪਾਣੀ ਨੂੰ ਜਦੋਂ ਡੰਗਰ ਪਸ਼ੂ ਪੀਂਦੇ ਹਨ ਤਾਂ ਕਈ ਤਰ੍ਹਾਂ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਪਾਣੀ ਕਈ ਬਿਮਾਰੀਆਂ ਦਾ ਘਰ ਹੈ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਮੈਂ ਸਰਦਾਰ ਤੋਤਾ ਸਿੰਘ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਸ ਮਸਲੇ ਤੇ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਇਸ ਸਮੱਸਿਆ ਨੂੰ ਲਿਆਉਣ ਦਾ ਪ੍ਰਬੰਧ ਕੀਤਾ ਹੈ। ਮੈਂ ਚਾਹੁੰਦਾ ਹਾਂ ਕਿ ਸਰਕਾਰ ਇਸ ਸਬੰਧ ਵਿਚ ਕਮੇਟੀਆਂ ਰਾਹੀਂ ਜਾਂ ਹੋਰ ਵਾਤਾਵਰਣ ਦੇ ਮਹਿਕਮੇ ਰਾਹੀਂ ਸਾਰਾ ਧਿਆਨ ਇਸ ਪਾਸੇ ਦੇ ਕੇ ਇਸ ਸਮੱਸਿਆ ਦਾ ਹੱਲ ਕੱਢੇ। ਪਾਣੀ ਹਰ ਇਨਸਾਨ ਦੀ ਜ਼ਰੂਰਤ ਹੈ ਤੇ ਗੰਦੇ ਪਾਣੀ ਕਰਕੇ ਅੱਜ ਹਰ ਇਨਸਾਨ ਕਿਸੇ ਨਾ ਕਿਸੇ ਬੀਮਾਰੀ ਤੋਂ ਪੀੜਤ ਹੈ। ਮਾੜਾ ਪਾਣੀ ਹੀ ਇਸ ਦਾ ਕਾਰਨ ਹੈ। ਇਥੋਂ ਤੱਕ ਕਿ, ਡਿਪਟੀ ਸਪੀਕਰ ਸਾਹਿਬ, ਇਸ ਪਾਣੀ ਨਾਲ ਜਿਹੜੇ ਦਰੱਖਤ ਹਨ, ਇਹ ਵੀ ਸੁੱਕ ਰਹੇ

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]

ਹਨ। ਇਸ ਸਬੰਧ ਵਿਚ ਸਵਾਲ ਵੀ ਆਇਆ ਸੀ ਕਿ ਪੰਜਾਬ ਦੇ ਦਰੱਖਤ ਕਿਉਂ ਸੁੱਕਦੇ ਜਾ ਰਹੇ ਹਨ। ਇੰਡਸਟਰੀਆਂ ਦੇ ਪਾਣੀ ਅੰਦਰ ਕਈ ਤਰ੍ਹਾਂ ਦੇ ਜ਼ਹਿਰੀਲੇ ਪਦਾਰਥ ਹੁੰਦੇ ਹਨ। ਜਦੋਂ ਇਹ ਪਾਣੀ ਦਰੱਖਤਾਂ ਨੂੰ ਲਗਦਾ ਹੈ ਤਾਂ ਉਹ ਵੀ ਸੁੱਕ ਜਾਂਦੇ ਹਨ। ਅੱਗੇ ਦਰੱਖਤ ਨਹੀਂ ਸੁੱਕਦੇ ਸਨ। ਈਵਨ ਦਰੱਖਤਾਂ ਨੂੰ ਵੀ ਇਹ ਪਾਣੀ ਨੁਕਸਾਨ ਕਰਦਾ ਹੈ। ਦਰੱਖਤਾਂ ਨੇ ਵਾਤਾਵਰਣ ਸਾਫ-ਸੁਥਰਾ ਬਣਾਉਣਾ ਹੁੰਦਾ ਹੈ। ਹੁਣ ਵਾਤਾਵਰਣ ਵੀ ਵਧੀਆ ਨਹੀਂ ਬਣ ਰਿਹਾ ਕਿਉਂਕਿ ਦਰੱਖਤ ਸੁੱਕ ਰਹੇ ਹਨ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ। ਜਿਵੇਂ ਕਿਹਾ ਗਿਆ ਹੈ ਕਿ ਪੰਜਾਬ ਅੰਦਰ ਬੋਹੜ ਅਤੇ ਪਿੱਪਲ ਦੇ ਦਰੱਖਤ ਲਗਾਉਣੇ ਚਾਹੀਦੇ ਹਨ। ਟਾਹਲੀਆਂ ਵੀ ਸੁੱਕ ਰਹੀਆਂ ਹਨ। ਇਨ੍ਹਾਂ ਸਾਰਿਆਂ ਤੇ ਗੰਦੇ ਪਾਣੀ ਦਾ ਅਸਰ ਪੈ ਰਿਹਾ ਹੈ। ਸਾਨੂੰ ਸੰਤ, ਮਹਾਂਪੁਰਸ਼ਾਂ ਤੇ ਕਈ ਸੰਸਥਾਵਾਂ ਜੋ ਇਸ ਪਾਸੇ ਆਪਣਾ ਯੋਗਦਾਨ ਪਾ ਰਹੀਆਂ ਹਨ, ਉਨ੍ਹਾਂ ਦਾ ਵੀ ਸਹਿਯੋਗ ਲੈਣਾ ਚਾਹੀਦਾ ਹੈ। ਉਨ੍ਹਾਂ ਸੰਸਥਾਵਾਂ ਰਾਹੀਂ ਵੀ ਅਸੀਂ ਪ੍ਰਬੰਧ ਕਰ ਸਕਦੇ ਹਾਂ। ਉਨ੍ਹਾਂ ਦਾ ਸਹਿਯੋਗ ਲਈਏ ਤਾਂਕਿ ਜਿਹੜਾ ਪ੍ਰਦੂਸ਼ਿਤ ਵਾਤਾਵਰਣ ਹੈ, ਉਹ ਦਰੱਖਤਾਂ ਰਾਹੀਂ ਵਧੀਆ ਬਣ ਸਕੇ। ਉਨ੍ਹਾਂ ਦੇ ਸਹਿਯੋਗ ਨਾਲ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਤੇ ਛੋਟੀਆਂ ਮੋਟੀਆਂ ਗੱਲਾਂ ਤੋਂ ਉਤੇ ਉਠ ਕੇ ਪੰਜਾਬ ਨੂੰ ਵਧੀਆ ਬਣਾਉਣਾ ਚਾਹੀਦਾ ਹੈ। ਪੰਜਾਬ ਇਕ ਇਹੋ ਜਿਹਾ ਸੂਬਾ ਸੀ, ਜਿਸ ਦਾ ਦੁਨੀਆਂ ਵਿਚ ਨਾਂ ਸੀ ਕਿ ਸਭ ਤੋਂ ਵਧੀਆ ਪਾਣੀ ਪੰਜਾਬ ਦਾ ਸੀ ਤੇ ਸਭ ਤੋਂ ਵਧੀਆ ਵਾਤਾਵਰਣ ਪੰਜਾਬ ਦਾ ਸੀ। ਇਸ ਦੀਆਂ ਸਭ ਪਾਸੇ ਧੁੰਮਾਂ ਸਨ। ਅੱਜ ਸਭ ਤੋਂ ਮਾੜਾ ਪਾਣੀ ਤੇ ਸਭ ਤੋਂ ਮਾੜਾ ਵਾਤਾਵਰਣ ਪੰਜਾਬ ਦਾ ਲੋਕੀਂ ਦੱਸ ਰਹੇ ਹਨ। ਇਸ ਲਈ ਮੈਂ ਤੁਹਾਡੇ ਰਾਹੀਂ ਇਹ ਗੱਲ ਸਰਕਾਰ ਦੇ ਧਿਆਨ ਵਿੱਚ ਲਿਆਵਾਂਗਾ ਕਿ ਉਨ੍ਹਾਂ ਸਾਰੀਆਂ ਸੰਸਥਾਵਾਂ ਜਿਹੜੀਆਂ ਗੁਰੂਆਂ ਦਾ ਨਾਂ ਲੈਣ ਵਾਲੀਆਂ ਹਨ, ਮਨੁੱਖਤਾ ਨਾਲ ਅਤੇ ਇਨਸਾਨੀਅਤ ਨਾਲ ਪਿਆਰ ਕਰਨ ਵਾਲੀਆਂ ਹਨ, ਉਨ੍ਹਾਂ ਸਾਰੀਆਂ ਦਾ ਸਹਿਯੋਗ ਲੈ ਕੇ ਸਾਰੇ ਪੱਧਰਾਂ ਤੇ ਇਸ ਮਸਲੇ ਵਾਸਤੇ ਇਕ ਵਧੀਆ ਵਾਤਾਵਰਣ ਬਣਾਉਣਾ ਚਾਹੀਦਾ ਹੈ। ਚਾਹੇ ਦਰਿਆਵਾਂ ਦਾ ਪਾਣੀ ਹੈ, ਨਹਿਰਾਂ ਦਾ ਪਾਣੀ ਹੈ, ਸੂਇਆਂ ਦਾ ਪਾਣੀ ਹੈ ਜਾਂ ਪਿੰਡ ਦੇ ਨਿਕਾਸ ਦਾ ਪਾਣੀ ਹੈ, ਉਸ ਸਾਰੇ ਕੁਝ ਦੇ ਵਾਸਤੇ ਮਹਿਕਮੇ ਨੂੰ ਅਤੇ ਦੂਜੀਆਂ ਸੰਸਥਾਵਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ, ਉਨ੍ਹਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ। ਇਸ ਮਾਮਲੇ ਵਿਚ ਇੰਡਸਟਰੀ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਮਹਿਕਮੇ ਵੱਲੋਂ ਹਦਾਇਤਾਂ ਤਾਂ ਹੁੰਦੀਆਂ ਰਹਿੰਦੀਆਂ ਹਨ ਲੇਕਿਨ ਉਨ੍ਹਾਂ ਤੇ ਅਮਲ ਨਹੀਂ ਹੁੰਦਾ। ਕੋਈ ਵੀ ਪਲਾਂਟ ਲਾਉਣ ਜਾਂ ਲਾਇਸੰਸ ਦੇਣ ਦੀ ਆਗਿਆ ਤਾਂ ਹੀ ਦੇਣੀ ਚਾਹੀਦੀ ਹੈ ਜੇਕਰ ਉਸ ਦੇ ਗੰਦੇ ਪਾਣੀ ਦਾ ਸਹੀ ਨਿਕਾਸ ਹੋਵੇ। ਅੱਗੇ ਪਿੰਡਾਂ ਜਾਂ ਸ਼ਹਿਰਾਂ ਵਿਚ ਇਸ ਗੱਲ ਨੂੰ ਯਕੀਨੀ ਬਣਾਏ ਬਗੈਰ ਹੀ ਪਲਾਂਟ ਲਾ ਲੈਂਦੇ ਸਨ। ਇਸ ਕਰਕੇ ਜਦੋਂ ਕਦੀ ਇਹੋ ਜਿਹੇ ਪਲਾਂਟ ਲਾਉਣ ਦਾ ਪ੍ਰੋਗਰਾਮ ਉਲੀਕਿਆ ਜਾਵੇ ਤਾਂ ਇਸ ਗੱਲ ਦਾ ਪਹਿਲਾਂ ਖਾਸ ਖਿਆਲ ਰੱਖਿਆ ਜਾਵੇ। ਇਹੋ ਜਿਹੀਆਂ ਗੱਲਾਂ ਧਿਆਨ ਵਿਚ ਰੱਖ ਕੇ ਸਾਨੂੰ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿਚ ਸਾਡੀ ਨੌਜਵਾਨ ਪੀੜ੍ਹੀ ਸਿਹਤ ਪੱਖੋਂ ਨਰੋਈ ਹੋਵੇ ਅਤੇ ਸਿਹਤਮੰਦ ਹੋਵੇ। ਜੇ ਸਾਡੀ ਨੌਜਵਾਨ ਪੀੜ੍ਹੀ ਸਿਹਤਮੰਦ ਹੋਵੇਗੀ ਤਾਂ ਉਸ ਦੀ ਸੋਚ ਵੀ ਵਿਸ਼ਾਲ ਹੋਵੇਗੀ। ਪਿਆਰ ਅਤੇ ਸਤਿਕਾਰ ਕਰਨ ਵਾਲੀ ਹੋਵੇਗੀ। ਜੇ ਕੋਈ ਬੰਦਾ ਪੀੜਤ ਹੁੰਦਾ ਹੈ ਤਾਂ ਉਸ ਦੀ ਸੋਚ ਵੀ ਪੀੜਤ ਹੁੰਦੀ ਹੈ। ਪੰਜਾਬ ਦੇ ਵਾਤਾਵਰਣ ਨੂੰ ਸਾਫ ਸੁਥਰਾ

ਬਣਾਉਣ ਵਾਸਤੇ ਅਤੇ ਪੰਜਾਬ ਦੀ ਮਨੁੱਖਤਾ ਦਾ ਭਲਾ ਕਰਨ ਵਾਸਤੇ ਸਾਨੂੰ ਛੋਟੀਆਂ ਮੋਟੀਆਂ ਗੱਲਾਂ ਤੋਂ ਉਪਰ ਉਠ ਕੇ ਇਹੋ ਜਿਹੀਆਂ ਟੀਮਾਂ ਬਣਾਉਣੀਆਂ ਚਾਹੀਦੀਆਂ ਹਨ ਜਿਹੜੀਆਂ ਪਾਣੀ ਅਤੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਕਾਰਗਰ ਕਦਮ ਚੁੱਕ ਸਕਣ। ਉਹ ਪਹਿਲਾਂ ਪਿੰਡ ਵਿਚ, ਫਿਰ ਬਲਾਕ ਵਿਚ ਅਤੇ ਸ਼ਹਿਰ ਵਿਚ ਜਾ ਕੇ ਇਸ ਕੰਮ ਦਾ ਜਾਇਜ਼ਾ ਲੈਣ ਅਤੇ ਫਿਰ ਆਪਣੀ ਰਿਪੋਰਟ ਸਰਕਾਰ ਤੱਕ ਪਹੁੰਚਾਉਣ। ਫਿਰ ਸਰਕਾਰ ਉਨ੍ਹਾਂ ਤੇ ਅਮਲ ਕਰਨ ਲਈ ਕਮੇਟੀਆਂ ਬਣਾਵੇ ਜਿਨ੍ਹਾਂ ਵਿਚ ਚੰਗੇ ਅਤੇ ਮਿਹਨਤੀ ਅਫ਼ਸਰ ਸ਼ਾਮਲ ਹੋਣ। ਇਹੋ ਜਿਹੇ ਮਤੇ ਪਹਿਲਾਂ ਵੀ ਆਏ ਹਨ ਲੇਕਿਨ ਗੱਲ ਉਥੇ ਦੀ ਉਥੇ ਹੀ ਰਹਿ ਜਾਂਦੀ ਹੈ। ਉਸ ਤੋਂ ਬਾਅਦ ਸਾਨੂੰ ਕੁਝ ਪਤਾ ਹੀ ਨਹੀਂ ਲੱਗਦਾ ਕਿ ਉਸ ਤੋਂ ਅੱਗੇ ਕੀ ਕਾਰਵਾਈ ਕੀਤੀ ਗਈ ਹੈ। ਇਸ ਕਰਕੇ ਮਤਾ ਪਾਸ ਕਰਨ ਤੋਂ ਬਾਅਦ ਉਸ ਤੇ ਜੋ ਵੀ ਕਾਰਵਾਈ ਹੋਈ ਹੈ, ਉਹ ਕਾਰਵਾਈ ਸਾਡੇ ਟੇਬਲਾਂ ਤੇ ਹੋਵੇ ਤਾਂ ਕਿ ਸਾਨੂੰ ਉਸ ਬਾਰੇ ਪਤਾ ਲੱਗ ਸਕੇ ਕਿ ਸਰਕਾਰ ਨੇ ਉਸ ਤੇ ਕੀ ਐਕਸ਼ਨ ਲਿਆ ਹੈ ਜਾਂ ਕੀ ਕੁਝ ਕਰ ਰਹੀ ਹੈ। ਪਿਛਲੇ ਸੈਸ਼ਨ ਦੀ ਕਾਰਵਾਈ ਉਸ ਤੋਂ ਅਗਲੇ ਸੈਸ਼ਨ ਵਿਚ ਜਾਣਕਾਰੀ ਵਾਸਤੇ ਦੱਸਣੀ ਚਾਹੀਦੀ ਹੈ। ਅਸੀਂ ਹਾਊਸ ਦਾ ਸਮਾਂ ਵੀ ਲੈਂਦੇ ਹਾਂ, ਮਤੇ ਵੀ ਲਿਆਉਂਦੇ ਹਾਂ ਲੇਕਿਨ ਇਨ੍ਹਾਂ ਸਾਰੀਆਂ ਗੱਲਾਂ ਦਾ ਤਾਂ ਹੀ ਫਾਇਦਾ ਹੈ ਜੇਕਰ ਉਸ ਦੇ ਚੰਗੇ ਸਿੱਟੇ ਨਿਕਲਣ। ਇਹ ਪਤਾ ਲੱਗੇ ਕਿ ਸਰਕਾਰ ਵਧੀਆ ਕੰਮ ਕਰ ਰਹੀ ਹੈ। ਜਥੇਦਾਰ ਤੋਤਾ ਸਿੰਘ ਜੀ ਸਾਡੇ ਇਕ ਕਾਬਲ ਸਾਥੀ ਹਨ ਅਤੇ ਉਨ੍ਹਾਂ ਨੇ ਇਹ ਬਹੁਤ ਵਧੀਆ ਮਤਾ ਇਸ ਹਾਊਸ ਵਿਚ ਲਿਆਂਦਾ ਹੈ। ਇਸ ਕਰਕੇ ਸਾਨੂੰ ਸਾਰਿਆਂ ਨੂੰ ਇਸ ਨੂੰ ਪਾਸ ਕਰਨਾ ਚਾਹੀਦਾ ਹੈ। ਪੰਜਾਬ ਦੇ ਭਵਿੱਖ ਵਾਸਤੇ, ਮਨੁੱਖਤਾ ਦੇ ਭਵਿੱਖ ਵਾਸਤੇ ਅਤੇ ਇਨਸਾਨੀਅਤ ਦੇ ਭਵਿੱਖ ਵਾਸਤੇ ਲਾਇਕ ਸੋਚ ਵਾਲੇ ਬੰਦਿਆਂ ਦੀਆਂ ਕਮੇਟੀਆਂ ਬਣਾ ਕੇ ਪਿੰਡ ਅਤੇ ਸ਼ਹਿਰ ਪੱਧਰ ਤੇ ਇਹ ਉਪਰਾਲਾ ਕਰਨਾ ਚਾਹੀਦਾ ਹੈ। ਇਹ ਨਹੀਂ ਕਰਨਾ ਚਾਹੀਦਾ ਕਿ ਇਥੇ ਮਤਾ ਪਾਸ ਕਰ ਦਿੱਤਾ ਅਤੇ ਫਿਰ ਉਹ ਇਥੇ ਹੀ ਰਹਿ ਗਿਆ। ਇਸ ਤੇ ਹੇਠਾਂ ਤੱਕ ਕਾਰਵਾਈ ਕੀਤੀ ਜਾਵੇ। ਦਰਿਆਵਾਂ, ਨਹਿਰਾਂ ਅਤੇ ਸੂਇਆਂ ਦੇ ਪਾਣੀ ਨੂੰ ਸਾਫ ਕਰਨ ਵਾਸਤੇ ਉਹ ਕਮੇਟੀਆਂ ਸੁਝਾਓ ਦੇਣ ਅਤੇ ਸਾਰੀ ਗੱਲ ਫਿਰ ਸਰਕਾਰ ਦੇ ਧਿਆਨ ਵਿਚ ਲਿਆਉਣ। ਇਹ ਵਧੀਆ ਮਤਾ ਲਿਆਉਣ ਵਾਸਤੇ ਮੈਂ ਜਥੇਦਾਰ ਤੋਤਾ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਅਤੇ ਤੁਹਾਡਾ ਵੀ ਧੰਨਵਾਦ ਕਰਦਾ ਹਾਂ। ਇਸ ਮਤੇ ਨੂੰ ਪਾਸ ਕਰਕੇ ਸਾਨੂੰ ਚੰਗੇ ਸਿੱਟਿਆਂ ਦੀ ਅਤੇ ਚੰਗੇ ਰਿਜ਼ਲਟ ਦੀ ਆਸ ਕਰਨੀ ਚਾਹੀਦੀ ਹੈ। ਲੱਖਾਂ ਲੋਕਾਂ ਨੇ ਚੁਣ ਕੇ ਸਾਨੂੰ ਇਕ ਜ਼ਿੰਮੇਵਾਰੀ ਦਿੱਤੀ ਹੈ। ਉਨ੍ਹਾਂ ਨੂੰ ਆਸ ਹੁੰਦੀ ਹੈ ਕਿ ਜਦੋਂ ਸਾਡੇ ਮੈਂਬਰ ਸਾਹਿਬਾਨ ਅਸੈਂਬਲੀ ਵਿਚ ਜਾਣਗੇ ਤਾਂ ਉਨ੍ਹਾਂ ਦੇ ਮਸਲਿਆਂ ਦਾ ਹੱਲ ਕਰਨਗੇ। ਜੇਕਰ ਅਸੀਂ ਇਥੇ ਲੜ ਭਿੜ ਕੇ ਹੀ ਉਠ ਜਾਣਾ ਹੈ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੈ। ਇਹੋ ਜਿਹੇ ਮਸਲੇ ਸਾਡੇ ਸਾਰਿਆਂ ਦੇ ਸਾਂਝੇ ਮਸਲੇ ਹਨ। ਇਹ ਸਾਰੀ ਮਨੁੱਖਤਾ ਦੀ ਭਲਾਈ ਦੀ ਗੱਲ ਹੈ। ਇਸ ਕਰਕੇ ਇਹ ਮਤਾ ਪਾਸ ਕਰਕੇ ਮੈਂ, ਇਸ ਦੇ ਚੰਗੇ ਸਿੱਟਿਆਂ ਦੀ ਆਸ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

**ਡਾਕਟਰ ਰਾਜ ਕੁਮਾਰ ਵੇਰਕਾ (ਵੇਰਕਾ, ਐਸ.ਸੀ.)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਦਿਲੋਂ ਧੰਨਵਾਦੀ ਹਾਂ ਸਰਦਾਰ ਤੋਤਾ ਸਿੰਘ ਜੀ ਦਾ ਜਿਹੜੇ ਕਿ ਇਸ ਹਾਊਸ ਦੇ ਬੜੇ ਸੀਨੀਅਰ ਮੈਂਬਰ ਵੀ ਹਨ ਔਰ ਉਨ੍ਹਾਂ ਨੇ ਇਸ ਮਤੇ ਨੂੰ ਲਿਆ ਕੇ ਇਕ ਬਹੁਤ ਸ਼ਲਾਘਾਯੋਗ ਕਦਮ ਚੁੱਕਿਆ ਹੈ। ਡਿਪਟੀ ਸਪੀਕਰ ਸਾਹਿਬ, ਇਹ ਅਜਿਹਾ ਮਸਲਾ ਹੈ ਜਿਸ ਤੇ ਪੂਰੀ ਦੁਨੀਆਂ ਦੀ ਚਿੰਤਾ ਜੁੜੀ ਹੋਈ ਹੈ। ਅੱਜ ਸਾਡੇ ਹਿੰਦੁਸਤਾਨ ਦੇ ਵਿੱਚ ਵਾਟਰ ਰਿਸੋਰਸਿਜ਼ ਵਾਸਤੇ ਅਰਬਾਂ ਰੁਪਏ ਰੱਖੇ ਗਏ ਹਨ ਕਿਉਂਕਿ ਜਿਹੜੇ ਸਾਡੇ ਮਨੁੱਖੀ ਅਧਿਕਾਰ ਹਨ, ਉਨ੍ਹਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਅੱਜ ਇਸ ਗੱਲ ਦੀ ਸਖਤ ਜ਼ਰੂਰਤ ਸੀ। ਅੱਜ ਸਾਰੀ ਦੁਨੀਆਂ ਜਾਣਦੀ ਹੈ ਕਿ ਦੁਨੀਆਂ ਦਾ ਜਿਹੜਾ ਵਾਤਾਵਰਣ ਹੈ ਉਹ ਦੂਸ਼ਿਤ ਹੁੰਦਾ ਜਾ ਰਿਹਾ ਹੈ ਔਰ ਤੁਸੀਂ ਦੇਖਦੇ ਹੋ ਕਿ ਦੁਨੀਆਂ ਭਰ ਦੇ ਵਿੱਚ ਇਹ ਜਿਹੜੇ ਭੂਚਾਲ ਆ ਰਹੇ ਹਨ, ਇਹ ਇਕ ਬਹੁਤ ਵੱਡਾ ਮਸਲਾ ਹੈ ਕਿਉਂਕਿ ਜ਼ਮੀਨ ਦੇ ਅੰਦਰ, ਧਰਤੀ ਦੇ ਅੰਦਰ ਜਿਹੜੇ ਪੋਲਿਊਟੈਂਟਸ ਜਾਂਦੇ ਹਨ ਉਹ ਇਨ੍ਹਾਂ ਦੇ ਕਾਰਣ ਬਣਦੇ ਹਨ। ਵਾਟਰ ਪ੍ਰਦੂਸ਼ਣ ਕਾਰਨ ਬਿਮਾਰੀਆਂ ਫੈਲਦੀਆਂ ਹਨ। ਜੇ ਇਨ੍ਹਾਂ ਵੱਲ ਅਸੀਂ ਧਿਆਨ ਨਾ ਦਿੱਤਾ ਤਾਂ ਇਹ ਬਿਮਾਰੀਆਂ ਇਨਸਾਨਾਂ, ਪਸ਼ੂਆਂ, ਪੰਛੀਆਂ, ਫਲ, ਪੌਦਿਆਂ ਨੂੰ ਵੀ ਬਹੁਤ ਭਾਰੀ ਨੁਕਸਾਨ ਕਰਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਅੱਜ ਜਿਹੜਾ ਮਤਾ ਹੈ ਇਹ ਇਸ ਲਈ ਵੀ ਸ਼ਲਾਘਾਯੋਗ ਹੈ ਕਿਉਂਕਿ ਅੱਜ ਜਿਹੜੇ ਸਾਡੇ ਵਾਟਰ ਟਰੀਟਮੈਂਟ ਪਲਾਂਟ ਪੰਜਾਬ ਦੀ ਸਰਕਾਰ ਨੇ ਇਹ ਵੱਖ ਵੱਖ ਜਗ੍ਹਾ ਤੇ ਲਗਾਉਣ ਦਾ ਉਪਰਾਲਾ ਕੀਤਾ ਹੈ। ਸਾਡੇ ਮਾਨਯੋਗ ਮੰਤਰੀ, ਚੌਧਰੀ ਜਗਜੀਤ ਸਿੰਘ ਜੀ ਨੇ ਇਸ ਗੱਲ ਦੀ ਵੱਖ-ਵੱਖ ਸ਼ਹਿਰਾਂ ਵਿੱਚ ਜਾ ਕੇ ਵੀ ਇਸ ਤੇ ਚਿੰਤਾ ਪ੍ਰਗਟ ਕੀਤੀ ਸੀ ਔਰ ਮਿਊਂਸਿਪਲ ਕਮੇਟੀਆਂ ਔਰ ਮਿਊਂਸਿਪਲ ਕਾਰਪੋਰੇਸ਼ਨਾਂ ਵਿੱਚ ਵੱਡੇ ਸ਼ਹਿਰਾਂ ਵਿੱਚ ਉਨ੍ਹਾਂ ਦੀਆਂ ਕਮੇਟੀਆਂ ਬਣਾ ਕੇ ਉਨ੍ਹਾਂ ਨੇ ਇਸ ਗੱਲ ਦਾ ਉਪਰਾਲਾ ਕੀਤਾ ਹੈ ਕਿ ਕਿਸ ਤਰ੍ਹਾਂ ਲੋਕਾਂ ਨੂੰ ਪੀਣ ਵਾਲਾ ਸਵੱਛ ਪਾਣੀ ਦਿੱਤਾ ਜਾਵੇ ਕਿਉਂਕਿ ਇਹ ਮਸਲਾ ਮਜ਼ਦੂਰ ਨਾਲ ਜੁੜਿਆ ਹੋਇਆ ਹੈ। ਮੈਂ ਰੋਜ਼-ਮਰ੍ਹਾ ਵਿੱਚ ਦੇਖਦਾ ਹਾਂ, ਮੈਂ ਰੋਜ਼ ਉਨ੍ਹਾਂ ਬਸਤੀਆਂ ਵਿੱਚ ਜਾ ਕੇ ਵੇਖਦਾ ਹਾਂ ਜਿਹੜੇ ਮਜ਼ਦੂਰ ਸੀਵਰੇਜ ਦੇ ਵਿੱਚ ਵੜ ਕੇ ਸਫਾਈ ਦਾ ਕੰਮ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਇਸ ਗੱਲ ਦਾ ਧਿਆਨ ਕਰੋ ਤੇ ਦੇਖੋ ਕਿ ਤੇਜ਼ਾਬੀ ਪਾਣੀ ਇੰਨੀ ਬੁਰੀ ਤਰ੍ਹਾਂ ਫੈਲਿਆ ਹੁੰਦਾ ਹੈ ਕਿ ਅੱਜ ਕਰੀਬ ਦੋ ਲੱਖ ਤੋਂ ਵੱਧ ਇਹ ਮਜ਼ਦੂਰ ਜਿਹੜੇ ਸੀਵਰੇਜ ਦੇ ਵਿੱਚ ਕੰਮ ਕਰਦੇ ਹਨ ਉਹ ਵੱਖ-ਵੱਖ ਬਿਮਾਰੀਆਂ ਦਾ ਸ਼ਿਕਾਰ ਹੋਏ ਪਏ ਹਨ। ਮੈਂ ਸਮਝਦਾ ਹਾਂ ਕਿ ਇਹ ਮਜ਼ਦੂਰਾਂ ਵਾਸਤੇ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। ਜਦੋਂ ਤੱਕ ਪੀਣ ਵਾਲੇ ਪਾਣੀ ਨੂੰ ਪੂਰੀ ਤਰ੍ਹਾਂ ਟਰੀਟ ਨਹੀਂ ਕੀਤਾ ਜਾਵੇਗਾ। ਇਹ ਬਿਮਾਰੀਆਂ ਫੈਲਦੀਆਂ ਰਹਿਣਗੀਆਂ। ਪਾਣੀ ਦੇ ਟਰੀਟਮੈਂਟ ਦਾ ਮਤਲਬ ਇਹ ਹੈ ਕਿ ਇਨਸਾਨਾਂ ਦਾ ਟਰੀਟਮੈਂਟ ਕਰਨਾ, ਵਾਤਾਵਰਣ ਦਾ ਟਰੀਟਮੈਂਟ ਕਰਨਾ ਔਰ ਫਲ ਪੌਦਿਆਂ ਦਾ ਟਰੀਟਮੈਂਟ ਕਰਨਾ ਜੋ ਕਿ ਬਹੁਤ ਵਧੀਆ ਅਤੇ ਸ਼ਲਾਘਾਯੋਗ ਕਦਮ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਜਿਸ ਹਲਕੇ ਦੀ ਨੁਮਾਇੰਦਗੀ ਕਰਦਾ ਹਾਂ ਉਸ ਦੇ ਕਰੀਬ 26 ਪਿੰਡ ਅਜਿਹੇ ਹਨ ਜਿਨ੍ਹਾਂ ਪਿੰਡਾਂ ਵਿੱਚ ਫਸਲ ਪੈਦਾ ਨਹੀਂ ਹੋ ਸਕਦੀ ਔਰ ਫਸਲ ਤੇ ਬੁਰੀ ਤਰ੍ਹਾਂ ਇਸ ਪਾਣੀ ਨੇ ਅਸਰ ਕੀਤਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੁੰਦੀ ਹੈ ਕਿ ਅੰਮ੍ਰਿਤਸਰ ਦੇ ਵਿੱਚ ਦੋ ਟਰੀਟਮੈਂਟ ਪਲਾਂਟ ਬਾਰੇ ਚੌਧਰੀ ਜਗਜੀਤ ਸਿੰਘ ਨੇ ਲੋਕਾਂ ਨਾਲ ਜਿਹੜਾ ਵਾਅਦਾ ਕੀਤਾ ਸੀ ਜਿਸ ਕੰਮ ਨੂੰ ਆਰੰਭ ਕੀਤਾ ਗਿਆ, ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ

ਕਦਮ ਹੈ। ਮੈਂ ਇਸ ਨਾਲ ਮਹਿਸੂਸ ਕਰਦਾ ਹਾਂ ਕਿ ਆਉਣ ਵਾਲੇ ਸਾਲਾਂ ਵਿੱਚ ਜਦੋਂ ਇਹ ਪਾਣੀ ਲੋਕਾਂ ਦੇ ਖੇਤਾਂ ਵਿੱਚ ਜਾਵੇਗਾ, ਘਰਾਂ ਵਿੱਚ ਜਾਵੇਗਾ ਤਾਂ ਮੈਂ ਸਮਝਦਾ ਹਾਂ ਕਿ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਹੋਵੇਗੀ। ਸਰਕਾਰ ਦਾ ਇਹ ਬਹੁਤ ਵੱਡਾ ਉਪਰਾਲਾ ਅਤੇ ਸ਼ਲਾਘਾਯੋਗ ਕਦਮ ਹੈ। ਮੈਂ ਤੁਹਾਡੇ ਇਸ ਮਤੇ ਦਾ ਖਾਸ ਕਰਕੇ ਜਥੇਦਾਰ ਤੋਤਾ ਸਿੰਘ ਜੀ ਦਾ ਵੀ ਧੰਨਵਾਦੀ ਹਾਂ ਔਰ ਮੈਂ ਇਸ ਮਤੇ ਨੂੰ ਪੂਰਾ ਸਮਰਥਨ ਦਿੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਇਹ ਜਿਹੜੀ ਚਰਚਾ ਹੈ ਇਸ ਤੇ ਸਾਨੂੰ ਸਮੁੱਚੇ ਹਾਊਸ ਨੂੰ ਚਿੰਤਾ ਕਰਨੀ ਚਾਹੀਦੀ ਹੈ। ਜਦੋਂ ਕਿਸੇ ਗਰੀਬ ਦਾ ਮਸਲਾ ਹੁੰਦਾ ਹੈ ਜਾਂ ਸੀਵਰੇਜ ਦੀ ਗੱਲ ਹੁੰਦੀ ਹੈ ਜਾਂ ਕਿਸੇ ਅਜਿਹੇ ਮਸਲੇ ਦੀ ਗੱਲ ਹੁੰਦੀ ਹੈ ਤਾਂ ਇਹ ਗਰਾਊਂਡ ਰਿਆਲਿਟੀ ਹੈ ਕਿ ਉਸ ਵਿੱਚ ਮੈਂਬਰ ਸਾਹਿਬ ਨੂੰ ਬਹੁਤ ਘੱਟ ਚਿੰਤਾ ਹੁੰਦੀ ਹੈ। ਅੱਜ ਜ਼ਰੂਰ ਇਸ ਗੱਲ ਤੇ ਸਾਰਿਆਂ ਨੂੰ ਚਿੰਤਾ ਹੋਣੀ ਚਾਹੀਦੀ ਹੈ। ਸਾਨੂੰ ਸਾਰਿਆਂ ਨੂੰ ਬੈਠ ਕੇ ਵਿਚਾਰ ਕਰਨਾ ਚਾਹੀਦਾ ਹੈ। ਬਹੁਤ ਸਾਰੀਆਂ ਡਿਬੇਟਸ ਹੋਣੀਆਂ ਚਾਹੀਦੀਆਂ ਹਨ, ਅਜਿਹੇ ਮਸਲਿਆਂ ਉਤੇ ਚਰਚਾਵਾਂ ਹੋਣੀਆਂ ਚਾਹੀਦੀਆਂ ਹਨ। ਇਹ ਨਾ ਹੋਣ ਕਰਕੇ ਅਸੀਂ ਪੰਜਾਬ ਦੇ ਮੁੱਖ ਹਿੱਤਾਂ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਾਂ। ਅਸੀਂ ਇਥੇ ਕੇਵਲ ਤਾਹਨੇ-ਮਿਹਣੇ ਹੀ ਦਿੰਦੇ ਰਹਿੰਦੇ ਹਾਂ। ਇਕ-ਦੂਜੇ ਦੀ ਖਿੱਲੀ ਉਡਾਉਂਦੇ ਹਾਂ। ਪਰ ਜਦੋਂ ਕਿਸੇ ਅਹਿਮ ਮਸਲੇ ਦੀ ਗੱਲ ਆਉਂਦੀ ਹੈ ਤਾਂ ਅਸੀਂ ਅੱਖਾਂ ਮੀਟ ਲੈਂਦੇ ਹਾਂ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਇਸ ਉਤੇ ਵਿਚਾਰ ਕਰੋ। ਵਿਚਾਰ ਕਰਕੇ ਕੋਈ ਸਾਂਝੀਆਂ ਕਮੇਟੀਆਂ ਬਣਾਉ ਤਾਂ ਜੋ ਜਿਨ੍ਹਾਂ ਲੋਕਾਂ ਨੇ ਸਾਨੂੰ ਇਥੇ ਚੁਣ ਕੇ ਭੇਜਿਆ ਹੈ ਉਨ੍ਹਾਂ ਵਾਸਤੇ ਕੁਝ ਕਰ ਸਕੀਏ ਅਤੇ ਉਸ ਪ੍ਰਮਾਤਮਾ-ਵਾਹਿਗੁਰੂ ਕੋਲ ਜਾ ਕੇ ਅਸੀਂ ਮੂੰਹ ਦਿਖਾਉਣ ਜੋਗੇ ਹੋ ਸਕੀਏ। ਅਸੀਂ ਕਹਿ ਸਕੀਏ ਕਿ ਪ੍ਰਮਾਤਮਾ ਜਿਹੜੀ ਤੂੰ ਸਾਨੂੰ ਜ਼ਿੰਦਗੀ ਦਿੱਤੀ ਸੀ ਅਸੀਂ ਉਸ ਵਿਚ ਗਰੀਬਾਂ ਦਾ ਭਲਾ ਕੀਤਾ ਹੈ। ਅੰਤ ਵਿਚ ਮੈਂ ਇਸ ਪ੍ਰਸਤਾਵ ਦਾ ਧੰਨਵਾਦ ਕਰਦਾ ਹਾਂ। ਜੈ ਹਿੰਦ।

**ਸਰਦਾਰ ਗੋਬਿੰਦ ਸਿੰਘ ਲੌਂਗੋਂਵਾਲ (ਧਨੌਲਾ)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜਥੇਦਾਰ ਤੋਤਾ ਸਿੰਘ ਜੀ ਵੱਲੋਂ ਜਿਹੜਾ ਇਕ ਮਹੱਤਵਪੂਰਨ ਮਤਾ ਰੱਖਿਆ ਗਿਆ ਹੈ, ਉਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੀ ਜ਼ਿੰਦਗੀ ਵਿਚ ਪਾਣੀ ਦਾ ਬਹੁਤ ਹੀ ਅਹਿਮ ਸਥਾਨ ਹੈ। ਗੁਰਬਾਣੀ ਵਿਚ ਵੀ ਲਿਖਿਆ ਹੈ :

ਪਹਿਲਾ ਪਾਣੀ ਜੀਉ ਹੈ ਜਿਤਿ ਹਰਿਆ ਸਭਿ ਕੋਇ

ਪਾਣੀ ਹਰ ਇਕ ਨੂੰ ਜ਼ਿੰਦਗੀ ਬਖਸ਼ਦਾ ਹੈ। ਭਾਵੇਂ ਉਹ ਮਨੁੱਖ ਹੈ, ਭਾਵੇਂ ਜਾਨਵਰ ਹੈ, ਭਾਵੇਂ ਪਸ਼ੂ-ਪੰਛੀ ਹਨ, ਭਾਵੇਂ ਫਸਲਾਂ ਹਨ ਜਾਂ ਸਾਰੀ ਬਨਸਪਤੀ ਹੈ। ਇਹ ਸਾਰੇ ਹੀ ਪਾਣੀ ਉਤੇ ਨਿਰਭਰ ਹਨ। ਇਸ ਲਈ ਅੱਜ ਇਹ ਇਕ ਬੜਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਵੇਂ ਸਾਰੇ ਮੈਂਬਰ ਸਾਹਿਬਾਨ ਨੇ ਦੱਸਿਆ ਹੈ ਕਿ ਪਾਣੀ

[ਸਰਦਾਰ ਗੋਬਿੰਦ ਸਿੰਘ ਲੌਂਗੋਂਵਾਲ]

ਗੰਦਾ ਹੋ ਰਿਹਾ ਹੈ, ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਉਸ ਉਤੇ ਇਹ ਇਕ ਅਹਿਮ ਮਤਾ ਲਿਆਂਦਾ ਹੈ। ਜਿਹੜਾ ਸਾਡਾ ਸੀਵਰੇਜ ਦਾ ਪਾਣੀ ਹੈ, ਸ਼ਹਿਰਾਂ ਦਾ ਗੰਦਾ ਪਾਣੀ ਹੈ, ਉਹ ਸਾਰਾ ਦਰਿਆਵਾਂ ਵਿਚ ਪੈ ਰਿਹਾ ਹੈ ਅਤੇ ਬੜਾ ਗੰਦਾ ਹੋ ਰਿਹਾ ਹੈ। ਅੱਗੇ ਨਹਿਰਾਂ ਦਾ ਪਾਣੀ ਵੀ ਗੰਦਾ ਹੋ ਰਿਹਾ ਹੈ। ਇਸ ਤਰ੍ਹਾਂ ਜਿਥੇ ਵੀ ਪਾਣੀ ਜਾਂਦਾ ਹੈ, ਇਸ ਦਾ ਮਨੁੱਖ ਉਤੇ ਹੀ ਨਹੀਂ, ਮੈਂ ਸਮਝਦਾ ਹਾਂ ਕਿ ਜਾਨਵਰਾਂ ਅਤੇ ਪਸ਼ੂ-ਪੰਛੀਆਂ ਉਤੇ ਵੀ ਬੜਾ ਪ੍ਰਭਾਵ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਵੇਖਿਆ ਹੋਵੇਗਾ ਕਿ ਬਹੁਤ ਸਾਰੇ ਪੰਛੀ ਐਸੇ ਹਨ ਜਿਹੜੇ ਕਿ ਮਨੁੱਖ ਲਈ ਬੜੇ ਲਾਭਦਾਇਕ ਸਿੱਧ ਹੁੰਦੇ ਹਨ। ਜਿਵੇਂ ਇੱਲਾਂ, ਗਿਰਦਾਂ ਤੇ ਕਾਂ ਆਦਿ। ਹੁਣ ਇਹ ਪੰਜਾਬ ਵਿਚੋਂ ਅਲੋਪ ਹੁੰਦੇ ਜਾ ਰਹੇ ਹਨ। ਨਾ ਗਿਰਝਾਂ ਦਿੱਸਦੀਆਂ ਹਨ ਤੇ ਨਾ ਇੱਲਾਂ ਦਿਸਦੀਆਂ ਹਨ। ਜਿਹੜੇ ਜਾਨਵਰ ਵਗੈਰਾ ਮਰ ਜਾਂਦੇ ਸਨ, ਉਨ੍ਹਾਂ ਨਾਲ ਗੰਦ-ਮੰਦ ਫੈਲਦਾ ਸੀ, ਵਾਤਾਵਰਣ ਪ੍ਰਦੂਸ਼ਿਤ ਹੁੰਦਾ ਸੀ। ਉਸ ਗੰਦ ਨੂੰ ਇਹ ਜਾਨਵਰ ਸਾਫ ਕਰ ਦਿੰਦੇ ਸਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਜਾਨਵਰਾਂ ਦੇ ਅਲੋਪ ਹੋਣ ਕਾਰਨ ਹੀ ਮਨੁੱਖ ਵੀ ਪ੍ਰਦੂਸ਼ਿਤ ਹੋ ਰਿਹਾ ਹੈ, ਪਾਣੀ ਵੀ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਧਰਤੀ ਵੀ ਪ੍ਰਦੂਸ਼ਿਤ ਹੋ ਰਹੀ ਹੈ। ਅਸੀਂ ਦੇਖਦੇ ਹਾਂ ਕਿ ਪਾਣੀ ਦੇ ਨਾਲ ਅੱਜ ਇਕ ਬਹੁਤ ਵੱਡੀ ਪ੍ਰਾਬਲਮ ਖੜ੍ਹੀ ਹੋ ਗਈ ਹੈ। ਜਿਹੜਾ ਇਹ ਜਾਨਵਰ ਗਿਰਝਾਂ ਤੇ ਇੱਲਾਂ ਵਗੈਰਾ ਪਹਿਲਾਂ ਸੜਕਾਂ ਉਤੇ ਜਿਹੜੇ ਜਾਨਵਰ ਮਰ ਜਾਂਦੇ ਸਨ, ਉਨ੍ਹਾਂ ਨੂੰ ਚੁੱਕਦਾ ਕੋਈ ਨਹੀਂ ਸੀ। ਬਦਬੂ ਫੈਲ ਜਾਂਦੀ ਸੀ। ਪਹਿਲਾਂ ਇਸ ਗੰਦ-ਮੰਦ ਨੂੰ ਉਹ ਸਾਫ ਕਰ ਦਿੰਦੇ ਹੁੰਦੇ ਸਨ। ਪਰ ਹੁਣ ਅਜਿਹਾ ਨਹੀਂ ਹੈ। ਇਸ ਕਾਰਨ ਕਰਕੇ, ਇਨ੍ਹਾਂ ਗੱਲਾਂ ਕਰਕੇ ਹੀ ਇਹ ਮਤਾ ਆਇਆ ਹੈ। ਮੇਰੇ ਹਲਕੇ ਵਿਚ ਕੋਟਲਾ ਨਹਿਰ ਬ੍ਰਾਂਚ ਵਿਚੋਂ ਇਕ ਰਜਬਾਹਾ ਸ਼ੇਰੋਂ-ਬਬਨਪੁਰ ਪਿੰਡ ਤੋਂ ਨਿਕਲਦਾ ਹੈ। ਉਹ ਧੂਰੀ ਸ਼ਹਿਰ ਵਿਚੋਂ ਦੀ ਵਿਚਰਦਾ ਹੈ। ਇਸ ਵਿਚ ਧੂਰੀ ਸ਼ਹਿਰ ਦਾ ਗੰਦਾ ਪਾਣੀ, ਸੀਵਰੇਜ ਦਾ ਪਾਣੀ ਪੈਂਦਾ ਹੈ। ਇਹ 25-30 ਪਿੰਡਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਫਸਲਾਂ ਨੂੰ ਪ੍ਰਭਾਵਿਤ ਕਰਦਾ ਹੈ। ਅਸੀਂ ਦੇਖਦੇ ਹਾਂ ਕਿ ਜਿਹੜੀ ਸਾਡੀ ਜਲ ਸਪਲਾਈ ਹੁੰਦੀ ਹੈ ਉਹ ਸੂਇਆਂ ਵਿਚੋਂ ਪਾਣੀ ਲਿਆ ਜਾਂਦਾ ਹੈ। ਲੋਕ ਵੀ ਗੰਦਾ ਪਾਣੀ ਵਰਤਣ ਲਈ ਮਜ਼ਬੂਰ ਹੋ ਜਾਂਦੇ ਹਨ। ਇਸ ਲਈ ਆਪਾਂ ਸਾਰੇ ਜਾਣਦੇ ਹਾਂ ਕਿ ਸੰਤ ਅਤਰ ਸਿੰਘ ਜੀ 20ਵੀਂ ਸਦੀ ਦੇ ਮਹਾਂਪੁਰਸ਼ ਹੋਏ ਹਨ ਉਨ੍ਹਾਂ ਦਾ ਜਨਮ ਸਥਾਨ ਪਿੰਡ ਚੀਮਾ ਹੈ ਅਤੇ ਮਸਤੂਆਣਾ ਵਿਖੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਅਤੇ ਉਥੇ ਜਿਹੜਾ ਸਰੋਵਰ ਬਣਿਆ ਹੋਇਆ ਹੈ, ਉਸ ਵਿੱਚ ਉਸ ਸੂਏ ਤੋਂ ਹੀ ਪਾਣੀ ਜਾਂਦਾ ਹੈ, ਉਥੇ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਆਉਂਦੀਆਂ ਹਨ ਅਤੇ ਇਸ਼ਨਾਨ ਕਰਦੀਆਂ ਹਨ, ਪਰ ਸਰੋਵਰ ਵਿਚ ਇਸ ਸੂਏ ਵਿੱਚੋਂ ਗੰਦਾ ਪਾਣੀ ਪੈਂਦਾ ਹੈ। ਇਸ ਤੋਂ ਇਲਾਵਾ ਹੋਰ ਕੂੜਾ ਕਰਕਟ ਵੀ ਚਲਾ ਜਾਂਦਾ ਹੈ। ਜਦੋਂ ਮੈਂ ਪੰਜਾਬ ਸਰਕਾਰ ਵਿਚ ਇਰੀਗੇਸ਼ਨ ਮਨਿਸਟਰ ਹੁੰਦਾ ਸੀ ਉਸ ਵੇਲੇ ਮੈਂ ਗੰਦਾ ਪਾਣੀ ਉਸ ਸੂਏ ਵਿੱਚ ਨਾ ਸੁੱਟਣ ਲਈ ਲੋਕਾਂ ਨੂੰ ਪ੍ਰੇਰਿਆ ਵੀ ਸੀ ਪਰ ਜਦੋਂ ਲੋਕ ਨਾ ਹਟੇ ਤਾਂ ਮੈਂ ਕੁਝ ਸਖਤੀ ਵੀ ਕੀਤੀ ਅਤੇ ਉਸ ਵੇਲੇ ਉਹ ਬੰਦ ਹੋ ਗਿਆ ਸੀ। ਜੇ ਗੰਦੇ ਪਾਣੀ ਨੂੰ ਸੂਏ ਵਿੱਚ ਪਾਇਆ ਜਾਵੇ ਉਸਦੇ ਨਾਲ ਇਕ ਤਾਂ ਪਾਣੀ ਗੰਦਾ ਹੁੰਦਾ ਹੈ, ਦੂਸਰਾ ਗਾਦ ਵਗੈਰਾ ਵੀ ਚਲੀ ਜਾਂਦੀ ਹੈ ਅਤੇ ਕੂੜਾ-ਕਰਕਟ ਵੀ ਚਲਾ ਜਾਂਦਾ ਹੈ ਜਿਸ ਦੇ ਨਾਲ ਸੂਏ ਵਿੱਚ ਪਾਣੀ ਘੱਟ ਜਾਂਦਾ ਹੈ। ਜਦੋਂ ਅਸੀਂ ਪਾਣੀ ਘੱਟ ਛੱਡਦੇ ਸੀ ਤਾਂ ਲੋਕ ਰੌਲਾ

ਪਾਉਂਦੇ ਸਨ ਕਿ ਪਾਣੀ ਘੱਟ ਕਿਉਂ ਛੱਡਿਆ ਜਾ ਰਿਹਾ ਹੈ ਅਤੇ ਜੇ ਪਾਣੀ ਵੱਧ ਛੱਡਦੇ ਸੀ ਤਾਂ ਕੂੜੇ-ਕਰਕਟ ਅਤੇ ਗਾਦ ਕਰਕੇ ਪਾਣੀ ਉੱਛਲ ਕੇ ਸ਼ਹਿਰ ਵਿਚ ਜਾਣ ਦਾ ਖਤਰਾ ਬਣ ਜਾਂਦਾ ਸੀ। ਇਸ ਤਰ੍ਹਾਂ ਇਸ ਗੰਦੇ ਪਾਣੀ ਨਾਲ ਬੜੀਆਂ ਮੁਸ਼ਕਲਾਂ ਪੈਦਾ ਹੁੰਦੀਆਂ ਹਨ। ਇਸੇ ਤਰ੍ਹਾਂ ਹੀ ਇਕ ਧਨੌਲਾ ਡਰੇਨ ਹੈ ਜਿੱਥੇ ਸਾਰੇ ਸ਼ਹਿਰ ਦਾ ਪਾਣੀ ਪੈਂਦਾ ਹੈ ਉਹ ਪਿੰਡ ਧੌਲਾ ਵਿਖੇ ਪੈਂਦਾ ਹੈ ਅਤੇ ਉਥੇ ਇਕ ਬਹੁਤ ਵੱਡੀ ਫੈਕਟਰੀ ਲੱਗੀ ਹੋਈ ਹੈ, ਉਸ ਫੈਕਟਰੀ ਦਾ ਵੀ ਸਾਰਾ ਗੰਦਾ ਪਾਣੀ ਉਸ ਡਰੇਨ ਵਿੱਚ ਪੈਂਦਾ ਹੈ ਅਤੇ ਉਸ ਪਾਣੀ ਵਿੱਚੋਂ ਬਹੁਤ ਜ਼ਿਆਦਾ ਬਦਬੂ ਆਉਂਦੀ ਹੈ। ਸਾਡੇ ਮੈਂਬਰ ਘੁੰਨਸ ਸਾਹਿਬ ਦਾ ਗੁਰਦੁਵਾਰਾ ਸਾਹਿਬ ਵੀ ਉਸ ਡਰੇਨ ਦੇ ਕਿਨਾਰੇ ਤੇ ਉਥੇ ਹੀ ਬਣਿਆ ਹੋਇਆ ਹੈ ਔਰ ਲੱਖਾਂ ਦੀ ਤਾਦਾਦ ਵਿੱਚ ਸ਼ਰਧਾਲੂ ਉਥੇ ਗੁਰਦੁਆਰਾ ਸਾਹਿਬ ਵਿਖੇ ਆਉਂਦੇ ਹਨ ਉਹ ਸਾਰੇ ਹੀ ਬਹੁਤ ਪਰੇਸ਼ਾਨ ਹੁੰਦੇ ਹਨ ਕਿਉਂਕਿ ਪਾਣੀ ਵਿਚੋਂ ਬਹੁਤ ਬਦਬੂ ਆਉਂਦੀ ਹੈ ਅਤੇ ਫੈਕਟਰੀ ਵਾਲਿਆਂ ਨੂੰ ਕੁਝ ਕਹਿ ਨਹੀਂ ਸਕਦੇ ਕਿਉਂਕਿ ਉਨ੍ਹਾਂ ਦੀ ਉਪਰ ਤੱਕ ਅਪਰੋਚ ਹੁੰਦੀ ਹੈ। ਅੱਜ ਦੇ ਮੁੱਖ ਮੰਤਰੀ ਸਾਹਿਬ ਦਾ ਹੈਲੀਕਾਪਟਰ ਵੀ ਉਥੇ ਉਸੇ ਫੈਕਟਰੀ ਵਿੱਚ ਉਤਰਿਆ ਸੀ। ਇਨ੍ਹਾਂ ਲੋਕਾਂ ਦੀ ਉੱਪਰ ਤੱਕ ਐਪਰੋਚ ਹੁੰਦੀ ਹੈ। ਇਸ ਲਈ ਅਫਸਰ ਵੀ ਲੋਕਾਂ ਦੀ ਪ੍ਰਵਾਹ ਨਹੀਂ ਕਰਦੇ। ਪਰ, ਡਿਪਟੀ ਸਪੀਕਰ ਸਾਹਿਬ, ਜਦੋਂ ਹਵਾ ਉਸ ਪਾਸਿਉਂ ਚਲਦੀ ਹੈ ਤਾਂ ਉਸਦਾ ਬਹੁਤ ਅਸਰ ਹੁੰਦਾ ਹੈ, ਫਸਲਾਂ ਤਬਾਹ ਹੋ ਜਾਂਦੀਆਂ ਹਨ। ਸਾਡੇ ਨੇੜੇ ਇਕ ਪਿੰਡ ਹੈ ਫਤਹਿਗੜ੍ਹ ਛੰਨਾ, ਉਥੇ ਇਸਦੇ ਨਾਲ ਬਹੁਤ ਨੁਕਸਾਨ ਹੋਇਆ ਹੈ। ਇਹ ਬਹੁਤ ਵੱਡੀ ਕਿਸਾਨਾਂ ਵਾਸਤੇ ਦੁਖਦਾਈ ਅਤੇ ਭਿਆਨਕ ਗੱਲ ਹੈ ਔਰ ਇਸਦੇ ਨਾਲ ਜਿੱਥੇ ਫਸਲਾਂ ਤਬਾਹ ਹੁੰਦੀਆਂ ਹਨ, ਉਸਦੇ ਨਾਲ ਹੀ ਬਹੁਤ ਸਾਰੀਆਂ ਬਿਮਾਰੀਆਂ ਵੀ ਪੈਦਾ ਹੋ ਰਹੀਆਂ ਹਨ। ਇਥੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਦੱਸਿਆ ਹੈ ਕਿ ਕਿੰਨੀਆਂ ਭੈੜੀਆਂ ਭੈੜੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ, ਕਿਸੇ ਨੂੰ ਬਲੱਡ ਪ੍ਰੈਸ਼ਰ, ਕਿਸੇ ਨੂੰ ਸ਼ੂਗਰ ਹੋ ਰਹੀ ਹੈ ਅਤੇ ਡਿਪਟੀ ਸਪੀਕਰ ਸਾਹਿਬ, ਅੱਗੇ ਕਦੇ ਕਦਾਈਂ ਹਾਰਟ ਅਟੈਕ ਬਾਰੇ ਸੁਣੀਦਾ ਸੀ, ਹੁਣ ਤਾਂ ਬੱਚਿਆਂ ਨੂੰ ਹਾਰਟ-ਅਟੈਕ ਹੋ ਜਾਂਦਾ ਹੈ। ਨਲਕਿਆਂ ਦਾ ਪਾਣੀ ਗੰਦਾ ਹੋ ਰਿਹਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਧੌਲਾ ਵਿਖੇ ਇਕ ਆਦਮੀ ਧਨੌਲਾ ਡਰੇਨ ਵਿੱਚ ਡਿੱਗ ਪਿਆ ਅਤੇ ਉਸ ਡਰੇਨ ਦਾ ਕੈਮੀਕਲਜ਼ ਨਾਲ ਪ੍ਰਦੂਸ਼ਤ ਪਾਣੀ ਉਸਦੇ ਮੂੰਹ ਵਿੱਚ ਚਲਾ ਗਿਆ, ਜਿਸਦੇ ਕਾਰਨ ਉਸਦੀ ਮੌਤ ਹੋ ਗਈ। ਮੈਂ ਸਮਝਦਾ ਹਾਂ ਕਿ ਇਸ ਮਤੇ ਦੀ ਅਹਿਮੀਅਤ ਸਾਨੂੰ ਸਾਰਿਆਂ ਨੂੰ ਸਮਝਣੀ ਚਾਹੀਦੀ ਹੈ ਔਰ ਸਾਨੂੰ ਚਿੰਤਾ ਕਰਨੀ ਚਾਹੀਦੀ ਹੈ। ਪਹਿਲਾਂ ਸ਼ਰਮਾ ਜੀ ਨੇ ਵੀ ਇਕ ਬਹੁਤ ਹੀ ਅਹਿਮ ਮਤਾ ਇਸ ਸਦਨ ਵਿੱਚ ਲਿਆਂਦਾ ਸੀ ਕਿ ਨਸ਼ਿਆਂ ਦੇ ਨਾਲ ਕਿਵੇਂ ਸਾਡੀ ਜਵਾਨੀ ਖਤਮ ਹੁੰਦੀ ਜਾ ਰਹੀ ਹੈ। ਇਹ ਵੀ ਭਿਆਨਕ ਵਿਸ਼ਾ ਹੈ। ਇਸ ਲਈ ਇਹ ਮਤਾ ਜਿਹੜਾ ਕਿ ਜਥੇਦਾਰ ਤੋਤਾ ਸਿੰਘ ਜੀ ਨੇ ਲਿਆਂਦਾ ਹੈ, ਇਸ ਦੀ ਮਹੱਤਤਾ ਨੂੰ ਵੇਖਦੇ ਹੋਏ ਸਾਨੂੰ ਸਰਬ-ਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ) :** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਅੱਜ ਵੀਰਵਾਰ ਦਾ ਦਿਨ ਪ੍ਰਾਈਵੇਟ ਬਿਜ਼ਨਸ ਲਈ ਹੈ। ਪਿਛਲੀ ਵਾਰੀ ਨਸ਼ਿਆਂ ਦੀ ਰੋਕਥਾਮ ਲਈ ਪ੍ਰਸਤਾਵ ਆਇਆ ਸੀ ਜਿਹੜਾ ਕਿ ਟਰੈਜ਼ਰੀ ਬੈਂਚਾਂ ਵਲੋਂ ਇੱਕ ਮੈਂਬਰ ਨੇ ਲਿਆਂਦਾ ਸੀ। ਸਾਰੀਆਂ ਪਾਰਟੀਆਂ ਨੇ ਉਸ ਦਾ ਸਮਰਥਨ ਕੀਤਾ ਪਰ ਉਹ ਟਾਕ-ਆਊਟ ਹੋ ਗਿਆ। ਡਿਪਟੀ ਸਪੀਕਰ ਸਾਹਿਬ, ਇਸ ਸਦਨ ਦਾ ਸਮਾਂ ਬਹੁਤ ਕੀਮਤੀ ਹੈ ਔਰ ਖਰਚਾ ਵੀ ਸਦਨ ਨੂੰ ਚਲਾਉਣ ਤੇ ਕਾਫੀ ਆਉਂਦਾ ਹੈ। ਮੈਂ ਸਮਝਦਾ ਹਾਂ ਕਿ ਜਿਸ ਵੇਲੇ ਲੋਕ ਮਹੱਤਤਾ ਦੇ ਇਸ ਤਰ੍ਹਾਂ ਦੇ ਮਤੇ ਆਉਣ ਤੇ ਤਕਰੀਬਨ ਉਸ ਤੇ ਸਹਿਮਤੀ ਬਣਦੀ ਹੋਵੇ ਤਾਂ ਉਹ ਜ਼ਰੂਰ ਪਾਸ ਕਰਨੇ ਚਾਹੀਦੇ ਹਨ। ਜਥੇਦਾਰ ਤੋਤਾ ਸਿੰਘ ਜੀ ਨੇ ਅੱਜ ਬਹੁਤ ਅਹਿਮ ਮਤਾ ਲਿਆਂਦਾ ਹੈ। ਸਰਦਾਰ ਸੋਹਨ ਸਿੰਘ ਠੰਡਲ, ਕੈਪਟਨ ਬਲਬੀਰ ਸਿੰਘ ਬਾਠ ਅਤੇ ਸਰਦਾਰ ਸੁਖਪਾਲ ਸਿੰਘ ਜੀ ਨੇ ਵੀ ਅੱਜ ਮਿਲਦੇ-ਜੁਲਦੇ ਮਤੇ ਲਿਆਂਦੇ ਹਨ। ਹੁਣ ਤੱਕ ਇਸ ਮਤੇ ਤੇ ਜਿੰਨੀ ਬਹਿਸ ਹੋਈ ਹੈ, ਚਾਹੇ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਅਤੇ ਚਾਹੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਾਹਿਬਾਨ ਬੋਲੇ ਹਨ, ਉਨ੍ਹਾਂ ਨੇ ਇਸ ਮਤੇ ਦਾ ਸਮਰਥਨ ਕੀਤਾ ਹੈ। ਅਗਰ ਪੰਜਾਬ ਦੇ ਭਵਿੱਖ ਨੂੰ ਬਚਾਉਣਾ ਹੈ ਤਾਂ ਪੀਣ ਦੇ ਪਾਣੀ ਦੇ ਪੂਰੇ ਪ੍ਰਬੰਧ ਕਰਨੇ ਪੈਣਗੇ ਅਤੇ ਗੰਦੇ ਪਾਣੀ ਲਈ ਕੋਈ ਹੱਲ ਕੱਢਣਾ ਪਵੇਗਾ। ਅੱਜ ਸੀਵਰੇਜ ਦਾ ਪਾਣੀ ਖੁੱਲ੍ਹਾ ਫਿਰ ਰਿਹਾ ਹੈ। ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਖੁੱਲ੍ਹਾ ਫਿਰ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਵੱਲੋਂ, ਆਪਣੀ ਪਾਰਟੀ ਵੱਲੋਂ ਜਥੇਦਾਰ ਤੋਤਾ ਸਿੰਘ ਜੀ ਨੇ ਜੋ ਇਹ ਮਤਾ ਲਿਆਂਦਾ ਹੈ, ਇਸ ਦਾ ਭਰਪੂਰ ਸਮਰਥਨ ਕਰਦਾ ਹਾਂ। ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਸ ਨੂੰ ਬੇਸਿਕ ਮਸਲਾ ਕਿਹਾ ਜਾ ਸਕਦਾ ਹੈ। ਅੱਜ ਸ਼ਹਿਰੀਕਰਨ ਵੱਧ ਰਿਹਾ ਹੈ, ਆਬਾਦੀ ਵੱਧ ਰਹੀ ਹੈ, ਲੋਕਾਂ ਦੇ ਰਹਿਣ-ਸਹਿਣ ਦਾ ਮਿਆਰ ਉਚਾ ਹੁੰਦਾ ਜਾ ਰਿਹਾ ਹੈ। ਲੋਕਾਂ ਦੇ ਰਹਿਣ-ਸਹਿਣ ਦਾ ਮਿਆਰ ਉਚਾ ਹੋਣ ਕਾਰਨ, ਪਿੰਡਾਂ ਵਿੱਚ ਵੀ ਲੋਕਾਂ ਦੇ ਰਹਿਣ-ਸਹਿਣ ਦਾ ਪੱਧਰ ਵੱਧਣ ਕਾਰਨ ਲੋਕਾਂ ਦੀਆਂ ਸਿਵਲ ਅਮੈਨਟੀਜ਼, ਇਹ ਮੰਗਾਂ ਵੀ ਵੱਧ ਰਹੀਆਂ ਹਨ। ਡਿਪਟੀ ਸਪੀਕਰ ਸਾਹਿਬ, ਅੱਜ ਸ਼ਹਿਰੀਕਰਨ ਹੋਣ ਨਾਲ ਜਿੱਥੇ ਸ਼ਹਿਰ ਦੇ ਲੋਕਾਂ ਦੀਆਂ ਮੰਗਾਂ ਵੱਧ ਰਹੀਆਂ ਹਨ, ਉਥੇ ਪਿੰਡਾਂ ਦੀਆਂ ਮੰਗਾਂ ਵੀ ਵੱਧ ਰਹੀਆਂ ਹਨ। ਕੋਈ ਸਮਾਂ ਸੀ ਜਦੋਂ ਸਵੇਰੇ ਜੰਗਲ-ਪਾਣੀ ਲਈ ਅਸੀਂ ਬਾਹਰ ਜਾਂਦੇ ਸੀ। ਅੱਜ ਪਿੰਡਾਂ ਦੀ ਹਾਲਤ ਇਹ ਬਣ ਗਈ ਹੈ ਕਿ ਸਾਰੀ ਜ਼ਮੀਨ ਆਬਾਦ ਹੋ ਰਹੀ ਹੈ, ਖੇਤੀ ਥੱਲੇ ਆ ਗਈ ਹੈ, ਦੇਖ-ਰੇਖ ਵੱਧ ਗਈ ਹੈ ਔਰ ਇਸ ਲਈ ਸ਼ਹਿਰਾਂ ਵਿੱਚ ਤਾਂ ਕੀ, ਪਿੰਡਾਂ ਦੇ ਲੋਕ ਵੀ ਨਿੱਤ ਕਰਮ ਲਈ ਬਾਹਰ ਨਹੀਂ ਜਾਂਦੇ। ਇਸ ਲਈ ਐਸੇ ਪ੍ਰਬੰਧ ਕੀਤੇ ਗਏ ਹਨ ਕਿ ਹਰ ਪਿੰਡ ਜਾਂ ਹਰ ਸ਼ਹਿਰ ਵਿਚ ਫਲੱਸ਼ਾਂ ਹੋਣ ਜਾਂ ਡਰਾਈ ਲੈਟਰੀਨਜ਼ ਦਾ ਇੰਤਜ਼ਾਮ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਜਿਹੜੀ ਅਸੀਂ ਜ਼ਰੂਰੀ ਅਮੈਨਟੀਜ਼ ਦੀ ਗੱਲ ਕਰਦੇ ਹਾਂ, ਉਨ੍ਹਾਂ ਵਿੱਚ ਮੁੱਖ ਤੌਰ ਤੇ ਪੀਣ ਦਾ ਪਾਣੀ, ਰੌਸ਼ਨੀ, ਗਲੀਆਂ ਅਤੇ ਸੜਕਾਂ ਹਨ। ਇਨ੍ਹਾਂ ਵਿੱਚੋਂ ਵੀ ਜੇ ਅਸੀਂ ਸਭ ਤੋਂ ਉਪਰ ਜ਼ਰੂਰੀ ਅਮੈਨਟੀਜ਼ ਦੇਖੀਏ ਤਾਂ ਉਹ ਹੈ, ਗੰਦੇ ਪਾਣੀ ਦੀ ਨਿਕਾਸੀ ਅਤੇ ਉਸ ਦਾ ਪ੍ਰਬੰਧ ਕਰਨਾ। ਇਹ ਸਭ ਤੋਂ ਜ਼ਰੂਰੀ ਅਹਿਮ ਲੋੜ ਹੈ। ਇਸ ਗੱਲ ਦੀ ਬੜੀ ਚਰਚਾ ਹੈ ਕਿ ਪੰਜਾਬ ਦਾ ਪਾਣੀ ਬਹੁਤ ਵਧੀਆ ਸੀ। ਪੀਣ ਦੇ ਕਾਬਲ ਸੀ। ਸਿਹਤ ਲਈ ਬਹੁਤ ਅੱਛਾ ਸੀ। ਹੁਣ ਦਿਨ-ਬ-ਦਿਨ ਇਸ ਵਿੱਚ ਵਿਗਾੜ ਆ ਰਹੇ ਹਨ ਅਤੇ ਪਾਣੀ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਸਾਇੰਟਿਸਟ ਕਹਿ ਰਹੇ ਹਨ ਕਿ ਥਰਡ ਵਰਲਡ ਵਾਰ ਜੇ ਕੋਈ ਹੋਈ ਤਾਂ ਉਹ ਪਾਣੀਆਂ ਦੀ ਲੜਾਈ ਤੇ ਹੋਵੇਗੀ, ਪਾਣੀਆਂ ਦੇ ਮਸਲੇ ਤੇ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਅੱਜ ਪਾਣੀ ਦੀ ਕੁਆਲਿਟੀ ਘੱਟ ਰਹੀ ਹੈ।

ਮੈਨੂੰ ਯਾਦ ਹੈ ਕਿ ਜਦੋਂ ਅਸੀਂ ਛੋਟੇ ਹੁੰਦੇ ਸੀ ਉਦੋਂ ਹੁਸ਼ਿਆਰਪੁਰ ਦੇ ਇਲਾਕੇ ਵਿੱਚ 10-11 ਫੁੱਟ ਤੇ ਪਾਣੀ ਮਿਲ ਜਾਂਦਾ ਸੀ ਔਰ ਨਲਕਾ ਲੱਗ ਜਾਂਦਾ ਸੀ ਪਰ ਅੱਜ ਸੌ ਫੁੱਟ ਤੇ ਵੀ ਪਾਣੀ ਠੀਕ ਨਹੀਂ ਮਿਲਦਾ। ਕਿਸੇ ਵੀ ਪਿੰਡ ਵਿੱਚ ਕਿਸੇ ਵੀ ਨਲਕੇ ਤੋਂ ਪਾਣੀ ਦੀ ਬਾਲਟੀ ਭਰ ਲਓ ਤੇ ਉਸ ਨੂੰ ਪੰਜ-ਛੇ ਘੰਟੇ ਲਈ ਰੱਖ ਦਿਓ ਤਾਂ ਪਾਣੀ ਦਾ ਰੰਗ ਤੁਸੀਂ ਬਰਾਊਨ ਹੋਇਆ ਦੇਖੋਗੇ। ਇਹ ਪਾਣੀ ਪੀਣ ਦੇ ਕਾਬਲ ਨਹੀਂ ਰਿਹਾ। ਕੱਪੜੇ ਧੋਣ ਦੇ ਕਾਬਲ ਨਹੀਂ ਰਿਹਾ। ਇਹ ਕਿਉਂ ਹੋ ਰਿਹਾ ਹੈ ? ਇਹ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਲਗਾਤਾਰ ਜ਼ਹਿਰੀਲੀਆਂ ਚੀਜ਼ਾਂ, ਗੰਦੀਆਂ ਚੀਜ਼ਾਂ, ਪ੍ਰਦੂਸ਼ਿਤ ਚੀਜ਼ਾਂ ਸਾਫ ਪਾਣੀ ਵਿਚ ਜਾ ਰਹੀਆਂ ਹਨ ਔਰ ਪੀਣ ਵਾਲਾ ਪਾਣੀ ਖਰਾਬ ਹੋ ਰਿਹਾ ਹੈ। ਇਸ ਦਾ ਹੱਲ ਤਾਂ ਹੀ ਹੋ ਸਕਦਾ ਹੈ ਜੇਕਰ ਸੀਵਰੇਜ ਦਾ ਪਾਣੀ, ਫਲੱਸ਼ਾਂ ਦਾ ਪਾਣੀ ਜਾਂ ਹੋਰ ਗੰਦਾ ਪਾਣੀ ਟਰੀਟ ਹੋ ਸਕੇ। ਇਸ ਚੀਜ਼ ਵਿੱਚ ਸਾਨੂੰ ਅੱਗੇ ਆਉਣਾ ਪਵੇਗਾ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਅਸੀਂ ਰੌਸ਼ਨੀ ਦੀ ਗੱਲ ਕਰ ਲਈਏ। ਸ਼ਹਿਰਾਂ ਵਿੱਚ ਤੇ ਪਿੰਡਾਂ ਵਿੱਚ ਥੱਲੇ ਜੇਕਰ ਗੰਦਗੀ ਹੋਵੇ ਤਾਂ ਉਸ ਰੌਸ਼ਨੀ ਦਾ ਕੋਈ ਫਾਇਦਾ ਨਹੀਂ ਬਨਸਪਿਤ ਹਨੇਰਾ ਹੋਵੇ ਤੇ ਥੱਲੇ ਗੰਦਗੀ ਨਾ ਫੈਲੀ ਹੋਵੇ। ਸੋ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿੰਨੀਆਂ ਸਾਡੀਆਂ ਸਿਵਿਕ ਇਮੈਨਟੀਜ਼ ਹਨ, ਉਨ੍ਹਾਂ ਦੇ ਵਿੱਚ ਸਭ ਤੋਂ ਜ਼ਰੂਰੀ ਧਿਆਨ ਦੇਣ ਦੀ ਲੋੜ, ਪਹਿਲਾਂ ਧਿਆਨ ਦੇਣ ਦੀ ਲੋੜ ਗੰਦੇ ਪਾਣੀ ਦੀ ਸਹੀ ਨਿਕਾਸੀ ਦੀ ਹੈ। ਸਹੀ ਨਿਕਾਸੀ ਤਾਂ ਹੀ ਹੋ ਸਕਦੀ ਹੈ ਜੇ ਅਸੀਂ ਟਰੀਟਮੈਂਟ ਕਰਕੇ ਉਸ ਪਾਣੀ ਨੂੰ ਅੱਗੇ ਵਧਣ ਦਿਆਂਗੇ, ਉਸ ਪਾਣੀ ਦਾ ਜ਼ਹਿਰ ਖਤਮ ਕਰਕੇ, ਉਸ ਪਾਣੀ ਦੇ ਵਿਚੋਂ ਜੋ ਗੰਦਗੀ ਖਤਮ ਕਰਕੇ ਛੱਡਾਂਗੇ। ਡਿਪਟੀ ਸਪੀਕਰ ਸਾਹਿਬ, ਅਸੀਂ ਅੱਜ ਸਾਰੀ ਗੰਦਗੀ ਖੁਲ੍ਹੇ ਤੌਰ ਤੇ ਦਰਿਆਵਾਂ ਵਿੱਚ ਭੇਜਣ ਲਈ ਮਜਬੂਰ ਹੋਏ ਪਏ ਹਾਂ ਔਰ ਦਰਿਆ ਸਾਡੇ ਪੂਜਨੀਆ ਰਹੇ ਹਨ। ਅਸੀਂ ਖਵਾਜਾ ਦੇ ਤੌਰ ਤੇ ਮੰਨਦੇ ਰਹੇ ਹਾਂ। ਦਰਿਆਵਾਂ ਤੇ ਨਦੀਆਂ ਨੂੰ ਅਸੀਂ ਪੂਜਦੇ ਰਹੇ ਹਾਂ ਪਰ ਕੀ ਅੱਜ ਅਸੀਂ ਉਨ੍ਹਾਂ ਨਾਲਿਆਂ ਨੂੰ, ਦਰਿਆਵਾਂ ਨੂੰ, ਨਦੀਆਂ ਨੂੰ ਉਸੇ ਸ਼ਰਧਾ ਨਾਲ ਦੇਖ ਸਕਦੇ ਹਾਂ, ਜਿਨ੍ਹਾਂ ਦੇ ਨੇੜੇ ਗੰਦਗੀ ਵਗ ਰਹੀ ਹੈ ? ਅਸੀਂ ਇਨ੍ਹਾਂ ਦੀ ਸੰਭਾਲ ਨਾ ਕਰਕੇ, ਗੰਦਾ ਪਾਣੀ ਦਰਿਆਵਾਂ ਵਿੱਚ ਛੱਡ ਕੇ ਆਪਣੇ ਆਪ ਤੋਂ ਟੁੱਟ ਗਏ ਹਾਂ। ਆਪਣੇ ਆਪ ਤੋਂ ਟੁੱਟਣ ਦਾ ਮਤਲਬ ਇਹ ਹੁੰਦਾ ਹੈ ਕਿ ਜਿਹੜੀ ਸਾਡੀ ਸੰਸਕ੍ਰਿਤੀ ਹੈ, ਜੋ ਸਾਡੀ ਸਿਵਲਾਈਜ਼ੇਸ਼ਨ ਹੈ, ਉਹ ਡਰੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਸਾਨੂੰ ਖਤਰਾ ਹੋਇਆ ਪਿਆ ਹੈ। ਇਸੇ ਤਰ੍ਹਾਂ ਖੁਲ੍ਹੇ ਪਾਣੀ ਬਾਰੇ ਸਾਡੇ ਬਾਕੀ ਵੀਰਾਂ ਨੇ ਦੱਸਿਆ ਹੈ ਕਿ ਇਸ ਨਾਲ ਸਾਰੀ ਵੈਜੀਟੇਸ਼ਨ ਦਾ ਨੁਕਸਾਨ ਹੋ ਰਿਹਾ ਹੈ, ਦਰਖਤ ਸੁੱਕ ਰਹੇ ਹਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਸੜਕਾਂ ਦੇ ਕੰਢੇ-ਕੰਢੇ ਗੰਦਾ ਪਾਣੀ ਜਾਂਦਾ ਹੈ ਅਤੇ ਦਰਖਤਾਂ ਦੀਆਂ ਜੜ੍ਹਾਂ ਵਿੱਚ ਲਗਦਾ ਹੈ। ਹਵਾ ਵਿੱਚ ਵੀ ਪਾਲਿਊਸ਼ਨ ਹੋ ਗਿਆ ਹੈ। ਉਸ ਨਾਲ ਸਾਡੀ ਜਿਹੜੀ ਵੈਜੀਟੇਸ਼ਨ ਹੈ, ਬਨਸਪਤੀ ਹੈ, ਉਹ ਖਤਮ ਹੋ ਰਹੀ ਹੈ। ਇਸੇ ਤਰ੍ਹਾਂ ਸਾਰੇ ਜੀਵ, ਚਾਹੇ ਉਹ ਕੁੱਤਾ ਹੈ, ਚਾਹੇ ਹੋਰ ਜਾਨਵਰ ਹੈ, ਚਾਹੇ ਦੁੱਧ ਦੇਣ ਵਾਲੇ ਪਸ਼ੂ ਹਨ, ਉਹ ਇਸ ਪਾਣੀ ਨੂੰ ਮਜਬੂਰੀ ਵਿੱਚ ਪੀਂਦੇ ਹਨ ਕਿਉਂਕਿ ਸਾਫ ਪਾਣੀ ਤਾਂ ਮਿਲਦਾ ਨਹੀਂ ਹੈ। ਇਹ ਪਾਣੀ ਪੀ ਕੇ ਉਹ ਆਪਣੀ ਜ਼ਿੰਦਗੀ ਖਤਮ ਕਰ ਰਹੇ ਹਨ। ਦਿਨ-ਬ-ਦਿਨ ਸਾਡਾ ਇਕੋਲੋਜੀਕਲ ਸਿਸਟਮ, ਸਾਡੀ ਬਨਸਪਤੀ ਦਾ ਜੋ ਬੈਲੇਂਸ ਹੈ, ਜੋ ਸਾਡੇ ਜੀਵਾਂ ਦਾ ਬੈਲੇਂਸ ਹੈ, ਉਹ ਖਰਾਬ ਹੋ ਰਿਹਾ ਹੈ।

[ਸ਼੍ਰੀ ਤਿਕਸ਼ਨ ਸੂਦ]

ਇਸ ਦੇ ਚੰਗੇ ਨਤੀਜੇ ਨਹੀਂ ਨਿਕਲਣੇ। ਡਿਪਟੀ ਸਪੀਕਰ ਸਾਹਿਬ, ਇਹ ਤਬਾਹੀ ਦਾ ਸੂਚਕ ਹੈ। ਆਉਣ ਵਾਲੇ ਖਤਰੇ ਨੂੰ ਅਸੀਂ ਨਹੀਂ ਸਮਝਿਆ। ਜੇਕਰ, ਡਿਪਟੀ ਸਪੀਕਰ ਸਾਹਿਬ, ਅਸੀਂ ਪਾਣੀ ਨੂੰ ਟਰੀਟ ਕਰਕੇ ਦਰਿਆਵਾਂ ਵਿੱਚ ਪਾਵਾਂਗੇ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਇਹ ਸਾਰੇ ਜੋ ਖਤਰੇ ਹਨ, ਉਨ੍ਹਾਂ ਤੋਂ ਮੁਕਤ ਹੋ ਸਕਦੇ ਹਾਂ। ਇਸ ਸਮੱਸਿਆ ਬਾਰੇ ਸਾਨੂੰ ਚਿੰਤਾ ਤਾਂ ਹੋ ਰਹੀ ਹੈ ਪਰ ਕੰਮ ਨਾਂਹ ਦੇ ਬਰਾਬਰ ਹੋ ਰਹੇ ਹਨ। ਸ਼ਹਿਰੀਕਰਨ, ਆਬਾਦੀ ਕਾਰਨ ਤੇਜ਼ੀ ਨਾਲ ਵਧ ਰਿਹਾ ਹੈ। ਗੰਦੇ ਪਾਣੀ ਦਾ ਨਿਕਾਸ ਬਹੁਤ ਤੇਜ਼ੀ ਨਾਲ ਦਰਿਆਵਾਂ ਵਿੱਚ ਹੋ ਰਿਹਾ ਹੈ, ਨਾਲਿਆਂ ਵਿੱਚ ਹੋ ਰਿਹਾ ਹੈ, ਪਿੰਡਾਂ ਵਿੱਚ ਕੋਈ ਰਸਤਾ ਨਹੀਂ ਲੱਭ ਰਿਹਾ ਪਰ ਇਸ ਦੇ ਬਾਰੇ ਸਰਕਾਰਾਂ ਵੱਲੋਂ ਜਿਹੜੇ ਉਪਾਅ ਹਨ, ਉਹ ਬਿਲਕੁਲ ਆਟੇ ਵਿੱਚ ਲੂਣ ਦੇ ਬਾਰਬਰ ਹਨ ਔਰ ਨਾਂਹ ਦੇ ਬਰਾਬਰ ਹਨ। ਪਿੰਡਾਂ ਦੀ ਹਾਲਤ ਤੋਂ ਵੀ ਤੁਸੀਂ ਵਾਕਫ ਹੋ। ਡਿਪਟੀ ਸਪੀਕਰ ਸਾਹਿਬ, ਅੱਗੇ ਪਿੰਡਾਂ ਵਿੱਚ ਟੋਭੇ ਹੁੰਦੇ ਸਨ। ਹਰ ਪਿੰਡ ਵਿੱਚ ਇੱਕ ਟੋਭੇ ਵਿੱਚ ਬਰਸਾਤੀ ਪਾਣੀ ਚਲਿਆ ਜਾਂਦਾ ਸੀ ਅਤੇ ਇੱਕ ਟੋਭੇ ਵਿੱਚ ਗੰਦਾ ਪਾਣੀ ਚਲਿਆ ਜਾਂਦਾ ਸੀ ਅਤੇ ਉਸ ਦੇ ਨਾਲ ਪਾਣੀ ਦੀ ਰੀਚਾਰਜਿੰਗ ਹੋ ਜਾਂਦੀ ਸੀ। ਹੁਣ ਜ਼ਮੀਨਾਂ ਵਿੱਚ ਰੀਚਾਰਜਿੰਗ ਉਸੇ ਗੰਦੇ ਪਾਣੀ ਨਾਲ ਹੁੰਦੀ ਹੈ, ਫੈਕਟਰੀਆਂ ਦੇ ਜ਼ਹਿਰੀਲੇ ਪਾਣੀ ਨਾਲ ਹੁੰਦੀ ਹੈ। ਅੱਜ ਧਿਆਨ ਦੇਣ ਦੀ ਗੱਲ ਇਹ ਹੈ ਕਿ ਜਿਥੇ ਸ਼ਹਿਰੀਕਰਨ ਹੋ ਰਿਹਾ ਹੈ, ਉਥੇ ਸੀਵਰੇਜ ਦਾ ਟਰੀਟ ਕੀਤਾ ਪਾਣੀ ਦਰਿਆਵਾਂ ਵਿੱਚ ਜਾਵੇ। ਜਿਥੇ ਪਿੰਡਾਂ ਦਾ ਸਵਾਲ ਹੈ, ਉਥੇ ਟੋਭਿਆਂ ਨੂੰ ਸਹੀ ਢੰਗ ਨਾਲ ਠੀਕ ਕੀਤਾ ਜਾਵੇ ਔਰ ਸਰਕਾਰ ਇਸ ਦੇ ਲਈ ਫੰਡ ਰੱਖ ਕੇ ਵੱਖਰਾ ਇੰਤਜ਼ਾਮ ਕਰੇ। ਡਿਪਟੀ ਸਪੀਕਰ ਸਾਹਿਬ, ਮਿਊਂਸਿਪਲ ਕਮੇਟੀ ਦਾ ਐਮ.ਐਲ.ਏ. ਮੈਂਬਰ ਹੁੰਦਾ ਹੈ। ਮੈਂ ਉਸ ਦੇ ਵਿੱਚ ਕਈ ਵਾਰ ਜਾਂਦਾ ਹਾਂ। ਉਸ ਦੇ ਵਿੱਚ ਇੱਕ ਮੱਦ ਆ ਜਾਂਦੀ ਹੈ ਕਿ water cess is payable to the Pollution Board. ਬੜੀ ਹੈਰਾਨੀ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਹੁਸ਼ਿਆਰਪੁਰ ਦੀ ਕਮੇਟੀ ਦੇ ਵਿੱਚ 42,185 ਰੁਪਿਆ ਇੱਕ ਮਹੀਨੇ ਦਾ ਪਲਿਊਸ਼ਨ ਬੋਰਡ ਨੂੰ, ਸਾਡੀ ਮਿਊਂਸਿਪਲ ਕਮੇਟੀ ਦਿੰਦੀ ਹੈ, ਬਾਕੀ ਸਾਰੇ ਪੰਜਾਬ ਵਿਚ ਵੀ ਇਹੋ ਜਿਹਾ ਸਿਸਟਮ ਹੈ ਔਰ ਇਨ੍ਹਾਂ ਨੂੰ ਪੱਕੇ ਤੌਰ ਤੇ ਪੈਸੇ ਦੇਣੇ ਪੈਂਦੇ ਹਨ। ਪਰ ਅੱਗੋਂ ਅਫਸਰਾਂ ਵਲੋਂ ਦੱਸਿਆ ਜਾਂਦਾ ਹੈ ਕਿ ਸਾਡੀ ਮਿਊਂਸਿਪਲ ਕਮੇਟੀ ਦਾ ਪਾਣੀ ਖੁਲ੍ਹੇ ਤੌਰ ਤੇ ਜਾਂਦਾ ਹੈ ਜਿਸ ਕਾਰਨ ਪਲਿਊਸ਼ਨ ਬੋਰਡ ਸਾਡੇ ਕੋਲੋਂ ਇਹ ਜੁਰਮਾਨੇ ਦੇ ਤੌਰ ਤੇ ਪੈਸੇ ਲੈਂਦਾ ਹੈ। ਡਿਪਟੀ ਸਪੀਕਰ ਸਾਹਿਬ, ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਪਲਿਊਸ਼ਨ ਬੋਰਡ ਕੋਈ ਕਾਰਵਾਈ ਨਹੀਂ ਕਰਦਾ ਪਰ ਜੁਰਮਾਨਾ ਲੈਂਦਾ ਹੈ। ਮੈਂ, ਲੋਕਲ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਅਸੀਂ ਕਮੇਟੀ ਤੇ ਹੋਰ ਭਾਰ ਪਾਈ ਜਾ ਰਹੇ ਹਾਂ ਫਿਰ ਕਿਉਂ ਨਾ ਇਸ ਤਰ੍ਹਾਂ ਰਕਮਾਂ ਬਜਟ ਦੇ ਵਿੱਚ ਹੀ ਮਹਿਫੂਜ਼ ਕਰ ਲਈਆਂ ਜਾਣ ਤੇ ਜਿੰਨਾ ਸਲਿਜ ਵਾਟਰ, ਜਿੰਨਾ ਸੀਵਰੇਜ ਹੈ ਉਸ ਲਈ ਵਰਤਿਆ ਜਾ ਸਕੇ ਜਿਸ ਤਰ੍ਹਾਂ ਅਸੀਂ ਆਪਣੀਆਂ ਮਿਊਂਸਿਪਲ ਕਮੇਟੀਆਂ ਦੇ ਵਿੱਚ ਪਹਿਲਾਂ ਹੀ 75 ਪ੍ਰਤੀਸ਼ਤ ਜਾਂ 60 ਪ੍ਰਤੀਸ਼ਤ ਤਨਖਾਹਾਂ ਵਾਸਤੇ ਰੱਖ ਲੈਂਦੇ ਹਾਂ। ਫਿਰ ਕਿਉਂ ਨਾ ਬਜਟ ਦੇ ਵਿੱਚ ਫੇਜ਼ ਵਾਈਜ਼ ਜਾਂ ਸਾਈਜ਼ ਵਾਈਜ਼ ਇਸ ਨੂੰ ਠੀਕ ਕਰਨ ਲਈ ਇਹ ਫੰਡ ਇਕੱਤਰ ਕਰ ਲਿਆ ਜਾਵੇ। ਇਸ ਦੇ ਵਿੱਚ ਕੁਝ ਹਿੱਸਾ ਸਰਕਾਰ ਪਾਵੇ, ਕੁਝ ਸੈਂਟਰ ਗੌਰਮਿੰਟ ਪਾਉਂਦੀ ਹੈ ਅਤੇ ਕਮੇਟੀ ਵੀ ਆਪਣਾ ਹਿੱਸਾ ਪਾਵੇ। ਜਿਹੜਾ ਪਲਿਊਸ਼ਨ ਬੋਰਡ ਹੈ ਉਹ ਕੋਈ ਸਰਵਿਸ ਤਾਂ ਦਿੰਦਾ ਨਹੀਂ ਹੈ, ਇਸ ਕੰਮ ਵਿਚ ਆਪਣਾ ਯੋਗਦਾਨ ਪਾਉਂਦਾ ਨਹੀਂ ਹੈ। ਫਿਰ ਇਸ ਦੀ ਬਜਾਏ ਇਹ ਜਿਹੜਾ ਪੈਸਾ ਹੈ ਉਹ ਵਾਟਰ ਟਰੀਟਮੈਂਟ ਲਈ, ਪ੍ਰਾਪਰ ਸੈਨੀਟੇਸ਼ਨ ਐਂਡ ਪ੍ਰਾਪਰ ਸਲਿਜ ਵਾਟਰ ਤੇ ਲੱਗੇ। ਇਹ ਸਮੱਸਿਆ

ਦਿਨ ਪ੍ਰਤੀ ਦਿਨ ਵਧਣ ਵਾਲੇ ਪਾਸੇ ਹੀ ਜਾਈ ਜਾ ਰਹੀ ਹੈ। ਇਸ ਤਰ੍ਹਾਂ ਕਈ ਮਹਿਕਮਿਆਂ ਦੇ ਮਸਲਿਆਂ ਦੇ ਹਲ ਲਈ ਕਮੇਟੀਆਂ ਬਣਾਈਆਂ ਹੁੰਦੀਆਂ ਹਨ। ਮੈਨੂੰ ਯਾਦ ਹੈ ਕਿ ਅਸੀਂ ਵੀ ਕਮੇਟੀ ਦੀ ਮੀਟਿੰਗ ਵਿੱਚ ਜਾਂਦੇ ਹਾਂ ਜਿਸ ਦੇ ਵਿੱਚ ਬੰਧੂਆਂ ਮਜ਼ਦੂਰਾਂ ਦੇ ਮਸਲੇ ਆਉਂਦੇ ਹਨ ਉਸ ਦੇ ਵਿੱਚ ਇੱਕ ਐਮ.ਐਲ.ਏ. ਮੈਂਬਰ ਐਂਰ ਏ.ਡੀ.ਸੀ. ਉਸ ਕਮੇਟੀ ਦਾ ਚੇਅਰਮੈਨ ਹੁੰਦਾ ਹੈ ਐਂਰ ਉਥੇ ਮੀਟਿੰਗ ਦੇ ਵਿੱਚ ਉਨ੍ਹਾਂ ਦੇ ਮਸਲਿਆਂ ਨੂੰ ਸੌਲਵ ਕੀਤਾ ਜਾਂਦਾ ਹੈ। ਸੋ, ਇਸ ਤਰ੍ਹਾਂ ਦੀ ਕਮੇਟੀ ਹਰ ਵਿਧਾਨ ਸਭਾ ਦੇ ਲੈਵਲ ਤੇ ਜਾਂ ਸਟੈਂਡਿੰਗ ਕਮੇਟੀਆਂ ਜਿਹੜੀ ਮਿਊਂਸਿਪਲ ਕਮੇਟੀਆਂ ਵਿੱਚ ਟਰੀਟਮੈਂਟ ਪਲਾਂਟ ਲਾਉਣ ਬਾਰੇ ਵਿਚਾਰ ਕਰੇ। ਡਿਪਟੀ ਸਪੀਕਰ ਸਾਹਿਬ, ਅੱਜ ਚਾਹੇ ਅਸੀਂ ਪਾਰਲੀਮੈਂਟ ਦੀ ਇਲੈਕਸ਼ਨ ਲੜਨ ਚਲੇ ਜਾਈਏ, ਵਿਧਾਨ ਸਭਾ, ਮਿਊਂਸਿਪਲ ਕਮੇਟੀ, ਸਰਪੰਚ ਜਾਂ ਪੰਚ ਦੀ ਇਲੈਕਸ਼ਨ ਲੜਨ ਚਲੇ ਜਾਈਏ ਤਾਂ ਅੱਜ ਸਾਨੂੰ ਲੋਕਾਂ ਵਲੋਂ ਜਿਹੜੀ ਸਮੱਸਿਆ ਫੇਸ ਕਰਨੀ ਪੈਂਦੀ ਹੈ, ਉਹ ਹੈ ਉਸ ਇਲਾਕੇ ਦੀ ਗੰਦਗੀ ਦੀ। ਉਨ੍ਹਾਂ ਦੇ ਕੋਲ ਗੰਦਗੀ ਨੂੰ ਦੂਰ ਕਰਨ ਦੀ ਹੀ ਸਮੱਸਿਆ ਹੁੰਦੀ ਹੈ ਉਹ ਉਸ ਨੂੰ ਹੀ ਪ੍ਰੀਆਰਿਟੀ ਦਿੰਦੇ ਹਨ ਤੇ ਕਹਿੰਦੇ ਹਨ ਕਿ ਇਥੇ ਡੰਪ ਪਿਆ ਹੈ, ਇਥੇ ਨਾਲਾ ਰੁਕਿਆ ਪਿਆ ਹੈ, ਇਥੇ ਗੰਦਗੀ ਹਟਾਉਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਹੈ। ਇਸ ਵੇਲੇ ਇਹ ਸਮੱਸਿਆ ਹਿੰਦੁਸਤਾਨ ਦੇ ਵਿਚ ਸਭ ਤੋਂ ਵੱਡੀ ਸਮੱਸਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀਆਂ ਸਟੈਂਡਿੰਗ ਕਮੇਟੀਆਂ ਲੋਕਲ ਗੌਰਮਿੰਟ ਵਿਭਾਗ ਵਲੋਂ ਬਣਾਈਆਂ ਜਾਣ, ਜਿਸ ਦੇ ਵਿੱਚ ਲੋਕਲ ਐਮ.ਐਲ.ਏ., ਉਸ ਕਮੇਟੀ ਦਾ ਪ੍ਰਧਾਨ ਹੋਵੇ ਐਂਰ ਬਾਕੀ ਮੈਂਬਰ ਇਸ ਤਰ੍ਹਾਂ ਦੇ ਮਾਮਲੇ ਇਸ ਕਮੇਟੀ ਦੇ ਵਿੱਚ ਪ੍ਰੀਆਰਰਿਟੀ ਦੇ ਆਧਾਰ ਉਤੇ ਲੈ ਕੇ ਆਉਣ। ਇਸ ਤਰ੍ਹਾਂ ਦੀਆਂ ਹੋਰ ਜਿੰਨੀਆਂ ਵੀ ਸਮੱਸਿਆਵਾਂ ਲਿਆਉਣ ਐਂਰ ਬਜਟ ਦੇ ਵਿੱਚ ਪ੍ਰੀਆਰਰਿਟੀ ਦੇ ਆਧਾਰ ਤੇ ਲਿਆਉਣ ਐਂਰ ਢੁੱਕਵੀਆਂ ਜਗ੍ਹਾ ਦੇ ਉਤੇ ਟਰੀਟਮੈਂਟ ਪਲਾਂਟ ਲਗਾਏ ਜਾਣ ਅਤੇ ਇਸ ਦੇ ਲਈ ਸਮਾਂਬੱਧ ਪ੍ਰੋਗਰਾਮ ਬਣਾ ਕੇ ਜੇ ਇਹ ਟਰੀਟਮੈਂਟ ਪਲਾਂਟ ਲਗ ਜਾਣ ਤਾਂ ਮੈਂ ਸਮਝਦਾ ਹਾਂ ਕਿ ਬਹੁਤ ਵੱਡੀਆਂ ਸਮੱਸਿਆਵਾਂ ਖਤਮ ਹੋ ਜਾਣਗੀਆਂ। ਸੋ, ਮੈਂ ਸਰਦਾਰ ਤੋਤਾ ਸਿੰਘ ਹੋਰਾਂ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਇਸ ਮਸਲੇ ਨੂੰ ਇਸ ਰੈਜ਼ੋਲਿਊਸ਼ਨ ਦੇ ਰਾਹੀਂ ਇਸ ਸਦਨ ਦੇ ਵਿੱਚ ਡਿਸਕਸ਼ਨ ਦੇ ਲਈ ਲਿਆਂਦਾ ਹੈ ਐਂਰ ਮੈਂ ਰੂਲਿੰਗ ਪਾਰਟੀ ਦੇ ਉਨ੍ਹਾਂ ਸਾਰੇ ਮੈਂਬਰ ਸਾਹਿਬਾਨ ਦਾ ਬਹੁਤ-ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਪਾਰਟੀ ਬਾਜ਼ੀ ਤੋਂ, ਪੱਖਪਾਤ ਤੋਂ ਉਪਰ ਉਠ ਕੇ ਅਤੇ ਖੁਲ੍ਹੇ ਦਿਲ ਦੇ ਨਾਲ ਇਸ ਮਤੇ ਦਾ ਸਮਰਥਨ ਕੀਤਾ ਹੈ। ਮੈਂ ਵੀ ਇਸ ਮਤੇ ਦਾ ਸਮਰਥਨ ਕਰਦਾ ਹਾਂ ਐਂਰ ਪ੍ਰੋੜਤਾ ਕਰਦਾ ਹਾਂ ਤੇ ਚਾਹਾਂਗਾ ਕਿ ਜਿੰਨੇ ਵੀ ਮੈਂਬਰ ਸਹਿਬਾਨ ਵਲੋਂ ਆਪਣੀਆਂ ਤਜਵੀਜ਼ਾਂ ਦਿੱਤੀਆਂ ਗਈਆਂ ਹਨ ਉਨ੍ਹਾਂ ਉਤੇ ਸਰਕਾਰ ਖੁਲ੍ਹੇ ਦਿਲ ਨਾਲ ਵਿਚਾਰ ਕਰੇ ਐਂਰ ਜੋ ਇਹ ਹਿੰਦੁਸਤਾਨ ਦੀ ਬਹੁਤ ਵੱਡੀ ਸਮੱਸਿਆ ਹੈ, ਇਹ ਪੰਜਾਬ ਵਿੱਚੋਂ ਖਤਮ ਹੋ ਜਾਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਲੋਕੀਂ ਚੰਡੀਗੜ੍ਹ ਨੂੰ ਵਧੀਆ ਸ਼ਹਿਰ ਕਿਉਂ ਕਹਿੰਦੇ ਹਨ ਕਿਉਂਕਿ ਇਥੇ ਗੰਦੇ ਪਾਣੀ ਦੀ ਪ੍ਰਾਬਲਮ ਨਹੀਂ ਹੈ। ਅਸੀਂ ਵੀ, ਐਂਰ ਪੰਜਾਬ ਦੇ ਬਾਕੀ ਸ਼ਹਿਰਾਂ ਵਾਲੇ ਵੀ ਚੰਗਾ ਜੀਵਨ ਜੀਅ ਸਕੀਏ, ਸਾਫ਼ ਸੁਥਰਾ ਜੀਵਨ ਜੀਅ ਸਕੀਏ। ਬਹੁਤ-ਬਹੁਤ ਧੰਨਵਾਦ।

**ਸ਼੍ਰੀ ਦੇਸ ਰਾਜ ਧੁੱਗਾ (ਗੜ੍ਹਦੀਵਾਲਾ, ਐਸ.ਸੀ.) :** ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਜਥੇਦਾਰ ਤੋਤਾ ਸਿੰਘ ਜੀ ਨੇ ਇਕ ਬਹੁਤ ਹੀ ਅੱਛਾ ਮਤਾ, ਇਕ ਵੱਡੀ ਸਮੱਸਿਆ, ਜਿਸ ਦੇ ਨਾਲ ਕਿ ਅਸੀਂ ਚਿੰਤਿਤ ਹਾਂ, ਇਸ ਪਵਿੱਤਰ ਸਦਨ ਵਿਚ ਲਿਆਂਦਾ ਹੈ। ਜੇਕਰ ਆਪਾਂ ਸਾਰੇ ਹੀ ਇਸ ਦੇਸ਼ ਅੰਦਰ, ਦੁਨੀਆਂ ਅੰਦਰ ਤੰਦਰੁਸਤ ਹੋਣਾ ਚਾਹੁੰਦੇ ਹਾਂ ਤਾਂ ਉਸ ਲਈ ਸਭ ਤੋਂ ਪਹਿਲੀ ਗੱਲ ਹੈ ਕਿ ਸ਼ੁੱਧ ਪਾਣੀ ਤੇ ਸ਼ੁੱਧ ਹਵਾ ਚਾਹੀਦੀ ਹੈ। ਪਰ ਅੱਜ ਜਦੋਂ ਸ਼ੁੱਧ ਪਾਣੀ ਦੀ ਗੱਲ ਕਰਦੇ ਹਾਂ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਕੁਦਰਤ ਵਲੋਂ ਤਾਂ ਉਹ ਪਾਣੀ ਸ਼ੁੱਧ ਹੁੰਦਾ ਹੈ ਪਰ ਅਸੀਂ ਸਾਰੇ ਹੀ ਉਸ ਸ਼ੁੱਧ ਪਾਣੀ ਨੂੰ ਖਰਾਬ ਕਰਨ ਵਿਚ ਲੱਗੇ ਹਾਂ। ਉਸ ਦੀ ਪਵਿੱਤਰਤਾ ਭੰਗ ਕਰਨ ਵਿਚ ਲੱਗੇ ਹਾਂ ਕਿਉਂਕਿ ਇਸ ਦੇਸ਼ ਦੇ ਦਰਿਆਵਾਂ, ਨਦੀਆਂ, ਨਹਿਰਾਂ ਵਿਚ ਜਿਹੜਾ ਪਵਿੱਤਰ ਪਾਣੀ ਹੈ ਜਿਹੜਾ ਕਿ ਇਸ ਪੰਜਾਬ ਦੇ ਲੋਕਾਂ ਨੂੰ ਪੀਣ ਅਤੇ ਸਿੰਚਾਈ ਦੇ ਕੰਮ ਆਉਂਦਾ ਹੈ। ਜੇਕਰ ਉਸ ਦੀ ਸ਼ੁੱਧਤਾ ਖ਼ਤਮ ਹੋ ਗਈ ਤਾਂ ਜਿਸ ਤਰ੍ਹਾਂ ਦਾ ਉਹ ਪਾਣੀ ਹੋਵੇਗਾ ਉਹ ਲੋਕਾਂ ਨੂੰ, ਪਸ਼ੂਆਂ ਨੂੰ ਤੇ ਫਸਲਾਂ ਨੂੰ ਨੁਕਸਾਨ ਪਹੁੰਚਾਏਗਾ। ਇਸ ਕਰਕੇ ਇਸ ਵਿਸ਼ੇ ਤੇ ਸਾਨੂੰ ਸਾਰਿਆਂ ਨੂੰ ਸੋਚਣ ਦੀ ਲੋੜ ਹੈ। ਜਦੋਂ ਅਸੀਂ ਪਿੰਡਾਂ ਵੱਲ ਵੇਖਦੇ ਹਾਂ ਤਾਂ ਪਿੰਡਾਂ ਵਿਚ ਜਿਹੜੀ ਅਬਾਦੀ ਹੈ, ਖਾਸ ਕਰਕੇ ਗਰੀਬ ਲੋਕਾਂ ਦੀ ਅਬਾਦੀ ਤੇ ਸ਼ਹਿਰਾਂ ਵਿਚ ਗਰੀਬ ਲੋਕਾਂ ਦੀਆਂ ਅਬਾਦੀਆਂ ਹਨ, ਉਨ੍ਹਾਂ ਦੇ ਰਹਿਣ ਲਈ ਬਹੁਤ ਥੋੜ੍ਹੀ ਜਗ੍ਹਾ ਹੈ। ਡਿਪਟੀ ਸਪੀਕਰ ਸਾਹਿਬ, ਹਰ ਇਕ ਇਨਸਾਨ ਇਹ ਚਾਹੁੰਦਾ ਹੈ ਕਿ ਉਸ ਦੇ ਘਰ ਵਿਚ ਫਲੱਸ਼ ਹੋਵੇ ਪਰ ਜਦੋਂ ਉਹ ਬਾਕੀਆਂ ਦੇ ਨਾਲ ਰਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਛੋਟੇ-ਛੋਟੇ ਘਰਾਂ ਦੇ ਅੰਦਰ ਫਲੱਸ਼ ਸਿਸਟਮ ਬਣਾ ਤਾਂ ਲੈਂਦਾ ਹੈ ਪਰ ਉਥੇ ਸੀਵਰੇਜ ਦਾ ਪ੍ਰਬੰਧ ਨਾ ਹੋਣ ਕਾਰਨ ਉਹ ਪਾਣੀ ਪ੍ਰਦੂਸ਼ਿਤ ਕਰ ਰਿਹਾ ਹੈ। ਮੈਂ ਸਰਕਾਰ ਨੂੰ ਵੀ ਆਪਣਾ ਸੁਝਾਅ ਦੇਵਾਂਗਾ ਕਿ ਜਦੋਂ ਕੋਈ ਰਿਹਾਇਸ਼ੀ ਕਾਲੋਨੀ ਬਣਦੀ ਹੈ ਤਾਂ ਸਰਕਾਰ ਵਲੋਂ ਜਿਹੜੀ ਪ੍ਰਵਾਨਗੀ ਦਿਤੀ ਜਾਂਦੀ ਹੈ ਸਭ ਤੋਂ ਪਹਿਲਾਂ ਉਸ ਕਾਲੋਨੀ ਵਿਚ ਸੀਵਰੇਜ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਉਨੀ ਦੇਰ ਤੱਕ ਉਸ ਕਾਲੋਨੀ ਨੂੰ ਪ੍ਰਵਾਨਗੀ ਨਹੀਂ ਦਿਤੀ ਜਾਣੀ ਚਾਹੀਦੀ। ਦੂਸਰੇ ਪਾਸੇ, ਡਿਪਟੀ ਸਪੀਕਰ ਸਾਹਿਬ, ਅਸੀਂ ਇੰਡਸਟਰੀ ਦੇ ਖਿਲਾਫ ਨਹੀਂ ਉਸ ਤੋਂ ਬਿਨਾਂ ਸਾਡਾ ਦੇਸ਼, ਸੂਬਾ ਤਰੱਕੀ ਨਹੀਂ ਕਰ ਸਕਦਾ। ਪਰ ਜੇਕਰ ਇਹੋ ਜਿਹੀ ਇੰਡਸਟਰੀ ਨੂੰ ਪਰਮਿਸ਼ਨ ਦੇ ਦੇਈਏ ਜਿਸ ਨਾਲ ਇਕ ਆਦਮੀ ਨੂੰ, ਇਸ ਸ਼ਖਸ ਨੂੰ ਤਾਂ ਬਹੁਤ ਫਾਇਦਾ ਹੋ ਸਕਦਾ ਹੈ, ਉਹ ਮਾਲੋ ਮਾਲ ਹੋ ਸਕਦਾ ਹੈ ਪਰ ਉਸ ਇੰਡਸਟਰੀ ਦੇ ਨਾਲ ਹਜ਼ਾਰਾਂ ਲੋਕ ਹਾਲੋ-ਬੇਹਾਲ ਹੋ ਜਾਣ ਤਾਂ ਸਰਕਾਰ ਨੂੰ ਉਸ ਬਾਰੇ ਸੋਚਣਾ ਪਵੇਗਾ। ਉਸ ਇੰਡਸਟਰੀ ਨੂੰ ਰੋਕਣ ਲਈ ਯਤਨ ਕਰਨਾ ਪਵੇਗਾ। ਮਿਸਾਲ ਦੇ ਤੌਰ ਤੇ ਮਾਨਯੋਗ ਡਿਪਟੀ ਸਪੀਕਰ ਸਾਹਿਬ ਸਾਡੇ, ਮਾਨਯੋਗ ਮੈਂਬਰ ਸਾਹਿਬ ਸ਼੍ਰੀ ਤਿਕਸ਼ਨ ਸੂਦ ਨੇ ਗੱਲ ਉਠਾਈ ਸੀ ਕਿ ਹੁਸ਼ਿਆਰਪੁਰ-ਦਸੂਹਾ ਰੋਡ ਤੇ ਪਹਿਲਾਂ ਸ਼ੂਗਰ ਮਿੱਲ ਲਗਾਈ ਸੀ। ਉਸ ਤੋਂ ਬਾਅਦ ਹੁਣ ਉਨ੍ਹਾਂ ਨੇ ਸ਼ਰਾਬ ਦੀ ਫੈਕਟਰੀ ਲਗਾਈ ਹੈ। ਡਿਪਟੀ ਸਪੀਕਰ ਸਾਹਿਬ, ਇਸ ਲਾਗਿਓਂ ਲੰਘਣ ਨਾਲ ਤਾਂ ਹਾਲੋ-ਬੇਹਾਲ ਹੋ ਜਾਈਦਾ ਹੈ ਪਰ ਜਿਹੜੇ 20-25 ਪਿੰਡ ਹਨ ਉਹ ਇਸ ਇੰਡਸਟਰੀ ਦੀ ਬਦਬੂ ਨਾਲ ਪ੍ਰਭਾਵਿਤ ਹਨ। ਉਨ੍ਹਾਂ ਦਾ ਜਿਊਣਾ ਮੁਸ਼ਕਲ ਕੀਤਾ ਹੋਇਆ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਸਰਕਾਰ ਨੂੰ ਜਿਥੇ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਉਥੇ ਮੈਂ ਕਹਾਂਗਾ ਕਿ ਅੱਜ ਦੇ ਯੁੱਗ ਅੰਦਰ ਸਾਨੂੰ ਜਾਂ ਸਰਕਾਰ ਨੂੰ ਇਸ ਪਾਸੇ ਵੱਡਾ ਕ੍ਰਾਂਤੀਕਾਰੀ ਕਦਮ ਚੁੱਕਣਾ ਹੋਵੇਗਾ ਕਿ ਜਿਹੜਾ ਪਾਣੀ ਦਾ ਨੁਕਸਾਨ ਹੈ ਉਸ ਨੂੰ ਰੋਕਣ ਦਾ ਪ੍ਰਬੰਧ ਕਰੀਏ। ਡਿਪਟੀ ਸਪੀਕਰ ਸਾਹਿਬ, ਹੁੰਦਾ ਕੀ ਹੈ ਪਿੰਡਾਂ ਵਿਚ, ਇਸ ਦੇਸ਼ ਵਿਚ ਜਿਹੜੀ ਕਾਸਟਿਜ਼ਮ ਫੈਲੀ ਹੋਈ ਹੈ, ਕੋਈ ਹਾਈ ਕਾਸਟ ਦੇ ਲੋਕ ਹਨ, ਗਰੀਬ ਕਾਸਟ

ਦੇ ਲੋਕ ਹਨ। ਜਦੋਂ 100 ਗਰੀਬ ਘਰਾਂ ਦਾ ਪਾਣੀ ਇੱਕਠਾ ਹੁੰਦਾ ਹੈ ਤਾਂ ਉਸ ਪਿੰਡ ਦਾ ਜਿਹੜਾ ਵੱਡਾ ਜ਼ਿਮੀਦਾਰ ਹੈ, ਉਹ ਕਹਿੰਦਾ ਹੈ ਕਿ ਇਨ੍ਹਾਂ 100 ਘਰਾਂ ਦਾ ਪਾਣੀ ਮੇਰੇ ਘਰ ਅੱਗੇ ਨਹੀਂ ਨਿਕਲਣਾ ਚਾਹੀਦਾ। ਪਰ ਅਗਰ ਇੱਕ ਘਰ ਦਾ ਪਾਣੀ ਸੌ ਗਰੀਬ ਲੋਕਾਂ ਦੇ ਘਰਾਂ ਅੱਗੋਂ ਲੰਘ ਜਾਵੇ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਇਸ ਬਾਰੇ ਬੇਨਤੀ ਕਰਾਂਗਾ ਕਿ ਜਿੱਥੇ ਗੰਦੇ ਪਾਣੀ ਦੇ ਨਿਕਾਸ ਦੀ ਗੱਲ ਹੈ, ਮੈਂ ਹਮੇਸ਼ਾ ਹੀ ਕਹਿੰਦਾ ਹਾਂ ਕਿ ਪਾਣੀ ਹਮੇਸ਼ਾ ਹੀ ਨਿਵਾਣ ਵੱਲ ਜਾਂਦਾ ਹੈ। ਇਸ ਲਈ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨ ਵੇਲੇ ਇਹ ਚੀਜ਼ ਧਿਆਨ ਵਿਚ ਰੱਖਣੀ ਚਾਹੀਦੀ ਹੈ। ਗੰਦੇ ਪਾਣੀ ਦੇ ਨਿਕਾਸ ਦੇ ਪ੍ਰਬੰਧ ਠੀਕ ਤਰੀਕੇ ਨਾਲ ਚਲਣ ਵਾਸਤੇ ਇੱਕ ਸਟਰਿਕਟ ਕਾਨੂੰਨ ਬਣਾਇਆ ਜਾਵੇ। ਜਿੱਥੇ ਪਾਣੀ ਦੇ ਨਿਕਾਸ ਦੀ ਗੱਲ ਚਲਦੀ ਹੈ, ਜਿੱਥੇ ਕਈ ਲੋਕ ਗੰਦੇ ਪਾਣੀ ਦੇ ਨਿਕਾਸ ਸਹੀ ਢੰਗ ਨਾਲ ਚਲਣ ਵਿਚ ਅੜਿੱਕਾ ਬਣਦੇ ਹਨ, ਕੋਈ ਝਗੜਾ ਜਾਂ ਤਕਰਾਰ ਹੋ ਰਿਹਾ ਹੋਵੇ ਉਥੇ ਗੰਦੇ ਪਾਣੀ ਦਾ ਨਿਕਾਸ ਕੱਢਣ ਵਿਚ ਕੋਈ ਰੋਕ ਟੋਕ ਨਹੀਂ ਹੋਣੀ ਚਾਹੀਦੀ। ਜਦੋਂ ਪਿੰਡਾਂ ਵਿਚ ਸਰਕਾਰੀ ਗਰਾਂਟਾਂ ਜਾਂਦੀਆਂ ਹਨ ਤਾਂ ਕਈ ਵਾਰ ਪਿੰਡ ਵਿਚ ਆਪਸੀ ਖਹਿਬਾਜ਼ੀ ਕਾਰਨ ਵੀ ਇਸ ਤਰ੍ਹਾਂ ਹੁੰਦਾ ਹੈ ਕਿ ਅੱਧਾ ਕੁ ਨਾਲਾ ਬਣ ਜਾਂਦਾ ਤੇ ਅੱਧਾ ਕੁ ਬਣਨੋਂ ਰਹਿ ਜਾਂਦਾ ਹੈ, ਕਿਉਂਕਿ ਦੂਸਰੀ ਪਾਰਟੀ ਅਜਿਹਾ ਕਰਨ ਤੋਂ ਰੋਕ ਦਿੰਦੀ ਹੈ। ਫਿਰ ਉਥੇ ਅਜਿਹੀ ਸਥਿਤੀ ਬਣ ਜਾਂਦੀ ਹੈ ਕਿ ਗੰਦੇ ਪਾਣੀ ਦੇ ਨਿਕਾਸ ਦੀ ਬਜਾਏ ਉਥੇ ਪ੍ਰਦੂਸ਼ਨ ਫੈਲ ਜਾਂਦਾ ਹੈ, ਪ੍ਰਦੂਸ਼ਣ ਦਾ ਵਿਕਾਸ ਹੋਣ ਲਗਦਾ ਹੈ। ਇਸ ਚੀਜ਼ ਨੂੰ ਖਤਮ ਕਰਨ ਵਾਸਤੇ ਸਰਕਾਰ ਨੂੰ ਅੱਜ ਚਾਹੀਦਾ ਹੈ ਕਿ ਕਰਾਂਤੀਕਾਰੀ ਕਦਮ ਦੇ ਨਾਲ ਸਾਰੇ ਪੰਜਾਬ ਦੇ ਵਿਚ ਸ਼ੁੱਧ ਪਾਣੀ ਲਿਆਉਣ ਲਈ ਵੱਧ ਤੋਂ ਵੱਧ ਬਜਟ ਦੇ ਵਿਚ ਪੈਸੇ ਰੱਖੇ ਜਾਣੇ ਚਾਹੀਦੇ ਹਨ ਤਾਂ ਕਿ ਗੰਦੇ ਪਾਣੀ ਦਾ ਨਿਕਾਸ ਸਹੀ ਤਰੀਕੇ ਨਾਲ ਹੋ ਸਕੇ। ਸਾਡੇ ਹਲਕੇ ਦੇ ਵਿਚ ਖਾਸ ਕਰਕੇ ਇੱਕ ਪਵਿੱਤਰ ਵੇਈਂ ਨਦੀ ਚਲਦੀ ਹੈ, ਜਿਸ ਨੂੰ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਉਥੇ ਇੰਨੀ ਮਾੜੀ ਹਾਲਤ ਹੋ ਚੁੱਕੀ ਹੈ ਕਿ ਬਹੁਤੇ ਲੋਕਾਂ ਨੇ, ਸ਼ਹਿਰ ਦੇ ਲੋਕਾਂ ਨੇ ਗੰਦੇ ਪਾਣੀ ਨੂੰ ਇਸ ਪਵਿੱਤਰ ਨਦੀ ਦੇ ਵਿਚ ਪਾਇਆ ਹੈ। ਹੁਣ ਕਾਰ ਸੇਵਾ ਕਰਕੇ ਇਸ ਦੇ ਪਾਣੀ ਨੂੰ ਸ਼ੁੱਧ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਜਦੋਂ ਗੰਦਾ ਪਾਣੀ ਪਾਉਣ ਵਾਲੇ ਲੋਕਾਂ ਨੂੰ ਉਥੇ ਵਰਜਿਆ ਗਿਆ ਤੇ ਕਿਹਾ ਗਿਆ ਕਿ ਪਵਿੱਤਰ ਵੇਈਂ ਵਿਚ ਗੰਦਾ ਪਾਣੀ ਨਹੀਂ ਜਾ ਸਕਦਾ ਤਾਂ ਕੁਝ ਲੋਕਾਂ ਨੇ ਬਹੁਤ ਇਤਰਾਜ਼ ਉਠਾਏ। ਮੈਂ ਕਹਿੰਦਾ ਹਾਂ ਕਿ ਜੇਕਰ ਇਕੱਠੇ ਹੋ ਕੇ ਇਸ ਪ੍ਰਾਬਲਮ ਦੇ ਵਿਰੁੱਧ ਲੜਿਆ ਜਾਵੇ ਤਾਂ ਕੋਈ ਵੀ ਦੁਨੀਆਂ ਦੀ ਤਾਕਤ ਇਸ ਪ੍ਰਾਬਲਮ ਦਾ ਹੱਲ ਹੋਣ ਤੋਂ ਨਹੀਂ ਰੋਕ ਸਕਦੀ। ਅੱਜ ਸਾਡੇ ਵਿਹੜਿਆਂ ਦੇ ਵਿੱਚ, ਗਲੀਆਂ ਦੇ ਵਿਚ ਅਤੇ ਮੁਹੱਲਿਆਂ ਦੇ ਵਿਚ ਖਾਸ ਕਰਕੇ ਜਿੱਥੇ ਗਰੀਬ ਲੋਕ ਵਸਦੇ ਹਨ, ਉਨ੍ਹਾਂ ਗਰੀਬ ਲੋਕਾਂ ਦੇ ਚਿਹਰਿਆਂ ਤੇ ਕੋਈ ਗਲੋਅ ਨਹੀਂ ਹੈ ਅਤੇ ਕੋਈ ਲਾਲੀ ਨਹੀਂ ਹੈ। ਮੈਂ ਤਾਂ ਕਹਾਂਗਾ ਕਿ ਇਹ ਇਸ ਕਰਕੇ ਹੈ ਕਿ ਨਾ ਤਾਂ ਉਨ੍ਹਾਂ ਨੂੰ ਸ਼ੁੱਧ ਪਾਣੀ ਮਿਲਦਾ ਹੈ ਨਾ ਹੀ ਸ਼ੁੱਧ ਹਵਾ ਮਿਲਦੀ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਚੀਜ਼ਾਂ ਵੱਲ ਧਿਆਨ ਦੇਣ ਦੀ ਲੋੜ ਹੈ। ਜਿਥੇ ਸ਼ਹਿਰਾਂ ਦੇ ਵਿਚ

[ਸ਼੍ਰੀ ਦੇਸ ਰਾਜ ਧੁੱਗਾ]

ਗੰਦੇ ਪਾਣੀ ਦੀ ਪ੍ਰਾਬਲਮ ਹੈ, ਉਥੇ ਪਿੰਡਾਂ ਦੇ ਵਿਚ ਵੀ ਗੰਦੇ ਪਾਣੀ ਦੀ ਪ੍ਰਾਬਲਮ ਹੈ। ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਸਭ ਤੋਂ ਵੱਧ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਬਜਟ ਦੇ ਵਿਚ ਪੈਸੇ ਸਿਰਫ ਰੱਖੇ ਹੀ ਨਾ ਜਾਣ ਬਲਕਿ ਉਨ੍ਹਾਂ ਨੂੰ ਖਰਚਿਆ ਵੀ ਜਾਵੇ। ਕਈ ਵਾਰ ਵੇਖਿਆ ਜਾਂਦਾ ਹੈ ਕਿ ਸਿਰਫ ਪ੍ਰਚਾਰ ਦੀ ਖਾਤਰ ਬਜਟ ਵਿਚ ਪੈਸਾ ਰੱਖਿਆ ਜਾਂਦਾ ਹੈ। ਇਸ ਤੇ ਅਮਲ ਨਹੀਂ ਹੁੰਦਾ। ਇਸ ਕਰਕੇ ਜਿਹੜਾ ਜਥੇਦਾਰ ਤੋਤਾ ਸਿੰਘ ਜੀ ਨੇ ਮਤਾ ਵਿਧਾਨ ਸਭਾ ਦੇ ਵਿਚ ਪੇਸ਼ ਕੀਤਾ ਹੈ, ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ ਅਤੇ ਨਿਮਰਤਾ ਸਹਿਤ ਬੇਨਤੀ ਕਰਾਂਗਾ ਕਿ ਸਾਡਾ ਬੋਲਿਆ ਸਿਰਫ ਬੋਲਣ ਤੱਕ ਹੀ ਸੀਮਤ ਹੋ ਕੇ ਨਾ ਰਹਿ ਜਾਵੇ ਅਤੇ ਲਿਖਣ ਤੱਕ ਹੀ ਸੀਮਤ ਨਾ ਰਹਿ ਜਾਵੇ ਬਲਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ ਤਾਂ ਕਿ ਸਾਰੇ ਪੰਜਾਬ ਦੇ ਲੋਕਾਂ ਨੂੰ ਪਤਾ ਲਗ ਸਕੇ ਕਿ ਉਨ੍ਹਾਂ ਨੇ ਜਿਨ੍ਹਾਂ ਚਾਵਾਂ ਦੇ ਨਾਲ ਅਤੇ ਸੱਧਰਾਂ ਦੇ ਨਾਲ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਆਪਣੀਆਂ ਗੱਲਾਂ ਕਹਿਣ ਲਈ ਵਿਧਾਨ ਸਭ ਵਿਚ ਭੇਜਿਆ ਹੈ, ਉਹ ਸਾਡੀ ਹਰ ਮੁਸ਼ਕਿਲ ਤੇ ਸਮੱਸਿਆ ਨੂੰ ਦੂਰ ਕਰਨ ਲਈ ਕਿੰਨੇ ਤਤਪਰ ਹਨ। ਉਨ੍ਹਾਂ ਨੂੰ ਪਤਾ ਲੱਗੇ ਕਿ ਸਾਡੇ ਨੁਮਾਇੰਦੇ ਸਾਡੀਆਂ ਸਮੱਸਿਆਵਾਂ ਨੂੰ ਖ਼ਤਮ ਕਰਨ ਲਈ ਕਿੰਨੇ ਯਤਨ ਕਰਦੇ ਹਨ। 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ'।

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ (ਕਾਦੀਆਂ) :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜਾ ਸਰਦਾਰ ਤੋਤਾ ਸਿੰਘ ਜੀ ਨੇ ਇੱਥੇ ਮਤਾ ਲਿਆਂਦਾ ਹੈ, ਇਹ ਬਹੁਤ ਹੀ ਇੰਪਾਰਟੈਂਟ ਹੈ। ਇਹ ਅੱਜ ਸਮੇਂ ਦੀ ਜ਼ਰੂਰਤ ਹੈ ਅਤੇ ਮੰਗ ਹੈ। ਹਰ ਸ਼ਹਿਰ ਦੇ ਵਿਚ ਵਾਟਰ ਟਰੀਟਮੈਂਟ ਪਲਾਂਟ ਲੱਗਣੇ ਚਾਹੀਦੇ ਹਨ। ਹਰ ਸ਼ਹਿਰ ਦੀ ਵਸੋਂ ਦੇ ਮੁਤਾਬਿਕ ਇਹ ਪਲਾਂਟ ਲੱਗਦੇ ਹਨ। ਜਥੇਦਾਰ ਤੋਤਾ ਸਿੰਘ ਨੇ ਵੀ ਕਿਹਾ ਹੈ ਕਿ ਇਹ ਪਲਾਂਟ ਲੱਗਣੇ ਜ਼ਰੂਰੀ ਹਨ। ਇਹ ਕਹਿਣਾ ਬੜਾ ਸੌਖਾ ਹੈ ਕਿ ਪਲਾਂਟ ਲੱਗਣੇ ਚਾਹੀਦੇ ਹਨ। ਮੋਗੇ ਦੇ ਵਿਚ ਵੀ ਪਲਾਂਟ ਲੱਗਣਾ ਚਾਹੀਦਾ ਹੈ। ਮੈਂ ਵੀ ਇਸ ਨੂੰ ਕਹਿੰਦਾ ਹਾਂ ਕਿ ਮੋਗੇ ਵਿਚ ਪਲਾਂਟ ਲੱਗੇ ਪਰ ਮੈਂ ਤਾਂ ਇੱਥੇ ਸਾਰੇ ਲੋਕਾਂ ਵਾਸਤੇ ਬੋਲਣਾ ਹੈ। ਇਸ ਨੂੰ ਲਗਾਉਣ ਦੀ ਕਾਸਟ ਵੱਖਰੀ ਪੈਂਦੀ ਹੈ ਅਤੇ ਰਨਿੰਗ ਦੀ ਕਾਸਟ ਵੱਖਰੀ ਪੈਂਦੀ ਹੈ । ਪਰ ਆਪਾਂ ਲੋਕਾਂ ਨੂੰ ਆਦਤ ਨਹੀਂ ਪਾਉਂਦੇ ਕਿ ਟੈਕਸ ਦਿੱਤਾ ਜਾਵੇ। ਹਰ ਪਾਸੇ ਮੁਫਤ ਚੀਜ਼ਾਂ ਮੁਹੱਈਆ ਕਰਵਾਉਣ ਬਾਰੇ ਸੋਚਦੇ ਹਾਂ। ਤਿੰਨ-ਚਾਰ ਕਰੋੜ ਰੁਪਿਆ ਇਸ ਪਲਾਂਟ ਤੇ ਲਗਣਾ ਹੈ। ਇਸ ਦੇ ਵਾਸਤੇ ਜ਼ਮੀਨ ਵੀ ਚਾਹੀਦੀ ਹੈ। ਇਸ ਜ਼ਮੀਨ ਦੀ ਕਾਸਟ ਵੀ ਵੱਖਰੀ ਹੈ। ਫਿਰ ਰਨਿੰਗ ਦੀ ਕਾਸਟ ਵੀ ਆਵੇਗੀ। ਇਸ ਪਲਾਂਟ ਨੂੰ ਲਗਾਉਣ ਵਾਲਾ ਕੰਮ ਇਕੱਲੀ ਸਰਕਾਰ ਦੇ ਜ਼ਿੰਮੇ ਨਹੀਂ ਪਾਉਣਾ ਚਾਹੀਦਾ ਸਗੋਂ ਮੋਗੇ ਵਿਚ ਮਿਉਂਸਿਪਲ ਕਮੇਟੀ ਆਪ ਵੀ ਟੈਕਸ ਲੈ ਸਕਦੀ ਹੈ। ਲੋਕਾਂ ਤੋਂ ਪੈਸਾ ਇਕੱਠਾ ਕਰਕੇ ਮਿਉਂਸਿਪਲ ਕਮੇਟੀ ਮੋਗੇ ਦੇ ਵਿਚ ਆਪ ਪਲਾਂਟ ਲਗਾ ਸਕਦੀ ਹੈ। ਇਹ ਟੈਕਸ ਮੋਗਾ ਮਿਉਂਸਿਪਲ ਕਮੇਟੀ ਵਲੋਂ ਲੋਕਾਂ ਤੇ ਲਗਾ ਕੇ ਪਲਾਂਟ ਲਗਾਉਣ ਲਈ ਯਤਨ ਕਰਨੇ ਚਾਹੀਦੇ ਹਨ ਅਤੇ ਇਸ ਤਰ੍ਹਾਂ ਹਰ ਸ਼ਹਿਰ ਦੀ ਮਿਉਂਸਿਪਲ ਕਮੇਟੀ ਨੂੰ ਕਰਨਾ ਪਵੇਗਾ ਪਰ ਲੋਕਾਂ ਵਿਚ ਆਦਤ ਮਾੜੀ ਪਈ ਹੋਈ ਹੈ ਕਿ ਹਰ ਚੀਜ਼ ਮੁਫ਼ਤ ਵਿਚ ਮਿਲ ਜਾਵੇ ਅਤੇ ਹਰ ਚੀਜ਼ ਦਾ ਪ੍ਰਬੰਧ ਸਰਕਾਰ ਕਰਕੇ ਦੇਵੇ। ਟੈਕਸ ਕੋਈ ਸਰਕਾਰ ਨੂੰ ਦੇਣ ਵਾਸਤੇ ਤਿਆਰ ਨਹੀਂ ਹੈ। ਸ਼ਹਿਰਾਂ ਦੇ ਵਿਚ ਵਾਟਰ ਟ੍ਰੀਟਮੈਂਟ ਪਲਾਂਟ ਲੱਗੇ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਦੇ ਪਲਾਂਟ ਨਾ ਹੋਣ ਕਰਕੇ ਅਸੀਂ ਇਹ ਗੰਦੇ ਪਾਣੀ ਦਾ ਨਿਕਾਸ ਨਾਲਿਆਂ ਵਿਚ, ਦਰਿਆਵਾਂ ਵਿਚ, ਸੂਇਆਂ

ਵਿਚ ਕੀਤਾ ਹੋਇਆ ਹੈ। ਜਿਸ ਦੇ ਕਾਰਣ ਸ਼ਹਿਰਾਂ ਵਿਚ ਅਤੇ ਪਿੰਡਾਂ ਵਿਚ ਬਿਮਾਰੀਆਂ ਜ਼ਿਆਦਾ ਫੈਲ ਰਹੀਆਂ ਹਨ। ਇਸ ਨੂੰ ਰੋਕਣ ਲਈ ਇਹ ਪਲਾਂਟ ਲੱਗਣੇ ਬਹੁਤ ਜ਼ਰੂਰੀ ਹਨ। ਮਿਊਂਸਿਪਲ ਕਮੇਟੀ ਵਲੋਂ ਪਾਣੀ ਦੀ ਟੂਟੀ ਲਗਵਾ ਕੇ ਲੋਕ ਪਾਣੀ ਦਾ ਬਿੱਲ ਦੇਣ ਵਾਸਤੇ ਤਿਆਰ ਨਹੀਂ ਹੁੰਦੇ ਫਿਰ ਸਰਕਾਰ ਕੋਲ ਕਿਥੋਂ ਪੈਸੇ ਆਉਣਗੇ ਅਤੇ ਪਲਾਂਟ ਲਗਣਗੇ। ਸਰਕਾਰ ਵਰਲਡ ਬੈਂਕ ਜਾਂ ਕਿਸੇ ਹੋਰ ਬੈਂਕ ਤੋਂ ਕਰਜ਼ਾ ਲੈ ਕੇ ਪਲਾਂਟ ਲਗਾ ਵੀ ਦਿੰਦੀ ਹੈ ਤਾਂ ਲੋਕ ਟੈਕਸ ਦੇਣ ਲਈ ਤਿਆਰ ਨਹੀਂ ਹਨ। ਇਸ ਲਈ ਸਾਨੂੰ ਪਹਿਲੇ ਲੋਕਾਂ ਵਿਚ ਗੱਲ ਲਿਆਉਣੀ ਚਾਹੀਦੀ ਹੈ ਕਿ ਟੈਕਸ ਦਿਓ ਤਾਂ ਕਿ ਸਰਕਾਰ ਉਨ੍ਹਾਂ ਲਈ ਵਾਟਰ ਟ੍ਰੀਟਮੈਂਟ ਪਲਾਂਟ ਲਗਾ ਸਕੇ। ਪਿੰਡਾਂ ਅਤੇ ਸ਼ਹਿਰਾਂ ਦੇ ਗੰਦੇ ਪਾਣੀ ਦਾ ਟ੍ਰੀਟਮੈਂਟ ਹੋਣਾ ਬੜਾ ਜ਼ਰੂਰੀ ਹੈ। ਹੁਣ ਤਾਂ ਦਰਿਆਵਾਂ ਵਿਚ ਪਾਣੀ ਘਟਦਾ ਜਾ ਰਿਹਾ ਹੈ ਅਤੇ ਧਰਤੀ ਵਿਚ ਪਾਣੀ ਹੇਠਾਂ ਚਲਾ ਗਿਆ ਹੈ ਅਤੇ ਟ੍ਰੀਟਮੈਂਟ ਕਰਨ ਲਈ ਸਰਕਾਰ ਨੂੰ ਲੋਕਾਂ ਨੂੰ ਨਾਲ ਲੈ ਕੇ ਚਲਣ ਦੀ ਲੋੜ ਹੈ। ਫਿਰ ਕਹਿੰਦੇ ਹਨ ਕਿ ਫੈਕਟਰੀਆਂ ਉਤੇ ਪਲਿਊਸ਼ਨ ਬੋਰਡ ਜ਼ੁਰਮਾਨਾ ਲਗਾਉਂਦਾ ਹੈ। ਫੈਕਟਰੀਆਂ ਆਪਣਾ ਗੰਦਾ ਪਾਣੀ ਸੂਇਆਂ ਵਿਚ, ਨਾਲਿਆਂ ਵਿਚ ਪਾਈ ਜਾ ਰਹੇ ਹਨ ਜਿਸ ਕਰਕੇ ਪਲਿਊਸ਼ਨ ਪੈਦਾ ਹੋ ਰਿਹਾ ਹੈ ਏਅਰ ਅਤੇ ਵਾਟਰ ਵਿਚ ਪਲਿਊਸ਼ਨ ਪੈਦਾ ਹੋ ਰਿਹਾ ਹੈ। ਇਸ ਨੂੰ ਰੋਕਣ ਲਈ ਸਾਨੂੰ ਸਾਰਿਆਂ ਨੂੰ ਯਤਨ ਕਰਨੇ ਚਾਹੀਦੇ ਹਨ। ਡਰੇਨਾਂ ਅਤੇ ਨਾਲੇ ਬੰਦ ਪਏ ਹਨ, ਉਥੇ ਸਫਾਈ ਨਹੀਂ ਹੋ ਰਹੀ ਜਿਸ ਕਰਕੇ ਪਲਿਊਸ਼ਨ ਪੈਦਾ ਹੋ ਰਿਹਾ ਹੈ। ਇਸ ਪਲਿਊਸ਼ਨ ਨੂੰ ਰੋਕਣ ਲਈ ਸਰਕਾਰ ਵੱਲੋਂ ਕਾਨੂੰਨ ਬਣੇ ਹੋਏ ਹਨ ਪਰ ਉਸ ਨੂੰ ਅਮਲੀ ਜਾਮਾ ਦੇਣ ਲਈ ਬੜੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਰਕੇ ਵਾਤਾਵਰਣ ਸਾਫ ਨਹੀਂ ਹੋ ਰਿਹਾ। ਫੈਕਟਰੀਆਂ ਬੰਦ ਨਹੀਂ ਕਰ ਸਕਦੇ। ਬੰਦ ਹੋਣ ਨਾਲ ਡਿਵੈਲਪਮੈਂਟ ਰੁਕ ਜਾਵੇਗੀ ਅਤੇ ਨੁਕਸਾਨ ਹੋਵੇਗਾ। ਫਿਰ ਅਸੀਂ ਇਨ੍ਹਾਂ ਫੈਕਟਰੀਆਂ ਨੂੰ ਜੁਰਮਾਨਾ ਲਗਾ ਸਕਦੇ ਹਾਂ ਤਾਂ ਕਿ ਉਹ ਆਪਣਾ ਟ੍ਰੀਟਮੈਂਟ ਪਲਾਂਟ ਲਗਾਉਣ। ਹਰ ਫੈਕਟਰੀ ਨੂੰ ਖੋਲ੍ਹਣ ਤੋਂ ਪਹਿਲਾਂ ਵਾਟਰ ਟ੍ਰੀਟਮੈਂਟ ਪਲਾਂਟ ਦੀ ਹਦਾਇਤ ਕੀਤੀ ਜਾਂਦੀ ਹੈ ਫਿਰ ਉਸ ਨੂੰ ਐਨ.ਓ.ਸੀ. ਇਸ਼ੂ ਹੁੰਦਾ ਹੈ ਅਤੇ ਬਾਅਦ ਵਿਚ ਬਿਜਲੀ ਦਾ ਕੁਨੈਕਸ਼ਨ ਮਿਲਦਾ ਹੈ ਪਰ ਇਥੇ ਸਾਰਾ ਕੁਝ ਚਲੀ ਜਾ ਰਿਹਾ ਹੈ ਜੇਕਰ ਪਲਿਊਸ਼ਨ ਬੋਰਡ ਵਾਲੇ ਕਿਸੇ ਫੈਕਟਰੀ ਦਾ ਕੁਨੈਕਸ਼ਨ ਕੱਟ ਦਿੰਦੇ ਹਨ ਤਾਂ ਉਹ ਕਿਸੇ ਨਾ ਕਿਸੇ ਨੂੰ ਨਾਲ ਲੈ ਜਾਂਦਾ ਹੈ ਕਿ ਇਹ ਮੇਰੀ ਭੂਆ ਦਾ ਲੜਕਾ ਹੈ ਜਾਂ ਮਾਸੀ ਦਾ ਲੜਕਾ ਹੈ। ਜਿਸ ਕਰਕੇ ਸਾਨੂੰ ਫਿਰ ਐਕਸ਼ਨ ਰੋਕਣਾ ਪੈਂਦਾ ਹੈ। ਸਾਨੂੰ ਬੜੀ ਔਖ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਸਬੰਧੀ ਸਾਨੂੰ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ ਅਤੇ ਇਸ ਕਾਨੂੰਨ ਦੀ ਇੰਪਲੀਮੈਂਟੇਸ਼ਨ ਲਈ ਪੁਲੀਟੀਕਲ ਵਿੱਲ ਪਾਵਰ ਬਨਾਉਣੀ ਪਵੇਗੀ ਤਦ ਹੀ ਸਾਰਾ ਕੁਝ ਠੀਕ ਹੋ ਸਕਦਾ ਹੈ। ਨਹੀਂ ਤਾਂ ਜਿਸ ਤਰ੍ਹਾਂ ਚਲ ਰਿਹਾ ਹੈ ਇਸ ਦੇ ਨਾਲ ਵਾਤਾਵਰਣ ਪਹਿਲੇ ਪਲਿਊਟ ਹੋਇਆ ਸੀ ਹੁਣ ਗੰਦੇ ਪਾਣੀ ਨਾਲ ਪਲਿਊਸ਼ਨ ਪੈਦਾ ਹੋ ਰਿਹਾ ਹੈ। ਇਸ ਨੂੰ ਸਾਫ-ਸੁਥਰਾ ਕਰਨ ਲਈ ਸਰਕਾਰ ਨੂੰ ਪੈਸੇ ਦੀ ਲੋੜ ਹੈ ਔਰ ਇਹ ਪੈਸੇ ਲੋਕਾਂ ਤੋਂ ਸਰਕਾਰ ਕੋਲ ਆਉਣਗੇ। ਕਰਜ਼ਿਆਂ ਨਾਲ ਇਹ ਪਲਾਂਟ ਚਲਾਉਣੇ ਬੜੇ ਮੁਸ਼ਕਿਲ ਹਨ। ਇਸ ਲਈ ਲੋਕਾਂ ਵਿਚ ਵਿੱਲ ਪਾਵਰ ਕਰੀਏਟ ਕਰਨੀ ਪਵੇਗੀ ਤਦ ਹੀ ਇਹ ਵਾਟਰ ਟ੍ਰੀਟਮੈਂਟ ਪਲਾਂਟ ਲਗ ਸਕਣਗੇ। ਲੋਕਾਂ ਵਿਚ ਇਸ ਸਬੰਧੀ ਅਵੇਰਨੈਸ ਪੈਦਾ ਕਰਨ ਦੀ ਵੀ

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਲੋੜ ਹੈ। ਦਰਿਆਵਾਂ ਦਾ ਪਾਣੀ ਵੀ ਗੰਦਾ ਹੁੰਦਾ ਜਾ ਰਿਹਾ ਹੈ। ਇਥੇ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਕੁਝ ਪਿੰਡਾਂ ਨੂੰ ਚੁਣ ਕੇ ਵਾਟਰ ਟ੍ਰੀਟਮੈਂਟ ਪਲਾਂਟ ਲਗਾ ਕੇ ਦੇਵਾਂਗੇ, ਸੀਵਰੇਜ਼ ਟ੍ਰੀਟਮੈਂਟ ਪਲਾਂਟ ਲਗਾ ਕੇ ਦੇਵਾਂਗੇ। ਛੋਟੇ ਛੋਟੇ ਸ਼ਹਿਰਾਂ ਦੇ ਵਿਚ ਇਨ੍ਹਾਂ ਵਾਟਰ ਟ੍ਰੀਟਮੈਂਟ ਪਲਾਂਟਾਂ ਦੀ ਲੋੜ ਹੈ ਅਤੇ ਰਾਜ ਦੇ ਹਰ ਸ਼ਹਿਰ ਵਿਚ ਵਾਟਰ ਟ੍ਰੀਟਮੈਂਟ ਪਲਾਂਟ ਤੇ ਸੀਵਰੇਜ਼ ਟ੍ਰੀਟਮੈਂਟ ਪਲਾਂਟ ਲਗਣਾ ਚਾਹੀਦਾ ਹੈ ਤਾਂਕਿ ਪਲਿਊਸ਼ਨ ਪੈਦਾ ਨਾ ਹੋਵੇ। ਦੂਜਾ ਧਰਤੀ ਵਿਚ ਪਾਣੀ ਦੀ ਘਾਟ ਮਹਿਸੂਸ ਹੁੰਦੀ ਜਾ ਰਹੀ ਹੈ। ਮੋਗਾ, ਤਰਨਤਾਰਨ, ਬਟਾਲਾ ਵਰਗੇ ਸ਼ਹਿਰਾਂ ਦੇ ਵਿਚ ਇਹ ਬਹੁਤ ਵੱਡੀ ਪ੍ਰਾਬਲਮ ਹੈ ਅਤੇ ਹਰ ਤਰ੍ਹਾਂ ਇਥੇ ਪਲਿਊਸ਼ਨ ਵੱਧ ਰਹੀ ਹੈ। ਇਸ ਨੂੰ ਰੋਕਣ ਲਈ ਸਰਕਾਰ ਵਲੋਂ ਟ੍ਰੀਟਮੈਂਟ ਪਲਾਂਟ ਲਗਾਏ ਜਾਣੇ ਚਾਹੀਦੇ ਹਨ। ਪਲਿਊਸ਼ਨ ਬੋਰਡ ਵੱਲੋਂ ਕਾਰਵਾਈ ਕੀਤੀ ਜਾਂਦੀ ਹੈ ਅਤੇ ਜੁਰਮਾਨੇ ਵੀ ਕੀਤੇ ਜਾਂਦੇ ਹਨ। ਜਲੰਧਰ ਵਿਚ ਟੈਨਰੀਜ਼ ਦਾ ਗੰਦਾ ਪਾਣੀ ਕਾਫ਼ੀ ਗੰਦਗੀ ਫੈਲਾ ਰਿਹਾ ਹੈ ਅਤੇ ਇਸ ਗੰਦੇ ਪਾਣੀ ਨੂੰ ਟੈਨਰੀਜ਼ ਵਾਲੇ ਬੇਈਂ ਵਿਚ ਪਾ ਰਹੇ ਹਨ ਜਿਸ ਕਰਕੇ ਉਥੇ ਪਲਿਊਸ਼ਨ ਪੈਦਾ ਹੋਇਆ ਹੈ ਅਤੇ ਸ਼ਹਿਰ ਵਿਚ ਬਿਮਾਰੀਆਂ ਫੈਲ ਰਹੀਆਂ ਹਨ। ਸਾਰਿਆਂ ਨੂੰ ਪਤਾ ਹੈ ਪਰ ਉਥੇ ਕੁਝ ਨਹੀਂ ਹੋ ਰਿਹਾ। ਕੋਸ਼ਿਸ਼ ਹੈ ਕਿ ਬੇਈਂ ਵਿਚ ਗੰਦਾ ਪਾਣੀ ਨਾ ਪਵੇ ਤਾਂਕਿ ਗੰਦਗੀ ਹੋਰ ਨਾ ਫੈਲੇ। ਪਲਿਊਸ਼ਨ ਬੋਰਡ ਰਾਹੀਂ 5-6 ਫੈਕਟਰੀਆਂ ਦੇ ਕੁਨੈਕਸ਼ਨ ਕੱਟੇ ਗਏ ਪਰ ਮੈਨੂੰ ਪਤਾ ਹੈ ਕਿ ਕਿੰਨੀ ਔਖਿਆਈ ਵਿਚੋਂ ਮੈਂ ਨਿਕਲਿਆ ਹਾਂ। ਹਰ ਤਰ੍ਹਾਂ ਮੇਰੇ ਉਪਰ ਦਬਾਉ ਸੀ ਕਿ ਕੁਨੈਕਸ਼ਨ ਰਿਲੀਜ਼ ਕੀਤੇ ਜਾਣ। ਹਾਈਕੋਰਟ ਵਿਚ ਪਿਛਲੇ 6 ਸਾਲਾਂ ਤੋਂ ਸਟੇਅ ਚਲੀ ਆ ਰਹੀ ਹੈ ਪਰ ਉਥੇ ਇਹ ਪਲਾਂਟ ਚਲ ਰਿਹਾ ਹੈ ਕਿਉਂਕਿ ਫੈਕਟਰੀਆਂ ਵਾਲੇ ਹਾਈ ਕੋਰਟ ਵਿਚੋਂ ਸਟੇਅ ਲੈ ਕੇ ਬੈਠੇ ਹਨ ਅਤੇ ਹਾਈ ਕੋਰਟ ਇਸ ਸਟੇਅ ਆਰਡਰ ਨੂੰ ਵਿਕੇਟ ਨਹੀਂ ਕਰ ਰਹੀ। ਅਸੀਂ ਸੁਪ੍ਰੀਮ ਕੋਰਟ ਵਿਚ ਗਏ ਹਾਂ। ਹਾਲੇ ਸੁਪ੍ਰੀਮ ਕੋਰਟ ਵਿਚ ਕੇਸ ਲੱਗਾ ਨਹੀਂ ਤਾਂ ਕਿ ਸਟੇਅ ਵਿਕੇਟ ਹੋਵੇ ਅਤੇ ਅਸੀਂ ਗੰਦਾ ਪਾਣੀ ਬੇਈਂ ਵਿਚ ਜਾਣਾ ਬੰਦ ਕਰਾਈਏ। ਕਈ ਤਰ੍ਹਾਂ ਦੀਆਂ ਮਜ਼ਬੂਰੀਆਂ ਹਨ। ਤੁਸੀਂ ਸਰਦਾਰ ਤੋਤਾ ਸਿੰਘ ਜੀ ਰੈਜ਼ੋਲਿਊਸ਼ਨ ਬੜਾ ਵਧੀਆ ਪੇਸ਼ ਕੀਤਾ ਹੈ, ਇਹ ਸਮੇਂ ਦੀ ਮੰਗ ਹੈ ਤੇ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ। ਪਰ ਨਾਲ ਹੀ ਸਭ ਕੁਝ ਸਰਕਾਰ ਤੇ ਵੀ ਨਹੀਂ ਛੱਡ ਦੇਣਾ ਚਾਹੀਦਾ। ਪਲਿਊਸ਼ਨ ਤਾਂ ਕਈ ਤਰ੍ਹਾਂ ਦੀ ਹੈ, ਟਰੱਕਾਂ ਦੀ ਵੀ ਪਲਿਊਸ਼ਨ ਹੈ, ਇਨ੍ਹਾਂ ਨੇ ਆਬੋਹਵਾ ਨੂੰ ਪਲਿਊਟ ਕੀਤਾ ਹੈ। ਹੁਣ ਕਣਕ ਦਾ ਸੀਜ਼ਨ ਆ ਰਿਹਾ ਹੈ, ਤੂੜੀ ਬਲਣੀ ਹੈ, ਕਣਕ ਦੇ ਬੂਟੇ ਦੇ ਥੱਲੇ ਦਾ ਹਿੱਸਾ ਬਲਣਾ ਹੈ, ਉਸਦੇ ਧੂੰਏ ਨਾਲ ਪਲਿਊਸ਼ਨ ਹੋਣੀ ਹੈ। ਇਹ ਵੀ ਅਸੀਂ ਲੋਕਾਂ ਨੂੰ ਸਮਝਾਉਣਾ ਹੈ ਕਿ ਇਸ ਕਾਰਨ ਜੁਰਮਾਨਾ ਵੀ ਹੋ ਸਕਦਾ ਹੈ, ਮੁਕੱਦਮਾ ਵੀ ਹੋ ਸਕਦਾ ਹੈ। ਪਰ ਮੈਂ ਕਹਿੰਦਾ ਹਾਂ ਕਿ ਜ਼ਰੂਰੀ ਪ੍ਰਾਸੀਕਿਊਸ਼ਨ ਕਰਕੇ ਹੀ ਇਹ ਗੱਲਾਂ ਹਟਾਉਣੀਆਂ ਹਨ। ਪਿੰਡਾਂ ਵਾਲਿਆਂ ਨੂੰ, ਲੋਕਾਂ ਨੂੰ ਆਪ ਹੀ ਸੋਚਣ ਦੀ ਲੋੜ ਹੈ ਕਿ ਧੂੰਏ ਨਾਲ ਪਲਿਊਸ਼ਨ ਕ੍ਰੀਏਟ ਹੁੰਦਾ ਹੈ। 5-6 ਸਾਲ ਪਹਿਲਾਂ ਮੈਨੂੰ ਯਾਦ ਹੈ, ਸਾਡੇ ਉਥੇ ਭਗਦੜ ਮਚ ਗਈ, ਇੰਨਾ ਧੂੰਆਂ ਹੋ ਗਿਆ ਕਿ ਲੋਕ ਇਹ ਸੋਚਣ ਲਗ ਗਏ ਕਿ ਕਿਤੇ ਪਾਕਿਤਸਾਨ ਨੇ ਐਟਮ ਬੰਬ ਚਲਾ ਦਿੱਤਾ ਹੈ। ਬਾਅਦ ਵਿਚ ਪਤਾ ਲੱਗਾ ਕਿ ਝੋਨੇ ਦੀ ਪਰਾਲੀ ਬਲ ਰਹੀ ਹੈ। ਅਸੀਂ ਪਲਿਊਸ਼ਨ ਆਪ ਕ੍ਰੀਏਟ ਕਰ ਰਹੇ ਹਾਂ। ਅਸੀਂ ਇਸ਼ਤਿਹਾਰ ਵੀ ਦਿੱਤੇ ਹਨ ਕਿ ਧੂੰਆਂ ਸਾਡੇ ਸਾਰਿਆਂ ਲਈ ਨੁਕਸਾਨਦੇਹ ਹੈ, ਸਾਡੇ ਬੱਚਿਆਂ ਲਈ ਨੁਕਸਾਨਦੇਹ ਹੈ ਪਰ ਇਨ੍ਹਾਂ ਗੱਲਾਂ ਦਾ ਅਸਰ ਬਹੁਤ ਥੋੜ੍ਹਾ ਹੁੰਦਾ ਹੈ। ਹਰ ਬੰਦਾ ਸੋਚਦਾ ਹੈ ਕਿ ਸਾਨੂੰ ਸਰਕਾਰ ਆ ਕੇ ਡੱਕੇ। ਅਸੀਂ ਵੀ ਪ੍ਰਾਸੀਕਿਊਟ ਕਰ ਸਕਦੇ ਹਾਂ, ਮਿਊਂਸਿਪਲ ਕਮੇਟੀਆਂ ਨੂੰ ਤੇ ਮਿਊਂਸਿਪਲ ਕਾਰਪੋਰੇਸ਼ਨਾਂ ਨੂੰ, ਪਰ ਕਿਸ ਨੂੰ ਕਰੀਏ ? ਅੱਜ

ਪ੍ਰਧਾਨ ਕਿਸੇ ਪਾਰਟੀ ਦਾ ਹੈ, ਕੱਲ ਕਿਸੇ ਹੋਰ ਦਾ ਆ ਜਾਵੇਗਾ ਜਾਂ ਬਦਲੀ ਹੋ ਜਾਣੀ ਹੈ। ਗੱਲ ਪ੍ਰਾਸੀਕਿਊਸ਼ਨ ਦੀ ਨਹੀਂ, ਵੈਸੇ ਵੀ ਜੀਅ ਨਹੀਂ ਕਰਦਾ। ਪ੍ਰਧਾਨ ਵੀ ਸਾਡੇ ਹੀ ਸਾਰੇ ਪੁੱਤ ਭਤੀਜੇ ਲਗੇ ਹੋਏ ਹਨ, ਈ.ਓ. ਵੀ ਸਾਡੇ ਹੀ ਲਗੇ ਹੋਏ ਹਨ ਜਾਂ ਤਾਂ ਕੋਈ ਬੰਦਾ 10 ਸਾਲ ਦਾ ਪੱਕਾ ਬੈਠਾ ਹੋਵੇ ਉਸ ਦਾ ਤਾਂ ਕਸੂਰ ਕੱਢਿਆ ਜਾ ਸਕਦਾ ਹੈ। ਫਿਰ ਇਹ ਵੀ ਸੋਚਦੇ ਹਾਂ ਕਿ ਅਗਰ ਸਜ਼ਾ ਕਿਸੇ ਨੂੰ ਵੀ ਨਾ ਦਿੱਤੀ ਗਈ ਤਾਂ ਲੋਕ ਡਰਨਗੇ ਕਿਸ ਤਰ੍ਹਾਂ ਕਿਤੇ ਫਿਰ ਪ੍ਰਾਸੀਕਿਊਟ ਕਰ ਵੀ ਦਿੱਤਾ ਜਾਂਦਾ ਹੈ। ਕਾਂ ਮਾਰ ਕੇ ਨਾ ਟੰਗੀਏ ਤਾਂ ਸਨੇਹਾ ਵੀ ਨਹੀਂ ਜਾਂਦਾ। ਹਾਰ ਕੇ ਕਿਸੇ ਨਾ ਕਿਸੇ ਦੀ ਵਾਰੀ ਤਾਂ ਆਉਣੀ ਹੈ ਜਦੋਂ ਪ੍ਰਾਸੀਕਿਊਸ਼ਨ ਹੋਣੀ ਹੈ। ਪਰ ਮੈਂ ਕਹਿੰਦਾ ਹਾਂ ਕਿ ਇਸ ਪਾਸੇ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਹਰ ਤਰ੍ਹਾਂ ਦੀ ਪਲਿਊਸ਼ਨ ਕੰਟਰੋਲ ਕਰਨ ਦੀ ਲੋੜ ਹੈ, ਇਹ ਸਮੇਂ ਦੀ ਮੰਗ ਹੈ। ਪਾਣੀ ਦੀ ਪਲਿਊਸ਼ਨ ਹੋਵੇ, ਹਵਾ ਦੀ ਪਲਿਊਸ਼ਨ ਹੋਵੇ, ਹਰ ਜਗ੍ਹਾ ਲੋਕਾਂ ਦੀ ਕੋਆਪਰੇਸ਼ਨ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਵਾਟਰ ਟਰੀਟਮੈਂਟ ਪਲਾਂਟ ਲਗਾਉਣ ਦੀ ਗੱਲ ਆਈ ਹੈ। ਡਿਪਟੀ ਸਪੀਕਰ ਸਾਹਿਬ, ਚੰਗਾ ਹੋਵੇ ਜੇ ਰੈਜ਼ੋਲਿਊਸ਼ਨ ਇਕ ਦਿਨ ਪਹਿਲਾਂ ਕੱਢਿਆ ਜਾਵੇ ਤਾਂਕਿ ਮੈਂਬਰਾਂ ਨੂੰ ਪਤਾ ਹੋਵੇ ਕਿ ਕੱਲ੍ਹ ਕਿਹੜਾ ਰੈਜ਼ੋਲਿਊਸ਼ਨ ਆਉਣਾ ਹੈ ਤੇ ਉਹ ਉਸ ਦੇ ਮੁਤਾਬਿਕ ਤਿਆਰ ਹੋ ਕੇ ਆਉਣ। ਸਾਨੂੰ ਇਥੇ ਆਉਣ ਤੇ ਪਤਾ ਲਗਦਾ ਹੈ ਤੇ ਉਦੋਂ ਅਸੀਂ ਪੂਰੇ ਫੈਕਟਸ ਐਂਡ ਫਿਗਰਜ਼ ਤਿਆਰ ਨਹੀਂ ਕਰ ਸਕਦੇ........

**(ਕੁਝ ਆਵਾਜ਼ਾਂ : ਹਾਂ ਜੀ, ਇਕ ਦਿਨ ਪਹਿਲਾਂ ਮਿਲਣਾ ਚਾਹੀਦਾ ਹੈ।)**

**ਮਾਨਯੋਗ ਡਿਪਟੀ ਸਪੀਕਰ :** ਰੈਜ਼ੋਲਿਊਸ਼ਨ ਆਉਂਦਾ ਇਕ ਦਿਨ ਪਹਿਲਾਂ ਹੀ ਹੈ। ਪਤਾ ਨਹੀਂ ਤੁਹਾਨੂੰ ਕਿਉਂ ਨਹੀਂ ਮਿਲ ਸਕਿਆ। ਸਾਰੇ ਮੈਂਬਰ ਸਾਹਿਬਾਨ ਨੂੰ ਇਕ ਦਿਨ ਪਹਿਲਾਂ ਹੀ ਭੇਜਿਆ ਜਾਂਦਾ ਹੈ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ (ਬੈਠੇ ਬੈਠੇ) : ਸਰ, ਅੱਜ ਦੇ ਕੁਐਸਚਨਾਂ ਦੇ ਜਵਾਬ ਵੀ ਅੱਜ ਹੀ ਮਿਲੇ ਹਨ।**

**ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ :** ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲ ਰਹੇ ਹਨ। ਜੇ ਇਹ 1-2 ਦਿਨ ਪਹਿਲਾਂ ਮਿਲ ਜਾਣ ਤਾਂ ਮੈਂਬਰਾਂ ਨੂੰ ਕਾਫੀ ਫਾਇਦਾ ਹੋਵੇਗਾ। ਮੈਂ ਅੱਗੇ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਤੋਤਾ ਸਿੰਘ ਜੀ ਨੇ ਬਹੁਤ ਵਧੀਆ ਸਬਜੈਕਟ ਚੁਣਿਆ ਹੈ। ਇਸ ਦੀ ਲੋਕਾਂ ਨੂੰ ਲੋੜ ਹੈ, ਸਮੇਂ ਦੀ ਮੰਗ ਹੈ। ਸਾਡੇ ਸੂਬੇ ਦਾ ਪਾਣੀ ਦਿਨ-ਬ-ਦਿਨ ਥੱਲੇ ਜਾ ਰਿਹਾ ਹੈ। ਅੱਜ ਸਾਇੰਸ ਇਸ ਪਾਸੇ ਆ ਗਈ ਹੈ, ਸਾਡੀ ਲੋੜ ਇਸ ਪਾਸੇ ਆ ਗਈ ਹੈ ਕਿ ਰੇਨ ਵਾਟਰ ਨੂੰ ਸਾਂਭ ਕੇ ਰੱਖਿਆ ਜਾਵੇ। ਘਰਾਂ ਵਿਚ ਟੋਏ ਪੁੱਟ ਕੇ ਉਸਨੂੰ ਸਾਂਭਿਆ ਜਾਵੇ ਤੇ ਬਾਅਦ ਵਿਚ ਟਰੀਟ ਕਰ ਲਿਆ ਜਾਵੇ। ਘਰਾਂ ਦੀਆਂ ਛੱਤਾਂ ਦਾ ਡਿਜ਼ਾਇਨ ਇਸ ਤਰ੍ਹਾਂ ਦਾ ਹੋਵੇ ਜਿਸ ਨਾਲ ਸਾਰਾ ਰੇਨ ਵਾਟਰ ਰੁੜ੍ਹ ਕੇ ਥੱਲੇ

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਘਰਾਂ ਵਿਚ ਹੀ ਬਣਾਈ ਜਗ੍ਹਾ ਤੇ ਸਟੋਰ ਹੋ ਜਾਵੇ ਤੇ ਛੋਟਾ ਜਿਹਾ ਟਰੀਟਮੈਂਟ ਪਲਾਂਟ ਲਗਾ ਕੇ ਉਸਨੂੰ ਟਰੀਟ ਕਰਕੇ ਪੀਣ ਦੇ ਯੋਗ ਬਣਾ ਲਿਆ ਜਾਵੇ ਜਾਂ ਲਾਅਨਜ਼ ਵਗੈਰਾ ਲਈ ਵਰਤ ਲਿਆ ਜਾਵੇ। ਜਿਹੜਾ ਇਥੇ ਕਿਹਾ ਗਿਆ ਹੈ ਕਿ ਗੰਦੇ ਪਾਣੀ ਨੂੰ ਟਰੀਟ ਕਰਕੇ ਦਰਿਆਵਾਂ ਵਿਚ ਪਾ ਦਿਉ, ਇਸ ਦੀ ਲੋੜ ਨਹੀਂ। ਅੱਜ ਲੋੜ ਹੈ ਕਿ ਪਾਣੀ ਦਾ ਹਰ ਤੁਪਕਾ ਸਾਂਭ ਕੇ ਰੱਖੀਏ। ਹਰ ਪਿੰਡ ਨੂੰ ਸਾਫ ਕਰਕੇ ਰੱਖੀਏ। ਅੱਜ ਅਸੀਂ ਪਾਣੀ ਦੀ ਘਾਟ ਕਰਕੇ ਵਾਹੀ ਵਿਚ ਡ੍ਰਿਪ ਸਿਸਟਮ ਸ਼ੁਰੂ ਕੀਤਾ ਹੈ ਅਤੇ ਪਾਣੀ ਦੀ ਘਾਟ ਕਰਕੇ ਫਲੱਡ ਸਿਸਟਮ ਬੰਦ ਕੀਤਾ ਹੈ। ਜਿਹੜੇ ਟਿਊਬਵੈੱਲ 12-12 ਘੰਟੇ ਚਲਦੇ ਰਹਿੰਦੇ ਹਨ, ਉਹ ਨੁਕਸਾਨ ਕਰਦੇ ਹਨ। ਬਿਜਲੀ ਭਾਵੇਂ 24 ਘੰਟੇ ਸਰਕਾਰ ਦੇਵੇ ਪਰ ਟਿਊਬਵੈੱਲ 8 ਘੰਟੇ ਤੋਂ ਵੱਧ ਨਹੀਂ ਚੱਲਣੇ ਚਾਹੀਦੇ। ਸਾਡਾ ਗਰਾਊਂਡ ਵਾਟਰ ਥੱਲੇ ਨੂੰ ਜਾ ਰਿਹਾ ਹੈ। ਇਸ ਕਰਕੇ ਸਾਨੂੰ ਲੋਕਾਂ ਨੂੰ ਸੁਝਾਅ ਦੇਣਾ ਚਾਹੀਦਾ ਹੈ ਕਿ ਟਿਊਬਵੈੱਲ ਘੱਟ ਚਲਾਓ ਅਤੇ ਨਹਿਰੀ ਪਾਣੀ ਦੀ ਵਰਤੋਂ ਜ਼ਿਆਦਾ ਕਰੋ। ਜਿੰਨਾ ਗਰਾਊਂਡ ਵਾਟਰ ਥੱਲੇ ਨੂੰ ਜਾਵੇਗਾ, ਉਨੀਂ ਹੀ ਸਾਡੀ ਪਾਣੀ ਦੀ ਕਾਸਟ ਵਧਦੀ ਜਾਵੇਗੀ। ਨਹਿਰੀ ਪਾਣੀ ਦੀ ਵੱਧ ਵਰਤੋਂ ਹੋਵੇਗੀ ਤਾਂ ਸਾਨੂੰ ਵੱਧ ਫਾਇਦਾ ਹੋਵੇਗਾ। ਸਾਡੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਏਰੀਏ ਵਿਚ ਛੋਟੇ ਜਿਮੀਂਦਾਰ ਹਨ। ਦੁਆਬੇ ਵਿਚ ਵੀ ਛੋਟੇ ਜ਼ਿਮੀਂਦਾਰ ਹਨ ਪਰ ਹਰ ਘਰ ਨੇ 2-2 ਕਿੱਲਿਆਂ ਤੇ ਟਿਊਬਵੈੱਲ ਲਾ ਲਿਆ ਹੈ। ਨਹਿਰੀ ਪਾਣੀ ਅੱਜ ਕੋਈ ਵਰਤ ਹੀ ਨਹੀਂ ਰਿਹਾ। ਅੱਜ ਹਾਲਤ ਇਹ ਹੋ ਗਈ ਹੈ ਕਿ ਖਾਲ ਹੀ ਨਹੀਂ ਰਹੇ ਹਨ। ਉਨ੍ਹਾਂ ਖਾਲਿਆਂ ਤੇ ਲੋਕਾਂ ਨੇ ਘਰ ਬਣਾ ਲਏ ਹਨ। ਪਹਿਲਾਂ ਲੋਕ 100 ਕਿੱਲਿਆਂ ਤੇ ਟ੍ਰਿਊਬਵੈੱਲ ਲਾਉਂਦੇ ਹੁੰਦੇ ਸਨ। ਹੁਣ 2-2 ਕਿੱਲਿਆਂ ਤੇ ਟਿਊਬਵੈੱਲ ਹਨ। ਬਿਜਲੀ 24 ਘੰਟੇ ਮਿਲਦੀ ਹੈ। ਟਿਊਬਵੈੱਲਾਂ ਤੇ ਆਟੋਮੈਟਿਕ ਸਵਿੱਚ ਲੱਗੇ ਹੋਏ ਹਨ। ਕੋਈ ਟਿਊਬਵੈੱਲ ਨੂੰ ਬੰਦ ਨਹੀਂ ਕਰਦਾ ਅਤੇ ਕੋਈ ਉਸ ਨੂੰ ਜਾ ਕੇ ਚਲਾਉਂਦਾ ਨਹੀਂ। ਬਿਜਲੀ ਰਾਤ 12 ਵਜੇ ਆਵੇ ਅਤੇ ਭਾਵੇਂ ਸਵੇਰੇ 2 ਵਜੇ ਆਵੇ, ਆਟੋਮੈਟਿਕ ਸਵਿੱਚ ਦੇ ਨਾਲ ਟਿਊਬਵੈੱਲ ਚੱਲੀ ਜਾਂਦੇ ਹਨ। ਅਸੀਂ ਅਣਭੋਲਪੁਣੇ ਵਿਚ ਆਪਣਾ ਨੁਕਸਾਨ ਕਰੀ ਜਾ ਰਹੇ ਹਾਂ। ਕਿਸੇ ਵੇਲੇ 20 ਫੁੱਟ ਤੇ ਘਰਾਂ ਦੇ ਨਲਕੇ ਲੱਗ ਜਾਂਦੇ ਸਨ। ਉਸ ਤੋਂ ਬਾਅਦ ਇਹ 50 ਫੁੱਟ ਤੇ ਅਤੇ 100 ਫੁੱਟ ਤੇ ਲੱਗਣ ਲੱਗੇ। ਅੱਜ ਇਹ 200 ਫੁੱਟ ਤੇ ਲੱਗ ਰਹੇ ਹਨ। ਘਰਾਂ ਵਿਚ ਡੀਪ ਬੋਰ ਲੱਗ ਰਹੇ ਹਨ, ਸਬਮਰਸੀਬਲ ਮੋਟਰਾਂ ਲੱਗ ਰਹੀਆਂ ਹਨ। ਅਮੀਰ ਉਪਰਲੇ ਪਾਸੇ ਅਤੇ ਗਰੀਬ ਨੀਂਵੇਂ ਪਾਸੇ ਰਹਿੰਦਾ ਹੈ। ਇਸ ਸਾਰੇ ਸਿਸਟਮ ਨੂੰ ਸਮਝਣ ਦੀ ਲੋੜ ਹੈ। ਪਾਣੀ ਨਿਵਾਣ ਵਾਲੇ ਪਾਸੇ ਹੀ ਜਾਂਦਾ ਹੈ। ਜਦੋਂ ਪਿੰਡ ਬਣੇ ਸੀ ਤਾਂ ਅਮੀਰ ਚੜ੍ਹਦੇ ਵਾਲੇ ਪਾਸੇ ਰਹਿਣ ਲੱਗੇ ਅਤੇ ਗਰੀਬ ਲਹਿੰਦੇ ਵਾਲੇ ਪਾਸੇ। ਸੂਰਜ ਵੀ ਚੜ੍ਹਦੇ ਵਾਲੇ ਪਾਸੇ ਚੜ੍ਹਦਾ ਹੈ ਅਤੇ ਲੋਕ ਉਸ ਨੂੰ ਪੂਜਦੇ ਹਨ। ਇਸੇ ਕਰਕੇ ਤਕੜੇ ਦਾ ਘਰ ਚੜ੍ਹਦੇ ਪਾਸੇ ਰੱਖਿਆ ਗਿਆ। ਅੱਜ ਵੀ ਇਸੇ ਤਰ੍ਹਾਂ ਹੀ ਹੈ। ਚੜ੍ਹਦੇ ਪਾਸੇ ਚੌਧਰੀ, ਸਰਦਾਰ ਜਾਂ ਰਾਜਪੂਤ ਰਹਿੰਦੇ ਹਨ ਅਤੇ ਲਹਿੰਦੇ ਪਾਸੇ ਗਰੀਬ ਲੋਕ। ਇਹ ਸਮਾਂ ਤਾਂ ਤੁਰੀ ਜਾ ਰਿਹਾ ਹੈ। ਗੰਦਾ ਪਾਣੀ ਵੀ ਲਹਿੰਦੇ ਪਾਸੇ ਜਾਂਦਾ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਗੰਦਾ ਪਾਣੀ ਕਿਸੇ ਪਾਸੇ ਵੀ ਨਾ ਜਾਵੇ। ਅੱਜ ਲੋੜ ਹੈ ਹਰ ਬੰਦਾ, ਹਰ ਬੱਚਾ ਚੰਗਾ ਪਾਣੀ ਪੀਵੇ। ਇਸ ਲੋੜ ਨੂੰ ਅੱਜ ਲੋਕਾਂ ਨੂੰ ਦੱਸਣ ਦੀ ਲੋੜ ਹੈ। ਮੈਂ ਜਦੋਂ ਮਿਊਂਸਿਪੈਲੀਟੀ ਦਾ ਪ੍ਰੈਜੀਡੈਂਟ ਬਣਿਆ ਸੀ, ਉਸ ਵੇਲੇ ਜਦੋਂ ਹਾਊਸ ਟੈਕਸ ਦੀ ਰਿਕਵਰੀ ਹੋਣੀ ਤਾਂ ਕਿਸੇ ਨੇ ਨਾ ਦੇਣੀ। ਜਿਨ੍ਹਾਂ ਲੋਕਾਂ ਨੇ ਮਿਉਂਸਿਪੈਲਿਟੀ ਦੀਆਂ ਚੋਣਾਂ ਵਿਚ ਖਲੋਣਾ ਹੁੰਦਾ, ਉਨ੍ਹਾਂ ਨੇ ਵੀ 5

ਸਾਲ ਬਾਅਦ ਹਾਊਸ ਟੈਕਸ ਦੇਣਾ। ਉਹ ਵੀ ਇਸ ਕਰਕੇ ਜੇ ਡਿਫਾਲਟਰ ਹੋਏ ਤਾਂ ਹੁਣ ਪੇਪਰ ਰਿਜੈਕਟ ਹੋ ਜਾਣਗੇ ਅਖੀਰਲੇ ਟਾਈਮ ਤੇ ਉਨ੍ਹਾਂ ਨੇ ਟੈਕਸ ਦੇਣਾ। ਸਾਨੂੰ ਟੈਕਸ ਦੇਣ ਦੀ ਜਾਂ ਪਾਣੀ ਦੀ ਟੂਟੀ ਦੇ ਬਿੱਲ ਦੇਣ ਦੀ ਆਦਤ ਹੀ ਨਹੀਂ। ਜੇ ਬਿਜਲੀ ਮੁਫਤ ਹੈ ਤਾਂ ਟਰੀਟਮੈਂਟ ਪਲਾਂਟ ਤੇ ਤਾਂ ਖਰਚਾ ਹੋਣਾ ਹੀ ਹੈ। ਉਹ ਖਰਚਾ ਕਿਥੋਂ ਚਲਾਉਣਾ ਹੈ। ਪਲਾਸਟਿਕ ਦੇ ਲਿਫਾਫਿਆਂ ਵਾਸਤੇ ਅਸੀਂ ਚਾਹੁੰਦੇ ਹਾਂ ਕਿ ਬਿੱਲ ਪਾਸ ਹੋਵੇ ਹਾਲਾਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਇਹ ਸਭ ਤੋਂ ਜ਼ਿਆਦਾ ਨੁਕਸਾਨ ਕਰ ਰਿਹਾ ਹੈ। ਸ਼੍ਰੀ ਅਸ਼ਵਨੀ ਸੇਖੜੀ ਜੀ ਨੇ ਦੱਸਿਆ ਹੈ ਕਿ ਬਾਹਰਲੇ ਮੁਲਕਾਂ ਵਿਚ ਉਹ ਕਹਿੰਦੇ ਹਨ ਕਿ ਜੇ ਗੰਦ ਸੁੱਟਣਾ ਹੈ ਤਾਂ ਆਪਣੇ ਬੋਝੇ ਵਿਚ ਪਾ ਲਓ ਲੇਕਿਨ ਅਸੀਂ ਗੰਦ ਨੂੰ ਆਪਣੇ ਬੋਝੇ ਵਿਚ ਨਹੀਂ ਪਾਉਂਦੇ, ਜਿਥੇ ਮਰਜ਼ੀ ਹੈ, ਸੁੱਟੀ ਜਾਂਦੇ ਹਾਂ। ਅਖੀਰ ਉਹ ਪਲਾਸਟਿਕ ਨਾਲਿਆਂ ਵਿਚ ਚਲੀ ਜਾਂਦੀ ਹੈ। ਇਹ ਗਲਦੀ ਨਹੀਂ ਹੈ ਜਿਸ ਕਰਕੇ ਪਾਣੀ ਬੰਦ ਹੋ ਜਾਂਦਾ ਹੈ। ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਪਤਾ ਹੈ ਲੇਕਿਨ ਸੁੱਟੀ ਅਸੀਂ ਸਾਰੇ ਜਾਂਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਸਰਕਾਰ ਇਹ ਕੰਮ ਕਰੇ। ਲੇਕਿਨ ਅੱਜ ਸਮੇਂ ਦੀ ਮੰਗ ਹੈ ਕਿ ਆਪਾਂ ਖੁਦ ਆਪਣੇ ਮੁਹੱਲੇ ਤੋਂ ਇਹ ਕੰਮ ਸ਼ੁਰੂ ਕਰੀਏ, ਆਪਣੇ ਸ਼ਹਿਰ ਤੋਂ ਇਹ ਕੰਮ ਸ਼ੁਰੂ ਕਰੀਏ। ਆਪੇ ਉਹ ਦੇਖ ਕੇ ਦੂਜੇ ਵੀ ਸ਼ੁਰੂ ਕਰਨਗੇ। ਜਿੰਨੀ ਦੇਰ ਤੱਕ ਲੋਕਾਂ ਦੀ ਪਾਰਟੀਸੀਪੇਸ਼ਨ ਨਾਲ ਨਹੀਂ ਹੁੰਦੀ ਉਨੀ ਦੇਰ ਤੱਕ ਕੋਈ ਪ੍ਰਾਜੈਕਟ ਸਿਰੇ ਨਹੀਂ ਚੜ੍ਹਦਾ। ਆਪਾਂ ਪਿੰਡ ਵਿੱਚ ਕੋਈ ਗੁਰਦੁਆਰਾ ਸ਼ੁਰੂ ਕਰਦੇ ਹਾਂ। ਸਾਰਾ ਪਿੰਡ ਆ ਕੇ ਕਾਰ ਸੇਵਾ ਕਰਦਾ ਹੈ, ਇਸ ਤਰ੍ਹਾਂ ਗੁਰਦੁਆਰਾ ਬਣ ਜਾਂਦਾ ਹੈ। ਫਿਰ ਸਾਰਾ ਪਿੰਡ ਉਸ ਦੀ ਰਨਿੰਗ ਕਾਸਟ ਦਿੰਦਾ ਹੈ, ਹਰ ਰੋਜ਼ ਕੋਈ ਆਟਾ, ਚੌਲ, ਦਾਲ ਦੇ ਜਾਂਦਾ ਹੈ, ਫਿਰ ਲੰਗਰ ਚਲਦਾ ਰਹਿੰਦਾ ਹੈ। ਇਸ ਤਰ੍ਹਾਂ ਭਾਈ ਜੀ ਦੀ ਜ਼ਿੰਦਗੀ ਬਸਰ ਹੁੰਦੀ ਰਹਿੰਦੀ ਹੈ। ਇਸੇ ਸੋਚ ਨਾਲ ਕਿ ਜਿਹੜੇ ਸਾਡੇ ਇਹ ਪਲਾਂਟ ਹਨ ਇਹ ਸਮੇਂ ਦੀ ਜ਼ਰੂਰਤ ਹੈ, ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਜ਼ਰੂਰਤ ਹੈ। ਸਾਨੂੰ ਇਸ ਸੋਚ ਨਾਲ ਲਾਉਣੇ ਚਾਹੀਦੇ ਹਨ ਕਿ ਜਿੰਨੀ ਟਰੀਟਮੈਂਟ ਪਲਾਂਟ ਦੀ ਕਾਸਟ ਹੈ ਸਾਰੇ ਉਸ ਦੇ ਹਿੱਸੇ ਮੁਤਾਬਿਕ ਟੈਕਸ ਦੇਣ ਦੀ ਆਦਤ ਪਾਈਏ। ਇਹ ਸਾਡੀ ਹੀ ਜ਼ਿੰਮੇਵਾਰੀ ਹੈ, ਸਾਡੀ ਹੀ ਡਿਊਟੀ ਹੈ। ਆਪਾਂ ਰਲ ਕੇ ਇਹਦੇ ਲਈ ਬਣਦਾ ਹਿੱਸਾ ਪਾਈਏ ਔਰ ਇਸ ਨੂੰ ਚਲਾਈਏ। ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜਤਾ ਕਰਦਾ ਹਾਂ। ਵੈਸੇ ਵੀ, ਲੋੜ ਵੀ ਹੈ। ਵੈਸੇ ਤਾਂ ਕਈ ਕਾਨੂੰਨ ਬਣੇ ਹੋਏ ਹਨ। ਲੋਕਾਂ ਨੂੰ ਇਸ ਗੱਲ ਲਈ ਸਮਝਾਉਣ ਦੀ ਲੋੜ ਹੈ। ਸਾਰਾ ਕੁਝ ਸਰਕਾਰ ਤੇ ਨਾ ਛੱਡੀਏ। ਲੋਕਲ ਪਲਾਂਟ ਲੱਗਣੇ ਹਨ। ਲੋਕਲ ਮਿਊਂਸਿਪਲ ਕਮੇਟੀਆਂ ਆਪਣੇ ਤੌਰ ਤੇ ਟੈਕਸ ਲਾਉਣ ਅਤੇ ਆਪਾਂ ਲੋਕ ਪਲਾਂਟ ਲਗਾਉਣ ਲਈ ਟੈਕਸ ਦੇਈਏ। ਅੱਜ ਪਿੰਡਾਂ ਦੇ ਲੋਕ ਸ਼ਹਿਰਾਂ ਵੱਲ ਜਾ ਰਹੇ ਹਨ। ਪਲਾਂਟ ਲੱਗਣ ਲਈ ਸ਼ਹਿਰ ਤੋਂ ਦੋ ਤਿੰਨ ਕਿਲੋਮੀਟਰ ਦੂਰ ਆਉਣਾ ਪੈਂਦਾ ਹੈ। ਕਈ ਸ਼ਹਿਰਾਂ ਦੇ ਪਲਾਂਟ ਸ਼ਹਿਰ ਤੋਂ ਬਾਹਰ ਲੱਗੇ ਸਨ ਪਰ ਫਿਰ ਲੋਕੀ ਉਥੇ ਆ ਕੇ ਵੱਸ ਗਏ, ਇਸ ਤਰ੍ਹਾਂ ਸ਼ਹਿਰ ਉਸ ਟਰੀਟਮੈਂਟ ਪਲਾਂਟ ਤੋਂ ਵੀ ਅੱਗੇ ਲੰਘ ਗਏ। ਹੁਣ ਉਥੇ ਲਈ ਫਿਰ ਨਵੇਂ ਪਲਾਂਟ ਲਾਉਣ ਦੀ ਲੋੜ ਹੈ। ਜਿੰਨੀ ਦੂਰ ਜਾ ਕੇ ਉਹ ਲਾਵਾਂਗੇ ਉਨੀ ਉਸ ਦੀ ਕਾਸਟ ਵੀ ਵਧਣੀ ਹੈ। ਸੋ, ਇਹ ਸਾਰੀਆਂ ਗੱਲਾਂ ਸੋਚ ਵਿਚਾਰ ਕੇ ਕੀਤਾ ਜਾ ਸਕਦਾ ਹੈ। ਗੱਲਾਂ ਕਰਨੀਆਂ ਸੌਖੀਆਂ ਹਨ ਪਰ ਉਸ ਨੂੰ ਇੰਪਲੀਮੈਂਟ ਕਰਨਾ, ਲੋਕਾਂ ਨੂੰ ਸਾਥ ਲੈ ਕੇ ਤੁਰਨਾ,

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਜ਼ਰੂਰਤ ਇਸ ਗੱਲ ਦੀ ਹੈ। ਚਾਹੀਦਾ ਤਾਂ ਇਹ ਹੈ ਕਿ ਸਾਨੂੰ ਲੋੜ ਹੀ ਨਾ ਪਵੇ, ਪੰਜਾਬ ਸਰਕਾਰ ਨੂੰ ਜਾਂ ਪਲਿਊਸ਼ਨ ਕੰਟਰੋਲ ਬੋਰਡ ਨੂੰ, ਕਿਸੇ ਮਿਊਂਸਿਪਲ ਕਮੇਟੀ ਨੂੰ ਪਰਾਸੀਕਿਊਟ ਕਰਨ ਦੀ, ਕਿਸੇ ਇੰਡਸਟਰੀ ਨੂੰ ਪ੍ਰਾਸੀਕਿਊਟ ਕਰਨ ਦੀ। ਦਸੂਹਾ ਦੀ ਮਿੱਲ ਹੈ। ਉਥੇ ਸ਼ਰਾਬ ਦਾ ਪਲਾਂਟ ਲੱਗਿਆ ਹੋਇਆ ਹੈ ਔਰ ਉਥੇ ਬਦਬੂ ਆ ਰਹੀ ਹੈ। ਹਰ ਸ਼ਰਾਬ ਦੇ ਕਾਰਖਾਨੇ ਦੀ ਬਦਬੂ ਆਉਂਦੀ ਹੈ। ਜਗਤਜੀਤ ਮਿੱਲ ਫਿਲਵਾਂ ਵਿਖੇ ਲੱਗੀ ਹੋਈ ਹੈ, ਹਮੀਰਾ ਲੱਗੀ ਹੈ ਉਹ 50-60 ਸਾਲ ਪਹਿਲਾਂ ਦੀ ਲੱਗੀ ਹੋਈ ਹੈ। ਉਥੇ ਕੋਈ ਪੋਲਿਊਸ਼ਨ ਕੰਟਰੋਲ ਟਰੀਟਮੈਂਟ ਪਲਾਂਟ ਨਹੀਂ। ਉਦੋਂ ਕੋਈ ਸੋਚਦਾ ਨਹੀਂ ਸੀ। ਉਨ੍ਹਾਂ ਦਾ ਗੰਦਾ ਪਾਣੀ ਹੌਲੀ-ਹੌਲੀ ਜ਼ਮੀਨ ਵਿੱਚ ਜਾਂਦਾ ਰਿਹਾ ਔਰ ਉਹ ਹੌਲੀ-ਹੌਲੀ ਨਲਕਿਆਂ ਦੇ ਵਿੱਚ ਜਾ ਰਲਿਆ। ਉਹ ਪਾਣੀ ਕਈ-ਕਈ ਸਾਲ ਲੋਕੀਂ ਪੀਂਦੇ ਰਹੇ ਜਿਸ ਨਾਲ ਲੋਕਾਂ ਦੀ ਸਿਹਤ ਤੇ ਅਸਰ ਪਿਆ। ਅੱਜ ਉਨ੍ਹਾਂ ਕਾਰਖਾਨੇ ਵਾਲਿਆਂ ਨੇ ਕਰੋੜਾਂ ਰੁਪਏ ਖਰਚੇ ਹਨ ਪਰ ਜਿਹੜਾ ਅਸਰ 40 ਸਾਲ ਤੋਂ ਚਲਿਆ ਆ ਰਿਹਾ ਹੈ, ਇਹ ਸਾਲ ਵਿੱਚ ਖਤਮ ਨਹੀਂ ਹੋ ਸਕਦਾ। ਅੱਜ ਉਨ੍ਹਾਂ ਨੇ ਲੋਕਾਂ ਨੂੰ ਡੀਪ ਬੋਰ ਕਰਵਾ ਕੇ ਦਿੱਤੇ ਹਨ ਔਰ ਲੋਕਾਂ ਨੂੰ ਪੀਣ ਵਾਲਾ ਪਾਣੀ ਠੀਕ ਮਿਲ ਰਿਹਾ ਹੈ। ਉਸ ਗੰਦੇ ਪਾਣੀ ਦਾ ਅਸਰ ਹੁਣ ਕੁਝ ਘੱਟ ਗਿਆ ਹੈ। ਮੈਂ ਵੀ ਪਿੰਡਾਂ ਵਿੱਚ ਜਾ ਕੇ ਦੇਖਿਆ ਹੈ। ਉਸ ਪਾਣੀ ਦਾ ਸਵਾਦ ਹੀ ਹੋਰ ਹੈ। 50 ਸਾਲਾਂ ਦਾ ਉਹ ਤੁਰਿਆ ਜਾ ਰਿਹਾ ਸੀ। ਪਿਛਲੇ 5-7 ਸਾਲਾਂ ਵਿੱਚ ਜਦੋਂ ਆਪਾਂ ਲੋਕਾਂ ਨੂੰ ਇਸ ਪਾਸੇ ਜਾਗ੍ਰਤੀ ਆਈ, ਇਸ ਪਾਸੇ ਸੋਚ ਗਈ ਤਾਂ ਲੋਕ ਚੌਕਸ ਹੋ ਗਏ। ਲੋਕਾਂ ਨੇ ਆਪਣੇ ਹੱਕਾਂ ਵਿੱਚ ਮੰਗ ਕਰਨੀ ਸ਼ੁਰੂ ਕਰ ਦਿੱਤੀ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਅੱਜ ਕਪੂਰਥਲਾ ਦੀ ਰਿੱਟ ਹੋਈ ਹੈ ਕਿ ਟੀ.ਵੀ. ਟਾਵਰ ਵਸੋਂ ਵਿੱਚ, ਆਬਾਦੀ ਵਿੱਚ ਲੱਗਿਆ ਹੋਇਆ ਹੈ। ਲੋਕਾਂ ਦੇ ਘਰਾਂ ਵਿੱਚ ਟਾਵਰ ਲੱਗੇ ਹੋਏ ਹਨ। ਇਸ ਦਾ ਵੀ ਸਾਡੇ ਤੇ ਅਸਰ ਹੋ ਰਿਹਾ ਹੈ। ਸਰਦਾਰ ਬੀਰ ਦਵਿੰਦਰ ਸਿੰਘ ਨੇ ਦੱਸਿਆ ਹੈ ਕਿ ਟੀ.ਵੀ. ਟਾਵਰਾਂ ਕਰਕੇ ਚਿੜੀਆਂ ਦੇ ਆਂਡਿਆਂ ਦੇ ਵਿੱਚ ਬੱਚੇ ਪੈਦਾ ਨਹੀਂ ਹੋ ਰਹੇ। ਇਹ ਟਾਵਰਾਂ ਦਾ ਅਸਰ ਹੈ। ਅੱਜ ਹਾਈਕੋਰਟ ਨੇ ਸੰਮਨ ਕੀਤਾ ਹੈ ਕਿ ਇਸ ਦਾ ਜਵਾਬ ਦਿਓ। ਸੋ, ਸਾਰੀ ਦੁਨੀਆਂ ਜਾਗ੍ਰਤ ਹੋ ਰਹੀ ਹੈ। ਲੋਕ ਨਿਰਾ ਸਰਕਾਰ ਤੇ ਵੀ ਨਹੀਂ ਰਹਿੰਦੇ। ਲੋਕੀ ਰਿੱਟ ਕਰਦੇ ਹਨ, ਸੁਪਰੀਮ ਕੋਰਟ ਤੱਕ ਜਾਂਦੇ ਹਨ। ਹਰ ਪਾਸੇ ਕੋਸ਼ਿਸ਼ ਹੋ ਰਹੀ ਹੈ ਕਿ ਇਨ੍ਹਾਂ ਗੱਲਾਂ ਤੋਂ ਬਚਿਆ ਜਾਵੇ। ਜੇਕਰ ਕੋਈ ਫੈਕਟਰੀ ਹੈ ਤਾਂ ਉਹ ਵੀ ਸਾਡੇ ਵਿੱਚੋਂ ਹੀ ਕਿਸੇ ਦੇ ਭਰਾ-ਭਤੀਜੇ ਨੇ ਹੀ ਲਾਈ ਹੋਈ ਹੈ। ਜੇਕਰ ਟਾਵਰ ਹੈ ਤਾਂ ਉਹ ਵੀ ਸਾਡੇ ਵਿੱਚੋਂ ਹੀ ਕਿਸੇ ਨੇ ਲਾਇਆ ਹੋਇਆ ਹੈ। ਸਰਕਾਰ ਦਾ ਸਾਥ ਦੇਣ ਦੀ ਲੋੜ ਹੈ। ਆਪਾਂ ਲੋਕਾਂ ਨੇ ਹੀ ਪਾਣੀ ਪੀਣਾ ਹੈ, ਆਪਾਂ ਨੇ ਵੀ ਆਬੋ-ਹਵਾ ਵਿੱਚ ਰਹਿਣਾ ਹੈ, ਇਸ ਲਈ ਦੂਸ਼ਤ ਨਾ ਕਰੀਏ। ਅੱਜ, ਡਿਪਟੀ ਸਪੀਕਰ ਸਾਹਿਬ, ਫੋਰੈਸਟ ਘਟ ਰਿਹਾ ਹੈ। ਨੈਸ਼ਨਲ ਪਾਲਿਸੀ ਮੁਤਾਬਿਕ ਪੰਜਾਬ ਵਿੱਚ ਜੰਗਲ 33% ਚਾਹੀਦੇ ਹਨ। ਪਰ ਜਿਹੜਾ ਸਾਡਾ ਸਰਕਾਰੀ ਫੋਰੈਸਟ ਹੈ, ਉਹ ਸਵਾ ਛੇ ਪ੍ਰਤੀਸ਼ਤ ਹੈ ਅਤੇ ਜਿਹੜਾ ਪ੍ਰਾਈਵੇਟ ਹੈ ਡੇਢ-ਦੋ ਪ੍ਰਤੀਸ਼ਤ ਹੈ ਜਿਹੜਾ ਕਿ ਲੋਕਾਂ ਨੇ ਆਪ ਲਗਾਇਆ ਹੋਇਆ ਹੈ। ਉਹ ਪਾਪੂਲਰ ਵੱਲ ਜਾ ਰਹੇ ਹਨ ਜਾਂ ਸਫੈਦੇ ਵੱਲ ਜਾ ਰਹੇ ਹਨ। ਡਿਵੈਲਪਮੈਂਟ ਹੋਣ ਕਾਰਨ ਸੜਕਾਂ ਚੌੜੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਸੜਕਾਂ ਦੇ ਨਾਲ ਜਿਹੜੀ ਫੋਰੈਸਟ ਸਟਰਿਪ ਸੀ, ਉਹ ਖ਼ਤਮ ਹੋ ਰਹੀ ਹੈ। ਉਥੋਂ ਦਰਖਤ ਵੱਢੇ ਜਾ ਰਹੇ ਹਨ। ਉਨ੍ਹਾਂ ਦੀ ਜਗ੍ਹਾ ਤੇ ਹੋਰ ਜ਼ਮੀਨ ਅਕਵਾਇਰ ਨਹੀਂ ਕੀਤੀ ਜਾ ਰਹੀ। ਜਿਹੜੀ ਪਹਿਲਾਂ ਸੜਕਾਂ ਦੇ ਦੁਆਲੇ ਜਗ੍ਹਾ ਛੱਡੀ ਹੋਈ ਸੀ, ਉਸੇ ਜਗ੍ਹਾ ਤੇ ਹੀ ਹੁਣ

ਸੜਕਾਂ ਚੌੜੀਆਂ ਕੀਤੀਆਂ ਜਾ ਰਹੀਆਂ ਹਨ, ਉਥੋਂ ਦਰਖਤ ਵੱਢੇ ਜਾ ਰਹੇ ਹਨ, ਉਨ੍ਹਾਂ ਦੀ ਥਾਂ ਤੇ ਨਵੇਂ ਦਰਖਤ ਲਗਾਏ ਨਹੀਂ ਜਾ ਰਹੇ। ਜੀ.ਟੀ. ਰੋਡ ਪੂਰੀ ਬਣ ਗਈ ਹੈ। ਉਸ ਵਾਸਤੇ ਕੋਈ ਨਵੀਂ ਜ਼ਮੀਨ ਅਕਵਾਇਰ ਨਹੀਂ ਕੀਤੀ ਗਈ। ਜਿਹੜੀ ਪਹਿਲਾਂ ਆਲੇ-ਦੁਆਲੇ ਜਗ੍ਹਾ ਸੀ, ਜਿਥੇ ਦਰਖਤ ਲੱਗੇ ਹੋਏ ਸਨ, ਉਨ੍ਹਾਂ ਦਰਖਤਾਂ ਨੂੰ ਕੱਟ ਕੇ ਹੀ ਸੜਕ ਬਣਾ ਦਿੱਤੀ ਗਈ। ਭਾਵੇਂ ਕੋਈ ਵੀ ਸਰਕਾਰ ਹੋਵੇ, ਇਸ ਕੰਮ ਵਾਸਤੇ, ਨਵੇਂ ਦਰਖਤ ਲਗਾਉਣ ਲਈ ਕੋਈ ਜਗ੍ਹਾ ਅਕਵਾਇਰ ਨਹੀਂ ਕੀਤੀ ਜਾ ਰਹੀ। ਜੇਕਰ ਇਸੇ ਤਰ੍ਹਾਂ ਹੀ ਹੁੰਦਾ ਰਿਹਾ ਤਾਂ ਫੌਰੈਸਟ ਤਾਂ ਆਪਣੇ ਆਪ ਹੀ ਘਟ ਜਾਣਾ ਹੈ। ਆਬੋ-ਹਵਾ ਵੀ ਖਰਾਬ ਹੋਣੀ ਹੈ। ਇਥੇ ਗੱਲ ਆਈ ਸੀ ਕਿ ਪਿੱਪਲ ਤੇ ਬੋਹੜ ਖ਼ਤਮ ਹੋ ਰਹੇ ਹਨ। ਪਿੱਪਲਾਂ ਅਤੇ ਬੋਹੜਾਂ ਨੂੰ ਤਾਂ ਬਾਬੇ ਹੀ ਵੱਢੀ ਜਾ ਰਹੇ ਹਨ। ਜਿਥੇ ਪਿੰਡ ਵਿਚ ਪੁਰਾਣਾ ਪਿੱਪਲ ਜਾਂ ਬੋਹੜ ਹੁੰਦਾ ਹੈ, ਉਥੇ ਲੜਾਈ ਹੋ ਜਾਂਦੀ ਹੈ ਕਿ ਇਹ ਸਾਡਾ ਹੈ। ਅਖੀਰ ਨੂੰ ਕਹਿ ਦਿੱਤਾ ਜਾਂਦਾ ਹੈ ਕਿ ਇਸ ਨੂੰ ਗੁਰਦੁਆਰੇ ਚਾੜ੍ਹ ਦਿਉ। ਫਿਰ ਗੁਰਦੁਆਰੇ ਵਾਲੇ ਬਾਬੇ ਆਣ ਕੇ ਇਸ ਨੂੰ ਵੱਢ ਕੇ ਲੈ ਜਾਂਦੇ ਹਨ। ਇਸ ਕਾਰਨ ਹੀ ਸਾਰੇ ਪੰਜਾਬ ਵਿਚ ਪਿੱਪਲ ਤੇ ਬੋਹੜ ਖ਼ਤਮ ਹੋ ਗਏ ਹਨ। ਅਖੀਰ ਨੂੰ ਇਸ ਬਾਰੇ ਬਿੱਲ ਪਾਸ ਕਰਨਾ ਪਿਆ ਕਿ ਜਿਹੜਾ ਵੀ ਹੁਣ ਕੋਈ ਪਿੱਪਲ ਜਾਂ ਬੋਹੜ ਵੱਢੇਗਾ ਉਸ ਨੂੰ ਦੋ ਸਾਲ ਦੀ ਸਜ਼ਾ ਹੋਵੇਗੀ। ਗੌਰਮਿੰਟ ਆਫ਼ ਇੰਡੀਆ ਅਤੇ ਪੰਜਾਬ ਸਰਕਾਰ ਨੇ ਇਸ ਤਰ੍ਹਾਂ ਦਾ ਬਿੱਲ ਪਾਸ ਕਰਕੇ ਪਿੱਪਲ ਤੇ ਬੋਹੜ ਨੂੰ ਪ੍ਰੋਟੈਕਸ਼ਨ ਦਿੱਤੀ ਹੈ। ਪਿੰਡਾਂ ਵਿਚ ਲੋਕ ਆਖ ਦਿੰਦੇ ਹਨ ਕਿ ਇਸ ਨੂੰ ਗੁਰਦੁਆਰੇ ਨੂੰ ਚਾੜ੍ਹ ਦਿਉ। ਗੁਰਦੁਆਰਿਆਂ ਵਿਚ ਗੈਸ ਵਾਲੇ ਚੁੱਲੇ ਲਗਾਉ। ਇਸੇ ਤਰ੍ਹਾਂ ਸੜਕਾਂ ਦੇ ਦੁਆਲੇ ਲੱਗੇ ਹੋਏ ਦਰੱਖਤਾਂ ਨੂੰ ਪ੍ਰੋਟੈਕਸ਼ਨ ਦੇਣ ਦੀ ਲੋੜ ਹੈ ਤਾਂ ਜੋ ਸਾਡੀ ਆਬੋ-ਹਵਾ ਠੀਕ ਰਹਿ ਸਕੇ। ਇਹ ਪਲਿਊਸ਼ਨ ਵਾਲਾ ਮਸਲਾ ਹੈ ਜਿਹੜਾ ਕਿ ਠੀਕ ਹੈ। ਮੈਂ ਜਥੇਦਾਰ ਤੋਤਾ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬੜਾ ਵਧੀਆ ਸਬਜੈਕਟ ਚੁਣਿਆ ਹੈ। ਇਹ ਸਮੇਂ ਦੀ ਮੰਗ ਹੈ। ਹਰ ਸ਼ਹਿਰ ਵਿਚ ਵਾਟਰ ਟਰੀਟਮੈਂਟ ਪਲਾਂਟ ਲੱਗਣੇ ਚਾਹੀਦੇ ਹਨ। ਇਥੇ ਇਕ ਗੱਲ ਆਈ ਸੀ ਕਿ ਪਲਿਊਸ਼ਨ ਬੋਰਡ ਵਾਲੇ ਪੈਸੇ ਇਕੱਠੇ ਕਰਦੇ ਹਨ ਤੇ ਉਨ੍ਹਾਂ ਨੂੰ ਹੀ ਇਹ ਪਲਾਂਟ ਲਗਾਉਣੇ ਚਾਹੀਦੇ ਹਨ। ਪਲਿਊਸ਼ਨ ਬੋਰਡ ਕੋਲ ਜਿਹੜੀ ਆਮਦਨ ਹੈ, ਉਹ ਜੁਰਮਾਨਿਆਂ ਤੋਂ ਹੀ ਹੁੰਦੀ ਹੈ। ਜੇਕਰ ਉਹੀ ਸਾਰਾ ਕੁਝ ਕਰੇਗਾ ਤਾਂ ਉਸ ਕੋਲ ਤਾਂ ਕੋਈ ਆਮਦਨ ਹੀ ਨਹੀਂ ਰਹਿ ਜਾਣੀ। ਪਲਿਊਸ਼ਨ ਬੋਰਡ ਆਪਣੇ ਵੱਲੋਂ 2-4 ਸ਼ਹਿਰਾਂ ਵਿਚ ਕੋਈ ਪਾਇਲਟ ਪ੍ਰੋਜੈਕਟ ਬਣਾ ਕੇ ਥੋੜ੍ਹਾ-ਬਹੁਤ ਕੰਮ ਕਰ ਸਕਦਾ ਹੈ। ਪਰ ਸਾਰੇ ਪੰਜਾਬ ਵਿਚ ਨਹੀਂ ਲਗਾ ਸਕਦਾ। ਇਸ ਵਿਚ ਸਮੂਹ ਲੋਕਾਂ ਦੀ ਇਨਵਾਲਵਮੈਂਟ ਹੋਣੀ ਚਾਹੀਦੀ ਹੈ ਜਿਹੜੀ ਕਿ ਸਮੇਂ ਦੀ ਲੋੜ ਹੈ। ਅੱਜ ਜਦੋਂ ਐਨ.ਆਰ.ਆਈ. ਆਉਂਦੇ ਹਨ ਅਤੇ ਪਿੰਡ ਨੂੰ ਸਵਰਗ ਬਣਾ ਕੇ ਚਲੇ ਜਾਂਦੇ ਹਨ। ਉਨ੍ਹਾਂ ਦੀ ਵੀ ਇਸ ਪਾਸੇ ਸੋਚ ਨਹੀਂ ਕਿ ਵਾਟਰ ਟਰੀਟਮੈਂਟ ਪਲਾਂਟ ਵੀ ਲਗਾਇਆ ਜਾਵੇ। ਅਸੀਂ ਵਾਟਰ ਵਰਕਸ ਤਾਂ ਲਗਾ ਦਿੱਤੇ ਹਨ ਪਰ ਅੱਗੇ ਨੂੰ ਸੀਵਰੇਜ ਦਾ ਕੰਮ ਆਉਣਾ ਹੈ ਉਸ ਵੇਲੇ ਪਹਿਲੀ ਮੰਗ ਵਾਟਰ ਟਰੀਟਮੈਂਟ ਪਲਾਂਟ ਦੀ ਆਉਣੀ ਹੈ। ਜਦੋਂ ਅਸੀਂ ਆਪਣੀ ਪਲਾਨਿੰਗ ਕਰਦੇ ਹਾਂ ਤਾਂ ਸਾਨੂੰ ਵਾਟਰ ਟਰੀਟਮੈਂਟ ਪਲਾਂਟ ਨੂੰ ਮੱਦੇਨਜ਼ਰ ਰੱਖਣਾ ਚਾਹੀਦਾ ਹੈ ਅਤੇ ਹਰੇਕ ਪਿੰਡ ਅਤੇ ਸ਼ਹਿਰ

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਦਾ ਜਿਥੇ ਸੀਵਰੇਜ਼ ਪਾਸ ਕਰਨਾ ਚਾਹੀਦਾ ਹੈ ਉਥੇ ਇਸ ਤਜਵੀਜ਼ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਅੱਜ ਸਾਨੂੰ ਹਰ ਇਕ ਨੂੰ ਇਸ ਪਾਸੇ ਸੋਚਣਾ ਚਾਹੀਦਾ ਹੈ। ਜੇਕਰ ਕੋਈ ਮਿਊਂਸਿਪਲ ਕਮੇਟੀ ਜਾਂ ਸਰਕਾਰ ਇਸ ਵਾਸਤੇ ਟੈਕਸ ਲਗਾਵੇ ਤਾਂ ਸਾਨੂੰ ਇਸ ਗੱਲ ਦੀ ਸਪੋਰਟ ਕਰਨੀ ਚਾਹੀਦੀ ਹੈ ਨਾ ਕਿ ਹਾਹਾਕਾਰ ਮਚਾਉਣੀ ਚਾਹੀਦੀ ਹੈ ਕਿ ਗਰੀਬ ਲੋਕਾਂ ਨੂੰ ਮਾਰ ਦਿੱਤਾ, ਗਰੀਬ ਸਾਰੇ ਮਰ ਜਾਣਗੇ, ਉਹ ਇਹ ਪੈਸਾ ਕਿਥੋਂ ਦੇਣਗੇ। ਗਰੀਬ ਦੀ ਵੀ ਉਤਨੀ ਹੀ ਲੋੜ ਹੈ ਜਿਤਨੀ ਕਿ ਅਮੀਰ ਦੀ। ਮੈਂ ਇਸ ਰੈਜੋਲਿਊਸ਼ਨ ਦੀ ਪ੍ਰੋੜਤਾ ਕਰਦਾ ਹਾਂ। ਇਹ ਸਮੇਂ ਦੀ ਮੰਗ ਹੈ। ਇਹ ਬਹੁਤ ਵਧੀਆ ਰੈਜੋਲਿਊਸ਼ਨ ਹੈ। ਪੰਜਾਬ ਸਰਕਾਰ ਨੂੰ ਇਸ ਨੂੰ ਪਾਸ ਕਰਨਾ ਚਾਹੀਦਾ ਹੈ।

**ਸ਼੍ਰੀ ਅਸ਼ੋਕ ਕੁਮਾਰ ਸ਼ਰਮਾ (ਪਠਾਨਕੋਟ)** : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਜੱਥੇਦਾਰ ਤੋਤਾ ਸਿੰਘ ਜੀ ਨੇ ਰੈਜੋਲਿਊਸ਼ਨ ਲਿਆਂਦਾ ਹੈ, ਉਸਦੇ ਵਾਸਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਜਿਹੜੀ ਇਸ ਵੇਲੇ ਇਕ ਬਹੁਤ ਵੱਡੀ ਸਮੱਸਿਆ ਬਣ ਚੁੱਕੀ ਹੈ, ਉਹ ਪਲਿਊਸ਼ਨ ਦੀ ਹੈ। ਚਾਹੇ ਉਹ ਏਅਰ ਪਲਿਊਸ਼ਨ ਹੈ, ਵਾਟਰ ਪਲਿਊਸ਼ਨ ਹੈ ਜਾਂ ਨੁਆਇਸ ਪਲਿਊਸ਼ਨ ਹੈ। ਅੱਜ ਤਰਾਸਦੀ ਇਹ ਹੈ ਕਿ ਜਿੰਨ੍ਹੀ ਵੀ ਤਰ੍ਹਾਂ ਦੇ ਪਲਿਊਸ਼ਨ ਹਨ ਉਹ ਸਾਰੇ ਦੇ ਸਾਰੇ ਹੀ ਹਿੰਦੁਸਤਾਨ ਵਿੱਚ ਹਨ ਹੋਰ ਚਾਹੇ ਕਿਧਰੇ ਹੋਣ ਜਾਂ ਨਾ ਹੋਣ। ਇਸ ਦੇ ਬਾਵਜੂਦ ਵੀ ਸਰਕਾਰਾਂ ਦਾ ਧਿਆਨ ਇਨ੍ਹਾਂ ਵੱਲ ਬਹੁਤ ਘੱਟ ਰਿਹਾ ਹੈ। ਇਨ੍ਹਾਂ ਪਲਿਊਸ਼ਨ ਦੇ ਬਹੁਤ ਸਾਰੇ ਕਾਰਨ ਹਨ ਜਿਵੇਂ ਆਬਾਦੀ ਦਾ ਵੱਧਣਾ, ਦਰੱਖਤਾਂ ਦੇ ਕੱਟੇ ਜਾਣਾ ਅਤੇ ਗੰਦੇ, ਵੇਸਟ ਪਾਣੀ ਦਾ ਸੂਇਆਂ ਅਤੇ ਨਾਲਿਆਂ ਵਿੱਚ ਸੁੱਟੇ ਜਾਣਾ, ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਾਰਨ ਹਨ ਜਿਨ੍ਹਾਂ ਕਾਰਨ ਇਸ ਦੇਸ਼ ਦੇ ਅੰਦਰ ਅਤੇ ਖਾਸ ਕਰਕੇ ਪੰਜਾਬ ਦੇ ਅੰਦਰ ਪਲਿਊਸ਼ਨ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ। ਜੇ ਏਅਰ ਪਲਿਊਸ਼ਨ ਦੀ ਗੱਲ ਕਰੀਏ ਤਾਂ ਇਸ ਦੇ ਜਿਹੜੇ ਆਉਣ ਵਾਲੇ ਖਤਰੇ ਹਨ, ਉਨ੍ਹਾਂ ਤੋਂ ਸਾਰੀ ਦੁਨਿਆਂ ਚਿੰਤਤ ਹੈ ਅਤੇ ਇਸ ਤੇ ਚਰਚਾ ਕਰ ਰਹੀ ਹੈ ਕਿਉਂਕਿ ਜਿਹੜੀ ਓਜ਼ੋਨ ਲੇਅਰ ਹੈ, ਉਹ ਫੱਟ ਚੁੱਕੀ ਹੈ ਔਰ ਏਅਰ ਜੋਨ ਲੇਅਰ ਜਿੱਥੋਂ ਜਿੱਥੋਂ ਫਟਿਆ ਹੈ, ਸੂਰਜ ਦੀਆਂ ਜਦੋਂ ਸਿੱਧੀਆਂ ਕਿਰਨਾਂ ਉਥੋਂ ਧਰਤੀ ਤੇ ਪੈਣੀਆਂ ਹਨ, ਉਸਦੇ ਨਾਲ ਜਿਹੜੀਆਂ ਜਿਹੜੀਆਂ ਧਰਤੀ ਤੇ ਬਿਮਾਰੀਆਂ ਪੈਦਾ ਹੋਣੀਆਂ ਹਨ, ਉਨ੍ਹਾਂ ਬਾਰੇ ਸਾਰਾ ਵਿਸ਼ਵ ਚਰਚਾ ਕਰ ਰਿਹਾ ਹੈ ਅਤੇ ਚਿੰਤਤ ਹੈ ਅਤੇ ਇਸ ਦੇ ਲਈ ਯੂ.ਐਨ.ਓ. ਵੀ ਸਾਡੇ ਤੇ ਵਜ਼ਨ ਪਾ ਰਹੀ ਹੈ ਕਿਉਂਕਿ ਏਅਰ ਪਲਿਊਸ਼ਨ ਦੀ ਸਮੱਸਿਆ ਬਾਰੇ ਬੜੀ ਵੱਡੀ ਪੱਧਰ ਤੇ ਸੋਚਣ ਵਾਲੀ ਗੱਲ ਹੈ ਪਰ ਇਹ ਸਮੱਸਿਆ ਜਿਹੜੀ ਜੱਥੇਦਾਰ ਤੋਤਾ ਸਿੰਘ ਜੀ ਨੇ ਲਿਆਂਦੀ ਹੈ ਉਹ ਹੈ ਸ਼ਹਿਰੀ ਖੇਤਰ ਦੇ ਅੰਦਰ ਦਾ ਪਲਿਊਸ਼ਨ। ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿਉਂਕਿ ਮੇਰਾ ਇਲਾਕਾ ਵੀ ਪੰਜਾਬ ਦੇ ਸਾਰੇ ਗਿਣਵੇਂ ਸ਼ਹਿਰਾਂ ਵਿਚੋਂ ਇਕ ਸ਼ਹਿਰ ਹੈ, ਪਠਾਨਕੋਟ, ਜਿੱਥੇ ਇਹ ਸਮੱਸਿਆ ਬਹੁਤ ਜ਼ਿਆਦਾ ਹੈ ਕਿਉਂਕਿ ਇਹ ਸ਼ਹਿਰ ਵੀ ਰਾਵੀ ਦੇ ਕਿਨਾਰੇ ਤੇ ਹੈ ਅਤੇ ਇਸ ਦੇ ਨਾਲ ਵੀ ਇਕ ਦੋ ਟ੍ਰਿਬਿਊਟਰੀਜ਼ ਨਿਕਲਦੀਆਂ ਹਨ ਜੋ ਵਾਟਰ ਸਪਲਾਈ ਕਰਦੀਆਂ ਹਨ। ਇਸ ਲਈ ਇਹ ਮਤਾ ਮੇਰੇ ਲਈ ਹੋਰ ਵੀ ਅਹਿਮੀਅਤ ਰੱਖਦਾ ਹੈ। ਮੇਰਾ ਇਹ ਕਹਿਣਾ ਹੈ ਕਿ ਇਹ ਇਕ

ਕੀ ਕਹਾਵਤ ਹੈ ਕਿ ਦੇਰ ਆਏ ਦਰੁੱਸਤ ਆਏ ਜੱਥੇਦਾਰ ਤੋਤਾ ਸਿੰਘ ਜੀ ਨੇ ਅੱਜ ਇਹ ਮਸਲਾ ਇਸ ਸਦਨ ਵਿੱਚ ਲਿਆਂਦਾ ਹੈ ਅਤੇ ਇਸ ਤੇ ਬੜੀਆਂ ਅਹਿਮ ਵਿਚਾਰਾਂ ਵੀ ਹੋਈਆਂ ਹਨ। ਮੇਰੇ ਸ਼ਹਿਰ ਦੇ ਅੰਦਰ ਜਿਸ ਦੇ ਨਾਲ ਰਾਵੀ ਦਰਿਆ ਲਗਦਾ ਹੈ, ਉਸਦੇ ਅੰਦਰ ਇਕ ਚੱਕੀ ਟ੍ਰਿਬਿਊਟਰੀ ਹੈ ਜਿਹੜੀ ਸੈਂਕੜੇ ਸਾਲਾਂ ਤੋਂ ਪੂਰੇ ਪੰਜਾਬ ਨੂੰ ਰੇਤ ਅਤੇ ਬਜ਼ਰੀ ਸਪਲਾਈ ਕਰ ਰਹੀ ਹੈ। ਮੇਰਾ ਇਲਾਕਾ ਧਾਰ ਬਲਾਕ ਕਹਿਲਾਉਂਦਾ ਹੈ ਅਤੇ ਸਵੱਛ ਪਾਣੀ ਮੁਹੱਈਆ ਕਰਵਾਉਂਦਾ ਹੈ। ਗੰਦਾ ਪਾਣੀ ਅਤੇ ਸੀਵਰੇਜ਼ ਦਾ ਵੇਸਟ ਹੁਣ ਉਹ ਚੱਕੀ ਟ੍ਰਿਬਿਊਟਰੀ ਦੇ ਅੰਦਰ ਮਿਲ ਰਿਹਾ ਹੈ ਅਤੇ ਇਹੀ ਨਹੀਂ, ਨਾਲ ਲਗਦਾ ਰਾਵੀ ਦਰਿਆ ਜਿਹੜਾ ਕਿ ਬਿਲਕੁਲ ਸਵੱਛ ਪਾਣੀ ਲੈ ਕੇ ਹਿਮਾਚਲ ਪ੍ਰਦੇਸ਼ ਵਿੱਚੋਂ ਆ ਕੇ ਜਦੋਂ ਪੰਜਾਬ ਵਿੱਚ ਐਂਟਰ ਕਰਦਾ ਹੈ ਤਾਂ ਉਸਦੇ ਵਿੱਚੋਂ ਨਿਕਲਣ ਵਾਲੀਆਂ ਛੋਟੀਆਂ ਛੋਟੀਆਂ ਟ੍ਰਿਬਿਊਟਰੀਜ਼, ਨਹਿਰਾਂ ਜੋ ਉਸ ਵਿਚੋਂ ਨਿਕਲਦੀਆਂ ਹਨ ਅਤੇ ਰਾਵੀ ਦਰਿਆ ਸ਼ਹਿਰ ਦੇ ਬਿਲਕੁਲ ਨਾਲ ਜਾ ਰਿਹਾ ਹੈ। ਪਰ ਬੜੇ ਦੁੱਖ ਦਾ ਵਿਸ਼ਾ ਹੈ, ਵਰਲਡ ਬੈਂਕ ਦੀ ਸਕੀਮ ਦੇ ਤਹਿਤ, ਬਿਨਾਂ ਕੁਝ ਦੇਖੇ, ਬਿਨਾਂ ਕਿਸੇ ਪਲਾਨਿੰਗ ਦੇ ਪੰਜਾਬ ਦੇ ਅੰਦਰ ਸੀਵਰੇਜ਼ ਸਿਸਟਮ ਨੂੰ ਵਿਛਾ ਦਿਤਾ ਗਿਆ ਅਤੇ ਪਠਾਨਕੋਟ ਸ਼ਹਿਰ ਵਿਚ ਵੀ ਸੀਵਰੇਜ਼ ਵਿਛਾ ਦਿਤਾ ਗਿਆ। ਸੀਵਰੇਜ਼ ਤਾਂ ਵਿਛਾ ਦਿਤਾ ਪਰ ਉਸਦੀ ਡਿਸਪੋਜ਼ਲ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ ਅਤੇ ਆਹਿਸਤਾ ਆਹਿਸਤਾ ਉਹ ਵੇਸਟ ਹੁਣ ਇਨ੍ਹਾਂ ਟ੍ਰਿਬਿਊਟਰੀਜ਼ ਵਿੱਚ ਪਾਇਆ ਜਾ ਰਿਹਾ ਹੈ। ਇਹ ਸਿਰਫ਼ ਪਠਾਨਕੋਟ ਦੀ ਗੱਲ ਨਹੀਂ। ਮੈਂ ਸਮਝਦਾ ਹਾਂ ਕਿ ਪੂਰੇ ਪੰਜਾਬ ਦੇ ਅੰਦਰ ਹੀ ਹਾਲਾਤ ਇਸ ਤਰ੍ਹਾਂ ਦੇ ਹਨ ਅਤੇ ਜੇ ਇਸੇ ਤਰ੍ਹਾਂ ਦੇ ਹਾਲਾਤ ਜਾਰੀ ਰਹੇ ਤਾਂ ਯਕੀਨਨ ਆਉਣ ਵਾਲਾ ਭਵਿੱਖ ਖਤਰੇ ਵਾਲਾ ਹੈ।

ਲੇਕਿਨ ਸਵਾਲ ਉਠਦਾ ਹੈ ਕਿ ਇਸ ਦੀ ਚਿੰਤਾ ਕਰਨ ਦੇ ਨਾਲ ਨਾਲ ਇਸ ਦੇ ਕੀ ਉਪਰਾਲੇ ਕੀਤੇ ਜਾ ਰਹੇ ਹਨ? ਇਸ ਵਾਸਤੇ ਅੱਜ ਸਰਕਾਰੀ ਤੌਰ ਤੇ ਕੀ ਕੀਤਾ ਜਾ ਰਿਹਾ ਹੈ। ਐਨ.ਜੀ.ਓਜ਼ ਕੀ ਭੂਮਿਕਾ ਨਿਭਾ ਰਹੇ ਹਨ ਕੀ ਅਸੀਂ ਰੈਜ਼ੋਲਿਊਸ਼ਨ ਲਿਆ ਕੇ ਹੀ ਚਿੰਤਾ ਨੂੰ ਖਤਮ ਕਰ ਦੇਣਾ ਹੈ ਜਾਂ ਆਪਾਂ ਫਿਰ ਅਲੱਗ ਅਲੱਗ ਲੈਵਲ ਤੇ, ਅਲੱਗ-ਅਲੱਗ ਥਾਵਾਂ ਤੇ ਇਸ ਨੂੰ ਪਰਸਿਊ ਵੀ ਕਰਨਾ ਹੈ ਕੀ ਇਸ ਮਾਮਲੇ ਦਾ ਸਬੰਧ, ਇਸ ਚਿੰਤਾ ਦਾ ਸਬੰਧ ਸਿਰਫ ਸ਼ਹਿਰੀ ਖੇਤਰ ਨਾਲ ਹੈ? ਕੀ ਲੋਕਲ ਬਾਡੀਜ਼ ਮਹਿਕਮੇ ਨੇ ਇਸ ਚਿੰਤਾ ਨੂੰ ਜਾਰੀ ਰੱਖਣਾ ਹੈ ਜਾਂ ਫਿਰ ਰੇਜ਼ੋਲਿਊਸ਼ਨ ਪਾਸ ਕਰਕੇ ਆਪਣੀ ਜ਼ਿੰਮੇਵਾਰੀ ਪੂਰੀ ਕਰ ਦੇਣੀ ਹੈ? ਮੈਂ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਜੀ ਬਾਜਵਾ ਨਾਲ ਪੂਰੀ ਤਰ੍ਹਾਂ ਮੁਤਫਿਕ ਹਾਂ। ਉਹ ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਦੇ ਚੇਅਰਮੈਨ ਹਨ। ਉਨ੍ਹਾਂ ਨੇ ਕਿਹਾ ਸੀ ਕਿ ਸਿਰਫ ਇਸ ਦੀ ਚਿੰਤਾ ਨਹੀਂ ਕਿ ਸਾਡੇ ਹਾਲਾਤ ਕੀ ਹਨ ਬਲਕਿ ਕੀ ਲੋਕਲ ਬਾਡੀਜ਼ ਮਹਿਕਮੇ ਕੋਲ ਇੰਨੇ ਫੰਡਜ਼ ਹਨ ਕਿ ਪੰਜਾਬ ਵਿੱਚ ਜਿਹੜੀ ਇਹ ਸਮੱਸਿਆ ਉਗਰ ਰੂਪ ਧਾਰਨ ਕਰ ਚੁੱਕੀ ਹੈ, ਉਸ ਦਾ ਹੱਲ ਕਰਨ ਲਈ ਵਾਟਰ ਟਰੀਟਮੈਂਟ ਪਲਾਂਟ ਲਗਾਏ ਜਾ ਸਕਣ? ਕੀ ਅਸੀਂ ਫੰਡ ਮੁਹੱਈਆ ਕਰਵਾ ਸਕਦੇ ਹਾਂ? ਜੇ ਇਸ

[ਸ਼੍ਰੀ ਅਸ਼ੋਕ ਕੁਮਾਰ ਸ਼ਰਮਾ]

ਦੀ ਵਿਵਸਥਾ ਨਹੀਂ ਤਾਂ ਫਿਰ ਸੋਚਣਾ ਔਖਾ ਹੈ ਕਿ ਪੰਜਾਬ ਦਾ ਪਾਣੀ ਠੀਕ ਹੋ ਸਕੇਗਾ। ਕੀ ਅਸੀਂ ਪੰਜਾਬ ਨੂੰ ਸਿਰਫ ਚਾਰ-ਪੰਜ ਸ਼ਹਿਰਾਂ ਤੱਕ ਹੀ ਸੀਮਿਤ ਰੱਖਣਾ ਹੈ ? ਮੈਂ ਇਸ ਗੱਲ ਤੇ ਵਿਚਾਰ ਕਰਦਾ ਹਾਂ, ਕਈ ਵਾਰ ਬਜਟ ਵਿੱਚ ਵੀ ਪੜ੍ਹ ਲਓ ਜਾਂ ਮਾਨਨੀਯ ਗਵਰਨਰ ਸਾਹਿਬ ਜੀ ਦਾ ਐਡਰੈਸ ਦੇਖ ਲਓ ਜਾਂ ਕੋਈ ਹੋਰ ਰੈਜੋਲਿਊਸ਼ਨ ਦੇਖ ਲਓ ਤੇ ਇਨ੍ਹਾਂ ਸਾਰਿਆਂ ਵਿੱਚ ਜਦੋਂ ਵੀ ਚਰਚਾ ਕੀਤੀ ਜਾਂਦੀ ਹੈ ਤਾਂ ਪੰਜਾਬ ਦੇ ਸਿਰਫ ਚਾਰ-ਪੰਜ ਸ਼ਹਿਰਾਂ ਦੀ ਹੀ ਚਰਚਾ ਕੀਤੀ ਜਾਂਦੀ ਹੈ : ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਬਠਿੰਡਾ ਤੇ ਪਟਿਆਲਾ ਜਾਂ ਇੱਕ ਅੱਧਾ ਹੋਰ ਸ਼ਹਿਰ ਪਾ ਲਓ। ਇਨ੍ਹਾਂ ਸ਼ਹਿਰਾਂ ਦੀ ਚਿੰਤਾ ਕਰਕੇ ਸਮਝ ਲਿਆ ਜਾਂਦਾ ਹੈ ਕਿ ਇਹ ਪੰਜਾਬ ਦੀ ਚਿੰਤਾ ਹੈ ਜਾਂ ਜਿੱਥੇ ਮਿਊਂਸਿਪਲ ਕਾਰਪੋਰੇਸ਼ਨ ਹਨ, ਸਿਰਫ ਉਹ ਹੀ ਸ਼ਹਿਰ ਹਨ ਤੇ ਕਾਰਪੋਰੇਸ਼ਨ ਤੋਂ ਬਿਨਾਂ ਹੋਰ ਸ਼ਹਿਰ ਹੀ ਨਹੀਂ, ਪਿੰਡ ਹਨ। ਇਹ ਮੰਨ ਲਿਆ ਜਾਂਦਾ ਹੈ। ਜੇ ਮੈਂ ਅੱਜ ਇਸ ਮਸਲੇ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ ਤਾਂ ਮੈਂ ਇਹ ਵੀ ਕਹਾਂਗਾ ਕਿ ਪੰਜਾਬ ਦੇ ਹੋਰ ਸ਼ਹਿਰਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਚਾਹੇ ਕਿਸੇ ਵਜ੍ਹਾ ਕਰਕੇ ਉਥੇ ਕਾਰਪੋਰੇਸ਼ਨ ਨਹੀਂ ਬਣ ਸਕੀ ਔਰ ਉਨ੍ਹਾਂ ਸ਼ਹਿਰਾਂ ਵਿਚ ਵੀ ਇਹ ਸਮੱਸਿਆ ਉਨੀਂ ਭਾਰੀ ਤੇ ਖਤਰਨਾਕ ਹੈ ਜਿੰਨੀ ਇਨ੍ਹਾਂ ਮੇਨ ਸ਼ਹਿਰਾਂ ਵਿੱਚ ਹੈ। ਇਸ ਵੱਲ ਵੀ ਹਾਊਸ ਨੂੰ ਚਿੰਤਾ ਕਰਨੀ ਚਾਹੀਦੀ ਹੈ ਲੇਕਿਨ ਜਦੋਂ ਵੀ ਚਰਚਾ ਕੀਤੀ ਜਾਂਦੀ ਹੈ ਤਾਂ ਸਿਰਫ ਕੁਝ ਸ਼ਹਿਰਾਂ ਦੇ ਨਾਂ ਜਾਂ ਜਿੱਥੇ ਕਾਰਪੋਰੇਸ਼ਨਾਂ ਹਨ, ਉਨ੍ਹਾਂ ਦਾ ਜ਼ਿਕਰ ਕਰਕੇ ਛੁਟਕਾਰਾ ਪਾ ਲਿਆ ਜਾਂਦਾ ਹੈ। ਅਗਰ ਵਰਲਡ ਬੈਂਕ ਦੀ ਕਿਸੇ ਸਕੀਮ ਨੂੰ ਲਾਗੂ ਕਰਵਾਉਣ ਦਾ ਉਪਰਾਲਾ ਕਰਨਾ ਹੁੰਦਾ ਹੈ ਤਾਂ ਸਿਰਫ ਇਨ੍ਹਾਂ ਚਾਰ-ਪੰਜ ਸ਼ਹਿਰਾਂ ਵਿਚ ਹੀ ਉਪਰਾਲਾ ਕੀਤਾ ਜਾਂਦਾ ਹੈ। ਮੈਂ ਜੱਥੇਦਾਰ ਤੋਤਾ ਸਿੰਘ ਜੀ ਦਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਇੱਕ ਸ਼ੁਰੂਆਤ ਕੀਤੀ ਹੈ ਔਰ ਇਸ ਸ਼ੁਰੂਆਤ ਦੇ ਤਹਿਤ ਸਾਰੇ ਪੰਜਾਬ ਦੇ ਸ਼ਹਿਰਾਂ ਦੀ ਗੱਲ ਕੀਤੀ ਹੈ, ਤੁਸੀਂ ਉਨ੍ਹਾਂ ਸ਼ਹਿਰਾਂ ਦੀ ਗੱਲ ਕੀਤੀ ਹੈ ਜਿੱਥੇ ਗੰਦੇ ਪਾਣੀ ਦੀ ਨਿਕਾਸੀ ਨਾਲ ਨੁਕਸਾਨ ਹੋਣ ਜਾ ਰਿਹਾ ਹੈ। ਪਰ ਮੈਂ ਫਿਰ ਕਹਾਂਗਾ ਕਿ ਸਰਕਾਰ ਕੋਲ ਸ਼ਾਇਦ ਇੰਨੇ ਫਾਇਨਾਂਸ ਨਾ ਹੋਣ ਕਿ ਪੰਜਾਬ ਦੇ ਸੌ ਤੋਂ ਵੱਧ ਸ਼ਹਿਰਾਂ ਵਿੱਚ ਟਰੀਟਮੈਂਟ ਪਲਾਂਟ ਲਗਾਇਆ ਜਾ ਸਕੇ। ਮੈਂ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਜੀ ਬਾਜਵਾ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਮਿਊਂਸਿਪਲ ਕਮੇਟੀਆਂ ਨੂੰ ਆਪਣੇ ਤੌਰ ਤੇ ਟਰੀਟਮੈਂਟ ਪਲਾਂਟ ਲਗਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਲੋਕਲ ਬਾਡੀਜ਼ ਮਹਿਕਮਾ ਇਸ ਕੰਮ ਲਈ ਮਿਊਂਸਿਪਲ ਕਮੇਟੀਆਂ ਨੂੰ ਪ੍ਰੇਰਿਤ ਕਰੇ ਜਾਂ ਫਿਰ ਉਨ੍ਹਾਂ ਨੂੰ ਇੰਸੈਂਟਿਵ ਦੇਵੇ ਜਾਂ ਲੋਨਿੰਗ ਕੀਤੀ ਜਾਵੇ ਤਾਂ ਕਿ ਉਹ ਬੈਂਕਾਂ ਤੋਂ ਕਰਜ਼ੇ ਲੈ ਸਕਣ ਅਤੇ ਫਿਰ ਆਹਿਸਤਾ ਆਹਿਸਤਾ ਟੈਕਸ ਲਗਾ ਕੇ ਉਹ ਰੁਪਿਆ ਉਤਾਰ ਸਕਣ, ਪਰ ਪਹਿਲ ਵਾਟਰ ਟਰੀਟਮੈਂਟ ਪਲਾਂਟ ਨੂੰ ਹੋਵੇ। ਲੋਕਲ ਬਾਡੀਜ਼ ਡਿਪਾਰਟਮੈਂਟ ਵੱਲੋਂ ਇਸ ਬਾਰੇ ਡਾਇਰੈਕਸ਼ਨਾਂ ਜਾਰੀ ਹੋਣ। ਮੈਂ ਬਾਜਵਾ ਸਾਹਿਬ ਦੀ ਇਸ ਗੱਲ ਨਾਲ ਡਿਸ-ਐਗਰੀ ਕਰਦਾ ਹਾਂ ਕਿ ਪ੍ਰਾਸੀਕਿਊਸ਼ਨ ਕੋਈ ਹੱਲ ਨਹੀਂ। ਮੈਂ ਕਹਿੰਦਾ ਹਾਂ ਕਿ ਪ੍ਰਾਸੀਕਿਊਸ਼ਨ ਵੀ ਇੱਕ ਹੱਲ ਹੈ। ਅਗਰ ਕੋਈ ਡਰ-ਭੈਅ ਹੀ ਨਹੀਂ ਹੋਵੇਗਾ ਤੇ ਫਿਰ ਚਾਹੇ ਮਿਊਂ ਸਿਪਲ ਕਮੇਟੀਆਂ ਹੋਣ ਜਾਂ ਫਿਰ ਹੋਰ ਅਦਾਰੇ ਹੋਣ, ਉਨ੍ਹਾਂ ਨੇ ਕਿਸੇ ਸੁਧਾਰ ਦੀ ਗੱਲ ਨਹੀਂ ਕਰਨੀ। ਉਨ੍ਹਾਂ ਨੇ ਇਸ ਪਾਸੇ ਵੱਲ ਗੱਲ ਹੀ ਨਹੀਂ ਕਰਨੀ। ਮੈਂ ਇਸ ਗੱਲ ਦੀ ਇੱਕ ਨਹੀਂ ਕਈ ਉਦਾਹਰਣਾਂ ਪੇਸ਼ ਕਰ ਸਕਦਾ ਹਾਂ। ਜਦੋਂ ਕਿਸੇ ਸ਼ਹਿਰ ਵਿੱਚ ਕੋਈ ਬਿਮਾਰੀ ਫੈਲੀ, ਜਿਹੜੀ ਕਿ ਪਲਿਊਸ਼ਨ ਦੀ ਵਜ੍ਹਾ ਨਾਲ ਸੀ, ਜਿਸ ਤਰ੍ਹਾਂ ਮੇਰੇ

ਸ਼ਹਿਰ ਵਿੱਚ ਪਿਛਲੇ ਕੁਝ ਦਿਨ ਪਹਿਲਾਂ ਪੀਲੀਆ ਫੈਲਿਆ। ਫਿਰ ਸ਼ਹਿਰ ਜਿਹੜਾ ਹੈ, ਉਹ ਜਾਗ ਗਿਆ। ਫੌਰਨ ਵਾਰ ਲੈਵਲ ਤੇ ਇੰਤਜ਼ਾਮ ਕੀਤੇ ਗਏ ਔਰ ਉਸੇ ਵੇਲੇ ਸ਼ਹਿਰ ਦੀਆਂ ਵਾਟਰ ਪਾਈਪਸ ਜਿਹੜੀਆਂ ਹਨ, ਜਿਹੜੀਆਂ ਕਿ ਕਿਸੇ ਵੇਲੇ ਹੈਫਹੈਜ਼ਰਡਲੀ ਸੀਵਰੇਜ਼ ਸਿਸਟਮ ਵਿਚੋਂ ਗੁਜ਼ਾਰ ਦਿੱਤੀਆਂ ਗਈਆਂ ਸਨ, ਉਹ ਵਾਟਰ ਸਪਲਾਈ ਦੀਆਂ ਪਾਈਪਸ ਸੀਵਰੇਜ਼ ਪਾਈਪਾਂ ਤੋਂ ਵੱਖਰੀਆਂ ਕਰ ਦਿੱਤੀਆਂ ਗਈਆਂ ਅਤੇ ਫਿਰ ਉਸ ਨਾਲ ਫੌਰਨ ਪੀਲੀਏ ਤੇ ਕਾਬੂ ਪਾ ਲਿਆ ਗਿਆ। ਅਗਰ ਕਾਬੂ ਨਾ ਪਾਇਆ ਜਾਂਦਾ ਤਾਂ ਸ਼ਹਿਰ ਵਿੱਚ ਬਦ-ਅਮਨੀ ਫੈਲਦੀ। ਕੁਝ ਮੌਤਾਂ ਹੁੰਦੀਆਂ ਅਤੇ ਹਾਲਾਤ ਹੋਰ ਵਿਗੜ ਜਾਣੇ ਸੀ। ਲੇਕਿਨ ਪ੍ਰਾਸੀਕਿਊਸ਼ਨ ਵੀ ਇੱਕ ਹੱਲ ਹੈ। ਮਿਊਂਸਿਪਲ ਕਮੇਟੀ ਤੇ ਇਸ ਗੱਲ ਦਾ ਦਬਾਅ ਹੋਵੇ, ਉਨ੍ਹਾਂ ਨੂੰ ਪਤਾ ਹੋਵੇ ਕਿ ਸਾਡੀ ਆਨਸਰੇਬਿਲਟੀ ਹੈ ਤਾਂ ਫਿਰ ਉਹ ਜ਼ਰੂਰ ਇਸ ਬਾਰੇ ਫੰਡਜ਼ ਮੁਹੱਈਆ ਕਰਨਗੀਆਂ। ਕੁਝ ਲੋਨਿੰਗ ਵਾਲੇ ਪਾਸੇ ਪੈਣਗੀਆਂ ਜਾਂ ਕੁਝ ਹੋਰ ਕੀਤਾ ਜਾਵੇਗਾ। ਅਗਰ ਪ੍ਰਾਸੀਕਿਊਸ਼ਨ ਨਹੀਂ ਕਰਨਾ ਤਾਂ ਉਨ੍ਹਾਂ ਦੀ ਸਿਹਤ ਤੇ ਲੰਬਾ ਚੌੜਾ ਅਸਰ ਨਹੀਂ ਹੈ। ਪਲਿਊਸ਼ਨ ਬੋਰਡ ਦਾ ਮਤਲਬ ਇਹ ਨਹੀਂ ਕਿ ਉਹ ਸਿਰਫ ਇੰਸਪੈਕਸ਼ਨ ਕਰੇ। ਪਲਿਊਸ਼ਨ ਬੋਰਡ ਦਾ ਮਤਲਬ ਹੈ ਕਿ ਉਸੇ ਵੇਲੇ ਬਕਾਇਦਾ ਤੌਰ ਤੇ ਸਟਰਿੰਜੈਂਟ ਮਈਯਰ ਲੈ ਕੇ ਪਲਿਊਸ਼ਨ ਨੂੰ ਰੋਕਣਾ ਹੈ। ਖਾਸ ਤੌਰ ਤੇ ਉਨ੍ਹਾਂ ਸ਼ਹਿਰਾਂ ਦੇ ਅੰਦਰ, ਜਿਨ੍ਹਾਂ ਨੂੰ ਡਿਵੈਲਪਡ ਸਿਟੀ ਕਹਿਣ ਲੱਗ ਪਏ ਹਾਂ। ਮੇਰਾ ਸ਼ਹਿਰ ਵੱਡੇ ਸ਼ਹਿਰਾਂ ਵਿਚੋਂ ਇੱਕ ਸ਼ਹਿਰ ਹੈ। ਉਹ ਕਾਰਪੋਰੇਸ਼ਨ ਦੇ ਲਾਗੇ ਪਹੁੰਚਣ ਵਾਲਾ ਹੈ। ਉਥੇ ਵੀ ਹਰ ਸਹੂਲਤ ਮੁਹੱਈਆ ਹੋਣੀ ਚਾਹੀਦੀ ਹੈ। ਉਹ ਬੜਾ ਵੱਡਾ ਟਰਮੀਨਲ ਹੈ। ਉਹ gate way of cities ਹੈ। ਉਹ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦਾ ਦਰਵਾਜਾ ਹੈ। ਉਥੇ ਹਵਾਈ ਅੱਡਾ ਅਤੇ ਹੋਰ ਹਰ ਚੀਜ਼ ਮੁਹੱਈਆ ਹੋਣੀ ਚਾਹੀਦੀ ਹੈ। ਕੁਝ ਕਮੇਟੀਆਂ ਇਹ ਸਮਝਦੀਆਂ ਹਨ ਕਿ ਆਪਾਂ ਇਥੇ ਵਾਟਰ ਟਰੀਟਮੈਂਟ ਪਲਾਂਟ ਨਹੀਂ ਲਗਾਉਣਾ ਜਾਂ ਇਸ ਵਾਸਤੇ ਸਰਕਾਰ ਕੋਲ ਪਰਸਿਊ ਨਹੀਂ ਕਰਨਾ, ਇਸ ਵਾਸਤੇ ਉਪਰਾਲੇ ਨਹੀਂ ਕਰਨੇ ਔਰ ਫਿਰ ਪਲਿਊਸ਼ਨ ਬੋਰਡ ਦਾ ਇਹ ਕਹਿਣਾ ਕਿ ਪ੍ਰਾਸੀਕਿਊਸ਼ਨ ਨਹੀਂ ਹੋਣੀ ਚਾਹੀਦੀ, ਮੈਂ ਇਸ ਗੱਲ ਤੇ ਹਾਮੀ ਨਹੀਂ ਭਰਦਾ। ਇਹ ਠੀਕ ਹੈ ਕਿ ਉਸ ਕਮੇਟੀ ਨੂੰ, ਮਿਊਂਸਿਪਲ ਕੌਂਸਲ ਚਾਹੇ ਬਠਿੰਡਾ ਦੀ ਹੋਵੇ, ਚਾਹੇ ਗੁਰਦਾਸਪੁਰ ਦੀ ਹੋਵੇ, ਚਾਹੇ ਬਟਾਲਾ ਦੀ ਹੋਵੇ, ਉਸ ਨੂੰ ਇਹ ਕਿਹਾ ਜਾਵੇ ਕਿ ਇਸ ਵਾਸਤੇ ਉਪਰਾਲੇ ਸ਼ੁਰੂ ਕਰਨ। ਕਮੇਟੀ ਜੋ ਹੈ, ਉਹ ਪਲਿਊਸ਼ਨ ਬੋਰਡ ਕੋਲੋਂ ਸਮਾਂ ਮੰਗੇ ਕਿ ਇੰਨੇ ਸਮੇਂ ਦੇ ਵਿੱਚ ਅਸੀਂ ਵਾਟਰ ਟਰੀਟਮੈਂਟ ਪਲਾਂਟ ਲਾਉਣ ਦੇ ਵਿੱਚ ਕਾਮਯਾਬ ਹੋਵਾਂਗੇ। ਜਿਹੜੀਆਂ ਮਿਊਂਸਿਪਲ ਕੌਂਸਲਜ਼ ਹਨ, ਉਹ ਉਪਰਾਲੇ ਕਰਨ ਅਤੇ ਸਰਕਾਰ ਆਪਣੇ ਤੌਰ ਤੇ ਵੀ ਕੁਝ ਇਨਸੈਂਟਿਵ ਦੇਣ ਦੀ ਗੱਲ ਕਰੇ ਕਿਉਂਕਿ ਵਾਟਰ ਟਰੀਟਮੈਂਟ ਪਲਾਂਟ ਸ਼ਹਿਰਾਂ ਦੇ ਅੰਦਰ ਅੱਜ ਸਾਰਿਆਂ ਦੀ ਵੱਡੀ ਜ਼ਰੂਰਤ ਬਣ ਚੁੱਕੇ ਹਨ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਸਿਰਫ਼ ਇਹੋ ਹੀ ਨਹੀਂ ਬਲਕਿ ਸ਼ਹਿਰਾਂ ਦੇ ਅੰਦਰ ਔਰ ਖਾਸ ਤੌਰ ਤੇ ਆਪਣੇ ਸ਼ਹਿਰ ਦੇ ਰੈਫਰੈਂਸ ਨਾਲ ਇਸ ਗੱਲ ਨੂੰ ਕਰਦਾ ਹੋਇਆ ਮੈਂ ਕਹਾਂਗਾ ਕਿ ਉਹ ਨਾਲੇ ਜਿਹੜੇ ਸ਼ਹਿਰਾਂ ਦੇ ਅੰਦਰ ਗੁਜ਼ਰ ਰਹੇ ਹਨ, ਕਿਤੇ ਉਨ੍ਹਾਂ ਤੇ ਇਨਕਰੋਚਮੈਂਟਸ ਹੋ

[ਸ੍ਰੀ ਅਸ਼ੋਕ ਕੁਮਾਰ ਸ਼ਰਮਾ]

ਰਹੀਆਂ ਹਨ, ਕਿਤੇ ਉਨ੍ਹਾਂ ਨੂੰ ਬਕਾਇਦਾ ਤੌਰ ਤੇ ਢੱਕ ਦਿੱਤਾ ਜਾ ਰਿਹਾ ਹੈ, ਕਿਤੇ ਇਹ ਕੱਚੇ ਹਨ। ਕੱਚੇ ਹੋਣ ਦੀ ਵਜ੍ਹਾ ਨਾਲ ਜਿਹੜਾ ਪਾਣੀ ਉਥੋਂ ਗੁਜ਼ਰਦਾ ਹੈ, ਉਸ ਨਾਲ ਗਰਾਊਂਡ ਵਾਟਰ ਖਰਾਬ ਹੋ ਰਿਹਾ ਹੈ। ਅੱਜ ਸਿਰਫ ਟਰੀਟਮੈਂਟ ਪਲਾਂਟ ਹੀ ਨਹੀਂ ਬਲਕਿ ਉਨ੍ਹਾਂ ਸਾਰਿਆਂ ਨਾਲਿਆਂ ਨੂੰ ਜਿਹੜੇ ਕੱਚੇ ਹਨ, ਉਨ੍ਹਾਂ ਨੂੰ ਪੱਕਿਆਂ ਕਰਨ ਦੀ ਜ਼ਰੂਰਤ ਹੈ। ਜਰੂਰਤ ਹੈ ਕਿ ਮਹਿਕਮਾ ਲੋਕਲ ਬਾਡੀਜ਼ ਮਿਊਂਸਿਪਲ ਕੌਂਸਲਾਂ ਨੂੰ ਡਾਇਰੈਕਸ਼ਨ ਦੇਵੇ, ਕੁਝ ਪ੍ਰਾਇਰਟੀਜ਼ ਦੇਵੇ ਅਤੇ ਉਹ ਮਿਊਂਸਿਪਲ ਕੌਂਸਲਾਂ ਆਪਣੇ ਲੈਵਲ ਤੇ ਕੰਮ ਕਰਨ। ਉਨ੍ਹਾਂ ਲਈ ਪ੍ਰਾਇਰਟੀਜ਼ ਫਿਕਸ ਕੀਤੀਆਂ ਜਾਣ ਕਿ ਸ਼ਹਿਰਾਂ ਦੇ ਸਾਰੇ ਨਾਲਿਆਂ ਨੂੰ ਪੱਕਾ ਕੀਤਾ ਜਾਵੇ। ਉਨ੍ਹਾਂ ਦਾ ਗੰਦ ਸਾਫ ਕੀਤਾ ਜਾਵੇ। ਉਸ ਤੋਂ ਬਾਅਦ ਵਾਟਰ ਟਰੀਟਮੈਂਟ ਪਲਾਂਟ ਵੱਲ ਵਧਿਆ ਜਾਵੇ। ਉਸ ਤੋਂ ਬਾਅਦ ਜਿਹੜੀ ਗਲਤੀ ਹੋ ਗਈ ਕਿ ਵਰਲਡ ਬੈਂਕ ਦੇ ਆਏ ਪੈਸੇ ਨਾਲ ਫਟਾਫਟ ਸੀਵਰੇਜ਼ ਵਿਛਾਉਣ ਦਾ ਕੰਮ ਕੀਤਾ ਗਿਆ, ਉਸ ਵਿਚੋਂ ਵਾਟਰ ਸਪਲਾਈ ਦੀਆਂ ਪਾਈਪਾਂ ਵੱਖਰੀਆਂ ਕੀਤੀਆਂ ਜਾਣ। ਇਸ ਤਰ੍ਹਾਂ ਦੀਆਂ ਪ੍ਰਾਇਰਟੀਜ਼ ਫਿਕਸ ਨਹੀਂ ਹੋਣਗੀਆਂ ਤਾਂ ਯਕੀਨਨ ਪੰਜਾਬ ਦੇ ਸ਼ਹਿਰ ਉਹ ਸੰਤਾਪ ਭੋਗਣਗੇ, ਉਹ ਹਾਲਤ ਵੇਖਣਗੇ ਜਿਹੜੇ ਰੱਬ ਕਿਸੇ ਨੂੰ ਦਿਖਾਏ ਨਾ। ਉਸ ਹਾਲਤ ਉਤੇ ਫੌਰੀ ਤੌਰ ਤੇ ਸਰਕਾਰ ਦੇ ਕੰਮ ਕਰਨ ਦੇ ਤਰੀਕੇ ਸਾਰੇ ਮੈਨੂੰ ਪਤਾ ਹੈ ਕਿ ਕਿਸ ਤਰ੍ਹਾਂ ਫਿਰ ਵਾਰ ਲੈਵਲ ਦੇ ਉਤੇ ਕੰਮ ਹੁੰਦਾ ਹੈ ਪਰ ਉਦੋਂ ਤੱਕ ਬਹੁਤ ਸਾਰੀਆਂ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ ਅਤੇ ਇਹ ਸਿਲਸਿਲਾ ਆਉਣ ਵਾਲੀਆਂ ਨਸਲਾਂ ਦੀ ਸਿਹਤ ਉਤੇ ਵੀ ਮਾੜਾ ਅਸਰ ਕਰ ਜਾਂਦੀਆਂ ਹਨ, ਨੁਕਸਾਨ ਪਹੁੰਚਾਉਂਦੀਆਂ ਹਨ ਜਿਹੜਾ ਕਿ ਕਦੇ ਵੀ ਨਾ ਪੂਰਾ ਹੋਣ ਵਾਲਾ ਹੁੰਦਾ ਹੈ। ਮੈਂ, ਯਕੀਨਨ ਹੀ ਜਥੇਦਾਰ ਸਾਹਿਬ ਜੀ ਦਾ ਸ਼ੁਕਰਗੁਜ਼ਾਰ ਹਾਂ ਜਿੰਨ੍ਹਾਂ ਨੇ ਇਸ ਮਸਲੇ ਦੇ ਉਤੇ ਸਾਰੇ ਸਦਨ ਦੇ ਵਿੱਚ ਇਹ ਬਹਿਸ ਕਰਵਾਈ ਹੈ। ਲੇਕਿਨ ਇਹ ਜੋ ਬਹਿਸ ਹੋਈ ਹੈ, ਇਹ ਕੇਵਲ ਬਹਿਸ ਹੀ ਬਣ ਕੇ ਨਾ ਰਹਿ ਜਾਵੇ, ਇਸ ਦੇ ਕੁਝ ਸਿੱਟੇ ਨਿਕਲਣ। ਇਸ ਲਈ ਮੈਂ, ਸਰਕਾਰ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਰੈਜੋਲਿਊਸ਼ਨ ਇਸ ਹਾਊਸ ਵਿੱਚ ਪੇਸ਼ ਕੀਤੇ ਜਾਂਦੇ ਹਨ ਚਾਹੇ ਉਹ ਵਾਟਰ ਟਰੀਟਮੈਂਟ ਪਲਾਂਟ ਦੇ ਬਾਰੇ ਹੋਵੇ ਜਾਂ ਫਿਰ ਨਸ਼ਿਆਂ ਸਬੰਧੀ ਹੋਵੇ ਜਾਂ ਕੋਈ ਹੋਰ ਹੋਣ ਔਰ ਜਦੋਂ ਉਨ੍ਹਾਂ ਦੇ ਉਤੇ ਚਰਚਾ ਹੁੰਦੀ ਹੈ ਤੇ ਚਰਚਾ ਹੋਣ ਤੋਂ ਬਾਅਦ ਇਹ ਜ਼ਰੂਰੀ ਹੈ ਕਿ ਇਸ ਤੋਂ ਬਾਅਦ ਕੋਈ ਇਸ ਤਰ੍ਹਾਂ ਦੀ ਕਮੇਟੀ ਜ਼ਰੂਰ ਬਣਾਈ ਜਾਵੇ, ਜਿਹੜੀ ਇਨ੍ਹਾਂ ਰੈਜੋਲਿਊਸ਼ਨਾਂ ਦੇ ਬਾਰੇ ਅੱਗੇ ਪਰਸਿਊ ਕਰੇ ਤਾਂ ਜੋ ਇਨ੍ਹਾਂ ਦੇ ਠੀਕ ਸਿੱਟੇ ਨਿਕਲ ਸਕਣ। ਇਸ ਦੇ ਲਈ ਹਾਊਸ ਦੀ ਕਮੇਟੀ ਜ਼ਰੂਰ ਬਣਾਉਣੀ ਚਾਹੀਦੀ ਹੈ ਜਿਹੜੀ ਬਾਅਦ ਦੇ ਵਿਚ ਇਸ ਨੂੰ ਮੋਨੀਟਰ ਕਰੇ। ਜਿਹੜਾ ਸਾਨੂੰ ਸਦਨ ਵਿੱਚ ਟਾਈਮ ਦਿੱਤਾ ਗਿਆ ਹੈ ਅਤੇ ਅਸੀਂ ਸਾਰੇ ਮੈਂਬਰ ਸਾਹਿਬਾਨ ਆਪਣੇ ਆਪਣੇ ਵਿਚਾਰ ਰੱਖਦੇ ਹਾਂ, ਜੇਕਰ ਇਹ ਸਿਰਫ਼ ਬਹਿਸ ਹੀ ਬਣ ਕੇ ਰਹਿ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਅਜਿਹੇ ਰੈਜੋਲਿਊਸ਼ਨਾਂ ਦਾ ਕੋਈ ਫਾਇਦਾ ਨਹੀਂ ਹੋਵੇਗਾ। ਸਗੋਂ ਮੈਂ ਸਮਝਦਾ ਹਾਂ ਕਿ ਸਦਨ ਦੇ ਵੱਡਮੁੱਲੇ ਸਮੇਂ ਦਾ ਨੁਕਸਾਨ ਹੋਵੇਗਾ। ਸੋ, ਜੋ ਕਮੇਟੀ ਬਣਾਈ ਜਾਵੇ ਹਰ ਰੈਜੋਲਿਊਸ਼ਨ ਉਸ ਦੇ ਸਾਹਮਣੇ ਪੇਸ਼ ਹੋਵੇ ਔਰ ਇਹ ਸਿਲਸਿਲਾ ਚਲਦਾ ਰਹੇ ਤਾਂ ਯਕੀਨਨ ਹੀ ਇਸ ਦੇ ਚੰਗੇ ਸਿੱਟੇ ਜ਼ਰੂਰ ਨਿਕਲਣਗੇ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਇੱਕ

ਵਾਰੀ ਫਿਰ ਸ਼ੁਕਰੀਆ ਅਦਾ ਕਰਦਾ ਹਾਂ ਔਰ ਸਰਦਾਰ ਤੋਤਾ ਸਿੰਘ ਹੋਰਾਂ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕਿ ਇੰਨਾ ਵੱਡਾ ਅਹਿਮ ਮਸਲਾ ਇਸ ਸਦਨ ਵਿੱਚ ਲਿਆਂਦਾ ਹੈ। ਮੈਂ ਫਿਰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਾਏ ਅਸੀਂ ਦੇ ਰਹੇ ਹਾਂ, ਇਹ ਸਿਰਫ਼ ਰਾਏ ਹੀ ਬਣ ਕੇ ਨਾ ਰਹਿ ਜਾਵੇ। ਇਨ੍ਹਾਂ ਦੇ ਵਾਸਤੇ ਕਮੇਟੀ ਗਠਿਤ ਕੀਤੀ ਜਾਣੀ ਚਾਹੀਦੀ ਹੈ ਅਤੇ ਉਹ ਇਨ੍ਹਾਂ ਨੂੰ ਮੋਨੀਟਰ ਕਰੇ ਇਸ ਦੇ ਬਾਰੇ ਵਿਚਾਰ ਕਰੇ, ਇਸ ਦੇ ਬਾਰੇ ਸੋਚੇ ਅਤੇ ਚਿੰਤਾ ਕਰੇ ਤਾਂ ਯਕੀਨਨ ਹੀ ਇਨ੍ਹਾਂ ਦੇ ਸਿੱਟੇ ਚੰਗੇ ਨਿਕਲਣਗੇ। ਬਹੁਤ ਬਹੁਤ ਧੰਨਵਾਦ।

**श्री महिंदर कुमार रिणवा ( फाजिलका ) :** डिप्टी स्पीकर साहिब, मैं आपका बहुत ही धन्यवादी हूँ कि आप ने एक बहुत ही अहम मसले पर बोलने का मुझे मौका दिया है। जथेदार तोता सिंह जी ने यह रैजोलुशन इस पवित्र सदन में रखा है। इसके लिए मैं उनको बधाई देनी चाहता हूँ कि उन्होंने बहुत ही रचनातमक सोच रखी है जिस की आज पंजाब में नहीं, देश में भी प्रार्थमिकताएं के आधार पर काम करने की जरुरत है। सीवरेज प्लांट के बारे में मैं कहना चाहता हूँ कि पंजाब में सिर्फ चार-पांच ट्रीटमैंट प्लांट चल रहे हैं जबकि पंजाब की आबादी और शहरों की संख्या जो है उस के मुताबिक ना-मात्र ही हैं। मुझे अपना एक निजी तर्जुबा भी है। मेरे शहर के अंदर सीवरेज पाया गया और उस सीवरेज को आगे एक डरेण में डाल दिया गया था। वह डरेन आगे पाकिस्तान के साथ जा कर मेरे इलाके की सीमा से अलग होता था और उस डरेन के पानी को रोक दिया गया था। इस का नतीजा यह निकला कि वह पानी सीपेज करके जो उसके आस पास के गांव थे, वहां के इलाके का पानी, हैंड पंपस का पानी खराब हो गया। यह बड़ी चिंता का विषय हुआ और मुझे सरकार की तरफ से यह आसवाशन दिया गया कि आप की समस्या का निर्वान किया जाएगा। हमारी सरकार सब से पहले प्रदूशन बोर्ड द्वारा इस को पास करके इस कार्य को शुरु करे। जैसे मेरे दूसरे साथी बोल रहे थे, प्रदूशन कंट्रोल बोर्ड के चेयरमैन बता रहे थे, शायद इतना पैसा प्रदूशन बोर्ड सारे पंजाब के शहरों में ट्रीटमैंट प्लांट लगाने के लिए नहीं खर्च सकता। हमें इस के लिए रिसोरसिस जैनरेट करने पड़ेगें। यह बात किसी को भूली नहीं है कि जो राजनीतिक पार्टीज़ हैं वो महज बोट बटोरने के लिए पापूलिस्ट चीजें ले कर आती है। पानी का मामला माफ, बिजली का माफ, हाऊस टैक्स माफ, सीवरेज के पैसे माफ कर दिए। इन सब चीजों को मुहैया करवाने के लिए सरकार के पास कहां से पैसा आएगा ? उस के बारे में जन प्रतिनिधियों को सोचने की आवश्यकता है। महज सिर्फ बोट बटोरने के लिए कि एक बार लोगों से वोट बटोर लिए और पांच साल हमारे हो गये। हम इस बात के लिए अकांउटेबल है कि जो लोगों से वायदे करते हैं, लोगों की अपेक्षा और आंकाक्षाओं पर पूरा उतरें। ये तभी हो सकता है जब मिल बैठ कर इस बारे में सोचें कि उन्हें ये चीजें कैसे मुहैया करवाएं। मियुन्स्पिल कमेटीज और नगर कौंसलज की आप से हालत छुपी हुई नहीं है। उन को अर्थ व्यवस्था कैसी है। अगर टैक्स को हटा दिया जाए तो वहां जो sweepers लगे हैं, employees

[ श्री महिंदर कुमार रिणवा ]

हैं उन को तनख्वाह नहीं दे सकते। हवा और आवाज का पालियुशन, सीवरेज का पालियुशन, पानी का पालियुशन है इस में हम सब को जिम्मेवारी बनती है कि लोगों को साफ पीने का पानी दिया जाए। It comes under basic amenities. कोई भी सरकार हो उस की जिम्वारी बनती है कि लोगों को साफ सवच्छ पीने का पानी मुहैया करवाया जाए। जिस में आने वाले समय के अंदर जहां भी सीवरेज की व्यवस्था की जानी है, मैं सरकार से अनुरोध करता हूँ, उस के साथ साथ सीवरेज ट्रीटमैंट प्लांट जरुर लगाया जाए, ये मैनडेटरी बनाया जाए तब तक गंदे पानी के निकास की व्यवस्था नहीं हो सकती है। पिछली बजट स्पीच में जो बजट अनुमान पेश किए जा रहे थे तो माननीय लोकल गर्वन्मैंट मनिस्टर सतलुज ऐक्शन प्लान के बारे में बता रहे थे कि भारत सरकार से फंड मुहैया होते हैं उस के लिए सीमा नहीं है। उस पैसे से महज चार शहरों में ये काम करने से बात नहीं बन पाएगी। मेरे साथी श्री अशोक शर्मा कह रहे थे कि जनसंख्या बढ़ रही है, जथेदार तोता सिंह जी के शहर का पंजाब में अहम स्थान है वहां जनसंख्या बहुत है। इस सब चीजों को ठीक करने के लिए सब से पहले पैसा मुहैया कहां से होगा, बारे में विचार करना है।

दूसरी बात यहां पर उठाई गई कि वातावरण जो प्रदूषण से प्रभावित हो गया है, जो पानी है, नहरें हैं, मैंने देखा है कि नहरों के अंदर शहरों का गंदा पानी डाला जा रहा है। क्या हालत हो गई है इस से महामारी आएगी कि नहीं आएगी। इन चीजों के लिए नियम बहुत सख्त है। बाजवा जी ने प्रासीकियुशन की बात की। कानूंन ऐसा है जिस के अंदर प्रोवीजनज रखी हुई है। लेकिन सबसे बड़ी वाधा कानूंन को लागू करने में आती है हमें अपने गिरीबान में झांकना चाहिये। हम लोग ही ऐसे कानून को लागू नहीं करने देते। क्योंकि कानूंन लागू होने से किसी की इंडसट्री बंद हो जायेगी, किसी का भट्ठा बंद हो जायेगा। क्योंकि चिमनी में से जो धुंआ निकलता है वो वातावरण को प्रदूशित करता है। चलान किस तरीके से कर सकते हैं। प्रेशर हार्न बजाने संबंधी तो मैट्रोपोलिटियन शहरों में तो विवस्था हो गई है। वहां चलान करने की विवस्था हो गई है। लेकिन कई जगह पर अब भी ऐसी हालत है कि अगर पुलिस चलान करती है तो लोग उसको चलान नहीं करने देते। हमें सभी साथियों को इस प्राबलम बारे संजीदगी से सोचना चाहिये। हमें इस को लागू करवाने के लिये सहयोग देना पड़ेगा। चाहे आने वाले समय में इस बात के लिये कोई प्रावधान करना पड़े तो जरुर करना चाहिये। अगर हम अपने पंजाब को आगे लिजाना चाहते हैं तो कुछ न कुछ करना पड़ेगा। यहां पर आपोजीशन के साथियों ने भी अपने विचार रखे हैं। हमें रचनात्मिक सोच अपनानी चाहिये। बेशक कोई अच्छी बात टरैज़री बैंचिज की तरफ से चाहे आपोजिशन पार्टी की तरफ से कही जा रही हो तो हमें अच्छी बात का विरोध नहीं करना चाहिये। अगर वह कोई अच्छा सुझाव लेकर आते हैं, तो उसको मान लेना चाहिये। जथेदार तोता सिंह जी जो आज रचनात्मिक रैजोलिउशन लेकर आये हैं, मैं उसकी प्रोड़ता करता हूँ और सैकण्ड करता हूँ। मैं बताना चाहता हूँ कि जैसे फाजिल्का के अंदर हुआ है क्योंकि वहां पर मैंने ही शुरु करवाया था, उस समय प्रदूषन डिपार्टमैंट मेरे पास था। आज सभी शहरों के अन्दर वैसा होना चाहिये। सभी शहरों में अच्छी विवस्था शुरु करने की जरुरत है। अमृतसर, जालंधर, बठिंडा, पटियाला और लुधियाना में काम शुरु होने वाला है क्योंकि हर जगह की अपनी अहमियत है। और कान्स्टीचियुशन के अन्दर सब को एक जैसे अधिकार मिले हुये हैं। हम लोगों को शुद्ध पानी पीने के लिए दें न कि नहरों का पानी जो कि गंदा हो चुका है, वह गंदा पानी दें। नहरें पीने के पानी का सोरस हैं। पीने के पानी को साफ करने के लिये बाटर ट्रीटमेंट प्लांट लगा कर साफ पानी लोगों को मुहैया करवाया जाये। इस के साथ ही धन्यवाद । जै हिन्द।

**ਕੈਪਟਨ ਬਲਬੀਰ ਸਿੰਘ ਬਾਠ (ਸ੍ਰੀ ਹਰਗੋਬਿੰਦਪੁਰ) : ਡਿਪਟੀ ਸਪੀਕਰ ਸਾਹਿਬ**

ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਖਾਲੀ ਹਾਊਸ ਦੇ ਵਿਚ ਜਿਸ ਬਹੁਤ ਹੀ ਅਹਿਮ ਮਤੇ ਦੀ ਗੱਲ ਹੋਣ ਲੱਗੀ ਹੈ, ਮੈਨੂੰ ਇੰਜ ਜਾਪਦਾ ਹੈ ਜਿਵੇਂ ਮੈਂ ਆਪਣੀ ਗੱਲ ਕਿਤੇ ਇਕੱਲਿਆਂ ਹੀ ਕਿਸੇ ਦਰਿਆ ਦੇ ਕੰਢੇ ਤੇ, ਕਿਸੇ ਨਾਲੇ ਦੇ ਕੰਢੇ ਤੇ ਖਲੋ ਕੇ ਆਪੇ ਹੀ ਕਰੀ ਜਾਂਦਾ ਹੋਵਾਂ। ਉਹ ਵੀ ਉਸ ਨਾਲੇ ਤੇ ਦਰਿਆ ਦੇ ਕੋਲ ਜਿਸ ਵਿਚ ਕਿ ਪਾਣੀ ਨਾ ਹੋਵੇ, ਸੁੱਕਾ ਹੋਵੇ ਜਾਂ ਫਿਰ ਗੰਦਾ ਪਾਣੀ ਚਲ ਰਿਹਾ ਹੋਵੇ। ਜਿਵੇਂ ਕਿ ਸਾਡੇ ਸਤਲੁਜ ਦਰਿਆ ਵਿਚ ਚਲ ਰਿਹਾ ਹੈ। ਪਰ ਫਿਰ ਵੀ ਜੋ ਮਤਾ ਇੱਥੇ ਲਿਆਂਦਾ ਗਿਆ ਹੈ, ਅੱਜ ਸਾਡੇ ਸਾਰਿਆਂ ਦੇ ਮਨਾਂ ਵਿਚ ਤਾਂਘ ਹੈ ਕਿ ਅਸੀਂ ਅੱਜ ਫਿਰ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ, ਜਿੱਥੇ ਕਦੇ ਸਵੱਛ ਪਾਣੀ ਵਗਦਾ ਸੀ, ਅੱਜ ਵੀ ਲੋਕਾਂ ਨੂੰ ਉਨੰਾਂ ਹੀ ਸਵੱਛ ਪਾਣੀ ਮਿਲੇ। ਸ਼ਾਇਦ ਇਸੇ ਤਾਂਘ ਨੂੰ ਹੀ ਸਮਝਦਿਆ ਹੋਇਆਂ ਜਥੇਦਾਰ ਤੋਤਾ ਸਿੰਘ ਜੀ ਨੇ ਹਾਊਸ ਵਿਚ ਇਹ ਮਤਾ ਲਿਆਂਦਾ ਹੈ। ਇਹ ਬੜਾ ਵਧੀਆ ਮਤਾ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਦੀ ਗੱਲ ਬਾਅਦ ਵਿਚ ਕਰਾਂਗਾ। ਮੈਂ ਵੀ ਮਹਿਸੂਸ ਕਰਦਾ ਹਾਂ ਅਤੇ ਆਪਣੀ ਗੱਲ ਕਹਿਣ ਤੋਂ ਪਹਿਲਾਂ ਮੈਂ ਕਹਾਂਗਾ ਕਿ ਭਾਵੇਂ ਹਾਊਸ ਦੇ ਵਿਚ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਜੋ ਕਿ ਪੋਲਿਊਸ਼ਨ ਬੋਰਡ ਦੇ ਚੇਅਰਮੈਨ ਹਨ ਅਤੇ ਸਰਦਾਰ ਡਿੰਪਾ ਜੀ ਜੋ ਕਿ ਸੀਵਰੇਜ਼ ਬੋਰਡ ਦੇ ਚੇਅਰਮੈਨ ਹਨ, ਉਨ੍ਹਾਂ ਨੂੰ ਅੱਜ ਇੱਥੇ ਹੋਣਾ ਚਾਹੀਦਾ ਸੀ। ਕਿਉਂਕਿ ਜੋ ਅਸੀਂ ਗੱਲਾਂ ਕਹੀਆਂ ਹਨ, ਉਨ੍ਹਾਂ ਤੇ ਸ਼ਾਇਦ ਅਮਲ ਕਰਦੇ ਤਾਂ ਇਹ ਬਹੁਤ ਚੰਗਾ ਲਗਦਾ। ਸਰ, ਅੱਜ ਇਸ ਗੱਲ ਦੀ ਬੜੀ ਚਰਚਾ ਹੈ ਕਿ ਸਾਫ ਪਾਣੀ ਪੀਣ ਨੂੰ ਮਿਲੇ। ਨਦੀਆਂ ਅਤੇ ਟੋਭਿਆਂ ਦੇ ਵਿਚ ਸਾਫ ਪਾਣੀ ਚੱਲੇ। ਇਹ ਗੱਲ ਬਹੁਤ ਚਰਚਾ ਦਾ ਵਿਸ਼ਾ ਬਣੀ ਹੈ। ਸਰ, ਇਹ ਚਰਚਾ ਦਾ ਵਿਸ਼ਾ ਕਿਉਂ ਬਣਿਆ, ਪ੍ਰਦੂਸ਼ਿਤ ਵਾਤਾਵਰਣ ਅਤੇ ਪਾਣੀ ਤੇ ਜਿਹੜੀ ਚਰਚਾ ਅੱਜ ਹਾਊਸ ਵਿਚ ਚਲ ਰਹੀ ਹੈ। ਇਸ ਵਿਚ ਉਂਗਲੀ ਇਸ ਕਰਕੇ ਉਠੀ ਹੈ ਕਿ ਇਸ ਵਿਚ ਅਸੀਂ ਲੋਕਾਂ ਨੇ ਪਵਿੱਤਰ ਪਾਣੀ ਨੂੰ ਗੰਦਾ ਕੀਤਾ। ਗੰਧਲੇ ਪਾਣੀ ਕਰਕੇ ਬਿਮਾਰੀਆਂ ਫੈਲ ਰਹੀਆਂ ਹਨ। ਮਨੁੱਖ ਕੁਦਰਤ ਨਾਲ ਬਹੁਤ ਵੱਡੀ ਖਿਲਵਾੜ ਕਰ ਰਿਹਾ ਹੈ। ਇਸ ਨੂੰ ਰੋਕਣ ਦੇ ਯਤਨ ਕਰਨੇ ਚਾਹੀਦੇ ਹਨ। ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਸ ਦਾ ਫਾਇਦਾ ਤਦ ਹੀ ਹੋਵੇਗਾ ਜੇਕਰ ਸਰਕਾਰ ਇਸ ਮਤੇ ਦੇ ਪਾਸ ਹੋਣ ਤੋਂ ਬਾਅਦ ਇਸ ਨੂੰ ਅਮਲ ਵਿਚ ਲਿਆਵੇ। ਜਿਸ ਤਰ੍ਹਾਂ ਅਸ਼ੋਕ ਸ਼ਰਮਾ ਜੀ ਨੇ ਜ਼ੋਰ ਦਿੱਤਾ ਹੈ ਕਿ ਇਸ ਮਤੇ ਉਤੇ ਸਰਕਾਰ ਅਮਲ ਜ਼ਰੂਰ ਕਰੇ। ਇਹ ਸਾਰੀ ਕਾਇਨਾਤ ਕੁਦਰਤ ਦੀ ਬਣਾਈ ਹੋਈ ਹੈ। ਇਹ ਕੁਦਰਤ ਤੇ ਕਾਦਰ ਨੇ ਖੁਦ ਬਣਾਈ ਹੈ ਜਿਸ ਨੂੰ ਮਨੁੱਖ ਖਰਾਬ ਕਰ ਰਿਹਾ ਹੈ। ਇਹ ਦੋਨਾਂ ਦਾ ਆਪਸ ਵਿਚ ਮੇਲ ਹੈ ਪਰ ਮਨੁੱਖ ਇਹ ਕੁਦਰਤ ਦੇ ਨਾਲ ਖਿਲਵਾੜ ਕਰ ਰਿਹਾ ਹੈ। ਇਹ ਕੁਦਰਤ ਦਾ ਸ਼ਾਹਕਾਰ ਸਾਨੂੰ ਬਚਾਉਣਾ ਚਾਹੀਦਾ ਹੈ ਜੋ ਕਿ ਸਾਡਾ ਫਰਜ਼ ਹੈ। ਇਹ ਕੁਦਰਤ ਦਾ ਨਕਸ਼ਾ ਕਾਦਰ ਨੇ ਖੁਦ ਬਣਾਇਆ ਹੈ। ਜਿਵੇਂ ਮਾਂ ਬਾਪ ਤੋਂ ਬਿਨਾਂ ਉਤਪਤੀ ਨਹੀਂ ਹੁੰਦੀ, ਉਸੇ ਤਰ੍ਹਾਂ ਪਾਣੀ ਤੋਂ ਬਿਨਾਂ ਜੀਵਨ ਨਸ਼ਟ ਹੋ ਜਾਵੇਗਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ

[ਕੈਪਟਨ ਬਲਬੀਰ ਸਿੰਘ ਬਾਠ]

ਜੀ ਮਹਾਰਾਜ ਜੀ ਨੇ ਵੀ ਆਪਣੀ ਪਵਿੱਤਰ ਬਾਣੀ ਵਿਚ ਫੁਰਮਾਨ ਕੀਤਾ ਹੈ,

ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ।

ਅਤੇ

ਪਵਣ ਗੁਰੂ ਪਾਣੀ ਪਿਤਾ, ਮਾਤਾ ਧਰਤ ਮਹੱਤ।

ਦਿਵਸ ਰਾਤਿ ਦੁਇ ਦਾਈ ਦਾਇਆ ਖੇਲੇ ਸਗਲੁ ਜਗਤੁ।

ਅੱਜ ਇਸ ਪਾਣੀ ਨੂੰ ਬਚਾਉਣ ਦਾ ਵਿਸ਼ਾ ਬਹੁਤ ਅਹਿਮ ਵਿਸ਼ਾ ਹੈ। ਪਾਣੀ ਨੂੰ ਦੂਸ਼ਿਤ ਕਰਨ ਲਈ ਕੌਣ ਜਿੰਮੇਵਾਰ ਹੈ? ਕਾਰਖਾਨਿਆਂ ਦਾ ਗੰਦ ਪਾਣੀ ਵਿਚ ਸੁੱਟਿਆ ਜਾ ਰਿਹਾ ਹੈ ਪਰ ਸਾਡੇ ਕੋਲ ਟਰੀਟਮੈਂਟ ਪਲਾਂਟਾਂ ਦੀ ਕਮੀ ਹੈ। ਇਹ ਗੰਦਾ ਪਾਣੀ ਜ਼ਮੀਨ ਵਿਚ ਜਾ ਰਿਹਾ ਹੈ। ਇਹ ਸਾਡੇ ਸਾਰਿਆਂ ਦੀ ਲਾਪ੍ਰਵਾਹੀ ਕਰਕੇ ਹੀ ਹੋ ਰਿਹਾ ਹੈ। ਸਾਡਾ ਸਮਾਜ ਦੋਸ਼ੀ ਹੈ। ਤੁਸੀਂ ਵੇਖੋ ਹਸਪਤਾਲਾਂ ਅਤੇ ਮੈਰਿਜ ਪੈਲੇਸ ਵਾਲਿਆਂ ਦਾ ਗੰਦ ਲੋਕ ਪਾਣੀ ਵਿਚ ਸੁੱਟ ਰਹੇ ਹਨ। ਮੈਂ ਜ਼ੋਰ ਦੇ ਕੇ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਵੱਲ ਧਿਆਨ ਦਿੱਤਾ ਜਾਵੇ। ਬਹੁਤ ਘੱਟ ਮੈਂਬਰ ਸਾਹਿਬਾਨ ਇਸ ਹਾਊਸ ਵਿਚ ਹਾਜ਼ਰ ਹਨ ਜੋ ਦੱਸ ਰਹੇ ਹਨ ਕਿ ਉਹ ਇਸ ਮਸਲੇ ਬਾਰੇ ਕਿੰਨੀ ਕੁ ਆਪਣੀ ਜਿੰਮੇਵਾਰੀ ਸਮਝਦੇ ਹਨ। ਸਰਕਾਰ ਦੀ ਕਾਨੂੰਨ ਲਾਗੂ ਕਰਨ ਦੀ ਵਿਲ ਪਾਵਰ ਤੋਂ ਬਿਨਾਂ, ਇਸ ਸਮੱਸਿਆ ਨੂੰ ਅਸੀਂ ਹੱਲ ਨਹੀਂ ਕਰ ਸਕਦੇ।

ਡਿਪਟੀ ਸਪੀਕਰ ਸਾਹਿਬ, ਤੁਸੀਂ ਹਿਸਟਰੀ ਦੇ ਵਿਦਵਾਨ ਹੋ। ਮੈਂ ਇਕ ਛੋਟੀ ਜਿਹੀ ਗੱਲ ਕੋਟ ਕਰਕੇ ਸਮਾਪਤੀ ਕਰਾਂਗਾ। ਚੰਗੇਜ਼ ਖਾਂ ਨੇ ਅੱਜ ਤੋਂ ਥੋੜ੍ਹਾ ਸਮਾਂ ਪਹਿਲਾਂ ਦੁਨੀਆਂ ਦੇ ਕਾਫੀ ਹਿੱਸੇ ਤੇ ਰਾਜ ਕੀਤਾ ਹੈ ਤੇ ਉਸਦੇ ਖਾਨਦਾਨ ਨੇ ਦੁਨੀਆਂ ਤੇ, ਸਿਵਾਏ ਹਿੰਦੁਸਤਾਨ ਦੇ, 400 ਸਾਲ ਰਾਜ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਉਸਦੇ ਜੀਵਨ ਦੀ ਇਕ ਗੱਲ ਨੂੰ ਸਿਖਣਾ ਪਵੇਗਾ ਕਿ ਉਸਨੇ ਆਪਣੇ ਫੌਜੀਆਂ ਨੂੰ, ਆਪਣੇ ਸਿਪਾਹੀਆਂ ਨੂੰ ਤੇ ਬਾਕੀ ਲੋਕਾਂ ਨੂੰ ਇਹ ਕਦੇ ਵੀ ਇਜ਼ਾਜ਼ਤ ਨਹੀਂ ਸੀ ਦਿੱਤੀ ਕਿ ਉਹ ਨਦੀਆਂ, ਨਾਲਿਆਂ ਵਿਚ ਪਖਾਨਾ ਕਰਨ। ਜਿਹੜਾ ਇਹ ਕੰਮ ਕਰਦਾ ਫੜਿਆ ਜਾਂਦਾ ਸੀ, ਉਸਨੂੰ ਗੁਨਾਹਗਾਰ ਕਰਾਰ ਦੇ ਕੇ ਸਜ਼ਾ-ਏ-ਮੌਤ ਹੁੰਦੀ ਸੀ। ਅੱਜ ਇਸ ਪਾਸੇ ਸਾਨੂੰ ਲੋਕਾਂ ਦਾ ਵੀ ਸਹਿਯੋਗ ਪ੍ਰਾਪਤ ਨਹੀਂ। ਡਿਪਟੀ ਸਪੀਕਰ ਸਾਹਿਬ, ਕਾਨੂੰਨ ਨੂੰ ਵੀ ਕਾਨੂੰਨ ਦੀ ਤਰ੍ਹਾਂ ਮੰਨਣਾ ਪਵੇਗਾ। ਮੈਂ ਦੱਸਦਾ ਹਾਂ, ਮੈਨੂੰ ਪਿਛਲੇ ਤੋਂ ਪਿਛਲੇ ਸਾਲ ਇੰਗਲੈਂਡ ਜਾਣ ਦਾ ਮੌਕਾ ਮਿਲਿਆ। ਜਿਸ ਜਹਾਜ਼ ਵਿਚ ਮੈਂ ਗਿਆ ਸੀ, ਉਸ ਵਿਚ 90% ਉਹ ਲੋਕ ਸਨ ਜਿਹੜੇ ਇੰਗਲੈਂਡ ਦੇ ਸਿਟੀਜ਼ਨ ਸਨ, ਇਧਰ ਆਏ ਹੋਏ ਸਨ ਤੇ ਹੁਣ ਵਾਪਸ ਜਾਣਾ ਚਾਹੁੰਦੇ ਸਨ। ਮੈਂ ਅੰਮ੍ਰਿਤਸਰ ਏਅਰਪੋਰਟ ਦੀ ਗੱਲ ਸਣਾਉਂਦਾ ਹਾਂ। ਇਹ ਲਾਅ ਐਂਡ ਆਰਡਰ ਮੰਨਣ ਦੀ ਗੱਲ ਹੈ, ਮਨੁੱਖੀ ਸੁਭਾਉ ਦੀ ਗੱਲ ਹੈ, ਮਨੁੱਖੀ ਮਨੋਵਿਗਿਆਨ ਦੀ ਗੱਲ ਹੈ। ਅੰਮ੍ਰਿਤਸਰ ਏਅਰਪੋਰਟ ਤੇ ਉਹ ਲੋਕ ਧੱਕਮਧੱਕਾ ਕਰ ਰਹੇ ਸਨ, ਪਰ ਜਦੋਂ ਇੰਗਲੈਂਡ ਏਅਰਪੋਰਟ ਤੇ ਉਤਰੇ, ਤਾਂ ਲਾਈਨ ਵਿਚ ਖੜ੍ਹੇ ਹੋ ਗਏ। ਸੋ, ਸਾਨੂੰ ਕਾਨੂੰਨ ਨੂੰ ਕਾਨੂੰਨ ਵਾਂਗੂ ਹੀ ਲੈਣਾ ਪੈਣਾ ਹੈ। ਅੱਜ ਸਾਡੇ ਵਿਚ ਇਸ ਗੱਲ ਦੀ ਘਾਟ ਹੈ। ਜਿਥੋਂ ਤੱਕ ਸਮਾਜ ਦੀ ਚੇਤਨਾ ਦੀ ਗੱਲ ਹੈ, ਕਾਨੂੰਨ ਦੀ ਪਾਲਣਾ ਹੋਣੀ ਚਾਹੀਦੀ ਹੈ। ਅੱਜ ਲੋੜ ਹੈ ਕਿ ਜੇ ਪੰਜਾਬ ਤੇ ਪੰਜਾਬੀਆਂ ਦੇ ਜੀਵਨ ਨੂੰ ਬਚਾਉਣਾ ਹੈ ਤਾਂ ਜਿਹੜਾ

ਡਿਵੈਲਪਮੈਂਟ ਫੰਡ ਪਿੰਡਾਂ ਨੂੰ, ਸ਼ਹਿਰਾਂ ਨੂੰ ਮਿਊਂਸਿਪਲ ਕਾਰਪੋਰੇਸ਼ਨ ਨੂੰ ਜਾਂਦਾ ਹੈ, ਉਸ ਵਿਚ ਵਿਵਸਥਾ ਹੋਵੇ ਕਿ ਜ਼ਿਆਦਾ ਫੰਡ ਟਰੀਟਮੈਂਟ ਪਲਾਂਟ ਲਗਾਉਣ ਲਈ ਵਰਤਿਆ ਜਾਵੇ ਤਾਂ ਚੰਗੀ ਗੱਲ ਹੋਵੇਗੀ ਤੇ ਜੇ ਕਿਤੇ ਕੋਈ ਕਮੀ ਪੇਸ਼ੀ ਹੈ ਤਾਂ ਸੀਵਰੇਜ ਬੋਰਡ ਨੂੰ ਜਾਂ ਪਾਲਿਊਸ਼ਨ ਕੰਟਰੋਲ ਬੋਰਡ ਨੂੰ ਹੋਰ ਸ਼ਕਤੀਆਂ ਦੇ ਕੇ ਉਨ੍ਹਾਂ ਦੇ ਹੱਥ ਹੋਰ ਮਜ਼ਬੂਤ ਕੀਤੇ ਜਾਣ। ਡਿਪਟੀ ਸਪੀਕਰ ਸਾਹਿਬ, ਮੈਂ ਫਿਰ ਬੇਨਤੀ ਕਰਦਾ ਹਾਂ ਕਿ ਇਹ ਮਤਾ ਮਤਾ ਹੀ ਨਾ ਰਹਿ ਜਾਵੇ। ਇਹ ਜਿਹੜੀ ਸਮਾਜ ਦੇ ਕਰਨ ਵਾਲੀ ਗੱਲ ਹੈ ਕਿ ਡ੍ਰੇਨਾਂ, ਨਹਿਰਾਂ ਵਿਚ ਗੰਦਾ ਪਾਣੀ ਨਹੀਂ ਪਾਉਣਾ ਚਾਹੀਦਾ, ਜਿਹੜੀ ਕਿ ਸਾਡੀ ਡਿਊਟੀ ਵੀ ਹੈ, ਉਹ ਵੀ ਹੋਣੀ ਚਾਹੀਦੀ ਹੈ। ਇਰੀਗੇਸ਼ਨ ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਅੰਦਰ ਜਿੰਨੀਆਂ ਵੀ ਡ੍ਰੇਨਾਂ ਪਿੰਡਾਂ, ਸ਼ਹਿਰਾਂ ਵਿਚੋਂ ਵਗਦੀਆਂ ਹਨ, ਜਿਨ੍ਹਾਂ ਵਿਚ ਗੰਦਾ ਪਾਣੀ ਨਹੀਂ ਪੈਂਦਾ, ਉਨ੍ਹਾਂ ਨੂੰ ਆਬਪਾਸ਼ੀ ਲਈ ਵਰਤਿਆ ਜਾਵੇ। ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਜੱਥੇਦਾਰ ਤੋਤਾ ਸਿੰਘ ਜੀ ਦਾ ਰਿਣੀ ਹਾਂ, ਜਿਨ੍ਹਾਂ ਨੇ ਕੌਮ ਨੂੰ ਤੇ ਪੰਜਾਬੀਆਂ ਨੂੰ ਜਗਾਉਣ ਦਾ ਯਤਨ ਕੀਤਾ ਹੈ ਤੇ ਉਨ੍ਹਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਬਹੁਤ ਬਹੁਤ ਧੰਨਵਾਦ।

**ਸਰਦਾਰ ਬੀਰ ਦਵਿੰਦਰ ਸਿੰਘ (ਖਰੜ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਵਕਤ ਦਿੱਤਾ ਹੈ। ਮੈਂ ਸਰਦਾਰ ਤੋਤਾ ਸਿੰਘ ਜੀ ਦਾ ਵੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਬਹੁਤ ਹੀ ਸ਼ਾਨਦਾਰ ਪ੍ਰਸਤਾਵ ਹਾਊਸ ਵਿਚ ਪੇਸ਼ ਕੀਤਾ ਹੈ ਜਿਸ ਤੇ ਸਾਰੇ ਮੈਂਬਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਮੈਂ ਸਿਰਫ 1-2 ਮਿੰਟ ਲਈ ਸਦਨ ਦਾ ਵਕਤ ਲੈਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਜਦੋਂ ਅਸੀਂ ਆਪਣੇ ਦਰਿਆਵਾਂ ਪਾਸੋਂ ਦੀ ਗੁਜ਼ਰਦੇ ਹਾਂ। ਜਦੋਂ ਅਸੀਂ ਬੱਚੇ ਸੀ ਤਾਂ ਸਾਡੇ ਬਜ਼ੁਰਗ ਸਾਨੂੰ ਦਰਿਆ ਦਿਖਾਇਆ ਕਰਦੇ ਸੀ। ਉਦੋਂ ਬੜੇ ਮੌਲਦੇ, ਸ਼ੂਕਦੇ ਦਰਿਆ ਵਗਦੇ ਹੁੰਦੇ ਸੀ। ਇਹ 50 ਵਰ੍ਹਿਆਂ ਵਿਚ ਹੀ ਇੰਨਾ ਫਰਕ ਪੈ ਗਿਆ ਕਿ ਉਹੀ ਦਰਿਆ ਨਾਲੇ ਬਣ ਗਏ ਹਨ ਔਰ ਹੋਰ 50 ਸਾਲਾਂ ਬਾਅਦ ਦਰਿਆਵਾਂ ਦੇ ਸਿਰਫ ਨਕਸ਼ ਬਾਕੀ ਰਹਿ ਜਾਣਗੇ ਤੇ ਅਸੀਂ ਰੁਕ ਕੇ, ਖਲੋ ਕੇ ਬੱਚਿਆਂ ਨੂੰ ਦੱਸਿਆ ਕਰਾਂਗੇ ਕਿ ਇਥੇ ਕਦੇ ਸਤਲੁਜ ਵਗਿਆ ਕਰਦਾ ਸੀ, ਕਦੇ ਬਿਆਸ ਵਗਿਆ ਕਰਦਾ ਸੀ। ਡਿਪਟੀ ਸਪੀਕਰ ਸਾਹਿਬ, ਕੁਦਰਤ ਦੇ ਜੋ ਨਿਯਮ ਹਨ, ਉਨ੍ਹਾਂ ਦੇ ਨਾਲ ਜਿਵੇਂ ਜਿਵੇਂ ਮਨੁੱਖ ਸਿਆਣੇ ਹੁੰਦੇ ਗਏ, ਜਿਵੇਂ ਜਿਵੇਂ ਸਾਇੰਸ ਦਾ ਵਿਕਾਸ ਹੁੰਦਾ ਗਿਆ, ਤਿਵੇਂ ਤਿਵੇਂ ਅਸੀਂ ਉਸਦੇ ਨਾਲ ਛੇੜ ਛਾੜ ਕਰਨੀ ਸ਼ੁਰੂ ਕਰ ਦਿੱਤੀ ਔਰ ਇਸ ਦੇ ਜਿਹੜੇ ਪ੍ਰਭਾਵ ਹਨ, ਜਿਹੜੇ ਸਿੱਟੇ ਹਨ, ਜਿਹੜੇ ਨੈਗੇਟਿਵ ਪ੍ਰਭਾਵ ਹਨ, ਉਹ ਸਾਡੇ ਸਾਹਮਣੇ ਆ ਰਹੇ ਹਨ। ਔਰ ਜਿਹੜਾ ਵਾਤਾਵਰਣ ਦੂਸ਼ਿਤ ਹੋ ਰਿਹਾ ਹੈ। ਸਾਰਾ ਇਨਵਾਇਰਮੈਂਟ ਦੂਸ਼ਿਤ ਹੋ ਰਿਹਾ ਹੈ, ਉਹ ਸਾਡੇ ਫਿਕਰ ਦਾ ਫੋਕਸ ਨਹੀਂ ਬਣ ਰਿਹਾ। ਆਪਾਂ ਸਦਨ ਵਿਚ ਜਦ ਇਸ ਨੂੰ ਡਿਸਕਸ ਕਰ ਰਹੇ ਹਾਂ ਤਾਂ ਮੇਰਾ ਖਿਆਲ ਹੈ ਕਿ ਚਾਰੇ ਪਾਸੇ ਸੁੰਨਸਾਨ ਦਾ ਵਾਤਾਵਰਣ ਹੈ। ਅਸੀਂ ਹਾਊਸ ਵਿਚ ਸਾਰੇ ਮਜਬੂਰੀ ਵੱਸ ਬੈਠੇ ਹਾਂ। ਪ੍ਰੈਸ ਦੀਆਂ ਗੈਲਰੀਜ਼

[ਸਰਦਾਰ ਬੀਰ ਦਵਿੰਦਰ ਸਿੰਘ]

ਵੀ ਸੁੰਨੀਆਂ ਹਨ ਅਤੇ ਦਰਸ਼ਕਾਂ ਦੀਆਂ ਗੈਲਰੀਜ਼ ਵੀ ਸੁੰਨੀਆਂ ਹਨ। ਸਦਨ ਦਾ ਕੋਰਮ ਪੂਰਾ ਕਰਨ ਲਈ ਜਿੰਨੇ ਕੁ ਸਾਥੀਆਂ ਦਾ ਬੈਠਣਾ ਲਾਜ਼ਮੀ ਹੈ, ਉਨੇ ਹੀ ਅਸੀਂ ਬੈਠੇ ਹਾਂ। ਇਹ ਸਾਡੀ ਦਿਲਚਸਪੀ ਦੇ ਵਿਸ਼ੇ ਨਹੀਂ ਹਨ ਜਦ ਕਿ ਸਾਨੂੰ ਇਸ ਵਿਚ ਫਿਕਰ ਨਾਲ ਪਾਰਟੀਸਿਪੇਟ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਪਾਲਿਊਸ਼ਨ ਨੂੰ ਰੋਕਣ ਵਾਸਤੇ-ਚਾਹੇ ਇਹ ਪਾਣੀ ਦਾ ਹੈ, ਹਵਾ ਦਾ ਹੈ ਜਾਂ ਵਾਤਾਵਰਣ ਦਾ ਹੈ, ਇਕ ਕੰਪਰੀਹੈਂਸਿਵ ਪਾਲਿਸੀ ਐਂਰ ਲੈਜਿਸਲੇਸ਼ਨ ਦੀ ਜ਼ਰੂਰਤ ਹੈ। ਅਸੀਂ ਜਿਨ੍ਹਾਂ ਨੇ ਇਹ ਕਾਨੂੰਨ ਬਣਾਏ ਹਨ, ਇਨ੍ਹਾਂ ਕਾਨੂੰਨਾਂ ਵਿਚ ਚੋਰ ਮੋਰੀਆਂ ਰੱਖੀਆਂ ਹੋਈਆਂ ਹਨ। ਅਸੀਂ ਕਿਸੇ ਨਾ ਕਿਸੇ ਪੱਧਰ ਤੇ ਇਸ ਦੀ ਵਾਇਲੇਸ਼ਨ ਕਰਨ ਦੇ ਅਧਿਕਾਰ ਦਿੱਤੇ ਹੋਏ ਹਨ। ਇਸ ਵਾਇਲੇਸ਼ਨ ਨੂੰ ਚੇਅਰਮੈਨ ਲੈਵਲ ਤੇ, ਸੈਕਟਰੀ ਲੈਵਲ ਤੇ ਜਾਂ ਕੈਬਨਿਟ ਲੈਵਲ ਤੇ ਰੈਗੂਲਰਾਈਜ਼ ਕੀਤਾ ਜਾ ਸਕਦਾ ਹੈ। ਇਥੋਂ ਤੱਕ ਕਿ ਇਸ ਨੂੰ ਸਦਨ ਦੇ ਲੈਵਲ ਤੇ ਵੀ ਰੈਗੂਲਰਾਈਜ਼ ਕੀਤਾ ਜਾ ਸਕਦਾ ਹੈ। ਅੱਜ ਐਸੇ ਕਾਨੂੰਨ ਬਣਾਉਣ ਦੀ ਜ਼ਰੂਰਤ ਹੈ ਕਿ ਕਿਸੇ ਵੱਡੇ ਤੋਂ ਵੱਡੇ ਵਿਅਕਤੀ ਨੂੰ ਵੀ ਇਹ ਅਧਿਕਾਰ ਨਾ ਹੋਵੇ ਕਿ ਉਹ ਕੁਦਰਤ ਦੇ ਨਿਯਮਾਂ ਨਾਲ ਛੇੜਛਾੜ ਕਰ ਸਕੇ। ਮਿਸਾਲ ਦੇ ਤੌਰ ਤੇ ਅਸੀਂ ਬਹੁਤ ਸਾਰੇ ਕੁਦਰਤੀ ਸਰੋਤਾਂ ਨੂੰ ਬੰਨ੍ਹ ਲਾ ਦਿੱਤੇ ਹਨ। ਉਨ੍ਹਾਂ ਦੇ ਵਹਿਣ ਰੋਕ ਦਿੱਤੇ ਹਨ ਐਂਰ ਜਿਹੜੇ ਕੁਦਰਤੀ ਪੈਸੇਜ ਸਨ, ਉਹ ਸਾਰੇ ਲੋਕਾਂ ਨੇ ਵਾਹ ਲਏ ਹਨ। ਧਰਤੀ ਦਾ ਇਕ ਸੁਭਾਅ ਹੁੰਦਾ ਹੈ। ਅੱਗੇ ਜੋ ਬਰਸਾਤਾਂ ਦੇ ਦਿਨਾਂ ਵਿਚ ਚੋਅ ਵਗਦੇ ਹੁੰਦੇ ਸਨ, ਉਹ ਪੂਰੇ ਪੰਜਾਬ ਦੇ ਵਿਚ ਆਪਣੀ ਮਰਜ਼ੀ ਨਾਲ ਮੌਲਦੇ-ਸ਼ੂਕਦੇ ਹੁੰਦੇ ਸਨ। ਉਨਾਂ ਦਾ ਬੈੱਡ ਰੇਤੀਲਾ ਹੁੰਦਾ ਸੀ ਜਿਸ ਕਰਕੇ ਉਸ ਵਿਚੋਂ ਪਾਣੀ ਦੀ ਸੀਪੇਜ ਹੁੰਦੀ ਰਹਿੰਦੀ ਸੀ। ਧਰਤੀ ਹੇਠਲੇ ਪਾਣੀ ਦਾ ਐਂਰ ਮੁਅੱਤਰ ਦਾ ਬੈਲੈਂਸ ਬਣਿਆ ਰਹਿੰਦਾ ਸੀ ਲੇਕਿਨ ਅਸੀਂ ਆਪਣੀ ਮਰਜ਼ੀ ਨਾਲ ਇਨ੍ਹਾਂ ਨਾਲ ਛੇੜਛਾੜ ਕਰ ਦਿੱਤੀ। ਧਰਤੀ ਦੀ ਕੈਫੀਅਤ ਚੇਂਜ ਹੋਈ ਅਤੇ ਫਸਲੀ ਚੱਕਰ ਵੀ ਚੇਂਜ ਹੋਇਆ। ਮੇਰੀ ਆਪਣੀ ਜਨਮ ਭੂਮੀ ਸਰਹੰਦ ਹੈ। ਸਾਡੇ ਉਥੇ ਬਹੁਤ ਵੱਡੀ ਪੁਰਾਣੀ ਮਿਰਚ ਮੰਡੀ ਹੁੰਦੀ ਸੀ। ਪੁਰਾਣੀਆਂ ਕਾਟਨ ਮਿਲਜ਼ ਬੰਦ ਪਈਆਂ ਹਨ ਜਿਨ੍ਹਾਂ ਦੇ ਅਸੀਂ ਅੱਜ ਖੰਡਰਾਤ ਵੇਖਦੇ ਹਾਂ। ਅਸੀਂ ਜਦੋਂ ਬੱਚੇ ਸਾਂ ਤਾਂ ਸਾਡੇ ਇਲਾਕੇ ਵਿਚ ਬਹੁਤ ਸਾਰੀ ਕਾਟਨ ਅਤੇ ਮਿਰਚ ਹੁੰਦੀ ਸੀ। ਮਿਰਚ ਮੰਡੀ ਵਿਚ ਆ ਜਾਂਦੀ ਸੀ ਲੇਕਿਨ ਅੱਜ ਤਾਂ ਚਟਣੀ ਬਣਾਉਣ ਵਾਸਤੇ ਵੀ ਮਿਰਚ ਨਹੀਂ ਲੱਭਦੀ। ਕਾਟਨ ਤਾਂ ਸੁਪਨਾ ਹੀ ਬਣ ਗਈ ਹੈ। ਜਿਵੇਂ ਜਿਵੇਂ ਮਨੁੱਖ ਨੇ ਕੁਦਰਤ ਨਾਲ ਛੇੜਛਾੜ ਕੀਤੀ, ਧਰਤੀ ਦਾ ਸੁਭਾਓ ਬਦਲਦਾ ਗਿਆ। ਉਤਪਾਦਨ ਸ਼ਕਤੀ ਤਬਦੀਲ ਹੁੰਦੀ ਗਈ ਅਤੇ ਅਲਟੀਮੇਟਲੀ ਮਨੁੱਖ ਨੂੰ ਇਸ ਦਾ ਨੁਕਸਾਨ ਸਹਿਣਾ ਪਿਆ। ਡਿਪਟੀ ਸਪੀਕਰ ਸਾਹਿਬ, ਅਮਰੀਕਾ ਵਿਚ ਦਰਿਆ ਤਾਂ ਕੀ, ਇਕ ਕਰੀਕ ਨੂੰ ਵੀ ਬੰਦ ਕਰਨ ਦਾ ਜਾਂ ਕਿਸੇ ਪਾਸੇ ਤਬਦੀਲ ਕਰਨ ਦਾ ਅਧਿਕਾਰ ਨਹੀਂ ਹੈ। ਨਾ ਅਮਰੀਕਾ ਦੇ ਪ੍ਰੈਜ਼ੀਡੈਂਟ ਨੂੰ ਅਤੇ ਨਾ ਉਥੋਂ ਦੀ ਪਾਰਲੀਮੈਂਟ ਨੂੰ। ਕਿਸੇ ਨੂੰ ਵੀ ਇਹ ਅਧਿਕਾਰ ਨਹੀਂ ਹੈ ਕਿ ਉਹ ਇਕ ਕਰੀਕ ਨਾਲ ਵੀ ਛੇੜਛਾੜ ਕਰੇ, ਦਰਿਆਵਾਂ ਦੀ ਤਾਂ ਗੱਲ ਹੀ ਬੜੀ ਦੂਰ ਹੈ। ਤੁਹਾਡੇ ਘਰ ਦੇ ਕੋਲੋਂ ਵਗਦੀ, ਤੁਹਾਡੀ ਜ਼ਮੀਨ ਵਿੱਚ ਵਗਦੀ ਕਰੀਕ, ਨਦੀਆਂ ਨਾਲੇ ਤੁਹਾਡੀ ਮਲਕੀਅਤ ਹੋਣ ਦੇ ਬਾਵਜੂਦ ਤੁਸੀਂ ਆਪਣੀ ਮਰਜ਼ੀ ਨਾਲ ਉਸ ਦੀ ਪਲਾਂਟੇਸ਼ਨ ਨਹੀਂ ਕਰ ਸਕਦੇ। ਜੇਕਰ ਕਰੋ ਤਾਂ ਇੰਨੀਆਂ ਸਖਤ ਸਜ਼ਾਵਾਂ ਹਨ ਕਿ ਕੋਈ ਅਦਾਲਤ ਉਸ ਵਿੱਚ ਕੋਈ ਕੁਤਾਹੀ, ਦਖਲ-ਅੰਦਾਜ਼ੀ ਨਹੀਂ

ਕਰਦੀ। ਤੁਸੀਂ ਸਤਲੁਜ ਦਰਿਆ ਦੇ ਸਰੋਤ ਤੋਂ ਸ਼ੁਰੂ ਹੋ ਕੇ ਅਖੀਰ ਤੱਕ ਦੇਖੋ ਜਿੰਨੀਆਂ ਵੱਡੀਆਂ ਵੱਡੀਆਂ ਫੈਕਟਰੀਆਂ ਸਤਲੁਜ ਦਰਿਆ ਦੇ ਆਲੇ ਦੁਆਲੇ ਹਨ, ਉਨ੍ਹਾਂ ਸਾਰੀਆਂ ਦੇ ਹੀ ਟੌਕਸਿਕ ਵੇਸਟ ਦਰਿਆ ਵਿੱਚ ਪੈਂਦੇ ਹਨ। ਜਦੋਂ ਉਨ੍ਹਾਂ ਦਰਿਆਵਾਂ ਦਾ ਪਾਣੀ ਪਸ਼ੂ, ਪੰਛੀ ਪੀਂਦੇ ਹਨ ਤਾਂ ਉਹ ਪਾਣੀ ਉਨ੍ਹਾਂ ਤੇ ਬੜਾ ਮਾੜਾ ਪ੍ਰਭਾਵ ਛੱਡਦੇ ਰਹਿੰਦੇ ਹਨ। ਅਸੀਂ ਕਦੇ ਸਟੱਡੀ ਨਹੀਂ ਕਰਵਾਇਆ, ਡਿਪਟੀ ਸਪੀਕਰ ਸਾਹਿਬ, ਕਿ 50 ਸਾਲ ਤੋਂ ਪਹਿਲਾਂ ਜਾਂ 50 ਸਾਲ ਤੋਂ ਬਾਅਦ ਕਿਹੜਾ ਉਹ ਫੋਨਾ (fauna) ਹੈ ਜਿਹੜਾ 50 ਸਾਲ ਤੋਂ ਪਹਿਲਾਂ ਅਵੇਲੇਬਲ ਸੀ, ਅੱਜ ਉਹ ਅਵੇਲੇਬਲ ਹੀ ਨਹੀਂ ਹੈ। ਉਹ ਪੰਛੀਆਂ ਦੀਆਂ ਰੇਅਰ ਸਪੀਸਿਸ ਡਿਸਅਪੀਅਰ ਹੋ ਗਈਆਂ ਹਨ। ਇਹ ਸਾਰਾ ਪੋਲਿਊਸ਼ਨ ਕਰਕੇ ਹੈ ਔਰ ਰੇਅਰ ਸਪੀਸਿਸ ਆਫ ਟ੍ਰੀ ਖਤਮ ਹੋ ਰਹੀਆਂ ਹਨ। ਕਿੱਕਰ ਸੁੱਕ ਰਹੇ ਹਨ, ਉਨ੍ਹਾਂ ਨੂੰ ਤੁੱਕੇ ਨਹੀਂ ਲਗਦੇ, ਭੂਰੀ ਚਿੜੀ ਸਾਨੂੰ ਦੇਖਣ ਨੂੰ ਨਹੀਂ ਮਿਲਦੀ, ਗਿਰਝ ਨਹੀਂ ਲੱਭਦੀ, ਤਿੱਤਲੀਆਂ ਅਲੋਪ ਹੋ ਰਹੀਆਂ ਹਨ। ਹੋਰ ਐਸੇ-ਐਸੇ ਪੰਛੀ ਜਿਨ੍ਹਾਂ ਦਾ ਜ਼ਿਕਰ ਸਾਡੇ ਗੀਤਾਂ ਵਿੱਚ, ਕਹਾਣੀਆਂ ਵਿਚ ਹੈ, ਅੱਜ ਉਹ ਦੇਖਣ ਨੂੰ ਨਹੀਂ ਮਿਲਦੇ। ਇਹ ਸਾਰੇ ਜਿਹੜੇ ਪ੍ਰਭਾਵ ਹਨ ਮਨੁੱਖ ਨੇ ਆਪ ਆਲੇ-ਦੁਆਲੇ ਆਪਣੇ ਆਪ ਨੂੰ ਗੰਦਗੀ ਦੇ ਢੇਰਾਂ ਵਿੱਚ ਲਿਪਤ ਕਰ ਲਿਆ ਕਿ ਉਸ ਨਾਲ ਕੁਦਰਤ ਦੀ ਖ਼ੂਬਸੂਰਤੀ ਦਾ ਨਕਸ਼ ਹੌਲੀ ਹੌਲੀ ਖਤਮ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਸਾਨੂੰ ਇਸ ਗੱਲ ਦਾ ਅਹਿਸਾਸ ਨਹੀਂ ਕਿ ਜਿੰਨੀਆਂ ਚੀਜ਼ਾਂ ਅਸੀਂ ਬਣਾਈਆਂ ਹਨ ਉਨ੍ਹਾਂ ਦੇ ਨੈਗੇਟਿਵ ਪ੍ਰਭਾਵ ਕਿੰਨੇ ਹਨ। ਵੈਸੇ, ਇਸ ਰੈਜ਼ੋਲਿਊਸ਼ਨ ਨਾਲ ਉਨ੍ਹਾਂ ਦਾ ਤਾਅਲੁੱਕ ਨਹੀਂ ਪਰ ਵਾਤਾਵਰਣ ਨਾਲ ਤਾਅਲੁੱਕ ਹੈ। ਓਜ਼ੋਨ ਲੇਅਰ ਹੈ। ਡਿਪਟੀ ਸਪੀਕਰ ਸਾਹਿਬ, ਯਾਨੀ ਕਦੇ ਸੋਚਿਆ ਵੀ ਨਹੀਂ ਜਾ ਸਕਦਾ ਸੀ ਕਿ ਮਨੁੱਖ ਦੇ ਵਿਕਾਸ ਦੇ ਨਾਲ ਅਸੀਂ ਓਜ਼ੋਨ ਲੇਅਰ ਤੇ ਇੰਨਾ ਭਾਰੀ ਪਰੈਸਰ ਬਣਾ ਦਿੱਤਾ ਕਿ ਉਹ ਪੰਗਚਰ ਹੋ ਜਾਵੇਗੀ ਔਰ ਸੂਰਜ ਦੀ ਤਪਸ਼ ਜਿਹੜੀ ਕੁਦਰਤੀ ਤੌਰ ਤੇ ਆਪਣੇ ਢੰਗ ਦੇ ਨਾਲ ਧਰਤੀ ਤੱਕ ਪਹੁੰਚਦੀ ਹੈ, ਬਨਸਪਤੀ ਤੱਕ ਪਹੁੰਚਦੀ ਹੈ, ਮਨੁੱਖ ਦੇ ਵਿਕਾਸ ਲਈ ਜਿੰਨੀ ਉਸ ਤਪਸ਼ ਦੀ ਜ਼ਰੂਰਤ ਸੀ ਉਹ ਹਿਸਾਬ ਦੇ ਨਾਲ ਉਹ ਤਪਸ਼ ਰਿਲੀਜ਼ ਹੁੰਦੀ ਸੀ। ਮਨੁੱਖ ਨੇ ਐਸੀਆਂ ਗੈਸਿਜ਼ ਜਿਹੜੀਆਂ ਰੈਫਰੀਜ਼ਰੇਟਰ ਵਿੱਚ, ਏਅਰ ਕੰਡੀਸ਼ਨਰਜ਼ ਵਿੱਚ ਤੇ ਹੋਰ ਕਿੰਨੀਆਂ ਗੈਸਾਂ ਅਸੀਂ ਅਜਿਹੀਆਂ ਪੈਦਾ ਕੀਤੀਆਂ ਹਨ ਜਿੰਨ੍ਹਾਂ ਨੇ ਓਜ਼ੋਨ ਤੇ ਪਰੈਸ਼ਰ ਬਣਾਇਆ ਔਰ ਉਹ ਪੰਗਚਰ ਹੋ ਗਈ। ਅੱਜ ਸਾਰਿਆਂ ਦਾ, ਡਿਪਟੀ ਸਪੀਕਰ ਸਾਹਿਬ, ਜਿਸ ਨੂੰ ਅਸੀਂ ਗਲੋਬਲ ਵਾਰਮਿੰਗ ਕਹਿੰਦੇ ਹਾਂ, ਅੱਜ ਉਹ ਸਾਰੀ ਦੁਨੀਆਂ ਦਾ ਫਿਕਰ ਹੋ ਗਿਆ ਹੈ। ਅੱਜ ਉਹ ਰੁੱਤਾਂ ਨਹੀਂ ਰਹੀਆਂ। ਅਸੀਂ ਹੁਣ ਸਰਦੀਆਂ ਦੇ ਮੌਸਮ ਵਿੱਚੋਂ ਗੁਜ਼ਰੇ ਹਾਂ। ਬਹੁਤੇ ਸਰਦੀਆਂ ਦੇ ਕਪੜੇ ਹੈਂਗਰਾਂ ਤੇ ਟੰਗੇ ਰਹਿ ਜਾਂਦੇ ਹਨ। ਸੂਟ ਪਾਉਣ ਦਾ ਮੌਕਾ ਹੀ ਨਹੀਂ ਮਿਲਦਾ। ਸਰਦੀਆਂ ਦਾ ਸਮਾਂ ਬਹੁਤ ਘੱਟ ਗਿਆ ਹੈ। ਰੁੱਤਾਂ ਦਾ ਸੁਭਾਅ ਬਦਲ ਗਿਆ ਹੈ, ਪਾਣੀ ਦਾ ਸੁਭਾਅ ਬਦਲ ਗਿਆ ਹੈ, ਦਰਿਆਵਾਂ ਦਾ ਸੁਭਾਅ ਬਦਲ ਗਿਆ ਹੈ। ਦਰਿਆਵਾਂ

[ਸਰਦਾਰ ਬੀਰ ਦਵਿੰਦਰ ਸਿੰਘ]

ਦਾ ਵਹਾਅ ਬਦਲ ਗਿਆ ਹੈ। ਸਾਡੀ ਮਨੁੱਖੀ ਜ਼ਿੰਦਗੀ ਤੇ ਬੜਾ ਮਾਰੂ ਪ੍ਰਭਾਵ ਗਲੋਬਲ ਵਾਰਮਿੰਗ ਨਾਲ ਪੈ ਰਿਹਾ ਹੈ। ਜ਼ਮੀਨ ਦੀ ਕੈਫੀਅਤ ਬਦਲ ਕੇ ਖੁਸ਼ਕ ਹੁੰਦੀ ਜਾ ਰਹੀ ਹੈ। ਪਾਣੀ ਦੀ ਸਤਹ ਬਹੁਤ ਨੀਵੀਂ ਚਲੀ ਗਈ ਹੈ ਔਰ ਇਨੀ ਸਮੱਸਿਆ ਬਣ ਗਈ ਹੈ ਕਿ ਇਕ ਆਮ ਆਦਮੀ ਲਈ ਨਲਕਾ ਲਾਉਣਾ ਵੀ ਮੁਸ਼ਕਲ ਹੋ ਗਿਆ ਹੈ। ਅਸੀਂ ਝੋਨੇ ਦੀ ਫਸਲ ਸ਼ੁਰੂ ਕੀਤੀ, ਉਸ ਨਾਲ ਅਸੀਂ ਖੇਤਾਂ ਵਿੱਚ ਦਰਖਤ ਪੁੱਟ ਦਿੱਤੇ! ਉਸ ਨਾਲ ਜੋ ਸਾਡੇ ਇਸ ਵਾਤਾਵਰਣ ਨੂੰ ਦਰਖਤ ਮਦਦ ਕਰਦੇ ਸੀ ਠੰਢੇ ਰੱਖਣ ਵਿੱਚ ਉਹ ਸਾਰਾ ਕੁਝ ਵੀ ਜਾਂਦਾ ਰਿਹਾ। ਪਿੰਡਾਂ ਦੇ ਵਿੱਚ ਛੱਪੜਾਂ ਤੇ ਅਸੀਂ ਕਬਜ਼ਾ ਕਰ ਲਿਆ, ਛੱਪੜ ਅਲੋਪ ਹੋ ਗਏ। ਛੱਪੜਾਂ ਵਿੱਚ ਗੰਦਾ ਪਾਣੀ ਚਲਾ ਗਿਆ, ਛੱਪੜ ਲੋਕਾਂ ਨੇ ਪੂਰ ਦਿੱਤੇ। ਡਿਪਟੀ ਸਪੀਕਰ ਸਾਹਿਬ, ਇਹ ਚੀਜ਼ਾਂ ਕਹਾਣੀਆਂ ਬਣ ਕੇ ਰਹਿ ਗਈਆਂ। ਕਿਸੇ ਜ਼ਮਾਨੇ ਵਿੱਚ ਪਿੰਡਾਂ ਦੇ ਛੱਪੜਾਂ ਦਾ ਪਾਣੀ ਪਿੰਡ ਦੀ ਸਮਾਜਿਕ ਜ਼ਿੰਦਗੀ ਦਾ ਫੋਕਸ ਹੁੰਦਾ ਸੀ। ਛੱਪੜ ਦੇ ਕਿਨਾਰੇ ਘਣੀ ਛਾਂ ਵਾਲੇ ਦਰਖਤ ਹੁੰਦੇ ਸਨ। ਦੁਪਹਿਰ ਵੇਲੇ ਜਿਹੜੇ ਪਸ਼ੂਆਂ ਨੂੰ ਚਾਰਨ ਵਾਲੇ ਨੌਜਵਾਨ ਹੁੰਦੇ ਸਨ, ਉਹ ਪਸ਼ੂਆਂ ਨੂੰ ਲਿਆ ਕੇ ਉਸ ਘਣੀ ਛਾਂ ਥੱਲੇ ਬਿਠਾਉਂਦੇ ਸਨ। ਗੋਕੇ ਛਾਂ ਵਿਚ ਬੈਠ ਜਾਂਦੇ ਸਨ ਅਤੇ ਦੂਸਰੇ ਪਸ਼ੂ ਛੱਪੜ ਵਿਚ ਚਲੇ ਜਾਂਦੇ ਸਨ ਅਤੇ ਨਹਾਉਂਦੇ ਸਨ। ਉਹ ਸ਼ਾਮ ਨੂੰ ਦੁੱਧ ਵੀ ਵਧੇਰੇ ਦਿੰਦੇ ਸਨ। ਹੁਣ ਛੱਪੜ ਹੀ ਨਹੀਂ ਰਹੇ ਛੱਪੜਾਂ ਦੇ ਨਾਲ ਲਗਦੀ, ਪਿੰਡ ਦੇ ਨੇੜੇ ਦੀ ਨਿਆਈਂ ਦੀ ਜ਼ਮੀਨ ਦੀ ਜ਼ਿਆਦਾ ਮੰਗ ਹੁੰਦੀ ਸੀ ਕਿਉਂਜੋ ਉਹ ਜਿਆਦਾ ਉਪਜਾਊ ਹੁੰਦੀ ਸੀ ਕਿਉਂਕਿ ਪਿੰਡ ਦੇ ਵਿੱਚ ਛੱਪੜ ਹੁੰਦਾ ਸੀ ਜਿਹੜੀ ਨਿਆਈਂ ਦੀ ਜ਼ਮੀਨ ਹੁੰਦੀ ਹੈ, ਉਸ ਦੀ ਪਿੰਡ ਦੀ ਦੂਰ ਦੀ ਜ਼ਮੀਨ ਨਾਲੋਂ ਕੈਫੀਅਤ ਵੱਖਰੀ ਹੁੰਦੀ ਸੀ। ਕਿਉਂਕਿ ਪਿੰਡ ਦਾ ਛੱਪੜ ਨਿਆਈਂ ਦੀ ਜ਼ਮੀਨ ਨੂੰ ਮੁਅੱਤਰ ਰੱਖਦਾ ਸੀ। ਹੁਣ ਪਿੰਡਾਂ ਦੇ ਲੋਕਾਂ ਨੇ ਛੱਪੜਾਂ ਤੇ ਕਬਜੇ ਕਰ ਲਏ। ਪਿੰਡਾਂ ਦੇ ਗੰਦੇ ਪਾਣੀ ਦੇ ਨਿਕਾਸ ਵਾਸਤੇ ਕਦੇ ਵੀ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ ਕਿ ਪਿੰਡਾਂ ਦੇ ਛੱਪੜਾਂ ਨੂੰ ਬਚਾਉਣਾ ਕਿੰਨਾ ਜ਼ਰੂਰੀ ਹੈ ਅਤੇ ਪਿੰਡਾਂ ਦੇ ਗੰਦੇ ਪਾਣੀ ਦਾ ਨਿਕਾਸ ਕਰਨਾ ਅਤੇ ਉਸ ਦਾ ਇੰਤਜ਼ਾਮ ਕਰਨਾ ਬਹੁਤ ਜ਼ਰੂਰੀ ਹੈ। ਇਥੋਂ ਤੱਕ ਡਿਪਟੀ ਸਪੀਕਰ ਸਾਹਿਬ, ਕਿ ਚੰਡੀਗੜ੍ਹ ਵਰਗਾ ਸ਼ਹਿਰ ਵਸਾਉਣ ਵੇਲੇ ਵੀ ਇਥੋਂ ਦੇ ਗੰਦੇ ਪਾਣੀ ਦੇ ਨਿਕਾਸ ਵਾਸਤੇ ਕੋਈ ਯੋਜਨਾ ਨਹੀਂ ਉਲੀਕੀ ਗਈ। ਮੇਰੀ ਕੰਸਟੀਚਿਊਐਂਸੀ ਵਿਚ ਮੈਂ ਅਕਸਰ ਲੋਕਾਂ ਨੂੰ ਆਖਦਾ ਹੁੰਦਾ ਹਾਂ ਕਿ ਅਸੀਂ ਤਾਂ ਚੰਡੀਗੜ੍ਹ ਦੇ ਸੰਨ੍ਹ ਵਿਚ ਵੱਸਣ ਦਾ ਸਾੜ ਸਹਿ ਰਹੇ ਹਾਂ। ਕਿਸੇ ਨੇ ਇਸ ਦੀ ਲੌਂਗ ਟਰਮ ਪਲਾਨਿੰਗ ਨਹੀਂ ਕੀਤੀ। ਚੰਡੀਗੜ੍ਹ ਦਾ ਜਿਤਨਾ ਵੀ ਗੰਦਾ ਪਾਣੀ ਹੈ, ਉਸ ਨੇ ਖਰੜ ਅਤੇ ਰਾਜਪੁਰੇ ਦੇ ਸਾਰੇ ਇਲਾਕੇ ਦੇ ਸਾਰੇ ਪਾਣੀ ਨੂੰ ਦੂਸ਼ਿਤ ਕਰ ਦਿੱਤਾ ਹੈ। ਉਹ ਪਾਣੀ ਲੋਕਾਂ ਦੇ ਪੀਣ ਦੇ ਕਾਬਲ ਨਹੀਂ ਰਿਹਾ। ਉਥੇ ਅਕਸਰ ਲੋਕਾਂ ਨੂੰ ਅੰਤੜੀਆਂ ਦੀਆਂ ਬਿਮਾਰੀਆਂ ਅਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਲਗ ਰਹੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਹ ਯੋਗ ਹੋਵੇਗਾ ਕਿ ਸਰਕਾਰ ਇਕ ਕੰਪਰੀਹੈਂਸਿਵ ਲੈਜੀਸਲੇਸ਼ਨ ਹਰ ਕਿਸਮ ਦੀ ਪਾਲਿਊਸ਼ਨ ਵਾਸਤੇ ਚਾਹੇ ਉਹ ਹਵਾ ਦਾ ਪਾਲਿਊਸ਼ਨ ਹੈ, ਚਾਹੇ ਅਵਾਜ ਦਾ ਪਾਲਿਊਸ਼ਨ ਹੈ, ਅੱਜ ਤੁਸੀਂ ਘਰਾਂ ਦੇ ਦੁਆਲੇ ਜਿਹੜੇ ਮੈਰਿਜ ਪੈਲੇਸ ਬਣੇ ਹੋਏ ਹਨ ਉਨ੍ਹਾਂ ਵਿਚ ਸਾਰੀ ਸਾਰੀ

ਰਾਤ ਇਤਨੀ ਤੇਜ਼ ਅਵਾਜ਼ ਵਿਚ ਆਰਕੈਸਟਰਾ ਅਤੇ ਡੀ.ਜੇ. ਵਜਦੇ ਹਨ ਕਿ ਜੇਕਰ ਕੋਈ ਇਕਾਂਤ ਵਿਚ ਬੈਠ ਕੇ ਪੜ੍ਹਨਾ ਹੋਵੇ ਜਾਂ ਬੰਦਗੀ ਕਰਨੀ ਹੈ, ਇਕਾਂਤ ਦਾ ਹੁਣ ਸਮਾਂ ਹੀ ਨਹੀਂ ਰਿਹਾ, ਉਸ ਨੂੰ ਇਕਾਂਤ ਦਾ ਸਮਾਂ ਹੀ ਨਹੀਂ ਲੱਭ ਰਿਹਾ। ਰੇਡੀਓ ਦੀ ਪਾਲਿਊਸ਼ਨ, ਲਾਊਡ ਸਪੀਕਰਾਂ ਦੀ ਪਾਲਿਊਸ਼ਨ, ਤੇਜ਼ ਹਾਰਨਾਂ ਦੀ ਪਾਲਿਊਸ਼ਨ ਤੇ ਇਸ ਵਿੱਚ ਸਾਡਾ ਵੀ ਬੜਾ ਰੋਲ ਹੈ। ਜਦੋਂ ਅਸੀਂ ਸੜਕਾਂ ਤੇ ਪਾਲਿਊਸ਼ਨ ਵਿਚ ਅਸੀਂ ਵੀ ਬੜੀ ਤੇਜ਼ ਤੇਜ਼ ਹੂਟਰ ਮਾਰ ਮਾਰ ਕੇ ਲੰਘਦੇ ਹਾਂ। ਮੈਨੂੰ ਇਹ ਸਮਝ ਨਹੀਂ ਆਉਂਦੀ ਇਤਨੇ ਵੱਡੇ ਤੇਜ਼ ਹੂਟਰਾਂ ਦੀ ਕੀ ਜਰੂਰਤ ਹੈ। ਮੈਨੂੰ ਯਾਦ ਹੈ ਇਕ ਵਾਰੀ ਮੈਂ ਸ਼ਿਮਲੇ ਰਿੱਜ ਤੇ ਸੈਰ ਕਰ ਰਿਹਾ ਸੀ। ਫੌਜ ਦਾ ਇਕ ਬੜਾ ਵੱਡਾ ਜਰਨੈਲ ਉਥੋਂ ਗੁਜ਼ਰ ਰਿਹਾ ਸੀ। ਉਸ ਨਾਲ ਗੱਡੀਆਂ ਦਾ ਬੜਾ ਵੱਡਾ ਕਾਫਲਾ ਜਾ ਰਿਹਾ ਸੀ ਤਾਂ ਅਚਾਨਕ ਇਕ ਸਕੂਲ ਦੇ ਬੱਚਿਆਂ ਨੇ ਪੂਰੇ ਦੇ ਪੂਰੇ ਕਾਫਲੇ ਨੂੰ ਰੋਕ ਲਿਆ। ਬੱਚਿਆਂ ਨੇ ਉਸ ਨੂੰ ਸਵਾਲ ਕੀਤਾ ਕਿ Why too much of sound ? ਉਨ੍ਹਾਂ ਜਵਾਬ ਦਿੱਤਾ, Don't you know the Commander-in-Chief of the Western Command, he is passing through. Then a small baby asked the General, "ਓ General, cannot you pass through the mountains like a normal man, what is wrong with you ? ਕੀ ਤੁਸੀਂ ਇਕ ਸਾਧਾਰਨ ਆਦਮੀ ਤਰ੍ਹਾਂ ਨਹੀਂ ਗੁਜਰ ਸਕਦੇ ? ਅਸੀਂ ਵੀ ਆਪਣੀਆਂ ਗੱਡੀਆਂ ਉਤੇ ਇਤਨੇ ਤੇਜ਼ ਅਵਾਜ਼ ਵਿਚ ਹੂਟਰ ਲਗਾਏ ਹੋਏ ਹਨ ਕਿ ਅਸੀਂ ਇਹ ਨਹੀਂ ਵੇਖਦੇ ਕਿ ਅਸੀਂ ਹਸਪਤਾਲ ਕੋਲੋਂ ਲੰਘ ਰਹੇ ਹਾਂ ਜਾਂ ਸਕੂਲ ਕੋਲੋਂ ਲੰਘ ਰਹੇ ਹਾਂ, ਕਾਲਜ ਕੋਲੋਂ ਲੰਘ ਰਹੇ ਹਾਂ ਜਾਂ ਬੱਚੇ ਇਮਤਿਹਾਨ ਦੇ ਰਹੇ ਹਨ। ਕੋਈ ਮਰੀਜ਼ ਹੈ ਉਸ ਦਾ ਇਲਾਜ ਹੋ ਰਿਹਾ ਹੈ। ਕੋਈ ਐਸੀਂ ਜਗ੍ਹਾ ਨਹੀਂ ਜਿਥੇ ਲਿਖਿਆ ਹੋਵੇ ਕਿ ਇਥੇ ਹਾਰਨ ਨਹੀਂ ਵਜਾਉਣਾ ਕਿਸੇ ਵੀ ਸੜਕ ਉਤੇ ਕਿਸੇ ਕਿਸਮ ਦੀ ਕੋਈ ਇੰਡੀਕੇਸ਼ਨ ਨਹੀਂ ਹੈ। ਸਾਨੂੰ ਇਕ ਕੰਪਰੀਹੈਂਸਿਵ ਨੀਤੀ ਤਿਆਰ ਕਰਨੀ ਚਾਹੀਦੀ ਹੈ, ਹਰ ਕਿਸਮ ਦੇ ਪ੍ਰਦੂਸ਼ਨ ਨੂੰ ਰੋਕਣ ਵਾਸਤੇ, ਚਾਹੇ ਉਹ ਪਾਣੀ ਦਾ ਪ੍ਰਦੂਸ਼ਨ ਹੈ, ਚਾਹੇ ਹਵਾ ਦਾ ਪ੍ਰਦੂਸ਼ਣ ਹੈ, ਚਾਹੇ ਸਾਊਂਡ ਦਾ ਹੈ। ਇਸ ਵਾਸਤੇ ਸਾਨੂੰ ਇਕ ਨੀਤੀ ਤਿਆਰ ਕਰਨੀ ਚਾਹੀਦੀ ਹੈ। ਮੈਂ ਮਸ਼ਕੂਰ ਹਾਂ ਜਥੇਦਾਰ ਤੋਤਾ ਸਿੰਘ ਜੀ ਦਾ, ਜਿਨ੍ਹਾਂ ਨੇ ਬਹੁਤ ਹੀ ਖੂਬਸੂਰਤ ਮਤਾ ਲਿਆਂਦਾ ਹੈ ਅਤੇ ਸਾਨੂੰ ਸਾਰਿਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਮਿਲਿਆ ਹੈ। ਮੈਂ ਤੁਹਾਡਾ ਵੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਦੋ ਮਿੰਟ ਇਸ ਮਤੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਬਹੁਤ-ਬਹੁਤ ਧੰਨਵਾਦ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਅਤੇ ਲੋਕ ਨਿਰਮਾਣ ਵਿਭਾਗ (ਭਵਨ ਅਤੇ ਮਾਰਗ) (ਸਰਦਾਰ ਸਾਧੂ ਸਿੰਘ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਬੜੇ ਹੀ ਇਸ ਪਵਿੱਤਰ ਸਦਨ ਦੇ ਵਿੱਚ ਜਿਹੜਾ ਅਹਿਮ ਮਤਾ ਅੱਜ ਲਿਆਂਦਾ ਹੈ..

[ਸਰਦਾਰ ਸਾਧੂ ਸਿੰਘ]

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਸਾਧੂ ਸਿੰਘ ਜੀ, ਤੁਸੀਂ ਪੰਜ ਮਿੰਟ ਵਿੱਚ ਹੀ ਖਤਮ ਕਰ ਲੈਣਾ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਅਤੇ ਲੋਕ ਨਿਰਮਾਣ ਵਿਭਾਗ (ਭਵਨ ਅਤੇ ਮਾਰਗ) (ਸਰਦਾਰ ਸਾਧੂ ਸਿੰਘ)** : ਠੀਕ ਹੈ ਜੀ , ਇਹ ਜਿਹੜਾ ਅਹਿਮ ਮਤਾ ਅੱਜ ਇਸ ਸਦਨ ਵਿੱਚ ਲਿਆਂਦਾ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਮਤਾ ਕਿਸੇ ਦਾ ਵੀ ਆਪਣੀ ਪ੍ਰਸਨਲ ਜ਼ਰੂਰਤ ਵਾਸਤੇ ਨਹੀਂ ਹੈ ਅਤੇ ਨਾ ਹੀ ਕਿਸੇ ਦੇ ਨਿੱਜੀ ਫਾਇਦੇ ਵਾਸਤੇ ਹੈ। ਮੈਂ ਸਮਝਦਾ ਹਾਂ ਕਿ ਇਹ ਮਤਾ ਜੋ ਇਸ ਪਵਿੱਤਰ ਸਦਨ ਵਿਚ ਲਿਆਂਦਾ ਗਿਆ ਹੈ ਇਹ ਮਾਨਵਤਾ ਦੀਆਂ ਕਦਰਾਂ ਕੀਮਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆਂਦਾ ਗਿਆ ਹੈ।

## ANNOUNCEMENT BY THE DEPUTY SPEAKER

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਸਾਧੂ ਸਿੰਘ ਜੀ ਤੁਸੀਂ ਬੈਠੋ। ਹੁਣੇ ਹੁਣੇ ਖਬਰ ਆਈ ਹੈ ਕਿ ਏਅਰ ਕਰੈਸ਼ ਹੋਇਆ ਹੈ ਅਤੇ ਉਸਦੇ ਵਿੱਚ ਹਰਿਆਣਾ ਦੇ ਦੋ ਮਨਿਸਟਰ ਸਾਹਿਬਾਨ ਦੀ ਮ੍ਰਿਤੂ ਹੋ ਗਈ ਹੈ। ਇਸ ਲਈ ਇਹ ਸਦਨ ਤੁਰੰਤ ਐਡਜਰਨ ਕੀਤਾ ਜਾਂਦਾ ਹੈ ਅਤੇ ਹੁਣ ਅਸੀਂ ਕੱਲ੍ਹ ਸਵੇਰੇ 10.00 ਵਜੇ ਰੀ-ਅਸੈਂਬਲ ਹੋਵਾਂਗੇ।

| 2.16 ਵਜੇ ਬਾਅਦ ਦੁਪਹਿਰ |
|---|

*(ਇਸ ਉਪ੍ਰੰਤ ਸਦਨ ਮਿਤੀ 1 ਅਪ੍ਰੈਲ, 2005 ਦੇ 10.00 ਵਜੇ ਸਵੇਰੇ ਤੱਕ ਸਥਗਿਤ ਹੋ ਗਿਆ।)

---

*6519 PVS—Govt. Press, U.T., Chd.*

Published under the authority of the Punjab Vidhan Sabha and printed by the Controller, Printing and Stationery , U.T., Chandigarh.

# PUNJAB VIDHAN SABHA

## DEBATES

*Friday, the 1st April, 2005*

Vol. IX-No. 9

OFFICIAL REPORT

CONTENTS




Punjab Vidhan Sabha Secretariat, Chandigarh.

Price : Rs.—————

## PUNJAB VIDHAN SABHA

*Friday, the 1st April, 2005*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 10.00 A.M. Mr. Speaker (Doctor Kewal Krishan) in the Chair.*

---

## OBITUARY REFERENCES

**ਮਾਨਯੋਗ ਸਪੀਕਰ :** ਕੱਲ ਹੋਏ ਹਾਦਸੇ ਦੇ ਸਬੰਧ ਵਿੱਚ ਓਬਿਚਰੀ ਰੈਫਰੈਂਸ ਚੌਧਰੀ ਸਾਹਿਬ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ) :** ਮਾਨਯੋਗ ਸਪੀਕਰ ਸਾਹਿਬ, ਕੱਲ੍ਹ ਹੈਲੀਕਾਪਟਰ ਹਾਦਸੇ ਵਿੱਚ ਹਰਿਆਣੇ ਦੀਆਂ ਦੋ ਅਜ਼ੀਮ ਸ਼ਖਸੀਅਤਾਂ, ਹਰਿਆਣੇ ਦੇ ਦੋ ਉਘੇ ਮੰਤਰੀਆਂ ਅਤੇ ਪਾਇਲਟ ਕਰਨਲ ਟੀ.ਐਸ. ਚੌਹਾਨ ਦੀ ਮਿਰਤੂ ਹੋ ਗਈ ਹੈ । ਮਾਨਯੋਗ ਸਪੀਕਰ ਸਾਹਿਬ, ਇਹ ਬੜਾ ਵੱਡਾ ਦੁਖਾਂਤ ਹੈ । ਇਸ ਦੁਖਾਂਤ ਵਿੱਚ ਸ੍ਰੀ ਸੁਰਿੰਦਰ ਸਿੰਘ ਚੌਧਰੀ ਜੀ ਦੀ ਮਿਰਤੂ ਹੋਈ ਹੈ । ਉਹ ਹਰਿਆਣੇ ਦੇ ਖੇਤੀਬਾੜੀ ਮੰਤਰੀ ਸਨ ਅਤੇ ਸਾਡੇ ਸਤਿਕਾਰਯੋਗ ਸਾਬਕਾ ਮੁੱਖ ਮੰਤਰੀ, ਹਰਿਆਣਾ, ਚੌਧਰੀ ਬੰਸੀ ਲਾਲ ਜੀ ਦੇ ਸਪੁੱਤਰ ਸਨ । ਉਨ੍ਹਾਂ ਦਾ ਜਨਮ ਗੋਲਗੜ੍ਹ ਵਿਖੇ ਮਿਤੀ 25.7.1946 ਨੂੰ ਹੋਇਆ ਸੀ । ਉਹ ਐਮ.ਏ., ਐਲ.ਐਲ.ਬੀ. ਸਨ । ਉਹ ਬੜੇ ਵੱਡੇ ਸਮਾਜ ਸੇਵਕ ਸਨ । ਉਨ੍ਹਾਂ ਨੇ ਹਰਿਆਣੇ ਦੇ ਹਰ ਖੇਤਰ ਵਿੱਚ ਬੜਾ ਵੱਡਾ ਨਾਂ ਕਮਾਇਆ । ਉਨ੍ਹਾਂ ਨੇ ਸਮਾਜਿਕ ਖੇਤਰ ਵਿਚ, ਰਾਜਨੀਤਿਕ ਖੇਤਰ ਅਤੇ ਹੋਰ ਖੇਤਰਾਂ ਵਿਚ ਵੀ ਨਾਂ ਕਮਾਇਆ । ਉਹ ਇੱਕ ਨੌਜਵਾਨ ਲੀਡਰ ਸਨ ਔਰ ਬੜੇ ਉਭਰਵੇਂ ਲੀਡਰ ਸਨ । ਮਾਨਯੋਗ ਸਪੀਕਰ ਸਾਹਿਬ, ਉਹ ਬੜੀ ਦੇਰ ਕੁਰੂਕਸ਼ੇਤਰ ਯੂਨੀਵਰਸਿਟੀ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਰਹੇ । ਉਹ ਹਰਿਆਣਾ ਵਾਲੀਬਾਲ ਐਸੋਸੀਏਸ਼ਨ ਦੇ ਸੈਕਟਰੀ ਰਹੇ ਹਰਿਆਣਾ ਓਲੰਪਿਕ ਐਸੋਸ਼ੀਏਸ਼ਨ ਦੇ ਸੈਕਟਰੀ ਰਹੇ । ਉਹ ਹਰਿਆਣਾ ਰੈਸਲਿੰਗ ਐਸੋਸੀਏਸ਼ਨ ਦੇ ਵਾਈਸ ਪ੍ਰਧਾਨ ਰਹੇ । ਉਹ ਆਲ ਇੰਡੀਆ ਓਲੰਪਿਕ ਐਸੋਸੀਏਸ਼ਨ ਦੇ ਮੈਂਬਰ ਰਹੇ । ਇਸ ਤੋਂ ਇਲਾਵਾ ਉਹ ਬਾਰ ਕੌਂਸਲ ਆਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਮੈਂਬਰ ਰਹੇ ਅਤੇ ਯੂਥ ਕਾਂਗਰਸ ਦੇ 1973 ਤੋਂ 1977 ਤੱਕ ਜਨਰਲ ਸੈਕਟਰੀ ਰਹੇ । ਉਹ ਹਰਿਆਣੇ ਦੇ ਪਹਿਲਾਂ ਵੀ ਕੈਬਨਿਟ ਮੰਤਰੀ ਬਣ ਚੁੱਕੇ ਸਨ ਅਤੇ ਬਤੌਰ ਕੈਬਨਿਟ ਮੰਤਰੀ 6.7.1982 ਤੋਂ 2.7.1983 ਰਹੇ । ਉਹ 1988 ਤੋਂ 1992 ਤੱਕ ਰਾਜ ਸਭਾ ਦੇ ਮੈਂਬਰ ਰਹੇ । ਇਸ ਤੋਂ ਇਲਾਵਾ ਉਹ ਲੋਕ ਸਭਾ ਦੇ ਮੈਂਬਰ ਵਜੋਂ ਵੀ ਚੁਣੇ ਗਏ ਔਰ ਹਰ ਖੇਤਰ ਵਿਚ ਉਨ੍ਹਾਂ ਨੇ ਕਾਫ਼ੀ ਯੋਗਦਾਨ ਪਾਇਆ । ਉਨ੍ਹਾਂ ਨੇ ਹਰਿਆਣਾ ਦੀ ਡਿਵੈਲਪਮੈਂਟ ਵਾਸਤੇ, ਹਰਿਆਣੇ ਦੀ ਤਰੱਕੀ ਵਾਸਤੇ ਇੱਕ ਨੌਜਵਾਨ ਲੀਡਰ ਦੇ ਤੌਰ ਤੇ ਕਈ ਦੇਣਾਂ ਦਿੱਤੀਆਂ । ਉਨ੍ਹਾਂ ਦਾ ਪਾਲਣ-ਪੋਸ਼ਣ ਚੌਧਰੀ ਬੰਸੀ ਲਾਲ ਜੀ ਦੀ ਨਿਗਰਾਨੀ

[ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ]

ਹੇਠ ਹੋਇਆ । ਇਸ ਲਈ ਵਿਰਸੇ ਵਿਚ ਹੀ ਉਨ੍ਹਾਂ ਨੂੰ ਸਿਆਸੀ ਸੂਝ-ਬੂਝ ਮਿਲਣ ਕਾਰਨ ਉਨ੍ਹਾਂ ਨੇ ਕਈ ਪੁਲਾਂਘਾਂ ਪੁੱਟੀਆਂ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਜਾਣ ਨਾਲ ਇੱਕ ਬਹੁਤ ਵੱਡਾ ਸਿਆਸਤਦਾਨ ਸਾਡੇ ਵਿਚੋਂ ਚਲਾ ਗਿਆ ਹੈ, ਇੱਕ ਬਹੁਤ ਵੱਡਾ ਲੀਡਰ, ਸਮਾਜ ਸੇਵੀ ਸਾਡੇ ਵਿਚੋਂ ਚਲਾ ਗਿਆ ਹੈ । ਉਨ੍ਹਾਂ ਦੇ ਮਨ ਵਿਚ ਹਰਿਆਣੇ ਲਈ ਬਹੁਤ ਉਮੰਗਾਂ ਸਨ, ਜਿਨ੍ਹਾਂ ਦੀ ਉਹ ਪੂਰਤੀ ਕਰਨਾ ਚਾਹੁੰਦੇ ਸੀ । ਮੈਂ ਉਨ੍ਹਾਂ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਬੜੇ ਡੂੰਘੇ ਦੁਖ ਦਾ ਪ੍ਰਗਟਾਵਾ ਕਰਦਾ ਹਾਂ । ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇੱਕ ਰੇਜ਼ੋਲਿਊਸ਼ਨ ਪਾਸ ਕਰਕੇ ਉਨ੍ਹਾਂ ਦੀ ਫੈਮਿਲੀ ਨੂੰ ਭੇਜਿਆ ਜਾਵੇ ਕਿਉਂਕਿ ਇਹ ਬੜਾ ਡੂੰਘਾ ਦੁਖ ਹੈ ਅਤੇ ਨਾ-ਸਹਾਰਨਯੋਗ ਦੁਖ ਹੈ ।

ਮਾਨਯੋਗ ਸਪੀਕਰ ਸਾਹਿਬ, ਹਰਿਆਣੇ ਦੇ ਬਿਜਲੀ ਮੰਤਰੀ ਸ਼੍ਰੀ ਓਮ ਪ੍ਰਕਾਸ਼ ਜੀ ਜਿੰਦਲ ਵੀ ਇਸ ਹਾਦਸੇ ਦਾ ਸ਼ਿਕਾਰ ਹੋਏ ਹਨ । ਉਹ ਹਰਿਆਣੇ ਦੇ ਪਿੰਡ ਨਲਵਾ ਵਿਚ ਮਿਤੀ 7 ਅਗਸਤ, 1930 ਨੂੰ ਪੈਦਾ ਹੋਏ । ਉਨ੍ਹਾਂ ਨੇ ਹਰਿਆਣੇ ਲਈ ਬੜੀਆਂ ਸੇਵਾਵਾਂ ਕੀਤੀਆਂ, ਉਹ ਇੱਕ ਬਹੁਤ ਵੱਡੇ ਇੰਡਸਟਰੀਅਲਿਸਟ ਸਨ ਅਤੇ ਉਨ੍ਹਾਂ ਨੇ ਹਰਿਆਣੇ ਦੀ ਤਰੱਕੀ ਵਿਚ ਬਹੁਤ ਵੱਡਾ ਯੋਗਦਾਨ ਪਾਇਆ । ਹਰਿਆਣੇ ਵਿਚ ਇੰਡਸਟਰੀ ਲਿਆਉਣ ਵਿਚ ਵੀ ਉਨ੍ਹਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ । ਮਾਨਯੋਗ ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਸਕੂਲ ਖੋਲ੍ਹੇ, ਹਸਪਤਾਲ ਖੋਲ੍ਹੇ, ਸਮਾਜ ਦੀ ਸੇਵਾ ਕੀਤੀ ਅਤੇ ਸਪੀਕਰ ਸਾਹਿਬ, ਉਹ ਹਰਿਆਣ ਵਿਚ ਸਨਅਤ ਦੀ ਤਰੱਕੀ ਵਾਸਤੇ ਅੱਗੇ ਵਧੇ ਔਰ ਖੇਲਾਂ ਨੂੰ ਬੜ੍ਹਾਵਾ ਦੇਣ ਵਾਸਤੇ ਹਾਕੀ, ਵਾਲੀਬਾਲ, ਕਬੱਡੀ ਆਦਿ ਇਨ੍ਹਾਂ ਸਾਰੇ ਖੇਤਰਾਂ ਵਿੱਚ ਉਹ ਬੜਾ ਵੱਡਾ ਯੋਗਦਾਨ ਪਾਉਂਦੇ ਰਹੇ ਹਨ । ਉਹ ਖਿਡਾਰੀਆਂ ਦੀ ਮਦਦ ਕਰਦੇ ਰਹੇ ਹਨ । ਇਨ੍ਹਾਂ ਖੇਡਾਂ ਨੂੰ ਅੱਗੇ ਲਿਜਾਉਣ ਵਾਸਤੇ ਉਨ੍ਹਾਂ ਨੇ ਬਹੁਤ ਵੱਡਾ ਉਪਰਾਲਾ ਕੀਤਾ । ਸਪੀਕਰ ਸਾਹਿਬ, ਉਹ ਜਿੰਦਲ ਸਟਰਿਪਸ ਦੇ ਚੇਅਰਮੈਨ ਅਤੇ ਮੈਨੇਜ਼ਿੰਗ ਡਾਇਰੈਕਟਰ ਸਨ । ਉਨ੍ਹਾਂ ਨੇ ਹਰਿਆਣੇ ਵਿਚ ਬੜੀ ਤਰੱਕੀ ਕੀਤੀ । ਉਹ ਓ.ਪੀ. ਜਿੰਦਲ ਟਰੱਸਟ, ਹਿਸਾਰ ਦੇ ਟਰੱਸਟੀ ਅਤੇ ਐਮ.ਸੀ. ਜਿੰਦਲ ਟਰੱਸਟ, ਨਿਊ ਦਿੱਲੀ ਦੇ ਵੀ ਟਰੱਸਟੀ ਸਨ । ਜੋ ਟੈਕਨੀਕਲ ਕਾਨਫਰੰਸਾਂ ਹੁੰਦੀਆਂ ਸਨ, ਨਵੇਂ ਯੁੱਗ ਦੀਆਂ ਟੈਕਨੀਕਲ ਦੀਆਂ ਅਤੇ ਸਾਇੰਸ ਦੀਆਂ, ਜਿਸ ਨਾਲ ਅਸੀਂ ਇੰਡਸਟਰੀ ਦਾ ਨਵੀਨੀਕਰਨ ਕਰ ਰਹੇ ਹਾਂ, ਉਸ ਵਿੱਚ ਉਨ੍ਹਾਂ ਨੇ ਬੜਾ ਹਿੱਸਾ ਲਿਆ । ਉਹ ਬਾਹਰਲੇ ਮੁਲਕਾਂ ਵਿੱਚ ਸਾਰੇ ਸਮੇਂ ਵਿਚ ਜਾਂਦੇ ਰਹੇ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਜਾਣ ਨਾਲ ਹਰਿਆਣੇ ਨੂੰ ਅਤੇ ਸਾਡੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ । ਸਾਡੇ ਵਿਚੋਂ ਇਸ ਤਰ੍ਹਾਂ ਦਾ ਇੰਡਸਟਰੀਲਿਸਟ ਚਲਾ ਗਿਆ ਹੈ, ਜਿਸ ਦਾ ਸਮਾਜ ਵਿਚ ਬੜਾ ਯੋਗਦਾਨ ਸੀ । ਉਹ ਬਹੁਤ ਅੱਛੇ ਪਾਰਲੀਮੈਂਟੇਰੀਅਨ ਸਨ, ਬਹੁਤ ਅੱਛੇ ਐਡਮਨਿਸਟਰੇਟਰ ਸਨ ਅਤੇ ਅੱਛੇ ਸਮਾਜ ਸੇਵਕ ਸਨ । ਉਹ ਅੱਜ ਸਾਡੇ ਵਿਚੋਂ ਚਲੇ ਗਏ ਹਨ, ਉਨ੍ਹਾਂ ਦੇ ਲਈ ਮੈਂ ਬੜੇ ਡੂੰਘੇ ਦੁਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਿੱਛੇ ਰਹਿ

ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । ਮਾਨਯੋਗ ਸਪੀਕਰ ਸਾਹਿਬ, ਇਥੋਂ ਸ਼ੋਕ ਪ੍ਰਸਤਾਵ ਪਾਸ ਕਰਕੇ ਦੁਖੀ ਪ੍ਰਵਾਰਾਂ ਨੂੰ ਭੇਜਿਆ ਜਾਵੇ ਅਤੇ ਉਨ੍ਹਾਂ ਦੇ ਨਾਲ ਹਮਦਰਦੀ ਕੀਤੀ ਜਾਵੇ । ਜਿਹੜਾ ਪਾਇਲਟ ਸੀ, ਉਸ ਦੇ ਪਰਿਵਾਰ ਦੇ ਦੁਖ ਵਿੱਚ ਵੀ ਅਸੀਂ ਹਿੱਸਾ ਪਾਉਂਦੇ ਹਾਂ ਅਤੇ ਜਿਹੜੇ ਜ਼ਖਮੀ ਹੋਏ ਹਨ, ਉਨ੍ਹਾਂ ਦੇ ਨਾਲ ਵੀ ਸਾਡੀ ਪੂਰੀ ਹਮਦਰਦੀ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਕਹਿੰਦਾ ਹਾਂ ਕਿ ਇਹ ਮਤਾ ਯੂਨਾਨੀ-ਮਸਲੀ ਪਾਸ ਕਰਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜਿਆ ਜਾਵੇ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਮਾਨਯੋਗ ਸਪੀਕਰ ਸਾਹਿਬ, ਕੱਲ੍ਹ ਜੋ ਦਰਦਨਾਕ ਦਿਲ ਹਿਲਾਉਣ ਵਾਲੀ ਘਟਨਾ ਹੋਈ ਹੈ, ਉਸ ਦਾ ਸਾਰੇ ਦੇਸ਼ ਨੂੰ ਹੀ ਬਹੁਤ ਅਫਸੋਸ ਤੇ ਗਹਿਰਾ ਦੁਖ ਹੋਇਆ ਹੈ । ਇਹ ਮੌਤਾਂ ਜੋ ਹੋਈਆਂ ਹਨ, ਇਹ ਅਚਾਨਕ ਹੋਈਆਂ ਹਨ, ਦਰਦਨਾਕ ਹੋਈਆਂ ਹਨ ਅਤੇ ਇਨ੍ਹਾਂ ਦਾ ਦੁਖ ਜਿਹੜਾ ਹੈ, ਇਹ ਅਕਹਿ ਹੈ, ਅਸਹਿ ਹੈ ।

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥

ਥੋੜੇ ਦਿਨ ਪਹਿਲਾਂ ਹੀ ਉਨ੍ਹਾਂ ਨੇ ਬੜੇ ਚਾਅ ਨਾਲ, ਸ਼ੌਕ ਨਾਲ ਮਨਿਸਟਰੀ ਦੇ ਹਲਫ ਲਏ ਸਨ ਪਰ ਪਤਾ ਨਹੀਂ ਸੀ ਕਿ ਥੋੜ੍ਹੇ ਦਿਨ ਬਾਅਦ ਇਹ ਭਾਣਾ ਵਰਤ ਜਾਣਾ ਹੈ । ਸ਼੍ਰੀ ਸੁਰਿੰਦਰ ਸਿੰਘ ਜੀ, ਜੋ ਸਾਬਕਾ ਮੁੱਖ ਮੰਤਰੀ, ਹਰਿਆਣਾ ਚੌਧਰੀ ਬੰਸੀ ਲਾਲ ਜੀ ਦੇ ਸਪੁੱਤਰ ਸਨ ਔਰ ਬਹੁਤ ਹੀ ਕੁਸ਼ਲ ਸਨ, ਥੋੜ੍ਹੇ ਸਮੇਂ ਦੀ ਸਿਆਸੀ ਜ਼ਿੰਦਗੀ ਵਿਚ ਉਨ੍ਹਾਂ ਨੇ ਬਹੁਤ ਹੀ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ । ਉਹ ਕਈ ਦਫ਼ਾ ਪਹਿਲਾਂ ਹਰਿਆਣਾ ਅਸੰਬਲੀ ਦੇ ਮੈਂਬਰ ਵੀ ਬਣੇ, ਪਾਰਲੀਮੈਂਟ ਦੇ ਮੈਂਬਰ ਵੀ ਬਣੇ ਅਤੇ ਰਾਜ ਸਭਾ ਦੇ ਮੈਂਬਰ ਵੀ ਬਣੇ । ਉਹ ਪਹਿਲਾਂ ਮਨਿਸਟਰ ਵੀ ਰਹੇ ਹਨ ਔਰ ਇਕੱਲੇ ਸਿਆਸੀ ਨਹੀਂ, ਸਮਾਜਿਕ ਕੰਮਾਂ ਵਿਚ ਵੀ ਬਹੁਤ ਦਿਲਚਸਪੀ ਲੈਂਦੇ ਸੀ । ਇਨ੍ਹਾਂ ਨੂੰ ਹਰਿਆਣੇ ਦਾ ਆਉਣ ਵਾਲਾ ਫਿਊਚਰ ਵੀ ਕਿਹਾ ਜਾ ਸਕਦਾ ਹੈ । ਇਸ ਤਰ੍ਹਾਂ ਦੇ ਉਭਰ ਰਹੇ ਸਿਆਸਤਦਾਨ ਦੀ ਇਸ ਸਮੇਂ ਮੌਤ ਹੋ ਜਾਣੀ, ਇਹ ਬਹੁਤ ਹੀ ਭਿਆਨਕ ਹੈ । ਇਸੇ ਤਰ੍ਹਾਂ ਜਿੰਦਲ ਸਾਹਿਬ, ਜੋ ਕਿ ਬਹੁਤ ਵੱਡੇ ਇੰਡਸਟਰੀਲਿਸਟ ਸਨ, ਉਹ ਦੇਸ਼ ਦੀ ਸਿਆਸਤ ਵਿਚ ਵੀ ਬੜਾ ਵੱਡਾ ਹਿੱਸਾ ਲੈਂਦੇ ਸਨ । ਉਹ ਵੀ ਰਾਜ ਸਭਾ ਦੇ, ਪਾਰਲੀਮੈਂਟ ਦੇ ਅਤੇ ਅਸੰਬਲੀ ਦੇ ਮੈਂਬਰ ਇਸੇ ਤਰ੍ਹਾਂ ਬਣਦੇ ਰਹੇ ਹਨ ਅਤੇ ਪਬਲਿਕ ਦੀ ਨੁਮਾਇੰਦਗੀ ਕਰਦੇ ਰਹੇ ਹਨ । ਉਨ੍ਹਾਂ ਦੇ ਚਲੇ ਜਾਣ ਦਾ ਵੀ ਬੜਾ ਭਾਰੀ ਦੁਖ ਹੈ । ਜਿੰਦਲ ਸਾਹਿਬ ਦੀ ਜੋ ਜ਼ਿੰਦਗੀ ਹੈ, ਉਨ੍ਹਾਂ ਨੇ ਸਕਰੈਪ ਤੋਂ ਸ਼ੁਰੂ ਕੀਤੀ ਸੀ ਅਤੇ ਅੱਜ ਹਿੰਦੁਸਤਾਨ ਦੇ ਨਾਮਵਰ ਇੰਡਸਟਰੀਲਿਸਟਾਂ ਵਿੱਚ ਉਨ੍ਹਾਂ ਦਾ ਨਾਮ ਹੈ । ਐਜੂਕੇਸ਼ਨ ਦੇ ਵਿਚ ਵੀ ਉਨ੍ਹਾਂ ਨੇ ਬਹੁਤ ਸਕੂਲ ਅਤੇ ਕਾਲਜ ਖੋਲ੍ਹੇ ਹਨ । ਸੋ, ਅਜਿਹੀਆਂ ਬਹੁਤ ਹੀ ਘੱਟ ਸਖਸ਼ੀਅਤਾਂ ਹੁੰਦੀਆਂ ਹਨ ਜਿਹੜੀਆਂ ਪਾਲਿਟਿਕਸ ਦੇ ਵਿਚ ਵੀ ਚੋਟੀ ਤੇ ਜਾ ਪਹੁੰਚਣ, ਕਾਰੋਬਾਰ ਵਿਚ ਵੀ ਚੋਟੀ ਤੇ ਜਾ ਪਹੁੰਚਣ ਅਤੇ ਸਮਾਜ ਸੇਵਾ ਦੇ ਵਿਚ ਵੀ ਚੋਟੀ ਤੇ ਜਾ ਪਹੁੰਚਣ । ਇਹ ਮਿਸਾਲ ਜਿਹੜੀ ਹੈ ਇਹ ਸਿਰਫ਼ ਜਿੰਦਲ ਸਾਹਿਬ ਦੀ ਮਿਸਾਲ ਹੈ । ਉਨ੍ਹਾਂ ਦੇ ਨਾਲ ਇੱਕ ਪਾਇਲਟ ਸ਼੍ਰੀ ਚੌਹਾਨ ਸਾਹਿਬ ਵੀ ਇਸ ਘਟਨਾ ਵਿਚ ਅਕਾਲ ਚਲਾਣਾ ਕਰ ਗਏ ਹਨ, ਉਨ੍ਹਾਂ ਦਾ ਵੀ ਬੜਾ ਭਾਰੀ ਦੁਖ ਹੈ । ਹੋਰ ਵੀ,

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਦੋ ਸੱਜਣ ਜਿਹੜੇ ਇਸ ਵਿਚ ਸਫ਼ਰ ਕਰ ਰਹੇ ਸਨ, ਵਾਹਿਗੁਰੂ ਉਨ੍ਹਾਂ ਨੂੰ ਜ਼ਿੰਦਗੀ ਬਖਸ਼ੇ, ਉਹ ਵੀ ਇਸ ਐਕਸੀਡੈਂਟ, ਘਟਨਾ ਵਿਚ ਜ਼ਖਮੀ ਹੋਏ ਹਨ । ਇਸ ਲਈ ਇਹ ਬਹੁਤ ਵੱਡੀ ਦੁਰਘਟਨਾ ਹੈ । ਮੈਂ ਤਾਂ ਇਹ ਹੀ ਬੇਨਤੀ ਕਰਾਂਗਾ ਕਿ ਕਿਉਂਕਿ ਹਰਿਆਣਾ ਸਾਡਾ ਹਮਸਾਇਆ ਸੂਬਾ ਹੈ, ਹਮਸਾਇਆ ਸੂਬਾ ਹੋਣ ਦੇ ਨਾਤੇ ਤੇ, ਇਨਸਾਨੀਅਤ ਦੇ ਤੌਰ ਤੇ, ਮਾਨਯੋਗ ਸਪੀਕਰ ਸਾਹਿਬ, ਸ਼ਾਇਦ ਹੀ ਇਸ ਤਰ੍ਹਾਂ ਦੀ ਘਟਨਾ ਕਦੇ ਪਹਿਲਾਂ ਵਾਪਰੀ ਹੋਵੇ, ਬਤੌਰ ਰਿਸਪੈਕਟ ਦੇ ਅੱਜ ਜਿਹੜਾ ਹਾਊਸ ਹੈ, ਉਸ ਨੂੰ ਛੁੱਟੀ ਕਰ ਦੇਣੀ ਚਾਹੀਦੀ ਹੈ । ਇੱਕ ਦਿਨ ਹੋਰ ਲਗ ਜਾਵੇਗਾ, ਹਾਊਸ ਦੀ ਕੋਈ ਗੱਲ ਨਹੀਂ ਹੈ । ਲੇਕਿਨ ਇਹ ਚੰਗਾ ਹੋਵੇਗਾ, ਅਸੀਂ ਵੀ ਉਨ੍ਹਾਂ ਦਾ ਉਤਨਾ ਹੀ ਸਤਿਕਾਰ ਕਰਦੇ ਹਾਂ ਜਿੰਨਾ ਕਿ ਗਵਾਂਢੀ ਸੂਬੇ ਦੇ ਲੋਕ ਉਨ੍ਹਾਂ ਦਾ ਸਤਿਕਾਰ ਕਰਦੇ ਹਨ, ਇਸ ਲਈ ਮੇਰੀ ਬੇਨਤੀ ਹੈ ਅਤੇ ਜੇਕਰ ਪ੍ਰਵਾਨ ਹੋਵੇ ਤਾਂ ਜੋ ਅੱਜ ਸੈਸ਼ਨ ਹੈ ਇਹ ਨਾ ਹੀ ਹੋਵੇ ਤਾਂ ਚੰਗਾ ਹੋਵੇਗਾ ।

(ਕੁਝ ਆਵਾਜ਼ਾਂ : ਚੌਧਰੀ ਸਾਹਿਬ, ਇਹ ਤੁਸੀਂ ਕਰ ਹੀ ਦਿਓ ।)

**ਸਰਦਾਰ ਗੁਰਦੇਵ ਸਿੰਘ ਬਾਦਲ** (ਬੈਠੇ ਬੈਠੇ) : ਚੌਧਰੀ ਸਾਹਿਬ, ਉਨ੍ਹਾਂ ਨੇ ਕਿਹੜੇ ਵਾਪਸ ਆਉਣਾ ਹੈ, ਇਸ ਲਈ ਅੱਜ ਸੈਸ਼ਨ ਨਾ ਹੀ ਕਰੋ ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਸਪੀਕਰ ਸਾਹਿਬ, ਕੱਲ ਇੱਕ ਬਹੁਤ ਹੀ ਦਰਦਨਾਕ ਹਾਦਸਾ ਵਾਪਰਿਆ ਹੈ ਕਿ ਇੱਕ ਹੈਲੀਕਾਪਟਰ ਜਿਸ ਦੇ ਵਿੱਚ ਬਹੁਤ ਹੀ ਉੱਘੀਆਂ ਸਖਸ਼ੀਅਤਾਂ, ਸਾਡੇ ਗਵਾਂਢੀ ਸੂਬੇ ਤੋਂ ਸਰਕਾਰ ਦੇ ਦੋ ਮੰਤਰੀ ਅਤੇ ਉਨ੍ਹਾਂ ਦੇ ਨਾਲ ਕੁਝ ਹੋਰ ਵਿਅਕਤੀ ਕੁੱਲ ਅੱਠ ਲੋਕ ਜਾ ਰਹੇ ਸਨ । ਉਸ ਹੈਲੀਕਾਪਟਰ ਦੇ ਵਿੱਚ ਨੁਕਸ ਪੈ ਜਾਣ ਕਾਰਨ ਬੜੀ ਭਾਰੀ ਦੁਰਘਟਨਾ ਹੋਈ ਹੈ ਜਿਸ ਦੇ ਵਿੱਚ ਤਿੰਨ ਮਹਾਨ ਸਖਸ਼ੀਅਤਾਂ ਅਕਾਲ ਚਲਾਣਾ ਕਰ ਗਈਆਂ ਹਨ । ਜਿਸ ਦੇ ਵਿੱਚ ਪਾਇਲਟ ਕਰਨਲ ਸ਼੍ਰੀ ਟੀ.ਐਸ. ਚੌਹਾਨ, ਸ਼੍ਰੀ ਸੁਰਿੰਦਰ ਸਿੰਘ, ਐਗਰੀਕਲਚਰਲ ਮਨਿਸਟਰ ਅਤੇ ਸ਼੍ਰੀ ਓ.ਪੀ. ਜਿੰਦਲ, ਜਿਨ੍ਹਾਂ ਦੇ ਬਾਰੇ ਬਾਦਲ ਸਾਹਿਬ ਨੇ ਵੀ ਔਰ ਚੌਧਰੀ ਸਾਹਿਬ ਨੇ ਵੀ ਕਾਫੀ ਚਾਨਣਾ ਪਾਇਆ ਹੈ । ਸਪੀਕਰ ਸਾਹਿਬ, ਮੈਂ ਜ਼ਾਤੀ ਤੌਰ ਤੇ ਉਨ੍ਹਾਂ ਦੇ ਨਾਲ ਇਸ ਗੱਲੋਂ ਜੁੜਿਆ ਹੋਇਆ ਹਾਂ ਕਿ ਮੈਂ ਜਦੋਂ 1976 ਦੇ ਵਿੱਚ ਲਾਅ ਕੀਤੀ ਤਾਂ ਮੈਨੂੰ ਲਾਇਸੰਸ ਬਤੌਰ ਚੇਅਰਮੈਨ ਦੇ ਉਨ੍ਹਾਂ ਨੇ ਆਪਣੇ ਹੱਥੀਂ ਦਿੱਤਾ ਸੀ ਉਦੋਂ ਤੋਂ ਮੇਰਾ ਉਸ ਸਖਸ਼ੀਅਤ ਨਾਲ ਬੜਾ ਲਗਾਵ ਪੈ ਗਿਆ ਸੀ । ਉਨ੍ਹਾਂ ਨੇ ਰਾਜਨੀਤੀ ਦੀਆਂ ਚੁਣੀਆਂ ਹੋਈਆਂ ਪੋਸਟਾਂ ਦੇ ਉਪਰ ਆਪਣਾ ਬੜਾ ਵੱਡਾ ਯੋਗਦਾਨ ਪਾਇਆ । ਉਹ ਬਤੌਰ ਐਮ.ਐਲ.ਏ. ਵੀ ਰਹੇ, ਲੋਕ ਸਭਾ ਦੇ ਮੈਂਬਰ ਵੀ ਰਹੇ, ਰਾਜ ਸਭਾ ਦੇ ਮੈਂਬਰ ਵੀ ਰਹੇ ਯਾਨੀ ਕਿ ਉਨ੍ਹਾਂ ਨੇ ਹਰ ਖੇਤਰ ਵਿੱਚ, ਰਾਜਨੀਤੀ ਦੇ ਖੇਤਰ ਵਿੱਚ ਆਪਣੀ ਪੂਰੀ ਇਮਾਨਦਾਰੀ ਦੇ ਨਾਲ, ਪੂਰੀ ਲਿਆਕਤ ਦੇ ਨਾਲ ਆਪਣੀ ਧਾਕ ਬਣਾਈ ਹੋਈ ਸੀ । ਸਪੀਕਰ ਸਾਹਿਬ, ਉਹ ਹਰਿਆਣੇ ਦੀ ਰਾਜਨੀਤੀ ਦੀ ਰੀੜ੍ਹ ਦੀ ਹੱਡੀ ਸਨ । ਇਸੇ ਤਰ੍ਹਾਂ ਸ਼੍ਰੀ ਓ.ਪੀ. ਜਿੰਦਲ, ਜਿਹੜੇ ਕਿ ਇੱਕ ਸਧਾਰਨ ਬਿਜ਼ਨੈਸ ਤੋਂ ਉਪਰ ਉਠ ਕੇ, ਬੜੀ ਦੂਰ-ਦਰਸ਼ਤਾ ਦੇ ਨਾਲ ਉਨ੍ਹਾਂ ਨੇ ਆਪਣੇ ਬਿਜ਼ਨੈਸ ਨੂੰ ਵਧਾਇਆ

ਔਰ ਦੇਸ਼ ਅਤੇ ਵਿਦੇਸ਼ ਦੇ ਵਿੱਚ ਬੜੇ ਵੱਡੇ ਯੂਨਿਟ ਸਥਾਪਿਤ ਕੀਤੇ । ਉਨ੍ਹਾਂ ਦਾ ਸਟੀਲ ਦੀ ਇੰਡਸਟਰੀ ਦੇ ਖੇਤਰ ਵਿਚ ਆਪਣਾ ਹੀ ਨਾਂ ਸੀ ਅਤੇ ਅੱਜ ਵੀ ਜਿੰਦਲ ਸਾਹਿਬ ਦਾ ਬਿਜ਼ਨੈਸ ਜਿੰਦਲ ਸਟੀਲ ਦੇ ਨਾਂ ਤੇ ਕਾਇਮ ਹੈ । ਉਹ ਕੇਵਲ ਬਿਜਨੈਸਮੈਨ ਹੀ ਨਹੀਂ ਸਨ, ਉਹ ਬਹੁਤ ਵੱਡੇ ਐਜੂਕੇਸ਼ਨਿਸ਼ਟ ਵੀ ਸਨ, ਉਹ ਖੇਡਾਂ ਨੂੰ ਸਪੋਰਟ ਕਰਨ ਵਾਲੇ ਸਨ । ਸਪੀਕਰ ਸਾਹਿਬ ਇਹ ਦੋਵੇਂ ਹਰਿਆਣਾ ਸਰਕਾਰ ਵਿੱਚ ਮੰਤਰੀ ਸਨ, ਜਿਨ੍ਹਾਂ ਨੇ ਹਾਲੇ ਨਵੀਂ ਸਰਕਾਰ ਬਣਨ ਤੋਂ ਬਾਅਦ ਜੋ ਸਰਕਾਰ ਦੀਆਂ ਨੀਤੀਆਂ, ਸਰਕਾਰ ਪ੍ਰੋਗਰਾਮ ਲੈ ਕੇ ਆਈ ਸੀ, ਉਨ੍ਹਾਂ ਨੂੰ ਇੰਪਲੀਮੈਂਟ ਕਰਾਉਣਾ ਸੀ ਅਤੇ ਉਸ ਵਿਚ ਆਪਣਾ ਵੱਡਾ ਯੋਗਦਾਨ ਪਾਉਣਾ ਸੀ । ਉਨ੍ਹਾਂ ਸ਼ਖਸੀਅਤਾਂ ਤੋਂ ਸਾਡਾ ਗਵਾਂਢੀ ਸੂਬਾ ਵੰਚਿਤ ਹੋ ਗਿਆ ਹੈ ਇਹ ਬਹੁਤ ਦੁਖ ਦੀ ਗੱਲ ਹੈ । ਸਾਡੀ ਪਾਰਟੀ ਦੇ ਨੈਸ਼ਨਲ ਲੀਡਰਾਂ ਅਡਵਾਨੀ ਜੀ, ਵਾਜਪਾਈ ਜੀ ਸਮੇਤ ਸਭ ਨੇ ਉਨ੍ਹਾਂ ਨੂੰ ਦਿਲੀ ਸ਼ਰਧਾਂਜਲੀ ਦਿੱਤੀ ਹੈ । ਮੈਂ ਵੀ ਆਪਣੀ ਪਾਰਟੀ ਵਲੋਂ ਇਨ੍ਹਾਂ ਤਿੰਨਾਂ ਵਿਛੜੀਆਂ ਰੂਹਾਂ ਦੇ ਅਕਾਲ ਚਲਾਣੇ ਤੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਅਕਾਲ ਪੁਰਖ ਦੇ ਅੱਗੇ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਵੇ । ਇਹ ਸਾਡੇ ਗਵਾਂਢੀ ਸੂਬੇ ਨੂੰ ਬਹੁਤ ਵੱਡਾ ਨੁਕਸਾਨ ਹੈ ਜਿਹੜਾ ਕਿ ਪੂਰਾ ਨਹੀਂ ਹੋ ਸਕਦਾ । ਉਨ੍ਹਾਂ ਦੀ ਰਾਜਨੀਤੀ ਦਾ ਅਸਰ ਸਾਡੇ ਤੇ ਵੀ ਹੁੰਦਾ ਹੈ, ਇਹ ਸਾਰੇ ਦੇਸ਼ ਵਿਚ ਮੰਨੀਆਂ-ਪ੍ਰਮੰਨੀਆਂ ਸ਼ਖਸੀਅਤਾਂ ਸਨ ਜਿਸ ਨਾਲ ਸਾਰੇ ਦੇਸ਼ ਨੂੰ ਹੀ ਵੱਡਾ ਘਾਟਾ ਪਿਆ ਹੈ । ਮੈਂ ਵੀ ਸਪੀਕਰ ਸਾਹਿਬ, ਇਹ ਬੇਨਤੀ ਕਰਾਂਗਾ, ਜਿਵੇਂ ਬਾਦਲ ਸਾਹਿਬ ਨੇ ਕਿਹਾ ਹੈ ਕਿ ਸੋਲੀਡੈਰਿਟੀ ਦੇ ਨਾਂ ਤੇ, ਹਮਦਰਦੀ ਦੇ ਨਾਂ ਤੇ ਕਿਉਂਕਿ ਉਨ੍ਹਾਂ ਦਾ ਵੀ ਸੈਸ਼ਨ ਚੱਲ ਰਿਹਾ ਹੈ, ਉਨ੍ਹਾਂ ਨੇ ਵੀ ਅੱਜ ਬੰਦ ਰੱਖਿਆ ਹੋਇਆ ਹੈ । ਇਸ ਲਈ ਜੋ ਅਕਾਲ ਚਲਾਣਾ ਕਰ ਗਏ ਹਨ ਉਨ੍ਹਾਂ ਦੀ ਯਾਦ ਵਿਚ, ਉਨ੍ਹਾਂ ਦੀ ਰਿਸਪੈਕਟ ਵਜੋਂ ਅਸੀਂ ਵੀ ਹਾਊਸ, ਇਸ ਸ਼ੋਕ ਮਤੇ ਤੋਂ ਬਾਅਦ ਬੰਦ ਕਰੀਏ ਔਰ ਇਹ ਸ਼ੋਕ ਮਤਾ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜਿਆ ਜਾਵੇ । ਜ਼ਖ਼ਮੀਆਂ ਨੂੰ ਵਾਹਿਗੁਰੂ ਲੰਮੀ ਉਮਰ ਦੇਵੇ, ਉਨ੍ਹਾਂ ਨੂੰ ਛੇਤੀ ਸਿਹਤਯਾਬ ਕਰੇ । ਮੈਂ ਸਪੀਕਰ ਸਾਹਿਬ, ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਸ਼ੋਕ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ।

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਜਿਨ੍ਹਾਂ ਦੋ ਸ਼ਖਸੀਅਤਾਂ ਦਾ ਜ਼ਿਕਰ ਹੋ ਰਿਹਾ ਹੈ ਸ੍ਰੀ ਸੁਰਿੰਦਰ ਸਿੰਘ ਤੇ ਸ੍ਰੀ ਓ.ਪੀ. ਜਿੰਦਲ, ਜਿਹੜੇ ਇਕ ਹੈਲੀਕਾਪਟਰ ਹਾਦਸੇ ਵਿਚ ਮਾਰੇ ਗਏ ਹਨ । ਕੱਲ੍ਹ ਸਵੇਰੇ ਕਿਸੇ ਨੂੰ ਇਸ ਚੀਜ਼ ਦਾ ਚਿਤ-ਚੇਤਾ ਵੀ ਨਹੀਂ ਸੀ, ਉਹ ਦੋਵੇਂ ਸੱਜਣ ਹਰਿਆਣਾ ਦੇ ਕੈਬਿਨਟ ਮੰਤਰੀ ਸਨ । ਆਪਣੇ ਨਿਸ਼ਚਿਤ ਪ੍ਰੋਗਰਾਮਾਂ ਮੁਤਾਬਿਕ ਕੱਲ੍ਹ ਜਦੋਂ ਉਨ੍ਹਾਂ ਨੇ ਇਥੋਂ ਉਡਾਨ ਭਰੀ ਹੋਵੇਗੀ ਉਨ੍ਹਾਂ ਦੇ ਮਨਾਂ ਵਿਚ ਕਿਸੇ ਦੇ ਚਿਤ-ਚੇਤਾ ਵੀ ਨਹੀਂ ਸੀ । ਇਹ ਕੁਦਰਤ ਦੇ ਹੱਥ ਹੈ, ਸਾਨੂੰ ਕਿਸੇ ਨੂੰ ਵੀ ਆਪਣੇ ਆਉਣ ਵਾਲੇ ਵਕਤ ਦਾ ਪਤਾ ਨਹੀਂ ਹੈ ਕਿ ਅਗਲਾ ਵਕਤ ਕਿਹੋ ਜਿਹਾ ਹੈ । ਇਨ੍ਹਾਂ ਦੋਵਾਂ ਸ਼ਖਸੀਅਤਾਂ ਦਾ ਆਪਣੀ ਸਟੇਟ ਵਿਚ ਵੱਖ ਵੱਖ ਫੀਲਡਾਂ ਵਿਚ ਬਹੁਤ ਵਡਾ ਨਾਂ ਸੀ । ਸ੍ਰੀ ਸੁਰਿੰਦਰ ਸਿੰਘ, ਜਿਹੜੇ ਖੇਤੀਬਾੜੀ ਮੰਤਰੀ ਸਨ, ਚੌਧਰੀ ਬੰਸੀ ਲਾਲ ਦੇ ਪੁੱਤਰ ਸਨ, ਜਿਸ ਦਾ ਜ਼ਿਕਰ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਸਾਥੀਆਂ ਨੇ ਕੀਤਾ ਹੈ ਕਿ ਉਹ ਵੱਖ ਵੱਖ ਅਦਾਰਿਆਂ ਦੇ ਮੁਖੀ ਰਹੇ । ਹਰਿਆਣਾ ਦੀ ਸਿਆਸਤ ਵਿਚ ਉਨ੍ਹਾਂ ਦਾ ਅਹਿਮ ਅਸਥਾਨ ਸੀ ।

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਹਰਿਆਣੇ ਦੀ ਤਰੱਕੀ ਵਿਚ ਉਸ ਪਰਿਵਾਰ ਦਾ ਅਤੇ ਸ੍ਰੀ ਸੁਰਿੰਦਰ ਸਿੰਘ ਦਾ ਬਹੁਤ ਜ਼ਿਆਦਾ ਯੋਗਦਾਨ ਸੀ । ਹਰਿਆਣੇ ਦੇ ਲੋਕ ਉਨ੍ਹਾਂ ਨੂੰ ਹਰਿਆਣੇ ਦੀ ਤਰੱਕੀ ਵਾਸਤੇ ਯਾਦ ਕਰਦੇ ਰਹਿਣਗੇ । ਉਨ੍ਹਾਂ ਦੇ ਜਾਣ ਦਾ ਉਨ੍ਹਾਂ ਦੀ ਸਟੇਟ ਦੇ ਲੋਕਾਂ ਨੂੰ ਦੁਖ ਤਾਂ ਹੈ ਹੀ ਪਰ ਇਹੋ ਜਿਹੀ ਦਿਲ ਕੰਬਾਊ ਘਟਨਾ ਦਾ ਅਸਰ ਹਰ ਬੰਦੇ ਤੇ ਹੁੰਦਾ ਹੈ । ਹਰਿਆਣਾ ਤੇ ਪੰਜਾਬ ਦੋਹਾਂ ਦੀਆਂ ਅਸੈਂਬਲੀਆਂ ਇਕ ਥਾਂ ਹਨ, ਦੋਹਾਂ ਦੇ ਐਮ.ਐਲ.ਏ. ਇਕ ਥਾਂ ਰਹਿੰਦੇ ਹਨ । ਇਸ ਕਰਕੇ ਕੁਦਰਤੀ ਹੈ ਕਿ ਇਹੋ ਜਿਹੀ ਘਟਨਾ, ਜਿਸ ਦਾ ਕਿਸੇ ਨੂੰ ਵੀ ਚਿਤ-ਚੇਤਾ ਨਹੀਂ ਸੀ, ਇਹ ਜਿਹੜੀ ਦੁਖਦਾਈ ਘਟਨਾ ਵਾਪਰੀ ਹੈ ਇਸ ਦਾ ਸਭ ਤੇ ਗਹਿਰਾ ਅਸਰ ਹੈ । ਸਾਨੂੰ ਸਭ ਨੂੰ ਉਨ੍ਹਾਂ ਦੀ ਮੌਤ ਦਾ ਬਹੁਤ ਵੱਡਾ ਦੁਖ ਪਹੁੰਚਿਆ ਹੈ । ਦੂਸਰੇ, ਸ੍ਰੀ ਓ.ਪੀ. ਜਿੰਦਲ ਜੀ ਸਨ ਜਿਨ੍ਹਾਂ ਨੇ ਆਪਣਾ ਕਾਰੋਬਾਰ ਬਹੁਤ ਛੋਟੀ ਪੱਧਰ ਤੋਂ ਸ਼ੁਰੂ ਕੀਤਾ ਸੀ, ਅੱਜ ਦੇਸ਼ ਦੇ ਵੱਡੇ ਉਦਯੋਗਿਕ ਘਰਾਣਿਆਂ ਵਿਚੋਂ ਇਕ ਸਨ ਜਿਨ੍ਹਾਂ ਨੇ ਹਰਿਆਣੇ ਦੀ ਤਰੱਕੀ ਵਿਚ ਵੀ ਤੇ ਦੇਸ਼ ਦੀ ਇੰਡਸਟਰੀ ਨੂੰ ਪ੍ਰੋਮੋਟ ਕਰਨ ਵਿਚ ਵੀ ਬਹੁਤ ਵੱਡਾ ਹਿੱਸਾ ਪਾਇਆ ਹੈ । ਬਹੁਤ ਸਾਰੇ ਵਿਦਿਅਕ ਅਦਾਰੇ ਉਸ ਪਰਿਵਾਰ ਵਲੋਂ ਹਰਿਆਣੇ ਵਿਚ ਚਲਾਏ ਜਾ ਰਹੇ ਹਨ, ਇਹ ਦੋਵੇਂ ਹਰਿਆਣਾ ਦੀ ਸਿਆਸਤ ਦੇ ਪਿੱਲਰ ਸਨ । ਹਰਿਆਣਾ ਦੀ ਆਰਥਿਕ ਤਰੱਕੀ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਸੀ । ਉਨ੍ਹਾਂ ਦੇ ਜਾਣ ਨਾਲ ਗੁਆਂਢੀ ਸੂਬੇ ਨੂੰ ਤਾਂ ਬਹੁਤ ਵੱਡਾ ਘਾਟਾ ਪਿਆ ਹੀ ਹੈ, ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਨਾਮਵਰ ਸ਼ਖਸੀਅਤਾਂ ਜਦੋਂ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਘਾਟਾ ਸਾਰੇ ਦੇਸ਼ ਨੂੰ ਵੀ ਪੈਂਦਾ ਹੈ । ਅੱਜ ਅਸੀਂ ਉਦਯੋਗਿਕ ਪੱਖੋਂ ਬੜੇ ਪਛੜੇ ਹੋਏ ਹਾਂ ਪਰ ਸ੍ਰੀ ਜਿੰਦਲ ਜੀ ਦਾ ਉਦਯੋਗ ਵਿੱਚ ਬਹੁਤ ਵੱਡਾ ਨਾਂ ਸੀ । ਸੋ ਉਨ੍ਹਾਂ ਦੇ ਜਾਣ ਦਾ ਘਾਟਾ ਜਿੱਥੇ ਹਰਿਆਣਾ ਨੂੰ ਪਿਆ ਹੈ ਉਥੇ ਸਾਰੇ ਦੇਸ਼ ਨੂੰ ਵੀ ਪਿਆ ਹੈ । ਮੈਂ ਸਮਝਦਾ ਹਾਂ ਕਿ ਇਸ ਗੱਲ ਦਾ ਦੁਖ ਜਿਹੜਾ ਹੈ ਸਾਨੂੰ ਸਾਰਿਆਂ ਨੂੰ ਬਹੁਤ ਜ਼ਿਆਦਾ ਹੈ ਕਿਉਂਕਿ ਇਹ ਘਟਨਾ ਅਚਾਨਕ ਵਾਪਰੀ ਹੈ ਇਸ ਲਈ ਇਸ ਦਾ ਸਾਡੇ ਸਾਰਿਆਂ ਦੇ ਮਨਾਂ ਤੇ ਗਹਿਰਾ ਅਸਰ ਪਿਆ ਹੈ । ਨਾਲ ਹੀ ਕਰਨਲ ਚੌਹਾਨ ਜਿਹੜੇ ਕਿ ਬੜੇ ਟਰੇਂਡ ਪਾਇਲਟ ਸਨ. ਜਦੋਂ ਇਹੋ ਜਿਹੀ ਬਿਪਤਾ ਆਉਂਦੀ ਹੈ ਤਾਂ ਕੋਈ ਕਾਬਲੀਅਤ, ਕੋਈ ਐਫੀਸ਼ੀਐਂਸੀ ਜਾਂ ਯੋਗਤਾ ਵੀ ਕੰਮ ਨਹੀਂ ਆਉਂਦੀ । ਉਨ੍ਹਾਂ ਦਾ ਵੀ ਨਾਲ ਹੀ ਅਕਾਲ ਚਲਾਣਾ ਹੋ ਗਿਆ ਹੈ, ਇਹ ਬਹੁਤ ਵੱਡਾ ਦੁਖ ਹੈ । ਦੋ ਹੋਰ ਸੱਜਣ ਜਿਹੜੇ ਜ਼ਖਮੀ ਹੋਏ ਹਨ, ਉਨ੍ਹਾਂ ਵਾਸਤੇ ਗੁਰੂ ਚਰਨਾਂ ਦੇ ਵਿਚ ਅਰਦਾਸ ਕਰਦੇ ਹਾਂ ਕਿ ਛੇਤੀ ਉਹ ਤੰਦਰੁਸਤ ਹੋਣ ਔਰ ਅਸੀਂ ਤਿੰਨਾਂ ਪਰਿਵਾਰਾਂ ਸ੍ਰੀ ਸੁਰਿੰਦਰ ਜੀ ਦੇ ਪਰਿਵਾਰ, ਸ੍ਰੀ ਜਿੰਦਲ ਜੀ ਦੇ ਪਰਿਵਾਰ ਨਾਲ ਅਤੇ ਕਰਨਲ ਚੌਹਾਨ ਜੀ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾਂ ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਨੀ ਵੱਡੀ ਦਿਲ ਕੰਬਾਊ ਘਟਨਾ ਹੈ ਔਰ ਪੰਜਾਬ ਤੇ ਹਰਿਆਣਾ ਰਾਜ ਦੋਵਾਂ ਦੀ ਇੱਕ ਥਾਂ ਤੇ ਰਾਜਧਾਨੀ ਹੈ । ਸਾਨੂੰ ਰਿਸਪੈਕਟ ਵਜੋਂ ਜਿਵੇਂ ਕਿ ਬਾਦਲ ਸਾਹਿਬ ਨੇ ਜ਼ਿਕਰ ਕੀਤਾ ਹੈ, ਹਾਊਸ ਅੱਜ ਉਠਾ ਦੇਣਾ ਚਾਹੀਦਾ ਹੈ । ਸਾਨੂੰ ਵੀ ਉਨ੍ਹਾਂ ਦੇ ਨਾਲ ਹਮਦਰਦੀ ਹੋਣੀ ਚਾਹੀਦੀ ਹੈ । ਇਨ੍ਹਾਂ ਅੱਖਰਾਂ ਦੇ ਨਾਲ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਚੈਂਬਰ ਦੇ ਵਿਚ ਅਸੀਂ ਸਵੇਰੇ ਤੁਹਾਨੂੰ ਮਿਲੇ ਸੀ ਔਰ ਤੁਹਾਨੂੰ ਅਰਜ਼ ਵੀ ਕੀਤੀ ਸੀ ਕਿ ਅੱਜ ਹਾਊਸ ਉਨ੍ਹਾਂ ਦੀ ਯਾਦ ਵਿਚ ਉਠਾ ਦੇਣਾ ਚਾਹੀਦਾ ਹੈ। ਤੁਹਾਡੇ ਮਨ ਵਿਚ ਵੀ ਇਹੀ ਗੱਲ ਆਈ ਸੀ। ਇਸ ਬਾਰੇ ਤੁਸੀਂ ਬੋਲਣਾ ਸੀ ਅਤੇ ਅਨਾਊਂਸ ਕਰਨਾ ਸੀ। ਬਹੁਤ ਚੰਗੀ ਗੱਲ ਹੈ ਕਿ ਸਾਰੇ ਹਾਊਸ ਦੀ ਵੀ ਇਹੀ ਰਾਇ ਹੈ। ਅਸੀਂ ਸਾਰੇ ਇਸ ਦੁਖ ਵਿਚ ਸ਼ਾਮਲ ਹਾਂ।

**ਮਾਨਯੋਗ ਸਪੀਕਰ** : ਮੈਂ ਵੀ ਇਸ ਦੁਖ ਔਰ ਗਹਿਰੀ ਅਫ਼ਸੋਸਨਾਕ ਘਟਨਾ ਵਿਚ ਸ਼ਾਮਲ ਹੁੰਦਾ ਹਾਂ, ਜਿਹੜੀ ਕਿ ਸਾਡੇ ਪੜੋਸੀ ਰਾਜ ਵਿਚ ਵਾਪਰੀ ਹੈ ਔਰ ਹਰਿਆਣਾ ਦੀ ਸਿਆਸਤ ਔਰ ਸਮਾਜ ਦੀ ਸੇਵਾ ਕਰਦੇ ਹੋਏ ਦੋ ਚਮਕਦਾਰ ਸਿਤਾਰੇ ਟੁੱਟ ਗਏ ਹਨ। ਦੇਸ਼ ਵਿਚ ਬਹੁਤ ਹੀ ਅੰਧੇਰਾ ਛਾ ਗਿਆ ਹੈ। ਇਸ ਦੇ ਲਈ ਪੰਜਾਬ ਦਾ ਹਾਊਸ ਔਰ ਆਨਰੇਬਲ ਮੈਂਬਰ ਸਾਹਿਬਾਨ ਨੇ ਜੋ ਜਜ਼ਬਾਤ ਪ੍ਰਗਟ ਕੀਤੇ ਹਨ, ਮੈਂ ਵੀ ਉਨ੍ਹਾਂ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ। ਸ੍ਰੀ ਸੁਰਿੰਦਰ ਸਿੰਘ, ਸ੍ਰੀ ਬੰਸੀ ਲਾਲ ਜੀ ਦੇ ਸਹਾਰਾ ਸਨ ਔਰ ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚਲਣ ਵਾਲੇ ਸਪੂਤ ਸਨ। ਸ੍ਰੀ ਜਿੰਦਲ ਜੀ ਹਿੰਦੁਸਤਾਨ ਦੀ ਰਾਜਨੀਤੀ ਵਿਚ ਹੀ ਅੱਗੇ ਨਹੀਂ ਸਨ ਬਲਕਿ ਹਿੰਦੁਸਤਾਨ ਦੇ ਉਦਯੋਗ ਵਿਚ ਵੀ 14ਵਾਂ ਸਥਾਨ ਰੱਖਦੇ ਸਨ। ਇਸ ਤਰ੍ਹਾਂ ਦੀ ਮਹਾਨ ਸ਼ਖਸੀਅਤ ਲਈ ਸਾਰੇ ਦੇਸ਼ ਨੇ ਹੀ ਅਫ਼ਸੋਸ ਪ੍ਰਗਟ ਕੀਤਾ ਹੈ। ਸੋ, ਜੋ ਅੱਜ ਇਥੇ ਦੁਖ ਦਾ ਇਜ਼-ਹਾਰ ਕੀਤਾ ਗਿਆ ਹੈ, ਇਸ ਦਾ ਸ਼ੋਕ ਪ੍ਰਸਤਾਵ ਉਨ੍ਹਾਂ ਦੇ ਪਰਿਵਾਰਾਂ ਨੂੰ ਪਹੁੰਚਾ ਦਿੱਤਾ ਜਾਵੇਗਾ ਔਰ ਇਹ ਹਾਊਸ ਐਡਜਰਨ ਹੋਣ ਤੋਂ ਬਾਅਦ ਬਿਜ਼ਨਸ ਐਡਵਾਈਜ਼ਰੀ ਕਮੇਟੀ ਕੱਲ੍ਹ ਦੇ ਪ੍ਰੋਗਰਾਮ ਵਾਸਤੇ ਫੌਰਨ ਇਕੱਤਰ ਹੋਵੇਗੀ। ਹੁਣ ਮੈਂ ਬੇਨਤੀ ਕਰਾਂਗਾ ਕਿ ਸਾਰੇ ਹੀ ਮੈਂਬਰਜ਼ ਦੋ ਮਿੰਟ ਖੜ੍ਹੇ ਹੋ ਕੇ ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦਾਂ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਨਗੇ।

(ਇਸ ਸਮੇਂ ਸਦਨ ਵਿਚ ਹਾਜ਼ਰ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਵਲੋਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਵਾਸਤੇ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ।)

**MR. SPEAKER** : As a mark of respect to the memory of the deceased, the House stands adjourned till 2.00 P.M. on Monday, the 4th April, 2005.

*10.26 A.M.

(The Sabha then* adjourned till 2.00 P.M. on Monday, the 4th April, 2005.)

---

ਪੰਜਾਬ ਸਰਕਾਰ ਪ੍ਰੈਸ, ਮੁਹਾਲੀ/5314/5-2005/305 ਕਾਪੀਆਂ

Published under the authority of the Punjab Vidhan Sabha and printed by the Controller, Printing and Stationery, Punjab, at Govt. press, S.A.S. Nagar.

# PUNJAB VIDHAN SABHA

## DEBATES

*Monday, the 4th April, 2005*

Vol. IX-No. 10

OFFICIAL REPORT

CONTENTS



Punjab Vidhan Sabha Secretariat, Chandigarh.

Price Rs.________

# PUNJAB VIDHAN SABHA

*Monday, the 4th April, 2005*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Doctor Kewal Krishan) in the Chair.*

---

## OBITUARY REFERENCES

ਮਾਨਯੋਗ ਸਪੀਕਰ : ਪਹਿਲਾਂ ਉਬੋਚਰੀ ਰੈਫਰੈਂਸਿਜ਼ ।

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਅਫਸੋਸ ਪ੍ਰਗਟ ਕਰਨਾ ਚਾਹੁੰਦਾ ਹਾਂ ਕਿ ਸਾਡੇ ਇਸ ਹਾਊਸ ਦੇ ਮੈਂਬਰ, ਬੀਬੀ ਸਤਵੰਤ ਕੌਰ ਜੀ ਦੇ ਬੇਟੇ ਦਾ ਦਿਹਾਂਤ ਹੋ ਗਿਆ ਹੈ । ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ੇ ਤੇ ਉਸ ਦੀ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ।

I also, Mr. Speaker, rise to pay my obeisance and condole the death of Pope John Paul II, Head of the Roman Catholic Church, who died on 2nd April, 2005. He was the first non-Italian Pope. He was anointed as such on 16th October, 1978 and was the 3rd longest serving Pope in the history of the Roman Catholic Church. He was a trained athlete, philosopher and author. His quarter century reign as John Paul II witnessed many changes in the socio-political sphere and he used his formidable intellectual power to defend human rights and values. He advocated equality for women and their role as mothers, educators and mainstays of the family. He also advocated social welfare, and condemned extreme capitalism as heartless and exploitative. Pope John Paul II characterized extreme poverty as the most pervasive and paralyzing, violation of human rights in the world and he made extra efforts to help the poor and downtrodden. His papacy saw a leap forward in the Church's positive interactions with people from various religions including Hindus, Muslims and Sikhs.

In his death Mr. Speaker, Sir, the world has lost a crusader against violation of human rights and poverty.

[ਮੁੱਖ ਮੰਤਰੀ]

While sharing the grief and sorrow with our Christian brothers, I commend to the House that today's proceedings may be adjourned after the obituary reference as a mark of respect to one of the tallest, intellectual and theological personalities of the world.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ) : ਮਾਨਯੋਗ ਸਪੀਕਰ ਸਾਹਿਬ, ਪੋਪ ਜੋਨ ਪਾਲ–II ਮਨੁੱਖੀ ਪਿਆਰ, ਭਾਈਚਾਰੇ ਅਤੇ ਵਿਸ਼ੇਸ਼ ਅਮਨ ਦੇ ਸਿਰਕੱਢ ਆਗੂ ਅਤੇ ਵਿਸ਼ਵ ਪ੍ਰਸਿੱਧ ਧਾਰਮਿਕ ਸ਼ਖਸੀਅਤ ਸਨ । ਉਨ੍ਹਾਂ ਦਾ ਜਨਮ 18 ਮਈ, 1920 ਨੂੰ ਪੋਲੈਂਡ ਵਿਚ ਹੋਇਆ । ਉਹ 2 ਅਪ੍ਰੈਲ, 2005 ਨੂੰ ਅਕਾਲ ਚਲਾਣਾ ਕਰ ਗਏ । ਉਹ ਇੱਕ ਬਹੁ-ਪੱਖੀ ਸ਼ਖਸੀਅਤ ਦੇ ਮਾਲਿਕ ਸਨ । ਉਹ ਇੱਕ ਹੋਣਹਾਰ ਵਿਦਿਆਰਥੀ, ਇੱਕ ਅਨੁਭਵੀ ਕਵੀ, ਇੱਕ ਵਧੀਆ ਕਲਾਕਾਰ, ਇੱਕ ਮੋਹਾਨ ਪ੍ਰੋਫੈਸਰ ਅਤੇ ਉਚ ਧਾਰਮਿਕ ਸ਼ਖਸੀਅਤ ਸਨ । ਆਰੰਭ ਤੋਂ ਹੀ ਧਾਰਮਿਕ ਖੇਤਰ ਵਿਚ ਅੰਥਾਹ ਲਗਨ ਅਤੇ ਕਰੜੀ ਮਿਹਨਤ ਸਦਕਾ ਉਹ ਬੜੀ ਤੇਜ਼ੀ ਨਾਲ ਪਾਦਰੀ ਤੋਂ ਬਿਸਪ ਅਤੇ ਫਿਰ ਕਾਰਡੀਨਲ ਦੇ ਧਾਰਮਿਕ ਰੁਤਬੇ ਉਪਰ ਪਹੁੰਚੇ ਅਤੇ 16 ਅਕਤੂਬਰ, 1978 ਵਿੱਚ 58 ਸਾਲ ਦੀ ਉਮਰ ਵਿੱਚ ਪੋਪ ਦੀ ਮਹਾਨ ਪਦਵੀ ਉਪਰ ਬਿਰਾਜਮਾਨ ਹੋਏ । ਉਹ ਪਹਿਲੇ ਵਿਦੇਸ਼ੀ ਵਿਅਕਤੀ ਸਨ ਜਿਨ੍ਹਾਂ ਨੂੰ ਪੋਪ ਦੀ ਮਹਾਨ ਪਦਵੀ ਪ੍ਰਾਪਤ ਹੋਈ । ਉਹ ਗਰੀਬਾਂ ਦੇ ਮਸੀਹਾ ਅਤੇ ਦੱਬੇ ਕੁਚਲੇ ਲੋਕਾਂ ਦੇ ਰਹਿਨੁਮਾ ਸਨ । ਦੁਨੀਆ ਭਰ ਦੀਆਂ ਪ੍ਰਮੁੱਖ ਧਾਰਮਿਕ ਸ਼ਖਸੀਅਤਾਂ ਵਿਚੋਂ ਉਹ ਇਕੱਲੀ ਇੱਕ ਸ਼ਖਸੀਅਤ ਸਨ ਜਿਨ੍ਹਾਂ ਨੇ ਧਾਰਮਿਕ, ਰੂਹਾਨੀ ਅਤੇ ਵਿਵਹਾਰਿਕ ਪੱਖਾਂ ਦਾ ਸੁਮੇਲ ਕਰਕੇ ਧਰਮ ਨੂੰ ਇੱਕ ਆਮ ਵਿਅਕਤੀ ਦੇ ਜੀਵਨ ਦਾ ਅਹਿਮ ਅੰਗ ਬਣਾਇਆ । [ਇਸੇ ਕਰਕੇ ਉਨ੍ਹਾਂ ਨੂੰ ਲੋਕਾਂ ਦੇ ਪੋਪ ਕਰਕੇ ਜਾਣਿਆ ਜਾਂਦਾ ਹੈ । ਅਜੋਕੇ ਯੁੱਗ ਦੀਆਂ ਵੱਖ ਵੱਖ ਸਮਾਜਿਕ ਅਤੇ ਵਿਚਾਰਧਾਰਕ ਲਹਿਰਾਂ ਵਿਚ ਉਨ੍ਹਾਂ ਨੇ ਹਮੇਸ਼ਾਂ ਹੀ ਇੱਕ ਅਹਿਮ ਰੋਲ ਅਦਾ ਕਰਦਿਆਂ ਮਨੁੱਖਤਾ ਨੂੰ ਸਾਰਥਿਕ ਅਤੇ ਨਿੱਗਰ ਸੇਧ ਦਿੱਤੀ ।]

ਇਸੇ ਕਰਕੇ ਉਨ੍ਹਾਂ ਨੂੰ ਲੋਕਾਂ ਦੇ ਪੋਪ ਕਰਕੇ ਜਾਣਿਆ ਜਾਂਦਾ ਹੈ । ਅਜੋਕੇ ਯੁੱਗ ਦੀਆਂ ਵੱਖ ਵੱਖ ਸਮਾਜਿਕ ਅਤੇ ਵਿਚਾਰਧਾਰਕ ਲਹਿਰਾਂ ਵਿਚ ਉਨ੍ਹਾਂ ਨੇ ਹਮੇਸ਼ਾ ਹੀ ਇਕ ਅਹਿਮ ਰੋਲ ਅਦਾ ਕਰਦਿਆਂ ਮਨੁੱਖਤਾ ਨੂੰ ਸਾਰਥਿਕ ਅਤੇ ਨਿੱਗਰ ਸੇਧ ਦਿੱਤੀ ਅਤੇ ਸਾਰੀ ਦੁਨੀਆਂ ਵਿਚ ਅਮਨ, ਪਿਆਰ ਅਤੇ ਸਦਭਾਵਨਾ ਦਾ ਸੁਨੇਹਾ ਦੇਣ ਲਈ ਉਨ੍ਹਾਂ ਨੇ 129 ਵੱਖ ਵੱਖ ਦੇਸ਼ਾਂ ਦਾ ਦੌਰਾ ਕੀਤਾ । ਉਹ ਹਮੇਸ਼ਾਂ ਸੱਚ ਕਹਿਣ ਦੀ ਜੁਰਅਤ ਰਖਦੇ ਸਨ । ਉਹ ਇਕ ਅਜਿਹੀ ਮਹਾਨ ਧਾਰਮਿਕ ਸ਼ਖਸੀਅਤ ਸਨ ਜਿਨ੍ਹਾਂ ਨੇ 1984 ਵਿਚ ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਤੇ ਅਫਸੋਸ ਜ਼ਾਹਿਰ ਕੀਤਾ ਅਤੇ ਫਰਾਂਸ ਵਿਚ ਸਿੱਖਾਂ ਨੂੰ ਦਸਤਾਰ ਬੰਨ੍ਹਣ ਤੋਂ ਰੋਕਣ ਦੀ ਕਾਰਵਾਈ ਨੂੰ ਗਲਤ ਕਰਾਰ ਦਿੱਤਾ । ਪੋਪ ਜੋਨ ਪਾਲ ਦੇ ਅਕਾਲ ਚਲਾਣਾ ਕਰ ਜਾਣ ਨਾਲ ਇਕੱਲੇ ਇਸਾਈ ਧਰਮ ਨੂੰ ਹੀ ਨਹੀਂ ਸਮੁੱਚੀ ਮਾਨਵਤਾ ਨੂੰ ਇਕ ਵੱਡਾ ਘਾਟਾ ਪਿਆ ਹੈ । ਸਾਡੀ ਅਰਦਾਸ ਹੈ ਕਿ ਉਨ੍ਹਾਂ ਨੂੰ ਪਰਮਾਤਮਾ ਦੇ ਚਰਨਾਂ ਵਿਚ ਸਥਾਨ ਮਿਲੇ ਅਤੇ ਉਨ੍ਹਾਂ ਦੀ ਮੌਤ ਤੇ ਮਸੀਹੀ ਭਾਈਚਾਰੇ ਨਾਲ ਦਿਲੋਂ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੋਇਆ ਜੋ ਲੀਡਰ ਆਫ ਦਿ ਹਾਊਸ ਨੇ ਕਿਹਾ ਹੈ ਕਿ ਉਨ੍ਹਾਂ ਦੀ ਰਿਸਪੈਕਟ ਵਜੋਂ ਸਾਨੂੰ ਹਾਊਸ

ਨੂੰ ਐਡਜਰਨ ਕਰ ਦੇਣਾ ਚਾਹੀਦਾ ਹੈ, ਮੈਂ ਇਸ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ।

ਦੂਸਰਾ, ਮਾਨਯੋਗ ਸਪੀਕਰ ਸਾਹਿਬ, ਇਕ ਬਹੁਤ ਵੱਡਾ ਨੁਕਸਾਨ ਹੋਇਆ ਹੈ । ਕਾਕਾ ਹਰਜਿੰਦਰ ਸਿੰਘ ਲਾਲੀ ਜੋ ਬੀਬੀ ਸਤਵੰਤ ਕੌਰ ਸੰਧੂ ਜੀ ਦੇ ਬੇਟੇ ਸਨ, ਭਰ ਜਵਾਨੀ ਵਿਚ, 39 ਸਾਲ ਦੀ ਉਮਰ ਵਿਚ ਅਚਾਨਕ ਥੋੜ੍ਹੀ ਜਿਹੀ ਬੀਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਹਨ । ਉਹ ਬਹੁਤ ਹੀ ਹੋਣਹਾਰ ਸਨ ਔਰ ਬੀਬੀ ਸਤਵੰਤ ਕੌਰ ਜੀ ਦੇ ਹਲਕੇ ਦਾ ਬਹੁਤਾ ਭਾਰ ਉਹ ਚੁੱਕ ਲੈਂਦੇ ਸਨ । ਉਹ ਯੂਥ ਵਿੰਗ ਦੇ ਵੀ ਉਚ ਅਹੁਦੇਦਾਰ ਸਨ । ਉਨ੍ਹਾਂ ਦਾ ਚਲੇ ਜਾਣਾ ਵੀ ਇਕ ਬਹੁਤ ਅਫਸੋਸਨਾਕ ਅਤੇ ਦਰਦਨਾਕ ਘਟਨਾ ਹੈ । ਮੈਂ ਕੱਲ੍ਹ ਉਨ੍ਹਾਂ ਦੇ ਸੰਸਕਾਰ ਦੇ ਸਮੇਂ ਉਥੇ ਗਿਆ ਸੀ । ਬੀਬੀ ਸਤਵੰਤ ਕੌਰ ਦੇ ਘਰ ਜਾ ਕੇ ਵੀ ਅਫਸੋਸ ਦਾ ਪ੍ਰਗਟਾਵਾ ਕੀਤਾ । ਉਹ ਆਪਣੇ ਪਿੱਛੇ ਇਕ ਛੋਟੀ ਜਿਹੀ ਬੱਚੀ ਛੱਡ ਗਏ ਹਨ । ਇਹੋ ਜਿਹੀ ਨੌਜਵਾਨ ਉਮਰ ਵਿਚ ਚਲੇ ਜਾਣਾ ਮਾਪਿਆਂ ਲਈ ਕਿੰਨਾ ਦੁਖਦਾਈ ਹੁੰਦਾ ਹੈ, ਇਹ ਕਹਿ ਨਹੀਂ ਸਕਦੇ । ਜਿਸ ਤਰ੍ਹਾਂ ਕੱਲ੍ਹ ਬੀਬੀ ਜੀ ਵਿਰਲਾਪ ਕਰ ਰਹੇ ਸਨ, ਜੋ ਉਨ੍ਹਾਂ ਦੇ ਮਨ ਤੇ ਗਹਿਰਾ ਅਸਰ ਸੀ, ਉਹ ਕੋਲ ਬੈਠੇ ਸਾਰੇ ਮਨੁੱਖਾਂ ਤੇ ਬਹੁਤ ਹੀ ਅਸਰ ਪਾਉਂਦਾ ਸੀ ਪਰ ਇਹ ਸਭ ਕੁਝ ਵਾਹਿਗੁਰੂ ਦੇ ਹੱਥ ਹੈ, ਅਸੀਂ ਕੁਝ ਨਹੀਂ ਕਰ ਸਕਦੇ । ਇਸ ਲਈ ਉਨ੍ਹਾਂ ਨੂੰ ਵੀ ਅਫਸੋਸ ਦਾ ਮਤਾ ਅਸੈਂਬਲੀ ਵਲੋਂ ਭੇਜਿਆ ਜਾਣਾ ਚਾਹੀਦਾ ਹੈ ਤੇ ਨਾਲ ਹੀ ਹਾਊਸ ਨੂੰ ਵੀ ਐਡਜਰਨ ਕਰਨਾ ਚਾਹੀਦਾ ਹੈ ।

ਸ੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ) : ਮਾਨਯੋਗ ਸਪੀਕਰ ਸਾਹਿਬ, ਸਾਡੇ ਭੈਣ ਸਤਵੰਤ ਕੌਰ ਸੰਧੂ ਜੀ, ਜੋ ਕਿ ਸਾਡੇ ਨਾਲ ਪਿਛਲੇ ਹਾਊਸ ਵਿਚ ਵੀ ਅਤੇ ਇਸ ਹਾਊਸ ਵਿਚ ਵੀ ਮੈਂਬਰ ਹਨ, ਉਨ੍ਹਾਂ ਦੇ ਸਪੁੱਤਰ ਹਰਜਿੰਦਰ ਸਿੰਘ ਲਾਲੀ ਜੀ ਦੇ ਅਕਾਲ ਚਲਾਣੇ ਦਾ ਕੱਲ੍ਹ ਪਤਾ ਚੱਲਿਆ । ਇਹ ਬਹੁਤ ਅਫਸੋਸ ਵਾਲੀ ਘਟਨਾ ਹੈ ਕਿ ਜਵਾਨੀ ਵਿਚ ਇਕ ਭਵਿੱਖ ਦਾ ਨੇਤਾ, ਇਸ ਪੰਜਾਬ ਦੀ ਸੇਵਾ ਕਰਨ ਵਾਲਾ ਤੇ ਅੱਜ ਦਾ ਨੌਜਵਾਨ ਆਗੂ ਵਿਛੜ ਗਿਆ ਹੈ । ਜਿਵੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਕਿਹਾ ਕਿ ਉਥੇ ਬੜਾ ਦੁਖ ਵਾਲਾ ਵਾਤਾਵਰਣ ਸੀ, ਇਹ ਸੁਭਾਵਕ ਹੀ ਹੈ । ਸਪੀਕਰ ਸਾਹਿਬ, ਜਦੋਂ ਅਜਿਹੀਆਂ ਮੌਤਾਂ ਹੁੰਦੀਆਂ ਹਨ, ਉਦੋਂ ਪਰਿਵਾਰ ਨੂੰ ਬਹੁਤ ਜ਼ਿਆਦਾ ਘਾਟਾ ਪੈਂਦਾ ਹੈ । ਮੈਂ ਸਮਝਦਾ ਹਾਂ ਕਿ ਇਸ ਮੌਤ ਨਾਲ ਉਨ੍ਹਾਂ ਦੇ ਪਰਿਵਾਰ ਦੇ ਨਾਲ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ, ਉਨ੍ਹਾਂ ਦੇ ਇਲਾਕੇ ਨੂੰ ਤੇ ਪੰਜਾਬ ਨੂੰ ਵੀ ਘਾਟਾ ਪਿਆ ਹੈ ਕਿਉਂਕਿ ਉਹ ਸਾਡੀ ਮੈਂਬਰ ਸਾਥੀ ਭੈਣ ਦੇ ਬਹੁਤ ਸਹਿਯੋਗੀ ਸਨ । ਸੋ, ਮੈਂ ਆਪਣੇ ਦੁਖ ਪ੍ਰਗਟਾਵਾ ਇਸ ਅਕਾਲ ਚਲਾਣੇ ਤੇ ਕਰਦਾ ਹਾਂ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਪਿਛਲੇ ਕਾਫੀ ਦਿਨਾਂ ਤੋਂ ਵੈਟੀਕਨ ਸਿਟੀ ਦੇ ਵਿਚ ਇਕ ਖਾਮੋਸ਼ੀ ਭਰਿਆ ਵਾਤਾਵਰਣ ਬਣਿਆ ਹੋਇਆ ਸੀ । ਪੋਪ ਜੋਨ ਪਾਲ-II ਬਿਮਾਰੀ ਦੇ ਨਾਲ ਜੂਝ ਰਹੇ ਸਨ ਔਰ ਸਾਰੀ ਦੁਨੀਆ ਦੀ ਨਿਗਾਹ ਉਨ੍ਹਾਂ ਦੀ ਸਿਹਤ ਵੱਲ ਲੱਗੀ ਹੋਈ ਸੀ । ਸਪੀਕਰ ਸਾਹਿਬ, ਮੌਤ ਇਕ ਸੱਚਾਈ ਹੈ ਅਤੇ ਇਹ ਅਟੱਲ ਹੈ । ਚਾਹੇ ਕੋਈ ਰਾਜਾ ਹੋਵੇ ਜਾਂ ਰੰਕ ਹੋਵੇ, ਫਕੀਰ ਹੋਵੇ, ਜਿਸ ਨੇ ਵੀ

[ਸ਼੍ਰੀ ਤਿਕ੍ਰਸ਼ਨ ਸੂਦ]

ਇਹ ਮਨੁੱਖੀ ਚੋਲਾ ਪਾਇਆ ਹੈ, ਉਸ ਨੇ ਇਕ ਦਿਨ ਜ਼ਰੂਰ ਇਸ ਦੁਨੀਆਂ ਤੋਂ ਚਲੇ ਜਾਣਾ ਹੈ । ਇਸੇ ਤਰ੍ਹਾਂ ਇਸਾਈਅਤ ਦੇ ਧਰਮ ਗੁਰੂ, ਦੁਨੀਆ ਦੀ ਇਕ ਸਭ ਤੋਂ ਵੱਡੀ, ਉਚੀ ਮਾਣਯੋਗ, ਆਦਰਯੋਗ ਅਤੇ ਸਤਿਕਾਰਯੋਗ ਸ਼ਖਸੀਅਤ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਚਲੀ ਗਈ ਹੈ । ਉਨ੍ਹਾਂ ਦੇ ਜੀਵਨ ਵੱਲ ਝਾਤੀ ਮਾਰੀਏ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਉਹ ਇਕ ਆਦਮੀ ਨਾ ਹੋ ਕੇ, ਇਕ ਵਿਅਕਤੀ ਨਾ ਹੋ ਕੇ ਆਪਣੇ ਆਪ ਵਿਚ ਇਕ ਪੂਰੀ ਸੰਸਥਾ ਸਨ । ਮਨੁੱਖੀ ਖੇਤਰ ਦਾ ਕੋਈ ਵੀ ਪੰਨਾ ਖੋਲ੍ਹ ਲਈਏ ਚਾਹੇ ਉਹ ਐਜੂਕੇਸ਼ਨ ਨਾਲ ਸਬੰਧਤ ਹੋਵੇ, ਚਾਹੇ ਸਮਾਜਿਕ ਹਿੱਤ ਦੇ ਕੰਮਾਂ ਨਾਲ ਸਬੰਧਤ ਹੋਵੇ ਅਤੇ ਚਾਹੇ ਧਰਮ ਦੇ ਨਾਲ ਸਬੰਧਤ ਹੋਵੇ, ਪੋਪ ਜੋਨ ਪਾਲ-II ਹਰ ਪੱਖ ਵਿਚ ਇਕ ਤਰ੍ਹਾਂ ਦੇ ਆਗੂ ਰਹੇ ਹਨ । ਉਹ ਬੜੀ ਬਰੀਕੀ ਨਾਲ ਮਨੁੱਖਤਾ ਨੂੰ, ਹਿਊਮੈਨਿਟੀ ਨੂੰ ਸਮਝਦੇ ਸਨ ਔਰ ਆਪਣੇ ਫਾਲੋਅਰਜ਼ ਨੂੰ ਸੇਧ ਦਿੰਦੇ ਸਨ ਕਿ ਕਿਸ ਤਰ੍ਹਾਂ ਮਨੁੱਖਤਾ ਦੀਆਂ ਗੰਭੀਰ ਸਮੱਸਿਆਵਾਂ ਨੂੰ ਅਸੀਂ ਦੂਰ ਕਰ ਸਕਦੇ ਹਾਂ । ਕਈ ਬਹੁਤ ਛੋਟੀਆਂ ਛੋਟੀਆਂ ਗੱਲਾਂ ਹੁੰਦੀਆਂ ਹਨ ਅਤੇ ਆਮ ਆਦਮੀ ਉਨ੍ਹਾਂ ਨੂੰ ਅੱਖੋਂ ਪਰ੍ਹੇ ਕਰ ਦਿੰਦਾ ਹੈ ਪਰ ਜਿਹੜੇ ਲੋਕ ਮਨੁੱਖਤਾ ਨਾਲ ਜੁੜੇ ਹੁੰਦੇ ਹਨ, ਉਹ ਹਰ ਵਿਸ਼ੇ ਨੂੰ ਬੜੀ ਸੰਜੀਦਗੀ ਨਾਲ ਲੈਂਦੇ ਹਨ । ਉਨ੍ਹਾਂ ਨੂੰ ਹਿੰਦੁਸਤਾਨ ਵਿਚ ਵੀ ਦੋ ਵਾਰ ਆਉਣ ਦਾ ਮੌਕਾ ਮਿਲਿਆ ਔਰ ਦੋਨੋਂ ਵਾਰ ਹੀ ਉਹ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਅਮਿੱਟ ਛਾਪ ਛੱਡ ਕੇ ਗਏ । ਉਹ ਇਸ ਗੱਲ ਵਾਸਤੇ ਬਹੁਤ ਕਨਸਰਨਡ ਰਹਿੰਦੇ ਸਨ ਕਿ ਜਿਹੜੀ ਲੇਬਰ ਕਲਾਸ ਹੈ, ਉਹ ਕਿਸੇ ਦਬਾਅ ਹੇਠ ਜਾਂ ਕਿਸੇ ਬੰਧਨ ਹੇਠ ਕੰਮ ਨਾ ਕਰੇ । ਜਦੋਂ 1986 ਵਿਚ ਉਹ ਹਿੰਦੁਸਤਾਨ ਆਏ ਸਨ ਤਾਂ ਇਹੀ ਸੰਦੇਸ਼ ਦੇ ਕੇ ਗਏ ਸਨ । ਇਸੇ ਤਰ੍ਹਾਂ ਦੇ ਕਈ ਭਾਵਨਾਤਮਿਕ ਮੁੱਦੇ ਹੁੰਦੇ ਹਨ ਜਿਹੜੇ ਕਈ ਕੌਮਾਂ ਨਾਲ ਜੁੜੇ ਹੁੰਦੇ ਹਨ, ਉਨ੍ਹਾਂ ਬਾਰੇ ਵੀ ਬਹੁਤ ਕਨਸਰਨਡ ਰਹਿੰਦੇ ਸਨ ਜਿਵੇਂ ਬਾਦਲ ਸਾਹਿਬ ਨੇ ਦੱਸਿਆ ਹੈ ਕਿ ਆਪ੍ਰੇਸ਼ਨ ਬਲਿਊ ਸਟਾਰ ਤੇ ਉਨ੍ਹਾਂ ਨੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਸੀ ਅਤੇ ਇਸ ਤਰ੍ਹਾਂ ਹੀ ਫਰਾਂਸ ਵਿਚ ਜਿਹੜਾ ਸਿੱਖਾਂ ਦੀ ਪਗੜੀ ਦਾ ਮਸਲਾ ਹੈ, ਉਸੇ ਦੇ ਬਾਰੇ ਵੀ ਉਨ੍ਹਾਂ ਨੇ ਆਪਣੀ ਪਾਜ਼ੇਟਿਵ ਸੋਚ ਦਾ ਪ੍ਰਗਟਾਵਾ ਕੀਤਾ । ਉਨ੍ਹਾਂ ਦਾ ਵਿਛੋੜਾ ਦੁਨੀਆਂ ਲਈ ਇਕ ਬਹੁਤ ਵੱਡਾ ਘਾਟਾ ਅਤੇ ਅਥਾਹ ਨੁਕਸਾਨ ਹੈ । ਅਜਿਹੇ ਵਿਅਕਤੀ ਆਪਣੇ ਪਿੱਛੇ ਕਈ ਤਰ੍ਹਾਂ ਦੇ ਪੂਰਨੇ ਪਾ ਜਾਂਦੇ ਹਨ ਜਿਨ੍ਹਾਂ ਤੇ ਸਾਨੂੰ ਚੱਲਣਾ ਚਾਹੀਦਾ ਹੈ । ਧਰਮ ਅਤੇ ਜਾਤ ਤੋਂ ਉਪਰ ਉੱਠ ਕੇ ਜੇ ਅਸੀਂ ਉਨ੍ਹਾਂ ਦੀ ਜ਼ਿੰਦਗੀ ਵੱਲ ਵੇਖੀਏ ਤਾਂ ਮੈਂ ਸਮਝਦਾ ਹਾਂ ਕਿ ਇਹੋ ਜਿਹੇ ਇਨਸਾਨ ਇਸ ਧਰਤੀ ਤੇ ਬਹੁਤ ਘੱਟ ਆਉਂਦੇ ਹਨ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਵਿਛੜੀ ਰੂਹ ਦੇ ਚਰਨਾਂ ਵਿਚ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਜਿਵੇਂ ਲੀਡਰ ਆਫ ਦਿ ਹਾਊਸ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਹਾਊਸ ਐਡਜਰਨ ਕਰਨ ਦੀ ਗੱਲ ਆਖੀ ਹੈ, ਮੈਂ ਵੀ ਸਮਝਦਾ ਹਾਂ ਕਿ ਐਸੀ ਮਹਾਨ ਸਖ਼ਸੀਅਤ ਦੇ ਆਦਰ ਵਜੋਂ ਅੱਜ ਦੇ ਸ਼ੋਕ ਮਤਿਆਂ ਤੋਂ ਬਾਅਦ ਇਹ ਹਾਊਸ ਐਡਜਰਨ ਕਰ ਦੇਣਾ ਚਾਹੀਦਾ ਹੈ । ਬਹੁਤ ਬਹੁਤ ਧੰਨਵਾਦ ।

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ) :** ਸਪੀਕਰ ਸਾਹਿਬ, ਅੱਜ ਬੜੇ ਹੀ ਦੁਖ ਦੀ ਗੱਲ ਹੈ ਕਿ ਸਾਡੇ ਹਾਊਸ ਦੇ ਬਹੁਤ ਹੀ ਸਤਿਕਾਰਯੋਗ ਮੈਂਬਰ ਬੀਬੀ

ਸਤਵੰਤ ਕੌਰ ਸੰਧੂ ਜੀ ਦੇ ਬੇਟੇ ਦਾ ਦਿਹਾਂਤ ਹੋਇਆ ਹੈ । ਨੌਜਵਾਨ ਬੇਟੇ ਦੇ ਜਾਣ ਦਾ ਦੁਖ ਮਾਪਿਆਂ ਨੂੰ ਬਹੁਤ ਹੁੰਦਾ ਹੈ ਔਰ ਸਿਆਸੀ ਬੰਦੇ ਦਾ ਸਾਰਾ ਕਾਰੋਬਾਰ ਉਨ੍ਹਾਂ ਦਾ ਪਰਿਵਾਰ ਹੁੰਦਾ ਹੈ, ਸਮੁੱਚਾ ਪਰਿਵਾਰ ਉਨ੍ਹਾਂ ਦੀ ਗੈਰ ਮੌਜੂਦਗੀ ਵਿੱਚ ਦੁੱਖੀ ਹੈ । ਸੋ, ਸਾਨੂੰ ਬਹੁਤ ਦੁਖ ਹੈ ਕਿਉਂਕਿ ਸਰਦਾਰ ਹਰਜਿੰਦਰ ਸਿੰਘ ਲਾਲੀ ਜਿਨ੍ਹਾਂ ਦੀ ਮਾਤਾ ਇਸ ਹਾਊਸ ਦੀ ਮੈਂਬਰ ਹੈ, ਉਨ੍ਹਾਂ ਦੇ ਪਿਤਾ ਸਰਦਾਰ ਅਜਾਇਬ ਸਿੰਘ ਸੰਧੂ ਵੀ ਕਦੇ ਇਸ ਹਾਊਸ ਦੇ ਮੈਂਬਰ ਹੁੰਦੇ ਸੀ । ਇਹ ਬੜੀ ਨਾਮਵਰ ਫੈਮਲੀ ਹੈ । ਉਹ ਬੜੇ ਲੰਮੇ ਸਮੇਂ ਤੋਂ ਪੰਜਾਬ ਦੀ ਸੇਵਾ ਕਰਦੇ ਆ ਰਹੇ ਹਨ । ਸੋ, ਉਨ੍ਹਾਂ ਦੇ ਨੌਜਵਾਨ ਪੁੱਤਰ ਦੀ ਮੌਤ ਦਾ ਸਾਨੂੰ ਸਭ ਨੂੰ ਬਹੁਤ ਦੁਖ ਹੈ । ਇਹ ਕੁਦਰਤ ਦਾ ਭਾਣਾ ਹੈ । ਮਨੁੱਖ ਕੁਝ ਨਹੀਂ ਕਰ ਸਕਦਾ । ਮਾਵਾਂ ਵਾਸਤੇ ਪੁੱਤਰ ਦਾ ਦੁਖ ਬਹੁਤ ਵੱਡਾ ਦੁਖ ਹੁੰਦਾ ਹੈ । ਸੋ, ਅਸੀਂ ਬੀਬੀ ਜੀ ਨਾਲ ਇਸ ਦੁਖ ਵਿੱਚ ਉਨ੍ਹਾਂ ਨਾਲ ਦੁਖ ਸਾਂਝਾ ਕਰਦੇ ਹਾਂ । ਅਸੀਂ ਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਅਕਾਲ ਪੁਰਖ ਵਿਛੜੀ ਆਤਮਾ ਨੂੰ ਸ਼ਾਂਤੀ ਦੇਣ ਅਤੇ ਬੀਬੀ ਜੀ ਨੂੰ ਇਸ ਪਹਾੜ ਜਿਹੇ ਸਦਮੇ ਨੂੰ ਬਰਦਾਸ਼ਤ ਕਰਨ ਦਾ ਬਲ ਬਖਸ਼ਣ ।

ਸਪੀਕਰ ਸਾਹਿਬ, ਅੱਜ ਦੂਜੇ ਸੰਸਾਰ ਦੀ ਸਭ ਤੋਂ ਵੱਡੀ ਧਾਰਮਿਕ ਸ਼ਖਸੀਅਤ ਪੋਪ ਜੋਨ ਪਾਲ-II ਜਿਸ ਨੂੰ ਸੰਸਾਰ ਦਾ ਬਹੁਤ ਵੱਡਾ ਹਿੱਸਾ ਧਾਰਮਿਕ ਗੁਰੂ ਮੰਨਦਾ ਹੈ, ਉਨ੍ਹਾਂ ਦਾ ਦਿਹਾਂਤ ਹੋਇਆ ਹੈ, ਇਸ ਦਾ ਸਾਨੂੰ ਬਹੁਤ ਦੁਖ ਹੈ । ਜਦੋਂ ਕੋਈ ਇੰਨੀ ਵੱਡੀ ਮਹਾਨ ਧਾਰਮਿਕ ਸ਼ਖਸੀਅਤ ਜਿਸ ਨੇ ਇਨਸਾਨੀ ਆਜ਼ਾਦੀ ਵਾਸਤੇ ਸਾਰੀ ਜ਼ਿੰਦਗੀ ਸੰਘਰਸ਼ ਕੀਤਾ ਹੋਵੇ, ਜਿਸ ਨੇ ਮੁਲਕਾਂ ਦੇ ਮਨਾਂ ਵਿੱਚ ਕੁੜੱਤਣ ਸਮਾਪਤ ਕਰਨ ਲਈ ਇਸ ਪਦਵੀ ਦੀ ਵਰਤੋਂ ਕੀਤੀ, ਜਿਹੜੇ ਬਹੁਤ ਵਿਦਵਾਨ ਸਨ, ਕੋਈ 8 ਭਾਸ਼ਾਵਾਂ ਦੇ ਉਹ ਮਾਹਿਰ ਸਨ, ਉਨ੍ਹਾਂ ਦੀ ਸਾਡੇ ਦੇਸ਼ ਨਾਲ ਵੀ ਸਾਂਝ ਹੈ । ਉਹ ਦੋ ਵਾਰੀ ਇਥੇ ਆਏ ਔਰ ਮਦਰ ਟੈਰੇਸਾ ਨੂੰ ਉਨ੍ਹਾਂ ਨੇ ਸੰਤ ਦੀ ਉਪਾਧੀ ਦਿੱਤੀ ਹੈ । ਉਹ ਅਜਿਹੇ ਧਾਰਮਿਕ ਰਹਿਬਰ ਸਨ ਜਿਨ੍ਹਾਂ ਨੇ ਇਕ ਥਾਂ ਤੇ ਬੈਠ ਕੇ ਇਨਸਾਨੀ ਪਰਚਾਰ ਨਹੀਂ ਕੀਤਾ, ਉਨ੍ਹਾਂ ਨੇ ਸਾਰੇ ਸੰਸਾਰ ਦੀ ਬੜੀ ਲੰਮੀ ਯਾਤਰਾ ਕੀਤੀ । ਉਹ ਲਗਭਗ 129 ਮੁਲਕਾਂ ਵਿੱਚ ਗਏ, 10 ਲੱਖ ਕਿਲੋਮੀਟਰ ਤੋਂ ਉਪਰ ਉਨ੍ਹਾਂ ਨੇ ਸਫ਼ਰ ਕੀਤਾ ਔਰ ਆਪਣੀ ਜ਼ਿੰਦਗੀ ਵਿੱਚ 40 ਕਰੋੜ ਦੇ ਕਰੀਬ ਲੋਕਾਂ ਦੇ ਰੂਬਰੂ ਹੋ ਕੇ ਉਨ੍ਹਾਂ ਨੇ ਲੋਕਾਂ ਨੂੰ ਧਾਰਮਿਕ ਉਪਦੇਸ਼ ਦਿੱਤਾ, ਆਪਸ ਵਿੱਚ ਪਿਆਰ ਨਾਲ ਰਹਿਣ ਦਾ ਉਪਦੇਸ਼ ਦਿੱਤਾ, ਸੰਸਾਰ ਵਾਸਤੇ ਸ਼ਾਂਤੀ ਮੰਗੀ ਔਰ ਸਭ ਨੂੰ ਮਿਲ ਜੁਲ ਕੇ ਸੰਸਾਰ ਵਾਸਤੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ । ਸੋ, ਅਜਿਹੇ ਇਨਸਾਨ ਦੇ ਜਾਣ ਦਾ ਦੁਖ ਸਾਰੀ ਦੁਨੀਆਂ ਨੂੰ ਹੈ । ਅੱਜ ਪੂਰੇ ਸੰਸਾਰ ਵਿੱਚ ਸ਼ੋਕ ਮਨਾਇਆ ਜਾ ਰਿਹਾ ਹੈ । ਸਾਡੇ ਦੇਸ਼ ਵਿੱਚ ਵੀ ਤਿੰਨ ਦਿਨਾਂ ਦਾ ਸ਼ੋਕ ਹੈ । ਸਾਡੇ ਮੁੱਖ ਮੰਤਰੀ ਸਾਹਿਬ ਨੇ ਵੀ ਆਪਣੀ ਸਟੇਟ ਵਿੱਚ ਤਿੰਨ ਦਿਨਾਂ ਦਾ ਸ਼ੋਕ ਡਿਕਲੇਅਰ ਕੀਤਾ ਹੈ । ਸੋ, ਸਮੁੱਚੀ ਮਾਨਵਤਾ ਦਾ ਭਲਾ ਚਾਹੁੰਣ ਵਾਲੇ ਦੇ ਚਲੇ ਜਾਣ ਦਾ ਸਾਨੂੰ ਸਭ ਨੂੰ ਦੁਖ ਹੈ । ਅਸੀਂ ਸਾਰੇ ਮਸੀਹ ਭਾਈਚਾਰੇ ਨਾਲ ਉਨ੍ਹਾਂ ਦੇ ਇਸ ਗਮ ਵਿੱਚ ਸ਼ਰੀਕ ਹੁੰਦੇ ਹਾਂ । ਅੱਜ ਸੰਸਾਰ ਇਕ ਬਹੁਤ ਹੀ ਪਵਿੱਤਰ ਆਤਮਾ ਤੋਂ ਵਾਂਝਾ ਹੋ ਗਿਆ ਹੈ ਜਿਸ ਨੇ ਕੇਵਲ ਆਪਣੇ ਧਰਮ ਦੀ ਗੱਲ ਹੀ ਨਹੀਂ ਕੀਤੀ ਸਗੋਂ ਸਭ ਧਰਮਾਂ ਦਾ ਸਤਿਕਾਰ ਕੀਤਾ । ਜਿਵੇਂ ਜ਼ਿਕਰ ਕੀਤਾ ਗਿਆ ਹੈ ਸ੍ਰੀ ਦਰਬਾਰ

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਸਾਹਿਬ ਤੇ ਅਟੈਕ ਵੇਲੇ ਵੀ ਉਨ੍ਹਾਂ ਦੇ ਮਨ ਨੂੰ ਠੇਸ ਪਹੁੰਚੀ । ਜਦੋਂ ਫਰਾਂਸ ਵਿੱਚ ਪਗੜੀ ਦਾ ਵਿਵਾਦ ਚਲਿਆ ਤਾਂ ਉਦੋਂ ਵੀ ਉਨ੍ਹਾਂ ਨੇ ਆਪਣੇ ਇਹੀ ਕੁਮੈਂਟਸ ਦਿੱਤੇ ਕਿ ਸਰਕਾਰਾਂ ਨੂੰ ਧਰਮ ਵਿੱਚ ਬਹੁਤਾ ਦਖਲ ਨਹੀਂ ਦੇਣਾ ਚਾਹੀਦਾ । ਧਰਮ ਬੜੀ ਪਵਿੱਤਰ ਚੀਜ਼ ਹੈ, ਹਰ ਇਕ ਧਰਮ, ਹਰ ਇਕ ਨੂੰ ਮੁਬਾਰਕ ਹੈ । ਉਨ੍ਹਾਂ ਨੇ ਹਰ ਧਰਮ ਦਾ ਸਤਿਕਾਰ ਕੀਤਾ ਅਤੇ ਸਾਰੀ ਦੁਨੀਆ ਦਾ ਭਲਾ ਮੰਗਿਆ । ਐਸੇ ਇਨਸਾਨ ਤੋਂ ਅੱਜ ਸੰਸਾਰ ਵਾਂਝਾ ਹੋ ਗਿਆ ਹੈ । ਸਾਨੂੰ ਸਾਰਿਆਂ ਨੂੰ ਬਹੁਤ ਦੁਖ ਹੈ । ਐਸੇ ਮਨੁੱਖ ਵਾਸਤੇ ਪ੍ਰਮਾਤਮਾ ਦੇ ਚਰਨਾਂ ਵਿਚ ਥਾਂ ਤਾਂ ਪਹਿਲਾਂ ਹੀ ਬਣੀ ਹੋਈ ਹੋਵੇਗੀ ਕਿਉਂਕਿ ਉਹ ਸਾਰੇ ਸੰਸਾਰ ਨੂੰ ਹੀ ਆਪਣਾ ਘਰ ਸਮਝਦੇ ਸਨ ਪਰ ਫਿਰ ਵੀ ਮੈਂ ਆਪਣੀਆਂ ਦਿਲ ਦੀਆਂ ਗਹਿਰਾਈਆਂ ਵਿਚੋਂ ਉਨ੍ਹਾਂ ਨਾਲ, ਖਾਸ ਕਰਕੇ ਮਸੀਹੀ ਭਾਈਚਾਰੇ ਨਾਲ ਆਪਣਾ ਦੁਖ ਸਾਂਝਾ ਕਰਦਾ ਹਾਂ । ਬਹੁਤ ਬਹੁਤ ਧੰਨਵਾਦ ।

**ਮਾਨਯੋਗ ਸਪੀਕਰ** : ਆਗਾਹ ਆਪਣੀ ਮੌਤ ਸੇ ਕੋਈ ਬਸ਼ਰ ਨਹੀਂ,
ਸਮਾਨ ਸੌ ਬਰਸ ਕਾ, ਪਲ ਕੀ ਖਬਰ ਨਹੀਂ

ਸੱਚਮੁੱਚ ਅੱਜ ਫਿਰ ਹਾਊਸ ਸ਼ੋਕ ਦੇ ਗਹਿਰੇ ਸਮੁੰਦਰ ਵਿਚ ਡੁੱਬ ਗਿਆ ਹੈ । ਖਾਸ ਤੌਰ ਤੇ ਸਾਡੀ ਭੈਣ ਸਤਵੰਤ ਕੌਰ ਜੀ ਜਿਹੜੇ ਇਸ ਹਾਊਸ ਵਿਚ ਮੈਂਬਰ ਹਨ ਅਤੇ ਪੰਜਾਬ ਸਰਕਾਰ ਦੇ ਵਜ਼ੀਰ ਵੀ ਰਹੇ ਹਨ । ਉਨ੍ਹਾਂ ਦੇ ਪਤੀ ਅਜਾਇਬ ਸਿੰਘ ਵੀ ਇਸ ਹਾਊਸ ਵਿਚ ਬੜੇ ਜ਼ੋਰਦਾਰ ਅਤੇ ਅੱਛੇ ਪਾਰਲੀਮੈਂਟੇਰੀਅਨ ਮੈਂਬਰ ਸਨ । ਉਨ੍ਹਾਂ ਦਾ ਸਦਮਾ ਤਾਂ ਉਹ ਬਰਦਾਸ਼ਤ ਕਰਕੇ ਵਿਧਵਾ ਸਤਵੰਤ ਕੌਰ ਸਾਡੀ ਭੈਣ ਖੁੱਚਿਆਂ ਨਾਲ ਜੀਅ ਰਹੀ ਸੀ, ਉਨ੍ਹਾਂ ਦੇ ਬੱਚੇ ਦਾ ਬਹੁਤ ਹੀ ਗਹਿਰਾ ਸਦਮਾ ਉਨ੍ਹਾਂ ਨੂੰ ਪਹੁੰਚਿਆ ਹੈ । ਅਸੀਂ ਸਾਰੇ ਹਾਊਸ ਦੇ ਮੈਂਬਰ ਇਸ ਸਦਮੇ ਉਤੇ ਗਹਿਰੇ ਦੁਖ ਦਾ ਪ੍ਰਗਟਾਵਾ ਕਰਦੇ ਹਾਂ।

ਸੰਸਾਰ ਦੇ ਬਹੁਤ ਹੀ ਉਘੇ ਧਰਮ-ਗੁਰੂ ਖਾਸ ਕਰਕੇ ਰੋਮਨ ਕੈਥੋਲਿਕ ਦ ਚਲਾਣਾ ਕਰ ਗਏ ਹਨ । ਸਾਰਾ ਦੇਸ਼ ਹੀ ਨਹੀਂ ਬਲਕਿ ਸਾਰਾ ਸੰਸਾਰ ਇਸ ਸ਼ੋਕ ਵਿੱਚ ਡੁੱਬਿਆ ਹੋਇਆ ਹੈ । ਉਨ੍ਹਾਂ ਦਾ ਜੀਵਨ ਮਨੁੱਖਤਾ ਲਈ, ਇਨਸਾਨੀਅਤ ਲਈ ਬਹੁਤ ਹੀ ਉੱਚਾ ਅਤੇ ਸੁੱਚਾ ਸੀ । ਉਨ੍ਹਾਂ ਨੇ ਬਹੁਤ ਹੀ ਉੱਚੇ ਸਥਾਨ ਉਤੇ ਬੈਠ ਕੇ ਇਨਸਾਨੀਅਤ ਨਾਲ ਜੋ ਪਿਆਰ ਦਰਸਾਇਆ, ਉਹ ਹਮੇਸ਼ਾ ਹਮੇਸ਼ਾ ਯਾਦ ਰਹੇਗਾ । ਸੱਚਮੁਚ ਉਨ੍ਹਾਂ ਦੇ ਉਸ ਪਿਆਰ ਨੂੰ ਅੱਜ ਸਾਰਾ ਸੰਸਾਰ ਯਾਦ ਕਰਦਾ ਹੈ । ਹਿੰਦੁਸਤਾਨ ਵਿਚ ਵੀ ਉਨ੍ਹਾਂ ਦਾ ਦੌਰਾ ਅਤੇ ਲੋਕਾਂ ਨਾਲ ਪਿਆਰ, ਉਨ੍ਹਾਂ ਦਾ ਸੱਚਾਈ ਅਤੇ ਅਹਿੰਸਾ ਦਾ ਵਿਸ਼ਵਾਸ ਸਾਨੂੰ ਅੱਜ ਵੀ ਸੰਦੇਸ਼ ਦਿੰਦਾ ਹੈ । ਮੈਂ ਸਾਰੇ ਹਾਊਸ ਨਾਲ ਇਸ ਜਜ਼ਬਾਤੀ ਦੁਖ ਵਿਚ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ । ਮੈਂ ਹੁਣ ਬੇਨਤੀ ਕਰਦਾ ਹਾਂ ਕਿ ਮਾਨਯੋਗ ਹਾਊਸ ਦੇ ਸਾਰੇ ਮੈਂਬਰ ਦੋ ਮਿੰਟ ਲਈ ਖੜ੍ਹੇ ਹੋ ਕੇ ਵਿਛੜੀਆਂ ਆਤਮਾਵਾਂ ਦੀ ਸ਼ਾਂਤੀ ਵਾਸਤੇ ਪ੍ਰਾਰਥਨਾ ਕਰਨ ।

(ਇਸ ਸਮੇਂ ਸਦਨ ਵਿਚ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਨੇ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ ।)

ਮਾਨਯੋਗ ਸਪੀਕਰ : ਇਹ ਸ਼ੋਕ ਪ੍ਰਸਤਾਵ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜ ਦਿੱਤਾ ਜਾਵੇਗਾ। ਅੱਜ ਦਾ ਬਿਜਨੈਂਸ ਅਗਲੀ ਸਿਟਿੰਗ ਤੇ ਹਾਊਸ ਵਿਚ ਰੱਖਿਆ ਜਾਵੇਗਾ।

**MR. SPEAKER :** The House stands adjourned till 2.00 P.M. on Friday, the 8th April, 2005.

——

*(2.25 P.M.) (The Sabha then* adjourned till 2.00 P.M. on Friday, the 8th April, 2005).

ਪੰਜਾਬ ਸਰਕਾਰ ਪ੍ਰੈਸ, ਮੁਹਾਲੀ/5308/5-2005/305 ਕਾਪੀਆਂ

Published under the authority of the Punjab Vidhan Sabha and printed by the Controller, Printing and Stationery, Punjab, at Govt. press, S.A.S. Nagar.

# PUNJAB VIDHAN SABHA

## DEBATES

*8th April, 2005*

Vol. IX—No. 11

OFFICIAL REPORT

CONTENTS




Punjab Vidhan Sabha Secretariat, Chandigarh.

Price : Rs.............

## PUNJAB VIDHAN SABHA

*Friday, the 8th April, 2005*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Doctor Kewal Krishan) in the Chair.*

---

## OBITUARY REFERENCES

**MR. SPEAKER** : Obituary References.

ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ) : ਮਾਨਯੋਗ ਸਪੀਕਰ ਸਾਹਿਬ, ਮੈਂ ਬੜੇ ਦੁਖੀ ਹਿਰਦੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਬੜੇ ਹੀ ਸਤਿਕਾਰਯੋਗ ਸ੍ਰੀ ਸੰਤ ਰਾਮ ਸਿੰਗਲਾ ਜੀ ਜੋ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸਨ, ਉਹ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਪਿੰਡ ਗਾਜੇਵਾਸ, ਜਿਲ੍ਹਾ ਪਟਿਆਲਾ ਵਿਖੇ ਮਿਤੀ 20.11.1934 ਵਿਚ ਹੋਇਆ ਸੀ ਅਤੇ ਉਹ 71 ਵਰ੍ਹਿਆਂ ਦੇ ਸਨ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਉਹ ਮਿਉਂਸਿਪਲ ਕਮੇਟੀ, ਪਟਿਆਲਾ, ਵਿਖੇ ਕਾਰਜਕਾਰੀ ਅਫਸਰ ਰਹੇ ਔਰ ਉਨ੍ਹਾਂ ਨੇ ਪਟਿਆਲਾ ਦੀ ਡਿਵੈਲਪਮੈਂਟ ਵਿੱਚ ਬਤੌਰ ਕਾਰਜਕਾਰੀ ਅਫਸਰ ਬਹੁਤ ਯੋਗਦਾਨ ਪਾਇਆ। ਸਪੀਕਰ ਸਾਹਿਬ, ਉਸ ਤੋਂ ਬਅਦ ਉਹ ਗਿਆਨੀ ਜ਼ੈਲ ਸਿੰਘ ਜੀ, ਜੋ ਉਸ ਵੇਲੇ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਸਨ, ਉਨ੍ਹਾਂ ਦੇ ਪੁਲੀਟੀਕਲ ਸੈਕ੍ਰੇਟਰੀ ਰਹੇ ਔਰ ਉਨ੍ਹਾਂ ਨੇ ਪੁਲੀਟੀਕਲ ਸੈਕ੍ਰੇਟਰੀ ਦੇ ਤੌਰ ਤੇ ਵੀ ਪੰਜਾਬ ਲਈ ਬਹੁਤ ਯੋਗਦਾਨ ਪਾਇਆ। ਉਹ ਬੜੇ ਸੂਝਵਾਨ, ਹਸਮੁੱਖ ਅਤੇ ਪਿਆਰ ਨਾਲ ਮਿਲਣ ਵਾਲੇ ਸੱਜਣ ਸਨ। ਉਸ ਵੇਲੇ ਵੀ ਉਹ ਪਬਲਿਕ ਨਾਲ ਔਰ ਲੋਕਾਂ ਦੀਆਂ ਜਿਹੜੀਆਂ ਸ਼ਿਕਾਇਤਾਂ ਹੁੰਦੀਆਂ ਸਨ, ਉਹ ਸਰਕਾਰ ਨੂੰ ਅਤੇ ਗਿਆਨੀ ਜੀ ਤੱਕ ਪਹੁੰਚਾਉਣ ਲਈ ਬਹੁਤ ਸਹਾਈ ਹੁੰਦੇ ਰਹੇ। ਸਪੀਕਰ ਸਾਹਿਬ, ਉਸ ਤੋਂ ਬਾਅਦ ਜਦੋਂ ਗਿਆਨੀ ਜੀ ਮੁਲਕ ਦੇ ਹੋਮ-ਮਨਿਸਟਰ ਬਣੇ, ਫਿਰ ਵੀ ਉਨ੍ਹਾਂ ਦੇ ਨਾਲ ਉਹ ਪੁਲੀਟੀਕਲ ਸੈਕ੍ਰੇਟਰੀ ਰਹੇ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਸਪੀਕਰ ਸਾਹਿਬ, ਉਹ ਇਸ ਪਵਿੱਤਰ ਸਦਨ ਦੇ ਸਾਲ 1980 ਵਿੱਚ ਮੈਂਬਰ ਵੀ ਰਹੇ ਔਰ ਐਮ.ਐਲ.ਏ. ਦੇ ਤੌਰ ਤੇ ਵੀ ਉਹ ਪੰਜਾਬ ਦੇ ਲੋਕਾਂ ਦੀ ਇੱਕ ਆਵਾਜ਼ ਬਣ ਕੇ ਇਸ ਵਿਧਾਨ ਸਭਾ ਵਿੱਚ ਬੋਲਦੇ ਰਹੇ ਔਰ ਲੋਕਾਂ ਦੇ ਜੋ ਦੁਖ ਸਨ, ਉਨ੍ਹਾਂ ਦੇ ਨਿਪਟਾਰੇ ਲਈ ਇਥੇ ਬੜੇ ਅੱਛੇ ਢੰਗ ਨਾਲ ਲੋਕਾਂ ਦੇ ਕੇਸ ਪੇਸ਼ ਕਰਦੇ ਰਹੇ। ਸਪੀਕਰ ਸਾਹਿਬ, ਇਸ ਦੇ ਬਾਅਦ ਉਹ ਪਟਿਆਲਾ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਜਾ ਕੇ ਪੰਜਾਬ ਅਤੇ ਪੰਜਾਬ ਦੇ ਲੋਕਾਂ ਵਾਸਤੇ ਬਹੁਤ ਯੋਗਦਾਨ ਪਾਇਆ। ਸਪੀਕਰ ਸਾਹਿਬ, ਉਹ ਸਾਡੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਵੀ ਰਹੇ ਔਰ ਪ੍ਰਦੇਸ਼ ਕਾਂਗਰਸ ਕਮੇਟੀ ਦ ਜਨਰਲ ਸਕੱਤਰ ਵੀ ਰਹੇ। ਉਹ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ ਵੀ ਰਹੇ। ਉਨ੍ਹਾਂ

[ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ]

ਨੇ ਵੱਖ-ਵੱਖ ਅਹੁਦਿਆਂ ਤੇ ਰਹਿ ਕੇ ਪੰਜਾਬ ਦੇ ਲੋਕਾਂ ਦੀ ਬੜੀ ਸੇਵਾ ਕੀਤੀ ਔਰ ਇਸ ਵੇਲੇ ਹੁਣ ਉਹ ਪੰਜਾਬ ਮੰਡੀਕਰਨ ਬੋਰਡ ਦੇ ਚਅਰਮੈਨ ਸਨ । ਉਨ੍ਹਾਂ ਨੇ ਪੰਜਾਬ ਦੇ ਵਿਕਾਸ ਲਈ ਖਾਸ ਤੌਰ ਤੇ ਪੰਜਾਬ ਦੇ ਅੰਦਰ ਜਿਹੜੀਆਂ ਲਿੰਕ ਰੋਡਜ਼ ਬਣਾਈਆਂ ਗਈਆਂ ਹਨ, ਉਨ੍ਹਾਂ ਦੇ ਵਾਸਤੇ ਬਹੁਤ ਵੱਡਾ ਯੋਗਦਾਨ ਪਾਇਆ । ਉਹ ਬੜੇ ਅੱਛੇ ਐਡਮਨਿਸਟਰੇਟਰ ਅਤੇ ਸਪੀਕਰ ਵੀ ਸਨ । ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਇਕ ਚੰਗੇ ਸਿਆਸਤਦਾਨ ਤੋਂ ਵਾਂਝਾ ਹੋ ਗਿਆ ਹੈ, ਇਕ ਅੱਛੇ ਪਾਰਲੀਮੈਂਟੇਰੀਅਨ ਤੋਂ ਵਾਂਝਾ ਹੋ ਗਿਆ ਹੈ ਅਤੇ ਇਕ ਅੱਛੇ ਸੂਝਵਾਨ ਮੈਂਬਰ ਤੋਂ ਵਾਂਝਾ ਹੋ ਗਿਆ ਹੈ । ਇਹ ਜਿਹੜਾ ਉਨ੍ਹਾਂ ਦੇ ਜਾਣ ਨਾਲ ਘਾਟਾ ਪਿਆ ਹੈ, ਉਹ ਪੂਰਾ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਨਿਧਨ ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੇ ਦੁਖਾਂਤ ਤੇ ਵਿਧਾਨ ਸਭਾ ਵੱਲੋਂ ਰੈਜ਼ੋਲਿਊਸ਼ਨ ਪਾਸ ਕਰਕੇ ਉਨ੍ਹਾਂ ਦੇ ਪਰਿਵਾਰ ਨੂੰ ਭੇਜਿਆ ਜਾਵੇ । ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਅੱਜ ਉਨ੍ਹਾਂ ਦੀ ਕਰੀਮੇਸ਼ਨ 4.00 ਵਜੇ ਪਟਿਆਲਾ ਵਿਖੇ ਹੈ ਅਤੇ ਅਸੀਂ ਸਾਰਿਆਂ ਨੇ ਉਸ ਵਿੱਚ ਸ਼ਾਮਿਲ ਹੋਣਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਸਦਨ ਨੂੰ ਐਡਜਰਨ ਕਰ ਦੇਣਾ ਚਾਹੀਦਾ ਹੈ ਤਾਂ ਕਿ ਅਸੀਂ ਸਾਰੇ ਉਥੇ ਸ਼ਾਮਿਲ ਹੋ ਸਕੀਏ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਮਾਨਯੋਗ ਸਪੀਕਰ ਸਾਹਿਬ, ਬੜਾ ਗਹਿਰਾ ਦੁਖ ਹੈ ਅਤੇ ਬੜਾ ਅਫਸੋਸ ਹੈ ਕਿ ਇਕ ਬਹੁਤ ਹੀ ਨੇਕ ਇਨਸਾਨ ਸ੍ਰੀ ਸੰਤ ਰਾਮ ਜੀ ਸਿੰਗਲਾ, ਜੋ ਕਿ ਮੰਡੀ ਬੋਰਡ ਦੇ ਚੇਅਰਮੈਨ ਸਨ, ਉਨ੍ਹਾਂ ਦੀ ਦਿਹਾਂਤ ਹੋ ਗਿਆ ਹੈ, ਉਨ੍ਹਾਂ ਦੀ ਬੇ-ਵਕਤ, ਅਚਾਨਕ ਅਤੇ ਦਰਦਨਾਕ ਜੁਦਾਈ ਦਾ ਸਾਨੂੰ ਸਾਰਿਆਂ ਨੂੰ ਬਹੁਤ ਦੁਖ ਹੈ । ਉਹ ਇੱਕ ਨਿਹਾਇਤ ਤਜਰਬੇਕਾਰ ਸਿਆਸਤਦਾਨ ਸਨ, ਬੜੇ ਅੱਛੇ ਐਡਮਨਿ-ਸਟਰੇਟਰ, ਬੜੇ ਅੱਛੇ ਸਪੀਕਰ ਅਤੇ ਬੜੇ ਅੱਛੇ ਵਿਦਵਾਨ ਸਨ । ਜਿਵੇਂ ਹੁਣੇ ਹੀ ਚੌਧਰੀ ਸਾਹਿਬ ਨੇ ਦੱਸਿਆ ਹੈ, ਉਹ ਸਭ ਤੋਂ ਪਹਿਲਾਂ ਮਿਉਂਸਿਪਲ ਕਮੇਟੀ ਪਟਿਆਲਾ ਵਿੱਚ ਬਤੌਰ ਐਗਜ਼ੈਕਟਿਵ ਅਫਸਰ ਰਹੇ ਔਰ ਬੜੀ ਸਫਲਤਾ ਨਾਲ ਉਨ੍ਹਾਂ ਨੇ ਆਪਣੀ ਡਿਊਟੀ ਨਿਭਾਈ। ਫਿਰ ਉਹ ਗਿਆਨੀ ਜ਼ੈਲ ਸਿੰਘ ਜੀ ਨਾਲ ਪੁਲੀਟੀਕਲ ਸੈਕਟਰੀ ਰਹੇ, ਭਾਵੇਂ ਗਿਆਨੀ ਜੀ ਚੀਫ ਮਨਿਸਟਰ ਸਨ, ਚਾਹੇ ਦੇਸ਼ ਦੇ ਹੋਮ ਮਨਿਸਟਰ ਸਨ । ਉਨ੍ਹਾਂ ਨੇ ਗਿਆਨੀ ਜ਼ੈਲ ਸਿੰਘ ਜੀ ਨਾਲ ਸੇਵਾ ਕਰਕੇ ਕਾਫੀ ਨਾਮ ਖੱਟਿਆ । ਉਹ ਇਸ ਸਦਨ ਦੇ ਮੈਂਬਰ ਵੀ ਰਹੇ ਅਤੇ ਪਾਰਲੀਮੈਂਟ ਦੇ ਮੈਂਬਰ ਵੀ ਰਹੇ । ਉਨ੍ਹਾਂ ਨੇ ਪਾਰਲੀਮੈਂਟ ਦੇ ਮੈਂਬਰ ਹੋਣ ਦੇ ਨਾਤੇ, ਅਸੈਂਬਲੀ ਦੇ ਮੈਂਬਰ ਹੋਣ ਦੇ ਨਾਤੇ ਕਾਫੀ ਸੇਵਾ ਕੀਤੀ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਕਾਫੀ ਸ਼ਲਾਘਾਯੋਗ ਹੈ । ਇਹ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ । ਇਹ ਜ਼ਖਮ ਇੰਨਾ ਗਹਿਰਾ ਹੈ ਕਿ ਕਦੇ ਭਰ ਨਹੀਂ ਸਕਦਾ । ਇਸ ਲਈ ਸਾਨੂੰ ਦੁਖ ਹੈ । ਜਿਵੇਂ ਡਿਪਟੀ ਲੀਡਰ ਆਫ ਦਿ ਹਾਊਸ ਨੇ ਕਿਹਾ ਹੈ ਕਿ ਦੁਖ ਦਾ ਪ੍ਰਗਟਾਵਾ ਸ਼ੋਕ ਮਤੇ ਰਾਹੀਂ ਉਨ੍ਹਾਂ ਦੇ ਪਰਿਵਾਰ ਨੂੰ ਭੇਜਿਆ ਜਾਵੇ, ਮੈਂ ਵੀ ਇਸ ਨਾਲ ਸਹਿਮਤ ਹੁੰਦਾ ਹਾਂ । ਉਨ੍ਹਾਂ ਦਾ ਅੱਜ ਸਸਕਾਰ ਵੀ ਹੈ । ਇਸ ਲਈ ਸਦਨ ਨੂੰ ਅੱਜ ਐਡਜਰਨ ਕਰ ਦੇਣਾ ਚਾਹੀਦਾ ਹੈ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਇਹੀ ਬੇਨਤੀ ਕਰਦਾ ਹਾਂ ।

**ਸ੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਸਪੀਕਰ ਸਾਹਿਬ, ਪੰਜਾਬ ਕਾਂਗਰਸ ਵਿੱਚ ਜਿਹੜੇ ਗਿਣੇ ਚੁਣੇ ਨਾਂ ਪੁਰਾਣੇ ਨੇਤਾਵਾਂ ਦੇ ਸਨ, ਉਨ੍ਹਾਂ ਵਿੱਚੋਂ ਇੱਕ ਇਹ ਨਾਂ ਸੂਚੀ ਵਿੱਚੋਂ ਹੱਟ ਗਿਆ ਹੈ । ਸ੍ਰੀ ਸੰਤ ਰਾਮ ਜੀ ਸਿੰਗਲਾ ਕਿਸੀ ਤਾਰੀਫ ਦੇ ਮੁਹਤਾਜ ਨਹੀਂ । ਉਨ੍ਹਾਂ ਨੂੰ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿਉਂਕਿ ਉਨ੍ਹਾਂ ਦਾ ਪੰਜਾਬ ਦੀ ਰਾਜਨੀਤੀ, ਪੰਜਾਬ ਦੀ ਐਡਮਨਿਸਟਰੇਸ਼ਨ ਵਿੱਚ ਬਹੁਤ ਵੱਡਾ ਯੋਗਦਾਨ ਹੈ । ਉਨ੍ਹਾਂ ਨੇ ਖਾਸ ਤੌਰ ਤੇ ਗਿਆਨੀ ਜ਼ੈਲ ਸਿੰਘ ਜੀ ਨਾਲ ਬਹੁਤ ਸੇਵਾ ਕੀਤੀ, ਚਾਹੇ ਉਹ ਮੁੱਖ ਮੰਤਰੀ ਸਨ ਅਤੇ ਚਾਹੇ ਮਾਨਯੋਗ ਰਾਸ਼ਟਰਪਤੀ ਦੇ ਅਹੁਦੇ ਤੇ ਰਹੇ । ਉਨ੍ਹਾਂ ਨੇ ਮੰਡੀਕਰਨ ਬੋਰਡ ਦਾ ਚੇਅਰਮੈਨ ਬਣਨ ਉਪਰੰਤ ਮੰਡੀਆਂ ਨੂੰ ਬਿਹਤਰ ਬਣਾਉਣ ਲਈ ਬਹੁਤ ਉਪਰਾਲੇ ਕੀਤੇ । ਉਨ੍ਹਾਂ ਦੇ ਸਮੇਂ ਮੰਡੀਆਂ ਦੀ ਆਮਦਨ ਵਧੀ ਅਤੇ ਬਤੌਰ ਐਡਮਨਿਸਟਰੇਸ਼ਨ ਬਹੁਤ ਸਫਲਤਾ ਹਾਸਲ ਕੀਤੀ । ਉਨ੍ਹਾਂ ਨੇ ਸਿਸਟਮ ਨੂੰ ਬਦਲਣ ਦੀ ਵੀ ਕੋਸ਼ਿਸ਼ ਕੀਤੀ ਤਾਂ ਕਿ ਸੁਧਾਰ ਕੀਤਾ ਜਾ ਸਕੇ । ਇੱਕ ਚੰਗੇ ਪਾਰਲੀਮੈਂਟੇਰੀਅਨ, ਇੱਕ ਚੰਗੇ ਸਮਾਜ ਸੇਵਕ ਔਰ ਰਾਜਨਿਤੀ ਵਿੱਚ ਮਾਹਿਰ ਸ੍ਰੀ ਸੰਤ ਰਾਮ ਜੀ ਸਿੰਗਲਾ ਦੇ ਵਿਛੋੜੇ ਤੇ ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਪਰਮਾਤਮਾ ਅੱਗੇ ਬੇਨਤੀ ਕਰਦਾ ਹਾਂ ਕਿ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ । ਸਪੀਕਰ ਸਾਹਿਬ, ਜਿਸ ਤਰ੍ਹਾਂ ਡਿਪਟੀ ਲੀਡਰ ਆਫ ਦਿ ਹਾਊਸ, ਚੌਧਰੀ ਸਾਹਿਬ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਬਾਦਲ ਸਾਹਿਬ ਨੇ ਗੱਲ ਕੀਤੀ ਹੈ ਕਿ ਐਜ਼ ਏ ਮਾਰਕ ਆਫ ਰਿਸਪੈਕਟ ਹਾਊਸ ਐਡਜਰਨ ਕਰ ਦਿੱਤਾ ਜਾਵੇ । ਸਪੀਕਰ ਸਾਹਿਬ, ਮੈਂ ਵੀ ਇਹੀ ਬੇਨਤੀ ਕਰਦਾ ਹਾਂ ਕਿ ਹਾਊਸ ਐਡਜਰਨ ਕਰ ਦਿੱਤਾ ਜਾਵੇ । ਉਹ ਇਸ ਹਾਊਸ ਦੇ ਮੈਂਬਰ ਰਹੇ, ਪਾਰਲੀਮੈਂਟ ਦੇ ਮੈਂਬਰ ਰਹੇ ਔਰ ਸਰਕਾਰ ਵਿੱਚ ਵੀ ਉਨ੍ਹਾਂ ਨੇ ਐਕਟਿਵ ਰੋਲ ਅਦਾ ਕੀਤਾ । ਇਸ ਲਈ ਸਾਨੂੰ ਸਾਰਿਆਂ ਨੂੰ ਦੁਖ ਹੈ । ਉਨ੍ਹਾਂ ਦੇ ਸਸਕਾਰ ਵਿੱਚ ਵੀ ਸਭ ਨੇ ਸ਼ਾਮਲ ਹੋਣਾ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਸ਼ੋਕ ਮਤੇ ਉਪਰੰਤ ਹਾਊਸ ਨੂੰ ਐਡਜਰਨ ਕਰ ਦਿੱਤਾ ਜਾਵੇ ਅਤੇ ਹਾਊਸ ਵੱਲੋਂ ਸ਼ੋਕ ਮਤਾ ਉਨ੍ਹਾਂ ਦੇ ਪਰਿਵਾਰਜਨਾਂ ਨੂੰ ਭਿਜਵਾਇਆ ਜਾਵੇ ।

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਮਾਨਯੋਗ ਸਪੀਕਰ ਸਾਹਿਬ, ਸ੍ਰੀ ਸੰਤ ਰਾਮ ਜੀ ਸਿੰਗਲਾ ਜੋ ਮੰਡੀ ਬੋਰਡ ਦੇ ਚੇਅਰਮੈਨ ਸਨ, ਸਾਡੇ ਵਿੱਚੋਂ ਚਲੇ ਗਏ ਹਨ । ਉਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੈ । ਉਹ ਜਿਸ ਵੀ ਫੀਲਡ ਵਿੱਚ ਰਹੇ, ਉਥੇ ਉਨ੍ਹਾਂ ਨੇ ਕਾਬਲੀਅਤ ਨਾਲ ਕੰਮ ਕੀਤਾ । ਉਨ੍ਹਾਂ ਨੇ ਮੰਡੀ ਬੋਰਡ ਵਿੱਚ ਕਾਫੀ ਸੁਧਾਰ ਕੀਤੇ ਅਤੇ ਮੰਡੀ ਬੋਰਡ ਦੀ ਆਮਦਨ ਨੂੰ ਵਧਾਇਆ । ਸ੍ਰੀ ਸੰਤ ਰਾਮ ਸਿੰਗਲਾ ਜੀ ਨੇ ਆਪਣਾ ਜੀਵਨ ਵਿਦਿਆਰਥੀ ਲੀਡਰ ਦੇ ਤੌਰ ਤੇ ਸ਼ੁਰੂ ਕੀਤਾ ਅਤੇ ਬਾਅਦ ਵਿਚ ਉਹ ਐਗਜ਼ੈਕਟਿਵ ਅਫਸਰ, ਮਿਉਂਸਿਪਲ ਕਮੇਟੀ, ਪਟਿਆਲਾ ਰਹੇ । ਉਸ ਤੋਂ ਬਾਅਦ ਉਹ ਗਿਆਨੀ ਜ਼ੈਲ ਸਿੰਘ ਜੀ, ਜੋ ਕਿ ਇਸ ਦੇਸ਼ ਦੇ ਰਾਸ਼ਟਰਪਤੀ ਰਹੇ ਹਨ, ਉਨ੍ਹਾਂ ਦੇ ਸੰਪਰਕ ਵਿੱਚ ਆਏ । ਉਹ 1980 ਵਿੱਚ ਸਮਾਣਾ ਹਲਕੇ ਤੋਂ ਐਮ.ਐਲ.ਏ. ਬਣੇ ਔਰ 1990 ਵਿੱਚ ਪਟਿਆਲਾ ਤੋਂ ਪਾਰਲੀਮੈਂਟ ਮੈਂਬਰ ਵੀ ਬਣੇ । ਉਹ ਬਹੁਤ ਪੜ੍ਹੇ ਲਿਖੇ, ਬਹੁਤ ਸੂਝਵਾਨ, ਬਹੁਤ ਕਾਬਲ ਇਨਸਾਨ ਸਨ । ਉਹ ਪੰਜਾਬ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਦੇ ਅਤੇ ਸੈਨੇਟ ਦੇ ਮੈਂਬਰ ਵੀ ਰਹੇ ਹਨ । ਸੋ, ਐਸੇ ਕਾਬਲ ਇਨਸਾਨ ਦੇ ਜਾਣ ਦਾ ਬਹੁਤ ਦੁਖ ਹੈ । ਸਪੀਕਰ ਸਾਹਿਬ, ਕਿਸੇ ਇਨਸਾਨ ਦਾ ਭਰੋਸਾ ਲੈਣਾ ਬਹੁਤ

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਵੱਡੀ ਗੱਲ ਹੈ । ਉਹ ਜਿਥੇ ਗਿਆਨੀ ਜ਼ੈਲ ਸਿੰਘ ਹੁਰਾਂ ਦ ਬਹੁਤ ਹੀ ਵਿਸ਼ਵਾਸਪਾਤਰ ਸਨ, ਉਹ ਉਨ੍ਹਾਂ ਦੇ ਪੁਲੀਟੀਕਲ ਸੈਕ੍ਰੇਟਰੀ ਵੀ ਰਹੇ ਹਨ ਅਤੇ ਪ੍ਰਾਈਵੇਟ ਸੈਕ੍ਰੇਟਰੀ ਵੀ ਰਹੇ ਹਨ, ਉਥੇ ਅੱਜ ਵੀ ਪੰਜਾਬ ਦੇ ਮੁੱਖ ਮੰਤਰੀ ਦੇ ਬਹੁਤ ਹੀ ਵਿਸ਼ਵਾਸਪਾਤਰਾਂ ਵਿਚੋਂ ਇੱਕ ਸਨ । ਮੈਂ ਇੱਕ ਗੱਲ ਹਾਊਸ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ । ਅਸੀਂ ਉਨ੍ਹਾਂ ਨੂੰ ਕਿਸੇ ਦਿਨ ਇੱਕ ਕੰਮ ਵਾਸਤੇ ਪੁੱਛਿਆ । ਉਹ ਕਹਿੰਦੇ ਕੰਮ ਤਾਂ ਮੈਂ ਤੁਹਾਨੂੰ ਦੱਸ ਦਿੰਦਾ ਹਾਂ ਪਰ ਜੇ ਮੈਂ ਦੱਸ ਦਿੱਤਾ ਤਾਂ ਮੇਰੇ ਲੀਡਰ ਦਾ ਜਿਹੜਾ ਮੇਰੇ ਤੇ ਭਰੋਸਾ ਹੈ, ਜਦੋਂ ਦੂਸਰੇ ਪਾਸੇ ਪਤਾ ਲੱਗੇਗਾ ਕਿ ਸਿੰਗਲਾ ਕੋਲੋਂ ਗੱਲ ਲੀਕ ਹੋਈ ਹੈ ਤਾਂ ਫਿਰ ਮੇਰੀ ਦਿਆਨਤਦਾਰੀ ਤੇ, ਮੇਰੇ ਭਰੋਸੇ ਤੇ, ਮੇਰ ਵਿਸ਼ਵਾਸ ਤੇ ਸੱਟ ਵੱਜੇਗੀ । ਮੈਂ ਲੀਡਰਾਂ ਦਾ ਹਮੇਸ਼ਾ ਵਿਸ਼ਵਾਸਪਾਤਰ ਰਿਹਾ ਹਾਂ ਔਰ ਲੀਡਰਾਂ ਦੀ ਗੱਲ ਕਦੇ ਆਪਣੇ ਬੱਚਿਆਂ ਨਾਲ ਵੀ ਨਹੀਂ ਕੀਤੀ, ਆਪਣੀ ਵਾਈਫ ਨਾਲ ਵੀ ਨਹੀਂ ਕੀਤੀ । ਉਹ ਐਸੇ ਚੰਗੇ ਇਨਸਾਨ ਸਨ । ਸਪੀਕਰ ਸਾਹਿਬ ਇਸ ਨੂੰ ਬਾਈ ਚਾਂਸ ਕਹਿ ਲਵੋ, ਜਿਸ ਦਿਨ ਇਥੇ ਹਾਊਸ ਵਿਚ ਸਰਦਾਰ ਸੁਰਿੰਦਰ ਸਿੰਘ ਤੇ ਸ਼੍ਰੀ ਜਿੰਦਲ ਸਾਹਿਬ ਨੂੰ ਸ਼ਰਧਾਂਜਲੀਆਂ ਦੇ ਕੇ ਹਾਊਸ ਉਠਾ ਦਿੱਤਾ ਸੀ, ਕੁਦਰਤੀ ਉਸ ਦਿਨ ਸਾਨੂੰ ਮਿਲ ਗਏ ਔਰ ਉਸ ਦਿਨ ਦੋ-ਢਾਈ ਘੰਟੇ ਗੱਲਾਂ ਹੁੰਦੀਆਂ ਰਹੀਆਂ । ਦੋ ਤਰੀਕ ਨੂੰ ਉਨ੍ਹਾਂ ਨੂੰ ਅਟੈਕ ਹੋਇਆ ਹੈ ਔਰ ਇੱਕ ਦਿਨ ਪਹਿਲਾਂ ਜਦੋਂ ਸਾਨੂੰ ਮਿਲੇ ਤਾਂ ਗਿਆਨੀ ਜ਼ੈਲ ਸਿੰਘ ਜੀ ਦੀਆਂ ਪੁਰਾਣੀਆਂ ਗੱਲਾਂ ਦੱਸਦੇ ਸਨ । ਇਹੋ ਜਿਹੇ ਪੁਰਾਣੇ ਬੰਦਿਆਂ ਕੋਲ ਇੱਕ ਇਤਿਹਾਸ ਹੁੰਦਾ ਹੈ । ਉਹ ਪੁਰਾਣੇ ਕਾਂਗਰਸੀਆਂ ਵਿਚੋਂ ਇੱਕ ਸਨ, ਜਿਨ੍ਹਾਂ ਦੇ ਦਿਲ ਵਿੱਚ ਦੇਸ਼ ਪ੍ਰਤੀ, ਪੰਜਾਬ ਪ੍ਰਤੀ ਪਿਆਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ । ਅਸੀਂ ਐਸੇ ਇਨਸਾਨ ਦੇ ਜਾਣ ਤੇ ਬੜੇ ਦੁਖੀ ਹਾਂ । ਸਾਨੂੰ ਇਸ ਗੱਲ ਦਾ ਵੀ ਬੜਾ ਦੁਖ ਹੈ, ਮੇਰਾ ਖਿਆਲ ਹੈ ਇਸ ਹਾਊਸ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਵੇਗਾ ਕਿ ਕਦੇ ਵੀ ਚਲਦਾ ਹਾਊਸ ਤਿੰਨ ਵਾਰੀ ਇਸ ਤਰ੍ਹਾਂ ਸ਼ਰਧਾਂਜਲੀਆਂ ਦੇ ਕੇ ਐਡਜਰਨ ਹੋਇਆ ਹੋਵੇ । ਇਹ ਵੀ ਬੜਾ ਦੁਖ ਹੈ । ਇਸ ਪ੍ਰੋਗਰਾਮ ਵਿੱਚ, ਮੈਂ ਇਹ ਵੀ ਅਰਦਾਸ ਕਰਦਾ ਹਾਂ ਕਿ ਇਹ ਕੁਝ ਹੁਣ ਸਮਾਪਤ ਹੋਣਾ ਚਾਹੀਦਾ ਹੈ । ਸਾਨੂੰ ਹਾਊਸ ਨੂੰ ਇਸ ਚੀਜ਼ ਦੀ ਚਿੰਤਾ ਹੈ । ਕਈ ਬੰਦੇ ਬਾਹਰ ਵੀ ਮਿਲੇ ਅਤੇ ਕਹਿੰਦੇ ਸੀ ਕਿ ਇਹੋ ਜਿਹਾ ਪ੍ਰੋਗਰਾਮ, ਇਹੋ ਜਿਹਾ ਵਾਤਾਵਰਣ ਕਦੇ ਨਹੀਂ ਬਣਿਆ ਕਿ ਚਲਦਾ ਚਲਦਾ ਹਾਊਸ ਤਿੰਨ ਵਾਰ ਐਡਜਰਨ ਕੀਤਾ ਹੋਵੇ । ਇਹ ਬੜੇ ਦੁਖ ਦੀ ਗੱਲ ਹੈ । ਅਸੀਂ ਉਨ੍ਹਾਂ ਦੇ ਪਰਿਵਾਰ ਨਾਲ ਇਸ ਦੁਖ ਦੀ ਘੜੀ ਵਿੱਚ ਸ਼ਾਮਿਲ ਹੁੰਦੇ ਹਾਂ ਅਤੇ ਗੁਰੂ ਚਰਨਾਂ ਅੱਗੇ ਅਰਦਾਸ ਕਰਦੇ ਹਾਂ ਕਿ ਸੱਚੇ ਪਾਤਸ਼ਾਹ ਇਸ ਨੇਕ ਇਨਸਾਨ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ । ਇਨ੍ਹਾਂ ਅੱਖਰਾਂ ਨਾਲ ਮੈਂ ਸ਼੍ਰੀ ਸੰਤ ਰਾਮ ਸਿੰਗਲਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

**ਮਾਨਯੋਗ ਸਪੀਕਰ** : ਜਿਹੜਾ ਸ਼ੋਕ ਪ੍ਰਸਤਾਵ ਪਾਰਲੀਮਾਨੀ ਅਫੇਅਰਜ਼ ਮਨਿਸਟਰ, ਚੌਧਰੀ ਸਾਹਿਬ ਨੇ ਰੱਖਿਆ ਹੈ, ਉਸ ਦੀ ਆਪੋਜ਼ੀਸ਼ਨ ਦੇ ਨੇਤਾ ਬਾਦਲ ਸਾਹਿਬ ਨੇ ਪ੍ਰੋੜਤਾ ਕੀਤੀ ਹੈ ਅਤੇ ਸੂਦ ਸਾਹਿਬ ਨੇ ਵੀ ਉਸ ਦਾ ਸਮਰਥਨ ਕੀਤਾ ਹੈ । ਸੁੱਚਾ ਸਿੰਘ ਛੋਟੇਪੁਰ ਦਾ ਕਹਿਣਾ ਕਿ ਸ਼ਾਇਦ ਪਹਿਲੀ ਵਾਰ ਇਸ ਬਜਟ ਸੈਸ਼ਨ ਵਿੱਚ ਇਸ ਤਰ੍ਹਾਂ ਦਾ ਵਾਕਿਆ ਹੋਇਆ ਹੋਵੇ, ਤਿੰਨ ਵਾਰ ਹਾਊਸ ਐਡਜਰਨ ਹੋਇਆ ਹੋਵੇ, ਇਹ ਵਾਕਿਆ

ਹੀ ਬਹੁਤ ਦੁਖ ਦੀ ਗੱਲ ਹੈ । ਅਸੀਂ ਸਾਰੇ ਜਿਥੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਵਾਸਤੇ ਪ੍ਰਾਰਥਨਾ ਕਰੀਏ, ਉਥੇ ਨਾਲ ਇਹ ਵੀ ਵਾਹਿਗੁਰੂ ਅੱਗੇ ਪ੍ਰਾਰਥਨਾ ਕਰੀਏ ਕਿ ਹੁਣ ਇਸ ਤਰ੍ਹਾਂ ਦੀ ਹੋਰ ਘਟਨਾ ਨਾ ਹੋਵੇ ਤਾਂ ਕਿ ਅਸੀਂ ਖੁਸ਼ਅਸਲੂਬੀ ਨਾਲ ਆਪਣਾ ਪ੍ਰੋਗਰਾਮ ਜਾਰੀ ਰੱਖ ਸਕੀਏ । ਸਿੰਗਲਾ ਜੀ ਬਹੁਤ ਅੱਛੇ ਦੋਸਤ ਸੀ । 1980 ਵਿੱਚ ਮੈਂ ਵੀ ਅਸੈਂਬਲੀ ਵਿੱਚ ਸੀ । ਉਨ੍ਹਾਂ ਨਾਲ ਕੰਮ ਵੀ ਕੀਤਾ ਅਤੇ ਉਨ੍ਹਾਂ ਦੇ ਨਾਲ ਐਜੀਟੇਸ਼ਨਾਂ ਵਿੱਚ ਅਤੇ ਦੂਸਰੇ ਜਲਸਿਆਂ ਵਿੱਚ ਹਿੱਸਾ ਵੀ ਲਿਆ । ਉਹ ਇੱਕ ਐਸੇ ਇਨਸਾਨ ਸੀ, ਜਿਹੜੇ ਇਨਸਾਨ ਦੀ ਕਦਰ ਕਰਦੇ ਸੀ । ਉਹ ਇੱਕ ਐਸੇ ਸਿਆਸਤ-ਦਾਨ ਸਨ, ਜਿਹੜੇ ਕਿ ਰਾਸ਼ਟਰਪਤੀ ਦੇ ਅਹੁਦੇ ਤੇ ਪਹੁੰਚਣ ਵਾਲੇ ਗਿਆਨੀ ਜ਼ੈਲ ਸਿੰਘ ਜੀ ਔਰ ਹਿੰਦੁਸਤਾਨ ਦੇ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਪ੍ਰਾਈਵੇਟ ਸੈਕਟਰੀ ਰਹੇ ਅਤੇ ਉਨ੍ਹਾਂ ਦੇ ਵਿਸ਼ਵਾਸਪਾਤਰ ਰਹੇ । ਦੂਸਰੇ ਦਾ ਵਿਸ਼ਵਾਸ ਜਿੱਤਣਾ ਔਰ ਉਹ ਵੀ ਬਹੁਤ ਵੱਡੇ ਅਹੁਦੇ ਉਤੇ ਰਹਿਣ ਵਾਲੇ ਦਾ ਵਿਸ਼ਵਾਸ ਜਿੱਤਣਾ ਕੋਈ ਛੋਟੀ ਗੱਲ ਨਹੀਂ ਹੈ, ਬਹੁਤ ਵੱਡੀ ਗੱਲ ਹੈ । ਸੱਚਮੁੱਚ ਹੀ ਉਨ੍ਹਾਂ ਨੇ ਜਿਸ ਕੰਮ ਨੂੰ ਹੁਣ ਵੀ ਸੰਭਾਲਿਆ ਸੀ ਉਹ ਆਪਣੇ ਲੀਡਰ ਆਫ ਦਿ ਹਾਊਸ, ਸਾਡੇ ਮੁੱਖ ਮੰਤਰੀ ਜੀ ਦੇ ਵਿਸ਼ਵਾਸਪਾਤਰ ਸਨ ਔਰ ਉਨ੍ਹਾਂ ਤੇ ਭਰੋਸਾ ਸੀ । ਸਿੰਗਲਾ ਜੀ ਦੀ ਮੌਤ ਦੇ ਸਦਮੇ ਨੂੰ ਉਨ੍ਹਾਂ ਨੇ ਵੀ ਮਹਿਸੂਸ ਕੀਤਾ ਹੈ । ਅੱਜ ਹਾਊਸ ਦੇ ਮੈਂਬਰਜ਼ ਸਾਰੇ ਉਥੇ ਸਸਕਾਰ ਉਤੇ ਜਾਣਾ ਚਾਹੁੰਦੇ ਹਨ । ਇਹ ਠੀਕ ਫੈਸਲਾ ਕੀਤਾ ਹੈ ਕਿ ਅੱਜ ਦਾ ਹਾਊਸ ਐਡਜਰਨ ਕਰ ਦਿੱਤਾ ਜਾਵੇ । ਸੋ, ਇਹ ਸ਼ੋਕ ਪ੍ਰਸਤਾਵ, ਹਾਊਸ ਦੇ ਸੈਂਟੀਮੈਂਟਸ ਉਨ੍ਹਾਂ ਦੇ ਪਰਿਵਾਰ ਤੀਕਰ ਪਹੁੰਚਾ ਦਿੱਤੇ ਜਾਣਗੇ । ਹੁਣ, ਮੈਂ ਪ੍ਰਾਰਥਨਾ ਕਰਾਂਗਾ ਕਿ ਦੋ ਮਿੰਟ ਲਈ ਖੜ੍ਹੇ ਹੋ ਕੇ ਉਨ੍ਹਾਂ ਦੀ ਸਦ ਗਤੀ ਲਈ ਪ੍ਰਾਰਥਨਾ ਕਰੀਏ ।

(ਇਸ ਸਮੇਂ ਸਦਨ ਵਿੱਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ ।)

**ਮਾਨਯੋਗ ਸਪੀਕਰ** : ਤਸ਼ਰੀਫ ਰੱਖੋ । ਹਾਂ ਜੀ, ਚੌਧਰੀ ਸਾਹਿਬ ਜੀ ।

**ਸਥਾਨਕ ਸਰਕਾਰ, ਸੰਸਦੀ ਮਾਮਲੇ ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਬੜੀ ਬਦਕਿਸਮਤੀ ਹੈ ਕਿ ਤਿੰਨ ਵਾਰੀ ਹਾਊਸ ਐਡਜਰਨ ਹੋ ਚੁੱਕਿਆ ਹੈ । ਮੇਰੇ ਵਲੋਂ ਬੇਨਤੀ ਹੈ ਕਿ ਜਿਹੜੀ 11 ਤਰੀਕ ਨੂੰ 2.00 ਵਜੇ ਬਾਅਦ ਦੁਪਹਿਰ, ਸਾਡੀ ਸਭਾ ਸ਼ੁਰੂ ਹੋਣੀ ਹੈ ਜੇਕਰ ਉਸ ਦਿਨ 10.00 ਵਜੇ ਸਵੇਰੇ ਸ਼ੁਰੂ ਕਰ ਦਿੱਤੀ ਜਾਵੇ ਤਾਂ ਇਸ ਦੇ ਨਾਲ ਅਸੈਂਬਲੀ ਦਾ ਕਾਫ਼ੀ ਕੰਮ ਹੋ ਸਕੇਗਾ, ਇਹੋ ਮੇਰੀ ਬੇਨਤੀ ਹੈ ।

**MR. SPEAKER** : Is it the pleasure of the House ?

**ਸਰਦਾਰ ਗੁਰਦੇਵ ਸਿੰਘ ਬਾਦਲ (ਬੈਠੇ ਬੈਠੇ)** : ਮਾਨਯੋਗ ਸਪੀਕਰ ਸਾਹਿਬ, ਜੇਕਰ ਤੁਸੀਂ ਸੈਸ਼ਨ ਦਾ ਇੱਕ ਦਿਨ ਹੋਰ ਵਧਾ ਲਵੋ ਤਾਂ ਕੋਈ ਫ਼ਰਕ ਨਹੀਂ ਪਵੇਗਾ ਕਿਉਂਕਿ ਸਾਨੂੰ ਬਹੁਤ ਦੂਰੋਂ ਦੂਰੋਂ ਆਉਣਾ ਪੈਂਦਾ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਇਹ ਗੱਲ ਤਾਂ ਮਾੜੀ ਹੀ ਹੋਈ ਹੈ, ਕੋਈ ਅੱਛੀ ਨਹੀਂ ਹੋਈ; ਪਰ ਪ੍ਰਮਾਤਮਾ ਹੀ ਸਭ ਕੁਝ ਕਰਨ ਵਾਲਾ ਹੈ । ਲੇਕਿਨ ਇਸ ਤੋਂ ਇਲਾਵਾ ਇਸ ਵਿੱਚ ਵੀ ਕੋਈ ਕਾਹਲੀ ਵਾਲੀ ਗੱਲ ਨਹੀਂ ਹੈ । ਕਈ ਮੈਂਬਰ ਸਾਹਿਬਾਨ ਨੇ ਬੋਲਣ ਵਾਸਤੇ ਤਿਆਰੀ ਕਰਨੀ ਹੁੰਦੀ ਹੈ ਔਰ ਉਹ ਦੂਰੋਂ ਦੂਰੋਂ, ਲਗਭਗ 400-400 ਕਿਲੋਮੀਟਰ ਦੀ ਦੂਰੀ ਤੋਂ ਆਉਂਦੇ ਹਨ । ਇਸ ਲਈ 11 ਤਰੀਕ ਨੂੰ 2.00 ਵਜੇ ਬਾਅਦ ਦੁਪਹਿਰ ਦਾ ਸਮਾਂ ਠੀਕ ਰਹੇਗਾ ਤਾਂਕਿ ਕੋਈ ਮੈਂਬਰ ਚਾਰ ਅੱਖਰ ਪੜ੍ਹ ਕੇ, ਤਿਆਰੀ ਕਰਕੇ ਹਾਊਸ ਦੇ ਵਿੱਚ ਆ ਕੇ ਬੋਲ ਲਵੇ । ਮੇਰੀ ਬੇਨਤੀ ਹੈ ਕਿ ਇਤਨੀ ਗੱਲ ਪਿੱਛੇ ਤੁਸੀਂ ਇਸ ਤਰ੍ਹਾਂ ਕਰ ਰਹੇ ਹੋ, ਇਹ ਠੀਕ ਨਹੀਂ ਹੈ ਔਰ ਅਸੀਂ ਇਸ ਦੇ ਨਾਲ ਐਗਰੀ ਨਹੀਂ ਕਰਦੇ, ਬਾਕੀ ਇਨ੍ਹਾਂ ਦੀ ਮਰਜ਼ੀ ਹੈ, ਇਹ ਮੈਜਾਰਿਟੀ ਦੇ ਨਾਲ ਜਿਸ ਤਰ੍ਹਾਂ ਮਰਜ਼ੀ ਕਰ ਲੈਣ । ਅਸੀਂ ਹਰ ਗੱਲ ਤੁਹਾਡੀ ਮੰਨਦੇ ਆਏ ਹਾਂ ।

**MR. SPEAKER :** As the House likes. The House stands adjourned till 2.00 P.M. on Monday, the 11th April, 2005.

*2.19 P.M.

(The Sabha then* adjourned till 2.00 P.M. on Monday, the 11th April, 2005.)

---

ਪੰਜਾਬ ਸਰਕਾਰ ਪ੍ਰੈਸ, ਮੁਹਾਲੀ/5307/5-2005/305 ਕਾਪੀਆਂ

Published under the authority of the Punjab Vidhan Sabha and printed by the Controller, Printing and Stationery, Punjab, at Govt. press, S.A.S. Nagar.

# PUNJAB VIDHAN SABHA

## DEBATES

*Monday, the 11th April, 2005*

Vol [illegible]—No. 12

OFFICIAL REPORT

CONTENTS




Punjab Vidhan Sabha Secretariat, Chandigarh.

Price : Rs.

# PUNJAB VIDHAN SABHA

*Monday, the 11th April, 2005*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

### ਗ੍ਰਾਮ ਪੰਚਾਇਤਾਂ ਨੂੰ ਸਪਲਾਈ ਕੀਤੀਆਂ ਜਾ ਰਹੀਆਂ ਇੱਟਾਂ ਦੀ ਦਰ

*1218, **ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਕੀ ਖੁਰਾਕ ਤੇ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇੱਟਾਂ ਦੀਆਂ ਮੌਜੂਦਾ ਦਰਾਂ ਕੀ ਹਨ ਅਤੇ ਇੱਟਾਂ ਦੇ ਭੱਠਾ ਮਾਲਕਾਂ ਦੁਆਰਾ ਗ੍ਰਾਮ ਪੰਚਾਇਤਾਂ ਨੂੰ ਇੱਟਾਂ ਕਿਸ ਦਰ ਤੇ ਸਪਲਾਈ ਕੀਤੀਆਂ ਜਾ ਰਹੀਆਂ ਹਨ ?

**ਸ੍ਰੀ ਅਵਤਾਰ ਹੈਨਰੀ** : ਪੰਜਾਬ ਰਾਜ ਵਿਚ ਇੱਟਾਂ ਵੱਖ-2 ਰੇਟਾਂ ਉਤੇ ਮਿਲਦੀਆਂ ਹਨ । ਇੱਟਾਂ ਦੀ ਮੰਗ ਅਤੇ ਉਪਲਬਧਤਾ ਅਨੁਸਾਰ ਬਜ਼ਾਰ ਵਿਚ ਇੱਟਾਂ ਦੇ ਰੇਟ ਵਧਦੇ ਘਟਦੇ ਰਹਿੰਦੇ ਹਨ ਪਰੰਤੂ ਪ੍ਰਾਪਤ ਖੇਤਰੀ ਰਿਪੋਰਟਾਂ ਅਨੁਸਾਰ ਇੱਟਾਂ ਦੇ ਦਰਜ਼ੇ ਅਨੁਸਾਰ ਅੰਦਾਜ਼ਨ ਹੇਠ ਲਿਖੇ ਰੇਟ ਪ੍ਰਚਲਿਤ ਹਨ :—

| | | |
|---|---|---|
| 1. | ਅੱਵਲ ਦਰਜਾ | 1500-2200 ਰੁਪਏ ਪ੍ਰਤੀ ਹਜ਼ਾਰ |
| 2. | ਦੂਜਾ ਦਰਜਾ | 900-1900 ਰੁਪਏ ਪ੍ਰਤੀ ਹਜ਼ਾਰ |
| 3. | ਤੀਜਾ ਦਰਜਾ | 500-1650 ਰੁਪਏ ਪ੍ਰਤੀ ਹਜ਼ਾਰ |

ਮਾਨਯੋਗ ਸੁਪਰੀਮ ਕੋਰਟ ਵੱਲੋਂ ਪ੍ਰਾਪਤ ਹੋਏ ਨਿਰਦੇਸ਼ਾਂ ਅਨੁਸਾਰ ਹੁਣ ਪੰਚਾਇਤੀ/ਸਰਕਾਰੀ ਕੰਮਾਂ ਲਈ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਵਿੱਤੀ ਸਾਲ ਲਈ ਇੱਟਾਂ ਦੇ ਰੇਟ ਤਹਿ ਨਹੀਂ ਕੀਤੇ ਜਾਂਦੇ । ਹੁਣ ਪ੍ਰਬੰਧਕੀ ਵਿਭਾਗ ਆਪਣੇ ਪੱਧਰ ਉਤੇ ਵਿਭਾਗੀ ਜ਼ਿਲ੍ਹਾ ਪੱਧਰੀ ਕਮੇਟੀ ਦੁਆਰਾ ਇੱਟਾਂ ਦੀ ਖਰੀਦ ਸਰਕਾਰੀ ਕੰਮਾਂ ਲਈ ਕਰਦੇ ਹਨ । ਇਸ ਲਈ ਸਮੇਂ ਸਮੇਂ ਸਿਰ ਗ੍ਰਾਮ ਪੰਚਾਇਤਾਂ ਵੱਲੋਂ ਇੱਟਾਂ ਦੀ ਖਰੀਦ ਵੱਖ-ਵੱਖ ਰੇਟਾਂ ਉਤੇ ਕੀਤੀ ਜਾਂਦੀ ਹੈ ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਸਪੀਕਰ ਸਾਹਿਬ, ਪਿੰਡਾਂ ਵਿੱਚ ਇੱਟਾਂ ਦੇ ਭੱਠੇ, ਇੱਟਾਂ ਦੇ ਰੇਟ ਵਧਣ ਕਾਰਨ ਬੰਦ ਪਏ ਹਨ ਕਿਉਂਕਿ ਇੱਟਾਂ ਦਾ ਰੇਟ ਸਵਾਹ ਪਾਉਣ ਕਾਰਨ 2200 ਰੁਪਏ ਤੋਂ 2500 ਰੁਪਏ ਹੋ ਗਿਆ ਹੈ ਪਰੰਤੂ ਮਹਿਕਮੇ ਵਲੋਂ ਇੱਟਾਂ ਦਾ ਰੇਟ 1600 ਰੁਪਏ ਫਿਕਸ ਕੀਤਾ ਗਿਆ ਹੈ । ਕੀ ਸਰਕਾਰ ਵਲੋਂ ਰੇਟਾਂ ਨੂੰ ਰਿਵਾਈਜ਼ ਕਰਕੇ ਭੱਠਿਆਂ ਵਿਚ ਕੰਮ ਸ਼ੁਰੂ ਕਰਾਉਣ ਲਈ ਉਪਰਾਲਾ ਕੀਤਾ ਜਾਵੇਗਾ ?

ਮੰਤਰੀ : ਸਰ, ਜੋ ਇੱਟਾਂ ਦੇ ਰੇਟ ਦੱਸੇ ਹਨ ਅਤੇ ਜੋ ਇਨ੍ਹਾਂ ਨੇ ਕਿਹਾ ਹੈ ਕਿ ਮਹਿਕਮਾ ਇਨ੍ਹਾਂ ਨੂੰ ਰਿਵਾਈਜ਼ ਕਰੇ, ਇਸ ਤੇ ਸਾਡਾ ਕੋਈ ਕੰਟਰੋਲ ਨਹੀਂ ਹੈ ਕਿਉਂਕਿ ਹਰੇਕ ਜ਼ਿਲ੍ਹੇ ਵਿਚ ਰੇਟਾਂ ਦਾ ਫਰਕ ਹੁੰਦਾ ਹੈ । ਇਸ ਦਾ ਮੁੱਖ ਕਾਰਨ ਇਹ ਹੈ ਕਿ ਭੱਠਾ ਮਾਲਕਾਂ ਵਲੋਂ ਇੱਟਾਂ ਤਿਆਰ ਕਰਨ ਲਈ ਜ਼ਮੀਨ ਲੀਜ਼ ਤੇ ਲਈ ਜਾਂਦੀ ਹੈ । ਉਸ ਦਾ ਰੇਟ ਇਕ ਦੂਜੇ ਨਾਲੋਂ ਵੱਧ ਹੁੰਦਾ ਹੈ, ਮਜਦੂਰੀ ਦੇ ਰੇਟ ਦਾ ਫਰਕ ਹੁੰਦਾ ਹੈ । ਇਹ ਵੀ ਧਿਆਨ ਦੇਣ ਯੋਗ ਹੈ ਕਿ ਪੰਜਾਬ ਰਾਜ ਵਿਚ ਪਿਛਲੇ ਸਮੇਂ ਦੌਰਾਨ ਜੋ ਇੱਟਾਂ ਦੇ ਰੇਟ ਵਿਚ ਬੜੋਤਰੀ ਹੋਈ ਸੀ, ਉਸ ਦਾ ਮੁੱਖ ਕਾਰਨ ਭਾਰਤ ਸਰਕਾਰ ਵਲੋਂ ਜਾਰੀ ਕੀਤੀਆਂ ਗਈਆਂ ਨੋਟੀਫਿਕੇਸ਼ਨਾਂ ਮਿਤੀ 14-9-99 ਅਤੇ 27-8-2003 ਹਨ । ਮਾਨਯੋਗ ਦਿੱਲੀ ਹਾਈਕੋਰਟ ਨੇ ਵੀ ਇੱਕ ਹੁਕਮ ਅਨੁਸਾਰ ਥਰਮਲ ਪਲਾਂਟਾਂ ਦੇ 100 ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਭੱਠਿਆਂ ਵਿੱਚ ਇੱਟਾਂ ਤਿਆਰ ਕਰਨ ਲਈ 25% ਫਲਾਈ ਐਸ਼ ਦੀ ਵਰਤੋਂ ਕਰਨ ਨੂੰ ਲਾਜ਼ਮੀ ਕੀਤਾ ਗਿਆ ਹੈ ਪਰ ਇਸ ਦੇ ਵਿਰੋਧ ਵਿਚ ਪੰਜਾਬ ਰਾਜ ਦੇ ਭੱਠਾ ਮਾਲਕਾਂ ਵਲੋਂ ਹੜਤਾਲ ਕੀਤੀ ਗਈ ਸੀ । ਭੱਠੇ ਬੰਦ ਹੋਣ ਕਰਕੇ ਇੱਟਾਂ ਦੀ ਸਪਲਾਈ ਵਿਚ ਕਾਫੀ ਕਮੀ ਆਈ ਅਤੇ ਰੇਟਾਂ ਵਿਚ ਵੀ ਕਾਫ਼ੀ ਹੱਦ ਤੱਕ ਬੜੋਤਰੀ ਹੋਈ ਕਿਉਂਕਿ ਇੱਟਾਂ ਦਾ ਉਤਪਾਦਨ ਨਾਮਾਤਰ ਸੀ ਅਤੇ ਇੱਟਾਂ ਦੀ ਮੰਗ ਜ਼ਿਆਦਾ ਸੀ । ਭੱਠਿਆਂ ਦੀ ਹੜਤਾਲ ਨੂੰ ਖ਼ਤਮ ਕਰਨ ਲਈ ਮਾਨਯੋਗ ਮੁੱਖ ਮੰਤਰੀ ਜੀ ਅਤੇ ਮਾਨਯੋਗ ਖੁਰਾਕ ਤੇ ਸਪਲਾਈਜ਼ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 23-9-2004, 9-11-2004 ਅਤੇ 28-12-2004 ਨੂੰ ਸਾਇੰਸ ਟੈਕਨਾਲੋਜੀ ਅਤੇ ਵਾਤਾਵਰਣ ਵਿਭਾਗ ਵਲੋਂ ਭੱਠਾ ਮਾਲਕਾਂ ਦੀਆਂ ਯੂਨੀਅਨਾਂ ਦੀਆਂ ਮੀਟਿੰਗਾਂ ਕਰਵਾਈਆਂ ਗਈਆਂ ਸਨ । ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਮਿੱਟੀ ਵਿਚ ਫਲਾਈ ਐਸ਼ ਮਿਲਾ ਕੇ ਇੱਟਾਂ ਤਿਆਰ ਕਰਨ ਸਬੰਧੀ ਪੰਜਾਬ ਦੇ ਵੱਖ ਵੱਖ ਥਾਵਾਂ ਤੇ ਡੈਮੋਸਟ੍ਰੇਸ਼ਨ ਦਿੱਤੇ ਗਏ ਤਾਂ ਜੋ ਭੱਠਾ ਮਾਲਕਾਂ ਅਤੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾ ਸਕੇ ਕਿ ਫਲਾਈ ਐਸ਼ ਦੀ ਮਿਲਾਵਟ ਨਾਲ ਤਿਆਰ ਕੀਤੀਆਂ ਗਈਆਂ ਇੱਟਾਂ ਵਧੀਆ ਅਤੇ ਮਜ਼ਬੂਤ ਹਨ । ਮਿੱਟੀ ਵਿਚ ਫਲਾਈ ਐਸ਼ ਮਿਲਾਉਣ ਨਾਲ ਕੋਈ ਮਨੁੱਖੀ ਨੁਕਸਾਨ ਨਾ ਹੋਣ ਸਬੰਧੀ ਲੋਕਾਂ ਨੂੰ ਜਾਗ੍ਰਿਤ ਕੀਤਾ ਗਿਆ । ਜਿਥੋਂ ਤੀਕ ਪੰਚਾਇਤਾਂ ਨੂੰ ਭੱਠਾ ਮਾਲਕਾਂ ਤੇ ਕਿਸ ਦਰ ਨਾਲ ਇੱਟਾਂ ਸਪਲਾਈ ਕਰਨ ਦਾ ਸਬੰਧ ਹੈ, ਇਸ ਸਬੰਧ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਖੁਰਾਕ ਤੇ ਸਪਲਾਈ ਵਿਭਾਗ ਵਲੋਂ ਪੰਚਾਇਤਾਂ ਨੂੰ ਇੱਟਾਂ ਸਪਲਾਈ ਕਰਨ ਲਈ ਕੋਈ ਰੇਟ ਫਿਕਸ ਨਹੀਂ ਕੀਤੇ ਜਾਂਦੇ ਬਲਕਿ ਪੰਚਾਇਤਾਂ ਅਤੇ ਹੋਰ ਸਰਕਾਰੀ ਵਿਭਾਗਾਂ ਵਲੋਂ ਵਿਕਾਸ ਦੇ ਕੰਮ ਕਾਰਜ਼ਾਂ ਲਈ ਇੱਟਾਂ ਪ੍ਰਾਪਤ ਕਰਨ ਵਾਸਤੇ ਆਪਣੇ ਪੱਧਰ ਤੇ ਟੈਂਡਰ ਕਾਲ ਕਰਦੇ ਹੋਏ ਇੱਟਾਂ ਪ੍ਰਾਪਤ ਕਰਨ ਬਾਰੇ ਹਦਾਇਤਾਂ ਹਨ, ਕਿਉਂਕਿ ਇਸ ਵਿਭਾਗ ਵਲੋਂ ਪਹਿਲਾਂ ਸਪਾਂਸਰਡ ਕੋਲੇ ਤੋਂ ਤਿਆਰ ਕੀਤੀਆਂ ਗਈਆਂ ਇੱਟਾਂ ਦੇ ਵੀ ਰੇਟ ਫਿਕਸ ਕੀਤੇ ਜਾਂਦੇ ਸਨ, ਜਿਸ ਦੇ ਵਿਰੁੱਧ ਭੱਠਾ ਮਾਲਕਾਂ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਸਿਵਲ ਰਿੱਟ ਪਟੀਸ਼ਨ ਨੰ: 1293, 1474, 2735 ਅਤੇ 2832/1972 ਫਾਈਲ ਕੀਤੀਆਂ ਸਨ ਜੋ ਮਿਤੀ 14-12-1973 ਨੂੰ ਉਨ੍ਹਾਂ ਦੇ ਹੱਕ ਵਿਚ ਹੋ ਗਈਆਂ ਸਨ । ਇਸ ਫੈਸਲੇ ਵਿਰੁੱਧ ਵਿਭਾਗ ਵਲੋਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਿਚ ਐਸ. ਐਲ. ਪੀ. ਫਾਈਲ ਕੀਤੀ ਗਈ ਸੀ ਜੋ ਮਿਤੀ 13-7-1995 ਨੂੰ ਡਿਸਮਿਸ ਹੋ ਗਈ ਸੀ । ਇਸ ਸਮੇਂ ਪੰਜਾਬ ਰਾਜ ਵਿਚ ਸਰਕਾਰੀ ਕੰਮ ਕਾਜ ਲਈ

ਇੱਟਾਂ ਦੇ ਰੇਟ 1200 ਰੁਪਏ ਤੋਂ 1800 ਰੁਪਏ ਪ੍ਰਤੀ ਹਜ਼ਾਰ ਚੱਲ ਰਹੇ ਹਨ । ਇਸ ਸਮੇਂ ਦੌਰਾਨ ਅਲੱਗ ਅਲੱਗ ਜ਼ਿਲ੍ਹਿਆਂ ਦੇ ਭੱਠਾ ਮਾਲਕਾਂ ਵਲੋਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਿਵਲ ਰਿੱਟ ਪਟੀਸ਼ਨਜ਼ ਨੰ: 14339/2004 ਮਿਤੀ 13-9-2004, 19398/2004 ਮਿਤੀ 18--12-2004 ਅਤੇ 335/2005 ਮਿਤੀ 12-1-2005, ਦਾਇਰ ਕੀਤੀਆਂ ਗਈਆਂ ਹਨ । ਮਾਨਯੋਗ ਅਦਾਲਤ ਵਲੋਂ ਇਨ੍ਹਾਂ ਰਿੱਟਾਂ ਦੀ ਸੁਣਵਾਈ ਸਮੇਂ ਮਿਤੀ 24-1-2005 ਨੂੰ ਅੰਤ੍ਰਿਮ ਹੁਕਮ ਪਾਸ ਕੀਤੇ ਹਨ ਕਿ ਜੇਕਰ ਕੋਈ ਭੱਠਾ ਮਾਲਕ ਅਰੇਡੀਸ਼ਨਲ ਤਰੀਕੇ ਨਾਲ ਜਿਨ੍ਹਾਂ ਨਜਾਇਜ਼ ਸੋਇਲ ਦੀ ਵਰਤੋਂ ਕੀਤੇ ਇੱਟਾਂ ਤਿਆਰ ਕਰਦਾ ਹੈ ਤਾਂ ਰੈਸਪੌਂਡੈਂਟ ਵਿਭਾਗ (ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖ਼ੁਰਾਕ ਅਤੇ ਸਪਲਾਈਜ਼ ਵਿਭਾਗ ਅਤੇ ਹੋਰ) ਭੱਠਾ ਮਾਲਕਾਂ ਵਿਰੁੱਧ ਕੋਈ ਜ਼ਬਰਦਸਤੀ ਵਾਲੀ ਕਾਰਵਾਈ ਨਹੀਂ ਕਰ ਸਕਦਾ । ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 19-5-2005 ਨਿਸ਼ਚਿਤ ਕੀਤੀ ਗਈ ਹੈ । ਮਾਨਯੋਗ ਅਦਾਲਤ ਦੇ ਇਨ੍ਹਾਂ ਹੁਕਮਾਂ ਦੇ ਸਨਮੁੱਖ ਪੰਜਾਬ ਰਾਜ ਵਿਚ ਭੱਠਾ ਮਾਲਕਾਂ ਵਲੋਂ ਕੁਝ ਹੱਦ ਤੱਕ ਭੱਠੇ ਚਲਾਉਣੇ ਸ਼ੁਰੂ ਕਰ ਦਿੱਤੇ ਗਏ ਹਨ ਜਿਸ ਕਾਰਨ ਇੱਟਾਂ ਦੀ ਘਾਟ ਅਤੇ ਕੀਮਤਾਂ ਸਥਿਰ ਹੋਣ ਦੀ ਉਮੀਦ ਹੈ ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜੋ ਜਵਾਬ ਦਿੱਤਾ ਹੈ, ਬੜੀ ਡਿਟੇਲ ਵਿਚ ਦਿੱਤਾ ਹੈ । ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਆਮ ਇੱਟਾਂ ਦਾ ਰੇਟ 1200/- ਤੋਂ, 1800/- ਦੇ ਵਿਚ ਚਲ ਰਿਹਾ ਹੈ । ਰੂਰਲ ਡਿਵੈਲਪਮੈਂਟ ਮਹਿਕਮੇ ਅਨੁਸਾਰ ਇੱਟਾਂ ਦਾ ਰੇਟ 1600/- ਰੁਪਏ ਹੈ । ਇਹ ਰੇਟ ਵੱਖਰੇ-ਵੱਖਰੇ ਲਗਾਏ ਜਾਂਦੇ ਹਨ । ਕੀ ਇਹ ਇਨ੍ਹਾਂ ਰੇਟਾਂ ਨੂੰ ਯੂਨੀਫਾਰਮ ਕਰਨਗੇ ? ਕੀ ਰੇਟ ਇਕਸਾਰ ਕਰਨ ਲਈ ਕੋਈ ਯਤਨ ਕੀਤੇ ਜਾ ਰਹੇ ਹਨ ? ਜੋ ਐਕਚੁਅਲ ਰੇਟ ਹੈ ਔਰ ਜੋ ਮਾਰਕੀਟ ਰੇਟ ਹੈ ਚਾਹੇ ਰੂਰਲ ਡਿਵੈਲਪਮੈਂਟ ਵਾਲਿਆਂ ਦਾ ਰੇਟ ਹੈ ਚਾਹੇ ਸਰਕਾਰ ਵਲੋਂ ਨਿਰਧਾਰਤ ਰੇਟ ਹੈ, ਇਨ੍ਹਾਂ ਸਾਰਿਆਂ ਵਿਚ ਹੁਣ ਫਰਕ ਹੈ । ਮੇਰਾ ਸਵਾਲ ਹੈ ਕਿ ਕੀ ਇਨ੍ਹਾਂ ਰੇਟਾਂ ਨੂੰ ਯੂਨੀਫਾਰਮ ਕਰਨ ਲਈ ਸਰਕਾਰ ਆਪਣੇ ਪੱਧਰ ਤੇ ਕੋਈ ਯਤਨ ਕਰ ਰਹੀ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਸਾਰਾ ਜਵਾਬ ਬੜੀ ਡਿਟੇਲ ਦੇ ਵਿੱਚ ਇਨ੍ਹਾਂ ਨੂੰ ਦੱਸ ਦਿੱਤਾ ਹੈ । ਹਰ ਇੱਕ ਮਹਿਕਮਾ ਅੱਡ ਅੱਡ ਇਹ ਕੰਮ ਕਰਵਾਉਂਦਾ ਹੈ । ਉਸ ਦੇ ਟੈਂਡਰ ਕਾਲ ਕੀਤੇ ਜਾਂਦੇ ਹਨ । ਪੰਚਾਇਤੀ ਰਾਜ ਵੀ ਟੈਂਡਰ ਪਾਉਂਦਾ ਹੈ ਅਤੇ ਰੂਰਲ ਡਿਵੈਲਪਮੈਂਟ ਵਾਲੇ ਵੀ ਆਪਣੇ ਟੈਂਡਰ ਪਾਉਂਦੇ ਹਨ । ਅਜੇ ਤੱਕ ਯੂਨੀਫਾਰਮ ਰੇਟ ਨਹੀਂ ਹਨ ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਸਪੀਕਰ ਸਾਹਿਬ, ਇਸ ਦੇ ਹੱਲ ਲਈ ਕੀ ਯਤਨ ਕੀਤੇ ਜਾ ਰਹੇ ਹਨ ?

**ਮੰਤਰੀ** : ਸਪੀਕਰ ਸਾਹਿਬ, ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਵਾਲੇ ਵੀ ਅਤੇ ਪੰਚਾਇਤੀ ਰਾਜ ਵਿਭਾਗ ਵਾਲੇ ਵੀ ਡੀ. ਸੀ. ਕੋਲ ਰੇਟ ਫਿਕਸ ਕਰਵਾਉਣ ਆਉਂਦੇ ਹਨ ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਟੈਂਡਰ ਲਏ ਜਾਂਦੇ ਹਨ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਚਾਇਤੀ ਰਾਜ ਵਿਭਾਗ ਕੋਈ ਟੈਂਡਰ ਨਹੀਂ ਲੈਂਦਾ । ਡੀ. ਸੀ. ਹਰ ਇੱਕ ਜ਼ਿਲ੍ਹੇ ਦੇ ਰੇਟ ਮਿੱਥਦਾ ਹੈ । ਇਹ ਰੇਟ ਵੀ ਅੱਡ-ਅੱਡ ਜ਼ਿਲ੍ਹਿਆਂ ਵਿਚ ਅੱਡ-ਅੱਡ ਹਨ । ਮੋਗੇ ਵਿਚ ਰੇਟ 1200/- ਤੋਂ 1600/- ਰੁਪਏ ਕਰ ਦਿੱਤਾ ਹੈ ਪਰ ਬਠਿੰਡੇ ਜ਼ਿਲ੍ਹੇ ਵਿਚ ਰੇਟ ਘੱਟ ਹੈ । ਕੋਈ ਯੂਨੀਫਾਰਮ ਰੇਟ ਹੋਣਾ ਚਾਹੀਦਾ ਹੈ । ਸਾਰੇ ਡੀ. ਸੀਜ਼ ਨੂੰ ਚਾਹੀਦਾ ਹੈ ਕਿ ਸਾਰੇ ਜ਼ਿਲ੍ਹਿਆਂ ਦੇ ਵਿਚ ਇੱਕੋ ਰੇਟ ਫਿਕਸ ਕਰਨ ।

**ਮੰਤਰੀ** : ਸਪੀਕਰ ਸਾਹਿਬ, ਡੀ. ਸੀ. ਕਿਸੇ ਤੇ ਇਹ ਚੀਜ਼ ਠੋਸ ਨਹੀਂ ਸਕਦਾ । ਉਹ ਤਾਂ ਭੱਠੇ ਵਾਲਿਆਂ ਔਰ ਮਹਿਕਮੇ ਵਾਲਿਆਂ ਨੂੰ ਬੁਲਾ ਕੇ ਫੈਸਲਾ ਕਰਵਾ ਦਿੰਦਾ ਹੈ । ਉਸ ਕੋਲ ਕੋਈ ਪਾਵਰ ਨਹੀਂ ਹੈ ਕਿ ਯੂਨੀਫਾਰਮ ਰੇਟ ਕਰ ਸਕਣ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੋ ਵਾਰੀ ਆਪਣੀ ਗੱਲ ਕਲੀਅਰ ਕੀਤੀ ਹੈ । ਹਾਈ ਕੋਰਟ ਦੇ ਵਿਚ ਜੋ ਕੇਸ ਚਲ ਰਿਹਾ ਹੈ, ਉਹ ਤਾਂ ਵੱਖਰੀ ਗੱਲ ਹੈ । ਇਹ ਸਵਾਲ ਸਟੇਟ ਦੀ ਡਿਵੈਲਪਮੈਂਟ ਨਾਲ ਸਬੰਧਿਤ ਹੈ । ਪੰਚਾਇਤਾਂ ਦੇ ਕੰਮ ਰੁਕੇ ਹੋਏ ਹਨ ਕਿਉਂਕਿ ਇੱਟਾਂ ਨਹੀਂ ਮਿਲ ਰਹੀਆਂ । ਕੀ ਸਰਕਾਰ ਕੋਈ ਤੌਰ ਤਰੀਕੇ ਵਰਤੇਗੀ ਕਿ ਜੋ ਇੱਟਾ ਦੀ ਜਿਹੜੀ ਸ਼ਾਰਟੇਜ਼ ਚਲ ਰਹੀ ਹੈ, ਇਹ ਦੂਰ ਕੀਤੀ ਜਾਵੇ ? ਸਟੇਟ ਵਿੱਚ ਇੱਟਾਂ ਦੀ ਸਹੀ ਸਪਲਾਈ ਕਰਨਾ ਪੰਚਾਇਤੀ ਡਿਪਾਰਟਮੈਂਟ ਦਾ ਕੰਮ ਹੈ । ਇਸ ਲਈ ਕੀ ਕੋਈ ਯਤਨ ਕੀਤੇ ਜਾਣਗੇ ਜਿਨ੍ਹਾਂ ਕਰਕੇ ਜੋ ਕੰਮ ਰੁਕੇ ਹੋਏ ਹਨ, ਉਹ ਸਹੀ ਢੰਗ ਨਾਲ ਚਲ ਸਕਣ ।

**ਮੰਤਰੀ** : ਹੁਣ ਭੱਠੇ ਚਾਲੂ ਹੋ ਗਏ ਹਨ । ਹੁਣ ਇੱਟਾਂ ਦੀ ਕੋਈ ਸ਼ਾਰਟੇਜ਼ ਰਾਜ਼ ਵਿਚ ਨਹੀਂ ਹੈ । ਜਦੋਂ ਇੱਟਾਂ ਮਾਰਕੀਟ ਵਿੱਚ ਆ ਜਾਣਗੀਆਂ ਤਾਂ ਕੋਈ ਸ਼ਾਰਟੇਜ਼ ਨਹੀਂ ਰਹੇਗੀ । ਮੈਂ ਕੰਟਰੋਵਰਸੀ ਵਿੱਚ ਨਹੀਂ ਪੈਣਾ ਚਾਹੁੰਦਾ ਕਿ ਭੱਠੇ ਬੰਦ ਕਿਉਂ ਕਰਵਾਏ ਅਤੇ ਕਿਸ ਨੇ ਕਰਵਾਏ । ਅੱਡ-ਅੱਡ ਭੱਠਿਆਂ ਦੇ ਰੇਟ ਅੱਡ-ਅੱਡ ਵੀ ਹਨ । ਮੈਂ ਭੱਠੇ ਵਲਿਆਂ ਨੂੰ ਵੀ ਬੁਲਾਇਆ ਸੀ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਵਾਲਿਆਂ ਨੂੰ ਵੀ ਬੁਲਾਇਆ ਸੀ । ਕਨਵਿਨਸ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਕਿ ਰੇਟ ਇਕਸਾਰ ਫਿਕਸ ਹੋ ਸਕਣ । ਹੁਣ ਭੱਠੇ ਚਾਲੂ ਕਰਵਾ ਦਿੱਤੇ ਗਏ ਹਨ । ਇਸ ਸਮੇਂ 1600 ਭੱਠੇ ਸ਼ੁਰੂ ਹੋ ਗਏ ਹਨ ।

---

## ਝੋਨੇ/ਕਣਕ ਦੀ ਖਰੀਦ

*1247, **ਸ੍ਰੀ ਰਮੇਸ਼ ਦੱਤ ਸ਼ਰਮਾ** : ਕੀ ਖੁਰਾਕ ਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਵਿਚ ਸਾਲ 2002-03, 2003-04 ਅਤੇ 2004-05 ਦੇ ਦੌਰਾਨ ਸਰਕਾਰੀ ਏਜੰਸੀਆਂ ਦੁਆਰਾ ਝੋਨੇ ਅਤੇ ਕਣਕ ਦੀ ਸਾਲ-ਵਾਰ ਕਿੰਨੀ-ਕਿੰਨੀ ਮਾਤਰਾ ਖਰੀਦੀ ਗਈ ;

(ਅ) ਕੀ ਸਰਕਾਰੀ ਏਜੰਸੀਆਂ ਦੁਆਰਾ ਉਪਰੋਕਤ ਵਰਣਿਤ ਝੋਨੇ ਅਤੇ ਕਣਕ ਦੀ ਖਰੀਦ ਲਈ ਕਿਸਾਨਾਂ ਨੂੰ ਅਦਾਇਗੀਆਂ ਕਰ ਦਿੱਤੀਆਂ ਗਈਆਂ ਹਨ ; ਜੇਕਰ ਨਹੀਂ, ਤਾਂ ਇਸਦੇ ਕਾਰਨ ਕੀ ਹਨ ?

**ਸ੍ਰੀ ਅਵਤਾਰ ਹੈਨਰੀ** : (ੳ) ਰਾਜ ਦੀਆਂ ਏਜੰਸੀਆ ਦੁਆਰਾ ਸਾਲ 2002-03, 2003-04 ਅਤੇ 2004-05 ਦੌਰਾਨ ਕ੍ਰਮਵਾਰ 77.41 ਲੱਖ ਟਨ 82.35 ਲੱਖ ਟਨ ਅਤੇ 89.06 ਲੱਖ ਟਨ ਪੈਡੀ ਅਤੇ 69.18 ਲੱਖ ਟਨ, 63.93 ਲੱਖ ਟਨ ਅਤੇ 71.02 ਲੱਖ ਟਨ ਕਣਕ ਦੀ ਖਰੀਦ ਕੀਤੀ ਗਈ ਸੀ ।

(ਅ) ਇਸ ਖਰੀਦ ਕੀਤੀ ਗਈ ਪੈਡੀ ਅਤੇ ਕਣਕ ਦੀ ਸਾਰੀ ਦੀ ਸਾਰੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ ।

---

## ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਗਈਆਂ ਕਿਤਾਬਾਂ

*1151. (1) **ਸਰਦਾਰ ਮਨਪ੍ਰੀਤ ਸਿੰਘ ਬਾਦਲ**
(2) **ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ** : **ਕੀ ਸਿਖਿਆ ਮੰਤਰੀ**

ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਗਈਆਂ ਪਾਠ-ਪੁਸਤਕਾਂ ਦੇ ਨਾਂ ਕੀ-ਕੀ ਹਨ ਅਤੇ ਇਸ ਤਰ੍ਹਾਂ ਹਰ ਇਕ ਪਾਠ ਪੁਸਤਕ ਦੀਆਂ ਕਿੰਨੀਆਂ ਕਾਪੀਆਂ ਛਪਵਾਈਆਂ ਗਈਆਂ ਅਤੇ ਹਰ ਇੱਕ ਪਾਠ ਪੁਸਤਕ ਲਈ ਕਿੰਨੀ ਕੀਮਤ ਨਿਰਧਾਰਤ ਕੀਤੀ ਗਈ ;

(ਅ) ਸਿਲੇਬਸ ਦੀਆਂ ਕਿਹੜੀਆਂ-ਕਿਹੜੀਆਂ ਕਿਤਾਬਾਂ ਪਿਛਲੇ ਦੋ ਸਾਲਾਂ ਦੇ ਦੌਰਾਨ ਬੋਰਡ ਦੁਆਰਾ ਨਹੀਂ ਛਪਵਾਈਆਂ ਗਈਆਂ ਹਨ ?

**ਸ੍ਰੀ ਹਰਨਾਮ ਦਾਸ ਜੌਹਰ** : (ੳ) ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਵਿਦਿਅਕ ਸਾਲ 2003-04 ਦੌਰਾਨ 171 ਪਾਠ ਪੁਸਤਕਾਂ (ਟਾਈਟਲ) ਅਤੇ ਵਿਦਿਅਕ ਸਾਲ 2004-05 ਦੌਰਾਨ 142 ਪਾਠ ਪੁਸਤਕਾਂ (ਟਾਈਟਲ) ਛਪਵਾਈਆਂ ਗਈਆਂ ਸਨ । ਇਨ੍ਹਾਂ ਦੇ ਨਾਂ, ਛਪਵਾਈਆਂ ਗਈਆਂ ਕਿਤਾਬਾਂ ਦੀ ਗਿਣਤੀ ਅਤੇ ਕੀਮਤ ਅਨੁਲੱਗ 'ੳ' ਅਤੇ 'ਅ' ਵਿਚ ਦਰਸਾਈ ਗਈ ਹੈ ਜੋ ਸਦਨ ਦੀ ਮੇਜ਼ ਤੇ ਰੱਖੇ ਗਏ ਹਨ ।

(ਅ) ਇਨ੍ਹਾਂ ਦੋ ਸਾਲਾਂ ਵਿਚ ਜੋ ਪਾਠ ਪੁਸਤਕਾਂ ਨਹੀਂ ਛਪਵਾਈਆਂ ਗਈਆਂ, ਉਨ੍ਹਾਂ ਦੀ ਲਿਸਟ, ਅਨੁਲੱਗ 'ੲ' ਅਨੁਸਾਰ ਹੈ ਅਤੇ ਇਹ ਸਦਨ ਦੀ ਮੇਜ਼ ਤੇ ਰੱਖੀ ਗਈ ਹੈ ।

[ਸਿੱਖਿਆ ਮੰਤਰੀ]

## ਅਨੁਲੱਗ-ੳ

### ਵਿਦਿਅਕ ਸਾਲ 2003-04 ਲਈ ਛਪਵਾਈਆਂ ਗਈਆਂ ਪਾਠ-ਪੁਸਤਕਾਂ ਦੀ ਗਿਣਤੀ ਅਤੇ ਕੀਮਤ

| ਲੜੀ ਨੰ: | ਪੁਸਤਕ ਦਾ ਨਾਂ | ਗਿਣਤੀ | ਕੀਮਤ |
|---|---|---|---|
| 1. | ਪੰਜਾਬੀ ਅੱਖਰ ਬੋਧ | 7,00,000 | 10 |
| 2. | ਪੰਜਾਬੀ ਪੁਸਤਕ-1 | 7,00,000 | 12 |
| 3. | ਹਿੰਦੀ ਪ੍ਰਵੇਸ਼ਕਾ | 1,00,000 | 3 |
| 4. | ਗਣਿਤ-1 (ਪੰ) | 4,00,000 | 30 |
| 5. | ਪੰਜਾਬੀ ਪੁਸਤਕ-2 | 6,00,000 | 13 |
| 6. | ਹਿੰਦੀ ਪੁਸਤਕ-2 | 35,000 | 10 |
| 7. | ਗਣਿਤ-2(ਪੰ) | 2,20,000 | 18 |
| 8. | ਗਣਿਤ-2 (ਹਿੰ) | 20,000 | 18 |
| 9. | ਲਰਨ ਯੂਅਰ ਇੰਗਲਿਸ਼-2 | 50,000 | 15 |
| 10. | ਪੰਜਾਬੀ ਪੁਸਤਕ-3 | 1,20,000 | 8 |
| 11. | ਲਰਨ ਯੂਅਰ ਇੰਗਲਿਸ਼-3 | 80,000 | 20 |
| 12. | ਵਾਤਾਵਰਨ-3 (ਪੰ) | 4,80,000 | 30 |
| 13. | ਗਣਿਤ-3 (ਪੰ) | 4,80,000 | 30 |
| 14. | ਪੰਜਾਬੀ ਪੁਸਤਕ-1(ਪ.ਭਾ) | 4,00,000 | 9 |
| 15. | ਆਓ ਹਿੰਦੀ ਸੀਖੇਂ-4 | 32,00,000 | 12 |
| 16. | ਹਿੰਦੀ ਪੁਸਤਕ-4 | 25,000 | 13 |
| 17. | ਪੰਜਾਬੀ ਪੁਸਤਕ- 4(ਦੂ.ਭਾ) | 35 000 | 9 |
| 18. | ਲਰਨ ਯੂਅਰ ਇੰਗਲਿਸ਼-4 | 2,20,000 | 20 |
| 19. | ਗਣਿਤ-4 (ਹਿੰ) | 2,00,000 | 21 |

| 1 | 2 | 3 | 4 |
|---|---|---|---|
| 20. | ਗਣਿਤ-4 (ਹਿੰ) | 20,000 | 21 |
| 21. | ਵਿਗਿਆਨ-4 (ਪੰ) | 2,00,000 | 11 |
| 22. | ਸਮਾਜਿਕ-4 (ਪੰ) | 2,00,000 | 12 |
| 23. | ਸਮਾਜਿਕ-4 (ਹਿੰਦੀ) (ਪੰ) | 10,000 | 12 |
| 24 | ਪੰਜਾਬੀ ਪੁਸਤਕ-5 (ਪ.ਭਾ) | 3,80,000 | 9 |
| 25 | ਆਓ ਹਿੰਦੀ ਸੀਖੇਂ-5 | 3,70,000 | 7 |
| 26. | ਪੰਜਾਬੀ ਪੁਸਤਕ-5(ਦੂ.ਭਾ) | 65,000 | 10 |
| 27. | ਹਿੰਦੀ ਪੁਸਤਕ-5 | 50,000 | 13 |
| 28. | ਵਿਗਿਆਨ-5 (ਪੰ) | 3,20,000 | 13 |
| 29 | ਵਿਗਿਆਨ-5 (ਹਿੰ) | 50,000 | 13 |
| 30. | ਵਿਗਿਆਨ-5(ਪੰ) | 3,70,000 | 29 |
| 31. | ਗਣਿਤ-5(ਹਿੰ) | 60,000 | 29 |
| 32. | ਸਮਾਜਿਕ-5(ਪੰ) | 3,30,000 | 15 |
| 33. | ਸਮਾਜਿਕ-5(ਹਿੰ) | 50,000 | 15 |
| 34. | ਲਰਨ ਯੂਅਰ ਇੰਗਲਿਸ਼-5 | 4,80,000 | 20 |
| 35. | ਆਓ ਹਿੰਦੀ ਸੀਖੇਂ-6 | 2,50,000 | 9 |
| 36. | ਪੰਜਾਬੀ ਪੁਸਤਕ-6 (ਪ.ਭਾ) | 3,00,000 | 10 |
| 37. | ਹਿੰਦੀ ਪੁਸਤਕ-6 | 35,000 | 12 |
| 38. | ਪੰਜਾਬੀ ਪੁਸਤਕ-6(ਦੂ.ਭਾ) | 45,000 | 10 |
| 39. | ਲਰਨ ਯੂਅਰ ਇੰਗਲਿਸ਼-6 | 4,80,000 | 11 |
| 40. | ਇੰਗਲਿਸ਼ ਗਰਾਮਰ-6 | 4,80,000 | 11 |

[ਸਿੱਖਿਆ ਮੰਤਰੀ]

| 1 | 2 | 3 | 4 |
|---|---|---|---|
| 41. | ਗਣਿਤ-6(ਪੰ) | 4,00,000 | 29 |
| 42. | ਵਿਗਿਆਨ-6 (ਪੰ) | 3,40,000 | 24 |
| 43. | ਵਿਗਿਆਨ-6(ਹਿੰ) | 45,000 | 24 |
| 44. | ਵਿਗਿਆਨ-6(ਅੰ) | 15,000 | 24 |
| 45. | ਸਮਾਜਿਕ-6(ਪੰ) | 2,70,000 | 20 |
| 46. | ਸਮਾਜਿਕ-6(ਹਿੰ) | 50,000 | 20 |
| 47. | ਸਰੀਰਕ ਸਿੱਖਿਆ-6 (ਪੰ) | 2,80,000 | 5 |
| 48. | ਸਰੀਰਕ ਸਿੱਖਿਆ-6 (ਹਿੰ) | 20,000 | 5 |
| 49. | ਡਰਾਇੰਗ ਅਤੇ ਚਿਤਰਕਲਾ-6(ਪੰ) | 1,80,000 | 15 |
| 50. | ਡਰਾਇੰਗ ਅਤੇ ਚਿਤਰਕਲਾ-6(ਪੰ) (ਸਪਲੀ) | 20,000 | 5 |
| 51. | ਡਰਾਇੰਗ ਅਤੇ ਚਿਤਰਕਲਾ-6(ਹਿੰ) ਸਪਲੀ. | 20,000 | 5 |
| 52. | ਕੰਪਿਊਟਰ-6 (ਅੰ) | 15,000 | 20 |
| 53. | ਤਰਖਾਣਾ ਕੰਮ-6(ਪੰ) | 5,000 | 14 |
| 54. | ਸੰਸਕ੍ਰਿਤ-6 | 35,000 | 7 |
| 55. | ਗ੍ਰਹਿ ਵਿਗਿਆਨ.6-8 (ਪੰ) | 15,000 | 21 |
| 56. | ਖੇਤੀਬਾੜੀ-6 (ਪੰ) | 30,000 | 7 |
| 57. | ਗਾਇਨ-6-8 (ਪੰ) | 10,000 | 15 |
| 58. | ਗਾਇਨ 6-8 (ਹਿੰ) | 5,000 | 15 |
| 59. | ਕ੍ਰਿਸ਼ੀ ਵਿਗਿਆਨ-6 (ਹਿੰ) | 5,000 | 7 |
| 60. | ਪੰਜਾਬੀ ਪੁਸਤਕ-7 (ਪ.ਭਾ) | 2,50,000 | 11 |

| 1 | 2 | 3 | 4 |
|---|---|---|---|
| 61. | ਆਓ ਹਿੰਦੀ ਸੀਖੇਂ–7 | 2,00,000 | 11 |
| 62. | ਪੰਜਾਬੀ ਪੁਸਤਕ–7(ਦੂ.ਭਾ) | 40,000 | 10 |
| 63. | ਹਿੰਦੀ ਪੁਸਤਕ-7 | 35,000 | 14 |
| 64. | ਇੰਗਲਿਸ਼ ਰੀਡਰ-2 | 1,90,000 | 8 |
| 65. | ਫੰਕਸ਼ਨਲ ਗਰਾਮਰ 7-8 (ਪੰ) | 1,60,000 | 17 |
| 66. | ਫੰਕਸ਼ਨਲ ਗਰਾਮਰ 7–8 (ਹਿੰ) | 20,000 | 17 |
| 67. | ਵਿਗਿਆਨ-7 (ਪੰ) | 1,45,000 | 20 |
| 68. | ਗਣਿਤ-7 (ਪੰ) | 1,50,000 | 31 |
| 69. | ਗਣਿਤ-7 (ਹਿੰ) | 18,000 | 31 |
| 70. | ਸਮਾਜਿਕ-7 (ਪੰ) | 1,70,000 | 18 |
| 71. | ਸਮਾਜਿਕ–7 (ਹਿੰ) | 40,000 | 18 |
| 72. | ਭੂਗੋਲ–7 (ਪੰ) | 1,10,000 | 15 |
| 73. | ਭੂਗੋਲ-7 (ਹਿੰ) | 35,000 | 15 |
| 74. | ਸਰੀਰਕ ਸਿੱਖਿਆ-7 (ਪੰ) | 2,50,000 | 6 |
| 75 | ਸਰੀਰਕ ਸਿੱਖਿਆ-7 (ਹਿੰ) | 40,000 | 6 |
| 76. | ਸੰਸਕ੍ਰਿਤ–7 | 25,000 | 8 |
| 77. | ਖੇਤੀਬਾੜੀ–7 (ਪੰ) | 40,000 | 11 |
| 78. | ਡਰਾਇੰਗ ਅਤੇ ਚਿਤਰਕਲਾ-7-(ਪੰ) | 1,20,000 | 15 |
| 79. | ਡਰਾਇੰਗ ਅਤੇ ਚਿਤਰਕਲਾ-7 (ਪੰ) ਸਪਲੀ. | 15,000 | 5 |
| 80. | ਡਰਾਇੰਗ ਅਤੇ ਚਿਤਰਕਲਾ-7 (ਹਿੰ) ਸਪਲੀ. | 15,000 | 5 |

[ਸਿੱਖਿਆ ਮੰਤਰੀ]

| 1 | 2 | 3 | 4 |
|---|---|---|---|
| 81. | ਕੰਪਿਊਟਰ-7 (ਅੰ) | 15,000 | 15 |
| 82. | ਸਿੰਗਲ ਸਿਲੰਡਰ ਡੀਜ਼ਲ ਇੰਜਣ–7(ਪੰ) | 5,000 | 14 |
| 83. | ਪੰਜਾਬੀ ਪੁਸਤਕ–8 (ਪ.ਭਾ) | 2,50,000 | 13 |
| 84. | ਆਓ ਹਿੰਦੀ ਸੀਖੇਂ–8 | 2,30,000 | 16 |
| 85. | ਪੰਜਾਬੀ ਪੁਸਤਕ-8 (ਦੂ.ਭਾ) | 50,000 | 12 |
| 86. | ਹਿੰਦੀ ਪੁਸਤਕ-8 | 40,000 | 15 |
| 87. | ਇੰਗਲਿਸ਼ ਰੀਡਰ-3 | 2,80,000 | 11 |
| 88. | ਵਿਗਿਆਨ-8 (ਪੰ) | 2,00,000 | 23 |
| 89. | ਵਿਗਿਆਨ-8 (ਹਿੰ) | 30,000 | 23 |
| 90. | ਵਿਗਿਆਨ-8 (ਅੰ) | 10,000 | 23 |
| 91. | ਗਣਿਤ-8 (ਪੰ) | 2,30,000 | 32 |
| 92. | ਗਣਿਤ-8 (ਹਿੰ) | 45,000 | 32 |
| 93. | ਗਣਿਤ–8 (ਅੰ) | 10,000 | 32 |
| 94. | ਸਮਾਜਿਕ-8 (ਪੰ) | 1,80,000 | 18 |
| 95. | ਸਮਾਜਿਕ-8 (ਹਿੰ) | 50,000 | 18 |
| 96. | ਸਮਾਜਿਕ-8 (ਅੰ) | 20,000 | 18 |
| 97. | ਭੂਗੋਲ-8 (ਪੰ) | 1,80,000 | 15 |
| 98. | ਭੂਗੋਲ-8 (ਹਿੰ) | 50,000 | 15 |
| 99. | ਭੂਗੋਲ–8 (ਅੰ) | 20,000 | 15 |
| 100. | ਸਰੀਰਕ ਸਿੱਖਿਆ-8 (ਅੰ) | 20,000 | 8 |

| 1 | 2 | 3 | 4 |
|---|---|---|---|
| 101. | ਸਰੀਰਕ ਸਿੱਖਿਆ-8 (ਪੰ) | 2,50,000 | 8 |
| 102. | ਸਰੀਰਕ ਸਿੱਖਿਆ-8 (ਹਿੰ) | 40,000 | 8 |
| 103. | ਸੰਸਕ੍ਰਿਤ ਪੁਸਤਕ-8 | 30,000 | 9 |
| 104. | ਡਰਾਇੰਗ ਅਤੇ ਚਿਤਰਕਲਾ-8 (ਪੰ) | 1,30,000 | 20 |
| 105. | ਡਰਾਇੰਗ ਅਤੇ ਚਿਤਰਕਲਾ-8 (ਪੰ) ਸਪਲੀ. | 25,000 | 6 |
| 106. | ਡਰਾਇੰਗ ਅਤੇ ਚਿਤਰਕਲਾ-8 (ਹਿੰ) | 20,000 | 20 |
| 107. | ਡਰਾਇੰਗ ਅਤੇ ਚਿਤਰਕਲਾ-8 (ਹਿੰ) ਸਪਲੀ. | 10,000 | 6 |
| 108. | ਕੰਪਿਊਟਰ-8 (ਅੰ) | 15,000 | 22 |
| 109. | ਖੇਤੀਬਾੜੀ-8 (ਪੰ) | 40,000 | 12 |
| 110. | ਹਿੰਦੀ ਪੁਸਤਕ-9 | 1,50,000 | 16 |
| 111. | ਹਿੰਦੀ ਵਿਆਕਰਨ 9-10 | 1,60,000 | 20 |
| 112. | ਵੰਨਗੀ 9-10 | 1,80,000 | 19 |
| 113. | ਸਾਹਿਤਮਾਲਾ 9-10 (ਪੰ) | 1,90,000 | 17 |
| 114. | ਪੰਜਾਬੀ ਵਿਆਕਰਨ 9-10 | 1,40,000 | 25 |
| 115. | ਪਹੁ ਫੁਟਾਲੇ ਤੋਂ ਪਹਿਲਾਂ (ਨਾਵਲ) | 2,20,000 | 10 |
| 116. | ਇੰਗਲਿਸ਼ ਰੀਡਰ-9 | 1,50,000 | 10 |
| 117. | ਇੰਗਲਿਸ਼ ਰੀਡਰ-9 ਸਪਲੀ. | 1,40,000 | 6 |
| 118. | ਇੰਗਲਿਸ਼ ਗਰਾਮਰ-9 | 1,20,000 | 19 |
| 119. | ਗਣਿਤ-9 (ਪੰ) | 3,00,000 | 40 |

[ਸਿੱਖਿਆ ਮੰਤਰੀ]

| 1 | 2 | 3 | 4 |
|---|---|---|---|
| 120. | ਸਮਾਜਿਕ-9 (ਪੰ) ਭਾਗ-1 | 1,20,000 | 28 |
| 121. | ਸਮਾਜਿਕ- 9 (ਹਿੰ) ਭਾਗ-1 | 30,000 | 28 |
| 122. | ਸਮਾਜਿਕ-9 (ਅੰ) ਭਾਗ-1 | 15,000 | 28 |
| 123. | ਸਮਾਜਿਕ-9 (ਪੰ) ਭਾਗ-2 | 50,000 | 30 |
| 124, | ਸਮਾਜਿਕ-9 (ਹਿੰ) ਭਾਗ-2 | 25,000 | 30 |
| 125. | ਸਮਾਜਿਕ-9 (ਅੰ) ਭਾਗ-2 | 15,000 | 30 |
| 126. | ਵਿਗਿਆਨ-9 (ਪੰ) | 1,70,000 | 50 |
| 127. | ਵਿਗਿਆਨ-9 (ਹਿੰ) | 20,000 | 50 |
| 128. | ਵਿਗਿਆਨ-9 (ਅੰ) | 30,000 | 50 |
| 129. | ਖੇਤੀਬਾੜੀ-9 (ਪੰ) | 25,000 | 18 |
| 130. | ਸਰੀਰਕ ਸਿੱਖਿਆ 9-10 (ਪੰ) | 1,90,000 | 8 |
| 131. | ਸਰੀਰਕ ਸਿੱਖਿਆ 9-10 (ਹਿੰ) | 35,000 | 8 |
| 132. | ਸਰੀਰਕ ਸਿੱਖਿਆ 9-10 (ਅੰ) | 15,000 | 8 |
| 133. | ਸੰਸਕ੍ਰਿਤ ਭਾਰਤੀ 9-10 | 50,000 | 15 |
| 134. | ਗ੍ਰਹਿ ਵਿਗਿਆਨ-9 (ਪੰ) | 12,000 | 25 |
| 135. | ਮਕੈਨੀਕਲ ਡਰਾਇੰਗ-9 (ਪੰ) | 80,000 | 15 |
| 136. | ਮਕੈਨੀਕਲ ਡਰਾਇੰਗ-9(ਹਿੰ) | 20,000 | 15 |
| 137. | ਹਿੰਦੀ ਪੁਸਤਕ-10 | 1,60,000 | 16 |
| 138. | ਇੰਗਲਿਸ਼ ਰੀਡਰ-10 | 1,70,000 | 12 |

| 1 | 2 | 3 | 4 |
|---|---|---|---|
| 139. | ਇੰਗਲਿਸ਼ ਰੀਡਰ-10 (ਸਪਲੀ) | 1,45,000 | 7 |
| 140. | ਇੰਗਲਿਸ਼ ਗਰਾਮਰ-10 | 1.30,000 | 29 |
| 141. | ਗਣਿਤ-10 (ਪੰ) | 1,05,000 | 40 |
| 142. | ਗਣਿਤ-10 (ਅੰ) | 3,000 | 40 |
| 143. | ਸਮਾਜਿਕ-10 (ਪੰ) ਭਾਗ-1 | 1,30,000 | 35 |
| 144. | ਸਮਾਜਿਕ-10 (ਅੰ) ਭਾਗ-1 | 15,000 | 35 |
| 145. | ਸਮਾਜਿਕ-10 (ਪੰ) ਭਾਗ-2 | 2,80,000 | 26 |
| 146. | ਸਮਾਜਿਕ-10 (ਹਿੰ) ਭਾਗ-2 | 50,000 | 26 |
| 147. | ਸਮਾਜਿਕ-10 (ਅੰ) ਭਾਗ-2 | 15,000 | 26 |
| 148. | ਵਿਗਿਆਨ-10 (ਪੰ) | 80,000 | 28 |
| 149. | ਵਿਗਿਆਨ-10 (ਹਿੰ) | 8,000 | 28 |
| 150. | ਡਰਾਇੰਗ-10 (ਪੰ) | 92,000 | 14 |
| 151. | ਡਰਾਇੰਗ-10 (ਹਿੰ) | 20,000 | 14 |
| 152. | ਖੇਤੀਬਾੜੀ-10 (ਪੰ) | 37,000 | 15 |
| 153. | ਗ੍ਰਹਿ ਵਿਗਿਆਨ-10 (ਪੰ) | 22,000 | 28 |
| 154. | ਕਟਾਈ ਸਿਲਾਈ 10 (ਪੰ) | 15,000 | 15 |
| 155. | ਕਟਾਈ ਸਿਲਾਈ 10 (ਹਿੰ) | 5,000 | 15 |
| 156. | ਲਾਜ਼ਮੀ ਪੰਜਾਬੀ-11 | 80,000 | 15 |
| 157. | ਅੱਖੀਂ ਡਿੱਠੀ ਦੁਨੀਆਂ-11 | 25,000 | 14 |
| 158. | ਸਾਹਿਤ ਬੋਧ-11 | 20,000 | 5 |

[ਸਿੱਖਿਆ ਮੰਤਰੀ]

| 1 | 2 | 3 | 4 |
|---|---|---|---|
| 159. | ਪੰਜਾਬੀ ਕਾਵਿ ਝਲਕਾਂ-11 | 30,000 | 14 |
| 160. | ਸਾਹਿਤਯ ਸੰਚਾਇਨ-11 | 30,000 | 22 |
| 161. | ਆਈ ਐਮ ਦੀ ਪੀਪਲ-11 | 75,000 | 11 |
| 162. | ਸਟੋਰੀਜ਼ ਪਲੇਅਜ਼ ਐਂਡ ਟੇਲਜ਼ ਆਫ ਐਡਵੈਂਚਰ | 65,000 | 9 |
| 163. | ਲਾਜ਼ਮੀ ਪੰਜਾਬੀ-12 | 70,000 | 22 |
| 164. | ਆਪ ਬੀਤੀਆਂ-12 | 25,000 | 12 |
| 165. | ਪੰਜਾਬੀ ਕਾਵਿ ਝਲਕਾਂ-12 | 25,000 | 22 |
| 166. | ਗੱਦਯ ਮੰਜਰੀ-12 | 5,000 | 12 |
| 167. | ਕਾਵਿਯ ਕੁਸਮ-12 | 7,000 | 8 |
| 168. | ਇੰਗਲਿਸ਼ ਰੀਡਰ-6 | 85,000 | 14 |
| 169. | ਇੰਗਲਿਸ਼ ਰੀਡਰ-6 (ਸਪਲੀ) | 70,000 | 8 |
| 170, | ਪਰਾਈਡਜ਼ ਐਂਡ ਪ੍ਰੇਜੁਡਾਈਸ-12 | 3,000 | 25 |
| 171. | ਸੰਸਕ੍ਰਿਤ ਮੰਜਰੀ-12 | 4,000 | 6 |

## ਅਨੁਲੱਗ-ਅ

### ਵਿਦਿਅਕ ਸਾਲ 2004-05 ਲਈ ਛਪਾਈਆਂ ਗਈਆਂ ਪੁਸਤਕਾਂ ਦੀ ਗਿਣਤੀ/ਕੀਮਤ

| ਲੜੀ ਨੰ: | ਪੁਸਤਕ ਦਾ ਨਾਂ | ਗਿਣਤੀ | ਕੀਮਤ |
|---|---|---|---|
| 1 | 2 | 3 | 4 |
| 1. | ਪੰਜਾਬੀ ਪੁਸਤਕ-1 | 600000 | 12.00 |
| 2. | ਲਰਨ ਯੂਅਰ ਇੰਗਲਿਸ਼-1 | 260000 | 12.00 |
| 3. | ਗਣਿਤ-1 (ਪੰ) | 110000 | 30.00 |
| 4. | ਹਿੰਦੀ ਪ੍ਰਵੇਸ਼ਕਾ | 50000 | 3,00 |
| 5. | ਹਿੰਦੀ ਪੁਸਤਕ-1 | 25000 | 13.00 |
| 6. | ਪੰਜਾਬੀ ਪੁਸਤਕ-2 | 400000 | 13.00 |
| 7. | ਹਿੰਦੀ ਪੁਸਤਕ-2 | 20000 | 11.00 |
| 8. | ਗਣਿਤ-2(ਪੰ) | 360000 | 35.00 |
| 9. | ਲਰਨ ਯੂਅਰ ਇੰਗਲਿਸ਼-2 | 400000 | 15.00 |
| 10. | ਪੰਜਾਬੀ ਪੁਸਤਕ-3 | 560000 | 9,00 |
| 11. | ਗਣਿਤ-3 (ਪੰ) | 200000 | 35.00 |
| 12. | ਹਿੰਦੀ ਪੁਸਤਕ-3 | 30000 | 12.00 |
| 13. | ਲਰਨ ਯੂਅਰ ਇੰਗਲਿਸ਼-3 | 400000 | 20.00 |
| 14. | ਵਾਤਾਵਰਨ ਸਿੱਖਿਆ-3 (ਪ) | 250000 | 30.00 |
| 15. | ਆਓ ਹਿੰਦੀ ਸੀਖੇਂ-4 | 310000 | 12.00 |
| 16. | ਪੰਜਾਬੀ ਪੁਸਤਕ-4 (ਪ.ਭ) | 240000 | 9.00 |

[ਸਿੱਖਿਆ ਮੰਤਰੀ]

| 1 | 2 | 3 | 4 |
|---|---|---|---|
| 17. | ਪੰਜਾਬੀ ਪੁਸਤਕ-2 (ਦੂ.ਭਾ) | 30000 | 9.00 |
| 18. | ਹਿੰਦੀ ਪੁਸਤਕ-4 | 20000 | 13.00 |
| 19. | ਲਰਨ ਯੂਅਰ ਇੰਗਲਿਸ਼-4 | 340000 | 20.00 |
| 20. | ਵਾਤਾਵਰਨ ਸਿੱਖਿਆ-4 (ਪੰ) | 425000 | 30.00 |
| 21. | ਵਾਤਾਵਰਨ ਸਿੱਖਿਆ-4 (ਹਿੰ) | 60000 | 32.00 |
| 22. | ਗਣਿਤ-4 (ਪੰ) | 360000 | 32.00 |
| 23. | ਆਓ ਹਿੰਦੀ ਸੀਖੇਂ-5 | 300000 | 7.00 |
| 24. | ਪੰਜਾਬੀ ਪੁਸਤਕ-5 (ਪ.ਭ) | 400000 | 10.00 |
| 25. | ਹਿੰਦੀ ਪੁਸਤਕ-5 | 35000 | 14.00 |
| 26. | ਲਰਨ ਯੂਅਰ ਇੰਗਲਿਸ਼-5 | 350000 | 21.00 |
| 27. | ਵਿਗਿਆਨ-5 (ਪੰ) | 210000 | 13.00 |
| 28. | ਗਣਿਤ-5 (ਪੰ) | 270000 | 32.00 |
| 29. | ਗਣਿਤ-5 (ਹਿੰ) | 15000 | 32.00 |
| 30. | ਸਮਾਜਿਕ-5 (ਪੰ) | 200000 | 16.00 |
| 31. | ਸਮਾਜਿਕ-5 (ਹਿੰ) | 10000 | 15.00 |
| 32. | ਆਓ ਹਿੰਦੀ ਸੀਖੇਂ-6 | 340000 | 10.00 |
| 33. | ਪੰਜਾਬੀ ਪੁਸਤਕ-6 (ਪ.ਭ) | 380000 | 11.00 |
| 34. | ਹਿੰਦੀ ਪੁਸਤਕ-6 | 30000 | 13.00 |
| 35. | ਪੰਜਾਬੀ ਪੁਸਤਕ-6 (ਦੂ.ਭ) | 40000 | 10.00 |

| ਲੜੀ ਨੰ: | ਪੁਸਤਕ ਦਾ ਨਾਂ | ਗਿਣਤੀ | ਕੀਮਤ |
|---|---|---|---|
| 36. | ਲਰਨ ਯੂਅਰ ਇੰਗਲਿਸ਼-6 | 400000 | 12.00 |
| 37. | ਇੰਗਲਿਸ਼ ਗਰਾਮਰ–6 | 200000 | 11.00 |
| 38. | ਗਣਿਤ-6(ਪੰ) | 35000 | 33.00 |
| 39. | ਵਿਗਿਆਨ-6(ਪੰ) | 43000 | 30.00 |
| 40. | ਵਿਗਿਆਨ-6(ਹਿੰ) | 55000 | 30.00 |
| 41. | ਵਿਗਿਆਨ-6(ਅੰ) | 10000 | 50.00 |
| 42. | ਸਮਾਜਿਕ -6(ਪੰ) | 250000 | 22.00 |
| 43. | ਸਰੀਰਕ ਸਿੱਖਿਆ-6(ਪੰ) | 310000 | 5.00 |
| 44. | ਸਰੀਰਕ ਸਿੱਖਿਆ-6(ਅੰ) | 10000 | 8.00 |
| 45. | ਸਰੀਰਕ ਸਿੱਖਿਆ-6(ਹਿੰ) | 35000 | 6.00 |
| 46. | ਡਰਾਇੰਗ ਅਤੇ ਚਿਤਰਕਲਾ-6(ਪੰ) | 190000 | 18.00 |
| 47. | ਡਰਾਇੰਗ ਅਤੇ ਚਿਤਰਕਲਾ-6(ਹਿੰ) | 20000 | 18.00 |
| 48. | ਸੰਸਕ੍ਰਿਤ ਪੁਸਤਕ-6 | 25000 | 7.00 |
| 49. | ਗ੍ਰਹਿ ਵਿਗਿਆਨ 6-8 (ਪੰ) | 16000 | 21.00 |
| 50. | ਗ੍ਰਹਿ ਵਿਗਿਆਨ 6-8(ਹਿੰ) | 7000 | 21.00 |
| 51. | ਪੰਜਾਬੀ ਪੁਸਤਕ-2 (ਪ.ਭ) | 280000 | 12.00 |
| 52. | ਆਓ ਹਿੰਦੀ ਸੀਖੇਂ-7 | 280000 | 12.00 |
| 53. | ਲਰਨ ਯੂਅਰ ਇੰਗਲਿਸ਼-7 | 475000 | 13.00 |
| 54. | ਇੰਗਲਿਸ਼ ਗਰਾਮਰ–7 | 425000 | 17.00 |
| 55. | ਵਿਗਿਆਨ-7(ਹਿੰ) | 45000 | 55.00 |

[ਸਿੱਖਿਆ ਮੰਤਰੀ]

| ਲੜੀ ਨੰ: | ਪੁਸਤਕ ਦਾ ਨਾਂ | ਗਿਣਤੀ | ਕੀਮਤ |
|---|---|---|---|
| 56. | ਵਿਗਿਆਨ-7(ਪੰ) | 400000 | 50.00 |
| 57. | ਵਿਗਿਆਨ-7(ਅੰ) | 10000 | 85.00 |
| 58. | ਗਣਿਤ-7(ਪੰ) | 400000 | 40.00 |
| 59. | ਸਮਾਜਿਕ ਸਿੱਖਿਆ-7(ਪੰ) | 270000 | 19.00 |
| 60. | ਭੂਗੋਲ-7(ਪੰ) | 280000 | 15.00 |
| 61. | ਸਰੀਰਕ ਸਿੱਖਿਆ-7(ਪੰ) | 270000 | 6.00 |
| 62. | ਸਰੀਰਕ ਸਿੱਖਿਆ-7(ਅੰ) | 10000 | 6.00 |
| 63. | ਸੰਸਕ੍ਰਿਤ ਪੁਸਤਕ-7 | 35000 | 8.00 |
| 64. | ਡਰਾਇੰਗ ਅਤੇ ਚਿਤਰਕਲਾ-7(ਪੰ) | 160000 | 17.00 |
| 65. | ਡਰਾਇੰਗ ਅਤੇ ਚਿਤਰਕਲਾ-7(ਹਿੰ) | 20000 | 17.00 |
| 66. | ਖੇਤੀਬਾੜੀ-7(ਪੰ) | 20000 | 11.00 |
| 67. | ਖੇਤੀਬਾੜੀ-7(ਹਿੰ) | 5000 | 11.00 |
| 68. | ਪੰਜਾਬੀ ਪੁਸਤਕ-8(ਪ.ਭ) | 280000 | 14.00 |
| 69. | ਪੰਜਾਬੀ ਪੁਸਤਕ-8(ਦੂ.ਭ) | 40000 | 13.00 |
| 70. | ਹਿੰਦੀ ਪੁਸਤਕ-8 | 25000 | 17.00 |
| 71. | ਆਓ ਹਿੰਦੀ ਸੀਖੇਂ-8 | 290000 | 17.00 |
| 72. | ਇੰਗਲਿਸ਼ ਰੀਡਰ-3 | 210000 | 11.00 |
| 73. | ਵਿਗਿਆਨ-8(ਪੰ) | 150000 | 28.00 |
| 74. | ਗਣਿਤ-8(ਪੰ) | 170000 | 36.00 |

| ਲੜੀ ਨੰ: | ਪੁਸਤਕ ਦਾ ਨਾਂ | ਗਿਣਤੀ | ਕੀਮਤ |
|---|---|---|---|
| 75. | ਗਣਿਤ-8(ਹਿੰ) | 8000 | 36.00 |
| 76. | ਸਮਾਜਿਕ ਸਿੱਖਿਆ-8(ਪੰ) | 280000 | 19.00 |
| 77. | ਸਮਾਜਿਕ ਸਿੱਖਿਆ-8(ਹਿੰ) | 40000 | 19.00 |
| 78. | ਭੂਗੋਲ-8(ਪੰ) | 270000 | 16.00 |
| 79. | ਭੂਗੋਲ-8(ਹਿੰ) | 30000 | 16.00 |
| 80. | ਸਰੀਰਕ ਸਿੱਖਿਆ-8(ਪੰ) | 260000 | 8.00 |
| 81. | ਸਰੀਰਕ ਸਿੱਖਿਆ-8(ਹਿੰ) | 35000 | 8.00 |
| 82. | ਸੰਸਕ੍ਰਿਤ ਪੁਸਤਕ-8 | 25000 | 9.00 |
| 83. | ਡਰਾਇੰਗ ਅਤੇ ਚਿਤਰਕਲਾ-8(ਪੰ) | 180000 | 22.00 |
| 84. | ਖੇਤੀਬਾੜੀ-8(ਪੰ) | 20000 | 12,00 |
| 85. | ਕ੍ਰਿਸ਼ੀ ਵਿਗਿਆਨ-8(ਹਿੰ) | 5000 | 12.00 |
| 86. | ਕੰਪਿਊਟਰ-8(ਅੰ) | 16000 | 22.00 |
| 87. | ਕੰਪਿਊਟਰ-8(ਪੰ) | 10000 | 22.00 |
| 88. | ਹਿੰਦੀ ਪੁਸਤਕ-9 | 130000 | 16.00 |
| 89. | ਹਿੰਦੀ ਵਿਆਕਰਨ 9-10 | 150000 | 21.00 |
| 90. | ਵੰਨਗੀ 9-10 (ਪੰ) | 140000 | 20.00 |
| 91. | ਸਾਹਿਤਮਾਲਾ 9-10(ਪੰ) | 160000 | 18.00 |
| 92. | ਪੰਜਾਬੀ ਵਿਆਕਰਨ 9-10 (ਪੰ) | 130000 | 26.00 |
| 93. | ਪਹੁ ਫੁਟਾਲੇ ਤੋਂ ਪਹਿਲਾਂ | 110000 | 11.00 |
| 94. | ਇੰਗਲਿਸ਼ ਰੀਡਰ-9 | 120000 | 10.00 |

[ਸਿੱਖਿਆ ਮੰਤਰੀ]

| ਲੜੀ ਨੰ: | ਪੁਸਤਕ ਦਾ ਨਾਂ | ਗਿਣਤੀ | ਕੀਮਤ |
|---|---|---|---|
| 95. | ਇੰਗਲਿਸ਼ ਰੀਡਰ ਬੁੱਕ–9 (ਸਪਲੀ) | 100000 | 6.00 |
| 96. | ਇੰਗਲਿਸ਼ ਗਰਾਮਰ-9 | 110000 | 20.00 |
| 97. | ਗਣਿਤ–9 (ਪੰ) | 100000 | 43.00 |
| 98. | ਖੇਤੀਬਾੜੀ–9 (ਪੰ) | 35000 | 18.00 |
| 99. | ਸਮਾਜਿਕ-9(ਪੰ) ਭਾਗ-1 | 80000 | 30.00 |
| 100. | ਸਮਾਜਿਕ–9 (ਪੰ) ਭਾਗ-2 | 75000 | 32.00 |
| 101. | ਵਿਗਿਆਨ-9 (ਪੰ) | 125000 | 50.00 |
| 102. | ਵਿਗਿਆਨ-9 (ਹਿੰ) | 5000 | 50.00 |
| 103. | ਮਕੈਨੀਕਲ ਡਰਾਇੰਗ-9(ਪੰ) | 25000 | 15.00 |
| 104. | ਸਰੀਰਕ ਸਿੱਖਿਆ 9-10 (ਪੰ) | 170000 | 8.00 |
| 105. | ਸਰੀਰਕ ਸਿੱਖਿਆ 9-10 (ਹਿੰ) | 40000 | 8.00 |
| 106. | ਸੰਸਕ੍ਰਿਤ ਭਾਰਤੀ 9-10 | 20000 | 15.00 |
| 107. | ਹਿੰਦੀ ਪੁਸਤਕ-10 | 180000 | 17.00 |
| 108. | ਇੰਗਲਿਸ਼ ਰੀਡਰ-10 | 150000 | 12.00 |
| 109. | ਇੰਗਲਿਸ਼ ਰੀਡਰ-2 (ਸਪਲੀ) | 150000 | 7.00 |
| 110. | ਇੰਗਲਿਸ਼ ਗਰਾਮਰ-10 | 125000 | 31.00 |
| 111. | ਗਣਿਤ-10 (ਪੰ) | 300000 | 48.00 |
| 112. | ਸਮਾਜਿਕ ਸਿੱਖਿਆ-10 (ਪ) ਭਾਗ-1 | 90000 | 38.00 |

| ਲੜੀ ਨੰ: | ਪੁਸਤਕ ਦਾ ਨਾਂ | ਗਿਣਤੀ | ਕੀਮਤ |
|---|---|---|---|
| 113. | ਸਮਾਜਿਕ ਸਿੱਖਿਆ-10 (ਪੰ) ਭਾਗ-2 | 60000 | 27.00 |
| 114, | ਸਮਾਜਿਕ 10 (ਹਿੰ) ਭਾਗ-1 | 17000 | 38.00 |
| 115. | ਸਮਾਜਿਕ 10 (ਹਿੰ) ਭਾਗ-2 | 10000 | 27.00 |
| 116. | ਵਿਗਿਆਨ-10 (ਪੰ) | 300000 | 52.00 |
| 117. | ਵਿਗਿਆਨ-10 (ਹਿੰ) | 25000 | 54.00 |
| 118. | ਵਿਗਿਆਨ-10 (ਅੰ) | 16000 | 54.00 |
| 119. | ਕੰਪਿਊਟਰ-10 (ਪੰ) | 10000 | 10.00 |
| 120. | ਕੰਪਿਊਟਰ-10 (ਅੰ) | 22000 | 10.00 |
| 121. | ਗ੍ਰਹਿ ਵਿਗਿਆਨ-10 (ਪੰ) | 10000 | 28.00 |
| 122. | ਮਕੈਨੀਕਲ ਡਰਾਇੰਗ-10(ਪੰ) | 40000 | 14.00 |
| 123. | ਖੇਤੀਬਾੜੀ-10 (ਪੰ) | 30000 | 15.00 |
| 124. | ਲਾਜ਼ਮੀ ਪੰਜਾਬੀ-11 | 60000 | 16.00 |
| 125. | ਅੱਖੀ ਡਿਠੀ ਦੁਨੀਆਂ-11 | 20000 | 14.00 |
| 126. | ਸਾਹਿਤ ਬੋਧ ਭਾਗ-1 | 20000 | 5.00 |
| 127. | ਪੰਜਾਬੀ ਕਾਵਿ ਝਲਕਾਂ ਭਾਗ-1 | 20000 | 15.00 |
| 128. | ਆਈ ਐਮ ਦੀ ਪੀਪਲ-11 | 60000 | 11.00 |
| 129. | ਸਟੋਰੀਜ ਪਲੇਅਜ਼ ਐਂਡ ਟੇਲਜ਼ ਆਫ ਐਡਵੈਂਚਰ | 60000 | 10.00 |
| 130. | ਇੰਗਲਿਸ਼ ਰੀਡਰ ਬੁੱਕ-5 | 7000 | 12.00 |

[ਸਿੱਖਿਆ ਮੰਤਰੀ]

| ਲੜੀ ਨੰ: | ਪੁਸਤਕ ਦਾ ਨਾਂ | ਗਿਣਤੀ | ਕੀਮਤ |
|---|---|---|---|
| 131. | ਸਿਲੈਕਸ਼ਨ ਫਰੋਮ ਇੰਗਲਿਸ਼ ਵਰਸ | 7000 | 6.00 |
| 132. | ਸਾਹਿਤਯ ਸੰਚਾਇਨ-11 | 16000 | 22.00 |
| 133. | ਹਿੰਦੀ ਵਿਆਕਰਨ ਅਤੇ ਵਿਵਚਾਰਕ ਭਾਸ਼ਾ-11 | 30000 | 39.00 |
| 134. | ਲਾਜਮੀ ਪੰਜਾਬੀ-12 | 55000 | 24.00 |
| 135. | ਆਪ ਬੀਤੀਆਂ-12 | 30000 | 13.00 |
| 136. | ਪੰਜਾਬੀ ਕਾਵਿ ਝਲਕਾਂ ਭਾਗ-2 | 25000 | 24.00 |
| 137. | ਸਾਹਿਤ ਬੋਧ ਭਾਗ-2 | 30000 | 12.00 |
| 138. | ਸਾਹਿਤਯ ਸੰਚਾਇਨ-12 | 30000 | 19.00 |
| 139. | ਇੰਗਲਿਸ਼ ਰੀਡਰ ਬੁੱਕ-6 | 70000 | 15.00 |
| 140. | ਇੰਗਲਿਸ਼ ਰੀਡਰ-6 (ਸਪਲੀ) | 70000 | 8.00 |
| 141. | ਡੀਅਰ ਟੂ ਆਲ ਦੀ ਮਿਊਜ਼ਿਸ-12 | 6000 | 11.00 |
| 142. | ਸੀਲੈਕਟ ਵਨ ਐਕਟ ਪਲੇਅ-12 | 5000 | 13.00 |

## ਅਨੁਲੱਗ-ੲ

ਵਿਸ਼ਾ :—ਦਾਖਲਾ ਸਾਲ 2003-2004 ਅਤੇ ਦਾਖਲਾ ਸਾਲ 2004-2005 ਵਿੱਚ ਬੋਰਡ ਵੱਲੋਂ ਨਾ ਛਪਾਈਆਂ ਗਈਆਂ ਪੁਸਤਕਾਂ

1. ਦਾਖਲਾ ਸਾਲ 2003-04 ਵਿੱਚ ਨਾ ਛਪਾਈਆਂ ਗਈਆਂ ਪੁਸਤਕਾਂ :—

| ਲੜੀ ਨੰ; | ਪੁਸਤਕ ਦਾ ਨਾਂ ਅਤੇ ਜਮਾਤ |
|---|---|
| 1. | ਹਿੰਦੀ ਪੁਸਤਕ-1 |
| *2. | ਗਣਿਤ (ਹਿੰਦੀ)-1 |
| *3. | ਗਣਿਤ (ਅੰਗ੍ਰੇਜ਼ੀ)-1 |
| 4. | ਲਰਨ ਯੁਅਰ ਇੰਗਲਿਸ-1 |
| *5. | ਪਰਿਆਵਰਨ ਸਿਖਸ਼ਾ (ਹਿੰਦੀ)-3 |
| *6 | ਇਨਵਾਇਰਮੈਂਟ ਸਟਡੀਜ (ਅੰਗ੍ਰੇਜ਼ੀ)-3 |
| 7. | ਹਿੰਦੀ ਪੁਸਤਕ-3 |
| *8. | ਗਣਿਤ (ਹਿੰਦੀ)-3 |
| *9. | ਮੈਥੇਮੈਟਿਕਸ (ਅੰਗ੍ਰੇਜ਼ੀ)-3 |
| 10. | ਵਿਗਿਆਨ ਪੜਤਾਲ ਕਰਕੇ ਸੀਖੇਂ (ਹਿੰਦੀ)-4 |
| 11. | ਚਿੱਤਰਕਲਾ (ਹਿੰਦੀ)-6 |
| 12. | ਗ੍ਰਹਿ ਵਿਗਿਆਨ (ਹਿੰਦੀ) 6-8 |
| *13. | ਗਣਿਤ (ਹਿੰਦੀ)-6 |
| *14. | ਗਣਿਤ (ਅੰਗ੍ਰੇਜ਼ੀ)-6 |
| 15. | ਵਾਦਨ (ਹਿੰਦੀ) 6-8 |
| 16. | ਵਾਦਨ (ਪੰਜਾਬੀ) 6-8 |
| 17. | ਚਮੜੇ ਦਾ ਕੰਮ (ਪੰਜਾਬੀ)-6 |

[ਸਿੱਖਿਆ ਮੰਤਰੀ]

| ਲੜੀ ਨ: | ਪੁਸਤਕ ਦਾ ਨਾਂ ਅਤੇ ਜਮਾਤ |
|---|---|
| 18. | ਵਿਗਿਆਨ (ਹਿੰਦੀ)-7 |
| 19. | ਚਿੱਤਰਕਲਾ (ਹਿੰਦੀ)-7 |
| 20. | ਕ੍ਰਿਸ਼ੀ ਵਿਗਿਆਨ (ਹਿੰਦੀ)-7 |
| 21. | ਮੈਟਲ ਫਿਟਿੰਗ (ਪੰਜਾਬੀ)-7 |
| 22. | ਕ੍ਰਿਸ਼ੀ ਵਿਗਿਆਨ (ਹਿੰਦੀ)-8 |
| 23. | ਤਾਰਾਂ ਦੀ ਫਿਟਿੰਗ (ਪੰਜਾਬੀ)-8 |
| 24. | ਟਰਾਂਜਿਸਟਰ (ਪੰਜਾਬੀ)-8 |
| *25. | ਗਣਿਤ (ਹਿੰਦੀ)-9 |
| *26. | ਗਣਿਤ (ਅੰਗ੍ਰੇਜ਼ੀ)-9 |
| 27. | ਗਾਇਨ (ਹਿੰਦੀ) 9-10 |
| 28. | ਗਾਇਨ (ਪੰਜਾਬੀ) 9-10 |
| 29. | ਵਾਦਨ (ਹਿੰਦੀ) 9-10 |
| 30. | ਵਾਦਨ (ਪੰਜਾਬੀ) 9-10 |
| 31. | ਕੰਪਿਊਟਰ ਐਜੂਕੇਸ਼ਨ (ਅੰਗ੍ਰੇਜ਼ੀ)-9 |
| 32. | ਕ੍ਰਿਸ਼ੀ ਵਿਗਿਆਨ (ਹਿੰਦੀ)-9 |
| 33. | ਗ੍ਰਹਿ ਵਿਗਿਆਨ (ਹਿੰਦੀ)-9 |
| 34. | ਕਟਾਈ ਤੇ ਸਿਲਾਈ (ਹਿੰਦੀ)-9 |
| 35. | ਕਟਾਈ ਤੇ ਸਿਲਾਈ (ਪੰਜਾਬੀ)-9 |
| 36. | ਗਣਿਤ (ਹਿੰਦੀ)-10 |
| 37. | ਸਮਾਜਿਕ ਸਿਕਸ਼ਾ (ਹਿੰਦੀ)-10 ਭਾਗ-1 |

| ਲੜੀ ਨੰ: | ਪੁਸਤਕ ਦਾ ਨਾਂ ਅਤੇ ਜਮਾਤ |
|---|---|
| 38. | ਸਾਇੰਸ (ਅੰਗ੍ਰੇਜ਼ੀ)-10 |
| 39. | ਸਾਇੰਸ ਸਪਲੀਮੈਂਟਰੀ (ਅੰਗ੍ਰੇਜ਼ੀ)-10 |
| 40. | ਕੰਪਿਊਟਰ ਐਜੂਕੇਸ਼ਨ (ਅੰਗ੍ਰੇਜ਼ੀ)-10 |
| 41. | ਕ੍ਰਿਸ਼ੀ ਵਿਗਿਆਨ (ਹਿੰਦੀ)-10 |
| 42. | ਗ੍ਰਹਿ ਵਿਗਿਆਨ (ਹਿੰਦੀ)-10 |
| 43. | ਇੰਗਲਿਸ਼ ਰੀਡਰ ਬੁੱਕ-5 (11ਵੀਂ ਜਮਾਤ ਲਈ) |
| 44. | ਸਿਲੈਕਸ਼ਨ ਫਰੋਮ ਇੰਗਲਿਸ਼ ਵਰਸ਼-11 |
| 45. | ਏ ਬੁੱਕ ਆਫ ਐਸੇਜ਼ ਐਂਡ ਸਟੋਰੀਜ਼-11 |
| 46. | ਏ ਪ੍ਰੈਕਟਿਸ ਬੁੱਕ ਆਫ ਇੰਗਲਿਸ਼-11 |
| 47. | ਹਿੰਦੀ ਵਿਆਕਰਣ ਔਰ ਹਿੰਦੀ ਸਾਹਿਤ ਕਾ ਇਤਿਹਾਸ-11 |
| 48. | ਭਾਰਤ ਦਾ ਇਤਿਹਾਸ (ਹਿੰਦੀ)-11 |
| 49. | ਰਾਜਨੀਤੀ ਵਿਗਿਆਨ ਦਾ ਆਧਾਰ (ਹਿੰਦੀ)-11 |
| 50. | ਫਾਊਂਡੇਸ਼ਨ ਆਫ ਪੋਲੀਟੀਕਲ ਸਾਇੰਸ (ਅੰਗ੍ਰੇਜ਼ੀ)-11 |
| 51. | ਭਾਰਤੀ ਸੰਵਿਧਾਨ ਔਰ ਸਰਕਾਰ (ਹਿੰਦੀ)-11 |
| 52. | ਇੰਡੀਅਨ ਕਾਂਸਟੀਚਿਊਸ਼ਨ ਐਂਡ ਗੌਰਮਿੰਟ (ਅੰਗ੍ਰੇਜ਼ੀ)-11 |
| 53. | ਸੰਸਕ੍ਰਿਤ ਸਾਹਿਤਯ ਪ੍ਰਭਾ-11 |
| 54. | ਸਾਹਿਤ ਬੋਧ ਭਾਗ-2 (ਬਾਰ੍ਹਵੀਂ ਜਮਾਤ) |
| 55. | ਡੀਅਰ ਟੂ ਆਲ ਦੀ ਮਿਊਸਿਜ-12 |
| 56. | ਸਿਲੇਕਟ ਵਨ ਐਕਟ ਪਲੇਅ-12 |
| 57. | ਦਾ ਲਿਟਰੇਰੀ ਪੇਟਲਜ਼-12 |

[ਸਿੱਖਿਆ ਮੰਤਰੀ]

2. ਦਾਖਲਾ ਸਾਲ 2004-2005 ਲਈ ਨਾ ਛਪਾਈਆਂ ਗਈਆਂ ਪੁਸਤਕਾਂ :—

| ਲੜੀ ਨੰ: | ਪੁਸਤਕ ਦਾ ਨਾਂ ਅਤੇ ਜਮਾਤ |
|---|---|
| 1. | ਪੰਜਾਬੀ ਅੱਖਰ ਬੋਧ-1 |
| *2. | ਗਣਿਤ (ਹਿੰਦੀ)-1 |
| *3. | ਮੈਥੇਮੈਟਿਕਸ (ਅੰਗ੍ਰੇਜ਼ੀ)-1 |
| *4. | ਗਣਿਤ (ਹਿੰਦੀ)-2 |
| *5. | ਮੈਥੇਮੈਟਿਕਸ (ਅੰਗਰੇਜ਼ੀ)-2 |
| *6. | ਪਰਿਆਵਰਨ ਸਿਕਸ਼ਾ (ਹਿੰਦੀ)-3 |
| *7. | ਇਨਵਾਇਰਮੈਂਟ ਸਟੱਡੀਜ਼ (ਅੰਗਰੇਜ਼ੀ)-3 |
| *8. | ਗਣਿਤ (ਹਿੰਦੀ)-3 |
| *9. | ਮੈਥੇਮੈਟਿਕਸ (ਅੰਗਰੇਜ਼ੀ)-3 |
| *10. | ਗਣਿਤ (ਹਿੰਦੀ)-4 |
| *11. | ਮੈਥੇਮੈਟਿਕਸ (ਅੰਗਰੇਜ਼ੀ)-4 |
| 12. | ਪੰਜਾਬੀ ਪਾਠ ਪੁਸਤਕ-5 (ਦੂਜੀ ਭਾਸ਼ਾ) |
| 13. | ਵਿਗਿਆਨ (ਹਿੰਦੀ)--5 |
| *14. | ਗਣਿਤ (ਹਿੰਦੀ)-6 |
| *15. | ਮੈਥੇਮੈਟਿਕਸ (ਅੰਗਰੇਜ਼ੀ)-6 |
| 16. | ਸਮਾਜਿਕ ਸਿੱਖਿਆ (ਹਿੰਦੀ)-6 |
| 17. | ਗਾਇਨ (ਹਿੰਦੀ)-6-8 |
| 18. | ਗਾਇਨ (ਪੰਜਾਬੀ)6-8 |
| 19. | ਵਾਦਨ (ਪੰਜਾਬੀ)6-8 |

| ਲੜੀ ਨੰ: | ਪੁਸਤਕ ਦਾ ਨਾਂ ਅਤੇ ਜਮਾਤ |
|---|---|
| 20. | ਵਾਦਨ (ਹਿੰਦੀ)6–8 |
| 21. | ਕ੍ਰਿਸ਼ੀ ਵਿਗਿਆਨ (ਹਿੰਦੀ)–6 |
| 22. | ਖੇਤੀਬਾੜੀ (ਪੰਜਾਬੀ)-6 |
| 23. | ਕੰਪਿਊਟਰ ਐਜੂਕੇਸ਼ਨ (ਅੰਗਰੇਜ਼ੀ)-6 |
| 24. | ਤਰਖਾਣਾ ਕੰਮ (ਪੰਜਾਬੀ)-6 |
| 25. | ਚਮੜੇ ਦਾ ਕੰਮ (ਪੰਜਾਬੀ)-6 |
| 26. | ਪੰਜਾਬੀ ਪਾਠ-ਪੁਸਤਕ-7(ਦੂਜੀ ਭਾਸ਼ਾ) |
| 27. | ਹਿੰਦੀ ਪੁਸਤਕ–7 |
| *28. | ਗਣਿਤ (ਹਿੰਦੀ)-7 |
| 29. | ਸਮਾਜਿਕ ਸਿਕਸ਼ਾ (ਹਿੰਦੀ)-7 |
| *30. | ਮੈਥੇਮੈਟਿਕਸ (ਅੰਗਰੇਜ਼ੀ)-7 |
| 31. | ਭੂਗੋਲ (ਹਿੰਦੀ)–7 |
| 32. | ਸਰੀਰਿਕ ਸਿਕਸ਼ਾ (ਹਿੰਦੀ)-7 |
| 33. | ਕੰਪਿਊਟਰ ਐਜੂਕੇਸ਼ਨ (ਅੰਗਰੇਜ਼ੀ)-7 |
| 34. | ਮੈਟਲ ਫਿਟਿੰਗ (ਪੰਜਾਬੀ)–7 |
| 35. | ਸਿੰਗਲ ਸਿਲੰਡਰ ਡੀਜ਼ਲ ਇੰਜਨ (ਪੰਜਾਬੀ)–7 |
| 36. | ਗਣਿਤ (ਅੰਗਰੇਜ਼ੀ)-8 |
| 37. | ਵਿਗਿਆਨ (ਹਿੰਦੀ)-8 |
| 38. | ਸਾਇੰਸ (ਅੰਗਰੇਜ਼ੀ)–8 |
| 39. | ਸਮਾਜਿਕ ਐਜੂਕੇਸ਼ਨ (ਅੰਗਰੇਜ਼ੀ)- 8 |
| 40. | ਜਾਗਰਫੀ (ਅੰਗਰੇਜ਼ੀ)-8 |
| 41. | ਫਿਜ਼ੀਕਲ ਐਜੂਕੇਸ਼ਨ (ਅੰਗਰੇਜ਼ੀ)–8 |
| 42. | ਜਿਊਮੈਟਰੀਕਲ ਡਰਾਇੰਗ ਅਤੇ ਚਿੱਤਰਕਲਾ (ਹਿੰਦੀ)–8 |

[ਸਿੱਖਿਆ ਮੰਤਰੀ]

| ਲੜੀ ਨੰ. | ਪੁਸਤਕ ਦਾ ਨਾਂ ਅਤੇ ਜਮਾਤ |
|---|---|
| 43. | ਤਾਰਾਂ ਦੀ ਫਿਟਿੰਗ (ਪੰਜਾਬੀ)-8 |
| 44. | ਟਰਾਂਜਿਸਟਰ (ਪੰਜਾਬੀ)-8 |
| 45. | ਸਮਾਜਿਕ ਸਿਕਸ਼ਾ (ਹਿੰਦੀ)-9 ਭਾਗ-1 |
| 46. | ਸਮਾਜਿਕ ਸਿਕਸ਼ਾ (ਹਿੰਦੀ)-9 ਭਾਗ-2 |
| 47. | ਸੋਸ਼ਲ ਸਟੱਡੀਜ਼ (ਅੰਗਰੇਜ਼ੀ)-9 ਪਾਰਟ-1 |
| 48. | ਸੋਸ਼ਲ ਸਟੱਡੀਜ਼ (ਅੰਗਰੇਜ਼ੀ)-9 ਪਾਰਟ-2 |
| 49. | ਸਾਇੰਸ (ਅੰਗਰੇਜ਼ੀ)-9 |
| *50. | ਗਣਿਤ (ਹਿੰਦੀ)-9 |
| *51. | ਮੈਥੇਮੈਟਿਕਸ (ਅੰਗਰੇਜ਼ੀ)-9 |
| 52. | ਫਿਜ਼ੀਕਲ ਐਜੂਕੇਸ਼ਨ (ਅੰਗਰੇਜ਼ੀ)-9-10 |
| 53. | ਗਾਇਨ (ਹਿੰਦੀ) 9-10 |
| 54. | ਗਾਇਨ (ਪੰਜਾਬੀ)9-10 |
| 55. | ਵਾਦਨ (ਹਿੰਦੀ) 9-10 |
| 56. | ਵਾਦਨ (ਪੰਜਾਬੀ) 9-10 |
| 57. | ਕੰਪਿਊਟਰ ਐਜੂਕੇਸ਼ਨ (ਅੰਗਰੇਜ਼ੀ)-9 |
| 58. | ਕ੍ਰਿਸ਼ੀ ਵਿਗਿਆਨ (ਹਿੰਦੀ)-9 |
| 59. | ਗ੍ਰਹਿ ਵਿਗਿਆਨ (ਹਿੰਦੀ)-9 |
| 60. | ਗ੍ਰਹਿ ਵਿਗਿਆਨ (ਪੰਜਾਬੀ)-9 |
| 61. | ਕਟਾਈ ਤੇ ਸਿਲਾਈ (ਹਿੰਦੀ)-9 |
| 62. | ਕਟਾਈ ਤੇ ਸਿਲਾਈ (ਪੰਜਾਬੀ)-9 |
| 63. | ਮਕੈਨੀਕਲ ਡਰਾਇੰਗ (ਹਿੰਦੀ)-9 |

| ਲੜੀ ਨੰ: | ਪੁਸਤਕ ਦਾ ਨਾਂ ਅਤੇ ਜਮਾਤ |
|---|---|
| *64. | ਗਣਿਤ (ਹਿੰਦੀ)-10 |
| *65. | ਮੈਥੇਮੈਟਿਕਸ (ਅੰਗਰੇਜ਼ੀ)-10 ਪਾਰਟ-1 |
| 66. | ਸੋਸ਼ਲ ਸਟੱਡੀਜ (ਅੰਗਰੇਜ਼ੀ)-10 ਪਾਰਟ-1 |
| 67. | ਸੋਸ਼ਲ (ਸਟੱਡੀਜ ਅੰਗਰੇਜ਼ੀ)-10 ਪਾਰਟ-2 |
| 68. | ਕ੍ਰਿਸ਼ੀ ਵਿਗਿਆਨ (ਹਿੰਦੀ)-10 |
| 69. | ਗ੍ਰਹਿ ਵਿਗਿਆਨ (ਹਿੰਦੀ)-10 |
| 70. | ਕਟਾਈ ਸਿਲਾਈ (ਹਿੰਦੀ)-10 |
| 71. | ਕਟਾਈ ਸਿਲਾਈ (ਪੰਜਾਬੀ)-10 |
| 72. | ਮਕੈਨੀਕਲ ਡਰਾਇੰਗ (ਹਿੰਦੀ)-10 |
| 73. | ਏ ਬੁੱਕ ਆਫ ਐਸੇਜ ਐਂਡ ਸਟੋਰੀਜ਼-11 |
| 74. | ਏ ਪ੍ਰੈਕਟਿਸ ਬੁੱਕ ਆਫ ਇੰਗਲਿਸ਼-11 |
| 75. | ਭਾਰਤ ਦਾ ਇਤਿਹਾਸ (ਹਿੰਦੀ)-11 |
| 76. | ਰਾਜਨੀਤੀ ਵਿਗਿਆਨ ਕਾ ਆਧਾਰ (ਹਿੰਦੀ)-11 |
| 77. | ਫਾਊਂਡੇਸ਼ਨ ਆਫ ਪੋਲੀਟੀਕਲ ਸਾਇੰਸ (ਅੰਗਰੇਜ਼ੀ)-11 |
| 78. | ਭਾਰਤੀਯ ਸੰਵਿਧਾਨ ਔਰ ਸਰਕਾਰ (ਹਿੰਦੀ)-11 |
| 79. | ਇੰਡੀਅਨ ਕਾਂਸਟੀਟਿਊਸ਼ਨ ਐਂਡ ਗੌਰਮਿੰਟ (ਅੰਗਰੇਜ਼ੀ)-11 |
| 80. | ਸੰਸਕ੍ਰਿਤ ਸਾਹਿਤ ਪ੍ਰਭਾ-11 |
| 81. | ਦਾ ਲਿਟਰੇਰੀ ਪੇਟਲਜ਼-12 |
| 82. | ਪ੍ਰਾਈਡ ਐਂਡ ਪ੍ਰੈਜੂਡਿਸ਼-12 |
| 83. | ਸੰਸਕ੍ਰਿਤ ਮੰਜਰੀ-12 |

ਨੋਟ :— *ਸਟਾਰ ਵਾਲੀਆਂ ਪੁਸਤਕਾਂ ਐਨ.ਸੀ.ਈ.ਆਰ.ਟੀ. ਤੋਂ ਕਾਪੀਰਾਈਟ ਨਾ ਮਿਲਣ ਕਾਰਨ ਬੋਰਡ ਵੱਲੋਂ ਛਪਾਈਆਂ ਨਹੀਂ ਜਾ ਸਕੀਆਂ ਸਨ। ਬਾਕੀ ਪੁਸਤਕਾਂ ਦਾ ਪਿਛਲੇ ਸਾਲ ਦਾ ਬਚਦਾ ਸਟਾਕ ਕਾਫੀ ਹੋਣ ਕਾਰਨ ਛਪਾਈਆਂ ਨਹੀਂ ਗਈਆਂ ਸਨ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮਿਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਪਿਛਲੇ ਦੋ ਸਾਲਾਂ ਦੇ ਵਿੱਚ ਕਿੰਨੇ ਟਾਈਟਲ ਛਪੇ ਹਨ । ਉਨ੍ਹਾਂ ਨੇ ਜਵਾਬ ਵਿੱਚ ਇਹ ਵੀ ਦੱਸਿਆ ਹੈ ਕਿ ਸਾਲ 2003-04 ਵਿਚ ਤਕਰੀਬਨ 60 ਟਾਈਟਲ ਨਹੀਂ ਸਨ ਛਪ ਸਕੇ ਅਤੇ ਪਿਛਲੇ ਸਾਲ 80 ਟਾਈਟਲ ਨਹੀਂ ਛਪ ਸਕੇ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਟਾਈਟਲ ਕਿਉਂ ਨਹੀਂ ਛਪੇ ? ਕੀ ਇਨ੍ਹਾਂ ਕੋਲ ਕੈਰੀ ਓਵਰ ਸਟਾਕ ਪਿਆ ਹੋਇਆ ਸੀ ? ਦੂਜਾ ਸਵਾਲ ਹੈ ਜਿਹੜੀਆਂ ਬੁੱਕਸ ਹਨ, ਉਹ ਸਟੂਡੈਂਟਸ ਨੂੰ ਤਿੰਨ ਜਾਂ ਛੇ ਮਹੀਨੇ ਲੇਟ ਮਿਲਦੀਆਂ ਹਨ ਜਿਸ ਕਰਕੇ ਉਨ੍ਹਾਂ ਨੂੰ ਹੋਰ ਕਿਤੋਂ ਖਰੀਦ ਕਰਨੀ ਪੈਂਦੀ ਹੈ । ਕੀ ਬੋਰਡ ਇਹ ਕਿਤਾਬਾਂ ਟਾਈਮ ਸਿਰ ਛਪਵਾ ਕੇ ਸਟੂਡੈਂਟਸ ਨੂੰ ਦੇਣ ਦਾ ਪ੍ਰਬੰਧ ਕਰੇਗਾ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਸਾਡੇ ਕੋਲ ਕਾਫੀ ਸਟਾਕ ਵਿਚ ਬੁਕਸ ਪਈਆਂ ਹੋਈਆਂ ਸਨ ਜਿਸ ਕਰਕੇ ਨਹੀਂ ਛਪਾਈਆਂ ਸਨ । ਅਸੀਂ ਇਸ ਨੂੰ ਟਾਈਮ ਟੂ ਟਾਈਮ ਚੈਕ ਵੀ ਕਰਦੇ ਰਹਿੰਦੇ ਹਾਂ । ਹੁਣ ਮੈਂ ਡਾਇਰੈਕਸ਼ਨਾਂ ਦੇ ਦਿੱਤੀਆਂ ਹਨ ਕਿ 31 ਮਾਰਚ ਤੋਂ ਪਹਿਲਾਂ ਛਪ ਜਾਣੀਆਂ ਚਾਹੀਦੀਆਂ ਹਨ ਅਤੇ 1 ਅਪ੍ਰੈਲ ਨੂੰ ਬੁਕਸ ਸਪਲਾਈ ਹੋ ਜਾਣੀਆਂ ਚਾਹੀਦੀਆਂ ਹਨ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੇ ਜ਼ੇਰੇ ਗੌਰ ਕੋਈ ਐਸੀ ਸਕੀਮ ਹੈ ਕਿ ਬੋਰਡ ਤੋਂ ਪ੍ਰਿੰਟਿੰਗ ਆਰਡਰ ਲੈ ਕੇ ਪੰਜਾਬ ਸਰਕਾਰ ਐਜੂਕੇਸ਼ਨ ਡਿਪਾਰਟਮੈਂਟ ਰਾਹੀਂ ਖੁਦ ਕਿਤਾਬਾਂ ਦੀ ਛਪਵਾਈ ਕਰਵਾਏ ।

**ਮੰਤਰੀ** : ਇਸ ਤਰ੍ਹਾਂ ਦਾ ਕੋਈ ਪਲਾਨ ਨਹੀਂ ਹੈ ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬੋਰਡ ਦੀਆਂ ਕਿਤਾਬਾਂ ਦੀ ਪ੍ਰਿੰਟਿੰਗ ਬੜੀ ਮਾੜੀ ਹੈ, ਕੀ ਇਹ ਇਸ ਵਿੱਚ ਸੁਧਾਰ ਲਿਆਉਣ ਲਈ ਯਤਨ ਕਰਨਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਟਾਈਮ ਟੂ ਟਾਇਮ ਚੈਕ ਕਰੀਏ, ਉਹ ਅਸੀਂ ਕਰਦੇ ਰਹਿੰਦੇ ਹਾਂ ਅਤੇ ਅੱਗੇ ਤੋਂ ਵੀ ਚੈਕ ਕਰਾਂਗੇ ਤਾਂ ਕਿ ਪੇਪਰ ਵੀ ਔਰ ਪ੍ਰਿੰਟਿੰਗ ਵੀ ਠੀਕ ਹੋਵੇ ।

———

### ਸਰਕਾਰੀ ਸਕੂਲਾਂ ਵਿਚ ਪੇਸ਼ਾਵਾਰਾਨਾ ਸਿਖਲਾਈ

*1182. **ਚੌਧਰੀ ਬਲਬੀਰ ਸਿੰਘ ਮਿਆਣੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਜਿਹੇ ਸਰਕਾਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਪੇਸ਼ਾਵਰਾਨਾਂ ਸਿਖਲਾਈ ਸ਼ੁਰੂ ਕੀਤੀ ਗਈ ਹੈ ?

ਸ੍ਰੀ ਹਰਨਾਮ ਦਾਸ ਜੌਹਰ : ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ ।

## ਅਨੁਲੱਗ 'ੳ'

ਰਾਜ ਦੇ ਜਿਨ੍ਹਾਂ ਸਰਕਾਰੀ ਸਕੂਲਾਂ ਵਿਚ ਪੇਸ਼ਾਵਾਰਾਨਾ ਸਿਖਲਾਈ ਦਿੱਤੀ ਜਾਂਦੀ ਹੈ, ਉਨ੍ਹਾਂ ਦੀ ਜ਼ਿਲ੍ਹਾ ਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਸਕੂਲਾਂ ਦੀ ਗਿਣਤੀ |
|---|---|---|
| 1. | ਅੰਮ੍ਰਿਤਸਰ | 34 |
| 2. | ਬਠਿੰਡਾ | 19 |
| 3. | ਫਰੀਦਕੋਟ | 08 |
| 4. | ਫਤਹਿਗੜ੍ਹ ਸਾਹਿਬ | 10 |
| 5. | ਫਿਰੋਜ਼ਪੁਰ | 26 |
| 6. | ਗੁਰਦਾਸਪੁਰ | 30 |
| 7. | ਹੁਸ਼ਿਆਰਪੁਰ | 25 |
| 8. | ਜਲੰਧਰ | 28 |
| 9. | ਕਪੂਰਥਲਾ | 16 |
| 10. | ਲੁਧਿਆਣਾ | 33 |
| 11. | ਮਾਨਸਾ | 10 |
| 12. | ਮੋਗਾ | 12 |
| 13. | ਮੁਕਤਸਰ | 10 |
| 14. | ਨਵਾਂ ਸ਼ਹਿਰ | 11 |
| 15. | ਪਟਿਆਲਾ | 24 |
| 16. | ਰੋਪੜ | 19 |
| 17. | ਸੰਗਰੂਰ | 28 |
| | ਜੋੜ | 343 |

[ਸਿੱਖਿਆ ਮੰਤਰੀ]

ਟੋਟਲ ਜਿਹੜੇ ਵੋਕੇਸ਼ਨਲ ਟਰੇਨਿੰਗ ਦੇ ਸਕੂਲ ਜਿਹੜੇ ਚੱਲ ਰਹੇ ਹਨ ਉਨ੍ਹਾਂ ਦੀ ਗਿਣਤੀ 343 ਹੈ ਅਤੇ ਜਿੰਨੇ ਟੋਟਲ ਸਟੂਡੈਂਟਸ ਹਨ ਉਨ੍ਹਾਂ ਦੀ ਗਿਣਤੀ 17,815 ਅਤੇ ਟੋਟਲ ਸੈਂਕਸ਼ਨਡ ਪੋਸਟਾਂ 1,225 ਹਨ, 20 ਟਰੇਡਾਂ ਬਾਰੇ ਟਰੇਨਿੰਗ ਦੇ ਰਹੇ ਹਾਂ, ਜਿਨ੍ਹਾਂ ਵਿੱਚ ਐਗਰੀਕਲਚਰ, ਇੰਜੀਨੀਅਰਿੰਗ ਸਰਵਿਸਜ਼, ਕਮਰਸ ਗਰੁੱਪ ਹੋਮ ਸਾਇੰਸ ਗਰੁੱਪ ਅਤੇ ਜਨਰਲ ਗਰੁੱਪ ਹਨ ।

**ਚੌਧਰੀ ਬਲਬੀਰ ਸਿੰਘ ਮਿਆਣੀ** : ਮਾਨਯਗ ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 343 ਸਕੂਲਾਂ ਵਿਚ ਬੱਚਿਆਂ ਨੂੰ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ ਤੇ ਉਨ੍ਹਾਂ ਸਕੂਲਾਂ ਵਿਚ 20 ਟਰੇਡਜ਼ ਚਲ ਰਹੇ ਹਨ । ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਪੜ੍ਹਾਉਣ ਲਈ ਸਾਰੇ ਵਿਸ਼ਿਆਂ ਦੇ ਅਧਿਆਪਕ ਪੂਰੇ ਹਨ ? ਜੇ ਨਹੀਂ, ਤਾਂ ਕਿਨ੍ਹਾਂ ਕਿਨ੍ਹਾਂ ਵਿਸ਼ਿਆਂ ਦੇ ਅਧਿਆਪਕ ਘੱਟ ਹਨ ਅਤੇ ਕਿੱਥੇ ਕਿੱਥੇ ਘੱਟ ਹਨ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਅਸੀਂ ਹਰ ਟਰੇਡ ਲਈ ਦੋ ਟੀਚਰਜ਼ ਦਿੰਦੇ ਹਾਂ ਤੇ ਘੱਟ ਤੋਂ ਘੱਟ ਦੇਖਦੇ ਹਾਂ ਕਿ ਇਕ ਟੀਚਰ ਜ਼ਰੂਰ ਹੋਵੇ । ਜਿਹੜੀਆਂ ਖਾਲੀ ਪੋਸਟਾਂ ਹਾਲੇ ਨਹੀਂ ਭਰੀਆਂ ਗਈਆਂ, ਜਦੋਂ ਇਜਾਜ਼ਤ ਹੋ ਜਾਵੇਗੀ, ਭਰ ਦਿਆਂਗੇ ।

**ਮਾਨਯੋਗ ਸਪੀਕਰ** : ਅਗਲਾ ਕੁਐਸਚਨ । ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ ।

---

## ਪਰਿਵਾਰਕ ਪੈਨਸ਼ਨ ਦੀ ਸੋਧ

***1235, (1) ਸ਼੍ਰੀ ਜੁਗਲ ਕਿਸ਼ੋਰ ਸ਼ਰਮਾ**
**(2) ਸ਼੍ਰੀ ਰਮੇਸ਼ ਦੱਤ ਸ਼ਰਮਾ** } : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਨੇ ਮੁੱਢਲੀ ਪੈਨਸ਼ਨ ਵਿੱਚ ਮਹਿੰਗਾਈ ਭੱਤੇ ਦਾ 50% ਹਿੱਸਾ ਜਮ੍ਹਾਂ ਕਰਕੇ ਪਰਿਵਾਰਕ ਪੈਨਸ਼ਨ ਵਿੱਚ ਸੋਧ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਕਿਸ ਮਿਤੀ ਤੋਂ ?

**ਸ਼੍ਰੀ ਸੁਰਿੰਦਰ ਸਿੰਗਲਾ** : ਹਾਂ ਜੀ, ਮਿਤੀ 1 ਅਪਰੈਲ, 2004 ਤੋਂ ।

**ਸ਼੍ਰੀ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਜਿਨ੍ਹਾਂ ਨੂੰ ਪੈਨਸ਼ਨਾਂ ਤਾਂ ਲੱਗ ਗਈਆਂ ਅਤੇ ਕੰਪੈਸ਼ਨੇਟ ਗਰਾਊਂਡ ਤੇ ਉਨ੍ਹਾਂ ਦੇ ਅਗਲੇ ਬੱਚਿਆਂ ਨੂੰ ਨੌਕਰੀ ਵੀ ਮਿਲ ਗਈ ਹੈ, ਉਨ੍ਹਾਂ ਦੀ ਪੈਨਸ਼ਨ 1500/- ਰੁਪਏ ਫਿਕਸ ਕਰ ਦਿੱਤੀ ਗਈ ਹੈ । ਕੀ ਮੰਤਰੀ ਜੀ ਦੱਸਣਗੇ ਕਿ ਜਿਨ੍ਹਾਂ ਦੀ ਪੈਨਸ਼ਨ ਫਿਕਸ ਹੋਈ ਹੈ, ਉਨ੍ਹਾਂ ਦੀ ਮੁੱਢਲੀ ਪੈਨਸ਼ਨ ਵਿਚ ਮਹਿੰਗਾਈ ਭੱਤੇ ਦਾ 50% ਮਰਜ ਕਰਨਗੇ ਜਾਂ ਨਹੀਂ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਕੋਈ ਕੰਸਿਡਰੇਸ਼ਨ ਨਹੀਂ । ਜਿਨ੍ਹਾਂ ਨੂੰ ਕੰਪੈਸ਼ਨੇਟ ਗਰਾਊਂਡ ਤੇ ਨੌਕਰੀ ਮਿਲੀ ਹੋਵੇ, ਉਨ੍ਹਾਂ ਦੀ ਪੈਨਸ਼ਨ ਤਾਂ ਰਿਸਟੋਰ ਹੈ ਅਤੇ ਜਿਹੜੀਆਂ ਡੀ.ਏ. ਦੀਆਂ ਇਨਕਰੀਜ਼ਿਜ਼ ਹਨ, ਉਹ ਪੈਨਸ਼ਨ ਦੀ ਬੇਸਿਕ ਸੈਲਰੀ ਦਾ ਹਿੱਸਾ ਨਹੀਂ ਬਣਦੀਆਂ ।

**ਸ਼੍ਰੀ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਜਦ ਅਸੀਂ ਉਸਦੇ ਘਰ ਵਾਲਿਆਂ ਨੂੰ ਫੈਮਿਲੀ ਪੈਨਸ਼ਨ ਦਿੱਤੀ ਹੈ, ਨੌਕਰੀ ਬੇਟਾ ਲੈ ਗਿਆ, ਕੀ ਉਨ੍ਹਾਂ ਤੇ ਮਹਿੰਗਾਈ ਦਾ ਅਸਰ ਨਹੀਂ ਹੁੰਦਾ ? ਕੀ ਉਨ੍ਹਾਂ ਦੀ ਮੁੱਢਲੀ ਪੈਨਸ਼ਨ ਵਿਚ ਡੀ.ਏ. ਮਰਜ਼ ਕਰਨ ਦਾ ਇਹ ਵਿਚਾਰ ਕਰਨਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਿਆ ਹੈ ਕਿ ਉਨ੍ਹਾਂ ਦੀ ਜੌਬ ਹੀ ਕੰਪੈਸ਼ਨੇਟ ਗਰਾਊਂਡ ਤੇ ਹੈ । ਇਹ ਕੋਈ ਰੈਗੂਲਰ ਜਾਬ ਸਿਲੈਕਸ਼ਨ ਤੇ ਨਹੀਂ ਹੋਈ । ਇਸ ਕਰਕੇ ਇਹ ਫੈਸਲਾ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਜਿਹੜੀ ਪੈਨਸ਼ਨ ਡੀ.ਏ. ਤੋਂ ਮਿਲ ਜਾਂਦੀ ਹੈ, ਉਸਨੂੰ ਬੇਸਿਕ ਪੈਨਸ਼ਨ ਵਿਚ ਟਰੀਟ ਨਹੀਂ ਕੀਤਾ ਜਾਂਦਾ ਜਿਹੜਾ ਕਿ ਬਾਕੀ ਇੰਪਲਾਈਜ਼ ਦਾ 50% ਮਰਜ਼ ਹੈ । ਇਹ ਬਿਲਕੁਲ ਸਟ੍ਰਿਕਟਲੀ ਸੈਂਟਰਲ ਗੌਰਮਿੰਟ ਪੈਟਰਨ ਤੇ ਡਿਸੀਜ਼ਨ ਲਿਆ ਹੈ ।

**ਮਾਨਯੋਗ ਸਪੀਕਰ** : ਅਗਲਾ ਸਵਾਲ । ਸ਼੍ਰੀ ਅਸ਼ੋਕ ਸ਼ਰਮਾ ਜੀ ।

---

## ਦਿਹਾੜੀਦਾਰਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

***1267. ਸ਼੍ਰੀ ਅਸ਼ੋਕ ਸ਼ਰਮਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਖ਼ਜ਼ਾਨਾ ਅਤੇ ਲੇਖੇ ਅਤੇ ਪਰੀਖਕ, ਸਥਾਨਕ ਫੰਡ ਲੇਖੇ ਦੇ ਕੰਟਰੋਲ ਅਧੀਨ ਕੁੱਝ ਕਰਮਚਾਰੀ 5 ਤੋਂ ਲੈ ਕੇ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਠੇਕੇ ਦੇ ਆਧਾਰ/ਦਿਹਾੜੀ/ਤਦ-ਅਰਥ ਆਧਾਰ ਤੇ ਕੰਮ ਕਰ ਰਹੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਸੁਰਿੰਦਰ ਸਿੰਗਲਾ** : (ੳ) ਹਾਂ ਜੀ ।

(ਅ) ਨਹੀਂ ਜੀ ।

**ਸ੍ਰੀ ਅਸ਼ੋਕ ਸ਼ਰਮਾ** : ਮਾਨਨੀਯ ਸਪੀਕਰ ਸਾਹਿਬ, ਪੰਜਾਬ ਸਰਕਾਰ ਦੇ ਪਰਸੋਨਲ ਡਿਪਾਰਟਮੈਂਟ ਦੇ ਪੱਤਰ ਨੰਬਰ 11/41/2001-4/33-9251, ਮਿਤੀ 26.5.2003 ਰਾਹੀਂ ਪੰਜਾਬ ਸਰਕਾਰ ਦੇ ਸਾਰੇ ਡਿਪਾਰਟਮੈਂਟਸ, ਬੋਰਡਜ਼ ਅਤੇ ਕਾਰਪੋਰੇਸ਼ਨਜ਼ ਨੂੰ ਹਦਾਇਤਾਂ ਜਾਰੀ ਹੋਈਆਂ ਹਨ ਕਿ ਜਿਹੜੇ 5 ਤੋਂ 10 ਸਾਲ ਦੀ ਨੌਕਰੀ ਪੂਰੀ ਕਰ ਚੁੱਕੇ ਹਨ, ਚਾਹੇ ਉਹ ਕਾਂਟਰੈਕਟ ਬੇਸਿਜ਼ ਤੇ ਹੋਣ, ਐਡਹਾਕ ਬੇਸਿਜ਼ ਤੇ ਜਾਂ ਕਿਸੇ ਹੋਰ ਬੇਸਿਜ਼ ਤੇ ਲੱਗੇ ਹੋਣ, ਉਨ੍ਹਾਂ ਦੀਆਂ ਸਰਵਿਸਿਜ਼ ਨੂੰ ਰੈਗੂਲੇਰਾਈਜ਼ ਕਰ ਲਿਆ ਜਾਵੇ । ਇਸ ਦੇ ਤਹਿਤ ਬਹੁਤ ਸਾਰੇ ਬੋਰਡਾਂ ਅਤੇ ਕਾਰਪੋਰੇਸ਼ਨਾਂ ਤੇ ਪੰਜਾਬ ਸਰਕਾਰ ਦੇ ਡਿਪਾਰਟਮੈਂਟਾਂ ਨੇ ਆਪਣੇ ਆਪਣੇ ਕਰਮਚਾਰੀਆਂ ਦੀਆਂ ਸਰਵਿਸਿਜ਼ ਨੂੰ ਰੈਗੂਲੇਰਾਈਜ਼ ਕੀਤਾ । ਮੈਂ ਮਾਨਨੀਯ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਪਰਸੋਨਲ ਡਿਪਾਰਟਮੈਂਟ ਦਾ ਪੱਤਰ ਸੀ, ਕੀ ਇਸ ਦੀ ਇੰਪਲੀਮੈਂਟੇਸ਼ਨ ਡਿਸਕ੍ਰੀਸ਼ਨਰੀ ਸੀ ਜਾਂ ਮੈਨਡੇਟਰੀ ਸੀ ? ਕੀ ਇਹ ਪੱਤਰ ਕੈਂਸਲ ਕਰ ਦਿੱਤਾ ਗਿਆ ਹੈ ਜਾਂ ਇੰਪਲੀਮੈਂਟ ਕਰਨਾ ਹੈ ਜਾਂ ਡਿਪਾਰਟਮੈਂਟਾਂ ਦੇ ਅਧਿਕਾਰੀਆਂ ਦੀ ਮਰਜ਼ੀ ਤੇ ਛੱਡ ਦਿੱਤਾ ਗਿਆ ਹੈ ਕਿ ਜਿਸ ਨੂੰ ਮਰਜ਼ੀ ਹੋਵੇ, ਰੈਗੂਲਰ ਕਰ ਲੈਣ ਜਾਂ ਨਾ ਕਰਨ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਗੱਲ ਤਾਂ ਠੀਕ ਹੈ ਕਿ 11/41/2001 ਮਿਤੀ 26.5.2003 ਦਾ ਇਕ ਸਰਕੂਲਰ ਇਸ਼ੂ ਹੋਇਆ ਹੋਇਆ ਹੈ ਜਿਸ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ । ਇਹ ਮੈਨਡੇਟਰੀ ਹੈ, ਡਿਸਕਰੀਸ਼ਨਰੀ ਨਹੀਂ ਹੈ ਪਰ ਇਸ ਦੇ ਨਾਲ 4 ਸ਼ਰਤਾਂ ਵੀ ਰੱਖੀਆਂ ਹੋਈਆਂ ਹਨ । ਜਿਨ੍ਹਾਂ ਇੰਪਲਾਈਜ਼ ਦੀ ਇਹ ਗੱਲ ਕਰਦੇ ਹਨ, ਉਹ ਇਨ੍ਹਾਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ । ਪਹਿਲੀ ਸ਼ਰਤ ਇਹ ਹੈ ਕਿ ਉਹ ਜਿਹੜੇ ਬੰਦੇ ਲੱਗੇ ਹੋਏ ਹਨ, ਉਹ ਕੋਈ ਪਰਮਾਨੈਂਟ/ਰੈਗੂਲਰ ਜਾਬਜ਼ ਦੇ ਅਗੇਂਸਟ ਹਨ ਜਾਂ ਨਹੀਂ । ਦੂਜੀ ਸ਼ਰਤ ਇਹ ਹੈ ਕਿ ਐਡਮਨਿਸਟ੍ਰੇਸ਼ਨ ਇਹ ਵੈਰੀਫਾਈ ਕਰਕੇ ਦੱਸੇਗੀ ਕਿ ਜਿਹੜੇ ਬੰਦੇ ਇਸ ਸਿਲੈਕਸ਼ਨ ਪ੍ਰੋਸੈੱਸ ਵਿਚ ਆਏ, ਉਹ ਐਡਹਾਕ ਇੰਪਲਾਈਜ਼ ਦੀ ਜਾਬਜ਼ ਨੂੰ ਇਫੈਕਟ ਭਾਂ ਨਹੀਂ ਕਰਦੇ । ਤੀਜੀ ਸ਼ਰਤ ਇਹ ਹੈ ਕਿ ਕੋਈ ਵੀ ਨੌਕਰੀ ਸੁਪਰਐਨੂਏਸ਼ਨ ਤੇ ਕਰੀਏਟ ਨਹੀਂ ਕੀਤੀ ਜਾ ਸਕਦੀ । ਚੌਥੀ ਸ਼ਰਤ ਇਹ ਹੈ ਕਿ regularisation of employees does not adversely effect those are appointed on regular basis after following the correct procedure. ਇਹ 4 ਕੰਡੀਸ਼ਨਜ਼ ਹਨ ਜਿਹੜੀਆਂ ਕਿ ਇਹ ਇੰਪਲਾਈਜ਼ adhere ਨਹੀਂ ਕਰਦੇ । ਇਸ ਕਰਕੇ ਉਨ੍ਹਾਂ ਨੂੰ ਪਰਮਾਨੈਂਟ ਨਹੀਂ ਕੀਤਾ ਗਿਆ ।

**ਸ੍ਰੀ ਅਸ਼ੋਕ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਜੇਕਰ ਇਨ੍ਹਾਂ ਨੂੰ ਰੈਗੂਲੇਰਾਈਜ਼ ਨਹੀਂ ਕਰਨਾ ਤਾਂ ਕੀ ਇਨ੍ਹਾਂ ਦੀਆਂ ਸਰਵਿਸਿਜ਼ ਖਤਮ ਕਰ ਦਿੱਤੀਆਂ ਗਈਆਂ ਹਨ ? ਜੇ ਨਹੀਂ ਕੀਤੀਆਂ ਗਈਆਂ ਤਾਂ ਕਿਉਂ ਨਹੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਇੰਪਲਾਈਜ਼ ਫਾਰਮਰ ਫਾਈਨਾਂਸ ਮਨਿਸਟਰ ਸਾਹਿਬ ਨੇ ਰੱਖੇ ਸੀ । ਇਹ ਉਦੋਂ ਤੋਂ ਹੁਣ ਤੱਕ ਚਲੇ ਆ ਰਹੇ ਹਨ ਹਾਲਾਂ ਕਿ ਜਾਬਜ਼ ਦੀਆਂ ਕੰਡੀਸ਼ਨਜ਼ ਫੁਲਫਿਲ ਨਹੀਂ ਕਰਦੇ ਹਨ । ਕੰਪੈਸ਼ਨੇਟ ਗਰਾਊਂਡਜ਼ ਤੇ ਇਹ ਕੰਟੀਨਿਊ ਕਰ ਰਹੇ ਹਨ ।

**ਮਾਨਯੋਗ ਸਪੀਕਰ** : ਅਗਲਾ ਸਵਾਲ ।

---

### ਪੰਜਾਬ ਪੁਲਿਸ ਹੈੱਡ ਕੁਆਰਟਰਜ਼ ਦੀ ਦੇਖ ਭਾਲ ਤੇ ਖਰਚਾ

*1152. (1) ਸਰਦਾਰ ਮਨਪ੍ਰੀਤ ਸਿੰਘ ਬਾਦਲ
(2) ਸਰਦਾਰ ਕਮਲਦੀਪ ਸਿੰਘ ਢਿੱਲੋਂ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਦੋ ਸਾਲਾਂ ਵਿਚ ਚੰਡੀਗੜ੍ਹ ਵਿਖੇ ਪੰਜਾਬ ਪੁਲਿਸ ਹੈੱਡ ਕੁਆਰਟਰਜ਼ ਦੀ ਦੇਖ ਭਾਲ ਤੇ ਸਾਲ-ਵਾਰ ਕਿੰਨਾ ਖਰਚਾ ਕੀਤਾ ਗਿਆ ਅਤੇ ਉਨ੍ਹਾਂ ਮੱਦਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਤੇ ਇਹ ਖਰਚਾ ਕੀਤਾ ਗਿਆ ?

**Captain Amarinder Singh** : The requisite information is placed on the table of the House as per Annexure.

**Annexure**

The year-wise expenditure on the maintenance of the Punjab Police Headquarters at Chandigarh is as below :-

| YEAR | WORKS | EXPENDITURE |
|---|---|---|
| 2003-04 | (1) Maintenance of fire fighting system of police Hqr. | Rs. 3,47,760/- |
| | (2) Maintenance and operation of air conditioner plant (400) | Rs. 2,91,739/- |
| | (3) Maintenance and operation of 11 K.V. Sub. Station | Rs. 3,01,300/- |
| | (4) Maintenance of landscaping works Hqr./FSL. | Rs. 3,02,475/- |
| | (5) Maintenance and operation of four lift. | Rs. 4,21,254/- |
| | (6) Maintenance of internal and external E.I. | Rs. 1,38,960/- |
| | (7) Maintenance and operation of sanitary fixer and estate water supply and sewerage service (Civil Works/Misc. Works) | Rs. 1,12,422/- |
| | (8) Maintenance and operation of Central Workshop. | Rs. 18,830/- |
| | Total | Rs. 19,34,740/- |

[Chief Minister]

| YEAR | | WORKS | EXPENDITURE |
|---|---|---|---|
| 2004-05 | (1) | Operation and Maintenance of 11 K.V. Sub-Station. | Rs. 2,67,942/- |
| | (2) | Annual operation and maintenance of air conditioner plant (400). | Rs. 2,55,328/- |
| | (3) | Maintenance of Horticulture works. | Rs. 1,28,054/- |
| | (4) | Maintenance of Estate Water Supply and Sewerage Services. | Rs. 2,55,105/- |
| | (5) | Maintenance of the lift. | Rs. 3,62,577/- |
| | (6) | Maintenance of fire fighting system of Police Hqr. | Rs. 2,92,479/- |
| | (7) | Expenditure incurred on misc. services. | Rs. 45,287/- |
| | | Total | Rs. 16,06,772/- |

## ਲਿੰਕ ਸੜਕ ਦੀ ਮੁਰੰਮਤ

*1260. **ਸਰਦਾਰ ਵੀਰ ਸਿੰਘ ਲੋਪੋਕੇ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਅੰਮ੍ਰਿਤਸਰ-ਚੋਗਾਵਾਂ-ਰਾਣੀ ਰੋਡ ਤੋਂ ਖਿਆਲਾ, ਬਰਾੜ, ਮਾਨੋਕੇ, ਕੁਲਾਲੀ ਅਤੇ ਭਿੱਟੇ ਵੱਡ ਪਿੰਡਾਂ ਨੂੰ ਜਾਂਦੀ ਲਿੰਕ ਸੜਕ ਦੀ ਮੁਰੰਮਤ ਕਿਹੜੇ ਸਾਲ ਵਿਚ ਕੀਤੀ ਸੀ ਅਤੇ ਇਸ ਦੀ ਮੌਜੂਦਾ ਸਥਿਤੀ ਕੀ ਹੈ ?

**Captain Amarinder Singh :** The last repair of this road was carried out in October, 2003. The present condition of road is satisfactory except some minor patches (0.22% of total area of the road) developed in built-up area due to large stacks of garbage along the road and unseasonal heavy rains during January, February and March, 2005.

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਇਸ ਸੜਕ ਬਣੀ ਨੂੰ ਅਜੇ ਸਿਰਫ ਸਵਾ ਸਾਲ ਹੀ ਹੋਇਆ ਹੈ । ਅਕਤੂਬਰ, 2003 ਵਿਚ ਇਸ ਦੀ ਮੁਰੰਮਤ ਹੋਈ ਸੀ । ਇਸ ਦਾ ਸਿਰਫ 3 ਮਹੀਨਿਆਂ ਬਾਦ ਹੀ ਪੈਚ ਵਰਕ ਹੋ ਗਿਆ ਸੀ । ਅਜੇ ਪੌਣੇ ਪੰਜ ਸਾਲ ਬਾਕੀ ਰਹਿੰਦੇ ਹਨ । ਕੀ ਮੁੱਖ ਮੰਤਰੀ ਜੀ ਇਸ ਦੀ ਪੜਤਾਲ ਕਰਵਾਉਣਗੇ ਕਿ ਐਨੀ ਛੇਤੀ ਇਸ ਸੜਕ ਦੀ ਮਾੜੀ ਹਾਲਤ ਕਿਉਂ ਹੋ ਗਈ ਹੈ ਅਤੇ ਕੀ ਸਬੰਧਿਤ ਠੇਕੇਦਾਰ ਦੇ ਵਿਰੁੱਧ ਕਾਰਵਾਈ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਦ ਵਿਚ ਪੜਤਾਲ ਦੀ ਕੋਈ ਲੋੜ ਨਹੀਂ ਹੈ । ਜਿਥੇ ਰੂੜੀਆਂ ਪਈਆਂ ਹੋਣ ਅਤੇ ਪਾਣੀ ਖੜ੍ਹਾ ਹੋ ਗਿਆ ਹੋਵੇ, ਉਥੇ ਸੜਕ ਛੇਤੀ ਖਰਾਬ ਹੋ ਜਾਂਦੀ ਹੈ ਕਿਉਂਕਿ ਪਾਣੀ ਲੁੱਕ ਦਾ ਦੁਸ਼ਮਣ ਹੈ । ਇਸ ਕਰਕੇ ਇਹ ਪ੍ਰਾਬਲਮ ਆਈ ਹੈ । ਪੈਚ ਵਰਕ ਕਰਵਾ ਦਿੱਤਾ ਗਿਆ ਹੈ ਅਤੇ ਸਭ ਕੁਝ ਨਾਰਮਲ ਹੈ । ਪਿੰਡਾਂ ਵਿਚੋਂ ਜਿਥੇ ਇਹੋ ਜਿਹੀਆਂ ਥਾਵਾਂ ਤੋਂ ਸੜਕ ਲੰਘਦੀ ਹੈ, ਉਥੇ ਇਹ ਪ੍ਰਾਬਲਮ ਆਉਂਦੀ ਹੈ ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਜਿਹੜੀਆਂ ਅਕਤੂਬਰ 2004 ਵਿਚ ਲਿੰਕ ਸੜਕਾਂ ਦੀ ਮੁਰੰਮਤ ਹੋਈ ਹੈ, ਉਨ੍ਹਾਂ ਸਾਰੀਆਂ ਦੀ ਹਾਲਤ ਬਹੁਤ ਮਾੜੀ ਹੈ । ਮੈਂ ਦੋ ਸੜਕਾਂ ਦੇ ਨਾਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ । ਪਹਿਲੀ ਹੈ ਅਜਨਾਲਾ ਰੋਡ ਤੋਂ ਨਿਕਲਦੀ ਸੜਕ ਭੁੱਲਰ ਤੋਂ ਸੋਹੀਆਂ ਅਤੇ ਦੂਜੀ ਭਿੰਡੀ ਸੈਦ ਤੋਂ ਛੱਗ ਤੂਤ ਤੋਂ ਤੂਰ ਬੁਰਜ । ਇਨ੍ਹਾਂ ਦੀ ਅਕਤੂਬਰ 2004 ਵਿਚ ਮੁਰੰਮਤ ਹੋਈ ਸੀ । ਅੱਜ ਇਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ । ਕੀ ਮੁੱਖ ਮੰਤਰੀ ਜੀ ਇਨ੍ਹਾਂ ਦੀ ਇਨਕੁਆਇਰੀ ਕਰਵਾ ਕੇ ਇਨ੍ਹਾਂ ਨੂੰ ਠੀਕ ਕਰਵਾਉਣਗੇ ਅਤੇ ਠੇਕੇਦਾਰ ਦੇ ਮਾੜੇ ਕੰਮ ਦੀ ਪੜਤਾਲ ਕਰਵਾਉਣਗੇ ?

**ਮੁੱਖ ਮੰਤਰੀ** : ਠੇਕੇਦਾਰ ਦੇ ਨਾਲ ਇਨ੍ਹਾਂ ਦੀ ਦੁਸ਼ਮਣੀ ਲਗਦੀ ਹੈ । (ਹਾਸਾ) ਸਪੀਕਰ ਸਾਹਿਬ, ਇਨ੍ਹਾਂ ਨੇ ਸਪੈਸੇਫਿਕ ਪਿੰਡਾਂ ਦੀਆਂ ਸੜਕਾਂ ਬਾਰੇ ਪੁੱਛਿਆ ਹੈ । ਅਗਰ ਇਹ ਇਸ ਦੇ ਵਾਸਤੇ ਸਪੈਸੇਫਿਕ ਸਵਾਲ ਕਰਨਗੇ ਤਾਂ ਉਸ ਦਾ ਜਵਾਬ ਇਨ੍ਹਾਂ ਨੂੰ ਦੇ ਦਿੱਤਾ ਜਾਵੇਗਾ ।

---

ਦਿਹਾੜੀਦਾਰਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

*1266. **ਸ਼੍ਰੀ ਅਸ਼ੋਕ ਸ਼ਰਮਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਉਨ੍ਹਾਂ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਨਗਰ ਪੰਚਾਇਤਾਂ ਵਿਚ 5 ਤੋਂ ਲੈ ਕੇ 10 ਸਾਲਾਂ ਤੋਂ ਵੱਧ ਸਮੇਂ ਲਈ ਠੇਕੇ ਦੇ ਆਧਾਰ ਤੇ/ ਦਿਹਾੜੀਆਂ ਤੇ ਕੰਮ ਕਰ ਰਹੇ ਹਨ ;

(ਅ) ਕੀ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਿੰਨੇ ਸਮੇਂ ਦੇ ਅੰਦਰ-ਅੰਦਰ ਅਜਿਹਾ ਕੀਤੇ ਜਾਣ ਦੀ ਸੰਭਾਵਨਾ ਹੈ ?

**Chaudhary Jagjit Singh :** (a) The number of employees serving in the Nagar Panchayats on contract basis/daily wages for more than 5 to 10 years is 373, the detail of which is as under :—

| | | |
|---|---|---|
| 1) | On Contract: | 359 |
| 2) | On Daily wage | 14 |

(b) No, Sir.

**ਸ਼੍ਰੀ ਅਸ਼ੋਕ ਸ਼ਰਮਾ** : ਮਾਨਨੀਯ ਸਪੀਕਰ ਸਾਹਿਬ, ਇਸ ਤੋਂ ਇਲਾਵਾ ਵੀ ਮਨਿਸਟਰੀ ਆਫ ਫਾਇਨੈਂਸ ਨੂੰ ਇਸੇ ਤਰ੍ਹਾਂ ਦਾ ਸਵਾਲ ਕੀਤਾ ਸੀ, ਉਸੇ ਸਵਾਲ ਨੂੰ ਹੀ ਫਿਰ ਦੁਹਰਾਉਂਦੇ ਹੋਏ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪਰਸੋਨਲ ਡਿਪਾਰਟਮੈਂਟ ਦਾ ਲੈਟਰ ਹੈ ਜਿਸ ਦਾ ਮੈਂ ਪਿਛਲੇ ਸਵਾਲ ਦੇ ਵਿੱਚ ਹਵਾਲਾ ਦਿੱਤਾ ਸੀ, ਕੀ ਉਸ ਦੇ ਤਹਿਤ ਇਨ੍ਹਾਂ ਵਾਸਤੇ ਵੀ ਲੋਕਲ ਬਾਡੀਜ਼ ਡਿਪਾਰਟਮੈਂਟ ਨੂੰ ਡਿਸਕ੍ਰਿਸ਼ਨ ਹੈ ਜਾਂ ਕਿ ਮੈਨਡੇਟਰੀ ਹੈ ਜਾਂ ਉਸ ਦੇ ਬੇਸ ਤੇ ਹੀ ਕੋਈ ਕਾਰਵਾਈ ਕੀਤੀ ਗਈ ਹੈ ਜਾਂ ਕੋਈ ਸਪੈਸੇਫਿਕ ਆਰਡਰ ਪਾਸ ਕੀਤਾ ਗਿਆ ਕਿ ਅਸੀਂ ਉਨ੍ਹਾਂ ਨੂੰ ਰੈਗੂਲਰ ਨਹੀਂ ਕਰਨਾ ?

**ਮੰਤਰੀ :** ਸਪੀਕਰ ਸਾਹਿਬ, ਜੋ ਪਰਸੋਨਲ ਡਿਪਾਰਟਮੈਂਟ ਦਾ ਲੈਟਰ ਸਾਨੂੰ ਸਰਕੂਲੇਟ ਕੀਤਾ ਹੋਇਆ ਹੈ ਉਸ ਅਨੁਸਾਰ ਅਸੀਂ ਇਨ੍ਹਾਂ ਨੂੰ ਰੈਗੂਲਰ ਨਹੀਂ ਕਰ ਸਕਦੇ ।

**ਸਰਦਾਰ ਰਣਦੀਪ ਸਿੰਘ ਨਾਭਾ :** ਸਪੀਕਰ ਸਾਹਿਬ, ਕਿਉਂਕਿ ਸਰਕਾਰ ਨੇ ਕੁਮਿੱਟਮੈਂਟ ਕੀਤੀ ਹੋਈ ਹੈ ਕਿ ਅਸੀਂ ਕੰਪੈਂਸ਼ਨੇਟ ਬੇਸਿਜ਼ ਤੇ ਵਕੈਂਸੀਜ਼ ਨੂੰ ਭਰਾਂਗੇ, ਇਸ ਲਈ ਮੈਂ ਆਪ ਜੀ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੋਈ ਤਜਵੀਜ਼ ਲੋਕਲ ਬਾਡੀਜ਼ ਡਿਪਾਰਟਮੈਂਟ ਨੇ ਰੱਖੀ ਜਾਂ ਨਹੀਂ ? ਜੇ ਰੱਖੀ ਹੈ ਤਾਂ

ਕਦੋਂ ਤੱਕ ਮੁਕੰਮਲ ਕੀਤੀ ਜਾਣੀ ਹੈ ਅਤੇ ਕੀ ਕੰਪੈਂਸ਼ਨੇਟ ਆਧਾਰ ਤੇ ਹੀ ਲੋਕਾਂ ਨੂੰ ਰੱਖਿਆ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਕੰਪੈਂਸ਼ਨੇਟ ਗਰਾਊਂਡ ਦਾ ਮੁੱਦਾ ਹੈ, ਉਹ ਜਿੱਥੇ ਲੋੜ ਹੈ ਉਥੇ ਭਰਤੀ ਕਰ ਰਹੇ ਹਾਂ । ਉਨ੍ਹਾਂ ਤੇ ਕੰਡੀਸ਼ਨ ਦੀ ਕੋਈ ਗੱਲ ਨਹੀਂ ਹੈ ।

———

ਨਿਸ਼ਾਨ ਵਾਲਾ ਪ੍ਰਸ਼ਨ ਨੰ: *1238

(ਸਬਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

———

## ਗ੍ਰਾਮ ਪੰਚਾਇਤਾਂ ਨੂੰ ਕਣਕ ਦੀ ਸਪਲਾਈ

*1259. **ਸਰਦਾਰ ਵੀਰ ਸਿੰਘ ਲੋਪੋਕੇ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਬਲਾਕਾਂ ਵਿਚ ਗ੍ਰਾਮ ਪੰਚਾਇਤਾਂ ਨੂੰ ਕਣਕ ਦੀ ਸਪਲਾਈ ਕੀਤੀ ਜਾ ਰਹੀ ਹੈ ; ਜੇਕਰ ਅਜਿਹਾ ਹੋਵੇ, ਤਾਂ ਕਣਕ ਦੀ ਸਪਲਾਈ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ ;

(ਅ) ਬਲਾਕਾਂ ਚੋਗਾਵਾਂ, ਹਰਸ਼ਾ ਛੀਨਾ ਅਤੇ ਅਜਨਾਲਾ ਦੇ ਅਜਿਹੇ ਪਿੰਡਾਂ ਦੇ ਨਾਂ ਕੀ–ਕੀ ਹਨ ਜਿੱਥੇ ਪੰਚਾਇਤਾਂ ਨੂੰ ਕਣਕ ਦੀ ਸਪਲਾਈ ਕੀਤੀ ਗਈ ਸੀ ਅਤੇ ਇਸ ਦਾ ਮੰਤਵ ਕੀ ਸੀ ?

**ਸਰਦਾਰ ਲਾਲ ਸਿੰਘ :** (ੳ) ਜੀ ਹਾਂ । ਪੰਚਾਇਤਾਂ ਨੂੰ ਕਣਕ ਉਨ੍ਹਾਂ ਨੂੰ ਨਕਦ ਦਿੱਤੀ ਜਾਣ ਵਾਲੀ ਗਰਾਂਟ ਦੇ ਅਨੁਪਾਤ ਅਨੁਸਾਰ ਸਪਲਾਈ ਕੀਤੀ ਜਾਂਦੀ ਹੈ । ਜ਼ਿਲ੍ਹੇ ਵਿੱਚ ਪੰਚਾਇਤਾਂ ਨੂੰ ਫੰਡਾਂ ਦੀ ਵੰਡ ਕਰਦੇ ਸਮੇਂ 60% ਮਹੱਤਤਾ ਅਨੁਸੂਚਿਤ ਜਾਤੀਆਂ ਦੀ ਵਸੋਂ ਨੂੰ ਅਤੇ 40% ਪਿੰਡ ਦੀ ਕੁੱਲ ਆਬਾਦੀ ਨੂੰ ਦਿੱਤੀ ਜਾਂਦੀ ਹੈ । ਐਲੋਕੇਸ਼ਨ ਇਸ ਸ਼ਰਤ ਤੇ ਕੀਤੀ ਜਾਂਦੀ ਹੈ ਕਿ ਹਰ ਇਕ ਪੰਚਾਇਤ ਜਿਸ ਨੂੰ 1.4.2001 ਨੂੰ 25000/- ਤੋਂ ਘੱਟ ਰਾਸ਼ੀ ਮਿਲਦੀ ਸੀ, ਨੂੰ ਘੱਟੋ ਘੱਟ 25000/- ਰੁਪਏ ਜ਼ਰੂਰ ਐਲੋਕੇਟ ਕੀਤੇ ਜਾਣ ।

(ਅ) ਬਲਾਕ ਚੋਗਾਵਾਂ, ਹਰਸ਼ਾ ਛੀਨਾ ਅਤੇ ਅਜਨਾਲਾ ਦੇ ਪਿੰਡਾਂ ਦੇ ਨਾਂ ਜਿਥੇ ਪੰਚਾਇਤਾਂ ਨੂੰ ਕਣਕ ਸਪਲਾਈ ਕੀਤੀ ਗਈ ਸੀ, ਦੀ ਸੂਚੀ ਅਨੁਲੱਗ ਤੇ ਦਿੱਤੀ ਜਾਂਦੀ ਹੈ, ਜੋ ਕਿ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਪੰਚਾਇਤਾਂ ਨੂੰ ਕਣਕ ਮਜ਼ਦੂਰਾਂ ਨੂੰ ਮਜ਼ਦੂਰੀ ਦੇ ਹਿੱਸੇ ਵਜੋਂ ਅਦਾਇਗੀ ਕਰਨ ਲਈ ਦਿੱਤੀ ਗਈ ਸੀ ।

[ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ]

## ਅਨੁਲੱਗ

ਬਲਾਕ ਚੋਗਾਵਾਂ, ਹਰਸ਼ਾ ਛੀਨਾ ਅਤੇ ਅਜਨਾਲਾ ਦੇ ਪਿੰਡਾਂ ਦੇ ਨਾਵਾਂ ਦਾ ਵੇਰਵਾ ਜਿਨ੍ਹਾਂ ਨੂੰ ਕਣਕ ਵੰਡੀ ਗਈ ਹੇਠ ਲਿਖੇ ਅਨੁਸਾਰ ਹੈ :

| ਬਲਾਕ ਦਾ ਨਾ | | ਪਿੰਡ ਦਾ ਨਾਂ |
|---|---|---|
| 1 | 2 | 3 |
| ਚੋਗਾਵਾਂ | 1. | ਭਲੋਟ |
| | 2. | ਭਿੰਡੀ ਨੈਣ |
| | 3. | ਭੀਲੋਵਾਲ ਕੱਕਾਜ਼ੀਆਂ |
| | 4. | ਬੱਚੀਵਿੰਡ |
| | 5. | ਬਹਿਰਵਾਲ |
| | 6. | ਬਰਾਰ |
| | 7. | ਭਗਵਾਨ |
| | 8. | ਭਿੰਡੀ ਔਲਖ ਖਾਨ |
| | 9. | ਭਿੰਡੀ ਸੈਦਾਂ |
| | 10. | ਭੁੱਲਰ |
| | 11. | ਬੋਪਾਰਾਏ ਬਾਜ਼ ਸਿੰਘ |
| | 12. | ਬੋਪਾਰਾਏ ਕਲਾਂ |
| | 13. | ਬੋਪਾਰਾਏ ਖੁਰਦ |
| | 14. | ਬੁਰਜ |
| | 15. | ਭਿੰਡੀ ਔਲਖ ਖੁਰਦ |
| | 16. | ਭੱਗੂਪੁਰ ਬੇਟ |
| | 17. | ਭੱਗੂ ਉਤਾੜ |

| 1 | 2 | 3 |
|---|---|---|
| | 18. | ਭੀਲੋਵਾਲ ਪੱਕਾ |
| | 19. | ਛੰਨਾਂ |
| | 20. | ਛੰਨ ਕਲਾਂ |
| | 21. | ਚੱਕ ਅਲਾ ਬਖਸ਼ |
| | 22. | ਚੱਕ ਮਿਸਰੀ ਖਾਨ |
| | 23. | ਛੰਨ ਘੋਗਾ |
| | 24. | ਚਵਿੰਡਾ ਕਲਾਂ |
| | 25. | ਚਵਿੰਡਾ ਖੁਰਦ |
| | 26. | ਚਲਕ |
| | 27. | ਛਿੱਡਣ |
| | 28. | ਚੋਗਾਵਾਂ |
| | 29. | ਚੂਚਕਵਾਲ |
| | 30. | ਦਸ਼ਮੇਸ਼ ਨਗਰ |
| | 31. | ਡੱਲਾ |
| | 32. | ਡਾਲੇਕੇ |
| | 33. | ਧਾਰੀਵਾਲ 180 |
| | 34. | ਡੁੱਗ |
| | 35. | ਢੰਡਾਲ |
| | 36. | ਦਿਆਲ ਰਣਗੜ੍ਹ |
| | 37. | ਗੁੱਲਗੜ੍ਹ |
| | 38. | ਘੋਗਾ |
| | 39. | ਗਾਗਰਮੱਲ |
| | 40. | ਹੇਤਮਪੁਰਾ |

[ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ]

| 1 | 2 | 3 |
|---|---|---|
| | 41. | ਝੁੰਜ |
| | 42. | ਜਸਰਾਊਰ |
| | 43. | ਜੈ ਰਾਮ ਕੋਟ |
| | 44. | ਜੱਜੇ |
| | 45. | ਜੋਏਕੇ |
| | 46. | ਕੋਟਲੀ ਔਲਖ |
| | 47. | ਕਾਕੜ |
| | 48. | ਕਲੇਰ |
| | 49. | ਕਾਂਵਾ |
| | 50. | ਕੋਲੋਵਾਲ |
| | 51. | ਖਿਆਲ ਕਲਾਂ |
| | 52. | ਖਿਆਲ ਖੁਰਦ |
| | 53. | ਕੋਹਾਲਾ |
| | 54. | ਕੋਹਾਲੀ |
| | 55. | ਕੱਕੜ |
| | 56. | ਖੁਸੂਪੁਰ |
| | 57. | ਕੁੱਤੀਵਾਲ |
| | 58. | ਕੋਟਲਾ ਸੂਰਜ ਲੋਹਾਰ |
| | 59. | ਕੋਟਲੀ ਦਸੌਂਧੀ |
| | 60. | ਕਮੀਰਪੁਰਾ |
| | 61. | ਕਿਰਲਗੜ੍ਹ |
| | 62. | ਲਾਂਵੇਂ |

| 1 | 2 | 3 |
|---|---|---|
| | 63. | ਲੱਧੋਕੇ |
| | 64. | ਲੱਲੀਆਂ |
| | 65. | ਲਧੀ ਗੁੱਜਰ |
| | 66. | ਮੌੜ ਖੁਰਦ |
| | 67. | ਮਾਦੋਕੇ |
| | 68. | ਮਾਨਾਂਵਾਲਾ |
| | 69. | ਮੰਝ |
| | 70. | ਮੌੜੇ ਕਲਾਂ |
| | 71. | ਮਿਆਦੀ ਕਲਾਂ |
| | 72. | ਮਹਿਮਦਪੁਰਾ |
| | 73. | ਮੁੱਲੇ ਕੋਟ |
| | 74. | ਮਾਲੋ ਕੀਰੀ |
| | 75. | ਮੋਲੋ ਕੇ |
| | 76. | ਮੰਡਿਆਵਾਲਾ |
| | 77. | ਮੋਤਲਾ |
| | 78. | ਮੁੱਧ |
| | 79. | ਮੁਜਫਰਪੁਰ |
| | 80. | ਨਵਾਂ ਜੀਵਨ |
| | 81. | ਨੇਪਾਲ |
| | 82. | ਨੂਰਪੁਰ |
| | 83. | ਆਤਰ |
| | 84. | ਪੰਜੂ ਕੁਲਾਲ |
| | 85. | ਪੱਧਰੀ |
| | 86. | ਪੰਡੋਰੀ |

| 1 | 2 | 3 |
|---|---|---|
| | 87. | ਪੰਜੂ ਰਾਏ |
| | 88. | ਕਮਾਸਕੇ |
| | 89. | ਕੋਟਲਾ ਦਮ |
| | 90. | ਰਾਏ |
| | 91. | ਰਾਣੀਆਂ |
| | 92. | ਸਾਰੰਗੜਾ |
| | 93. | ਸਾਊੜੀਆਂ |
| | 94. | ਸਿਧਵਾਂ |
| | 95. | ਸਾਹੁਰਾ |
| | 96. | ਸੈਦਪੁਰ ਕਲਾਂ |
| | 97. | ਤੱਲਾ |
| | 98. | ਤਰੀਨ |
| | 99. | ਟਪਿਆਲਾ |
| | 100. | ਠੱਠਾ |
| | 101. | ਤੂਤ |
| | 102. | ਤੂਰ |
| | 103. | ਠੱਠੀ |
| | 104. | ਟਨਾਣਾ |
| | 105. | ਗੋਗ |
| | 106. | ਵੈਰੋਕੇ |
| | 107. | ਵਣੀਏਕੇ |
| | 108. | ਵਰਿਆਂਹ |
| | 109. | ਅਵਾਨ ਬਸਾਊ |
| | 110. | ਅਵਾਨ ਲੱਖਾ ਸਿੰਘ |

| ਬਲਾਕ ਦਾ ਨਾਂ | | ਪਿੰਡ ਦਾ ਨਾਂ |
|---|---|---|
| 1 | 2 | 3 |
| ਹਰਸ਼ਾ ਛੀਨਾ | 1. | ਆਦਲੀਵਾਲ |
| | 2. | ਆਲਮਪੁਰ |
| | 3. | ਬੂਆ ਨੰਗਲੀ |
| | 4. | ਬਲਗਾਂ |
| | 5. | ਭਿੱਟੇਵਿੰਡ |
| | 6. | ਬੱਲਾ ਪਿੰਡ |
| | 7. | ਬੱਗਾਂ ਕਲਾਂ |
| | 8. | ਬੱਗਾਂ ਖੁਰਦ |
| | 9. | ਚੇਤਨਪੁਰ |
| | 10. | ਚੈਨਪੁਰ |
| | 11. | ਚੱਕ ਕਮਲ ਖਾਨ |
| | 12. | ਛੀਨਾ ਕਰਮ ਸਿੰਘ |
| | 13. | ਦੂਦਰਾਏ |
| | 14. | ਦਾਲਮ |
| | 15. | ਧਰਮਕੋਟ |
| | 16. | ਧਾਰੀਵਾਲ |
| | 17. | ਗੁੱਖੇਵਾਲੀ |
| | 18. | ਹਰਸ਼ਾ ਛੀਨਾਂ ਉਚਾ ਕਿੱਲਾ |
| | 19. | ਹਰਛਾ ਛੀਨਾ ਵਿਚਲਾ ਕਿੱਲਾ |
| | 20. | ਹਰਸ਼ਾ ਛੀਨਾ ਸਬਜ਼ਪੁਰ |

[ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ]

| 1 | 2 | 3 |
|---|---|---|
| | 21. | ਹਰਸ਼ਾ ਛੀਨਾਂ ਕੁੱਕੜਾ ਵਾਲਾ |
| | 22. | ਜਗਦੇਵ ਕਲਾਂ |
| | 23. | ਝੰਡੇਰ |
| | 24. | ਝੰਜੋਟੀ |
| | 25. | ਜਸਤਰਵਾਲ |
| | 26. | ਜੋਨਸ |
| | 27. | ਕੰਡੋਵਾਲੀ |
| | 28. | ਲੋਟਲਾ |
| | 29. | ਕੋਟਲੀ ਸਖੀਆ |
| | 30. | ਖਤਰਾਏ ਕਲਾਂ |
| | 31. | ਖਤਰਾਏ ਖੁਰਦ |
| | 32. | ਕੋਟਲੀ ਸੱਕਾ |
| | 33. | ਰੋਡਾਲਾ |
| | 34. | ਕਰਿਆਲ |
| | 35. | ਕੋਟ ਸਿੱਧੂ |
| | 36. | ਲਸਕਾਰੀ ਨੰਗਲੀ |
| | 37. | ਲਾਡੇ |
| | 38. | ਲਾਲ ਅਫਗਾਨਾ |
| | 39. | ਮਹਿਲਾਂ ਵਾਲਾ |
| | 40. | ਮਾਛੀ ਨੰਗਲ |

| 1 | 2 | 3 |
|---|---|---|
| | 41. | ਮੱਜੂਪੁਰਾ |
| | 42. | ਮੱਲੂ ਨੰਗਲ |
| | 43. | ਮੁਗਲਾਨੀ ਕੋਟ |
| | 44. | ਮੋਹਰ |
| | 45. | ਓਠੀਆਂ |
| | 46. | ਪਠਾਨ ਨਗਲ |
| | 47. | ਰਾਣੇਵਾਲੀ |
| | 48. | ਰੱਖ ਓਠੀਆਂ |
| | 49. | ਸੰਗਤ ਪੁਰਾ |
| | 50. | ਸੰਤੂ ਨੰਗਲ |
| | 51. | ਸੈਦਪੁਰਾ |
| | 52. | ਸਲੋਦੀਨ |
| | 53. | ਸੈਂਸਰਾ ਕਲਾਂ |
| | 54. | ਸੈਂਸਰਾ ਰਾਮਪੁਰਾ |
| | 55. | ਸੈਂਸਰਾ ਦਾਔਕੇ |
| | 56. | ਸ਼ਾਹਪੁਰ |
| | 57. | ਸਲੇਮਪੁਰ |
| | 58. | ਤਲਵੰਡੀ ਸਪਾਏਮਲ |
| | 59. | ਤੋਲਾ ਨੰਗਲ |
| | 60. | ਉਗਰ ਔਲਖ |
| | 61. | ਊਮਰਪੁਰਾ |
| | 62. | ਵਰਨਾਲੀ |

[ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ]

| ਬਲਾਕ ਦਾ ਨਾਂ | | ਜ਼ਿਲ੍ਹੇ ਦਾ ਨਾਂ |
|---|---|---|
| 1 | 2 | 3 |
| ਅਜਨਾਲਾ | 1. | ਅਬੂਸੈਦ |
| | 2. | ਅਲੀਵਾਲ |
| | 3. | ਅਵਾਨ ਨੇੜੇ ਰਾਮਦਾਸ |
| | 4. | ਅਨੈਤਪੁਰਾ |
| | 5. | ਭਗਵਾਨਪੁਰਾ |
| | 6. | ਬੱਲ ਬਾਵਾ |
| | 7. | ਬੱਲੜਵਾਲ |
| | 8. | ਬਾਠ |
| | 9. | ਭੱਖਾ ਹਰੀ ਸਿੰਘ |
| | 10. | ਭੋਏਵਾਲੀ |
| | 11. | ਭੋਲੀਆ |
| | 12. | ਦਹੂਰੀਆ |
| | 13. | ਦੀਨੇਵਾਲੀ |
| | 14. | ਭੂਰੇ ਗਿੱਲ |
| | 15. | ਬੋਹਰਵਾਲਾ |
| | 16. | ਬਰਲਾਸ |
| | 17. | ਬਕਰਾਊਰ |
| | 18. | ਬਲਲਬੀ ਦਰਿਆ |
| | 19. | ਚੱਕ ਡੋਗਰਾ |
| | 20. | ਚੱਕ ਬਾਲਾ |
| | 21. | ਚੱਕ ਸਿਕੰਦਰ |

| 1 | 2 | 3 |
|---|---|---|
| | 22. | ਚਾਹਰਪੁਰ |
| | 23. | ਚੜਤੇਵਾਲੀ |
| | 24. | ਚਮਿਆਰੀ |
| | 25. | ਚੱਕ ਔਲ |
| | 26. | ਚੱਕ ਪੁਲਾਹ |
| | 27. | ਡੱਲਾ ਰਾਜਪੂਤਾ |
| | 28. | ਧਾਰੀਵਾਲ |
| | 29. | ਡਾਬਰ ਬਸਤੀ |
| | 30. | ਦਿਆਲ ਬੜੰਗ |
| | 31. | ਦਿਆਲ ਭੱਟੀ |
| | 32. | ਦੂਜੋਵਾਲ |
| | 33. | ਦਰਿਆ ਮੂਸਾ |
| | 34. | ਢੰਗਾਈ |
| | 35. | ਦਿਆਲ ਪੂਰਾ |
| | 36. | ਫਤੇਵਾਲ |
| | 37. | ਫਤੇਵਾਲ ਛੋਟਾਸ |
| | 38. | ਗੱਗੋਵਾਲ |
| | 39. | ਮੋਰੇ ਨੰਗਲ |
| | 40. | ਗਾਲਿਬ |
| | 41. | ਗਿੱਲਵਾਟਲੀ |
| | 42. | ਧੋਣੇਵਾਲਾ |
| | 43. | ਗੁੱਜਾਪੀਰ |
| | 44. | ਗੁੱਜਰਪੁਰਾ |

[ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ]

| 1 | 2 | 3 |
|---|---|---|
| | 45. | ਗੁਰਾਲਾ |
| | 46. | ਗੁੰਬਗੜ੍ਹ |
| | 47. | ਗੱਗਰ |
| | 48. | ਗਰਰਾਏ |
| | 49. | ਹਾਸਮਪੁਰਾ |
| | 50. | ਹਰਅਰ ਕਲਾਂ |
| | 51. | ਹਰਹਰੋ ਖੁਰਦ |
| | 52. | ਹਰਦੂ ਪੁਤਲੀ |
| | 53. | ਹੈਲਰ |
| | 54. | ਹਰਅਰ ਨਿਅਰ ਬੂਰੇ |
| | 55. | ਈਸਾਪੁਰ |
| | 56. | ਜੱਟਾ |
| | 57. | ਕਫਰ ਕੋਟ |
| | 58. | ਜਗਦੇਵ ਖੁਰਦ |
| | 59. | ਜੱਸਰ |
| | 60. | ਕੋਟਲਾ |
| | 61. | ਕੋਟ ਗੁਰਬਖਸ |
| | 62. | ਕੱਲੋ ਮਹੱਲ |
| | 63. | ਕਮਲਪੁਰਾ |
| | 64. | ਕਮੀਰਪੁਰ |
| | 65. | ਕਾਹਨੋਵਾਲ |
| | 66. | ਕਿਆਮਪੁਰ |

| 1 | 2 | 3 |
|---|---|---|
| | 67. | ਕੋਟ ਕੇਸਰਾ ਸਿੰਘ |
| | 68. | ਕੋਟ ਮੁਗਲ |
| | 69. | ਕੋਟ ਰਾਜਦਾ |
| | 70. | ਕੋਟਲਾ ਸਰਦਾਰ |
| | 71. | ਕੋਟਲੀ ਅਬ |
| | 72. | ਕੋਟਲੀ ਕੋਰੋਟਾਨਾ |
| | 73. | ਕੋਟਲੀ ਸ਼ਾਹ ਹਬੀਬ |
| | 74. | ਕਰਾਲੀਆਂ |
| | 75. | ਖਾਨਵਾਲ |
| | 76. | ਕੋਟਲਾ ਕਾਜ਼ੀਆਂ |
| | 77. | ਕੋਟਲੀ ਜ਼ਮਾਇਤ ਸਿੰਘ |
| | 78. | ਕੋਟਲੀ ਕੋਕਾ |
| | 79. | ਲੱਖੂਵਾਲ |
| | 80. | ਲੌਂਗੋ ਮਾਹਲ |
| | 81. | ਲੱਖੋਵਾਲ |
| | 82. | ਮੋਹੰਮਦ ਮੰਤਿਰਾਂਵਾਲਾ |
| | 83. | ਮਾਛੀਵਾਲਾ |
| | 84. | ਮੱਧੂ ਚੰਗਾ |
| | 85. | ਮੱਖੋਵਾਲ |
| | 86. | ਮੱਲਕਪੁਰਾ |
| | 87. | ਮਾਟੇ ਨੰਗਲ |
| | 88. | ਮਾਟੀਆ |
| | 89. | ਮੋਹਨ ਭੰਡਾਰੀਆ |
| | 90. | ਮੋਹਕਮ |

[ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ]

| 1 | 2 | 3 |
|---|---|---|
| | 91, | ਨੰਗਲ ਸ਼ਾਹੂਲ |
| | 92. | ਨੰਗਲ ਜੰਡਣ ਵਾਲਾ |
| | 93. | ਨੌਨੌਕੇ |
| | 94. | ਨਾਸਰ |
| | 95. | ਨਵਾਂ ਪਿੰਡ |
| | 96. | ਨਿਜ਼ਾਮਪੁਰਾ |
| | 97. | ਨਿਜ਼ਾਮੁਪੁਰਾ ਹਵੇਲੀਆਂ |
| | 98. | ਨਾਸੌਕੇ |
| | 99. | ਨੰਗਲ ਅੰਬ |
| | 100. | ਪੈਰੇਵਾਲ |
| | 101. | ਪੰਡੋਰ |
| | 102. | ਪੰਜਗਰਾਏ ਨਿਜਰਾਂ |
| | 103. | ਪਾਸੀਆਂ |
| | 104. | ਪੰਜਗਰਾਏ ਵਾਲਾ |
| | 105. | ਪੰਡੋਰੀ ਸੁੱਖਾ ਸਿੰਘ |
| | 106. | ਫਿਰ ਵਰਹਾ |
| | 107. | ਗੁੰਗਾ |
| | 108. | ਬੁਆਲੀ ਨਿਅਰ ਰਮਦਾਸ |
| | 109. | ਰਾਏਪੁਰ ਕਲਾਂ |
| | 110. | ਰਾਏਪੁਰ ਖੁਰਦ |
| | 111. | ਰਾਜੀਆਂ |
| | 112. | ਰਿਆਰ |
| | 113. | ਰੌਖੇ |
| | 114. | ਰੌੜੇਵਾਲ |
| | 115. | ਸਾਮਰਾਏ |
| | 116. | ਸੰਗੂਆਨਾ |

| 1 | 2 | 3 |
|---|---|---|
| | 117. | ਸਰਾਏ |
| | 118. | ਸਾਰੰਗਦੇਵ |
| | 119. | ਸ਼ੇਖ ਭੱਟੀ |
| | 120. | ਸਿਧਾਰ |
| | 121. | ਸੁਲਤਾਨ ਮਹਿਲ |
| | 122. | ਈਬਰਾਇਮਪੁਰ |
| | 123. | ਸੂਫੀਆਂ |
| | 124. | ਸਿੰਘੋਕੇ |
| | 125. | ਸ਼ਹਿਜ਼ਾਦਾ |
| | 126. | ਸਾਹੋਵਾਲ |
| | 127. | ਸੈਦੋਗਾਜ਼ੀ |
| | 128. | ਸੈਦਪੁਰ ਖੁਰਦ |
| | 129. | ਸਾਮੋਵਾਲ |
| | 130. | ਸਾਹਲੀਵਾਲ |
| | 131. | ਤਲਵੰਡੀ ਨਾਹਰ |
| | 132. | ਤਲਵੰਡੀ ਭਾਗਵਾਨ |
| | 133. | ਧੇਰੀ |
| | 134. | ਬੋਬਾ |
| | 135. | ਧੇਰਾਂ ਕਲਾਂ |
| | 136. | ਤੇਰਾ ਰਾਜਪੂਤਾਂ |
| | 137. | ਤਲਵੰਡੀ ਰਾਏ ਦੱਦੂ |
| | 138. | ਤੇਰਾ ਖੁਰਦ |
| | 139. | ਉਰਦਨ |
| | 140. | ਵੰਝਣਵਾਲਾ |
| | 141. | ਵਛੋਇਆ |
| | 142. | ਬ਼ਾਜਵਾ |

**ਸਰਦਾਰ ਵੀਰ ਸਿੰਘ ਲੋਪੋਕੇ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਆਖਿਆ ਹੈ ਕਿ ਮਜ਼ਦੂਰੀ ਵਾਸਤੇ ਕਣਕ ਦਿੱਤੀ ਜਾਂਦੀ ਹੈ ਅਤੇ ਜਿਨ੍ਹਾਂ ਪਿੰਡਾਂ ਵਿੱਚ ਗਰਾਂਟ ਨਹੀਂ ਮਿਲਦੀ, ਉਥੇ ਕਣਕ ਚਲੀ ਜਾਂਦੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਸ ਕਣਕ ਦੀ ਕਿਸ ਤਰ੍ਹਾਂ ਵਰਤੋਂ ਕਰਦੇ ਹਨ ਕਿਉਂਕਿ ਬਿਨਾਂ ਗਰਾਂਟ ਤੋਂ ਕੀ ਇਹ ਕਣਕ ਵਰਤ ਸਕਦੇ ਹਨ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਗਰਾਂਟ ਨਾਲ ਤਾਅਲੁੱਕ ਨਹੀਂ ਰੱਖਦੀਆਂ। ਇਹ ਸੰਪੂਰਨ ਤੌਰ ਤੇ ਗਰਾਂਟ ਯੋਜਨਾ ਹੈ ਜਿਸ ਦੇ ਫੰਡ ਗੌਰਮਿੰਟ ਆਫ ਇੰਡੀਆ ਤੋਂ 75:25 ਦੀ ਰੇਸ਼ੋ ਨਾਲ ਅਲਾਟ ਹੁੰਦੇ ਹਨ। ਉਸ ਵਿੱਚ ਜਿੱਥੇ ਕੈਸ਼ ਮਿਲਦਾ ਹੈ, ਉਥੇ ਨਾਲ ਕਿੰਤੇ ਕਣਕ ਵੀ ਆਉਂਦੀ ਹੈ। ਉਸ ਅਨੁਸਾਰ ਦਿਹਾੜੀ ਦੇ ਨਾਲ ਪੈਸੇ ਵੀ ਦਿੱਤੇ ਜਾਂਦੇ ਹਨ ਔਰ ਕਣਕ ਵੀ ਦਿੱਤੀ ਜਾਂਦੀ ਹੈ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਪਰ ਇਸ ਸਾਲ ਜਿਹੜੇ ਪਿੰਡ ਵਿੱਚ ਵੀ ਜਾਈਏ ਉਨ੍ਹਾਂ ਵਿੱਚ ਸਮੱਸਿਆ ਇਹ ਹੈ ਕਿ ਕਣਕ ਪਈ ਹੈ, ਰੱਖਣ ਲਈ ਕੋਈ ਥਾਂ ਨਹੀਂ, ਸੰਭਾਲੀ ਨਹੀਂ ਜਾਂਦੀ। ਕਿਤੇ ਕੀੜਾ ਲੱਗ ਰਿਹਾ ਹੈ, ਕਿਤੇ ਖਰਾਬ ਹੋ ਰਹੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਕਣਕ ਦਿੱਤੀ ਜਾ ਰਹੀ ਹੈ ਉਸ ਵਿੱਚ ਦੋ ਗੱਲਾਂ ਲਈ ਐਸ਼ੋਰੈਂਸ ਦੇਵੇ ਕਿ ਕਣਕ ਰੱਖਣ ਲਈ ਪਰਾਪਰ ਪ੍ਰਬੰਧ ਸਰਕਾਰ ਨਾਲ ਕਰਵਾਏ ਔਰ ਦੂਜਾ ਇਹ ਕਿ ਕੋਈ ਅਜਿਹਾ ਟਾਈਮ ਫਿਕਸ ਕੀਤਾ ਜਾਵੇ ਕਿ ਜੇਕਰ ਕਣਕ ਵਰਤੀ ਨਾ ਜਾਵੇ ਤਾਂ ਪੰਚਾਇਤ ਨੂੰ ਅਖਤਿਆਰ ਦਿੱਤਾ ਜਾਵੇ ਕਿ ਉਹ ਉਸ ਨੂੰ ਵੇਚ ਕੇ ਲਿਕਵੀਡੇਟ ਕਰ ਸਕਣ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਕਣਕ ਗੌਰਮਿੰਟ ਆਫ ਇੰਡੀਆ ਤੋਂ ਆਉਂਦੀ ਹੈ ਔਰ ਉਸ ਵਿੱਚ ਕੰਡੀਸ਼ਨ ਹੈ ਕਿ ਇਸ ਕਣਕ ਨੂੰ ਹੀ ਦਿੱਤਾ ਜਾਣਾ ਚਾਹੀਦਾ ਹੈ। ਪੰਜ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਇਹ ਸਾਨੂੰ ਕਣਕ ਮਿਲਦੀ ਹੈ। ਮੈਂ ਸਮਝਦਾ ਹਾਂ ਕਿ ਇਹ ਮੇਰੇ ਨੋਟਿਸ ਵਿਚ ਵੀ ਆਇਆ ਹੈ, ਜੋ ਇਹ ਕਹਿ ਰਹੇ ਹਨ। ਅਸੀਂ ਧਿਆਨ ਰੱਖ ਰਹੇ ਹਾਂ। ਜੇਕਰ ਅਸੀਂ ਵੇਚਣ ਦੀ ਖੁੱਲ੍ਹ ਦੇ ਦਿੱਤੀ ਤਾਂ ਇਹ ਗਲਤ ਹੋਵੇਗਾ ਕਿਉਂਕਿ ਇਸ ਵਿਚ ਕੁਰੱਪਸ਼ਨ ਇਨਵਾਲਵ ਹੋਵੇਗੀ। ਉਹ ਕਣਕ ਵੱਧ ਰੇਟ ਤੇ ਵਿਕੇਗੀ ਅਤੇ ਵਾਧੂ ਪੈਸੇ ਦਾ ਮਹਿਕਮੇ ਵਾਲੇ ਜਾਂ ਪੰਚਾਇਤਾਂ ਵਾਲੇ ਇਸ ਵਿਚ ਗੜਬੜ ਕਰ ਸਕਦੇ ਹਨ। ਕਣਕ ਦੀ ਕਣਕ ਹੀ ਮਜ਼ਦੂਰਾਂ ਨੂੰ ਮਿਲਣੀ ਚਾਹੀਦੀ ਹੈ। ਅੱਗੇ ਮਜ਼ਦੂਰ ਦੀ ਮਰਜ਼ੀ ਹੈ, ਉਹ ਜੋ ਮਰਜ਼ੀ ਕਰੇ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਜਿਹੜੀ ਕਣਕ ਦੀ ਸਪਲਾਈ ਪੰਜਾਬ ਵਿਚ ਹੋਈ ਹੈ, ਉਸ ਵਿਚ ਮੁਸ਼ਕਲ ਇਹ ਹੈ ਕਿ ਉਸ ਕਣਕ ਨੂੰ ਲੈਣ ਨੂੰ ਕੋਈ ਵੀ ਤਿਆਰ ਨਹੀਂ ਹੈ। ਲੋਕ ਕੈਸ਼ ਚਾਹੁੰਦੇ ਹਨ। ਇਹ ਸਾਰੀ ਸਿਰਦਰਦੀ ਸਰਪੰਚਾਂ ਉਤੇ ਸਰਕਾਰ ਵੱਲੋਂ ਜਬਰਨ ਜ਼ਿਮੇਵਾਰੀ ਵਜੋਂ ਪਾਈ ਜਾ ਰਹੀ ਹੈ। ਕੀ ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਇਸ ਸਕੀਮ ਨੂੰ ਰਿਵਿਊ ਕਰਨਗੇ ਅਤੇ ਜਿਹੜੀ ਕਣਕ ਸੈਂਟਰ ਦੀ ਸਰਕਾਰ ਕੋਲੋਂ ਆਉਂਦੀ ਹੈ, ਉਸ ਨੂੰ ਇਹ ਆਪ ਵੇਚ ਕੇ ਪੰਚਾਇਤਾਂ ਨੂੰ ਪੈਸੇ ਦੇਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਇਹ ਸਕੀਮ ਗੌਰਮਿੰਟ ਆਫ ਇੰਡੀਆ ਦੀ ਹੈ । ਇਸ ਵਿਚ 37 ਕਰੋੜ ਰੁਪਿਆ ਕਣਕ ਦਾ ਆਇਆ ਹੈ । ਜੇਕਰ ਅਸੀਂ ਗੌਰਮਿੰਟ ਆਫ ਇੰਡੀਆ ਕੋਲੋਂ ਕਣਕ ਨਹੀਂ ਲੈਂਦੇ ਤਾਂ ਉਹ ਕਹਿੰਦੇ ਹਨ ਕਿ ਨਾ ਲਵੋ, ਤੁਹਾਡੀ ਮਰਜ਼ੀ ਅਤੇ ਇਹ ਪ੍ਰੈਸਾ ਸਾਨੂੰ ਨਹੀਂ ਮਿਲੇਗਾ । ਸਾਡਾ 37 ਕਰੋੜ ਰੁਪਿਆ ਚਲਾ ਜਾਵੇਗਾ । ਇਹ ਸਾਡੇ ਹਿੱਤ ਵਿਚ ਨਹੀਂ ਹੋਵੇਗਾ । ਇਹ ਗੌਰਮਿੰਟ ਆਫ ਇੰਡੀਆ ਦੀ ਪੁਰਾਣੀ ਸਕੀਮ ਹੈ, ਕੋਈ ਨਹੀਂ ਸਕੀਮ ਨਹੀਂ ਹੈ । ਇਹ ਸਾਨੂੰ ਉਸੇ ਰੂਪ ਵਿਚ ਲਾਗੂ ਕਰਨੀ ਪਵੇਗੀ । ਕਣਕ ਹੀ ਲੈਣੀ ਪਵੇਗੀ ਅਤੇ ਅੱਗੇ ਕਣਕ ਹੀ ਦੇਣੀ ਪਵੇਗੀ ।

**ਸਰਦਾਰ ਵੀਰ ਸਿੰਘ ਲੋਪੋਕੇ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਕਹਿੰਦੇ ਹਨ ਕਿ ਕਣਕ ਵੇਚਣੀ ਨਹੀਂ । ਮੇਰਾ ਸਵਾਲ ਹੈ ਕਿ ਜਿਨ੍ਹਾਂ ਪਿੰਡਾਂ ਵਿਚ ਗਰਾਂਟ ਨਹੀਂ ਜਾਂਦੀ, ਉਥੇ ਕਣਕ ਪਈ ਰਹਿੰਦੀ ਹੈ । ਫਿਰ ਉਸ ਨੂੰ ਸੁਸਰੀ ਵੀ ਲਗਣੀ ਹੈ, ਖਰਾਬ ਵੀ ਹੋਣੀ ਹੈ, ਉਸ ਕਣਕ ਦਾ ਇਹ ਕੀ ਕਰ ਰਹੇ ਹਨ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਗਰਾਂਟ ਤੋਂ ਬਿਨਾਂ ਕਣਕ ਆਉਂਦੀ ਹੀ ਨਹੀਂ । ਸਾਨੂੰ ਇਸ ਸਾਲ 80 ਕਰੋੜ ਰੁਪਏ ਐਲੋਕੇਟ ਹੋਏ ਹਨ । ਇਸ ਵਿਚੋਂ 37 ਟਨ ਕਣਕ ਐਲੋਕੇਟ ਹੋਈ ਹੈ । ਇਹ ਗਰਾਂਟ ਦੇ ਨਾਲ ਹੀ ਦਿੱਤੀ ਜਾਂਦੀ ਹੈ । ਇਹ ਸੰਪੂਰਨ ਗਰਾਮ ਰੁਜ਼ਗਾਰ ਯੋਜਨਾ ਅਧੀਨ ਗੌਰਮਿੰਟ ਆਫ ਇੰਡੀਆ ਤੋਂ ਗਰਾਂਟ ਪਲੱਸ ਕਣਕ ਇਕੱਠੀ ਹੀ ਆਉਂਦੀ ਹੈ । ਨਾ ਇਕੱਲੀ ਗਰਾਂਟ ਆਉਂਦੀ ਹੈ ਅਤੇ ਨਾ ਇਕੱਲੀ ਕਣਕ ਆਉਂਦੀ ਹੈ ।

**ਸਰਦਾਰ ਵੀਰ ਸਿੰਘ ਲੋਪੋਕੇ** : ਮਾਨਯੋਗ ਸਪੀਕਰ ਸਾਹਿਬ, ਜਿਨ੍ਹਾਂ ਪਿੰਡਾਂ ਵਿਚ ਗਰਾਂਟ ਜਾਂਦੀ ਹੀ ਨਹੀਂ ਉਥੇ ਜਿਹੜੀ ਕਣਕ ਪਈ ਰਹਿੰਦੀ ਹੈ, ਉਸ ਦਾ ਕੀ ਕੀਤਾ ਜਾਵੇ । ਜੇਕਰ ਸਰਪੰਚ ਕਣਕ ਵੇਚ ਕੇ ਪੈਸੇ ਦਿੰਦੇ ਹਨ ਤਾਂ ਉਨ੍ਹਾਂ ਉਤੇ ਪਰਚੇ ਕੀਤੇ ਜਾਂਦੇ ਹਨ । ਉਸ ਕਣਕ ਦਾ ਕਿਸ ਤਰ੍ਹਾਂ ਕਰਨਾ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਕਣਕ ਅਤੇ ਗਰਾਂਟ ਇਕੱਠੀ ਹੀ ਆਉਂਦੀ ਹੈ । ਦਿਹਾੜੀਦਾਰ ਦੀ ਦਿਹਾੜੀ 84 ਰੁਪਏ ਹੈ । ਇਸ ਵਿਚੋਂ ਪੰਜ ਕਿਲੋ ਕਣਕ ਦਿੱਤੀ ਜਾਂਦੀ ਹੈ ਜਿਹੜੀ ਕਿ 25/- ਰੁਪਏ ਦੀ ਹੁੰਦੀ ਹੈ । ਬਾਕੀ 59/- ਰੁਪਏ ਨਕਦ ਦਿੱਤੇ ਜਾਂਦੇ ਹਨ । ਅਸੀਂ 15 ਕਿੱਲੋ ਤੋਂ ਵੱਧ ਕਣਕ ਮਜ਼ਦੂਰ ਨੂੰ ਨਹੀਂ ਦੇ ਸਕਦੇ ਅਤੇ ਪੰਜ ਕਿੱਲੋ ਤੋਂ ਘੱਟ ਨਹੀਂ ਦੇ ਸਕਦੇ । ਗਰਾਂਟ ਅਤੇ ਕਣਕ ਇਕੱਠੇ ਆਉਂਦੇ ਹਨ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਮੰਨਿਆ ਹੈ ਕਿ 37 ਕਰੋੜ ਰੁਪਏ ਆਉਂਦੇ ਹਨ । ਕਦੀ ਇਹ ਕਹਿੰਦੇ ਹਨ ਕਿ 80 ਕਰੋੜ ਰੁਪਏ ਆਉਂਦੇ ਹਨ । ਅੱਜ ਹਾਲ ਇਹ ਹੈ ਕਿ ਅੱਗੇ ਅੱਗੇ ਪਿੰਡਾਂ ਵਿਚ ਕਣਕ ਜਾਂਦੀ ਹੈ, ਪਿੱਛੇ ਪਿੱਛੇ ਪੰਚਾਇਤਾਂ ਦੇ ਇਨ੍ਹਾਂ ਦੇ ਮਹਿਕਮੇ ਦੇ ਅਫਸਰ ਆਉਂਦੇ ਹਨ । ਇਹ ਤਾਂ ਸਰਪੰਚਾਂ ਦੇ ਗਲ ਫਾਹਾ ਪਿਆ ਹੋਇਆ ਹੈ ।

ਮਾਨਯੋਗ ਸਪੀਕਰ : ਤੁਸੀਂ ਸਵਾਲ ਪੁੱਛੋ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਗੱਲ ਕਰਕੇ ਹੀ ਸਵਾਲ ਕਰਾਂਗਾ । ਅਫਸਰ ਸਰਪੰਚਾਂ ਨੂੰ ਕਹਿੰਦੇ ਹਨ ਕਿ ਕਣਕ ਆਈ ਹੈ, ਤੁਹਾਡੀ ਇਨਕੁਆਇਰੀ ਕਰਾਂਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਕਣਕ ਸੈਂਟਰ ਸਰਕਾਰ ਕੋਲੋਂ ਆਉਂਦੀ ਹੈ, ਕੀ ਉਸ ਵਿਚ ਪੰਜਾਬ ਸਰਕਾਰ ਕੋਈ ਬਾਉਂਡ ਤਾਂ ਨਹੀਂ ਕਿ ਮੋਡੀਫਿਕੇਸ਼ਨ ਨਾ ਕਰ ਸਕੇ ਜਾਂ ਇਹ ਕਨਸਿਡਰ ਨਾ ਕਰ ਸਕੇ ਕਿ ਇਸ ਨੂੰ ਇਹ ਆਪ ਵੇਚ ਕੇ ਪੰਚਾਇਤਾਂ ਨੂੰ ਕੈਸ਼ ਦਿੱਤਾ ਜਾਇਆ ਕਰੇ ?

**MR. SPEAKER** : Are you (Minister) ready for reconsideration/modification of the Scheme ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਿਆ ਹੈ ਕਿ ਕਣਕ ਜਿਹੜੀ ਹੈ ਉਹ 37 ਕਰੋੜ ਰੁਪਏ ਦੀ ਆਈ ਹੈ ਅਤੇ ਟੋਟਲ ਗਰਾਂਟ 80 ਕਰੋੜ ਰੁਪਏ ਸੀ । ਇਸ ਦੇ ਵਿੱਚ ਕੈਸ਼ ਕੰਪੋਨੈਂਟ ਵੀ ਸ਼ਾਮਿਲ ਹੈ । ਇਹ ਆਪ ਦਰੁੱਸਤੀ ਕਰ ਲੈਣ । ਜਿੱਥੋਂ ਤੱਕ ਮੋਡੀਫੀਕੇਸ਼ਨ ਦਾ ਸਵਾਲ ਹੈ, ਅਸੀਂ ਵਿਚਾਰ ਕਰ ਲਵਾਂਗੇ ਜੀ । ਜੇਕਰ ਕੇਂਦਰ ਸਰਕਾਰ ਮੰਨ ਗਈ, ਤਾਂ ਮੋਡੀਫੀਕੇਸ਼ਨ ਕਰ ਲਵਾਂਗੇ ਜੀ ।

------

## ਜਲੰਧਰ-ਧਰਮਸ਼ਾਲਾ ਨੈਸ਼ਨਲ ਹਾਈਵੇ ਦੀ ਮੁਰੰਮਤ

***1083. ਸ਼੍ਰੀ ਤਿਕਸ਼ਨ ਸੂਦ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਲੰਧਰ ਅਤੇ ਮੰਗੂਵਾਲ ਵਿਚਕਾਰ ਜਲੰਧਰ-ਧਰਮਸ਼ਾਲਾ ਨੈਸ਼ਨਲ ਹਾਈਵੇ ਦੀ ਮੁਰੰਮਤ/ਅਪਗ੍ਰੇਡਿੰਗ ਦਾ ਕੰਮ ਕਿਸ ਮਿਤੀ ਤੋਂ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa** : The repair/upgradation of the Jalandhar-Dharamshala National Highway between Jalandhar and Manguwal has been started since 30.6.2003 as per details placed on the table of the House and the work is likely to be completed by 30.4.2005.

The date of start/tentative completion of different reaches on this road is as below :-

| Name of Work | Date of Start | Date of completion |
|---|---|---|
| * Improvement of Road Km. 2 to 15 on NH-70 | 2.7.03 | 30.4.2005 |
| * Improvement of Road Km. 1.74 to 2 & 15 to 24 on NH-70 | 3.1.05 | 30.4.2005 |
| * Improvement of Road Km. 24 to 37 on NH-70 | 30.9.03 | Already completed |
| * Laying 25mm thick semidense carpet in Km. 37.00 to 46.00 on NH-70 | 16.9.04 | Already completed |
| * Improvement of Road Km. 40 to 58.85 on NH-70 | 1.9.03 | Already completed |
| * Const. of Bridge over Chohal Nallah in Km. 48/5 on NH-70 | 30.6.03 | Already completed |

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਸਾਡੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਵੀ ਹਨ । ਉਥੇ ਵੀ ਮੈਂ ਇਹ ਮਾਮਲਾ ਉਠਾਇਆ ਸੀ ਅਤੇ ਇਨ੍ਹਾਂ ਨੇ ਇੰਟਰੈਸਟ ਦਿਖਾਇਆ ਸੀ । ਜਿਸ ਤਰ੍ਹਾਂ 2 ਤੋਂ 15 ਕਿਲੋਮੀਟਰ ਤੱਕ ਦੀ ਜਿਹੜੀ ਸੜਕ ਦੱਸੀ ਹੈ, ਇਹ ਕੰਪਲੀਟ ਨਹੀਂ ਹੋਈ ਹੈ ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁਛੋ ?

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਸਵਾਲ ਕਰਨਾ ਚਾਹੁੰਦਾ ਹਾਂ ਕਿ ਉਥੇ ਇੰਨੀ ਮਾੜੀ ਸੜਕ ਬਣੀ ਹੈ ਕਿ ਜਿਹੜੀ ਬਣ ਗਈ ਹੈ, ਉਹ ਵੀ ਖਰਾਬ ਹੈ ਅਤੇ ਜਿਹੜੀ ਨਹੀਂ ਬਣੀ ਉਥੇ ਵੀ ਲੋਕਾਂ ਨੂੰ ਬਹੁਤ ਤਕਲੀਫ ਹੈ । ਕੀ ਇਸ ਦੀ ਕੋਈ ਇਨਕੁਆਰੀ ਕਰਵਾਈ ਜਾਵੇਗੀ ਕਿ ਇਸ ਲਈ ਕੌਣ ਜ਼ਿੰਮੇਂਵਾਰ ਹੈ ? ਅਤੇ ਜੇਕਰ ਇਸ ਦੀ ਪਹਿਲਾਂ ਕੋਈ ਇਨਕੁਆਰੀ ਕਰਵਾਈ ਗਈ ਸੀ ਤਾਂ ਉਸ ਦਾ ਕੀ ਨਤੀਜਾ ਨਿਕਲਿਆ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਸੜਕ ਤਕਰੀਬਨ 58 ਕਿਲੋਮੀਟਰ ਹੈ ਅਤੇ ਚਾਰ ਹਿੱਸਿਆਂ ਵਿੱਚ ਵੱਖ ਵੱਖ ਠੇਕੇਦਾਰਾਂ ਨੂੰ ਇਸ ਦਾ ਕੰਮ ਅਲਾਟ ਕੀਤਾ ਹੋਇਆ ਹੈ ।

[ਲੋਕ ਕਾਰਜ਼ (ਭਵਨ ਤੇ ਮਾਰਗ ਮੰਤਰੀ)]

2 ਤੋਂ 15 ਕਿਲੋਮੀਟਰ ਤੱਕ ਦੀ ਜਿਹੜੀ ਸੜਕ ਦਾ ਕੰਮ ਸੀ, ਉਹ ਇਕ ਠੇਕੇਦਾਰ ਹੈ ਐਸ. ਐਸ. ਸਿੰਗਲਾ, ਉਸ ਨੂੰ ਅਲਾਟ ਕੀਤਾ ਗਿਆ ਸੀ। ਇਹ ਮਸਲਾ ਪਲਾਨਿੰਗ ਬੋਰਡ ਦੀ ਮੀਟਿੰਗ ਵਿੱਚ ਵੀ ਇਨ੍ਹਾਂ ਵਲੋਂ ਉਠਾਇਆ ਗਿਆ ਸੀ ਅਤੇ ਅਸੀਂ ਉਸੇ ਵੇਲੇ ਚੀਫ ਇੰਜੀਨੀਅਰ ਨੂੰ ਉਥੇ ਘੱਲਿਆ ਸੀ। ਉਸ ਠੇਕੇਦਾਰ ਨੂੰ ਕਲਾਜ਼ 14 ਅਧੀਨ ਪੈਨਲਟੀ ਲਗਾਈ ਗਈ ਸੀ ਅਤੇ ਇਕ ਸਾਲ ਲਈ ਉਸ ਨੂੰ ਡੀ-ਬਾਰ ਵੀ ਕੀਤਾ ਗਿਆ ਸੀ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 20 ਦਿਨਾਂ ਦੇ ਅੰਦਰ ਅੰਦਰ ਪ੍ਰੀਮਿਕਸ ਪਾ ਕੇ ਇਹ ਸੜਕ ਠੀਕ ਹੋ ਜਾਵੇਗੀ।

**ਸ੍ਰੀ ਤ੍ਰਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਕਿ ਠੇਕੇਦਾਰ ਨੂੰ ਪੈਨਲਟੀ ਲਗਾਈ ਗਈ ਹੈ। ਕੀ ਇਨ੍ਹਾਂ ਦੇ ਧਿਆਨ ਵਿੱਚ ਇਹ ਗੱਲ ਹੈ ਕਿ ਉਥੋਂ ਦੇ ਨਿਗਰਾਨ ਇੰਜੀਨੀਅਰ, ਜਿਹੜੇ ਕਿ ਹੁਣ ਰਿਟਾਇਰ ਹੋ ਚੁੱਕੇ ਹਨ. ਉਨ੍ਹਾਂ ਨੇ ਉਸ ਠੇਕੇਦਾਰ ਦੀ ਪੈਨਲਟੀ ਨੂੰ ਵੇਵ-ਆਫ ਕਰ ਦਿੱਤਾ ਹੈ ਅਤੇ ਕੀ ਉਸ ਨਿਗਰਾਨ ਇੰਜੀਨੀਅਰ ਦੇ ਖਿਲਾਫ ਵੀ ਕੋਈ ਐਕਸ਼ਨ ਲਿਆ ਜਾਵੇਗਾ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਗੱਲ ਜੋ ਮੈਂਬਰ ਸਾਹਿਬ ਕਹਿ ਰਹੇ ਹਨ ਇਹ ਠੀਕ ਹੈ ਜੀ। ਪੈਨਲਟੀ ਪਹਿਲੇ ਨਿਗਰਾਨ ਇੰਜੀਨੀਅਰ, ਜੋ ਕਿ ਰਿਟਾਇਰ ਹੋ ਚੁੱਕੇ ਹਨ ਨੇ ਰਿਟਾਇਰਮੈਂਟ ਟਾਈਮ ਤੇ ਵੇਵ-ਆਫ ਕਰ ਦਿੱਤੀ ਸੀ। ਉਸ ਦੇ ਖਿਲਾਫ ਵੀ ਅਸੀਂ ਡਿਪਾਰਟਮੈਂਟਲ ਇੰਨਕੁਆਰੀ ਸ਼ੁਰੂ ਕਰਾਂਗੇ ਅਤੇ ਹੁਣ ਨਿਗਰਾਨ ਇੰਜੀਨੀਅਰ ਨੇ ਸੈਕਿੰਡ ਟਾਈਮ ਪੈਨਲਟੀ ਲਗਾ ਦਿੱਤੀ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ What is the reason of the crest failure of the roads all over the state soon after its completion ?

**MR. SPEAKER** : All over the state ?

**Sardar Bir Devinder Singh** : Crest failure of the roads all over the State immediately after its completion, whether it is because of failure of mechanism or inadequate use of the material ?

**MR. SPEAKER** : The question is of the particular road, not for the roads of the whole state.

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਪਰਟੀਕੂਲਰਲੀ ਇਸ ਸੜਕ ਦਾ ਸਵਾਲ ਹੋ ਰਿਹਾ ਹੈ, ਸਾਰੀਆਂ ਸੜਕਾਂ ਦਾ ਨਹੀਂ ਹੋਇਆ ਹੈ। ਜੋ ਮੈਂਬਰ ਸਾਹਿਬ ਕਹਿ ਰਹੇ ਹਨ ਇਹ ਵੀ ਠੀਕ ਹੈ। ਉਥੇ ਸਹੀ ਟੈਂਪਰੇਚਰ ਰੱਖਣਾ ਹੁੰਦਾ ਹੈ ਜਿੱਥੇ ਟੈਂਪਰੇਚਰ ਠੀਕ ਨਹੀਂ ਹੁੰਦਾ ਉਥੇ ਲੁੱਕ ਨਹੀਂ ਪਾਈ ਜਾ ਸਕਦੀ। ਜਿੱਥੇ ਸੜਕ ਖਰਾਬ ਹੋਈ ਹੈ, ਉਥੇ ਰਿਪੇਅਰ ਵੀ ਕਰਵਾਈ ਗਈ ਹੈ।

ਸ਼੍ਰੀ ਤਿਕਸ਼ਨ ਸੂਦ : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਠੇਕੇਦਾਰ ਦਾ ਨਾਮ ਲਿਆ ਸੀ । ਮੈਨੂੰ ਖਦਸ਼ਾ ਹੈ ਕਿ ਉਹ ਠੇਕੇਦਾਰ ਜਿਹੜਾ ਹੈ, ਉਹ ਰਾਜਸੀ ਪਾਰਟੀ ਦੇ ਕਿਸੇ ਬੜੇ ਵੱਡੇ ਨੇਤਾ ਦਾ ਨਜ਼ਦੀਕੀ ਰਿਸ਼ਤੇਦਾਰ ਹੈ, ਮੈਂ ਕਿਸੇ ਦਾ ਨਾਮ ਨਹੀਂ ਲਿਆ। ਮੈਂ ਆਸ਼ਵਾਸਨ ਚਾਹੁੰਦਾ ਹਾਂ ਕਿ ਹੁਣ ਉਸ ਦੇ ਪ੍ਰਭਾਵ ਅੱਗੇ ਪੈਨਲਟੀ ਵੈਵ-ਆਫ ਨਹੀਂ ਹੋਵੇਗੀ ?

**MR. SPEAKER :** No. Not allowed. Next Question Dr. Upinderjit Kaur Ji.

---

## ਪਲੈਨ ਸੜਕਾਂ ਦੀ ਮੁਰੰਮਤ

*1273. ਡਾਕਟਰ ਉਪਿੰਦਰਜੀਤ ਕੌਰ : ਕੀ ਲੋਕ ਕਾਰਜ਼ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਕਪੂਰਥਲਾ ਵਿਚ ਅਜਿਹੀਆਂ ਪਲੈਨ ਸੜਕਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਹੜੀਆਂ ਖਸਤਾ ਹਾਲਤ ਵਿਚ ਹਨ ਅਤੇ ਇਨ੍ਹਾਂ ਦੀ ਕਦੋਂ ਤੱਕ ਮੁਰੰਮਤ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa :** There are 25 Number Plan Roads in District Kapurthala which need repairs. The repairs are likely to be completed during the year 2005 06.

**ਡਾਕਟਰ ਉਪਿੰਦਰਜੀਤ ਕੌਰ :** ਮਾਨਯੋਗ ਸਪੀਕਰ ਸਾਹਿਬ. ਜ਼ਿਲ੍ਹਾ ਕਪੂਰਥਲਾ ਵਿੱਚ ਕਪੂਰਥਲਾ ਨੂੰ ਜਿੰਨੀਆਂ ਵੀ ਅਪਰੋਚ ਰੋਡਜ਼ ਆਉਂਦੀਆਂ ਹਨ, ਉਨ੍ਹਾਂ ਦੀ ਬਹੁਤ ਮਾੜੀ ਹਾਲਤ ਹੈ । ਮੰਤਰੀ ਜੀ ਨੇ ਦੱਸਿਆ ਕਿ ਇਨ੍ਹਾਂ ਨੂੰ ਸਾਲ 2005-06 ਦੇ ਦੌਰਾਨ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ । ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹਾਂਗੀ ਕਿ ਯਕੀਨਨ ਬਣਾ ਕੇ ਦੱਸਿਆ ਜਾਵੇ ਕਿ ਕਿਸ ਮਿਤੀ ਤੱਕ ਇਹ ਕਾਰਜ਼ ਮੁਕੰਮਲ ਹੋ ਜਾਏਗਾ ? ਦੂਸਰਾ ਸਵਾਲ ਇਹ ਹੈ ਕਿ ਇਨ੍ਹਾਂ 25 ਸੜਕਾਂ ਵਿਚੋਂ 8 ਸੜਕਾਂ ਵਿਧਾਨ ਸਭਾ ਹਲਕਾ ਸੁਲਤਾਨਪੁਰ ਵਿੱਚ ਪੈਂਦੀਆਂ ਹਨ, ਜਿਨ੍ਹਾਂ ਦੀ ਬਹੁਤ ਮਾੜੀ ਹਾਲਤ ਹੈ । ਕਪੂਰਥਲਾ ਤੋਂ ਸੁਲਤਾਨਪੁਰ ਲੋਧੀ ਵਾਇਆ ਫੱਤੂ ਢੀਂਗਾ ਰੋਡ ਦੀ ਇੰਨੀ ਮਾੜੀ ਹਾਲਤ ਹੈ ਕਿ ਉਥੋਂ ਗੱਡੀ ਲੈ ਕੇ ਚੱਲਣਾ ਮੌਹਾਲ ਹੈ । ਮੇਰਾ ਮੰਤਰੀ ਜੀ ਨੂੰ ਅਤੇ ਮੁੱਖ ਮੰਤਰੀ ਜੀ ਨੂੰ ਜ਼ਿਕਰ ਹੈ ਕਿ ਉਹ ਉਸ ਸੜਕ ਤੋਂ ਇੱਕ ਵਾਰੀ ਗੱਡੀ ਚਲਾ ਕੇ ਦੇਖ ਲੈਣ, ਇਨ੍ਹਾਂ ਨੂੰ ਖੁਦ ਜਾਣਕਾਰੀ ਹੋ ਜਾਵੇਗੀ ਕਿ ਉਸ ਸੜਕ ਦੀ ਕਿੰਨੀ ਮਾੜੀ ਹਾਲਤ ਹੈ......

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ ।

**ਡਾਕਟਰ ਉਪਿੰਦਰਜੀਤ ਕੌਰ :** ਕਿਰਪਾ ਕਰਕੇ ਮੰਤਰੀ ਜੀ ਦੱਸਣਗੇ ਕਿ......

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ ।

**ਡਾਕਟਰ ਉਪਿੰਦਰਜੀਤ ਕੌਰ :** ਮੈਂ ਉਹੀ ਕਰਨ ਲੱਗੀ ਹਾਂ । ਕੀ ਕਿਰਪਾ ਕਰਕੇ ਮੰਤਰੀ ਜੀ ਦੱਸਣਗੇ ਕਿ ਕਪੂਰਥਲਾ ਸੁਲਤਾਨਪੁਰ ਲੋਧੀ ਵਾਇਆ ਫੱਤੂ ਢੀਂਗਾ ਰੋਡ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ, ਵਿਸ਼ੇਸ਼ ਕਰਕੇ ਕਪੂਰਥਲਾ ਤੋਂ ਖੀਰਾਂਵਲੀ ਤੱਕ ਦਾ ਸੈਕਸ਼ਨ......

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਆ ਗਿਆ ਹੈ । ਹਾਂ ਜੀ, ਬਾਜਵਾ ਜੀ ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਨੂੰ ਸਾਡੇ ਆਨਰੇਬਲ ਮੈਂਬਰ ਦੀ ਬੜੀ ਇੱਜ਼ਤ ਹੈ । ਜੋ ਇਨ੍ਹਾਂ ਨੇ ਰੋਡਜ਼ ਪ੍ਰਤੀ ਕਨਸਰਨ ਦਿਖਾਇਆ ਹੈ, ਉਹ ਬਿਲਕੁੱਲ ਠੀਕ ਹੈ । ਇਨ੍ਹਾਂ ਦੇ ਹੁਕਮ ਦੀ ਪਾਲਣਾ ਕਰਕੇ ਮੈਂ ਆਪਣਾ ਚੀਫ ਇੰਜੀਨੀਅਰ ਇਨ੍ਹਾਂ ਕੋਲ ਘੱਲਿਆ ਸੀ ਅਤੇ ਉਸ ਨੇ ਜਾ ਕੇ ਮਿਲ ਕੇ ਇਨ੍ਹਾਂ ਦੀ ਤਸੱਲੀ ਵੀ ਕਰਵਾਈ ਹੈ । ਪਿੱਛੇ ਫੰਡਜ਼ ਦੀ ਅਵੇਲੇਬਿਲਟੀ ਨਾ ਹੋਣ ਕਰਕੇ ਪ੍ਰਾਬਲਮ ਸੀ । ਮੈਂ ਇਸ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਤਕਰੀਬਨ 268 ਕਿਲੋਮੀਟਰ ਰੋਡਜ਼ ਬਣਦੀਆਂ ਹਨ, ਜਿਹੜੀਆਂ ਮੇਜਰ ਡਿਸਟ੍ਰਿਕਟ ਰੋਡਜ਼ ਹਨ ਅਤੇ ਅਦਰ ਡਿਸਟ੍ਰਿਕਟ ਰੋਡਜ਼ ਹਨ, ਇਸ ਸਾਲ ਸਾਰੀਆਂ ਮੋਟਰੇਬਲ ਕੀਤੀਆਂ ਜਾਣਗੀਆਂ । ਇਨ੍ਹਾਂ ਦੇ ਹੁਕਮ ਦੀ ਪਾਲਣਾ ਵੀ ਬਕਾਇਦਾ ਤੌਰ ਤੇ ਕੀਤੀ ਜਾਵੇਗੀ । ਮੈਂ ਇਹ ਯਕੀਨ ਦਿਵਾਉਂਦਾ ਹਾਂ ।

**ਡਾਕਟਰ ਉਪਿੰਦਰਜੀਤ ਕੌਰ :** ਧੰਨਵਾਦ ਜੀ ।

---

### ਐਸ.ਏ.ਐਸ. ਨਗਰ, ਮੁਹਾਲੀ ਵਿਖੇ ਪਾਣੀ ਦੀ ਕਮੀ

*1043. **ਸਰਦਾਰ ਬੀਰ ਦਵਿੰਦਰ ਸਿੰਘ :** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੱਧ ਤੋਂ ਵੱਧ ਲੋੜ ਦੇ ਸਮੇਂ ਐਸ.ਏ.ਐਸ. ਨਗਰ, ਮੁਹਾਲੀ ਵਿਖੇ ਅਜਿਹੇ ਸਾਰੇ ਸੈਕਟਰਾਂ ਲਈ ਪਾਣੀ ਦੀ ਕੁੱਲ ਕਿੰਨੀ ਮਾਤਰਾ ਦੀ ਲੋੜ ਹੁੰਦੀ ਹੈ ਜੋ ਅਜੇ ਤੱਕ ਮਿਊਂਸਪਲ ਕੌਂਸਿਲ, ਮੁਹਾਲੀ, ਜ਼ਿਲ੍ਹਾ ਰੋਪੜ ਨੂੰ ਤਬਦੀਲ ਨਹੀਂ ਕੀਤੇ ਗਏ ਹਨ;

(ਅ) ਅਜਿਹੇ ਹਰ ਇਕ ਸੈਕਟਰ ਵਿੱਚ ਕਿੰਨੇ ਟਿਊਬਵੈਲ ਚਲ ਰਹੇ ਹਨ ਅਤੇ ਉਕਤ ਹਰ ਇਕ ਟਿਊਬਵੈਲ ਦੁਆਰਾ ਪਾਣੀ ਦੀ ਕਿੰਨੀ-ਕਿੰਨੀ ਮਾਤਰਾ ਦੀ ਨਿਕਾਸੀ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਲਈ ਕਿੰਨਾ-ਕਿੰਨਾ ਨਹਿਰੀ ਪਾਣੀ ਮੁਹੱਈਆ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੇ ਪੰਜ ਸਾਲਾਂ ਦੌਰਾਨ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀ ਰਘੂਨਾਥ ਸਹਾਏ ਪੁਰੀ :** (ੳ) ਅਤੇ (ਅ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ੲ) ਮੁਹਾਲੀ ਵਿਖੇ ਉਹ ਸੈਕਟਰ ਜਿਹੜੇ ਮਿਉਂਸਿਪਲ ਕੌਂਸਲ ਨੂੰ ਨਹੀਂ ਸੌਂਪੇ ਗਏ, ਉਨ੍ਹਾਂ ਦੀ ਪੀਕ ਸੀਜ਼ਨ ਦੌਰਾਨ ਪਾਣੀ ਦੀ ਕੁੱਲ ਮੰਗ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਸੈਕਟਰ | ਪਾਣੀ ਦੀ ਮੰਗ | |
|---|---|---|---|
| | | ਅੰਤਿਮ ਮੰਗ | ਮੌਜੂਦਾ ਮੰਗ |
| 1. | ਸੈਕਟਰ-66 | 851000 ਗੈਲਨ ਪ੍ਰਤੀ ਦਿਨ | 310000 ਗੈਲਨ ਪ੍ਰਤੀ ਦਿਨ |
| 2. | ਸੈਕਟਰ-67 | 580000 | 92450 |
| 3. | ਸੈਕਟਰ-68 | 1491000 | 613000 |
| 4. | ਸੈਕਟਰ-69 | 1176000 | 450000 |
| 5. | ਸੈਕਟਰ-71 | 1875000 | 1125000 |

ਸ) ਹਰ ਇੱਕ ਅਜਿਹੇ ਸੈਕਟਰ ਵਿਖੇ ਕੰਮ ਕਰ ਰਹੇ ਟਿਊਬਵੈਲਾਂ ਦੀ ਗਿਣਤੀ ਅਤੇ ਪ੍ਰਤੀ ਟਿਊਬਵੈਲ ਡਿਸਚਾਰਜ ਅਤੇ ਨਹਿਰੀ ਪਾਣੀ ਦੀ ਇਨ੍ਹਾਂ ਸੈਕਟਰਾਂ ਵਿੱਚ ਉਪਲਬਧਤਾ ਬਾਰੇ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਸੈਕਟਰ | ਟਿਊਬਵੈਲਾਂ ਦੀ ਗਿਣਤੀ ਅਤੇ ਉਨ੍ਹਾਂ ਦਾ ਡਿਸਚਾਰਜ | ਨਹਿਰੀ ਪਾਣੀ ਦੀ ਉਪਲਬਧਤਾ |
|---|---|---|---|
| 1. | ਸੈਕਟਰ-66 | ਕੁੱਲ ਟਿਊਬਵੈਲ : 4 ਨੰਬਰ<br>ਔਸਤਨ ਡਿਸਚਾਰਜ ਪ੍ਰਤੀ ਟਿਊਬਵੈਲ : 12,400 ਗੈਲਨ ਪ੍ਰਤੀ ਘੰਟਾ<br>ਪ੍ਰਤੀ ਦਿਨ ਸਾਰੇ ਟਿਊਬਵੈਲਾਂ ਦੇ ਕੁੱਲ ਕਾਰਜੀ ਘੰਟੇ : 25 ਘੰਟੇ<br>ਪਾਣੀ ਦੀ ਕੁਲ ਉਪਲਬਧਤਾ : 3,10,000 ਗੈਲਨ ਪ੍ਰਤੀ ਦਿਨ | ਨਿੱਲ |

[ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ]

| 1 | 2 | 3 | 4 |
|---|---|---|---|
| | | ਪਾਣੀ ਦੀ ਉਪਲਬਧਤਾ : 12400 × 25 : 310000 ਗੈਲਨ/ਪ੍ਰਤੀ ਦਿਨ | |
| 2. | ਸੈਕਟਰ-67 | ਕੁੱਲ ਟਿਊਬਵੈਲ 3 ਨੰਬਰ | ਨਿੱਲ |
| | | ਔਸਤਨ ਡਿਸਚਾਰਜ ਪ੍ਰਤੀ ਟਿਊਬਵੈਲ : 10,000 ਗੈਲਨ ਪ੍ਰਤੀ ਘੰਟਾ | ਨਿੱਲ |
| | | ਪ੍ਰਤੀ ਦਿਨ ਸਾਰੇ ਟਿਊਬਵੈਲਾਂ ਦੇ ਕੁਲ ਕਾਰਜੀ ਘੰਟੇ : 9.5 ਘੰਟੇ | |
| | | ਪਾਣੀ ਦੀ ਕੁੱਲ ਉਪਲਬਧਤਾ : 95,000 ਗੈਲਨ ਪ੍ਰਤੀ ਦਿਨ | |
| | | ਪਾਣੀ ਦੀ ਉਪਲਬਧਤਾ : 95000 × 9.5 : 95000 ਗੈਲਨ/ਪ੍ਰਤੀ ਦਿਨ | |
| 3. | ਸੈਕਟਰ-68 | ਕੁੱਲ ਟਿਊਬਵੈਲ : 7 ਨੰਬਰ | |
| | | ਔਸਤਨ ਡਿਸਚਾਰਜ ਪ੍ਰਤੀ ਟਿਊਬਵੈਲ : 10 285 ਗੈਲਨ ਪ੍ਰਤੀ ਘੰਟਾ | ਨਿੱਲ |
| | | ਪ੍ਰਤੀ ਦਿਨ ਸਾਰੇ ਟਿਊਬਵੈਲਾਂ ਦੇ ਕੁਲ ਕਾਰਜੀ ਘੰਟੇ : 60 ਘੰਟੇ | |
| | | ਪਾਣੀ ਦੀ ਕੁਲ ਉਪਲਬਧਤਾ : 6,17,000 ਗੈਲਨ ਪ੍ਰਤੀ ਦਿਨ | |
| | | ਪਾਣੀ ਦੀ ਉਪਲਬਧਤਾ : 6,17,000 × 60 : 6170000 ਗੈਲਨ/ਪ੍ਰਤੀ ਦਿਨ | |
| 4. | ਸੈਕਟਰ-69 | ਕੁੱਲ ਟਿਊਬਵੈਲ : 6 ਨੰਬਰ | |
| | | ਔਸ਼ਤਨ ਡਿਸਚਾਰਜ ਪ੍ਰਤੀ ਟਿਊਲਵੈਲ : 9,000 ਗੈਲਨ ਪ੍ਰਤੀ ਘੰਟਾਂ | ਨਿੱਲ |

| 1 | 2 | 3 | 4 |
|---|---|---|---|
| | | ਪ੍ਰਤੀ ਦਿਨ ਸਾਰੇ ਟਿਊਬਵੈਲਾਂ ਦੇ ਕੁਲ ਕਾਰਜੀ ਘੰਟੇ : 50 ਘੰਟੇ<br>ਪਾਣੀ ਦੀ ਕੁਲ ਉਪਲਬਧਤਾ : 4,50,000 ਗੈਲਨ ਪ੍ਰਤੀ ਦਿਨ<br>ਪਾਣੀ ਦੀ ਉਪਲਬਧਤਾ : 9000 × 50 ; 450000 ਗੈਲਨ/ਪ੍ਰਤੀ ਦਿਨ | |
| 5. | ਸੈਕਟਰ 71 | ਕੁੱਲ ਟਿਊਬਵੈਲ : 8 ਨੰਬਰ (ਇਨ੍ਹਾਂ ਵਿਚੋਂ ਇਕ ਟਿਊਬਵੈਲ ਸੈਕਟਰ 70 ਵਿਖੇ ਲੱਗਿਆ ਹੋਇਆ ਨਿੱਲ ਹੈ ਅਤੇ ਸੈਕਟਰ 71 ਵਿਚ ਜੋੜਿਆ ਗਿਆ ਹੈ) ।<br>ਔਸਤਨ ਡਿਸਚਾਰਜ ਪ੍ਰਤੀ ਟਿਊਬਵੈਲ : 5,860 ਗੈਲਨ ਪ੍ਰਤੀ ਘੰਟਾਂ<br>ਪ੍ਰਤੀ ਦਿਨ ਸਾਰੇ ਟਿਊਬਵੈਲਾਂ ਦੇ ਕੁੱਲ ਕਾਰਜੀ ਘੰਟੇ : 128 ਘੰਟੇ<br>ਪਾਣੀ ਦੀ ਕੁੱਲ ਉਪਲਬਧਤਾ : 7,50,000 ਗੈਲਨ ਪ੍ਰਤੀ ਦਿਨ<br>ਪਾਣੀ ਦੀ ਉਪਲਬਧਤਾ : 750000 × 128 : 750000 ਗੈਲਨ/ਪ੍ਰਤੀ ਦਿਨ | |

ਪਾਣੀ ਦੀ ਮੰਗ ਅਤੇ ਪਾਣੀ ਦੀ ਉਪਲਬਧਤਾ ਵਿਚ ਫਰਕ ਕਾਰਨ ਸੈਕਟਰ 71 ਮੋਹਾਲੀ ਵਿਖੇ ਦੋ ਹੋਰ ਟਿਊਬਵੈਲਾਂ ਦੇ ਲਗਾਉਣ ਦੀ ਤਜਵੀਜ਼ ਹੈ ਜੋ ਕਿ ਗਰਮੀ ਦੇ ਮੌਸਮ ਤੋਂ ਪਹਿਲਾ ਹੀ ਲਗਾ ਦਿੱਤੇ ਜਾਣਗੇ । ਪਾਣੀ ਦੀ ਸਪਲਾਈ ਨੂੰ ਵਧਾਉਣ ਲਈ ਕਜੌਲੀ ਤੋਂ ਮੁਹਾਲੀ ਤੱਕ 20 ਐਮ ਜੀ ਡੀ ਦੀ ਪਾਈਪ ਲਾਈਨ ਲਿਆਉਣ ਲਈ ਇਕ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਗਈ ਹੈ ਜੋ ਕਿ ਵਿਚਾਰ ਅਧੀਨ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਜੋ ਸੂਚਨਾ ਇਨ੍ਹਾਂ ਨੇ ਸਦਨ ਦੇ ਮੇਜ਼ ਤੇ ਰੱਖੀ ਹੈ, ਉਸ ਦੇ ਮੁਤਾਬਿਕ ਮੁਹਾਲੀ ਵਿੱਚ ਪਾਣੀ ਦੀ ਜਿਹੜੀ ਅਲਟੀਮੇਟ ਡਿਮਾਂਡ ਹੈ, ਉਹ 6 ਮਿਲੀਅਨ ਗੈਲਨ ਪਰ ਡੇਅ ਬਣਦੀ ਹੈ ਅਤੇ ਅਵੇਲੇਬਿਲਟੀ 2.2 ਮਿਲੀਅਨ ਗੈਲਨ ਹੈ । ਇਸ ਤਰ੍ਹਾਂ ਪਾਣੀ ਦੀ 63% ਪ੍ਰਤੀਸ਼ਤ

[ਸਰਦਾਰ ਬੀਰ ਦਵਿੰਦਰ ਸਿੰਘ]

ਸ਼ਾਰਟੇਜ਼ ਹੈ । ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਇਸ ਪੀਕ ਸੀਜ਼ਨ ਵਿੱਚ ਪਾਣੀ ਦੀ 63 ਪ੍ਰਤੀਸ਼ਤ ਸ਼ਾਰਟੇਜ਼ ਨੂੰ ਮੀਟ ਕਰਨ ਦੇ ਵਾਸਤੇ ਇਨ੍ਹਾਂ ਨੇ ਅੱਜ ਤੱਕ ਕੀ ਉਪਰਾਲੇ ਕੀਤੇ ਹਨ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਪੀਕ ਸੀਜ਼ਨ ਵਿੱਚ ਵੀ ਮੁਹਾਲੀ ਵਿੱਚ ਪਾਣੀ ਦੀ ਕੋਈ ਸਮੱਸਿਆ ਨਹੀਂ ਹੋਏਗੀ । 71 ਸੈਕਟਰ ਦੇ ਵਿੱਚ ਥੋੜ੍ਹੀ ਸਮੱਸਿਆ ਸੀ, ਉਥੇ ਦੋ ਟਿਊਬਵੈਲਾਂ ਦੇ ਟੈਂਡਰ ਕਰ ਚੁੱਕੇ ਹਾਂ ਅਤੇ ਪੀਕ ਸੀਜ਼ਨ ਤੋਂ ਪਹਿਲਾਂ ਪਹਿਲਾਂ ਇਹ ਲੱਗ ਜਾਣਗੇ ।

**ਸਰਦਾਰ ਬੀਰ ਦਵਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਪੀਕ ਸੀਜ਼ਨ ਦੌਰਾਨ ਮੁਹਾਲੀ ਵਿੱਚ ਪੰਜ ਸਾਲਾਂ ਦੀ ਡਿਮਾਂਡ ਵਰਕ ਆਊਟ ਕੀਤੀ ਹੈ, ਉਸ ਵਿੱਚ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 76-80 ਤੱਕ ਨਵੇਂ ਸੈਕਟਰ ਹਨ, ਉਨ੍ਹਾਂ ਦੀ ਪਾਣੀ ਦੀ ਡਿਮਾਂਡ ਨੂੰ ਮੀਟ ਕਰਨ ਵਾਸਤੇ ਕੀ ਉਪਰਾਲੇ ਕੀਤੇ ਹਨ ਅਤੇ ਜਿਹੜੀ ਕਜੌਲੀ ਵਾਟਰ ਵਰਕਸ ਤੋਂ ਫੋਰਥ ਫੇਜ਼ ਦੀ ਆਗੂਮੈਂਟੇਸ਼ਨ ਹੈ, ਉਸ ਵਾਸਤੇ ਇਨ੍ਹਾਂ ਨੇ ਆਪਣੇ ਜਵਾਬ ਵਿੱਚ ਜਿਕਰ ਕੀਤਾ ਹੈ, ਜੋ ਕਰੰਟ ਫਾਇਨਾਂਸ਼ੀਅਲ ਬਜਟ ਹੈ, ਇਸ ਦੀ ਕੰਪਲੀਸ਼ਨ ਵਾਸਤੇ ਉਸ ਦੇ ਵਿੱਚ ਕੀ ਪ੍ਰੋਵੀਜ਼ਨ ਕੀਤੀ ਹੈ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਡੇਅ ਬਾਇ ਡੇਅ ਪਾਣੀ ਨੀਵਾਂ ਜਾ ਰਿਹਾ ਹੈ । ਇਸ ਦਾ ਹੱਲ ਤਾਂ ਇਹੀ ਹੈ ਕਿ ਭਾਖੜਾ ਮੇਨ ਲਾਈਨ ਕਜੌਲੀ ਤੋਂ 25 ਕਿਲੋਮੀਟਰ ਪਾਈਪ ਲਾਈਨ ਪਾਈ ਜਾਵੇ ਪਰ ਇਸ ਤੇ 60 ਕਰੋੜ ਰੁਪਏ ਖਰਚ ਆਏਗਾ । ਇਹ ਰਕਮ ਵੱਡੀ ਹੈ । ਇਹ ਮਿਉਂਸਿਪਲ ਕਮੇਟੀ, ਮੁਹਾਲੀ, ਪਲਾਨ ਆਫ ਫੰਡ ਅਤੇ ਪੀ.ਆਈ.ਡੀ.ਸੀ. ਫਾਇਨਾਂਸ਼ੀਅਲ ਇੰਸਟੀਚਿਊਸ਼ਨ ਔਰ ਬੈਂਕਾਂ ਰਾਹੀਂ ਇਸ ਦਾ ਇੰਤਜ਼ਾਮ ਕਰਾਂਗੇ ਔਰ ਪਾਣੀ ਦੀ ਕੋਈ ਸਮੱਸਿਆ ਨਹੀਂ ਆਵੇਗੀ । ਕਿਉਂਕਿ ਮੈਂ ਅੱਗੇ ਵੀ ਕਹਿ ਚੁੱਕਾ ਹਾਂ ਕਿ ਇਸ ਵੇਲੇ ਜਿੰਨਾ ਪਾਣੀ ਚਾਹੀਦਾ ਹੈ, ਉਸ ਤੋਂ ਵੱਧ ਪਾਣੀ ਆ ਰਿਹਾ ਹੈ । ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਭਾਈ ਘਨੱਈਆ ਜੀ ਵਲੋਂ ਹਰ ਇਕ ਨੂੰ ਪਾਣੀ ਪਿਲਾਇਆ ਗਿਆ ਸੀ । ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਵੀ ਇਹ ਇੱਛਾ ਹੈ ਔਰ ਮੈਂ ਵਾਅਦਾ ਕਰਦਾ ਹਾਂ ਕਿ ਮੁਹਾਲੀ ਵਿੱਚ ਪਾਣੀ ਦੀ ਕੋਈ ਸਮੱਸਿਆ ਨਹੀਂ ਆਵੇਗੀ ।

**ਮਾਨਯੋਗ ਸਪੀਕਰ :** ਜਵਾਬ ਆ ਗਿਆ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਬਹੁਤ ਜ਼ਰੂਰੀ ਸਵਾਲ ਹੈ । ਇਸ ਵੇਲੇ ਮੁਹਾਲੀ ਵਿੱਚ ਅੱਠ ਘੰਟੇ ਪਾਣੀ ਦੀ ਸਪਲਾਈ ਮਿਲ ਰਹੀ ਹੈ ਪਰ ਮੰਤਰੀ ਜੀ ਜੋ ਬਿਆਨ ਦੇ ਰਹੇ ਹਨ, ਇਹ ਤੱਥਾਂ ਤੋਂ ਬਿਲਕੁਲ ਕੋਰੇ ਹਨ । ਤਿੰਨ ਘੰਟੇ ਸਵੇਰੇ, ਦੋ ਘੰਟੇ ਦੁਪਹਿਰ ਅਤੇ ਤਿੰਨ ਘੰਟੇ ਸ਼ਾਮ ਨੂੰ ਪਾਣੀ ਸਪਲਾਈ ਹੋ ਰਿਹਾ ਹੈ । ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਪੀਕ ਸੀਜ਼ਨ ਆਵੇਗਾ ਤਾਂ ਇਹ

ਪਾਣੀ ਦਾ ਪ੍ਰਬੰਧ ਕਿਵੇਂ ਕਰਨਗੇ ਕਿਉਂਕਿ ਬਜਟ ਦਾ ਹਾਲੇ ਤੱਕ ਪ੍ਰਬੰਧ ਨਹੀਂ ਕੀਤਾ ਗਿਆ ? ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਪਾਣੀ ਦੀ ਆਗੂਮੈਂਟੇਸ਼ਨ ਸਕੀਮ ਹੈ ਇਸ ਦੇ ਲਈ ਕਿਹੜੇ ਫਾਈਨਾਂਸ਼ੀਅਲ ਰਿਸੋਰਸਿਜ਼ ਤੋਂ ਇੰਤਜ਼ਾਮਾਤ ਕਰਕੇ ਪਾਣੀ ਦੀ ਸਮੱਸਿਆ ਨੂੰ ਕਿਵੇਂ ਦੂਰ ਕੀਤਾ ਜਾਵੇਗਾ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਠ ਘੰਟੇ ਪਾਣੀ ਦੀ ਸਪਲਾਈ ਸਫੀਸ਼ੈਂਟ ਹੁੰਦੀ ਹੈ, ਉਸ ਦੇ ਨਾਲ ਪਾਣੀ ਦੀ ਪੂਰੀ ਸਪਲਾਈ ਹੋ ਜਾਂਦੀ ਹੈ । ਜੇਕਰ ਜ਼ਿਆਦਾ ਪਾਣੀ ਦੀ ਜ਼ਰੂਰਤ ਹੋਵੇਗੀ ਤਾਂ ਉਹ ਵੀ ਕਰ ਦਿਆਂਗੇ ।

**ਮਾਨਯੋਗ ਸਪੀਕਰ** : ਚੰਡੀਗੜ੍ਹ ਵਿਚ ਵੀ ਇੰਨੀ ਕੁ ਹੀ ਹੈ । ਨੈਕਸਟ ਕੁਐਸਚਨ, ਸਰਦਾਰ ਬੀਰ ਦਵਿੰਦਰ ਸਿੰਘ ਜੀ ।

---

## ਪੱਟੇਨਾਮੇ ਵਿੱਚ ਵਾਧਾ

*1044. **ਸਰਦਾਰ ਬੀਰ ਦਵਿੰਦਰ ਸਿੰਘ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁੱਖ ਪ੍ਰਬੰਧਕ ਪੁੱਡਾ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਫੇਜ਼-7, ਐਸ.ਏ.ਐਸ. ਨਗਰ, ਮੁਹਾਲੀ ਵਿੱਚ ਉਸ ਇਮਾਰਤ ਦੇ ਪੱਟੇਨਾਮੇ ਦਾ ਸਮਾਂ ਵਧਾਉਣ ਲਈ ਕੋਈ ਸੂਚਨਾ ਪ੍ਰਾਪਤ ਹੋਈ ਸੀ, ਜਿੱਥੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਲਾਇਬ੍ਰੇਰੀ-ਕਮ-ਐਕਸਟੈਂਸ਼ਨ ਸੈਂਟਰ ਚਲਾ ਰਹੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ ?

**ਸ੍ਰੀ ਰਘੂ ਨਾਥ ਸਹਾਏ ਪੁਰੀ** : ਹਾਂ ਜੀ । ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਲੀਜ਼ ਡੀਡ ਦੇ ਸਮੇਂ ਵਿੱਚ 30 ਸਾਲਾਂ ਲਈ ਵਾਧਾ ਕਰਨ ਬਾਰੇ ਪੱਤਰ ਪ੍ਰਾਪਤ ਹੋਇਆ ਸੀ । ਯੂਨੀਵਰਸਿਟੀ ਦੀ ਇਸ ਬੇਨਤੀ ਤੇ ਕਾਰਵਾਈ ਕਰਦਿਆਂ ਹੋਇਆਂ ਲੀਜ਼ ਡੀਡ ਦੇ ਸਮੇਂ ਵਿੱਚ 10 ਸਾਲ ਦਾ ਹੋਰ ਵਾਧਾ ਭਾਵ ਮਿਤੀ 11.12.2005 ਤੋਂ 10.12.2015 ਤੱਕ ਕਰ ਦਿੱਤਾ ਗਿਆ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਪੱਤਰ ਪੁੱਡਾ ਨੂੰ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਾਪਤ ਹੋਇਆ ਸੀ ਉਸ ਵਿਚ ਕਿਹੜੀਆਂ ਕਿਹੜੀਆਂ ਤਿੰਨ ਇੰਪਾਰਟੈਂਟ ਡਿਮਾਂਡਜ਼ ਸਨ ਔਰ ਜਿਹੜੀਆਂ ਦੋ ਡਿਮਾਂਡਜ਼ ਹੋਰ ਰੱਖੀਆਂ ਸਨ, ਉਹ ਪੂਰੀਆਂ ਕਿਉਂ ਨਹੀਂ ਕੀਤੀਆਂ ਗਈਆਂ ਹਨ ਔਰ ਉਸ ਪੱਤਰ ਦੇ ਵੇਰਵੇ ਕੀ ਹਨ ?

**ਮੰਤਰੀ** : ਸਪੀਕਰ ਸਾਹਿਬ, ਇੱਕ ਡਿਮਾਂਡ ਦੇ ਬਾਰੇ ਮੈਂ ਦੱਸ ਹੀ ਚੁੱਕਿਆ ਹਾਂ ਕਿ 10 ਸਾਲ ਲਈ ਲੀਜ਼ ਵਧਾ ਦਿੱਤੀ ਜਾਵੇ, ਉਹ ਵਧਾ ਦਿੱਤੀ ਗਈ ਹੈ । ਦੂਜੀ ਡਿਮਾਂਡ ਇਹ ਸੀ ਕਿ ਉਥੇ ਬਿਲਡਿੰਗ ਦੇ ਉਪਰ ਹੋਰ ਸਟੱਰਕਚਰ ਰੇਂਜ਼ ਕਰਨਾ ਚਾਹੁੰਦੇ ਸਨ ਜਿਸ ਬਾਰੇ ਸਾਡੇ ਇੰਜੀਨੀਅਰ ਜੋ ਸਨ, ਉਨ੍ਹਾਂ ਨੇ ਅਲਾਓ ਨਹੀਂ ਕੀਤਾ । ਮੈਂ ਉਸ ਪੱਤਰ ਦੇ ਵੇਰਵੇ ਔਰ ਸਟਰੱਕਚਰ ਰੇਂਜ਼ ਕਰਨ ਬਾਰੇ ਚੈਕ ਕਰਵਾ ਲਵਾਂਗਾ, ਜੇਕਰ ਠੀਕ ਹੋਇਆ ਤਾਂ ਯੂਨੀਵਰਸਿਟੀ ਨੂੰ ਇਜਾਜ਼ਤ ਦੇ ਦਿੱਤੀ ਜਾਵੇਗੀ ।

**ਸਰਦਾਰ ਬੀਰ ਦਵਿੰਦਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਵਾਈਸ ਚਾਂਸਲਰ ਵਲੋਂ ਪੱਤਰ ਮਿਤੀ 20.1.2004 ਨੂੰ ਚੀਫ ਐਡਮਨਿਸਟ੍ਰੇਟਰ, ਪੁੱਡਾ ਨੂੰ ਲਿਖਿਆ ਗਿਆ ਹੈ । ਉਸ ਮਿਤੀ ਤੋਂ ਬਾਅਦ ਉਨ੍ਹਾਂ ਵਲੋਂ ਕੋਈ ਵੀ ਜਵਾਬ ਨਹੀਂ ਦਿੱਤਾ ਗਿਆ, ਇਕ ਤਾਂ ਮੈਂ ਇਹ ਜਾਣਨਾ ਚਾਹਾਂਗਾ ਕਿ ਇਸ ਯੂਨੀਵਰਸਿਟੀ ਦੀ ਕਮਿਊਨਿਕੇਸ਼ਨ, ਦਾ ਹੁਣ ਤੱਕ ਉਸ ਪੱਤਰ ਦਾ ਜਵਾਬ ਨਹੀਂ ਦਿੱਤਾ ਗਿਆ, ਇਹ ਕਿਉਂ ਜਰੂਰੀ ਨਹੀਂ ਸਮਝਿਆ ਗਿਆ । ਦੂਸਰਾ ਇਹ ਹੈ ਕਿ ਡਿਮਾਂਡ ਉਨ੍ਹਾਂ ਦੀ ਸੀ ਕਿ ਮੌਜੂਦਾ ਲਾਇਬਰੇਰੀ ਦੀ ਬਿਲਡਿੰਗ ਦੇ ਨਾਲ ਯੂਨੀਵਰਸਿਟੀ ਨੂੰ ਜਗ੍ਹਾ ਅਲਾਟ ਕਰਕੇ, ਉਥੇ ਤਿੰਨ ਮੰਜ਼ਲੀ ਬਿਲਡਿੰਗ ਉਸਾਰਨ ਦੀ ਪ੍ਰਵਾਨਗੀ ਦਿੱਤੀ ਜਾਵੇ । ਯੂਨੀਵਰਸਿਟੀ ਉਥੇ ਇਸ ਸੈਂਟਰ ਨੂੰ ਐਕਸਪੈਂਡ ਕਰਨਾ ਚਾਹੁੰਦੀ ਸੀ । ਲੇਕਿਨ ਇੱਕ ਸਾਲ ਵਿੱਚ ਪੁੱਡਾ ਵਲੋਂ ਉਸ ਚਿੱਠੀ ਦਾ ਜਵਾਬ ਹੀ ਨਹੀਂ ਦਿੱਤਾ, ਇਸ ਦੀ ਕੀ ਵਜ੍ਹਾ ਹੈ ? ਇਨ੍ਹਾਂ ਵਲੋਂ ਉਸ ਪੱਤਰ ਨੂੰ ਇੰਨੀ ਅਣਗਹਿਲੀ ਨਾਲ ਕਿਉਂ ਵਿਚਾਰਿਆ ਗਿਆ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਥੋਂ ਤੱਕ ਚਿੱਠੀ ਦੀ ਗੱਲ ਹੈ, ਉਸ ਬਾਰੇ ਮੈਂ ਪਤਾ ਕਰ ਲਵਾਂਗਾ । ਜੇਕਰ ਇਸ ਤਰ੍ਹਾਂ ਹੋਇਆ ਤਾਂ ਉਸ ਬਾਰੇ ਜ਼ਰੂਰ ਕਾਰਵਾਈ ਕੀਤੀ ਜਾਵੇਗੀ ।

**ਮਾਨਯੋਗ ਸਪੀਕਰ** : ਨੈਕਸਟ ਕੁਐਸਚਨ ।

**ਸਰਦਾਰ ਬੀਰ ਦਵਿੰਦਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਡਿਮਾਂਡਜ਼ ਦੇ ਬਾਰੇ ਤਾਂ ਦੱਸਿਆ ਹੀ ਨਹੀਂ ਹੈ......

---

## ਜ਼ਿਲ੍ਹਾ ਟ੍ਰਾਂਸਪੋਰਟ ਅਫਸਰਾਂ ਦੇ ਕੰਮ-ਕਾਰ ਦਾ ਖੇਤਰ

*1219. **ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਜ਼ਿਲ੍ਹਾ ਟ੍ਰਾਂਸਪੋਰਟ ਅਫਸਰ ਦੇ ਕੰਮ-ਕਾਰ ਦਾ ਖੇਤਰ ਉਹੀ ਹੈ ਜੋ ਕਿ ਰੈਵੀਨਿਊ ਜ਼ਿਲ੍ਹੇ ਦਾ ਹੈ; ਜੇਕਰ ਨਹੀਂ, ਤਾਂ ਡੀ.ਟੀ.ਓਜ਼ ਦੇ ਕੰਮ-ਕਾਰ ਦੇ ਖੇਤਰ ਨੂੰ ਨਿਸ਼ਚਿਤ ਕਰਨ ਲਈ ਕੀ ਕਸੌਟੀ ਅਪਣਾਈ ਗਈ ਅਤੇ ਇਸ ਸਮੇਂ, ਜ਼ਿਲ੍ਹਾ ਟ੍ਰਾਂਸਪੋਰਟ ਅਫਸਰ, ਜਲੰਧਰ ਦੇ ਕੰਮ-ਕਾਰ ਦਾ ਖੇਤਰ ਕੀ ਹੈ ?

**ਸ੍ਰੀ ਮਹਿੰਦਰ ਸਿੰਘ ਕੇ.ਪੀ.** : ਹਾਂ ਜੀ । ਹਰ ਇਕ ਜ਼ਿਲ੍ਹਾ ਟਰਾਂਸਪੋਰਟ ਅਫਸਰ ਦਾ ਓਪਰੇਸ਼ਨ ਏਰੀਆ ਉਹੀ ਹੁੰਦਾ ਹੈ ਜੋ ਕਿ ਰਾਜ ਵਿੱਚ ਰੈਵੀਨਿਊ ਜ਼ਿਲ੍ਹੇ ਦਾ ਹੁੰਦਾ ਹੈ । ਫਿਰ ਵੀ ਟਰੈਫਿਕ ਚੈਕਿੰਗ ਦੇ ਮਾਮਲੇ ਵਿੱਚ ਇੱਕ ਜ਼ਿਲ੍ਹਾ ਟਰਾਂਸਪੋਰਟ ਅਫਸਰ ਨੂੰ ਦੂਸਰੇ ਜ਼ਿਲ੍ਹੇ ਵਿੱਚ ਚੈਕਿੰਗ ਕਰਨ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਗੱਡੀਆਂ ਦੇ ਚਲ ਰਹੇ ਓਪਰੇਸ਼ਨ ਨੂੰ ਰੋਕਣ ਲਈ ਕਿਹਾ ਜਾ ਸਕਦਾ ਹੈ । ਇਸ ਵੇਲੇ ਜ਼ਿਲ੍ਹਾ ਟਰਾਂਸਪੋਰਟ ਅਫਸਰ, ਜਲੰਧਰ ਨੂੰ ਉਸ ਦੇ ਅਧਿਕਾਰ ਖੇਤਰ ਤੋਂ ਇਲਾਵਾ ਹੋਰ ਵਾਧੂ ਏਰੀਆ ਨਹੀਂ ਦਿੱਤਾ ਗਿਆ । ਕੇਵਲ ਜ਼ਿਲ੍ਹਾ ਟਰਾਂਸਪੋਰਟ ਅਫਸਰ, ਕਪੂਰਥਲਾ, ਨਵਾਂਸ਼ਹਿਰ, ਮਾਨਸਾ ਅਤੇ ਫਰੀਦਕੋਟ ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਤੋਂ ਇਲਾਵਾ ਹੋਰ ਵਾਧੂ ਏਰੀਆ ਟਰੈਫਿਕ ਚੈਕਿੰਗ ਲਈ ਦਿੱਤਾ ਹੋਇਆ ਹੈ ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਮਾਨਯੋਗ ਸਪੀਕਰ ਸਾਹਿਬ, ਜੇ ਇੰਨੀ ਜ਼ਿਆਦਾ ਟ੍ਰੈਫਿਕ ਸਬੰਧੀ ਦਿੱਕਤ ਹੈ ਜਿਸ ਤਰ੍ਹਾਂ ਕਿ ਜਲੰਧਰ ਜ਼ਿਲ੍ਹੇ ਵਿਚ ਹੈ, ਸਰਕਾਰ ਜ਼ਿਲ੍ਹਿਆਂ ਨੂੰ ਉਸ ਹਿਸਾਬ ਨਾਲ ਰੀਸਟਰੱਕਚਰ ਕਰ ਲਵੇ, ਜੀ.ਟੀ. ਰੋਡ ਤੇ ਕਈ ਹਿੱਸਿਆਂ ਵਿਚ ਟ੍ਰੈਫਿਕ ਜ਼ਿਆਦਾ ਹੈ, ਉਸ ਹਿਸਾਬ ਨਾਲ ਡੀ.ਟੀ.ਓ. ਦੇ ਹਿੱਸੇ ਵਿਚ ਜ਼ਿਲ੍ਹਿਆਂ ਨੂੰ ਦੇਵੇ । ਦੂਜਾ ਮੇਰਾ ਸਵਾਲ ਹੈ, ਮੈਂ ਪੁੱਛਣਾ ਚਾਹੁੰਦਾ ਕਿ ਡੀ.ਟੀ.ਓ. ਟ੍ਰੈਫਿਕ ਨੂੰ ਚੁੰਗੀ ਲਈ ਖੜ੍ਹਾਉਂਦੇ ਹਨ, ਉਥੇ 500-700 ਟਰੱਕਾਂ ਦੀ ਲਾਈਨ ਲੱਗ ਜਾਂਦੀ ਹੈ, ਫਿਲੌਰ ਵਾਲੀ ਤਹਿਸੀਲ ਨਵਾਂ ਸ਼ਹਿਰ ਦੇ ਡੀ.ਟੀ.ਓ. ਨੂੰ ਦੇ ਦਿੱਤੀ ਹੈ ਤੇ ਫਗਵਾੜੇ ਵਾਲੀ ਤਹਿਸੀਲ ਕਪੂਰਥਲੇ ਵਾਲੇ ਡੀ.ਟੀ.ਓ. ਨੂੰ ਦਿੱਤੀ ਹੈ......

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਟਰੱਕਾਂ ਦੀ ਲਾਈਨ ਲੱਗ ਜਾਂਦੀ ਹੈ, ਇਸ ਨੂੰ ਠੀਕ ਕਰਾਉਣ ਲਈ ਕੀ ਮਾਨਯੋਗ ਟਰਾਂਸਪੋਰਟ ਮੰਤਰੀ ਜੀ ਕੋਈ ਉਪਰਾਲਾ ਕਰਨਗੇ ?

**MR. SPEAKER :** Arrangement for no congestion.

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਕੋਈ ਅਧਿਕਾਰੀ ਚੈਕਿੰਗ ਕਰਦਾ ਹੈ, ਉਸ ਤੋਂ ਜਿਹੜੇ ਟਰਾਂਸਪੋਰਟਰ ਹਨ, ਟਰੱਕ ਚਲਾਉਣ ਵਾਲੇ ਹਨ, ਉਹ ਆਪਣੇ ਟਰੱਕ ਬਾਹਰ ਪਾਰਕ ਕਰ ਦਿੰਦੇ ਹਨ । ਮੋਟਰ ਵਹੀਕਲ ਐਕਟ ਮੁਤਾਬਿਕ ਖੜ੍ਹੇ ਟਰੱਕ ਦਾ ਚਲਾਨ ਨਹੀਂ ਹੋ ਸਕਦਾ । ਚੈਕਿੰਗ ਹੁੰਦਿਆਂ ਹੀ ਸੜਕ ਤੇ ਟ੍ਰੈਫਿਕ ਰੁੱਕ ਜਾਂਦਾ ਹੈ । ਇਸ ਨੂੰ ਚਾਲੂ ਕਰਨ ਵਾਸਤੇ ਅਸੀਂ ਪੂਰੀ ਕੋਸ਼ਿਸ਼ ਕਰਦੇ ਹਾਂ ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਜਲੰਧਰ ਜ਼ਿਲ੍ਹੇ ਵਿੱਚ ਵੱਖ-ਵੱਖ ਸਟੇਟਾਂ ਤੋਂ ਰੇਤ ਦੇ ਓਵਰ ਲੋਡਿਡ ਟਰੱਕ ਹਜ਼ਾਰਾਂ ਦੀ ਗਿਣਤੀ ਵਿਚ ਆਉਂਦੇ ਹਨ । ਇਹ ਓਵਰ ਲੋਡਿਡ ਟਰੱਕ ਖਤਰੇ ਦਾ ਕਾਰਨ ਹਨ ਅਤੇ ਇਹ ਉਪਰੋਂ ਢੱਕੇ ਹੋਏ ਨਹੀਂ ਹੁੰਦੇ । ਕੀ ਇਹ ਇਨ੍ਹਾਂ ਓਵਰ ਲੋਡਿਡ ਟਰੱਕਾਂ ਦੀ ਚੈਕਿੰਗ ਕਰਾਉਣਗੇ ਕਿ ਇਹ ਰੇਤਾ ਉਪਰੋਂ ਢੱਕ ਕੇ ਲਿਆਉਣ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਸਾਡੇ ਅਧਿਕਾਰੀ ਹਰ ਤਰ੍ਹਾਂ ਦੀ ਓਵਰ ਲੋਡਿੰਗ ਨੂੰ ਚੈਕ ਕਰਦੇ ਹਨ ਚਾਹੇ ਉਹ ਬਜਰੀ ਦਾ ਟਰੱਕ ਹੈ ਜ਼ਾਂ ਰੇਤੇ ਦਾ ਹੋਵੇ ।

**ਸਰਦਾਰ ਸੋਹਨ ਸਿੰਘ ਠੰਡਲ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ ਕੀ ਡੀ.ਟੀ.ਓ. ਤੋਂ ਇਲਾਵਾ ਵੀ ਕੋਈ ਹੋਰ ਅਧਿਕਾਰੀ ਹਨ ਜਿਹੜੇ ਵਹੀਕਲ ਚੈਕ ਕਰਦੇ ਹਨ, ਚਲਾਨ ਕਰਦੇ ਹਨ ?

**ਮੰਤਰੀ** : ਹਾਂ ਜੀ ਰੀਜ਼ਨਲ ਟਰਾਂਸਪੋਰਟ ਅਫਸਰ, ਆਰ .ਟੀ. ਓ. ਚੈਕ ਕਰਦੇ ਹਨ ।

———

## ਲਿੰਕ ਸੜਕਾਂ ਦੀ ਮੁਰੰਮਤ

*1272. ਡਾਕਟਰ ਉਪਿੰਦਰਜੀਤ ਕੌਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੁਲਤਾਨਪੁਰ, ਜਿਲ੍ਹਾ ਕਪੂਰਥਲਾ, ਵਿਚ ਖਸਤਾ ਲਿੰਕ ਸੜਕਾਂ ਦੀ ਮੁਰੰਮਤ ਕਰਨ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ ?

**Captain Amarinder Singh :** In Sultanpur, District Kapurthala, the total length of link roads is 422 67 km. out of which 80.52 km length of roads were due for repair, 50.94 km roads have since been repaired and repair of remaining 29.58 km roads shall be completed by 30.6.2005, Besides this, 248 93 km. roads have also been repaired with patchwork.

(ਇਸ ਸਮੇਂ ਕੋਈ ਵੀ ਮੈਂਬਰ ਸਪਲੀਮੈਂਟਰੀ ਕਰਨ ਲਈ ਖੜ੍ਹਾ ਨਹੀਂ ਹੋਇਆ ।)

**MR. SPEAKER :** No, Question.

**ਡਾਕਟਰ ਉਪਿੰਦਰਜੀਤ ਕੌਰ :** ਨਹੀਂ ਜੀ, ਮੈਂ ਪੁੱਛਣਾ ਹੈ ।

**ਮਾਨਯੋਗ ਸਪੀਕਰ :** ਜਲਦੀ ਖੜ੍ਹਿਆ ਕਰੋ ।

**ਡਾਕਟਰ ਉਪਿੰਦਰਜੀਤ ਕੌਰ :** ਮਾਨਯੋਗ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਸ ਗੱਲ ਬਾਰੇ ਜਾਣਕਾਰੀ ਲੈਣਾ ਚਾਹਾਂਗੀ । ਇਹ ਇਕ ਮਹੱਤਵਪੂਰਨ ਲਿੰਕ ਹੈ ਜੋ ਟਿੱਬਾ ਫੋਕਲ ਪੁਆਇੰਟ ਨੂੰ ਤਲਵੰਡੀ ਚੌਧਰੀਆਂ ਨਾਲ ਜੋੜਦੀ ਹੈ । ਜੋ ਸੁਲਤਾਨਪੁਰ ਹਲਕੇ ਦਾ ਸ਼ਾਹਰਾਹ ਹੈ, ਇਹ ਮੁਕੰਮਲ ਰੂਪ ਵਿਚ ਟੁੱਟ ਚੁੱਕਾ ਹੈ ਔਰ ਅੱਜ ਤੱਕ ਉਥੇ ਕੋਈ ਪੈਚ ਵਰਕ ਨਹੀਂ ਕੀਤਾ ਗਿਆ । ਕਿਸੇ ਤਰ੍ਹਾਂ ਦੀ ਕੋਈ ਮੁਰੰਮਤ ਨਹੀਂ ਕੀਤੀ ਗਈ ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ ।

**ਡਾਕਟਰ ਉਪਿੰਦਰਜੀਤ ਕੌਰ :** ਇਹ ਰੋਡ ਜੋ ਟਿੱਬਾ ਫੋਕਲ ਪੁਆਇੰਟ ਤੋਂ ਤਲਵੰਡੀ ਚੌਧਰੀਆਂ ਨਾਲ ਜੋੜਦੀ ਹੈ, ਇਹ ਮਹੱਤਵਪੂਰਨ ਲਿੰਕ ਰੋਡ ਹੈ, ਆਲੇ ਦੁਆਲੇ ਦੀਆਂ ਪੰਚਾਇਤਾਂ ਨੇ ਪੈਸੇ ਇਕੱਠੇ ਕਰਕੇ ਪੱਥਰ ਪਾਇਆ ......

**MR. SPEAKER :** Please put the question.

**ਡਾਕਟਰ ਉਪਿੰਦਰਜੀਤ ਕੌਰ :** ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਉਸ ਦੀ ਮੁਰੰਮਤ ਕਦੋਂ ਤੱਕ ਮੁਕੰਮਲ ਕਰ ਦਿੱਤੀ ਜਾਵੇਗੀ ? ਇਹ ਉਸ ਇਲਾਕੇ ਦਾ ਸ਼ਾਹਰਾਹ ਹੈ । ਉਸ ਨੂੰ ਚੌੜੀ ਕਰਨ ਦੀ ਲੋੜ ਹੈ । ਕੀ ਇਹ 10 ਫੁੱਟ ਤੋਂ 18 ਫੁੱਟ ਤੱਕ ਚੌੜੀ ਕਰ ਦਿੱਤੀ ਜਾਵੇਗੀ ?

**ਮੁੱਖ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਬੜਾ ਜੈਨੂਅਨ ਕੁਐਸ਼ਚਨ ਹੈ, ਸੁਲਤਾਨਪੁਰ, ਜ਼ਿਲ੍ਹਾ ਕਪੂਰਥਲਾ ਦੇ ਬਾਰੇ ਵਿਚ । ਮੈਂਬਰ ਸਾਹਿਬ ਨੇ ਜੋ ਕਿਹਾ ਹੈ ਕਿ ਪਰਟੀਕੁਲਰ ਰੋਡ ਵਾਈਡਨਿੰਗ ਕਰਨ ਬਾਰੇ ਤਾਂ ਮੈਂ ਨਹੀਂ ਕਹਿ ਸਕਦਾ that should be taken into consideration.

———

## ਨਵੀਆਂ ਲਿੰਕ ਸੜਕਾਂ ਦੀ ਉਸਾਰੀ

*1275. **ਸ੍ਰੀ ਦੇਸ ਰਾਜ ਧੁੱਗਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਤਹਿਸੀਲਾਂ ਦਸੂਹਾ ਅਤੇ ਹੁਸ਼ਿਆਰਪੁਰ ਵਿੱਚ ਪੈਂਦੇ ਹੇਠ ਲਿਖੇ ਪਿੰਡਾਂ ਨੂੰ ਜੋੜਨ ਲਈ ਲਿੰਕ ਸੜਕਾਂ ਦੀ ਉਸਾਰੀ ਕੀਤੀ ਗਈ ਹੈ :—

1) ਥਾਣਾ ਤੋਂ ਦੇਹਰੀਆਂ ; ਅਤੇ

2) ਬੜੀ ਖੱਡ ਤੋਂ ਮੁਹੱਲਾ ਬਨਵਾੜੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉਪਰੋਕਤ ਵਰਣਿਤ ਲਿੰਕ ਸੜਕਾਂ ਕਿਸ ਸਾਲ ਉਸਾਰੀਆਂ ਗਈਆਂ ਸਨ ; ਜੇਕਰ ਨਹੀ, ਤਾਂ ਭਾਗ (ੳ) ਵਿਚ ਵਰਣਿਤ ਪਿੰਡਾਂ ਨੂੰ ਲਿੰਕ ਸੜਕ ਰਾਹੀਂ ਜੋੜਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਕੈਪਟਨ ਅਮਰਿੰਦਰ ਸਿੰਘ** : (ੳ) ਥਾਣਾ ਤੋਂ ਦੇਹਰੀਆਂ ਅਤੇ ਬਾੜੀ ਖੱਡ ਤੋਂ ਮੁਹੱਲਾ ਬਨਵਾੜੀ ਦੀਆਂ ਲਿੰਕ ਸੜਕਾਂ ਨਹੀਂ ਬਣਾਈਆਂ ਗਈਆਂ ਹਨ ।

(ਅ) ਇਨ੍ਹਾਂ ਲਿੰਕ ਸੜਕਾਂ ਨੂੰ ਬਣਾਉਣ ਦੀ ਅਜੇ ਕੋਈ ਤਜਵੀਜ਼ ਨਹੀਂ ਹੈ ।

**ਸ੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਜਿਹੜੀ ਥਾਣਾ ਤੋਂ ਦੇਹਰੀਆਂ ਸੜਕ ਹੈ, ਇਹ ਤਕਰੀਬਨ 12 ਕਿਲੋਮੀਟਰ ਹੈ, ਇਸ ਸੜਕ ਤੇ ਖੱਡ ਦਾ ਪਾਣੀ ਵਗਦਾ ਹੈ ਜਿਸ ਨੂੰ ਕਿ ਆਮ ਲੋਕ ਬੜੀ ਮੁਸ਼ਕਿਲ ਨਾਲ ਪਾਰ ਕਰਦੇ ਹਨ । ਇਹ 10 ਕਿਲੋਮੀਟਰ ਦੀ ਸੜਕ ਹੈ । ਲੋਕ ਉਥੋਂ ਲੰਘ ਨਹੀਂ ਸਕਦੇ । ਕੀ ਸਰਕਾਰ ਇਸ ਵੱਲ ਉਚੇਚਾ ਧਿਆਨ ਦੇਵੇਗੀ ? ਉਸ ਇਲਾਕੇ ਦੇ ਲੋਕਾਂ ਨੇ ਕੀ ਗੁਨਾਹ ਕੀਤਾ ਹੈ ਕਿ ਉਨ੍ਹਾਂ ਨੂੰ ਠੀਕ ਸੜਕ ਵੀ ਮੁਹੱਈਆ ਨਹੀਂ ਕਰਵਾਈ ਜਾ ਰਹੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਜੈਨੂਅਨ ਹੈ । ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਪ੍ਰਾਈਮ ਮਨਿਸਟਰ ਗਰਾਮ ਸੜਕ ਯੋਜਨਾ ਦੇ ਅਧੀਨ ਉਹ ਪਿੰਡ ਆਉਂਦੇ ਹਨ, ਜਿਨ੍ਹਾਂ ਦੀ ਆਬਾਦੀ 500 ਤੋਂ ਵੱਧ ਹੈ । ਉਥੇ ਇਸ ਸਕੀਮ ਅਧੀਨ ਸੜਕਾਂ ਬਣਾਈਆਂ ਜਾ ਸਕਦੀਆਂ ਹਨ ਪਰ ਇਨ੍ਹਾਂ ਨੇ ਕਈ ਪਿੰਡਾਂ ਦਾ ਜ਼ਿਕਰ ਕੀਤਾ ਹੈ । ਇਨ੍ਹਾਂ ਪਿੰਡਾਂ ਦੀ ਆਬਾਦੀ ਘੱਟ ਹੈ । ਘੱਟ ਆਬਾਦੀ ਵਾਲੇ ਪਿੰਡਾਂ ਲਈ ਸੜਕਾਂ ਦਾ ਪ੍ਰਬੰਧ ਮੰਡੀ ਬੋਰਡ ਕਰਦਾ ਹੈ ਜਾਂ ਫਿਰ ਮਾਰਕੀਟ ਕਮੇਟੀ ਕਰਦੀ ਹੈ । ਇਨ੍ਹਾਂ ਦੀ ਮਾਰਕੀਟ ਕਮੇਟੀ ਕੋਲ ਪੈਸੇ ਨਹੀਂ ਹਨ । ਮੈਂ ਮੰਡੀ ਬੋਰਡ ਨੂੰ ਪੁੱਛਾਂਗਾ and ask them to take this into consideration.

**ਸ੍ਰੀ ਦੇਸ ਰਾਜ ਧੁੱਗਾ** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਨੇ ਇਹ ਗੱਲ ਕਹੀ ਹੈ ਕਿ ਆਬਾਦੀ ਉਥੇ ਘੱਟ ਹੈ । ਮੈਂ ਦੱਸਦਾ ਹਾਂ ਕਿ ਇੱਕ ਤਾਂ ਥਾਣਾ ਪਿੰਡ ਹੈ, ਦੂਨਾ ਅਤੇ ਥਾਣਾ ਇਹ ਦੋਵੇਂ ਪਿੰਡ ਹਨ । ਬਨਵਾੜੀ ਅਤੇ ਬਾੜੀ ਖੱਡ ਇਹ ਦੋਵੇਂ

[ਸ਼੍ਰੀ ਦੇਸ ਰਾਜ ਧੁੱਗਾ]

ਮੁਹੱਲੇ ਹਨ । ਉਥੇ 400 ਦੇ ਕਰੀਬ ਆਬਾਦੀ ਹੈ । ਮੈਂ ਮੁੱਖ ਮੰਤਰੀ ਸਾਹਿਬ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਚਾਹੇ ਕਿਸੇ ਵੀ ਸਕੀਮ ਦੇ ਅਧੀਨ ਕੰਮ ਹੋਵੇ, ਕੀ ਇਨ੍ਹਾਂ ਸੜਕਾਂ ਨੂੰ ਬਣਾਉਣਗੇ ?

**ਮੁੱਖ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਿਹਾ ਹੈ ਕਿ ਇਹ ਸੜਕਾਂ ਕਿਸੇ ਵੀ ਸਕੀਮ ਦੇ ਵਿਚ ਫਿੱਟ ਨਹੀਂ ਆਉਂਦੀਆਂ । ਨਾ ਇਹ ਪ੍ਰਾਈਮ ਮਨਿਸਟਰ ਗਰਾਮ ਸੜਕ ਯੋਜਨਾ ਦੇ ਤਹਿਤ ਆਉਂਦੀਆਂ ਹਨ ਤੇ ਨਾ ਹੀ ਮਾਰਕੀਟ ਕਮੇਟੀ ਦੇ ਅਧੀਨ ਆਉਂਦੀਆਂ ਹਨ । ਜੇ ਪੈਸਾ ਹੁੰਦਾ ਤਾਂ ਕੋਈ ਪ੍ਰਾਬਲਮ ਨਹੀਂ ਸੀ । ਮੰਡੀ ਬੋਰਡ ਦੇ ਅਧੀਨ ਵੀ ਇਹ ਕੰਮ ਨਹੀਂ ਆਉਂਦਾ ਪਰ ਕਿਉਂਕਿ ਇਨ੍ਹਾਂ ਨੇ ਡਿਮਾਂਡ ਕੀਤੀ ਹੈ ਔਰ ਦੱਸਿਆ ਹੈ ਕਿ ਕੀ-ਕੀ ਪ੍ਰਾਬਲਮਜ਼ ਹਨ । ਮੈਂ ਮੰਡੀ ਬੋਰਡ ਨੂੰ ਰਿਕੁਐਸਟ ਕਰਾਂਗਾ ਕਿ ਇਹ ਕੰਮ ਕੀਤਾ ਜਾਵੇ ।

---

### ਕਾਲੀ ਬੇਈਂ ਨੂੰ ਪੱਕਾ ਕਰਨਾ

*1188. **ਚੌਧਰੀ ਬਲਬੀਰ ਸਿੰਘ ਮਿਆਣੀ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੀ ਕਾਲੀ ਬੇਈਂ ਦੇ ਹਿੱਸੇ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਿੰਨੇ ਸਮੇਂ ਦੇ ਅੰਦਰ-ਅੰਦਰ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਲਾਲ ਸਿੰਘ** : ਸ਼੍ਰੀਮਾਨ ਜੀ, ਹਾਲ ਦੀ ਘੜੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੀ ਕਾਲੀ ਬੇਈਂ ਦੇ ਹਿੱਸੇ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

**ਚੌਧਰੀ ਬਲਬੀਰ ਸਿੰਘ ਮਿਆਣੀ** : ਮਾਨਯੋਗ ਸਪੀਕਰ ਸਾਹਿਬ, ਕਾਲੀ ਬੇਈਂ ਜੋ ਕਿ ਇਤਿਹਾਸਕ ਬੇਈਂ ਹੈ, ਇਹ ਸੁਲਤਾਨਪੁਰ ਲੋਧੀ ਨੂੰ ਜਾਂਦੀ ਹੈ । ਇਸ ਵਿੱਚ ਪਿੰਡ ਦੇ ਗੰਦੇ ਪਾਣੀ ਦਾ ਨਿਕਾਸ ਹੁੰਦਾ ਹੈ । ਕੀ ਇਸ ਵੱਲ ਉਚੇਚੇ ਤੌਰ ਤੇ ਧਿਆਨ ਦੇ ਕੇ ਜਾਂ ਫਿਰ ਇਸ ਸਬੰਧੀ ਕੋਈ ਕਾਨੂੰਨ ਬਣਾ ਕੇ ਮੰਤਰੀ ਜੀ ਕੋਈ ਉਪਰਾਲਾ ਕਰਨਗੇ ਕਿ ਇਹ ਪਾਣੀ ਬੰਦ ਕੀਤਾ ਜਾਵੇ ? ਦੂਸਰਾ, ਕਾਲੀ ਬੇਈਂ ਨੂੰ ਕੀ ਸਰਕਾਰ ਭਵਿੱਖ ਵਿਚ ਪੱਕਾ ਕਰਨ ਬਾਰੇ ਵਿਚਾਰ ਰੱਖਦੀ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਜਿਸ ਬਾਰੇ ਗੱਲ ਕਰ ਰਹੇ ਹਨ, ਇਹ ਸੇਮ ਡਰੇਨ ਹੈ । ਇਹ ਸੇਮ ਨੂੰ ਖਤਮ ਕਰਨ ਵਾਸਤੇ ਇੱਕ ਸੀਪੇਜ਼ ਡਰੇਨ ਦੇ ਤੌਰ ਤੇ ਬਣੀ ਹੈ । ਜਿਥੇ ਸੇਮ ਦੀ ਪ੍ਰਾਬਲਮ ਹੋਵੇਗੀ, ਉਥੇ ਡਰੇਨ ਨੂੰ ਪੱਕਾ ਕਰਨ ਦਾ ਸਵਾਲ ਹੀ ਪੈਦਾ ਨਹੀ ਹੁੰਦਾ । ਕਿਉਂਕਿ ਇਸ ਦੇ ਕਾਰਨ ਤਾਂ ਇਸ ਦਾ ਮਕਸਦ ਹੀ ਖਤਮ ਹੋ ਜਾਂਦਾ ਹੈ । ਜਿੱਥੋਂ ਤੱਕ ਗੰਦੇ ਪਾਣੀ ਦੇ ਨਿਕਾਸ ਦਾ ਸਵਾਲ ਹੈ, ਇਹ ਗੱਲ ਇਨ੍ਹਾਂ

ਨੇ ਧਿਆਨ ਵਿਚ ਲਿਆਂਦੀ ਹੈ, ਇਸ ਤੇ ਪਰਾਪਰ ਧਿਆਨ ਦੇ ਕੇ ਇਹ ਕੰਮ ਕਰਵਾਵਾਂਗੇ। ਪਹਿਲਾਂ ਇਹ ਗੱਲ ਧਿਆਨ ਵਿਚ ਨਹੀਂ ਲਿਆਂਦੀ ਗਈ ਸੀ।

---

### ਤਹਿਸੀਲ ਦਸੂਹਾ ਵਿਚ ਥਾਣਾ ਚੋਅ ਤੇ ਡੈਮ ਦੀ ਉਸਾਰੀ

*1254. **ਸ੍ਰੀ ਦੇਸ ਰਾਜ ਧੁੱਗਾ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਸੂਹਾ ਤਹਿਸੀਲ ਵਿਚ ਥਾਣਾ ਚੋਅ ਤੇ ਡੈਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਲਾਲ ਸਿੰਘ** : ਹਾਂ ਜੀ। ਥਾਣਾ ਡੈਮ ਪ੍ਰੋਜੈਕਟ ਦੀ ਉਸਾਰੀ ਲਈ ਨਾਬਾਰਡ ਵਲੋਂ ਰੁ. 2637.20 ਲੱਖ ਦਾ ਲੋਨ ਸੈਂਕਸ਼ਨ ਹੋ ਚੁੱਕਾ ਹੈ। ਇਹ ਉਸਾਰੀ ਅਗਲੇ ਵਿੱਤੀ ਸਾਲ 2005-06 ਵਿੱਚ ਸ਼ੁਰੂ ਕੀਤੀ ਜਾਵੇਗੀ। ਇਹ ਪ੍ਰੋਜੈਕਟ ਅਗਲੇ 3 ਸਾਲਾਂ ਵਿੱਚ ਪੂਰਾ ਹੋ ਜਾਵੇਗਾ। ਇਸ ਨਾਲ ਇਲਾਕੇ ਦੇ 11 ਪਿੰਡਾਂ ਦੇ 1160 ਹੈਕਟੇਅਰ ਰਕਬੇ ਨੂੰ ਸਿੰਚਾਈ ਦੀਆਂ ਸਹੂਲਤਾਂ ਪ੍ਰਦਾਨ ਹੋਣਗੀਆਂ।

**ਸ੍ਰੀ ਦੇਸ ਰਾਜ ਧੁੱਗਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਡੈਮ ਬਣਾਉਣ ਲਈ ਜਿਨ੍ਹਾਂ ਲੋਕਾਂ ਦੀ ਜ਼ਮੀਨ ਐਕੁਆਇਰ ਕੀਤੀ ਜਾਵੇਗੀ, ਕੀ ਉਨ੍ਹਾਂ ਨੂੰ ਇਸ ਪ੍ਰੋਜੈਕਟ ਵਿਚ ਰੁਜ਼ਗਾਰ ਮੁਹੱਈਆ ਕਰਾਂਉਣ ਦੀ ਕੋਈ ਸਕੀਮ ਹੋਵੇਗੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਵੈਸੇ ਕੋਈ ਸਕੀਮ ਦਾ ਹਿੱਸਾ ਨਹੀਂ ਹੈ। ਇਨ੍ਹਾਂ ਨੇ ਇਹ ਗੱਲ ਧਿਆਨ ਵਿਚ ਲਿਆਂਦੀ ਹੈ, ਇਸ ਤੇ ਵਿਚਾਰ ਕੀਤਾ ਜਾਵੇਗਾ।

**MR. SPEAKER** : All Questions are over.

---

## UNSTARRED QUESTIONS AND ANSWERS

### ਪਟਿਆਲਾ-ਸਮਾਣਾ ਸੜਕ ਦੀ ਖਸਤਾ ਹਾਲਤ

179. **ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਟਿਆਲਾ-ਸਮਾਣਾ ਸੜਕ ਦੀ ਮੁਰੰਮਤ ਜਾਰ ਮਹੀਨੇ ਪਹਿਲਾਂ ਹੀ ਕੀਤੀ ਗਈ ਸੀ ; ਜੇਕਰ ਅਜਿਹਾ ਹੋਵੇ, ਤਾਂ ਇਸ ਸੜਕ ਦੀ ਇਸ ਸਮੇਂ ਖਸਤਾ ਹਾਲਤ ਦੇ ਕੀ ਕਾਰਣ ਹਨ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਪਟਿਆਲਾ-ਸਮਾਣਾ ਸੜਕ ਦੇ ਕਿਲੋਮੀਟਰ 80,81,82,83 ਅਤੇ 85 ਨਵੰਬਰ, 2004 ਵਿਚ ਮੁਰੰਮਤ ਕੀਤੇ ਗਏ ਸਨ। ਫਰਵਰੀ-ਮਾਰਚ 2005 ਦੀ ਸਰਦੀ ਦੌਰਾਨ ਹੋਈਆਂ ਬੇਮੌਸਮੀ ਬਰਸਾਤਾਂ ਕਾਰਣ ਇਹਨਾਂ ਕਿਲੋ-ਮੀਟਰਾਂ ਵਿਚ ਕੁੱਝ ਪੈਚ ਪੈ ਗਏ ਸਨ। ਇਹ ਪੈਚ ਠੀਕ ਕਰਵਾ ਦਿੱਤੇ ਗਏ ਹਨ। ਬਾਕੀ ਬਚਦੇ 16.10 ਕਿਲੋਮੀਟਰ 5 ਸਾਲ ਪਹਿਲਾਂ ਮੁਰੰਮਤ ਕੀਤੇ ਗਏ ਸਨ।

---

### ਘੱਗਾ-ਸਮਾਣਾ ਸੜਕ ਦੀ ਮੁਰੰਮਤ

180. **ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠਾਕ ਹੈ ਕਿ ਘੱਗਾ-ਸਮਾਣਾ ਸੜਕ ਬਹੁਤ ਖਸਤਾ ਹਾਲਤ ਵਿਚ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੁਰੰਮਤ ਅਤੇ ਮਜ਼ਬੂਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਨਹੀਂ ਜੀ। ਇਸ ਸੜਕ ਦੀ 18 ਕਿਲੋਮੀਟਰ ਲੰਬਾਈ ਚੰਗੀ ਹਾਲਤ ਵਿਚ ਹੈ ਜਦੋਂ ਕਿ ਸਮਾਣਾ ਸ਼ਹਿਰ ਵਿਚ ਪੈਂਦੀ 2 ਕਿਲੋਮੀਟਰ ਲੰਬਾਈ ਦੀ ਮੁਰੰਮਤ ਲੋੜੀਂਦੀ ਹੈ। ਇਸ ਸੜਕ ਦੀ ਲੰਬਾਈ ਦੀ ਮੁਰੰਮਤ 2005-06 ਦੌਰਾਨ ਕਰਨ ਦੀ ਤਜਵੀਜ਼ ਹੈ।

**MR. SPEAKER** : (Interruption) Now we will take up another Item Call Attention Notices.

---

## MATTERS RAISED DURING ZERO HOUR

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਸਦਨ ਵਿੱਚ ਅਤੇ ਖਾਸ ਕਰਕੇ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਇੱਕ ਸੰਗੀਨ ਮਸਲਾ ਪੰਜਾਬ ਦਾ ਲਿਆਉਣਾ ਚਾਹੁੰਦਾ ਹਾਂ ਜੋ ਅੱਜ ਕੱਲ ਅਖਬਾਰਾਂ ਵਿੱਚ ਚਰਚਾ ਦਾ ਵਿਸ਼ਾ ਵੀ ਬਣਿਆ ਹੋਇਆ ਹੈ। ਪੰਜਾਬ ਪੁਲਿਸ ਵਲੋਂ ਪੰਜਾਬ ਦੇ ਐਨ. ਆਰ. ਆਈਜ. ਉਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ।

**ਮਾਨਯੋਗ ਸਪੀਕਰ** : ਤੁਸੀਂ ਗਵਰਨਰ ਐਡਰੈਸ ਤੇ ਗੱਲ ਕਰ ਲੈਣਾ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਜਾਂ ਤਾਂ ਜ਼ੀਰੋ ਆਵਰ ਹੀ ਅਬੋਲਿਸ਼ ਕਰ ਦਿਓ ਜਾਂ ਬੋਲਣ ਦਿਓ।

**ਮਾਨਯੋਗ ਸਪੀਕਰ** : ਜ਼ੀਰੋ ਆਵਰ ਦਾ ਤਾਂ ਕੋਈ ਰੂਲ ਹੀ ਨਹੀਂ ਹੈ।

**Sardar Manpreet Singh Badal** : What is the Zero Hour ?

**MR. SPEAKER** : Zero Means Zero. Nothing else.

**Sardar Manpreet Singh Badal** : No Zero Hour. Sir, how can I believe ਕਿ ਜ਼ੀਰੋ ਆਵਰ ਨਹੀਂ ਹੁੰਦਾ।

**MR. SPEAKER** : Call Attention Notices......(Interruptions)... Please take your seats ਰੂਲਜ਼ ਕਮੇਟੀ ਵਿਚ ਤੁਸੀਂ ਕਦੇ ਆਉਂਦੇ ਤਾਂ ਹੈ ਨਹੀਂ ਹੋ। (ਵਿਘਨ ..... ਸ਼ੋਰ)

**Sardar Manpreet Singh Badal** : Sir........

**MR. SPEAKER :** Please take your seats. ਜ਼ੀਰੋ ਆਵਰ ਨੂੰ ਕੰਸਿਡਰ ਕਰਨ ਵਾਸਤੇ ਅਸੀਂ ਰੂਲਜ਼ ਕਮੇਟੀ ਵਿਚ ਟੇਕ-ਅੱਪ ਕਰਾਂਗੇ ।

(ਇਸ ਸਮੇਂ ਹਾਊਸ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

**MR. SPEAKER :** This matter will be considered in the Rules Committee.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, ਤੁਸੀਂ ਪਿਛਲੇ ਪੰਦਰਾਂ ਦਿਨਾਂ ਤੋਂ ਜ਼ੀਰੋ ਆਵਰ ਅਲਾਓ ਕਰ ਰਹੇ ਸੀ । ਹੁਣ ਤੁਸੀਂ ਕਿਸ ਤਰ੍ਹਾਂ ਬੰਦ ਕਰ ਰਹੇ ਹੋ ।

**ਮਾਨਯੋਗ ਸਪੀਕਰ :** ਜ਼ੀਰੋ ਆਵਰ ਤਾਂ ਕੋਈ ਹੈ ਨਹੀਂ । ਤੁਸੀਂ ਪੁਆਇੰਟ ਆਫ਼ ਆਰਡਰ ਰੇਜ਼ ਕਰ ਸਕਦੇ ਹੋ । Please take your seats. I have called for the next Business. Sardar Sukhpal Singh Ji, MLA. (ਵਿਘਨ, ਸ਼ੋਰ)

ਜ਼ੀਰੋ ਆਵਰ ਨੂੰ ਰੂਲਜ਼ ਕਮੇਟੀ ਵਿਚ ਰੀਕੰਸਿਡਰ ਕਰਾਂਗੇ ਤੇ ਬੀ.ਏ.ਸੀ. ਵਿਚ ਵੀ ਕੰਸਿਡਰ ਕਰਾਂਗੇ । I promise you, I will consider/reconsider about Zero Hour in the Business Advisory Committee. I will reconsider about Zero Hour in the Business Advisory Committee which will take place .. ਅਸੀਂ ਇਸ ਨੂੰ ਰੈਗੂਲਰਾਈਜ਼ ਕਰਨ ਵਾਸਤੇ ਰੂਲਜ਼ ਕਮੇਟੀ ਤੇ ਬੀ.ਏ.ਸੀ. ਦੀ ਮੀਟਿੰਗ ਵਿਚ ਡਿਸਾਈਡ ਕਰਾਂਗੇ । (ਵਿਘਨ, ਸ਼ੋਰ)

Please take your seats......(Interruptions)......I have assured you that I will consider/reconsider about Zero Hour in the Business Advisory Committee or in the Rules Committee meeting. Kindly take your seats.

(ਆਵਾਜ਼ਾਂ : ਸਰ, ਇਹ ਤਾਂ ਜ਼ਿਆਦਤੀ ਹੈ )

**ਮਾਨਯੋਗ ਸਪੀਕਰ :** ਇਹ ਕੋਈ ਜ਼ਿਆਦਤੀ ਨਹੀਂ ਹੈ । ਕੋਆਪਰੇਟ ਕਰੋ, ਅਸੀਂ ਤੁਹਾਡੇ ਨਾਲ ਏਨਾ ਕੋਆਪਰੇਟ ਕੀਤਾ ਹੈ । You are not cooperating. I have assured you that I will consider/reconsider about Zero Hour. This will be considered by the Rules Committee and also by the Business Advisory Committee. Please take your seats.

[ਮਾਨਯੋਗ ਸਪੀਕਰ]

I would not allow. (...interruptions..) Take your seats...take your seats. Please take your seats. I would not allow. Take your seats. I have called for new business. Please take your seats. Call Attention Notices. Sardar Sukhpal Singh Ji. (interruptions)

I will consider about Zero Hour. I have assured you and then you are insisting. I have not abolished but I am not allowing any discussion during Zero Hour. I did not allow discussion. I am not allowing discussion during Zero Hour. I have called for next Business. Not at all. (...interruptions...) I would not allow. Call Attention Notices. Sardar Sukhpal Singh Ji. Dr. Upinderjit Kaur Ji. (Interruptions)

**ਮਾਨਯੋਗ ਸਪੀਕਰ** : ਕਾਲ ਅਟੈਨਸ਼ਨ । ਡਾਕਟਰ ਉਪਿੰਦਰਜੀਤ ਕੌਰ ਜੀ ।

No Call Attention, then Captain Kanwaljit Singh Ji.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਇਜਾਜ਼ਤ ** ** ਨਾਅਰੇ ਮਾਰ ਰਹੇ ਸਨ ਜੋ ਰਿਕਾਰਡ ਨਹੀਂ ਕੀਤੇ ਗਏ ।)

**MR. SPEAKER :** Now I lay on the Table the Report of the Rules Committee, as required under Rule 232 (f) of the Rules of Procedure and Conduct of Business in the Punjab Vidhan Sabha (Punjab Legislative Assembly).

(ਇਸ ਸਮੇਂ ਆਪੋਜ਼ੀਸ਼ਨ ਪਾਰਟੀਜ਼ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜ਼ਾਜ਼ਤ ** ** ਬੋਲ ਰਹੇ ਸਨ ਜੋ ਰਿਕਾਰਡ ਨਹੀਂ ਕੀਤਾ ਗਿਆ ।)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ । ਮੇਰੀ ਇਜ਼ਾਜ਼ਤ ਤੋਂ ਬਿਨਾਂ ਜੋ ਕੁਝ ਵੀ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਪੁਆਇੰਟ ਆਫ ਆਰਡਰ, ਮਾਨਯੋਗ ਸਪੀਕਰ ਸਾਹਿਬ ।

**MR. SPEAKER :** Yes. On Point of Order, I allow.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਨਾਲ ਇਕ ਨਿੱਕੇ ਜਿਹੇ ਪੁਆਇੰਟ ਤੇ ਗੱਲ ਕਰ ਰਹੇ ਹਾਂ, ਕੋਈ ਰੂਲਜ਼ ਦੇ ਅਗੇਂਸਟ ਜਾਣ ਵਾਲੀ ਗੱਲ ਨਹੀਂ । ਅਸੀਂ ਰੂਲਜ਼ ਦੇ ਤਹਿਤ ਹੀ ਹਰ ਗੱਲ ਕਰਦੇ ਹਾਂ, ਰੂਲਜ਼ ਤੋੜਨਾ ਨਹੀਂ ਚਾਹੁੰਦੇ । ਜ਼ੀਰੋ ਆਵਰ ਡੈਮੋਕਰੇਸੀ ਦਾ ਇਕ ਪਾਰਟ ਹੈ । ਜਿਸ ਦਿਨ

**Not recorded as ordered by the Chair.

ਤੋਂ ਦੇਸ਼ ਆਜ਼ਾਦ ਹੋਇਆ ਹੈ, ਹਰ ਸਟੇਟ ਵਿਚ, ਪਾਰਲੀਮੈਂਟ ਵਿਚ ਅਤੇ ਅਸੈਂਬਲੀ ਵਿਚ ਇਸ ਦੀ ਪਰੰਪਰਾ ਹੈ। ਅਗਰ ਕੋਈ ਇੰਪਾਰਟੈਂਟ ਪੁਆਇੰਟ ਹੁੰਦਾ ਹੈ, ਕੋਈ ਮੈਂਬਰ ਉਠਾਉਂਦਾ ਹੈ ਤਾਂ ਤੁਹਾਨੂੰ ਉਠਾਉਣ ਦੇਣਾ ਚਾਹੀਦਾ ਹੈ। ਅਗਰ ਇਜਾਜ਼ਤ ਨਹੀਂ ਮਿਲਦੀ ਤਾਂ ਹੀ ਮੈਂਬਰ ਐਜੀਟੇਟ ਕਰਦੇ ਹਨ। ਇਹ ਪ੍ਰਥਾ ਪਾਰਲੀਮੈਂਟ ਵਿਚ ਵੀ ਅੱਜ ਤੱਕ ਕਾਇਮ ਹੈ। ਉਥੇ ਜ਼ੀਰੋ ਆਵਰ ਦੌਰਾਨ 20-20 ਕੁਐਸ਼ਚਨ ਲਿਖਤੀ ਆਉਂਦੇ ਹਨ ਤੇ ਇਹ ਪਿਛਲੇ 50 ਸਾਲ ਦੀ ਪ੍ਰਥਾ ਹੈ। ਮੇਰੀ ਬੇਨਤੀ ਹੈ ਕਿ ਇਹ ਇਕ ਡੈਮੋਕਰੇਸੀ ਦਾ ਪਾਰਟ ਹੈ ਤੇ ਤੁਸੀਂ ਇਸ ਨੂੰ ਇਕ ਫਿਕਰੇ ਨਾਲ ਖਤਮ ਕਰਨ ਲੱਗੇ ਹੋ। ਇਹ ਇਕ ਸਟੇਟ ਵਿਚ, ਉਥੋਂ ਦੀ ਅਸੈਂਬਲੀ ਦੇ ਹਰ ਮੈਂਬਰ ਦੇ ਹੱਕ ਦੀ ਗੱਲ ਹੈ। ਅਗਰ ਕੋਈ ਇੰਪਾਰਟੈਂਟ ਕੁਐਸਚਨ, ਕੁਐਸਚਨ ਆਵਰ ਵਿਚ ਕਵਰ ਨਹੀਂ ਹੁੰਦਾ, ਕਾਲ ਅਟੈਨਸ਼ਨ ਵਿਚ ਕਵਰ ਨਹੀਂ ਹੁੰਦਾ ਤਾਂ ਹੀ ਮੈਂਬਰ ਉਸ ਬਾਰੇ ਜ਼ੀਰੋ ਆਵਰ ਦੌਰਾਨ ਪੁਆਇੰਟ ਰੇਜ਼ ਕਰਦੇ ਹਨ.....

**ਮਾਨਯੋਗ ਸਪੀਕਰ** : ਜਵਾਬ ਤਾਂ ਸੁਣ ਲਓ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਕੋਲ ਪਾਵਰ ਹੈ। ਤੁਸੀਂ ਕਹਿ ਦਿੰਦੇ ਹੋ, ਡਿਸਅਲਾਊਡ, ਅਸੀਂ ਚੁੱਪ ਕਰ ਜਾਂਦੇ ਹਾਂ।

**ਮਾਨਯੋਗ ਸਪੀਕਰ** : ਲਾਅ ਐਂਡ ਆਰਡਰ ਦੇ ਬਾਰੇ ਵਿਚ ਇਨ੍ਹਾਂ ਨੇ ਖੜ੍ਹੇ ਹੋ ਕੇ ਗੱਲ ਕਰਨੀ ਸ਼ੁਰੂ ਕੀਤੀ ਸੀ ਜਦ ਕਿ ਬਹੁਤ ਸਮਾਂ ਬਜਟ ਡਿਸਕਸ਼ਨ ਦੇ ਵਿਚ ਅਲਾਟ ਹੋਇਆ ਹੈ। ਹੁਣ ਗਵਰਨਰ ਐਡਰੈਸ ਅੱਜ ਤੋਂ ਸ਼ੁਰੂ ਹੋਣਾ ਹੈ। ਇਸ ਕਰਕੇ, ਜ਼ੀਰੋ ਆਵਰ ਬਾਰੇ, ਇਸ ਦੌਰਾਨ ਸਵਾਲ ਉਠਾਉਣ ਲਈ ਰੂਲਜ਼ ਵਿਚ ਰਖਿਆ ਸੀ, ਉਸ ਤੇ ਤੁਸੀਂ ਐਗਰੀ ਨਹੀਂ ਕੀਤਾ। ਹੁਣ ਦੁਬਾਰਾ ਰੂਲਜ਼ ਕਮੇਟੀ ਦੇ ਵਿਚ, ਬਿਜ਼ਨਸ ਐਡਵਾਇਜ਼ਰੀ ਕਮੇਟੀ ਵਿਚ ਕੰਸਿਡਰ ਕਰਾਂਗੇ ਜਿਹੜੀ ਕਿ ਅੱਜ ਹੋਣੀ ਹੈ। ਹਾਂ ਜੀ, ਸੂਦ ਜੀ।

**ਸ਼੍ਰੀ ਤਿਕਸ਼ਨ ਸੂਦ** . ਮਾਨਯੋਗ ਸਪੀਕਰ ਸਾਹਿਬ ਜ਼ੀਰੋ ਆਵਰ ਚਲਦਾ ਰਹਿਣ ਦੇਣਾ ਸੀ। ਅਸੀਂ ਰੂਲਜ਼ ਕਮੇਟੀ ਤੇ ਬਿਜ਼ਨਸ ਐਡਵਾਇਜ਼ਰੀ ਕਮੇਟੀ ਵਿਚ ਕੰਸਿਡਰ ਕਰ ਲਵਾਂਗੇ, ਉਦੋਂ ਤੱਕ ਇਹ ਚਲਦਾ ਰਹੇ। ਇਹ ਬਹੁਤ ਸਮੇਂ ਤੋਂ ਪਰੰਪਰਾ ਚਲਦੀ ਆ ਰਹੀ ਹੈ।

**ਮਾਨਯੋਗ ਸਪੀਕਰ** : ਰੂਲਜ਼ ਕਮੇਟੀ ਵਿਚ ਰੂਲਜ਼ ਬਣਾਉਣ ਦੀ ਤਾਕਤ ਹੈ। ਕਨਵੈਨਸ਼ਨ ਜ਼ਰੂਰ ਹੈ ਜ਼ੀਰੋ ਆਵਰ ਦੀ ਪਰ ਇਹ ਨਾ ਰੂਲਜ਼ ਵਿਚ ਹੈ, ਨਾ ਕਾਂਸਟੀਚਿਊਸ਼ਨ ਵਿਚ ਅਲਾਊਡ ਹੈ। ਇਸ ਮਾਮਲੇ ਨੂੰ ਰੈਗੂਲਰ ਕਰਨ ਲਈ, I will consider in the Business Advisory Committee and also in the Rules Committee. I have taken note of your suggestions.

**ਕੈਪਟਨ ਕੰਵਲਜੀਤ ਸਿੰਘ** : ਪੁਆਇੰਟ ਆਫ ਆਰਡਰ, ਮਾਨਯੋਗ ਸਪੀਕਰ ਸਾਹਿਬ। ਮੈਂ ਜ਼ੀਰੋ ਆਵਰ ਵਿਚ ਇਸ਼ੂ ਉਠਾਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਹੁਣ ਮੈਂ ਅਗਲਾ ਬਿਜ਼ਨਸ ਕਹਿ ਚੁੱਕਾ ਹਾਂ । Please do not confront me.

**Captain Kanwaljit Singh :** I am not confronting you, Speaker Sahib.

**ਮਾਨਯੋਗ ਸਪੀਕਰ :** ਤੁਹਾਡੀ ਪਾਰਟੀ ਦੇ ਤਿੰਨ ਕਾਲ ਅਟੈਨਸ਼ਨ ਅਲਾਊਡ ਹਨ। ਉਹ ਦੁਬਾਰਾ ਆ ਸਕਦੇ ਹਨ । ਮੈਂ ਨਹੀਂ ਸਮਝਦਾ ਕਿ ਜ਼ੀਰੋ ਆਵਰ ਦੌਰਾਨ ਡਿਸਕਸ਼ਨ ਵਿਚ ਤੁਸੀਂ ਜੋ ਮਰਜ਼ੀ ਹੈ, ਕਹਿ ਸਕਦੇ ਹੋ । ਮੈਂ ਇਸ ਗੱਲ ਨੂੰ ਨਹੀਂ ਮੰਨਦਾ ।

**ਕੈਪਟਨ ਕੰਵਲਜੀਤ ਸਿੰਘ :** ਸਰ, ਇਸ ਹਾਊਸ ਦੀ ਸੁਪਰੀਮੇਸੀ ਹੈ ।

**ਮਾਨਯੋਗ ਸਪੀਕਰ :** ਤੁਸੀਂ ਡਿਸਕਸ਼ਨ ਵਿਚ ਜਿੰਨੇ ਮਰਜ਼ੀ ਪੁਆਇੰਟ ਉਠਾਉਣਾ । ਜ਼ੀਰੋ ਆਵਰ ਦਾ ਮਸਲਾ ਬੈਠ ਕੇ ਸੁਲਝਾਵਾਂਗੇ । (ਵਿਘਨ)

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, ਇਸ ਕਨਵੈਨਸ਼ਨ ਨੂੰ ਤੁਸੀਂ ਖਤਮ ਕਰ ਰਹੇ ਹੋ । (ਸ਼ੋਰ) (ਵਿਘਨ)

**ਮਾਨਯੋਗ ਸਪੀਕਰ :** ਕਨਵੈਨਸ਼ਨ ਖਤਮ ਨਹੀਂ ਹੋਈ । ਤੁਸੀਂ ਲਾਅ ਐਂਡ ਆਰਡਰ ਦਾ ਮਸਲਾ ਸ਼ੁਰੂ ਕਰ ਦਿੱਤਾ । ਮੈਂ ਤਾਂ ਤੁਹਾਨੂੰ ਬੋਲਣ ਦੀ ਇਜਾਜ਼ਤ ਦਿੱਤੀ ਸੀ । (ਵਿਘਨ) (ਸ਼ੋਰ)

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, ਇਹ ਇੰਪਾਰਟੈਂਟ ਪੁਆਇੰਟ ਸੀ......(ਵਿਘਨ) ** ** **

**MR. SPEAKER :** I won't allow. ਜੋ ਕੁਝ ਵੀ ਮੇਰੀ ਇਜਾਜ਼ਤ ਤੋਂ ਬਿਨਾਂ ਕਹਿੰਦੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਸਰਦਾਰ ਬੀਰ ਦਵਿੰਦਰ ਸਿੰਘ :** ਪੁਆਇੰਟ ਆਫ ਆਰਡਰ, ਮਾਨਯੋਗ ਸਪੀਕਰ ਸਾਹਿਬ ।

**MR. SPEAKER :** Mr. Bir Devinder Singh is on a Point of Order. Please take your seat.

**ਸਰਦਾਰ ਬੀਰ ਦਵਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਕਾਲ ਅਟੈਨਸ਼ਨ ਨੋਟਿਸ ਨੰ: 42 ਜੋ ਕਿ ਸਪੁਰੀਅਸ ਬੀ.ਟੀ. ਕਾਟਨ ਸੀਡ ਬਾਰੇ ਸੀ, ਦਿੱਤਾ ਸੀ ਔਰ ਉਸ ਨੂੰ ਤੁਸੀਂ ਇਹ ਕਹਿ ਕੇ ਡਿਸਅਲਾਓ ਕਰ ਦਿੱਤਾ ਕਿ it is not a matter of recent occurrence. ਅਜੇ ਹੁਣ ਹੀ ਤਾਂ ਇਹ ਸਾਰਾ ਨਕਲੀ ਸੀਡ ਫੜਿਆ ਗਿਆ ਹੈ । ਹਾਲੇ 15 ਦਿਨ ਵੀ ਨਹੀਂ ਹੋਏ । This is a recent occurrence.

**Expunged as ordered by the Chair.

Kindly reconsider. ਕਰੋੜਾਂ ਰੁਪਏ ਦਾ ਨਕਲੀ ਸੀਡ ਕਿਸਾਨਾਂ ਨੂੰ ਦਿੱਤਾ ਗਿਆ ਹੈ । ਇਸ ਕਾਲ ਅਟੈਨਸ਼ਨ ਨੋਟਿਸ ਨੂੰ ਅਡਮਿਟ ਕਰੋ । ਮੈਂ ਸਮਝ ਨਹੀਂ ਸਕਿਆ ਕਿ ਤੁਸੀਂ ਇਸ ਨੂੰ ਡਿਸਅਲਾਓ ਕਿਵੇਂ ਕਰ ਦਿੱਤਾ । It is a matter of recent occurrence. ਹਾਲੇ ਹਫਤਾ ਤਾਂ ਹੋਇਆ ਹੈ ।

**MR. SPEAKER :** I will reconsider it.

**Sardar Bir Devinder Singh :** Thank you, Sir.

---

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਕਾਲ ਅਟੈਨਸ਼ਨ ਨੋਟਿਸ, ਸਰਦਾਰ ਸੁਖਪਾਲ ਸਿੰਘ ।...... (ਵਿਘਨ)......ਗਵਰਨਰ ਐਡਰੈੱਸ ਤੇ ਬਹਿਸ ਕਰਦੇ ਵਕਤ ਬੋਲ ਲੈਣਾ ।

(ਇਸ ਵਕਤ ਆਪੋਜ਼ੀਸ਼ਨ ਦੇ ਸਾਰੇ ਮੈਂਬਰ ਸਾਹਿਬਾਨ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿੱਚ ਕਾਫੀ ਸ਼ੋਰ ਸੀ ।)

Why are you insisting ? ਸਾਰਾ ਟਾਇਮ ਤੁਸੀਂ ਲਿਆ ਹੈ । ਅੱਜ ਗਵਰਨਰ ਐਡਰੈੱਸ ਤੇ ਡਿਸਕਸ਼ਨ ਹੋਣੀ ਹੈ ਅਤੇ ਉਸ ਵਕਤ ਜਿੰਨਾ ਮਰਜ਼ੀ ਲਾਅ ਐਂਡ ਆਰਡਰ ਤੇ ਬੋਲ ਲੈਣਾ ।.. ...(ਵਿਘਨ)......Please take your seats. Now, I would not allow...(interruption)...

I adjourn the House for one hour.

| *3.11 P.M. | (The Sabha then* adjourned and re-assembled at 4.11 P.M. (Mr. Speaker in the Chair.) |
|---|---|

---

## ਨਿਯਮ 66 ਅਧੀਨ ਬਿਆਨ ਦਿਵਾਉ ਨੋਟਿਸ

## CALL ATTENTION NOTICES UNDER RULE 66

(ਕ੍ਰਮ ਨੰ: 31)

1. ਸਰਦਾਰ ਸੁਖਪਾਲ ਸਿੰਘ
2. ਸਰਦਾਰ ਬਲਬੀਰ ਸਿੰਘ ਮਿਆਣੀ } : ਸ੍ਰੀ ਮਾਨ ਜੀ, ਮੈਂ ਸਰਕਾਰ
3. ਸ੍ਰੀ ਤਿਕਸ਼ਨ ਸੂਦ

ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਫਿਰੋਜ਼ਪੁਰ ਸ਼ਹਿਰ ਵਿੱਚ ਵਾਰਡ ਨੰ: 5 ਕੋਲੋਂ ਲੰਘਦੀ ਸੜਕ ਦੇ ਆਸੇ ਪਾਸੇ ਨੀਵੀ ਥਾਂ ਤੇ ਪਾਣੀ ਖੜ੍ਹਾ ਹੈ। ਇਸ ਦੇ ਆਲੇ-ਦੁਆਲੇ 3,000 ਦੀ ਸ਼ਹਿਰੀ ਆਬਾਦੀ ਹੈ। ਇਸ ਇਲਾਕੇ ਦਾ ਪੀਣ ਵਾਲਾ ਪਾਣੀ ਖਰਾਬ ਹੋ ਗਿਆ ਹੈ। ਪਿਛਲੇ ਸਾਲ ਇਸ ਇਲਾਕੇ ਵਿੱਚ ਡਾਇਰੀਆ ਨਾਮੀ ਬਿਮਾਰੀ ਫੈਲੀ ਸੀ ਅਤੇ ਹੁਣ ਵੀ ਇੱਥੇ ਕਿਸੇ ਭਿਆਨਕ ਬਿਮਾਰੀ ਫੈਲਣ ਦਾ ਡਰ ਬਣਿਆ ਹੋਇਆ ਹੈ। ਲੋਕਾਂ ਵਿੱਚ ਭੈਅ ਦੀ ਸਥਿਤੀ ਬਣੀ ਹੋਈ ਹੈ ਤੇ ਸਰਕਾਰ ਪ੍ਰਤੀ ਇਸ ਬਾਰੇ ਕੋਈ ਧਿਆਨ ਨਾ ਦੇਣ ਕਰਕੇ ਭਾਰੀ ਮਾਯੂਸੀ ਤੇ ਗੁੱਸਾ ਫੈਲਿਆ ਹੋਇਆ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ)** : ਸ੍ਰੀ ਮਾਨ ਜੀ, ਫਿਰੋਜ਼ਪੁਰ ਸ਼ਹਿਰ ਦੇ ਵਾਰਡ ਨੰ: 5 ਵਿਚੋਂ ਲੰਘਦੀ ਸੜਕ ਤੇ ਇਸ ਵੇਲੇ ਕੋਈ ਪਾਣੀ ਨਹੀਂ ਖੜ੍ਹਾ ਹੋਇਆ। ਇਸ ਇਲਾਕੇ ਵਿੱਚ ਸੀਵਰੇਜ ਸਿਸਟਮ ਠੀਕ ਢੰਗ ਨਾਲ ਚਲ ਰਿਹਾ ਹੈ। ਇਸ ਅਬਾਦੀ ਵਿਚ ਜਿੱਥੋਂ ਤੱਕ ਵਾਟਰ ਸਪਲਾਈ ਦੀਆਂ ਪਾਈਪ ਲਾਈਨਾਂ ਵਿਛੀਆਂ ਹੋਈਆਂ ਹਨ, ਉਥੇ ਪੀਣ ਵਾਲੇ ਪਾਣੀ ਦੀ ਸਪਲਾਈ ਬਿਲਕੁਲ ਸਾਫ ਹੈ ਅਤੇ ਇਸ ਵਿੱਚ ਗੰਦੇ ਪਾਣੀ ਦੀ ਮਿਲਾਵਟ ਬਾਰੇ ਕੋਈ ਸ਼ਿਕਾਇਤ ਨਹੀਂ ਹੈ। ਇਸ ਏਰੀਏ ਵਿਚ ਪਿਛਲੇ ਸਾਲ ਡਾਇਰੀਏ ਦਾ ਕੋਈ ਕੇਸ ਨਹੀਂ ਹੋਇਆ ਸੀ ਅਤੇ ਨਾ ਹੀ ਹੁਣ ਤੱਕ ਅਜਿਹਾ ਕੋਈ ਕੇਸ ਨੋਟਿਸ ਵਿੱਚ ਆਇਆ ਹੈ।

2. ਇਸ ਸੜਕ ਦੇ ਆਸੇ ਪਾਸੇ ਨਵੀਂ ਆਬਾਦੀ ਹੋਈ ਹੈ। ਲੋਕਾਂ ਵੱਲੋਂ ਮਕਾਨ ਸੜਕ ਨਾਲੋਂ ਕਾਫੀ ਉਚੇ ਬਣਾਏ ਹੋਏ ਹਨ ਅਤੇ ਸੜਕ ਦੇ ਬਰਮ ਵੀ ਉਚੇ ਹਨ ਜਿਸ ਕਾਰਨ ਬਰਸਾਤਾਂ ਦਾ ਪਾਣੀ ਸੜਕ ਤੇ ਇਕੱਠਾ ਹੋ ਜਾਂਦਾ ਹੈ। ਇਸ ਪਾਣੀ ਨੂੰ ਮੈਨਹੋਲ ਕਵਰ ਚੁੱਕ ਕੇ ਲੋਕਾਂ ਵਲੋਂ ਸੀਵਰੇਜ ਵਿੱਚ ਪਾ ਦਿੱਤਾ ਜਾਂਦਾ ਹੈ ਜਿਸ ਨਾਲ ਗੰਦਾ ਪਾਣੀ ਅਤੇ ਆਵਾਜਾਈ ਨਾਲ ਬਣਿਆ ਚਿੱਕੜ ਅੰਦਰ ਜਾਣ ਕਾਰਨ ਸੀਵਰੇਜ ਬੰਦ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਸ ਏਰੀਏ ਵਿਚ ਲੋਕਾਂ ਵੱਲੋਂ ਘਰਾਂ ਵਿੱਚ ਪਸ਼ੂਆਂ ਦੇ

ਅਹਾਤੇ ਬਣਾਏ ਹੋਏ ਹਨ ਅਤੇ ਪਸ਼ੂਆਂ ਦੇ ਮਲ ਮੂਤਰ ਆਦਿ ਦਾ ਨਿਕਾਸ ਸੀਵਰੇਜ ਵਿਚ ਕੀਤਾ ਹੋਇਆ ਹੈ ਜਿਸ ਕਾਰਨ ਸੀਵਰ ਅਕਸਰ ਬਲਾਕ ਹੋ ਜਾਂਦਾ ਹੈ। ਨਗਰ ਕੌਂਸਲ ਵੱਲੋਂ ਇਸ ਸੜਕ ਦੇ ਨਾਲ ਕੋਈ ਸਰਵਿਸ ਡਰੇਨ ਨਹੀਂ ਬਣਾਈ ਗਈ ਜਿਸ ਕਾਰਨ ਬਰਸਾਤਾਂ ਦੇ ਪਾਣੀ ਦਾ ਸਹੀ ਨਿਕਾਸ ਨਹੀਂ ਹੁੰਦਾ। ਪਾਣੀ ਸੜਕ ਤੇ ਹੀ ਜਮ੍ਹਾਂ ਹੋਣ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸੜਕ ਦੀ ਉਸਾਰੀ ਸਾਲ 1995 ਵਿੱਚ ਹੋਈ ਸੀ। ਇਸ ਨੂੰ ਉੱਚਾ ਚੁੱਕਣ ਅਤੇ ਇਸ ਦੇ ਦੋਹੀਂ ਪਾਸੀਂ ਸਰਵਿਸ ਡਰੇਨ ਦੀ ਉਸਾਰੀ ਤੇ ਲਗਭਗ 20 ਲੱਖ ਰੁਪਏ ਖਰਚ ਆਉਣ ਦਾ ਅੰਦਾਜ਼ਾ ਹੈ।

3. ਨਗਰ ਕੌਂਸਲ ਫਿਰੋਜ਼ਪੁਰ ਦੀ ਮਾਲੀ ਹਾਲਤ ਕਾਫੀ ਕਮਜ਼ੋਰ ਹੈ ਕਿਉਂਕਿ ਇਸ ਦੀਆਂ ਦੇਣਦਾਰੀਆਂ ਬਹੁਤ ਜ਼ਿਆਦਾ ਹਨ। ਫਿਰ ਵੀ ਇਸ ਕੰਮ ਨੂੰ ਅਗਲੇ ਮਾਲੀ ਸਾਲ ਵਿਚ ਨੇਪਰੇ ਚਾੜ੍ਹਨ ਲਈ ਯੋਗ ਉਪਰਾਲੇ ਕੀਤੇ ਜਾਣਗੇ।

**ਸਰਦਾਰ ਸੁਖਪਾਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਵੇਰਵਾ ਦਿੱਤਾ ਹੈ ਔਰ ਇਨ੍ਹਾਂ ਨੇ ਮੰਨਿਆ ਹੈ ਕਿ ਉਥੇ ਸੀਵਰ ਪਿਆ ਹੈ, ਉਥੇ ਪਸ਼ੂਆਂ ਦਾ ਜੋ ਮਲਮੂਤਰ ਹੈ, ਉਹੀ ਕਾਰਨ ਹੈ ਜਿਸ ਕਾਰਨ ਸੜਕ ਤੇ ਬਰਮ ਉੱਚੇ ਹਨ। ਬਰਮ ਉਚੇ ਹੋਣ ਕਰਕੇ ਪਾਣੀ ਸੜਕ ਤੇ ਖੜ੍ਹਦਾ ਹੈ ਜਿਸ ਕਾਰਨ ਪਾਣੀ ਦਾ ਨਿਕਾਸ ਨਹੀਂ ਹੈ। ਪਾਣੀ ਖੜ੍ਹਾ ਹੋਣ ਕਰਕੇ ਬਿਮਾਰੀ ਫੈਲੀ ਹੈ। ਉਥੇ ਜਿਸ ਤਰ੍ਹਾਂ ਇਨ੍ਹਾਂ ਨੇ ਬਿਆਨ ਕੀਤਾ ਹੈ ਕਿ ਸੜਕ ਬਣਾਉਣ ਦਾ 20 ਲੱਖ ਰੁਪਏ ਦਾ ਐਸਟੀਮੇਟ ਹੈ। 70 ਲੱਖ ਰੁਪਏ ਦੇ ਫੰਡ ਸਰਕਾਰ ਵੱਲੋਂ ਦਿੱਤੇ ਗਏ ਸਨ। ਇਸ ਵੇਲੇ ਵੀ ਇਹ ਬੜਾ ਅਹਿਮ ਸਵਾਲ ਹੈ ਕਿ ਇਸ ਫੰਡ ਦੇ ਨਾਲ ਇਹ ਸੜਕ ਮੁਕੰਮਲ ਨਹੀਂ ਕੀਤੀ ਗਈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਹੜੇ ਫੰਡ ਸਰਕਾਰ ਵੱਲੋਂ ਰਿਲੀਜ਼ ਹੋਏ ਹਨ, ਉਨ੍ਹਾਂ ਨਾਲ ਇਸ ਨੂੰ ਪਹਿਲ ਦੇ ਆਧਾਰ ਤੇ ਬਣਾਇਆ ਜਾਵੇਗਾ ਤਾਂ ਜੋ ਬਿਮਾਰੀ ਦੇ ਫੈਲਣ ਦਾ ਕੋਈ ਡਰ ਨਾ ਰਹੇ ? ਕੀ ਮੰਤਰੀ ਜੀ ਇਹ ਆਸ਼ਵਾਸਨ ਦਿਵਾਉਣਗੇ ਕਿ ਜਿਹੜੇ ਫੰਡ ਰਿਲੀਜ਼ ਹੋਏ ਹਨ......

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਆ ਗਿਆ ਹੈ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਹੜੇ ਫੰਡ ਮਿਉਂਸਿਪਲ ਕਮੇਟੀਆਂ ਨੂੰ ਰਿਲੀਜ਼ ਕੀਤੇ ਜਾਂਦੇ ਹਨ, ਉਸ ਵਿਚ ਉਨ੍ਹਾਂ ਨੂੰ ਅਧਿਕਾਰ ਹੁੰਦਾ ਹੈ ਕਿ ਕਿਹੜਾ ਕੰਮ ਪਹਿਲ ਦੇ ਆਧਾਰ ਤੇ ਕਰਾਉਣਾ ਹੈ। ਲੇਕਿਨ ਇਥੇ ਲੋੜ ਹੈ, ਇਸ ਲਈ ਮਿਉਂਸਿਪਲ ਕਮੇਟੀ ਨੂੰ ਕਿਹਾ ਜਾਵੇਗਾ ਕਿ ਜਦੋਂ ਫੰਡ ਉਪਲਬਧ ਹੋ ਜਾਣ, ਇਸ ਸੜਕ ਦਾ ਕੰਮ ਪਹਿਲ ਦੇ ਆਧਾਰ ਤੇ ਕਰਵਾਇਆ ਜਾਵੇ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੇ ਮਹਿਕਮੇ ਲੋਕਲ ਬਾਡੀਜ਼ ਨੇ ਜਦੋਂ ਪਿੱਛੇ ਮਹਾਂਮਾਰੀ ਫੈਲੀ ਸੀ, ਉਸ ਵੇਲੇ ਐਫੀਡੇਵਿਟ ਦਿੱਤਾ ਸੀ ਕਿ ਅਸੀਂ ਸਾਰੀਆਂ ਪ੍ਰਾਬਲਮਜ਼ ਜਿਹੜੀਆਂ ਕਾਲ ਅਟੈਨਸ਼ਨ ਵਿਚ ਦੱਸੀਆਂ ਗਈਆਂ ਹਨ, ਨੂੰ ਦੂਰ ਕਰਵਾ ਦੇਵਾਂਗੇ ਪਰ ਮੈਂ ਸਮਝਦਾ ਹਾਂ ਕਿ ਅੱਜ ਵੀ ਪ੍ਰਾਬਲਮ ਉਥੇ ਹੀ ਖੜ੍ਹੀ ਹੈ।

[ਸ਼੍ਰੀ ਤਿਕਸ਼ਨ ਸੂਦ]

ਪਿਛੇ ਜਦੋਂ ਬਾਰਸ਼ਾਂ ਦਾ ਪਾਣੀ ਜਮ੍ਹਾਂ ਹੋਇਆ ਸੀ, ਤਾਂ ਸਾਰਿਆਂ ਨੂੰ ਉਥੇ ਕਨਟੈਮੀਨੇਟਡ ਪਾਣੀ ਮਿਲਿਆ ਸੀ। ਆਉਂਦੀਆਂ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਇਸ ਦਾ ਪੱਕੇ ਤੌਰ ਤੇ ਇਲਾਜ ਕਰ ਦਿੱਤਾ ਜਾਵੇਗਾ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਥੋਂ ਤੱਕ ਪੀਣ ਵਾਲੇ ਪਾਣੀ ਦਾ ਤਾਅੱਲੁਕ ਹੈ, ਉਹ ਸਾਫ ਸਪਲਾਈ ਹੋ ਰਿਹਾ ਹੈ। ਨਾ ਕੋਈ ਪਿਛਲੇ ਸਾਲ ਬਿਮਾਰੀ ਫੈਲੀ ਸੀ ਅਤੇ ਨਾ ਹੀ ਕੋਈ ਇਸ ਸਾਲ ਅਜਿਹੀ ਗੱਲ ਹੋਈ ਹੈ। ਜਦੋਂ ਵੀ ਫੰਡ ਉਪਲਬਧ ਹੋਏ ਤਾਂ ਮਿਉਂਸਿਪਲ ਕਮੇਟੀ ਨੂੰ ਕਿਹਾ ਜਾਵੇਗਾ ਕਿ ਉਹ ਇਸ ਕੰਮ ਨੂੰ ਪਹਿਲ ਦੇ ਆਧਾਰ ਤੇ ਕਰਵਾਵੇ।

———

(ਕ੍ਰਮ ਨੰ: 33)

**ਡਾਕਟਰ ਉਪਿੰਦਰਜੀਤ ਕੌਰ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦੀ ਹਾਂ ਅਰਥਾਤ ਜ਼ਿਲ੍ਹਾ ਕਪੂਰਥਲਾ ਵਿਚ ਦਰਿਆ ਬਿਆਸ ਤੋਂ ਬਚਾਅ ਹਿੱਤ ਬਣਾਏ ਗਏ ਸਰਦਾਰ ਆਤਮਾ ਸਿੰਘ ਐਡਵਾਂਸ ਧੁੱਸੀ ਬੰਨ ਨੰ: 1 ਅਤੇ 2 ਦੀਆਂ ਬਰਜੀਆਂ 37 ਤੋਂ 44 ਦਰਮਿਆਨ ਅਤੇ ਬੁਰਜੀਆਂ 25 ਤੋਂ 27 ਦਰਮਿਆਨ ਬਣਾਏ ਕਈ ਸਟੱਡ ਤੇ ਸਪੱਰ ਪਾਣੀ ਦੀ ਮਾਰ ਨਾ ਝਲਦੇ ਹੋਏ ਖੁਰ ਗਏ ਹਨ। ਪਿਛਲੇ ਦਿਨੀਂ ਹੀ ਸਟੱਡ ਨੰ: 26600 ਰੁੜ੍ਹ ਗਿਆ ਹੈ ਅਤੇ ਰੀਚ ਨੰ: 24500 ਤੋਂ 27800 ਤੱਕ ਜ਼ਬਰਦਸਤ ਢਾਅ ਲੱਗੀ ਹੋਈ ਹੈ। ਸਪੱਰ ਨੰ: 26790 ਦੇ ਪੈਰਾਂ ਹੇਠੋਂ ਦਰਿਆ ਦੀ ਢਾਅ ਕਾਰਨ ਮਿੱਟੀ ਖਿਸਕ ਰਹੀ ਹੈ। ਪਿੰਡ ਮਹੀਵਾਲ, ਚੌਧਰੀਆਂ, ਮੁਹੰਮਦ ਅਲੀ ਖਾਂ ਤੇ ਸ਼ੇਰਪੁਰ ਡੋਗਰਾਂ ਆਦਿ ਪਿੰਡਾਂ ਦੀ ਲਗਭਗ ਢਾਈ ਸੌ ਏਕੜ ਅਤੇ ਪਿੰਡ ਬਾਘੂਵਾਲ ਦੀ 150 ਏਕੜ ਉਪਜਾਊ ਭੂਮੀ ਦਰਿਆ ਬੁਰਦ ਹੋ ਗਈ ਹੈ; ਇਸ ਕਾਰਨ ਐਡਵਾਂਸ ਧੁੱਸੀ ਬੰਨਾਂ ਨੂੰ ਭਾਰੀ ਖਤਰਾ ਬਣ ਗਿਆ ਹੈ। ਮੰਡ ਇਲਾਕੇ ਦੇ ਲੋਕਾਂ ਤੇ ਕਿਸਾਨਾਂ ਵਿੱਚ ਇਸ ਸਬੰਧੀ ਭਾਰੀ ਮਾਯੂਸੀ ਤੇ ਬੇਚੈਨੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ (ਸਰਦਾਰ ਲਾਲ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਹਾਂ ਜੀ। ਸਰਦਾਰ ਆਤਮਾ ਸਿੰਘ ਐਡਵਾਂਸ ਧੁੱਸੀ ਬੰਨ੍ਹ ਨੰ: 1 ਅਤੇ 2 ਦੀ ਬੁਰਜੀ ਨੰਬਰ 37 ਤੋਂ 44 ਅਤੇ 25 ਤੋਂ 27 ਵਿਚ ਬਣਾਏ ਗਏ ਸਪੱਰ ਅਤੇ ਸਟੱਡ ਬੈਠ ਗਏ ਹਨ। ਬੁਰਜੀ ਨੰਬਰ 37 ਤੋਂ 44 ਵਿਚ 8 ਨੰਬਰ ਸਪੱਰ ਅਤੇ 12 ਨੰਬਰ ਸਟੱਡਾਂ ਵਿਚੋਂ 4 ਨੰਬਰ ਸਪੱਰ ਅਤੇ 4 ਨੰਬਰ ਸਟੱਡ ਹਨ। ਇਹਨਾਂ ਵਿਚੋਂ ਬੁਰਜੀ 26790 ਤੇ ਬਣਿਆ ਸਪੱਰ ਪਾਣੀ ਦੀ ਮਾਰ ਕਾਰਨ ਬੈਠਣਾ ਸ਼ੁਰੂ ਹੋ ਗਿਆ ਹੈ ਅਤੇ ਬੁਰਜੀ 26600 ਤੇ ਬਣਿਆ ਸਟੱਡ ਬੈਠ ਗਿਆ ਹੈ।

ਬੁਰਜੀ 24500-29000 ਤੱਕ ਢਾਹ ਲੱਗੀ ਹੋਈ ਹੈ। ਫੀਲਡ ਅਮਲਾ ਇਸ ਉਪਰ ਨਿਗਰਾਨੀ ਕਰ ਰਿਹਾ ਹੈ। ਮੌਕੇ ਮੁਤਾਬਿਕ ਪਿੰਡ ਮਾਹੀਵਾਲ, ਚੌਧਰੀਆ, ਮੁਹੰਮਦ ਅਲੀ ਖਾਂ ਅਤੇ ਸ਼ੇਰਪੁਰ ਡੋਗਰਾ ਦੀ 70 ਏਕੜ ਉਪਜਾਊ ਭੂਮੀ ਹੈ ਅਤੇ ਪਿੰਡ ਬਾਘੂਵਾਲ ਦੀ 60 ਏਕੜ ਉਪਜਾਊ ਭੂਮੀ ਹੈ। ਫੀਲਡ ਅਮਲੇ ਦੀ ਰਿਪੋਰਟ ਮੁਤਾਬਿਕ ਆਉਣ ਵਾਲੇ ਬਰਸਾਤੀ ਮੌਸਮ ਦੌਰਾਨ ਇਹਨਾਂ ਬੰਧਾਂ ਨੂੰ ਖਤਰਾ ਹੈ।

ਉਪਜਾਊ ਭੂਮੀ ਨੂੰ ਖੁਰਨ ਤੋਂ ਬਚਾਉਣ ਲਈ ਅਤੇ ਬੰਧਾਂ ਦੀ ਸੁਰੱਖਿਆ ਵਾਸਤੇ ਨਵੇਂ ਕੰਮਾਂ ਦੀ ਉਸਾਰੀ ਅਤੇ ਨੁਕਸਾਨ ਹੋਏ ਹੜ੍ਹ ਰੋਕੂ ਕੰਮਾਂ ਦੀ ਮੁਰੰਮਤ ਦੀ ਜ਼ਰੂਰਤ ਹੈ। ਇਨ੍ਹਾਂ ਕੰਮਾ ਨੂੰ ਕਰਾਉਣ ਵਾਸਤੇ 176.00 ਲੱਖ ਰੁਪਏ ਦੇ ਫੰਡਜ਼ ਦੀ ਜ਼ਰੂਰਤ ਹੈ। ਇਸ ਦੀ ਉਪਬੰਧਤਾ "ਪ੍ਰੋਜੈਕਟ ਤਜਵੀਜ ਬਾਬਤ ਜ਼ਿਲ੍ਹਾ ਨਵਾਂ ਸ਼ਹਿਰ, ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ ਵਿਚ ਦਰਿਆ ਸਤਲੁਜ, ਬਿਆਸ ਅਤੇ ਚੋਆਂ ਉਪਰ ਹੜ੍ਹ ਸੁਰੱਖਿਆ ਕੰਮਾਂ ਦੀ ਉਸਾਰੀ" ਵਿਚ ਕੀਤੀ ਗਈ ਹੈ ਜੋ ਕਿ ਨਾਬਾਰਡ ਦੁਆਰਾ ਆਰ.ਆਈ.ਡੀ.ਐਫ ਅਧੀਨ ਵਿੱਤੀ ਸਹਾਇਤਾ ਲਈ ਨਾਬਾਰਡ ਅਥਾਰਟੀ ਨੂੰ ਭੇਜਣ ਵਾਸਤੇ ਵਿੱਤ ਵਿਭਾਗ ਨੂੰ ਭੇਜੀ ਜਾ ਚੁੱਕੀ ਹੈ। ਇਹ ਕੰਮ ਵਿੱਤੀ ਸਾਲ 2005-06 ਦੌਰਾਨ ਨਾਬਾਰਡ ਦੁਆਰਾ ਮਨਜ਼ੂਰੀ ਅਤੇ ਲੋੜੀਂਦੇ ਫੰਡਜ਼ ਜਾਰੀ ਹੋਣ ਉਪਰੰਤ, ਕਰਵਾਏ ਜਾਣ ਦੀ ਸੰਭਾਵਨਾ ਹੈ। ਇਸ ਪ੍ਰੋਜੈਕਟ ਦੀ ਅਨੁਮਾਨ ਲਾਗਤ 42.97 ਕਰੋੜ ਰੁਪਏ ਹੈ।

**ਡਾ: ਉਪਿੰਦਰਜੀਤ ਕੌਰ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਆਪ ਹੀ ਮੰਨਿਆ ਹੈ ਕਿ ਸਟੱਡ ਅਤੇ ਸਪੱਰ ਬੈਠ ਗਏ ਹਨ ਅਤੇ ਐਡਵਾਂਸ ਬੰਧਾਂ ਨੂੰ ਭਾਰੀ ਖਤਰਾ ਪੈਦਾ ਹੋ ਗਿਆ ਹੈ। ਇਕ ਬੰਧ ਨੂੰ ਮੁਕੰਮਲ ਹੋਏ 7 ਸਾਲ ਹੋ ਗਏ ਹਨ ਅਤੇ ਇਕ ਨੂੰ ਤਕਰੀਬਨ ਸਾਢੇ ਤਿੰਨ ਸਾਲ ਹੋ ਚੁੱਕੇ ਹਨ ਪਰ ਉਨ੍ਹਾਂ ਦੀ ਮੁਰੰਮਤ ਦੇ ਲਈ ਕੋਈ ਵੀ ਕਾਰਵਾਈ ਅਜੇ ਤੱਕ ਨਹੀਂ ਕੀਤੀ ਗਈ। ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹਾਂਗੀ ਕਿ ਕੀ ਉਹ ਪਰਮ-ਅਗੇਤ ਆਧਾਰ ਤੇ ਇਨ੍ਹਾਂ ਸਟੱਡਾਂ ਅਤੇ ਸਪੱਰਾਂ ਦੀ ਮੁਰੰਮਤ ਲਈ ਅਤੇ ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਬਰਸਾਤ ਤੋਂ ਪਹਿਲਾਂ ਪਹਿਲਾਂ ਕਾਰਵਾਈ ਕਰਕੇ ਇਨ੍ਹਾਂ ਦੀ ਤੁਰੰਤ ਮੁਰੰਮਤ ਕਰਵਾਉਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਮਾਮਲਾ ਬੜਾ ਗੰਭੀਰ ਹੈ ਅਤੇ ਇਸ ਤੇ ਛੇਤੀ ਅਮਲ ਦੀ ਲੋੜ ਹੈ ਅਤੇ ਇਹ ਜਿਹੜਾ ਮਾਮਲਾ ਹੈ ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਵਿੱਤ ਵਿਭਾਗ ਨੂੰ ਪਹਿਲਾਂ ਭੇਜਿਆ ਸੀ ਅਤੇ ਵਿੱਤ ਵਿਭਾਗ ਨੇ ਇਸ ਦੀ ਮਨਜ਼ੂਰੀ ਵੀ ਦੇ ਦਿੱਤੀ ਹੈ। ਅਸੀਂ ਪੂਰੀ ਤਰ੍ਹਾਂ ਤਤਪਰ ਹਾਂ ਅਤੇ ਨਾਬਾਰਡ ਤੋਂ ਇਹ ਪੈਸਾ ਛੇਤੀ ਮਨਜ਼ੂਰ ਕਰਾਉਣ ਲਈ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਅਤੇ ਕੋਸ਼ਿਸ਼ ਕਰਕੇ ਇਹ ਪੈਸੇ ਛੇਤੀ ਲਿਆ ਕੇ ਇਹ ਕੰਮ ਛੇਤੀ ਤੋਂ ਛੇਤੀ ਕਰਵਾਇਆ ਜਾਵੇਗਾ।

(ਕ੍ਰਮ ਨੰ: 35)

ਕੈਪਟਨ ਕੰਵਲਜੀਤ ਸਿੰਘ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅੱਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਜ਼ਿਲ੍ਹਾ ਪਟਿਆਲਾ ਦੇ ਹਲਕਾ ਬਨੂੜ ਅਤੇ ਰਾਜਪੁਰਾ ਦੇ ਵੱਖ ਵੱਖ ਪਿੰਡਾਂ ਵਿਚ ਮਿਤੀ 20.3.2005 ਅਤੇ ਮਿਤੀ 21.3.2005 ਦੌਰਾਨ ਹੋਈ ਭਿਆਨਕ ਗੜ੍ਹੇਮਾਰੀ ਕਾਰਨ ਇਨ੍ਹਾਂ ਪਿੰਡਾਂ ਦੇ ਵਿੱਚ ਫਸਲਾਂ ਦੀ ਬਹੁਤ ਜ਼ਿਆਦਾ ਤਬਾਹੀ ਹੋਈ ਹੈ ਜਿਸ ਕਾਰਨ ਸਬੰਧਿਤ ਇਲਾਕੇ/ਪਿੰਡਾਂ ਦੇ ਲੋਕਾਂ ਵਿੱਚ ਬਹੁਤ ਜ਼ਿਆਦਾ ਪ੍ਰੇਸ਼ਾਨੀ, ਬੇਚੈਨੀ ਅਤੇ ਮਾਯੂਸੀ ਪਾਈ ਜਾ ਰਹੀ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਮਾਲ ਤੇ ਮੁੜ ਵਸੇਬਾ, ਰਾਹਤ ਤੇ ਪੁਨਰਵਾਸ ਅਤੇ ਪਰਵਾਸੀ ਭਾਰਤੀ ਮਾਮਲੇ ਮੰਤਰੀ (ਸਰਦਾਰ ਅਮਰਜੀਤ ਸਿੰਘ ਸਮਰਾ)** : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਵੱਲੋਂ ਧਿਆਨ ਦਿਵਾਊ ਮਤੇ ਵਿੱਚ 20.3.2005 ਅਤੇ 21.3.2005 ਦੌਰਾਨ ਜ਼ਿਲ੍ਹਾ ਪਟਿਆਲਾ ਦੇ ਹਲਕਾ, ਬਨੂੜ ਅਤੇ ਰਾਜਪੁਰਾ ਦੇ ਵੱਖ-ਵੱਖ ਪਿੰਡਾਂ ਵਿਚ ਭਿਆਨਕ ਗੜ੍ਹੇਮਾਰੀ ਕਾਰਨ, ਫਸਲਾਂ ਦੀ ਬਹੁਤ ਜ਼ਿਆਦਾ ਤਬਾਹੀ ਬਾਰੇ, ਉਠਾਏ ਨੁਕਤੇ ਸਬੰਧੀ ਡਿਪਟੀ ਕਮਿਸ਼ਨਰ, ਪਟਿਆਲਾ ਤੋਂ ਰਿਪੋਰਟ ਮੰਗੀ ਗਈ ਸੀ । ਡਿਪਟੀ ਕਮਿਸ਼ਨਰ, ਪਟਿਆਲਾ ਨੇ ਦੱਸਿਆ ਹੈ ਕਿ ਉਪ ਮੰਡਲ ਮੈਜਿਸਟਰੇਟ, ਉਪ ਮੰਡਲ ਡੇਰਾਬੱਸੀ ਅਤੇ ਰਾਜਪੁਰਾ, ਜਿਨ੍ਹਾਂ ਦੇ ਖੇਤਰ ਵਿੱਚ ਇਹ ਹਲਕੇ ਪੈਂਦੇ ਹਨ, ਦੀ ਰਿਪੋਰਟ ਅਨੁਸਾਰ ਫਸਲਾਂ ਨੂੰ ਕੋਈ ਖਾਸ ਨੁਕਸਾਨ ਹੋਣ ਬਾਰੇ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ । ਹੇਠਲੇ ਪੱਧਰ ਦੇ ਮਾਲ ਅਮਲੇ ਵੱਲੋਂ ਮਿਤੀ 31.3.2005 ਤੱਕ ਗਿਰਦਾਵਰੀ ਮੁਕੰਮਲ ਕੀਤੀ ਗਈ ਹੈ । ਉਸ ਉਪਰੰਤ ਸਰਕਲ ਮਾਲ ਅਫਸਰਾਂ ਵੱਲੋਂ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਇਲਾਕੇ ਦਾ ਦੌਰਾ ਕੀਤਾ ਗਿਆ । ਡੇਰਾਬੱਸੀ ਉਪ ਮੰਡਲ ਦੇ ਕੁਝ ਪਿੰਡਾਂ ਵਿੱਚ ਤੇਜ ਹਵਾਵਾਂ ਕਰਕੇ ਫਸਲ ਦੇ ਵਿਛਣ ਦੀਆਂ ਟਾਵੀਆਂ ਟਾਵੀਆਂ ਰਿਪੋਰਟਾਂ ਪ੍ਰਾਪਤ ਹੋਈਆਂ ਹਨ, ਪਰ ਉਸ ਤੋਂ ਬਾਅਦ ਮੌਸਮ ਠੀਕ ਹੋਣ ਕਰਕੇ, ਫਸਲਾਂ ਨੂੰ ਕੋਈ ਖਾਸ ਨੁਕਸਾਨ ਹੋਇਆ ਕਿਸੇ ਵੀ ਜਗ੍ਹਾ ਤੇ ਨਜ਼ਰ ਨਹੀਂ ਆਉਂਦਾ । ਉਪ ਮੰਡਲ ਅਫਸਰ, ਡੇਰਾਬੱਸੀ ਵੱਲੋਂ ਖੇਤੀਬਾੜੀ ਵਿਕਾਸ ਅਫਸਰ, ਡੇਰਾਬੱਸੀ ਤੋਂ ਵੀ ਰਿਪੋਰਟ ਲਈ ਗਈ ਹੈ । ਕਿਸੇ ਵੀ ਪਿੰਡ ਦੇ ਵਾਸੀ ਵੱਲੋਂ, ਜਾਂ ਕਿਸੇ ਕਿਸਾਨ ਜੱਥੇਬੰਦੀ ਵੱਲੋਂ ਜ਼ਿਲ੍ਹਾ ਪੱਧਰ ਜਾਂ ਉਪ-ਮੰਡਲ ਪੱਧਰ ਤੇ ਇਸ ਬਾਰੇ ਵਿੱਚ ਕੋਈ ਵੀ ਰਿਪੋਰਟ ਜਾਂ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ । ਫਿਰ ਵੀ ਡਿਪਟੀ ਕਮਿਸ਼ਨਰ, ਪਟਿਆਲਾ ਵੱਲੋਂ ਉਪ-ਮੰਡਲ ਅਫਸਰਾਂ ਨੂੰ ਫਿਰ ਇਹ ਹਦਾਇਤ ਕਰ ਦਿੱਤੀ ਗਈ ਹੈ ਕਿ ਜੇਕਰ ਕੋਈ ਵੀ ਫਸਲ ਨੂੰ ਨੁਕਸਾਨ ਦੀ ਰਿਪੋਰਟ ਉਨ੍ਹਾਂ ਦੇ ਖੇਤਰ ਵਿੱਚ ਪ੍ਰਾਪਤ ਹੁੰਦੀ ਹੈ ਤਾਂ ਉਹ ਤੁਰਤ ਉਸ ਨੂੰ ਤਸਦੀਕ ਕਰਵਾਉਣ । ਜੇਕਰ ਨੁਕਸਾਨ ਪ੍ਰਤੀ ਰਿਪੋਰਟ ਪ੍ਰਾਪਤ ਹੋਈ ਤਾਂ ਹਦਾਇਤਾਂ ਅਨੁਸਾਰ ਜੇਕਰ ਪ੍ਰਭਾਵਿਤ ਕਿਸਾਨਾਂ ਨੂੰ ਰਾਹਤ ਦੇਣੀ ਬਣਦੀ ਹੋਈ ਤਾਂ ਉਹ ਰਾਹਤ ਦੇਣ ਲਈ ਕਾਰਵਾਈ ਕਰ ਲਈ ਜਾਵੇਗੀ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਬੜਾ ਅਫਸੋਸ ਹੈ ਕਿ ਲੋਕ ਫਸਲਾਂ ਦੀ ਤਬਾਹੀ ਕਾਰਨ ਤੜਫ ਰਹੇ ਹਨ ਤੇ ਮੰਤਰੀ ਜੀ ਕਹਿੰਦੇ ਹਨ ਕਿ ਇਨ੍ਹਾਂ ਨੂੰ ਰਿਪੋਰਟ ਆਈ ਹੈ ਨੁਕਸਾਨ ਹੀ ਕੋਈ ਨਹੀਂ ਹੋਇਆ । ਇਹ ਮੇਰੇ ਖਿਆਲ ਦੇ ਵਿੱਚ ਜਾਂ ਤਾਂ ਸਰਕਾਰ ਦੀ ਕਾਰਗੁਜ਼ਾਰੀ ਵਿੱਚ ਕੋਈ ਨੁਕਸ ਹੈ ਜਾਂ ਫਿਰ ਇਨ੍ਹਾਂ ਦਾ ਸਾਰਾ ਢਾਂਚਾ ਹੀ ਖਤਮ ਹੋਇਆ ਪਿਆ ਹੈ । ਇਨ੍ਹਾਂ ਨੇ ਕਿਹਾ ਹੈ ਕਿ ਨੁਕਸਾਨ ਹੀ ਨਹੀਂ ਹੋਇਆ ਹੈ, ਇਹ ਤਾਂ ਝੱਗਾ ਹੀ ਚੱਕ ਗਏ । ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਾਂਗਾ ਕਿ ਮੈਂ ਉਸ ਹਲਕੇ ਦਾ ਵਿਧਾਇਕ ਹਾਂ, ਇਹ ਰਿਪੋਰਟ ਬਿਲਕੁੱਲ ਗਲਤ ਹੈ...

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੁਆਫ ਕਰਨਾ, ਇਹ ਝੱਗਾ ਚੱਕਣ ਦਾ ਮਤਲਬ ਕੀ ਹੈ । (ਹਾਸਾ)

**ਮਾਨਯੋਗ ਸਪੀਕਰ** : ਮੰਤਰੀ ਜੀ ਨੇ ਕਿਹਾ ਹੈ ਕਿ ਨਵੇਂ ਸਿਰੇ ਤੋਂ ਅਫਸਰ ਰਿਪੋਰਟ ਕਰਨਗੇ ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਲਹਿਜ਼ਾ ਪਾਰਲੀਮਾਨੀ ਮੰਤਰੀ ਜੀ ਨੇ ਵਰਤਿਆ ਹੈ, ਮੈਂ ਉਸ ਲਹਿਜ਼ੇ ਵਿੱਚ ਗੱਲ ਨਹੀਂ ਕਰੀ । ਮੈਂ ਤਾਂ ਪੇਟ ਖਾਲੀ ਦੀ ਗੱਲ ਕਰੀ ਹੈ । ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਆਸ਼ਵਾਸਨ ਲਵਾਂਗਾ ਕਿ ਸਾਰੀ ਇਸ ਸਥਿਤੀ ਦੀ ਦੁਬਾਰਾ ਰਿਪੋਰਟ ਲੈ ਕੇ ਇਸ ਸਦਨ ਦੇ ਵਿੱਚੋਂ ਕਿਸੇ ਜ਼ਿੰਮੇਵਾਰ ਸੱਜਣ ਜਾਂ ਹੈੱਡ ਕੁਆਰਟਰ ਤੋਂ ਕੋਈ ਅਫਸਰ ਜਾਵੇ, ਕਿਉਂਕਿ ਡਿਪਟੀ ਕਮਿਸ਼ਨਰ ਦੀ ਰਿਪੋਰਟ ਗਲਤ ਹੈ...

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ।

**ਕੈਪਟਨ ਕੰਵਲਜੀਤ ਸਿੰਘ** : ਕੋਈ ਹੈੱਡਕੁਆਰਟਰ ਤੋਂ ਸਪੈਸ਼ਲ ਅਫਸਰ ਭੇਜਣ, ਜਿਹੜਾ ਮੇਰੀ ਨਾਲੇਜ ਵਿੱਚ ਵੀ ਹੋਵੇ, ਤਾਂ ਕਿ ਮੈਂ ਦੱਸ ਸਕਾਂ । ਕੀ ਇਹ ਕਰਵਾਉਣਗੇ ?

**ਮਾਨਯੋਗ ਸਪੀਕਰ** : ਕੋਈ ਹੋਰ ਅਫਸਰ ਭੇਜਾਂਗੇ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਇਨ੍ਹਾਂ ਦੀ ਤਸੱਲੀ ਹੁੰਦੀ ਹੈ, ਉਸ ਤਰ੍ਹਾਂ ਕਰਵਾ ਲਿਆ ਜਾਏਗਾ । ਮਾਨਯੋਗ ਮੈਂਬਰ ਬੜੇ ਸੁਲਝੇ-ਸਿਆਣੇ ਸਾਡੇ ਖਜ਼ਾਨਾ ਮੰਤਰੀ ਹਨ, ਇਨ੍ਹਾਂ ਨੂੰ ਸ਼ਾਇਦ ਡੇਟ ਦਾ ਭੁਲੇਖਾ ਨਾ ਪਿਆ ਹੋਵੇ...

**ਮਾਨਯੋਗ ਸਪੀਕਰ** : ਇਹ ਸਾਡੇ ਖਜ਼ਾਨਾ ਮੰਤਰੀ ਤਾਂ ਹੈ ਨਹੀਂ ।

**ਮੰਤਰੀ** : ਪਟਿਆਲਾ ਉਪ-ਮੰਡਲ ਵਿੱਚ 10 ਅਕਤੂਬਰ, 2004 ਨੂੰ 824 ਏਕੜ ਰਕਬਾ ਗੜਿਆਂ ਨਾਲ ਪ੍ਰਭਾਵਿਤ ਹੋਇਆ ਸੀ । ਉਸ ਦੇ ਲਈ 7 ਲੱਖ 16 ਹਜ਼ਾਰ ਰੁਪਏ ਦੀ ਰਕਮ ਅਤੇ ਰਾਜਪੁਰਾ ਉਪ-ਮੰਡਲ ਵਿੱਚ ਮਿਤੀ 12.2.05 ਨੂੰ 338 ਏਕੜ

[ਦਿਹਾਤੀ ਵਿਕਾਸ ਅਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ]

ਰਕਬੇ ਵਿੱਚ ਗੜ੍ਹਿਆਂ ਤੋਂ ਪ੍ਰਭਾਵਿਤ ਹੋਈ ਫਸਲ ਲਈ 4 ਲਖ 75 ਹਜ਼ਾਰ ਰੁਪਏ ਪ੍ਰਭਾਵਿਤ ਕਿਸਾਨਾ ਨੂੰ ਵੰਡਣ ਲਈ ਡਿਪਟੀ ਕਮਿਸ਼ਨਰ, ਪਟਿਆਲਾ ਨੂੰ ਰਿਲੀਜ਼ ਕਰ ਦਿੱਤਾ ਹੈ। ਇਨ੍ਹਾ ਦਿਨਾ ਵਿੱਚ ਜਿਹੜੇ ਅਕਤੂਬਰ ਅਤੇ ਫਰਵਰੀ ਵਿੱਚ ਗੜ੍ਹੇ ਪਏ ਹਨ, ਉਹ ਰਕਮ ਅਸੀਂ ਦੇ ਦਿੱਤੀ ਹੈ। ਜੇ ਫਿਰ ਵੀ 20-21 ਮਾਰਚ ਨੂੰ ਇਹ ਕਹਿੰਦੇ ਹਨ ਕਿ ਗੜ੍ਹੇ ਪਏ ਹਨ, ਜਾਂ ਮੈਂ ਤੁਹਾਡੇ ਨਾਲ ਚਲਿਆ ਜਾਂਦਾ ਹਾਂ ਜਾਂ ਇਥੋਂ ਕਿਸੇ ਨੂੰ ਭੇਜ ਦਿੰਦੇ ਹਾਂ ਔਰ ਇਹ ਦੇਖ ਲੈਂਦੇ ਹਾਂ। ਅਸੀਂ ਤੁਹਾਡੀ ਤਸੱਲੀ ਹਰ ਤਰ੍ਹਾਂ ਨਾਲ ਕਰਨ ਨੂੰ ਤਿਆਰ ਹਾਂ।

---

## LAYING OF THE REPORT OF THE RULES COMMTITEE

**MR. SPEAKER** : I lay on the Table the Report of the Rules Committee, as required under Rule 232(1) of the Rules of Procedure and Conduct of Business in the Punjab Vidhan Sabha (Punjab Legislative Assembly).

---

## PAPERS LAID ON THE TABLE

**Minister for Local Government, Parliamentary Affairs, Labour & Employment and Elections (Chaudhary Jagjit Singh)** : Sir, I beg to lay on the Table—

1. The Annual Financial Statement of Punjab State Electricity Board for the year 2005-2006, as required under Section 61(3) of the Electricity (Supply) Act, 1948 along with Statement of its aims and objects.

2. The Annual Administrative Report of Punjab Scheduled Castes Land Development and Finance Corporation for the year 2001-2002, as required under Section 27(6) of the Punjab Scheduled Castes Land Development and Finance Corporation Act, 1970.

---

## MOTION OF THANKS AND DISCUSSION ON GOVERNOR'S ADDRESS

**MR. SPEAKER** : Now, we take up the next item 'Motion of Thanks and Discussion on Governor's Address'. Rana Kanwarpal **Singh** to please move the motion.

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਨਹਿਰਾ ਕਮਿਸ਼ਨ ਦੀ ਰਿਪੋਰਟ ਲੇਅ ਹੋਈ ਹੈ। ਬੜੇ ਮਹੱਤਤਾ ਵਾਲੇ ਅਤੇ ਬੜੇ ਅਹਿਮ ਮੁੱਦੇ ਨੂੰ ਇਸ ਕਮਿਸ਼ਨ ਨੇ ਦੇਖਿਆ ਹੈ। ਬੜੇ ਲੰਬੇ ਸਮੇਂ ਤੋਂ ਇਹ ਪਬਲਿਕ ਅਤੇ ਪ੍ਰੈਸ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੈ। ਮੈਂ ਆਪ ਨੂੰ ਸਾਰੀ ਵਿਰੋਧੀ ਧਿਰ ਵੱਲੋਂ ਬੇਨਤੀ ਕਰਾਂਗਾ ਕਿ ਕੋਈ ਸਮਾਂ ਨਿਸ਼ਚਿਤ ਕੀਤਾ ਜਾਵੇ ਤਾਂ ਕਿ ਜਿਹੜੀ ਇਹ ਰਿਪੋਰਟ ਲੇਅ ਹੋਈ ਹੈ, ਇਸ ਤੇ ਖੁੱਲ੍ਹ ਕੇ ਇਸ ਹਾਊਸ ਵਿੱਚ ਡਿਸਕਸ਼ਨ ਕੀਤੀ ਜਾਵੇ।

**MR. SPEAKER** : Alright. I will consider.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਹੀ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਦੀ ਰਿਪੋਰਟ ਵੀ ਲੇਅ ਹੋਈ ਹੈ, ਉਸ ਤੇ ਵੀ ਡਿਸਕਸ਼ਨ ਕਰਨੀ ਹੈ।

**ਮਾਨਯੋਗ ਸਪੀਕਰ** : ਉਹ ਵੀ ਕੰਨਸੀਡਰ ਕਰਾਂਗੇ।

**Rana Kanwarplal Singh** : Sir, I beg to move—

That an Address be presented to the Governor in the following terms :—

> "That the Members of this House assembled in this Session are deeply grateful to the Governor for the Address which he has been pleased to deliver to the House on the 18th March, 2005"

**MR. SPEAKER** : Motion moved—

That an Address be presented to the Governor in following terms :—

> That the Members of this House assembled in this Session are deeply grateful to the Governor for the Address which he has been pleased to deliver to the House on the 18th March, 2005".

**ਮਾਨਯੋਗ ਸਪੀਕਰ :** ਡਿਸਕਸ਼ਨ, ਹਾਂ ਜੀ ਬੋਲੋ ।

**ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ (ਰਾਣਾ ਕੇ. ਪੀ. ਸਿੰਘ) :** ਧੰਨਵਾਦ, ਸਪੀਕਰ ਸਾਹਿਬ । ਤੁਸੀਂ ਮੈਨੂੰ ਇਸ ਮਹੱਤਵਪੂਰਨ ਮਤੇ ਨੂੰ ਪੇਸ਼ ਕਰਨ ਤੇ ਬੋਲਣ ਲਈ ਇਜਾਜ਼ਤ ਦਿੱਤੀ ਹੈ । ਮੈਂ ਤੁਹਾਡੇ ਰਾਹੀਂ ਸਦਨ ਵਿਚ ਕਹਿਣਾ ਚਾਹੁੰਦਾ ਹਾਂ ਕਿ ਅੱਜ ਤੋਂ ਤਿੰਨ ਸਾਲ ਪਹਿਲਾਂ ਬਹੁਤ ਹੀ ਨਾਜ਼ੁਕ ਦੌਰ ਦੇ ਵਿਚੋਂ ਜਦੋਂ ਪੰਜਾਬ ਸੂਬਾ ਗੁਜ਼ਰ ਰਿਹਾ ਸੀ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬ ਵਿੱਚ ਸੱਤਾ ਸੰਭਾਲੀ । ਇਹ ਉਹ ਵਕਤ ਸੀ ਜਦੋਂ ਸ਼ਾਇਦ ਹੀ ਅਜ਼ਾਦੀ ਮਿਲਣ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਪੰਜਾਬ ਦੇ ਸੂਬੇ ਨੇ ਇੰਨਾ ਦੁੱਖ ਦਰਦ ਹੰਢਾਇਆ ਹੋਵੇ, ਏਨੀ ਔਖੀ ਘੜੀ ਵੇਖੀ ਹੋਏ ਜਿੰਨਾ ਕਿ ਉਸ ਸਮੇਂ ਸੀ, ਜਿਸ ਦਿਨ ਸਾਡੀ ਸਰਕਾਰ ਹੋਂਦ ਵਿੱਚ ਆਈ ਸੀ । ਉਹ ਇੱਕ ਸਮਾਂ ਸੀ ਕਿ ਹਿੰਦੁਸਤਾਨ ਦਾ ਸਿਰਮੌਰ ਸੂਬਾ ਜਿਸ ਨੇ ਇਸ ਦੇਸ਼ ਦੀ ਹਰ ਖਿੱਤੇ ਵਿੱਚ ਅਗਵਾਈ ਕੀਤੀ ਹੋਵੇ, ਉਸ ਸੂਬੇ ਦੇ ਲੋਕ ਜਿਸ ਕਿਸਾਨੀ ਨੇ ਹਰ ਖੇਤਰ ਵਿੱਚ ਵੱਡੀਆਂ ਵੱਡੀਆਂ ਮੱਲਾਂ ਮਾਰੀਆਂ ਹੋਣ । ਮੁਲਕ ਦੀ ਵੰਡ ਤੋਂ ਬਾਅਦ ਚੰਗੀਆਂ ਜ਼ਮੀਨਾਂ, ਚੰਗਾ ਨਹਿਰੀ ਸਿਸਟਮ ਲਹਿੰਦੇ ਪੰਜਾਬ ਦੇ ਵਿੱਚ ਜਾਣ ਦੇ ਬਾਵਜੂਦ ਭਰਪੂਰ ਮਿਹਨਤ ਅਤੇ ਮਸ਼ੱਕਤ ਕਰਕੇ ਏਨਾ ਅਨਾਜ ਪੈਦਾ ਕੀਤਾ, ਏਨੀ ਮਿਹਨਤ ਕੀਤੀ ਕਿ ਸਾਰੇ ਪੰਜਾਬੀਆਂ ਦਾ ਸਿਰ ਫਖਰ ਦੇ ਨਾਲ ਉੱਚਾ ਹੁੰਦਾ ਸੀ ਅਤੇ ਹੋਣੀ ਅਤੇ ਤਕਦੀਰ ਹੀ ਸੀ ਕਿ ਇਸਦੇ ਬਾਵਜੂਦ ਪੰਜਾਬ ਦੇ ਲੋਕਾਂ ਨੂੰ ਉਹ ਸਮਾਂ ਵੀ ਦੇਖਣਾ ਪਿਆ ਕਿ ਉਹ ਬਹਾਦਰ ਪੰਜਾਬੀ ਕਿਸਾਨ ਜਿਸ ਨੇ ਦੇਸ਼ ਦੇ ਅਨਾਜ਼ ਭੰਡਾਰ ਨੂੰ ਸਿਰਫ਼ ਭਰਿਆ ਹੀ ਨਹੀਂ ਬਲਕਿ ਇਤਨਾ ਅਨਾਜ ਪੈਦਾ ਕੀਤਾ ਕਿ ਅਨਾਜ ਨੂੰ ਸੰਭਾਲਣ ਦੀ ਬਹੁਤ ਵੱਡੀ ਸਮੱਸਿਆ ਸਾਹਮਣੇ ਆਈ । ਸਾਡੇ ਕਿਸਾਨ ਜ਼ਹਿਰ ਖਾਣ ਲਈ ਮਜਬੂਰ ਹੁੰਦੇ ਰਹੇ, ਸਾਡੀ ਸਰਕਾਰ ਨੂੰ ਪਿਛਲੀ ਸਰਕਾਰ ਦੀ ਗਲਤ ਕਾਰਗੁਜ਼ਾਰੀਆਂ ਦੀ ਵਜ੍ਹਾ ਨਾਲ ਬੇਸ਼ੁਮਾਰ ਕਰਜ਼ੇ ਦੀ ਪੰਡ ਵਿਰਸੇ ਵਿੱਚ ਮਿਲੀ । ਸਾਡੀ ਸਰਕਾਰ ਨੂੰ ਬੁਰੀ ਤਰ੍ਹਾਂ ਪੰਜਾਬ ਦਾ ਅਰਥਚਾਰਾ ਲੀਹਾਂ ਤੋਂ ਉਤਰਿਆ ਮਿਲਿਆ । ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਕਾਰਖਾਨੇਦਾਰ, ਪੰਜਾਬ ਦੇ ਇੰਡਸਟਰੀਲਿਸਟ ਆਪਣਾ ਬੋਰੀਆ ਬਿਸਤਰਾ ਇਕੱਠਾ ਕਰਕੇ ਬਾਹਰ ਦੂਜੇ ਸੂਬੇ ਵਿੱਚ ਜਾਣ ਲਈ ਮਜਬੂਰ ਸੀ । ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਅੰਦਰ ਵਸਦੇ ਲੋਕ ਬੁਰੀ ਤਰ੍ਹਾਂ ਬੇਰੁਜ਼ਗਾਰੀ ਔਰ ਰਾਜਨੀਤਕ ਡਿਸਆਨੈਸਟੀ ਦਾ ਸ਼ਿਕਾਰ ਹੋਏ । ਇਹ ਉਹ ਸਮਾਂ ਸੀ ਕਿ ਜਦੋਂ ਨਾ ਕੇਵਲ ਪੰਜਾਬ ਦੇ ਲੋਕਾਂ ਨੇ ਬਲਕਿ ਹਿੰਦੋਸਤਾਨ ਦੇ ਲੋਕਾਂ ਨੇ ਦੇਖਿਆ ਕਿ ਸਰਕਾਰੀ ਤੌਰ ਤੇ ਸਰਕਾਰੀ ਨੌਕਰੀਆਂ ਦੀਆਂ ਬੋਲੀਆਂ ਹੁੰਦੀਆਂ ਰਹੀਆਂ । ਇਹ ਪੰਜਾਬ ਦੇ ਲੋਕਾਂ ਦੀ ਬਦਕਿਸਮਤੀ ਸੀ ਕਿ ਪੀ.ਸੀ.ਐਸ. ਅਤੇ ਡੀ.ਐਸ.ਪੀਜ਼ ਦੀਆਂ ਨੌਕਰੀਆਂ ਇੱਕ ਇੱਕ, ਡੇਢ ਡੇਢ ਕਰੋੜ ਰੁਪਏ ਤੇ ਵਿੱਕੀਆਂ । ਪੰਜਾਬ ਦੇ ਲੋਕਾਂ ਨੇ ਉਹ ਸਮਾਂ ਵੀ ਵੇਖਿਆ ਕਿ ਗੁਰੂ ਰਾਮਦਾਸ ਜੀ ਦੀ ਪਵਿੱਤਰ ਨਗਰੀ ਜਿਥੇ ਲੋਕ ਦੁੱਖ ਦਰਦ ਅਤੇ ਕੋਹੜ ਦੂਰ ਕਰਵਾਉਣ ਲਈ ਜਾਇਆ ਕਰਦੇ ਸਨ, ਸਾਰੀ ਦੁਨੀਆਂ ਜਾਣਦੀ ਹੈ ਕਿ ਅੰਮ੍ਰਿਤਸਰ ਦੇ ਪਵਿੱਤਰ ਨਗਰ ਵਿੱਚ 150 ਕਰੋੜ ਦੇ ਗੁਰਦਿਆ ਦਾ ਵਪਾਰ ਹੋਇਆ । ਉਸ ਸਮੇਂ ਦੇ ਹਾਕਮਾਂ ਨੇ, ਉਸ ਸਮੇਂ ਦੀ ਸਰਕਾਰ ਨੇ ਇਸ ਪਾਸੇ ਨਜ਼ਰ ਨਹੀਂ ਕੀਤੀ । ਇਸ ਤੋਂ ਇਲਾਵਾ ਨੰਗਲ ਵਿਚ ਪੀ. ਐਨ. ਐਫ. ਸੀ. ਦਾ ਕਾਰਖਾਨਾ

ਬੰਦ ਹੋ ਗਿਆ। ਬਹੁਤ ਵੱਡੀ ਫੈਕਟਰੀ ਪਨਵਾਇਰ ਨਾਂ ਦੀ ਮੁਹਾਲੀ ਵਿਚ ਚਲਦੀ ਸੀ ਜਿਸ ਦਾ ਕੌਮਾਂਤਰੀ ਪੱਧਰ ਦਾ ਰਿਕਾਰਡ ਸੀ ਪਰ ਸਰਕਾਰ ਦੀਆਂ ਅਣਗਹਿਲੀਆਂ ਕਰਕੇ ਉਹ ਬੰਦ ਹੋ ਗਈ। ਨੰਗਲ ਵਿਚ ਪੀ.ਏ.ਸੀ.ਐਲ. ਦਾ ਕਾਰਖਾਨਾ ਕਿਸੇ ਜ਼ਮਾਨੇ ਵਿਚ ਪੰਜਾਬ ਦਾ ਮਾਣ ਰਿਹਾ ਪਰ ਜਦੋਂ ਅਸੀਂ ਸਰਕਾਰ ਸੰਭਾਲੀ ਤਾਂ ਉਹ ਹਟਕੋਰੇ ਲੈ ਰਹੀ ਸੀ। ਜੇ ਕਿਤੇ ਕਾਂਗਰਸ ਸਰਕਾਰ ਨਾ ਬਣਦੀ ਇਸ ਵਿਚ ਕੋਈ ਦੂਜਾ ਤਰਕ ਨਹੀਂ ਕੋਈ ਦੂਜੀ ਰਾਏ ਨਹੀਂ ਕਿ ਉਹ ਇੰਡਸਟਰੀ ਬੰਦ ਹੋ ਜਾਂਦੀ। ਲੋਕਾਂ ਦਾ ਸਰਕਾਰ ਤੋਂ ਨਿਜਾਮ ਤੋਂ ਵਿਸ਼ਵਾਸ ਉਠ ਚੁੱਕਿਆ ਸੀ। ਇਸ ਤੋਂ ਵੀ ਵੱਡੀ ਗੱਲ ਕਿ ਪੰਜਾਬ ਦਾ ਕਿਸਾਨ ਜਿਸ ਲਈ ਪਾਣੀ ਦੀ ਗੱਲ ਹਮੇਸ਼ਾਂ ਕੀਤੀ ਗਈ, ਪਾਣੀਆਂ ਦਾ ਮੁੱਦਾ ਇਸ ਹਾਊਸ ਵਿਚ ਉਠਿਆ ਅਤੇ ਆਪਣੇ ਆਪਣੇ ਤਰੀਕੇ ਨਾਲ ਦੋਨੋਂ ਮੁੱਖ ਪਾਰਟੀਆਂ—ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪਾਰਟੀ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਗੱਲ ਕਰਦੀਆਂ ਰਹੀਆਂ ਪਰ ਉਸ ਵਿਚ ਪਿਛਲੀ ਸਰਕਾਰ ਇਖਲਾਕੀ ਤੌਰ ਤੇ ਅਤੇ ਕਾਨੂੰਨੀ ਤੌਰ ਤੇ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਪਹਿਲਾਂ ਹੀ ਆਪਣੀ ਹਾਰ ਮੰਨ ਚੁੱਕੀ ਸੀ। ਇਸ ਤੋਂ ਵੱਡੀ ਹੋਰ ਮਾੜੀ ਗੱਲ ਨਹੀਂ ਹੋ ਸਕਦੀ। ਵਕੀਲ ਸਾਹਿਬਾਨ ਜਿਹੜੇ ਸੁਪਰੀਮ ਕੋਰਟ ਵਿਚ ਪੰਜਾਬ ਦੇ ਪਾਣੀਆਂ ਵਾਸਤੇ ਪੈਰਵੀ ਕਰਦੇ ਸੀ, ਉਨ੍ਹਾਂ ਨੂੰ ਫੀਸਾਂ ਨਹੀਂ ਦਿੱਤੀਆਂ ਗਈਆਂ। ਇਸ ਤੋਂ ਮਾੜੀ ਤ੍ਰਾਸਦੀ ਪੰਜਾਬੀਆਂ ਵਾਸਤੇ ਨਹੀਂ ਹੋ ਸਕਦੀ। ਇਸ ਬਾਅਦ ਨਰਮੇ ਦੀ ਗੱਲ ਲੈ ਲਈਏ ਜਿਸ ਨੇ ਪੰਜਾਬ ਨੂੰ ਹਿੰਦੁਸਤਾਨ ਵਿਚ ਗੌਰਵਮਈ ਸਥਾਨ ਦਿਵਾਇਆ, ਉਹ ਨਰਮੇ ਦੀ ਪੱਟੀ ਬਰਬਾਦ ਹੋ ਗਈ ਸੀ। ਮਾੜੇ ਬੀਜ, ਮਾੜੇ ਨਰਮੇ ਦਾ ਕਾਰਨ ਸਰਕਾਰ ਦੀ ਮਾੜੀ ਹੈਂਡਲਿੰਗ ਸੀ। ਕਾਰਨ ਚਾਹੇ ਕੁਝ ਵੀ ਰਹੇ ਹੋਣ ਪਰ ਉਹ ਨਰਮੇ ਦੀ ਪੱਟੀ ਪਿਛਲੇ ਸਮੇਂ ਵਿਚ ਪੂਰੀ ਤਰ੍ਹਾਂ ਬਰਬਾਦ ਹੋ ਗਈ ਸੀ। ਮੈਂ ਸਪੀਕਰ ਸਾਹਿਬ, ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਤੋਂ ਇਲਾਵਾ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ, ਜਿਸ ਤੋਂ ਬਿਨਾਂ ਪੰਜਾਬ ਦੀ ਖੁਸ਼ਹਾਲੀ ਦੀ ਕਾਮਨਾ ਨਹੀਂ ਕੀਤੀ ਜਾ ਸਕਦੀ, ਪੰਜਾਬ ਦੇ ਬਿਜਲੀ ਬੋਰਡ ਦਾ ਲੱਕ ਟੁੱਟ ਚੁੱਕਿਆ ਸੀ, ਉਹ ਟੁੱਟਣ ਦੇ ਕਿਨਾਰੇ ਸੀ। ਇੰਨਾ ਘਾਟੇ ਵਿਚ ਜਾ ਰਿਹਾ ਸੀ, ਇੰਨਾ ਬਦਇੰਤਜ਼ਾਮ ਸੀ ਕਿ ਜੇਕਰ ਉਸ ਨੂੰ ਫੌਰੀ ਤੌਰ ਤੇ ਠੀਕ ਨਾ ਕੀਤਾ ਜਾਂਦਾ ਤਾਂ ਪੰਜਾਬ ਦੀ ਆਰਥਿਕਤਾ ਹੋਰ ਬੁਰੀ ਤਰ੍ਹਾਂ ਵਿਗੜ ਜਾਂਦੀ। ਇਸ ਤੋਂ ਇਲਾਵਾ ਫਾਈਨਾਂਸ਼ੀਅਲ ਮਿਸਮੈਨੇਜ਼ਮੈਂਟ ਵੀ ਕਾਰਨ ਸਨ। ਪੰਜਾਬ ਵਿੱਤੀ ਤੌਰ ਤੇ ਬੁਰੀ ਤਰ੍ਹਾਂ ਤਹਿਸ ਨਹਿਸ ਹੋ ਗਿਆ ਸੀ। ਉਸ ਦਾ ਮਰਹਲਾ ਪੰਜਾਬ ਦੇ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਦਿੱਤੀ। ਮੈਂ ਖੁਸ਼ੀ ਨਾਲ ਕਹਿ ਸਕਦਾ ਹਾਂ ਕਿ ਇਸ ਗੱਲ ਦਾ ਸਾਨੂੰ ਫਖਰ ਹੈ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸਭ ਤੋਂ ਪਹਿਲਾਂ ਪਾਣੀਆਂ ਦੇ ਮਸਲੇ ਤੇ ਸਟੈਂਡ ਲਿਆ ਅਤੇ ਬੜੀ ਦਲੇਰੀ ਨਾਲ ਜਿਸ ਬਾਰੇ ਸਟੈਂਡ ਲਿਆ (ਥੰਪਿੰਗ) ਇਸ ਗੱਲ ਦਾ ਸਾਨੂੰ ਫਖਰ ਹੈ। ਕੈਪਟਨ ਸਾਹਿਬ ਨੇ ਦੂਰ ਦ੍ਰਿਸ਼ਟੀ ਨਾਲ ਪੰਜਾਬ ਅਤੇ ਪੰਜਾਬੀਅਤ ਪ੍ਰਤੀ ਆਪਣੀ ਵਫਾਦਾਰੀ ਦਿਖਾਉਂਦੇ ਹੋਏ ਉਸ ਪਾਣੀਆਂ ਦੇ ਮਸਲੇ ਨੂੰ ਦਰੁਸਤ ਕੀਤਾ ਅਤੇ ਇਸ ਅਸੈਂਬਲੀ ਵਿਚ ਉਹ ਪਾਸ ਹੋਇਆ। ਉਸ ਪਾਣੀਆਂ ਦੇ ਮਸਲੇ ਨੂੰ ਬਦਲਣ ਦਾ ਸਿਹਰਾ ਕੈਪਟਨ ਅਮਰਿੰਦਰ ਸਿੰਘ ਦੇ ਸਿਰ ਜਾਂਦਾ ਹੈ। ਮੈਂ ਇਸ ਨਾਲ ਕਿਸੇ ਦੀਆਂ ਫੀਲਿੰਗਜ਼ ਨੂੰ ਹਰਟ ਨਹੀਂ ਕਰਦਾ ਪਰ ਮੈਂ ਜ਼ਿੰਮੇਵਾਰੀ ਮਹਿਸੂਸ ਕਰਦਾ ਹਾਂ ਕਿ ਇਸ ਗੱਲ ਦਾ ਕਿਸਾਨਾ

[ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ]

ਨੂੰ ਹੱਕ ਹੈ ਕਿ ਉਹ ਸੱਚਾਈ ਜਾਣ ਸਕਣ । ਇਸ ਸਾਰੀ ਗੱਲ ਦਾ ਇਲਜ਼ਾਮ ਲਗਾਉਂਦਾ ਹਾਂ ਸ਼੍ਰੋਮਣੀ ਅਕਾਲੀ ਦਲ ਤੇ ਜੋ ਪਹਿਲੇ ਸਮੇਂ ਦੀ ਸਰਕਾਰ ਸੀ ਜਿਸ ਨੇ ਹਰਿਆਣੇ ਦੇ ਆਪਣੇ ਮਿੱਤਰਾਂ ਤੋਂ ਦੋ ਕਰੋੜ ਰੁਪਿਆ ਲੈ ਕੇ ਐਸ,ਵਾਈ.ਐਲ. ਦਾ ਸਰਵੇ ਕਰਵਾਇਆ ਅਤੇ ਜਦੋਂ ਰਾਜਨੀਤੀ ਨੂੰ ਲੋੜ ਪਈ ਤਾਂ ਉਸ ਐਸ.ਵਾਈ.ਐਲ. ਦੇ ਮੁੱਦੇ ਨੂੰ ਲੋਕਾਂ ਵਿਚ ਲੈ ਆਂਦਾ ਜਿਸ ਦਾ ਹਸ਼ਰ ਕੀ ਹੋਇਆ, 25000 ਨਿਰਦੋਸ਼ ਕਤਲ ਹੋਏ, ਇਥੇ ਕਬਰਿਸਤਾਨ ਬਣ ਗਏ, ਜਿਸ ਵਾਸਤੇ ਪੰਜਾਬ ਦੀ ਪਹਿਲੀ ਰੂਲਿੰਗ ਪਾਰਟੀ ਜ਼ਿੰਮੇਵਾਰ ਹੈ, ਜਿਸ ਨੇ ਪਾਣੀ ਦਾ ਇਸ਼ੂ ਚੱਕ ਕੇ ਪੰਜਾਬ ਦੇ ਲੋਕਾਂ ਦੇ ਸੈਂਟੀਮੈਂਟਸ ਉਭਾਰੇ । ਇਨ੍ਹਾਂ ਨੇ ਇੱਕ ਐਸੀ ਮੋਟਰ ਤੋਰ ਲਈ ਜਿਹੜੀ ਕਿ ਚਾਲੂ ਤਾਂ ਕਰ ਲਈ ਪਰ ਮੁੜ ਕੇ ਬੰਦ ਕਰਨੀ ਇਨ੍ਹਾਂ ਨੂੰ ਵੀ ਨਹੀਂ ਆਈ । ਅਖੀਰ ਵਿਚ ਜਦੋਂ ਕੋਈ ਰਸਤਾ ਨਹੀਂ ਮਿਲਿਆ ਤਾਂ ਇਹੀ ਸ਼੍ਰੋਮਣੀ ਅਕਾਲੀ ਦਲ ਜਿਸ ਨੇ ਕਦੀ ਹਰਿਆਣਾ ਤੋਂ 2 ਕਰੋੜ ਰੁਪਿਆ ਲਿਆ ਸੀ, ਨਹਿਰ ਕਢਵਾਈ ਅਤੇ ਫਿਰ ਕਪੂਰੀ ਦਾ ਮੋਰਚਾ ਲਾਇਆ, ਫਿਰ ਇਨ੍ਹਾਂ ਨੇ ਦਿੱਲੀ ਵਿਖੇ ਜਾ ਕੇ ਰਾਜੀਵ-ਲੌਂਗੋਵਾਲ ਸਮਝੌਤਾ ਕਰ ਲਿਆ । ਇਹ ਸਾਡੀ 9ਵੀਂ ਮੱਦ ਵਿਚ ਲਿਖਿਆ ਹੋਇਆ ਹੈ, ਭਾਵੇਂ ਕਢਵਾ ਕੇ ਵੇਖ ਲਵੋ । ਇਹ ਉਥੇ ਮੰਨ ਕੇ ਆਏ ਹਨ ਕਿ ਇੱਕ ਸਾਲ ਦੇ ਅੰਦਰ ਅੰਦਰ ਐਸ. ਵਾਈ. ਐਲ. ਬਣਾ ਕੇ ਦਿਆਂਗੇ । ਕੀ ਤੁਸੀਂ ਕਾਤਲ ਹੋ ਜਾ ਮਕਤੂਲ ਹੋ ? ਕੀ ਤੁਸੀਂ ਨਹਿਰ ਕੱਢਣ ਵਾਲਿਆਂ ਵਿਚੋਂ ਹੋ ਜਾਂ ਬਣਾਉਣ ਵਾਲਿਆਂ ਵਿਚੋਂ ? ਇਹ ਹਮੇਸ਼ਾਂ ਦੋਗਲੀਆਂ ਗੱਲਾਂ ਕਰਦੇ ਹਨ । ਕੀ ਇਹ ਇਸ ਮਸਲੇ ਵਿਚ ਪੰਜਾਬ ਦੇ ਨਾਲ ਖੜ੍ਹੇ ਹਨ ਜਾਂ ਇਸ ਗੱਲ ਦੇ ਨਾਲ ਖੜ੍ਹੇ ਹਨ ਕਿ ਅੱਜ ਵੀ ਉਥੇ ਖੜ੍ਹ ਕੇ ਨਹਿਰ ਪੁੱਟ ਕੇ ਕੇਂਦਰ ਨੂੰ ਦੇਵਾਂਗੇ ? ਇਹ ਹੀ ਸਾਰੇ ਕੁਝ ਲਈ ਜ਼ਿੰਮੇਵਾਰ ਹਨ । ਤੁਹਾਨੂੰ ਦੋ ਤਰ੍ਹਾਂ ਦੀਆਂ ਗੱਲਾਂ ਕਰਕੇ ਕੰਮ ਨਹੀਂ ਚਲਾਉਣਾ ਚਾਹੀਦਾ । ਇਸ ਤੋਂ ਵੱਡੀ ਬਦਕਿਸਮਤੀ ਹੋਰ ਕੋਈ ਨਹੀਂ ਹੋ ਸਕਦੀ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਹੀ ਲੋਕਾਂ ਨਾਲ ਇਸ ਤਰ੍ਹਾਂ ਦੀ ਪੁਲੀਟੀਕਲ ਲਗਜਰੀ ਕਰਨ ਲੱਗ ਪਵੇ । ਇਸ ਤਰ੍ਹਾਂ ਦੀ ਰਾਜਨੀਤੀ ਖੇਡਣ ਲੱਗ ਪਵੇ । ਇਹ ਦਿੱਲੀ ਵਿਚ ਜਾ ਕੇ ਕੁੱਝ ਹੋਰ ਕਹਿੰਦੇ ਹਨ ਅਤੇ ਇਥੇ ਲੋਕਾਂ ਵਿਚ ਆ ਕੇ ਕੁਝ ਹੋਰ ਕਹਿੰਦੇ ਰਹੇ ਹਨ । ਜੋ ਮੁੱਦਾ ਪੰਜਾਬ ਦੇ ਨਾਲ ਜੁੜਿਆ ਹੋਇਆ ਹੈ, ਪੰਜਾਬ ਦੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ, ਪੰਜਾਬ ਦੇ ਫਿਊਚਰ ਨਾਲ ਜੁੜਿਆ ਹੋਇਆ ਹੈ ਅਤੇ ਪੰਜਾਬ ਦੀਆਂ ਨਸਲਾਂ ਨਾਲ ਜੁੜਿਆ ਹੋਇਆ ਹੈ, ਇਹੋ ਜਿਹੇ ਮੁੱਦੇ ਤੇ ਤਾਂ ਘੱਟੋ-ਘੱਟ ਇੱਕ ਰਾਏ ਹੋ ਕੇ ਇਕੱਠੇ ਹੋ ਕੇ ਪੰਜਾਬ ਦੇ ਲੋਕਾਂ ਦੀ ਅਗਵਾਈ ਕਰਨੀ ਚਾਹੀਦੀ ਹੈ । ਲੋਕਾਂ ਦੀ ਠੀਕ ਅਗਵਾਈ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਕਿ ਸਾਨੂੰ ਚੁਣ ਕੇ ਇੱਥੇ ਭੇਜਿਆ ਹੈ । ਹੁਣ ਸਾਡੇ ਮੁੱਖ ਮੰਤਰੀ ਸਾਹਿਬ ਕੈਪਟਨ ਅਮਰਿੰਦਰ ਸਿੰਘ ਜੀ ਨੇ ਬੜੀ ਹੀ ਜੁਅਰੱਤ ਕਰਕੇ ਇੱਥੇ ਕਾਨੂੰਨ ਪਾਸ ਕੀਤਾ । ਮੇਰਾ ਨਹੀਂ ਖਿਆਲ ਕਿ ਹੁਣ ਤੋਂ ਬਾਅਦ ਉਹੋ ਜਿਹੀ ਮੁਸ਼ਕਲ ਫਿਰ ਪੇਸ਼ ਆਵੇਗੀ ਜਿਸ ਮੁਸ਼ਕਲ ਦਾ ਸਾਹਮਣਾ ਅਸੀਂ ਪਹਿਲਾਂ ਕੀਤਾ ਹੈ । ਸੁਪਰੀਮ ਕੋਰਟ ਵਿਚੋਂ ਪੰਜਾਬ ਨੂੰ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ । ਜਿਸ ਸ਼ਰਮਨਾਕ ਹਾਰ ਦਾ ਸਾਹਮਣਾ ਪੰਜਾਬ ਦੇ ਲੋਕਾਂ ਨੂੰ ਕਰਨਾ ਪਿਆ, ਇਹ ਮੁਸ਼ਕਲ ਸ਼ਾਇਦ ਹੁਣ ਦੁਬਾਰਾ ਨਹੀਂ ਆਵੇਗੀ ਕਿਉਂਕਿ ਹੁਣ ਪੰਜਾਬ ਦੇ ਲੋਕਾਂ ਦੀ ਡੋਰ ਪੰਜਾਬ ਦੇ ਦੂਰਦਰਸ਼ੀ, ਦ੍ਰਿੜ ਇਰਾਦੇ ਵਾਲੇ ਨੇਤਾ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਵਿਚ ਹੈ । ਇਨ੍ਹਾਂ ਨੇ ਆਪਣੀਆਂ ਸੁਖ ਸਹੂਲਤਾਂ ਪੰਜਾਬ ਦੇ ਲੋਕਾਂ ਤੋਂ

ਤੋਂ ਵਾਰ ਕੇ ਪੰਜਾਬ ਦੀ ਰੱਖਿਆ ਕੀਤੀ ਹੈ । ਇਹ ਪੰਜਾਬ ਦੀ ਰੱਖਿਆ ਅਤੇ ਸੁਖ ਸਹੂਲਤਾਂ ਦੇਣ ਵਾਸਤੇ ਵਚਨਬੱਧ ਹਨ । (ਥੰਪਿੰਗ) ਮੈਂ ਇੱਕ ਗੱਲ ਹੋਰ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਪਹਿਲਾਂ ਪੰਜਾਬ ਦੀ ਦੁਰਦਸ਼ਾ ਸੀ । ਪਾਣੀਆਂ ਦੇ ਮਸਲੇ ਤੋਂ ਇਲਾਵਾ ਪਿਛਲੇ ਸਮੇਂ ਅੰਦਰ ਤਿੰਨ ਸਾਲਾਂ ਵਿਚ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਭਰਪੂਰ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਦਾ ਵਿਗੜਿਆ ਹੋਇਆ ਅਰਥਚਾਰਾ ਮੁੜ ਕੇ ਸਹੀ ਲੀਹ ਤੇ ਤੁਰੇ, ਪੰਜਾਬ ਦਾ ਕਿਸਾਨ ਜਿਹੜਾ ਕਿ ਪਹਿਲਾਂ ਜ਼ਹਿਰ ਖਾ ਕੇ ਖੁਦਕਸ਼ੀ ਕਰਨ ਲਈ ਮਜਬੂਰ ਹੁੰਦਾ ਸੀ, ਉਸ ਨੂੰ ਮੁੜ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਾਵੇ । ਪੰਜਾਬ ਦਾ ਇੰਡਸਟ੍ਰੀਲਿਸਟ ਜਿਹੜਾ ਕਿ ਪੰਜਾਬ ਵਿਚੋਂ ਕਾਰਖਾਨੇ ਬੰਦ ਕਰਕੇ ਬਾਹਰਲੇ ਸੂਬਿਆਂ ਵਿਚ ਜਾਣ ਲਈ ਮਜ਼ਬੂਰ ਹੋ ਗਿਆ ਸੀ, ਉਹ ਮੁੜ ਕੇ ਆਪਣਾ ਕਾਰਖਾਨਾ ਪੰਜਾਬ ਵਿੱਚ ਸਥਾਪਤ ਕਰੇ । ਇਹ ਮੁੱਖ ਮੰਤਰੀ ਸਾਹਿਬ ਦੀਆਂ ਕੋਸ਼ਿਸ਼ਾਂ ਕਾਰਨ ਹੀ ਹੋਇਆ ਹੈ । ਇੱਕ ਮਿਸਾਲ ਨਹੀਂ ਹੈ ਸਗੋਂ ਬਹੁਤ ਸਾਰੀਆਂ ਮਿਸਾਲਾਂ ਮੈਂ ਦੇ ਸਕਦਾ ਹਾਂ । ਭਾਵੇਂ ਬਠਿੰਡਾ ਰਿਫਾਈਨਰੀ ਦੀ ਗੱਲ ਲੈ ਲਵੋ । ਭਾਵੇਂ ਅੰਮ੍ਰਿਤਸਰ ਇਕਨਾਮਿਕ ਜ਼ੋਨ ਦੀ ਗੱਲ ਕਰ ਲਵੋ ਜਾਂ ਮੁਹਾਲੀ ਇਕਨਾਮਿਕ ਜ਼ੋਨ ਦੀ ਗੱਲ ਕਰ ਲਵੋ, ਭਾਵੇਂ ਕਿਸੀ ਵੀ ਵੱਡੇ ਕਾਰਖਾਨੇ ਦੀ ਗੱਲ ਕਰ ਲਵੋ । ਪੰਜਾਬ ਦੇ ਉਦਯੋਗ ਨੂੰ ਪੰਜਾਬ ਦੀ ਖੇਤੀਬਾੜੀ ਨੂੰ ਅਤੇ ਪੰਜਾਬ ਦੇ ਅਰਥਚਾਰੇ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਮੁੜ ਕੇ ਲੀਹ ਤੇ ਲਿਆਂਦਾ ਹੈ । ਮੈਂ ਧਿਆਨਗੋਚਰੇ ਕੁਝ ਚੀਜ਼ਾਂ ਇੱਥੇ ਪੇਸ਼ ਕਰਨੀਆਂ ਚਾਹੁੰਦਾ ਹਾਂ । ਇੱਥੇ ਐਗਰੀਕਲਚਰ ਦੀ ਗੱਲ ਹਮੇਸ਼ਾਂ ਕੀਤੀ ਜਾਂਦੀ ਹੈ । ਅਸੀਂ ਮੰਨਦੇ ਹਾਂ ਕਿ ਪੰਜਾਬ ਦੀ ਖੇਤੀਬਾੜੀ ਦੀ ਕਿਸਮ ਵਿਚ ਜਦੋਂ ਤੱਕ ਸੁਧਾਰ ਨਹੀਂ ਆਉਂਦਾ ਉਦੋਂ ਤੱਕ ਪੰਜਾਬ ਦੀ ਖੁਸ਼ਹਾਲ ਸੂਬੇ ਦੇ ਤੌਰ ਤੇ ਕਾਮਨਾ ਨਹੀਂ ਕੀਤੀ ਜਾ ਸਕਦੀ । ਇਹ ਵੀ ਕਿਹਾ ਜਾਂਦਾ ਹੈ ਕਿ ਪੰਜਾਬ ਦੀ ਖੇਤੀਬਾੜੀ ਅਤੇ ਅਰਥਚਾਰਾ ਸਾਡੀ ਸਰਕਾਰ ਦੇ ਦਰਮਿਆਨ ਹੋਰ ਵਿਗੜਿਆ ਹੈ । ਇਹ ਸਮੇਂ ਸਮੇਂ ਤੇ ਇਲਜ਼ਾਮ ਲਗਾਈ ਜਾਂਦੇ ਹਨ । ਮੈਂ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਲ 2002 ਅਤੇ 2003 ਵਿਚ ਗੇਹੂੰ ਦੀ ਜਿਹੜੀ ਆਮਦ ਸੀ ਉਹ 132.55 ਲੱਖ ਮੀਟ੍ਰਿਕ ਟਨ ਸੀ ਜਿਹੜੀ ਵਧ ਕੇ 2003-04 ਵਿਚ 144 11 ਹੋ ਗਈ, ਸਾਲ 2004-05 ਵਿਚ 155.78 ਮੀਟ੍ਰਿਕ ਟਨ ਹੋ ਜਾਵੇਗੀ । ਇਸੇ ਤਰ੍ਹਾਂ ਕਾਟਨ ਜਿਸ ਦੀ ਕਾਸਟ 2002-03 ਵਿਚ 10.83 ਲੱਖ ਬੇਲਜ ਸੀ, ਉਹ 2003-04 14.78 ਹੋਈ ਅਤੇ 2004-05 20.87 ਲੱਖ ਗੰਢਾਂ ਹੋਣ ਦੀ ਉਮੀਦ ਹੈ । ਮੈਂ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜੇ ਮਾੜੀ ਮੌਨਸੂਨ ਹੋਣ ਦੇ ਬਾਵਜੂਦ, ਕਦਰਤ ਦੀ ਕਰੋਪੀ ਦੇ ਬਾਵਜੂਦ ਇੰਨਾ ਵਾਧਾ ਫਸਲ ਵਿਚ ਹੋਇਆ ਹੈ ਤਾਂ ਇਹ ਐਵੇਂ ਹੀ ਨਹੀਂ ਹੋ ਗਿਆ, ਇਸ ਦੇ ਪਿੱਛੇ ਸਾਡੇ ਸ਼ਿੱਦਤ ਵਾਲੇ ਕੈਪਟਨ ਅਮਰਿੰਦਰ ਸਿੰਘ ਦਾ ਹੱਥ ਹੈ, ਸਾਡੇ ਮਾਨਯੋਗ ਵਜ਼ੀਰ ਸਾਹਿਬ ਦਾ ਹੱਥ ਹੈ ਅਤੇ ਪੰਜਾਬ ਦੀ ਕਿਸਾਨੀ ਦਾ ਹੱਥ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਚੰਗੇ ਬੀਜ, ਕੀਟ ਨਾਸ਼ਕ ਬੀਜ ਕਿਸਾਨਾਂ ਨੂੰ ਵੰਡੇ ਹਨ ਅਤੇ ਹਰ ਪੱਖ ਤੋਂ ਕਿਸਾਨਾਂ ਦੀ ਮਦਦ ਕੀਤੀ ਹੈ । ਸਰਕਾਰ ਨੇ 1600 ਕਰੋੜ ਰੁਪਏ ਤੋਂ ਵਧਾ ਕੇ 2400 ਕਰੋੜ ਰੁਪਏ ਦੀ ਬਿਜਲੀ ਖਰੀਦ ਕੇ ਕਿਸਾਨਾਂ ਨੂੰ ਸਪਲਾਈ ਦਿੱਤੀ ਹੈ ਅਤੇ ਕਿਸਾਨਾਂ ਨੂੰ ਮਾਲਾ ਮਾਲ ਕੀਤਾ ਹੈ । ਇਸ ਤਰ੍ਹਾਂ ਰਿਕਾਰਡ ਪੈਦਾਵਾਰ ਹੋਈ ਹੈ । ਇਸ ਗੱਲ ਨੂੰ ਸਾਹਮਣੇ

[ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ]

ਬੈਠੇ ਭਰਾ ਵੀ ਸਮਝਦੇ ਹਨ । ਅਸੀਂ ਜਾਣਦੇ ਹਾਂ ਕਿ ਪੰਜਾਬ ਦੇ ਕਿਸਾਨ ਦਾ ਫਿਊਚਰ ਕੰਟਰੈਕਟ ਫਾਰਮਿੰਗ ਅਤੇ ਡਾਈਵਰਸੀਫਿਕੇਸ਼ਨ ਤੋਂ ਬਗੈਰ ਨਹੀਂ ਵਧੀਆ ਰਹਿ ਸਕਦਾ ਪਰ ਅਸੀਂ ਇਹ ਵੀ ਮੰਨਦੇ ਹਾਂ ਕਿ ਕੰਟਰੈਕਟ ਫਾਰਮਿੰਗ ਨਾਲ ਅਤੇ ਡਾਈਵਰਸੀਫਿਕੇਸ਼ਨ ਨਾਲ ਉਹ ਫਾਇਦੇ ਕਿਸ਼ਾਨਾਂ ਨੂੰ ਨਹੀਂ ਮਿਲ ਸਕੇ ਜਿਹੜੇ ਚਾਹੀਦੇ ਸਨ । ਇਸ ਸਿਸਟਮ ਨੂੰ ਅਸੀਂ ਠੀਕ ਤਰੀਕੇ ਨਾਲ ਲਾਗੂ ਨਹੀਂ ਕਰ ਸਕੇ ਅਤੇ ਅਮਲੀਜਾਮਾਂ ਨਹੀਂ ਪਹਿਨਾ ਸਕੇ । ਇਹ ਕੰਮ ਕਾਫੀ ਦੇਰ ਤੋਂ ਲਟਕਦਾ ਆ ਰਿਹਾ ਸੀ ਪਰ ਸਾਡੀ ਸਰਕਾਰ ਨੇ ਇਸ ਵੱਲ ਪਹਿਲ ਕਦਮੀ ਕੀਤੀ ਹੈ ਅਤੇ ਸਾਡੀ ਸਰਕਾਰ ਨੇ ਗੌਰਮਿੰਟ ਆਫ ਇੰਡੀਆ ਨੂੰ ਇਕ ਪਰਪੋਜ਼ਲ ਬਣਾ ਕੇ ਭੇਜੀ ਹੈ ਕਿ ਅਗਰ ਸੈਂਟਰਲ ਗੌਰਮਿੰਟ ਸਟੇਟ ਗੌਰਮਿੰਟ ਨੂੰ 1470 ਕਰੋੜ ਰੁਪਏ ਖੇਤੀਬਾੜੀ ਦੀ ਮੁਕੰਮਲ ਡਾਈਵਰਸੀਫਿਕੇਸ਼ਨ ਲਈ ਦੇਵੇ ਤਾਂ ਇਸ ਡਾਈਵਰਸੀਫਿਕੇਸ਼ਨ ਦੀ ਪੂਰੀ ਤਰ੍ਹਾਂ ਇੰਪਲੀਮੈਂਟੇਸ਼ਨ ਲਈ ਕਿਸਾਨਾਂ ਦੀ ਕਾਫੀ ਮਦਦ ਹੋ ਸਕੇਗੀ । ਪੈਸੇ ਦੀ ਕਮੀ ਕਰਕੇ ਡਾਈਵਰਸੀਫਿਕੇਸ਼ਨ ਨਹੀਂ ਹੋ ਸਕੀ ਪਰ ਫਿਰ ਵੀ ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਸਰਕਾਰ ਨੇ 100 ਕਰੋੜ ਰੁਪਏ ਖੇਤੀਬਾੜੀ ਦੀ ਡਾਈਵਰਸੀਫਿਕੇਸ਼ਨ ਸਬੰਧੀ ਰਿਸਰਚ ਵਾਸਤੇ ਰਖਿਆ ਹੈ ਕਿਉਂਕਿ ਪਹਿਲਾਂ ਪੈਸੇ ਦੀ ਕਮੀ ਕਰਕੇ ਰਿਸਰਚ ਵਰਕ ਨਹੀਂ ਹੋ ਸਕਿਆ । ਸਾਡੇ ਪ੍ਰੋਫੈਸਰ, ਮਾਹਿਰਾਂ ਅਤੇ ਕਿਸਾਨਾਂ ਨੂੰ ਰਿਸਰਚ ਵਰਕ ਨਾ ਹੋਣ ਕਰਕੇ ਫਾਇਦਾ ਨਹੀਂ ਹੁੰਦਾ ਸੀ । ਹੁਣ ਇਸ 100 ਕਰੋੜ ਰੁਪਏ ਨਾਲ ਰਿਸਰਚ ਵਰਕ ਹੋ ਸਕੇਗਾ ਅਤੇ ਡਾਈਵਰਸੀਫਿਕੇਸ਼ਨ ਵਰਕ ਵਿਚ ਕਿਸਾਨਾਂ ਨੂੰ ਫਾਇਦਾ ਹੋਵੇਗਾ । ਇਸ ਦੇ ਨਾਲ ਨਵੇਂ ਬੀਜ ਅਤੇ ਨਵੀਆਂ ਫਸਲਾਂ ਨੂੰ ਪੈਦਾ ਕੀਤਾ ਜਾ ਸਕੇਗਾ ਅਤੇ ਸਰਕਾਰ ਨੇ ਡਾਈਵਰਸੀ-ਫਿਕੇਸ਼ਨ ਦੀਆਂ ਫਸਲਾਂ ਨੂੰ ਚੁੱਕਣ ਅਤੇ ਖਰੀਦ ਕਰਨ ਦਾ ਵੀ ਪ੍ਰਬੰਧ ਕੀਤਾ ਹੈ ਜੋ ਪਹਿਲੇ ਪ੍ਰਬੰਧ ਨਹੀਂ ਸੀ । ਇਹ ਕੰਮ ਇਕ ਕਾਰਪੋਰੇਸ਼ਨ ਰਾਹੀਂ ਕੀਤਾ ਜਾਵੇਗਾ ਅਤੇ ਫਸਲਾਂ ਦੀ ਖਰੀਦ ਕੀਤੀ ਜਾਵੇਗੀ । 100 ਕਰੋੜ ਰਿਸਰਚ ਉਤੇ ਖਰਚ ਕਰਕੇ ਕਿਸਾਨਾਂ ਨੂੰ ਲਾਜ਼ਮੀ ਤੌਰ ਤੇ ਫਾਇਦਾ ਹੋਵੇਗਾ ਅਤੇ ਕਿਸਾਨੀ ਵਿਚ ਸੁਧਾਰ ਆਵੇਗਾ । ਇਸ ਗੱਲ ਲਈ ਅਸੀਂ ਸਾਰੇ ਫਿਕਰਮੰਦ ਹਾਂ । ਪੰਜਾਬ ਵਿੱਚ ਪਾਣੀ ਦੀ ਸਤ੍ਹਾ 15 ਸੈਂਟੀਮੀਟਰ ਥੱਲੇ ਚਲੀ ਗਈ ਹੈ । ਜੇਕਰ ਇਸ ਤਰ੍ਹਾਂ ਹੀ ਕਣਕ ਅਤੇ ਝੋਨੇ ਦੀ ਫਸਲ ਅਸੀਂ ਬੀਜਦੇ ਰਹੇ ਅਤੇ ਇਹੀ ਫਸਲੀ ਚੱਕਰ ਚਲਦਾ ਰਿਹਾ ਤਾਂ ਪਾਣੀ ਦਾ ਲੈਵਲ ਹੋਰ ਹੇਠਾਂ ਨੂੰ ਚਲਾ ਜਾਵੇਗਾ । ਪੰਜਾਬ ਦੇ ਕੁਝ ਬਲਾਕਾਂ ਵਿਚ ਪਾਣੀ ਥੱਲੇ ਚਲਾ ਗਿਆ ਹੈ ਅਤੇ ਇਸ ਬਾਰੇ ਖੇਤੀਬਾੜੀ ਮਹਿਕਮੇ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਮਾਹਿਰਾਂ ਨੇ ਪੰਜਾਬ ਦੇ ਲੋਕਾਂ ਨੂੰ ਵਾਰਨਿੰਗ ਵੀ ਦੇ ਦਿੱਤੀ ਹੈ ਕਿ ਪਾਣੀ ਦਾ ਲੈਵਲ ਦਿਨੋ ਦਿਨ ਹੇਠਾਂ ਜਾ ਰਿਹਾ ਹੈ । ਇਸ ਤਰੀਕੇ ਨਾਲ ਪੀਣ ਦੇ ਪਾਣੀ ਦਾ ਲੈਵਲ ਵੀ ਘੱਟ ਜਾਵੇਗਾ ਔਰ ਖੇਤੀਬਾੜੀ ਲਈ ਪਾਣੀ ਘੱਟ ਜਾਵੇਗਾ । ਇਸ ਪਾਣੀ ਦੀ ਕਮੀ ਨੂੰ ਦੇਖਦੇ ਹੋਏ ਸਾਨੂੰ ਡਾਈਵਰਸੀਫਿਕੇਸ਼ਨ ਅਤੇ ਕੰਟਰੈਕਟ ਫਾਰਮਿੰਗ ਕਰਨੀ ਪਵੇਗੀ । ਵਾਟਰ ਨੂੰ ਪ੍ਰੀਜ਼ਰਵ ਰੱਖਣ ਲਈ ਨਵੇਂ ਤਰੀਕੇ ਅਪਨਾਉਣੇ ਪੈਣਗੇ ਅਤੇ ਡਾਈਵਰਸੀਫਿਕੇਸ਼ਨ ਨਾਲ ਤਦ ਹੀ ਕਿਸਾਨ ਮਾਲੋਮਾਲ ਹੋ ਸਕਦਾ ਹੈ । ਸਾਨੂੰ ਸਾਰਿਆਂ ਨੂੰ ਇੱਥੇ ਪਾਣੀ ਦੀ ਸਮੱਸਿਆ ਸਮਝਦੇ ਹੋਏ ਇਸ ਕਿੱਲਤ ਨੂੰ ਦੂਰ ਕਰਨ ਲਈ ਤਰੀਕੇ ਦੱਸਣੇ ਚਾਹੀਦੇ ਹਨ ਆਪਣੇ ਸੁਝਾਅ ਸਰਕਾਰ ਨੂੰ ਦੇਣੇ ਚਾਹੀਦੇ ਹਨ ਤਾਂ ਕਿ ਪੰਜਾਬ ਦੇ ਕਿਸਾਨਾਂ ਦਾ

ਫਾਇਦਾ ਹੋ ਸਕੇ ਅਤੇ ਪਾਣੀ ਦੇ ਲੇਵਲ ਨੂੰ ਉਪਰ ਰੱਖ ਸਕੀਏ ਨਹੀਂ ਤਾਂ ਪੀਣ ਦੇ ਪਾਣੀ ਦੀ ਕਮੀ ਪੰਜਾਬ ਵਿਚ ਹੋ ਜਾਵੇਗੀ। ਸਪੀਕਰ ਸਾਹਿਬ, ਪੰਜਾਬ ਕਾਟਨ ਪ੍ਰੋਡਿਊਸ ਵਿੱਚ ਦੂਜੇ ਨੰਬਰ ਤੇ ਹੈ ਅਤੇ ਕਾਟਨ ਦੀ ਯਾਰਨ ਵੀ ਦੂਜੇ ਨੰਬਰ ਤੇ ਹੈ। ਇਸ ਗੱਲ ਲਈ ਸਰਕਾਰ ਵਧਾਈ ਦੀ ਪਾਤਰ ਹੈ ਅਤੇ ਕੈਪਟਨ ਸਾਹਿਬ ਦਾ ਕਾਫੀ ਯੋਗਦਾਨ ਰਿਹਾ ਹੈ। ਇਹੀ ਕਾਰਨ ਹੈ ਪਿਛਲੇ 3 ਸਾਲਾਂ ਵਿਚ ਪੰਜਾਬ ਕਾਟਨ ਦੀ ਪੈਦਾਵਾਰ ਦੁੱਗਣੀ ਹੋਈ ਹੈ ਅਤੇ ਨਰਮੇ ਦੇ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਇਆ ਹੈ। ਇਹ ਪੰਜਾਬ ਵਿਚ ਕਿਸਾਨੀ ਦੀ ਖੁਸ਼ਹਾਲੀ ਦੇ ਸਾਧਨ ਬਣੇ ਹਨ। ਪੰਜਾਬ ਇਕ ਖੇਤੀਬਾੜੀ ਸੂਬਾ ਹੈ ਅਤੇ ਇਸ ਦੀ ਸੇਵਾ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ।

**ਮਾਨਯੋਗ ਸਪੀਕਰ** : 10 ਮਿੰਟ ਹੋਰ ਲਓਗੇ, ਰਾਣਾ ਜੀ ?

**ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ (ਰਾਣਾ ਕੰਵਰਪਾਲ ਸਿੰਘ)** : ਥੋੜ੍ਹਾ ਸਮਾਂ ਹੋਰ ਦੇ ਦਿਓ ਜੀ।

**ਮਾਨਯੋਗ ਸਪੀਕਰ** : 10 ਮਿੰਟ ਹੋਰ ਲੈ ਲਓ, 5.00 ਵਜੇ ਤੱਕ ਬੋਲ ਲਓ।

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਬੈਠੇ ਬੈਠੇ)** : ਰਾਣਾ ਜੀ ਤਾਂ ਪਹਿਲਾਂ ਥੱਕ ਗਏ।

**ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ (ਰਾਣਾ ਕੰਵਰਪਾਲ ਸਿੰਘ)** : ਥੱਕਦੇ ਨਹੀਂ ਜੀ। ਮੈਂ ਹੁਣ ਸਪੀਕਰ ਸਾਹਿਬ, ਤੁਹਾਡੇ ਧਿਆਨ ਵਿਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਦੀ 86% ਜ਼ਮੀਨ ਪਹਿਲਾਂ ਹੀ ਖੇਤੀਬਾੜੀ ਥੱਲੇ ਹੈ ਤੇ 14% ਜ਼ਮੀਨ ਵਿਚ ਬਾਕੀ ਸਾਰਾ ਕੁਝ ਹੈ। ਇਹ ਸਾਰਾ ਕੁਝ ਹੈ। ਇਹ ਸਾਰਾ ਕੁਝ ਦੇਖਦਿਆਂ ਇਸ ਗੱਲ ਦੀ ਹੁਣ ਗੁੰਜਾਇਸ਼ ਨਹੀਂ ਕਿ ਖੇਤੀ ਥੱਲੇ ਰਕਬਾ ਹੋਰ ਵਧਾਇਆ ਜਾ ਸਕੇ ਤੇ ਜਿਥੇ ਖੇਤੀ ਦੀ ਡਾਈਵਰਸੀ-ਫਿਕੇਸ਼ਨ ਕਰਨੀ ਹੈ, ਉਥੇ ਇਸ ਗੱਲ ਦਾ ਯਤਨ ਵੀ ਕਰਨਾ ਪਵੇਗਾ ਕਿ ਪੰਜਾਬ ਦੀ ਇੰਡਸਟਰੀ ਵਿਚ ਜਿਹੜੀ ਖੜੋਤ ਆ ਗਈ ਸੀ, ਜਿਸ ਦਾ ਕਾਰਣ ਸੀ ਕਿ ਸਾਡੇ ਗਵਾਂਢੀ ਰਾਜ ਹਿਮਾਚਲ ਵਿਚ ਟੈਕਸ ਹਾਲੀਡੇਅ ਸੀ, ਨਾਲ ਉਤਰਾਂਚਲ ਪ੍ਰਦੇਸ਼ ਵਿਚ ਵੀ ਟੈਕਸ ਹਾਲੀਡੇਅ ਸੀ ਤੇ ਜੇ. ਐਂਡ ਕੇ. ਵਿਚ ਵੀ ਟੈਕਸ ਹਾਲੀਡੇਅ ਸੀ ਜਿਸ ਕਾਰਨ ਪੰਜਾਬ ਦੇ ਇੰਡਸਟਰੀਲਿਸਟ ਪੰਜਾਬ ਵਿਚ ਕਾਰੋਬਾਰ ਬੰਦ ਕਰਕੇ ਗਵਾਂਢੀ ਸੂਬਿਆਂ ਵਿਚ ਜਾ ਰਹੇ ਸੀ ਤੇ ਪੰਜਾਬ ਦੀ ਆਰਥਿਕਤਾ ਨੂੰ ਬਹੁਤ ਵੱਡੀ ਸੱਟ ਵੱਜ ਰਹੀ ਸੀ। ਸਪੀਕਰ ਸਾਹਿਬ ਸਾਡੀ ਸਰਕਾਰ ਨੇ ਪਿਛਲੇ 3 ਸਾਲਾਂ ਦੇ ਸਮੇਂ ਦੌਰਾਨ 27 ਵੱਡੇ ਮੈਗਾ ਪ੍ਰਾਜੈਕਟਸ ਨੂੰ ਪੰਜਾਬ ਲਿਆਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। 27 ਵੱਡੇ ਪ੍ਰਾਜੈਕਟਸ ਲੱਗਣ ਨਾਲ ਪੰਜਾਬ ਦੀ ਆਰਥਿਕਤਾ ਨੂੰ ਇਕ ਬਹੁਤ ਵੱਡਾ ਹੁਲਾਰਾ ਮਿਲੇਗਾ। ਇਨ੍ਹਾਂ ਇੰਡਸਟਰੀਜ਼ ਦੀ ਟੋਟਲ ਇਨਵੈਸਟਮੈਂਟ 6867 ਕਰੋੜ ਰੁਪਏ ਹੈ ਤੇ ਹੁਣ ਤੱਕ 843 ਕਰੋੜ ਰੁਪਿਆ ਇਨ੍ਹਾਂ ਵਿਚ ਲੱਗ ਚੁਕਾ ਹੈ। ਸਪੀਕਰ ਸਾਹਿਬ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਅਭਿਸ਼ੇਕ ਇੰਡਸਟਰੀ, ਬਰਨਾਲਾ ਨੇ, ਇਕੱਲੀ ਨੇ 300 ਕਰੋੜ ਰੁਪਿਆ, ਅਪੋਲੋ ਟਾਇਰਜ਼ ਨੇ 81 ਕਰੋੜ, ਖੰਨਾ ਪੇਪਰਜ਼ ਨੇ 98 ਕਰੋੜ ਤੇ ਕੁਆਰਕ ਨੇ 1000 ਕਰੋੜ ਰੁਪਿਆ ਪੰਜਾਬ ਵਿਚ ਲਗਾਉਣ ਦਾ ਮਨਸੂਬਾ ਬਣਾਇਆ ਹੈ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਪਿਛਲੇ 3 ਸਾਲਾਂ ਵਿਚ 339 ਨਵੇਂ ਯੂਨਿਟ ਲੱਗੇ ਹਨ ਜਿਨ੍ਹਾਂ ਨਾਲ

[ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ]

30000 ਲੋਕਾਂ ਨੂੰ ਰੋਜ਼ਗਾਰ ਮਿਲੇਗਾ । ਇਨ੍ਹਾਂ ਛੋਟੇ ਯੂਨਿਟਾਂ ਤੇ ਹੁਣ ਤੱਕ 333 ਕਰੋੜ ਰੁਪਏ ਦੀ ਇਨਵੈਸਟਮੈਂਟ ਨਾਲ ਇੰਡਸਟਰੀ ਲੱਗ ਚੁਕੀ ਹੈ ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਸਰਕਾਰ ਨੂੰ ਵਧਾਈ ਦੇਣ ਵਾਲੀ ਗੱਲ ਹੈ ਕਿ ਉਸਨੇ ਪੁਰਾਣੇ ਸਿੱਕ ਯੂਨਿਟਸ ਲਈ ਵੀ ਕੁਝ ਪੈਰਾਮੀਟਰਜ਼ ਬਣਾਏ ਹਨ । ਜਿਹੜੀ ਇੰਡਸਟਰੀ 5 ਸਾਲ ਦੀ ਖੜ੍ਹੀ ਹੈ, ਉਸ ਨੂੰ ਅਸੀਂ ਦੁਬਾਰਾ ਰਿਵਾਈਵ ਕਰਾਂਗੇ ਤਾਂ ਕਿ ਬੰਦ ਹੋਏ ਪਏ ਫੋਕਲ ਪੁਆਇੰਟ, ਬੰਦ ਹੋਈ ਪਈ ਇੰਡਸਟਰੀ ਮੁੜ ਚਾਲੂ ਹੋ ਸਕੇ । ਇਸ ਦੇ ਨਾਲ ਪੰਜਾਬ ਦਾ ਰੈਵੇਨਿਊ ਵਧੇਗਾ ਤੇ ਇਥੋਂ ਦੇ ਮਿਹਨਤਕਸ਼ ਲੋਕਾਂ ਨੂੰ ਕੰਮ ਮਿਲੇਗਾ । ਇਸ ਤਰ੍ਹਾਂ ਨਾਲ ਇੰਡਸਟਰੀਅਲ ਫੋਕਲ ਪੁਆਇੰਟਸ ਆਬਾਦ ਹੋ ਸਕਣਗੇ । ਇੰਡਸਟਰੀ ਨੂੰ, ਸਪੀਕਰ ਸਾਹਿਬ, ਫੈਸਿਲਿਟੇਟ ਕਰਨ ਵਾਸਤੇ ਤੁਹਾਡੀ ਇਜਾਜ਼ਤ ਨਾਲ ਇਸੇ ਸੈਸ਼ਨ ਵਿਚ ਸਰਕਾਰ ਇਕ ਬਿਲ ਲਿਆ ਰਹੀ ਹੈ ਕਿ ਇੰਡਸਟਰੀ ਨੂੰ ਕਿਸ ਤਰੀਕੇ ਨਾਲ ਫੈਸਿਲਿਟੇਟ ਕੀਤਾ ਜਾ ਸਕਦਾ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਧਿਆਨ ਵਿਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਪਿਛਲੇ ਸਮੇਂ ਵਿਚ ਨਿੱਗਰ ਤੇ ਠੋਸ ਉਪਰਾਲਾ ਕਰਕੇ ਜਿਥੇ ਐਗਰੀਕਲਚਰ ਨੂੰ ਨਵਾਂ ਹੰਭਲਾ ਦਿੱਤਾ ਹੈ, ਉਥੇ ਨਵੀਂ ਮਜ਼ਬੂਤੀ ਇੰਡਸਟਰੀ ਨੂੰ ਵੀ ਦਿੱਤੀ ਹੈ, ਸਪੀਕਰ ਸਾਹਿਬ, ਨਵੀਂ ਇੰਡਸਟਰੀ ਅੱਜ ਪੰਜਾਬ ਵਿਚ ਐਵੇਂ ਹੀ ਨਹੀਂ ਆ ਰਹੀ : ਪੰਜਾਬ ਵਿਚ ਸਾਡੀ ਸਰਕਾਰ ਨੇ ਇਕ ਮਾਹੌਲ ਦਿੱਤਾ ਹੈ, ਇਕ ਵਾਤਾਵਰਣ ਪੈਦਾ ਕਰਕੇ ਦਿੱਤਾ ਹੈ । ਜਿਸ ਦੇ ਲਈ ਅਸੀਂ ਪਹਿਲਾਂ ਸੋਚਦੇ ਸੀ ਕਿ ਕੀ ਕਾਰਣ ਹੈ ਕਿ ਲੋਕ ਚੇਨਈ ਜਾਂਦੇ ਹਨ, ਲੋਕ ਹੈਦਰਾਬਾਦ ਜਾਂਦੇ ਹਨ ਤੇ ਕੀ ਕਾਰਣ ਹੈ ਕਿ ਲੋਕ ਬੰਗਲੌਰ ਜਾਂਦੇ ਹਨ । ਜੇ ਲੋਕ ਉਥੇ ਜਾ ਕੇ ਦੂਜੇ ਸੂਬਿਆਂ ਦੀ ਆਰਥਿਕਤਾ ਨੂੰ, ਇੰਡਸਟਰੀ ਨੂੰ ਨਵਾਂ ਹੁਲਾਰਾ ਦੇ ਸਕਦੇ ਹਨ ਤਾਂ ਕਿਉਂ ਨਾ ਪੰਜਾਬ ਵਿਚ ਹੀ ਇਹ ਗੱਲ ਸੰਭਵ ਹੋਵੇ । ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਇਸ ਲਈ ਵਧਾਈ ਦੀ ਪਾਤਰ ਹੈ ਕਿ ਉਸਨੇ ਇੰਡਸਟਰੀਅਲ ਫਰੰਟ ਤੇ ਏਨੀ ਤਰੱਕੀ ਕੀਤੀ । ਇਸ ਵਿਚ ਇਕ ਹੋਰ ਕਾਮਯਾਬੀ ਸਾਨੂੰ ਮਿਲੀ ਹੈ । ਗੌਰਮਿੰਟ ਆਫ ਇੰਡੀਆਂ ਨੇ ਹਿਮਾਚਲ ਸਰਕਾਰ ਨੂੰ ਇਸ ਗੱਲ ਦੀ ਕੈਪ ਲਗਾ ਕੇ ਕਹਿ ਦਿੱਤਾ ਹੈ ਕਿ 2007 ਤੋਂ ਬਾਅਦ ਕੋਈ ਰਿਆਇਤ ਨਹੀਂ ਮਿਲੇਗੀ । ਸਪੀਕਰ ਸਾਹਿਬ, ਇਹ ਵੀ ਕੈਪਟਨ ਅਮਰਿੰਦਰ ਸਿੰਘ ਦੀ ਪਹੁੰਚ ਦੇ ਕਾਰਣ ਹੈ ਕਿ ਹੁਣ ਸਾਨੂੰ ਤੇ ਹਿਮਾਚਲ ਪ੍ਰਦੇਸ਼ ਤੇ ਬਾਕੀ ਦੇ ਹੋਰ ਸੂਬਿਆਂ ਨੂੰ ਲੈਵਲ ਦੇ ਮੌਕੇ, ਤਰੱਕੀ ਕਰਨ ਦੇ ਬਰਾਬਰ ਮੌਕੇ ਮਿਲਣਗੇ ਤਾਂ ਕੋਈ ਕਾਰਣ ਨਹੀਂ ਕਿ ਪੰਜਾਬ ਦੀ ਜਿਹੜੀ ਗਰੀਬੀ ਹੈ, ਉਹ ਦੂਰ ਨਾ ਹੋਵੇ । ਇਥੋਂ ਦੀ ਜਿਹੜੀ ਮਿਹਨਤਕਸ਼ ਇੰਡਸ਼ਟਰੀਅਲ ਲੇਬਰ ਹੈ, ਜਿਹੜੀ ਕਿ ਵਰਲਡ ਕਲਾਸ ਲੇਬਰ ਕਹਾਉਂਦੀ ਹੈ, ਉਹ ਕਿਸੇ ਗੱਲੋਂ ਪਿੱਛੇ ਨਹੀਂ ਰਹੇਗੀ ਤੇ ਮੁੜ ਕੇ ਪੰਜਾਬ ਦੀ ਇੰਡਸਟਰੀ ਪੰਜਾਬ ਦੇ ਅਰਥਚਾਰੇ ਵਿਚ ਆਪਣਾ ਬਣਦਾ ਰੋਲ ਅਦਾ ਕਰ ਸਕੇਗੀ । ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਸਮਾਜਿਕ ਸੁਰੱਖਿਆ ਬਾਰੇ ਕੁਝ ਗੱਲਾਂ ਤੁਹਾਡੇ ਧਿਆਨ ਵਿਚ ਲਿਆਉਣੀਆਂ ਚਾਹਾਂਗਾ । ਵਿਧਵਾਵਾਂ, ਬੇਸਹਾਰਾ ਔਰਤ ਅਤੇ ਬਜ਼ੁਰਗਾਂ ਨੂੰ ਸਮੇਂ ਦੀਆ ਸਰਕਾਰਾਂ ਨੇ ਆਪਣੀ ਵਿਜ਼ਡਮ ਦੇ ਮੁਤਾਬਿਕ ਪੈਨਸ਼ਨ ਲਗਾਈ ਸੀ । ਇਹ ਪੈਨਸ਼ਨ ਉਨ੍ਹਾਂ ਨੂੰ ਬੁਢਾਪੇ ਦਾ ਸਹਾਰਾ ਦਿੰਦੀ ਸੀ । ਮੈਨੂੰ ਇਹ ਗੱਲ

ਕਹਿਣ ਵਿਚ ਕੋਈ ਝਿਝਕ ਨਹੀਂ ਕਿ ਨਾ ਤਾਂ ਪਿਛਲੀ ਸਰਕਾਰ ਅਤੇ ਨਾ ਹੀ ਮੌਜੂਦਾ ਸਰਕਾਰ ਇਨ੍ਹਾਂ ਡਿਜ਼ਰਵ ਕਰਦੇ ਲੋਕਾਂ ਨੂੰ ਸਮੇਂ ਸਿਰ ਪੈਨਸ਼ਨ ਨਹੀਂ ਦੇ ਸਕੀ। ਇਹ ਸਾਡੇ ਸਾਰਿਆਂ ਦੇ ਮੱਥੇ ਤੇ ਕਲੰਕ ਸੀ ਕਿ ਅਸੀਂ ਉਨ੍ਹਾਂ ਦੀ ਰਾਖੀ ਨਹੀ ਕਰ ਸਕੇ। ਹੁਣ ਸਰਕਾਰ ਨੇ ਇਸ ਵਾਸਤੇ ਸਾਢੇ ਚਾਰ ਕਰੋੜ ਰੁਪਏ ਦਾ ਫੰਡ ਦਿੱਤਾ ਹੈ ਅਤੇ ਇਸ ਅਪ੍ਰੈਲ ਤੋਂ ਇਹ ਪੈਨਸ਼ਨ ਦੇਣੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਫੰਡ ਨਾਲ ਜਿਥੇ ਲੋਕਾਂ ਨੂੰ ਪੈਨਸ਼ਨ ਮਿਲੇਗੀ, ਉਥੇ ਲੋਕਾਂ ਪ੍ਰਤੀ ਇਸ ਸਰਕਾਰ ਦੀ ਜੋ ਕਮਿੱਟਮੈਂਟ ਸੀ; ਉਹ ਵੀ ਪੂਰੀ ਹੋ ਸਕੇਗੀ। ਮੈਨੂੰ ਖੁਸ਼ੀ ਹੈ ਕਿ ਸਰਕਾਰ ਨੇ ਇਸ ਗੱਲ ਦਾ ਪ੍ਰਬੰਧ ਕੀਤਾ ਅਤੇ ਇਸ ਵਾਸਤੇ ਮੈਂ ਸਰਕਾਰ ਨੂੰ ਭਰਪੂਰ ਵਧਾਈ ਦਿੰਦਾ ਹਾਂ ;

ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਪਿਛਲੇ ਸਮੇਂ ਦੇ ਅੰਦਰ ਜਿਥੇ ਸੂਬੇ ਦੇ ਅਰਥਚਾਰੇ ਨੂੰ ਲੀਹ ਤੇ ਲਿਆਉਣ ਦੀ ਕੋਸ਼ਿਸ਼ ਕੀਤੀ, ਉਥੇ ਸਾਡੇ ਦੂਰ ਅੰਦੇਸ਼ ਮੁੱਖ ਮੰਤਰੀ ਨੇ ਇਕ ਨਵਾਂ ਇਨੀਸ਼ੀਏਟਿਵ ਲੈ ਕੇ ਅਤੇ ਪਹਿਲਕਦਮੀ ਕਰਕੇ ਸਾਡੇ ਗਵਾਂਢੀ ਸਟੇਟ ਪਾਕਿਸਤਾਨ ਨਾਲ ਰਿਸ਼ਤੇ ਸੁਧਾਰਨ ਲਈ ਵੀ ਕਈ ਕਦਮ ਚੁੱਕੇ। ਮੈਨੂੰ ਉਨ੍ਹਾਂ ਦੇ ਨਾਲ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ। ਵੰਡ ਤੋਂ ਬਾਅਦ 1947 ਤੋਂ ਲੈ ਕੇ ਹੁਣ ਤੱਕ ਇਹ ਪਹਿਲੀ ਵਾਰ ਹੈ ਕਿ ਜਦੋਂ ਕਿਸੇ ਹਿੰਦੁਸਤਾਨੀ ਮੁੱਖ ਮੰਤਰੀ ਦਾ ਐਨਾ ਵੱਡਾ ਵੈਲਕਮ ਸਾਡੇ ਗਵਾਂਢੀ ਮੁਲਕ ਪਾਕਿਸਤਾਨ ਵਿਚ ਹੋਇਆ ਹੋਵੇ। ਇਹ ਇਕੱਲੇ ਸਾਡੇ ਮੁੱਖ ਮੰਤਰੀ ਦੀ ਨਹੀਂ ਬਲਕਿ ਸਾਰੇ ਪੰਜਾਬੀਆਂ ਦੀ ਸ਼ਾਨ ਹੈ। (ਥੰਪਿੰਗ) ਜਿਸ ਗਰਮਜੋਸ਼ੀ ਦੇ ਨਾਲ ਉਨ੍ਹਾਂ ਨੇ ਸਾਡੇ ਮੁੱਖ ਮੰਤਰੀ ਨੂੰ 'ਜੀ ਆਇਆਂ' ਕਿਹਾ, ਇਹ ਪੰਜਾਬ ਦੇ ਸਾਰੇ ਲੋਕਾਂ ਦੀ ਸ਼ਾਨ ਹੈ। ਇੰਨਾ ਹੀ ਨਹੀਂ ਸਾਡੇ ਕਈ ਨੌਜਵਾਨ ਲੋਕ ਜੋ ਕਿਸੇ ਕਾਰਣ ਕਰਕੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਸਨ, ਉਨ੍ਹਾਂ ਨੂੰ ਉਹ ਹਿੰਦੁਸਤਾਨ ਲੈ ਕੇ ਆਏ। ਇਹ ਆਪਣੇ ਆਪ ਵਿਚ ਇਕ ਬਹੁਤ ਵੱਡਾ ਕੰਮ ਸੀ। ਕਿਸੇ ਹੋਰ ਸਟੇਟ ਦਾ ਕੋਈ ਮੁੱਖ ਮੰਤਰੀ ਅੱਜ ਤੱਕ ਇਹ ਕੰਮ ਨਹੀਂ ਕਰ ਸਕਿਆ। (ਥੰਪਿੰਗ) ਮੈਂ ਆਪੋਜ਼ੀਸ਼ਨ ਨੂੰ ਵੀ ਦਰਖਾਸਤ ਕਰਾਂਗਾ ਕਿ ਜਿਥੇ ਆਤਮਾ ਕਹਿੰਦੀ ਹੋਵੇ ਕਿ ਇਹ ਚੰਗਾ ਕੰਮ ਹੈ, ਉਸ ਨੂੰ 'ਜੀ ਆਇਆਂ' ਨੂੰ ਕਹਿ ਦਿਆ ਕਰੋ। ਇਹ ਗੱਲ ਕੋਈ ਨਹੀਂ ਕਹਿ ਸਕਦਾ ਕਿ ਪਾਕਿਸਤਾਨ ਤੋਂ ਮੁੰਡੇ ਛੁਡਾ ਕੇ ਹਿੰਦੁਸਤਾਨ ਲਿਆ ਕੇ ਕੋਈ ਮਾੜਾ ਕੰਮ ਕੀਤਾ ਹੈ......

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ** **

**ਮਾਨਯੋਗ ਸਪੀਕਰ** ; ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ (ਰਾਣਾ ਕੰਵਰਪਾਲ ਸਿੰਘ)** : ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਅਸੀਂ ਦੁਨੀਆਂ ਭਰ ਦੇ ਗੁਰੂ ਨਾਨਕ ਨਾਮ ਲੇਵਾ ਰੋਜ਼ ਇਸ ਗੱਲ ਦੀ ਅਰਦਾਸ ਕਰਦੇ ਹਾਂ ਕਿ ਹੇ ਸੱਚੇ ਪਾਤਸ਼ਾਹ, ਰਹਿਮਤ ਕਰ ਅਤੇ ਸਾਡੇ ਤੋਂ ਵਿਛੋੜੇ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਦਾ ਮੌਕਾ ਬਖਸ਼ਿਸ਼ ਕਰ ਤਾਂ ਕਿ ਅਸੀਂ ਉਨ੍ਹਾਂ ਦੀ ਖਬਰਸਾਰ ਲੈ ਸਕੀਏ। ਸਾਡੇ ਮੁੱਖ ਮੰਤਰੀ ਤੇ

**Expunged as order by the Chair.

[ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ]

ਵਾਹਿਗੁਰੂ ਨੇ ਕ੍ਰਿਪਾ ਕੀਤੀ ਅਤੇ ਵਾਘੇ ਤੋਂ ਨਨਕਾਣਾ ਸਾਹਿਬ ਤੱਕ ਦੀ ਸੜਕ ਦਾ ਨੀਂਹ-ਪੱਥਰ ਉਹ ਆਪ ਰੱਖ ਕੇ ਆਏ ਤਾਂ ਕਿ ਅਸੀਂ ਸਵੇਰੇ ਅੰਮ੍ਰਿਤਸਰੋਂ ਚੱਲ ਕੇ ਨਨਕਾਣਾ ਸਾਹਿਬ ਦੇ ਦਰਸ਼ਨ ਕਰਕੇ ਸ਼ਾਮ ਨੂੰ ਵਾਪਸ ਆ ਸਕੀਏ । ਮੈਨੂੰ ਮੁੱਖ ਮੰਤਰੀ ਜੀ ਦੇ ਨਾਲ ਨਾਲ ਨਨਕਾਣਾ ਸਾਹਿਬ ਵੀ ਜਾਣ ਦਾ ਮੌਕਾ ਮਿਲਿਆ । ਉਥੇ ਜਾ ਕੇ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਪਾਕਿਸਤਾਨ ਦਾ ਉਹ ਸਾਰਾ ਸ਼ਹਿਰ ਹੀ ਖਾਲਸਮਈ ਹੋ ਗਿਆ ਹੋਵੇ । ਹਰ ਪਾਸੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗੂੰਜਦੇ ਸਨ । ਸਪੀਕਰ ਸਾਹਿਬ, 18-18 ਸਾਲਾਂ ਤੋਂ ਪਾਕਿਸਤਾਨੀ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨੂੰ ਛੁਡਵਾਉਣ ਅਤੇ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਸੇਵਾ ਕਰਨ ਦਾ ਮੌਕਾ ਸਾਡੇ ਮੁੱਖ ਮੰਤਰੀ ਨੂੰ ਹੀ ਮਿਲਿਆ ਹੈ । ਸਪੀਕਰ ਸਾਹਿਬ, ਉਥੇ ਦੇ ਇਕ ਬਹੁਤ ਮੁਕੱਦਸ ਮੰਦਰ ਕਟਾਸ ਰਾਜ ਵਿਖ ਵੀ ਮੁੱਖ ਮੰਤਰੀ ਜੀ ਦੇ ਨਾਲ ਜਾਣ ਦਾ ਸਾਨੂੰ ਮੌਕਾ ਮਿਲਿਆ । ਉਸ ਮੰਦਰ ਦੀ ਸੇਵਾ ਵਾਸਤੇ ਵੀ ਮੁੱਖ ਮੰਤਰੀ ਜੀ ਨੇ ਆਪਣੀ ਸ਼ਰਧਾ ਮੁਤਾਬਿਕ ਰਾਸ਼ੀ ਦਿੱਤੀ ਤਾਂ ਕਿ ਉਸ ਨੂੰ ਠੀਕ ਕੀਤਾ ਜਾ ਸਕੇ । (ਘੰਟੀ) ਉਥੇ ਜਿਹੜੀਆ ਲੋੜਾਂ ਹਨ, ਉਹ ਪੂਰੀਆਂ ਕੀਤੀਆਂ ਜਾ ਸਕਣ । ਇਹ ਕੈਪਟਨ ਅਮਰਿੰਦਰ ਸਿੰਘ ਜੀ ਦਾ ਇਕ ਇਤਿਹਾਸਿਕ ਕਦਮ ਹੈ ਜਿਸ ਦੀ ਸਾਰਿਆਂ ਨੂੰ ਰਲ ਕੇ ਸ਼ਲਾਘਾ ਕਰਨੀ ਚਾਹੀਦੀ ਹੈ । ਮੇਰਾ ਖਿਆਲ ਨਹੀਂ ਹੈ ਕਿ ਇਸ ਵਿੱਚ ਕੋਈ ਮੀਨ ਮੇਖ ਜਾਂ ਕਿੰਤੂ ਪਰੰਤੂ ਕਰਨ ਦੀ ਗੁੰਜਾਇਸ਼ ਹੋਵੇ । ਉਹ ਦਿਨ ਦੂਰ ਨਹੀਂ ਜਦੋਂ ਇਨ੍ਹਾਂ ਦੀ ਸੋਚ ਰੰਗ ਲਿਆਏਗੀ ।

ਅੱਜ ਪਾਕਿਸਤਾਨ ਵਿੱਚ ਇੰਨੀ ਮਹਿੰਗੀ ਕਣਕ ਜਿਹੜੀ ਸਾਡੇ ਕੋਲੋਂ ਬੰਬੇ ਅਤੇ ਬੰਬੇ ਤੋਂ ਦੁਬਈ ਹੋ ਕੇ ਪਾਕਿਸਤਾਨ ਦੇ ਵਿੱਚ ਤਿੰਨ ਗੁਣਾਂ ਮਹਿੰਗੀ ਹੋ ਕੇ ਜਾਂਦੀ ਹੈ ਅਤੇ ਰੂੰਈਂ ਜਿਹੜੀ ਉਸ ਨਰਮਾ ਪੱਟੀ ਵਿੱਚ ਈਜੀਪਟ ਤੋਂ ਹੋ ਕੇ ਅਸੀਂ ਇਥੇ ਲੈ ਕੇ ਆਉਂਦੇ ਹਾਂ, ਜਿਵੇਂ ਟ੍ਰੇਡ ਡੈਲੀਗੇਸ਼ਨ ਲੈ ਕੇ ਇਕ ਨਵੇਂ ਟਰੇਡ ਦਾ ਸੁਪਨਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਲਿਆ ਹੈ, ਜੇਕਰ ਉਹ ਸਾਕਾਰ ਹੋ ਗਿਆ ਤਾਂ ਪੰਜਾਬ ਦਾ ਕਿਸਾਨ ਅਤੇ ਪੰਜਾਬ ਦੀ ਤਕਦੀਰ ਜਰੂਰ ਬਦਲੇਗੀ ।

ਇਸ ਤੋਂ ਇਲਾਵਾ ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਨੇ ਆਪਣੇ ਸਮੇਂ ਵਿੱਚ ਪੰਜਾਬ ਦੀ ਅਤੇ ਪੰਜਾਬੀਅਤ ਦੀ ਭਰਪੂਰ ਸੇਵਾ ਕੀਤੀ ਹੈ । ਸੱਚੀਂ ਮੁੱਚੀਂ ਉਨ੍ਹਾ ਨੇ ਪੰਜਾਬੀ ਦੀ ਬਹੁਤ ਸੇਵਾ ਕੀਤੀ ਹੈ । ਉਨ੍ਹਾਂ ਨੇ ਇਕ ਵਰਲਡ ਪੰਜਾਬੀ ਸੈਂਟਰ ਪਟਿਆਲਾ ਵਿਖੇ ਬਣਾਉਣ ਦੀ ਘੋਸ਼ਣਾ ਕੀਤੀ ਹੈ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਹੈ ਕਿ ਲਹਿੰਦੇ ਪੰਜਾਬ ਅਤੇ ਚੜ੍ਹਦੇ ਪੰਜਾਬ ਦੀਆਂ ਇਥੇ ਖੇਡਾਂ ਹੋਇਆ ਕਰਨਗੀਆਂ । ਇਧਰਲੇ ਲੋਕ ਉਧਰ ਅਤੇ ਉਧਰਲੇ ਲੋਕ ਇਧਰ ਆ ਸਕਣਗੇ । ਉਨ੍ਹਾਂ ਨੇ ਇਸ ਗੱਲ ਦਾ ਵੀ ਯਤਨ ਕੀਤਾ ਹੈ ਕਿ ਹਰ ਸਾਲ ਪਟਿਆਲਾ ਵਿੱਚ ਇਕ ਇੰਟਰਨੈਸ਼ਨਲ ਪੰਜਾਬੀ ਫਿਲਮ ਫੈਸਟੀਵਲ ਹੋਵੇ ਤਾਂ ਕਿ ਪੰਜਾਬ ਦੇ ਕਲਾਕਾਰਾਂ ਨੂੰ, ਪੰਜਾਬੀ ਜ਼ਬਾਨ ਨੂੰ ਨਵਾਂ ਹੁਲਾਰਾ ਮਿਲ ਸਕੇ । (ਘੰਟੀ)

**ਮਾਨਯੋਗ ਸਪੀਕਰ** : ਰਾਣਾ ਜੀ ਕ੍ਰਿਪਾ ਕਰਕੇ ਹੁਣ ਵਾਈਂਡ ਅੱਪ ਕਰੋ ।

**ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ (ਰਾਣਾ ਕੰਵਰਪਾਲ ਸਿੰਘ)** : ਇਸ ਗੱਲ ਲਈ ਵੀ ਕੈਪਟਨ ਅਮਰਿੰਦਰ ਸਿੰਘ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਨੇ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਦੇ ਅਵਸਰ ਤੇ, ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਹਰਮਿੰਦਰ ਸਾਹਿਬ ਵਿਖੇ 400 ਸਾਲਾ ਸਥਾਪਨਾ ਦਿਵਸ ਵੇਲੇ ਅਤੇ ਇਸ ਤੋਂ ਇਲਾਵਾ ਸਾਹਿਬਜ਼ਾਦਿਆਂ ਨੂੰ ਜਿਨ੍ਹਾਂ ਦੀ ਕੁਰਬਾਨੀ ਦੀ ਮਿਸਾਲ ਕਿਤੇ ਵੀ ਦੁਨੀਆਂ ਦੇ ਇਤਿਹਾਸ ਵਿੱਚ ਨਹੀਂ ਮਿਲਦੀ, ਉਨ੍ਹਾਂ ਨੂੰ ਯਾਦ ਕੀਤਾ । ਉਨ੍ਹਾਂ ਨੂੰ ਢੁਕਵੀਂ ਸਰਧਾਂਜਲੀ ਦੇਣ ਲਈ ਫਤਹਿਗੜ੍ਹ ਸਾਹਿਬ ਵਿਖੇ ਗੇਟ ਬਣਵਾਏ ਜਿਨ੍ਹਾਂ ਨੇ ਸਮੇਂ ਦੇ ਹਾਕਮ ਦੀ ਆਵਾਜ ਦੇ ਵਿਰੁੱਧ ਅਵਾਜ ਉਠਾਈ, ਸਾਹਿਬਜਾਦਿਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ, ਉਨ੍ਹਾਂ ਨੂੰ ਵੀ ਯਾਦ ਕੀਤਾ ਅਤੇ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਜਿਸ ਦੀ ਮਿਸਾਲ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ, ਉਸ ਮੁਕਾਮ ਨੂੰ ਕੈਪਟਨ ਸਾਹਿਬ ਨੇ ਆਪਣੇ ਹੱਥਾਂ ਨਾਲ ਜਾ ਕੇ ਚਮਕੌਰ ਸ਼ਹਿਰ ਨੂੰ ਤਹਿਸੀਲ ਦਾ ਦਰਜਾ ਦਿੱਤਾ । ਇਸ ਗੱਲ ਲਈ ਵੀ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ । (ਘੰਟੀ) ਸ, ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਦੇ ਸਮੇਂ ਵਿੱਚ ......

**ਮਾਨਯੋਗ ਸਪੀਕਰ** : ਹੁਣ ਕਾਫੀ ਸਮਾਂ ਹੋ ਗਿਆ ਹੈ । ਹੁਣ ਤੁਸੀਂ ਰਣਦੀਪ ਸਿੰਘ ਨੂੰ ਸੈਕਿੰਡ ਕਰਨ ਦਿਓ ।

**ਸੰਸਦੀ ਸਕੱਤਰ, ਉਦਯੋਗ ਅਤੇ ਕਮਰਸ ਅਤੇ ਟਰਾਂਸਪੋਰਟ (ਰਾਣਾ ਕੰਵਰਪਾਲ ਸਿੰਘ)** : ਸਪੀਕਰ ਸਾਹਿਬ, ਤੁਹਾਡੀ ਬਹੁਤ ਮਿਹਰਬਾਨੀ, ਜਿੱਥੇ ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਗੱਲ ਖਤਮ ਕਰਾਂਗਾ ਉਥੇ ਮੈਂ ਇਸ ਹਾਊਸ ਨੂੰ ਪੁਰਜ਼ੋਰ ਅਪੀਲ ਕਰਦਾਂ ਹਾਂ ਕਿ ਆਓ ਰਲ ਕੇ ਆਪਾਂ ਗਵਰਨਰ ਸਾਹਿਬ ਦਾ ਜਿਹੜਾ ਐਡਰੈਸ ਹੈ, ਉਸ ਦਾ ਧੰਨਵਾਦ ਇਕੱਠੇ ਹੋ ਕੇ ਕਰੀਏ, ਮਤੇ ਨੂੰ ਮੁਤਫਿਕ ਹੋ ਕੇ ਪਾਸ ਕਰੀਏ ਤਾਂ ਕਿ ਇਕ ਆਵਾਜ਼ ਉਠਾ ਸਕੀਏ ਅਤੇ ਇਹ ਦੱਸ ਸਕੀਏ ਕਿ ਜਿਹੜੇ ਸਾਡੇ ਸਾਂਝੇ ਮਸਲੇ ਹਨ, ਸਹੀ ਮਸਲੇ ਹਨ, ਉਨ੍ਹਾਂ ਤੇ ਪੰਜਾਬ ਦੀ ਅਸੈਂਬਲੀ ਇਕੱਠੀ ਹੈ, ਇਕੱਠੇ ਹੋ ਕੇ ਆਪਾਂ ਆਪਣੀ ਆਵਾਜ ਬੁਲੰਦ ਕਰੀਏ । ਮੈਂ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ, ਪ੍ਰਵਾਨ ਕੀਤਾ ਜਾਵੇ ਅਤੇ ਗਵਰਨਰ ਸਾਹਿਬ ਦਾ ਧੰਨਵਾਦ ਕੀਤਾ ਜਾਵੇ । ਧੰਨਵਾਦ, ਜੈ ਹਿੰਦ ।

**Sardar Randip Singh Nabha (Nabha):** Sir, I Second the motion. ਮੈਂ ਸਪੀਕਰ ਸਾਹਿਬ ਤੁਹਾਡਾ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਜਿਹੜਾ ਰਾਜਪਾਲ ਜੀ ਨੇ ਭਾਸ਼ਣ ਮਿਤੀ 18 ਮਾਰਚ, 2005 ਨੂੰ ਇਸ ਪਵਿੱਤਰ ਸਦਨ ਦੀ ਪ੍ਰੰਪਰਾ ਅਨੁਸਾਰ ਦਿੱਤਾ ਹੈ, ਉਸ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ । ਨਾਲੇ, ਸਪੀਕਰ ਸਾਹਿਬ, ਜਿਹੜਾ ਭਾਸ਼ਣ ਅਜ਼ੀਜ਼ ਰਾਣਾ ਕੰਵਲਪਾਲ ਸਿੰਘ ਜੀ ਨੇ ਜ਼ਿਆਦਾ ਵਿਸਥਾਰ ਪੂਰਵਕ ਏਥੇ ਜਿਕਰ ਕੀਤਾ ਹੈ, ਮੈਂ ਸ਼ੁਕਰ ਗੁਜ਼ਾਰ ਹਾਂ, ਸ੍ਰੀਮਤੀ ਸੋਨੀਆ ਗਾਂਧੀ ਜੀ ਦਾ.....

**ਮਾਨਯੋਗ ਸਪੀਕਰ** : ਤੁਸੀਂ ਕ੍ਰਿਪਾ ਕਰਕੇ 15 ਮਿੰਟਾਂ ਵਿੱਚ ਹੀ ਖਤਮ ਕਰਨਾ ਹੈ । ਇਨਾ ਚਿਰ ਹੀ ਮਿਲਣਾ ਹੈ ਕਿਉਂਕਿ ਬਾਕੀ ਮੈਂਬਰਾਂ ਨੇ ਵੀ ਬੋਲਣਾ ਹੈ । ਹਾਂ ਜੀ, carry on.

**ਸਰਦਾਰ ਰਣਦੀਪ ਸਿੰਘ ਨਾਭਾ** : ਸ਼੍ਰੀਮਤੀ ਸੋਨੀਆ ਗਾਂਧੀ ਜੀ ਦੇ ਨੇਤਿਰਤਵ ਅਧੀਨ ਸਾਨੂੰ ਨੁਮਾਇੰਦਗੀ ਮਿਲੀ । ਨਾਲ ਹੀ ਮੈਂ ਸਾਡੇ ਹਿੰਦੁਸਤਾਨ ਦੀ ਸ਼ਾਨ, ਸਾਡੇ ਪੰਜਾਬ ਦੀ ਨੁਮਾਇੰਦਗੀ ਕਰਦੇ ਹੋਏ ਦੇਸ਼ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦਾ ਖਾਸ ਕਰਕੇ ਮੈਂ ਜਿਕਰ ਕਰਨਾ ਚਾਹੁੰਦਾ ਹਾਂ । ਮਾਨਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਿਨ੍ਹਾਂ ਦੇ ਆਸ਼ੀਰਵਾਦ ਬਦੌਲਤ ਅੱਜ ਸਾਨੂੰ ਮੌਕਾ ਮਿਲਿਆ ਹੈ, ਮੈਂ ਉਨ੍ਹਾਂ ਦਾ ਵੀ ਸ਼ੁਕਰਗੁਜ਼ਾਰ ਹਾਂ, ਉਨ੍ਹਾਂ ਦੀ ਰਹਿਨੁਮਾਈ ਹੇਠ ਸਰਕਾਰ ਦੇ ਤਿੰਨ ਸਾਲ ਦੀ ਕਾਰਗੁਜ਼ਾਰੀ ਦਾ ਇਥੇ ਰਾਜਪਾਲ ਜੀ ਦੇ ਭਾਸ਼ਣ ਵਿੱਚ ਜਿਹੜਾ ਜ਼ਿਕਰ ਕੀਤਾ ਗਿਆ ਹੈ ਜਿਵੇਂ ਸਾਡੇ ਵੱਡੇ ਸਾਥੀ ਰਾਣਾ ਕੇ. ਪੀ. ਸਿੰਘ ਜੀ ਨੇ ਜ਼ਿਕਰ ਕੀਤਾ ਹੈ, ਸਪੀਕਰ ਸਾਹਿਬ, ਲਗਭੱਗ 80-85 ਪ੍ਰਤੀਸ਼ਤ ਲੋਕ ਖੇਤੀਬਾੜੀ ਨਾਲ ਪ੍ਰਭਾਵਿਤ ਹਨ ਅਤੇ ਇਹ ਪੰਜਾਬ ਦੀ ਸਾਡੇ ਸੂਬੇ ਦੀ ਇਕਾਨਮੀ ਦੀ ਰੀੜ੍ਹ ਦੀ ਹੱਡੀ ਹੈ । ਇਸ ਦੇ ਪ੍ਰਤੀ ਮੈਂ ਕੁਝ ਗੱਲਾਂ ਦਾ ਜਿਕਰ ਕਰਨਾ ਚਾਹਾਂਗਾ ਕਿਉਂਕਿ ਇਹ ਪੰਜਾਬ ਦੇ ਕਿਸਾਨੀ ਵਰਗ ਨਾਲ ਵੀ ਸਬੰਧਿਤ ਹਨ, ਪੰਜਾਬ ਦੀ ਸਹੀ ਪਹਿਚਾਣ ਵੀ ਬਣਦੀਆਂ ਹਨ ਅਤੇ ਪੰਜਾਬ ਲਈ ਸੱਚਮੁੱਚ ਹੀ ਅਹਿਮੀਅਤ ਰੱਖਦੀਆਂ ਹਨ । ਇਨ੍ਹਾਂ ਦਾ ਜਿਕਰ ਖਾਸ ਕਰਕੇ ਗਵਰਨਰ ਐਡਰੈਸ ਦੇ ਪੰਨਾ 11-12-13 ਤੇ ਕੀਤਾ ਗਿਆ । ਜਿਸ ਦੇ ਅੰਕੜੇ ਕੁਝ ਇਸ ਪ੍ਰਕਾਰ ਹਨ ।

| *5.05 ਵਜੇ ਬਾਅਦ ਦੁਪਹਿਰ | *(ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਜੀ ਨੇ ਸਦਨ ਦੀ ਕੁਰਸੀ ਸੰਭਾਲੀ ।) |
|---|---|

ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਾਲ 2002-03 ਵਿਚ ਕਣਕ ਦੀ ਪੈਦਾਵਾਰ 141.74 ਲੱਖ ਮੀ. ਟਨ ਹੋਈ । ਸਾਲ 2003-04 ਵਿਚ ਇਹ ਪੈਦਾਵਾਰ ਵਧ ਕੇ 154 ਲੱਖ ਮੀ. ਟਨ ਹੋਈ । ਸਾਲ 2004-05 ਵਿਚ ਮੈਨੂੰ ਉਮੀਦ ਹੈ ਕਿ ਇਹ ਪੈਦਾਵਾਰ 189 ਲੱਖ ਮੀ. ਟਨ ਹੋਵੇਗੀ । ਰੱਬ ਵੱਲੋਂ ਕੁਝ ਥਾਵਾਂ ਉਤੇ ਗੜੇ ਪੈਣ ਨਾਲ ਫਸਲ ਦੀ ਬਰਬਾਦੀ ਵੀ ਹੋਈ ਹੈ । ਲੇਕਿਨ ਇਹ ਕਾਰਗੁਜ਼ਾਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਹੀ ਹੈ ਕਿ ਉਨ੍ਹਾਂ ਨੇ ਬਿਨਾਂ ਕੋਈ ਪਰੇਸ਼ਾਨੀ ਦਿੱਤਿਆਂ, ਬਿਨਾਂ ਕੋਈ ਸਮੱਸਿਆ ਆਏ ਇਹ ਕਣਕ ਦੀ ਪੈਦਾਵਾਰ ਚੁੱਕੀ ।

ਇਸੇ ਤਰ੍ਹਾਂ ਜੀਰੀ ਦੀ ਪੈਦਾਵਾਰ ਸਾਲ 2002-03 ਵਿਚ 88.80 ਲੱਖ ਮੀ. ਟਨ ਹੋਈ । ਸਾਲ 2003-04 ਵਿਚ ਇਹ ਪੈਦਾਵਾਰ ਵਧ ਕੇ 48 ਲੱਖ ਮੀ. ਟਨ ਹੋਈ । ਸਾਲ 2004-05 ਵਿਚ ਇਹ ਪੈਦਾਵਾਰ ਰਿਕਾਰਡ ਹੋਈ ਹੈ ਜਿਹੜੀ ਕਿ 156 ਲੱਖ ਮੀ. ਟਨ ਸਾਡੇ ਕਿਸਾਨ ਵੀਰਾਂ ਨੇ ਕੀਤੀ ਹੈ । ਇਨ੍ਹਾਂ ਫਸਲਾਂ ਨੂੰ ਵੀ ਕਿਸਾਨਾਂ ਨੂੰ ਬਿਨਾਂ ਕੋਈ ਪਰੇਸ਼ਾਨੀ ਦਿੱਤਿਆਂ, ਬਿਨਾਂ ਕੋਈ ਅੜਦਨਾਂ ਦੇ, ਬਿਨਾਂ ਕੋਈ ਧਰਨਿਆਂ ਦੇ ਬੈਠਣ ਤੋਂ ਇਹ ਫਸਲਾਂ ਚੁੱਕੀਆਂ ਹਨ । ਮੈਂ ਟਿੱਪਣੀ ਨਹੀਂ ਕਰਦਾ । ਸਾਹਮਣੇ ਮੇਰੇ ਵੀਰ (ਆਪੋਜ਼ੀਸ਼ਨ ਵੱਲ ਇਸ਼ਾਰਾ) ਬੈਠੇ ਹਨ । ਮੇਰੇ ਨੌਜਵਾਨ ਸਾਥੀ ਵੀ ਬੈਠੇ ਹਨ । ਜਿਵੇਂ ਕਿ ਰਾਣਾ ਜੀ ਨੇ ਆਖਿਆ ਹੈ ਕਿ ਜਿਥੋਂ ਤੱਕ ਸੱਚਮੁੱਚ ਪੰਜਾਬ ਦੀ ਗੱਲ ਹੁੰਦੀ ਹੈ

ਸਾਨੂੰ ਸਾਰਿਆਂ ਨੂੰ ਇਕ ਹੋਣਾ ਚਾਹੀਦਾ ਹੈ । ਜਦੋਂ ਅਸੀਂ ਸਦਨ ਵਿਚ ਸਹੁੰ ਚੁੱਕਦੇ ਹਾਂ ਅਸੀਂ ਵਾਰ ਵਾਰ ਜ਼ਿਕਰ ਕਰਦੇ ਹਾਂ ਕਿ ਅਸੀਂ ਲੋਕਾਂ ਦੀ ਸਹੀ ਨੁਮਾਇੰਦਗੀ ਕਰਾਂਗੇ । ਪ੍ਰੰਤੂ ਅਸੀਂ ਸਹੀ ਨੁਮਾਇੰਦਗੀ ਕਰਨ ਦੀ ਬਜਾਏ ਟਿੱਪਣੀ ਕਰਨ ਲੱਗ ਪੈਂਦੇ ਹਾਂ, ਐਲੀਗੇਸ਼ਨ ਲਗਾਉਂਦੇ ਰਹਿੰਦੇ ਹਾਂ । ਇਸ ਤਰ੍ਹਾਂ ਦੀ ਸਿਆਸਤ ਕੋਈ ਚੰਗੀ ਗੱਲ ਨਹੀਂ ਵਿਅਕਤੀਗਤ ਤੌਰ ਤੇ ਪਹਿਲਾਂ ਅਸੀਂ ਇਨਸਾਨ ਹਾਂ । ਸਾਨੂੰ ਰੱਬ ਨੇ ਮਨੁੱਖ ਬਣਾ ਕੇ ਇਸ ਧਰਤੀ ਉਤੇ ਭੇਜਿਆ ਹੈ, ਲੋਕਾਂ ਦੀ ਸੇਵਾ ਕਰਨ ਵਾਸਤੇ । ਇਸ ਲਈ ਸਾਡਾ ਫਰਜ਼ ਬਣਦਾ ਹੈ, ਭਰਮ ਬਣਦਾ ਹੈ ਕਿ ਅਸੀਂ ਸਹੀ ਮਾਅਨਿਆਂ ਵਿਚ ਲੋਕਾਂ ਦੀ ਸੇਵਾ ਕਰੀਏ । ਜਿਹੜੀ ਰਾਣਾ ਜੀ ਨੇ ਕਾਟਨ ਬਾਰੇ ਗੱਲ ਕੀਤੀ ਹੈ ਖਾਸ ਕਰਕੇ ਕੁਝ ਸਮਾਂ ਪਹਿਲਾਂ ਜਿਹੜੀ ਕਾਟਨ ਦੀ ਪੈਦਾਵਾਰ 27 ਲੱਖ ਬੇਲ (ਗੰਢਾਂ) ਹੁੰਦੀ ਸੀ, ਉਹ ਇਨ੍ਹਾਂ ਦੇ ਸਮੇਂ 2001-02 ਵਿਚ 7 ਲੱਖ ਗੰਢਾਂ ਤੇ ਆ ਗਈ ਸੀ । ਇਹ ਦੁਰਦਸ਼ਾ ਸਾਡੇ ਕਿਸਾਨਾਂ ਦੀ ਹੋ ਗਈ ਸੀ ਜਿਸ ਨੂੰ ਹਿੰਮਤ ਦਿੱਤੀ ਹੈ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ, ਕਾਂਗਰਸ ਦੀ ਸਰਕਾਰ ਨੇ । (ਥੰਪਿੰਗ) ਜਿਹੜੀ ਕਪਾਹ ਦੀ ਪੈਦਾਵਾਰ 2001 ਤੋਂ ਲੈ ਕੇ 2002 ਤੱਕ 7 ਲੱਖ ਗੰਢਾਂ ਰਹਿ ਗਈ ਸੀ । ਉਹ ਸਾਲ 2003-04 ਵਿਚ 13 ਲੱਖ ਗੰਢਾਂ ਤੱਕ ਪਹੁੰਚ ਗਈ ਹੈ । ਸਾਲ 2004-05 ਵਿੱਚ ਇਹ ਪੈਦਾਵਾਰ 21 ਲੱਖ ਗੰਢਾਂ ਦੀ ਹੋ ਰਹੀ ਹੈ । ਕਿਉਂਕਿ ਨਵੀਆਂ ਵਰਾਇਟੀਆਂ ਪੰਜਾਬ ਵਿਚ ਲਿਆਂਦੀਆਂ ਗਈਆਂ ਹਨ । ਬੀ.ਟੀ. ਕਾਟਨ ਦੇ ਬੀਜ ਲਿਆਂਦੇ ਗਏ ਹਨ । ਆਉਣ ਵਾਲੇ ਸਮੇਂ ਵਿਚ ਬੀ.ਟੀ. ਕਪਾਹ ਦੀਆਂ ਛੇ ਨਵੀਆਂ ਕਿਸਮਾਂ ਆ ਰਹੀਆਂ ਹਨ । ਇਨ੍ਹਾਂ ਵਿਚ ਆਰ.ਸੀ.ਐਚ. 134 ਬੀ.ਟੀ. ਆਰ.ਸੀ.ਐਚ. 317 ਬੀ.ਟੀ., ਅੰਕੁਰ 651 ਬੀ.ਟੀ., ਅੰਕੁਰ 2534 ਬੀ.ਟੀ., ਐਮ.ਆਰ.ਸੀ. 6301 ਬੀ.ਟੀ. ਅਤੇ ਐਮ.ਆਰ.ਸੀ. 5304 ਬੀ.ਟੀ. ਦੇ ਲਾਗੂ ਹੋਣ ਨਾਲ ਕਪਾਹ ਦੇ ਉਤਪਾਦਨ ਵਿਚ ਹੋਰ ਵੀ ਵਾਧਾ ਹੋਵੇਗਾ । ਇਸ ਨਾਲ ਸਾਡੇ ਕਿਸਾਨ ਨੂੰ ਸਹੀ ਮਾਅਨਿਆਂ ਵਿਚ, ਜਿਸ ਦੇ ਲਈ ਅਸੀਂ ਇਥੇ ਪਹੁੰਚੇ ਹੋਏ ਹਾਂ ਅਤੇ ਨੁਮਾਇੰਦਗੀ ਕਰਦੇ ਹਾਂ, ਉਸ ਨੂੰ ਮਜਬੂਤੀ ਦੇ ਸਕਾਂਗੇ ਤਾਂ ਕਿ ਆਉਣ ਵਾਲੀ ਪੀੜੀ ਮਾਣ ਕਰ ਸਕੇ । ਇਹ ਵੀ (ਆਪੋਜ਼ੀਸ਼ਨ ਵੱਲ ਇਸ਼ਾਰਾ) ਕਿਸਾਨ ਵੀਰ ਅਖਵਾਉਂਦੇ ਹਨ । ਮੈਨੂੰ ਯਾਦ ਹੈ ਬਾਦਲ ਸਾਹਿਬ, ਅੱਜ ਇਥੇ ਬੈਠੇ ਨਹੀਂ ਹਨ, ਗੱਲ ਕਰ ਰਹੇ ਸੀ ਕਿ ਅੱਜਕੱਲ ਐਗਰੀਕਲਚਰ ਯੂਨੀਵਰਸਿਟੀ ਵਿਚ ਕੋਈ ਜਾਂਦਾ ਨਹੀਂ ਹੈ । ਸਾਡੇ ਅੱਛੇ ਪਰਿਵਾਰਾਂ ਵਿਚ ਕਿਸਾਨ ਵਰਗ ਦੇ ਬੱਚੇ ਐਗਰੀਕਲਚਰ ਹੀ ਨਹੀਂ ਪੜ੍ਹਦੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਐਗਰੀਕਲਚਰ ਯੂਨੀਵਰਸਿਟੀ ਵਿਚ ਭੇਜਿਆ ਸੀ ? ਉਨ੍ਹਾਂ ਨੇ ਤਾਂ ਆਪਣੇ ਬੱਚਿਆਂ ਨੂੰ ਅਮਰੀਕਾ ਵਿਚ ਪੜ੍ਹਨ ਭੇਜਿਆ ਹੈ । ਸਾਨੂੰ ਟਿੱਪਣੀ ਨਹੀਂ ਕਰਨੀ ਚਾਹੀਦੀ । ਸਾਨੂੰ ਧਰਮ ਨਿਰਪੱਖ ਹੋ ਕੇ ਜਿਹੜੇ ਵੀ ਪੰਜਾਬ ਦੇ ਮਸਲੇ ਹਨ, ਰਲ ਮਿਲ ਕੇ ਉਨ੍ਹਾਂ ਨੂੰ ਹੱਲ ਕਰਨਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਜਿਵੇਂ ਪਹਿਲਾਂ ਰਾਣਾ ਜੀ ਨੇ ਦੱਸਿਆ ਹੈ ਕਿ ਸਾਡੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਹੈ ਅਤੇ ਹਰ ਸਾਲ ਪੌਣੇ ਤਿੰਨ ਫੁੱਟ ਪਾਣੀ ਨੀਚੇ ਜਾ ਰਿਹਾ ਹੈ । ਕੋਈ ਕੰਮ ਯਤਨ ਕੀਤੇ ਬਿਨਾਂ ਨਹੀਂ ਹੋ ਸਕਦਾ, ਘਰ ਵੀ ਜਦੋਂ ਬਣਾਉਣਾ ਹੁੰਦਾ ਹੈ ਤਾਂ ਪਹਿਲਾਂ ਦੀਵਾਰਾਂ ਕਰਕੇ ਛੱਤ ਪਾਈ ਜਾਂਦੀ ਹੈ, ਫਿਰ ਚਾਰਦੁਆਰੀ ਕੀਤੀ ਜਾਂਦੀ ਹੈ । ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਹ ਕੋਸ਼ਿਸ਼ ਤਾਂ ਕਰ ਰਹੇ ਹਨ । ਉਨ੍ਹਾਂ ਨੇ ਇਹ ਦੇਖਦੇ ਹੋਏ ਕਿ ਪਾਣੀ ਦਾ ਸਤਰ ਨੀਚੇ ਜਾ ਰਿਹਾ ਹੈ ਜਿਵੇਂ ਜੌਹਲ ਕਮੇਟੀ ਨੇ ਰਿਪੋਰਟ ਦਿਤੀ ਹੈ ਕਿ ਅੱਜ ਸਾਨੂੰ ਸਮੇਂ

[ਸਰਦਾਰ ਰਣਦੀਪ ਸਿੰਘ ਨਾਭਾ]

ਮੁਤਾਬਿਕ ਲੋੜ ਹੈ ਕਿ ਪਾਣੀ ਦੀ ਬਚਤ ਕੀਤੀ ਜਾਵੇ । ਇਸੇ ਕਰਕੇ ਡਾਈਵਰਸੀਫਿਕੇਸ਼ਨ ਨੂੰ ਲਾਗੂ ਕਰਨ ਦੀ ਕੋਸ਼ਿਸ਼ ਸਾਡੀ ਸਰਕਾਰ ਕਰ ਰਹੀ ਹੈ । ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸਾਨੂੰ 100% ਕਾਮਯਾਬੀ ਮਿਲੇਗੀ । ਸਾਡੇ ਵਿਚ ਵੀ ਕਈ ਕਮੀਆਂ ਪੇਸ਼ੀਆਂ ਰਹਿ ਸਕਦੀਆਂ ਹਨ, ਲੇਕਿਨ ਸਾਡਾ ਫਰਜ਼ ਬਣਦਾ ਹੈ ਕਿ ਜਿਵੇਂ ਜੌਹਲ ਕਮੇਟੀ ਨੇ ਰਿਕਮੈਂ-ਡੇਸ਼ਨ ਕੀਤੀ ਹੈ, ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਬਜਟ ਤਜਵੀਜ਼ ਵਿੱਚ 1280 ਕਰੋੜ ਰੁਪਏ ਇਸ ਮੰਤਵ ਲਈ ਰੱਖੇ ਹਨ ਜਿਥੇ ਪਹਿਲਾਂ 10,000 ਹੈਕਟਰ ਭੂਮੀ ਵਿੱਚ ਜ਼ੀਰੀ ਲਗਾਈ ਜਾਂਦੀ ਸੀ, ਉਸ ਨੂੰ ਵੱਖ-ਵੱਖ ਫਸਲਾਂ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ ਅਤੇ ਇਸ ਦਾ ਲਾਭ ਆਉਣ ਵਾਲੇ ਸਮੇਂ ਵਿੱਚ ਜ਼ਰੂਰ ਮਿਲੇਗਾ । ਪਹਿਲਾਂ ਸਾਲ 2003-04 ਵਿੱਚ 40,000 ਹੈਕਟਰ ਖੇਤਰ ਸਾਡੇ ਫਲਾਂ ਅਧੀਨ ਸੀ ਪਰ ਸਾਲ 2004-05 ਵਿੱਚ 43721 ਹੈਕਟੇਅਰ ਖੇਤਰ ਫਲਾਂ ਦੇ ਉਤਪਾਦਨ ਅਧੀਨ ਲਿਆਂਦਾ ਗਿਆ ਹੈ। ਇਸੇ ਤਰ੍ਹਾਂ ਸਾਲ 2003-04 ਵਿੱਚ ਸਬਜ਼ੀਆਂ ਅਧੀਨ 1.48 ਲੱਖ ਹੈਕਟੇਅਰ ਰਕਬਾ ਸੀ ਜਿਹੜਾ ਕਿ ਸਾਲ 2004-05 ਵਿੱਚ 1.53 ਲੱਖ ਹੈਕਟੇਅਰ ਰਕਬਾ ਸਬਜ਼ੀਆਂ ਅਧੀਨ ਲਿਆਂਦਾ ਗਿਆ ਹੈ । ਪਾਣੀ ਦੇ ਸਤਰ ਨੂੰ ਮੱਦੇ-ਨਜ਼ਰ ਰੱਖਦੇ ਹੋਏ ਪੈਦਾਵਾਰ ਦੇ ਬਦਲਾਓ ਲਈ ਸਾਡੀ ਸਰਕਾਰ ਦੀ ਕੋਸ਼ਿਸ਼ ਜ਼ਾਰੀ ਹੈ । ਇਸ ਦਾ ਨਤੀਜਾ ਕੀ ਨਿਕਲਦਾ ਹੈ, ਇਹ ਬਾਅਦ ਵਿੱਚ ਪਤਾ ਲੱਗੇਗਾ । ਸਾਲ 2003-04 ਵਿੱਚ ਸਾਡੀ ਪੈਦਾਵਾਰ 5.78 ਅਤੇ 24.98 ਲੱਖ ਟਨ ਫਲਾਂ ਦੀ ਪੈਦਾਵਾਰ ਹੋਈ ਹੈ ਅਤੇ ਹੁਣ ਸਾਲ 2004-05 ਵਿੱਚ ਇਹ 6.32 ਅਤੇ 26.63 ਲੱਖ ਟਨ ਸਬਜ਼ੀਆਂ ਅਤੇ ਫਲਾਂ ਦੀ ਪੈਦਾਵਾਰ ਹੋਈ ਹੈ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਅਤੇ ਸਮੇਂ ਦੀ ਅਤਿਅੰਤ ਲੋੜ ਹੈ ਕਿ ਪਾਣੀ ਦੀ ਜਿਹੜੀ ਸਮੱਸਿਆ ਹੈ, ਉਸ ਨੂੰ ਘੱਟੋ ਘੱਟ ਦੂਰ ਕਰਨ ਦੀ ਕੋਸ਼ਿਸ਼ ਤਾਂ ਸਾਡੀ ਸਰਕਾਰ ਕਰ ਰਹੀ ਹੈ । ਬਜਾਏ ਇਸ ਦੇ ਕਿ ਅਸੀਂ ਇਕ ਦੂਜੇ ਤੇ ਟਿੱਪਣੀ ਕਰੀਏ, ਕਿਸੇ ਤੇ ਦੋਸ਼ ਲਗਾਈਏ, ਸਾਨੂੰ ਆਪਣਾ ਚਿਹਰਾ ਆਇਨੇ ਵਿੱਚ ਵੇਖਣਾ ਚਾਹੀਦਾ ਹੈ । ਕਿਸੇ ਤੇ ਚਿੱਕੜ ਉਛਾਲਦੇ ਹੋਏ ਛਿੱਟੇ ਆਪਣੇ ਤੇ ਵੀ ਪੈਂਦੇ ਹਨ । ਮੇਰੀ ਬੇਨਤੀ ਹੈ ਕਿ ਅਸੀਂ ਸਹੀ ਮਾਅਨਿਆਂ ਵਿੱਚ ਮਨੁੱਖਤਾ ਦੀ ਸੇਵਾ ਕਰਨ ਆਏ ਹਾਂ । ਸਾਡਾ ਫਰਜ਼ ਬਣਦਾ ਹੈ, ਇਨ੍ਹਾਂ ਨੇ ਵੀ ਸਾਡਾ ਸਮਰਥਨ ਦਿੱਤਾ ਹੈ । ਸਾਡੇ ਮੁੱਖ ਮੰਤਰੀ ਜੀ ਨੇ ਪਾਣੀ ਦਾ ਮਸਲਾ ਬੜੇ ਸਹੀ ਮਾਅਨਿਆਂ ਵਿੱਚ ਪਲੀਡ ਕੀਤਾ ਅਤੇ ਜਦੋਂ ਐਸ.ਵਾਈ.ਐਲ. ਦਾ ਮਸਲਾ ਇਸ ਸਦਨ ਵਿੱਚ ਪੇਸ਼ ਕੀਤਾ, ਇਸ ਦਾ ਕਲੇਮ ਸਹੀ ਅਰਥਾਂ ਵਿੱਚ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜ਼ੀ ਨੇ ਪਲੀਡ ਕੀਤਾ ਅਤੇ ਇਸੇ ਸਦਕਾ ਹੀ ਅੱਜ ਪੰਜਾਬ ਪ੍ਰਫੁੱਲਤ ਹੋਇਆ ਹੈ ਅਤੇ ਪੰਜਾਬ ਦੇ ਪਾਣੀਆਂ ਦਾ ਮਸਲਾ ਹੱਲ ਹੋਇਆ ਹੈ । ਪੰਜਾਬ ਦੇ ਲੋਕਾਂ ਨੂੰ ਪਾਣੀ ਮਿਲਿਆ ਹੈ । ਮੈਂ ਸਾਹਮਣੇ ਬੈਠੇ ਵੀਰਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਹ ਮਸਲਾ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਹਾਲਾਂ ਕਿ ਕਈ ਵੇਰ ਇਨ੍ਹਾਂ ਨੂੰ ਮੌਕਾ ਵੀ ਮਿਲਿਆ । ਮੈਂ ਨਿਰਪੱਖ ਹੋ ਕੇ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਉਸ ਵੇਲੇ ਇਕ ਆਈਟਮ ਥੰਬ ਤੇ ਬੈਠੇ ਸਨ । ਇਨ੍ਹਾਂ ਨੇ ਸਾਡੇ ਕਿਸਾਨਾਂ ਦੀ ਸਹੀ ਤਰਜ਼ਮਾਨੀ ਕੀਤੀ ਅਤੇ ਇਸੇ ਕਰਕੇ ਹੀ ਅਸੀਂ ਪੰਜਾਬ ਦੇ ਪਾਣੀ ਨੂੰ ਬਚਾ ਸਕੇ ਹਾਂ । ਇਹ ਜੋ ਪਾਣੀ ਬਚ ਗਿਆ ਹੈ, ਇਸ ਲਈ ਵੀ ਕੈਪਟਨ ਅਮਰਿੰਦਰ ਸਿੰਘ ਜੀ

ਵਧਾਈ ਦੇ ਪਾਤਰ ਹਨ । ਮੈਂ ਸਾਰੇ ਆਪਣੇ ਨੌਜਵਾਨ ਸਾਥੀਆਂ ਨੂੰ ਵੀ ਬੇਨਤੀ ਕਰਾਂਗਾ ਕਿ ਜੇ ਪੰਜਾਬ ਨੂੰ ਤਰੱਕੀ ਵੱਲ ਲੈ ਕੇ ਜਾਣਾ ਚਾਹੁੰਦੇ ਹੋ ਤਾਂ ਸਾਡਾ ਫਰਜ਼ ਬਣਦਾ ਹੈ ਕਿ ਨਿਰਪੱਖ ਅਤੇ ਨਿਧੜਕ ਹੋ ਕੇ ਪੰਜਾਬ ਦੇ ਮੁੱਦਿਆਂ ਦਾ ਹੱਲ ਕਰੀਏ । ਮਾਨਯੋਗ ਡਿਪਟੀ ਸੰਪੀਕਰ ਸਾਹਿਬ, ਸਟੇਟ ਐਂਡ ਸੈਂਟਰਲ ਸਪਾਂਸਰਡ ਸ਼ਕੀਮਜ਼ ਤਹਿਤ 36.99 ਕਰੋੜ ਰੁਪਏ ਰੱਖੇ ਗਏ ਸਨ ਅਤੇ ਸਾਲ 2004-05 ਵਿੱਚ 35.75 ਕਰੋੜ ਰੁਪਏ ਰੱਖਿਆ ਗਿਆ ਹੈ ਤਾਂ ਕਿ ਡਾਈਵਰਸੀਫਿਕੇਸ਼ਨ ਨੂੰ ਲਾਗੂ ਕਰ ਸਕੀਏ । ਅਸੀਂ ਇਸ ਪਾਸੇ ਲੱਗੇ ਹੋਏ ਹਾਂ, ਸਾਲ 2003-04 ਵਿੱਚ ਡਾਈਵਰਸੀਫਿਕੇਸ਼ਨ ਅਧੀਨ ਲਗਭਗ 30455 ਹੈਕਟੇਅਰ ਖੇਤਰ ਲਿਆਂਦਾ ਗਿਆ ਸੀ ਅਤੇ ਇਸ ਸਾਲ 2004-05 ਵਿੱਚ 30655 ਹੈਕਟੇਅਰ ਖੇਤਰ ਡਾਈਵਰਸੀਫਿਕੇਸ਼ਨ ਅਧੀਨ ਲਿਆਂਦਾ ਜਾ ਰਿਹਾ ਹੈ । ਇਸ ਦੇ ਨਾਲ 200 ਹੈਕਟੇਅਰ ਦਾ ਜ਼ਰੂਰ ਲਾਭ ਹੋਇਆ ਹੈ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਪੰਜਾਬ ਨੂੰ ਪਾਣੀ ਤੋਂ ਬਚਾ ਸਕੀਏ । ਡਿਪਟੀ ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਜੀ ਵੀ ਬੈਠੇ ਹਨ । ਸਾਡੇ ਪਾਰਲੀਮੈਂਟਰੀ ਸੈਕਟਰੀ ਸਾਹਿਬ ਵੀ ਬੈਠੇ ਹਨ । ਵਿਦੇਸ਼ਾਂ ਵਿੱਚ ਰੇਨ ਵਾਟਰ ਹਾਰਵੈਸਟਿੰਗ ਮੈਨਡੇਟਰੀ ਹੈ । ਸਾਡੇ ਸੂਬੇ ਵਿੱਚ ਵੀ ਰੇਨ ਵਾਟਰ ਹਾਰਵੈਸਟਿੰਗ ਮੈਨਡੇਟਰੀ ਕਰਨਾ ਚਾਹੀਦਾ ਹੈ । ਚਾਹੇ ਸਾਡੇ ਐਗਰੀਕਲਚਰ ਹੈ, ਚਾਹੇ ਸਾਡੀਆਂ ਹਾਊਸਿੰਗ ਕਲੋਨੀਜ਼ ਹਨ, ਮੈਂ ਗੁੜਗਾਉਂ ਦਾ ਜ਼ਿਕਰ ਕਰਾਂਗਾ ਕਿ ਉਥੇ ਰੇਨ ਵਾਟਰ ਹਾਰਵੈਸਟਿੰਗ ਮੈਨਡੇਟਰੀ ਕਰ ਦਿੱਤਾ ਹੈ । ਮੈਂ ਇਹ ਗੁਜ਼ਾਰਿਸ਼ ਕਰਾਂਗਾ ਕਿ ਰੇਨ ਵਾਟਰ ਹਾਰਵੈਸਟਿੰਗ ਮੈਨਡੇਟਰੀ ਕੀਤਾ ਜਾਵੇ ਤਾਂ ਕਿ ਸਾਡੇ ਪੰਜਾਬ ਦੀ ਜਿਹੜੀ ਮਾੜੀ ਮੋਟੀ ਸਮੱਸਿਆ ਹੈ, ਅਸੀਂ ਉਸ ਨੂੰ ਰਲ-ਮਿਲ ਦੇ ਦੂਰ ਕਰ ਸਕੀਏ ।

ਮੈਂ ਦੂਜੇ ਵਿਸ਼ੇ ਦਾ ਜ਼ਿਕਰ ਕਰਨਾ ਚਾਹਾਂਗਾ ਜਿਸ ਤੇ ਸਾਡਾ ਰੁਜ਼ਗਾਰ ਕਾਫੀ ਡਿਪੈਂਡੈਂਟ ਹੈ । ਉਹ ਹੈ ਇੰਡਸਟਰੀ । ਇਸ ਬਾਰੇ ਰਾਣਾ ਕੇ.ਪੀ. ਜੀ ਨੇ ਮੋਸ਼ਨ ਵੇਲੇ ਵਿਸਥਾਰ ਵਿੱਚ ਜ਼ਿਕਰ ਕੀਤਾ ਹੈ । ਲੇਕਿਨ ਫਿਰ ਵੀ ਮੈਂ ਕੁਝ ਅੰਕੜਿਆਂ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ । ਸਾਲ 2002-03 ਵਿੱਚ 541 ਯੂਨਿਟ ਸਾਡੇ ਸੂਬੇ ਵਿੱਚ ਲਗਾਏ ਗਏ ਜਿਸ ਤੋਂ 150 ਕਰੋੜ ਰੁਪਿਆ ਸਾਡੇ ਸੂਬੇ ਨੂੰ ਪ੍ਰਾਪਤ ਹੋਇਆ । ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਸਾਡੀ ਨਵੀਂ ਇੰਡਸਟਰੀ ਪਾਲਿਸੀ 1.4.2003 ਨੂੰ ਬਣਾਈ । ਜਿਸ ਦੇ ਤਹਿਤ ਇੰਡਸਟਰੀਲਿਸਟਸ ਕਾਫੀ ਇਨਕਰੇਜ ਮਹਿਸੂਸ ਕਰ ਰਹੇ ਹੋਣਗੇ ਅਤੇ ਆਪ ਹੀ ਇੰਡਸਟਰੀ ਲਗਾ ਰਹੇ ਹੋਣਗੇ । ਇਸ ਨਾਲ 6600 ਲੋਕਾਂ ਨੂੰ ਰੋਜ਼ਗਾਰ ਦਾ ਸਾਧਨ ਮਿਲਿਆ । 2004-05 ਵਿੱਚ ਲਗਭਗ ਦਸ ਗੁਣਾ ਯੂਨਿਟ ਵਧੇ ਤੇ 5612 ਨਵੇਂ ਯੂਨਿਟ ਸਾਡੇ ਸੂਬੇ ਵਿੱਚ ਲਗਾਏ । ਇਸ ਨਾਲ 6700 ਲੋਕਾਂ ਨੂੰ ਰੁਜ਼ਗਾਰ ਦਾ ਸਾਧਨ ਮਿਲਿਆ । ਲਗਭਗ 344.77 ਕਰੋੜ ਰੁਪਏ ਦੀ ਰਾਸ਼ੀ ਸਾਡੇ ਸੂਬੇ ਵਿੱਚ ਆਈ । ਅਸੀਂ ਪੰਜਾਬ ਨੂੰ ਤਰੱਕੀ ਵੱਲ ਲਿਜਾਣ ਲਈ ਕੋਸ਼ਿਸ਼ ਕਰ ਰਹੇ ਹਾਂ । ਮਾਨਯੋਗ ਮੁੱਖ ਮੰਤਰੀ ਦੀ ਰਹਿਨੁਮਾਈ ਹੇਠ ਸਾਡੀ ਕੋਸ਼ਿਸ਼ ਹੈ, ਇੰਡਸਟਰੀ ਨੂੰ ਬਢਾਉਣ ਲਈ, ਐਗਰੀਕਲਚਰ ਨੂੰ ਬਢਾਉਣ ਲਈ ਕੁਝ ਕੀਤਾ ਜਾਵੇ ਤਾਂ ਕਿ ਸਾਡੇ ਆਉਣ ਵਾਲੇ ਬੱਚਿਆਂ ਦਾ ਭਵਿੱਖ ਸਫਲ ਹੋ ਸਕੇ । ਸਾਡੇ ਬੱਚੇ ਤਰੱਕੀ ਵੱਲ ਜਾ ਸਕਣ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ, ਸਾਡੇ ਫਾਈਨਾਂਸ ਮਨਿਸਟਰ ਸਾਹਿਬ ਬੈਠੇ ਨਹੀਂ ਲੇਕਿਨ ਸਾਡੀ ਸਾਲ 2001-02 ਵਿੱਚ ਜੋ ਐਕਸਪੋਰਟ ਹੋਈ ਹੈ, ਇਸ ਨੂੰ ਨੋਟ ਜ਼ਰੂਰ ਕਰ ਲਓ (ਆਪੋਜ਼ੀਸ਼ਨ ਵੱਲ ਇਸ਼ਾਰਾ), ਤੁਹਾਡੇ ਵੇਲੇ 2001-02 ਵਿੱਚ

[ਸਰਦਾਰ ਰਣਦੀਪ ਸਿੰਘ ਨਾਭਾ]

4400 ਕਰੋੜ ਰੁਪਏ ਦੀ ਐਕਸਪੋਰਟ ਤੁਹਾਡੇ ਆਪਣੇ ਬਜਟ ਵਿੱਚ ਪੇਸ਼ ਕੀਤੀ ਗਈ। ਜਿਸ ਵੇਲੇ 2002-03 ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਸੰਭਾਲੀ ਤਾਂ ਪਹਿਲੇ ਸਾਲ 7013 ਕਰੋੜ ਰੁਪਏ ਦੀ ਐਕਸਪੋਰਟ ਹੋਈ। ਸਾਲ 2003-04 ਵਿੱਚ 9000 ਕਰੋੜ ਰੁਪਏ ਦੀ ਐਕਸਪੋਰਟ ਹੋਈ। ਸਾਲ 2004-05 ਵਿੱਚ 11000 ਕਰੋੜ ਰੁਪਏ ਦੀ ਐਕਸਪੋਰਟ ਹੋਣ ਦੀ ਸੰਭਾਵਨਾ ਹੈ। (ਥੰਪਿੰਗ) ਇਹ ਵੇਖੋ ਕਿੰਨੀ ਸਾਡੀ ਐਕਸਪੋਰਟ ਵਧੀ ਹੈ। ਇਸ ਦਾ ਮਤਲਬ ਸਾਡੇ ਸੂਬੇ ਵਿੱਚ ਇੰਡਸਟਰੀ ਤਰੱਕੀ ਵੱਲ ਤੁਰੀ ਹੋਈ ਹੈ। ਇਹ ਅਸੀਂ ਸ਼ੁਰੂਆਤ ਕੀਤੀ ਹੈ। ਮੇਰਾ ਮਹਿਕਮਾ ਆਈ. ਟੀ. ਬੇਸਿਡ ਇੰਡਸਟਰੀ ਦਾ ਹੈ। ਜਿਹੜੀ ਨਵੀਂ ਪਾਲਿਸੀ ਹੈ, ਉਸ ਮੁਤਾਬਿਕ ਕਵਾਰਕ ਸਿਟੀ ਸਾਡੇ ਸੂਬੇ ਵਿੱਚ ਬਣ ਗਿਆ ਹੈ। ਰਾਣਾ ਜੀ ਨੇ ਜ਼ਿਕਰ ਕੀਤਾ ਸੀ ਕਿ 1000 ਕਰੋੜ ਰੁਪਿਆ ਸਾਡੇ ਸੂਬੇ ਵਿੱਚ ਲਗਾਇਆ ਜਾ ਰਿਹਾ ਹੈ। ਇਹ ਬੜੇ ਮਾਣ ਦੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਡੈਲ ਕੰਪਨੀ ਦਾ ਦਫਤਰ ਕਾਰਗੁਜ਼ਾਰੀ ਕਰਕੇ ਗਿਆ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਉਹ ਫੈਕਟਰੀ ਦਾ ਇਥੇ ਬੀ.ਪੀ.ਓ. ਲਗੇਗਾ। ਇਹ ਵੀ ਵਿਸ਼ੇਸ਼ ਹੈ ਕਿ ਆਉਣ ਵਾਲੇ ਸਮੇਂ ਵਿੱਚ ਜੇ ਸਾਡੇ ਐਸ.ਈ.ਜ਼ੈਡ, ਹੋਣ ਜਾ ਰਿਹਾ ਹੈ ਤਾਂ ਹੋਰ ਫੈਕਟਰੀਆਂ ਲੱਗਣ ਦੀ ਸੰਭਾਵਨਾ ਹੈ। ਜਿਹੜੀ ਡੈਲ ਕੰਪਨੀ ਦੀ ਇੰਡਸਟਰੀ ਹੈ, ਉਸ ਵਿੱਚ 55000 ਲੋਕ ਮੁਲਾਜ਼ਮ ਹਨ ਅਤੇ ਇਸ ਦਾ ਫਾਰਚੂਨ-500 ਵਿੱਚ 31ਵਾਂ ਸਥਾਨ ਹੈ। ਮਾਈਕਲ ਡੈਲ ਦਾ ਪੰਜਾਬ ਸੂਬੇ ਵਿੱਚ ਆਉਣਾ ਪੰਜਾਬ ਦੇ ਲੋਕਾਂ ਲਈ ਫਖਰ ਵਾਲੀ ਗੱਲ ਹੈ। ਮਾਣ ਵਾਲੀ ਗੱਲ ਹੈ ਕਿ ਸਾਡੇ ਸੂਬੇ ਵਿੱਚ ਵੱਡੇ ਵੱਡੇ ਯੂਨਿਟ ਆ ਰਹੇ ਹਨ। ਇਹ ਯਕੀਨਨ ਤੌਰ ਤੇ ਖੁਸ਼ੀ ਵਾਲੀ ਗੱਲ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਆਉਣ ਵਾਲੇ ਸਮੇਂ ਵਿੱਚ, ਜਿਸ ਤਰ੍ਹਾਂ ਮਾਨਯੋਗ ਮੁੱਖ ਮੰਤਰੀ ਜੀ ਨੇ ਜ਼ਿਕਰ ਕੀਤਾ ਹੈ, ਟੀ.ਸੀ.ਐਸ., ਵਿਪਰੋ, ਆਈ.ਬੀ.ਐਮ. ਇੰਡਸਟਰੀ ਦੀ ਮੁਹਾਲੀ ਵਿੱਚ ਆਉਣ ਦੀ ਸੰਭਾਵਨਾ ਹੈ। ਸਾਡੀ ਸਰਕਾਰ ਵੱਲੋਂ ਐਸ.ਈ.ਜ਼ੈਡ ਬਾਰੇ ਦੇਸ਼ ਦੇ ਮਾਨਯੋਗ ਪ੍ਰਧਾਨ ਮੰਤਰੀ ਕੋਲ ਜ਼ਿਕਰ ਕੀਤਾ ਸੀ। ਪਹਿਲੀ ਸਤੰਬਰ, 2004 ਤੱਕ ਇਹ ਹੋਵੇਗਾ, ਇਸ ਬਾਰੇ ਅੰਮ੍ਰਿਤਸਰ ਵਿਖੇ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਅਸੀਂ ਅੰਮ੍ਰਿਤਸਰ ਨੂੰ ਐਸ.ਈ.ਜ਼ੈਡ. ਦਾ ਦਰਜਾ ਦੇਵਾਂਗੇ। ਐਸ.ਈ.ਜ਼ੈਡ. ਦਾ ਮਤਲਬ ਹੈ ਸਪੈਸ਼ਲ ਇਕਨਾਮਿਕ ਜ਼ੋਨ। ਇਸ ਦੇ ਅਧੀਨ 20 ਸਾਲਾਂ ਲਈ ਇੰਡਸਟਰੀਜ਼ ਨੂੰ ਕਈ ਤਰ੍ਹਾਂ ਦੀਆਂ ਐਗਜ਼ੈਂਪਸ਼ਨਜ਼ ਮਿਲਣਗੀਆਂ। ਇਸ ਨਾਲ ਇੰਡਸਟਰੀ ਨੂੰ ਫਾਇਦਾ ਪਹੁੰਚਦਾ ਹੈ। ਸਰਕਾਰ ਵੱਲੋਂ ਸਬਸਿਡਾਈਜ਼ਡ ਰੇਟ ਤੇ ਜਗ੍ਹਾ ਵੀ ਦਿੱਤੀ ਜਾਂਦੀ ਹੈ ਤਾਂ ਕਿ ਸਾਡੇ ਆਉਣ ਵਾਲੇ ਬੱਚਿਆਂ ਦਾ ਭਵਿੱਖ ਬਣ ਸਕੇ। ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਬਿਜਲੀ ਦੇ ਬਾਰੇ ਜ਼ਿਕਰ ਕਰਨਾ ਚਾਹਾਂਗਾ ਕਿਉਂਕਿ ਮੈਂ ਆਪ ਵੀ ਖੇਤੀਬਾੜੀ ਦੇ ਨਾਲ ਸਬੰਧਿਤ ਹਾਂ ਔਰ ਫੈਕਟਰੀ ਵੀ ਲਗਾਈ ਹੋਈ ਹੈ। ਇਨ੍ਹਾਂ ਦੇ ਵੇਲੇ ਇੱਕ ਜਾਂ ਦੋ ਘੰਟੇ ਹੀ ਬਿਜਲੀ ਮਿਲਦੀ ਸੀ। (ਵਿਘਨ)

**ਸਰਦਾਰ ਤੋਤਾ ਸਿੰਘ :** ** ** **

**ਮਾਨਯੋਗ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਰਡਰ ਨਹੀਂ ਹੈ ।

**ਸਰਦਾਰ ਰਣਦੀਪ ਸਿੰਘ ਨਾਭਾ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿੱਚੜ ਉਛਾਲਣ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਹੈ ਕਿਉਂਕਿ ਉਸ ਦੇ ਛਿੱਟੇ ਆਪਣੇ ਉਤੇ ਵੀ ਪੈ ਜਾਂਦੇ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬਿਜਲੀ ਦੇ ਬਾਰੇ ਜ਼ਿਕਰ ਕੀਤਾ ਹੈ । ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦਸ ਦਿੰਦਾ ਹਾਂ ਕਿ ਇਨ੍ਹਾਂ ਦੇ ਸਮੇਂ ਸਾਡੇ ਬਠਿੰਡੇ ਵਿਖੇ ਮਸਾਂ ਘੰਟਾ ਡੇਢ ਘੰਟਾ ਬਿਜਲੀ ਮਿਲਦੀ ਸੀ । ਅੱਜ ਜਿਹੜਾ ਜ਼ਿਮੀਂਦਾਰ ਤਕੜਾ ਕੀਤਾ ਹੈ, ਉਹ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਹੈ, ਕਾਂਗਰਸ ਪਾਰਟੀ ਦੀ ਸਰਕਾਰ ਨੇ ਕੀਤਾ ਹੈ, ਚਾਹੇ ਉਸ ਦੇ ਲਈ ਦੂਜੇ ਸੂਬਿਆਂ ਦੇ ਕੋਲੋਂ ਬਿਜਲੀ ਦੀ ਖਰੀਦ ਕਰਨੀ ਪਈ ਹੈ ਔਰ ਅੱਠ-ਦਸ ਘੰਟੇ ਬਿਜਲੀ ਮਿਲਦੀ ਹੈ । ਇਹ ਕੈਪਟਨ ਅਮਰਿੰਦਰ ਸਿੰਘ ਦੀ ਦੇਣ ਹੈ । ਜੇਕਰ ਪੰਜਾਬ ਦੀ ਪੈਦਾਵਾਰ ਵਧੀ ਹੈ ਤਾਂ ਇਹ ਕੈਪਟਨ ਅਮਰਿੰਦਰ ਸਿੰਘ ਦੀ ਦੇਣ ਹੈ । ਇਨ੍ਹਾਂ ਦੇ ਸਮੇਂ ਤਾਂ ਕਿਸਾਨ ਆਤਮ ਹੱਤਿਆ ਕਰਨ ਲਗ ਪਏ ਸਨ ।

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ** ** **

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਆਪਣੀ ਸੀਟ ਤੇ ਬੈਠੋ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਰਣਦੀਪ ਸਿੰਘ ਨਾਭਾ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਨੂੰ ਪਤਾ ਨਹੀਂ ਇਹ ਮੇਰੇ ਨਾਲ ਇੰਨਾ ਗਿਲਾ ਕਰ ਰਹੇ ਹਨ । ਖੇਤੀਬਾੜੀ ਨਾਲ ਤਾਂ ਮੈਂ ਵੀ ਸਬੰਧਿਤ ਹਾਂ । ਮੈਂ ਤਾਂ ਫੈਕਟਸ ਅਤੇ ਫਿਗਰਜ਼ ਦਸ ਰਿਹਾ ਹਾਂ ਜਿਹੜੇ ਇਨ੍ਹਾਂ ਦੇ ਆਪਣੇ ਬਜਟ ਵਿਚ ਪੇਸ਼ ਕੀਤੇ ਹੋਏ ਹਨ, ਉਸ ਤੋਂ ਇਨ੍ਹਾਂ ਨੂੰ ਦਰਦ ਹੋਈ ਜਾਂਦਾ ਹੈ । ਇਨ੍ਹਾਂ ਨੇ ਬਿਜਲੀ ਦਾ ਜ਼ਿਕਰ ਕੀਤਾ ਹੈ ਕਿਉਂਕਿ ਬਿਜਲੀ ਸਾਡੀ ਇਨਸਾਨੀ ਜ਼ਿੰਦਗੀ ਦੇ ਵਿੱਚ ਬੜੀ ਅਹਿਮੀਅਤ ਰੱਖਦੀ ਹੈ, ਉਹ ਚਾਹੇ ਘਰਾਂ ਵਿੱਚ ਹੈ, ਚਾਹੇ ਫੈਕਟਰੀ ਪ੍ਰਤੀ ਹੈ ਜਾਂ ਖੇਤੀਬਾੜੀ ਪ੍ਰਤੀ ਹੈ । ਜਿਸ ਤਰ੍ਹਾਂ ਇਨਸਾਨ ਨੂੰ ਆਕਸੀਜ਼ਨ ਦੀ ਲੋੜ ਹੈ, ਉਸੇ ਤਰ੍ਹਾਂ ਸਾਨੂੰ ਵੀ ਬਿਜਲੀ ਦੀ ਬੜੀ ਲੋੜ ਹੈ, ਜੇਕਰ ਕਿਸਾਨੀ ਨੂੰ ਬਚਾਉਣਾ ਹੈ । ਜਿਵੇਂ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ, ਪੰਜਾਬ ਵਿੱਚ 12500 ਪਿੰਡ ਹਨ ਜਿਨ੍ਹਾਂ ਨੂੰ 24 ਘੰਟੇ ਬਿਜਲੀ ਸਪਲਾਈ ਦੇਣ ਬਾਰੇ ਐਲਾਨ ਮੁੱਖ ਮੰਤਰੀ ਜੀ ਨੇ ਕੀਤਾ ਹੈ । ਅੱਜ ਦੀ ਡੇਟ ਵਿੱਚ 9054 ਪਿੰਡਾਂ ਨੂੰ ਨਵੰਬਰ, 2004 ਤੱਕ ਸਿੰਗਲ ਫੇਜ਼ ਦੀ ਬਿਜਲੀ ਮੁਹੱਈਆ ਕਰਵਾਈ ਜਾ ਚੁੱਕੀ ਹੈ ਔਰ ਇਹ ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ ਕਿ ਇਸ ਤੋਂ ਇਲਾਵਾ ਜਿਹੜੇ ਤਿੰਨ ਹਜ਼ਾਰ ਦੇ ਕਰੀਬ ਪਿੰਡ ਰਹਿੰਦੇ ਹਨ, ਉਨ੍ਹਾਂ ਨੂੰ ਸਤੰਬਰ, 2005 ਤੱਕ ਮਾਨਯੋਗ ਮੁੱਖ ਮੰਤਰੀ ਜੀ ਨੇ ਵਿਸ਼ਵਾਸ ਦਿੱਤਾ ਹੈ ਕਿ ਇਨ੍ਹਾਂ ਬਾਕੀ ਰਹਿੰਦੇ ਤਿੰਨ ਹਜ਼ਾਰ ਪਿੰਡਾਂ ਨੂੰ ਸਤੰਬਰ 2005 ਤੱਕ 24 ਘੰਟੇ ਬਿਜਲੀ ਸਪਲਾਈ, ਜਾਰੀ ਕਰ ਦਿੱਤੀ ਜਾਵੇਗੀ । ਇਹ ਸਾਡੇ ਭਾਸ਼ਣ ਵਿਚ ਲਿਖਿਆ ਹੈ ਤੇ ਤੁਸੀਂ ਇਸ ਨੂੰ ਜ਼ਰੂਰ

**Expunged as ordered by the Chair.

[ਸਰਦਾਰ ਰਣਦੀਪ ਸਿੰਘ ਨਾਭਾ]

ਪੜ੍ਹ ਲੈਣਾ । ਇਹ ਘੱਟ ਤੋਂ ਘੱਟ ਅਸੀਂ ਸ਼ੁਰੂਆਤ ਤਾਂ ਕੀਤੀ ਹੈ, ਪਰਪੋਜ਼ਲਾਂ ਤਾਂ ਬਣਾਈਆਂ ਹਨ, ਕੋਸ਼ਿਸ਼ ਤਾਂ ਕੀਤੀ ਹੈ । ਬਾਕੀ 500 ਮੈਗਾਵਾਟ ਜੀ.ਟੀ.ਪੀ. ਸਟੇਟ II ਪਲਾਂਟ ਜਿਹੜਾ ਅਸੀਂ ਲਹਿਰਾ ਮੁਹੱਬਤ ਵਿਖੇ ਲਗਾਉਣ ਜਾ ਰਹੇ ਹਾਂ, ਉਸ ਲਈ ਤਕਰੀਬਨ 1789 ਕਰੋੜ ਰੁਪਿਆ ਵਰਤਿਆ ਜਾਵੇਗਾ । ਇਸੇ ਪ੍ਰਕਾਰ ਦੋਰਾਹਾ ਵਿਖੇ ਗੈਸ ਪਾਵਰ ਪਲਾਂਟ ਵੀ 1000 ਮੈਗਾਵਾਟ ਕਪੈਸਿਟੀ ਦਾ ਲਗਾਇਆ ਜਾਵੇਗਾ ਜਿਸ ਉਤੇ ਤਕਰੀਬਨ 3500 ਕਰੋੜ ਰੁਪਿਆ ਖਰਚਾ ਆਵੇਗਾ । ਇਹ ਜਿਹੜਾ ਪਹਿਲਾ ਪ੍ਰਾਜੈਕਟ ਲਗਾਉਣਾ ਹੈ, ਇਹ ਦਸਵੇਂ ਪੰਜ ਯੀਅਰ ਪਲਾਨ ਵਿਚ ਮੁਕੰਮਲ ਕੀਤਾ ਜਾਵੇਗਾ ਔਰ ਜਿਹੜਾ ਦੂਜਾ ਲਗਾਉਣਾ ਹੈ, ਉਹ 11 ਵੇਂ ਫਾਈਵ ਯੀਅਰ ਪਲਾਨ ਵਿੱਚ ਮੁਕੰਮਲ ਕੀਤਾ ਜਾਵੇਗਾ । ਅਸੀਂ ਸ਼ੁਰੂਆਤ ਤਾਂ ਕੀਤੀ ਹੈ, ਕੋਸ਼ਿਸ਼ ਤਾਂ ਕੀਤੀ ਹੈ ਕਿਉਂਕਿ ਤੁਹਾਨੂੰ ਮੇਰੇ ਪ੍ਰਤੀ ਦੁਖ ਪਹੁੰਚ ਰਿਹਾ ਹੈ । ਮੈਂ ਫਿਰ ਵੀ ਤੁਹਾਨੂੰ ਦਸ ਰਿਹਾ ਹਾਂ ਕਿਉਂਕਿ ਤੁਸੀਂ ਪੁਛਿਆ ਹੈ, ਇਸ ਲਈ ਜਾਣਕਾਰੀ ਦੇਣੀ ਮੈਂ ਠੀਕ ਸਮਝਦਾ ਹਾਂ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਜੋ ਸਾਡੇ ਮੈਨੀਫੈਸਟੋ ਵਿੱਚ ਗਰੀਬਾਂ ਪ੍ਰਤੀ ਐਲਾਨ ਕੀਤਾ ਗਿਆ ਸੀ ਜਿਹੜੇ ਬਿਲੋਅ ਪਾਵਰਟੀ ਲਾਈਨ ਰਹਿੰਦੇ ਹਨ, ਉਨ੍ਹਾਂ ਨੂੰ 50 ਯੂਨਿਟ ਬਿਜਲੀ ਦੇ ਫਰੀ ਮਿਲਣਗੇ, ਉਹ ਅੱਜ ਵੀ ਉਨ੍ਹਾਂ ਨੂੰ ਮਿਲ ਰਹੇ ਹਨ । ਇਸ ਬਾਰੇ ਬਜਟ ਵਿੱਚ ਵੀ ਔਰ ਰਾਜਪਾਲ ਜੀ ਦੇ ਭਾਸ਼ਣ ਵਿੱਚ ਵੀ ਜ਼ਿਕਰ ਕੀਤਾ ਗਿਆ ਹੈ ਕਿ ਉਨ੍ਹਾਂ ਦੇ 50 ਯੂਨਿਟ ਹਾਲੇ ਵੀ ਮੁਆਫ ਹਨ । ਇਸ ਵਾਸਤੇ ਗੌਰਮਿੰਟ ਨੇ ਸਾਡੇ ਪਾਵਰ ਸੈਕਟਰ ਲਈ ਪੈਸਾ ਵੱਖਰਾ ਰੱਖਿਆ ਹੈ ਔਰ ਇਹ ਰਾਸ਼ੀ ਲਗਭਗ 902.56 ਕਰੋੜ ਰੁਪਏ ਹੈ ਤਾਂ ਕਿ ਅਸੀਂ ਐਗਰੀਕਲਚਰਲ ਇਕਾਨਮੀ ਨੂੰ ਬਚਾ ਸਕੀਏ ਜਿਸ ਨੂੰ ਕਹਿੰਦੇ ਹਨ ਕਿਸਾਨੀ ਵਰਗ । ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਖਾਸ ਤੌਰ ਤੇ ਜ਼ਿਕਰ ਕੀਤਾ ਹੈ ਔਰ ਮੈਂ ਇਨ੍ਹਾਂ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਨੇ ਜ਼ਿੰਮੇਵਾਰੀ ਸੰਭਾਲੀ ਉਦੋਂ 54 ਕਰੋੜ ਦਾ ਡੈਫੀਸਿਟ ਪੰਜਾਬ ਸਰਕਾਰ ਤੇ ਸੀ । ਅੱਜ ਤੁਸੀਂ ਦੇਖੋਂ ਇਸ ਦਾ ਵੇਰਵਾ ਬਜਟ ਵਿਚੋਂ ਲਿਆ ਹੈ ਕਿ 2001-02 ਵਿਚ 3781 ਕਰੋੜ ਦਾ ਰੈਵੀਨਿਊ ਡੈਫੀਸਿਟ ਰਹਿ ਗਿਆ । 2002-03 ਵਿਚ 3754 ਕਰੋੜ ਦਾ ਰੈਵੀਨਿਊ ਡੈਫੀਸਿਟ ਰਹਿ ਗਿਆ । 27 ਕਰੋੜ ਰੈਵੀਨਿਊ ਡੈਫੀਸਿਟ ਸਰਕਾਰ ਤੇ ਘਟਿਆ ਸੀ । ਉਸੀ ਪ੍ਰਕਾਰ 2004-05 ਵਿਚ 3442.46 ਕਰੋੜ ਦਾ ਰੈਵੀਨਿਊ ਡੈਫੀਸਿਟ ਰਹਿ ਗਿਆ । ਅੱਜ ਸਰਕਾਰ ਦੀ ਪ੍ਰਾਪਤੀ ਇਹ ਹੈ ਕਿ 339 ਕਰੋੜ ਦਾ ਲਾਭ ਹੋਇਆ ਹੈ ਇਹ ਕੈਪਟਨ ਅਮਰਿੰਦਰ ਸਿੰਘ ਦੀ ਦੇਣ ਹੈ । (ਥੰਪਿੰਗ) ਉਸ ਦਾ ਲਾਭ ਇਹ ਹੋਇਆ ਹੈ ਕਿ 10 ਕਰੋੜ ਪ੍ਰਤੀ ਦਿਨ ਦਾ ਇੰਟਰਸਟ ਸਬੰਧੀ ਬਰਡਨ ਸਰਕਾਰ ਤੇ ਘਟਿਆ ਹੈ । ਸਮਾਲ ਸੇਵਿੰਗਜ਼ ਵਿਚ 2002-03 ਵਿਚ 2905 ਕਰੋੜ ਦੀ ਕੁਲੈਕਸ਼ਨ ਹੋਈ ਹੈ ।

2003-04 ਵਿਚ 3260 ਕਰੋੜ ਅਤੇ 2004-05 ਵਿਚ ਲਗਭਗ 4000 ਕਰੋੜ ਤੋਂ ਵੱਧ ਕੁਲੈਕਸ਼ਨ ਹੋਈ ਹੈ । ਇਹ ਲਗਭਗ 800 ਕਰੋੜ ਦਾ ਲਾਭ ਸਟੇਟ ਨੂੰ ਹੋਇਆ ਹੈ । ਜਿਵੇਂ ਮਾਨਯੋਗ ਮੈਂਬਰ ਸਾਹਿਬਾਨ ਨੇ ਜ਼ਿਕਰ ਕੀਤਾ ਹੈ ਪੰਨਾ ਨੰ: 38-39 ਉਪਰ ਵੈਲਫੇਅਰ ਆਫ ਐਸ.ਸੀਜ਼, ਐਸ.ਟੀਜ ਇਨ੍ਹਾਂ ਦੀ ਅਪਲਿਫਟਮੈਂਟ ਵਾਸਤੇ ਪੈਸੇ ਰੱਖੇ ਗਏ ਹਨ । ਸਪੈਸ਼ਲ ਕੰਪੋਨੈਂਟ ਪਲੈਨ ਅਧੀਨ 2003-04 ਵਿਚ 819.95 ਕਰੋੜ 2004-05

ਵਿਚ 886 ਕਰੋੜ ਇਨ੍ਹਾਂ ਗਰੀਬ ਪਰਿਵਾਰਾਂ ਲਈ ਰੱਖੇ ਗਏ ਸਨ ਅੌਰ ਲਗਭਗ 59.000 ਐਸ.ਸੀਜ਼. ਫੈਮਿਲੀਜ਼ ਨੂੰ ਲਾਭ ਹੋਇਆ । ਉਨ੍ਹਾਂ ਦੀ ਹਾਊਸਿੰਗ, ਸਿਹਤ ਸੰਭਾਲ, ਐਜੂਕੇਸ਼ਨ, ਸਕਿੱਲਡ ਡਿਵੈਲਪਮੈਂਟ ਅੌਰ ਸ਼ੋਸ਼ਲ ਸਕਿਓਰਟੀ ਵਾਸਤੇ ਮਾਨਯੋਗ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਵਲੋਂ ਸਕੀਮ ਸ਼ੁਰੂ ਕੀਤੀ ਗਈ ਹੈ । ਪੈਨਸ਼ਨਾਂ ਦਾ ਜ਼ਿਕਰ ਕੀਤਾ ਹੈ......

ਸਰਦਾਰ ਤੋਤਾ ਸਿੰਘ (ਬੈਠੇ ਬੈਠੇ) ; ਚੌਧਰੀ ਸਾਹਿਬ, ਹੁਣੇ ਪਾਸ ਕਰਾ ਲਓ, ਗਿਣਤੀ ਵੀ ਠੀਕ ਹੈ ।

**MR. DEPUTY SPEAKER :** No Disturbance please.

**ਸਰਦਾਰ ਰਣਦੀਪ ਸਿੰਘ ਨਾਭਾ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਸੀ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੈ, ਚੌਕੀਦਾਰ ਆਵੇਗਾ, ਕੁੰਡਾ ਖੜਕਾਵੇਗਾ, ਘਰੇ ਪੈਨਸ਼ਨ ਦੇ ਕੇ ਜਾਵੇਗਾ (ਸ਼ੋਰ) ਇਸ ਬਾਰੇ ਜ਼ਿਕਰ ਕਰਦਾ ਹਾਂ ਕਿ ਅੱਜ ਘਰੇ ਪੈਨਸ਼ਨਾਂ ਜਾਂਦੀਆਂ ਹਨ (ਸ਼ੋਰ) ਡਿਪਟੀ ਸਪੀਕਰ ਸਾਹਿਬ ਇਸ ਵਾਸਤੇ ਸਾਢੇ ਚਾਰ ਸੌ ਕਰੋੜ ਰੁਪਿਆ ਰੱਖਿਆ ਹੈ । ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ । ਕਮੀਆਂ ਸਾਡੇ ਕੋਲੋਂ ਵੀ ਰਹਿ ਸਕਦੀਆਂ ਹਨ । ਲੇਕਿਨ ਸਰਕਾਰ ਨੇ 450 ਕਰੋੜ ਰੁਪਿਆ ਇਸ ਵਾਸਤੇ ਰੱਖਿਆ ਹੈ । (ਥੰਪਿੰਗ) ਅਸੀਂ ਪੈਨਸ਼ਨਾਂ ਦੇ ਸਾਲਾਂ ਵਿਚ ਘਰੇ ਪਹੁੰਚਣੀਆਂ ਸ਼ੁਰੂ ਕਰ ਦੇਵਾਂਗੇ । ਇਹ ਵੀ ਕੈਪਟਨ ਅਮਰਿੰਦਰ ਸਿੰਘ ਦੀ ਦੇਣ ਹੈ । ਜਿਥੋਂ ਤੱਕ ਸੜਕਾਂ ਦਾ ਸਵਾਲ ਹੈ (ਸ਼ੋਰ) ਲਿੰਕ ਰੋਡਜ਼ ਲਈ ਪੈਸਾ ਰੱਖਿਆ ਗਿਆ ਹੈ (ਸ਼ੋਰ) (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਪੁਆਇੰਟ ਆਫ ਆਰਡਰ ਤੇ ਉਠ ਜਾਣ । (ਸ਼ੋਰ)

**ਸਥਾਨਕ ਸਰਕਾਰ ਕਿਰਤ ਤੇ ਰੁਜ਼ਗਾਰ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂਬਰ ਸਾਹਿਬਾਨ ਬੋਲ ਰਹੇ ਹਨ ਪਰ ਉਨ੍ਹਾਂ ਨੂੰ ਡਿਸਟਰਬ ਕੀਤਾ ਜਾ ਰਿਹਾ ਹੈ । ਜੇ ਇਨ੍ਹਾਂ ਵਲੋਂ ਕਿਸੇ ਨੇ ਬੋਲਣਾ ਹੈ ਤਾਂ ਸਾਡੇ ਵਲੋਂ ਇਹ ਕੰਮ ਚੱਲ ਪਵੇਗਾ । ਇਸ ਦਾ ਕੋਈ ਫਾਇਦਾ ਨਹੀਂ ਹੋਣਾ ।

**ਮਾਨਯੋਗ ਡਿਪਟੀ ਸਪੀਕਰ :** ਕਿਸੇ ਨੇ ਕੋਈ ਡਿਸਟਰਬ ਨਹੀਂ ਕਰਨਾ, ਪਲੀਜ਼ ਕੰਟੀਨਿਊ ।

**ਸਰਦਾਰ ਰਣਦੀਪ ਸਿੰਘ ਨਾਭਾ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਲਗਭਗ 68 ਨਵੀਆਂ ਸੜਕਾਂ ਬਨਣ ਜਾ ਰਹੀਆਂ ਹਨ ਜਿਸ ਵਾਸਤੇ 50 ਕਰੋੜ ਰੁਪਿਆ ਰੱਖਿਆ ਗਿਆ ਹੈ । ਇਹ ਨਵੀਆਂ ਸੜਕਾਂ ਪ੍ਰਧਾਨ ਮੰਤਰੀ ਗ੍ਰਾਮੀਣ ਯੋਜਨਾ ਤਹਿਤ ਬਣਨਗੀਆਂ...

ਸਰਦਾਰ ਤੋਤਾ ਸਿੰਘ (ਬੈਠ ਬੈਠੇ) : ਇਹ ਤਾਂ ਸੈਂਟਰ ਦੀ ਸਕੀਮ ਹੈ ।

**ਸਰਦਾਰ ਰਣਦੀਪ ਸਿੰਘ ਨਾਭਾ :** ਪੈਸਾ ਤਾਂ ਪੰਜਾਬ ਸਰਕਾਰ ਤਹਿਤ ਆਉਣਾ ਹੈ । ਤੁਸੀਂ ਤਾਂ ਯੂ.ਸੀ. ਵੀ ਨਹੀਂ ਦਿੱਤੀਆਂ ।

[ਸਰਦਾਰ ਰਣਦੀਪ ਸਿੰਘ ਨਾਭਾ]

ਡਿਪਟੀ ਸਪੀਕਰ ਸਾਹਿਬ, ਸੜਕਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ 25 ਨਵੀਆਂ ਸੜਕਾਂ ਮੁਕੰਮਲ ਹੋਈਆਂ ਹਨ । ਇਸ ਦੇ ਲਈ 16.98 ਕਰੋੜ ਰੁਪਏ ਜਿਵੇਂ ਕਿ ਰਾਜਪਾਲ ਜੀ ਦੇ ਭਾਸ਼ਣ ਵਿਚ ਲਿਖਿਆ ਹੈ, ਵਰਤਿਆ ਗਿਆ ਹੈ । ਮਾਨਯੋਗ ਵਜ਼ੀਰ ਸਾਹਿਬ ਨੇ ਹਾਊਸ ਵਿਚ ਜ਼ਿਕਰ ਕੀਤਾ ਸੀ ਅਤੇ ਵਿਸ਼ਵਾਸ ਦਿੱਤਾ ਸੀ ਕਿ 7430 ਕਿਲੋਮੀਟਰ ਨਵੀਆਂ ਸੜਕਾਂ ਪ੍ਰੀਮਿਕਸ ਪਾ ਕੇ, ਕਾਰਪੈਟਿੰਗ ਕਰਕੇ, ਰੇਜ਼ਿੰਗ ਕਰਕੇ ਸਟਰੈਂਥਨਿੰਗ ਕਰਾਂਗੇ । ਇਸ ਵਾਸਤੇ 288 ਕਰੋੜ ਰੁਪਏ ਦੇ ਲਗਭਗ ਰਾਸ਼ੀ ਦੀ ਲੋੜ ਹੈ । ਇਹ ਵੀ ਭਰੋਸਾ ਦਿੱਤਾ ਗਿਆ ਹੈ ਕਿ 2,789 ਸੜਕਾਂ ਮਿਤੀ 30.6.2005 ਤੱਕ ਮੁਕੰਮਲ ਹੋਣਗੀਆਂ । ਇਸ ਦੇ ਲਈ 193 ਕਰੋੜ ਰੁਪਏ ਵਰਤਿਆ ਜਾ ਚੁੱਕਿਆ ਹੈ । ਇਸੇ ਤਰ੍ਹਾਂ 250 ਕਰੋੜ ਰੁਪਿਆ ਨਾਬਾਰਡ ਦੀ ਸਕੀਮ ਦੇ ਤਹਿਤ ਰੱਖਿਆ ਹੈ ਤਾਂ ਕਿ ਬੇਸਿਕ ਇਨਫਰਾਸਟਰਕਚਰ ਦਿੱਤਾ ਜਾ ਸਕੇ । ਸਟੇਟ ਹਾਈਵੇਅ ਲਈ ਸਾਲ 2004-05 ਵਿਚ 64.9 ਕਰੋੜ ਰੁਪਿਆ ਈਅਰ ਮਾਰਕ ਕੀਤਾ ਗਿਆ ਸੀ । 36.88 ਕਰੋੜ ਰੁਪਿਆ ਦਸੰਬਰ, 2004 ਤੱਕ ਵਰਤਿਆ ਗਿਆ ਤਾਂ ਕਿ ਬੇਸਿਕ ਇਨਫਰਾਸਟਰਕਚਰ ਸਹੀ ਮਾਅਨਿਆਂ ਵਿਚ ਦੇ ਸਕੀਏ । ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ । ਮੈਂਬਰ ਸਾਹਿਬਾਨ ਨੇ ਖਾਸ ਕਰਕੇ ਮੇਰੇ ਪ੍ਰਤੀ ਬਹੁਤ ਕੁਝ ਕਿਹਾ ਹੈ । ਬੜਾ ਦੁਖ ਹੋ ਰਿਹਾ ਸੀ । ਮੈਂ ਰਹਿ ਨਹੀਂ ਸਕਿਆ ਕਿਉਂਕਿ ਇੱਥੇ ਸਦਨ ਵਿੱਚ ਇਸ ਦਾ ਜ਼ਿਕਰ ਕੀਤਾ ਗਿਆ ਕਿ ਪਾਰਟੀ ਪ੍ਰਤੀ ਸਾਡੇ ਵਿਚ ਘਾਟਾਂ ਪਾਈਆਂ ਗਈਆਂ । ਮੈਨੂੰ ਬੜਾ ਦੁਖ ਹੋਇਆ, ਇਹ ਖਾਸ ਕਰਕੇ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਵਲੋਂ ਕਿਹਾ ਗਿਆ । ਹਰ ਇਨਸਾਨ ਵਿਚ, ਹਰ ਇੱਕ ਘਰ ਵਿਚ, ਹਰ ਇੱਕ ਪਾਰਟੀ ਵਿਚ ਦੁਖ ਤਕਲੀਫਾਂ ਹੁੰਦੀਆਂ ਰਹਿੰਦੀਆਂ ਹਨ । ਲੇਕਿਨ ਜਦੋਂ ਤੱਕ ਆਪਾਂ ਆਪਣੇ ਬੱਚੇ ਨੂੰ ਸਹੀ ਐਟੀਕੇਟਸ ਨਹੀਂ ਸਿਖਾਉਂਦੇ, ਜਦੋਂ ਤੱਕ ਫੈਮਿਲੀ ਵਿਚ ਮਾਂ ਨੂੰ ਮਾਂ ਦੇ ਤੌਰ ਤੇ ਨਹੀਂ ਪਛਾਣਿਆ ਜਾਂਦਾ ਅਤੇ ਬਾਪ ਨੂੰ ਬਾਪ ਦੇ ਤੌਰ ਤੇ ਨਹੀਂ ਪਛਾਣਿਆ ਜਾਂਦਾ, ਉਦੋਂ ਤੱਕ ਬੱਚੇ ਵਿਚ ਬੇਸਿਕ ਐਟੀਕੇਟਸ ਨਹੀਂ ਆ ਸਕਦੇ । ਇੱਥੇ ਜ਼ਿਕਰ ਕੀਤਾ ਗਿਆ ਹੈ । ਪਾਰਟੀਆਂ ਵੀ ਡਿਸਿਪਲਿਨ ਵਿਚ ਚਲ ਸਕਦੀਆਂ ਹਨ । ਇਨ੍ਹਾਂ ਦੀਆਂ ਕਮਜ਼ੋਰੀਆਂ ਕਰਕੇ ਹੀ ਕੋਈ ਨਾ ਕੋਈ ਉਮੀਦਵਾਰ ਹਾਰਿਆ ਹੋਵੇਗਾ । ਲੇਕਿਨ ਜਦੋਂ ਪ੍ਰੈਸ ਵਿੱਚ ਉਛਾਲਦੇ ਹਨ ਤਾਂ ਪਾਰਟੀ ਦਾ ਨੁਕਸਾਨ ਹੁੰਦਾ ਹੈ । ਮੈਂ ਖਾਸ ਕਰਕੇ ਇਸ ਲਈ ਜ਼ਿਕਰ ਕਰ ਰਿਹਾ ਹਾਂ ਕਿ ਉਹੀ ਮੈਂਬਰ ਸਾਹਿਬਾਨ ਪੰਜਾਬ ਵਿਚ ਕੁਰੱਪਸ਼ਨ ਦੇ ਲਈ ਜ਼ਿੰਮੇਵਾਰ ਹਨ । ਹਿੰਦੁਸਤਾਨ ਟਾਈਮਜ਼ ਦਸੰਬਰ 22, 2001 ਵਿਚ ਬਾਦਲ ਸਾਹਿਬ ਅਤੇ ਬਾਦਲ ਸਾਹਿਬ ਦੇ ਪਰਿਵਾਰ ਦੇ ਬਾਰ ਜ਼ਿਕਰ ਕੀਤਾ ਗਿਆ ਸੀ ਕਿ ਬਾਦਲ ਸਾਹਿਬ ਔਰ ਇਸ ਦੇ ਪਰਿਵਾਰ ਨੇ ਸਭ ਤੋਂ ਵੱਧ ਕੁਰੱਪਸ਼ਨ ਕੀਤੀ । ਅੱਜ ਇਹ ਇਲਜ਼ਾਮ ਲਗਾ ਰਹੇ ਹਨ । ਇਨ੍ਹਾਂ ਨੂੰ ਆਪਣੇ ਅੰਦਰ ਜ਼ਰੂਰ ਦੇਖ ਲੈਣਾ ਚਾਹੀਦਾ ਹੈ । ਦੋਸ਼ ਦੂਸਰੇ ਤੇ ਲਗਾਉਣ ਤੋਂ ਪਹਿਲਾਂ ਆਈਨੇ ਵਿੱਚ ਦੇਖ ਲੈਣਾ ਚਾਹੀਦਾ ਹੈ । ਆਪਣੇ ਅੰਦਰ ਝਾਤੀ ਹਰ ਇਨਸਾਨ ਨੂੰ ਮਾਰਨੀ ਚਾਹੀਦੀ ਹੈ । ਅੱਜ ਸਾਡਾ ਧਰਮ ਵੀ ਬਣਦਾ ਹੈ ਕਿ ਨਿਰਪੱਖ ਹੋ ਕੇ ਉਨ੍ਹਾਂ ਲੋਕਾਂ ਦੀ ਨੁਮਾਇੰਦਗੀ ਕਰੀਏ ਜਿਨ੍ਹਾਂ ਨੇ ਚੁਣ ਕੇ ਸਾਨੂੰ ਇੱਥੇ ਭੇਜਿਆ ਹੈ । ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਨਾ ਕਿ ਇੱਕ ਦੂਜੇ ਤੇ ਦੋਸ਼ ਲਗਾਉਣਾ ਅਤੇ ਚਿੱਕੜ ਉਛਾਲਣਾ । ਐਸ.ਵਾਈ.ਐਲ. ਦੇ ਸਬੰਧ ਵਿਚ ਇਨ੍ਹਾਂ ਨੇ ਸਹਿਯੋਗ ਦੇਣ ਦੀ ਗੱਲ ਕਹੀ ਹੈ । ਇਨ੍ਹਾਂ ਦਾ ਸਹਿਯੋਗ ਦੇਣ ਦਾ ਫਰਜ਼ ਬਣਦਾ ਹੈ ।

ਪਹਿਲਾਂ ਵੀ ਨੁਮਾਇੰਦਗੀ ਕਰਨ ਦਾ ਕਈ ਵਾਰ ਮੌਕਾ ਇਨ੍ਹਾਂ ਨੂੰ ਮਿਲਿਆ ਹੈ ਪਰ ਇਨ੍ਹਾਂ ਨੇ ਇਹ ਮੌਕੇ ਨਹੀਂ ਨਿਭਾਏ । ਕੈਪਟਨ ਅਮਰਿੰਦਰ ਸਿੰਘ ਜੀ ਨੇ ਪੰਜਾਬ ਨੂੰ ਬਚਾਉਣ ਦੇ ਸਹੀ ਉਪਰਾਲੇ ਕੀਤੇ ਹਨ...(ਵਿਘਨ)

**Mr. Deputy Speaker** : Please, address the Chair.

**ਸਰਦਾਰ ਰਣਦੀਪ ਸਿੰਘ ਨਾਭਾ** : ਮੈਂ ਖਾਸ ਕਰਕੇ ਜ਼ਿਕਰ ਕਰ ਰਿਹਾ ਸੀ । ਮੈਂ ਰਿਸ਼ਤੇਦਾਰ ਵੀ ਹਾਂ । ਮੈਂ ਨਾਮ ਨਹੀਂ ਲੈਣਾ । ਇਨ੍ਹਾਂ ਨੂੰ ਜਾਣਕਾਰੀ...

**ਮਾਨਯੋਗ ਡਿਪਟੀ ਸਪੀਕਰ** : ਪਾਲੀਟਿਕਸ ਵਿਚ ਕੋਈ ਰਿਸ਼ਤੇਦਾਰੀ ਨਹੀਂ ਹੈ । You address the Chair.

**ਸਰਦਾਰ ਰਣਦੀਪ ਸਿੰਘ ਨਾਭਾ** : ਮੈਂ ਮੁਆਫੀ ਮੰਗਦਾ ਹਾਂ ਜੀ । ਡਿਸਟਿਲਰੀ ਔਰ ਐਕਸਾਈਜ਼ ਬਾਰੇ ਗੱਲਾਂ ਇੱਥੇ ਹੋਈਆਂ ਹਨ । ਡਿਸਟਿਲਰੀਜ਼ ਹੋਰਾਂ ਨੂੰ ਵੀ ਦਿੱਤੀਆਂ ਗਈਆਂ ਹਨ ਜੇ ਇਸੇ ਤਰ੍ਹਾਂ ਫਾਲਤੂ ਕ੍ਰਿਟੀਸਿਜ਼ਮ ਹੀ ਕਰਨੀ ਹੈ ਤਾਂ ਸੂਬਾ ਤਰੱਕੀ ਨਹੀਂ ਕਰ ਸਕੇਗਾ । ਸਾਡੇ ਸੂਬੇ ਨੂੰ ਇਸ ਤਰ੍ਹਾਂ ਨੁਕਸਾਨ ਪਹੁੰਚਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਨੇ ਹਰ ਤਰਫ ਤੋਂ ਸ਼ਲਾਘਾਯੋਗ ਕਦਮ ਉਠਾਏ ਹਨ, ਚਾਹੇ ਐਸ.ਵਾਈ.ਐਲ. ਦੇ ਸਬੰਧ ਵਿਚ ਗੱਲ ਕਰ ਲਵੋ, ਚਾਹੇ ਸਾਡੇ ਧਰਮ ਦੇ ਬਾਰੇ ਗੱਲ ਕਰ ਲਵੋ । ਸਿੱਖ ਗੁਰੂਆਂ ਪ੍ਰਤੀ ਸ਼ਰਧਾ ਦੀ ਚਾਹੇ ਗੱਲ ਕਰ ਲਵੋ । ਸਿੱਖ ਕੌਮ ਪ੍ਰਤੀ ਜੋ ਫਰਜ਼ ਬਣਦਾ ਸੀ, ਉਸ ਦੇ ਲਈ ਇਨ੍ਹਾਂ ਨੇ ਸ਼ਲਾਘਾਯੋਗ ਉਦਮ ਕੀਤਾ ਹੈ । ਆਮ ਲੋਕਾਂ ਨੂੰ ਦਸਵੇਂ ਪਾਤਸ਼ਾਹ ਜੀ ਦੇ ਸ਼ਸ਼ਤਰਾਂ ਦੇ ਦਰਸ਼ਨ ਕਰਵਾਏ ਹਨ, ਇਹ ਨਹੀਂ ਕਿ ਸੰਗਤ ਦਰਸ਼ਨ ਪ੍ਰੋਗਰਾਮ ਦੇ ਤਹਿਤ ਪੈਸੇ ਵੰਡੇ ਗਏ । ਇਨ੍ਹਾਂ ਦੀ ਸੋਚ ਪੰਜਾਬ ਪ੍ਰਤੀ ਹੈ । ਸਾਡੇ ਰਾਜਪਾਲ ਜੀ ਨੇ ਜੋ ਭਾਸ਼ਣ ਦਿੱਤਾ ਹੈ, ਮੈਂ ਉਸ ਲਈ ਮੁਬਾਰਕਬਾਦ ਦਿੰਦਾ ਹਾਂ, ਮੈਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ । ਕਾਂਗਰਸ ਪਾਰਟੀ ਨੂੰ ਮੁਬਾਰਕਬਾਦ ਦਿੰਦਾ ਹਾਂ । ਕੇਂਦਰ ਵਿਚ ਵੀ ਕਾਂਗਰਸ ਸਰਕਾਰ ਨੇ ਸਾਡੇ ਸੂਬੇ ਦੀ ਨੁਮਾਇੰਦਗੀ ਕੀਤੀ ਹੈ । ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਬਣੇ ਹਨ । ਚੀਫ ਆਫ ਦਿ ਆਰਮੀ ਵੀ ਸਿੱਖ ਨੂੰ ਬਣਾਇਆ ਗਿਆ ਹੈ । ਕਿਸੇ ਵੇਲੇ ਦੇਸ਼ ਦੇ ਹੋਮ ਮਨਿਸਟਰ ਸਰਦਾਰ ਗਿਆਨੀ ਜ਼ੈਲ ਸਿੰਘ ਜੀ ਰਹਿ ਚੁੱਕੇ ਹਨ । ਰਾਸ਼ਟਰਪਤੀ ਵੀ ਕਾਂਗਰਸ ਪਾਰਟੀ ਨੇ ਹੀ ਉਨ੍ਹਾਂ ਨੂੰ ਬਣਾਇਆ ਸੀ । ਜਿੰਨੀ ਪੰਜਾਬ ਦੀ ਨੁਮਾਇੰਦਗੀ ਔਰ ਖਾਸ ਕਰਕੇ ਸਿੱਖ ਕੌਮ ਨੂੰ ਦਿੱਤੀ, ਉਹ ਕਾਂਗਰਸ ਪਾਰਟੀ ਹੀ ਹੈ । ਕਿਸੇ ਹੋਰ ਪਾਰਟੀ ਨੇ ਸਿੱਖ ਕੌਮ ਨੂੰ ਇੰਨੀ ਨੁਮਾਇੰਦਗੀ ਨਹੀਂ ਦਿੱਤੀ । ਮੈਨੂੰ ਆਪਣੇ ਸਾਹਮਣੇ ਬੈਠੇ ਸਾਥੀਆਂ ਦਾ ਇਸ ਕਰਕੇ ਜ਼ਿਕਰ ਕਰਨਾ ਪਿਆ ਕਿਉਂਕਿ ਉਨ੍ਹਾਂ ਨੇ ਨੁਕਤਾਚੀਨੀ ਗਲਤ ਕੀਤੀ ਸੀ । ਸਾਨੂੰ ਇਥੇ ਪੰਜਾਬੀਅਤ ਦੀ ਬਿਹਤਰੀ ਲਈ ਚੰਗੇ ਕੰਮ ਕਰਨੇ ਚਾਹੀਦੇ ਹਨ ਅਤੇ ਪੰਜਾਬੀਆਂ ਦੀਆਂ ਮੁਸ਼ਕਲਾਂ ਦਾ ਸਮਾਧਾਨ ਕਰਨਾ ਚਾਹੀਦਾ ਹੈ । ਬਾਕੀ ਫਿਰ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਗਵਰਨਰ ਐਡਰੈਸ ਉਤੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ । ਖਾਸ ਕਰਕੇ ਜਿਹੜਾ ਗਵਰਨਰ ਐਡਰੈਸ ਸਾਡੇ ਰਾਜਪਾਲ ਜੀ ਨੇ 18 ਮਾਰਚ ਨੂੰ ਇਸ ਸਦਨ ਵਿਚ ਪ੍ਰੰਪਰਾਗਤ ਤੌਰ ਤੇ ਦਿੱਤਾ ਸੀ, ਉਸ ਉਤੇ ਮੈਂ ਆਪਣੇ ਸੱਚੇ ਸੁੱਚੇ ਵਿਚਾਰ ਪ੍ਰਗਟ ਕਰ ਸਕਿਆ ਹਾਂ । ਮੈਂ ਮਤੇ ਦੀ ਤਾਈਦ ਕਰਦਾ ਹਾਂ, ਤੁਹਾਡਾ ਬਹੁਤ ਬਹੁਤ ਧੰਨਵਾਦ ।

---

ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ): ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਗਵਰਨਰ ਐਡਰੈਸ ਉਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਮੈਂ ਆਪਣੀ ਪਾਰਟੀ ਦੇ ਵਿਚਾਰ ਅਤੇ ਆਪਣੇ ਵਿਚਾਰ ਜ਼ਾਤੀ ਤੌਰ ਤੇ ਰੱਖ ਸਕਾਂਗਾ। ਤਕਰੀਬਨ 52 ਪੇਜ਼ ਦੇ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਮੈਨੂੰ ਕੁਝ ਮਿਲਿਆ ਨਹੀਂ ਹੈ। ਇਸ ਨੂੰ ਮੈਂ ਕਾਫੀ ਗੌਰ ਨਾਲ ਪੜ੍ਹਿਆ ਹੈ। ਇਥੇ ਹਾਊਸ ਵਿਚ ਬੜੇ ਕਾਬਲ ਸਾਥੀ ਰਾਣਾ ਕੇ.ਪੀ. ਸਿੰਘ ਅਤੇ ਕਾਕਾ ਜੀ ਨੇ ਆਪਣੇ ਆਪਣੇ ਵਿਚਾਰ ਇਸ ਗਵਰਨਰ ਐਡਰੈਸ ਉੱਤੇ ਰੱਖੇ ਹਨ ਅਤੇ ਮਤੇ ਨੂੰ ਤਾਈਦ ਕੀਤਾ ਹੈ ਪਰ ਅਫਸੋਸ ਹੈ ਕਿ ਮੈਂ ਇਸ ਮਤੇ ਦੀ ਤਾਈਦ ਨਹੀਂ ਕਰ ਸਕਦਾ। ਮੈਂ ਇਸ ਦਾ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ। ਕੁਝ ਸਿਆਸੀ ਮਜਬੂਰੀਆਂ ਕਰਕੇ ਉਨ੍ਹਾਂ ਨੇ ਆਪਣੀ ਸਰਕਾਰ ਦੀ ਝੂਠੀ ਤਾਰੀਫ ਕੀਤੀ ਹੈ ਅਤੇ ਪਾਰਟੀ ਦੀ ਹਦੂਦ ਵਿਚ ਰਹਿੰਦੇ ਹੋਏ ਸਰਕਾਰ ਦਾ ਸਮਰਥਨ ਕੀਤਾ ਹੈ ਪਰ ਜ਼ਮਹੂਰੀਅਤ ਵਿਚ ਹਰ ਇਨਸਾਨ ਨੂੰ ਆਪਣਾ ਮੂੰਹ ਸ਼ੀਸ਼ੇ ਵਿਚ ਵੇਖ ਲੈਣਾ ਚਾਹੀਦਾ ਹੈ। ਸ਼ੀਸ਼ੇ ਵਿਚ ਆਪਣਾ ਚਿਹਰਾ ਦਿਖ ਜਾਂਦਾ ਹੈ। ਅਸੀਂ ਅਸਲੀਅਤ ਤੋਂ ਦੂਰ ਨਹੀਂ ਭੱਜ ਸਕਦੇ ਅਤੇ ਅੱਛੀ ਸੋਚ ਇਹ ਹੁੰਦੀ ਹੈ ਕਿ ਆਪੋਜ਼ੀਸ਼ਨ ਦੇ ਵਿਚਾਰਾਂ ਅਤੇ ਸੁਝਾਵਾਂ ਨੂੰ ਸ਼ੀਸ਼ੇ ਵਾਂਗ ਸਰਕਾਰ ਨੂੰ ਵੇਖਣਾ ਚਾਹੀਦਾ ਹੈ। ਇਨ੍ਹਾਂ ਸੁਝਾਵਾਂ ਉਤੇ ਜ਼ਰੂਰ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ। ਇਸ ਉਤੇ ਵਾਰਸ਼ ਸਾਹ ਨੇ ਕਿਹਾ ਹੈ ਕਿ ਵਿਰੋਧੀ ਦੇ ਨਿਸ਼ਵਰ ਤੇ ਜ਼ਰੂਰ ਗੌਰ ਕਰ। ਉਹ ਦਾ ਨਿਸ਼ਵਰ ਹੀ ਨਹੀਂ ਜਿਹੜਾ ਵਿਰੋਧੀਆਂ ਤੇ ਗੌਰ ਨਹੀਂ ਕਰਦਾ।

ਅਲਵਿਦਾ ਹੋ ਪੰਜਾਬ ਤੇ ਇਨਸਾਨ ਜਨਨਤ ਕੋ ਗਏ।
ਮੁਖਲਕ ਕੀ ਖਿਦਮਤ ਮੇ ਤੀਨ ਬੇਟੇ ਰਹਿ ਗਏ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਜੋ ਅੱਜ ਕੱਲ੍ਹ ਮਾਹੌਲ ਹੈ, ਉਸ ਵਿੱਚ ਕਿਸ ਤਰੀਕੇ ਨਾਲ ਪੰਜਾਬ ਵਿਚ ਰਿਸ਼ਵਤਖੋਰੀ ਚਲ ਰਹੀ ਹੈ। ਸਕੈਂਡਲ ਹੋ ਰਹੇ ਹਨ, ਮਿਸ-ਮੈਨੇਜਮੈਂਟ ਅਤੇ ਮਾਲ ਐਡਮਨਿਸਟ੍ਰੇਸ਼ਨ ਚਲ ਰਹੀ ਹੈ ਫਿਰ ਸਰਕਾਰ ਵਿਚ ਮਾਹੌਲ ਕਿਸ ਤਰ੍ਹਾਂ ਠੀਕ ਹੋ ਸਕਦਾ ਹੈ। ਕਿਸੇ ਕਵੀ ਦੀਆਂ ਮੈਂ ਇਹ 6 ਲਾਈਨਾਂ ਸਦਨ ਵਿਚ ਰੱਖਣਾ ਚਾਹੁੰਦਾ ਹਾਂ ਤਾਂ ਕਿ ਸਾਰਿਆਂ ਨੂੰ ਇਸ ਪੰਜਾਬ ਦੇ ਹਾਲ ਬਾਰੇ ਪਤਾ ਚਲ ਸਕੇ। ਡੀ.ਐਸ.ਪੀ. ਦੀ ਨੌਕਰੀਆਂ ਲਈ ਕੀ ਕੁਝ ਹੋਇਆ, ਨੌਕਰੀਆਂ ਵਿਚ ਸਿਫਾਰਸ਼ਾਂ ਹੋਈਆਂ,

ਸਬ ਸੇ ਬੜਾ ਰਿਸ਼ਵਤ ਅਲੀ ਬਿਚਲਾ ਸ਼ਿਫਾਰਸ਼ ਖਾਨ ਹੈ,
ਛੋਟਾਖੁਸ਼ਾਮਦ ਬੇਗ ਜਿਸ ਦੀ ਨਿਰਾਲੀ ਸ਼ਾਨ ਹੈ।
ਕਤਲ ਕੇ ਜੁਰਮ ਮੇ ਰਿਸ਼ਵਤ ਅਲੀ ਕੀ ਜੀਤ ਹੋ,
ਸਖਤ ਹਾਕਮ ਮੋਮ ਹੋਗਾ ਭੀ ਉਸੀ ਕੇ ਗੀਤ ਹੈ।
ਨੌਕਰੀ ਹਾਰ ਨਾ ਮਿਲੇ ਤੋ ਮਿਲ ਸਿਫਾਰਸ਼ ਖਾਨ ਸੇ,
ਆਕਲ ਕਾ ਚਾਹੇ ਖੋਜ ਨਾ ਹੋ ਕਰ ਹਕੂਮਤ ਸ਼ਾਨ ਸੇ।
ਛੋਟਾ ਖੁਸ਼ਾਮਦ ਬੇਗ ਹੈ ਗੋਦੀ ਮੇ ਲੇ ਪੁਚਕਾਰ ਕਰ,
ਜੀ ਹਜ਼ੂਰੀ ਸੀਖ ਲੇ ਚਾਹੇ ਕਿਤਨੇ ਭੀ ਅਤਿਆਚਾਰ ਕਰ।

ਜਿਸ ਤਰ੍ਹਾਂ ਮੈਂ ਕਿਹਾ ਹੈ ਤੇ ਮੁਖਤਸਰ ਤੌਰ ਤੇ ਜੋ ਵਿਰੋਧੀ ਧਿਰ ਦਾ ਰਿਪੋਰਟ ਕਾਰਡ ਹੈ ਇਸ ਸਰਕਾਰ ਬਾਰੇ, ਕਿ ਪਿਛਲੇ 3 ਸਾਲ ਤੋਂ ਜੋ ਸਰਕਾਰ ਚਲਦੀ ਪਈ ਹੈ, ਇਸ ਸਰਕਾਰ ਵਿਚ ਜਮਹੂਰੀਅਤ ਤੇ ਕਾਨੂੰਨ ਦੇ ਰਾਜ ਦਾ

ਕਤਲ ਹੋਇਆ ਹੈ । ਇਸ ਦੇ ਵਿਚ ਕੋਈ ਸ਼ੱਕ ਨਹੀਂ । ਡਿਪਟੀ ਸਪੀਕਰ ਸਾਹਿਬ ਪਿਛਲੇ 3 ਸਾਲਾਂ ਤੋਂ ਇਹ ਅੰਨ੍ਹੀ ਸਰਕਾਰ ਜਬਰ ਤੇ ਬਦਲਾਖੋਰੀ ਦੀ ਭਾਵਨਾ ਨਾਲ ਚਲ ਰਹੀ ਹੈ । ਜੋ ਸਰਕਾਰ ਚਲ ਰਹੀ ਹੈ, ਇਨ੍ਹਾਂ ਨੇ ਮੁਕੰਮਲ ਬਦਲਾ-ਖੋਰੀ ਦੀ ਭਾਵਨਾ ਨਾਲ ਚਲਾਈ ਹੈ । ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਪਿਛਲੇ 3 ਸਾਲਾਂ ਵਿਚ ਇਨ੍ਹਾਂ ਨੇ ਦਿਨ ਦਿਹਾੜੇ ਜੋ ਪੰਜਾਬ ਦਾ ਬੜਾ ਵੱਡਮੁੱਲਾ ਖਜ਼ਾਨਾ ਸੀ, ਉਸਨੂੰ ਉਜਾੜਿਆ ਵੀ ਹੈ ਤੇ ਲੁੱਟਿਆ ਵੀ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿਚ ਨੌਕਰੀਆਂ ਇਨ੍ਹਾਂ ਨੇ ਆਪਣੇ ਚਹੇਤਿਆਂ ਨੂੰ ਦਿੱਤੀਆਂ ਹਨ ਜਿਸ ਕਾਰਨ ਪੰਜਾਬ ਦੇ ਗਰੀਬ ਤੇ ਕਾਬਲ ਬੱਚਿਆਂ ਨਾਲ ਬੜਾ ਦਰਦਨਾਕ ਮਜ਼ਾਕ ਹੋਇਆ ਹੈ । ਇਸ ਦੇ ਵਿਚ ਡਿਪਟੀ ਸਪੀਕਰ ਸਾਹਿਬ, ਕੋਈ ਸ਼ੱਕ ਨਹੀਂ ਕਿ ਭਾਰਤੀ ਜਨਤਾ ਪਾਰਟੀ ਤੇ ਅਕਾਲੀ ਦਲ ਦੀ ਸਰਕਾਰ ਦੀਆਂ ਜੋ ਲੋਕ ਭਲਾਈ ਦੀਆਂ ਸਕੀਮਾਂ ਸਨ ਭਾਵੇਂ ਕਰਮਚਾਰੀਆਂ ਵਾਸਤੇ ਸੀ, ਵਪਾਰੀਆਂ ਵਾਸਤੇ ਸੀ, ਕਿਸਾਨਾਂ ਵਾਸਤੇ ਸੀ, ਮਜ਼ਦੂਰਾਂ ਵਾਸਤੇ ਸੀ ਜਾਂ ਬਜ਼ੁਰਗਾਂ ਖਾਤਰ ਸੀ, ਉਹ ਪਿਛਲੇ 3 ਸਾਲਾਂ ਤੋਂ ਬੰਦ ਪਈਆਂ ਹਨ । ਇਸੇ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਪਿਛਲੇ 3 ਸਾਲਾਂ ਵਿਚ ਇਨ੍ਹਾਂ ਨੇ ਸਿਆਸਤ ਦਾ ਕ੍ਰਿਮੀਨਲਾਈਜ਼ੇਸ਼ਨ ਕੀਤਾ ਹੈ ਤੇ ਅਫਸਰਸ਼ਾਹੀ ਤੇ ਪੁਲਿਸ ਦਾ ਸਿਆਸੀਕਰਨ ਕੀਤਾ ਹੈ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਪਿਛਲੇ 3 ਸਾਲਾਂ ਵਿਚ ਪੰਜਾਬ ਵਿਚ ਡਿਵੈਲਪਮੈਂਟ ਜਿਹੜੀ ਹੈ, ਉਹ ਬਿਲਕੁਲ ਰੁਕੀ ਪਈ ਹੈ । ਡਿਪਟੀ ਸਪੀਕਰ ਸਾਹਿਬ, ਸ਼ਰਾਬ ਦੇ ਠੇਕਿਆਂ ਵਿਚ ਅਰਬਾਂ ਰੁਪਏ ਰਿਸ਼ਵਤ ਤਲਬ ਕੀਤੀ ਗਈ ਹੈ । ਲਾਅ ਐਂਡ ਆਰਡਰ, ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਬਦਹਾਲ ਹੋਇਆ ਪਿਆ ਹੈ ਤੇ ਜਿਹੜਾ ਸਭ ਤੋਂ ਵੱਡਾ ਇਲਜ਼ਾਮ ਵਿਰੋਧੀ ਧਿਰ ਦਾ ਸਰਕਾਰ ਦੇ ਉਤੇ ਹੈ ਕਿ ਆਮ ਪੰਜਾਬੀ ਦੀ ਪਹੁੰਚ ਤੋਂ ਇਹ ਸਰਕਾਰ ਲੱਖਾਂ ਕੋਹ ਦੂਰ ਚਲੀ ਗਈ ਹੈ । ਆਮ ਆਦਮੀ ਤੋਂ ਇਹ ਸਰਕਾਰ ਬਿਲਕੁਲ ਜੁਦਾ ਹੋ ਚੁੱਕੀ ਹੈ ।

ਡਿਪਟੀ ਸਪੀਕਰ ਸਾਹਿਬ, ਇਹ ਮੋਟੇ ਤੌਰ ਤੇ ਵਿਰੋਧੀ ਧਿਰ ਦਾ ਰਿਪੋਰਟ ਕਾਰਡ ਹੈ ਤੇ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਮਾਨਯੋਗ ਰਾਜਪਾਲ ਸਾਹਿਬ ਨੇ ਜੋ ਐਡਰੈਸ ਪੜ੍ਹਿਆ ਹੈ, ਇਹ ਸਰਕਾਰ ਦਾ ਚੌਥਾ ਐਡਰੈਸ ਸੀ, ਯਾਨੀ ਦਰਮਿਆਨ ਵਿਚ ਇਕ ਐਡਰੈਸ ਹੋਰ ਪੈਂਦਾ ਹੈ ਤੇ ਫਿਰ ਇਸ ਸਰਕਾਰ ਦੀ ਮਿਆਦ ਖਤਮ ਹੋ ਜਾਣੀ ਹੈ । ਚੌਥੇ ਐਡਰੈਸ ਵਿਚ ਵੀ ਕੋਈ ਠੋਸ ਅਕੰਪਲਿਸ਼ਮੈਂਟ, ਕੋਈ ਠੋਸ ਅਚੀਵਮੈਂਟ ਇਸ ਸਰਕਾਰ ਦੀ ਨਹੀਂ । ਇਸ ਵਿਚ ਅਜੇ ਵੀ ਗੱਲਾਂ ਭਵਿੱਖ ਦੀਆਂ ਮੁਸਤਕਵਿਲ ਦੀਆਂ ਲਿਖੀਆਂ ਗਈਆਂ ਹਨ । ਇੰਡਸਟਰੀ ਆ ਜਾਵੇਗੀ, ਬਿਜਲੀ ਲੱਗ ਜਾਵੇਗੀ, ਫਲਾਣੀ ਚੀਜ਼ ਹੋ ਜਾਵੇਗੀ । ਕਦੋਂ ਹੋ ਜਾਵੇਗੀ, ਕਦੋਂ ਲੱਗ ਜਾਵੇਗੀ, ਇਨ੍ਹਾਂ ਨੇ ਇਸ ਦਾ ਸਮਾਂ ਤਹਿ ਨਹੀਂ ਕੀਤਾ । ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਇਸ ਗੱਲ ਦਾ ਵੀ ਹੈ, ਕਿਉਂਕਿ ਜਾਤੀ ਤੌਰ ਤੇ ਮੈਨੂੰ ਖੁਦ ਬੜੀ ਆਸ ਸੀ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਜਿਸ ਵੇਲੇ ਪੰਜਾਬ ਦੀ ਵਾਗਡੋਰ ਸੰਭਾਲੀ ਸੀ, ਉਸ ਵਕਤ ਉਨ੍ਹਾਂ ਨੇ ਕਿਹਾ ਸੀ ਕਿ ਉਹ ਪੰਜਾਬ ਵਿਚ ਬੜੇ ਵੱਡੇ ਐਡਮਨਿਸਟ੍ਰੇਟਿਵ ਰਿਫਾਰਮਜ਼, ਇਕਨਾਮਿਕ ਰਿਫਾਰਮਜ਼ ਤੇ ਬਿਊਰੋਕਰੇਟਿਕ ਰਿਫਾਰਮਜ਼ ਲੈ ਕੇ ਆਉਣਗੇ । ਇਹ ਆਮ ਕਹਿ ਦਿੰਦੇ ਹਨ ਕਿ ਅਕਾਲੀਆਂ ਦੀ ਸੋਚ ਸੰਭੂ ਬੈਰੀਅਰ ਤੋਂ ਅੱਗੇ ਨਹੀਂ ਜਾਂਦੀ । ਇਹ ਕਈ ਵਾਰ ਸਾਡੇ ਤੇ ਇਲਜ਼ਾਮ ਲਾਉਂਦੇ ਹਨ । ਮੈਂ, ਡਿਪਟੀ ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਇਸ ਵਕਤ ਵੈਸੇ ਉਹ ਹਾਜ਼ਰ ਨਹੀਂ,

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਉਨ੍ਹਾਂ ਦੀ ਸੰਜੀਦਗੀ ਦੇਖੋ ਕਿ ਗਵਰਨਰ ਐਡਰੈਸ ਤੇ ਬਹਿਸ ਚਲ ਰਹੀ ਹੈ ਤੇ ਉਹ ਹਾਜ਼ਰ ਨਾ ਹੋਣ, ਮੈਂ ਪੁੱਛਣਾ ਚਾਹਵਾਂਗਾ ਕਿ ਚਲੋ, ਸਾਡੀ ਤਾਂ ਸੋਚ ਹੋਵੇ ਨਾ ਹੋਵੇ, ਇਹ ਆਪਣੇ ਆਪ ਨੂੰ ਬੜਾ ਪੰਜਾਬ ਦਾ ਇਕ ਮਾਡਰਨ ਮਾਈਂਡ ਅਖਵਾਉਂਦੇ ਹਨ, ਕਾਬਲ ਹਨ, ਅੱਛੇ ਪਰਿਵਾਰ ਨਾਲ ਤਾਅਲੁੱਕ ਰਖਦੇ ਹਨ ਤੇ ਦੁਨੀਆਂ ਘੁੰਮ-ਫਿਰ ਕੇ ਦੇਖੀ ਹੈ, ਅਸੀਂ ਜਿਹੜੇ ਅਗਲੀ ਪੀੜ੍ਹੀ ਦੇ ਇਨ੍ਹਾਂ ਤੋਂ 15-20 ਸਾਲ ਛੋਟੇ ਹਾਂ, ਅਸੀਂ ਇਨ੍ਹਾਂ ਤੋਂ ਜਵਾਬ ਚਾਹਵਾਂਗੇ, ਚੀਫ ਮਨਿਸਟਰ ਸਾਹਿਬ ਤੋਂ ਕਿ ਕੀ ਮਜਬੂਰੀਆਂ ਹਨ, ਪੰਜਾਬ ਦੇ ਮੁੱਖ ਮੰਤਰੀ ਨੂੰ ਕਿ ਜਿਸ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਦੀ ਵਾਗਡੋਰ ਸੰਭਾਲੀ ਤਾਂ ਇਹ ਵੀ ਤੇ ਇਨ੍ਹਾਂ ਦੀ ਸਰਕਾਰ ਵੀ ਉਸੇ ਰੰਗ ਵਿਚ ਰੰਗੀ ਗਈ ਜਿਸ ਰੰਗ ਵਿਚ ਪਿਛਲੇ 40 ਸਾਲਾਂ ਤੋਂ ਸਰਕਾਰਾਂ ਰੰਗੀਆਂ ਗਈਆਂ ? ਕੀ ਵਜ੍ਹਾ ਹੈ ਕਿ ਇਹ ਵੀ ਉਸੇ ਸਾਂਚੇ ਵਿਚ ਢਲ ਗਏ। ਮੈਨੂੰ ਇਸ ਦੀ ਸਰਕਾਰ ਦਾ ਪਹਿਲਾ ਬਜਟ ਤੇ ਗਵਰਨਰ ਐਡਰੈਸ ਵੀ ਯਾਦ ਹੈ। ਕੀ ਉਸ ਪਹਿਲੇ ਐਡਰੈੱਸ ਵਿਚ ਇਨ੍ਹਾਂ ਨੇ ਇਹ ਨਹੀਂ ਲਿਖਿਆ ਸੀ ਕਿ ਅਸੀਂ ਪੰਜਾਬ ਦੇ ਸਿੱਕ ਪੀ.ਐਸ.ਯੂਜ. ਨੂੰ ਖਤਮ ਕਰ ਦੇਵਾਂਗੇ ? ਲੇਕਿਨ ਅੱਜ ਉਨ੍ਹਾਂ ਹੀ ਸਿੱਕ ਪੀ.ਐਸ.ਯੂਜ਼ ਤੇ ਇਨ੍ਹਾਂ ਨੇ ਆਪਣੇ ਚੇਅਰਮੈਨ ਲਗਾਏ ਹੋਏ ਹਨ। ਖਜ਼ਾਨੇ ਤੇ ਉਨ੍ਹਾਂ ਦੇ ਖਰਚੇ ਪੈ ਰਹੇ ਹਨ। ਅੱਜ ਸੈਂਕੜਿਆਂ ਦੀ ਤਾਦਾਦ ਵਿਚ ਲਾਅ ਅਫਸਰ ਲਾਏ ਹੋਏ ਹਨ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਦੇ ਵਾਸਤੇ ਸਰਕਾਰ ਦੀਆਂ ਕੀ ਮਜਬੂਰੀਆਂ ਹੋ ਸਕਦੀਆਂ ਹਨ। ਮੇਰਾ ਜਾਤੀ ਇੰਪਰੈਸ਼ਨ ਹੈ, that the Chief Minister of Punjab is working for his personal glory. He is not working for the glory of Punjab and I hope, he is not looking for a second term because the people of Punjab may not give him a second term. But in the process, he lost a golden opportunity to reform Punjab and go down in history.

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਦੌਲਤ ਹੁੰਦੀ ਹੈ, ਇਹ ਢਲਦੀ ਦੌਲਤ ਹੁੰਦੀ ਹੈ। ਇਹ ਜਿਹੜੀ ਹਰਦਿਲਅਜ਼ੀਜ਼ੀ ਹੈ ਅਤੇ ਸ਼ੋਹਰਤ ਹੈ, ਇਹ ਵੀ ਇਕ ਆਰਜ਼ੀ ਚੀਜ਼ ਹੁੰਦੀ ਹੈ। ਜਿਹੜੀ ਹਕੂਮਤ ਹੈ, ਤਾਕਤ ਹੈ, ਇਹ ਵੀ ਕਿਸੇ ਦੇ ਵੱਸ ਵਿਚ ਨਹੀਂ ਹੁੰਦੀ। ਫਿਰ ਬਾਕੀ ਕੀ ਰਹਿ ਜਾਂਦਾ ਹੈ। ਬਾਕੀ ਰਹਿ ਜਾਂਦਾ ਹੈ-ਅਜ਼ਮ, ਹੌਂਸਲਾ ਅਤੇ ਕਰੈਕਟਰ ਜਿਸ ਨਾਲ ਕੌਮਾਂ ਬਣਦੀਆਂ ਹਨ ਅਤੇ ਵਿਗੜਦੀਆਂ ਹਨ। ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਪਿਛਲੇ 3 ਸਾਲਾਂ ਵਿਚ ਇਨ੍ਹਾਂ ਦਾ ਇਹ ਅਜ਼ਮ, ਇਹ ਇਖਲਾਕ ਅਤੇ ਇਹ ਹੌਂਸਲਾ ਗੈਰ-ਹਾਜ਼ਰ ਰਿਹਾ ਹੈ। ਮੈਂ ਆਪਣੀ ਪਾਰਟੀ ਦਾ ਚੀਫ ਵਿਪ ਹਾਂ। ਇਸ ਕਰਕੇ ਮੈਨੂੰ ਹਰ ਵੇਲੇ ਸਦਨ ਵਿਚ ਬੈਠਣਾ ਪੈਂਦਾ ਹੈ। ਇਸ ਕਰਕੇ ਮੈਂ ਹਰੇਕ ਮਿੰਟ ਹਾਊਸ ਵਿਚ ਬੈਠਾ ਹੁੰਦਾ ਹਾਂ ਅਤੇ ਬਹਿਸ ਸੁਣਦਾ ਰਹਿੰਦਾ ਹਾਂ। ਕਈ ਵਾਰ ਮੇਰਾ ਖਿਆਲ ਇਸ ਸਦਨ ਦੀ ਦਰੋ-ਦੀਵਾਰ, ਕੰਧਾਂ ਅਤੇ ਬੂਹਿਆਂ ਵੱਲ ਜਾਂਦਾ ਹੈ। ਮੈਂ ਸੋਚਦਾ ਹਾਂ ਕਿ ਇਨ੍ਹਾਂ ਕੰਧਾਂ ਨੇ ਉਹ ਦਿਨ ਵੀ ਵੇਖੇ ਹੋਣੇ ਹਨ ਜਦੋਂ ਹਰ ਨਵਾਂ ਦਿਨ ਪਿਛਲੇ ਦਿਨ ਨਾਲੋਂ ਬਰਕਤ ਵਾਲਾ ਚੜ੍ਹਦਾ ਸੀ ਅਤੇ ਹਰ ਨਵਾਂ ਦਿਨ ਵਧੀਆ ਦਿਨ ਚੜ੍ਹਦਾ ਸੀ। ਇਨ੍ਹਾਂ ਕੰਧਾਂ ਨੇ ਉਹ ਬਜਟ ਵੀ ਸੁਣੇ ਹੋਣੇ ਹਨ ਜਦੋਂ ਬਹੁਤ

ਖਾਸ ਖਾਸ ਕੰਮਾਂ ਵਾਸਤੇ ਪੈਸੇ ਰੱਖੇ ਜਾਂਦੇ ਸੀ–ਭਾਖੜਾ ਡੈਮ ਵਾਸਤੇ, ਪੀ.ਜੀ.ਆਈ. ਵਾਸਤੇ, ਚੰਡੀਗੜ੍ਹ ਦੀ ਉਸਾਰੀ ਵਾਸਤੇ, ਰੂਰਲ ਇਲੈਕਟ੍ਰੀਫਿਕੇਸ਼ਨ ਵਾਸਤੇ ਅਤੇ ਰੂਰਲ ਲਿੰਕ ਰੋਡਜ਼ ਵਾਸਤੇ । ਮੈਂ ਉਨ੍ਹਾਂ ਸਮਿਆਂ ਬਾਰੇ ਸੋਚਦਾ ਹਾਂ ਜਦੋਂ ਪੰਜਾਬ ਵਿਚ ਸਨਅਤ ਲੱਗ ਰਹੀ ਸੀ । ਸਿਰਫ ਲੁਧਿਆਣੇ ਜਾਂ ਫਰੀਦਾਬਾਦ ਵਿਚ ਹੀ ਨਹੀਂ ਬਲਕਿ ਅੰਮ੍ਰਿਤਸਰ, ਬਟਾਲੇ, ਧਾਰੀਵਾਲ, ਫਿਲੌਰ ਅਤੇ ਫਗਵਾੜੇ ਵਿਚ ਇੰਡਸਟਰੀ ਲੱਗ ਰਹੀ ਸੀ । ਮੈਂ ਸੋਚਦਾ ਹਾਂ ਕਿ ਕਿਸ ਤਰ੍ਹਾਂ ਪਿਛਲੇ 25-30 ਸਾਲਾਂ ਵਿਚ ਸਮੇਂ ਨੇ ਕਰਵਟ ਲਈ ਅਤੇ ਅੱਜ ਪੰਜਾਬ ਵਿਚ ਇਹ ਸਾਰੀਆਂ ਚੀਜ਼ਾਂ ਗੈਰ-ਹਾਜ਼ਰ ਹਨ । ਪਿਛੇ ਜਿਹੇ ਹਾਊਸ ਅਡਜਰਨ ਹੋਇਆ ਤਾਂ ਮੈਂ ਲਾਇਬ੍ਰੇਰੀ ਵਿਚ 1963 ਦੇ ਗਵਰਨਰ ਐਡਰੈੱਸ ਦੀ ਬਹਿਸ ਪੜ੍ਹਨ ਲੱਗ ਪਿਆ । ਉਸ ਤੋਂ ਪਹਿਲਾਂ 1962 ਦੀ ਚੀਨ ਨਾਲ ਜੰਗ ਹੋ ਕੇ ਹਟੀ ਸੀ । ਉਸ ਜੰਗ ਵਿਚ ਪੰਜਾਬ ਦੇ ਫੌਜੀਆਂ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਸਨ । ਉਸ ਵੇਲੇ ਪੰਜਾਬ, ਹਿਮਾਚਲ ਅਤੇ ਹਰਿਆਣਾ ਇਕੱਠੇ ਹੁੰਦੇ ਸੀ । ਡਿਪਟੀ ਸਪੀਕਰ ਸਾਹਿਬ, ਇਕ ਬੜੀ ਹੈਰਤ ਦੀ ਗੱਲ ਹੈ ਜੋ 1962 ਦੇ ਵਾਰ ਫਰੰਟ ਵਿਚ ਪੰਜਾਬ ਨੇ ਕਰ ਕੇ ਵਿਖਾਈ । ਜੰਗ ਵਾਸਤੇ ਸਾਰੇ ਹਿੰਦੁਸਤਾਨ ਨੇ ਜਿੰਨਾ ਪੈਸਾ ਦਿੱਤਾ, ਉਸ ਤੋਂ ਦੁੱਗਣਾ ਪੈਸਾ ਇਕੱਲੇ ਪੰਜਾਬ ਨੇ ਦਿੱਤਾ । ਮੈਂ ਬੈਠਾ ਬੈਠਾ ਸੋਚ ਰਿਹਾ ਸੀ ਕਿ ਕਿਸ ਤਰ੍ਹਾਂ ਪੰਜਾਬ ਉਸ ਵੇਲੇ ਹਿੰਦੁਸਤਾਨ ਦੀਆਂ ਅੱਖਾਂ ਦਾ ਤਾਰਾ ਸੀ । ਉਸ ਵੇਲੇ ਆਮ ਇਹ ਸੋਚਿਆ ਜਾਂਦਾ ਸੀ ਕਿ Punjab could do no wrong. ਉਦੋਂ ਪੰਜਾਬ ਵਿਚ ਹਰ ਦਿਨ ਤਰੱਕੀ ਦਾ ਦਿਹਾੜਾ ਚੜ੍ਹਦਾ ਸੀ । ਇਸ ਦੇ ਉਲਟ ਅੱਜ ਪੰਜਾਬ ਦੀ ਕੀ ਹਾਲਤ ਹੈ । ਅੱਜ ਦਾ ਇੰਪਰੈਸ਼ਨ ਇਹ ਹੈ ਕਿ Punjab can get nothing right. ਪੰਦਰਾਂ ਦਿਨ ਪਹਿਲਾਂ ਬਜਟ ਪੇਸ਼ ਹੋਇਆ । ਬਜਟ ਸਪੀਚ ਦੇ ਨਾਲ ਜੋ ਦਸਤਾਵੇਜ਼ ਸਨ, ਉਹ ਕਾਫੀ ਵਜ਼ਨਦਾਰ ਸਨ । ਜਦੋਂ ਮੈਂ ਉਨ੍ਹਾਂ ਦਸਤਾਵੇਜ਼ ਨਾਲ ਕਾਰ ਪਾਰਕਿੰਗ ਵਿਚ ਜਾ ਰਿਹਾ ਸੀ ਤਾਂ ਸੱਚ ਮੰਨਿਓ, ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਕੋਈ ਇਨਸਾਨ ਆਪਣੇ ਬੁਢੇ ਮਾਂ ਬਾਪ ਦੀ ਮੈਡੀਕਲ ਰਿਪੋਰਟ ਲੈ ਕੇ ਜਾ ਰਿਹਾ ਹੋਵੇ ਜਿਹੜਾ ਚੰਦ ਦਿਨਾਂ ਵਾਸਤੇ ਸਾਹ ਲੈ ਰਿਹਾ ਹੋਵੇ ਅਤੇ ਜਿਸ ਨੇ ਆਖਰ ਜਲਦੀ ਰੁਖਸਤ ਹੋ ਜਾਣਾ ਹੋਵੇ । ਅੱਜ ਇਸ ਕਿਸਮ ਦਾ ਆਰਥਿਕ ਅਤੇ ਬਿਊਰੋਕਰੇਟਿਕ ਢਾਂਚਾ ਬਣਿਆ ਹੋਇਆ ਹੈ । ਅੱਜ ਗਵਰਨਰ ਐਡਰੈੱਸ ਜੇਰੇ-ਬਹਿਸ ਹੈ । ਇਸ ਦਾ ਫਾਇਦਾ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਤੂੰ-ਤੂੰ, ਮੈਂ-ਮੈਂ ਵਾਲੀ ਡਿਬੇਟ ਤੋਂ ਉਪਰ ਉਠ ਕੇ ਕੋਈ ਗੱਲ ਕਰੀਏ । ਪੰਜਾਬ ਅੱਜ ਕਿਨਾਰਾ ਹੋ ਚੁੱਕਿਆ ਹੈ । ਪੰਜਾਬ ਆਪਣੇ ਰਸਤੇ ਤੋਂ ਭਟਕ ਚੁੱਕਿਆ ਹੈ । ਪੰਜਾਬ ਨੂੰ ਇਕ ਵਾਰ ਫਿਰ ਉਹ ਰਸਤਾ, ਕਿਨਾਰਾ ਉਦਾਂ ਹੀ ਮਿਲ ਸਕਦਾ ਹੈ । ਅੱਜ ਮੈਨੂੰ 9 ਸਾਲ ਹੋ ਗਏ ਹਨ, ਡਿਪਟੀ ਸਪੀਕਰ ਸਾਹਿਬ ਐਮ. ਐਲ. ਏ. ਬਣੇ ਨੂੰ ਅਤੇ ਮੇਰਾ ਇਹ 9ਵਾਂ ਗਵਰਨਰਜ਼ ਐਡਰੈਸ ਹੈ । ਜਿਵੇਂ ਪਹਿਲਾਂ ਗਰਾਮੋਫੋਨ ਹੁੰਦੇ ਸਨ, ਇਕ ਵਾਰ ਉਸ ਦੀ ਸੂਈ ਅਟਕ ਜਾਂਦੀ ਸੀ ਤਾਂ ਉਸ ਵਿੱਚੋਂ ਉਹੀ ਜੁਮਲਾ ਵਾਰ-ਵਾਰ ਨਿਕਲਦਾ ਸੀ, ਉਸੇ ਤਰ੍ਹਾਂ ਹੀ ਹਰ ਗਵਰਨਰਜ਼ ਐਡਰੈਸ ਵਿੱਚ ਮੈਂ ਹਮੇਸ਼ਾਂ ਇਹੀ ਪੇਸ਼ਕਸ਼ ਦੇਖੀਆਂ ਹਨ । ਜੇਕਰ ਪੰਜਾਬ ਨੇ ਅਗਲੀ ਪੌੜੀ ਤੇ ਚੜ੍ਹਨਾ ਹੈ, ਖੁਸ਼ਹਾਲੀ ਅਤੇ ਤਰੱਕੀ ਕਰਨੀ ਹੈ ਤਾਂ ਅੱਜ ਲਾਜ਼ਮੀ ਹੈ ਕਿ ਪੰਜਾਬ ਦੀਆਂ ਦੋਵੇਂ ਸਿਆਸੀ ਪਾਰਟੀਆਂ ਨੂੰ ਪੰਜਾਬ ਦੀ ਇਕਾਨਮੀ ਪ੍ਰਤੀ ਇਕ ਮਿਨੀਮਮ ਕਿਸਮ ਦਾ ਕਨਸੈਂਸਿਜ਼ ਲਿਆਉਣਾ ਪੈਣਾ ਹੈ । ਮੇਰੇ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਬੜੇ ਹੀ ਕਾਬਲ ਦੋਸਤ ਸ਼ਰਮਾ ਜੀ ਬੈਠੇ ਹਨ, ਉਨ੍ਹਾਂ ਨੇ ਕੁਝ ਦਿਨ ਪਹਿਲਾਂ ਇਲਾਮਾ ਇਕਬਾਲ ਦਾ ਇਕ ਕਲਾਮ ਅਰਜ਼ ਕੀਤਾ ਸੀ, ਮੈਂ ਸਟੇਜਾਂ ਤੋਂ ਵੀ ਅਕਸਰ ਉਹ ਬੋਲਦਾ ਹਾਂ, ਉਹ ਲਿਖਦੇ ਹਨ ਕਿ—

ਵਤਨ ਕੀ ਫਿਕਰ ਕਰ ਨਾਦਾਨ ਮੁਸੀਬਤ ਆਨੇ ਵਾਲੀ ਹੈ,
ਤੇਰੇ ਬਰਬਾਦੀਓ ਕੇ ਮਸ਼ਵਰੇ ਹੈ ਆਸਮਾਨੋਂ ਮੇ,
ਇੰਤਜ਼ਾ ਕਹਾਂ ਤੱਕ ਲੰਜਤੇ ਫਰਿਯਾਦ ਪੈਦਾ ਕਰ,
ਜ਼ਮੀਂ ਪੇ ਤੂੰ ਹੋ, ਔਰ ਤੇਰੀ ਸਦਾ ਹੋ ਆਸਮਾਨੋਂ ਮੇਂ,
ਨਾ ਸਮਝੋਗੇ ਤੋ ਮਿਟ ਜਾਓਗੇ,
ਐ ਹਿੰਦੁਸਤਾਨ ਵਾਲੋ ।

ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਅੱਜ ਹਾਲਤ ਕੀ ਹੈ । ਅੱਜ ਜਾਖੜ ਸਾਹਿਬ ਬਦਕਿਸਮਤੀ ਨਾਲ ਆਏ ਨਹੀਂ । ਕੁਝ ਦਿਨ ਪਹਿਲਾਂ ਉਨ੍ਹਾਂ ਨੇ ਜ਼ਿਕਰ ਕੀਤਾ ਸੀ, ਹਰਿਆਣਾ ਸਾਡਾ ਹਮੇਸ਼ਾਂ ਹਮਸਾਇਆ ਸੂਬਾ ਹੈ । ਪ੍ਰਮਾਤਮਾ ਉਸ ਸੂਬੇ ਨੂੰ ਹੋਰ ਵੀ ਤਰੱਕੀ ਅਤੇ ਖੁਸ਼ਹਾਲੀ ਬਖਸ਼ੇ ਪਰ ਹਾਲਾਤ ਇਸ ਕਿਸਮ ਦੇ ਹਨ ਕਿ ਹਰਿਆਣਾ 40 ਪੈਸਿਆਂ ਵਿੱਚ ਹੈ ਅਤੇ ਅਸੀਂ 60 ਪੈਸਿਆਂ ਵਿੱਚ ਹਾਂ । ਪੰਜਾਬ ਦੀ ਸੇਲਜ਼ ਟੈਕਸ ਦੀ ਕੁਲੈਕਸ਼ਨ 3300 ਕਰੋੜ ਰੁਪਏ ਹੈ ਔਰ ਅੱਜ ਹਰਿਆਣਾ ਜਿਹੜਾ ਕਿ 40 ਪੈਸੇ ਹੈ ਉਸ ਦੀ 6300 ਕਰੋੜ ਰੁਪਏ ਕੁਲੈਕਸ਼ਨ ਹੈ । ਹਰਿਆਣਾ ਨੇ ਪਿਛਲੇ ਮਾਲੀ ਸਾਲ ਵਿੱਚ ਇਨਾ ਸੇਲਜ ਟੈਕਸ ਇਕੱਠਾ ਕੀਤਾ ਹੈ । ਹਰਿਆਣਾ ਦੀ ਰੋਡਵੇਜ਼ 119 ਕਰੋੜ ਰੁਪਏ ਮੁਨਾਫੇ ਵਿੱਚ ਹੈ, ਪੰਜਾਬ ਦੀ ਰੋਡਵੇਜ਼ 36 ਕਰੋੜ ਰੁਪਏ ਦੇ ਘਾਟੇ ਵਿੱਚ ਹੈ । ਗੁੜਗਾਉਂ ਤੋਂ ਹਰਿਆਣਾ ਨੂੰ 1100 ਕਰੋੜ ਰੁਪਿਆ ਮਿਲਦਾ ਹੈ ਅਤੇ ਸਾਨੂੰ, ਡਿਪਟੀ ਸਪੀਕਰ ਸਾਹਿਬ, ਸ਼ਰਾਬ ਦੇ ਠੇਕਿਆਂ ਵਿੱਚੋਂ 1100 ਕਰੋੜ ਰੁਪਿਆ ਮਿਲਦਾ ਹੈ । ਹਰਿਆਣਾ ਵਿੱਚ ਬੇਸ਼ੁਮਾਰ ਇੰਡਸਟਰੀ ਲੱਗ ਚੁੱਕੀ ਹੈ । ਇਹ ਹਰਿਆਣਾ ਸਾਡਾ ਆਪਣਾ ਹਿੱਸਾ ਸੀ । ਇਸੇ ਕਿਸਮ ਦਾ ਨਿਜ਼ਾਮ ਹਰਿਆਣਾ ਵਿੱਚ ਵੀ ਲਾਗੂ ਹੈ । ਅੱਜ ਹਾਲਾਤ ਅਜਿਹੇ ਹਨ ਮੈਨੂੰ ਤਾਂ ਹਰਿਆਣਾ ਵਿੱਚ ਜਾਣ ਦਾ ਮੌਕਾ ਨਹੀਂ ਮਿਲਦਾ ਪਰ ਕਿਉਂਕਿ ਉਥੇ ਇਲੈਕਸ਼ਨ ਸੀ ਜਿਸ ਕਰਕੇ ਮੈਂ ਇਹੋ ਜਿਹੇ ਕਸਬਿਆਂ ਵਿੱਚ ਗਿਆ ਜਿਵੇਂ ਨਰਵਾਣਾ, ਭੈਣੀ, ਜਾਖਲ, ਉਕਲਾਨਾ, ਰਤੀਆ, ਫਤਿਆਬਾਦ । ਇਹ ਛੋਟੇ ਛੋਟੇ ਹਰਿਆਣਾ ਦੇ ਕਸਬੇ ਹਨ । ਅੱਜ ਉਨ੍ਹਾਂ ਕਸਬਿਆਂ ਵਿੱਚ ਹਰਿਆਣਾ ਨੇ ਆਪਣੇ ਲੋਕਾਂ ਦੀ ਬਿਹਤਰੀ ਵਾਸਤੇ ਉਨ੍ਹਾਂ ਕਸਬਿਆਂ ਦੇ ਮਾਸਟਰ ਪਲਾਨ ਬਣਾਏ ਹੋਏ ਹਨ । ਉਥੇ ਇਲਲੀਗਲ ਕੋਈ ਕੋਲੋਨਾਈਜ਼ੇਸ਼ਨ ਹੋ ਹੀ ਨਹੀਂ ਸਕਦੀ ਤੇ, ਡਿਪਟੀ ਸਪੀਕਰ ਸਾਹਿਬ, ਤੁਸੀਂ ਪੰਜਾਬ ਦੇ ਛੋਟੇ ਕਸਬੇ ਛੱਡੋ, ਮੁਕਤਸਰ ਦਾ ਮਾਸਟਰ ਪਲਾਨ ਬਣਿਆ ਹੋਵੇ, ਗਿੱਦੜਬਾਹਾ ਦਾ ਬਣਿਆ ਹੋਵੇ. ਪੰਜਾਬ ਦੇ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਦਾ ਤੁਸੀਂ ਮੈਨੂੰ ਮਾਸਟਰ ਪਲਾਨ ਜੇ ਲਿਆ ਦਿਓ ਤਾਂ ਮੈਂ ਤੁਹਾਡਾ ਦੇਣਦਾਰ ਹੋਵਾਂਗਾ, ਜੇ ਮਾਸਟਰ ਪਲਾਨ ਹੋਏਗਾ ਤਾਂ ਜਿੱਥੇ ਰੈਜ਼ੀਡੈਂਸ਼ੀਅਲ ਏਰੀਆ ਲਿਖਿਆ ਹੋਏਗਾ ਉਥੇ ਇੰਡਸਟਰੀ ਲੱਗੀ ਹੋਏਗੀ ਜਾਂ ਕੋਈ ਇਲਲੀਗਲ ਕਾਲੋਨੀ ਹੋਏਗੀ । ਡਿਪਟੀ ਸਪੀਕਰ ਸਾਹਿਬ, ਇਸ ਕਿਸਮ ਦੇ ਹਾਲਾਤ ਅੱਜ ਪੰਜਾਬ ਦੇ ਵਿੱਚ ਪੈਦਾ ਹੋ ਗਏ ਹਨ ਕਿ ਜਿਸ ਤਰ੍ਹਾਂ ਸ਼ਾਇਰ ਲਿਖਦਾ ਹੈ ਕਿ—

ਪਹਿਲਾਂ ਦੇਈਏ ਈਮਾਨ. ਫਿਰ ਦੇਈਏ ਜਾਨ, ਸੌਖਾ ਯਾਰ ਦਾ ਕਿਤੇ ਦੀਦਾਰ ਤੇ ਨਹੀਂ

ਨਿੱਤ ਰੋਜ਼ ਸੂਲੀ ਤੇ ਚੜ੍ਹਨਾ ਹੈ, ਮਨਸੂਰ ਵਾਲੀ ਇਕੋ ਵਾਰ ਤਾਂ ਨਹੀਂ,

ਪਰਦਾ ਹਟਾ ਕੇ ਦੇਖ ਲੈਲਾ, ਪਰਦਾ ਮਹਿਮਲ ਹੈ, ਕੋਈ ਬਹੁਤਾ ਭਾਰ ਤੇ ਨਹੀਂ।

---

ਇਹ ਜਾਨ ਦੇ ਕੇ, ਈਮਾਨ ਦੇ ਕੇ, ਪੰਜਾਬ ਦੀ ਜਿਹੜੀ ਤਰੱਕੀ ਹੈ, ਡਿਪਟੀ ਸਪੀਕਰ ਸਾਹਿਬ, ਇਹ ਇਸ ਵਾਸਤੇ ਕਰਨੀ ਹੀ ਪੈਣੀ ਹੈ। ਅੱਜ ਆਪਾਂ ਗੱਲ ਕਰਦੇ ਹਾਂ ਪੰਜਾਬ ਦੀ, ਡਿਪਟੀ ਸਪੀਕਰ ਸਾਹਿਬ, ਪਰ ਕੈਪੀਟਾ ਇਨਕਮ ਅੱਜ ਹਿੰਦੁਸਤਾਨ ਦੀ ਚੌਥੇ ਥਾਂ ਤੇ ਹੈ। ਸਾਡੇ ਪੰਜਾਬ ਨੂੰ ਇਸ ਗੱਲ ਦਾ ਫਖਰ ਨਹੀਂ ਕਿ ਯੂ.ਪੀ. ਤੇ ਬਿਹਾਰ ਨਾਲੋਂ ਉਚੀ ਹੋ ਗਈ ਹੈ ਸਾਡਾ ਮੁਕਾਬਲਾ ਯੂ.ਪੀ. ਅਤੇ ਬਿਹਾਰ ਨਾਲ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਪਰਚੇਜਿੰਗ ਪਾਵਰ ਦੇ ਹਿਸਾਬ ਨਾਲ ਪਰ ਕੈਪੀਟਾ ਇਨਕਮ ਲਈਏ ਤਾਂ ਪੰਜਾਬ ਦੀ ਪਰ ਕੈਪੀਟਾ ਇਨਕਮ 240 ਡਾਲਰ ਹੈ ਤੇ ਜਿਹੜੇ ਮੁਲਕ ਕਿਸੇ ਕਤਾਰ ਵਿੱਚ ਨਹੀਂ, ਜਿਨ੍ਹਾਂ ਦਾ ਕਦੇ ਨਾਂ ਨਹੀਂ ਸੁਣਿਆ ਹੋਏਗਾ ਉਰੇਗੁਏ ਦੀ ਪਰ ਕੈਪੀਟਾ ਇਨਕਮ 12800 ਡਾਲਰ ਹੈ। ਆਪਾਂ 240, ਉਹ ਉਰੇਗੁਏ ਜਿਸ ਦਾ ਕਿਤੇ ਨਾਂ ਨਹੀਂ ਸੁਣੀਦਾ ਉਸ ਦੀ 13000 ਡਾਲਰ, ਗਰੀਸ 20,000 ਡਾਲਰ, ਚਿਲੀ 9,000 ਡਾਲਰ। ਆਪਾਂ ਕਿਸ ਕਿਸਮ ਦੀ ਤਰੱਕੀ ਦੀਆਂ ਗੱਲਾਂ, ਪੰਜਾਬ ਦੇ ਲੋਕਾਂ ਦੀਆਂ ਗੱਲਾਂ ਕਰਦੇ ਹਾਂ। ਨਵੀਂ ਸਦੀ ਵਿਚ ਪੰਜਾਬ ਨੇ ਪੈਰ ਪਾਇਆ ਹੈ। ਅੱਜ ਵਰਲਡ ਬੈਂਕ ਦੀ ਰਿਪੋਰਟ ਦੇਖ ਲਵੋ, ਉਹ ਰਿਪੋਰਟ ਸਰਕਾਰ ਕੋਲ ਵੀ ਆਈ ਹੋਵੇਗੀ। ਅੱਜ ਪੰਜਾਬ ਵਿਚ ਟੈਕਸ ਕੁਲੈਕਸ਼ਨ ਘੱਟ ਹੈ। ਪੰਜਾਬ ਵਿਚ 50% ਟੈਕਸ ਕੁਲੈਕਸ਼ਨ ਨਹੀਂ ਹੋ ਰਹੀ। ਤੁਹਾਡੇ ਆਪਣੇ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ 1500 ਕਰੋੜ ਰੁਪਏ ਹੋਰ ਇਕੱਠੇ ਕੀਤੇ ਜਾ ਸਕਦੇ ਹਨ। ਦੂਸਰਾ, ਇਨ੍ਹਾਂ ਨੇ ਫਿਸਕਲ ਰਿਸਪਾਂਸੀਬਿਲਟੀ ਐਕਟ ਬਣਾਇਆ, ਪਰ ਇਨ੍ਹਾਂ ਨੇ ਆਪ ਹੀ ਉਸ ਦੀ ਕੰਪਲਾਇੰਸ ਨਹੀਂ ਕੀਤੀ। ਜਿਵੇਂ ਰਾਣਾ ਸਾਹਿਬ ਨੇ ਗੱਲ ਕੀਤੀ ਹੈ ਕਿ ਉਹ ਪਾਕਿਸਤਾਨ ਗਏ। ਉਥੇ ਉਨ੍ਹਾਂ ਦਾ ਬੜਾ ਖੈਰ ਮਖਦਮ ਹੋਇਆ, ਲੋਕਾਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ। ਬੜਾ ਟਰੇਡ ਵਧਣ ਵਾਲਾ ਹੈ। ਇਨ੍ਹਾਂ ਨੇ ਕਿਹਾ ਕਿ ਸੈਂਟਰਲ ਏਸ਼ੀਆ ਨਾਲ ਸਾਡੀ ਟਰੇਡ ਖੁੱਲਣ ਵਾਲੀ ਹੈ। ਡਿਪਟੀ ਸਪੀਕਰ ਸਾਹਿਬ, ਕੋਈ ਸੰਜੀਦਗੀ ਨਾਲ ਇਨ੍ਹਾਂ ਦੀ ਮਾਰਕੀਟ ਅਸੈਸਮੈਂਟ ਨਹੀਂ ਹੋਈ। ਜਿਹੜੀ ਪੰਜਾਬ ਦੀ ਬਿਉਰੋਕਰੇਸੀ ਬੈਠੀ ਹੈ, ਡਿਪਟੀ ਸਪੀਕਰ ਸਾਹਿਬ, ਮੈਨੂੰ ਸ਼ੱਕ ਹੈ ਕਿ ਉਸ ਨੂੰ ਤਾਂ ਸੈਂਟਰਲ ਏਸ਼ੀਆ ਵਿਚਲੇ ਦੇਸ਼ਾਂ ਦੇ ਅਤੇ ਉਨ੍ਹਾਂ ਦੀ ਕੈਪੀਟਲ ਦੇ ਨਾਂ ਵੀ ਪਤਾ ਨਹੀਂ ਹੋਣੇ ਕਿ ਉਨ੍ਹਾਂ ਨਾਲ ਟਰੇਡ ਕਰਾਂਗੇ। ਕਜ਼ਾਕਿਸਤਾਨ ਨੇ ਸਾਲ 1992 ਵਿਚ ਆਪਣੀ ਟਰੇਡ ਖੋਲ੍ਹੀ ਹੈ। ਤੁਰਕਮੈਨੀਸਤਾਨ ਆਪਣੀ ਚੀਨੀ 100% ਐਕਸਪੋਰਟ ਕਰਦਾ ਹੈ। 65% ਕਣਕ ਐਕਸਪੋਰਟ ਕਰਦਾ ਹੈ। 50% ਆਪਣੇ ਡਅਰੀ ਪ੍ਰੋਡਕਟਸ ਐਕਸਪੋਰਟ ਕਰਦਾ ਹੈ।

ਇਸੇ ਤਰ੍ਹਾਂ ਵਰਲਡ ਬੈਂਕ ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਜਿਹੜੀ ਸਿਵਲ ਸਰਵਿਸ ਹੈ it is the most over staffed civil service and most over paid civil service in India. ਅੱਜ ਹਰੇਕ 100 ਪਿੱਛੇ 2.2 ਸਿਵਲ ਸਰਵੈਂਟ ਹਨ। ਜਦੋਂ ਕਿ ਆਂਧਰਾ ਪ੍ਰਦੇਸ਼ ਵਿਚ 1.36 ਅਤੇ ਕਰਨਾਟਕਾ ਵਿਚ 1.60

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਸਿਵਲ ਸਰਵੈਂਟ ਹਨ । ਤੁਸੀਂ ਪਿਛਲੇ ਤਿੰਨ ਸਾਲਾਂ ਦੀ ਤਾਂ ਛੱਡੋ, ਪਿਛਲੇ 40 ਸਾਲਾਂ ਵਿਚ ਅਸੀਂ ਇਸ ਦਾ ਕੋਈ ਹੱਲ ਨਹੀਂ ਕੱਢ ਸਕੇ ਕਿ ਅਸੀਂ ਇਸ ਨੂੰ ਕਿਵੇਂ ਰਿਡਿਊਸ ਕਰ ਸਕਦੇ ਹਾਂ । ਜਿਥੋਂ ਤੱਕ ਈ. ਗਵਰਨੈਂਸ ਦੀ ਗੱਲ ਚੱਲ ਰਹੀ ਹੈ, ਡਿਪਟੀ ਸਪੀਕਰ ਸਾਹਿਬ, ਸਾਡੀ ਈ. ਗਵਰਨੈਂਸ ਤਾਂ ਬਹੁਤ ਦੂਰ ਦੀ ਗੱਲ ਹੈ, ਪੰਜਾਬ ਸਰਕਾਰ ਦੀ ਇਕ ਵੈੱਬ ਸਾਈਟ ਹੁੰਦੀ ਹੈ । ਉਹ ਵੈਬ ਸਾਈਟ ਖੋਲ੍ਹਣ ਦੇ ਨਾਲ ਉਸ ਵਿਚੋਂ ਕੋਈ ਨਾ ਕੋਈ ਇਨਫਰਮੇਸ਼ਨ ਮਿਲ ਜਾਂਦੀ ਹੈ ਪਰ ਉਸ ਵੈਬ ਸਾਈਟ ਵਿਚ ਜਿਹੜਾ ਸਪੀਕਰ ਸਾਹਿਬ ਦਾ ਟੈਲੀਫੂਨ ਨੰਬਰ ਹੈ, ਡਿਪਟੀ ਸਪੀਕਰ ਸਾਹਿਬ ਦਾ ਟੈਲੀਫੂਨ ਨੰਬਰ ਹੈ, ਉਹ ਦੋ ਸਾਲ ਪਹਿਲਾਂ ਵਾਲਾ ਪੁਰਾਣਾ ਹੀ 740739 ਚੱਲ ਰਿਹਾ ਹੈ ਜਿਹੜਾ ਉਸ ਅੱਗੇ ਪ੍ਰੀਫਿਕਸ 2 ਲੱਗਾ ਹੈ, ਉਹ ਇਸ ਨਾਲ ਨਹੀਂ ਲਗਾ ਸਕੇ । ਜਿਹੜਾ ਗਵਰਨਰ ਸਾਹਿਬ ਦਾ ਇਨਫਰਮੇਸ਼ਨ ਅਫਸਰ ਹੈ, ਉਹ ਬਦਲ ਚੁੱਕਾ ਹੈ, ਉਸ ਦੀ ਥਾਂ ਨਵਾਂ ਆ ਗਿਆ ਹੈ ਪ੍ਰੰਤੂ ਵੈਬ ਸਾਈਟ ਵਿਚ ਉਸੇ ਪੁਰਾਣੇ ਦਾ ਨਾਂ ਹੀ ਚੱਲ ਰਿਹਾ ਹੈ । ਇਸ ਕਿਸਮ ਦੀ ਈ. ਗਵਰਨੈਂਸ ਦੀ ਇਹ ਗੱਲ ਕਰਦੇ ਹਨ ।

ਅੱਗੇ, ਡਿਪਟੀ ਸਪੀਕਰ ਸਾਹਿਬ, ਹਿਊਮਨ ਡਿਵੈਲਪਮੈਂਟ ਰਿਪੋਰਟ ਵਿਚ ਪੰਜਾਬ ਦਾ 25 ਸੂਬਿਆਂ ਵਿਚੋਂ ਛੇਵਾਂ ਸਥਾਨ ਹੈ, ਜੈਂਡਰ ਇਕੁਐਲਟੀ ਵਿਚ ਇਸ ਦਾ ਪੱਚੀਆਂ ਵਿਚੋਂ ਪੰਦਰਵਾਂ ਨੰਬਰ ਹੈ । ਇਸੇ ਤਰ੍ਹਾਂ ਕੁਆਲਟੀ ਆਫ ਡਰਿੰਕਿੰਗ ਵਾਟਰ ਦੀ ਗੱਲ ਹੈ, ਜ਼ਰਾ ਗੌਰ ਕਰਨ ਵਾਲੀ ਗੱਲ ਹੈ । ਅੱਜ ਕੇਰਲਾ, ਹਰਿਆਣਾ, ਕਰਨਾਟਕਾ, ਯੂ.ਪੀ. ਇਥੋਂ ਤੱਕ ਕਿ ਰਾਜਸਥਾਨ ਵਿਚ ਜਿਥੇ ਕਿ ਪਾਣੀ ਉਪਲਬਧ ਨਹੀਂ ਹੈ ਉਥੇ ਕੁਆਲਟੀ ਆਫ ਡਰਿੰਕਿੰਗ ਵਾਟਰ ਸਾਡੇ ਇਥੇ ਪੰਜ ਦਰਿਆਵਾਂ ਦੀ ਧਰਤੀ ਨਾਲੋਂ ਬਿਹਤਰ ਹੈ । ਇਹ ਹਿਊਮੈਨ ਡਿਵੈਲਪਮੈਂਟ ਦੀ ਰਿਪੋਰਟ ਦੇ ਪੰਨਾ 85 ਵਿਚ ਪੜ੍ਹਿਆ ਜਾ ਸਕਦਾ ਹੈ । ਪੰਜਾਬ ਦਾ ਪ੍ਰਾਇਮਰੀ ਹੈਲਥ ਕੇਅਰ ਸਿਸਟਮ ਕੁਲੈਪਸ ਹੋ ਚੁੱਕਾ ਹੈ । ਪੰਜਾਬ ਦੇ 62% ਬੱਚੇ, ਜਿਹੜੇ ਨਵੇਂ ਜੰਮਦੇ ਹਨ, ਉਨ੍ਹਾਂ ਦੀ ਡਿਲੀਵਰੀ ਮਿਡ-ਵਾਈਫ ਅਤੇ ਦਾਈਆਂ ਕਰਦੀਆਂ ਹਨ ਅਤੇ ਬਾਕੀ ਦੇ ਬੱਚੇ ਹਸਪਤਾਲਾਂ ਵਿਚ ਪੈਦਾ ਹੁੰਦੇ ਹਨ । ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਹਿੰਦੁਸਤਾਨ ਬੜਾ ਵੱਡਾ ਦੇਸ਼ ਹੈ ਅਤੇ ਇਸ ਦੇ ਕਈ ਖਿੱਤੇ ਸਾਡੇ ਨਾਲੋਂ ਬੜੇ ਪਿੱਛੇ ਹਨ । ਆਲ ਇੰਡੀਆ ਐਵਰੇਜ ਜਿਹੜੀ ਦਾਈਆਂ ਅਤੇ ਮਿਡ-ਵਾਈਫ ਦੇ ਹੱਥੋਂ ਬੱਚੇ ਜੰਮਣ ਦੀ ਹੈ, ਉਹ ਕੇਵਲ 18% ਹੈ ਅਤੇ ਬਾਕੀ ਦੇ ਸਾਰੇ ਹਸਪਤਾਲਾਂ ਵਿਚ ਜੰਮਦੇ ਹਨ । ਪੰਜਾਬ ਵਿਚ ਇਤਨਾ ਵੱਡਾ ਫਰਕ ਪੈ ਗਿਆ ਹੈ, ਉਹ ਕਿਸ ਤਰ੍ਹਾਂ ਪੈ ਗਿਆ ਹੈ ? ਅੱਜ ਪੰਜਾਬ ਵਿਚ ਤਿੰਨ ਲੱਖ ਲੋਕ ਟੀ. ਬੀ. ਦੇ ਮਰੀਜ਼ ਹਨ, ਜਿਨ੍ਹਾਂ ਵਿਚੋਂ 75,000 ਹਾਈਅਲੀ ਇਨਫੈਕਸ਼ੀਅਸ ਸਟੇਜ ਤੇ ਹਨ ਜਿਹੜੀ ਕਿ ਆਪਣੇ ਆਪ ਵਿਚ ਇਕ ਡਿਵੈਲਪਡ ਸਟੇਜ ਹੁੰਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹਾਂਗਾ ਕਿ ਪਿਛਲੇ ਤਿੰਨ ਸਾਲਾਂ ਵਿਚ ਇਨ੍ਹਾਂ ਨੇ ਕੀ ਕੀਤਾ ਹੈ, ਪੰਜਾਬ ਦੀ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਬਚਾਉਣ ਲਈ । ਬਲਕਿ ਪਿਛਲੇ 30 ਸਾਲਾਂ ਵਿਚ ਆਪਾਂ ਕੀ ਕੀਤਾ ਹੈ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਰੋਕਣ ਲਈ । ਇਸੇ ਤਰ੍ਹਾਂ ਅਸੀਂ ਅਬਾਦੀ ਨੂੰ ਰੋਕਣ ਵਾਸਤੇ ਪਿਛਲੇ 30 ਸਾਲਾਂ ਵਿਚ ਕੀ ਕੀਤਾ ਹੈ । ਪਿਛਲੇ 30 ਸਾਲਾਂ ਵਿਚ ਜਿਹੜਾ ਮੇਲ-ਫੀਮੇਲ ਦੀ ਰੇਸ਼ੋ ਵਿਚ ਬਹੁਤ ਭਾਰੀ ਫਰਕ ਪੈ ਗਿਆ ਹੈ, ਇਸ ਲਈ ਕੀ ਕੀਤਾ ਗਿਆ ਹੈ ? ਡਿਪਟੀ ਸਪੀਕਰ ਸਾਹਿਬ, ਅਸੀਂ ਕੀ ਕੀਤਾ ਹੈ

ਕਿ ਅਸੀਂ ਇਨਸ਼ਿਓਰ ਕਰੀਏ ਕਿ ਸਾਡੇ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਦਾਖਲ ਹੋਣ । ਇਸੇ ਤਰ੍ਹਾਂ ਗਰਾਊਂਡ ਵਾਟਰ ਦੀ ਡਿਪਲੀਸ਼ਨ ਵਾਸਤੇ ਅਸੀਂ ਪਿਛਲੇ 30 ਸਾਲਾਂ ਵਿਚ ਕੀ ਕੀਤਾ ਹੈ , ਆਬੋ-ਹਵਾ, ਇਨਵਾਇਰਨਮੈਂਟ ਨੂੰ ਸਾਫ ਰੱਖਣ ਵਾਸਤੇ ਅਸੀਂ ਪਿਛਲੇ 30 ਸਾਲਾਂ ਵਿਚ ਕੀ ਕੀਤਾ ਹੈ ? ਅੱਜ ਸਾਡੇ ਤੇ ਤਕਰੀਬਨ 50 ਹਜ਼ਾਰ ਕਰੋੜ ਰੁਪਏ ਦਾ ਕਰਜਾ ਹੈ । ਅੱਜ ਜੇ ਐਮ.ਐਸ.ਪੀ. ਨਾ ਹੋਵੇ ਤਾਂ ਸ਼ਾਇਦ ਪੰਜਾਬ ਭੁੱਖਮਰੀ ਦੀ ਲਾਈਨ ਵਿੱਚ ਖੜਾ ਹੋ ਸਕਦਾ ਹੈ । ਇਕ ਵੀ ਮੈਗਾਵਾਟ ਬਿਜਲੀ ਦੇ ਵਿੱਚ ਇਜ਼ਾਫਾ ਨਹੀਂ ਹੋਇਆ । ਡਿਪਟੀ ਸਪੀਕਰ ਸਾਹਿਬ, ਇਸ ਕਿਸਮ ਦੇ ਹਾਲਾਤ ਹਨ । ਡਿਪਟੀ ਸਪੀਕਰ ਸਾਹਿਬ, ਤੁਸੀਂ ਕੋਈ ਵੀ ਕਿਤਾਬ ਚੁੱਕ ਲਵੋ, ਪੰਜਾਬ ਦੇ ਵਿੱਚ ਅੱਜ ਕੋਈ ਵੀ ਇੰਸਟੀਚਿਊਟ ਆਫ ਐਕਸੀਲੈਂਸ ਨਹੀਂ ਹੈ । ਅੱਜ ਚੀਨ ਦੇ ਸਦਰ ਬੰਗਲੌਰ ਦੇ ਦੌਰੇ ਤੇ ਹਨ, ਪੰਜਾਬ ਨਹੀਂ ਆਏ, ਉਨ੍ਹਾਂ ਨੇ ਪੰਜਾਬ ਕਿਸ ਮਕਸਦ ਦੇ ਲਈ ਆਉਣਾ ਹੈ ? ਪੰਜਾਬ ਦੇ ਨਾਲ ਉਨ੍ਹਾਂ ਦਾ ਕੋਈ ਮਕਸਦ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਹਿੰਦੁਸਤਾਨ ਦਾ ਇਕ ਵਾਹਦ ਸੂਬਾ ਹੈ ਜਿਹੜਾ ਆਪਣੇ ਸ਼ਹਿਰੀਆਂ ਦੀ ਪੁਲਿਸਿੰਗ ਵਾਸਤੇ, ਆਪਣੇ ਸ਼ਹਿਰੀਆਂ ਦੀ ਸਿਹਤ ਨਾਲੋਂ ਜ਼ਿਆਦਾ ਪੈਸਾ ਖਰਚ ਕਰਦਾ ਹੈ । ਅੱਜ ਪੰਜਾਬ ਦੀ ਪਰ-ਕੈਪੀਟਾ ਪੁਲਿਸ ਤੇ ਜਿਹੜਾ ਖਰਚਾ ਹੈ ਉਹ 331 ਰੁਪਏ ਹੈ ਅਤੇ ਸਿਹਤ ਤੇ 262 ਰੁਪਏ ਹੈ, ਪੁਲਿਸ ਤੇ 331 ਅਤੇ ਸਿਹਤ ਤੇ 262 ਰੁਪਏ । ਡਿਪਟੀ ਸਪੀਕਰ ਸਾਹਿਬ, ਸਾਡਾ ਹਰਿਆਣਾ ਸੂਬਾ ਹੈ ਉਹ ਪੁਲਿਸ ਤੇ 186 ਰੁਪਏ ਖਰਚ ਕਰਦਾ ਹੈ, ਮਹਾਰਾਸ਼ਟਰ 146 ਕਰਦਾ ਹੈ । ਇਸ ਕਿਸਮ ਦੇ, ਡਿਪਟੀ ਸਪੀਕਰ ਸਾਹਿਬ, ਹਾਲਾਤ ਹਨ ਅਤੇ ਮੈਨੂੰ ਇਸ ਕਿਸਮ ਦੀਆਂ ਗੱਲਾਂ ਕਰਦੇ ਹੋਏ ਸੰਗ ਆਉਂਦੀ ਹੈ । ਮੈਂ ਆਪਣੀ ਜਾਤ ਤੋਂ ਅਤੇ ਈਮਾਨ ਤੋਂ ਉਪਰ ਉਠ ਕੇ ਕਹਿੰਦਾ ਹਾਂ ਜਿਵੇਂ ਕਿ ਬਾਬਾ ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ :

ਸੱਚ ਆਖਾਂ ਤਾਂ ਭਾਂਬੜ ਮੱਚਦਾ ਏ
ਅਤੇ ਝੂਠ ਆਖਾਂ ਤਾਂ ਕੁਝ ਨਹੀਂ ਬਚਦਾ ਏ

ਦੋਵੇਂ ਪਾਸੇ ਹੀ ਪੰਜਾਬ ਦੀ ਹਾਰ ਹੈ । ਭਾਵੇਂ ਇਹ ਕਹਿ ਲੈਣ ਭਾਵੇਂ ਅਸੀਂ ਕਹਿ ਲਈਏ, ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਇਹ ਹਾਲ ਹੈ ਜਿਹੜਾ ਕਿ ਹਿੰਦੁਸਤਾਨ ਦੀ ਹਾਕੀ ਦੀ ਟੀਮ ਦਾ ਹੈ ਕਿਉਂਕਿ ਹਿੰਦੁਸਤਾਨ ਦੀ ਹਾਕੀ ਦੀ ਟੀਮ ਕਿਸੇ ਟੂਰਨਾਮੈਂਟ ਦੇ ਫਾਈਨਲ ਵਿੱਚ ਨਹੀਂ ਆਉਂਦੀ ਫਿਰ ਵੀ ਅਸੀਂ ਅਰਦਾਸਾਂ ਕਰਦੇ ਹਾਂ ਕਿ ਹੇ ਸੱਚੇ ਪਾਤਸ਼ਾਹ ! ਆਸਟਰੇਲੀਆ ਨਿਊਜ਼ੀਲੈਂਡ ਤੋਂ ਹਾਰ ਜਾਵੇ । ਨਿਊਜ਼ੀਲੈਂਡ ਜਰਮਨ ਤੋਂ ਹਾਰ ਜਾਏ ਤਾਂ ਹੋ ਸਕਦਾ ਹੈ ਕਿ ਅਸੀਂ ਸੈਮੀ-ਫਾਈਨਲ ਵਿੱਚ ਸ਼ਾਇਦ ਪੁੱਜ ਜਾਈਏ । ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਬਾਜੀ ਹਾਰ ਚੁੱਕਿਆ ਹੈ, ਇਸ ਦੇ ਵਿੱਚ ਕੋਈ ਸ਼ੱਕ ਨਹੀਂ ਪਰ ਡਿਪਟੀ ਸਪੀਕਰ ਸਾਹਿਬ, ਇੰਨਾ ਜ਼ਰੂਰ ਹੈ ਕਿ ਜਿਹੜੇ ਸੂਬੇ ਸਾਡੇ ਤੋਂ ਅੱਗੇ ਨਿਕਲੇ ਸਨ, ਭਾਵੇਂ ਮਹਾਰਾਸ਼ਟਰ ਸੀ, ਤਾਮਿਲਨਾਡੂ ਸੀ, ਆਂਧਰਾ ਪ੍ਰਦੇਸ਼ ਸੀ, ਉਨ੍ਹਾਂ ਦੀਆਂ ਆਪਣੀਆਂ ਪ੍ਰਾਬਲਮਜ਼ ਖੜ੍ਹੀਆਂ ਹੋ ਗਈਆਂ ਹਨ । ਕਿਤੇ ਨਕਸਲ ਪ੍ਰਾਬਲਮ ਖੜੀ ਹੋ ਗਈ । ਉਨ੍ਹਾਂ ਦੀਆਂ ਜਿਹੜੀਆਂ ਨਵੀਆਂ ਸਰਕਾਰਾਂ ਆਈਆਂ, ਪਹਿਲਾਂ ਭਾਵੇਂ ਜੋ ਪਾਲਿਸੀਆਂ ਬਣੀਆਂ ਸਨ, ਉਹ ਠੀਕ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਸਨ ਪਰ ਲੋਕਾਂ ਨੇ ਉਨ੍ਹਾਂ ਨੂੰ ਤਸਲੀਮ ਨਹੀਂ ਕੀਤਾ, ਉਨ੍ਹਾਂ ਨੇ ਵੀ ਉਹੀ ਪਾਪੂਲਿਸਟ ਫਾਰਮੂਲੇ ਫ਼ਰੀ ਬਿਜਲੀ ਵਗੈਰਾ ਦੇਣੀ ਸ਼ੁਰੂ ਕਰ ਦਿਤੀ। ਡਿਪਟੀ ਸਪੀਕਰ ਸਾਹਿਬ, ਹੋ ਸਕਦਾ ਹੈ ਕਿ ਅੱਜ ਪੰਜਾਬ ਸ਼ਾਇਦ ਜਾਗ ਜਾਏ ਅਤੇ ਹੋ ਸਕਦਾ ਹੈ ਕਿ ਪੰਜਾਬ ਸੈਮੀ ਫਾਈਨਲ ਦਾ ਮੈਚ ਖੇਡ ਸਕੇ। ਡਿਪਟੀ ਸਪੀਕਰ ਸਾਹਿਬ, ਅਸੀਂ ਇੰਨੇ ਤੰਗਦਿਲ ਜਾਂ ਕਮਜ਼ੋਰ ਨਹੀਂ। ਪੰਜਾਬ ਦੇ ਲੀਡਰ ਆਫ਼ ਦਿ ਆਪੋਜ਼ੀਸ਼ਨ ਕਈ ਵੇਰ ਮਤਾਲਵਾ ਵੀ ਕਰ ਚੁੱਕੇ ਹਨ ਕਿ ਜਿੱਥੇ ਪੰਜਾਬ ਦੀ ਬਿਹਤਰੀ ਹੋਵੇ, ਜਿਥੇ ਪੰਜਾਬ ਦਾ ਸਵਾਰਥ ਹੋਵੇ ਉਥੇ ਅਸੀਂ ਹਰ ਮੰਜਿਲ ਤਹਿ ਕਰਨ ਲਈ ਤਿਆਰ ਹਾਂ. ਅਸੀਂ ਹਰ ਬੋਝ ਚੁੱਕਣ ਨੂੰ ਤਿਆਰ ਹਾਂ। ਪੰਜਾਬ ਦੀ ਬਿਹਤਰੀ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹੀ ਕਹਿ ਸਕਦਾ ਹਾਂ ਕਿ ਜਿਹੜਾ ਸੂਬਾ ਖੇਤੀਬਾੜੀ ਵਿੱਚ ਇੰਨਾ ਚੰਗਾ ਹੋਵੇ ਅਤੇ ਉਸ ਦੀ ਹਿਊਮਨ ਰਿਸੋਰਸਿਜ਼ ਇੰਨੀ ਚੰਗੀ ਹੋਵੇ; ਉਹ ਸੂਬਾ ਹਾਰ ਨਹੀਂ ਸਕਦਾ ਪਰ ਸ਼ਰਤ ਇਹ ਹੈ ਕਿ ਜਿਹੜੇ ਲੋਕ ਸੂਬੇ ਨੂੰ ਚਲਾਉਂਦੇ ਹਨ, ਉਹ ਆਪਣੇ ਸਵਾਰਥ ਤੋਂ ਉਪਰ ਉਠ ਕੇ ਆਉਣ। ਜਿਵੇਂ ਸਿਆਣੇ ਕਹਿੰਦੇ ਹਨ ਕਿ ਤੰਦ ਤਾਂ ਚੰਗੀ ਪਰ ਤਾਣੀ ਨਹੀਂ ਚੰਗੀ। ਇਸ ਕਰਕੇ ਕੱਪੜਾ ਚੰਗਾ ਨਹੀਂ ਬਣ ਰਿਹਾ। ਤਾਣੀ ਤਾਂ ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਕਰਨੀ ਹੈ, ਅਸੀਂ ਤਾਂ ਦਿਖਾ ਹੀ ਸਕਦੇ ਹਾਂ। ਡਿਪਟੀ ਸਪੀਕਰ ਸਾਹਿਬ, ਅੱਜ ਇਸ ਹਾਊਸ ਵਿੱਚ ਫਿਰ ਮੈਂ ਇਹੀ ਪੇਸ਼ਕਸ਼ ਕਰਦਾ ਹਾਂ ਕਿ ਪੰਜਾਬ ਦੀ ਇਕਾਨਮੀ ਤੇ ਤੁਸੀਂ ਚਾਹੇ ਆਲ ਪਾਰਟੀ ਮੀਟਿੰਗ ਬੁਲਾ ਲਵੋ ਜਿਵੇਂ ਅਲਾਮਾ ਇਕਬਾਲ ਸਾਹਿਬ, ਡਿਪਟੀ ਸਪੀਕਰ ਸਾਹਿਬ, ਤੁਸੀਂ ਤਾਂ ਉਸ ਦੇ ਸਟੂਡੈਂਟ ਰਹੇ ਹੋ, ਅੱਜ ਮੇਰੇ ਦਿਮਾਗ ਵਿਚੋਂ ਨਿਕਲ ਗਿਆ ਹੈ। ਮੈਂ ਤਾਂ ਇਸ ਸਦਨ ਵਿੱਚ ਇਹੀ ਬੇਨਤੀ ਕਰਨ ਲਈ ਖੜ੍ਹਾ ਹੋਇਆ ਸੀ ਕਿ ਜਾਤ ਤੋਂ ਉਪਰ ਉਠ ਕੇ ਪੰਜਾਬ ਦੇ ਭਲੇ ਲਈ, ਸਾਡੀ ਰਾਏ ਵੀ ਇੱਕਠੀ ਹੋ ਸਕਦੀ ਹੈ, ਸਿਆਸੀ ਰਾਏ ਵਿੱਚ ਭਾਵੇਂ ਕੁਝ ਫਰਕ ਹੋ ਸਕਦਾ ਹੈ, ਪਰ ਪੰਜਾਬ ਦੀ ਜੋ ਮੰਜਲੇ ਮਕਸੂਦ ਹੈ, ਖੁਸ਼ਹਾਲੀ ਅਤੇ ਤਰੱਕੀ ਲਈ, ਅਸੀਂ ਉਨ੍ਹਾਂ ਦੇ ਨਾਲ ਹਾਂ। ਇਕਬਾਲ ਸਾਹਿਬ ਲਿਖਦੇ ਹਨ—

ਇਸ ਸੁਰਖ ਸੂਰਤ ਸੇ ਕਹਿ ਦੇ ਕੋਈ, ਅਪਨੀ ਕਿਰਨੋਂ ਕੋ ਗਿਨ ਗਿਨ ਕੇ ਰੱਖ ਲੇ। ਮੈਂ ਅਪਨੇ ਸਹਿਰਾ ਕੇ ਜ਼ਰੇ ਜ਼ਰੇ ਕੋ ਖੁਦ ਚਮਕਨਾ ਸਿਖਾ ਰਹਾ ਹੂੰ।

ਮੇਰੇ ਇਰਾਦੇ ਕਰੇਂਗੇ ਫਿਤਰਤ ਪੇ ਹੁਕਮਰਾਨੀ, ਜ਼ਰਾ ਫਰਿਸ਼ਤੋਂ ਕੇ ਪਰ ਹੋਂ ਲਰਜ਼ਾ,

ਮੈਂ ਉਸ ਬੁਲੰਦੀ ਪੇ ਜਾ ਰਹਾ ਹੂੰ।

ਪੰਜਾਬ ਨੂੰ ਉਸ ਬੁਲੰਦੀ ਤੇ ਲੈ ਕੇ ਜਾਣਾ ਹੈ ਜਿਥੇ ਫਰਿਸ਼ਤੇ ਵੀ ਨਹੀਂ ਪਹੁੰਚਦੇ। ਜਿਸ ਤਰ੍ਹਾਂ ਹਵਾਈ ਜਹਾਜ਼ ਨੂੰ 3-4 ਮੀਲ ਦੀ ਹਵਾਈ ਪੱਟੀ ਚਾਹੀਦੀ ਹੈ, ਪੰਜਾਬ ਨੂੰ 10 ਸਾਲ ਗੁੱਡ ਗਵਰਨੈਂਸ ਬਹੁਤ ਲਾਜ਼ਮੀ ਹੈ। ਮੈਂ ਤੁਹਾਡੀ ਮਾਰਫਤ ਇਸ ਅਜ਼ੀਮ ਸਦਨ ਦੇ ਸਾਹਮਣੇ ਇਹੀ ਗੁਜ਼ਾਰਿਸ਼ ਕਰਾਂਗਾ ਕਿ ਜਿਹੜੇ ਖਦਸ਼ੇ ਇਸ ਸਦਨ ਦੇ ਵਿੱਚ ਜ਼ਾਹਿਰ ਕੀਤੇ ਹਨ, ਉਨ੍ਹਾਂ ਖਦਸ਼ਿਆਂ ਨੂੰ ਵਿੱਚ ਰਲਾ ਕੇ ਫਿਰ ਇਹ ਗਵਰਨਰ ਐਡਰੈਸ ਪਾਸ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਗਵਰਨਰ ਸਾਹਿਬ ਨੇ ਪੜ੍ਹਿਆ ਹੈ, ਉਸ ਤਰ੍ਹਾਂ

ਇਹ ਪਾਸ ਨਹੀਂ ਹੋਣਾ ਚਾਹੀਦਾ। ਇਨ੍ਹਾਂ ਅਲਫਾਜ਼ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਵਾਰ ਫਿਰ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਬਹੁਤ ਬਹੁਤ ਧੰਨਵਾਦ। (ਵਿਰੋਧੀ ਧਿਰ ਵੱਲੋਂ ਥੰਪਿੰਗ)

**ਸਰਦਾਰ ਜਗਦੀਸ਼ ਸਿੰਘ ਗਰਚਾ (ਕਿਲ੍ਹਾ ਰਾਏਪੁਰ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਹੀ ਰਿਣੀ ਹਾਂ, ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਅਫਸੋਸ ਹੈ ਕਿ ਮੈਂ ਇਸ ਦੇ ਹੱਕ ਵਿੱਚ ਨਹੀਂ ਹਾਂ। ਮੈਂ ਇਸ ਦੇ ਬਰਖਿਲਾਫ ਬੋਲਣ ਲਈ ਖੜ੍ਹਾ ਹੋਇਆ ਹਾਂ। ਇੱਕ ਦਿਨ ਦੀ ਗੱਲ ਹੈ, ਮੈਂ ਇਸੇ ਹੀ ਸਦਨ ਦੇ ਵਿੱਚ ਪੰਜਾਬ ਦੇ ਭਲੇ ਲਈ, ਪੰਜਾਬ ਦੀ ਬਹਿਬੂਦੀ ਲਈ, ਪੰਜਾਬ ਦੇ ਖਜ਼ਾਨੇ ਵਿੱਚ ਜਿਹੜੀ ਲੁੱਟ-ਖਸੁੱਟ ਹੋਈ ਹੈ, ਉਸ ਦੇ ਲਈ ਦੋ ਲਫਜ਼ ਕਹੇ ਸੀ ਕਿ ਲੁਧਿਆਣਾ ਡਿਵੀਜ਼ਨ ਲਈ 20 ਕਰੋੜ ਰੁਪਏ ਦਾ ਵਾਧਾ ਔਰ ਪੰਜਾਬ ਦੇ ਲਈ 150 ਕਰੋੜ ਰੁਪਏ ਦਾ ਵਾਧਾ ਮੈਂ ਕਰ ਸਕਦਾ ਹਾਂ। ਇਹ ਮੈਂ ਗਲਤ ਨਹੀਂ ਸੀ ਕਹੇ। ਜਿਹੜਾ ਕੁਝ ਪੰਜਾਬ ਦੇ ਵਿੱਚ ਹੋਇਆ ਹੈ, ਉਸ ਨੂੰ ਆਧਾਰ ਬਣਾ ਕੇ ਇਹ ਬੇਨਤੀ ਕੀਤੀ ਸੀ ਔਰ ਮੈਂ, ਡਿਪਟੀ ਸਪੀਕਰ ਸਾਹਿਬ, ਇਸ ਸਦਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿੰਨਾ ਵੱਡਾ ਅਨਿਆਂ ਇਸ ਪੰਜਾਬ ਦੇ ਖਜ਼ਾਨੇ ਨਾਲ ਐਕਸਾਈਜ਼ ਡਿਪਾਰਟਮੈਂਟ ਔਰ ਸਮੇਂ ਦੀ ਸਰਕਾਰ ਨੇ ਕੀਤਾ ਹੈ। ਜਦੋਂ ਮੈਂ ਦੱਸਾਂਗਾ ਤਾਂ ਤੁਹਾਡੇ ਵੀ ਰੌਂਗਟੇ ਖੜ੍ਹੇ ਹੋ ਜਾਣਗੇ। ਮੈਂ ਤਾਂ ਨਹੀਂ ਸੀ ਚਾਹੁੰਦਾ ਪਰ ਉਸ ਦਿਨ ਮੁੱਖ ਮੰਤਰੀ ਸਾਹਿਬ ਨੇ ਮੇਰਾ ਨਾਮ ਲੈ ਕੇ, ਮੇਰੇ ਹਿਤੈਸ਼ੀਆਂ ਦਾ ਨਾਮ ਲੈ ਕੇ, ਜਿਨ੍ਹਾਂ ਨੂੰ ਪੁਲਿਸ ਦੀ ਮਦਦ ਨਾਲ, ਪੁਲਿਸ ਦੀਆਂ ਗੋਲੀਆਂ ਨਾਲ ਪਰ੍ਹੇ ਰੱਖਿਆ ਗਿਆ ਅਤੇ ਉਨ੍ਹਾਂ ਦੇ ਬਾਰੇ ਇਹ ਸਭ ਕਿਹਾ ਗਿਆ ਕਿ ਉਹ ਹਾਜ਼ਰ ਹੀ ਨਹੀਂ ਹੋਏ, ਉਨ੍ਹਾਂ ਕੋਲ ਪੈਸੇ ਨਹੀਂ ਸਨ। ਉਹ ਸ਼ਾਇਦ ਜਾਂਦੇ ਤਾਂ ਵੱਧ ਪੈਸੇ ਉਨ੍ਹਾਂ ਨੂੰ ਦੇ ਦਿੰਦੇ ਤਾਂ ਮੈਂ ਉਸ ਦਿਨ ਆਖਿਆ ਸੀ ਕਿ ਮੈਂ ਹੁਣੇ ਲੁਧਿਆਣੇ ਦਾ 20 ਕਰੋੜ ਰੁਪਿਆ ਵੱਧ ਦੇ ਦਿੰਦਾ ਹਾਂ ਅਤੇ ਸਾਰੇ ਪੰਜਾਬ ਦੀ ਜਿਹੜੀ ਹੁਣ ਇਨਕਰੀਜ਼ ਹੋਈ ਹੈ, ਉਹ 24 ਕਰੋੜ ਦੀ ਹੈ। (ਵਿਰੋਧੀ ਧਿਰ ਵੱਲੋਂ ਥੰਪਿੰਗ) ਮੈਂ ਲੁਧਿਆਣੇ ਦੀ 20 ਕਰੋੜ ਕਿਹਾ ਸੀ ਇਸ ਕਰਕੇ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਥਰੂ ਇਸ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2002-03 ਵਿੱਚ ਇਹ ਸਰਕਾਰ ਬਣੀ ਅਤੇ 2002-03 ਵਿੱਚ ਜਿਹੜੀ ਐਕਸਾਈਜ਼ ਦੇ ਠੇਕਿਆਂ ਦੀ ਆਕਸ਼ਨ ਹੋਈ ਸੀ, ਇਨ੍ਹਾਂ ਨੇ ਬੜਾ ਪਾਰਦਰਸ਼ਤਾ ਦਾ ਨਾਅਰਾ ਲਾਇਆ ਸੀ ਔਰ ਬੜਾ ਇਮਾਨਦਾਰੀ ਦਾ ਬੁਰਕਾ ਪਾ ਕੇ ਨਿਕਲੇ ਸੀ ਲੇਕਿਨ ਇੱਕ ਪੌਂਟੀ ਚੱਢਾ, ਜਿਹੜਾ ਯੂ.ਪੀ. ਦਾ ਬਹੁਤ ਵੱਡਾ ਸ਼ਰਾਬ ਮਾਫੀਆ ਦਾ ਸਰਗਨਾ ਸੀ, ਉਸ ਨਾਲ ਅੰਦਰਖਾਤੇ ਗਿਟਮਿਟ ਕਰਕੇ, ਅੰਮ੍ਰਿਤਸਰ, ਜਲੰਧਰ ਅਤੇ ਨਵਾਂ ਸ਼ਹਿਰ ਦੀਆਂ ਮਨਾਪਲੀਆਂ ਦੇ ਦਿੱਤੀਆਂ ਔਰ ਬਾਕੀ ਪਿਛਲੇ ਸਾਲ ਸ਼ਰਾਬ ਦੀ ਇਨਕਰੀਜ਼ 61 ਕਰੋੜ ਰੁਪਏ ਦੀ ਆਈ ਸੀ। ਸ਼ਰਾਬ ਜਿਹੜੀ ਹੈ......

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਇਹ ਜਿਹੜਾ ਪੌਂਟੀ ਚੱਢੇ ਦੇ ਬਾਰੇ ਕਹਿ ਰਹੇ ਹਨ, ਉਨ੍ਹਾਂ ਨੂੰ ਲਿਆਉਣ ਵਾਲੇ ਵੀ ਇਹ ਹੀ ਸਨ ਪਰ ਅੱਜ ਇਹ ਉਸ ਨੂੰ ਕੰਡੈਮ ਕਰ ਰਹੇ ਹਨ, ਮੈਂ ਇਹ ਇਨ੍ਹਾਂ ਨੂੰ ਔਰ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਦਸੂਹੇ ਦੀ ਸ਼ੂਗਰ ਮਿਲ ਸੀ, ਉਹ ਵੀ ਇਨ੍ਹਾਂ ਨੇ ਉਸੇ ਨੂੰ ਵੇਚੀ ਸੀ।

**ਮਾਨਯੋਗ ਡਿਪਟੀ ਸਪੀਕਰ :** ਠੀਕ ਹੈ, ਤੁਹਾਡਾ ਪੁਆਇੰਟ ਆ ਗਿਆ ਹੈ ।

**ਸਰਦਾਰ ਸੁਖਦਰਸ਼ਨ ਸਿੰਘ ਮਰਾੜ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਅਸੀਂ ਉਸ ਨੂੰ ਇੱਕ ਠੇਕਾ ਦਿੱਤਾ, ਤੁਹਾਡੇ ਵਾਂਗ ਸਾਰੇ ਪੰਜਾਬ ਨੂੰ ਲੁਟਾਉਣ ਵਰਗਾ ਕੰਮ ਨਹੀਂ ਕੀਤਾ । ਬੋਲੀ ਦੇ ਕੇ ਕੋਈ ਵੀ ਵਿਅਕਤੀ ਲੈ ਸਕਦਾ ਹੈ, ਤੁਸੀਂ ਤਾਂ ਸਾਰੇ ਪੰਜਾਬ ਨੂੰ ਹੀ ਲੁਟਾ ਦਿੱਤਾ ਹੈ ।

**ਮਾਨਯੋਗ ਡਿਪਟੀ ਸਪੀਕਰ :** ਠੀਕ ਹੈ, ਗਰਚਾ ਜੀ ਤੁਸੀਂ ਕਾਂਟੀਨਿਊ ਕਰੋ ।

**ਸਰਦਾਰ ਜਗਦੀਸ਼ ਸਿੰਘ ਗਰਚਾ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਉਸ ਸਮੇਂ ਦੀ ਗੱਲ ਕਰਦੇ ਹਨ । ਅਖਬਾਰਾਂ ਕਢਵਾ ਕੇ ਵੇਖ ਲੈਣ, ਭਰੀਆਂ ਪਈਆਂ ਹਨ । ਮੈਂ ਉਸ ਸਮੇਂ ਵੀ ਖਿਲਾਫ ਸੀ ਔਰ ਮੈਂ 1997 ਵਿੱਚ ਪਹਿਲੀ ਵਾਰੀ ਆਪਣੇ ਜੀਵਨ ਦੇ ਵਿੱਚ ਇਲੈਕਸ਼ਨ ਲੜਿਆ ਸੀ ਔਰ ਜਿਸ ਦਿਨ ਤੋਂ ਇਲੈਕਸ਼ਨ ਲੜਿਆ ਸੀ ਉਸ ਦਿਨ ਤੋਂ ਹੀ ਸ਼ਰਾਬ ਦਾ ਧੰਦਾ ਛੱਡ ਦਿੱਤਾ ਸੀ ਔਰ ਮੈਂ ਇਹ ਧੰਦਾ ਸੰਨ 1963 ਤੋਂ ਕਰਦਾ ਸੀ ਔਰ ਲਗਾਤਾਰ 1997 ਤੱਕ ਕਰਦਾ ਰਿਹਾ ਹਾਂ । ਇਸ ਲਈ ਮੈਨੂੰ ਇਸ ਧੰਦੇ ਦੇ ਬਾਰੇ ਕਾਫ਼ੀ ਵਾਕਫੀਅਤ ਹੈ, ਕਾਫੀ ਤਜ਼ਰਬਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਪਤਾ ਨਹੀਂ ਕਿ ਅੱਜ ਜੇਕਰ ਇਨ੍ਹਾਂ ਦੇ ਵਿੱਚ, ਸਾਰਿਆਂ ਦੇ ਵਿੱਚ ਕੋਈ ਥੋੜ੍ਹਾ ਬਹੁਤ ਇਨਸਾਨੀਅਤ ਦਾ ਜਜ਼ਬਾ ਹੋਇਆ ਜਾਂ ਦੇਸ਼ ਦੇ ਪ੍ਰਤੀ, ਸੂਬੇ ਦੇ ਪ੍ਰਤੀ ਪਿਆਰ ਹੋਇਆ ਤਾਂ ਇਹ ਅੱਜ ਆਪਣੇ ਆਗੂ ਤੋਂ ਅਸਤੀਫਾ ਮੰਗਣਗੇ । ਹੁਣ ਮੈਂ ਸਾਲ 2002-03 ਦੀ ਗੱਲ ਕਰਨ ਲਗਾ ਹਾਂ......(ਵਿਘਨ)...

**ਮਾਨਯੋਗ ਡਿਪਟੀ ਸਪੀਕਰ :** ਨੋ ਡਿਸਟਰਬੈਂਸ ਪਲੀਜ਼ । ਗਰਚਾ, ਜੀ ਤੁਸੀਂ ਚੇਅਰ ਨੂੰ ਐਡਰੈਸ ਕਰੋ ।

**ਸਰਦਾਰ ਜਗਦੀਸ਼ ਸਿੰਘ ਗਰਚਾ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਾਲ 2002-03, 2003-04 ਦੀ ਗੱਲ ਕਰਦਾ ਹਾਂ ਉਸ ਸਮੇਂ ਇਨ੍ਹਾਂ ਨੇ ਬੁਰਕੇ ਦਾ ਪੱਲਾ ਥੋੜ੍ਹਾ ਜਿਹਾ ਚੁੱਕ ਦਿੱਤਾ ਸੀ । ਥੋੜ੍ਹੀ ਜਿਹੀ ਕੁਰੱਪਸ਼ਨ ਓਪਨ ਹੋ ਗਈ ਸੀ । ਉਸ ਸਮੇਂ ਇਨ੍ਹਾਂ ਨੇ ਤਿੰਨ ਜ਼ਿਲ੍ਹੇ ਨਹੀਂ ਸਗੋਂ 5-6-7 ਜ਼ਿਲ੍ਹੇ ਦੇਣ ਦੀ ਕੋਸ਼ਿਸ਼ ਕੀਤੀ ਸੀ ਲੇਕਿਨ ਉਸ ਵੇਲੇ ਹੁਸ਼ਿਆਰਪੁਰ ਦੇ ਵਿਚ ਝਗੜਾ ਹੋਇਆ, ਲੁਧਿਆਣੇ ਦੇ ਵਿੱਚ ਸਵੇਰੇ 11.00 ਵਜੇ ਬੋਲੀ ਹੋਣੀ ਸੀ ਔਰ 11.00 ਵਜੇ ਤੋਂ ਲੈ ਕੇ ਸ਼ਾਮ ਦੇ 5.00 ਵਜੇ ਤੱਕ ਉਥੇ ਬਹੁਤ ਵੱਡਾ ਮੁਜ਼ਾਹਰਾ ਹੋਇਆ ਔਰ ਅਫ਼ਸਰਾਂ ਦੀਆਂ ਗੱਡੀਆਂ ਦੇ ਅੱਗੇ ਠੇਕੇਦਾਰ ਲੰਮੇ ਪੈ ਗਏ । ਇਥੇ ਸੈਸ਼ਨ ਚਲ ਰਿਹਾ ਸੀ । ਫਿਰ ਸਰਕਾਰ ਨੇ ਗੱਲ ਕੀਤੀ ਕਿ ਲੁਧਿਆਣੇ ਦੀ ਬੋਲੀ ਕਰਵਾ ਦਿਓ, ਫਿਰ ਹੁਸ਼ਿਆਰਪੁਰ ਦਾ ਜਿਹੜਾ ਠੇਕਾ ਸੀ ਉਹ ਪੌਂਟੀ ਚੱਢਾ ਐਂਡ ਕੰਪਨੀ ਅਤੇ ਇਨ੍ਹਾਂ ਦੇ ਕੁਝ ਹਿਤੈਸ਼ੀ, ਜਿਹੜੇ ਕਿ ਅੱਜ ਇੱਥੇ ਬੈਠੇ ਨਹੀਂ ਹਨ, ਉਨ੍ਹਾਂ ਦੀ ਸਾਂਝ ਕਰਵਾ ਕੇ ਉਨ੍ਹਾਂ ਨੂੰ ਦੇ ਦਿੱਤਾ । ਫਿਰ ਲੁਧਿਆਣਾ ਦਾ ਕੇਸ ਹਾਈਕੋਰਟ ਦੇ ਵਿਚ ਚਲਿਆ ਗਿਆ ਔਰ ਨਾਲ ਹੀ ਹੁਸ਼ਿਆਰਪੁਰ ਦਾ ਵੀ ਕੇਸ ਹਾਈਕੋਰਟ ਵਿਚ ਚਲਿਆ ਗਿਆ । ਫਿਰ ਹਾਈ ਕੋਰਟ ਨੇ ਇਨ੍ਹਾਂ ਜ਼ਿਲ੍ਹਿਆਂ ਦੀ ਬੋਲੀ ਰੱਦ ਕਰ ਦਿੱਤੀ । ਰੱਦ ਕਿਸ ਹਾਲਾਤ ਵਿੱਚ ਕੀਤੀ । ਸਾਰੀ ਸਟੇਟ ਵਿਚੋਂ

23 ਕਰੋੜ ਰੁਪਿਆ ਇਨ੍ਹਾਂ ਨੇ ਰੈਵੇਨਿਊ ਦਾ ਲਿਆ ਜਦ ਕਿ ਪਹਿਲੇ ਸਮੇਂ ਵਿਚ ਕੇਵਲ ਹੁਸ਼ਿਆਰਪੁਰ, ਨਵਾਂ ਸ਼ਹਿਰ ਔਰ ਲੁਧਿਆਣਾ ਵਿੱਚੋਂ ਹੀ 26 ਕਰੋੜ ਰੁਪਿਆ ਠੇਕੇਦਾਰ ਸਰਕਾਰੀ ਖਜ਼ਾਨੇ ਵਿੱਚ ਦਿੰਦੇ ਸਨ ।

**ਡਾਕਟਰ ਰਮੇਸ਼ ਦੱਤ ਸ਼ਰਮਾ** : ਪੁਆਇੰਟ ਆਫ਼ ਆਰਡਰ, ਮਾਨਯੋਗ ਡਿਪਟੀ ਸਪੀਕਰ ਸਾਹਿਬ । ਆਪਾਂ ਗਵਰਨਰ ਐਡਰੈਸ ਦੇ ਥੈਂਕਸ ਵਿਚ ਬੋਲ ਰਹੇ ਹਾਂ ਕਿ ਸ਼ਰਾਬ ਦੇ ਮਤੇ ਤੇ ਬੋਲ ਰਹੇ ਹਾਂ । ਸ਼ਰਾਬ ਦੇ ਕੰਮ ਤੋਂ ਬਗੈਰ ਕੋਈ ਹੋਰ ਕੰਮ ਕਰਨ ਦੇਣ ਕਿ ਸ਼ਰਾਬ ਤੇ ਹੀ ਬਹਿਸ ਹੋਵੇਗੀ । (ਸ਼ੋਰ)

**ਸਰਦਾਰ ਜਗਦੀਸ਼ ਸਿੰਘ ਗਰਚਾ** : ਸਭ ਤੋਂ ਵੱਡਾ ਡਾਕਾ ਸ਼ਰਾਬ ਦੇ ਕੰਮ ਤੇ ਪਿਆ ਹੈ । ਸਭ ਤੋਂ ਵੱਡੀ ਲੁੱਟ ਉਥੇ ਹੋਈ ਹੈ । ਮੈਂ ਦੱਸਦਾ ਹਾਂ ਕਿ 1500 ਕਰੋੜ ਰੁਪਏ ਦੀ ਲੁੱਟ ਹੋਈ ਹੈ ਜੇ ਉਸ ਤੇ ਨਹੀਂ ਬੋਲ ਸਕਦੇ ਤਾਂ ਕਿਸ ਤੇ ਬੋਲਾਂਗੇ । (ਸ਼ੋਰ) ਮੈਂ ਗੱਲ ਕਰਦਾ ਸੀ ਕਿ ਸਰਕਾਰ ਨੇ 26 ਕਰੋੜ ਵੱਧ ਨਹੀ ਲਿਆ । ਸਰਕਾਰ ਸੁਪਰੀਮ ਕੋਰਟ ਚਲੀ ਗਈ ਕਿ ਸਾਨੂੰ ਵੱਧ ਨਹੀਂ ਚਾਹੀਦਾ । ਜਿਨ੍ਹਾਂ ਨੇ ਸਾਡੀਆਂ ਜੇਬਾਂ ਭਰੀਆਂ ਹਨ, ਮੇਜ਼ਾਂ ਥੱਲੋਂ ਜਿਹੜਾ ਪੈਸਾ ਲਿਆ ਹੈ, 9 ਮਹੀਨੇ ਕੇਸ ਚਲਦਾ ਰਿਹਾ, ਉਸ ਤੇ ਤਾਮੀਲ ਨਹੀਂ ਹੋਣ ਦਿਤੀ । 9 ਮਹੀਨੇ ਬਾਅਦ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫੈਸਲੇ ਤੇ ਮੋਹਰ ਲਾਈ ।

**ਸਥਾਨਕ ਸਰਕਾਰ, ਕਿਰਤ ਤੇ ਰੁਜ਼ਗਾਰ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ** (ਬੈਠੇ ਬੈਠੇ) : ਇਨ੍ਹਾਂ ਦੀ ਕੋਈ ਪਰਸਨਲ ਗਰੱਜ ਲਗਦੀ ਹੈ । (ਸ਼ੋਰ)

**MR. DEPUTY SPEAKER** : Please, No disturbance.

**ਸਰਦਾਰ ਜਗਦੀਸ਼ ਸਿੰਘ ਗਰਚਾ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜੀ ਬੋਲੀ ਪਹਿਲਾਂ ਕਰਵਾਈ ਸੀ, ਪਹਿਲਾਂ 5% ਸਕਿਉਰਟੀ ਮੌਕੇ ਤੇ ਦਿਤੀ ਜਾਂਦੀ ਸੀ ਲੇਕਿਨ ਇਨ੍ਹਾਂ ਦੀ ਕੈਬਨਿਟ ਨੇ ਪਾਸ ਕਰ ਦਿੱਤਾ ਕਿ 40% ਸਕਿਉਰਟੀ ਦਿਓ ਤਾਂ ਬੋਲੀ ਜਾਵੇਗੀ । ਇਹ ਮੈਂ ਰਿਕਾਰਡ ਦੀ ਗੱਲ ਕਰਦਾ ਹਾਂ । ਇਥੇ ਇਨ੍ਹਾਂ ਦੇ ਵਜ਼ੀਰ ਸਾਹਿਬ ਬੈਠੇ ਹਨ । ਜੇ ਮੈਂ ਝੂਠ ਬੋਲਦਾ ਹੋਵਾਂ ਤਾਂ ਦੱਸ ਦੇਣ । ਡਿਪਟੀ ਸਪੀਕਰ ਸਾਹਿਬ, 40% ਸਕਿਉਰਟੀ ਕਰ ਦਿਤੀ ।

**ਸਥਾਨਕ ਸਰਕਾਰ, ਕਿਰਤ ਤੇ ਰੁਜ਼ਗਾਰ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ** (ਬੈਠੇ ਬੈਠੇ) : ਇਹ ਦੇ ਨਹੀਂ ਸਕੇ, ਰੌਲਾ ਇਸ ਗੱਲ ਦਾ ਹੈ ।

**ਸਰਦਾਰ ਜਗਦੀਸ਼ ਸਿੰਘ ਗਰਚਾ** : ਜਿਸ ਦਿਨ ਬੋਲੀ ਹੋਈ, ਉਸ ਦਿਨ ਸੰਜੀਵ ਭੰਡਾਰੀ ਨੂੰ ਅਗਵਾ ਕਰ ਲਿਆ । ਉਸ ਨੂੰ ਸ਼ਾਮਲ ਨਹੀਂ ਹੋਣ ਦਿਤਾ । 18 ਕਰੋੜ ਰੁਪਏ ਘਾਟੇ ਤੇ ਬੋਲੀ ਦੇ ਦਿੱਤੀ । ਸੁਪਰੀਮ ਕੋਰਟ ਦੇ ਹੁਕਮਾਂ ਵਿਚ ਦਰਜ ਹੈ ਕਿ ਜੇ ਬੋਲੀ ਘੱਟ ਹੋਵੇ ਤਾਂ ਸਿਟਿੰਗ ਨੂੰ ਹੀ ਦਿੱਤੀ ਜਾਵੇ ਤਾਂ ਕਿ ਗੌਰਮਿੰਟ ਨੂੰ ਨਵੇਂ ਪੈਸੇ ਦਾ ਨੁਕਸਾਨ ਨਾ ਹੋਵੇ ਲੇਕਿਨ ਇਥੇ ਸੁਪਰੀਮ ਕੋਰਟ ਦੇ ਆਰਡਰ ਦੀਆਂ ਧੱਜੀਆਂ ਉਡਾਈਆਂ ਗਈਆਂ । ਸੰਜੀਵ ਭੰਡਾਰੀ ਨੂੰ ਅਗਵਾ ਕਰਕੇ ਹਾਜ਼ਰ ਨਹੀਂ ਹੋਣ ਦਿਤਾ , ਛੇ ਕਰੋੜ ਰੁਪਿਆ ਉਸ ਦਾ ਜ਼ਬਤ ਕਰਨ ਦੀ ਕੋਸ਼ਿਸ਼ ਕੀਤੀ । ਉਸ ਸਮੇਂ ਦੇ ਫਾਇਨਾਂਸ ਸੈਕਟਰੀ

[ਸਰਦਾਰ ਜਗਦੀਸ਼ ਸਿੰਘ ਗਰਚਾ]

ਲਖਨਪਾਲ ਨੇ ਕਿਹਾ ਇਹ ਸੁਪਰੀਮ ਕੋਰਟ ਦੇ ਵਿਰੁੱਧ ਗੱਲ ਹੈ । ਇਹ ਮਿੰਟਸ ਵਿਚ ਲਿਖਿਆ ਹੋਇਆ ਹੈ । ਉਨ੍ਹਾਂ ਨੇ ਵਿਰੋਧ ਕੀਤਾ ਕਿ ਇਹ ਗੱਲ ਨਹੀਂ ਹੋ ਸਕਦੀ । ਇਹ ਸੁਪਰੀਮ ਕੋਰਟ ਦੇ ਆਰਡਰ ਮੁਤਾਬਿਕ ਨਹੀਂ ਹੈ । ਉਸ ਸਮੇਂ ਦਾ ਐਕਸਾਈਜ਼ ਦਾ ਵੱਡਾ ਅਫ਼ਸਰ ਜਿਸ ਨੇ ਹੇਰਾ ਫੇਰੀ ਕੀਤੀ । ਮੈਂ ਨਾਂ ਨਹੀਂ ਲੈਂਦਾ ** ** (ਹਾਸਾ) (ਸ਼ੋਰ) ।

**ਸਥਾਨਕ ਸਰਕਾਰ ਕਿਰਤ ਤੇ ਰੋਜ਼ਗਾਰ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ** : ਜਿਨ੍ਹਾਂ ਦਾ ਇਹ ਜ਼ਿਕਰ ਕਰ ਰਹੇ ਹਨ ਉਹ ਹਾਊਸ ਵਿਚ ਜਵਾਬ ਨਹੀਂ ਦੇ ਸਕਦੇ, ਉਨ੍ਹਾਂ ਦਾ ਇਹ ਨਾਂ ਨਹੀਂ ਲੈ ਸਕਦੇ ।

**ਮਾਨਯੋਗ ਡਿਪਟੀ ਸਪੀਕਰ** : ਇਹ ਨਾਂ ਐਕਸਪੰਜ ਕਰ ਦਿਓ ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ (ਬੈਠੇ ਬੈਠੇ)** : ਲੈ ਸਕਦੇ ਹਨ । ਕਿਉਂ ਨਹੀਂ ਲੈ ਸਕਦੇ । ਕਿਹੜੀ ਕਿਤਾਬ ਵਿਚ ਲਿਖਿਆ ਹੈ ਕਿ ਲੈ ਨਹੀਂ ਸਕਦੇ । ਠੀਕ ਹੈ, ਠੀਕ ਹੈ, ਤੂੰ ਬੋਲ । (ਸ਼ੋਰ)

**ਸਰਦਾਰ ਜਗਦੀਸ਼ ਸਿੰਘ ਗਰਚਾ** : ਉਹ ਕਿਹੜਾ ਜੇਠ ਲਗਦਾ ਹੈ । (ਹਾਸਾ) (ਸ਼ੋਰ)

ਡਿਪਟੀ ਸਪੀਕਰ ਸਾਹਿਬ, ਉਸ ਸਮੇਂ ਜਦੋਂ 18 ਕਰੋੜ ਰੁਪਿਆ ਪੰਜਾਬ ਦੇ ਖਜ਼ਾਨੇ ਦੇ ਵਿਚੋਂ ਆਇਆ ਹੋਇਆ ਕੱਢ ਕੇ ਉਸ ਦੀ ਜੇਬ ਵਿਚ ਪਾਇਆ ਤਾਂ ਮੈਨੂੰ ਬੜਾ ਦੁੱਖ ਹੋਇਆ । 23 ਕਰੋੜ ਰੁਪਏ ਦੀ ਜਗ੍ਹਾ ਸਿਰਫ 5 ਕਰੋੜ ਰੁਪਏ ਇਨਕਰੀਜ਼ ਰਹਿ ਗਈ । 18 ਕਰੋੜ ਰੁਪਿਆ ਵਾਪਸ ਕਰ ਦਿੱਤਾ । ਇਹ ਇਨ੍ਹਾਂ ਦੇ ਕਾਰਨਾਮੇ ਹਨ......

(**ਕੁਝ ਆਵਾਜ਼ਾਂ** : ਕਾਲੇ ਕਾਰਨਾਮੇ ਕਹੋ ।)

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਗੱਲ ਕਰਦਾ ਹਾਂ, ਦੋ ਸਾਲਾਂ ਦੀ । ਪਹਿਲਾਂ ਪਹਿਲੇ ਦੋ ਸਾਲ ਦੀ ਗੱਲ ਕੀਤੀ ਹੈ । ਹੁਣ ਗੱਲ ਕਰਦਾ ਹਾਂ ਸਾਲ 2004 ਔਰ 2005 ਦੀ ।

**ਮਾਨਯੋਗ ਡਿਪਟੀ ਸਪੀਕਰ** : ਗਰਚਾ ਜੀ, ਇੱਕ ਮਿੰਟ । Sardar Gurzant Singh is on a Point of Order.

**ਸਰਦਾਰ ਗੁਰਜੰਟ ਸਿੰਘ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਹੀ ਕਾਬਲ ਸਾਥੀ ਨੇ ਅਤੇ ਬਹੁਤ ਹੀ ਪੜ੍ਹੇ-ਲਿਖੇ ਸਾਥੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਬਜਟ ਉਪਰ ਬੋਲਦਿਆਂ ਹੋਇਆਂ ਇਹ ਕਿਹਾ ਸੀ ਕਿ ਜੇਕਰ ਮੈਂਬਰਾਂ ਨੂੰ ਬੁਲਾਉਣਾ ਹੁੰਦਾ ਹੈ

**Expunged as ordered by the Chair.

ਤਾਂ ਰੂਲਿੰਗ ਪਾਰਟੀ ਵਾਲੇ ਸਿਖਾ ਕੇ ਲਿਆਇਆ ਕਰਨ ਕਿਉਂਕਿ ਅਜ਼ੀਮ ਸਦਨ ਦਾ ਸਮਾਂ ਵਿਅਰਥ ਜਾਂਦਾ ਹੈ । ਹੁਣ 21 ਮਿੰਟ ਹੋ ਗਏ ਹਨ, ਸਿਵਾਏ ਸ਼ਰਾਬ ਵੇਚਣ ਦੇ ਹੋਰ ਕੋਈ ਗੱਲ ਨਹੀਂ ਕਹੀ । ਜਦੋਂ ਕਿ ਰਾਜਪਾਲ ਜੀ ਦੇ ਭਾਸ਼ਣ ਤੇ ਗੱਲ ਹੋ ਰਹੀ ਹੈ।... (ਵਿਘਨ, ਸ਼ੋਰ)

**MR. DEPUTY SPEAKER :** You, Please take your seat. Alright.

**ਸਰਦਾਰ ਜਗਦੀਸ਼ ਸਿੰਘ ਗਰਚਾ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਅਸਲ ਗੱਲ ਤੇ ਤਾਂ ਮੈਂ ਹੁਣ ਬੋਲਾਂਗਾ । (ਆਪੋਜ਼ੀਸ਼ਨ ਪਾਰਟੀ ਵਲੋਂ ਥੰਪਿੰਗ) ਹੁਣ ਤੱਕ ਤਾਂ ਸਿਰਫ ਖਿਆਲੀ ਪੁਲਾਓ ਹੀ ਸਨ । ਹੁਣ ਇਨ੍ਹਾਂ ਦੀ ਅਸਲ ਗੱਲ ਦੇ ਬਾਰੇ ਮੈਂ ਦੱਸਣ ਲੱਗਾ ਹਾਂ । ਜੇ ਇਨ੍ਹਾਂ ਨੂੰ ਤਕਲੀਫ ਹੈ ਤਾਂ ਮੈਂ ਸ਼ਾਰਟ ਕੱਟ ਕਰ ਦਿੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਜਿਹੜੀ ਸ਼ਰਾਬ ਦੇਸੀ ਹੁੰਦੀ ਹੈ, ਉਸ ਦਾ ਇੱਕ ਸਾਲ ਦਾ ਕੋਟਾ 12 ਕਰੋੜ 26 ਲੱਖ 66 ਹਜ਼ਾਰ 666 ਬੋਤਲਾਂ ਸੀ ।

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਇੱਕ ਮਿੰਟ ਬੈਠ ਜਾਓ । ਨਾਭਾ ਸਾਹਿਬ ਬੋਲਣ ਲੱਗੇ ਹਨ ।

**ਸਰਦਾਰ ਰਣਦੀਪ ਸਿੰਘ ਨਾਭਾ :** ** **

**MR. DEPUTY SPEAKER :** Please take your seat. No Point of Order.

**ਸਰਦਾਰ ਜਗਦੀਸ਼ ਸਿੰਘ ਗਰਚਾ :** ਹੁਣ ਮੈਂ ਅਸਲ ਗੱਲ ਤੇ ਆਉਂਦਾ ਹਾਂ । ਅਸਲੀ ਘਪਲੇ ਬਾਰੇ ਦੱਸਦਾ ਹਾਂ । 3 ਕਰੋੜ 55 ਲੱਖ 55 ਹਜ਼ਾਰ 555 ਬੋਤਲਾਂ ਅੰਗਰੇਜ਼ੀ ਸ਼ਰਾਬ ਦਾ ਕੋਟਾ ਹੈ । 1 ਕਰੋੜ 53 ਲੱਖ ਬੋਤਲਾਂ ਬੀਅਰ ਦਾ ਕੋਟਾ ਹੈ । ਇਹ ਦੋਨੋਂ ਰਲਾ ਕੇ ਜਿਹੜੀ ਸ਼ਰਾਬ ਤੇ ਬੀਅਰ ਵਿਕਦੀ ਹੈ, ਉਹ 1 ਕਰੋੜ 53 ਲੱਖ ਬੋਤਲਾਂ ਵਿਕਦੀ ਹੈ... ..

(ਕੁਝ ਆਵਾਜ਼ਾਂ : ਗਲਤ ਹੋ ਗਿਆ ਹੈ, ਗਲਤ ਹੋ ਗਿਆ ਹੈ ।) (ਵਿਘਨ, ਸ਼ੋਰ)

**ਸਰਦਾਰ ਜਗਦੀਸ਼ ਸਿੰਘ ਗਰਚਾ :** ਗਲਤ ਨਹੀਂ ਹੁੰਦਾ ।

**ਮਾਨਯੋਗ ਡਿਪਟੀ ਸਪੀਕਰ :** ਗਰਚਾ ਜੀ, ਹੁਣ ਜ਼ਰਾ ਸ਼ਰਾਬ ਤੋਂ ਬਾਹਰ ਆ ਜਾਓ । (ਹਾਸਾ)

**ਸਰਦਾਰ ਜਗਦੀਸ਼ ਸਿੰਘ ਗਰਚਾ :** ਹਰ ਸਾਲ ਪੰਜ ਤੋਂ ਦਸ ਪਰਸੈਂਟ ਸ਼ਰਾਬ ਦਾ ਕੋਟਾ ਵਧਦਾ ਹੈ । ਜਦੋਂ ਸ਼ਰਾਬ ਦੀ ਪਾਲਿਸੀ ਬਣੀ ਹੋਵੇ, ਉਦੋਂ ਵਧਦਾ ਹੈ । ਪਰ

---

**Expunged as ordered by the Chair.

[ਸਰਦਾਰ ਜਗਦੀਸ਼ ਸਿੰਘ ਗਰਚਾ]

ਤਿੰਨ ਸਾਲ ਹੋ ਗਏ ਹਨ, ਉਹੀ ਕੋਟਾ ਹੈ। ਪਿਛਲੇ ਸਾਲ ਵੀ ਇੰਨਾ ਹੀ ਕੋਟਾ ਬੋਤਲਾਂ ਦਾ ਸੀ। ਉਸ ਤੋਂ ਪਿਛਲੇ ਸਾਲ ਵੀ ਇੰਨੀਆਂ ਹੀ ਬੋਤਲਾਂ ਸੀ। ਜਿਹੜਾ ਪਹਿਲਾ ਸਾਲ ਸੀ, ਉਸ ਸਮੇਂ ਵਧੀਆਂ ਸਨ। ਲੇਕਿਨ ਇਸ ਦਾ ਕੋਟਾ ਨਾ ਵਧਾਉਣ ਦੇ ਵਿਚ ਕਿੰਨਾ ਨੁਕਸਾਨ ਸਾਡੇ ਖਜ਼ਾਨੇ ਦਾ ਕੀਤਾ ਗਿਆ ਹੈ। 5% ਤੋਂ 10% ਵਾਧਾ ਹੁੰਦਾ ਹੈ। ਚਲੋ, ਮੈਂ 5% ਤੋਂ 10% ਤੱਕ ਨਹੀਂ ਲੈਂਦਾ। ਇਸ ਦਾ 4% ਹੀ ਲੈ ਲੈਂਦਾ ਹਾਂ। 4% ਦੇ ਹਿਸਾਬ ਨਾਲ ਪਹਿਲੇ ਸਾਲ ਕੋਟਾ ਤਕਰੀਬਨ 1 ਕਰੋੜ ਬੋਤਲ ਬਣਦੀ ਹੈ। ਜਿਹੜਾ ਇੰਸੀਡੈਂਸ ਹੋਇਆ ਹੈ, ਖਜ਼ਾਨੇ ਦੇ ਵਿਚ ਜਮ੍ਹਾਂ ਹੁੰਦਾ ਹੈ 95 ਰੁਪਏ ਪਰ ਬੋਤਲ। ਪਿਛਲੇ ਸਾਲ ਵੀ 95/- ਰੁਪਏ ਪਰ ਬੋਤਲ ਸੀ, ਐਤਕੀਂ ਵੀ 94-95/- ਰੁਪਏ ਦੇ ਦਰਮਿਆਨ ਹੈ। ਇਨ੍ਹਾਂ ਨੇ 95/- ਰੁਪਏ ਪਰ ਬੋਤਲ ਦਾ ਨੁਕਸਾਨ ਕਰ ਦਿੱਤਾ। ਇਸ ਤਰ੍ਹਾਂ ਖਜ਼ਾਨੇ ਨੂੰ ਚੂਨਾ ਲਾਇਆ ਗਿਆ ਹੈ। 95 ਕਰੋੜ ਰੁਪਏ ਦਾ ਚੂਨਾ ਲੱਗਿਆ ਹੈ।

ਅੰਗਰੇਜ਼ੀ ਸ਼ਰਾਬ ਦਾ ਜਿਹੜਾ ਰੇਟ ਰਿਹਾ ਉਸ ਮੁਤਾਬਿਕ 145 ਕਰੋੜ ਰੁਪਿਆ ਬਣਦਾ ਹੈ ਜਦ ਕਿ ਇਸ ਦਾ ਟੋਟਲ 240 ਕਰੋੜ ਰੁਪਿਆ ਆਉਣਾ ਸੀ। ਇਸ ਕੋਟੇ ਵਿੱਚ ਵਾਧਾ ਨਹੀਂ ਕੀਤਾ ਪਰ ਇਸ ਵਿਚ ਇਨ੍ਹਾਂ ਨੇ ਉਸ ਦਾ ਫਾਇਦਾ 240 ਕਰੋੜ ਰੁਪਏ ਦਾ ਕੀਤਾ। ਇਹ ਇਨ੍ਹਾਂ ਨੇ ਪਿਛਲੇ 3 ਸਾਲਾਂ ਵਿਚ ਕੀਤਾ। ਪਹਿਲੇ ਦੋ ਸਾਲਾਂ ਵਿਚ ਇਨ੍ਹਾਂ ਨੇ ਦੇਸੀ ਸ਼ਰਾਬ ਦੇ ਰੇਟਸ 90/- ਰੁਪਏ ਪਰ ਬੋਤਲ ਕਿਹਾ ਸੀ ਪਰ ਪਿਛਲੇ ਸਾਲ ਇਨ੍ਹਾਂ ਨੇ ਇਸ ਵਿਚ ਵਾਧਾ ਕਰਕੇ 120/- ਰੁਪਏ ਬੋਤਲ ਕਰ ਦਿੱਤਾ ਅਤੇ ਅੰਗਰੇਜ਼ੀ ਸ਼ਰਾਬ ਵਿਚ ਪਹਿਲੇ 160/- ਰੁਪਏ ਰੇਟ ਸੀ ਜਿਸ ਵਿਚ ਵਾਧਾ ਕਰਕੇ ਇਨ੍ਹਾਂ ਨੇ 210/- ਰੁਪਏ ਕਰ ਦਿੱਤਾ। ਇਸ ਤਰ੍ਹਾਂ ਵਾਧਾ ਕਰਕੇ ਇਨ੍ਹਾਂ ਨੇ ਪਬਲਿਕ ਦੀ ਜੇਬ ਵਿਚੋਂ ਫਾਲਤੂ ਪੈਸਾ ਲਿਆ। ਇਕ ਸਾਲ ਵਿਚ 12 ਕਰੋੜ 26 ਲੱਖ 66 ਹਜ਼ਾਰ 666 ਬੋਤਲ ਦੇਸੀ ਸ਼ਰਾਬ ਦਾ ਕੋਟਾ ਸੀ ਅਤੇ ਇਸ ਵਿਚ ਪਬਲਿਕ ਦੀ ਜੇਬ ਵਿਚੋਂ 368 ਕਰੋੜ ਰੁਪਿਆ ਜ਼ਿਆਦਾ ਕੱਢਿਆ ਗਿਆ ਔਰ ਅੰਗਰੇਜ਼ੀ ਸ਼ਰਾਬ ਵਿੱਚ 2004-05 ਵਿਚ 3 ਕਰੋੜ, 55 ਲੱਖ, 55 ਹਜ਼ਾਰ, 555 ਬੋਤਲਾਂ 50 ਰੁਪਏ ਦੇ ਹਿਸਾਬ ਨਾਲ 178 ਕਰੋੜ ਰੁਪਏ ਵਾਧੂ ਪਬਲਿਕ ਤੋਂ ਲਿਆ।

**ਸਰਦਾਰ ਮਲਕੀਅਤ ਸਿੰਘ ਦਾਖਾ** : ਪੁਆਇੰਟ ਆਫ਼ ਆਰਡਰ, ਡਿਪਟੀ ਸਪੀਕਰ ਸਾਹਿਬ ** ** **

**MR. DEPUTY SPEAKER** : No Point of Order, please. Take your seat.

**ਸਰਦਾਰ ਜਗਦੀਸ਼ ਸਿੰਘ ਗਰਚਾ** : ਮਾਨਯੋਗ ਡਿਪਟੀ ਸਪੀਕਰ ਸਾਹਿਬ, 178 ਕਰੋੜ ਰੁਪਏ ਵਾਧੂ ਪਬਲਿਕ ਤੋਂ ਲਏ। ਪਿਛਲੇ ਸਾਲ ਬੀਅਰ ਤੇ 25/- ਰੁਪਏ ਪਰ ਬੋਤਲ ਦਾ ਰੇਟ ਲਿਆ। ਇਹ 1 ਕਰੋੜ 53 ਲੱਖ ਬੋਤਲਾਂ × 25 ਦੇ ਹਿਸਾਬ ਨਾਲ 38 ਕਰੋੜ ਜ਼ਿਆਦਾ ਪਬਲਿਕ ਤੋਂ ਲਿਆ। ਇਸ ਤਰ੍ਹਾਂ ਟੋਟਲ 584 ਕਰੋੜ ਰੁਪਿਆ

**Expunged as ordered by the Chair.

ਬਣਦਾ ਹੈ ਪਰ ਇਸ ਵਿਚੋਂ ਸਰਕਾਰ ਦੇ ਖਜ਼ਾਨੇ ਵਿੱਚ ਸਿਰਫ 23 ਕਰੋੜ ਰੁਪਿਆ ਹੀ ਆਇਆ ਜਦ ਕਿ ਬੋਤਲਾਂ ਉਤਨੀਆਂ ਹੀ ਸਨ, 12,26,66,666 ਬੋਤਲਾਂ ਹੀ ਸਨ। 40/- ਰੁਪਏ ਪਰ ਬੋਤਲ ਪੈਸਾ ਜੇਬ ਵਿਚ ਪਾਇਆ। ਬੀਅਰ ਵਿਚ ਇਹ ਰੇਟ 38/- ਦਾ 38/- ਹੀ ਰਿਹਾ। ਇਸ ਵਿਚ ਵਾਧਾ ਨਹੀਂ ਕੀਤਾ ਗਿਆ। ਮਾਨਯੋਗ ਡਿਪਟੀ ਸਪੀਕਰ ਸਾਹਿਬ, 758 ਕਰੋੜ ਰੁਪਏ ਦਾ ਜਿਹੜਾ ਮੁਨਾਫਾ ਹੋਇਆ, ਇਹ ਠੇਕੇਦਾਰਾਂ ਦੀ ਮਨਾਪਲੀ ਕਰਕੇ ਉਨ੍ਹਾਂ ਨੂੰ ਹੋਇਆ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ (ਸ਼੍ਰੀ ਅਸ਼ਵਨੀ ਸੇਖੜੀ)** : ਪੁਆਇੰਟ ਆਫ ਆਰਡਰ, ਸਰ। ਮੇਰੇ ਦੋਸਤ ਮਨਪ੍ਰੀਤ ਸਿੰਘ ਬਾਦਲ ਕਾਫੀ ਸਮਾਂ ਇਥੇ ਬੋਲਦੇ ਹੋਏ ਸਰਕਾਰ ਨੂੰ ਕਨਵਿੰਸ ਕਰਨ ਦੀ ਕੋਸ਼ਿਸ਼ ਕਰਦੇ ਰਹੇ ਅਤੇ 40-45 ਮਿੰਟਾਂ ਵਿਚ ਕਿਹਾ ਕਿ ਪੰਜਾਬ ਦੀ ਇਕਾਨਮੀ ਬੜੀ ਖਰਾਬ ਹੈ ਪਰ ਇਹ ਦੋਸਤ ਜ਼ੋਰ ਲਗਾ ਕੇ ਦਸ ਰਹੇ ਹਨ ਪੰਜਾਬ ਵਿਚ ਪੈਸਾ ਬੜਾ ਹੈ, ਫੇਰ ਪੰਜਾਬ ਦਾ ਪੈਸਾ ਗਿਆ ਕਿਥੇ। ਫੇਰ ਪੰਜਾਬ ਗਰੀਬ ਨਹੀਂ ਹੋ ਸਕਦਾ।

**ਸਰਦਾਰ ਜਗਦੀਸ਼ ਸਿੰਘ ਗਰਚਾ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਪੈਸਾ ਕਿਥੇ ਗਿਆ ਇਹ ਮੈਂ ਇਨ੍ਹਾਂ ਨੂੰ ਦੋ ਮਿੰਟਾਂ ਵਿਚ ਸਮਝਾ ਦਿੰਦਾ ਹਾਂ। ਪਿਛਲੇ ਦੋ ਸਾਲਾਂ ਵਿਚ 1582 ਕਰੋੜ ਰੁਪਏ ਬਣਦੇ ਸਨ ਪਰ ਦੁਖ ਹੈ ਕਿ ਸਰਕਾਰ ਦੇ ਖਜ਼ਾਨੇ ਵਿਚ ਕਿੰਨਾ ਪੈਸਾ ਆਇਆ। ਉਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਪਿਛਲੇ ਦੋ ਸਾਲਾਂ ਵਿੱਚ ਇਸ ਵਿਚੋਂ ਕੇਵਲ 47 ਕਰੋੜ ਰੁਪਿਆ ਹੀ ਆਇਆ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ)

**MR. DEPUTY SPEAKER** : Time is over. The Houses tands adjourned till 10.00 A.M. on Tuesday, the 12th April, 2005.

*6.30 P.M.

(The Sabha then* adjourned till 10.00 A.M. on Tuesday, the 12th April, 2005.)

ਪੰਜਾਬ ਸਰਕਾਰ ਪ੍ਰੈਸ, ਮੁਹਾਲੀ—5332/305 ਕਾਪੀਆਂ

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕੀਤੀ ਗਈ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਦੁਆਰਾ ਸਰਕਾਰੀ ਪ੍ਰੈਸ, ਮੁਹਾਲੀ ਤੋਂ ਛਪਵਾਈ ਗਈ ।

# PUNJAB VIDHAN SABHA

## DEBATES

*Tuesday, the 12th April, 2005*

Vol. IX-No. 13

OFFICIAL REPORT

CONTENTS



**Punjab Vidhan Sabha Secretariat, Chandigarh.**

# PUNJAB VIDHAN SABHA

*Tuesday, the 12th April, 2005.*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 10-00 A. M. Mr. Speaker (Doctor Kewal Krishan) in the Chair.*

----------------

## POSTPONED STARRED QUESTIONS AND ANSWERS

**Mr. Speaker :** Postponed Questions.

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1038

**Mr. Speaker :** Extension has been sought for this question which I have granted. Next question.

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੇਰੀ ਅਰਜ਼ ਸੁਣੋ ਜੀ । ਇਹ ਪਹਿਲਾਂ ਹੀ ਪੋਸਟਪੋਨਡ ਕੁਐਸਚਨ ਹੈ । ਇਸ ਲਈ ਫਿਰ ਐਕਸਟੈਂਸ਼ਨ ਮੰਗੀ ਗਈ ਹੈ,ਇਹ ਬੜਾ ਅਨਫੇਅਰ ਹੈ। ਕਿਹੜੀ ਐਸੀ ਇਨਫਰਮੇਸ਼ਨ ਹੈ, ਜਿਹੜੀ ਮਹਿਕਮਾ ਦੇ ਨਹੀਂ ਸਕਿਆ। ਇਹ ਪੋਸਟਪੋਨਡ ਕੁਐਸਚਨ 20 ਦਿਨਾਂ ਦੇ ਬਾਅਦ ਅੱਜ ਆ ਰਿਹਾ ਹੈ । ਇਸ ਦੀ ਫਿਰ ਐਕਸਟੈਂਸ਼ਨ ਹੋ ਜਾਵੇ, this is very unfair.

**Mr.Speaker :** I am sorry to observe that further extension has been sought. The Government should reply within this Session.

**Sardar Bir Devinder Singh** : O.K.

**Mr. Speaker** : All right, next Question. Sardar Tota Singh .

--------

## ਬੀ. ਐੱਡ. ਕਾਲਜ ਖੋਲ੍ਹਣੇ

*1099 ਸਰਦਾਰ ਤੋਤਾ ਸਿੰਘ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ -

(ੳ) ਰਾਜ ਵਿਚ 31 ਮਾਰਚ, 2002 ਤੋਂ ਪਹਿਲਾਂ ਚੱਲ ਰਹੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਬੀ.ਐੱਡ. ਕਾਲਜਾਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿਚ ਬੀ.ਐੱਡ. ਕੋਰਸ ਲਈ ਸੀਟਾਂ ਦੀ ਗਿਣਤੀ ਕਿੰਨੀ ਹੈ ;

(ਅ) ਪਹਿਲੀ ਅਪ੍ਰੈਲ, 2002 ਤੋਂ 31 ਦਸੰਬਰ, 2004 ਤੱਕ ਦੇ ਸਮੇਂ ਦੌਰਾਨ ਖੋਲ੍ਹੇ ਗਏ ਨਵੇਂ ਬੀ.ਐੱਡ. ਕਾਲਜਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਲਈ ਕੀ ਕਸੌਟੀ ਅਪਨਾਈ ਗਈ ਅਤੇ ਇਨ੍ਹਾਂ ਵਿਚ ਦਾਖਲੇ ਲੈਣ ਲਈ ਮੰਨਜ਼ੂਰਸ਼ੁਦਾ ਸੀਟਾਂ ਦੀ ਗਿਣਤੀ ਕਿੰਨੀ ਕਿੰਨੀ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : (ੳ) ਅਤੇ (ਅ) ਲੋੜੀਂਦੀ ਸੂਚਨਾ ਅਨੁਲੱਗ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

### ਅਨੁਲੱਗ

(ੳ) ਰਾਜ ਵਿੱਚ 31 ਮਾਰਚ, 2002 ਤੋਂ ਪਹਿਲਾਂ ਚਲ ਰਹੇ ਸਰਕਾਰੀ ਅਤੇ ਮਾਨਤਾ-ਪ੍ਰਾਪਤ ਬੀ. ਐੱਡ. ਕਾਲਜਾਂ ਦੀ ਵੱਖ ਵੱਖ ਗਿਣਤੀ ਅਤੇ ਉਨ੍ਹਾਂ ਵਿੱਚ ਬੀ. ਐੱਡ. ਕੋਰਸ ਲਈ ਸੀਟਾਂ ਦੀ ਗਿਣਤੀ ਹੇਠ ਅਨੁਸਾਰ ਹੈ:-

| ਲੜੀ ਨੰ: | ਕਾਲਜਾਂ ਦੀ ਕੈਟਾਗਰੀ | ਕਾਲਜਾਂ ਦੀ ਗਿਣਤੀ | ਸੀਟਾਂ |
|---|---|---|---|
| 1. | ਸਰਕਾਰੀ ਬੀ.ਐੱਡ.ਕਾਲਜ | 3 | 520 |
| 2. | ਮਾਨਤਾ ਪ੍ਰਾਪਤ ਬੀ.ਐੱਡ.ਕਾਲਜ | 20 | 3,350 |

(ਅ) 1 ਅਪ੍ਰੈਲ, 2002 ਤੋਂ 31 ਦਸੰਬਰ, 2004 ਤੱਕ ਦੇ ਸਮੇਂ ਦੌਰਾਨ ਖੋਲ੍ਹੇ ਗਏ ਨਵੇਂ ਬੀ.ਐੱਡ.ਕਾਲਜਾਂ ਦੀ ਗਿਣਤੀ ਅਤੇ ਉਨ੍ਹਾਂ ਵਿਚ ਮੰਨਜ਼ੂਰ-ਸ਼ੁਦਾ ਸੀਟਾਂ ਦੀ ਗਿਣਤੀ ਹੇਠ ਅਨੁਸਾਰ ਹੈ:-

| ਲੜੀ ਨੰ: | ਕਾਲਜਾਂ ਦੀ ਕੈਟਾਗਰੀ | ਕਾਲਜਾਂ ਦੀ ਗਿਣਤੀ | ਸੀਟਾਂ |
|---|---|---|---|
| 1. | ਸਰਕਾਰੀ ਬੀ.ਐੱਡ.ਕਾਲਜ .. | ਨਿਲ | ਨਿਲ |
| 2. | ਮਾਨਤਾ ਪ੍ਰਾਪਤ ਬੀ.ਐੱਡ.ਕਾਲਜ .. | 14 | 1,400 |

ਜਿਥੋਂ ਤੱਕ ਉਪਰੋਕਤ ਦਰਸਾਏ ਨਵੇਂ ਮਾਨਤਾ -ਪ੍ਰਾਪਤ ਬੀ.ਐੱਡ. ਕਾਲਜ ਖੋਲ੍ਹਣ ਲਈ ਅਪਣਾਈ ਗਈ ਕਸੌਟੀ ਦਾ ਸਵਾਲ ਹੈ, ਇਹ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (N.C.T.E.) ਅਤੇ ਸਬੰਧਤ ਸਬੰਧੀਕਰਨ (Affiliation) ਵਾਲੀ ਯੂਨੀਵਰਸਿਟੀ ਦੇ ਨਾਰਮਜ਼ ਅਤੇ ਸਟੈਂਡਰਡਜ਼ (Norms and Standards) ਨੂੰ ਮੁੱਖ ਰੱਖਦਿਆਂ ਹੋਇਆਂ ਖੋਲ੍ਹੇ ਗਏ ਸਨ

ਇਥੇ ਇਹ ਵੀ ਦਸੱਣਯੋਗ ਹੈ ਕਿ ਨਵਾਂ ਬੀ. ਐੱਡ. ਕਾਲਜ ਖੋਲ੍ਹਣ ਲਈ ਸਬੰਧਤ ਸੰਸਥਾ/ਟਰਸਟ ਨੇ ਰਾਜ ਸਰਕਾਰ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨਾ ਹੁੰਦਾ ਹੈ । ਸਬੰਧਤ ਸੰਸਥਾ/ਟਰਸਟ ਨੂੰ ਐਫੀਲੀਏਸ਼ਨ ਅਤੇ ਸੀਟਾਂ ਦੀ ਅਲਾਟਮੈਂਟ ਲਈ ਸਬੰਧਤ ਯੂਨੀਵਰਸਿਟੀ ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ ਨੂੰ ਵੀ ਅਪਲਾਈ ਕਰਨਾ ਪੈਂਦਾ ਹੈ । ਕਾਲਜ ਵਿਖੇ ਦਾਖਲੇ ਕਰਨ ਲਈ ਐਨ.ਸੀ.ਟੀ.ਈ. ਦੀ ਪ੍ਰਵਾਨਗੀ,ਸਬੰਧਤ ਯੂਨੀਵਰਸਿਟੀ ਵੱਲੋਂ ਐਫੀਲੀਏਸ਼ਨ ਅਤੇ ਪੰਜਾਬ ਸਰਕਾਰ ਦੀ ਨੋਟੀਫੀਕੇਸ਼ਨ ਦਾ ਜਾਰੀ ਹੋਣਾ ਜ਼ਰੂਰੀ ਹੈ ।

**ਸਰਦਾਰ ਤੋਤਾ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਉਪ ਮੁੱਖ ਮੰਤਰੀ,ਬੀਬੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ 31 ਮਾਰਚ,2002 ਤੋਂ ਪਹਿਲਾਂ ਪੰਜਾਬ ਵਿਚ ਸਰਕਾਰੀ ਬੀ.ਐੱਡ.ਕਾਲਜਾਂ ਦੀ ਗਿਣਤੀ 3 ਤੇ ਮਾਨਤਾ ਪ੍ਰਾਪਤ ਬੀ. ਐੱਡ. ਕਾਲਜਾਂ ਦੀ ਗਿਣਤੀ 20 ਹੈ । ਸਰਕਾਰੀ

[ਸਰਦਾਰ ਤੋਤਾ ਸਿੰਘ]

ਬੀ. ਐੱਡ. ਕੋਰਸਾਂ ਲਈ ਸੀਟਾਂ ਦੀ ਗਿਣਤੀ 520 ਹੈ ਤੇ ਮਾਨਤਾ ਪ੍ਰਾਪਤ ਬੀ.ਐੱਡ. ਕਾਲਜਾਂ ਵਿਚ ਸੀਟਾਂ ਦੀ ਗਿਣਤੀ 3,350 ਹੈ । ਇਸ ਤਰ੍ਹਾਂ ਇਹ ਟੋਟਲ 3,870 ਸੀਟਾਂ ਬਣਦੀਆਂ ਹਨ । ਸਪੀਕਰ ਸਾਹਿਬ, ਪੰਜਾਬ ਵਿਚ ਪਹਿਲਾਂ ਹੀ ਬੀ. ਐੱਡ. ਸੀਟਾਂ ਦੀ ਏਨੀ ਗਿਣਤੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਕਤ ਪੰਜਾਬ ਵਿਚ ਬੀ.ਐੱਡ. ਕਰਕੇ ਵਿਹਲਿਆਂ ਨੌਜਵਾਨਾਂ ਦੀ ਗਿਣਤੀ ਕਿੰਨੀ ਹੈ ?

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ ,ਇਨ੍ਹਾਂ ਦੀ ਗੱਲ ਦਾ ਇਸ ਸਵਾਲ ਦੇ ਨਾਲ ਕੋਈ ਤਾਅਲੁੱਕ ਨਹੀਂ ਹੈ । ਇਨ੍ਹਾਂ ਨੇ ਜੋ ਸਵਾਲ ਕੀਤਾ ਹੈ ਉਸ ਵਿਚ ਸਿਰਫ ਇਨ੍ਹਾਂ ਨੇ ਰਾਜ ਵਿਚ ਸਰਕਾਰੀ ਅਤੇ ਮਾਨਤਾ ਪ੍ਰਾਪਤ ਬੀ.ਐੱਡ.ਕਾਲਜਾਂ ਦੀ ਗਿਣਤੀ ਅਤੇ ਉਨ੍ਹਾਂ ਵਿਚ ਸੀਟਾਂ ਦੀ ਗਿਣਤੀ ਪੁੱਛੀ ਹੈ ਅਤੇ ਨਵੇਂ ਖੁੱਲ੍ਹੇ ਕਾਲਜਾਂ ਬਾਰੇ ਪੁੱਛਿਆ ਹੈ। ਮੈਂ ਫਿਰ ਵੀ ਇਹ ਗੱਲ ਕਹਿਣਾ ਚਾਹੁੰਦੀ ਹਾਂ ਕਿ ਗਿਣਤੀ ਹਰ ਪਾਸੇ ਹੋਣੀ ਹੈ । ਇਹ ਵੀ ਨਹੀਂ ਕਿਹਾ.ਜਾ ਸਕਦਾ ਕਿ ਪੜ੍ਹਨ ਵਾਲਿਆਂ ਦੀ ਗਿਣਤੀ ਹੁਣ ਕੀ ਹੈ । ਜੇ ਅਸੀਂ ਨਵੇਂ ਕਾਲਜ ਨਾ ਖੋਲ੍ਹੀਏ ਤਾਂ ਵੀ ਕੋਈ ਗੱਲ ਠੀਕ ਨਹੀਂ । ਅਸੀਂ ਬਿਦਰ ਵਰਗਾ ਇੰਸੀਡੈਂਟ ਇਥੇ ਨਹੀਂ ਦੁਹਰਾਉਣਾ ਚਾਹੁੰਦੇ । ਜੇ ਕੋਈ ਪੰਜਾਬ ਵਿਚ ਪੈਸਾ ਲਗਾ ਕੇ ਇੰਸਟੀਚਿਊਟ ਖੋਲ੍ਹਣਾ ਚਾਹੁੰਦਾ ਹੈ ਤਾਂ ਮੈਂ ਸਮਝਦੀ ਹਾਂ ਕਿ ਉਸ ਨੂੰ ਐਨਕਰੇਜ ਕਰਨਾ ਚਾਹੀਦਾ ਹੈ । ਡਿਸਕਰੇਜ ਨਹੀਂ ਕਰਨਾ ਚਾਹੀਦਾ ।

**ਸਰਦਾਰ ਤੋਤਾ ਸਿੰਘ :** ਸਪੀਕਰ ਸਾਹਿਬ, ਬੀਬੀ ਜੀ ਨੇ ਕਿਹਾ ਹੈ ਕਿ 14 ਨਵੇਂ ਕਾਲਜਾਂ ਨੂੰ ਨੋ ਆਬਜੈਕਸ਼ਨ ਸਰਟੀਫਿਕੇਟ ਦਿੱਤੇ ਹਨ । 14 ਕਾਲਜਾਂ ਨੂੰ ਨਵੀਆਂ ਸੀਟਾਂ ਦੇ ਦਿੱਤੀਆਂ ਹਨ । ਮੈਂ ਪੁਛੱਣਾ ਚਾਹੁੰਦਾ ਹਾਂ ਕਿ ਇਸ ਦੀ ਕੀ ਲੋੜ ਹੈ ਜਦ ਕਿ ਪਹਿਲਾਂ ਹੀ ਪੰਜਾਬ ਵਿਚ 1 ਲੱਖ ਤੋਂ ਉਤੇ ਬੇਰੁਜ਼ਗਾਰ ਬੱਚੇ ਬੀ. ਐੱਡ. ਕਰਕੇ ਫਿਰਦੇ ਹਨ ?

**ਉਪ ਮੁੱਖ ਮੰਤਰੀ :** ਮੈਂ ਕਿਹਾ ਹੈ ਕਿ ਸਾਨੂੰ ਐਨਕਰੇਜ ਜ਼ਰੂਰ ਕਰਨਾ ਚਾਹੀਦਾ ਹੈ ।

**ਸਰਦਾਰ ਤੋਤਾ ਸਿੰਘ:** ਸਪੀਕਰ ਸਾਹਿਬ, ਮੈਨੂੰ ਰਿਟਨ ਜਵਾਬ ਆਇਆ ਹੈ ।

**ਉਪ ਮੁੱਖ ਮੰਤਰੀ:** ਮੈਂ ਕਿਹਾ ਹੈ ਕਿ 14 ਮਾਨਤਾ ਪ੍ਰਾਪਤ ਬੀ. ਐੱਡ. ਕਾਲਜਾਂ ਦੀ ਗਿਣਤੀ ਹੈ ਜਿਨ੍ਹਾਂ ਵਿਚ 1,400 ਸੀਟਾਂ ਹਨ । ਜਦੋਂ ਵੀ ਕਿਸੇ ਥਾਂ ਤੇ

ਕੋਈ ਕਾਲਜ ਖੁਲ੍ਹਦਾ ਹੈ ਤਾਂ ਉਸ ਵਾਸਤੇ ਪੂਰਾ ਪ੍ਰੋਸੀਜਰ ਬਣਿਆ ਹੋਇਆ ਹੈ । ਉਸਨੂੰ ਸਬੰਧਤ ਯੂਨੀਵਰਸਿਟੀ ਤੇ ਐਨ.ਸੀ.ਟੀ.ਈ. ਸੀਟਾਂ ਦਿੰਦੇ ਹਨ । ਇਕ ਕਾਲਜ ਵਿਚ 100 ਸੀਟਾਂ ਦਾ ਯੂਨਿਟ ਬਣਿਆ ਹੁੰਦਾ ਹੈ ਜਿਹੜੀਆਂ ਉਸ ਕਾਲਜ ਨੂੰ ਸਟਾਰਟਿੰਗ ਵਿਚ ਦਿੱਤੀਆਂ ਜਾਂਦੀਆਂ ਹਨ । ਉਸ ਕਾਲਜ ਦੀ ਪਰਫਾਰਮੈਂਸ ਅੱਛੀ ਹੋਣ ਤੇ, ਉਸਦੀ ਰਿਕੁਆਇਰਮੈਂਟ ਨੂੰ ਦੇਖਦੇ ਹੋਏ ਯੂਨੀਵਰਸਿਟੀ ਅਤੇ ਐਨ.ਸੀ.ਟੀ.ਈ. ਦੁਆਰਾ ਸੀਟਾਂ ਵਧਾਈਆਂ ਜਾਂਦੀਆਂ ਹਨ । ਜੇ ਨਾਰਮਜ਼ ਪੂਰੇ ਨਾ ਹੁੰਦੇ ਹੋਣ, ਇਨਫਰਾਸਟ੍ਰਕਚਰ ਪੂਰਾ ਨਾ ਹੋਵੇ ਤਾਂ ਯੂਨੀਵਰਸਿਟੀ ਤੇ ਐਨ.ਸੀ.ਟੀ.ਈ. ਸੀਟਾਂ ਘਟਾ ਵੀ ਸਕਦੀ ਹੈ । ਟਾਈਮ ਟੂ ਟਾਈਮ ਅਤੇ ਇੰਸਟੀਚਿਊਸ਼ਨ ਟੂ ਇੰਸਟੀਚਿਊਸ਼ਨ ਇਹ ਗੱਲਾਂ ਹੁੰਦੀਆਂ ਰਹਿੰਦੀਆਂ ਹਨ । ਇਹ ਸਾਰਾ ਕੁਝ ਡਿਮਾਂਡ ਤੇ ਵੀ ਡਿਪੈਂਡ ਕਰਦਾ ਹੈ । ਹੁਣ ਸਾਡੇ ਕੋਲ 138 ਐਪਲੀਕੇਸ਼ਨਾਂ ਆਈਆਂ ਹਨ । ਇਨ੍ਹਾਂ ਦੇ ਸਮੇਂ ਵਿਚ ਜਿਹੜੀਆਂ ਆਈਆਂ ਸਨ ਪਿਛਲੇ ਸਾਲਾਂ ਵਿਚ, ਚਲੋ ਮੈਂ ਇਨ੍ਹਾਂ ਦੇ ਸਮੇਂ ਦੀ ਗਲ ਨਹੀਂ ਕਰਦੀ, ਪਿੱਛੇ ਜਿਹੜੀਆਂ ਐਪਲੀਕੇਸ਼ਨਾਂ ਆਈਆਂ ਸਨ, ਟਾਈਮ ਟੂ ਟਾਈਮ ਅਵੇਅਰਨੈਸ ਆਉਣ ਨਾਲ ਇਸ ਤਰ੍ਹਾਂ ਦੀ ਡਿਮਾਂਡ ਵਧਦੀ ਜਾਂਦੀ ਹੈ । ਅਸੀਂ ਆਪ ਹੈਰਾਨ ਹਾਂ ਕਿ ਪਹਿਲਾਂ ਜਿਹੜੀਆਂ ਐਪਲੀਕੇਸ਼ਨਾਂ 30 ਤੋਂ 50 ਦੀ ਗਿਣਤੀ ਵਿਚ ਆਉਂਦੀਆਂ ਸਨ, ਹੁਣ 138 ਐਪਲੀਕੇਸ਼ਨਾਂ ਆਈਆਂ ਹਨ । ਅਸੀਂ ਇਨ੍ਹਾਂ ਨੂੰ ਕਿਸ ਤਰ੍ਹਾਂ ਰਿਜੈਕਟ ਕਰ ਸਕਦੇ ਹਾਂ ? ਇਹ ਜ਼ਰੂਰੀ ਹੈ ।

**ਸਰਦਾਰ ਤੋਤਾ ਸਿੰਘ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹਾਇਰ ਐਜੂਕੇਸ਼ਨ ਦੇ ਸੈਕ੍ਰੇਟਰੀ ਨੇ ਵਿਚਾਰ ਦਿੱਤਾ ਸੀ ਕਿ ਇਨ੍ਹਾਂ ਨੂੰ ਖੋਲ੍ਹਣ ਦੀ ਕੋਈ ਲੋੜ ਨਹੀਂ ?

**ਉਪ ਮੁੱਖ ਮੰਤਰੀ :** ਮਿਤੀ 22.1.2004 ਨੂੰ ਜਦੋਂ ਇਹ ਐਪਲੀਕੇਸ਼ਨਾਂ ਆਈਆਂ ਤਾਂ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਥੱਲੇ ਇਕ ਮੀਟਿੰਗ ਹੋਈ। ਉਸ ਮੀਟਿੰਗ ਵਿਚ ਚੀਫ ਸੈਕ੍ਰੇਟਰੀ,ਸਾਰੇ ਵਾਇਸ ਚਾਂਸਲਰਜ਼ ਤੇ ਰਜਿਸਟਰਾਰਜ਼ ਇਸ ਗੱਲ ਬਾਰੇ ਵਿਚਾਰ ਕਰਨ ਵਾਸਤੇ ਬੁਲਾਏ ਗਏ । ਇਸ ਤਰ੍ਹਾਂ ਦੀ ਡਿਮਾਂਡ ਨੂੰ ਦੇਖਦੇ ਹੋਏ ਮੁੱਖ ਮੰਤਰੀ ਜੀ ਨੇ 2 ਕਮੇਟੀਆਂ ਬਣਾ ਦਿੱਤੀਆਂ। ਇਕ ਚੀਫ ਸੈਕ੍ਰੇਟਰੀ ਦੇ ਹੈੱਡ ਥੱਲੇ ਤੇ ਦੂਜੀ ਸਕੂਲ ਐਜੂਕੇਸ਼ਨ ਦੇ ਪ੍ਰਿੰਸੀਪਲ ਸੈਕ੍ਰੇਟਰੀ, ਹਾਇਰ ਐਜੂਕੇਸ਼ਨ ਦੇ ਪ੍ਰਿੰਸੀਪਲ ਸੈਕ੍ਰੇਟਰੀ ਅਤੇ ਡੀ.ਪੀ.ਆਈ.ਕਾਲੇਜਿਜ਼ ਦੀ ਸਕਰੀਨਿੰਗ ਕਮੇਟੀ ਬਣਾਈ ਗਈ । ਚੀਫ ਸੈਕ੍ਰੇਟਰੀ ਵਾਲੀ ਕਮੇਟੀ ਨੇ ਆਪਣੀ ਰਾਏ ਦਿੱਤੀ ਕਿ ਇਸ ਰੁਝਾਨ ਨੂੰ ਅਨਨਸੈਸੇਰਿਲੀ ਡਿਸਕਰੇਜ ਨਹੀਂ ਕਰਨਾ ਚਾਹੀਦਾ । ਜੇ ਕੋਈ ਇਸਟੀਚਿਊਸ਼ਨ

[ਉਪ ਮੁੱਖ ਮੰਤਰੀ]
ਆਪਣਾ ਪੈਸਾ ਲਾ ਕੇ ਕਾਲਜ ਖੋਲ੍ਹਣਾ ਚਾਹੁੰਦਾ ਹੈ, ਜਿਵੇਂ ਅਸੀਂ ਪੰਜਾਬ ਵਿਚ ਇੰਡਸਟਰੀ ਨੂੰ ਵੀ ਐਨਕਰੇਜ ਕਰ ਰਹੇ ਹਾਂ, ਤਾਂ ਸਾਨੂੰ ਰੋੜਾ ਨਹੀਂ ਅਟਕਾਉਣਾ ਚਾਹੀਦਾ। ਜੇ ਬੱਚੇ ਪੜ੍ਹਨਾ ਚਾਹੁੰਦੇ ਹਨ, ਇਸ ਪਾਸੇ ਜਾਣਾ ਚਾਹੁੰਦੇ ਹਨ ਤਾਂ ਸਾਨੂੰ ਐਨਕਰੇਜ ਕਰਨਾ ਚਾਹੀਦਾ ਹੈ। ਕੋਈ ਇਹੋ ਜਿਹੀ ਰਾਏ ਕਿਸੇ ਪਾਸਿਉਂ ਡੀ.ਪੀ.ਆਈ. ਦੀ ਨਹੀਂ ਆਈ।

**ਸਰਦਾਰ ਤੋਤਾ ਸਿੰਘ** : ਸਰ, ਮੈਂ ਸੈਕ੍ਰੇਟਰੀ ਹਾਇਰ ਐਜੂਕੇਸ਼ਨ ਬਾਰੇ ਪੁੱਛਿਆ ਹੈ।

**ਉਪ ਮੁੱਖ ਮੰਤਰੀ** : ਉਹ ਤਾਂ ਇਸ ਦੇ ਮੈਂਬਰ ਹੀ ਨਹੀਂ।

**ਮਾਨਯੋਗ ਸਪੀਕਰ** : ਅਗਲਾ ਸਵਾਲ।

---------

**ਨਿਸ਼ਾਨ ਵਾਲੇ ਪ੍ਰਸ਼ਨ ਨੰ : 1120, 1194 ਅਤੇ 1230**

**ਮਾਨਯੋਗ ਸਪੀਕਰ** : ਇਨ੍ਹਾਂ ਪ੍ਰਸ਼ਨਾਂ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

--------------

## STARRED QUESTIONS AND ANSWERS

### ਸਹਾਇਤਾ ਪ੍ਰਾਪਤ ਸਕੂਲਾਂ ਵਿਚ ਭਰਤੀ ਤੇ ਰੋਕ

***1196. ਚੌਧਰੀ ਬਲਬੀਰ ਸਿੰਘ ਮਿਆਣੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਰਾਜ ਵਿਚ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ

ਭਰਤੀ ਤੇ ਲੱਗੀ ਰੋਕ ਹਟਾਉਣ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਹ ਰੋਕ ਕਿੰਨੇ ਸਮੇਂ ਦੇ ਅੰਦਰ-ਅੰਦਰ ਹਟਾਏ ਜਾਣ ਦੀ ਸੰਭਾਵਨਾ ਹੈ ;

(ਅ) ਕੀ ਸਰਕਾਰ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚ ਕੰਮ ਕਰ ਰਹੇ ਅਮਲੇ ਨੂੰ ਪੈਨਸ਼ਨ ਦੇਣ ਦਾ ਵਿਚਾਰ ਰੱਖਦੀ ਹੈ ?

**ਸ਼੍ਰੀ ਹਰਨਾਮ ਦਾਸ ਜੌਹਰ :** (ੳ) ਨਹੀਂ ਜੀ ।

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚ ਕੰਮ ਕਰ ਰਹੇ ਅਮਲੇ ਲਈ ਇਕ ਨਵੀਂ ਸਕੀਮ ਤਿਆਰ ਕੀਤੀ ਜਾ ਰਹੀ ਹੈ ।

**ਚੌਧਰੀ ਬਲਬੀਰ ਸਿੰਘ ਮਿਆਣੀ :** ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ । ਇਸ ਦੇ ਵਾਸਤੇ ਬਕਾਇਦਾ ਇਕ ਮੀਟਿੰਗ ਵੀ ਹੋਈ ਹੈ ਪਰ ਉਨ੍ਹਾਂ ਸਕੂਲਾਂ ਵਿਚ ਤਾਂ ਅੱਗੇ ਹੀ ਅਧਿਆਪਕ ਘੱਟ ਹਨ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਨੂੰ ਕੋਈ ਪੋਸਟਾਂ ਦੇਣ ਲਈ ਤਿਆਰ ਹਨ ? ਇਸ ਤੋਂ ਇਲਾਵਾ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਪਹਿਲਾਂ ਕਿੰਨੀ ਪੈਨਸ਼ਨ ਮਿਲਦੀ ਸੀ ਅਤੇ ਹੁਣ ਕਿੰਨੀ ਪੈਨਸ਼ਨ ਦੇਣ ਦਾ ਇਨ੍ਹਾਂ ਦਾ ਵਿਚਾਰ ਹੈ ?

**ਮੰਤਰੀ :** ਇਹ ਚੀਜ਼ ਹਾਲੇ ਅੰਡਰ ਕਨਸਿਡਰੇਸ਼ਨ ਹੈ, ਮਤਲਬ ਹਾਲੇ ਇਸ ਨੂੰ ਅਸੀਂ ਕਨਸਿਡਰ ਕਰ ਰਹੇ ਹਾਂ । ਇਹ ਪੈਨਸ਼ਨ ਕਦ ਤੋਂ ਦਿਆਂਗੇ, it will only be known when the decision is taken finally.

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਪੈਨਸ਼ਨ ਦੇਣ ਬਾਰੇ ਵਿਚਾਰ ਕਰ ਰਹੇ ਹਾਂ । ਇਹ ਪੈਨਸ਼ਨ 1987 ਤੋਂ ਲਾਗੂ ਸੀ ਲੇਕਿਨ ਜੂਨ, 2003 ਤੋਂ ਬੰਦ ਹੈ । ਇਨ੍ਹਾਂ ਨੇ ਜੋ ਵਿਚਾਰ ਕਰਨਾ ਹੈ ਉਹ ਕਰ ਲੈਣ ਲੇਕਿਨ ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਉਨ੍ਹਾਂ ਨੂੰ ਸਾਰੀ ਬਕਾਇਆ ਪੈਨਸ਼ਨ ਵੀ ਦੇ ਦਿੱਤੀ ਜਾਵੇਗੀ ?

**ਮੰਤਰੀ** : ਬਕਾਇਆ ਪੈਨਸ਼ਨ ਦੇ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ । ਵੈਸੇ ਜਿਹੜੀ ਪੈਨਸ਼ਨ ਹੁਣ ਤੱਕ ਨਹੀਂ ਦਿੱਤੀ ਗਈ, ਉਹ ਅੱਗੇ ਨੂੰ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ।

---------

## ਦਸ਼ਮੇਸ਼ ਅਕਾਦਮੀ, ਅਨੰਦਪੁਰ ਸਾਹਿਬ ਦੇ ਟ੍ਰਸੱਟੀ

***1249. ਡਾਕਟਰ ਰਮੇਸ਼ ਦੱਤ ਸ਼ਰਮਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਸ਼ਮੇਸ਼ ਅਕਾਦਮੀ, ਅਨੰਦਪੁਰ ਸਾਹਿਬ ਨੂੰ ਚਲਾ ਰਹੇ ਟਰੱਸਟੀਆਂ ਅਤੇ ਟਰੱਸਟ ਦੇ ਨਾਂ ਕੀ-ਕੀ ਹਨ ?

**ਸ਼੍ਰੀ ਹਰਨਾਮ ਦਾਸ ਜੌਹਰ** : ਸ੍ਰੀ ਦਸ਼ਮੇਸ਼ ਅਕਾਦਮੀ, ਅਨੰਦਪੁਰ ਸਾਹਿਬ ਨੂੰ ਚਲਾ ਰਹੇ ਟਰੱਸਟ ਦਾ ਨਾਮ "ਸ੍ਰੀ ਦਸ਼ਮੇਸ਼ ਅਕਾਦਮੀ ਟਰੱਸਟ" ਹੈ । ਇਸ ਟਰੱਸਟ ਨੂੰ ਚਲਾ ਰਹੇ ਟਰੱਸਟੀਆਂ ਦੇ ਨਾਮ ਅਨੁਲੱਗ 'ੳ' ਤੇ ਰੱਖੇ ਜਾਂਦੇ ਹਨ ।

### ਅਨੁਲੱਗ 'ੳ'

### ਸ੍ਰੀ ਦਸ਼ਮੇਸ਼ ਅਕਾਦਮੀ, ਅਨੰਦਪੁਰ ਸਾਹਿਬ ਦੇ ਟਰੱਸਟੀਆਂ ਦੀ ਲਿਸਟ

| | | |
|---|---|---|
| 1. | ਸ੍ਰ. ਪ੍ਰਕਾਸ਼ ਸਿੰਘ ਬਾਦਲ | ਚੇਅਰਮੈਨ |
| 2. | ਸ੍ਰ. ਸੁਰਜੀਤ ਸਿੰਘ ਰੱਖੜਾ, ਐਮ.ਐਲ.ਏ. | ਵਾਈਸ ਚੇਅਰਮੈਨ |
| 3. | ਸ੍ਰ. ਮਨਪ੍ਰੀਤ ਸਿੰਘ ਬਾਦਲ, ਐਮ.ਐਲ.ਏ. | ਟਰੱਸਟੀ |
| 4. | ਗਰੁੱਪ ਕੈਪਟਨ ਏ.ਜੇ.ਐਸ. ਗਰੇਵਾਲ(ਰਿਟਾ:)ਐਫ.ਆਰ.ਸੀ.ਐਸ. | ਟਰੱਸਟੀ |
| 5. | ਡਾ. ਜਸਬੀਰ ਸਿੰਘ ਆਹਲੂਵਾਲੀਆ | ਟਰੱਸਟੀ |
| 6. | ਮਿਸਜ਼ ਸਤਵਿੰਦਰ ਕੌਰ ਧਾਲੀਵਾਲ (ਐਕਸ ਐਮ.ਪੀ.) | ਟਰੱਸਟੀ |
| 7. | ਸ੍ਰ. ਰਵੀਇੰਦਰ ਸਿੰਘ (ਐਕਸ ਐਮ.ਐਲ.ਏ.) | ਟਰੱਸਟੀ |
| 8. | ਮੇਜਰ ਜਨਰਲ ਏ.ਕੇ.ਲੂਥਰਾ (ਰਿਟਾ:) ਐਮ.ਸੀ. | ਟਰੱਸਟੀ |
| 9. | ਏਅਰ ਮਾਰਸ਼ਲ ਐਮ.ਐਮ.ਸਿੰਘ (ਰਿਟਾ:) ਪੀ.ਵੀ.ਐਸ.ਐਮ., ਏ.ਵੀ.ਐਸ.ਐਮ., ਵੀਰ ਚੱਕਰ | ਮੈਂਬਰ ਸਕੱਤਰ |

**ਡਾਕਟਰ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ, ਇਹ ਦਸ਼ਮੇਸ਼ ਅਕਾਦਮੀ ਕਿਸੇ ਜ਼ਮਾਨੇ ਵਿਚ ਇਕ ਬਹੁਤ ਹੀ ਵਧੀਆ ਅਕੈਡਮੀ ਸੀ । 1977 ਵਿਚ ਉਸ ਵੇਲੇ ਦੇ ਰਾਸ਼ਟਰਪਤੀ ਸ਼੍ਰੀ ਨੀਲਮ ਸੰਜੀਵਾ ਰੈਡੀ ਨੇ ਇਸ ਦਾ ਨੀਂਹ ਪੱਥਰ ਰੱਖਿਆ ਸੀ ਅਤੇ ਇਸ ਦੇ ਵਾਸਤੇ ਸਾਰੀ ਜ਼ਮੀਨ ਪੰਚਾਇਤਾਂ ਨੇ ਆਪਣੀ ਸ਼ਾਮਲਾਤ ਜ਼ਮੀਨ ਵਿਚੋਂ ਦਿੱਤੀ ਸੀ । ਇਹ 100-150 ਏਕੜ ਜ਼ਮੀਨ ਹੈ । ਇਸ ਸਬੰਧ ਵਿਚ ਇਕ ਡੈਪੂਟੇਸ਼ਨ ਵੀ ਮਿਲਿਆ ਸੀ ਅਤੇ ਸੀ.ਐਮ. ਸਾਹਿਬ ਨੂੰ ਇਹ ਲਿਖ ਕੇ ਦਿੱਤਾ ਸੀ ਕਿ ਅਕੈਡਮੀ ਵਿਚੋਂ ਮੁਲਾਜ਼ਮ ਕੱਢ ਦਿੱਤੇ ਗਏ ਹਨ ਅਤੇ ਹੁਣ ਇਹ ਅਕੈਡਮੀ ਬੰਦ ਹੋਣ ਦੇ ਕਿਨਾਰੇ ਹੈ । ਮੇਰੀ ਬੇਨਤੀ ਹੈ ਕਿ ਜਿਸ ਤਰੀਕੇ ਨਾਲ ਅਨੰਦਪੁਰ ਸਾਹਿਬ ਦੇ ਖਾਲਸਾ ਹੈਰੀਟੇਜ ਦਾ ਪ੍ਰਬੰਧ ਬਾਈ ਆਫਿਸ ਬਣਾ ਦਿੱਤਾ ਗਿਆ ਹੈ, ਇਸੇ ਤਰ੍ਹਾਂ ਇਸ ਅਕੈਡਮੀ ਦਾ ਪ੍ਰਬੰਧ ਵੀ ਬਾਈ ਆਫਿਸ ਕਰ ਦਿੱਤਾ ਜਾਵੇ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਹ ਇਕ ਬਹੁਤ ਅੱਛੀ ਇੰਸਟੀਚਿਊਸ਼ਨ ਸੀ । ਇਸ ਇੰਸਟੀਚਿਊਸ਼ਨ ਵਾਸਤੇ ਪੰਜਾਬ ਸਰਕਾਰ ਨੇ ਪੈਸਾ ਵੀ ਦਿੱਤਾ ਸੀ ਲੇਕਿਨ ਇਸ ਦੇ ਵਿਚ ਇਕ ਡਿਊਲ ਕਿਸਮ ਦੀ ਮੈਨੇਜਮੈਂਟ ਚੱਲ ਰਹੀ ਹੈ । ਇਕ ਤਾਂ ਜਿਸ ਤਰ੍ਹਾਂ ਨਾਰਮਲੀ ਹੁੰਦਾ ਹੈ, ਗਵਰਨਿੰਗ ਕੌਂਸਿਲ ਕਹਿ ਲਓ, ਗਵਰਨਿੰਗ ਬਾਡੀ ਕਹਿ ਲਓ ਜਾਂ ਬੋਰਡ ਕਹਿ ਲਓ,ਉਹ ਹੈ ਅਤੇ ਦੂਜੇ ਪਾਸੇ ਇਕ ਟਰੱਸਟ ਖੜ੍ਹਾ ਕਰ ਦਿੱਤਾ ਅਤੇ ਉਸ ਨੂੰ ਸੁਪਰ ਇੰਪੋਜ਼ ਕਰ ਦਿਤਾ ਗਿਆ। ਇਹ ਇਕ ਗਲਤ ਪਰੰਪਰਾ ਹੈ । ਟਰੱਸਟ ਦਾ ਕੋਈ ਐਕਸ-ਆਫੀਸ਼ੀਓ ਚੇਅਰਮੈਨ ਹੋ ਸਕਦਾ ਹੈ ਜਿਵੇਂ ਮੈਂ ਬਤੌਰ ਸੀ.ਐਮ. ਚੇਅਰਮੈਨ ਹੋਵਾਂ ਲੇਕਿਨ ਇਹ ਨਹੀਂ ਕਿ ਇਕ ਆਦਮੀ ਸਦਾ ਵਾਸਤੇ ਹੀ ਉਸ ਪੋਸਟ ਤੇ ਬੈਠਾ ਰਹੇ। ਇਹ ਜਿਹੜਾ ਡਿਊਲ ਸਿਸਟਮ ਬਣਾਇਆ ਗਿਆ ਹੈ, ਟਰੱਸਟ ਬਣਾਇਆ ਗਿਆ ਹੈ, ਇਹ ਸਿਰਫ ਪੈਸਾ ਕਮਾਉਣ ਵਾਸਤੇ ਹੀ ਬਣਾਇਆ ਗਿਆ ਹੈ । ਗਵਰਨਿੰਗ ਬਾਡੀ ਦਾ ਇਸ ਵਿਚ ਬੜਾ ਘੱਟ ਰੋਲ ਹੈ। This is the reason why this Institution is not functioning properly. I think it is a wrong precedent. We are going to have it legally examined and we have to finish of this trust so that the Governing Body can take this decision and those people are part of Governing Body who are part of Govt. today ਤਾਂ ਕਿ ਗਵਰਨਿੰਗ ਬਾਡੀ can take decision. ਅਸੀਂ ਇਸ ਇੰਸਟੀਚਿਊਸ਼ਨ ਨੂੰ ਫਿਰ ਠੀਕ ਢੰਗ ਨਾਲ ਚਲਾਉਣਾ ਹੈ । ਇਨ੍ਹਾਂ ਦਾ ਸ਼ੰਕਾ ਸਹੀ ਹੈ। ਪੰਜਾਬ ਗੌਰਮਿੰਟ ਨੇ ਇਸ ਤੇ 3.96 ਲੱਖ ਰੁਪਿਆ ਲਾਇਆ ਹੈ। It is people's money. It is a lot of money and it has to be managed properly because it is tax payer`s money .

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਪਰਸਨਲ ਐਕਸਪਲੇਨੇਸ਼ਨ, ਸਪੀਕਰ ਸਾਹਿਬ, ਕਿਉਂਕਿ ਮੈਂ ਇਸ ਟ੍ਰਸਟ ਦਾ ਚੇਅਰਮੈਨ ਹਾਂ। Trust is the supreme body. ਇਹ ਸਰਕਾਰ ਅੱਗੇ ਗਵਰਨਿੰਗ ਬਾਡੀ ਹੈ ਲੇਕਿਨ ਤਿੰਨ ਸਾਲਾਂ ਤੋਂ ਕਦੇ ਗਵਰਨਿੰਗ ਬਾਡੀ ਨੇ ਨਾ ਕੋਈ ਮੀਟਿੰਗ ਕੀਤੀ ਅਤੇ ਨਾ ਕੋਈ ਪੈਸਾ ਖ਼ਰਚ ਕੀਤਾ..........?

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਉਹ ਟ੍ਰਸਟ ਹੈ, ਉਸ ਦਾ ਚਲਾਉਣ ਦਾ ਸਾਰਾ ਬੰਦੋਬਸਤ ਹੋ ਗਿਆ ਹੈ । ਸੋ, ਮੈਂ ਤੁਹਾਡੇ ਰਾਹੀਂ ਇਸ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਹਿੰਦੁਸਤਾਨ ਦੀ ਸਭ ਤੋਂ ਵਧੀਆ ਅਕੈਡਮੀ ਚਲੇਗੀ ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕੋਈ ਨਹੀਂ ਕਰਨਾ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਨਹੀਂ ਨਹੀਂ । ਉਹ ਬਹੁਤ ਸੁਹਣਾ ਚੱਲ ਰਹੀ ਹੈ । ਅਸੀਂ ਇਸ ਨੂੰ ਚੰਗੀ ਤਰ੍ਹਾਂ ਚਲਾਵਾਂਗੇ ਕਿਉਂਕਿ ਮੈਂ ਟ੍ਰਸਟੀ ਹਾਂ। ਇਸ ਲਈ ਹੋਰ ਕੀ ਕਹਿਣਾ।

**Chief Minister :** I do not agree. This is an ex-officio matter and it is a government matter. It is Punjab Government's money, it is the Punjab tax payer's money. ਕੋਈ ਐਸੀ ਸੰਸਥਾ ਖੜ੍ਹੀ ਕਰੇ, ਚੇਅਰਮੈਨ, ਟ੍ਰਸਟੀ ਬਣੇ, This is not business.

**ਮਾਨਯੋਗ ਸਪੀਕਰ :** ਅਗਲਾ ਪ੍ਰਸ਼ਨ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦੇ ਹਾਜ਼ਰ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਪਲੀਮੈਂਟਰੀਜ਼ ਦੀ ਮੰਗ ਕਰ ਰਹੇ ਸਨ)

**ਮਾਨਯੋਗ ਸਪੀਕਰ :** ਕੁਐਸਚਨ ਆਵਰ ਦੇ ਵਿੱਚ ਕੋਈ ਡਿਸਕਸ਼ਨ ਨਹੀਂ ਹੋਣੀ ਚਾਹੀਦੀ । ਇਹ ਤੁਸੀਂ ਡਿਸਕਸ਼ਨ ਕਰ ਰਹੇ ਹੋ । Next Question........ I have called Tikshan Sud. This is not the hour of discussion............(*interruption*).........
1086.................. (ਵਿਘਨ)
ਬਾਦਲ ਸਾਹਿਬ, ਤੁਸੀਂ ਖੜ੍ਹੇ ਹੋ । ਕਹਿ ਲਓ ਜੋ ਤੁਸੀਂ ਕਹਿਣਾ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ,ਮੈਂ ਤੁਹਾਡੇ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਦੇ ਵਿੱਚ ਅਕੈਡਮੀ ਦੀ ਗਵਰਨਿੰਗ ਬਾਡੀ ਦੀ ਕੋਈ ਮੀਟਿੰਗ ਕੀਤੀ ਜਾਂ ਇਸ ਨੂੰ ਕੋਈ ਪੈਸਾ ਵੀ ਦਿੱਤਾ ਹੋਵੇ ਤਾਂ ਇਹ ਦੱਸ ਦੇਣ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਤਿੰਨ ਸਾਲਾਂ ਦੇ ਵਿੱਚ ਤਾਂ it is a different issue. The question is Punjab Government has put in so much of money,it is the tax payer's money or Punjab Government's money. It is the Punjab Government's money which has gone into it. No private institution, no private body can suddenly make a trust and sit on top to manage it,and the governing body should manage it as a tradition as all the institutions in this country. Therefore, we have to look into it and this super imposed body has to be dealt with.

**ਡਾਕਟਰ ਰਮੇਸ਼ ਦੱਤ ਸ਼ਰਮਾ :** ਮੈਂ, ਸਪੀਕਰ ਸਾਹਿਬ, ਵੈਸੇ ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਐਸ਼ੋਰੈਂਸ ਦਿੱਤੀ ਹੈ ਕਿ ਖਾਲਸਾ ਹੈਰੀਟੇਜ ਦੀ ਤਰ੍ਹਾਂ ਗੌਰਮਿੰਟ ਟੇਕ ਓਵਰ ਕਰੇਗੀ ਤਾਂ ਕਿ ਇਹ ਠੀਕ ਚਲੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਮੁਲਾਜ਼ਮ ਇਸ ਸਾਲ ਵਿੱਚ ਕੱਢੇ 20 ਸਾਲਾਂ ਦੀ ਨੌਕਰੀ ਵਾਲੇ ਬਿਨਾਂ ਨੋਟਿਸ ਤੋਂ ਕੱਢੇ, ਕੀ ਉਨ੍ਹਾਂ ਨੂੰ ਦੁਬਾਰਾ ਰੀਇਨਸਟੇਟ ਕਰੋਗੇ ? ਮੈਂ ਸੀ.ਐਮ. ਸਾਹਿਬ ਤੋਂ ਪੁੱਛਦਾ ਹਾਂ ਕਿਉਂਕਿ ਗੌਰਮਿੰਟ ਨੇ ਖੁੱਲ੍ਹ ਦਿੱਤੀ ਹੈ । ਜੋ 20 ਸਾਲਾਂ ਦੇ ਉਥੇ ਮੁਲਾਜ਼ਮ ਕੰਮ ਕਰਦੇ ਸਨ, ਉਨ੍ਹਾਂ ਨੂੰ ਕੱਢਿਆ ਗਿਆ ਹੈ । ..............

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਇਨ੍ਹਾਂ ਦੀ ਸ਼ੰਕਾ ਹੈ I will certainly look into this. ਇਹਦੇ ਵਿੱਚ ਇਹ ਹੈ ਕਿ ਜੋ ਇਨ੍ਹਾਂ ਨੇ ਕਿਹਾ ਹੈ ਗੱਲ ਉਹੀ ਹੈ । ਸਿਮੀਲਰ ਪਰੋਸੀਜਰ ਹੈ ਖਾਲਸਾ ਹੈਰੀਟੇਜ ਵਾਲਾ we had to take some action here because we want this institution to function,and not function under a trust because this does not make any logical sense.

**ਕੈਪਟਨ ਕੰਵਲਜੀਤ ਸਿੰਘ:** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਆਪ ਕਿਹਾ ਹੈ ਕਿ ਪਬਲਿਕ ਦਾ ਪੈਸਾ ਹੈ.......

**ਮਾਨਯੋਗ ਸਪੀਕਰ:** ਤੁਸੀਂ ਸਵਾਲ ਕਰੋ ।

**ਕੈਪਟਨ ਕੰਵਲਜੀਤ ਸਿੰਘ:** ਕੋਈ ਗੱਲ ਕਹਿ ਕੇ ਹੀ ਸਵਾਲ ਕਰਾਂਗਾ ।

**ਮਾਨਯੋਗ ਸਪੀਕਰ:** ਕੋਈ ਡਿਸਕਸ਼ਨ ਨਹੀਂ, ਸਵਾਲ ਕਰੋ ।

**ਕੈਪਟਨ ਕੰਵਲਜੀਤ ਸਿੰਘ :** ਇਨ੍ਹਾਂ ਨੇ ਕਿਹਾ ਹੈ ਕਿ ਪਬਲਿਕ ਮਨੀ ਦਾ ਇਸ ਤੇ ਖਰਚਾ ਹੋਇਆ ਹੈ ਲੇਕਿਨ ਅੱਜ ਮੈਨੂੰ ਇਹ ਭਾਵਨਾ ਨਜ਼ਰ ਆ ਰਹੀ ਹੈ ਕਿ ਉਹੀ ਪੁਲੀਟੀਕਲ ਵੈਨਡੈਟਾ। ਅਕਾਲੀ ਕਾਂਗਰਸ..........

**Mr.Speaker**: Not to reply.

**ਕੈਪਟਨ ਕੰਵਲਜੀਤ ਸਿੰਘ:** ਕੀ ਮੁੱਖ ਮੰਤਰੀ ਸਾਹਿਬ ਅੱਜ ਇਸ ਸਾਰੀ ਗੱਲ ਦਾ ਜਵਾਬ ਦੇਣਗੇ ਕਿ ਜਿਹੜਾ ਬੱਚਿਆਂ ਦਾ ਭਵਿੱਖ, ਸੈਂਕੜੇ ਬੱਚਿਆਂ ਦਾ ਭਵਿੱਖ ਦਾਅ ਤੇ ਲੱਗਿਆ ਹੋਇਆ ਹੈ ਕਿ ਅਸੀਂ ਰਾਜਸੀ ਕਸ਼ਮਕਸ਼ ਵਿੱਚ ਉਨ੍ਹਾਂ ਦਾ ਨੁਕਸਾਨ ਨਹੀਂ ਕਰਾਂਗੇ?

**ਮੁੱਖ ਮੰਤਰੀ :** ਰਾਜਸੀ ਕਸ਼ਮਕਸ਼ ਦੀ ਕੋਈ ਗੱਲ ਨਹੀਂ ਹੈ । ਅਸੀਂ ਇਸ ਇੰਸਟੀਚਿਊਸ਼ਨ ਨੂੰ ਸਟਰੀਮਲਾਈਨ ਕਰਨਾ ਹੈ। If an extra constitutional body is running, which has its own agenda, ਇਸ ਨਾਲ ਕੰਮ ਅੱਗੇ ਨਹੀਂ ਵਧੇਗਾ । ਜਿਹੜਾ ਖਾਲਸਾ ਹੈਰੀਟੇਜ ਸੈਂਟਰ ਹੈ, ਉਸ ਦੇ ਵਾਸਤੇ ਅਸੀਂ 140 ਕਰੋੜ ਰੁਪਏ ਲਗਾਏ ਹਨ। ਕੀ ਇਹ ਉਸ ਖਾਲਸਾ ਹੈਰੀਟੇਜ ਸੈਂਟਰ ਵਾਸਤੇ ਇਤਨੇ ਪੈਸੇ ਲਿਆ ਕੇ ਲਗਾ ਸਕਦੇ ਸੀ? It is the government of the day that manages and its incumbent has to be from the present government. When we go the chairmanship goes. This is the issue. It is not that you just want to sit on some issue, whether you can do something or not.

---------------

## ਮਾਲਟਾ ਬੋਟ ਦੁਰਘਟਨਾ ਵਿਚ ਮਾਰੇ ਗਏ ਪੰਜਾਬੀ

*1086. **ਸ਼੍ਰੀ ਤਿਕਸ਼ਨ ਸੂਦ :** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਰਦਨਾਕ ਮਾਲਟਾ ਬੋਟ ਦੁਰਘਟਨਾ ਵਿਚ ਮਾਰੇ ਗਏ ਪੰਜਾਬੀਆਂ

ਦਾ ਵੇਰਵਾ ਕੀ ਹੈ ਅਤੇ ਇਸ ਦੁਰਘਟਨਾ ਵਿਚ ਮਾਰੇ ਹਰ ਇਕ ਵਿਅਕਤੀ ਦੇ ਆਸ਼੍ਰਿਤਾਂ ਨੂੰ ਰਾਜ ਸਰਕਾਰ ਦੁਆਰਾ ਕੀ ਸਹਾਇਤਾ ਮੁਹੱਈਆ ਕਰਵਾਈ ਗਈ ?

**ਸਰਦਾਰ ਅਮਰਜੀਤ ਸਿੰਘ ਸਮਰਾ :** ਕੇਂਦਰ ਸਰਕਾਰ ਵੱਲੋਂ ਪ੍ਰਾਪਤ ਹੋਈ ਸੂਚਨਾ/ ਸੂਚੀ ਅਨੁਸਾਰ ਮਾਲਟਾ ਬੋਟ ਦੁਰਘਟਨਾ ਵਿਚ 79 ਪੰਜਾਬੀ ਮਾਰੇ ਗਏ ਸਨ। ਇਹਨਾਂ ਵਿਚੋਂ 1 ਵਿਅਕਤੀ ਦਾ ਪਤਾ ਭਾਰਤ ਸਰਕਾਰ ਤੋਂ ਪ੍ਰਾਪਤ ਨਹੀਂ ਹੋਇਆ ਸੀ। ਜਿਸ ਕਰਕੇ 78 ਵਿਅਕਤੀਆਂ ਦੇ 50,000/- ਰੁਪਏ ਪ੍ਰਤੀ ਮ੍ਰਿਤਕ ਵਿਅਕਤੀ ਦੇ ਹਿਸਾਬ ਨਾਲ ਉਹਨਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਲਈ 39 ਲੱਖ ਰੁਪਏ ਸਬੰਧਤ ਡਿਪਟੀ ਕਮਿਸ਼ਨਰਜ਼ ਨੂੰ ਰਲੀਜ਼ ਕੀਤੇ ਗਏ ਸਨ ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਰਦਨਾਕ ਘਟਨਾ ਵਾਪਰੀ ਨੂੰ ਸਾਢੇ ਅੱਠ ਸਾਲ ਹੋ ਗਏ ਹਨ । ਜਿਹੜੀ ਲਿਸਟ ਦਿੱਤੀ ਗਈ ਹੈ ਉਹ ਵੀ ਸੈਂਟਰ ਗੌਰਮਿੰਟ ਨੇ ਭੇਜੀ ਹੈ । ਕੀ ਇਨ੍ਹਾਂ ਸਾਢੇ ਅੱਠ ਸਾਲਾਂ ਵਿਚ ਪੰਜਾਬ ਸਰਕਾਰ ਵੱਲੋਂ ਕੋਈ ਨੋਡਲ ਏਜੰਸੀ ਬਣਾਈ ਗਈ ਸੀ ਜਿਹੜੀ ਕਿ ਮਾਰੇ ਗਏ ਪੰਜਾਬੀਆਂ ਅਤੇ ਨਾ ਲੱਭਣ ਵਾਲੇ ਪੰਜਾਬੀਆਂ ਦਾ ਵੇਰਵਾ ਇਕੱਤਰ ਕਰਦੀ ਅਤੇ ਉਨ੍ਹਾਂ ਨੂੰ ਰਿਲੀਫ ਦੇਣ ਬਾਰੇ ਕੋਈ ਸਿਫਾਰਸ਼ ਕਰਦੀ ? ਇਸ ਤਰ੍ਹਾਂ ਦੀ ਜੇਕਰ ਕੋਈ ਏਜੰਸੀ ਬਣਾਈ ਗਈ ਸੀ ਤਾਂ ਉਸ ਨੇ ਕੀ ਰਿਪੋਰਟ ਦਿੱਤੀ ਹੈ? ਇਸ ਤਰ੍ਹਾਂ ਅੱਗੇ ਨੂੰ ਨਾ ਵਾਪਰੇ, ਇਸ ਲਈ ਸਰਕਾਰ ਨੇ ਕੋਈ ਕੰਕਰੀਟ ਸਟੈਪਸ ਚੁੱਕੇ ਹਨ,ਜੇਕਰ ਚੁੱਕੇ ਗਏ ਹਨ ਤਾਂ ਕੀ ਹਨ?

**ਮੰਤਰੀ :** ਸਪੀਕਰ ਸਾਹਿਬ, ਇਹ ਬੜੀ ਹੀ ਦਰਦਨਾਕ ਘਟਨਾ ਸੀ ਅਤੇ ਇਹ ਦਸੰਬਰ, 1996 ਵਿਚ ਵਾਪਰੀ ਸੀ। ਇਸ ਸਬੰਧ ਵਿਚ ਸੈਂਟਰ ਸਰਕਾਰ ਨੇ ਜਿਹੜੀ ਲਿਸਟ ਪੰਜਾਬ ਸਰਕਾਰ ਨੂੰ ਭੇਜੀ ਸੀ, ਪੰਜਾਬ ਸਰਕਾਰ ਨੇ ਬਹੁਤ ਹੀ ਥੋੜ੍ਹੇ ਦਿਨਾਂ ਵਿਚ ਇਹ ਪੈਸੇ 50,000/- ਰੁਪਏ ਪ੍ਰਤੀ ਮ੍ਰਿਤਕ ਵਿਅਕਤੀ ਦੇ ਰਿਲੀਜ਼ ਕਰ ਦਿੱਤੇ ਸਨ। ਹੁਣ ਇਕ ਲਿਸਟ ਹੋਰ ਆਈ ਹੈ । ਉਸ ਸਬੰਧ ਵਿਚ ਚੀਫ ਸੈਕਟਰੀ ਸਾਹਿਬ ਨੇ ਕੱਲ੍ਹ ਮਿਤੀ 13.4.05 ਨੂੰ 3-30 ਵਜੇ ਮੀਟਿੰਗ ਰੱਖੀ ਹੈ। ਜੇਕਰ ਸੂਦ ਸਾਹਿਬ ਨੇ ਕਿਸੇ ਗੱਲ ਦੀ ਇਨਫਰਮੇਸ਼ਨ ਲੈਣੀ ਹੋਈ ਜਾਂ ਕੋਈ ਹੋਰ ਸੁਝਾਓ ਦੇਣਾ ਹੋਵੇ ਤਾਂ ਉਹ ਕੱਲ੍ਹ ਚੀਫ ਸੈਕਟਰੀ ਨਾਲ 3-30 ਵਜੇ ਮੀਟਿੰਗ ਵਿਚ ਜਾ ਸਕਦੇ ਹਨ।

**ਮਾਨਯੋਗ ਸਪੀਕਰ :** ਸੂਦ ਜੀ, ਹੁਣ ਤਾਂ ਉਨ੍ਹਾਂ ਨੇ ਕਹਿ ਦਿੱਤਾ ਹੈ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੇਰੀ ਹੋਰ ਸਪਲੀਮੈਂਟਰੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਗੱਲ 50,000/- ਰੁਪਏ ਦੇਣ ਦੀ ਨਹੀਂ ਹੈ । ਉਨ੍ਹਾਂ ਦੇ ਹੋਰ ਵੀ ਮਸਲੇ ਹਨ ਜਿਵੇਂ ਡੈਥ ਸਰਟੀਫਿਕੇਟ ਦਾ, ਰੀਹੈਬਲੀਟੇਸ਼ਨ ਦਾ। ਜਿਹੜੇ ਵਿਅਕਤੀ ਇਰਾਕ ਵਿਚ ਫਸ ਗਏ ਸਨ, ਉਹ ਜਦੋਂ ਘਰ ਪਹੁੰਚੇ ਤਾਂ ਉਨ੍ਹਾਂ ਨੂੰ ਐਨ.ਆਰ.ਆਈ. ਸਭਾ ਵੱਲੋਂ ਤਿੰਨ-ਤਿੰਨ ਲੱਖ ਰੁਪਏ ਦਿੱਤੇ ਗਏ ਸਨ । ਜਿਹੜੇ ਮਾਲਟਾ ਕਾਂਡ ਵਿਚ ਮਾਰੇ ਗਏ ਹਨ। ਆਖਰਕਾਰ ਨੂੰ ਉਨ੍ਹਾਂ ਦੇ ਆਸ਼ਰਿਤਾਂ ਨੇ ਅੱਖਾਂ ਲਗਾਈਆਂ ਹੋਈਆਂ ਹਨ,ਕੀ ਉਨ੍ਹਾਂ ਨੂੰ ਵੀ 50,000/- ਰੁਪਏ ਦੀ ਥਾਂ ਤਿੰਨ ਲੱਖ ਰੁਪਏ ਦੇ ਕੇ ਉਨ੍ਹਾਂ ਦੇ ਬਰਾਬਰ ਕੀਤਾ ਜਾਵੇਗਾ ? ਨਾਲ ਹੀ ਡੈਥ ਸਰਟੀਫਿਕੇਟਾਂ ਬਾਰੇ ਵੀ ਦੱਸਿਆ ਜਾਵੇ ।

**ਮੰਤਰੀ :** ਚੀਫ ਸੈਕਟਰੀ ਜੀ ਨੇ ਜਿਹੜੀ ਮੀਟਿੰਗ ਰੱਖੀ ਹੈ,ਉਹ ਜਿਹੜੀ ਇਹ ਡੈਥ ਸਰਟੀਫਿਕੇਟਾਂ ਦੀ ਗੱਲ ਕਰਦੇ ਹਨ, ਇਸ ਸਾਰੇ ਦੇ ਸਬੰਧ ਬਾਰੇ ਹੀ ਬੁਲਾਈ ਹੈ। ਇਹ ਘਟਨਾ 1996 ਵਿਚ ਵਾਪਰੀ ਸੀ। ਉਸ ਵੇਲੇ ਸੈਂਟਰ ਵਿਚ ਇਨ੍ਹਾਂ ਦੀ ਸਰਕਾਰ ਸੀ ਅਤੇ ਪੰਜਾਬ ਵਿਚ ਅਕਾਲੀ-ਬੀ.ਜੇ.ਪੀ. ਦੀ ਸਰਕਾਰ ਸੀ। ਉਦੋਂ ਤਾਂ ਇਨ੍ਹਾਂ ਨੂੰ ਇਸ ਗੱਲ ਦੀ ਕੋਈ ਹਮਦਰਦੀ ਨਹੀਂ ਆਈ। ਹੁਣ ਸੂਦ ਸਾਹਿਬ ਨੂੰ ਪਤਾ ਨਹੀਂ ਕਿਉਂ ਜ਼ਿਆਦਾ ਹਮਦਰਦੀ ਜਾਗੀ ਹੈ। ਖੈਰ, ਫਿਰ ਵੀ ਅਸੀਂ ਇਸ ਗੱਲ ਉਤੇ ਗੌਰ ਕਰਾਂਗੇ ਅਤੇ ਜੋ ਵੀ ਮਦਦ ਜਾਂ ਕੋਈ ਹੈਲਪ ਕਿਸੇ ਵੀ ਕਿਸਮ ਦੀ ਹੋ ਸਕਦੀ ਹੋਵੇਗੀ, ਅਸੀਂ ਉਹ ਹਰ ਵੇਲੇ ਕਰਨ ਨੂੰ ਤਿਆਰ ਹਾਂ ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਏਜੰਸੀਆਂ ਲੋਕਾਂ ਨੂੰ ਬਾਹਰ ਭੇਜਣ ਦੇ ਨਾਂ ਉਤੇ ਬਲੈਕ ਮੇਲ ਕਰਦੀਆਂ ਹਨ, ਉਨ੍ਹਾਂ ਦੇ ਖਿਲਾਫ ਸਰਕਾਰ ਕੋਈ ਸਖਤ ਕਾਰਵਾਈ ਕਰਨ ਦਾ ਉਪਰਾਲਾ ਕਰੇਗੀ ?

**ਮੰਤਰੀ :** ਜਿਹੜੀਆਂ ਵੀ ਏਜੰਸੀਆਂ ਇਹ ਕੰਮ ਕਰ ਰਹੀਆਂ ਹਨ, ਜੇਕਰ ਇਨ੍ਹਾਂ ਦੀ ਨਾਲਿਜ ਵਿਚ ਕੋਈ ਇਸ ਤਰ੍ਹਾਂ ਦੀ ਹੈ ਤਾਂ ਇਹ ਦੱਸਣ। ਅਸੀਂ ਸਰਕਾਰੀ ਤੌਰ ਤੇ ਸੀ.ਐਮ. ਸਾਹਿਬ ਦੀ ਜਾਣਕਾਰੀ ਵਿਚ ਲਿਆ ਕੇ ਉਨ੍ਹਾਂ ਦੇ ਖਿਲਾਫ ਪੂਰਾ ਐਕਸ਼ਨ ਲਵਾਂਗੇ। ਇਹ ਘਟਨਾ ਬੜੀ ਹੀ ਦਰਦਨਾਕ ਘਟਨਾ ਸੀ। ਜੇਕਰ ਇਸ ਤਰ੍ਹਾਂ ਦੀ ਕੋਈ ਵੀ ਗੱਲ ਪਤਾ ਲੱਗੇ ਇਨ੍ਹਾਂ ਨੂੰ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੀਦਾ ਹੈ ।

**Chief Minister :** ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਥੋੜ੍ਹੀ ਜਾਣਕਾਰੀ ਦੇਣੀ ਚਾਹੁੰਦਾ ਹਾਂ, ਜੋ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ। ਜਿਹੜੇ ਲੜਕੇ ਪਾਕਿਸਤਾਨ ਤੋਂ ਵਾਪਸ ਆਏ ਸਨ majority from this group are those who have been defrauded by travel agents. I have already given that matter to the Director General of Police. ਅਸੀਂ ਕਿਹਾ ਹੈ ਕਿ ਜਿਹੜੇ ਜਿਹੜੇ ਟਰੈਵਲ ਏਜੰਟਾਂ ਨੇ ਉਨ੍ਹਾਂ ਨੂੰ ਡੀਲ ਕੀਤਾ ਹੈ we will register cases against all of them and take action against them.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ,ਕਿਉਂਕਿ ਮੁੱਖ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਇਸ ਤੋਂ ਵੀ ਵੱਡਾ ਦੁੱਖਦਾਈ ਕੇਸ ਹੈ ਕਿ ਗਰੀਸ ਭੇਜਣ ਦੇ ਕੇਸ ਵਿੱਚ ਇਕ ਗਲਤ ਬੰਦੇ ਨੂੰ ਬੁਲਾ ਕੇ ਪੰਜ ਲੱਖ ਰੁਪਿਆ ਉਸ ਤੋਂ ਲੈ ਲਿਆ ਅਤੇ ਜੋ ਸੀਨੀਅਰ ਅਫਸਰ ਉਸਦੇ ਵਿੱਚ ਇਨਵਾਲਵ ਹੈ, ਕੀ ਉਸਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ਅਤੇ ਜਿਹੜਾ ਗਰੀਬ ਆਦਮੀ ਹੈ ਕੀ ਉਸਨੂੰ ਰਲੀਜ ਕਰਾਉਣਗੇ?

**Chief Minister :** All matters are being looked into.The D.G. of Police has been given full instructions and they will be looking into all such matters that come to the notice of the D.G.P. or my notice, from wherever it comes, we will not let any one who has done anything like this, go scot-free.

ਕੈਪਟਨ ਕੰਵਲਜੀਤ ਸਿੰਘ : ਸਪੀਕਰ ਸਾਹਿਬ, ਇਹ ਇਸ਼ੂ ਅੱਜ ਬੜਾ ਪੰਜਾਬ ਦੇ ਅੰਦਰ ਗਰਮ ਹੈ ਔਰ 25-25, 40-40 ਲੱਖ ਰੁਪਏ ਲੈ ਕੇ.........

ਮਾਨਯੋਗ ਸਪੀਕਰ : ਤੁਸੀਂ ਸਵਾਲ ਪੁੱਛੋ ?

ਕੈਪਟਨ ਕੰਵਲਜੀਤ ਸਿੰਘ : ਆਖਿਰਕਾਰ ਸਪੀਕਰ ਸਾਹਿਬ, ਕੁਝ ਗਰਾਉਂਡ ਬਣਾ ਕੇ ਹੀ ਸਵਾਲ ਕਰਾਂਗਾ ਜੀ। 40-40 ਲੱਖ ਰੁਪਏ ਲੈ ਕੇ..........

**Mr. Speaker :** Question hour is not for discussion. Please put question.

ਕੈਪਟਨ ਕੰਵਲਜੀਤ ਸਿੰਘ : ਸਪੀਕਰ ਸਾਹਿਬ, ਬੜੇ ਵੱਡੇ ਵੱਡੇ ਅਫ਼ਸਰ ਇਸਦੇ ਵਿੱਚ ਇਨਵਾਲਵ ਹੋ ਜਾਂਦੇ ਹਨ। ਇਸੇ ਕਰਕੇ ਪੰਜਾਬ ਦੀ ਜਵਾਨੀ ਨੂੰ.....

**Mr. Speaker :** You are giving information, not seeking information.

**ਕੈਪਟਨ ਕੰਵਲਜੀਤ ਸਿੰਘ** : ਮੈਂ ਸਵਾਲ ਹੀ ਪੁੱਛਣ ਲੱਗਾ ਹਾਂ ਜੀ । ਕੀ ਇਸਦੇ ਰੋਕਣ ਵਾਸਤੇ ਸਰਕਾਰ ਕੋਈ ਕਾਨੂੰਨ ਬਣਾਏਗੀ ਤਾਂ ਕਿ ਅੱਗੇ ਤੋਂ ਇਹ ਬੰਦ ਹੋ ਸਕੇ ?

**Chief Minister** : ਪਹਿਲਾਂ ਤਾਂ ਜਿਨ੍ਹਾਂ ਨੇ 25-25, 30-30 ਲੱਖ ਰੁਪਏ ਲਏ ਹਨ ਉਨ੍ਹਾਂ ਬਾਰੇ ਇਹ ਦੱਸਣ । I will take action against them. We will look into it. ਕਾਨੂੰਨ ਤਾਂ ਪਹਿਲਾਂ ਹੈ ਕਿ Corruption should be stopped ਨਵਾਂ ਕਾਨੂੰਨ ਇਹ ਸੁਜੈਸਟ ਕਰ ਦੇਣ ।

**Mr. Speaker** : Manpreet Singh Ji, Next question. (Disturbance) No, I have asked for next question.

------------

## ਖੇਤੀਬਾੜੀ ਬੀਮਾ ਸਕੀਮ ਲਾਗੂ ਕਰਨਾ

***1154. (1) ਸਰਦਾਰ ਮਨਪ੍ਰੀਤ ਸਿੰਘ ਬਾਦਲ**
**(2) ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਖੇਤੀਬਾੜੀ ਬੀਮਾ ਸਕੀਮ ਲਾਗੂ ਕਰਨ ਦਾ ਵਿਚਾਰ ਹੈ ; ਜੇਕਰ ਅਜਿਹਾ ਹੋਵੇ, ਕਦੋਂ ਤੋਂ ?

**Captain Amarinder Singh** : No Sir.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਮੁੱਖ ਮੰਤਰੀ ਜੀ ਨੇ ਉੱਤਰ ਨਾਂਹ ਵਿੱਚ ਦਿੱਤਾ ਹੈ ਜਦ ਕਿ ਯੂ.ਪੀ.ਏ. ਸਰਕਾਰ ਦਾ ਕਾਮਨ ਪ੍ਰੋਗਰਾਮ ਬੜਾ ਅਹਿਮ ਹੈ । ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਾਲ ਦੇ ਬਜਟ ਵਿੱਚ, ਕੇਂਦਰ ਸਰਕਾਰ ਦੇ ਬਜਟ ਵਿੱਚ ਸ਼੍ਰੀ ਪੀ. ਚਿਤੰਬਰਮ ਜੀ ਨੇ ਕਰਾਪ ਇਨਸ਼ੋਰੈਂਸ ਲਈ 200 ਕਰੋੜ ਰੁਪਏ ਰੱਖਿਆ ਹੈ ਅਤੇ weather patterns are changing. ਇਸ ਸਾਲ ਬੜੇ ਗੜ੍ਹੇ ਪਏ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਵਲੋਂ ਜਿਹੜਾ 200 ਕਰੋੜ ਰੁਪਿਆ ਕਰਾਪ ਇਨਸ਼ੋਰੈਂਸ ਦਾ ਇਸ ਸਾਲ ਬਜਟ ਵਿੱਚ ਕੇਂਦਰ ਸਰਕਾਰ ਨੇ ਰੱਖਿਆ ਹੈ, ਉਸਦੇ ਵਿੱਚੋਂ ਕੋਈ ਹਿੱਸਾ ਪ੍ਰਾਪਤ ਕਰਨ ਦੀ ਤਜ਼ਵੀਜ਼ ਹੈ ?

ਮੁੱਖ ਮੰਤਰੀ : ਅਸੀਂ ਕਰਾਪ ਇਨਸ਼ੋਰੈਂਸ ਦੇ ਅਗੇਂਸਟ ਨਹੀਂ ਹਾਂ । We want crop insurance ਪਰ ਸਾਡੀ ਆਪਣੀ ਰਾਏ ਹੈ ਕਿ ਜਿਹੜਾ ਕਰਾਪ ਇਨਸ਼ੋਰੈਂਸ ਦਾ ਏਜੰਡਾ ਬਣਿਆ ਹੈ We want that crop insurance must come. ਉਨ੍ਹਾਂ ਨੇ ਬਲਾਕ ਯੂਨਿਟ ਕਰ ਦਿੱਤਾ ਹੈ that does not suit to Punjab. For insurance instead of village as a unit, block is a unit in it. ਇਹ ਸਾਨੂੰ ਪਤਾ ਹੈ ਅਤੇ ਇਨ੍ਹਾਂ ਨੂੰ ਵੀ ਪਤਾ ਹੈ ਕਿ ਕਦੇ ਕਦੇ ਗੜ੍ਹੇ ਜਦੋਂ ਪੈਂਦੇ ਹਨ ਤਾਂ ਉਹ ਇਕ ਲਕੀਰ ਵਿੱਚ ਪੈਂਦੇ ਹਨ, ਕੰਬਾਇਨ ਵਾਂਗੂੰ ਪੈਂਦੇ ਹਨ ਅਤੇ ਪਿੰਡ ਦੇ ਬਾਕੀ ਹਿੱਸੇ ਵਿੱਚ ਕੋਈ ਨੁਕਸਾਨ ਨਹੀਂ ਹੁੰਦਾ 90% crop must be destroyed. ਪਰ ਉਸ ਪਿੰਡ ਨੂੰ ਉਹ ਬਲਾਕ ਵਿੱਚ ਕਵਰ ਨਹੀਂ ਕਰਦੇ ਅਤੇ ਉਹ ਪਿੰਡ ਰਹਿ ਜਾਂਦੇ ਹਨ । ਇਸ ਸਬੰਧੀ ਅਸੀਂ ਪਿੰਡਾਂ ਨੂੰ ਇਕਾਈ ਮੰਨਣ ਲਈ ਕਲੈਰੀਫੀਕੇਸ਼ਨ ਮੰਗੀ ਹੈ we have sent list of clarifications to the Govt. of India. That must meet our requirments we will bring crop insurances.

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਤੁਹਾਡੀ ਮਾਰਫ਼ਤ ਜਾਣਨਾ ਚਾਹੁੰਦਾ ਹਾਂ ਕਿ ਹਰਿਆਣਾ ਸਟੇਟ ਨੇ ਪਿਛਲੇ ਸਾਲ 2004 ਰੱਬੀ ਸੀਜ਼ਨ ਤੋਂ ਨੈਸ਼ਨਲ ਐਗਰੀਕਲਚਰ ਇਨਸ਼ੋਰੈਂਸ ਸਕੀਮ ਲਾਗੂ ਕਰ ਦਿੱਤੀ ਹੈ । ਪੰਜਾਬ ਸਰਕਾਰ ਕੋਲ ਇਹ ਵੀ ਆਪਸ਼ਨ ਹੈ ਕਿ ਇਨਸ਼ੋਰੈਂਸ ਜਿਹੜੀ ਹੈ,ਇਹ ਕੰਟਰੀਬਿਊਟਰੀ ਸਕੀਮ ਹੋਵੇ । ਫਾਰਮਰ ਅਤੇ ਗੌਰਮਿੰਟ ਕੁਝ ਕੰਟਰੀਬਿਊਟ ਕਰਕੇ ਇਹ ਸਕੀਮ ਚਲਾਉਣ. Punjab is a pre-dominately agricultural state and for heavy losses government compensation is not enough. Will he consider this?

**Chief Minister :** Sir, there is not enough of reconsidering. I am always in favour of it. The Question is only of reconsideration. ਜਿਹੜਾ ਦਿੱਲੀ ਤੋਂ ਆਉਂਦਾ ਹੈ that does not suit Punjab. ਉਸ ਦੇ ਵਿੱਚ ਅਸੀਂ ਮੋਡੀਫਿਕੇਸ਼ਨਜ਼ ਚਾਹੁੰਦੇ ਹਾਂ। ਜਦੋਂ ਮੋਡੀਫਿਕੇਸ਼ਨਜ਼ ਹੋਣਗੀਆਂ,ਜਿਸ ਵਿੱਚ ਅਸੀਂ ਹਰ ਇੱਕ ਬੰਦਾ, ਚਾਹੇ ਚਾਰ ਘਰਾਂ ਦਾ ਨੁਕਸਾਨ ਹੁੰਦਾ ਹੈ, ਚਾਹੇ ਇੱਕ ਘਰ ਦਾ ਨੁਕਸਾਨ ਹੰਦਾ ਹੈ then I will do it but I cannot take it as blanket. ਕਿਸੇ ਦਾ 90% ਨੁਕਸਾਨ ਹੋਇਆ। ਕਿਸੇ ਦਾ 10% ਨੁਕਸਾਨ ਹੋ ਜਾਵੇ, How can we accept that.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ,ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਸੈਂਟਰਲ ਪੈਟਰਨ ਹੈ,ਉਹ ਸਾਨੂੰ ਮਾਫਕ ਨਹੀਂ ਤੇ ਜੋ ਪੰਜਾਬ ਦਾ ਪੈਟਰਨ ਰਿਹਾ ਹੈ, ਜੋ ਪੰਜਾਬ ਦੀ ਰਿਕੁਆਇਰਮੈਂਟ ਰਹੀ ਹੈ, ਉਸ ਨੂੰ ਮੁੱਖ ਰੱਖ ਕੇ ਇਹ ਪੰਜਾਬ ਲੈਵਲ ਤੇ ਇਨਸ਼ੋਰੈਂਸ ਦਾ ਇਸ ਤਰ੍ਹਾਂ ਦਾ ਕੋਈ ਸਿਸਟਮ ਬਣਾ ਸਕਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਲੀਡਰ ਆਫ਼ ਦਿ ਆਪੋਜੀਸ਼ਨ ਜਾਣਦੇ ਹਨ । The quantum of money required for insurance is not possible for the State Government to bear. ਅਸੀਂ ਸੈਂਟਰਲ ਗੌਰਮਿੰਟ ਨੂੰ ਇਨਵਾਲਵ ਕਰ ਰਹੇ ਹਾਂ। If we had we won't have required that ਲੇਕਿਨ ਇਸ ਵਿੱਚ ਮੈਂ ਫਿਰ ਐਸ਼ੋਰੈਂਸ ਦੇਣੀ ਚਾਹੁੰਦਾ ਹਾਂ ਕਿ we will take up this matter with the Government of India. ਇਸ ਨੂੰ ਮੋਡੀਫਾਈ ਕਰਵਾਵਾਂਗੇ to suit us. ਹਰ ਕਿਸਾਨ ਦਾ,ਜਿਸ ਦਾ ਨੁਕਸਾਨ ਹੋ ਜਾਵੇ, the insurance matters they are being looked into and these matters have been looked at within our resources. ਜੋ ਸਾਡੇ ਰਿਸੋਰਸਿਜ਼ ਹਨ, ਉਸ ਨਾਲ ਉਨ੍ਹਾਂ ਨੂੰ ਹੈਂਡਲ ਕਰਨਾ ਮੁਸ਼ਕਲ ਹੋ ਜਾਵੇਗਾ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਸਾਡਾ ਅਹਿਮ ਮਸਲਾ ਹੈ। ਫੰਡਜ਼ ਦੀ ਕੋਈ ਕਮੀ ਨਹੀਂ ਹੈ। ਕੀ ਇਹ ਅੰਦਾਜ਼ਾ ਲਗਾਉਣਗੇ ਕਿ ਪਿਛਲੇ ਸਾਲਾਂ ਵਿੱਚ ਕਿੰਨਾ ਕੰਪਨਸੇਸ਼ਨ ਦੇਣਾ ਪਿਆ ਹੈ। ਇਸ ਚੀਜ਼ ਨੂੰ ਮੁੱਖ ਰੱਖ ਕੇ ਪਿਛਲੇ ਸਾਲਾਂ ਦਾ ਰਿਕਾਰਡ ਦੇਖ ਕੇ ਕਿ ਇੰਨਾ ਰੁਪਿਆ ਪੰਜਾਬ ਸਰਕਾਰ ਨੂੰ ਖਜ਼ਾਨੇ ਵਿਚੋਂ ਦੇਣਾ ਪਿਆ ਹੈ, ਫਿਰ ਇਹ ਐਸ਼ੋਰੈਂਸ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਦੋਂ ਟਰੈਜ਼ਰੀ ਬੈਂਚਿਜ਼ ਵਾਲੇ ਆਪੋਜੀਸ਼ਨ ਵਾਲੇ ਪਾਸੇ ਹੁੰਦੇ ਹਨ ਤਾਂ ਇਨ੍ਹਾਂ ਦੀ ਸੋਚ ਹੋਰ ਹੁੰਦੀ ਹੈ। (ਹਾਸਾ) ਪੰਜ ਸਾਲ ਇਹ ਇਨ੍ਹਾਂ ਸੀਟਾਂ ਤੇ ਸੀ, ਉਦੋਂ ਇਨ੍ਹਾਂ ਨੂੰ ਇਹ ਗੱਲ ਸੁੱਝੀ ਨਹੀਂ ਕਿਉਂਕਿ ਇਨ੍ਹਾਂ ਨੂੰ ਪਤਾ ਸੀ ਕਿ ਸਾਡੇ ਕੋਲ ਰਿਸੋਰਸਿਜ਼ ਨਹੀਂ ਹਨ । Let us wait and let us try and convince the Government of India. ਉਨ੍ਹਾਂ ਨੂੰ ਕਨਵਿਨਸ ਕਰਕੇ ਅਸੀਂ ਉਨ੍ਹਾਂ ਤੋਂ ਵੱਡਾ ਬਦਲਾਅ ਲਿਆਉਣਾ ਚਾਹੁੰਦੇ ਹਾਂ। Then we will proceed further.

---------------

**ਨਿਸ਼ਾਨ ਵਾਲੇ ਪ੍ਰਸ਼ਨ ਨੰ: 1112 ਅਤੇ 1141**

(ਇਹ ਪ੍ਰਸ਼ਨ ਸਬੰਧਿਤ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਪੇਸ਼ ਨਹੀਂ ਹੋਏ ।)

--------

## ਅਨੰਦਪੁਰ ਸਾਹਿਬ ਵਿਖੇ ਪਾਲੀਟੈਕਨਿਕ/ਆਈ.ਟੀ.ਆਈ.

*1248. ਡਾਕਟਰ ਰਮੇਸ਼ ਦੱਤ ਸ਼ਰਮਾ: ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਨੰਦਪੁਰ ਸਾਹਿਬ ਵਿਖੇ ਪਾਲੀਟੈਕਨਿਕ/ ਆਈ.ਟੀ.ਆਈ.ਖੋਲ੍ਹਣ ਲਈ ਸਾਲ 1996-97 ਵਿਚ ਨੀਂਹ ਪੱਥਰ ਰੱਖਿਆ ਗਿਆ ਸੀ; ਜੇਕਰ ਅਜਿਹਾ ਹੋਵੇ,ਤਾਂ ਇਸ ਦੀ ਉਸਾਰੀ ਤੇ ਮਿਤੀ ਅੰਤ ਤੱਕ ਕੁੱਲ ਕਿੰਨਾ ਖ਼ਰਚ ਕੀਤਾ ਗਿਆ ਅਤੇ ਇਸ ਦੀ ਮੌਜੂਦਾ ਸਥਿਤੀ ਕੀ ਹੈ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਹਾਂ ਜੀ । ਹੁਣ ਤੱਕ ਪਾਲੀਟੈਕਨਿਕ ਸੰਸਥਾ ਦੀ ਉਸਾਰੀ ਤੇ 103.77 ਲੱਖ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ ਉਸਾਰੀ ਦਾ ਕੰਮ ਮਿਤੀ 26-9-98 ਤੋਂ ਬੰਦ ਪਿਆ ਹੈ । ਹੁਣ ਤੱਕ ਆਈ.ਟੀ.ਆਈ (ਇਸਤ੍ਰੀਆਂ), ਅਨੰਦਪੁਰ ਸਾਹਿਬ ਦੀ ਉਸਾਰੀ ਤੇ 38.30 ਲੱਖ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ। ਉਸਾਰੀ ਦਾ ਕੰਮ ਫੰਡਜ਼ ਉਪਲਬਧ ਨਾ ਹੋਣ ਕਾਰਣ ਮੁਕੰਮਲ ਨਹੀਂ ਕੀਤਾ ਜਾ ਸਕਿਆ ।

**ਡਾਕਟਰ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਕੀ ਮਾਨਯੋਗ ਡਿਪਟੀ ਚੀਫ਼ ਮਨਿਸਟਰ ਸਾਹਿਬਾ ਇਸ ਗੱਲ ਦਾ ਜਵਾਬ ਦੇਣਗੇ ਕਿ ਇਹ ਨੀਂਹ ਪੱਥਰ 1996 ਵਿੱਚ ਇਨ੍ਹਾਂ ਦੇ ਹੱਥੋਂ ਰੱਖਿਆ ਗਿਆ ਸੀ । ਸਵਰਗੀਯ ਸਰਦਾਰ ਬੇਅੰਤ ਸਿੰਘ ਜੀ ਨੇ ਇਸ ਨੂੰ ਸੈਂਕਸ਼ਨ ਕੀਤਾ ਸੀ । ਉਸ ਉਪਰ ਕਾਫੀ ਪੈਸਾ ਲੱਗ ਗਿਆ ਹੈ ਔਰ ਜਦੋਂ ਸੀ.ਐਮ. ਸਾਹਿਬ ਅਨੰਦਪੁਰ ਸਾਹਿਬ ਗਏ ਸੀ ਤਾਂ ਇਨ੍ਹਾਂ ਨੇ ਵੀ ਇਸ ਨੂੰ ਦੇਖਿਆ ਸੀ । ਉਦੋਂ ਸੀ.ਐਮ. ਸਾਹਿਬ ਦਾ ਆਸ਼ਵਾਸਨ ਆਇਆ ਸੀ ਕਿ ਇਸ ਤੇ ਪੈਸਾ ਬਹੁਤ ਖ਼ਰਚ ਹੋ ਗਿਆ ਹੈ, ਇਸ ਲਈ ਕੀ ਇਸ ਨੂੰ ਚਾਲੂ ਕਰਨਗੇ ? ਉਥੇ ਜ਼ਮੀਨ ਵੀ ਐਕੁਆਇਰ ਕੀਤੀ ਗਈ ਹੈ । ਕੀ ਇਸ ਨੂੰ ਪ੍ਰਾਇਰਟੀ ਦੇ ਕੇ, ਇਸ ਸਾਲ ਪੈਸਾ ਉਪਲਬਧ ਕਰਵਾ ਕੇ ਕੀ ਦੋਨੋਂ ਅਦਾਰਿਆਂ ਨੂੰ ਚਾਲੂ ਕਰਨਗੇ ?

**ਉਪ ਮੁੱਖ ਮੰਤਰੀ** : ਸਪੀਕਰ ਸਾਹਿਬ, ਜੋ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ, ਉਹ ਵਾਕਿਆ ਹੀ ਇਨ੍ਹਾਂ ਦੀ ਮਿਹਨਤ ਸਦਕਾ ਹੋਇਆ ਹੈ । ਉਸ ਵਕਤ ਸਰਦਾਰ ਬੇਅੰਤ ਸਿੰਘ ਦੀ ਰਹਿਨੁਮਾਈ ਦੇ ਨੀਚੇ ਪਾਲੀਟੈਕਨਿਕ ਅਤੇ ਆਈ.ਟੀ.ਆਈ. ਦਾ ਇੱਕ ਰੈਵੋਲਿਊਸ਼ਨ ਲਿਆਂਦਾ ਸੀ ਤਾਂ ਕਿ ਸਾਡੇ ਬੱਚੇ ਸਿੱਖ ਕੇ ਕੁਝ ਬਣ ਸਕਣ । ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਉਸ ਤੋਂ ਬਾਅਦ ਸਾਡੀ ਸਰਕਾਰ ਬਦਲ ਗਈ ਅਤੇ

[ਉਪ ਮੁੱਖ ਮੰਤਰੀ]

1998 ਵਿੱਚ ਮੇਰੇ ਸਾਹਮਣੇ ਬੈਠੇ ਭਰਾਵਾਂ ਦੀ ਸਰਕਾਰ ਆਈ । ਇਨ੍ਹਾਂ ਨੇ ਇੱਕ ਫੈਸਲਾ ਕਰ ਲਿਆ, ਇਹ ਫੈਸਲਾ 1998 ਦੇ ਵੇਲੇ ਹੋਇਆ ਜਦੋਂ ਤੁਹਾਡੀ ਸਰਕਾਰ ਸੀ (ਆਪੋਜੀਸ਼ਨ ਪਾਰਟੀ ਵੱਲ ਇਸ਼ਾਰਾ) ਕਿ ਜਿਹੜੀਆਂ ਕੁਝ ਪਾਲੀਟੈਕਨਿਕ ਬਣ ਰਹੀਆਂ ਹਨ ਜਾਂ ਕਲਾਸਾਂ ਸ਼ੁਰੂ ਨਹੀਂ ਕੀਤੀਆਂ ਗਈਆਂ, ਉਨ੍ਹਾਂ ਨੂੰ ਅਸੀਂ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਪ੍ਰਾਈਵੇਟ ਸੰਸਥਾਵਾਂ ਜਾਂ ਕਿਸੇ ਹੋਰ ਅਦਾਰਿਆਂ ਨੂੰ ਲੀਜ਼ ਤੇ ਦੇ ਦੇਈਏ । ਇਸ ਕਰਕੇ ਜਿੰਨਾ ਖ਼ਰਚਾ ਹੋਇਆ ਉਹ ਸਾਡੇ ਸਮੇਂ ਵਿਚ ਹੀ ਹੋਇਆ । ਚਾਰ ਪਾਲੀਟੈਕਨਿਕ ਸੁਲਤਾਨਪੁਰ, ਰਾਹੋਂ, ਅਨੰਦਪੁਰ ਅਤੇ ਮੁਕਤਸਰ ਨੂੰ ਮਿਤੀ 9-11-2004 ਨੂੰ ਹੋਈ ਮੀਟਿੰਗ ਦੇ ਵਿੱਚ ਪ੍ਰਾਈਵੇਟ ਪਾਰਟਨਰਸ਼ਿਪ ਤੇ ਦੇਣ ਦੀ ਵਿਚਾਰ ਕੀਤੀ ਗਈ । ਇਹ ਇੱਕ ਚੀਜ਼ ਹੈ । ਦੂਜੀ ਚੀਜ਼ ਇਹ ਹੈ ਕਿਉਂਕਿ ਇਨ੍ਹਾਂ ਨੇ ਦੋ ਸਵਾਲ ਕੀਤੇ ਹਨ ਇੱਕ ਪਾਲੀਟੈਕਨਿਕ ਦਾ ਅਤੇ ਦੂਜਾ ਆਈ.ਟੀ.ਆਈਜ਼ ਦੇ ਬਾਰੇ । ਆਈ.ਟੀ.ਆਈਜ਼ ਦੇ ਉਤੇ ਵੀ ਕਾਫ਼ੀ ਪੈਸਾ ਖ਼ਰਚ ਕੀਤਾ ਗਿਆ ਹੈ ਔਰ ਉਹ ਚਲਣ ਦੇ ਕਿਨਾਰੇ ਹੈ, ਉਸ ਵੇਲੇ ਪੈਸੇ ਦੀ ਕਮੀ ਸੀ, ਮੈਨੂੰ ਇਹ ਗੱਲ ਦੱਸਣ ਵਿਚ ਖੁਸ਼ੀ ਹੈ ਕਿ ਅਸੀਂ 30 ਲੱਖ ਰੁਪਿਆ ਮੰਗਿਆ ਹੈ ਲੇਕਿਨ ਸਾਡੇ ਮੁੱਖ ਮੰਤਰੀ ਸਾਹਿਬ ਨੇ 48 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਹੈ ਔਰ ਮੈਨੂੰ ਪੂਰੀ ਉਮੀਦ ਹੈ ਕਿ ਇਹ ਪੈਸੇ ਮਿਲ ਜਾਣਗੇ । ਮੈਂ ਇਸ ਦੇ ਬਾਰੇ ਐਸ਼ੋਰੈਂਸ ਤਾਂ ਨਹੀਂ ਦੇ ਸਕਦੀ ਇਸ ਦੇ ਬਾਰੇ ਸੀ.ਐਮ. ਸਾਹਿਬ ਹੀ ਦਸ ਸਕਦੇ ਹਨ (ਹਾਸਾ) ਅਸੀਂ ਫਾਈਨਾਂਸ ਵਾਲਿਆਂ ਤੋਂ ਪਿਛੇ ਵੀ ਕਾਫ਼ੀ ਕੋਸ਼ਿਸ਼ ਕੀਤੀ ਸੀ ਪਰ ਪੈਸਾ ਨਹੀਂ ਮਿਲਿਆ । ਜਦੋਂ ਪੈਸਾ ਮਿਲ ਜਾਵੇਗਾ ਤਾਂ ਉਦੋਂ ਇਹ ਸ਼ੁਰੂ ਕਰ ਦਿੱਤਾ ਜਾਵੇਗਾ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਉਪ ਮੁੱਖ ਮੰਤਰੀ ਸਾਹਿਬਾ ਨੇ ਕਿਹਾ ਹੈ ਕਿ ਮੇਰੇ ਨਾਲ ਚੀਫ਼ ਮਨਿਸਟਰ ਸਾਹਿਬ ਨੇ ਪੈਸਾ ਦੇਣ ਦਾ ਵਾਅਦਾ ਕੀਤਾ ਹੈ ਕੀ ਇਹ ਵਾਅਦਾ ਉਸੇ ਤਰ੍ਹਾਂ ਦਾ ਤਾਂ ਨਹੀਂ ਹੋਵੇਗਾ ਜਿਸ ਤਰ੍ਹਾਂ ਦਾ ਵਾਅਦਾ ਇਨ੍ਹਾਂ ਨੇ ਪਹਿਲਾਂ ਕੀਤਾ ਸੀ, ਉਸੇ ਤਰ੍ਹਾਂ ਨਹੀਂ ਮੁਕਰ ਜਾਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਬੜੀਆਂ ਪਸੰਦ ਆਉਂਦੀਆਂ ਹਨ I had announced it in the ITI. We will give this money. Provision has been made.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਉਪ ਮੁੱਖ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਪਾਲੀਟੈਕਨਿਕ ਜਾਂ

ਆਈ. ਟੀ. ਆਈਜ਼. ਹਨ ਉਨ੍ਹਾਂ ਦੇ ਵਿਚ ਵੱਖ ਵੱਖ ਟਰੇਡਾਂ ਹਨ ਔਰ ਉਨ੍ਹਾਂ ਦੇ ਵਿੱਚ ਬਹੁਤ ਸਾਰੀਆਂ ਸੀਟਾਂ ਖਾਲੀ ਪਈਆਂ ਹਨ । ਕੀ ਮੌਜੂਦਾ ਸਮੇਂ ਦੀ ਲੋੜ ਨੂੰ ਮੱਦੇ ਨਜ਼ਰ ਰਖਦੇ ਹੋਏ ਇੰਡਸਟਰੀ ਔਰ ਜਿਹੜੀ ਹੋਰ ਨਵੀਂ ਇੰਡਸਟਰੀ ਪੰਜਾਬ ਵਿਚ ਆ ਰਹੀ ਹੈ, ਇਨ੍ਹਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਇਹ ਨਵੇਂ ਕੋਰਸਿਜ਼ ਚਾਲੂ ਕਰਨ ਦਾ ਕੋਈ ਵਿਚਾਰ ਰੱਖਦੇ ਹਨ ਜਾਂ ਨਹੀਂ ?

**ਮਾਨਯੋਗ ਸਪੀਕਰ :** ਇਹ ਤਾਂ ਸਿਰਫ਼ ਅਨੰਦਪੁਰ ਸਾਹਿਬ ਬਾਰੇ ਹੀ ਹੈ......

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਸਾਰੇ ਪੰਜਾਬ ਬਾਰੇ ਹੀ ਦਸ ਦਿੰਦੀ ਹਾਂ, ਇਨ੍ਹਾਂ ਨੇ ਠੀਕ ਸਵਾਲ ਕੀਤਾ ਹੈ । ਸਾਰੇ ਪੰਜਾਬ ਦੇ ਵਿੱਚ ਇਸ ਵੇਲੇ ਤਿੰਨ ਹਜ਼ਾਰ ਸੀਟਾਂ ਖਾਲੀ ਪਈਆਂ ਹਨ.........

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਕੀ ਇਹ ਲੈਕਚਰ ਨਹੀਂ ਹੈ...........

**Mr. Speaker :** She is replying. ਇਹ ਲੈਕਚਰ ਨਹੀਂ ਹੈ ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਤਾਂ ਬੀਬੀਆਂ ਨੂੰ ਅੱਗੇ ਰੱਖਦੇ ਹਾਂ ਪਰ ਇਹ ਮੇਰੇ ਪ੍ਰਤੀ ਇਸ ਤਰ੍ਹਾਂ ਕਿਉਂ ਕਹਿੰਦੇ ਹਨ। (ਹਾਸਾ) ਇਸ ਤੋਂ ਅੱਗੇ ਮੈਂ ਦਸਣਾ ਚਾਹੁੰਦੀ ਹਾਂ ਕਿ ਹਰਿਆਣਾ ਦੇ ਵਿਚ 6 ਹਜ਼ਾਰ, ਤਾਮਿਲਨਾਡੂ ਵਿਚ 12-14 ਹਜ਼ਾਰ ਸੀਟਾਂ ਖਾਲੀ ਰਹੀਆਂ ਹਨ । ਸੋ, ਇਹ ਤਾਂ ਸਾਰੇ ਦੇਸ਼ ਦੇ ਵਿੱਚ ਇਸ ਤਰ੍ਹਾਂ ਹੀ ਹੈ । ਅਸੀਂ ਵਿਚਾਰ ਕੀਤਾ ਕਿ ਪੰਜਾਬ ਦੇ ਵਿੱਚ ਤਿੰਨ ਹਜ਼ਾਰ ਸੀਟਾਂ ਖਾਲੀ ਕਿਉਂ ਰਹੀਆਂ, ਇਸ ਲਈ ਮੈਂ ਇੱਕ ਉੱਚ ਪੱਧਰੀ ਮੀਟਿੰਗ ਕੀਤੀ । ਉਹ ਮੀਟਿੰਗ ਕਰਕੇ ਦੇਖਿਆ ਗਿਆ ਕਿ ਜਿਹੜੇ ਪੁਰਾਣੇ ਟਰੇਡਜ਼ ਸਨ ਜਿਵੇਂ ਰੇਡੀਓ ਵਗੈਰਾ ਦੇ, ਉਹੀ ਚਲੀ ਜਾ ਰਹੇ ਸਨ, ਉਸ ਦੇ ਵਾਸਤੇ ਕਿਸੇ ਨੇ ਡਿਮਾਂਡ ਨਹੀਂ ਕੀਤੀ, ਕੋਈ ਸਟੂਡੈਂਟਸ ਨਹੀਂ ਆਏ । ਮੈਂ ਉੱਚ ਪੱਧਰੀ ਕਮੇਟੀ, ਵਾਈਸ ਚਾਂਸਲਰ ਦੇ ਹੈੱਡ ਹੇਠ ਬਣਾਈ ਔਰ ਉਸ ਦੇ ਵਿਚ ਵੱਡੇ ਵੱਡੇ ਇੰਡਸਟਰੀਲਿਸਟ, ਟੈਕਨੋਕ੍ਰੇਟਜ਼ ਨੂੰ ਵੀ ਸ਼ਾਮਲ ਕੀਤਾ ਗਿਆ । ਉਸ ਤੋਂ ਬਾਅਦ ਦੋ ਮਹੀਨੇ ਪਹਿਲਾਂ ਮੋਹਾਲੀ ਵਿਖੇ ਫਸਟ ਟਾਈਮ ਕੋਰਸ ਸ਼ੁਰੂ ਕੀਤਾ ਹੈ । ਇਸ ਤੋਂ ਇਲਾਵਾ ਅਸੀਂ ਜਿਹੜੇ ਪੁਰਾਣੇ ਕੋਰਸਿਜ਼ ਹਨ, ਉਨ੍ਹਾਂ ਨੂੰ ਖ਼ਤਮ ਕਰਕੇ ਉਨ੍ਹਾਂ ਦੀ ਬਜਾਏ ਜਿਹੜੇ ਅੱਜ ਜਾਂ ਆਉਣ ਵਾਲੇ ਪੰਜ ਸਾਲਾਂ ਦੇ

[ਉਪ ਮੁੱਖ ਮੰਤਰੀ]

ਲਈ ਸਾਡੇ ਲਈ, ਇੰਡਸਟਰੀ ਲਈ ਫਾਇਦੇਮੰਦ ਹੋਣਗੇ, ਉਸ ਤਰ੍ਹਾਂ ਦੀਆਂ ਟਰੇਡਜ਼ ਰਾਹੀਂ ਵਿਦਿਆਰਥੀਆਂ ਨੂੰ ਸਿੱਖਿਆ ਦੇਣਾ ਚਾਹੁੰਦੇ ਹਾਂ । ਸੋ, ਇਹ ਬਹੁਤ ਹੀ ਸੁਨਹਿਰੀ ਕਦਮ ਪੰਜਾਬ ਦੇ ਟੈਕਨੀਕਲ ਡਿਪਾਰਟਮੈਂਟ ਵਲੋਂ ਪੁੱਟਿਆ ਗਿਆ ਹੈ । ਇਸ ਦੇ ਨਾਲ ਮੈਂਬਰ ਸਾਹਿਬ ਦੀ ਚਿੰਤਾ ਵੀ ਦੂਰ ਹੋ ਜਾਵੇਗੀ ।

---------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1143

(ਇਹ ਪ੍ਰਸ਼ਨ ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਪੇਸ਼ ਨਹੀਂ ਹੋਇਆ ।)

---------

## ਫਿਰੋਜ਼ਪੁਰ ਸ਼ਹਿਰ ਵਿਚ ਸੜਕਾਂ ਦੀ ਮੁਰੰਮਤ

*1208. **ਸਰਦਾਰ ਸੁਖਪਾਲ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਿਰੋਜ਼ਪੁਰ ਸ਼ਹਿਰ ਵਿਚ ਸੜਕਾਂ ਦੀ ਹਾਲਤ ਖਸਤਾ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਮੁਰੰਮਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**Chaudhary Jagjit Singh** : The Circular Road from Multani Gate to Makhu Gate and Khai Road upto municipal limits of Municipal Council, Ferozepur, require major repairs. These roads will be repaired on priority basis.

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਇਸ ਸ਼ਹਿਰ ਦੀ ਮੇਨ ਲਿੰਕ ਰੋਡ ਹੈ ਜਿਸ ਤੇ ਸਾਰੇ ਸ਼ਹਿਰ ਦਾ ਟ੍ਰੈਫਿਕ ਨਿਰਭਰ ਕਰਦਾ ਹੈ । ਇਹ ਰੋਡ ਖਰਾਬ ਹੋਣ ਕਾਰਨ ਟ੍ਰੈਫਿਕ ਨੂੰ ਮੁਸ਼ਕਿਲ ਆ ਰਹੀ ਹੈ ਇਹ ਉਸ ਦੀ ਕਦੋਂ ਮੁਰੰਮਤ ਕਰਾਉਣਗੇ ? ਲੋਡਿਡ ਟਰੱਕ ਸ਼ਹਿਰ ਵਿਚੋਂ ਦੀ ਨਿਕਲਦੇ ਹਨ, ਇਹ ਬੰਦ ਕਰਵਾਏ ਜਾਣ ਤਾਂ ਕਿ ਲੋਕਾਂ ਨੂੰ ਮੁਸ਼ਕਿਲ ਨਾ ਆਵੇ ।

ਮਾਨਯੋਗ ਸਪੀਕਰ : ਹਾਂ ਜੀ, ਇਹ ਲੋਡਿਡ ਟਰੱਕਜ਼ ਦੀ ਸ਼ਹਿਰ ਅੰਦਰ ਆਵਾਜਾਈ ਨੂੰ ਬੰਦ ਕਰਾਉਣ ਲਈ ਆਸ਼ਵਾਸਨ ਮੰਗਦੇ ਹਨ ।

ਮੰਤਰੀ : ਸਪੀਕਰ ਸਾਹਿਬ, ਪ੍ਰਾਇਰਟੀ ਬੇਸਿਜ਼ ਤੇ ਇਸ ਸੜਕ ਦੀ ਰਿਪੇਅਰ ਕਰ ਰਹੇ ਹਾਂ ।

---------

## ਪਸ਼ੂ ਚਿਕਿਤਸਾ ਹਸਪਤਾਲਾਂ ਲਈ ਨਵੀਆਂ ਇਮਾਰਤਾਂ ਦੀ ਉਸਾਰੀ

*1197. **ਚੌਧਰੀ ਬਲਬੀਰ ਸਿੰਘ ਮਿਆਣੀ** : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਮਿਆਣੀ, ਟਾਂਡਾ, ਹਰਿਆਣਾ ਅਤੇ ਬੂਲੋਵਾਲ ਵਿਖੇ ਪਸ਼ੂ ਚਿਕਿਤਸਾ ਹਸਪਤਾਲ਼ਾਂ ਲਈ ਨਵੀਆਂ ਇਮਾਰਤਾਂ ਉਸਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਕਿੰਨੇ ਸਮੇਂ ਦੇ ਅੰਦਰ-ਅੰਦਰ ਇਨ੍ਹਾਂ ਦੀ ਉਸਾਰੀ ਕੀਤੇ ਜਾਣ ਦੀ ਸੰਭਾਵਨਾ ਹੈ ?

**ਮਾਨਯੋਗ ਸਪੀਕਰ** : ਕੋਈ ਹੋਰ ਮਨਿਸਟਰ ਜਵਾਬ ਦੇ ਦੇਣ । ਮੇਰਾ ਖਿਆਲ ਹੈ ਕਿ ਸਬੰਧਿਤ ਮੰਤਰੀ ਜੀ ਨਹੀਂ ਆਏ । ਇਹ ਕੁਲੈਕਟਿਵ ਰਿਸਪਾਂਸੇਬਿਲਟੀ ਹੈ । ਕੁਐਸਚਨ ਦਾ ਜਵਾਬ ਕੋਈ ਹੋਰ ਮਨਿਸਟਰ ਵੀ ਦੇ ਸਕਦਾ ਹੈ ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਕੀ ਗੱਲ ਹੈ ਕਿ ਕੁਐਸਚਨ ਰੇਜ਼ ਕੀਤਾ ਗਿਆ ਹੈ ਤੇ ਮੰਤਰੀ ਸਾਹਿਬ ਗੈਰ ਹਾਜ਼ਰ ਹਨ । It is a disrespect to the House. ਇਹ ਹਾਊਸ ਦੀਆਂ ਮਾਨਤਾਵਾਂ ਦੀ ਉਲੰਘਣਾ ਹੈ ।

**ਮਾਨਯੋਗ ਸਪੀਕਰ** : ਮਨਿਸਟਰ ਕੋਈ ਜ਼ਰੂਰੀ ਕੰਮ ਲਈ ਜਾ ਸਕਦੇ ਹਨ । ਉਨ੍ਹਾਂ ਦੀ ਥਾਂ ਕੋਈ ਹੋਰ ਮਨਿਸਟਰ ਸਾਹਿਬ ਜਵਾਬ ਦੇ ਸਕਦੇ ਹਨ । All right. I postpone this Question for next sitting.

**Captain Kanwaljit Singh** : You must pass strictures against the Minister.

**Mr. Speaker** : Please sit down.

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਸੁਣੋ ।

**ਮਾਨਯੋਗ ਸਪੀਕਰ :** ਕੋਈ ਗੱਲ ਨਹੀਂ ਸੁਣਨੀ । ਤੁਸੀਂ ਬੈਠ ਜਾਓ । I have given my Ruling that the Question ਅਗਲੀ ਸਿਟਿੰਗ ਵਿਚ ਜਾਏਗਾ ।

**Captain Kanwaljit Singh :** The Minister is absent from the House.

**Mr. Speaker :** I have observed. ਹਾਂ ਜੀ, ਅਗਲਾ ਕੁਐਸਚਨ, ਇਰੀਗੇਸ਼ਨ ਐਂਡ ਪਾਵਰ ਮਨਿਸਟਰ।

**ਕੈਪਟਨ ਕੰਵਲਜੀਤ ਸਿੰਘ :** ਇਹ ਕੋਈ ਗੱਲ ਨਹੀਂ ਹੋਈ ਕਿ ਕੁਐਸਚਨ ਪੋਸਟਪੋਨ ਕਰ ਦਿਓ । ਸਾਡੀ ਕੋਈ ਰਿਕੁਐਸਟ ਨਹੀਂ ਹੈ ? (ਸ਼ੋਰ) (ਵਿਘਨ)

**Mr. Speaker :** I have already postponed. No noise please. ਸ਼੍ਰੀ ਤਰਲੋਚਨ ਸਿੰਘ ਜੀ, ਅਗਲਾ ਕੁਐਸਚਨ ਬੋਲੋ । ਇਹ ਕੁਐਸਚਨ ਆਵਰ ਹੈ, ਕੋਈ ਮਜ਼ਾਕ ਨਹੀਂ । (ਸ਼ੋਰ)

(ਇਸ ਸਮੇਂ ਆਪੋਜੀਸ਼ਨ ਪਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ।) (ਸ਼ੋਰ.........ਵਿਘਨ.......)

**Mr. Speaker :** I am sorry. This noise is not needed. Please take your seats. I have postponed the Question.

**Captain Kanwaljit Singh :** How can you postpone ? ਸਾਡੀ ਕੋਈ ਰਿਕੁਐਸਟ ਨਹੀਂ ਹੈ ।

**Mr. Speaker :** I have already given my Ruling. Nobody can change my ruling. Kindly sit down.

**ਕੈਪਟਨ ਕੰਵਲਜੀਤ ਸਿੰਘ :** ਇਹ ਸਾਡੇ ਅਧਿਕਾਰਾਂ ਦੀ ਉਲੰਘਣਾ ਹੈ ।

**Mr. Speaker :** I have received one letter from the Minister concerned. So, I have postponed this Question for the next sitting.

---------------

## ਡੂੰਘੇ ਟਿਊਬਵੈੱਲ ਚਾਲੂ ਕਰਨੇ

***1310. ਸ਼੍ਰੀ ਤਰਲੋਚਨ ਸਿੰਘ :** ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਮਾਰਚ, 2002 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਰਾਜ ਦੇ ਕੰਢੀ ਖੇਤਰ ਵਿੱਚ ਸਰਕਾਰ ਦੁਆਰਾ ਚਾਲੂ ਕੀਤੇ ਗਏ ਡੂੰਘੇ ਟਿਊਬਵੈੱਲਾਂ ਦੀ ਕੁੱਲ ਗਿਣਤੀ ਕਿੰਨੀ ਹੈ ?

**ਸਰਦਾਰ ਲਾਲ ਸਿੰਘ :** ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਨੇ ਮਾਰਚ, 2002 ਤੋਂ ਹੁਣ ਤੱਕ ਕੰਢੀ ਏਰੀਏ ਵਿੱਚ 6 ਡੂੰਘੇ ਟਿਊਬਵੈੱਲ ਚਾਲੂ ਕੀਤੇ ਹਨ ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ 6 ਟਿਊਬਵੈੱਲ ਕੰਢੀ ਏਰੀਏ ਵਿਚ ਲੱਗੇ ਹਨ। ਇਨ੍ਹਾਂ ਤੇ ਟੋਟਲ ਕਿੰਨਾ ਖਰਚਾ ਆਇਆ ਹੈ ਅਤੇ ਇਨ੍ਹਾਂ ਵਿਚੋਂ ਕਿੰਨੇ ਟਿਊਬਵੈੱਲ ਚਾਲੂ ਹਾਲਤ ਵਿਚ ਹਨ ?

**ਮੰਤਰੀ :** ਪੰਜਾਬ ਦੇ ਅੰਦਰ 1535 ਟਿਊਬਵੈੱਲ ਹਨ। ਜਿਨ੍ਹਾਂ ਵਿਚੋਂ 554 ਟਿਊਬਵੈੱਲ ਕੰਢੀ ਏਰੀਏ ਵਿਚ ਹਨ ਤੇ 981 ਟਿਊਬਵੈੱਲ ਨਾਨ-ਕੰਢੀ ਏਰੀਏ ਵਿਚ ਹਨ । 1,25,412 ਏਕੜ ਜ਼ਮੀਨ ਇਨ੍ਹਾਂ ਨਾਲ ਇਰੀਗੇਟ ਹੁੰਦੀ ਹੈ। ਇਕ ਟਿਊਬਵੈੱਲ 82 ਏਕੜ ਜ਼ਮੀਨ ਨੂੰ ਕਵਰ ਕਰਦਾ ਹੈ । ਇਸ ਤੇ 52 ਕਰੋੜ ਰੁਪਿਆ ਇਕ ਸਾਲ ਦਾ ਖਰਚਾ ਹੈ ਤੇ ਕਿਸਾਨ ਨੂੰ ਇਕ ਸਾਲ ਵਿਚ 123 ਕਰੋੜ ਰੁਪਏ ਦਾ ਲਾਭ ਹੁੰਦਾ ਹੈ। ਇਹ ਮੇਰਾ ਜਵਾਬ ਹੈ ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਛੇ ਟਿਊਬਵੈੱਲ ਕੰਢੀ ਏਰੀਏ ਵਿਚ ਲੱਗੇ ਹਨ, ਇਨ੍ਹਾਂ ਨੂੰ ਲਾਉਣ ਤੇ ਕਿੰਨਾ ਖਰਚਾ ਆਇਆ ਹੈ? ਇਨ੍ਹਾਂ ਛੇ ਟਿਊਬਵੈੱਲਾਂ ਵਿਚੋਂ ਕਿੰਨੇ ਟਿਊਬਵੈੱਲ ਹੁਣ ਚਾਲੂ ਹਾਲਤ ਵਿਚ ਹਨ ?

**ਮਾਨਯੋਗ ਸਪੀਕਰ :** ਸਪੈਸੇਫਿਕ ਕੁਐਸਚਨ ਹੈ।

**ਮੰਤਰੀ :** ਇਹ ਇਨਫਰਮੇਸ਼ਨ ਇਸ ਵੇਲੇ ਮੇਰੇ ਕੋਲ ਨਹੀਂ ਹੈ। ਛੇ ਟਿਊਬਵੈੱਲਾਂ ਬਾਰੇ ਇਨ੍ਹਾਂ ਨੇ ਪੁੱਛਿਆ ਸੀ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ । ਅਸੀਂ ਅੱਠ

[ਸਿੰਚਾਈ ਅਤੇ ਬਿਜਲੀ ਮੰਤਰੀ]
ਟਿਊਬਵੈੱਲ ਹੋਰ ਲਾਉਣ ਦਾ ਕੀਤਾ ਹੈ । ਚਾਰ ਕਰੋੜ ਰੁਪਏ ਇਨ੍ਹਾਂ ਵਾਸਤੇ ਖਰਚਣੇ ਹਨ ਔਰ ਇਨ੍ਹਾਂ ਦੇ ਟੈਂਡਰ ਵੀ ਹੋ ਗਏ ਹਨ ਜਿਸ ਦੇ ਨਾਲ 8 ਟਿਊਬਵੈੱਲ ਹੋਰ ਲਗਾਉਣ ਦਾ ਇਸ ਸਾਲ ਦੇ ਵਿਚ ਪ੍ਰੋਗਰਾਮ ਹੈ । ਬਾਕੀ ਜੋ ਇਨਫਰਮੇਸ਼ਨ ਇਨ੍ਹਾਂ ਨੇ ਪੁੱਛੀ ਹੈ, ਉਹ ਹੁਣ ਮੇਰੇ ਕੋਲ ਨਹੀਂ ਹੈ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਜਿਹੜੇ 8 ਟਿਊਬਵੈੱਲ ਹੋਰ ਲੱਗਣੇ ਹਨ, ਜਿਵੇਂ ਕਿ ਮੰਤਰੀ ਸਾਹਿਬ ਨੇ ਦੱਸਿਆ ਹੈ, ਕੀ ਇਹ ਟਿਊਬਵੈੱਲ ਕੰਢੀ ਏਰੀਆ ਦੇ ਵਿਚ ਲੱਗਣੇ ਹਨ ਜਾਂ ਕਿਸੇ ਹੋਰ ਏਰੀਏ ਵਿਚ ਲੱਗਣੇ ਹਨ ?

**ਮੰਤਰੀ :** ਸਪੀਕਰ ਸਾਹਿਬ, ਇਹ ਇਨਫਰਮੇਸ਼ਨ ਮੇਰੇ ਕੋਲ ਇਸ ਵਕਤ ਨਹੀਂ ਹੈ ਕਿ ਕਿੱਥੇ-ਕਿੱਥੇ ਲੱਗਣੇ ਹਨ.....(ਹਾਸਾ) (ਵਿਘਨ)

**ਮਾਨਯੋਗ ਸਪੀਕਰ :** ਪਲੀਜ਼, ਉਹ ਜਵਾਬ ਦੇ ਰਹੇ ਹਨ I No noise please. ਇਨ੍ਹਾਂ ਨੂੰ ਜਵਾਬ ਦੇਣ ਦਿਓ । He is on his legs.

**ਮੰਤਰੀ :** ਤੁਸੀਂ ਵੀ ਸਪਲੀਮੈਂਟਰੀ ਕਰੋ, (ਵਿਰੋਧੀ ਧਿਰ ਵੱਲ ਇਸ਼ਾਰਾ) ਮੈਂ ਤੁਹਾਡਾ ਵੀ ਜਵਾਬ ਦੇਵਾਂਗਾ । ਇਹ ਜਿਹੜੇ 8 ਟਿਊਬਵੈੱਲ ਅਸੀਂ ਹੋਰ ਲਗਾਉਣ ਦਾ ਪ੍ਰੋਗਰਾਮ ਬਣਾਇਆ ਹੈ,ਇਹ ਸਿਰਫ 8 ਦਾ ਹੀ ਨਹੀਂ ਬਲਕਿ ਸੌ ਟਿਊਬਵੈੱਲ ਹੋਰ ਲਗਾਉਣ ਦਾ ਪ੍ਰੋਗਰਾਮ ਅਸੀਂ ਬਣਾਇਆ ਹੋਇਆ ਹੈ। ਇਨ੍ਹਾਂ ਵਿਚੋਂ 50 ਟਿਊਬਵੈੱਲ ਇਸ ਸਾਲ ਅਤੇ 50 ਅਗਲੇ ਸਾਲ ਲਗਾਉਣ ਦਾ ਪ੍ਰੋਗਰਾਮ ਹੈ। 20.38 ਕਰੋੜ ਰੁਪਏ ਨਾਬਾਰਡ ਦੀ ਸਕੀਮ ਦੇ ਤਹਿਤ ਸੈਂਕਸ਼ਨ ਹੋ ਗਏ ਹਨ। 10 ਕਰੋੜ ਰੁਪਏ ਨਾਲ ਇਸ ਸਾਲ 50 ਟਿਊਬਵੈੱਲ ਲਗਣਗੇ ਅਤੇ ਬਾਕੀ 10 ਕਰੋੜ ਰੁਪਏ ਨਾਲ 50 ਟਿਊਬਵੈੱਲ ਅਗਲੇ ਸਾਲ ਵਿਚ, ਇਨ੍ਹਾਂ 8 ਟਿਊਬਵੈੱਲਾਂ ਤੋਂ ਇਲਾਵਾ ਲੱਗਣਗੇ । ਇਸ ਤਰ੍ਹਾਂ 8 ਤੋਂ ਇਲਾਵਾ 100 ਟਿਊਬਵੈੱਲ ਹੋਰ ਲੱਗਣੇ ਹਨ। ਇਨ੍ਹਾਂ ਬਾਰੇ ਸਾਰੀ ਡਿਟੇਲ ਇਸ ਵਕਤ ਮੇਰੇ ਕੋਲ ਨਹੀਂ ਹੈ ਕਿ ਕਿੱਥੇ ਕਿੱਥੇ ਲੱਗਣੇ ਹਨ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਤਾਂ ਸਿਰਫ ਇੰਨਾ ਹੀ ਜਾਣਨਾ ਚਾਹੁੰਦਾ ਸੀ ਕਿ ਵਜ਼ੀਰ ਸਾਹਿਬ ਪਤਾ ਨਹੀਂ ਮੈਨੂੰ ਕਿਉਂ ਕਹਿਣ ਲੱਗ ਪਏ ਹਨ, ਚਲੋ, ਇਨ੍ਹਾਂ ਦਾ ਪਿਆਰ ਹੈ । ਮਿਹਰਬਾਨੀ ਕਰਕੇ ਸਿਰਫ ਇਹ

ਪੁਆਇੰਟ ਕਲੀਅਰ ਕਰ ਦੇਣ ਕਿ ਕੀ ਕੰਢੀ ਏਰੀਏ ਦੇ ਵਿਚ ਜਿਹੜੇ 554 ਟਿਊਬਵੈੱਲਾਂ ਬਾਰੇ ਡਿਟੇਲ ਦਿੱਤੀ ਹੈ, ਇਹ ਦੱਸ ਦਿਓ ਕਿ ਇਨ੍ਹਾਂ ਵਿਚੋਂ ਹੁਣ ਕਿੰਨੇ ਖਰਾਬ ਅਤੇ ਕਿੰਨੇ ਚਾਲੂ ਹਨ ?

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਹੁਣ ਮੇਰੇ ਕੋਲ ਸਾਰੀ ਡਿਟੇਲ ਨਹੀਂ ਹੈ ।

**ਚੌਧਰੀ ਨੰਦ ਲਾਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਅੱਜ ਤੋਂ ਚਾਰ ਸਾਲ ਪਹਿਲਾਂ ਟਿਊਬਵੈੱਲ ਲੱਗੇ ਸਨ, ਇਹ ਟਿਊਬਵੈੱਲ ਲੱਗ ਤਾਂ ਚੁੱਕੇ ਹਨ ਪਰ ਇਨ੍ਹਾਂ ਨੂੰ ਅੱਜ ਤੱਕ ਕੁਨੈਕਸ਼ਨ ਨਹੀਂ ਦਿੱਤਾ ਗਿਆ । ਪਿੰਡਾਂ ਦੇ ਨਾਂ ਇਸ ਤਰ੍ਹਾਂ ਹਨ : ਚਾਂਦਪੁਰ ਰੁੜਕੀ, ਟੋਰੋਵਾਲ, ਸਿੰਘਪੁਰ, ਝੰਡਪੁਰ, ਕੁਕੜਸੂਹਾ, ਨਾਨੋਵਾਲ ਕੰਢੀ, ਕਟਵਾਰਾ, ਕਰੀਮਪੁਰ ਧਿਆਨੀ । ਇਨ੍ਹਾਂ ਪਿੰਡਾਂ ਨੂੰ ਹਾਲੇ ਤੱਕ ਕੁਨੈਕਸ਼ਨ ਨਹੀਂ ਦਿੱਤਾ ਗਿਆ । ਕਦੋਂ ਤੱਕ ਕੁਨੈਕਸ਼ਨ ਦੇ ਕੇ ਇਨ੍ਹਾਂ ਨੂੰ ਚਾਲੂ ਕਰਵਾ ਦੇਣਗੇ ?

**ਮੰਤਰੀ :** ਇਹ ਲਿਸਟ ਮੈਨੂੰ ਦੇ ਦੇਣ । ਜਿੱਥੇ-ਜਿੱਥੇ ਟਿਊਬਵੈੱਲ ਲੱਗੇ ਹੋਏ ਹਨ ਅਤੇ ਕੁਨੈਕਸ਼ਨ ਨਹੀਂ ਮਿਲੇ। ਇਹ ਕੰਮ ਜ਼ਰੂਰ ਕਰਵਾ ਦੇਵਾਂਗੇ ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨਾਬਾਰਡ-10 ਸਕੀਮ ਦੇ ਅੰਦਰ 31 ਮਾਰਚ ਤੱਕ ਟਿਊਬਵੈੱਲ ਲੱਗਣੇ ਸਨ। ਇਨ੍ਹਾਂ ਦਾ ਸਾਰਾ ਕੰਮ ਹੋ ਜਾਣਾ ਚਾਹੀਦਾ ਸੀ । ਪਰ ਹਾਲੇ ਤੱਕ ਬੋਰ ਕਰਨ ਤੋਂ ਸਿਵਾਏ ਸਾਰਾ ਬਾਕੀ ਕੰਮ ਪੈਂਡਿੰਗ ਹੈ। ਇਹ ਕਦੋਂ ਤੱਕ ਕਰਵਾ ਦੇਣਗੇ? ਨਾਬਾਰਡ-11 ਦੀ ਐਡਮਨਿਸਟਰੇਟਿਵ ਮਨਜ਼ੂਰੀ ਕਦੋਂ ਤੱਕ ਦੇ ਦੇਣਗੇ ?

**ਮੰਤਰੀ :** ਮੈਂ ਦੋ ਹਿੱਸਿਆਂ ਦੇ ਵਿਚ ਜਵਾਬ ਦਿੱਤਾ ਹੈ । 8 ਟਿਊਬਵੈੱਲ ਇਸ ਸਾਲ ਦੇ ਵਿਚ ਲੱਗਣੇ ਹਨ । ਇਨ੍ਹਾਂ ਦੇ ਟੈਂਡਰ ਵਗੈਰਾ ਦੀ ਕਾਰਵਾਈ ਵੀ ਪੂਰੀ ਹੋ ਗਈ ਹੈ। ਇਸ ਸਾਲ ਦੇ ਅੰਦਰ-ਅੰਦਰ 8 ਟਿਊਬਵੈੱਲ ਚਾਲੂ ਹੋ ਜਾਣਗੇ । ਨਾਬਾਰਡ ਦੀ ਸਕੀਮ ਤਹਿਤ ਜਿਹੜੇ ਸੌ ਟਿਊਬਵੈੱਲ ਲੱਗਣੇ ਹਨ, ਉਨ੍ਹਾਂ ਵਾਸਤੇ 20.38 ਕਰੋੜ ਰੁਪਏ ਮਨਜ਼ੂਰ ਹੋ ਗਏ ਹਨ । ਉਹ 50 ਟਿਊਬਵੈੱਲ ਇਸ ਸਾਲ ਵਿਚ 10 ਕਰੋੜ ਰੁਪਏ ਖ਼ਰਚ ਕੇ ਲੱਗਣੇ ਹਨ ਅਤੇ 50 ਟਿਊਬਵੈੱਲ ਅਗਲੇ ਸਾਲ 10 ਕਰੋੜ ਰੁਪਏ ਵਿਚ ਲੱਗਣੇ ਹਨ । ਇਸ ਤਰ੍ਹਾਂ ਇਹ ਚਾਲੂ ਕੀਤੇ ਜਾਣਗੇ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਕੁਝ ਐਸੇ ਏਰੀਏ ਹਨ ਜਿਹੜੇ ਕਿ ਕੰਢੀ ਏਰੀਆ ਦੇ ਵਿਚ ਤਾਂ ਨਹੀਂ ਆਉਂਦੇ ਪਰ ਉਥੇ ਜ਼ਮੀਨੀ ਪਾਣੀ ਦੀ ਸਤਹ ਬਹੁਤ ਹੀ ਨੀਚੇ ਚਲੀ ਗਈ ਹੈ। ਕੀ ਉਨ੍ਹਾਂ ਇਲਾਕਿਆਂ ਵਿਚ ਵੀ ਨਵੇਂ ਟਿਊਬਵੈੱਲ ਲਗਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ ?

**ਮੰਤਰੀ** : ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ 100 ਟਿਊਬਵੈੱਲ ਲੱਗਣੇ ਹਨ, ਉਨ੍ਹਾਂ ਵਿਚ ਅਜਿਹੇ ਏਰੀਏ ਵੀ ਕਵਰ ਕੀਤੇ ਜਾ ਸਕਦੇ ਹਨ ਜਿੱਥੇ ਕਿ ਪਾਣੀ ਦੀ ਬਹੁਤ ਘਾਟ ਹੈ। ਉਸ ਜ਼ਮੀਨ ਦੇ ਖਸਰਾ ਨੰਬਰ ਦੱਸ ਦਿਓ ।

**ਸਰਦਾਰ ਰਣਦੀਪ ਸਿੰਘ ਨਾਭਾ** : ਸਪੀਕਰ ਸਾਹਿਬ, ਜਿਵੇਂ ਕਿ ਇੱਥੇ ਮੰਤਰੀ ਸਾਹਿਬ ਨੇ ਜ਼ਿਕਰ ਕੀਤਾ ਹੈ ਕਿਉਂਕਿ ਮੈਂਬਰ ਸਾਹਿਬ ਨੇ ਜਿਹੜੇ ਕੰਢੀ ਏਰੀਆ ਦੇ ਵਿਚ ਕੁਨੈਕਸ਼ਨ ਦੇਣੇ ਹਨ, ਬਾਰੇ ਪੁਛਿਆ ਹੈ ਅਤੇ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਜਿੱਥੇ ਕੁਨੈਕਸ਼ਨ ਦੇਣੇ ਹਨ, ਉਨ੍ਹਾਂ ਦੀ ਵਿਸਥਾਰ ਨਾਲ ਲਿਸਟ ਦਿੱਤੀ ਜਾਵੇ ਤਾਂ ਇਸ ਤੇ ਜ਼ਰੂਰੀ ਕਾਰਵਾਈ ਕਰਨਗੇ। ਪਰ ਲਿਸਟ ਤਾਂ ਆਲਰੇਡੀ ਇਨ੍ਹਾਂ ਕੋਲ ਪਹੁੰਚ ਚੁੱਕੀ ਹੈ । ਜਿਹੜੇ ਟਿਊਬਵੈੱਲ ਹਾਲੇ ਤੱਕ ਨਹੀਂ ਚਲ ਰਹੇ ਹਨ, ਉਨ੍ਹਾਂ ਸਬੰਧੀ ਇਨਕੁਆਇਰੀ ਵੀ ਚਲ ਰਹੀ ਹੈ, ਇਸ ਇਨਕੁਆਇਰੀ ਦੀ ਰਿਪੋਰਟ ਕਿੱਥੇ ਤੱਕ ਪਹੁੰਚ ਗਈ ਹੈ? ਸਰਕਾਰ ਵਲੋਂ ਕੀਤੀ ਕਾਰਵਾਈ ਕਿੱਥੇ ਤੱਕ ਪਹੁੰਚੀ ਹੈ? ਮੈਂ ਇਹ ਪੁੱਛਣਾ ਚਾਹੁੰਦਾ ਹਾਂ ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਧਿਆਨ ਵਿਚ ਹੁਣੇ ਲਿਆਂਦਾ ਹੈ। ਇਸੇ ਇਨਕੁਆਇਰੀ ਬਾਰੇ ਮੈਨੂੰ ਇਸ ਵਕਤ ਪਤਾ ਨਹੀਂ ਹੈ। ਇਸ ਇਨਕੁਆਇਰੀ ਬਾਰੇ ਪਤਾ ਕਰਕੇ ਮੈਂ ਇਨ੍ਹਾਂ ਨੂੰ ਦੱਸ ਦੇਵਾਂਗਾ ।

-------

**Repair of Goraya-Jandiala Road**

***1231. Sardar Gurbinder Singh Atwal** : Will the Public Works (B&R) Minister be pleased to state the steps taken or to be taken by the Government for the repair of Goraya-Jandiala road in view of the dilapidated condition thereof ?

**Chaudhary Jagjit Singh** (Minister for Local Govt, Parliamentary Affairs, Labour & Employment and Elections) : This road is likely to be repaired during the year 2005-06.

(ਇਸ ਸਵਾਲ ਦੀ ਕੋਈ ਸਪਲੀਮੈਂਟਰੀ ਨਹੀਂ ਕੀਤੀ ਗਈ ।)

---------

**Repair of Phillaur-Noormahal Road**

***1232. Sardar Gurbinder Singh Atwal, M.L.A.** : Will the Public Works (B&R) Minister be pleased to state the year in which the Phillaur - Noormahal road was repaired last together with the time by which it is likely to be repaired again in view of its dilapidated condition ?

**Chaudhary Jagjit Singh** (Minister for Local Govt., Parliamentary Affairs, Labour and Employment and Elections) : This road was last repaired during 2001-02. It is likely to be repaired during the year 2005-06.

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਨਾਰਮਲੀ ਜਿਹੜੀ ਸੜਕ ਬਣਦੀ ਹੈ ਉਸ ਦੀ ਰਿਪੇਅਰ ਕਿੰਨੇ ਸਾਲ ਬਾਅਦ ਹੁੰਦੀ ਹੈ ?

**ਮੰਤਰੀ** : ਸਪੀਕਰ ਸਾਹਿਬ,6 ਸਾਲ ਬਾਅਦ ਰਿਪੇਅਰ ਕੀਤੀ ਜਾਂਦੀ ਹੈ ?

**ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਸਪੀਕਰ ਸਾਹਿਬ, ਇਸ ਸੜਕ ਦੀ ਰਿਪੇਅਰ ਪਿਛਲੀ ਵਾਰ ਹੋਈ ਸੀ ਜਦੋਂ ਚੀਫ ਮਨਿਸਟਰ ਸਾਹਿਬ ਉਥੇ ਫੂਡ ਐਂਡ ਸਪਲਾਈ ਮਨਿਸਟਰ ਸਾਹਿਬ ਦੇ ਪਿਤਾ ਦੇ ਭੋਗ ਉਤੇ ਗਏ ਸਨ । ਪਰ ਅੱਗੇ ਅੱਗੇ ਸੜਕ ਬਣਦੀ ਜਾ ਰਹੀ ਸੀ ਅਤੇ ਪਿਛੇ ਪਿਛੇ ਟੋਏ ਪੈਂਦੇ ਜਾ ਰਹੇ ਸਨ। ਹੁਣ ਫਿਰ ਰਿਪੇਅਰ ਕਦੋਂ ਕੀਤੀ ਜਾਵੇਗੀ ਕਿਉਂਕਿ ਚੀਫ਼ ਮਨਿਸਟਰ ਸਾਹਿਬ ਨੇ ਪਹਿਲੀ ਤਾਰੀਖ ਨੂੰ ਉਥੇ ਜਾਣਾ ਹੈ ਅਸੀਂ ਵੀ ਚੀਫ਼ ਮਨਿਸਟਰ ਸਾਹਿਬ ਦੀ ਗੱਡੀ ਵਿਚ ਜਾਣਾ ਹੈ । ਸੜਕ ਦੀ ਟੁੱਚ-ਪੁੱਚ ਤਾਂ ਸ਼ੁਰੂ ਹੋ ਗਈ ਹੈ ਪਰ ਕਿਨਾਰੀਆਂ ਛੱਡੀ ਜਾ ਰਹੇ ਹਨ ।

**ਮਾਨਯੋਗ ਸਪੀਕਰ** : ਤੁਸੀਂ ਇਨਫਰਮੇਸ਼ਨ ਸਰਕਾਰ ਨੂੰ ਦੇ ਰਹੇ ਹੋ ਜਾਂ ਇਨਫਰਮੇਸ਼ਨ ਮੰਗ ਰਹੇ ਹੋ।

**ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਸਪੀਕਰ ਸਾਹਿਬ, ਮੈਂ ਇਸ ਸੜਕ ਦੀ ਮਾੜੀ ਹਾਲਾਤ ਬਾਰੇ ਸਰਕਾਰ ਨੂੰ ਜਾਣੂੰ ਕਰਵਾ ਰਿਹਾ ਹਾਂ ਕਿ ਉਥੇ ਟੁੱਚ-ਪੁੱਚ ਨਾਲ ਸੜਕ ਦੀ ਰਿਪੇਅਰ ਕੀਤੀ ਜਾ ਰਹੀ ਹੈ । ਅੱਛੇ ਤਰੀਕੇ ਨਾਲ ਕਦੋਂ ਤੱਕ ਇਸ ਸੜਕ ਦੀ ਰਿਪੇਅਰ ਕਰਵਾ ਦੇਵੋਗੇ ।

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਸੜਕ ਦੀ ਗੱਲ ਕਰ ਰਹੇ ਹਨ ਉਥੇ ਜਿਹੜੇ ਸੜਕ ਵਿਚ ਟੋਏ ਪਏ ਹੋਏ ਹਨ ਉਨ੍ਹਾਂ ਨੂੰ ਅਸੀਂ ਭਰ ਦੇਵਾਂਗੇ ਅਤੇ 3 ਮਹੀਨਿਆਂ ਦੇ ਵਿਚ ਇਸ ਦੀ ਕੰਪਲੀਟ/ ਮੁਕੰਮਲ ਰਿਪੇਅਰ ਕਰ ਦੇਵਾਂਗੇ ।

**ਸ਼੍ਰੀ ਦੇਸ ਰਾਜ ਧੁੱਗਾ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜੀ ਸੜਕ ਦੀ ਲਿਮਿਟ 6 ਸਾਲ ਦੀ ਦੱਸੀ ਹੈ । ਇਨ੍ਹਾਂ ਨੇ ਕਿਹਾ ਕਿ ਇਸ ਸੜਕ ਨੂੰ 3 ਮਹੀਨਿਆਂ ਦੇ ਵਿਚ ਰਿਪੇਅਰ ਕਰਵਾ ਦਿਆਂਗੇ ਅਤੇ ਟੋਏ ਭਰ ਦੇਵਾਂਗੇ । ਕੀ ਇਹ ਇਸ ਸੜਕ ਦੀ ਇਨਕੁਆਇਰੀ ਕਰਵਾਉਣਗੇ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਸਾਡੇ ਨੋਟਿਸ ਵਿਚ ਲਿਆਂਦਾ ਹੈ ਇਸ ਦੀ ਅਸੀਂ ਇਨਕੁਆਇਰੀ ਕਰਵਾ ਲਵਾਂਗੇ ਅਤੇ ਜਿਹੜਾ ਆਦਮੀ ਜ਼ਿੰਮੇਵਾਰ ਹੋਵੇਗਾ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਸ ਸੜਕ ਦੀ 3 ਮਹੀਨਿਆਂ ਦੇ ਵਿਚ ਕੰਪਲੀਟ ਰਿਪੇਅਰ ਕਰਵਾ ਦੇਵਾਂਗੇ ਅਤੇ ਪਹਿਲੇ ਟੋਏ ਭਰ ਦੇਵਾਂਗੇ । ਕੀ ਇਹ ਟੋਏ ਮਿੱਟੀ ਨਾਲ ਭਰਨਗੇ ਜਾਂ ਹੱਥ ਨਾਲ ਭਰਨਗੇ ?

**Mr. Speaker :** Need not reply .

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਇਨ੍ਹਾਂ ਨੇ ਆਸ਼ਵਾਸਨ ਦਿੱਤਾ ਹੈ ਕਿ 3 ਮਹੀਨਿਆਂ ਦੇ ਵਿਚ ਇਸ ਸੜਕ ਦੀ ਕੰਪਲੀਟ ਰਿਪੇਅਰ ਕਰ ਦੇਵਾਂਗੇ ਅਤੇ ਟੋਏ ਭਰ ਦਿਆਂਗੇ । ਕੀ ਇਹ ਮਨਾਂ ਦੇ ਵਿਚ ਜਿਹੜੇ ਟੋਏ ਪਏ ਹੋਏ ਹਨ ਉਨ੍ਹਾਂ ਨੂੰ ਭਰ ਦੇਣਗੇ ?

**ਮਾਨਯੋਗ ਸਪੀਕਰ :** ਹੁਣ ਤਾਂ ਮਜ਼ਾਕ ਸ਼ੁਰੂ ਹੋ ਗਿਆ ਹੈ ।

**ਸਰਦਾਰ ਸੁਖਪਾਲ ਸਿੰਘ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਹੁਣ ਤੱਕ ਕਿੰਨੀਆਂ ਇਨਕੁਆਇਰੀਆਂ ਸੜਕਾਂ ਸਬੰਧੀ ਕੀਤੀਆਂ ਹਨ ਅਤੇ ਦੱਸਿਆ ਜਾਵੇ ਕਿ ਹੁਣ ਤੱਕ ਕਿੰਨੀਆਂ ਦੇ ਖਿਲਾਫ ਕਾਰਵਾਈ ਕੀਤੀ ਗਈ ਹੈ? ਕੀ ਦੋਸ਼ੀਆਂ ਦੇ ਖਿਲਾਫ ਸਰਕਾਰ ਕਾਰਵਾਈ ਕਰੇਗੀ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਜਨਰਲ ਜਿਹੀ ਗੱਲ ਕਰ ਦਿੱਤੀ ਹੈ । ਮੈਂ ਤਾਂ ਪਰਟੀਕੁਲਰ ਸੜਕ ਦੀ ਗੱਲ ਦਾ ਜਵਾਬ ਦਿੱਤਾ ਸੀ ।

-------

## ਡਾਕਟਰਾਂ ਦੀ ਨਿਯੁਕਤੀ

*1153.(1) **ਸਰਦਾਰ ਮਨਪ੍ਰੀਤ ਸਿੰਘ ਬਾਦਲ**
(2) **ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2002 ਤੋਂ 2005 ਮਿਤੀ ਅੰਤ ਤੱਕ ਦੇ ਦੌਰਾਨ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਵਿਚ ਭਰਤੀ ਕੀਤੇ ਗਏ ਡਾਕਟਰਾਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਡਾਕਟਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਰਾਜ ਵਿਚ ਮੁੱਢਲੇ ਸਿਹਤ ਕੇਂਦਰਾਂ ਵਿਚ ਲਗਾਇਆ ਗਿਆ ਹੈ ?

**ਸ੍ਰੀ ਰਮੇਸ਼ ਚੰਦਰ ਡੋਗਰਾ :** ਸਾਲ 2002 ਤੋਂ 2005 ਤੱਕ ਦੇ ਸਮੇਂ ਦੌਰਾਨ ਹੁਣ ਤੱਕ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਤਿੰਨ ਡਾਕਟਰਾਂ ਨੂੰ ਲਿਆ ਗਿਆ ਹੈ । ਇਹਨਾਂ ਵਿਚੋਂ ਦੋ ਡਾਕਟਰ ਸਾਲ 2002 ਅਤੇ ਇਕ ਡਾਕਟਰ 2003 ਵਿੱਚ ਲਿਆ ਗਿਆ । ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਵਲੋਂ ਸਾਲ 2002 ਤੋਂ 2005 ਤੱਕ ਦੇ ਸਮੇਂ ਦੌਰਾਨ ਕੋਈ ਵੀ ਡਾਕਟਰ ਭਰਤੀ ਨਹੀਂ ਕੀਤਾ ਗਿਆ । ਇਹਨਾਂ ਤਿੰਨਾਂ ਡਾਕਟਰਾਂ ਵਿਚੋਂ ਦੋ ਮੁੱਢਲੇ ਸਿਹਤ ਕੇਂਦਰਾਂ ਵਿਖੇ ਤਾਇਨਾਤ ਕੀਤੇ ਗਏ ਸਨ ।

**ਸਰਦਾਰ ਕੁਸ਼ਲਦੀਪ ਸਿੰਘ ਢਿਲੋਂ :** ਸਪੀਕਰ ਸਾਹਿਬ, ਮੰਤਰੀ ਜੀ ਨੇ ਫ਼ਰਮਾਇਆ ਹੈ ਕਿ 2002-2003 ਵਿਚ 3 ਡਾਕਟਰ ਰੱਖੇ ਗਏ ਹਨ। ਕੀ ਇਹ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਹਾਊਸ ਨੂੰ ਆਸ਼ਵਾਸਨ ਦਿਵਾਉਣਗੇ ਕਿ ਜਿਹੜੀਆਂ ਡਾਕਟਰਾਂ ਦੀਆਂ ਬਹੁਤ ਸਾਰੀਆਂ ਪੋਸਟਾਂ ਖਾਲੀ ਪਈਆਂ ਹਨ, ਜਿਨ੍ਹਾਂ ਨੂੰ ਭਰਨ ਵਾਸਤੇ ਇਥੇ ਰੋਜ਼ ਚੀਕ-ਚਿਹਾੜਾ ਪੈਂਦਾ ਹੈ ਕਿਉਂਕਿ ਹਰੇਕ ਦਾ ਮਨ ਕਰਦਾ ਹੈ ਕਿ ਉਸ ਦੇ ਏਰੀਏ ਵਿਚ ਡਾਕਟਰ ਹੋਵੇ, ਕੀ ਇਹ ਜਲਦੀ ਤੋਂ ਜਲਦੀ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਦੀ ਭਰਤੀ ਕਰਕੇ ਡਾਕਟਰਾਂ ਦੀ ਗਿਣਤੀ ਪੂਰੀ ਕਰ ਦੇਣਗੇ ਤੇ ਲੋਕਾਂ ਦਾ ਉਲਾਂਭਾ ਲਾਹੁਣਗੇ ?

**ਮੰਤਰੀ :** ਸਪੀਕਰ ਸਾਹਿਬ, ਅਸੀਂ ਵੀ ਚਾਹੁੰਦੇ ਹਾਂ ਕਿ ਪੋਸਟਾਂ ਜਲਦੀ ਤੋਂ ਜਲਦੀ ਭਰੀਆਂ ਜਾਣ । There is a procedure laid down. I have already said in the Punjab Vidhan Sabha a number of times. The procedure is : there are two Committees. One Committee has already given the list of deficiencies of the Doctors. Now it is lying with the Ministers' Committee. This is headed by the Finance Minister. The moment, it is cleared, we will go to the Cabinet and get the clearances and go ahead for appointments.

**ਸਰਦਾਰ ਕੁਸ਼ਲਦੀਪ ਸਿੰਘ ਢਿਲੋਂ :** ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਦੀਆਂ ਆਸਾਮੀਆਂ ਭਰਨ ਵਾਸਤੇ ਤਾਂ ਪ੍ਰੋਸੀਜ਼ਰ ਆ ਗਿਆ, ਬੈਨ ਆ ਗਿਆ । ਫੇਰ 3 ਡਾਕਟਰ ਕਿਉਂ ਰਖ ਲਏ ਗਏ ? ਕੀ ਉਹ ਪ੍ਰੋਸੀਜ਼ਰ ਵਗੈਰਾ ਅਡਾਪਟ ਕੀਤੇ ਬਗੈਰ ਰੱਖ ਲਏ ਗਏ ਜਾਂ ਉਦੋਂ ਬੈਨ ਨਹੀਂ ਸੀ ? ਇਹ ਕੀ ਗੱਲ ਸੀ ?

**ਮੰਤਰੀ :** ਸਰ, ਅਸੀਂ ਇਹ ਨਵੀਂ ਭਰਤੀ ਨਹੀਂ ਸੀ ਕੀਤੀ । In fact, they came from other state. They were transferred from the State of Haryana and were posted in Civil Hospital, Malerkotla. Second, she also came from Haryana and she was posted at Kiratpur Sahib and third Doctor, she also came from Haryana and posted at Bhago Majra. ਇਹ ਡਾਕਟਰ ਉਹ ਹਨ ਜਿਹੜੇ ਇਨ੍ਹਾਂ ਦੇ ਟਾਈਮ ਤੇ ਭਰਤੀ ਹਰਿਆਣਾ ਵਿਚ ਹੋਏ ਸਨ । ਇਨ੍ਹਾਂ ਨੇ ਉਥੇ ਭਰਤੀ ਕਰਾ ਦਿੱਤੇ । ਉਹੀ ਡਾਕਟਰ ਵੇਰੀਅਸ ਉਕੇਜ਼ਨ ਤੇ ਰਿਕੁਐਸਟ ਕਰਕੇ ਲਏ ਹਨ ।

**ਸਰਦਾਰ ਕੁਸ਼ਲਦੀਪ ਸਿੰਘ ਢਿਲੋਂ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗੱਲ ਨੂੰ ਟਾਲਣ ਦੀ ਬਜਾਏ ਇਹ ਇਸ ਗੱਲ ਦਾ ਜਵਾਬ ਦੇਣ, ਪਹਿਲੀ ਗੱਲ ਕਿ ਡਾਕਟਰ ਸਟੇਟ ਕਾਡਰ ਹੈ, ਉਸਦੀ

ਸਟੇਟ ਟੂ ਸਟੇਟ ਟਰਾਂਸਫਰ ਨਹੀਂ ਹੋ ਸਕਦੀ । ਜੇ ਇਹ ਡਾਕਟਰ ਹਰਿਆਣਾ ਤੋਂ ਆਏ ਹਨ, ਤਾਂ ਉਨ੍ਹਾਂ ਨੂੰ ਰੀ-ਐਪੁਆਇੰਟਮੈਂਟ ਦਿੱਤੀ ਗਈ ਹੋਵੇਗੀ । ਉਨ੍ਹਾਂ ਦੀ ਇਸ ਤਰ੍ਹਾਂ ਟਰਾਂਸਫਰ ਨਹੀਂ ਹੋ ਸਕਦੀ । ਜੇ ਉਹ 3 ਡਾਕਟਰ ਰੱਖੇ ਗਏ ਹਨ ਤਾਂ ਹੋਰ ਬੜੀਆਂ ਆਸਾਮੀਆਂ ਖਾਲੀ ਪਈਆਂ ਹਨ । Why the people of Punjab are suffering on this account. Health is the most important aspect.

ਮਾਨਯੋਗ ਸਪੀਕਰ : ਕੀ ਇਹ ਡਾਕਟਰ ਉਥੋਂ ਟਰਾਂਸਫਰ ਹੋ ਕੇ ਆਏ ਹਨ ?

**Minister :** There are cases where both the Governments agree, it can be done. ਸਾਡੀ ਸਟੇਟ ਤੋਂ ਦਿੱਲੀ ਵੀ ਗਏ ਹਨ ? But in case one does not agree, we cannot do it. ਜਿਹੜੀ ਭਰਤੀ ਦੀ ਗੱਲ ਕੀਤੀ ਗਈ ਹੈ, ਇਹ ਤਿੰਨ ਪੋਸਟਾਂ ਭਰ ਲਈਆਂ ਹਨ । ਬਾਕੀ ਦੀ ਭਰਤੀ ਪਰਾਪਰ ਤਰੀਕੇ ਨਾਲ ਹੀ ਹੋਵੇਗੀ ।

**Mr. Speaker :** With the consent of the Governments.

ਸਰਦਾਰ ਰਣਦੀਪ ਸਿੰਘ ਨਾਭਾ : Sir, I think, it is a matter of grave concern. ਜਿਵੇਂ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ, ਇਹ ਕਾਫੀ ਚਿੰਤਾ ਵਾਲਾ ਵਿਸ਼ਾ ਹੈ । The people whom we represent here, till now their lives are not respected. ਜਿਵੇਂ ਮਾਨਯੋਗ ਵਜ਼ੀਰ ਸਾਹਿਬ ਨੇ ਜ਼ਿਕਰ ਕੀਤਾ ਹੈ, ਆਪਰੇਸ਼ਨ ਡਾਕਟਰ ਨੇ ਕਰ ਦਿੱਤਾ ਹੈ, but the patient has died. ਇਹ ਕੋਈ ਠੋਸ ਜਵਾਬ ਇਸ ਸਦਨ ਵਿਚ ਦੇਣ ਕਿ ਕਿੰਨੀਆਂ ਆਸਾਮੀਆਂ ਇਸ ਸਮੇਂ ਡਾਕਟਰਾਂ ਦੀਆਂ ਖਾਲੀ ਪਈਆਂ ਹਨ ਤੇ ਇਹ ਉਨ੍ਹਾਂ ਨੂੰ ਕਦੋਂ ਤੱਕ ਭਰ ਦੇਣਗੇ ? ਅਸੀਂ ਸਾਰੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਾਂ ਅਤੇ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਦੁੱਖ ਤਕਲੀਫ਼ਾਂ ਤੋਂ ਦੂਰ ਕਰੀਏ ।

ਮੰਤਰੀ : ਸਪੀਕਰ ਸਾਹਿਬ, ਇਸ ਸਮੇਂ 1374 ਆਸਾਮੀਆਂ ਖਾਲੀ ਹਨ । ਮੈਂ ਸਦਨ ਵਿਚ ਵੀ ਵਾਰ ਵਾਰ ਇਹੀ ਕਿਹਾ ਹੈ, all things are not in my hand. The Finance Minister has to take the meeting. ਅਸੀਂ ਭਰਤੀ ਕਰ ਲਵਾਂਗੇ । Clearance has to be given and only then.

ਮਾਨਯੋਗ ਸਪੀਕਰ : ਮਰੀਜ਼ ਦੇ ਮਰ ਜਾਣ ਬਾਅਦ ਕਰੋਗੇ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਡਾਕਟਰਾਂ ਦੀਆਂ 1374 ਆਸਾਮੀਆਂ ਖਾਲੀ ਪਈਆਂ ਹਨ । ਜਦੋਂ ਚੀਫ ਪਾਰਲੀਮੈਂਟਰੀ ਸੈਕ੍ਰੇਟਰੀ ਲਗਾਏ ਜਾਂਦੇ ਹਨ, ਕੀ ਉਦੋਂ ਕੋਈ ਬੈਨ ਨਹੀਂ ਹੁੰਦਾ ? ਇਹ ਬੈਨ ਕਦੋਂ ਤੱਕ ਹਟ ਜਾਵੇਗਾ ?

**ਮਾਨਯੋਗ ਸਪੀਕਰ** : ਬੈਨ ਕਦੋਂ ਤੱਕ ਹਟ ਜਾਵੇਗਾ । Do you know ?

**ਮੰਤਰੀ** : ਬੈਨ ਆਟੋਮੈਟੀਕਲੀ ਹਟ ਜਾਵੇਗਾ ਜਦੋਂ ਪ੍ਰੋਸੀਜ਼ਰ ਕੰਪਲੀਟ ਹੋ ਜਾਵੇਗਾ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਕਿਸੇ ਡਿਪਾਰਟਮੈਂਟ ਵਿਚ ਕੋਈ ਬੈਨ ਨਹੀਂ । What we have done, we have regulated it . If they require some additional doctors, engineers or whatever post , ਇਹ ਸਾਡੇ ਕੋਲ ਕੇਬਿਨਟ ਵਿਚ ਲਿਆਉਣ, Cabinet will approve. That is only to regulate them, and no ban is there .

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਪ੍ਰੋਸੀਜ਼ਰ ਕੰਪਲੀਟ ਕਰਕੇ ਇਹ ਕੰਮ ਕੀਤਾ ਹੈ । ਇਸ ਤੋਂ ਅੱਗੇ, ਸ਼ਡਿਊਲਡ ਕਾਸਟ ਕੋਟੇ ਵਿਚੋਂ ਵੀ ਕੁਝ ਡਾਕਟਰ ਭਰਤੀ ਕਰਨੇ ਸਨ ਅਤੇ ਇਸ ਦੇ ਵਾਸਤੇ ਸੁਪਰੀਮ ਕੋਰਟ ਨੇ ਵੀ ਕਹਿ ਦਿੱਤਾ ਸੀ ਅਤੇ ਪੀ.ਪੀ.ਐਸ.ਸੀ. ਨੇ ਇੰਟਰਵਿਊ ਵੀ ਲੈ ਲਈ ਸੀ ਪਰ ਭਰਤੀ ਫਿਰ ਵੀ ਫਾਈਨਲ ਨਹੀਂ ਕੀਤੀ ਗਈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਡਿਲੇਅ ਕਿਉਂ ਹੋ ਰਿਹਾ ਹੈ? ਇਨ੍ਹਾਂ ਦਾ ਸਾਰਾ ਪ੍ਰੋਸੀਜ਼ਰ ਕੰਪਲੀਟ ਹੋ ਚੁੱਕਾ ਹੈ । ਜੇ ਹੋਰ ਨਹੀਂ ਤਾਂ ਇਹ ਡਾਕਟਰ ਭਰਤੀ ਕਰ ਲਏ ਜਾਣ। ਇਸ ਨਾਲ ਲੋਕਾਂ ਨੂੰ ਕੁਝ ਤਾਂ ਰਿਲੀਫ ਮਿਲੇਗਾ।

**ਮੰਤਰੀ** : ਸਪੀਕਰ ਸਾਹਿਬ, ਉਨ੍ਹਾਂ ਦੀ ਲਿਸਟ ਸਾਡੇ ਕੋਲ ਆ ਚੁੱਕੀ ਹੈ ਅਤੇ ਉਹ ਲਿਸਟ ਅਸੀਂ ਸੀ.ਐਮ.ਆਫਿਸ ਨੂੰ ਭੇਜ ਦਿੱਤੀ ਹੋਈ ਹੈ। ਉਥੋਂ ਜਦੋਂ ਵੀ ਉਹ ਲਿਸਟ ਕਲੀਅਰ ਹੋ ਕੇ ਆ ਜਾਵੇਗੀ, ਅਸੀਂ ਇਹ ਭਰਤੀ ਕਰ ਦੇਵਾਂਗੇ ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਸਵਾਲ ਦਾ ਜਵਾਬ ਨਹੀਂ ਦੇ ਰਹੇ । ਸਵਾਲ ਇਹ ਹੈ ਕਿ 3 ਡਾਕਟਰ ਭਰਤੀ ਕੀਤੇ ਗਏ । ਇਹ

ਕਹਿੰਦੇ ਹਨ ਕਿ ਉਹ ਟ੍ਰਾਂਸਫਰ ਹੋ ਕੇ ਆਏ ਹਨ ਜਦ ਕਿ ਇਕ ਸਟੇਟ ਤੋਂ ਦੂਜੀ ਸਟੇਟ ਵਿਚ ਟ੍ਰਾਂਸਫਰ ਨਹੀਂ ਹੋ ਸਕਦੀ । ਉਥੋਂ ਉਹ ਰਿਜ਼ਾਈਨ ਕਰਕੇ ਆਏ ਹੋਣਗੇ ਅਤੇ ਇਥੇ ਉਨ੍ਹਾਂ ਦੀ ਫਰੈੱਸ਼ ਅਪੁਆਇੰਟਮੈਂਟ ਹੋਈ ਹੋਵੇਗੀ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਸਿਲੈਕਸ਼ਨ ਪ੍ਰੋਸੀਜ਼ਰ ਕੀ ਸੀ ? ਜੇ ਉਨ੍ਹਾਂ 3 ਡਾਕਟਰਾਂ ਦੀ ਫਰੈੱਸ਼ ਅਪੁਆਇੰਟਮੈਂਟ ਕੀਤੀ ਗਈ ਸੀ ਤਾਂ ਫਿਰ ਬਾਕੀ 1186 ਡਾਕਟਰਾਂ ਦੀ ਕਿਉਂ ਨਹੀਂ ਕੀਤੀ ਗਈ ?

**ਮੰਤਰੀ :** ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਗਲਤ ਹੈ ਕਿ ਉਨ੍ਹਾਂ ਦੀ ਨਵੀਂ ਭਰਤੀ ਕੀਤੀ ਗਈ ਹੈ । ਉਹ ਦੂਜੀ ਸਟੇਟ ਵਿਚੋਂ ਇਸ ਸਟੇਟ ਵਿਚ ਆਏ ਹਨ । ਇਹ ਕੋਈ ਨਵੀਂ ਭਰਤੀ ਨਹੀਂ ਸੀ । ( Noises) (Interruption) Let me please complete the answer. Sir, there are some Doctors who had requested that they want to come to the State of Punjab. We had told them that they should first get clearance from their State where they are serving. ਕਲੀਅਰੈਂਸ ਤੋਂ ਬਾਅਦ ਅਸੀਂ ਉਨ੍ਹਾਂ ਨੂੰ ਲੈ ਲਿਆ। ਇਹ ਡਾਕਟਰ ਰੱਖੇ ਗਏ with the approval of the Cabinet. (Noises) (Interruption) Please first listen to me. They are not being kept by me. Only with the approval of the Cabinet, those Doctors have been kept.

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਮੇਰਾ ਸਵਾਲ ਇਹ ਹੈ-

ਮਿਟ ਜਾਏਗੀ ਮਖਲੂਕ, ਤੋ ਫਿਰ ਹਸ਼ਰ ਕਰੋਗੇ,
ਤੁਮ ਅੱਛੇ ਮਸੀਹਾ ਹੋ, ਦਵਾ ਕਿਉਂ ਨਹੀਂ ਦੇਤੇ।
ਮੁਨਸਿਫ ਹੋ ਤੋ ਅਬ ਹਸ਼ਰ ਉਠਾ ਕਿਉਂ ਨਹੀਂ ਦੇਤੇ। (ਥੰਪਿੰਗ)

ਮੇਰਾ ਮੰਤਰੀ ਜੀ ਨੂੰ ਇਹੀ ਸਵਾਲ ਹੈ ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਹਾਲੇ ਵੀ ਨਹੀਂ ਆਇਆ । ਉਹ ਹਰਿਆਣੇ ਦੇ ਬੰਦੇ ਹਨ ਅਤੇ ਬਿਨਾਂ ਪਰਾਪਰ ਪ੍ਰੋਸੀਜ਼ਰ ਉਨ੍ਹਾਂ ਦੀ ਭਰਤੀ ਕੀਤੀ ਗਈ । ਪੰਜਾਬ ਦੇ ਡਾਕਟਰਾਂ ਦੀ ਭਰਤੀ ਨਹੀਂ ਕਰਦੇ, ਹਰਿਆਣੇ ਵਿਚੋਂ ਕਰਦੇ ਹਨ । ਇਹ ਡਬਲ ਪੈਮਾਨਾ ਕਿਉਂ ਹੈ ...............

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ, ਲੈਕਚਰ ਨਾ ਕਰੋ ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੇਰਾ ਸਵਾਲ ਹੈ ਕਿ ਇਸ ਭਰਤੀ ਦਾ ਇਨ੍ਹਾਂ ਦਾ ਪੈਮਾਨਾ ਕੀ ਹੈ ? ਪੰਜਾਬ ਦੇ ਡਾਕਟਰ ਇਨ੍ਹਾਂ ਨੇ ਭਰਤੀ ਕਿਉਂ ਨਹੀਂ ਕੀਤੇ ? 3 ਡਾਕਟਰ ਹੀ ਭਰਤੀ ਕੀਤੇ, ਬਾਕੀ ਕਿਉਂ ਨਹੀਂ ਕੀਤੇ ?

**MINISTER :** Sir, there is a procedure laid down even for these things and any Doctor can come from other State to our State ਬਿਲਕੁਲ ਸਹੀ ਪ੍ਰੋਸੀਜ਼ਰ ਨਾਲ ਹੀ ਅਸੀਂ ਉਹ ਡਾਕਟਰ ਲਿਆਂਦੇ ਹਨ । (Interruption) Once he has started this issue, so let me explain it. ਇਕ ਗੱਲ ਮੈਂ ਹੋਰ ਦੱਸਦਾ ਹਾਂ ਕਿ ਇਹ ਡਾਕਟਰ ਭਰਤੀ ਵੀ ਇਨ੍ਹਾਂ ਨੇ ਆਪਣੇ ਟਾਈਮ ਵਿਚ ਕਰਵਾਏ ਹਨ। Sir, I can even name it. One is Ex-Minister's son, who has come here . They should not force us this issue. They came to Punjab and we have accepted them . ਉਨ੍ਹਾਂ ਨੇ ਹੀ ਲਿਆਂਦੇ ਹਨ । ਉਨ੍ਹਾਂ ਨੇ ਹੀ ਉਹ ਡਾਕਟਰ ਭਰਤੀ ਕਰਾਏ ਸਨ ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੈਂ ਕੋਈ ਇਸ਼ੂ ਫੋਰਸ ਨਹੀਂ ਕਰ ਰਿਹਾ । ਮੈਂ ਤਾਂ ਸਿਰਫ਼ ਸੱਚਾਈ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ 3 ਡਾਕਟਰ ਇਨ੍ਹਾਂ ਨੇ ਭਰਤੀ ਕੀਤੇ ਹਨ, ਉਹ ਕਿਸ ਕੰਡੀਸ਼ਨ ਤੇ ਕੀਤੇ ਹਨ ਅਤੇ ਉਨ੍ਹਾਂ ਦਾ ਇਨ੍ਹਾਂ ਦੇ ਨਾਲ ਕੀ ਸਬੰਧ ਸੀ ?

**ਮਾਨਯੋਗ ਸਪੀਕਰ :** ਉਹ ਗੌਰਮਿੰਟ ਟੂ ਗੌਰਮਿੰਟ ਲਏ ਗਏ ਦੱਸਿਆ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਲੀਅਰਕੱਟ ਜਵਾਬ ਮੰਤਰੀ ਜੀ ਤੋਂ ਲੈਣਾ ਚਾਹੁੰਦਾ ਹਾਂ । ਪੁਆਇੰਟ ਟ੍ਰਾਂਸਫਰ ਦਾ ਨਹੀਂ ਜਾਂ ਡੈਪੂਟੇਸ਼ਨ ਦਾ ਨਹੀਂ । ਪੁਆਇੰਟ ਰੀਇੰਪਲਾਇਮੈਂਟ ਦਾ ਹੈ । ਹਾਊਸ ਨੂੰ ਮਿਸਲੀਡ ਕੀਤਾ ਜਾ ਰਿਹਾ ਹੈ । ਸੱਚਾਈ ਜਾਨਣ ਵਾਸਤੇ ਕੀ ਹਾਊਸ ਦੀ ਕੋਈ ਕਮੇਟੀ ਬਣਾ ਕੇ ਮਾਮਲੇ ਦੀ ਇਨਕੁਆਇਰੀ ਕੀਤੀ ਜਾਵੇਗੀ ? (Thumping)

**ਮਾਨਯੋਗ ਸਪੀਕਰ :** ਮਨਿਸਟਰ ਸਾਹਿਬ, ਤੁਸੀਂ ਇਸ ਨੂੰ ਕਲੀਅਰ ਕਰੋ ਕਿ ਉਨ੍ਹਾਂ ਦੀ ਰੀਐਪੁਆਇੰਟਮੈਂਟ ਸੀ ਜਾਂ ਗੌਰਮਿੰਟ ਟੂ ਗੌਰਮਿੰਟ ਟਰਾਂਸਫਰ ਹੋਈ ਸੀ ?

ਮੰਤਰੀ : ਸਰ, ਪਹਿਲਾਂ ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ ਇਸ ਸਵਾਲ ਤੇ 12 ਸਪਲੀਮੈਂਟਰੀਜ਼ ਹੋ ਗਈਆਂ ਹਨ ਜਦੋਂ ਕਿ 5 ਸਪਲੀਮੈਂਟਰੀਜ਼ ਅਲਾਊਡ ਹਨ। As per rules only five questions are allowed. But I will still reply.

**Mr.Speaker :** The House can fix Half an Hour discussion on this issue.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਰ, ਅਸੀਂ ਉਹੀ ਕੁਐਸਚਨ ਰੀਪੀਟ ਕਰਦੇ ਹਾਂ।

**Mr. Speaker :** Question Hour is over . The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

--------------

## WRITTEN ANSWERS TO STARRED QUESTIONS LAID ON THE TABLE OF THE HOUSE UNDER RULE-38

### ਸਬ-ਡਵੀਜ਼ਨ ਤਲਵੰਡੀ ਸਾਬੋ ਵਿਚ ਬੱਸਾਂ ਦੇ ਰੂਟ

***1111. ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ :** ਕੀ ਟਰਾਂਸਪੋਰਟ ਮੰਤਰੀ, ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਤਲਵੰਡੀ ਸਾਬੋ ਵਿਚ ਅਜਿਹੇ ਕਿਹੜੇ-ਕਿਹੜੇ ਬੱਸ ਰੂਟ ਹਨ ਜਿਨ੍ਹਾਂ ਤੇ ਬੱਸ ਸਰਵਿਸ ਬੰਦ ਹੈ ਅਤੇ ਇਨ੍ਹਾਂ ਰੂਟਾਂ ਤੇ ਬਸ-ਸਰਵਿਸ ਫਿਰ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਮਹਿੰਦਰ ਸਿੰਘ ਕੇ.ਪੀ. :** ਸਬ-ਡਵੀਜ਼ਨ ਤਲਵੰਡੀ ਸਾਬੋ ਵਿਚ ਮਿੰਨੀ/ ਵੱਡੀ ਬੱਸ ਦਾ ਕੋਈ ਪਰਮਿਟ ਮੁਅੱਤਲ ਜਾਂ ਕੈਂਸਲ ਨਹੀਂ ਕੀਤਾ ਗਿਆ । ਇਸ ਸਬ ਡਵੀਜ਼ਨ ਵਿਚ ਪੰਜਾਬ ਰੋਡਵੇਜ ਅਤੇ ਪੀ.ਆਰ.ਟੀ.ਸੀ. ਦੀ ਬੰਦ ਪਈ ਬੱਸ ਸਰਵਿਸ

[ਟਰਾਂਸਪੋਰਟ ਮੰਤਰੀ]

ਦੀ ਸਥਿਤੀ ਹੇਠਾਂ ਅਨੁਸਾਰ ਹੈ :-

**ਪੰਜਾਬ ਰੋਡਵੇਜ**

ਸਬ-ਡਵੀਜ਼ਨ ਤਲਵੰਡੀ ਸਾਬੋ ਵਿਚ ਪੰਜਾਬ ਰੋਡਵੇਜ ਜਗਰਾਉਂ ਡਿੱਪੂ ਦੇ ਹੇਠਾਂ ਲਿਖੇ ਦੋ ਰੂਟ ਬੱਸਾਂ ਦੀ ਘਾਟ ਕਾਰਨ ਮਿਤੀ 1-7-2002 ਅਤੇ 16-4-2003 ਤੋਂ ਬੰਦ ਹਨ ਜੋ ਕਿ ਪਨਬੱਸ ਵਲੋਂ ਛੇਤੀ ਹੀ ਖਰੀਦੀਆਂ ਜਾ ਰਹੀਆਂ ਨਵੀਆਂ ਬੱਸਾਂ ਦੇ ਆਉਣ ਤੇ ਮੁੜ ਚਲਾ ਦਿੱਤੇ ਜਾਣਗੇ :-

ਜਗਰਾਉਂ-ਬਠਿੰਡਾ-ਤਲਵੰਡੀ ਸਾਬੋ (ਦੋ ਵਾਪਸੀ ਫੇਰੇ)

**ਪੀ.ਆਰ.ਟੀ.ਸੀ**

ਤਲਵੰਡੀ ਸਾਬੋ ਸਬ-ਡਵੀਜ਼ਨ ਵਿਚ ਪੀ.ਆਰ.ਟੀ.ਸੀ. ਵਲੋਂ ਹੇਠਾਂ ਲਿਖੇ 13 ਰੂਟਾਂ ਦੇ ਪਰਮਿਟ ਘਾਟੇ ਵਾਲੇ ਹੋਣ ਕਰਕੇ, ਸਾਲ 1993 ਤੋਂ 2002 ਤੱਕ ਦੇ ਸਮੇਂ ਦੌਰਾਨ ਬੰਦ/ਵਾਪਸ ਕਰ ਦਿੱਤੇ ਗਏ ਸਨ । ਇਹਨਾਂ ਰੂਟਾਂ ਨੂੰ ਘਾਟੇ ਵਾਲੇ ਹੋਣ ਕਰਕੇ ਮੁੜ ਤੋਂ ਚਲਾਉਣ ਦੀ ਕੋਈ ਤਜਵੀਜ ਨਹੀਂ ਹੈ। ਇਹਨਾਂ ਰੂਟਾਂ ਬਾਰੇ ਲੋੜੀਂਦੀ ਲਿਸਟ ਅਨੁਲਗ-'ੳ' ਤੇ ਰੱਖੀ ਜਾਂਦੀ ਹੈ ।

**ਅਨੁਲੱਗ-ੳ**

**ਬੰਦ/ਵਾਪਸ ਕੀਤੇ ਰੂਟਾਂ ਦਾ ਵੇਰਵਾ**

(1) ਮੌੜ-ਰਾਮਾ ਵਾਇਆ ਕੂਬੇ ਕੁਮਾਲੂ

(2) ਬਠਿੰਡਾ-ਮੌੜ ਵਾਇਆ ਜੀਵਨ ਸਿੰਘ ਵਾਲਾ

(3) ਕੋਟ ਸਮੀਰ-ਰਾਮਾ ਮੰਡੀ

(4) ਮਾਨਸਾ-ਤਲਵੰਡੀ ਸਾਬੋ ਵਾਇਆ ਜੌੜਕੀਆਂ

(5) ਮਾਨਸਾ-ਤਲਵੰਡੀ ਸਾਬੋ ਵਾਇਆ ਰਾਏਪੁਰ

(6) ਜੀਵਨ ਸਿੰਘ ਵਾਲਾ-ਤਲਵੰਡੀ ਸਾਬੋ

(7) ਬਠਿੰਡਾ-ਜੱਸੀ ਬਾਘ ਵਾਲੀ

(8) ਰਾਮਾ-ਕਾਲਾਂਵਾਲੀ

(9) ਤਲਵੰਡੀ ਸਾਬੋ-ਅੰਮ੍ਰਿਤਸਰ

(10) ਫਤਿਹਗੜ੍ਹ ਸਾਹਿਬ-ਤਲਵੰਡੀ ਸਾਬੋ

(11) ਪਾਤੜਾਂ-ਤਲਵੰਡੀ ਸਾਬੋ

(12) ਕਾਲਾਂਵਾਲੀ-ਜਲੰਧਰ

(13) ਤਲਵੰਡੀ ਸਾਬੋ-ਮਾਨਸਾ ਵਾਇਆ ਝੁਨੀਰ

---------

## ਇਕ ਥਾਂ ਤੋਂ ਵੱਧ ਥਾਵਾਂ ਤੇ ਲਗਾਏ ਗਏ ਪੁਲਿਸ ਅਫ਼ਸਰ

***1278. ਕੈਪਟਨ ਕੰਵਲਜੀਤ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਇਕ ਸਟੇਸ਼ਨ ਤੋਂ ਵੱਧ ਸਟੇਸ਼ਨਾਂ ਤੇ ਨਿਯਮਤ/ਵਾਧੂ ਚਾਰਜ ਆਧਾਰ ਤੇ ਕੰਮ ਕਰ ਰਹੇ ਆਈ.ਪੀ.ਐਸ.ਅਫ਼ਸਰਾਂ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਫ਼ਸਰਾਂ ਦੇ ਰੋਜ਼ਾਨਾ ਭੱਤੇ/ਯਾਤਰਾ ਭੱਤੇ ਤੇ ਸਰਕਾਰ ਦੁਆਰਾ ਪਿਛਲੇ 2 ਸਾਲਾਂ ਦੌਰਾਨ ਮਹੀਨਾ-ਵਾਰ ਕਿੰਨਾ ਖ਼ਰਚ ਕੀਤਾ ਗਿਆ ?

**ਕੈਪਟਨ ਅਮਰਿੰਦਰ ਸਿੰਘ :** (ੳ) ਅਤੇ (ਅ) ਪੁੱਛੀ ਗਈ ਸੂਚਨਾ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ ।

[ਮੁੱਖ ਮੰਤਰੀ]

## ਅਨੁਲੱਗ

ਆਈ.ਪੀ.ਐਸ. ਅਧਿਕਾਰੀਆਂ ਜਿਨ੍ਹਾਂ ਨੂੰ ਰੈਗੂਲਰ/ਵਾਧੂ ਤੌਰ ਤੇ ਇੱਕ ਤੋਂ ਵੱਧ ਪੋਸਟਾਂ ਦਾ ਚਾਰਜ ਦਿੱਤਾ ਗਿਆ ਹੈ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਅਧਿਕਾਰੀ ਦਾ ਨਾਮ | ਮੌਜੂਦਾ ਤੈਨਾਤੀ | ਵਾਧੂ ਚਾਰਜ |
|---|---|---|---|
| 1. | ਸ਼੍ਰੀ ਆਰ.ਐਸ. ਗਿੱਲ, ਆਈ.ਪੀ.ਐਸ. | ਏ.ਡੀ.ਜੀ.ਪੀ./ ਕੰਪਿਊਟਰ ਅਤੇ ਟੈਲੀਕੁਮਨੀਕੇਸ਼ਨ | ਪੁਲਿਸ ਟ੍ਰੇਨਿੰਗ, ਬਹਾਦਰਗੜ੍ਹ ਪਟਿਆਲਾ। |
| 2. | ਸ਼੍ਰੀ ਰਾਜਿੰਦਰ ਸਿੰਘ, ਆਈ.ਪੀ.ਐਸ. | ਆਈ.ਜੀ.ਪੀ./ ਪਟਿਆਲਾ ਜੋਨ | ਵਿਜੀਲੈਂਸ ਬਿਓਰੋ, ਪਟਿਆਲਾ |
| 3. | ਸ਼੍ਰੀ ਐਸ.ਕੇ. ਸ਼ਰਮਾ, ਆਈ.ਪੀ.ਐਸ. | ਆਈ.ਜੀ.ਪੀ./ ਜਲੰਧਰ ਜੋਨ | ਆਈ.ਜੀ.ਪੀ.ਟ੍ਰੈਫਿਕ, ਪੰਜਾਬ, ਚੰਡੀਗੜ੍ਹ |
| 4. | ਸ਼੍ਰੀ ਹਰਦੀਪ ਸਿੰਘ ਢਿੱਲੋਂ, ਆਈ.ਪੀ.ਐਸ. | ਆਈ.ਜੀ.ਪੀ./ ਕਮਾਂਡੋ, ਮੋਹਾਲੀ | ਲਿਟੀਗੇਸ਼ਨ ਵਿੰਗ,ਪੰਜਾਬ |
| 5. | ਸ਼੍ਰੀ ਪਰਾਗ ਜੈਨ, ਆਈ.ਪੀ.ਐਸ. | ਡੀ.ਆਈ.ਜੀ./ ਲੁਧਿਆਣਾ ਜੋਨ | ਡੀ.ਆਈ.ਜੀ./ਲਿਟੀਗੇਸ਼ਨ ਪੰਜਾਬ,ਚੰਡੀਗੜ੍ਹ |
| 6. | ਸ਼੍ਰੀ ਵਰਿੰਦਰ ਕੁਮਾਰ ਆਈ.ਪੀ.ਐਸ. | ਐਸ.ਐਸ.ਪੀ., ਫਤਿਹਗੜ੍ਹ ਸਾਹਿਬ | ਐਨ.ਆਰ.ਆਈ.ਸੈੱਲ |
| 7. | ਸੁਰਿੰਦਰਪਾਲ ਸਿੰਘ, ਆਈ.ਪੀ.ਐਸ. | ਐਸ.ਐਸ.ਪੀ.,ਰੋਪੜ | ਐਸ.ਪੀ./ਈ.ਓ.ਡਬਲਿਯੂ ਚੌਕਸੀ ਬਿਓਰੋ,ਪੰਜਾਬ, ਚੰਡੀਗੜ੍ਹ |

ਅ) ਓ ਵਿੱਚ ਦਰਜ ਅਧਿਕਾਰੀਆਂ ਦੇ ਪਿਛਲੇ ਦੋ ਸਾਲਾਂ ਦਾ ਟੀ.ਏ./ਡੀ.ਏ. ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

2004

| ਲੜੀ ਨੰ: | ਅਧਿਕਾਰੀ ਦਾ ਨਾਮ | ਸਮਾਂ | ਕੀਤਾ ਗਿਆ ਖ਼ਰਚਾ |
|---|---|---|---|
| 1. | ਸ਼੍ਰੀ ਆਰ.ਐਸ.ਗਿੱਲ, ਆਈ.ਪੀ.ਐਸ. | ਨਿਲ | ਨਿਲ |
| 2. | ਸ਼੍ਰੀ ਰਾਜਿੰਦਰ ਸਿੰਘ, ਆਈ.ਪੀ.ਐਸ. | ਨਿਲ | ਨਿਲ |
| 3. | ਸ਼੍ਰੀ ਐਸ.ਕੇ. ਸ਼ਰਮਾ, ਆਈ.ਪੀ.ਐਸ. | 8.02.04 ਤੋਂ 16.04.04 | 1,320/-ਰੁ: |
| | | 30.04.04 ਤੋਂ 22.07.04 | 1,640/-ਰੁ: |
| | | 03.08.04 ਤੋਂ 07.08.04 | 880/-ਰੁ: |
| 4. | ਸ਼੍ਰੀ ਹਰਦੀਪ ਸਿੰਘ ਢਿੱਲੋਂ, ਆਈ.ਪੀ.ਐਸ. | ਨਿਲ | ਨਿਲ |
| 5. | ਸ਼੍ਰੀ ਪਰਾਗ ਜੈਨ, ਆਈ.ਪੀ.ਐਸ. | ਨਿਲ | ਨਿਲ |
| 6. | ਸ਼੍ਰੀ ਵਰਿੰਦਰ ਕੁਮਾਰ, ਆਈ.ਪੀ.ਐਸ. | ਨਿਲ | ਨਿਲ |
| 7. | ਸੁਰਿੰਦਰਪਾਲ ਸਿੰਘ, ਆਈ.ਪੀ.ਐਸ. | ਨਿਲ | ਨਿਲ |
| | | ਕੁੱਲ - | 3,840/-ਰੁ: |

[ਮੁੱਖ ਮੰਤਰੀ]

2005

| ਲੜੀ ਨੰ: | ਅਧਿਕਾਰੀ ਦਾ ਨਾਮ | ਸਮਾਂ | ਕੀਤਾ ਗਿਆ ਖ਼ਰਚਾ |
|---|---|---|---|
| 1. | ਸ਼੍ਰੀ ਆਰ.ਐਸ.ਗਿੱਲ, ਆਈ.ਪੀ.ਐਸ. | ਨਿਲ | ਨਿਲ |
| 2. | ਸ਼੍ਰੀ ਰਾਜਿੰਦਰ ਸਿੰਘ, ਆਈ.ਪੀ.ਐਸ. | ਨਿਲ | ਨਿਲ |
| 3. | ਸ਼੍ਰੀ ਐਸ.ਕੇ. ਸ਼ਰਮਾ, ਆਈ.ਪੀ.ਐਸ. | ਨਿਲ | ਨਿਲ |
| 4. | ਸ਼੍ਰੀ ਹਰਦੀਪ ਸਿੰਘ ਢਿੱਲੋਂ, ਆਈ.ਪੀ.ਐਸ. | ਨਿਲ | ਨਿਲ |
| 5. | ਸ਼੍ਰੀ ਪਰਾਗ ਜੈਨ, ਆਈ.ਪੀ.ਐਸ. | ਨਿਲ | ਨਿਲ |
| 6. | ਸ਼੍ਰੀ ਵਰਿੰਦਰ ਕੁਮਾਰ, ਆਈ.ਪੀ.ਐਸ. | 07.01.05 ਤੋਂ 09.01.05 | 18926/- |
| 7. | ਸੁਰਿੰਦਰਪਾਲ ਸਿੰਘ, ਆਈ.ਪੀ.ਐਸ. | ਨਿਲ | ਨਿਲ |
| | | ਕੁੱਲ- | 18926/-ਰੁ: |

**ਇਕ ਸਟੇਸ਼ਨ ਤੋਂ ਵੱਧ ਸਟੇਸ਼ਨਾਂ ਤੇ ਲਗਾਏ ਗਏ ਆਈ.ਏ.ਐਸ.ਅਫ਼ਸਰ**

*1279. **ਕੈਪਟਨ ਕੰਵਲਜੀਤ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਉਨ੍ਹਾਂ ਆਈ. ਏ. ਐਸ. ਅਫ਼ਸਰਾਂ ਦੇ ਵੇਰਵੇ ਕੀ ਹਨ ਜਿਹੜੇ ਇਕ ਸਟੇਸ਼ਨ ਤੋਂ ਵੱਧ ਸਟੇਸ਼ਨਾਂ ਤੇ ਨਿਯਮਤ/ਵਾਧੂ ਚਾਰਜ ਆਧਾਰ ਤੇ ਕੰਮ ਕਰ ਰਹੇ ਹਨ ;

(ਅ) ਪਿਛਲੇ ਦੋ ਸਾਲਾਂ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਅਫ਼ਸਰਾਂ ਦੇ ਰੋਜ਼ਾਨਾ ਭੱਤੇ/ਯਾਤਰਾ ਭੱਤੇ ਤੇ ਮਹੀਨਾ-ਵਾਰ ਕਿੰਨਾ ਖਰਚ ਕੀਤਾ ਗਿਆ ?

**ਕੈਪਟਨ ਅਮਰਿੰਦਰ ਸਿੰਘ :** (ੳ) ਇਕ ਤੋਂ ਵੱਧ ਥਾਵਾਂ ਤੇ ਰੈਗੂਲਰ/ਵਾਧੂ ਤੌਰ ਤੇ ਕੰਮ ਕਰ ਰਹੇ ਆਈ.ਏ.ਐਸ. ਅਫ਼ਸਰਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| ਲੜੀ ਨੰ: | ਅਫਸਰ ਦਾ ਨਾਂ | ਮੁੱਢਲੀ ਪੋਸਟਿੰਗ | ਆਸਾਮੀ ਦਾ ਵਾਧੂ ਚਾਰਜ ਅਤੇ ਡਿਊਟੀ ਦੀ ਥਾਂ |
|---|---|---|---|
| 1. | ਸ਼੍ਰੀ ਜੈ ਸਿੰਘ ਗਿੱਲ, ਆਈ.ਏ.ਐਸ. | ਮੁੱਖ ਸਕੱਤਰ, ਪੰਜਾਬ ਸਰਕਾਰ ਅਤੇ ਪ੍ਰਮੁੱਖ ਸਕੱਤਰ, ਪ੍ਰਸੋਨਲ, ਆਮ ਰਾਜ ਪ੍ਰਬੰਧ ਵਿਭਾਗ, ਚੋਣਾਂ, ਊਰਜਾ, ਚੌਕਸੀ, ਜੰਗਲੀ ਜੀਵ, ਚੰਡੀਗੜ੍ਹ । | ਪ੍ਰਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ (ਕਾਨੂੰਨੀ ਸੈੱਲ) ਹੈਡਕੁਆਟਰ ਨਵੀਂ ਦਿੱਲੀ ਵਿਖੇ । |
| 2. | ਸ਼੍ਰੀ ਮੁਕੁਲ ਜੋਸ਼ੀ, ਆਈ.ਏ.ਐਸ. | ਪ੍ਰਮੁੱਖ ਸਕੱਤਰ, ਉਦਯੋਗਿਕ ਲਾਇਜ਼ਨ, ਨਵੀਂ ਦਿੱਲੀ । | ਵਿੱਤੀ ਕਮਿਸ਼ਨਰ, ਆਬਕਾਰੀ ਅਤੇ ਕਰ, ਚੰਡੀਗੜ੍ਹ । |
| 3. | ਸ਼੍ਰੀ ਹਿੰਮਤ ਸਿੰਘ, ਆਈ.ਏ.ਐਸ. | ਸਥਾਨਿਕ ਕਮਿਸ਼ਨਰ-I, ਪੰਜਾਬ ਭਵਨ, ਨਵੀਂ ਦਿੱਲੀ । | ਮੈਨੇਜਿੰਗ ਡਾਇਰੈਕਟਰ, ਪੰਜਾਬ ਐਗਰੋ ਉਦਯੋਗ ਕਾਰਪੋਰੇਸ਼ਨ ਚੰਡੀਗੜ੍ਹ। |
| 4. | ਸ਼੍ਰੀਮਤੀ ਅੰਜਲੀ ਚਿਬ ਡੁੱਗਲ, ਆਈ.ਏ.ਐਸ. | ਸਥਾਨਿਕ ਕਮਿਸ਼ਨਰ- II, ਪੰਜਾਬ ਭਵਨ, ਨਵੀਂ ਦਿੱਲੀ । | ਮੈਂਬਰ ਸਕੱਤਰ, ਪੰਚਾਇਤਾਂ ਅਤੇ ਮਿਊਂਸੀਪੈਲਟੀਜ਼ ਲਈ ਤੀਜਾ ਪੰਜਾਬ ਵਿੱਤੀ ਕਮਿਸ਼ਨ, ਚੰਡੀਗੜ੍ਹ । |
| 5. | ਸ਼੍ਰੀ ਧਰਮ ਵੀਰ , ਆਈ.ਏ.ਐਸ. | ਸਕੱਤਰ, ਮਾਲ | ਕਮਿਸ਼ਨਰ, ਅਪੀਲਾਂ, ਪਟਿਆਲਾ। |
| 6. | ਸ਼੍ਰੀ ਬੀ.ਸਰਕਾਰ, ਆਈ.ਏ.ਐਸ. | ਕਮਿਸ਼ਨਰ, ਫਿਰੋਜ਼ਪੁਰ ਡਵੀਜ਼ਨ, ਫਿਰੋਜ਼ਪੁਰ | ਕਮਿਸ਼ਨਰ, ਫਰੀਦਕੋਟ ਡਵੀਜ਼ਨ, ਫਰੀਦਕੋਟ |

(ਅ) ਭਾਗ (ੳ) ਵਿੱਚ ਦਰਸਾਏ ਅਫ਼ਸਰਾਂ ਨੂੰ ਡੀ.ਏ./ਟੀ.ਏ. ਦੀ ਮਹੀਨਾਵਾਰ ਕੀਤੀ ਅਦਾਇਗੀ ਅਨੁਲੱਗ ਵਿਚ ਦਰਜ ਹੈ ।

[ਮੁੱਖ ਮੰਤਰੀ]

## ANNEXURE

| Month | Sh. Jai Singh Gill, IAS | Sh.Mukul Joshi, IAS | Sh.Himmat Singh, IAS | Sh.Anjuly Chib Duggal, IAS | Sh.Dharam Vir,IAS | Sh.B Sarkar IAS |
|---|---|---|---|---|---|---|
| 3/2003 | -- | -- | 0,35,423 | -- | --- | --- |
| 4/2003 | -- | -- | 0.44,860 | -- | -- | -- |
| 5/2003 | -- | 4,070 | 0,09,660 | -- | -- | -- |
| 6/2003 | -- | -- | 1,55,911 | -- | -- | -- |
| 7/2003 | -- | 13,350 | 1,25,114 | -- | -- | -- |
| 8/2003 | -- | -- | 1,48,180 | -- | -- | -- |
| 9/2003 | -- | -- | 53,835 | -- | -- | -- |
| 10/2003 | -- | -- | 1,17,330 | -- | -- | -- |
| 11/2003 | -- | -- | 42,091 | -- | -- | -- |
| 12/2003 | -- | 10,450 | 1,61,105 | -- | -- | -- |
| 1/2004 | 2,780 | 1,980 | 68,670 | -- | -- | -- |
| 2/2004 | 1,840 | -- | 4,483 | -- | -- | -- |
| 3/2004 | 1,080 | 9,360 | 5,031 | -- | -- | -- |
| 4/2004 | 1,000 | 7,420 | 14,399 | -- | -- | -- |
| 5/2004 | 280 | -- | 11,335 | -- | -- | -- |
| 6/2004 | 1,720 | -- | 37,399 | -- | -- | -- |
| 7/2004 | 1,120 | 19,545 | 73,989 | -- | -- | -- |
| 8/2004 | 1,080 | -- | 1,01,810 | -- | -- | -- |
| 9/2004 | 360 | 5,370 | 4,685 | 1,900 | -- | -- |
| 10/2004 | 1,120 | -- | 12,970 | 3,700 | 2,520 | -- |
| 11/2004 | 1,240 | -- | 23,610 | 3,880 | -- | -- |
| 12/2004 | 1,360 | -- | 17,256 | 3,940 | -- | -- |
| 1/2005 | -- | -- | 71,459 | 4,300 | -- | -- |
| 2/2005 | -- | -- | 20,890 | 3,880 | -- | -- |
| 3/2005 | -- | -- | 4,869 | 1,940 | -- | -- |

## ਫਿਰੋਜ਼ਪੁਰ ਸ਼ਹਿਰ ਵਿਚ ਜ਼ਮੀਨ ਹੇਠਲਾ ਪਾਣੀ ਦੂਸ਼ਿਤ ਹੋਣਾ

***1209. ਸਰਦਾਰ ਸੁਖਪਾਲ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਿਰੋਜ਼ਪੁਰ ਸ਼ਹਿਰ ਵਿਚ ਜ਼ਮੀਨ ਹੇਠਲਾ ਪਾਣੀ ਦੂਸ਼ਿਤ ਹੋਣ ਕਾਰਣ ਪੀਣ-ਯੋਗ ਨਹੀਂ ਰਿਹਾ ਹੈ ; ਜੇਕਰ ਅਜਿਹਾ ਹੋਵੇ, ਤਾਂ ਕੀ ਸਰਕਾਰ ਦੇ ਵਿਚਾਰ ਅਧੀਨ ਫਿਰੋਜ਼ਪੁਰ ਸ਼ਹਿਰ ਵਿਚ ਨਹਿਰੀ ਪਾਣੀ ਸਪਲਾਈ ਕਰਨ ਦੀ ਕੋਈ ਤਜਵੀਜ਼ ਹੈ ?

**ਚੌਧਰੀ ਜਗਜੀਤ ਸਿੰਘ :** ਨਹੀਂ ਜੀ ।

------------

## ਪਟਿਆਲਾ ਵਿਚ ਨਹਿਰੀ ਸੜਕਾਂ ਨੂੰ ਚਹੁੰ-ਮਾਰਗੀ ਬਣਾਉਣਾ

***1289. ਸਰਦਾਰ ਸੁਰਜੀਤ ਸਿੰਘ ਰੱਖੜਾ :** ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਟਿਆਲਾ-ਨਾਭਾ ਭਾਖੜਾ ਨਹਿਰ ਪੁਲ ਤੱਕ, ਪਟਿਆਲਾ-ਭਾਦਸੋਂ ਪਿੰਡ ਸਿੱਧੂਵਾਲ ਭਾਖੜਾ ਨਹਿਰ ਪੁਲ ਤੱਕ, ਪਟਿਆਲਾ-ਸੰਗਰੂਰ ਭਾਖੜਾ ਨਹਿਰ ਤੇ ਪਸਿਆਣਾ ਪੁਲ ਤੱਕ ਸੜਕਾਂ ਦੀ ਤਰ੍ਹਾਂ ਪਟਿਆਲਾ-ਭਾਦਸੋਂ, ਪਟਿਆਲਾ-ਨਾਭਾ ਅਤੇ ਪਟਿਆਲਾ-ਸੰਗਰੂਰ ਸੜਕਾਂ ਨੂੰ ਚਹੁੰ-ਮਾਰਗੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਮੰਤਵ ਲਈ ਕਿੰਨਾ ਸਮਾਂ ਲੱਗਣ ਦੀ ਸੰਭਾਵਨਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਪਟਿਆਲਾ- ਭਾਦਸੋਂ ਸੜਕ ਨੂੰ ਚਾਰ ਮਾਰਗੀ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਬੀ.ਐਮ.ਐਲ. ਕੈਨਾਲ ਦੇ ਪੁਲ ਤੋਂ 400 ਮੀਟਰ ਪਹਿਲਾਂ ਪਟਿਆਲਾ-ਨਾਭਾ ਸੜਕ ਦੇ 2.135 ਕਿ:ਮੀ: ਨੂੰ ਚਾਰ ਮਾਰਗੀ ਕਰਨ ਦੀ ਤਜਵੀਜ਼ ਹੈ ਅਤੇ ਇਹ ਕੰਮ 30-9-2005 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। 5.75 ਕਿ:ਮੀ: ਪਟਿਆਲਾ -ਸੰਗਰੂਰ ਸੜਕ ਨੂੰ ਭਾਖੜਾ ਮੇਨ ਲਾਈਨ ਕੈਨਾਲ ਦੇ ਪੁਲ ਤੱਕ ਚਾਰ ਮਾਰਗੀ ਕਰਨ ਦੀ ਤਜਵੀਜ਼ ਹੈ ਅਤੇ ਇਹ ਕੰਮ 31-3-2006 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

-------

## ਇੰਜੀਨੀਅਰਾਂ ਦੀਆਂ ਖਾਲੀ ਆਸਾਮੀਆਂ

***1313. ਸ਼੍ਰੀ ਤਰਲੋਚਨ ਸਿੰਘ :** ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਇਸ ਸਮੇਂ ਮੁੱਖ ਇੰਜੀਨੀਅਰਾਂ ਅਤੇ ਨਿਗਰਾਨ ਇੰਜੀਨੀਅਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਵਿਭਾਗ ਵਿਚ ਹਰ ਇਕ ਆਸਾਮੀ ਕਦੋਂ ਤੋਂ ਖਾਲੀ ਪਈ ਹੈ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ;

[ਸ਼੍ਰੀ ਤਰਲੋਚਨ ਸਿੰਘ]

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਲਈ ਮੌਜੂਦਾ ਡਿਊਟੀ ਚਾਰਜ/ਵਧੀਕ ਚਾਰਜ ਜੂਨੀਅਰ ਅਫ਼ਸਰਾਂ ਨੂੰ ਦਿੱਤਾ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ :** (ੳ) ਇਸ ਵੇਲੇ ਮੁੱਖ ਇੰਜੀਨੀਅਰ (ਬਿਜਲੀ) ਦੀ ਇੱਕ ਆਸਾਮੀ ਅਤੇ ਨਿਗਰਾਨ ਇੰਜੀਨੀਅਰ (ਸਿਵਲ) ਦੀਆਂ 6 ਆਸਾਮੀਆਂ ਖਾਲੀ ਹਨ, ਜਿਨ੍ਹਾਂ ਸਬੰਧੀ ਵੇਰਵੇ ਹੇਠਾਂ ਦਿੱਤੇ ਗਏ ਹਨ :-

| ਲੜੀ ਨੰ: | ਆਸਾਮੀਆਂ ਦੀ ਕਿਸਮ | ਆਸਾਮੀ ਖਾਲੀ ਹੋਣ ਦੀ ਮਿਤੀ |
|---|---|---|
| 1. | ਮੁੱਖ ਇੰਜੀਨੀਅਰ (ਬਿਜਲੀ) | 01.02.2005 |
| 2. | ਨਿਗਰਾਨ ਇੰਜੀਨੀਅਰ (ਸਿਵਲ) | 01.03.2004 |
| 3. | ਨਿਗਰਾਨ ਇੰਜੀਨੀਅਰ (ਸਿਵਲ) | 01.10.2004 |
| 4. | ਨਿਗਰਾਨ ਇੰਜੀਨੀਅਰ (ਸਿਵਲ) | 01.12.2004 |
| 5. | ਨਿਗਰਾਨ ਇੰਜੀਨੀਅਰ (ਸਿਵਲ) | 01.01.2005 |
| 6. | ਨਿਗਰਾਨ ਇੰਜੀਨੀਅਰ (ਸਿਵਲ) | 01.04.2005 |
| 7. | ਨਿਗਰਾਨ ਇੰਜੀਨੀਅਰ (ਸਿਵਲ) | 01.04.2005 |

ਇਨ੍ਹਾਂ ਆਸਾਮੀਆਂ ਨੂੰ ਵਿਭਾਗੀ ਤੱਰਕੀ ਕਮੇਟੀ, ਜਿਸ ਦੀ ਮੀਟਿੰਗ ਅਪ੍ਰੈਲ 2005 ਵਿੱਚ ਹੋਣ ਦੀ ਸੰਭਾਵਨਾ ਹੈ, ਦੀਆਂ ਸਿਫਾਰਸ਼ਾਂ ਉਪਰੰਤ ਭਰ ਲਿਆ ਜਾਵੇਗਾ।

(ਅ) ਹਾਂ ਜੀ । ਇਨ੍ਹਾਂ ਆਸਾਮੀਆਂ ਦਾ ਵਾਧੂ ਚਾਰਜ ਅਸਥਾਈ ਤੌਰ ਤੇ ਪ੍ਰਬੰਧਕੀ ਹਿੱਤਾਂ ਵਿੱਚ ਯੋਗ ਅਤੇ ਨਿਪੁੰਨ ਅਫ਼ਸਰਾਂ ਨੂੰ ਆਪਣੇ ਕੰਮ ਦੇ ਨਾਲ ਨਾਲ ਦਿੱਤਾ ਗਿਆ ਹੈ। ਇਨ੍ਹਾਂ ਆਸਾਮੀਆਂ ਨੂੰ ਨਿਸਚਿਤ ਤੌਰ ਤੇ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾਂ ਤੇ ਭਰ ਲਿਆ ਜਾਵੇਗਾ।

----------

## UNSTARRED QUESTIONS AND ANSWERS

### ਪਸ਼ੂਆਂ ਦੇ ਹਸਪਤਾਲਾਂ ਲਈ ਦਵਾਈਆਂ ਖਰੀਦਣ ਤੇ ਖਰਚਾ

181. **ਕੈਪਟਨ ਕੰਵਲਜੀਤ ਸਿੰਘ :** ਕੀ ਪਸ਼ੂ-ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਪਸ਼ੂਆਂ ਦੇ ਹਸਪਤਾਲਾਂ ਲਈ ਮਾਰਚ, 2002 ਤੋਂ ਦਸੰਬਰ, 2004 ਤੱਕ ਦੇ ਸਮੇਂ ਦੌਰਾਨ ਦਵਾਈਆਂ ਖਰੀਦਣ ਤੇ ਕੀਤੇ ਗਏ ਖਰਚੇ ਦੇ ਮਹੀਨਾ-ਵਾਰ ਵੇਰਵੇ ਕੀ ਹਨ ?

**ਸਰਦਾਰ ਜਗਮੋਹਨ ਸਿੰਘ ਕੰਗ :** ਰਾਜ ਦੇ ਵੈਟਰਨਰੀ ਹਸਪਤਾਲਾਂ ਲਈ ਖਰੀਦੀਆਂ ਗਈਆਂ ਦਵਾਈਆਂ ਤੇ ਕੀਤੇ ਗਏ ਖ਼ਰਚੇ ਦਾ ਮਹੀਨਾ ਵਾਰ ਵੇਰਵਾ ਮਾਰਚ, 2002 ਤੋਂ ਦਸੰਬਰ, 2004 ਦੌਰਾਨ ਅਨੁਲੱਗ 'ੳ' ਤੇ ਦਰਜ ਹੈ ।

### ਅਨੁਲੱਗ-ੳ

ਵੈਟਰਨਰੀ ਹਸਪਤਾਲਾਂ ਲਈ ਮਾਰਚ, 2002 ਤੋਂ ਦਸੰਬਰ, 2004 ਦੌਰਾਨ ਖਰੀਦੀਆਂ ਦਵਾਈਆਂ ਤੇ ਕੀਤੇ ਗਏ ਖਰਚੇ ਦਾ ਮਹੀਨਾ ਵਾਰ ਵੇਰਵਾ:-

| ਮਹੀਨਾ | ਖਰਚਾ |
|---|---|
| 3/2002 | 1,67,925/- |
| 4/02 ਤੋਂ 5/02 | ਨਿੱਲ |
| 6/02 | 44,12,859/- |
| 7/02 | 4,75,253/- |
| 8/02 | 41,394/- |
| 9/02 | ਨਿੱਲ |
| 10/02 | 3,31,270/- |
| 11/02 | 28,42,340/- |
| 12/02 | 14,18,397/- |
| 1/03 | ਨਿੱਲ |

[ਸਰਦਾਰ ਜਗਮੋਹਨ ਸਿੰਘ ਕੰਗ]

| ਮਹੀਨਾ | ਖਰਚਾ |
|---|---|
| 2/03 | 66,30,374/- |
| 3/03 | 20,61,594/- |
| 4/03 ਤੋਂ 7/03 | ਨਿੱਲ |
| 8/03 | 2,39,522/- |
| 9/03 | ਨਿੱਲ |
| 10/03 | 11,36,530/- |
| 11/03 | 7,78,300/- |
| 12/03 | 5,98,423/- |
| 1/04 | ਨਿੱਲ |
| 2/04 | 6,68,766/- |
| 3/04 | 55,05,093/- |
| 4/04 ਤੋਂ 7/04 | ਨਿੱਲ |
| 8/04 | 19,07,173/- |
| 9/04 | 1,19,986/- |
| 10/04 ਤੋਂ 12/04 | ਨਿੱਲ |
| ਕੱਲ ਜੋੜ | 2,93,35,199/- |

------

## ਆਯੂਰਵੈਦਿਕ ਦਵਾਈਆਂ ਖਰੀਦਣਾ

**182. ਕੈਪਟਨ ਕੰਵਲਜੀਤ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ, 2002 ਤੋਂ ਲੈ ਕੇ ਫਰਵਰੀ, 2005 ਤੱਕ ਦੇ ਸਮੇਂ ਦੌਰਾਨ ਆਯੂਰਵੈਦਿਕ ਦਵਾਈਆਂ ਦੀ ਖਰੀਦ ਤੇ ਕੀਤੇ ਗਏ ਖਰਚੇ ਦੇ ਮਹੀਨਾ-ਵਾਰ ਵੇਰਵੇ ਕੀ ਹਨ ?

**ਸ਼੍ਰੀ ਰਮੇਸ਼ ਚੰਦਰ ਡੋਗਰਾ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

## ਅਨੁੱਲਗ-ੳ

ਮਹੀਨਾ ਮਾਰਚ, 2002 ਤੋਂ ਫ਼ਰਵਰੀ, 2005 ਤੱਕ ਮਹੀਨਾਵਾਰ ਖਰੀਦੀਆਂ ਗਈਆਂ ਆਯੂਰਵੈਦਿਕ ਦਵਾਈਆਂ ਦਾ ਖ਼ਰਚਾ (ਰਕਮ ਰੁਪਏ ਵਿੱਚ)

| ਮਹੀਨਾ | 2002 | 2003 | 2004 | 2005 |
|---|---|---|---|---|
| ਜਨਵਰੀ .. | --- | 25,000 | --- | 6,036 |
| ਫਰਵਰੀ .. | --- | 4,31,857 | 1,97,369 | 41,985 |
| ਮਾਰਚ .. | 1,820 | 25,45,474 | 6,47,067 | --- |
| ਅਪ੍ਰੈਲ .. | --- | 44,891 | 24,825 | --- |
| ਮਈ .. | --- | 2,329 | 1,772 | --- |
| ਜੂਨ .. | --- | 910 | --- | --- |
| ਜੁਲਾਈ .. | --- | --- | 160 | --- |
| ਅਗਸਤ .. | --- | 6,277 | 130 | --- |
| ਸਤੰਬਰ .. | --- | 1,16,193 | --- | --- |
| ਅਕਤੂਬਰ .. | --- | 96,250 | 4,735 | --- |
| ਨਵੰਬਰ .. | 59,236 | 1,07,516 | 2,36,118 | --- |
| ਦਸਬੰਰ .. | 1,16,555 | 1,84,506 | 4,279 | --- |
| ਜੋੜ .. | 1,77,611 | 35,61,203 | 11,16,455 | 48,021 |

-------

## ਲੋਕ ਕਾਰਜ (ਭਵਨ ਅਤੇ ਮਾਰਗ) ਵਿਭਾਗ ਵਿਚ ਇੰਜੀਨੀਅਰਾਂ ਦੀ ਗਿਣਤੀ

183. **ਕੈਪਟਨ ਕੰਵਲਜੀਤ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੋਕ ਕਾਰਜ (ਭਵਨ ਅਤੇ ਮਾਰਗ) ਵਿਭਾਗ ਵਿਚ ਕੰਮ ਕਰ ਰਹੇ ਇੰਜੀਨੀਅਰਾਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਉਨ੍ਹਾਂ ਦੀਆਂ ਤਨਖਾਹਾਂ/ਭੱਤਿਆਂ ਦੀ ਅਦਾਇਗੀ ਲਈ ਕਿੰਨਾ ਖ਼ਰਚਾ ਕੀਤਾ ਜਾ ਰਿਹਾ ਹੈ ?

ਸਰਦਾਰ ਪ੍ਰਤਾਪ ਸਿੰਘ ਬਾਜਵਾ : ਪੰਜਾਬ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ ਵਿਚ ਕੰਮ ਕਰ ਰਹੇ ਇੰਜੀਨੀਅਰਾਂ ਦੀ ਵਰਗ-ਵਾਰ ਗਿਣਤੀ ਸਮੇਤ ਉਹਨਾਂ ਦੇ ਤਨਖਾਹ/ ਭੱਤੇ ਦੇ ਸਲਾਨਾ ਖ਼ਰਚੇ ਦਾ ਵੇਰਵਾ ਸਦਨ ਦੀ ਮੇਜ਼ ਉਪਰ ਰੱਖਿਆ ਜਾਂਦਾ ਹੈ ।

**Detail of category-wise number of Engineers working in the Public Works (B & R) Department togetherwith annual expenditure being incurred for payment of salaries/allowances**

| Sr. No. | Designation | Sanctioned Strength | post occupied | Vacant post | Post in abeyance | Expdt. on Salaries/Allowances (Rs. in lacs) |
|---|---|---|---|---|---|---|
| 1. | Chief Engineer (Civil) | 04 | 04 | -- | -- | |
| | Chief Engineer (Elect) | 01 | -- | 01 w.e.f. 1-2-05 | -- | 20.68 |
| | Total | 05 | 04 | 01 | -- | |
| 2. | Superintending Engineer (Civil) | 22 | 16 | 06 | -- | |
| | Superintending Engineer (Elect.) | 02 | 02 | -- | -- | 104.86 |
| | Superintending Engineer (Mech.) | 01 | 01 | -- | -- | |
| | Total | 25 | 19 | 06 | -- | |
| 3. | Executive Engineer (Civil) | 82 | 72 | 07 | 03 | |
| | Executive Engineer (Elect.) | 08 | 07 | 01 | -- | |
| | Executive Engineer (Mech.) | 03 | 02 | 01 | -- | 358.37 |
| | Executive Engineer (Hort.) | 02 | 01 | 01 | -- | |
| | Total | 95 | 82 | 10 | 03 | |
| 4. | S.D.E. (Civil) | 249 | 176 | 42 | 31 | |
| | S.D.E. (Elect.) | 32 | 17 | 15 | -- | |
| | S.D.E. (Mech.) | 09 | 03 | 06 | -- | 659.28 |
| | S.D.E. (Hort.) | 06 | 06 | -- | -- | |
| | Total | 296 | 202 | 63 | 31 | |
| 5. | Junior Engineer (Civil)/(Elect.)/ (Mech.)/(Hort.) | 1,101 | 1,006 | 95 | -- | 2,237.84 |
| | | | | Total | | 3,381.03 |

## ਦਲਿਤਾਂ ਨੂੰ ਮਕਾਨਾਂ ਦੀ ਅਲਾਟਮੈਂਟ

**184. ਸ੍ਰੀ ਤਿਕਸ਼ਨ ਸੂਦ :** ਕੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1997 ਤੋਂ 2004 ਤੱਕ ਦੇ ਸਮੇਂ ਦੌਰਾਨ ਰਾਜ ਵਿਚ ਦਲਿਤਾਂ ਨੂੰ ਅਲਾਟ ਕੀਤੇ ਗਏ ਮਕਾਨਾਂ ਦੀ ਜ਼ਿਲ੍ਹਾ-ਵਾਰ ਅਤੇ ਸਾਲ-ਵਾਰ ਗਿਣਤੀ ਕਿੰਨੀ-ਕਿੰਨੀ ਹੈ ?

**ਸ਼੍ਰੀਮਤੀ ਗੁਰਕੰਵਲ ਕੌਰ :** ਪੇਂਡੂ ਖੇਤਰ ਵਿੱਚ ਅਨੁਸੂਚਿਤ ਜਾਤੀਆਂ ਦੇ ਗਰੀਬੀ ਦੀ ਰੇਖਾ ਤੋਂ ਹੇਠ ਰਹਿ ਰਹੇ ਬੇ-ਘਰੇ ਪਰਿਵਾਰਾਂ ਨੂੰ ਮਕਾਨ ਉਸਾਰ ਕੇ ਦੇਣ ਦੀ ਸਕੀਮ ਕੇਵਲ ਸਾਲ 1997-98 ਦੌਰਾਨ ਲਾਗੂ ਰਹੀ,ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਗਰੀਬੀ ਦੀ ਰੇਖਾ ਤੋਂ ਹੇਠ ਰਹਿ ਰਹੇ ਪੇਂਡੂ ਖੇਤਰ ਦੇ ਪਰਿਵਾਰਾਂ ਨੂੰ ਰਾਜ ਵਿੱਚ ਅਲਾਟ ਕੀਤੇ ਮਕਾਨਾਂ ਦਾ ਜ਼ਿਲ੍ਹੇਵਾਰ ਵੇਰਵਾ ਅਨੁਲੱਗ-ੳ ਤੇ ਰੱਖਿਆ ਹੈ ।

ਸਾਲ 1998-99 ਦੌਰਾਨ ਮਕਾਨ ਬਣਾ ਕੇ ਦੇਣ ਦੀ ਸਕੀਮ ਵਿੱਚ ਸੋਧ ਕਰਕੇ, ਮਕਾਨ ਉਸਾਰਕੇ ਦੇਣ ਦੀ ਥਾਂ ਅਨੁਸੂਚਿਤ ਜਾਤੀਆਂ ਦੇ ਪੇਂਡੂ ਖੇਤਰ ਵਿੱਚ, ਗਰੀਬੀ ਦੀ ਰੇਖਾ ਤੋਂ ਹੇਠ ਰਹਿ ਰਹੇ ਪਰਿਵਾਰਾਂ ਨੂੰ ਮਕਾਨ ਉਸਾਰਨ ਲਈ ਗਰਾਂਟ ਦੇਣ ਦੀ ਸਕੀਮ ਸ਼ੁਰੂ ਕੀਤੀ ਗਈ । ਇਹ ਸਕੀਮ ਸਾਲ 2001-02 ਤੱਕ ਲਾਗੂ ਰਹੀ ਅਤੇ ਇਸ ਤੋਂ ਬਾਅਦ ਜਿਨ੍ਹਾਂ ਪਾਸ ਕੋਈ ਪਲਾਟ ਨਹੀਂ/ਬੇ-ਘਰੇ ਹਨ, ਨੂੰ ਪਲਾਟ ਖਰੀਦਣ ਲਈ ਗਰਾਂਟ ਅਤੇ ਮਕਾਨ ਉਸਾਰਨ ਲਈ ਗਰਾਂਟ ਦੇਣ ਲਈ ਪਲਾਟ ਮੁਹੱਈਆ ਕਰਨ ਅਤੇ ਮਕਾਨ ਉਸਾਰਨ ਲਈ ਗਰਾਂਟ ਦੇਣ ਦੀ ਇਕ ਨਵੀਂ ਸਕੀਮ ਸ਼ੁਰੂ ਕੀਤੀ ਸੀ । ਇਸ ਪੈਰੇ ਵਿੱਚ ਦਰਜ ਸਕੀਮਾਂ ਤਹਿਤ ਰਾਜ ਵਿੱਚ ਸਾਲ 1998-99 ਤੋਂ 2003-04 ਤੱਕ ਜਿੰਨੇ ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ ਹੈ, ਦਾ ਜ਼ਿਲ੍ਹੇਵਾਰ ਵੇਰਵਾ ਅਨੁਲੱਗ-'ਅ' ਤੇ ਰੱਖਿਆ ਹੈ ।

[ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਰਾਜ ਮੰਤਰੀ]

## ਅਨੁਲੱਗ-ੳ

### ਅਨੁਸੂਚਿਤ ਜਾਤੀਆਂ ਨੂੰ ਅਲਾਟ ਕੀਤੇ ਮਕਾਨਾਂ ਦੀ ਗਿਣਤੀ :-

| ਲੜੀ ਨੰ: | ਜ਼ਿਲ੍ਹੇ ਦਾ ਨਾਮ | | 1997-98 |
|---|---|---|---|
| 1. | ਅੰਮ੍ਰਿਤਸਰ | .. | 900 |
| 2. | ਫਿਰੋਜ਼ਪੁਰ | .. | 650 |
| 3. | ਗੁਰਦਾਸਪੁਰ | .. | 769 |
| 4. | ਜਲੰਧਰ | .. | 619 |
| 5. | ਕਪੂਰਥਲਾ | .. | 275 |
| 6. | ਲੁਧਿਆਣਾ | .. | 798 |
| 7. | ਫਤਿਹਗੜ੍ਹ ਸਾਹਿਬ | .. | 250 |
| 8. | ਹੁਸ਼ਿਆਰਪੁਰ | .. | 660 |
| 9. | ਸੰਗਰੂਰ | .. | 677 |
| 10. | ਬਠਿੰਡਾ | .. | 458 |
| 11. | ਮਾਨਸਾ | .. | 270 |
| 12. | ਪਟਿਆਲਾ | .. | 624 |
| 13. | ਰੋਪੜ | .. | 375 |
| 14. | ਫਰੀਦਕੋਟ | .. | 270 |
| 15. | ਨਵਾਂ ਸ਼ਹਿਰ | .. | 311 |
| 16. | ਮੁਕਤਸਰ | .. | 413 |
| 17. | ਮੋਗਾ | .. | 270 |
| | ਜੋੜ | .. | 8,589 |

ਸਾਲ 1998-99 ਵਿੱਚ ਮਕਾਨ ਬਣਾਕੇ ਦੇਣ ਦੀ ਸਕੀਮ ਵਿੱਚ ਸੋਧ ਕਰਕੇ ਮਕਾਨ ਉਸਾਰੀ ਲਈ ਗਰਾਂਟ ਦੇਣ ਦੀ ਸਕੀਮ ਸ਼ੁਰੂ ਕਰ ਦਿੱਤੀ ਗਈ ਸੀ ।

## ਅਨੁਲੱਗ-ਅ

## ਮਕਾਨ ਉਸਾਰਨ ਲਈ ਗਰਾਂਟ ਪ੍ਰਾਪਤ ਕਰਨ ਵਾਲੇ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਦੀ ਗਿਣਤੀ

| ਲੜੀ ਨੰ: | ਜ਼ਿਲ੍ਹੇ ਦਾ ਨਾਂ | 1998-99 | 1999-2000 | 2000-01 | 2001-02 | 2002-03 | 2003-04 |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| 1. | ਅੰਮ੍ਰਿਤਸਰ .. | – | – | – | – | 1,080 | 100 |
| 2. | ਫਿਰੋਜ਼ਪੁਰ .. | – | – | – | – | 720 | – |
| 3. | ਗੁਰਦਾਸਪੁਰ .. | – | – | – | – | 900 | 62 |
| 4. | ਜਲੰਧਰ .. | – | – | – | – | 630 | – |
| 5. | ਕਪੂਰਥਲਾ .. | – | – | – | – | 311 | – |
| 6. | ਲੁਧਿਆਣਾ .. | – | – | – | – | 482 | – |
| 7. | ਫਤਿਹਗੜ੍ਹ ਸਾਹਿਬ .. | – | – | – | – | 315 | – |
| 8. | ਹੁਸ਼ਿਆਰਪੁਰ .. | – | – | – | – | 630 | – |
| 9. | ਸੰਗਰੂਰ .. | – | – | – | – | 900 | – |
| 10. | ਬਠਿੰਡਾ .. | 190 | – | – | – | 449 | – |
| 11. | ਮਾਨਸਾ .. | – | – | – | – | 315 | – |
| 12. | ਪਟਿਆਲਾ .. | – | – | – | – | 585 | 40 |
| 13. | ਰੋਪੜ .. | – | – | – | – | 447 | – |
| 14. | ਫਰੀਦਕੋਟ .. | – | – | – | – | 81 | 7 |
| 15. | ਨਵਾਂ ਸ਼ਹਿਰ .. | – | – | – | – | 175 | – |
| 16. | ਮੁਕਤਸਰ .. | – | – | – | – | 210 | – |
| 17. | ਮੋਗਾ .. | – | – | – | – | 207 | – |
| | ਜੋੜ .. | 190 | – | – | – | 8,437 | 209 |

-----

## MATTERS RAISED DURING ZERO HOUR

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਇਕ ਬੜਾ ਹੀ ਗੰਭੀਰ ਮਸਲਾ ਸਾਡੇ ਪਟਿਆਲੇ ਵਿੱਚ ਹੋਇਆ ਹੈ । ਗੌਰਮਿੰਟ ਪਰਾਪਰਟੀ ਇਕ ਵਜ਼ੀਰ ਨੂੰ ਦਿੱਤੀ ਗਈ ਔਰ ਉਥੇ ਚਲਦਾ ਹੋਇਆ ਫਲਾਇੰਗ ਕਲੱਬ ਜਿੱਥੇ ਕਿ ਕਈ ਸਟੂਡੈਂਟਸ......

**ਮਾਨਯੋਗ ਸਪੀਕਰ :** ਅੱਜ ਹੀ ਡਿਸਕਸ਼ਨ ਹੋਣੀ ਹੈ, ਇਹ ਤੁਸੀਂ ਉਸ ਵੇਲੇ ਕਹਿ ਲਿਓ ।

**ਕੈਪਟਨ ਕੰਵਲਜੀਤ ਸਿੰਘ :** ਇਹ ਬੜਾ ਇੰਪਾਰਟੈਂਟ ਇਸ਼ੂ ਹੈ ਜੀ, ਮੇਰੀ ਗੱਲ ਸੁਣੋ ਜੀ ।

**Mr.Speaker :** Speaker's decision is final. I will send the reasons for which you have asked .

(ਇਸ ਸਮੇਂ ਹਾਊਸ ਵਿੱਚ ਲੀਡਰ ਆਫ ਦਿ ਆਪੋਜੀਸ਼ਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੀ ਤਿਕਸ਼ਨ ਸੂਦ, ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ :** ਸੂਦ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ । ਸੂਦ ਸਾਹਿਬ। ਬੋਲੋ।...........ਚਲੋ ਬਾਦਲ ਸਾਹਿਬ ਤੁਸੀਂ ਬੋਲੋ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ,:** ਸਪੀਕਰ ਸਾਹਿਬ, ਬੜਾ ਦੁੱਖ ਹੈ, ਅਫਸੋਸ ਹੈ ਕਿ ਜਿਹੜੇ ਪੰਜਾਬ ਦੇ ਇਹੋ ਜਿਹੇ ਮਸਲੇ ਹਨ, ਜਿਹੜੇ ਕਿ ਬਹੁਤ ਗੰਭੀਰ ਹਨ, ਤੁਸੀਂ ਇਸ ਕਰਕੇ ਆਖਿਆ ਹੈ ਕਿ ਡਿਸਕਸ਼ਨ ਵੇਲੇ ਕਹਿ ਲਓ । ਇਹ ਇੰਮੀਜ਼ੇਟ ਇੰਪਾਰਟੈਂਸ ਦੇ ਮਸਲੇ ਹਨ । ਪੰਜਾਬ ਸਰਕਾਰ ਦੀ ਜ਼ਮੀਨ ਤੇ ਇਕ ਹੈਂਗਰ ਇਕ ਮਨਿਟਸਰ ਨੂੰ ਦੇ ਦਿੱਤਾ ਹੈ । ਉਹ ਬਗੈਰ ਐਡਵਰਟਾਈਜ਼ਮੈਂਟ ਤੋਂ ਦਿੱਤਾ ਹੈ, ਬਗੈਰ ਕੋਈ ਟਰਮਜ਼ ਸੈਟਲ ਹੋਣ ਤੋਂ ਦਿੱਤਾ ਹੈ ਅਤੇ ਜੇ ਇਸ ਤਰ੍ਹਾਂ ਮਨਿਸਟਰ ਸਰਕਾਰ ਦੀ ਜਾਇਦਾਦ ਹੀ ਲੈ ਲੈਣਗੇ ਤਾਂ ਫਿਰ ਤਾਂ.........

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। ਠੀਕ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਕੀ ਚੀਫ ਮਨਿਸਟਰ ਸਾਹਿਬ ਇਸ ਸਬੰਧ ਦੇ ਵਿੱਚ ਸਟੇਟਮੈਂਟ ਦੇਣਗੇ ?

**ਮਾਨਯੋਗ ਸਪੀਕਰ :** ਉਨ੍ਹਾਂ ਨੇ ਬੋਲਣਾ ਹੈ, ਉਦੋਂ ਜਵਾਬ ਦੇ ਦੇਣਗੇ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਹੁਣੇ ਹੀ ਜਵਾਬ ਦੇ ਦਿੰਦਾ ਹਾਂ । I have no objection. ਸਪੀਕਰ ਸਾਹਿਬ, ਇਹ ਇਕ ਬਿਰਮੀ ਅਕੈਡਮੀ ਹੈ । ਫਲਾਇੰਗ

ਅਕੈਡਮੀ ਲਗਾਉਣ ਵਾਸਤੇ ਇਕ ਰਿਕੁਐਸਟ ਤਿੰਨ ਸਾਲ ਪਹਿਲਾਂ ਆਈ ਸੀ । It was considered by the Cabinet ਕਿ ਉਥੇ ਪ੍ਰਾਈਵੇਟ ਫਲਾਇੰਗ ਕਲੱਬ Which is going down. ਔਰ ਲੜਕੀਆਂ, ਲੜਕੇ ਪਾਇਲਟ ਬਣਨ ਵਿੱਚ ਇੰਟਰੈਸਟਿਡ ਹਨ, ਇਸ ਤਰ੍ਹਾਂ ਬੜੀ ਡੀਮਾਂਡ ਹੈ, ਮੈਂ ਸਮਝਦਾ ਹਾਂ ਕਿ ਇਹ ਹੋਣੀ ਵੀ ਚਾਹੀਦੀ ਹੈ। ਇਹਦੇ ਤੇ ਵਿਚਾਰ ਕੀਤਾ ਗਿਆ ਹੈ and it was decided in the cabinet that ਕਿ ਥੋੜ੍ਹੀ ਜ਼ਮੀਨ ਦਿੱਤੀ ਜਾਵੇ for 30 years lease to start an academy. ਅਸੀਂ ਤਿੰਨ ਸਾਲ ਲਈ ਇੱਕ ਮੌਜੂਦਾ ਹੈਂਗਰ ਉਨ੍ਹਾਂ ਨੂੰ ਦਿੱਤਾ ਹੈ। ਇਨ ਦੀ ਮੀਨਟਾਈਮ ਉਹ ਆਪਣਾ ਹੈਂਗਰ ਬਣਾ ਲੈਣਗੇ। ਪਹਿਲਾਂ ਇਥੇ ਇਸ ਤਰ੍ਹਾਂ ਦਾ ਕੋਈ ਇੰਤਜ਼ਾਮ ਨਹੀਂ ਸੀਂ ਜਿੱਥੋਂ ਕਿ ਪਾਇਲਟ ਟ੍ਰੇਨਿੰਗ ਲੈ ਕੇ ਇੰਡੀਅਨ ਏਅਰ ਲਾਈਨਜ਼, ਏਅਰ ਇੰਡੀਆ ਅਤੇ ਨਵੀਆਂ ਏਅਰ ਲਾਈਨਜ਼ ਵਿੱਚ ਲੱਗ ਸਕਣ । ਜਿਹੜੇ ਪੰਜਾਬ ਦੇ ਲੜਕੇ ਲੜਕੀਆਂ ਪਹਿਲਾਂ ਪਿੱਛੇ ਰਹਿ ਜਾਂਦੇ ਸਨ ਹੁਣ ਉਹ ਅੱਗੇ ਆ ਸਕਣਗੇ ਅਤੇ ਪਾਇਲਟ ਲੱਗ ਸਕਣਗੇ । It is in the interest of Punjab, it is in the interest of our boys. We do not have the Academy like the Fursat Jang Academy .......(ਵਿਘਨ)

**ਮਾਨਯੋਗ ਸਪੀਕਰ :** ਜੇਕਰ ਤੁਹਾਡਾ ਪ੍ਰੋਗਰਾਮ ਪਰੋਸੀਡਿੰਗਜ਼ ਸਟਾਲ ਕਰਨ ਦਾ ਹੈ ਤਾਂ ਉਹ ਅੱਛਾ ਨਹੀਂ ਹੈ। ਤੁਹਾਡੀ ਗੱਲ ਆ ਗਈ ਹੈ, ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ । I won't allow you . Now the next is Call Attention Notices . (Noices) I have called for next Business by Sardar Vir Singh Lopoke.(Noices). The Question Hour is over . What you have asked, he has replied. I won't agree. You are wasting time. Now Sardar Vir Singh Lopoke.

**ਸ਼੍ਰੀ ਤਿਕਸ਼ਨ ਸੂਦ :** ਆਨ ਏ-ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ।

**ਮਾਨਯੋਗ ਸਪੀਕਰ :** ਹਾਂ ਜੀ, ਸੂਦ ਸਾਹਿਬ, ਤੁਸੀਂ ਦੱਸੋ ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ?

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਰੂਲ 40 ਦੇ ਤਹਿਤ ਗੱਲ ਕਰਨਾ ਚਾਹੁੰਦਾ ਹਾਂ । ਇਸ ਸੈਸ਼ਨ ਵਿੱਚ ਕਾਫੀ ਸਵਾਲ ਮੇਰੇ ਵੀ ਅਤੇ ਹੋਰ ਮੈਂਬਰਾਂ ਦੇ ਵੀ ਹਨ ਉਹ ਸਪੀਕਰ ਸਾਹਿਬ ਰੂਲ 39 ਦੇ ਤਹਿਤ ਦਿੱਤੇ ਸਨ ਜਿਹੜੇ ਐਡਮਿਟ ਨਹੀਂ ਕੀਤੇ ਗਏ । ਰੂਲ 40 ਦੇ ਤਹਿਤ ਤੁਹਾਡੀ ਡਿਸਕਰੀਸ਼ਨ ਹੈ।

**ਮਾਨਯੋਗ ਸਪੀਕਰ :** ਤੁਸੀਂ ਰੂਲ ਪੜ੍ਹੋ ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਰੂਲ 40 ਦੇ ਮੁਤਾਬਿਕ ;:

"The Speaker shall decide whether a Question or a part thereof is or not admissible under these rules and may disallow any question or part thereof when, in his opinion, it is an abuse of the right of questioning or calculated to obstruct or prejudicially affect the procedure of the House or is in contravention of these rules :

Provided that the Speaker may, in his discretion, amend the question in form or give the member concerned an opportunity of amending it "

**ਮਾਨਯੋਗ ਸਪੀਕਰ :** ਤੁਸੀਂ ਕਹਿਣਾ ਕੀ ਚਾਹੁੰਦੇ ਹੋ ?

**ਸ਼੍ਰੀ ਤਿਕਸ਼ਨ ਸੂਦ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਆਰਡਰ ਤੁਹਾਡੇ ਵੱਲੋਂ ਆ ਰਹੇ ਹਨ, ਉਨ੍ਹਾਂ ਵਿਚ ਸਿੰਪਲੀ ਲਿਖ ਦਿੱਤਾ ਜਾਂਦਾ ਹੈ ਕਿ ਡਿਸ-ਅਲਾਓ ਕਰ ਦਿੱਤਾ ਹੈ। ਮੈਂਬਰ ਦਾ ਇਹ ਰਾਈਟ ਬਣਦਾ ਹੈ ਕਿ ਉਸ ਨੂੰ ਇਹ ਪਤਾ ਲੱਗੇ ਕਿ ਇਹ ਕਿਉਂ ਡਿਸ-ਅਲਾਓ ਹੋਇਆ ਹੈ ?

**Mr. Speaker :** Speaker's decision is final. I will send the reason for which you have asked.

**ਸ਼੍ਰੀ ਤਿਕਸ਼ਨ ਸੂਦ :** ਦੂਸਰਾ ਹੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਵੀ ਵੇਖਿਆ ਗਿਆ ਹੈ ਅਤੇ ਕੱਲ੍ਹ ਵੀ ਵੇਖਿਆ ਗਿਆ ਹੈ ਕਿ ਸਬੰਧਤ ਮੰਤਰੀ ਸਾਹਿਬਾਨ ਵੱਲੋਂ ਜਵਾਬ ਦੇਣ ਸਮੇਂ ਕੋਈ ਸੀਰੀਅਸਨੈਸ ਨਹੀਂ ਵਿਖਾਈ ਜਾਂਦੀ ।.......

**ਮਾਨਯੋਗ ਸਪੀਕਰ :** ਕਦੀ ਕਦੀ ਹੱਸਣਾ ਵੀ ਚਾਹੀਦਾ ਹੈ । Please sit down. Take your seat.

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ, ਰੂਲ 66 ਅਧੀਨ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੀ ਇਕ ਬੜੀ ਇੰਪਾਰਟੈਂਟ ਕਾਲ ਅਟੈਂਸ਼ਨ ਸੀ, ਇੰਪਲਾਈਜ਼ ਦੇ ਪ੍ਰੋਵੀਡੈਂਟ ਫੰਡ ਬਾਰੇ ਜਿਹੜਾ ਕਿ ਕਰੋੜਾਂ ਰੁਪਏ ਦਾ ਘਪਲਾ ਹੋਇਆ ਹੈ। ਤੁਸੀਂ ਉਸ ਨੂੰ ਡਿਸ-ਅਲਾਓ ਕਰ ਦਿੱਤਾ ਅਤੇ ਦੱਸਿਆ ਕਿ ਇਹ ਮਾਮਲਾ ਸਬ-ਜੁਡਿਸ ਹੈ । ਰੂਲ 66 ਜਿਹੜਾ ਕਾਲ ਅਟੈਂਸ਼ਨ ਨੂੰ ਡੀਲ ਕਰਦਾ ਹੈ, ਉਸ ਵਿਚ ਕਿਤੇ ਵੀ ਇਹ ਨਹੀਂ ਲਿਖਿਆ ਕਿ Call Attention cannot be raised when the matter is sub-judice. ਇਹ ਇਨਫਰਮੇਸ਼ਨ ਇਨਕੁਰੈਕਟ ਹੈ। ਜਿਹੜਾ ਰੋਪੜ ਥਰਮਲ ਪਲਾਂਟ ਦਾ ਕੇਸ ਹੈ ਉਹ ਪੁਲਿਸ ਨੇ ਕੈਂਸਲੇਸ਼ਨ ਵਾਸਤੇ

ਦਿੱਤਾ ਸੀ । ਉਹ ਕੈਂਸਲੇਸ਼ਨ ਮਨਜ਼ੂਰ ਹੋ ਗਈ ਅਤੇ ਕੇਸ ਵਾਪਸ ਹੋ ਗਿਆ । No case is pending in the court. ਬਿਜਲੀ ਬੋਰਡ ਨੂੰ ਡੇਢ ਕਰੋੜ ਦਾ ਜੁਰਮਾਨਾ ਹੋਇਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦੇ ਫੈਕਟਸ ਰੀ-ਵੈਰੀਫਾਈ ਕਰਵਾਏ ਜਾਣ ਅਤੇ ਇਸ ਕਾਲ ਅਟੈਂਸ਼ਨ ਨੂੰ ਰੀ-ਕਨਸਿਡਰ ਕੀਤਾ ਜਾਵੇ ।

**Mr. Speaker** : I will reconsider it. Next, Call Attention, Sardar Vir Singh Lopoke.

---------

## CALL ATTENTION NOTICE UNDER RULE 66
## (ਕ੍ਰਮ ਨੰ:43)

**ਸਰਦਾਰ ਵੀਰ ਸਿੰਘ ਲੋਪੋਕੇ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤੀ ਜਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਜ਼ਿਲ੍ਹਾ, ਅੰਮ੍ਰਿਤਸਰ ਦੇ ਪਿੰਡ ਲੋਪੋਕੇ ਵਿੱਚ ਪੰਚਾਇਤ ਦੀ ਜ਼ਮੀਨ ਵਿੱਚ ਅਤੇ ਸੜਕਾਂ ਦੇ ਨਾਲ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਲਈ ਜੋ ਨਾਲੇ ਬਣਾਏ ਗਏ ਸਨ ਉਨ੍ਹਾਂ ਨੂੰ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਪੂਰ ਦਿੱਤਾ ਗਿਆ ਹੈ ਜਿਸ ਨਾਲ ਇਸ ਵੱਡੇ ਪਿੰਡ ਦਾ ਨਾਲੀਆਂ ਦਾ ਗੰਦਾ ਪਾਣੀ ਬਾਹਰ ਜਾਣ ਦੀ ਬਜਾਏ ਪਿੰਡ ਵਿੱਚ ਹੀ ਥਾਂ-ਥਾਂ ਤੇ ਗਲੀਆਂ ਵਿੱਚ ਖਲੋ ਗਿਆ ਹੈ ਤੇ ਬਹੁਤ ਭੈੜੀ ਬਦਬੂ ਪੈਦਾ ਕਰ ਰਿਹਾ ਹੈ। ਮੱਖੀਆਂ ਤੇ ਮੱਛਰ ਇਸ ਗੰਦੇ ਪਾਣੀ ਤੇ ਭੀਂ-ਭੀਂ ਕਰ ਰਹੇ ਹਨ ਤੇ ਲੋਕਾਂ ਦਾ ਗਲੀਆਂ ਵਿੱਚੋਂ ਗੁਜ਼ਰਨਾ ਮੁਸ਼ਕਲ ਹੋ ਗਿਆ ਹੈ। ਬਿਮਾਰੀ ਫੈਲ ਜਾਣ ਦਾ ਗੰਭੀਰ ਖਤਰਾ ਬਣਿਆ ਹੋਇਆ ਹੈ । ਲੋਕਾਂ ਵਿੱਚ ਭਾਰੀ ਰੋਹ ਅਤੇ ਬਿਮਾਰੀ ਦਾ ਡਰ ਫੈਲਿਆ ਹੋਇਆ ਹੈ। ਸਰਕਾਰ ਇਸ ਮਾਮਲੇ ਦੀ ਤੁਰੰਤ ਪੜਤਾਲ ਕਰਾਕੇ ਯੋਗ ਲੋੜੀਂਦੀ ਕਾਰਵਾਈ ਕਰੇ ਅਤੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰੇ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਚਾਈ ਅਤੇ ਬਿਜਲੀ ਮੰਤਰੀ** (ਸਰਦਾਰ ਲਾਲ ਸਿੰਘ) : ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ ਰਿਪੋਰਟ ਕੀਤੀ ਹੈ ਕਿ ਧਿਆਨ ਦਿਵਾਊ ਨੋਟਿਸ ਵਿਚ ਕੀਤੇ ਗਏ ਕਥਨ ਅਨੁਸਾਰ ਉਨ੍ਹਾਂ ਨੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਚੋਗਾਵਾਂ ਪਾਸੋਂ ਰਿਪੋਰਟ ਲੈ ਕੇ ਇਹ ਦੱਸਿਆ ਹੈ ਕਿ ਪਿੰਡ

[ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਚਾਈ ਅਤੇ ਬਿਜਲੀ ਮੰਤਰੀ]
ਲੋਪੋਕੇ ਵਿਖੇ ਜੋ ਗੰਦੇ ਪਾਣੀ ਦਾ ਨਾਲਾ ਸੜਕ ਦੇ ਨਾਲ ਬਣਾਇਆ ਹੋਇਆ ਹੈ, ਉਹ ਤਕਰੀਬਨ 600 ਮੀਟਰ ਲੰਬਾ ਹੈ ਜਿਸ ਵਿਚੋਂ ਉਸ ਦੇ 200 ਮੀਟਰ ਦਾ ਹਿੱਸਾ ਪੂਰਿਆ ਜਾ ਚੁੱਕਾ ਹੈ। ਇਸ ਸਬੰਧੀ ਮੌਕੇ ਤੇ ਲੇਬਰ ਲਗਾ ਕੇ ਗੰਦੇ ਪਾਣੀ ਵਾਲੇ ਨਾਲੇ ਦੀ ਸਫਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਅਤੇ ਜਲਦੀ ਹੀ ਗੰਦੇ ਪਾਣੀ ਵਾਲੇ ਨਾਲੇ ਦੀ ਸਫਾਈ ਕਰਵਾ ਦਿੱਤੀ ਜਾਵੇਗੀ ਅਤੇ ਗੰਦੇ ਪਾਣੀ ਦਾ ਨਿਕਾਸ ਵੀ ਕਰਵਾ ਦਿੱਤਾ ਜਾਵੇਗਾ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਮੈਂ ਹੁਣੇ ਹੀ ਇਥੇ ਆਉਣ ਤੋਂ ਪਹਿਲਾਂ ਪਿੰਡ ਲੋਪੋਕੇ ਟੈਲੀਫੂਨ ਕੀਤਾ ਸੀ। ਉਥੇ ਕੋਈ ਵੀ ਕਾਰਵਾਈ ਸ਼ੁਰੂ ਨਹੀਂ ਹੋਈ। ਮੰਤਰੀ ਜੀ ਨੇ ਆਪ ਮੰਨਿਆ ਹੈ ਕਿ ਨਾਲਾ ਪੂਰਿਆ ਹੋਇਆ ਹੈ। ਉਥੇ ਇਕ ਪੁਲੀ ਬਣਨੀ ਸੀ ਜਿਸ ਦੇ ਨਾ ਬਣਨ ਕਰਕੇ ਪਾਣੀ ਅੱਗੇ ਨਹੀਂ ਜਾ ਸਕਦਾ। ਕੀ ਮੰਤਰੀ ਜੀ ਉਸ ਪੁਲੀ ਨੂੰ ਅਤੇ ਨਾਲੇ ਨੂੰ ਛੇਤੀ ਠੀਕ ਕਰਵਾ ਦੇਣਗੇ ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਚਾਈ ਅਤੇ ਬਿਜਲੀ ਮੰਤਰੀ** : ਇਹ ਠੀਕ ਹੈ ਕਿ ਉਥੇ ਝਗੜਾ ਇਕ ਪੁਲੀ ਦਾ ਹੈ । ਇਹ ਪੁਲੀ ਸਰਦਾਰ ਬਲਵੀਰ ਸਿੰਘ ਪੁੱਤਰ ਸ.ਬਾਜ ਸਿੰਘ ਦੇ ਘਰ ਕੋਲ ਬਣਨੀ ਸੀ । ਉਸ ਨੇ ਰੋਕ ਦਿੱਤੀ। ਪਿੰਡ ਵਿਚ ਪਾਰਟੀਬਾਜੀ ਹੋਣ ਕਰਕੇ ਅਜਿਹਾ ਹੋਇਆ ਹੈ । ਮੈਂ ਹਾਊਸ ਵਿਚ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੁਲੀ ਬਣਾਉਣ ਦਾ ਕੰਮ ਅਤੇ ਸਫਾਈ ਕਰਨ ਵਾਲਾ ਕੰਮ 15 ਦਿਨਾਂ ਦੇ ਅੰਦਰ ਅੰਦਰ ਕੰਪਲੀਟ ਕਰ ਦਿੱਤਾ ਜਾਵੇਗਾ ।

---------

## PRESENTATION OF THE THIRD REPORT OF THE BUSINESS ADVISORY COMMITTEE

**MR. SPEAKER :** I have to present to the House the Third Report of the Business Advisory Committee which reads as under :-

After considering the tentative programme, the Committee recommended that the follwing business be transacted during the sittings of the Vidhan Sabha from 12th April,2005 to 18th April, 2005:-

| | |
|---|---|
| Tuesday, the 12th April,2005 (10.00 A.M.) | Resumption of Discussion on Governor's Address |

| | | |
|---|---|---|
| Wednesday, the 13th April, 2005<br>Thursday, the 14th April, 2005, and<br>Friday, the 15th April, 2005 | | Off days |
| Saturday, the 16th April, 2005, and<br>Sunday, the 17th April, 2005 | | Holidays |
| Monday, the 18th April, 2005<br>(10.00 A.M.) | | 1. Resumption of Discussion on Governor's Address (To be concluded)<br>2. Legislative Business. |

If any, rule/rules of the Rules of Procedure and Conduct of Business in the punjab Vidhan Sabha (Punjab Legistative Assembly) is/are inconsistent with the above recommendations,that/those rule/rules shall stand suspended to that extent.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਮੈਂ ਕੱਲ੍ਹ ਵੀ ਬੇਨਤੀ ਕੀਤੀ ਸੀ, ਵੈਸੇ ਤਾਂ ਤੁਹਾਡਾ ਜੋ ਹੁਕਮ ਹੋਵੇਗਾ ਉਸਨੂੰ ਆਨਰੇਬਲੀ ਮੰਨਾਂਗੇ ਪਰ ਇਕ ਤਾਂ 10.00 ਵਜੇ ਦੀ ਥਾਂ ਤੇ ਸੈਸ਼ਨ ਦਾ ਟਾਇਮ 2.00 ਵਜੇ ਬਾਅਦ ਦੁਪਹਿਰ ਕਰ ਦਿਤਾ ਜਾਵੇ ਜੀ ਕਿਉਂਕਿ 10.00 ਵਜੇ ਮੈਂਬਰ ਸਾਹਿਬ ਨਹੀਂ ਪੁੱਜ ਸਕਣਗੇ। ਦੂਜਾ ਤੁਸੀਂ ਨਹਿਰਾ ਕਮਿਸ਼ਨ ਦੀ ਰਿਪੋਰਟ, ਬਿਜਲੀ ਬੋਰਡ ਦੀ ਰਿਪੋਰਟ ਅਤੇ ਕਲਾਜ ਪੰਜ ਦੀ ਅਮੈਂਡਮੈਂਟ ਕਰਨ ਆਦਿ ਲਈ ਤੁਸੀਂ ਟਾਇਮ ਫਿਕਸ ਕਰਨਾ ਹੈ। ਇਹ ਸਾਡੀ ਰਿਕੁਐਸਟ ਹੈ ਜੀ।

(ਇਸ ਸਮੇਂ ਸ਼੍ਰੀ ਰਾਕੇਸ਼ ਪਾਂਡੇ, ਰਾਜ ਮੰਤਰੀ ਸਾਇੰਸ ਤੇ ਤਕਨਾਲੋਜੀ ਅਤੇ ਉਦਯੋਗਿਕ ਸਿਖਲਾਈ ਖੜ੍ਹੇ ਸਨ ਅਤੇ ਸਮੇਂ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ :** ਹਾਂ ਜੀ, ਪਾਂਡੇ ਸਾਹਿਬ, ਬਿਜਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਬਾਰੇ ਕੁਝ ਕਹਿਣਾ ਚਾਹੁੰਦੇ ਹੋ ?

**ਸਾਇੰਸ ਤੇ ਤਕਨਾਲੋਜੀ ਅਤੇ ਉਦਯੋਗਿਕ ਰਾਜ ਮੰਤਰੀ** (ਸ਼੍ਰੀ ਰਾਕੇਸ਼ ਪਾਂਡੇ) : ਹਾਂ ਜੀ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ 18 ਤਰੀਕ ਨੂੰ ਰਾਮਨੌਮੀ ਦਾ ਤਿਉਹਾਰ ਹੈ ਜੋ ਕਿ ਸਾਰੇ ਦੇਸ਼ ਵਿੱਚ ਮਨਾਇਆ ਜਾ ਰਿਹਾ ਹੈ ਅਤੇ ਅਸੀਂ ਵੀ

[ਸਾਇੰਸ ਤੇ ਤਕਨਾਲੋਜੀ ਅਤੇ ਉਦਯੋਗਿਕ ਰਾਜ ਮੰਤਰੀ]

ਮਨਾਉਣਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ 18 ਅਪ੍ਰੈਲ ਦੀ ਥਾਂ 19 ਅਪ੍ਰੈਲ ਨੂੰ ਸੈਸ਼ਨ ਰੱਖ ਲਿਆ ਜਾਵੇ ਜੀ ।

**ਮਾਨਯੋਗ ਸਪੀਕਰ :** ਹਾਂ ਜੀ, ਠੀਕ ਹੈ । Is it pleasure of the House ? ਪਰ ਇਹ 2.00 ਵਜੇ ਤਾਂ ਨਹੀਂ ਹੋ ਸਕਦਾ। ਇਸ ਕਰਕੇ ਨਹੀਂ ਹੋ ਸਕਦਾ ਕਿਉਂਕਿ ਮੁੱਖ ਮੰਤਰੀ ਸਾਹਿਬ ਨੇ ਜਵਾਬ ਦੇਣਾ ਹੈ 10.00 ਵਜੇ ਦਾ ਤੁਸੀਂ ਆਪ ਮੰਨਿਆ ਹੈ । You agreed.

(ਕੁਝ ਆਵਾਜ਼ਾਂ : 18 ਅਪ੍ਰੈਲ ਨੂੰ ਰਾਮਨੌਮੀ ਹੈ ਜੀ ।)

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਇਹ ਨਹੀਂ ਕਹਿੰਦਾ, ਮੈਂ ਰਿਕੁਐਸਟ ਕੀਤੀ ਹੈ । ਮੈਂ ਉਸ ਵੇਲੇ ਵੀ ਬੇਨਤੀ ਕੀਤੀ ਸੀ ਕਿ ਮੈਂਬਰ ਸਹਿਬਾਨ 10.00 ਵਜੇ ਨਹੀਂ ਪੁੱਜ ਸਕਣਗੇ। ਇਸ ਲਈ ਮੇਰੀ ਬੇਨਤੀ ਹੈ ਕਿ 2.00 ਵਜੇ ਸੈਸ਼ਨ ਰੱਖ ਲਿਆ ਜਾਵੇ ਜੀ । ਬਾਅਦ ਵਿੱਚ ਲੇਟ ਭਾਵੇਂ 8-10 ਵਜੇ ਤੱਕ ਬੈਠ ਜਾਣਾ ਜੀ । ਬਾਕੀ 19 ਤਰੀਕ ਠੀਕ ਹੈ ਜੀ ।

**Mr. Speaker :** Motion is before the House. ਹਾਊਸ ਦੀ ਕੰਸੈਂਟ ਜਰੂਰੀ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਉਸ ਦਿਨ ਮੁੱਖ ਮੰਤਰੀ ਸਾਹਿਬ ਨੇ ਵੀ ਬੋਲਣਾ ਹੈ ਅਤੇ ਮੈਂ ਵੀ ਬੋਲਣਾ ਹੈ। ਇਸ ਲਈ ਸੈਸ਼ਨ 10.00 ਵਜੇ ਸਵੇਰੇ ਹੀ ਹੋਵੇ, ਸ਼ਾਮ ਨੂੰ 8.00 ਵਜੇ ਤੱਕ ਨਹੀਂ ਬੈਠਿਆ ਜਾ ਸਕਦਾ। We agree to it .

**ਮਾਨਯੋਗ ਸਪੀਕਰ :** 18 ਅਪ੍ਰੈਲ ਦੀ ਥਾਂ 19 ਅਪ੍ਰੈਲ ਨੂੰ ਸਵੇਰੇ 10.00 ਵਜੇ ਕਰ ਲਿਆ ਹੈ । Minister to kindly move the motion.

**Minister for Local Government, Parliamentary Affairs, Labour & Employment and Elections** (Chaudhary Jagjit Singh) : Sir, I beg to move-

That this House agrees with the recommendations contained in the Third Report of the Business Advisory Committee, as amended.

**Mr. speaker :** Motion moved -

That this House agrees with the recommendations contained in the Third Report of the Business Advisory Committee, as amended.

**Mr. speaker :** Question is : -

That this House agrees with the recommendations contained in the Third Report of the Business Advisory Committee, as amended.

*The motion was carried unanimously.*

---

## RESUMPTION OF GENERAL DISCUSSION ON GOVERNOR'S ADDRESS

**Mr. Speaker :** Now further consideration of the following motion moved by Rana Kanwar Pal Singh, MLA and seconded by Sardar Randeep Singh Nabha, MLA on the 11th April, 2005.

"that an Address be presented to the Governor in the following terms:-

"That the Members of this House assembled in this Session are deeply grateful to the Governor for the Address which he has been pleased to deliver to the House on the 18th March, 2005."

**ਮਾਨਯੋਗ ਸਪੀਕਰ :** ਜਗਦੀਸ਼ ਸਿੰਘ ਗਰਚਾ ਜੀ ਕੱਲ੍ਹ ਬੋਲ ਰਹੇ ਸੀ । ਤੁਸੀਂ ਕੱਲ੍ਹ ਕਾਫੀ ਬੋਲ ਲਿਆ ਸੀ ।

**ਸਰਦਾਰ ਜਗਦੀਸ਼ ਸਿੰਘ ਗਰਚਾ :** ਸਪੀਕਰ ਸਾਹਿਬ, ਅਸਲੀ ਗੱਲ ਤਾਂ ਕਹਿਣੀ ਹੈ ।

**ਮਾਨਯੋਗ ਸਪੀਕਰ :** ਤੁਸੀਂ ਸ਼ਰਾਬ ਤੇ ਹੀ ਬੋਲਦੇ ਰਹੇ ਹੋ। ਹੋਰ ਕੋਈ ਗੱਲ ਤਾਂ ਕਹਿ ਲਓ। ਹਾਂ ਜੀ, ਪੰਜ ਮਿੰਟ ਵਿੱਚ ਕਨਕਲੂਡ ਕਰ ਲੈਣਾ ।

**ਸਰਦਾਰ ਜਗਦੀਸ਼ ਸਿੰਘ ਗਰਚਾ (ਕਿਲ੍ਹਾ ਰਾਏਪੁਰ) :** ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਬੇਨਤੀ ਕੀਤੀ ਸੀ ਕਿ ਦੋ ਸਾਲਾਂ ਵਿੱਚ 47 ਕਰੋੜ ਰੁਪਿਆ ਗੌਰਮਿੰਟ ਦੇ ਖਜ਼ਾਨੇ ਵਿੱਚ ਜਮ੍ਹਾਂ ਹੋਇਆ ਲੇਕਿਨ ਉਸ ਦੇ ਵਿਚੋਂ 18 ਕਰੋੜ ਰੁਪਿਆ ਜਲੰਧਰ

[ਸਰਦਾਰ ਜਗਦੀਸ਼ ਸਿੰਘ ਗਰਚਾ]
ਡਿਵੀਜ਼ਨ ਦੀ ਨਿਲਾਮੀ ਵੇਲੇ ਪੌਂਟੀ ਐਂਡ ਕੰਪਨੀ ਨੂੰ ਘਾਟੇ ਦੇ ਰੂਪ ਵਿੱਚ ਵਾਪਸ ਕਰ ਦਿੱਤਾ ਗਿਆ। ਇਸ ਕਰਕੇ ਇਹ ਜਿਹੜੇ ਪੈਸੇ ਗੌਰਮਿੰਟ ਦੇ ਖਜ਼ਾਨੇ ਵਿੱਚ ਵਧੇ, ਸਿਰਫ 29 ਕਰੋੜ ਰੁਪਿਆ ਦੋ ਸਾਲਾਂ ਦੇ ਵਿੱਚ ਗੌਰਮਿੰਟ ਦੇ ਖਜ਼ਾਨੇ ਆਇਆ ਔਰ ਦੋ ਸਾਲਾਂ ਵਿੱਚ ਜਿਹੜੀ ਸ਼ਰਾਬ ਹੈ, ਜਿਹੜਾ ਵਾਧੂ ਮੁਨਾਫਾ ਹੈ, ਇਸ ਬਾਰੇ ਮੈਂ ਕੱਲ੍ਹ ਡਿਟੇਲ ਵਿੱਚ ਦੱਸਿਆ ਸੀ........

**ਮਾਨਯੋਗ ਸਪੀਕਰ :** ਤੁਸੀਂ ਸ਼ਰਾਬ ਨੂੰ ਹੁਣ ਛੱਡ ਦਿਓ ।

**ਸਰਦਾਰ ਜਗਦੀਸ਼ ਸਿੰਘ ਗਰਚਾ :** ਹਰ ਇੱਕ ਬੋਤਲ ਦਾ ਵਾਧੂ ਮੁਨਾਫਾ ਜਿਹੜਾ ਹੈ, ਉਸ ਮੁਤਾਬਿਕ 1,342 ਕਰੋੜ ਰੁਪਿਆ ਪਬਲਿਕ ਦੀ ਜੇਬ ਵਿਚੋਂ ਪੌਂਟੀ ਡੌਨ ਮਾਫੀਆ ਦੇ ਥਰੂ ਕੱਢਿਆ ਗਿਆ। ਅੱਜ ਕੱਲ੍ਹ ਸ਼ਰਾਬ ਜਿਹੜੀ ਹੈਂ, ਹਰ ਫੈਮਲੀ ਖੁਸ਼ੀ ਦੇ ਸਮੇਂ ਸੁਸਾਇਟੀ ਦੇ ਵਿੱਚ............

**ਮਾਨਯੋਗ ਸਪੀਕਰ :** ਗਰਚਾ ਸਾਹਿਬ, ਗਵਰਨਰ ਐਡਰੈਸ ਵਿੱਚ ਇਕੱਲੀ ਸ਼ਰਾਬ ਦਾ ਹੀ ਮਾਮਲਾ ਨਹੀਂ ਹੈ। ਹੋਰ ਵੀ ਕਈ ਮਾਮਲੇ ਹਨ। ਉਸ ਦਿਨ ਵੀ ਸ਼ਰਾਬ ਤੇ ਬੋਲੇ ਅਤੇ ਅੱਜ ਵੀ ਉਹੀ ਕਹਿ ਰਹੇ ਹੋ । Please be relevant to the Governor's Address.

**ਸਰਦਾਰ ਜਗਦੀਸ਼ ਸਿੰਘ ਗਰਚਾ :** ਮੈਂ ਇੱਕ ਮਿੰਟ ਵਿੱਚ ਕਨਕਲੂਡ ਕਰਾਂਗਾ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਸਪੀਕਰ ਸਾਹਿਬ, ਟਾਈਮ ਦੇਖੋ ਕਿੰਨਾ ਰਹਿੰਦਾ ਹੈ ।

**ਸਰਦਾਰ ਜਗਦੀਸ਼ ਸਿੰਘ ਗਰਚਾ :** ਮੈਂ ਇਹ ਗੱਲ ਨਹੀਂ ਕਰਦਾ। ਮੈਂ.......

**ਮਾਨਯੋਗ ਸਪੀਕਰ :** ਦੋ ਮਿੰਟ ਵਿੱਚ ਬੈਠ ਜਾਓ।

**ਸਰਦਾਰ ਜਗਦੀਸ਼ ਸਿੰਘ ਗਰਚਾ :** ਮੈਂ ਦੋ-ਚਾਰ ਮਿੰਟਾਂ ਵਿੱਚ ਕਨਕਲੂਡ ਕਰਾਂਗਾ ਜੀ।

**ਮਾਨਯੋਗ ਸਪੀਕਰ :** ਦੋ-ਚਾਰ ਮਿੰਟ ਕਿਉਂ ?

**ਸਰਦਾਰ ਜਗਦੀਸ਼ ਸਿੰਘ ਗਰਚਾ :** ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਮਸਲਾ ਹੈ। ਇਹ ਗੌਰਮਿੰਟ ਦੇ ਖਜ਼ਾਨੇ ਦੀ ਲੁੱਟ ਦਾ ਮਸਲਾ ਹੈ। ਜੇ ਇਸ ਨੂੰ ਹੁਣ ਨਹੀਂ ਕਰਾਂਗਾ ਤਾਂ ਫਿਰ ਕੀ ਫਾਇਦਾ। 1,342 ਕਰੋੜ ਰੁਪਿਆ ਲੋਕਾਂ ਦੀਆਂ ਜੇਬਾਂ ਵਿਚੋਂ, ਗਰੀਬਾਂ ਦੀਆਂ ਜੇਬਾਂ ਵਿਚੋਂ, ਪਬਲਿਕ ਦੀਆਂ ਜੇਬਾਂ ਵਿਚੋਂ ਕੱਢਿਆ ਗਿਆ, ਜਿਸ ਵਿਚੋਂ ਸਿਰਫ 29 ਕਰੋੜ ਰੁਪਿਆ ਵਧ ਪ੍ਰਾਫਿਟ ਹੋਇਆ। ਸਿਰਫ 29 ਕਰੋੜ ਰੁਪਿਆ ਗੌਰਮਿੰਟ ਦੇ ਖਜ਼ਾਨੇ ਵਿੱਚ ਵਧਿਆ। ਇੱਕ ਬੋਤਲ ਮਗਰ 37 ਰੁਪਏ 82 ਪੈਸੇ ਲੋਕਾਂ ਤੋਂ ਲਏ ਗਏ ਔਰ ਕੇਵਲ 82 ਪੈਸੇ ਗੌਰਮਿੰਟ ਦੇ ਖਜ਼ਾਨੇ ਵਿੱਚ ਵਧੇ। (ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) 37 ਰੁਪਏ ਸਰਕਾਰ ਦੀਆਂ ਜੇਬਾਂ ਵਿੱਚ, ਵਜ਼ੀਰਾਂ ਦੀਆਂ ਜੇਬਾਂ ਵਿੱਚ, ਅਫਸਰਾਂ ਦੀਆਂ ਜੇਬਾਂ ਵਿੱਚ ਗਏ ਔਰ ਡੌਨ ਮਾਫੀਆ ਪੌਂਟੀ ਚੱਡਾ ਦੀਆਂ ਜੇਬਾਂ ਵਿੱਚ ਗਏ। ਉਸ ਪੌਂਟੀ ਦੇ ਹਿੱਸੇਦਾਰ ਇੱਥੇ ਅਸੈਂਬਲੀ ਵਿੱਚ ਵੀ ਬੈਠੇ ਹਨ, ਜਿਨ੍ਹਾਂ ਨੂੰ ਉਸ ਨੇ ਬੁਰਕੀ ਪਾਈ ਹੈ। ਲੇਕਿਨ ਇਹ ਬੜੇ ਦੁੱਖ ਦੀ ਗੱਲ ਹੈ....

**Mr. Speaker :** Nothing is relevant to the Governor's Address. Please resume your seat.

**ਸਰਦਾਰ ਜਗਦੀਸ਼ ਸਿੰਘ ਗਰਚਾ :****

**ਮਾਨਯੋਗ ਸਪੀਕਰ :** ਇਹ ਲਫਜ਼ ਜੋ ਕੁਝ ਕਹੇ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ। ਗਰਚਾ ਸਾਹਿਬ, resume your seat. ਤੁਹਾਡੇ ਕੋਲ ਗਵਰਨਰ ਐਡਰੈਸ ਤੇ ਬੋਲਣ ਲਈ ਕੁਝ ਵੀ ਨਹੀਂ ਹੈ, ਕੋਈ ਵੀ ਚੀਜ਼ ਨਹੀਂ ਹੈ। ਗਰਚਾ ਜੀ, please resume your seat. I have requested you repeatedly to be relevant.

**ਸਰਦਾਰ ਜਗਦੀਸ਼ ਸਿੰਘ ਗਰਚਾ :** ਸਪੀਕਰ ਸਾਹਿਬ, ਇੱਕ ਮਿੰਟ ਬੋਲ ਲੈਣ ਦਿਓ ।

**Mr. Speaker :** You have nothing to speak.

**ਸਰਦਾਰ ਜਗਦੀਸ਼ ਸਿੰਘ ਗਰਚਾ :** ਸਪੀਕਰ ਸਾਹਿਬ,**

---

**Expunged as Ordered by the Chair.

**ਮਾਨਯੋਗ ਸਪੀਕਰ :** ਜੋ ਤੁਸੀਂ ਬੋਲੋਗੇ, ਉਹ ਰਿਕਾਰਡ ਨਹੀਂ ਹੋਵੇਗਾ। Please resume your seat.You have spoken enough. Please take your seat. ਕੋਈ ਹੋਰ ਮੈਂਬਰ ਬੋਲਣਾ ਚਾਹੇਗਾ ?

**Mr.Speaker :** You have spoken enough. Please take your seat. *(Noises) (Interruption)*

**ਮਾਨਯੋਗ ਸਪੀਕਰ :** ਕੋਈ ਹੋਰ ਮੈਂਬਰ ਸਾਹਿਬ ਨੇ ਡਿਬੇਟ ਦੇ ਵਿੱਚ ਹਿੱਸਾ ਲੈਣਾ ਹੈ ਤਾਂ ਬੋਲੋ... ਹਾਂ ਜੀ, ਸ਼੍ਰੀ ਜੁਗਲ ਕਿਸ਼ੋਰ ਸ਼ਰਮਾ ਜੀ । ਗਰਚਾ ਜੀ, Please take your seat. You have taken enough time. I won't allow. *(Noises, interruption)* (Sardar Jagdish Singh Garcha, MLA Standing on his legs and speaking without permission )

**Sardar Balwinder Singh Bhunder :** Sir, I am on a point of order.

**Mr. Speaker :** I will not allow. I have asked Mr. Jugal Kishore ji.

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** (ਅੰਮ੍ਰਿਤਸਰ ਦੱਖਣੀ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਉਤੇ ਬੋਲਣ ਲਈ ਮੌਕਾ ਦਿੱਤਾ ਹੈ....ਵਿਘਨ....

**Mr. Speaker :** ਜੁਗਲ ਕਿਸ਼ੋਰ ਜੀ, Please take your seat. Yes, Mr. Bhunder Sahib.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ, ਟਾਈਮ ਪਾਰਟੀ ਵਾਈਜ਼ ਅਲਾਟ ਕਰਦੇ ਹੋ ਫਿਰ ਸਾਡੇ ਮੈਂਬਰ ਗਰਚਾ ਸਾਹਿਬ ਨੂੰ ਸਾਡੀ ਪਾਰਟੀ ਦੇ ਟਾਈਮ ਵਿਚੋਂ ਹੀ ਕਨਕਲੂਡ ਕਰਨ ਲਈ ਸਮਾਂ ਦਿੱਤਾ ਜਾ ਰਿਹਾ ਹੈ, ਇਹ ਸਾਡੇ ਟਾਈਮ ਦੀ ਐਨਕਰੋਚਮੈਂਟ ਹੀ ਹੈ ਜੀ ।

**ਮਾਨਯੋਗ ਸਪੀਕਰ :** ਸੌਰੀ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਬਿਲਕੁਲ ਤੁਸੀਂ ਕਹਿ ਦਿੱਤਾ ਹੈ, ਇਹ ਐਨਕੋਰੋਚਮੈਂਟ ਹੀ ਹੈ ।

**Mr. Speaker :** No encroachment. I have to hear the proceedings from all the Members and not one whereas you are encroaching others time.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਠੀਕ ਹੈ, ਬਿਲਕੁਲ ਠੀਕ ਹੈ ।

**Mr. Speaker :** Alright. I have asked Mr. Jugal Kishore ji. according to the Party, I will give time.Kindly ਕੋਈ ਵੀ ਮੈਂਬਰ ਦਸ ਮਿੰਟ ਤੋ ਵੱਧ ਸਮਾਂ ਨਾ ਲਵੇ ਤਾਂ ਕਿ ਸਾਰੇ ਮੈਂਬਰਜ਼ ਬੋਲ ਸਕਣ।

| *11.21 ਵਜੇ ਪੂ: ਦੁ: | (ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** (ਅੰਮ੍ਰਿਤਸਰ ਉੱਤਰੀ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ। ਸਭ ਤੋਂ ਪਹਿਲਾਂ ਮੈਂ ਲੋਕਲ ਬਾਡੀਜ਼ ਦੀ ਡਿਵੈਲਪਮੈਂਟ ਜਿਹੜੀ ਹੋਈ ਹੈ ਉਸ ਦੇ ਬਾਰੇ ਦਸਣਾ ਚਾਹੁੰਦਾ ਹਾਂ ਕਿਉਂਕਿ ਮੈਂ ਅੰਮ੍ਰਿਤਸਰ ਦੀ ਪਵਿੱਤਰ ਨਗਰੀ ਦਾ ਰਹਿਣ ਵਾਲਾ ਹਾਂ । ਮੈਂ ਦੱਸਣਾ ਚਾਹੁੰਦਾ ਹਾਂ । ਸਾਡੇ ਮਾਨਯੋਗ ਲੋਕਲ ਬਾਡੀਜ਼ ਦੇ ਮੰਤਰੀ ਚੌਧਰੀ ਜਗਜੀਤ ਸਿੰਘ ਜੀ ਨੇ ਦੱਸਿਆ ਸੀ ਕੀ ਪਿਛਲੇ ਤਿੰਨ ਸਾਲਾਂ ਦੇ ਵਿੱਚ ਅੰਮ੍ਰਿਤਸਰ ਦੇ ਵਿੱਚ ਜੋ ਡਿਵੈਲਪਮੈਂਟ ਕੀਤੀ ਹੈ, ਉਹ ਬੇ-ਮਿਸਾਲ ਹੈ। ਉਥੇ ਹੋਰ ਸੀਵਰੇਜ ਪਾਇਆ ਗਿਆ ਹੈ। ਪਾਣੀ ਦੇ ਪ੍ਰਬੰਧ ਵਾਸਤੇ ਨਵੇਂ ਟਿਊਬਵੈੱਲ ਲਗਾਏ ਗਏ ਹਨ । ਇਸ ਤੋਂ ਇਲਾਵਾ ਜਦੋਂ ਪਿਛਲੇ ਸਮੇਂ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ ਆਪਣੇ ਸਮੇਂ ਵਿਚ ਉਥੇ ਇੱਕ ਵੀ ਇੱਟ ਨਹੀਂ ਸੀ ਲਗਾਈ ਲੇਕਿਨ ਉਥੇ ਹੁਣ ਸੜਕਾਂ ਬਣਾਈਆਂ ਗਈਆਂ ਹਨ, ਗਲੀਆਂ ਬਣਾਈਆਂ ਗਈਆਂ ਹਨ । ਮੈਂ ਇਕ ਲਾਈਟਨਿੰਗ ਦੇ ਬਾਰੇ ਵੀ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜਿਸ ਨੂੰ ਗੁਰੂ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਹੈ ਉਥੇ ਪਿਛਲੇ ਤਿੰਨ ਸਾਲਾਂ ਦੇ ਵਿੱਚ ਅੰਮ੍ਰਿਤਸਰ ਵਿਚ ਹਿਸਟੋਰੀਕਲ ਬਿਲਡਿੰਗਾਂ ਨੂੰ ਰੰਗ ਬਰੰਗੀਆਂ ਲਾਈਟਾਂ ਲਗਾ ਕੇ ਚਮਕਾਇਆ ਗਿਆ ਹੈ । ਇਸ ਤੋਂ ਇਲਾਵਾ ਚੌਕਾਂ ਦੇ ਵਿੱਚ ਵੀ ਲਾਈਟਾਂ ਲਗਾਈਆ ਗਈਆਂ ਹਨ, ਸ਼ਹੀਦਾਂ ਵਾਲੇ ਚੌਕ ਵਿਖੇ ਇੱਕ ਐਸ.ਵੀ.ਐਲ. ਲਾਈਟ ਵੀ ਲਗਾਈ ਗਈ ਹੈ, ਸ੍ਰੀ ਦਰਬਾਰ ਸਾਹਿਬ ਅਤੇ ਗੁਰਦੁਆਰਾ ਬਾਬਾ ਦੀਪ ਸਿੰਘ ਦੇ ਚੌਕਾਂ ਕੋਲ ਲਾਈਟਾਂ ਲਗਾਈਆਂ ਜਾ ਰਹੀਆਂ ਹਨ । ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੀ ਕਾਰਪੋਰੇਸ਼ਨ ਜਿਹੜੀ ਪਹਿਲਾਂ ਘਾਟੇ ਵਿਚ ਜਾਂਦੀ ਸੀ, ਉਹ ਹੁਣ ਆਪਣਾ ਘਾਟਾ ਪੂਰਾ ਕਰਕੇ, ਡਿਵੈਲਪਮੈਂਟ ਦੇ ਕੰਮਾਂ ਵਿੱਚ ਆਪਣਾ ਹਿੱਸਾ ਪਾ ਰਹੀ ਹੈ । ਇਸ ਦੇ ਨਾਲ ਹੀ

[ਸ੍ਰੀ ਜੁਗਲ ਕਿਸ਼ੋਰ ਸ਼ਰਮਾ]

ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਡਿਪਟੀ ਸਪੀਕਰ ਸਾਹਿਬ, ਜਿਹੜਾ ਅੰਮ੍ਰਿਤਸਰ ਦਾ ਬੱਸ ਸਟੈਂਡ ਹੈ, ਉਹ ਨਵਾਂ ਸ਼ੁਰੂ ਕੀਤਾ ਗਿਆ ਹੈ ਔਰ ਉਹ ਦੋ ਮਹੀਨਿਆਂ ਦੇ ਵਿਚ ਤਿਆਰ ਹੋ ਕੇ ਪਬਲਿਕ ਦੇ ਲਈ ਖੋਲ੍ਹ ਦਿੱਤਾ ਜਾਵੇਗਾ। ਇਸ ਤਰ੍ਹਾਂ ਦੇ ਪ੍ਰੋਗਰਾਮ, ਨਵੇਂ ਮਾਡਰਨ ਬੱਸ ਅੱਡੇ ਜਿਵੇਂ ਲੁਧਿਆਣਾ, ਜਲੰਧਰ, ਫਗਵਾੜਾ, ਅਤੇ ਫਿਲੌਰ ਵਿਚ ਬਣਾਉਣ ਦਾ ਹੈ । ਇਸ ਦੇ ਨਾਲ ਹੀ ਸੀਵਰੇਜ਼ ਟ੍ਰੀਟਮੈਂਟ ਪਲਾਂਟ ਲਗਾਉਣ ਵਾਸਤੇ ਵੀ ਸਰਕਾਰ ਨੇ ਪੈਸਾ ਰੱਖਿਆ ਹੈ। ਇਸ ਦੇ ਨਾਲ ਹੀ ਮੈਂ ਇੰਪਰੂਵਮੈਂਟ ਟਰੱਸਟ ਦੀ ਗੱਲ ਕਰਨੀ ਚਾਹੁੰਦਾ ਹਾਂ। ਅੰਮ੍ਰਿਤਸਰ ਗੁਰੂ ਮਹਾਰਾਜ ਦੀ ਨਗਰੀ ਹੈ। ਇਥੇ ਟ੍ਰੈਫਿਕ ਦੀ ਸਮੱਸਿਆ ਬਹੁਤ ਜ਼ਿਆਦਾ ਹੈ । ਇਸ ਨੂੰ ਹੱਲ ਕਰਨ ਵਾਸਤੇ ਇਕ ਟਰੱਕ ਸਟੈਂਡ ਸਕੀਮ ਬਣਾਈ ਹੈ ਜਿਸ ਨਾਲ ਕਿ ਜਿਹੜੇ ਘੀ ਮੰਡੀ ਵਿੱਚ ਟਰੱਕ ਖੜ੍ਹੇ ਹੁੰਦੇ ਹਨ ਉਨ੍ਹਾਂ ਨੂੰ ਉਥੋਂ ਸ਼ਿਫਟ ਕਰਾਂਗੇ। ਇਹ ਜਿਹੜੀ ਟੱਰਕ ਸਟੈਂਡ ਸਕੀਮ ਹੈ ਇਹ ਪਿਛਲੇ ਦਿਨਾਂ ਵਿਚ ਬਣਾਈ ਗਈ ਸੀ ਪਰ ਇਸ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਉਥੇ ਸੜਕਾਂ ਨਹੀਂ ਬਣੀਆਂ ਸਨ, ਨਾ ਸਟ੍ਰੀਟ ਲਾਈਟਾਂ ਸਨ, ਨਾ ਸੀਵਰੇਜ਼ ਦਾ ਪ੍ਰਬੰਧ ਸੀ ਇਹ ਉਪਰਾਲਾ ਕਰਕੇ ਤਿੰਨ ਮਹੀਨਿਆਂ ਵਿਚ ਇਹ ਸਾਰੇ ਪ੍ਰਬੰਧ ਉਥੇ ਕਰ ਦਿਆਂਗੇ ਤਾਂ ਕਿ ਟਰੱਕ ਓਪਰੇਟਰਾਂ ਨੂੰ ਕੋਈ ਦਿੱਕਤ ਨਾ ਆਵੇ। ਇਸ ਦੇ ਨਾਲ ਹੀ ਘੀ ਮੰਡੀ ਤੋਂ ਸ੍ਰੀ ਦਰਬਾਰ ਸਾਹਿਬ ਜਾਣ ਵਾਸਤੇ ਜੋ ਸੜਕ ਹੈ ਉਸ ਨੂੰ ਫੁੱਟ,ਦੋ ਫੁੱਟ ਚੌੜਾ ਕਰ ਰਹੇ ਹਾਂ। ਡਿਪਟੀ ਸਪੀਕਰ ਸਾਹਿਬ, ਇਸ ਸੜਕ ਨੂੰ 40 ਸਾਲ ਹੋ ਗਏ ਹਨ ਇਹ ਸੜਕ ਚੌੜੀ ਨਹੀਂ ਹੋ ਰਹੀ ਸੀ। ਇਸ ਦਾ ਰੀਜਨ ਇਹ ਸੀ ਕਿ ਅਲੱਗ ਅਲੱਗ ਲੋਕਾਂ ਨਾਲ ਇਸ ਸਬੰਧੀ 5 ਕੇਸ ਚੱਲ ਰਹੇ ਸਨ । ਉਨ੍ਹਾਂ ਨਾਲ ਉਪਰਾਲਾ ਕਰਕੇ ਸਹਿਮਤੀ ਕੀਤੀ ਗਈ ਹੈ ਤੇ ਉਹ ਕੇਸ ਵਾਪਸ ਲੈ ਲੈਣਗੇ। ਇਸ ਦੇ ਨਾਲ ਹੀ ਇਸ ਸੜਕ ਦਾ ਨਾਂ ਸ੍ਰੀ ਗੁਰੂ ਰਾਮਦਾਸ ਮਾਰਗ ਰੱਖਿਆ ਗਿਆ ਹੈ ਕਿਉਂਕਿ ਇਥੋਂ ਜਿਹੜੇ ਸ਼ਰਧਾਲੂ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਲੰਘਣਗੇ ਉਹ ਇਸ ਸੜਕ ਸ੍ਰੀ ਰਾਮਦਾਸ ਮਾਰਗ ਰਾਹੀਂ ਜਾਣਗੇ । ਇਹ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਲਾਰੈਂਸ ਰੋਡ ਪੋਸ਼ ਏਰੀਏ ਵਿਚ ਕਾਰ ਪਾਰਕਿੰਗ ਪ੍ਰੋਪਰ ਕੀਤੀ ਹੈ, ਉਥੇ ਕਾਰ ਲਿਫ਼ਟ ਲਗਾ ਰਹੇ ਹਾਂ ਜਿਹੜੀ ਕਿ ਅੰਮ੍ਰਿਤਸਰ ਵਿਚ ਪਹਿਲਾਂ ਕਦੀ ਵੀ ਨਹੀਂ ਸੀ। ਇਹ ਪਹਿਲੀ ਐਸੀ ਜਗ੍ਹਾ ਹੋਵੇਗੀ ਜਿਥੇ ਕਾਰ ਲਿਫ਼ਟ ਲੱਗੇਗੀ ਤਾਂ ਕਿ ਲੋਕਾਂ ਨੂੰ ਟ੍ਰੈਫਿਕ ਦੀ ਸਮਸਿਆ ਨਾ ਰਹੇ । ਇਸ ਦੇ ਨਾਲ ਨਾਲ ਅਸੀਂ ਤਕਰੀਬਨ 250 ਕਾਰਾਂ ਵਾਸਤੇ ਅੰਡਰ ਗਰਾਉਂਡ ਅਰੇਂਜ਼ਮੈਂਟ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਅੰਮ੍ਰਿਤਸਰ ਵਿਚ ਆਤੰਕਵਾਦ ਨੂੰ ਲੈ ਕੇ ਲੋਕਾਂ ਵਿਚ ਡਰ ਸੀ, ਉਹ ਸ਼ਿਫਟ ਕਰ ਰਹੇ ਸੀ, ਬਾਹਰ ਜਾ ਰਹੇ ਸੀ, ਇੰਡਸਟਰੀ ਖਰਾਬ ਹੋ ਚੁੱਕੀ ਸੀ । ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਉਥੇ ਹੁਣ ਦੁਕਾਨ 66 ਲੱਖ ਰੁਪਏ ਵਿਚ ਵਿਕੀ ਹੈ

(ਥੰਪਿੰਗ) ਅਤੇ 500 ਗਜ਼ ਦਾ ਪਲਾਟ ਅਸੀਂ 70 ਲੱਖ ਵਿਚ ਵੇਚਿਆ ਹੈ । ਇਹ ਸਾਡੀ ਸਰਕਾਰ ਦੀ ਪ੍ਰਾਪਤੀ ਹੈ। ਜਿਥੋਂ ਲੋਕ ਉਜੜ ਰਹੇ ਸਨ ਅੱਜ ਲੋਕ ਸਟੇਬਲ ਹੋ ਗਏ ਹਨ । ਕਾਰੋਬਾਰ, ਇੰਡਸਟਰੀ ਲਗਾਉਣ ਜਾ ਰਹੇ ਹਨ। ਇਸ ਦੇ ਨਾਲ ਹੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਦੁਰਗਿਆਨਾ ਮੰਦਰ ਹੈ, ਉਥੇ ਅਸੀਂ ਸੜਕ ਚੌੜੀ ਕਰਨ ਜਾ ਰਹੇ ਹਾਂ ਉਥੇ ਅੰਡਰ ਗਰਾਊਂਡ ਪਾਰਕਿੰਗ ਦਾ ਸਿਸਟਮ ਸ਼ੁਰੂ ਕਰਨ ਜਾ ਰਹੇ ਹਾਂ ਕਿਉਂਕਿ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਜਦੋਂ ਲੋਕ ਆਉਂਦੇ ਹਨ, ਉਹ ਦੁਰਗਿਆਨਾ ਮੰਦਰ ਵੀ ਜਾਂਦੇ ਹਨ। ਅਸੀਂ ਉਥੇ ਕਾਰ ਪਾਰਕਿੰਗ ਬਣਾ ਰਹੇ ਹਾਂ ਇਸ ਦੇ ਨਾਲ ਹੀ ਸ਼ਾਪਿੰਗ ਕੰਪਲੈਕਸ ਬਣਾ ਰਹੇ ਹਾਂ। ਕਿਸੇ ਵਿਅਕਤੀ ਨੂੰ ਉਥੋਂ ਉਜਾੜਿਆ ਨਹੀਂ ਜਾਵੇਗਾ । ਇਹ ਵਾਇਦਾ ਕਰਦੇ ਹਾਂ । ਉਥੇ ਸਾਰੇ ਦੁਕਾਨਦਾਰਾਂ ਨੂੰ ਪਲਾਟ ਦਿਤੇ ਜਾਣਗੇ, ਦੁਕਾਨਾਂ ਵਾਸਤੇ ਜਗ੍ਹਾ ਦਿਤੀ ਜਾਵੇਗੀ। ਇਸ ਦੇ ਨਾਲ ਹੀ ਪੁਲਿਸ ਸਟੇਸ਼ਨ ਨੂੰ ਉਥੋਂ ਸ਼ਿਫਟ ਕਰਕੇ ਗੋਲ ਬਾਗ ਵਿਚ ਲਿਜਾ ਰਹੇ ਹਾਂ। ਉਥੇ ਦੁਕਾਨਦਾਰਾਂ ਨੂੰ ਜਗਾ ਦਿਆਂਗੇ ਤਾਂ ਕਿ ਅੰਮ੍ਰਿਤਸਰ ਦੀ ਸੁੰਦਰਤਾ ਹੋਰ ਵਧੇ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮਾਲ ਮੰਡੀ ਦੇ ਵਿਚ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਨਗਰ ਵਸਾ ਰਹੇ ਹਾਂ । ਇਸ ਦਾ ਨਾਂ ਕਿਸੇ ਵਿਅਕਤੀਗਤ ਨਾਂ ਤੇ ਪਹਿਲਾਂ ਰੱਖਿਆ ਗਿਆ ਸੀ, ਪਰ ਅਸੀਂ ਇਸ਼ ਦਾ ਨਾਂ ਬਦਲ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਰੱਖਿਆ ਹੈ । ਉਥੇ ਇੱਕ ਹਜ਼ਾਰ ਗਰੀਬਾਂ ਵਾਸਤੇ ਅਸੀਂ ਫਲੈਟ ਬਣਾ ਰਹੇ ਹਾਂ । ਇਨ੍ਹਾਂ ਫਲੈਟਾਂ ਵਾਸਤੇ ਲੋਕਾਂ ਕੋਲੋਂ ਐਪਲੀਕੇਸ਼ਨਜ਼ ਮੰਗੀਆਂ ਗਈਆਂ ਤਾਂ ਡਿਪਟੀ ਸਪੀਕਰ ਸਾਹਿਬ, ਉਥੇ 25 ਕਰੋੜ ਰੁਪਏ ਦੀਆਂ ਐਪਲੀਕੇਸ਼ਨਾਂ ਸਾਨੂੰ ਆਈਆਂ। ਉਸ ਏਰੀਏ ਵਿਚ ਲੋਕਾਂ ਦੀ ਇੰਨੀ ਡਿਮਾਂਡ ਹੈ । ਇਹ ਪਹਿਲਾ ਕੰਪਲੈਕਸ ਹੋਵੇਗਾ ਜਿਥੇ ਕਿ ਸਰਕਾਰੀ ਤੌਰ ਤੇ ਗੈਸ ਪਲਾਂਟ ਦੇਵਾਂਗੇ । ਹਰ ਘਰ ਦੇ ਵਿਚ ਗੈਸ ਪਲਾਂਟ ਦੇ ਥਰੂ ਗੈਸ ਦਿੱਤੀ ਜਾਵੇਗੀ ਤਾਂ ਕਿ ਲੋਕਾਂ ਨੂੰ ਆਧੁਨਿਕ ਸਹੂਲਤਾਂ ਮਿਲ ਸਕਣ । ਆਧੁਨਿਕ ਸਹੂਲਤਾਂ ਦਾ ਇੰਤਜ਼ਾਮ ਕੀਤਾ ਜਾਵੇਗਾ । ਇਸ ਦੇ ਨਾਲ ਨਾਲ ਹੀ ਅਸੀਂ ਅੰਮ੍ਰਿਤਸਰ ਦੇ ਵਿਚ ਜੋ ਮੈਂਟਲ ਕਾਲਜ ਹੈ, ਉਥੇ ਕੁਝ ਜਗ੍ਹਾ ਪਈ ਹੈ, ਸਰਕਾਰ ਅਤੇ ਲੋਕਲ ਬਾਡੀਜ਼ ਮਨਿਸਟਰ ਚੌਧਰੀ ਜਗਜੀਤ ਸਿੰਘ ਜੀ ਬਹੁਤ ਜ਼ਿਆਦਾ ਇੰਟਰੈਸਟ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਲੈ ਰਹੇ ਹਨ। ਇਨ੍ਹਾਂ ਨੂੰ ਬੇਨਤੀ ਕੀਤੀ ਹੈ ਕਿ ਇਹ ਜਗ੍ਹਾ ਸਾਨੂੰ ਦਿੱਤੀ ਜਾਵੇ ਤਾਂ ਕਿ ਅਸੀਂ ਉਥੇ ਅੱਛੇ-ਅੱਛੇ ਪਲਾਟ ਬਣਾ ਕੇ ਲੋਕਾਂ ਨੂੰ ਦੇ ਸਕੀਏ । ਇਸ ਦੇ ਨਾਲ ਨਾਲ ਹੀ ਅਸੀਂ ਹੋਰ ਵੀ ਜਿਹੜੀਆਂ ਅੱਛੀਆਂ ਸਕੀਮਾਂ ਹਨ, ਉਹ ਲਾਗੂ ਕਰ ਰਹੇ ਹਾਂ । ਸਭ ਤੋਂ ਵੱਡਾ ਕੰਮ ਇਹ ਕੀਤਾ ਗਿਆ ਹੈ ਕਿ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦਾ ਸਾਰਾ ਸਿਸਟਮ ਕੰਪਿਊਟਰਾਈਜ਼ਡ

[ਸ਼੍ਰੀ ਜੁਗਲ ਕਿਸ਼ੋਰ ਸ਼ਰਮਾ]

ਕੀਤਾ ਹੈ। ਸਿਸਟਮ ਕੰਪਿਊਟਰ ਨਾਲ ਜੋੜ ਦਿੱਤਾ ਹੈ ਇਸ ਦੇ ਕਾਰਨ ਲੋਕਾਂ ਨੂੰ ਜੋ ਦਿੱਕਤਾਂ ਆਉਂਦੀਆਂ ਸਨ, ਉਹ ਘਟਦੀਆਂ ਜਾ ਰਹੀਆਂ ਹਨ । ਇਸ ਨੂੰ ਕੰਪਿਊਟਰਾਈਜ਼ਡ ਕਰਨ ਵਾਸਤੇ ਛੇ ਮਹੀਨੇ ਦਾ ਸਮਾਂ ਚਾਹੀਦਾ ਸੀ ਪਰ ਦੋ ਮਹੀਨੇ ਦੇ ਵਿਚ ਹੀ ਇਹ ਕੰਮ ਹੋ ਗਿਆ ਹੈ। ਕੰਪਿਊਟਰਾਈਜ਼ਡ ਹੋਣ ਨਾਲ ਸਾਰੀਆਂ ਫਾਈਲਾਂ ਕੰਪਿਊਟਰਾਈਜ਼ਡ ਹੋ ਜਾਣਗੀਆਂ ਅਤੇ ਸਾਰਾ ਸਿਸਟਮ ਕੰਪਿਊਟਰਾਈਜ਼ਡ ਹੋ ਗਿਆ ਹੈ। ਇਸ ਦੇ ਨਾਲ ਲੋਕਾਂ ਨੂੰ ਆਉਣ ਵਾਲੀਆਂ ਦਿੱਕਤਾਂ ਬਹੁਤ ਘੱਟ ਜਾਣਗੀਆਂ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਪਾਕਿਸਤਾਨ ਗਏ । ਉਨ੍ਹਾਂ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ । ਇੱਕ ਇਤਿਹਾਸ ਰਚਿਆ ਹੈ । ਨਵਾਂ ਇਤਿਹਾਸ ਰਚਿਆ ਗਿਆ ਹੈ । ਦੋਵੇਂ ਸਰਕਾਰਾਂ ਮਿਲ ਕੇ ਇੱਕ ਦੂਜੇ ਨਾਲ ਗੱਲਬਾਤ ਕਰਦੀਆਂ ਹਨ । ਇਹ ਕੈਦੀ ਛੁਡਵਾ ਕੇ ਲਿਆਏ ਹਨ । ਪਰ ਹਿੰਦੁਸਤਾਨ ਦੀ ਹਿਸਟਰੀ ਵਿਚ ਇਹ ਪਹਿਲੀ ਵਾਰ ਅਜਿਹਾ ਮੌਕਾ ਹੋਇਆ ਹੈ ਕਿ ਇੱਕ ਚੀਫ ਮਨਿਸਟਰ ਜਾ ਕੇ ਪਾਕਿਸਤਾਨ ਦੀ ਸੈਂਟਰ ਦੀ ਸਰਕਾਰ ਨਾਲ ਗੱਲਬਾਤ ਕਰਕੇ, ਉਥੋਂ ਕੈਦੀ ਛੁਡਵਾ ਕੇ ਲਿਆਏ । ਇਹ ਕਮ-ਜ਼-ਕਮ 21 ਕੈਦੀ ਤਾਂ ਆਪਣੇ ਨਾਲ ਹੀ ਲੈ ਕੇ ਆਏ ਸਨ ਔਰ ਬਾਕੀ ਜੋ ਦੂਸਰੇ ਸਨ, ਉਨ੍ਹਾਂ ਬਾਰੇ ਸਾਨੂੰ ਸਭ ਨੂੰ ਪਤਾ ਹੀ ਹੈ ਕਿ ਕਿੰਨੀ ਗਿਣਤੀ ਵਿਚ ਕੈਦੀ ਛੁਡਵਾਏ ਗਏ । ਇਨ੍ਹਾਂ ਕੈਦੀਆਂ ਨੂੰ ਛੁਡਵਾਉਣ ਦੀ ਮੁਬਾਰਕਬਾਦ ਅੱਜ ਅਸੀਂ ਸਾਡੇ ਚੀਫ ਮਨਿਸਟਰ ਸਾਹਿਬ ਨੂੰ ਵੀ ਦੇਣੀ ਚਾਹੁੰਦੇ ਹਾਂ ਕਿਉਂਕਿ ਉਹ ਇੱਕ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਦੇ ਵਾਸਤੇ ਇਨਸਾਨਾਂ ਨੂੰ ਛੁਡਵਾ ਕੇ ਲਿਆਏ ਹਨ ਨਾ ਕਿ ਇੱਥੇ ਕਿਸੇ ਭੇਡੂ ਜਾਂ ਹੋਰ ਜਾਨਵਰ ਨੂੰ ਲੈ ਕੇ ਆਏ ਹਨ ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅੱਜ ਤੱਕ ਪਾਕਿਸਤਾਨ ਦੇ ਇਤਿਹਾਸ ਵਿਚ ਕਦੇ ਐਸੀ ਰੈਲੀ ਨਹੀਂ ਹੋਈ, ਜਿਹੋ ਜਿਹੀ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੇ ਉਥੇ ਜਾਣ ਤੇ ਹੋਈ ਹੈ । ਉਹ ਇੱਕ ਵਿਸ਼ਾਲ ਰੈਲੀ ਦੇ ਵਿਚ ਬੋਲੇ ਹਨ । ਮੈਂ ਸਮਝਦਾ ਹਾਂ ਕਿ ਕੈਪਟਨ ਸਾਹਿਬ ਦਾ ਇੱਕਲਿਆਂ ਦਾ ਹੀ ਮਾਣ ਨਹੀਂ ਹੈ ਬਲਕਿ ਸਾਰੇ ਪੰਜਾਬ ਦਾ ਇਸ ਵਿਚ ਮਾਣ ਹੈ । ਸਾਰੇ ਪੰਜਾਬੀਆਂ ਦਾ ਮਾਣ ਹੈ। ਇਨ੍ਹਾਂ ਨੇ ਉਥੇ ਰੈਲੀ ਵਿਚ ਬੋਲ ਕੇ ਸਾਰੇ ਪੰਜਾਬੀਆਂ ਦਾ ਸਿਰ ਉਚਾ ਕੀਤਾ ਹੈ । ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਹਿੰਦੁਸਤਾਨ ਤੇ ਪਾਕਿਸਤਾਨ ਦੀਆਂ ਗੇਮਾਂ ਪਟਿਆਲਾ ਦੇ ਵਿਚ ਹੋਈਆਂ ਹਨ । ਪੰਜਾਬ ਦੇ ਜ਼ਿਲ੍ਹਾ ਪਟਿਆਲਾ ਵਿਖੇ ਪਾਕਿਸਤਾਨ ਦੇ ਖਿਡਾਰੀ ਆਏ ਹਨ । ਹੁਣ ਹਿੰਦੁਸਤਾਨ ਤੋਂ ਖਿਡਾਰੀ ਪਾਕਿਸਤਾਨ ਜਾ ਰਹੇ ਹਨ । ਇਸ ਦੇ ਵਿਚ ਇੱਕ ਭਾਈਚਾਰਾ ਜਿੱਥੇ ਵਧਿਆ ਹੈ, ਇਸ ਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਚਾਹੇ

ਹਿੰਦੁਸਤਾਨ ਦੇ ਲੋਕ ਹਨ, ਚਾਹੇ ਪਾਕਿਸਤਾਨ ਦੇ ਲੋਕ ਹਨ, ਉਹ ਇੱਕ ਦੂਜੇ ਨਾਲ ਭਾਈਚਾਰਾ ਚਾਹੁੰਦੇ ਹਨ । ਇੱਕ ਦੂਜੇ ਨਾਲ ਮਿਲਣਾ ਚਾਹੁੰਦੇ ਹਨ । ਜੋ ਸਾਰੀਆਂ ਇਹ ਗੱਲਾਂ ਹੋਈਆਂ ਹਨ, ਇਨ੍ਹਾਂ ਦੇ ਕਾਰਨ ਸਾਡੀ ਇੰਡਸਟਰੀ ਨੂੰ ਵੀ ਫਾਇਦਾ ਮਿਲੇਗਾ । ਅਸੀਂ ਸਮਝਦੇ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਪਾਕਿਸਤਾਨ ਜਾ ਕੇ ਜੋ ਅੱਛਾ ਉਪਰਾਲਾ ਕੀਤਾ ਹੈ ਅਤੇ ਸਾਡੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਜੋ ਉਪਰਾਲੇ ਕਰ ਰਹੇ ਹਨ, ਜੇ ਇਹ ਉਪਰਾਲੇ ਪੂਰੇ ਹੋ ਗਏ ਤਾਂ ਸਾਡੀ ਇੰਡਸਟਰੀ ਹਿੰਦੁਸਤਾਨ ਦੇ ਵਿਚ ਔਰ ਪੰਜਾਬ ਦੇ ਵਿਚ ਖਾਸ ਕਰਕੇ ਅੰਮ੍ਰਿਤਸਰ ਦੇ ਵਿਚ ਬਹੁਤ ਜ਼ਿਆਦਾ ਲੱਗੇਗੀ । ਇਸ ਦੇ ਨਾਲ ਲੋਕਾਂ ਨੂੰ ਬਹੁਤ ਸਹੂਲਤਾਂ ਮਿਲਣਗੀਆਂ । ਸਾਰੇ ਪੰਜਾਬ ਵਿਚ ਇਕ ਟਰੈਂਡ ਹੀ ਚਲ ਪਿਆ ਹੈ ਅਤੇ ਖਾਸ ਕਰਕੇ ਅੰਮ੍ਰਿਤਸਰ ਸ਼ਹਿਰ ਵਿਚ ਵਿਦੇਸ਼ੀ ਲੋਕ ਵੀ ਹੋਟਲ ਬਣਾ ਰਹੇ ਹਨ ਅਤੇ ਨਵੀਂ ਇੰਡਸਟਰੀ ਲਗਾ ਰਹੇ ਹਨ । ਜਦ ਤੋਂ ਅੰਮ੍ਰਿਤਸਰ ਵਿਚ ਡਾਕਟਰ ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਆਏ ਹਨ, ਅੰਮ੍ਰਿਤਸਰ ਸ਼ਹਿਰ ਦੀ ਨੁਹਾਰ ਹੀ ਬਦਲ ਗਈ ਹੈ। ਕਾਂਗਰਸ ਪਾਰਟੀ ਸੋਨੀਆ ਗਾਂਧੀ ਦੀ ਅਭਾਰੀ ਹੈ ਕਿ ਉਨ੍ਹਾਂ ਨੇ ਇਕ ਸਿੱਖ ਪੰਜਾਬੀ ਨੂੰ ਪ੍ਰਧਾਨ ਮੰਤਰੀ ਬਣਾਇਆ ਹੈ । ਇਸ ਤੋਂ ਪਹਿਲਾਂ ਸਿੱਖ ਰਾਸ਼ਟਰਪਤੀ ਕਾਂਗਰਸ ਪਾਰਟੀ ਨੇ ਬਣਾਇਆ ਸੀ ਅਤੇ ਪੰਜਾਬੀਅਤ ਨੂੰ ਮਾਣ ਦਿੱਤਾ ਸੀ ਅਤੇ ਪੰਜਾਬ ਦੀ ਪਗੜੀ ਨੂੰ ਦੁਨੀਆਂ ਦੇ ਵਿਚ ਉੱਚਾ ਕੀਤਾ ਸੀ ਅਤੇ ਹੁਣ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਸਿੱਖ ਨੂੰ ਬਣਾ ਕੇ ਪੰਜਾਬੀਆਂ ਦਾ ਮਾਣ ਕੀਤਾ ਹੈ ਪੰਜਾਬੀਆਂ ਦੀ ਸ਼ਾਨ ਵਿਚ ਵਾਧਾ ਕੀਤਾ ਹੈ । ਜਿਸ ਵਕਤ ਪੰਜਾਬ ਵਿਚ 400 ਸਾਲਾ ਗੁਰੂ ਗਰੰਥ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ ਗਿਆ ਸੀ, ਉਸ ਵਕਤ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਅੰਮ੍ਰਿਤਸਰ ਆਏ ਸਨ ਅਤੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਐਲਾਨ ਕੀਤਾ ਸੀ ਅਤੇ ਸਪੈਸ਼ਲ ਪੈਕਜ਼ ਦਾ ਵੀ ਐਲਾਨ ਕੀਤਾ ਸੀ । ਚਾਹੇ ਇਹ ਕੋਰੀਡੋਰ ਏਰੀਆ ਦੇ ਲਈ ਸੀ, ਵਾਟਰ ਸਬੰਧੀ ਸੀ ਇਸ ਪੈਕਜ਼ ਨੂੰ ਉਹ ਪ੍ਰੈਕਟੀਕਲੀ ਇੰਪਲੀਮੈਂਟ ਕਰ ਰਹੇ ਹਨ । ਸਾਡੇ ਚੀਫ ਮਨਿਸਟਰ ਸਾਹਿਬ ਉਨ੍ਹਾਂ ਨੂੰ ਵਾਰ ਵਾਰ ਪੰਜਾਬ ਵਿਚ ਮੀਟਿੰਗਜ਼ ਕਰਨ ਵਾਸਤੇ ਬੁਲਾ ਰਹੇ ਹਨ। ਚੌਧਰੀ ਜਗਜੀਤ ਸਿੰਘ ਲੋਕਲ ਬਾਡੀਜ਼ ਮਨਿਸਟਰ ਨੇ ਵੀ ਸਾਰੇ ਪ੍ਰਾਜੈਕਟਸ ਬਣਾ ਕੇ ਪ੍ਰਧਾਨ ਮੰਤਰੀ ਜੀ ਨੂੰ ਭੇਜੇ ਤਾਂਕਿ ਅੰਮ੍ਰਿਤਸਰ ਸਾਹਿਬ ਵਿਚ ਕੰਮ ਹੋ ਸਕੇ ਅਤੇ ਇਸ ਸਬੰਧੀ ਸੈਂਟਰਲ ਗੌਰਮਿੰਟ ਤੋਂ ਵੱਧ ਤੋਂ ਵੱਧ ਗ੍ਰਾਂਟਸ ਲਿਆ ਕੇ ਇਹ ਕੰਮ ਕਰਵਾਇਆ ਜਾ ਰਿਹਾ ਹੈ ਕਿਉਂਕਿ ਪੰਜਾਬ ਸਰਕਾਰ ਦੀ ਮਾਲੀ ਹਾਲਤ ਠੀਕ ਨਹੀਂ ਹੈ । ਇਸ ਦੇ ਨਾਲ ਹੀ ਲਹਿਰਾ ਮੁਹਬਤ ਸਕੀਮ ਲਈ ਪਹਿਲੀ ਸਰਕਾਰ ਕੁਝ ਨਹੀਂ ਕਰ ਸਕੀ ਸੀ ਪਰ ਹੁਣ ਕਾਂਗਰਸ ਪਾਰਟੀ ਦੀ ਸਰਕਾਰ ਨੇ ਯਤਨ ਕਰਕੇ ਪੈਸੇ ਇਸ ਮਹੀਨੇ ਹੀ ਰਿਲੀਜ਼ ਕਰਵਾਏ ਹਨ ਅਤੇ ਇਸ ਦਾ ਅਖੀਰਲਾ ਫੇਜ਼ ਹੁਣ ਪੂਰਾ ਹੋ ਜਾਵੇਗਾ। ਇਸ ਸਰਕਾਰ ਨੇ ਜਨਤਾ ਦੇ ਕੰਮ ਕੀਤੇ ਹਨ ਅਤੇ ਆਪਸੀ ਭਾਈਚਾਰੇ ਵਿਚ

[ਸ਼੍ਰੀ ਜੁਗਲ ਕਿਸ਼ੋਰ ਸ਼ਰਮਾ]

ਵਾਧਾ ਕੀਤਾ ਹੈ । ਇਸ ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਵਿਚ ਕਾਫੀ ਉਪਰਾਲੇ ਕੀਤੇ ਹਨ । ਇਸ ਦੇ ਨਾਲ ਹੀ ਧਰਮ ਦੇ ਖੇਤਰ ਵਿਚ ਜਿਹੜੇ ਸਾਡੇ ਨੌਜਵਾਨ ਭਟਕ ਗਏ ਹਨ ਅਤੇ ਨਸ਼ੇ ਦਾ ਸ਼ਿਕਾਰ ਹੋ ਗਏ ਹਨ ਜਿਸ ਤਰ੍ਹਾਂ ਮੈਂ ਮਤਾ ਇਸ ਹਾਊਸ ਵਿਚ ਲਿਆਂਦਾ ਸੀ । ਅੱਜ ਕੱਲ ਸਾਡਾ ਨੌਜਵਾਨ ਅਤੇ ਸਾਡੇ ਪਰਿਵਾਰ ਧਰਮ ਤੋਂ ਭਟਕ ਚੁੱਕੇ ਹਨ ਅਤੇ ਧਰਮ ਤੋਂ ਦੂਰ ਹੁੰਦੇ ਜਾ ਰਹੇ ਹਨ ਉਨ੍ਹਾਂ ਨੂੰ ਧਰਮ ਦੇ ਨਾਲ ਜੋੜਨ ਦੀ ਲੋੜ ਹੈ ਤਾਂਕਿ ਆਪਸੀ ਭਾਈਚਾਰਾ ਬਣਿਆ ਰਹੇ । ਪਿਛੇ ਜਦੋਂ 400 ਸਾਲਾ ਗੁਰੂ ਗਰੰਥ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ ਗਿਆ ਸੀ, ਉਸ ਵਕਤ ਅੰਮ੍ਰਿਤਸਰ ਸ਼ਹਿਰ ਵਿਚ ਬਾਹਰਲੇ ਮੁਲਕਾਂ ਅਤੇ ਸੂਬਿਆਂ ਤੋ ਕਾਫੀ ਲੋਕ ਆਏ ਸਨ । ਉਸ ਵਕਤ ਸਾਡੇ ਨੌਜਵਾਨਾਂ ਨੇ ਸਥਾਪਨਾ ਦਿਵਸ ਦੇ ਮੌਕੇ ਤੇ ਲੋਕਾਂ ਨੇ ਤਨ ਮਨ ਧਨ ਨਾਲ ਸੇਵਾ ਕੀਤੀ ਅਤੇ ਲੋਕਾਂ ਲਈ ਪੀਣ ਦੇ ਪਾਣੀ ਦਾ ਪ੍ਰਬੰਧ ਕੀਤਾ ਅਤੇ ਲੰਗਰ ਦਾ ਪ੍ਰਬੰਧ ਕੀਤਾ । ਉਨ੍ਹਾਂ ਦੇ ਰਹਿਣ ਦਾ ਇੰਤਜ਼ਾਮ ਕੀਤਾ ਅਤੇ ਸੇਵਾਭਾਵ ਨਾਲ ਉਨ੍ਹਾਂ ਦਾ ਸਵਾਗਤ ਕੀਤਾ । ਉਨ੍ਹਾਂ ਦੇ ਖਾਣ ਪੀਣ ਦਾ ਇੰਤਜ਼ਾਮ ਕੀਤਾ ਅਤੇ ਜੂਠੇ ਬਰਤਨਾਂ ਨੂੰ ਉਠਾਉਂਦੇ ਰਹੇ ਅਤੇ ਬਿਮਾਰ ਲੋਕਾਂ ਦੀ ਸੇਵਾ ਅਤੇ ਇਲਾਜ ਕਰਦੇ ਰਹੇ ਅਤੇ ਸ਼ਹਿਰ ਵਿਚ ਸੇਵਾਭਾਵ ਦਾ ਇਕ ਵਾਤਾਵਰਣ ਬਣਿਆ ਹੋਇਆ ਸੀ ਅਤੇ ਆਪਸੀ ਭਾਈਚਾਰਾ ਬਣਿਆ ਹੋਇਆ ਸੀ । ਉਸ ਵਕਤ ਸਾਡੇ ਨੌਜਵਾਨਾਂ ਨੇ ਤਨਦੇਹੀ ਨਾਲ ਸੇਵਾ ਕੀਤੀ । ਮੈਂ ਚਾਹੁੰਦਾ ਹਾਂ ਕਿ ਜਿਹੜੇ ਨੌਜਵਾਨਾਂ ਕੋਲ ਕੰਮ ਕਾਰ ਨਹੀਂ ਹੈ, ਉਨ੍ਹਾਂ ਨੂੰ ਸਮਾਜ ਦੇ ਰਾਹੀਂ ਧਰਮ ਦੇ ਨਾਲ ਜੋੜਿਆ ਜਾਵੇ ਤਾਂਕਿ ਧਰਮ ਵਿਚ ਉਹ ਆਪਣਾ ਯੋਗਦਾਨ ਪਾ ਸਕਣ ਨਾ ਕਿ ਉਹ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਜਾਣ । ਪਿਛੇ ਸਾਡੀ ਸਰਕਾਰ ਨੇ ਖਾਲਸਾ ਹੈਰੀਟੇਜ ਕੰਪਲੈਕਸ ਅਨੰਦਪੁਰ ਸਾਹਿਬ ਵਿਖੇ ਬਣਾਇਆ ਹੈ । 20 ਕਰੋੜ ਰੁਪਿਆ ਸਰਕਾਰ ਨੇ ਦਿੱਤਾ ਹੈ ਅਤੇ ਸੈਂਟਰ ਗੌਰਮਿੰਟ ਤੋਂ 48 ਕਰੋੜ ਰੁਪਿਆ ਲਿਆ ਹੈ ਅਤੇ ਇਸ ਕੰਮ ਨੂੰ ਕਰਵਾਇਆ ਜਾ ਰਿਹਾ ਹੈ । ਇਸ ਦੇ ਨਾਲ ਗੁਰੂ ਅੰਗਦ ਦੇਵ ਜੀ ਦਾ 500 ਸਾਲਾ ਮਨਾਇਆ ਜਾ ਰਿਹਾ ਹੈ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ 4 ਸਾਹਿਬਜ਼ਾਦਿਆਂ ਦਾ 300 ਸਾਲਾ ਮਨਾਇਆ ਗਿਆ । ਇਹ ਉਪਰਾਲਾ ਜਿਹੜਾ ਪੰਜਾਬ ਸਰਕਾਰ ਨੇ ਆਪਣੇ ਤੌਰ ਤੇ ਕੀਤਾ ਹੈ, ਉਸਦੇ ਵਾਸਤੇ ਮੈਂ ਆਪਣੇ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ । ਮੈਂ ਇਹ ਵੀ ਗੱਲ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਨਨਕਾਣਾ ਸਾਹਿਬ ਗਏ, ਚੌਧਰੀ ਜਗਜੀਤ ਸਿੰਘ, ਸਰਦਾਰ ਲਾਲ ਸਿੰਘ ਤੇ ਦੂਸਰੇ ਹੋਰ ਮਨਿਸਟਰ ਵੀ ਉਨ੍ਹਾਂ ਨਾਲ ਗਏ। ਉਥੇ ਵੀ ਉਨ੍ਹਾਂ ਨੇ ਇਕ ਧਾਰਮਿਕ ਵਾਤਾਵਰਣ ਬਣਾਉਣ ਦੀ ਕੋਸ਼ਿਸ਼ ਕੀਤੀ ਹੈ । ਇਕ ਵੱਡੀ ਗੱਲ, ਪਾਕਿਸਤਾਨ ਵਿਚ ਸ਼ਿਵਜੀ ਦਾ ਮੰਦਰ ਕਟਾਸਰਾਜ ਵਿਖੇ ਹੈ, ਉਥੇ ਵੀ ਸੀ.ਐਮ. ਸਾਹਿਬ ਨੇ ਜਾ ਕੇ ਪੈਸੇ ਦਿੱਤੇ ਤੇ ਉਥੋਂ ਦੀ ਰੱਖ-ਰਖਾਵ ਵਾਸਤੇ ਪ੍ਰਬੰਧ

ਕੀਤਾ । ਇਕ ਹੋਰ ਖੁਸ਼ੀ ਦੀ ਗੱਲ ਹੈ ਕਿ ਮਹਾਰਾਣੀ ਪ੍ਰਨੀਤ ਕੌਰ ਨੇ ਕਟਾਸਰਾਜ ਤੋਂ ਪਵਿੱਤਰ ਜਲ ਲਿਆ ਕੇ ਪੰਜਾਬ ਦੇ ਅਲੱਗ ਅਲੱਗ ਜ਼ਿਲ੍ਹਿਆਂ ਵਿਚ,ਅਲੱਗ ਅਲੱਗ ਮੰਦਰਾਂ ਦੇ ਵਿਚ ਭੇਜਿਆ ਹੈ ਤਾਂਕਿ ਲੋਕਾਂ ਦੀ ਧਰਮ ਦੇ ਪ੍ਰਤੀ ਆਸਥਾ ਵਧੇ ਔਰ ਉਹ ਜਲ ਅੱਜ ਅੰਮ੍ਰਿਤਸਰ ਵਿਚ ਹੈ। ਉਹ ਲੋਕੀ ਪ੍ਰਭਾਤ ਫੇਰੀਆਂ ਕੱਢ ਕੇ ਪਵਿੱਤਰ ਜਲ ਨੂੰ ਘਰੋਂ ਘਰੀਂ ਤੇ ਆਪਣੇ ਆਪਣੇ ਮੁਹੱਲਿਆਂ ਵਿਚ ਲੈ ਕੇ ਜਾ ਰਹੇ ਹਨ ।

ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਮੈਂ ਇਕ ਗੱਲ ਹੋਰ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤੱਕ ਹੈਲਥ ਦੀ ਗੱਲ ਹੈ, ਉਸਦੇ ਵਾਸਤੇ ਵੀ ਸਰਕਾਰ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਜਿਨ੍ਹਾਂ ਪਿੰਡਾਂ ਦੇ ਵਿਚ ਹੈਲਥ ਦੀਆਂ ਸਮੱਸਿਆਵਾਂ ਸਨ, ਜਾਂ ਲੋਕਾਂ ਨੂੰ ਹੈਲਥ ਦੀ ਸੁਵਿਧਾ ਲੈਣ ਵਾਸਤੇ ਦੂਰ-ਦੁਰਾਡੇ ਜਗ੍ਹਾ ਤੇ ਜਾਣਾ ਪੈਂਦਾ ਸੀ, ਰਾਜੀਵ ਗਾਂਧੀ ਮੋਬਾਈਲ ਹੈਲਥ ਯੋਜਨਾ ਲਾਗੂ ਕਰਨ ਨਾਲ ਅੱਜ ਜਿਹੜੀਆਂ ਵੈਨਾਂ ਹਨ, ਪਿੰਡਾਂ ਵਿਚ ਪਹੁੰਚ ਰਹੀਆਂ ਹਨ ਔਰ ਉਥੇ ਜਾ ਕੇ ਲੋਕਾਂ ਨੂੰ ਸੇਵਾ ਦੇ ਰਹੀਆਂ ਹਨ ।

ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਸਰਕਾਰ ਨੇ ਗ੍ਰਾਮੀਣ ਸੜਕਾਂ ਦਾ ਵੀ ਪ੍ਰਬੰਧ ਕੀਤਾ । ਸਾਡੀ ਸਰਕਾਰ ਉਨ੍ਹਾਂ ਸੜਕਾਂ ਨੂੰ ਵੀ ਬਣਾਉਣ ਜਾ ਰਹੀ ਹੈ । ਹੁਣ ਮੈਂ ਜੰਗਲਾਤ ਦੀ ਗੱਲ ਕਰਦਾ ਹਾਂ, ਜੰਗਲਾਤ ਦੇ ਵਾਸਤੇ ਵੀ ਪਿਛਲੇ ਸਾਲ ਸਾਡੀ ਸਰਕਾਰ ਨੇ ਕਾਫੀ ਪ੍ਰਬੰਧ ਕੀਤਾ । ਕੰਡੀ ਏਰੀਆ ਦੇ ਵਿਚ ਜੰਗਲੀ ਜੀਵਾਂ ਦੀ ਰੱਖਿਆ ਵਾਸਤੇ 100 ਚੈਕ ਪੋਸਟਾਂ ਸਥਾਪਤ ਕੀਤੀਆਂ ਹਨ ਤਾਂਕਿ ਜਿਥੇ ਜੰਗਲਾਤ ਦੀ ਦੇਖਭਾਲ ਕੀਤੀ ਜਾਵੇ, ਉਥੇ ਜੰਗਲੀ ਜੀਵਾਂ ਦੀ ਰੱਖਿਆ ਵੀ ਕੀਤੀ ਜਾ ਸਕੇ। ਡਿਪਟੀ ਸਪੀਕਰ ਸਾਹਿਬ, ਜੇ ਮੈਂ ਜੁਰਮ ਦੀ ਗੱਲ ਕਰਾਂ, ਗ੍ਰਹਿ ਵਿਭਾਗ ਦੀ ਗੱਲ ਕਰਾਂ, ਤਾਂ 46,177 ਮੁੱਕਦਮੇ ਦਰਜ ਕੀਤੇ ਗਏ ਤੇ ਭਾਰੀ ਮਾਤਰਾ ਵਿਚ ਹਥਿਆਰ ਬਰਾਮਦ ਕੀਤੇ ਗਏ ਔਰ ਜ਼ਿਲ੍ਹਾ ਮੁੱਖ ਅਧਿਕਾਰੀਆਂ ਨੂੰ ਵੀ ਨਿਯੁਕਤ ਕੀਤਾ ਗਿਆ। ਗਰੀਬਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਗਈ । ਜਿਹੜੇ ਲੋਕ ਅਦਾਲਤਾਂ ਦੇ ਵਿਚ ਆਪਣਾ ਵਕੀਲ ਖੜ੍ਹਾ ਨਹੀਂ ਕਰ ਸਕਦੇ, ਸਰਕਾਰ ਨੇ ਪ੍ਰਬੰਧ ਕੀਤਾ ਕਿ ਉਨ੍ਹਾਂ ਗਰੀਬਾਂ ਵਾਸਤੇ ਵੀ ਕਾਨੂੰਨੀ ਸਹਾਇਤਾ ਦਾ ਪ੍ਰਬੰਧ ਕੀਤਾ ਜਾਵੇ। ਲੋਕ ਅਦਾਲਤਾਂ ਦੇ ਰਾਹੀਂ ਵੀ 10,468 ਕੇਸਾਂ ਦਾ ਨਿਪਟਾਰਾ ਕੀਤਾ ਗਿਆ । ਇਸ ਦੇ ਨਾਲ ਨਾਲ ਜੇਲ੍ਹਾਂ ਦੀ ਜੇ ਮੈਂ ਗੱਲ ਕਰਾਂ, ਜੇਲ੍ਹਾਂ ਵਿਚ ਵੀ ਆਧੁਨਿਕ ਸੁਵਿਧਾਵਾਂ ਦੇਣ ਦੇ ਪ੍ਰਬੰਧ ਕੀਤੇ ਗਏ ਹਨ । ਇਸ ਦੇ ਨਾਲ ਹੀ ਇਕ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ..........

**Mr. Deputy Speaker :** You have taken enough time. Please conclude.

**ਸ੍ਰੀ ਜੁਗਲ ਕਿਸ਼ੋਰ ਸ਼ਰਮਾ :** ਮੈਂ ਇਕ ਮਿੰਟ ਹੀ ਗੱਲ ਕਰਾਂਗਾ ਜੀ। ਜਿਹੜੀ ਮੈਂ ਇਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਥੇ ਪੰਜਾਬ ਦੀ ਇੰਡਸਟਰੀ ਤਬਾਹ ਹੋ ਗਈ ਸੀ, ਪੰਜਾਬ ਦੀ ਇੰਡਸਟਰੀ ਰਹੀ ਨਹੀਂ ਸੀ, ਸਾਡੀ ਸਰਕਾਰ ਨੇ ਨਵੀਂ ਇੰਡਸਟਰੀ ਲਗਾਉਣ ਵਾਸਤੇ ਐਨ.ਆਰ.ਆਈਜ਼ ਨਾਲ ਗੱਲ ਕੀਤੀ । ਨਵੀਂ ਇੰਡਸਟਰੀ ਲਗਾਉਣ ਵਾਸਤੇ ਸਪੈਸ਼ਲ ਇਕਨਾਮਿਕ ਜ਼ੋਨ ਅੰਮ੍ਰਿਤਸਰ ਅਤੇ ਮੋਹਾਲੀ ਵਿਖੇ ਬਣਾਇਆ ਜਾ ਰਿਹਾ ਹੈ । ਸਾਡੀ ਸਰਕਾਰ ਨੇ ਇਸ ਦੇ ਵਾਸਤੇ ਵੀ ਪ੍ਰਬੰਧ ਕੀਤੇ ਹਨ । ਮੈਂ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਇੰਨਾ ਕਹਿ ਕੇ ਸਮਾਪਤ ਕਰਾਂਗਾ ਕਿ ਜੋ ਵੀ ਕਾਂਗਰਸ ਪਾਰਟੀ ਨੇ ਆਪਣੇ ਮੈਨੀਫੈਸਟੋ ਵਿਚ ਲਿਖਿਆ ਸੀ, ਕਾਂਗਰਸ ਸਰਕਾਰ ਨੇ ਕੋਸ਼ਿਸ਼ ਕੀਤੀ ਹੈ ਕਿ ਉਸ ਦੇ ਉਪਰ ਚੱਲ ਕੇ ਅਸੀਂ ਲੋਕਾਂ ਦੀ ਸੇਵਾ ਕਰ ਸਕੀਏ ਤਾਂ ਕਿ ਪੰਜਾਬ ਚੜ੍ਹਦੀ ਕਲਾ ਵਿਚ ਰਹੇ । ਅਖੀਰ ਵਿਚ ਆਪ ਜੀ ਦਾ ਬਹੁਤ ਬਹੁਤ ਧੰਨਵਾਦ ।

**ਡਾਕਟਰ ਰਾਜ ਕੁਮਾਰ ਵੇਰਕਾ** (ਵੇਰਕਾ) : ਸਤਿਕਾਰਯੋਗ ਡਿਪਟੀ ਸਪੀਕਰ ਸਹਿਬ, ਮੈਂ ਆਪ ਜੀ ਦਾ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੰਜਾਬ ਦੇ ਹਿੱਤਾਂ ਦੀ ਤਰਜਮਾਨੀ ਕਰਨ ਦਾ ਮੌਕਾ ਦਿੱਤਾ ਹੈ । ਇਸ ਦੇ ਨਾਲ ਹੀ ਮੈਂ ਦਿਲੋਂ ਧੰਨਵਾਦੀ ਹਾਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਜਿਨ੍ਹਾਂ ਨੇ ਪੂਰੀ ਤਨਦੇਹੀ ਅਤੇ ਪੂਰੀ ਦਲੇਰੀ ਦੇ ਨਾਲ ਪੰਜਾਬ ਦੇ ਹਿੱਤਾਂ ਦੀ ਰੱਖਿਆ ਕੀਤੀ ਹੈ ਅਤੇ ਪੰਜਾਬ ਦੇ ਹਿੱਤਾਂ ਤੇ ਪਹਿਰਾ ਦਿੱਤਾ ਹੈ । ਕੈਪਟਨ ਅਮਰਿੰਦਰ ਸਿੰਘ ਜੀ ਨੇ ਉਨ੍ਹਾਂ ਮੁੱਦਿਆਂ ਨੂੰ ਨੇਪਰੇ ਚਾੜ੍ਹਿਆ ਹੈ ਜਿਨ੍ਹਾਂ ਨੂੰ ਲੈ ਕੇ ਵੱਖ ਵੱਖ ਸਿਆਸੀ ਪਾਰਟੀਆਂ ਨੇ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ। ਉਨ੍ਹਾਂ ਨੇ ਲੋਕਾਂ ਨੂੰ ਗੁੰਮਰਾਹ ਵੀ ਕੀਤਾ ਅਤੇ ਧਰਮ-ਯੁੱਧ ਮੋਰਚੇ ਵੀ ਲਾਏ। ਉਨ੍ਹਾਂ ਵੱਲੋਂ ਕਈ ਵਾਰ ਇਹ ਗੱਲ ਕਹੀ ਗਈ ਕਿ ਕਾਂਗਰਸ ਪਾਰਟੀ ਇਕ ਖਾਸ ਫਿਰਕੇ ਦੀ ਦੁਸ਼ਮਣ ਹੈ ਅਤੇ ਇਹ ਪਾਰਟੀ ਉਸ ਫਿਰਕੇ ਨੂੰ ਇਨਸਾਫ ਨਹੀਂ ਦਿੰਦੀ। ਇਸ ਗੱਲ ਨੂੰ ਲੈ ਕੇ ਉਨ੍ਹਾਂ ਨੇ ਲੋਕਾਂ ਨੂੰ ਬਹੁਤ ਭੜਕਾਇਆ। ਉਨ੍ਹਾਂ ਨੇ ਲੋਕਾਂ ਨੂੰ ਇਹ ਗੱਲ ਕਹੀ ਕਿ ਪੰਜਾਬ ਵਿਚ ਅਕਾਲੀ ਦਲ ਅਤੇ ਸੈਂਟਰ ਵਿਚ ਬੀ.ਜੇ.ਪੀ. ਦੀ ਸਰਕਾਰ ਆਉਣ ਤੇ ਅਸੀਂ ਪੰਜਾਬ ਦੇ ਸਾਰੇ ਮਸਲੇ ਹਲ ਕਰਾਂਗੇ। ਉਨ੍ਹਾਂ ਕਿਹਾ ਕਿ ਜੇ ਪੰਜਾਬ ਵਿਚ ਅਕਾਲੀ ਦਲ ਅਤੇ ਸੈਂਟਰ ਵਿਚ ਬੀ.ਜੇ.ਪੀ.ਦੀ ਸਰਕਾਰ ਨਹੀਂ ਹੋਵੇਗੀ ਤਾਂ ਇਹ ਮਸਲੇ ਹਲ ਨਹੀਂ ਹੋਣੇ। ਜਦੋਂ ਪੰਜਾਬ ਵਿਚ ਵੀ ਅਤੇ ਸੈਂਟਰ ਵਿਚ ਵੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਹੋਵੇਗੀ ਤਾਂ ਅਸੀਂ ਪੰਜਾਬ ਦੇ ਸਾਰੇ ਮਸਲੇ ਹਲ ਕਰ

ਦਿਆਂਗੇ । ਚੰਡੀਗੜ੍ਹ ਪੰਜਾਬ ਨੂੰ ਦਿਵਾਵਾਂਗੇ, ਪਾਣੀਆਂ ਦਾ ਮਸਲਾ ਹੱਲ ਕਰਾਂਗੇ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਵਾਵਾਂਗੇ। ਇਹ ਗੱਲਾਂ ਇਨ੍ਹਾਂ ਲੋਕਾਂ ਨਾਲ ਕੀਤੀਆਂ। ਪੰਜਾਬ ਦੇ ਗੁੰਮਰਾਹ ਹੋਏ ਲੋਕਾਂ ਨੇ ਇਨ੍ਹਾਂ ਤੇ ਵਿਸ਼ਵਾਸ ਕੀਤਾ ਅਤੇ ਕਿਹਾ ਕਿ ਠੀਕ ਹੈ, ਅਸੀਂ ਤੁਹਾਨੂੰ ਮੌਕਾ ਦਿੰਦੇ ਹਾਂ। ਤੁਸੀਂ ਪੰਜਾਬ ਵਿਚ ਵੀ ਅਤੇ ਸੈਂਟਰ ਵਿਚ ਵੀ ਆਪਣੀ ਸਰਕਾਰ ਬਣਾਓ। ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਪੰਜਾਬ ਵਿਚ ਵੀ ਅਤੇ ਦਿੱਲੀ ਵਿਚ ਵੀ ਸਰਕਾਰ ਬਣੀ ਅਤੇ ਪੂਰੇ 5 ਸਾਲ ਇਨ੍ਹਾਂ ਨੇ ਬੁੱਲੇ ਲੁੱਟੇ। ਇਨ੍ਹਾਂ 5 ਸਾਲਾਂ ਵਿਚ ਇਹ ਇਨ੍ਹਾਂ ਸਾਰੇ ਮਸਲਿਆਂ ਨੂੰ ਭੁੱਲੇ ਰਹੇ। ਇਨ੍ਹਾਂ ਨੂੰ ਪਾਣੀਆਂ ਦਾ ਮਸਲਾ ਯਾਦ ਨਹੀਂ ਰਿਹਾ ਅਤੇ ਕਪੂਰੀ ਦਾ ਮੋਰਚਾ ਵੀ ਯਾਦ ਨਹੀਂ ਰਿਹਾ। ਸ਼ਹਿਰੀ ਲੋਕਾਂ ਅਤੇ ਵਪਾਰੀ ਲੋਕਾਂ ਦੀਆਂ ਇਹ ਗੱਲਾਂ ਕਰਦੇ ਸਨ। ਇਹ ਕਹਿੰਦੇ ਸਨ ਕਿ ਅਸੀਂ ਇਸ ਗੱਲ ਦੇ ਹਮਾਇਤੀ ਹਾਂ ਅਤੇ ਹੁਣ ਹਿੰਦੂ-ਸਿੱਖਾਂ ਦੀ ਦੋਸਤੀ ਹੋ ਗਈ ਹੈ। ਅਸੀਂ ਪੰਜਾਬ ਨੂੰ ਹਰਾ ਭਰਾ ਬਣਾ ਦਿਆਂਗੇ ਅਤੇ ਸਾਰੇ ਮਸਲੇ ਹਲ ਕਰ ਦਿਆਂਗੇ। ਲੇਕਿਨ ਪੂਰੇ 5 ਸਾਲ ਇਨ੍ਹਾਂ ਨੇ ਲੋਕਾਂ ਦੀ ਖਬਰ ਨਹੀਂ ਲਈ, ਉਨ੍ਹਾਂ ਦੇ ਹਿੱਤਾਂ ਦੀ ਤਰਜਮਾਨੀ ਨਹੀਂ ਕੀਤੀ। ਪਾਣੀਆਂ ਦਾ ਮਸਲਾ ਹਲ ਕਰਨ ਵਾਸਤੇ ਇਨ੍ਹਾਂ ਨੂੰ ਕਿਸ ਨੇ ਰੋਕਿਆ ਸੀ ? ਇਨ੍ਹਾਂ ਨੂੰ ਕਿਸ ਨੇ ਰੋਕਿਆ ਸੀ ਕਿ ਕਿਸਾਨਾਂ, ਵਪਾਰੀਆਂ ਅਤੇ ਇੰਡਸਟਰੀ ਵਾਲਿਆਂ ਨੂੰ ਫੈਸਿਲੀਟੀਜ਼ ਨਾ ਦਿਓ। ਹੁਣ ਇਹ ਕਿਸ ਗੱਲ ਦਾ ਰੋਸ ਪ੍ਰਗਟ ਕਰ ਰਹੇ ਹਨ। ਪਾਣੀਆਂ ਦਾ ਮਸਲਾ ਇਕ ਐਸਾ ਮੁੱਦਾ ਸੀ ਜਿਸ ਤੇ ਕਤਲੋ-ਗਾਰਤ ਹੁੰਦੀ ਰਹੀ ਅਤੇ ਲੋਕ ਲੜਦੇ ਮਰਦੇ ਰਹੇ। ਸ਼ੇਰ ਦਿਲ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਕੁਰਸੀ ਦੀ ਪ੍ਰਵਾਹ ਨਾ ਕਰਦਿਆਂ ਇਸ ਮੁੱਦੇ ਨੂੰ ਇਸ ਹਾਊਸ ਵਿਚ ਲਿਆਂਦਾ ਅਤੇ ਬਹੁਤ ਸਾਰੇ ਲੋਕਾਂ ਦੀਆਂ ਨਰਾਜਗੀਆਂ ਵੀ ਲਈਆਂ। ਉਨ੍ਹਾਂ ਨੇ ਇਹ ਸਾਬਤ ਕਰ ਵਿਖਾਇਆ ਕਿ ਕਾਂਗਰਸ ਪਾਰਟੀ ਹੀ ਪੰਜਾਬੀਆਂ ਦੇ ਹਿੱਤਾਂ ਦੀ ਰਖਵਾਲੀ ਹੈ। ਇਥੇ ਹੀ ਬੱਸ ਨਹੀਂ, ਸਾਡੀਆਂ ਸਰਹੱਦਾਂ ਤੇ ਜਿਥੇ ਪਹਿਲਾਂ ਨਫਰਤ ਦੀਆਂ ਗੱਲਾਂ ਹੁੰਦੀਆਂ ਸਨ, ਸਾਡੇ ਮੁੱਖ ਮੰਤਰੀ ਦੀ ਬਦੌਲਤ ਹੁਣ ਉਥੇ ਪਿਆਰ ਅਤੇ ਮੁਹੱਬਤ ਦੀਆਂ ਗੱਲਾਂ ਹੁੰਦੀਆਂ ਹਨ । ਉਨ੍ਹਾਂ ਨੇ ਇਹ ਗੱਲਾਂ ਕਰਕੇ ਇਕ ਪੂਰਨ ਮੁੱਖ ਮੰਤਰੀ ਹੋਣ ਦੇ ਦਾਅਵੇ ਨੂੰ ਠੀਕ ਸਿੱਧ ਕਰ ਦਿੱਤਾ ਹੈ। ਮੈਂ ਇਕ ਹੋਰ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕੈਪਟਨ ਅਮਰਿੰਦਰ ਸਿੰਘ ਜੀ ਨੇ ਉਪਰਾਲਾ ਕੀਤਾ ਹੈ ਕਿ ਕਿਸਾਨਾਂ ਨੂੰ ਬਿਜਲੀ ਦੇ ਕੇ ਜਿਹੜੀ ਫਸਲ ਮੰਡੀਆਂ ਦੇ ਵਿੱਚ ਰੁਲਦੀ ਸੀ, ਉਹ ਰੁਲਣ ਤੋਂ ਬਚਾਈ ਹੈ ਔਰ 24 ਘੰਟੇ ਬਿਜਲੀ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਹ ਵੀ ਇਕ ਬਹੁਤ ਵੱਡਾ ਸ਼ਲਾਘਾਯੋਗ ਕਦਮ ਹੈ। ਡਿਪਟੀ ਸਪੀਕਰ ਸਾਹਿਬ, ਕੈਪਟਨ ਸਾਹਿਬ ਦੀ ਮਿਹਨਤ ਸਦਕਾ ਅਤੇ ਡਾਕਟਰ ਮਨਮੋਹਨ ਸਿੰਘ ਜੀ, ਦੇਸ਼ ਦੇ ਪ੍ਰਧਾਨ ਮੰਤਰੀ ਜੀ ਦੀ ਬਦੌਲਤ, ਜਿਹੜਾ ਸਾਡਾ ਅੰਮ੍ਰਿਤਸਰ ਪਵਿੱਤਰ ਸ਼ਹਿਰ ਹੈ, ਗੁਰੂਆਂ ਦੀ ਨਗਰੀ ਹੈ, ਜਿਸ ਦੇ ਵਾਸਤੇ ਇਹ ਹਮੇਸ਼ਾ ਸਿਆਸਤ

[ਡਾਕਟਰ ਰਾਜ ਕੁਮਾਰ ਵੇਰਕਾ]

ਕਰਦੇ ਰਹੇ ਹਨ, ਇਹ ਮੇਰੇ ਸਾਹਮਣੇ ਬੈਠੇ ਵੀਰ, ਇਹ ਸਿਆਸਤ ਕਰਨ ਲਈ ਲੋਕਾਂ ਨੂੰ ਕਹਿੰਦੇ ਰਹੇ ਪਰ ਡਾਕਟਰ ਮਨਮੋਹਨ ਸਿੰਘ ਅਤੇ ਕੈਪਟਨ ਸਾਹਿਬ ਨੇ ਲੋਕਾਂ ਨੂੰ ਕਿਹਾ ਕਿ ਅਸੀਂ ਤਾਂ ਮੁਹੱਬਤ ਕਰਦੇ ਹਾਂ, ਤੁਸੀਂ ਤਾਂ ਵਿਖਾਵਾ ਕਰਨ ਵਾਲੇ ਹੋ। ਡਾਕਟਰ ਮਨਮੋਹਨ ਸਿੰਘ ਨੇ ਅਤੇ ਕੈਪਟਨ ਸਾਹਿਬ ਨੇ ਅੰਮ੍ਰਿਤਸਰ ਸ਼ਹਿਰ ਨੂੰ ਇਕਨੋਮਿਕ ਫਰੀ ਜ਼ੋਨ ਦਾ ਐਲਾਨ ਕੀਤਾ। ਮੈਂ ਸਮਝਦਾ ਹਾਂ ਕਿ ਇਥੇ 1100 ਕਰੋੜ ਰੁਪਏ ਦੀ ਲਾਗਤ ਆਏਗੀ। ਅੱਜ ਇਨ੍ਹਾਂ ਦੀ ਬਦੌਲਤ ਹੀ ਤੁਸੀਂ ਸਾਰੇ ਜਾਣਦੇ ਹੋ ਕੇ ਜਦੋਂ ਪਹਿਲਾਂ ਇਥੇ ਕੋਈ ਇਨਸਾਨ ਆਉਂਦਾ ਸੀ, ਉਹ ਕਿੰਨਾ ਡਰਦਾ ਸੀ, ਵਪਾਰੀ ਡਰਦਾ ਸੀ, ਬਾਹਰ ਨਹੀਂ ਸੀ ਨਿਕਲਦਾ, ਇਥੇ ਕੋਈ ਵੀ ਰਿਸ਼ਤੇਦਾਰ ਆਉਣ ਤੋਂ ਪਹਿਲਾਂ ਘਬਰਾਉਂਦਾ ਸੀ। ਕੈਪਟਨ ਸਾਹਿਬ ਦੀ ਮਿਹਨਤ ਸਦਕਾ ਪੂਰੇ ਪੰਜਾਬ ਵਿੱਚ ਅੱਜ ਐਨ.ਆਰ.ਆਈਜ਼ ਦੀ ਹੋੜ ਲੱਗੀ ਹੋਈ ਹੈ ਔਰ ਉਹ ਲੋਕ ਇੰਡਸਟਰੀਜ਼ ਲਗਾਉਣ ਵਾਸਤੇ ਇਥੇ ਆ ਰਹੇ ਹਨ, ਔਰ ਇਨਵੈਸਟ ਕਰ ਰਹੇ ਹਨ। ਇਨ੍ਹਾਂ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਮੈਂ ਬੜਾ ਧੰਨਵਾਦੀ ਹਾਂ, ਸਾਰੇ ਹਾਊਸ ਦਾ ਜਿਨ੍ਹਾਂ ਨੇ ਇਸ ਹਾਊਸ ਵਿਚ ਪੂਰੇ ਮਸਲਿਆਂ ਨੂੰ ਉਠਾਇਆ। ਇਸ ਹਾਊਸ ਵਿੱਚ ਵਪਾਰੀਆਂ ਦੇ ਮਸਲੇ ਉਠਾਏ ਗਏ, ਕਿਸਾਨਾਂ ਦੇ ਮਸਲੇ ਉਠਾਏ ਗਏ, ਕਈ ਲੋਕਾਂ ਦੀਆਂ ਚਿੰਤਾਵਾਂ ਵੀ ਪ੍ਰਗਟ ਕੀਤੀਆਂ ਗਈਆਂ ਲੇਕਿਨ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਅਜਿਹੇ ਮਸਲੇ ਤੇ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਸ ਮਸਲੇ ਤੇ ਹਾਊਸ ਵਿਚ ਡਿਸਕਸ਼ਨ ਨਹੀਂ ਕੀਤੀ ਗਈ । ਕਿਉਂਕਿ ਉਹ ਅਜਿਹਾ ਮਸਲਾ ਹੈ, ਉਹ ਅਜਿਹੀ ਮੁਸ਼ਕਲ ਹੈ ਜਿਸ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ। ਮੈਂ ਇਕ ਚਿੱਠੀ ਇਸ ਹਾਊਸ ਵਿਚ 117 ਐਮ.ਐਲ.ਏਜ਼ ਵਾਸਤੇ ਲੈ ਕੇ ਆਇਆ ਹਾਂ। ਉਸ ਗਰੀਬ ਦੀ ਚਿੱਠੀ ਲੈ ਕੇ ਆਇਆ ਹਾਂ, ਉਸ ਮਜ਼ਦੂਰ ਦੀ ਚਿੱਠੀ ਲੈ ਕੇ ਆਇਆ ਹਾਂ, ਮੈਂ ਉਸ ਬਜ਼ੁਰਗ ਦੀ ਚਿੱਠੀ ਲੈ ਕੇ ਆਇਆ ਹਾਂ, ਉਸ ਬਿਮਾਰ ਵਿਅਕਤੀ ਦੀ ਚਿੱਠੀ ਲੈ ਕੇ ਆਇਆ ਹਾਂ ਜਿਹੜਾ ਬਿਨਾਂ ਦਵਾਈ ਤੋਂ ਹਸਪਤਾਲ ਦੇ ਵਿੱਚ ਦਮ ਤੋੜ ਰਿਹਾ ਹੈ। ਉਸ ਦੀ ਇਸ ਹਾਊਸ ਵਿੱਚ ਚਰਚਾ ਨਹੀਂ ਕੀਤੀ ਗਈ। ਉਸ ਗਰੀਬ ਮਾਂ ਦੀ ਚਰਚਾ ਨਹੀਂ ਕੀਤੀ ਗਈ, ਉਨ੍ਹਾਂ ਦੇ ਬੱਚਿਆਂ ਦੀ ਚਰਚਾ ਨਹੀਂ ਕੀਤੀ ਗਈ । ਅੱਜ ਜ਼ਰੂਰਤ ਇਸ ਗੱਲ ਦੀ ਸੀ ਕਿ ਇਸ ਵਿਸ਼ੇ ਤੇ ਇਸ ਹਾਊਸ ਵਿੱਚ ਚਰਚਾ ਕੀਤੀ ਜਾਂਦੀ ਜਿਹੜੇ ਮਜ਼ਦੂਰ ਹਨ, ਜਿਹੜੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਹਨ, ਜਿਹੜੇ ਲੋਕ ਸੜਕਾਂ ਤੇ ਰੋੜੀ ਤੋੜਦੇ ਹਨ, ਜਿਹੜੇ ਸਿਰ ਤੇ ਗੰਦਗੀ ਉਠਾਉਂਦੇ ਹਨ,ਉਹ ਲੋਕ ਜਿਹੜੇ ਸੀਵਰੇਜ ਦੇ ਗਟਰ ਵਿੱਚ ਵੜ ਕੇ ਸਫ਼ਾਈ ਕਰਦੇ ਹਨ, ਅੱਜ ਉਨ੍ਹਾਂ ਦੀ ਇਥੇ ਕੋਈ ਚਰਚਾ ਨਹੀਂ ਕੀਤੀ ਗਈ ।

"ਦਿਲ ਪੇ ਜੋ ਗੁਜ਼ਰਤੀ ਹੈ ਬੇਦਰਦ ਜ਼ਮਾਨਾ ਕਿਆ ਜਾਨੇ
ਸ਼ਬੇ ਗਮ ਗੁਜ਼ਰਤੀ ਹੈ ਕੈਸੇ ਯੇਹ ਰੋਸ਼ਨੀ ਵਾਲੇ ਕਿਆ ਜਾਨੇ
ਗ਼ਮ ਕਤਰਾ ਕਤਰਾ ਵਹਿਤੇ ਹੈਂ ਦਿਲ ਹੌਲੇ ਹੌਲੇ ਰੋਤਾ ਹੈ
ਹਮ ਤਨਹਾ ਤਨਹਾ ਰੋਤੇ ਹੈ, ਯੇਹ ਦਰਦ ਜ਼ਮਾਨਾ ਕਿਆ ਜਾਨੇ"

ਡਿਪਟੀ ਸਪੀਕਰ ਸਾਹਿਬ, ਇਹ ਅਜਿਹਾ ਮਸਲਾ ਹੈ ਜਿਸ ਨੂੰ ਹਾਊਸ ਦੇ ਵਿੱਚ ਵਿਚਾਰਨ ਦੀ ਸਖਤ ਜ਼ਰੂਰਤ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦੇ 80 ਲੱਖ ਤੋਂ ਵੱਧ ਦਲਿਤ ਸਮਾਜ ਔਰ ਪਛੜੇ ਵਰਗ ਦੇ ਲੋਕ ਵਸਦੇ ਹਨ ਜਿਨ੍ਹਾਂ ਦੇ ਸਿਰ ਤੇ ਛੱਤ ਨਹੀਂ ਔਰ 40 ਲੱਖ ਲੋਕ ਗਰੀਬ ਅਜਿਹੇ ਵਸਦੇ ਹਨ ਜਿਨ੍ਹਾਂ ਦੇ ਬੱਚੇ ਸਕੂਲ ਨਹੀਂ ਜਾਂਦੇ ਜਿਨ੍ਹਾਂ ਦੇ ਬਿਮਾਰ ਹੋਣ ਤੇ ਉਨ੍ਹਾਂ ਦਾ ਕੋਈ ਇਲਾਜ਼ ਨਹੀਂ ਹੁੰਦਾ ਔਰ ਉਹ ਆਪਣੇ ਆਪ ਨੂੰ ਕੀੜੇ ਮਕੌੜੇ ਦੀ ਤਰ੍ਹਾਂ ਖਤਮ ਕਰ ਜਾਂਦੇ ਹਨ। ਜ਼ਰੂਰਤ ਇਸ ਗੱਲ ਦੀ ਹੈ ਕਿ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਵਿਚਾਰਿਆ ਜਾਵੇ ਜਦੋਂ ਸਵੇਰੇ ਮੰਦਰ ਵਿੱਚ ਸ਼ੰਖ ਵਜਦਾ ਹੈ, ਮਸਜਿਦ ਦੇ ਵਿੱਚ ਜਦੋਂ ਅੱਲਾ ਹੂ ਦੀ ਆਵਾਜ਼ ਆਉਂਦੀ ਹੈ, ਗੁਰੂਦੁਆਰੇ ਦੇ ਵਿੱਚ ਪਵਿੱਤਰ ਬਾਣੀ ਦਾ ਪਾਠ ਹੁੰਦਾ ਹੈ ਤਾਂ ਮੇਰੀ ਗਰੀਬ ਭੈਣ, ਨੌਜਵਾਨ ਬੇਟੀ ਆਪਣੀ ਇਜ਼ਤ ਨੂੰ ਦਾਅ ਤੇ ਲਾ ਕੇ ਲੋਕਾਂ ਦੇ ਘਰਾਂ ਵਿੱਚ ਸਫ਼ਾਈ ਕਰਨ ਵਾਸਤੇ, ਸੜਕ ਤੇ ਰੋੜੀ ਤੋੜਣ ਵਾਸਤੇ ਚਲ ਪੈਂਦੀ ਹੈ। ਜਦੋਂ ਤੱਕ ਇਸ ਧਰਤੀ ਤੇ ਇਨ੍ਹਾਂ ਮਜ਼ਦੂਰਾਂ ਦੀ ਗੱਲ ਨਹੀਂ ਕੀਤੀ ਜਾਵੇਗੀ ਮੈਂ ਸਮਝਦਾ ਹਾਂ ਕਿ ਇਥੇ ਗਰੀਬ ਲੋਕਾਂ ਨਾਲ ਅਨਿਆਂ ਹੋਵੇਗਾ ਔਰ ਸਦਨ ਦੇ ਵਿੱਚ ਬੈਠੇ ਹੋਏ ਜਿਹੜੇ ਲੋਕ ਹਨ ਉਨ੍ਹਾਂ ਸਾਰਿਆਂ ਦੀ ਇਸ ਗੱਲ ਪ੍ਰਤੀ ਜ਼ਿੰਮੇਵਾਰੀ ਹੋਏਗੀ ਕਿ ਉਨ੍ਹਾਂ ਦੇ ਵਾਸਤੇ ਕੋਈ ਡਿਬੇਟ ਨਹੀਂ ਕੀਤੀ ਜਾਂਦੀ ਔਰ ਮੈਂ ਖਾਸ ਕਰਕੇ ਇਕ ਗੱਲ ਹੋਰ ਕਹਾਂਗਾ ਕਿ ਸਾਡੀ ਸਰਕਾਰ ਨੇ ਵੀ ਕੁਝ ਵਾਅਦੇ ਕੀਤੇ ਸਨ । ਮੈਂ ਉਨ੍ਹਾਂ ਦੀ ਚਰਚਾ ਵੀ ਇਥੇ ਕਰਾਂਗਾ...........(ਵਿਘਨ)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਹਾਊਸ ਚਲ ਰਿਹਾ ਹੈ । ਪਰ ਸਰਕਾਰ ਦੇ ਮੈਂਬਰਾਂ ਨੂੰ ਕੀ ਤਕਲੀਫ ਹੋ ਗਈ ਹੈ, ਕੀ ਬਿਮਾਰੀ ਪੈ ਗਈ ਹੈ ਕਿ ਮਸਾਂ ਹੀ 5-7 ਬੈਠੇ ਹਨ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣ ਮੰਤਰੀ** : ਤੁਸੀਂ ਜੋ ਕਹਿਣਾ ਹੈ, ਕਹਿ ਲਵੋ । ਮੈਂ ਇਥੇ ਬੈਠਾ ਹਾਂ ।

(ਇਕ ਆਵਾਜ਼ : ਤੁਸੀਂ ਤਾਂ ਲੀਡਰ ਹੋ, ਅਸੀਂ ਤਾਂ ਮੈਂਬਰਾਂ ਦੀ ਗੱਲ ਕਰਦੇ ਹਾਂ)

**ਸ਼੍ਰੀ ਰਾਜ ਕੁਮਾਰ ਵੇਰਕਾ** : ਡਿਪਟੀ ਸਪੀਕਰ ਸਾਹਿਬ, ਗਰੀਬਾਂ ਅਤੇ ਦਲਿਤਾਂ ਵਾਸਤੇ ਵੱਖ-ਵੱਖ ਸਿਆਸੀ ਪਾਰਟੀਆਂ ਨੇ ਸਿਆਸਤ ਕੀਤੀ ਹੈ । ਉਹ ਹਮੇਸ਼ਾ ਵਾਅਦੇ ਕਰਦੇ ਰਹੇ ਹਨ ਕਿ ਦਲਿਤਾਂ ਵਾਸਤੇ ਅਸੀਂ ਆਹ ਕੁਝ ਕਰਾਂਗੇ, ਮਜ਼ਦੂਰਾਂ ਵਾਸਤੇ ਇਹ ਕਰਾਂਗੇ । ਲੇਕਿਨ ਮੈਂ ਅੱਜ ਸਦਨ ਵਿਚ ਉਹ ਗੱਲ ਕਹਿਣ ਜਾ ਰਿਹਾ ਹਾਂ ਕਿ--

"ਵੋ ਬਾਤ ਜੋ ਉਨ ਕੋ ਸੁਣਾ ਨਾ ਸਕੇ, ਦਿਲ ਮੇਂ ਥੀ ਮਗਰ ਲਬ ਪਰ ਲਾ ਨਾ ਸਕੇ,
ਵੋ ਬਾਤ ਆਜ ਜ਼ੁਬਾਂ ਤੱਕ ਆਣੇ ਕੋ ਹੈ, ਦਿਲ ਹੈ ਕਿ ਕਿਆਮਤ ਢਾਹਣੇ ਕੋ ਹੈ ।"

ਡਿਪਟੀ ਸਪੀਕਰ ਸਾਹਿਬ, ਪਹਿਲੀ ਸਰਕਾਰ ਨੇ ਵੀ ਅਤੇ ਹੁਣ ਦੀ ਸਰਕਾਰ ਨੇ ਵੀ ਇਸ ਗੱਲ ਦਾ ਵਾਅਦਾ ਕੀਤਾ ਸੀ ਕਿ ਠੇਕੇਦਾਰੀ ਸਿਸਟਮ ਨੂੰ ਬੰਦ ਕਰਾਂਗੇ । ਇਹ ਵੀ ਵਾਅਦਾ ਕੀਤਾ ਸੀ ਕਿ 81ਵੀਂ ਸੋਧ, 82ਵੀਂ ਸੋਧ ਅਤੇ 85ਵੀਂ ਸੋਧ ਨੂੰ ਇਥੇ ਲਾਗੂ ਕਰਾਂਗੇ । ਲੇਕਿਨ ਇਸ ਸਰਕਾਰ ਨੇ ਵੀ ਤਿੰਨ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਇਸ ਨੂੰ ਲਾਗੂ ਤਾਂ ਕੀ ਕਰਨਾ ਸੀ, ਇਸ ਗੱਲ ਉਤੇ ਚਰਚਾ ਵੀ ਨਹੀਂ ਕੀਤੀ ਗਈ । ਡਿਪਟੀ ਸਪੀਕਰ ਸਾਹਿਬ, ਸਮਾਂ ਗੁਜ਼ਰਦਾ ਜਾ ਰਿਹਾ ਹੈ । ਤਿੰਨ ਸਾਲ ਤੋਂ ਵੀ ਵੱਧ ਇਸ ਹਾਊਸ ਨੂੰ ਹੋ ਗਏ ਹਨ । ਲੋਕ ਮਰਦੇ ਜਾ ਰਹੇ ਹਨ, ਜਿਨ੍ਹਾਂ ਨੂੰ ਖ਼ੁਰਾਕ ਦੇਣ ਦੀ ਜ਼ਰੂਰਤ ਹੈ, ਅੱਜ ਉਨ੍ਹਾਂ ਵਾਸਤੇ ਚਰਚਾ ਕਰਨੀ ਬਹੁਤ ਹੀ ਜ਼ਰੂਰੀ ਬਣਦੀ ਹੈ । ਇਕ ਗੱਲ ਮੈਂ ਇਸ ਵਾਸਤੇ ਹੋਰ ਕਹਾਂਗਾ ਕਿ ਦਲਿਤ ਵਰਗ ਵਾਸਤੇ 40 ਕਰੋੜ ਰੁਪਏ ਸੈਂਟਰ ਦੀ ਸਰਕਾਰ ਨੇ ਵੱਖ-ਵੱਖ ਸਕੀਮਾਂ ਵਾਸਤੇ ਭੇਜਿਆ ਹੈ । ਉਹ 40 ਦਾ 40 ਕਰੋੜ ਹੀ ਇਸ ਬਿਊਰੋਕਰੇਸੀ ਨੇ ਅਜੇ ਤੱਕ ਰਿਲੀਜ਼ ਨਹੀਂ ਕੀਤਾ (ਆਪੋਜੀਸ਼ਨ ਵੱਲੋਂ ਥੰਪਿੰਗ) (ਵਿਘਨ)

**ਸਰਦਾਰ ਵੀਰ ਸਿੰਘ ਲੋਪੋਕੇ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਐਮ.ਐਲ.ਏ. ਸਾਹਿਬਾਨ ਨੂੰ ਤਾਂ ਚਲੋ ਕਈ ਕੰਮ ਹੋ ਸਕਦੇ ਹਨ, ਪ੍ਰੰਤੂ ਕੋਈ ਵੀ ਆਈ.ਏ.ਐਸ. ਅਫ਼ਸਰ ਨਹੀਂ ਬੈਠਾ ਹੋਇਆ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣ ਮੰਤਰੀ** : ਅਫ਼ਸਰ ਗੈਲਰੀ ਭਰੀ ਪਈ ਹੈ । ਅਫ਼ਸਰ ਬੈਠੇ ਹੋਏ ਹਨ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਸਾਡਾ ਕਹਿਣ ਦਾ ਮਤਲਬ ਹੈ ਕਿ ਮੈਂਬਰ ਸਾਹਿਬ ਬੜਾ ਸੋਹਣਾ ਬੋਲ ਰਹੇ ਹਨ, ਬੜੀਆਂ

ਅੱਛੀਆਂ ਗੱਲਾਂ ਕਰ ਰਹੇ ਹਨ । ਜੇਕਰ ਸਰਕਾਰ ਦੇ ਕਿਸੇ ਬੰਦੇ ਨੇ ਨੋਟ ਹੀ ਨਹੀਂ ਕਰਨਾ ਤਾਂ ਫਿਰ ਕੀ ਫਾਇਦਾ ਹੈ । ਕੋਈ ਵੀ ਸੀਨੀਅਰ ਅਫ਼ਸਰ ਨਹੀਂ ਬੈਠਾ ਹੈ ।

**ਮਾਨਯੋਗ ਡਿਪਟੀ ਸਪੀਕਰ :** ਪਾਰਲੀਮਾਨੀ ਮਨਿਸਟਰ ਸਾਹਿਬ ਬੈਠੇ ਹਨ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣ ਮੰਤਰੀ :** ਡਿਪਟੀ ਸਪੀਕਰ ਸਾਹਿਬ, ਜੋ ਵੀ ਪੁਆਇੰਟ ਕਹੇ ਜਾ ਰਹੇ ਹਨ, ਅਫ਼ਸਰ ਉਨ੍ਹਾਂ ਦਾ ਬਕਾਇਦਾ ਨੋਟ ਲੈ ਰਹੇ ਹਨ ।

**ਸ਼੍ਰੀ ਰਾਜ ਕੁਮਾਰ ਵੇਰਕਾ :** ਡਿਪਟੀ ਸਪੀਕਰ ਸਾਹਿਬ, ਮੈਨੂੰ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਪੰਜਾਬ ਵਿਚ 3,73,186 ਅਪਰੂਵਡ ਪੋਸਟਾਂ ਹਨ । ਇਨ੍ਹਾਂ ਵਿਚੋਂ 1,72,100 ਪੋਸਟਾਂ ਹੀ ਭਰੀਆਂ ਹੋਈਆਂ ਹਨ । ਦਲਿਤ ਵਰਗ ਵਾਸਤੇ ਜਿਹੜੀਆਂ ਪੋਸਟਾਂ ਖਾਲੀ ਪਈਆਂ ਹਨ, ਉਹ 15,588 ਪੋਸਟਾਂ ਹਨ । ਇਨ੍ਹਾਂ ਬਾਰੇ ਹਾਈ ਕੋਰਟ ਨੇ ਵੀ ਕਹਿ ਦਿੱਤਾ ਹੈ, ਸੁਪਰੀਮ ਕੋਰਟ ਨੇ ਵੀ ਕਹਿ ਦਿੱਤਾ ਹੈ ਕਿ ਇਨ੍ਹਾਂ ਪੋਸਟਾਂ ਉਤੇ ਕੋਈ ਸੀਲਿੰਗ ਨਹੀਂ ਹੈ, ਕੋਈ ਪਾਬੰਦੀ ਨਹੀਂ ਹੈ । ਇਨ੍ਹਾਂ ਨੂੰ ਫੌਰੀ ਤੌਰ ਤੇ ਭਰਿਆ ਜਾਵੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਦਲਿਤਾਂ ਨੂੰ ਅਤੇ ਮਜ਼ਦੂਰਾਂ ਨੂੰ ਸਾਡੀ ਸਰਕਾਰ ਵੱਲੋਂ ਵੀ ਰਿਲੀਫ਼ ਨਹੀਂ ਦਿੱਤਾ ਜਾ ਰਿਹਾ । (ਆਪੋਜੀਸ਼ਨ ਵੱਲੋਂ ਥੰਪਿੰਗ) । ਮੈਂ ਇਹ ਗੱਲ ਕਿਸੇ ਸਿਆਸਤ ਨੂੰ ਜੋੜ ਕੇ ਨਹੀਂ ਕਹਿ ਰਿਹਾ । ਮੈਂ ਤਾਂ ਉਨ੍ਹਾਂ ਦੀ ਦਬੀ ਹੋਈ ਆਵਾਜ਼ ਨੂੰ ਇਥੇ ਕਹਿਣ ਵਾਸਤੇ ਖੜਾ ਹੋਇਆ ਹਾਂ ਕਿ ਜਿਹੜੇ ਸਾਡੇ ਸਮਾਜ ਦੇ ਕਮਜ਼ੋਰ ਵਰਗ, ਗਰੀਬ ਅਤੇ ਮਜ਼ਦੂਰ ਲੋਕ ਹਨ, ਉਨ੍ਹਾਂ ਵਾਸਤੇ ਇਥੇ ਚਰਚਾ ਹੋਣੀ ਚਾਹੀਦੀ ਹੈ । ਮੈਂ ਇਸ ਵਾਸਤੇ ਹੋਰ ਤੁਹਾਨੂੰ ਕੀ ਕਹਾਂ ਕਿ:

"ਜ਼ਿੰਦਗੀ ਕੇ ਮੋੜ ਭੀ ਕਿਤਨੇ ਅਜੀਬ ਥੇ,
ਪਲ ਮੇਂ ਅਜਨਬੀ ਹੁਏ ਜੋ ਇਤਨੇ ਕਰੀਬ ਥੇ,
ਤੂਫ਼ਾਂ ਕੀ ਰਵਾਨੀ ਕਾ ਲੁਤਫ ਵੋ ਕਿਆ ਜਾਨਤੇ,
ਜੋ ਕਿਨਾਰੇ ਪੇ ਰਹਿ ਗਏ ਵੋ ਬਦਨਸੀਬ ਥੇ ।
ਜੋ ਤੂਨੇ ਦੀਯੇ ਜ਼ਖਮ, ਕਹਿ ਨਾ ਸਕੇ ਕਿਸੀ ਸੇ,
ਦੁਨੀਆਂ ਯੇ ਸੋਚਤੀ ਰਹੀ ਤੁਮ ਮੇਰੇ ਹਬੀਬ ਥੇ,
ਮੈਂ ਆਪਣੇ ਜ਼ਖਮੇ ਦਿਲ ਕਾ ਦਰਦ ਕਿਸ ਸੇ ਕਹੂੰ,
ਜੋ ਸੰਗ ਉਠਾਏ ਬੈਠੇ ਹੈਂ ਯੇ ਮੇਰੇ ਅਜ਼ੀਜ਼ ਥੇ ।"

[ਸ਼੍ਰੀ ਰਾਜ ਕੁਮਾਰ ਵੇਰਕਾ]

ਡਿਪਟੀ ਸਪੀਕਰ ਸਾਹਿਬ ਮੈਂ ਚਾਹੁੰਦਾ ਸੀ ਕਿ ਮੁੱਖ ਮੰਤਰੀ ਸਾਹਿਬ ਅਤੇ ਸਾਡੇ ਲੀਡਰ ਆਫ ਦਿ ਆਪੋਜੀਸ਼ਨ ਵੀ ਇੱਥੇ ਬੈਠੇ ਹੁੰਦੇ ਕਿਉਂਕਿ ਇਹ ਅਜਿਹਾ ਦਰਦ ਹੈ ਅਤੇ ਅਜਿਹੇ ਲੋਕਾਂ ਦਾ ਦਰਦ ਹੈ, ਦੁਖ ਹੈ, ਜਿਸ ਨੂੰ ਕਹਿਣਾ ਅਤੇ ਸੁਣਨਾ ਅਤਿ ਜ਼ਰੂਰੀ ਸੀ । ਮੈਂ ਇਸ ਗੱਲ ਬਾਰੇ ਬੇਨਤੀ ਕਰਾਂਗਾ ਕਿ ਇਨ੍ਹਾਂ ਲੋਕਾਂ ਦੇ ਦੁਖਾਂ, ਮੁਸ਼ਕਲਾਂ ਅਤੇ ਚਰਚਾਵਾਂ ਤੇ ਬਹਿਸ ਕਰਨ ਦੀ ਜ਼ਰੂਰਤ ਹੈ ਅਤੇ ਇਸ ਤੇ ਡੀਬੇਟ ਹੋਣ ਦੀ ਬਹੁਤ ਜ਼ਰੂਰਤ ਹੈ । ਮੈਂ ਹੈਰਾਨੀ ਦਾ ਪ੍ਰਗਟਾਵਾ ਕਰਦਾ ਹਾਂ ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਜੋ ਮੈਂਬਰ ਸਾਹਿਬ ਕਹਿ ਰਹੇ ਹਨ ਇਸ ਤੇ ਇਕ ਦੋ ਦਿਨ ਹਾਊਸ ਦਾ ਸਮਾਂ ਹੋਰ ਵਧਾ ਦੇਣਾ ਚਾਹੀਦਾ ਹੈ ਤਾਂ ਕਿ ਖੁਲ੍ਹ ਕੇ ਬਹਿਸ ਹੋ ਸਕੇ ।

**ਮਾਨਯੋਗ ਡਿਪਟੀ ਸਪੀਕਰ :** All right, ਤੁਸੀਂ ਬੈਠੋ ।

**ਸ਼੍ਰੀ ਰਾਜ ਕੁਮਾਰ ਵੇਰਕਾ :** ਡਿਪਟੀ ਸਪੀਕਰ ਸਾਹਿਬ, ਮੈਂ ਇਸ ਲਈ ਬੇਨਤੀ ਕੀਤੀ ਹੈ ਕਿਉਂਕਿ ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਅਤੇ ਅਸੀਂ ਸਾਰੇ ਇਸ ਦੇ ਲਈ ਕਸੂਰਵਾਰ ਹਾਂ । ਉਹ ਇਸ ਲਈ, ਕਿ ਕੀ ਕਾਰਨ ਹਨ, ਕੀ ਕੋਈ ਜਾਣਦਾ ਹੈ ਕਿ ਅੱਜ 75% ਇਲੀਟਰੇਸੀ ਦਾ ਰੇਟ ਹੋ ਗਿਆ ਹੈ ਅਤੇ ਕੇਵਲ 25% ਲੋਕ ਹੀ ਪੜ੍ਹ ਰਹੇ ਹਨ ਅਤੇ 75% ਨਹੀਂ ਪੜ੍ਹ ਰਹੇ । ਇਸ ਦਾ ਕਾਰਨ ਹੈ ਕਿ ਉਨ੍ਹਾਂ ਲੋਕਾਂ ਵਿੱਚ ਅਵੈਰਨੇਸ ਦੀ ਕਮੀ ਹੈ, ਉਨ੍ਹਾਂ ਵਿੱਚ ਫੈਸਿਲਟੀਜ਼ ਦੀ ਕਮੀ ਹੈ, ਇਨ੍ਹਾਂ ਤੇ ਚਰਚਾ ਕਰਨੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਜਿਹੜੇ ਗਰੀਬਾਂ ਦੀ, ਦਲਿਤਾਂ ਦੀ ਨੁਮਾਇੰਦਗੀ ਕਰਨ ਵਾਲੇ ਹਨ, ਉਨ੍ਹਾਂ ਦੇ ਵਿਚਾਰ ਸੁਣਨੇ ਚਾਹੀਦੇ ਹਨ, ਉਨ੍ਹਾਂ ਨਾਲ ਬੈਠ ਕੇ ਮੀਟਿੰਗ ਕਰਨੀ ਚਾਹੀਦੀ ਹੈ । ਉਨ੍ਹਾਂ ਦੀਆਂ ਮੁਸ਼ਕਲਾਂ ਦੀ ਗੱਲ ਕਰਨੀ ਚਾਹੀਦੀ ਹੈ । ਮੈਂ ਸਾਰੇ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਨ੍ਹਾਂ ਦੀ ਜ਼ਮੀਰ ਨੂੰ ਇਸ ਲਈ ਝੰਝੋੜਣ ਦੀ ਗੱਲ ਕੀਤੀ ਹੈ ਕਿਉਂਕਿ ਅਸੀਂ ਆਪਣੇ ਆਪ ਨੂੰ ਪਹਿਚਾਣੀਏ, ਉਸ ਦਰਦ ਨੂੰ ਪਹਿਚਾਣੀਏ, ਕਿ ਜਿਨ੍ਹਾਂ ਨੇ ਸਾਨੂੰ ਵੋਟਾਂ ਪਾ ਕੇ ਇਥੇ ਭੇਜਿਆ ਹੈ ਉਹ ਮਾਤਾਵਾਂ, ਭੈਣਾਂ ਅਤੇ ਬੱਚੇ ਵੇਟ ਕਰ ਰਹੇ ਹਨ ਕਿ ਕਦੋਂ ਸਾਡਾ ਐਮ.ਐਲ.ਏ. ਸੁੱਖ ਦਾ ਸੁਨੇਹਾ ਲੈ ਕੇ ਆਵੇਗਾ ਅਤੇ ਕਹੇਗਾ ਕਿ ਮੈਂ ਤੁਹਾਡੇ ਲਈ ਕੁਝ ਕਰਨ ਜਾ ਰਿਹਾ ਹਾਂ । ਪਰ ਮੁਸ਼ਕਲ ਇਸ ਗੱਲ ਦੀ ਹੈ ਕਿ ਇਸ ਬਾਰੇ ਕੋਈ ਸੋਚਣਾ ਨਹੀਂ ਚਾਹੁੰਦਾ ਅਤੇ ਨਾ ਹੀ ਕੋਈ ਚਰਚਾ ਕਰ ਰਿਹਾ ਹੈ।

ਇਹ ਸੋਚਣਾ ਜ਼ਰੂਰੀ ਹੈ ਕਿ ਸਾਡੇ ਬਜਟ ਵਿੱਚ ਅਜਿਹਾ ਕੋਈ ਪ੍ਰਸਤਾਵ ਨਹੀਂ ਰੱਖਿਆ ਗਿਆ, ਦਲਿਤਾਂ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ । ਇੱਥੇ ਹੀ ਬੱਸ ਨਹੀਂ ਕਿ ਬਜਟ ਦੇ ਵਿੱਚ ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ, ਪਰ ਰੱਬ ਦੇ ਵਾਸਤੇ ਤੁਸੀਂ ਕੁਝ ਤਾਂ ਉਨ੍ਹਾਂ ਦਾ ਭਲਾ ਸੋਚੋ । ਡਿਪਟੀ ਸਪੀਕਰ ਸਾਹਿਬ, ਮੈਂ ਕਸੂਰਵਾਰ ਹਾਂ, ਮੈਂ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਦੇ 24 ਕਰੋੜ ਰੁਪਏ ਇੱਥੇ ਆਏ ਹੋਏ ਹਨ, ਘੱਟੋ ਘੱਟ ਉਹ ਹੀ ਇਨ੍ਹਾਂ ਗਰੀਬਾਂ ਲਈ ਰਿਲੀਜ਼ ਕੀਤੇ ਜਾਣ । ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਤੁਸੀਂ ਇਸ ਦੀ ਬੇਸ਼ੱਕ ਇਨਕੁਆਰੀ ਕਰਵਾ ਲਵੋ ਕਿ ਕੀ 24 ਕਰੋੜ ਰੁਪਏ ਇੱਥੇ ਦਲਿਤਾਂ ਲਈ ਨਹੀਂ ਆਏ ਹੋਏ ? ਜੇ ਨਾ ਆਏ ਹੋਏ ਹੋਣ ਤਾਂ ਜੋ ਮਰਜ਼ੀ ਮੈਨੂੰ ਸਜ਼ਾ ਦਿੱਤੀ ਜਾਵੇ । ਇਥੇ ਕਿਸਾਨਾਂ ਦਾ ਵੀ ਮਸਲਾ ਤਹਿ ਹੋ ਗਿਆ ਅਤੇ ਵਿਉਪਾਰੀਆਂ ਦੀਆਂ ਵੀ ਗੱਲਾਂ ਤਹਿ ਹੋ ਗਈਆਂ ਹਨ ਕਿਉਂਕਿ ਉਹ ਮਹਿਲਾਂ ਵਿੱਚ ਰਹਿਣ ਵਾਲੇ ਹਨ, ਇਸ ਲਈ ਉਨ੍ਹਾਂ ਦੀਆਂ ਗੱਲਾਂ ਤਹਿ ਹੋ ਗਈਆਂ ਹਨ ਉਹ ਵੱਡੇ ਲੋਕ ਹਨ । ਲੇਕਿਨ ਗਰੀਬ ਦੀ ਵੀ ਕੋਈ ਗੱਲ ਹੋਣੀ ਚਾਹੀਦੀ ਹੈ । ਮੈਂ ਕਹਾਂਗਾ ਕਿ ਜਿਹੜਾ ਤੁਸੀਂ ਸਾਰਿਆਂ ਨੂੰ ਫੈਸਿਲਟੀਜ਼ ਦੇਣ ਦਾ ਪ੍ਰੋਗਰਾਮ ਬਣਾਇਆ ਹੈ, ਉਸਦੇ ਵਿੱਚ ਦੱਲਿਤਾਂ ਨੂੰ ਵੀ ਉਚਾ ਚੁੱਕਣ ਦਾ ਪ੍ਰੋਗਰਾਮ ਬਣਾ ਲੈਂਦੇ ਤਾਂ ਚੰਗਾ ਹੁੰਦਾ:

"ਕਯਾ ਖ਼ਤਾ ਹੈ ਮੇਰੀ ਕਿ ਰਾਹਤ ਨਹੀਂ ਮਿਲਤੀ
ਦੋ ਪਲ ਵੀ ਜੀਨੇ ਕੀ ਗਰੀਬਾਂ ਕੋ ਇਜਾਜ਼ਤ ਨਹੀਂ ਮਿਲਤੀ ।
ਦਿਲ ਹੋ ਗਿਆ ਵੈਰਾਨ ਕੁਝ ਵੀ ਰਹਾ ਨਾ ਬਾਕੀ
ਆਂਸੂਓ ਕੀ ਯਹ ਬਰਸਾਤ ਫਿਰ ਵੀ ਨਹੀਂ ਰੁੱਕਤੀ ।"

ਡਿਪਟੀ ਸਪੀਕਰ ਸਾਹਿਬ :

"ਹਮ ਖਤਾਵਾਰ ਹੈ, ਯਾ ਹਮ ਕੋ ਬਨਾਨੇ ਵਾਲਾ
ਕਿਉਂ ਹੱਸ ਕੇ ਦੇਖਾ ਨਹੀਂ ਬਾਗ ਕੇ ਮਾਲੀ ਨੇ ਹਮੇ,
ਕਾਟ ਕੇ ਫੈਂਕ ਦਿਆ ਫੂੱਲ ਕੀ ਡਾਲੀ ਸੇ ਹਮੇ ।"

ਔਰ ਮੇਰੀ ਸਰਕਾਰ :

"ਗਰੀਬੋਂ ਕੇ ਫੂਲ ਕੋ ਵੀ ਕਿਉਂ ਮਾਲਾ ਮੇਂ ਪ੍ਰੋਇਆ ਨਾ ਗਿਆ
ਜ਼ਖਮ ਕੁਝ ਐਸੇ ਦੀਏ, ਕਿ ਆਖ ਸੇ ਰੋਇਆ ਨਾ ਗਿਆ ।"

ਬਹੁਤ ਬਹੁਤ ਧੰਨਵਾਦ ।

**ਮਾਨਯੋਗ ਡਿਪਟੀ ਸਪੀਕਰ** : ਜਿਹੜੀ ਸ਼ਾਇਰੋ-ਸ਼ਾਇਰੀ ਹੈ, ਉਹ ਬੜੀ ਵਧੀਆ ਹੈ ।

(ਇਸ ਸਮੇਂ ਸਰਦਾਰ ਤੋਤਾ ਸਿੰਘ ਜੀ ਸਦਨ ਵਿੱਚ ਬੋਲਣ ਲਈ ਖੜ੍ਹੇ ਸਨ ।)
I am not calling you, ਤੁਸੀਂ ਬੈਠੋ । ਹਾਂ ਜੀ ਛੋਟੇਪੁਰ ਜੀ ।

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਬੈਠੇ ਬੈਠੇ ਬੋਲ ਰਹੇ ਸਨ- ਗਰੀਬਾਂ ਵੱਲ ਵੀ ਨਜ਼ਰ ਮਾਰ ਲਿਆ ਕਰੋ ਜੀ ਕਦੇ ਮਹਿਲਾਂ ਵੱਲ ਹੀ ਨਾ ਰਹਿ ਜਾਵੇ)। (ਸਦਨ ਵਿਚ ਹਾਸਾ)

**ਮਾਨਯੋਗ ਡਿਪਟੀ ਸਪੀਕਰ** : ਨਜ਼ਰ ਨਜ਼ਰ ਹੈ, ਇਹ ਕਿਤੇ ਵੀ ਜਾ ਸਕਦੀ ਹੈ। ਇਹ ਕਿਨਾਰੇ ਦਰਿਆ ਦੀ ਗੱਲ ਕਰ ਰਹੇ ਸੀ ਅਤੇ ਮੇਰੇ ਵੱਲ ਦੇਖ ਰਹੇ ਸੀ, ਮੈਂ ਕਿਹਾ ਕਿਤੇ ਮੇਰੀ ਗੱਲ ਤਾਂ ਨਹੀਂ ਕਰਦੇ ਪਏ ਸੀ। (ਹਾਸਾ)

**ਸਰਦਾਰ ਸੁੱਚਾ ਸਿੰਘ ਛੋਟੇਪੁਰ** (ਧਾਰੀਵਾਲ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸਾਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਤੁਹਾਡੀ ਨਜ਼ਰ ਸਾਡੇ ਤੇ ਪਈ ਹੈ, ਮੈਂ ਤੁਹਾਡਾ ਬਹੁਤ ਸ਼ੁਕਰਗੁਜ਼ਾਰ ਹਾਂ। ਡਿਪਟੀ ਸਪੀਕਰ ਸਾਹਿਬ, ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ, ਮੈਂ ਉਸ ਚਿੰਤਾ ਵਿੱਚ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ, ਜਿਹੜਾ ਭੂੰਦੜ ਸਾਹਿਬ ਨੇ ਜ਼ਿਕਰ ਕੀਤਾ ਹੈ । ਇਹ ਬੜਾ ਅਹਿਮ ਮਸਲਾ ਹੈ, ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ ਪਰ ਹਾਜ਼ਰੀ ਜਿਹੜੀ ਹੈ, ਉਹ ਬਹੁਤ ਫਿਕੀ ਹੈ। ਗਵਰਨਰ ਐਡਰੈਸ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾ ਰਹੀ । (ਵਿਰੋਧੀ ਧਿਰ ਵੱਲੋਂ ਥੰਪਿੰਗ) ਮੈਨੂੰ ਤੁਸੀਂ ਵੀ ਆਰਾਮ ਨਾਲ ਸੁਣੀ ਚਲੋ । ਮੇਰੇ ਵਾਸਤੇ ਬੜੀ ਵੱਡੀ ਸਮੱਸਿਆ ਹੈ ਕਿਉਂਕਿ ਮੇਰੇ ਵਿਰੋਧੀ ਧਿਰ ਦੇ ਵੀਰਾਂ ਨੇ ਜੋ ਜ਼ਿਕਰ ਕਰਨਾ ਹੈ, ਤੁਸੀਂ ਸਿਵਾਏ ਨੁਕਤਾਚੀਨੀ ਤੋਂ ਕੰਮ ਕੋਈ ਨਹੀਂ ਕਰਨਾ। ਮੇਰੇ ਵਾਸਤੇ ਸਮੱਸਿਆ ਹੈ ਕਿ ਮੈਂ ਆਜ਼ਾਦ ਆਇਆ ਹਾਂ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** (ਬੈਠੇ ਬੈਠੇ) : ਇਸ ਲਈ ਸੋਚਦੇ ਹੋ ਕਿ ਕੀ ਬੋਲਾਂ ?

**ਸਰਦਾਰ ਸੁੱਚਾ ਸਿੰਘ ਛੋਟੇਪੁਰ** : ਮੈਂ ਸੱਚ ਬੋਲਾਂਗਾ ਉਹੀ ਬੋਲਾਂਗਾ ਜੋ ਸੱਚੋ ਸੱਚ ਹੋਵੇਗਾ । ਮੈਂ ਇਹੀ ਕੋਸ਼ਿਸ਼ ਕਰਾਂਗਾ ਕਿ ਜਿਹੜੀ ਊਣਤਾਈਆਂ ਹਨ, ਉਨ੍ਹਾਂ ਦਾ

ਵੀ ਜ਼ਿਕਰ ਕਰਾਂ ਅਤੇ ਜਿਹੜੀ ਪ੍ਰਾਪਤੀਆਂ ਹਨ, ਉਨ੍ਹਾਂ ਦਾ ਵੀ ਜ਼ਿਕਰ ਕਰਾਂ। ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਇਹੀ ਗੱਲ ਗਲਤ ਹੋਈ ਹੈ ਕਿ ਗਵਰਨਰ ਐਡਰੈਸ ਤੇ ਬਹਿਸ ਬਜਟ ਤੋਂ ਪਹਿਲਾਂ ਹੋਣੀ ਚਾਹੀਦੀ ਸੀ। ਗਵਰਨਰ ਐਡਰੈਸ ਤੇ ਹੋਈ ਬਹਿਸ ਦਾ ਰਿਫਲੈਕਸ਼ਨ ਬਜਟ ਤੇ ਪੈਣਾ ਸੀ । ਗਵਰਨਰ ਐਡਰੈਸ ਤੇ ਹੋਈ ਬਹਿਸ ਦੌਰਾਨ ਮੈਂਬਰਾਂ ਦੇ ਵਿਚਾਰਾਂ ਨਾਲ ਕੁਝ ਬਜਟ ਵਿੱਚ ਤਬਦੀਲੀਆਂ ਹੋਣੀਆਂ ਸਨ। ਪਰ ਹੁਣ ਬਜਟ ਪਾਸ ਹੋ ਚੁੱਕਾ ਹੈ, ਇਸ ਕਰਕੇ ਗਵਰਨਰ ਐਡਰੈਸ ਦੀ ਅਹਿਮੀਅਤ ਮੇਰੇ ਹਿਸਾਬ ਨਾਲ ਕੋਈ ਨਹੀਂ ਰਹਿ ਗਈ । ਇਹ ਮਹਿਜ਼ ਡਿਬੇਟ ਹੈ, ਜਿਸ ਵਿੱਚ ਅਸੀਂ ਆਪਣੀ ਆਪਣੀ ਗੱਲ ਦੱਸ ਸਕਾਂਗੇ, ਆਪਣੇ ਆਪਣੇ ਜਜ਼ਬਾਤਾਂ ਦਾ ਪ੍ਰਗਟਾਵਾ ਕਰ ਸਕਾਂਗੇ, ਆਪਣੀ ਹਾਜ਼ਰੀ ਲਵਾ ਸਕਾਂਗੇ । ਮਗਰ ਜਿਸ ਪਰਪਜ਼ ਲਈ ਗਵਰਨਰ ਐਡਰੈਸ ਦੇ ਨਾਲ ਸੈਸ਼ਨ ਸ਼ੁਰੂ ਕੀਤਾ ਜਾਂਦਾ ਹੈ, ਉਸ ਦਾ ਕੋਈ ਮਤਲਬ ਨਹੀਂ ਰਹਿ ਗਿਆ । ਮੇਰੇ ਤੋਂ ਪਹਿਲਾਂ ਸਾਡੇ ਵੀਰ ਰਾਜ ਕੁਮਾਰ ਬੋਲ ਰਹੇ ਸੀ ਅਤੇ ਉਨ੍ਹਾਂ ਵੱਲੋਂ ਗਰੀਬਾਂ ਵਾਸਤੇ ਬੜੀ ਚਿੰਤਾ ਦਰਸਾਈ ਜਾ ਰਹੀ ਸੀ ਕਿ ਉਨ੍ਹਾਂ ਵਾਸਤੇ ਕੁਝ ਨਹੀਂ ਹੋ ਰਿਹਾ । ਇਹ ਇਸ ਸਰਕਾਰ ਨੇ ਨਹੀਂ, ਕਿਸੇ ਸਰਕਾਰ ਨੇ ਵੀ ਪਿਛਲੇ ਲੰਬੇ ਸਮੇਂ ਤੋਂ ਗਰੀਬਾਂ ਵਾਸਤੇ ਕੁਝ ਨਹੀਂ ਕੀਤਾ । ਗਰੀਬ ਹੋਰ ਗਰੀਬ ਹੋ ਰਿਹਾ ਹੈ । ਅਮੀਰ ਦਿਨ-ਬ-ਦਿਨ ਬੁਲੰਦੀਆਂ ਵੱਲ ਨੂੰ ਜਾ ਰਿਹਾ ਹੈ । ਇਸ ਦੇ ਵਿੱਚ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਊਣਤਾਈਆਂ ਕਿਥੇ ਹਨ, ਇਹ ਅਸੀਂ ਬੈਠ ਕੇ ਵਿਚਾਰੀਏ । ਗਵਰਨਰ ਸਾਹਿਬ ਨੇ ਆਪਣੇ ਗਵਰਨਰ ਐਡਰੈਸ ਦੀਆਂ ਆਖਰੀ ਲਾਈਨਾਂ ਵਿੱਚ ਕਿਹਾ ਹੈ ਕਿ ਡੈਮੋਕਰੇਸੀ ਨੂੰ ਤਕੜਾ ਕਰਨ ਵਾਸਤੇ, ਬਚਾਉਣ ਵਾਸਤੇ, ਪੰਜਾਬ ਦੀ ਸਮੱਸਿਆ ਦਾ ਹੱਲ ਕੱਢਣ ਵਾਸਤੇ, ਇਨ੍ਹਾਂ ਨਾਲ ਕਿਵੇਂ ਨਜਿੱਠਿਆ ਜਾਵੇ, ਇਸ ਵਾਸਤੇ ਸਭ ਨੂੰ ਅਪੀਲ ਕੀਤੀ ਹੈ ਕਿ ਰਲ-ਮਿਲ ਕੇ ਸਾਨੂੰ ਇਸ ਦੇ ਵਾਸਤੇ ਉਪਰਾਲਾ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਅਪੀਲ ਸਰਕਾਰ ਵਾਲਿਆਂ ਨੂੰ ਵੀ ਕੀਤੀ ਹੈ ਅਤੇ ਆਪੋਜੀਸ਼ਨ ਵਾਲਿਆਂ ਨੂੰ ਵੀ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਗਰੀਬ ਵਾਸਤੇ ਜਿਹੜੀ ਵੀ ਚੀਜ਼ ਜਾਂਦੀ ਹੈ, ਉਹ ਚਾਹੇ ਸਬਸਿਡੀ ਦੇ ਰੂਪ ਵਿੱਚ ਜਾਂਦੀ ਹੈ, ਚਾਹੇ ਉਸ ਦੀ ਹੈਲਪ ਦੇ ਰੂਪ ਵਿੱਚ ਜਾਂਦੀ ਹੈ, ਉਹ ਉਸ ਤੱਕ ਪਹੁੰਚਦੀ ਨਹੀਂ ਹੈ। ਗਰੀਬ ਕੋਲ ਇੰਨੇ ਸਾਧਨ ਨਹੀਂ ਹਨ ਅਤੇ ਚੰਗਾ ਭਲਾ ਬੰਦਾ ਗਰੀਬ ਬਣ ਕੇ, ਜਿਹੜੀਆਂ ਚੀਜ਼ਾਂ ਗਰੀਬਾਂ ਵਾਸਤੇ ਜਾਂਦੀਆਂ ਹਨ, ਸਰਕਾਰਾਂ ਭੇਜਦੀਆਂ ਹਨ, ਉਹ ਆਪ ਲੈ ਲੈਂਦੇ ਹਨ। ਗਰੀਬ ਉਸੇ ਤਰ੍ਹਾਂ ਨੰਗ ਦਾ ਨੰਗ ਰਹਿ ਜਾਂਦਾ ਹੈ। ਇਸ ਕਰਕੇ ਇਸ ਦੇ ਵਾਸਤੇ ਸੋਚਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਜਦੋਂ ਗਰੀਬ ਉਠੇਗਾ ਤਾਂ ਇਕ ਬਹੁਤ ਵੱਡਾ ਇਨਕਲਾਬ ਆਵੇਗਾ। ਗਰੀਬ ਪੜ੍ਹਾਈ ਤੋਂ ਵੀ ਪਿੱਛੇ ਹੈ । ਗਰੀਬ ਮੈਡੀਕਲ ਸਹੂਲਤਾਂ ਤੋਂ ਵੀ ਵਾਂਝਾ ਰਹਿ ਜਾਂਦਾ ਹੈ । ਗਰੀਬ ਨੂੰ ਆਪਣੀ ਗੱਲ ਦਾ ਪ੍ਰਗਟਾਵਾ ਕਰਨ ਲਈ ਪਲੇਟ ਫਾਰਮ ਵੀ

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਨਹੀਂ ਮਿਲਦਾ। ਗਰੀਬ ਨੂੰ ਦੋ ਵੇਲੇ ਦੀ ਰੱਜਵੀਂ ਰੋਟੀ ਨਹੀਂ ਮਿਲਦੀ। ਇਸ ਕਰਕੇ ਗਰੀਬ ਦੀ ਹਾਲਤ ਸੁਧਾਰਣ ਵਾਸਤੇ ਮੈਂ ਇਨ੍ਹਾਂ ਦੀ ਚਿੰਤਾ ਵਿੱਚ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਬੜੀ ਸੰਜੀਦਗੀ ਨਾਲ ਉਸ ਦੇ ਵੱਲ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਆਪਣੇ ਸਮੇਂ ਦਾ ਪਤਾ ਹੈ ਕਿ ਸੀਮਤ ਹੈ ਪਰ ਫਿਰ ਵੀ ਮੈਂ ਆਪਣੇ ਸਮੇਂ ਦੇ ਵਿੱਚ ਹੀ ਸਾਰੀਆਂ ਗੱਲਾਂ ਕਹਿਣੀਆਂ ਚਾਹਾਂਗਾ। ਡਿਪਟੀ ਸਪੀਕਰ ਸਾਹਿਬ, ਕਿਸੇ ਵੀ ਸੂਬੇ ਦੀ ਤਰੱਕੀ ਵਾਸਤੇ ਉਥੇ ਦੀ ਇੰਡਸਟਰੀ ਦਾ ਯੋਗਦਾਨ ਹੁੰਦਾ ਹੈ, ਉਸ ਦੇ ਵਿਚ ਇਨਫਰਾਸਟ੍ਰਕਚਰ ਦਾ ਯੋਗਦਾਨ ਹੁੰਦਾ ਹੈ, ਐਜੂਕੇਸ਼ਨ ਦਾ ਯੋਗਦਾਨ ਹੁੰਦਾ ਹੈ,ਹੈਲਥ ਸਿਸਟਮ ਦਾ ਯੋਗਦਾਨ ਹੁੰਦਾ ਹੈ ਤੇ ਉਥੋਂ ਦਾ ਜੋ ਮੇਨ ਕਿੱਤਾ ਖੇਤੀਬਾੜੀ ਦਾ ਜਿਮੀਂਦਾਰ ਦਾ ਹੁੰਦਾ ਹੈ, ਉਸ ਦਾ ਯੋਗਦਾਨ ਹੁੰਦਾ ਹੈ। ਸੋ, ਇਹ ਸਾਰੀਆਂ ਚੀਜ਼ਾਂ ਅੱਜ ਵਿਚਾਰਨ ਵਾਲੀਆਂ ਹਨ। ਇੰਡਸਟਰੀ ਦੀ ਹਾਲਤ ਪਿਛੇ ਮਾੜੇ ਹਾਲਾਤ ਹੋਣ ਕਰਕੇ ਮਾੜੀ ਰਹੀ ਹੈ, ਮਾੜੇ ਹਾਲਾਤ ਦਾ ਅਸਰ ਇੰਡਸਟਰੀ ਦੇ ਉਤੇ ਪਿਆ ਹੈ। ਇੰਡਸਟਰੀਲਿਸਟ ਅਮਨ ਚਾਹੁੰਦਾ ਹੈ, ਪੀਸ ਚਾਹੁੰਦਾ ਹੈ ਤਾਂ ਹੀ ਇੰਡਸਟਰੀ ਦੀ ਤਰੱਕੀ ਹੋ ਸਕਦੀ ਹੈ । ਕੁਝ ਸਹੂਲਤਾਂ ਕਰਕੇ ਕੁਝ ਪੰਜਾਬ ਦੀ ਕਾਸਟ ਤੇ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀ ਇੰਡਸਟਰੀ ਨੂੰ ਸਹੂਲਤਾਂ ਦਿੱਤੀਆਂ ਗਈਆਂ ਹਨ, ਫੈਸਿਲਟੀਜ਼ ਦਿੱਤੀਆਂ ਗਈਆਂ ਹਨ, ਉਸ ਦੇ ਨਾਲ ਵੀ ਪੰਜਾਬ ਦੀ ਇੰਡਸਟਰੀ ਉਤੇ ਮਾੜਾ ਅਸਰ ਪਿਆ ਹੈ। ਪੁਰਾਣੇ ਸਮੇਂ ਦੇ ਵਿੱਚ ਪੰਜਾਬ ਦੇ ਵਿੱਚ ਜਿਹੜੇ ਇੰਡਸਟਰੀਲਿਸਟ ਸਨ, ਉਨ੍ਹਾਂ ਵਿਚੋਂ ਬਹੁਤ ਸਾਰੇ ਹੋਰ ਜਗ੍ਹਾ ਤੇ ਚਲੇ ਗਏ ਸਨ ਪਰ ਜਿਹੜੇ ਬਚੇ ਹਨ ਉਹ ਵੀ ਹੁਣ ਜੰਮੂ ਕਸ਼ਮੀਰ ਵੱਲ ਨੂੰ ਜਾਂ ਹਿਮਾਚਲ ਪ੍ਰਦੇਸ਼ ਵੱਲ ਨੂੰ ਚਲੇ ਗਏ ਹਨ। ਇਸ ਕਰਕੇ ਪੰਜਾਬ ਦੀ ਇੰਡਸਟਰੀ ਦੇ ਉਤੇ ਬਹੁਤ ਮਾੜਾ ਅਸਰ ਪਿਆ ਹੈ। ਜੇ ਕਿਸੇ ਸਟੇਟ ਦੀ ਇੰਡਸਟਰੀ ਤਕੜੀ ਹੋਵੇਗੀ ਤਾਂ ਉਸ ਦੇ ਨਾਲ ਹੀ ਉਥੋਂ ਦੀ ਜਨਤਾ ਦੇ ਚਿਹਰੇ ਤੇ ਰੌਣਕ ਆਉਂਦੀ ਹੈ, ਲੋਕਾਂ ਦੀ ਹਾਲਤ ਸੁਧਰਦੀ ਹੈ, ਖੁਸ਼ਹਾਲੀ ਆਉਂਦੀ ਹੈ। ਇਸ ਲਈ ਇੰਡਸਟਰੀ ਦਾ ਪ੍ਰਫੁੱਲਤ ਹੋਣਾ ਬਹੁਤ ਜ਼ਰੂਰੀ ਹੈ। ਅਸੀਂ ਨਿਰਾ ਕ੍ਰਿਟੀਸਿਜ਼ਮ ਨਹੀਂ ਕਰ ਸਕਦੇ ਜਿਹੜੀਆਂ ਸਰਕਾਰ ਵਲੋਂ ਚੰਗੀਆਂ ਗੱਲਾਂ ਹੁੰਦੀਆਂ ਹਨ, ਉਨ੍ਹਾਂ ਦੀ ਪ੍ਰਸ਼ੰਸਾ ਕਰਨ ਦਾ ਸਾਡਾ ਫਰਜ਼ ਬਣਦਾ ਹੈ। ਮੁੱਖ ਮੰਤਰੀ ਸਾਹਿਬ ਨੇ ਸਮੇਂ ਸਮੇਂ ਦੇ ਉਤੇ ਸੈਂਟਰ ਸਰਕਾਰ ਦੇ ਕੋਲ ਜਾ ਕੇ ਮਸਲੇ ਉਠਾਏ ਹਨ ਔਰ ਜਿਵੇਂ ਮੋਹਾਲੀ ਅਤੇ ਅੰਮ੍ਰਿਤਸਰ ਵਿਖੇ ਇਕਨਾਮਿਕ ਜ਼ੋਨ ਪਰਮੋਟ ਕਰਾਉਣ ਵਾਸਤੇ ਕੋਸ਼ਿਸ਼ ਹੋ ਰਹੀ ਹੈ । ਬਠਿੰਡਾ ਵਿਖੇ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਮੁੜ ਕੇ ਚਾਲੂ ਕੀਤੀ ਜਾ ਰਹੀ ਹੈ ਔਰ ਲਹਿਰਾ ਮੁਹਬਤ ਪਲਾਂਟ ਬਾਰੇ ਵੀ ਕਿਹਾ ਗਿਆ ਹੈ। ਸੋ, ਇਹ ਜਿਹੜੇ ਸਾਰੇ ਉਪਰਾਲੇ ਹਨ, ਕੋਸ਼ਿਸ਼ਾਂ ਜਿਹੜੀਆਂ ਹਨ, ਅਸੀਂ ਇਨ੍ਹਾਂ ਦੀ ਪ੍ਰਸ਼ੰਸਾ ਕਰਦੇ ਹਾਂ, ਚੰਗੇ

ਕੰਮ ਹਨ, ਹਾਲਾਤ ਨੂੰ ਬਦਲਣ ਲਈ ਉਹ ਸਿਰ ਪੈਰ ਦਾ ਜ਼ੋਰ ਲਗਾ ਰਹੇ ਹਨ ਤਾਂ ਸਾਨੂੰ ਸਾਰਿਆਂ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ । ਹੁਣ ਤਾਂ ਸੈਂਟਰ ਦੇ ਵਿੱਚ ਡਾਕਟਰ ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਹੁਰਾਂ ਦੇ ਹੋਣ ਕਰਕੇ ਰਿਲੇਸ਼ਨ ਚੰਗੇ ਹਨ, ਉਹ ਇੱਕ ਪੰਜਾਬ ਦੇ ਹੋਣ ਕਰਕੇ, ਸਿੱਖ ਹੋਣ ਕਰਕੇ, ਅੰਮ੍ਰਿਤਸਰ ਦੇ ਹੋਣ ਕਰਕੇ ਸਾਨੂੰ ਸਾਰਿਆਂ ਨੂੰ ਮਿਲ ਲੈਂਦੇ ਹਨ ਪਰੰਤੂ ਇਨ੍ਹਾਂ ਦੇ ਵੇਲੇ ਜਦੋਂ ਵਾਜਪਾਈ ਜੀ ਸਨ ਤਾਂ ਉਹ ਇਨ੍ਹਾਂ ਨੂੰ ਬਹੁਤ ਘੱਟ ਮਿਲਦੇ ਸਨ ਲੇਕਿਨ ਹੁਣ ਤਾਂ ਅਸੀਂ ਸਾਰੇ ਹੀ ਆਰਾਮ ਨਾਲ ਡਾ. ਮਨਮੋਹਨ ਸਿੰਘ ਹੁਰਾਂ ਨੂੰ ਜਾ ਕੇ ਮਿਲ ਲੈਂਦੇ ਹਾਂ । ਸਾਨੂੰ ਇੰਡਸਟਰੀ ਦੇ ਸਬੰਧ ਵਿੱਚ ਸਾਰਿਆਂ ਨੂੰ ਰਲ ਮਿਲ ਕੇ ਸਰਕਾਰ ਦੇ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਥੋਂ ਤੱਕ ਐਜੂਕੇਸ਼ਨ ਦਾ ਸਬੰਧ ਹੈ, ਇਸ ਦੇ ਬਾਰੇ ਇਸ ਹਾਊਸ ਦੇ ਅੰਦਰ ਵੀ ਔਰ ਬਾਹਰ ਵੀ ਬੜਾ ਰੌਲਾ ਪੈ ਰਿਹਾ ਹੈ, ਬੜੀ ਚਿੰਤਾ ਵੀ ਹੈ ਕਿ ਐਜੂਕੇਸ਼ਨ ਨੂੰ ਪ੍ਰਾਈਵੇਟਾਈਜ਼ ਕਰਨ ਦੀਆਂ ਗੱਲਾਂ ਚਲ ਰਹੀਆਂ ਹਨ । ਡਿਪਟੀ ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਜੇਕਰ ਅਸੀਂ ਸਾਰਾ ਕੁਝ ਪ੍ਰਾਈਵੇਟਾਈਜ਼ ਕਰ ਦਿੱਤਾ ਤੇ ਫਿਰ ਜਿਹੜੇ ਸਾਡੇ ਗੌਰਮਿੰਟ ਸਕੂਲ ਹਨ ਔਰ ਉਨ੍ਹਾਂ ਸਕੂਲਾਂ ਦੇ ਵਿੱਚ ਸਾਰੇ ਹੀ ਬੱਚੇ ਗਰੀਬ ਲੋਕਾਂ ਦੇ ਪੜ੍ਹਦੇ ਹਨ, ਅਮੀਰਾਂ ਦੇ ਨਹੀਂ ਪੜ੍ਹਦੇ । ਮੈਂ ਆਪੋਜ਼ੀਸ਼ਨ ਔਰ ਰੂਲਿੰਗ ਪਾਰਟੀ ਵਾਲਿਆਂ ਨੂੰ ਕਹਿਣਾ ਚਾਹਾਂਗਾ ਕਿ ਇਸ ਦੇ ਵਾਸਤੇ ਵਿਚਾਰ ਕਰਨ ਦੀ ਲੋੜ ਹੈ । ਮੈਂ ਪ੍ਰਾਈਵੇਟਾਈਜੇਸ਼ਨ ਦਾ ਵਿਰੋਧੀ ਨਹੀਂ ਹਾਂ । ਮੈਂ ਇਹ ਚਾਹਾਂਗਾ ਕਿ ਸਾਨੂੰ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਨਹੀਂ ਚਾਹੀਦਾ ਜਾਂ ਹਰ ਚੀਜ਼ ਨੂੰ ਪ੍ਰਾਈਵੇਟਾਈਜ਼ ਕਰੀ ਚਲੀਏ । ਡਿਪਟੀ ਸਪੀਕਰ ਸਾਹਿਬ, ਜਿਹੜੇ ਸ਼ਹਿਰਾਂ ਦੇ ਸਕੂਲ ਹਨ, ਉਥੇ ਟੀਚਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ । ਮੈਂ ਇੱਕ ਸ਼ਹਿਰ ਦੇ ਸਕੂਲ ਵਿੱਚ ਗਿਆ ਸੀ ਉਥੇ ਮੈਂ ਦੇਖਿਆ ਕਿ ਉਸ ਸਕੂਲ ਦੇ ਵਿੱਚ 22 ਟੀਚਰ ਸਨ ਜਦ ਕਿ ਬੱਚਿਆਂ ਦੀ ਗਿਣਤੀ ਸਿਰਫ 18 ਸੀ ਪਰ ਜਿਹੜਾ ਪ੍ਰਬੰਧ ਪਿੰਡਾਂ ਦੇ ਸਕੂਲਾਂ ਦਾ ਹੈ ਜਿਥੇ 100-50 ਬੱਚੇ ਸਕੂਲ ਵਿਚ ਬੈਠਦੇ ਹਨ ਪਹਿਲੀ ਗੱਲ ਉਥੇ ਕੋਈ ਟੀਚਰ ਹੈ ਹੀ ਨਹੀਂ ਜੇ ਕੋਈ ਹੈ ਤਾਂ ਉਸ ਨੇ ਆਪਣਾ ਸਬਸੀਟੀਚਿਊਟ ਦਿਤਾ ਹੋਇਆ ਹੈ ਕਿ ਤੂੰ ਮੇਰੀ ਥਾਂ ਜਾਇਆ ਕਰ। ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟਾਈਜੇਸ਼ਨ ਕੋਈ ਸਮੱਸਿਆ ਦਾ ਹੱਲ ਨਹੀਂ ਹੈ । ਗੌਰਮਿੰਟ ਟੀਚਰਾਂ ਨੂੰ ਇੰਨੀਆਂ ਵਧੀਆ ਤਨਖਾਹਾਂ ਮਿਲਦੀਆਂ ਹਨ ਪਰ ਬਾਰਡਰ ਦੇ ਏਰੀਏ ਵਿਚ ਪਿੰਡਾਂ ਵਿਚ ਜਾਣਾ ਪਸੰਦ ਨਹੀਂ ਕਰਦੇ। ਪ੍ਰਾਈਵੇਟ ਵਾਲਿਆਂ ਨੇ ਉਥੇ ਹੀ ਜਾਣਾ ਹੈ ਜਿਥੇ ਉਨ੍ਹਾਂ ਨੂੰ ਮੁਨਾਫ਼ਾ ਮਿਲਣਾ ਹੈ। ਗੌਰਮਿੰਟ ਆਪਣੇ ਅਦਾਰੇ ਇਸ ਕਰਕੇ ਨਹੀਂ ਚਲਾਉਂਦੀ ਕਿ ਉਥੋਂ ਮੁਨਾਫ਼ਾ ਮਿਲਦਾ ਹੈ। ਅਦਾਰੇ ਉਸ ਨੂੰ ਇਸ ਕਰਕੇ ਚਾਲੂ ਰੱਖਣੇ ਪੈਂਦੇ ਹਨ ਕਿਉਂਕਿ ਗਰੀਬ ਜਨਤਾ ਨੂੰ ਸਹੂਲਤ ਦੇਣੀ ਹੁੰਦੀ ਹੈ । ਮੈਂ ਚਾਹਾਂਗਾ ਕਿ ਇਸ ਸਿਸਟਮ ਵਿਚ ਤਬਦੀਲੀ ਕੀਤੀ

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਜਾਵੇ, ਪੁਲੀਟੀਕਲ ਵਿੱਲ ਪੈਦਾ ਕੀਤੀ ਜਾਵੇ ਹਰ ਬੰਦੇ ਨੂੰ ਕੰਪਲਸਰੀ ਹੋਵੇ ਕਿ ਉਹ ਪਿੰਡਾਂ ਦੇ ਸਕੂਲਾਂ ਵਿਚ ਬੱਚੇ ਪੜ੍ਹਾਵੇ। ਟੀਚਰਾਂ ਦੀਆਂ ਪੋਸਟਾਂ ਦਾ ਅਨੁਪਾਤ ਰੂਰਲ ਅਤੇ ਅਰਬਨ ਏਰੀਏ ਵਿਚ ਬਹੁਤ ਜ਼ਿਆਦਾ ਹੈ । ਉਹ ਅਰਬਨ ਏਰੀਏ ਵਿਚ ਆ ਕੇ ਖੁਸ਼ ਹਨ ਰੂਰਲ ਏਰੀਏ ਵਿਚ ਜਾ ਕੇ ਖੁਸ਼ ਨਹੀਂ । ਇਸ ਨੂੰ ਪੁਲੀਟੀਕਲ ਵਿੱਲ ਨਾਲ ਸੁਧਾਰਿਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਸਿਸਟਮ ਨਾਲ ਗਰੀਬ ਐਜੂਕੇਸ਼ਨ ਤੋਂ ਵਾਂਝਾ ਹੋ ਜਾਵੇਗਾ ਜੇ ਸਾਰਾ ਕੁਝ ਪ੍ਰਾਈਵੇਟ ਕਰ ਦਿਤਾ। ਮੈਂ ਅੱਗੇ ਜਾ ਕੇ ਜ਼ਿਕਰ ਕਰਾਂਗਾ ਕਿ ਕਿਉਂ ਗੌਰਮਿੰਟ ਦੇ ਅਦਾਰੇ ਡੁੱਬ ਰਹੇ ਹਨ ਤੇ ਪ੍ਰਾਈਵੇਟ ਵਾਲੇ ਪਾਸੇ ਕਿਉਂ ਸਾਰਿਆਂ ਦਾ ਰੁਝਾਨ ਹੈ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਦਾ ਮਸਲਾ ਹੈ, ਆਪਣੀ ਰੋਡਵੇਜ਼ ਦਾ ਮਾੜਾ ਹਾਲ ਹੈ। ਪਿੰਡਾਂ ਦੀਆਂ ਸੜਕਾਂ ਤੇ ਆਵਾਜਾਈ ਦਾ ਕੋਈ ਸਾਧਨ ਨਹੀਂ ਹੈ ਜੇ ਕੋਈ ਘੜੂਕਾ ਲੈ ਕੇ ਜਾਂਦਾ ਹੈ, ਉਸ ਨੂੰ ਕੋਈ ਚੱਲਣ ਨਹੀਂ ਦਿੰਦਾ । ਪੇਂਡੂ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਵਾਸਤੇ ਟਰਾਂਸਪੋਰਟ ਦਾ ਕੋਈ ਸਾਧਨ ਨਹੀਂ ਹੈ। ਇਸ ਦੇ ਕੀ ਰੀਜ਼ਨ ਹਨ ਇਨ੍ਹਾਂ ਦਾ ਜ਼ਿਕਰ ਵੀ ਮੈਂ ਅੱਗੇ ਜਾ ਕੇ ਜ਼ਰੂਰ ਕਰਾਂਗਾ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਰੀੜ੍ਹ ਦੀ ਹੱਡੀ ਕਿਸਾਨੀ ਹੈ, ਸਾਰੇ ਦੇਸ਼ ਦੀ ਰੀੜ੍ਹ ਦੀ ਹੱਡੀ ਮੈਂ ਸਮਝਦਾ ਹਾਂ ਕਿ ਕਿਸਾਨ ਹੈ। ਭਾਰਤ ਵਰਸ਼ ਪਿੰਡਾਂ ਵਿਚ ਰਹਿਣ ਵਾਲਾ ਹੈ । ਪੰਜਾਬ ਦੀ ਸਾਰੀ ਇਕਾਨਮੀ ਖੇਤੀਬਾੜੀ ਤੇ ਨਿਰਭਰ ਹੈ । ਖੇਤੀਬਾੜੀ ਦਾ ਅੱਜ ਜੋ ਹਾਲ ਹੈ ਉਹ ਤੁਹਾਡੇ ਸਾਮ੍ਹਣੇ ਹੈ । ਜ਼ਿਮੀਦਾਰ ਕਰਜ਼ੇ ਦੀ ਮਾਰ ਥੱਲੇ ਹੈ, ਜ਼ਿਮੀਦਾਰ ਦੀ ਹਾਲਤ ਸੁਧਾਰਨੀ ਚਾਹੀਦੀ ਹੈ । ਇਹ ਕੋਈ 2-4-6 ਦਿਨਾਂ ਦੀ ਗੱਲ ਨਹੀਂ ਹੈ । ਇਥੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਵੀ ਜ਼ਿਕਰ ਕੀਤਾ ਹੈ । ਲੰਮੇ ਸਮੇਂ ਤੋਂ, ਪਿਛਲੇ 10-20 ਸਾਲਾਂ ਤੋਂ ਦਿਨ-ਬ-ਦਿਨ ਪੰਜਾਬ ਦੀ ਹਾਲਤ ਤੇ ਫਰਕ ਪੈ ਰਿਹਾ ਹੈ ਪਰ ਜ਼ਿਮੀਂਦਾਰ ਦੀ ਹਾਲਤ ਨੂੰ ਸੁਧਾਰਨ ਵਾਲੇ ਪਾਸੇ ਕੋਈ ਤੁਰਿਆ ਨਹੀਂ ਹੈ । ਇਥੇ ਡਾਈਵਰਸੀਫਿਕੇਸ਼ਨ ਦੀ ਗੱਲ ਕੀਤੀ ਗਈ ਹੈ । ਡਾਈਵਰਸੀਫਿਕੇਸ਼ਨ ਜ਼ਰੂਰੀ ਹੈ । ਡਿਪਟੀ ਸਪੀਕਰ ਸਾਹਿਬ, ਇਹ ਅੱਜ ਤੋਂ 15-16 ਸਾਲ ਪਹਿਲਾਂ ਸ਼ੁਰੂ ਹੋਣੀ ਚਾਹੀਦੀ ਸੀ । ਪਾਣੀ ਦਾ ਲੈਵਲ ਹੇਠਾਂ ਜਾ ਰਿਹਾ ਹੈ । ਜ਼ਿਮੀਂਦਾਰ ਉਹੀ ਦੋ ਫਸਲਾਂ ਵਿਚ ਫਸਿਆ ਹੋਇਆ ਹੈ । ਇਹ ਉਸ ਦੀ ਮਜਬੂਰੀ ਹੈ । ਜ਼ਿਮੀਂਦਾਰ ਡਾਈਵਰਸੀਫਿਕੇਸ਼ਨ ਵਿਚ ਉਹੀ ਫਸਲ ਲਗਾਏਗਾ ਜਿਹੜੀ ਕਣਕ-ਝੋਨੇ ਤੋਂ ਵੱਧ ਪੈਸਾ ਦੇਵੇਗੀ । ਤੁਸੀਂ ਜਿੰਨਾ ਮਰਜ਼ੀ ਪ੍ਰਚਾਰ ਕਰਦੇ ਰਹੋ, ਜਿੰਨਾ ਮਰਜ਼ੀ ਡਾਈਵਰਸੀਫਿਕੇਸ਼ਨ ਵਾਸਤੇ ਪੈਸੇ ਰੱਖੀ ਜਾਓ, ਜ਼ਿਮੀਂਦਾਰ ਨੂੰ ਜਦ ਤੱਕ ਉਸ ਦਾ ਘਰ ਪੂਰਾ ਨਹੀਂ ਹੁੰਦਾ, ਉਸ ਨੇ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਨਹੀਂ ਤੁਰਨਾ । ਇਥੇ ਅੰਕੜਿਆਂ ਵਿਚ ਆਇਆ, ਕੁਐਸਚਨ ਆਵਰ ਵਿਚ ਪੁੱਛਿਆ ਗਿਆ ਕਿ

ਡਾਈਵਰਸੀਫਿਕੇਸ਼ਨ ਕਿੰਨੀ ਕੁ ਹੋਈ ਹੈ । ਡਿਪਟੀ ਸਪੀਕਰ ਸਾਹਿਬ, ਇਸ ਦਾ ਇਕੋ ਹੀ ਹੱਲ ਹੈ, ਕਣਕ ਤੇ ਝੋਨੇ ਦਾ ਸਬਸਟੀਚਿਊਟ ਕੇਵਲ ਗੰਨਾ ਹੈ । ਅਸੀਂ ਜੱਟ ਨੂੰ ਗੰਨੇ ਦਾ ਸਹੀ ਮੁੱਲ ਦੇਈਏ । ਉਸ ਨੂੰ ਪੇਮੈਂਟ ਵੇਲੇ ਸਿਰ ਹੋਵੇ ਤੇ ਮਿਲਾਂ ਵਿਚ ਸੁਧਾਰ ਲਿਆਂਦਾ ਜਾਵੇ । ਪ੍ਰਾਈਵੇਟ ਮਿੱਲਾਂ ਕਿਉਂ ਬੰਦ ਨਹੀਂ ਹੋ ਰਹੀਆਂ ? ਗੌਰਮਿੰਟ ਦੀਆਂ ਗੰਨੇ ਵਾਲੀਆਂ ਮਿੱਲਾਂ ਕਿਉਂ ਨਹੀਂ ਚੱਲ ਰਹੀਆਂ ? ਇਸ ਬਾਰੇ ਸੋਚਣਾ ਚਾਹੀਦਾ ਹੈ । ਗੰਨੇ ਦੀ ਕਾਸ਼ਤ ਜੋ ਹੈ, ਉਹੀ ਕਣਕ ਤੇ ਝੋਨੇ ਦਾ ਬਦਲ ਹੈ । ਉਸ ਵਾਸਤੇ ਮੈਂ ਇਕ ਅਪੀਲ ਕਰਨੀ ਚਾਹੁੰਦਾ ਹਾਂ ਕਿ ਐਤਕੀਂ ਗੰਨਾ ਜਦੋਂ ਪੰਜਾਬ ਵਿਚ ਘੱਟ ਸੀ ਤਾਂ ਪ੍ਰਾਈਵੇਟ ਮਿੱਲਾਂ ਵਾਲਿਆਂ ਨੇ 150 ਰੁਪਏ ਗੰਨੇ ਦਾ ਮੁੱਲ ਦਿੱਤਾ ਹੈ । ਯੂ.ਪੀ. ਦੇ ਵਿਚ ਗੰਨੇ ਦਾ ਰੇਟ 150 ਦੇ ਲੱਗਭੱਗ ਮਿਲਿਆ ਹੈ । ਸਰਕਾਰੀ ਰੇਟ 100 ਰੁਪਏ ਹੈ । ਹਰਿਆਣਾ ਵਾਲਿਆਂ ਦਾ ਰੇਟ 117 ਰੁਪਏ ਹੈ । ਹੁਣ 145 ਰੁਪਏ ਵਾਰਾ ਖਾਂਦੇ ਹਨ ਕਿਉਂਕਿ ਖੰਡ ਦੇ ਰੇਟ ਵੱਧ ਗਏ ਹਨ । ਇਸ ਕਾਰਨ ਸਰਕਾਰ ਨੂੰ ਵੀ ਗੰਨੇ ਦਾ ਰੇਟ ਵਧਾਉਣਾ ਚਾਹੀਦਾ ਹੈ ਔਰ ਇਹ ਏਸ਼ਿਓਰ ਕਰਨਾ ਚਾਹੀਦਾ ਹੈ ਕਿ ਜਿਹੜੀਆਂ ਮਿੱਲਾਂ ਹਨ, ਉਹ ਵੇਲੇ ਸਿਰ ਕਿਸਾਨ ਦੇ ਗੰਨੇ ਦੀ ਪੇਮੈਂਟ ਕਰਨਗੀਆਂ । ਜੇ ਇਹ ਮਿੱਲਾਂ ਨਹੀਂ ਚਲਾ ਸਕਦੇ ਤਾਂ ਮੈਂ ਚਾਹੁੰਦਾ ਹਾਂ ਕਿ ਕੋਆਪਰੇਟਿਵ ਮਹਿਕਮੇ ਨੂੰ ਵਿਚੋਂ ਕੱਢ ਦਿੱਤਾ ਜਾਵੇ ਅਤੇ ਇਹ ਜਿਹੜੀਆਂ ਸਹਿਕਾਰੀ ਮਿਲਾਂ ਹਨ, ਇਨ੍ਹਾਂ ਨੂੰ ਹਿੱਸੇਦਾਰਾਂ ਦੇ, ਜਿਨ੍ਹਾਂ ਦੇ ਸ਼ੇਅਰ ਹਨ, ਉਨ੍ਹਾਂ ਦੇ ਸਪੁਰਦ ਕਰ ਦਿੱਤਾ ਜਾਵੇ । ਫਿਰ ਇਹ ਮਿੱਲਾਂ ਬੜੇ ਅੱਛੇ ਤਰੀਕੇ ਨਾਲ ਚਲ ਸਕਦੀਆਂ ਹਨ ਅਤੇ ਜ਼ਿਮੀਂਦਾਰ ਡਾਈਵਰਸੀਫਿਕੇਸ਼ਨ ਵਾਲਾ ਸਿਸਟਮ ਵੀ ਅਪਣਾ ਸਕਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜ਼ਿਮੀਂਦਾਰ ਨੂੰ ਬਚਾਉਣ ਵਾਸਤੇ ਬਹੁਤ ਉਪਰਾਲੇ ਕੀਤੇ ਹਨ, ਇਸ ਦੇ ਵਿਚ ਕੋਈ ਸ਼ੱਕ ਨਹੀਂ ਹੈ । ਉਨ੍ਹਾਂ ਨੇ ਕਿਸਾਨ ਨੂੰ ਉਸ ਦੀ ਜਿਨਸ ਦਾ ਸਹੀ ਮੁੱਲ ਦਿਵਾਇਆ ਹੈ । ਪਿਛਲੇ ਤਿੰਨ ਸਾਲਾਂ ਵਿਚ ਸਾਉਣੀ ਅਤੇ ਹਾੜੀ ਦੀਆਂ ਜਿੰਨੀਆਂ ਵੀ ਫਸਲਾਂ ਕਣਕ ਅਤੇ ਝੋਨੇ ਦੀਆਂ ਆਈਆਂ ਹਨ, ਉਹ ਮੰਡੀਆਂ ਦੇ ਵਿਚ ਰੁਲੀਆਂ ਨਹੀਂ ਹਨ । ਇਨ੍ਹਾਂ ਤੋਂ ਪਹਿਲਾਂ ਤਾਂ ਇਨ੍ਹਾਂ ਫਸਲਾਂ ਦਾ ਅੱਧਾ-ਅੱਧਾ ਮੁੱਲ ਵੀ ਨਹੀਂ ਮਿਲਦਾ ਸੀ.............

**ਸਰਦਾਰ ਸੁਖਦਰਸ਼ਨ ਸਿੰਘ ਮਰਾੜ੍ਹ** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ । ਸਰ, ਫਸਲ ਚੁੱਕਣ ਦੇ ਨਾਲ ਤਾਂ ਫਸਲ ਦਾ ਭਾਅ ਨਹੀਂ ਵਧਦਾ । ਇਹ ਤਿੰਨਾਂ ਸਾਲਾਂ ਦਾ ਹਿਸਾਬ ਲਗਾ ਕੇ ਤਾਂ ਦੱਸਣ ਕਿ ਕਿੰਨਾ ਭਾਅ ਤਿੰਨਾਂ ਸਾਲਾਂ ਦੇ ਵਿਚ ਵਧਿਆ ਹੈ............

**Mr. Deputy Speaker :** Allright ਬੈਠੋ, ਪਲੀਜ਼ ।

**ਸਰਦਾਰ ਸੁੱਚਾ ਸਿੰਘ ਛੋਟੇਪੁਰ :** ਇਹ ਇਸ ਸਬੰਧੀ ਸਰਕਾਰ ਨਾਲ ਸਵਾਲ ਕਰਨ । ਇਹ ਰੇਟ ਸੈਂਟਰ ਦੀ ਸਰਕਾਰ ਫਿਕਸ ਕਰਦੀ ਹੈ । ਲੀਡਰ ਆਫ਼ ਦਿ ਹਾਊਸ ਅਤੇ ਲੀਡਰ ਆਫ਼ ਦਿ ਆਪੋਜੀਸ਼ਨ ਦੋਵੇਂ ਰਲ ਮਿਲ ਕੇ ਉਥੇ ਜਾਣ ਅਤੇ ਬੇਨਤੀ ਕਰਨ ਕਿ ਪੰਜਾਬ ਦੇ ਹਿੱਤਾਂ ਵਾਸਤੇ ਸਾਡੇ ਤੇ ਵੀ ਮਿਹਰਬਾਨੀ ਕਰੋ, ਸਾਡੇ ਰੇਟ ਵਧਾਓ । ਰੇਟ ਪਹਿਲਾਂ ਵੀ ਉਨ੍ਹਾਂ ਨੇ ਮੁਕਰਰ ਕੀਤਾ ਸੀ । ਐਤਕੀਂ ਵੀ ਉਨ੍ਹਾਂ ਨੇ ਹੀ ਰੇਟ ਮੁਕਰਰ ਕੀਤਾ ਹੈ । ਸ਼੍ਰੀਮਾਨ ਜੀ, ਤੁਹਾਡੇ ਵੇਲੇ ਝੋਨੇ ਦਾ ਰੇਟ 540 ਰੁਪਏ ਪ੍ਰਤੀ ਕੁਇੰਟਲ ਸੀ । ਪਰ ਵਿਕਿਆ 250 ਰੁਪਏ ਅਤੇ 300 ਰੁਪਏ ਦੇ ਹਿਸਾਬ ਨਾਲ ਸੀ । ਇਸ ਤਰ੍ਹਾਂ ਇਨ੍ਹਾਂ ਨੇ ਜ਼ਿਮੀਂਦਾਰ ਨੂੰ ਵੀ ਚੂਨਾ ਲਾਇਆ ਹੈ ਅਤੇ ਗੌਰਮਿੰਟ ਨੂੰ ਵੀ ਚੂਨਾ ਲਾਇਆ ਹੈ । ਇਹ ਤਾਂ ਇਨ੍ਹਾਂ ਦੀ ਕਿਸਾਨ ਦੇ ਬਾਰੇ ਸੋਚ ਹੈ । ਮੈਂ ਨੁਕਤਾਚੀਨੀ ਵਾਲੇ ਪਾਸੇ ਨਹੀਂ ਪੈਣਾ ਚਾਹੁੰਦਾ । ਜੇ ਕੋਈ ਵੀ ਚੰਗਾ ਕਦਮ ਚੁੱਕਿਆ ਜਾਂਦਾ ਹੈ ਤਾਂ ਉਸ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ । ਉਹ ਚੰਗਾ ਕਦਮ ਚਾਹੇ ਤੁਹਾਡੇ ਵਲੋਂ ਚੁਕਿਆ ਗਿਆ ਹੋਵੇ, ਚਾਹੇ ਇਨ੍ਹਾਂ ਵਲੋਂ ਚੁਕਿਆ ਗਿਆ ਹੋਵੇ । ਅੱਗੇ ਇਸ ਤਰ੍ਹਾਂ ਹੁੰਦਾ ਸੀ ਕਿ ਮੰਡੀਆਂ ਦੇ ਵਿਚ ਬੱਚਾ ਆਪਣੇ ਬਾਪ ਦੀ ਰੋਟੀ ਲੈ ਕੇ ਜਾਂਦਾ ਹੁੰਦਾ ਸੀ । ਉਹ ਸੋਚਦਾ ਹੁੰਦਾ ਸੀ ਕਿ ਸ਼ਾਇਦ ਝੋਨਾ ਵਿਕ ਗਿਆ ਹੋਵੇਗਾ । ਪਰ ਉਸ ਦਾ ਬਾਪ ਕਈ-ਕਈ ਹਫਤੇ ਬਿਨਾਂ ਨੁਹਾਉਣ ਧੋਣ ਤੋਂ ਗੰਦੇ ਕੱਪੜਿਆਂ ਦੇ ਨਾਲ ਭੁੱਖਣ ਭਾਣਾ ਮੰਡੀ ਵਿਚ ਬੈਠਾ ਰਹਿੰਦਾ ਸੀ । ਕਣਕ ਦੀ ਹਾਲੇ ਵਾਢੀ ਸ਼ੁਰੂ ਹੋਈ ਹੈ । ਮੈਂ ਕੱਲ੍ਹ ਪਰਸੋਂ ਆਪਣੇ ਹਲਕੇ ਵਿਚ ਪਿੰਡਾਂ ਵਿਚ ਵੇਖਣ ਗਿਆ ਸੀ, ਕਣਕਾਂ ਦਾ ਬਹੁਤ ਨੁਕਸਾਨ ਹੋਇਆ ਹੈ ਕਿਉਂਕਿ ਐਤਕੀਂ ਬੇਮੌਸਮੀ ਵਰਖਾ ਹੋਈ ਹੈ । ਜਿਸ ਕਲਾਈਮੇਟ ਦੇ ਨਾਲ ਕਣਕ ਪੱਕਣੀ ਚਾਹੀਦੀ ਸੀ, ਉਸ ਕਲਾਈਮੇਟ ਵਿਚ ਕਣਕ ਨਹੀਂ ਪੱਕ ਸਕੀ । ਬਰਸਾਤ ਬਹੁਤ ਜ਼ਿਆਦਾ ਹੋਈ ਹੈ । ਬਰਸਾਤ ਕਰਕੇ ਹੀ ਕਣਕ ਦੀ ਫਸਲ ਕਮਜ਼ੋਰ ਹੋ ਗਈ ਹੈ । ਕਈ ਇਲਾਕਿਆਂ ਵਿਚ ਅੱਗੇ ਨਾਲੋਂ ਕਮਜ਼ੋਰ ਕਣਕ ਹੋਈ ਹੈ । ਪਰ ਏਕੜ ਪੈਦਾਵਾਰ ਘਟੀ ਹੈ । ਪਰ ਮੈਨੂੰ ਦੱਸਦੇ ਹੋਏ ਖੁਸ਼ੀ ਹੁੰਦੀ ਹੈ ਕਿ ਐਤਕੀਂ ਰੇਟ 640 ਰੁਪਏ ਪਰ ਕੁਇੰਟਲ ਫਿਕਸ ਹੈ । ਮੈਂ ਕਿਸੇ ਤੋਂ ਕੋਈ ਲੈਣਾ ਦੇਣਾ ਨਹੀਂ ਹੈ । ਮੈਨੂੰ ਕਿਸੇ ਨਾਲ ਫਾਲਤੂ ਗੱਲ ਕਰਨ ਦੀ ਲੋੜ ਨਹੀਂ ਹੈ । ਸਾਡੇ ਇਲਾਕੇ ਵਿਚ 645 ਰੁਪਏ ਦੇ ਹਿਸਾਬ ਨਾਲ ਧਾਰੀਵਾਲ, ਗੁਰਦਾਸਪੁਰ ਅਤੇ ਕਲਾਨੌਰ ਦੀਆਂ ਮੰਡੀਆਂ ਵਿਚ ਕਣਕ ਵਿਕੀ ਹੈ । ਇਹ ਚੰਗਾ ਉਪਰਾਲਾ ਹੈ । ਮੈਂ ਇਸ ਨਾਲ ਸਹਿਮਤ ਹਾਂ । (ਇਕ ਆਵਾਜ਼ : ਕਈ ਵਾਰ ਤਾਂ ਰੇਟ 800 ਰੁਪਏ ਤੇ ਵੀ ਪਹੁੰਚ ਜਾਂਦਾ ਹੈ ) ਜਿਹੜੇ ਬੰਦੇ ਪਹਿਲਾਂ ਕਣਕ ਸਟੋਰ ਕਰ ਲੈਂਦੇ ਹਨ, ਉਹ ਬਾਅਦ ਵਿਚ 800 ਰੁਪਏ ਦੇ ਹਿਸਾਬ ਨਾਲ ਵੇਚ ਸਕਦੇ

ਹਨ । ਪਰ ਗਰੀਬ ਕਿਸਾਨ ਕਿਉਂਕਿ ਕਣਕ ਸਟੋਰ ਨਹੀਂ ਕਰ ਸਕਦਾ ਇਸ ਲਈ ਉਹ 800 ਰੁਪਏ ਦੇ ਹਿਸਾਬ ਨਾਲ ਨਹੀਂ ਵੇਚ ਸਕਦਾ । ਪਰ ਸਰਕਾਰ ਵਲੋਂ ਉਸ ਨੂੰ ਅੱਛਾ ਭਾਅ ਹੁਣੇ ਹੀ ਮਿਲ ਰਿਹਾ ਹੈ । ਇਸ ਗੱਲ ਦਾ ਕਰੈਡਿਟ ਮੁੱਖ ਮੰਤਰੀ ਸਾਹਿਬ ਨੂੰ ਜਾਂਦਾ ਹੈ । (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਅੱਗੇ ਫਸਲਾਂ ਤੇ ਸਪਰੇਆਂ ਬੜੀਆਂ ਕਰਨੀਆਂ ਪੈਂਦੀਆਂ ਸਨ ਅਤੇ ਸਪਰੇਅ ਕਰਨ ਨਾਲ ਵੀ ਕਿਸੇ ਫਸਲਾਂ ਤੇ ਕੋਈ ਅਸਰ ਨਹੀਂ ਹੁੰਦਾ ਸੀ । ਪਰ ਐਤਕੀਂ ਇਨ੍ਹਾਂ ਨੇ ਅਜਿਹਾ ਕੰਮ ਕੀਤਾ ਹੈ ਕਿ ਫਸਲ ਤੇ ਬਹੁਤੀ ਸਪਰੇਅ ਕਰਨ ਦੀ ਲੋੜ ਨਹੀਂ ਪਈ। ਇਹ ਚੰਗਾ ਕੰਮ ਕੀਤਾ ਹੈ । ਜ਼ਿਮੀਦਾਰਾਂ ਵਾਸਤੇ ਸਰਕਾਰ ਨੇ ਇੱਕ ਹੋਰ ਚੰਗਾ ਕੰਮ ਕੀਤਾ ਹੈ ਕਿ ਬਿਜਲੀ ਲਗਾਤਾਰ 8-8, 10-10 ਘੰਟੇ ਦਿੱਤੀ ਹੈ। ਪਹਿਲਾਂ ਪੰਜਾਬ ਵਿਚ ਬਿਜਲੀ ਦੀ ਹਾਲਤ ਮਾੜੀ ਸੀ। ਬਿਜਲੀ ਬੋਰਡ ਵੀ ਘਾਟੇ ਵਿੱਚ ਸੀ। ਹੁਣ ਪੰਜਾਬ ਵਿੱਚ ਪਾਵਰ ਸੈਕਟਰ ਵਿੱਚ ਕਾਫੀ ਸੁਧਾਰ ਹੋਇਆ ਹੈ ਅਤੇ ਇਸ ਵਿੱਚ ਸੁਧਾਰ ਚੇਅਰਮੈਨ ਸਾਹਿਬ ਨੇ ਬੜੀ ਇਮਾਨਦਾਰੀ ਨਾਲ ਕੰਮ ਕਰਕੇ ਲਿਆਂਦੇ ਹਨ। ਪਾਵਰ ਸੈਕਟਰ ਵਿਚ ਪਹਿਲੇ ਨਾਲੋਂ ਕਾਫੀ ਬਿਜਲੀ ਵਿੱਚ ਵਾਧਾ ਕੀਤਾ ਅਤੇ ਪਿਛਲੇ ਦਿਨੀ ਉਨ੍ਹਾਂ ਨੇ 8-10 ਘੰਟੇ ਲਗਾਤਾਰ ਬਿਜਲੀ ਜ਼ਿਮੀਦਾਰਾਂ ਨੂੰ ਬਾਹਰਲੇ ਸੂਬਿਆਂ ਤੋਂ ਖਰੀਦ ਕੇ ਦਿੱਤੀ ਹੈ। ਬਿਜਲੀ ਦੀ ਪ੍ਰੋਡਕਸ਼ਨ ਵਿੱਚ ਵਾਧਾ ਹੋਇਆ ਹੈ ਅਤੇ ਸਰਕਾਰ ਇਸ ਦੇ ਲਈ ਪ੍ਰਸ਼ੰਸਾ ਦੀ ਪਾਤਰ ਹੈ । ਸਾਡੇ ਮੁੱਖ ਮੰਤਰੀ ਸਾਹਿਬ ਨੇ ਸਮੇਂ ਸਮੇਂ ਤੇ ਉਚੇਚੇ ਕਦਮ ਚੁੱਕ ਕੇ ਪੰਜਾਬ ਦੇ ਕਿਸਾਨਾਂ ਨੂੰ ਬਚਾਇਆ ਹੈ। ਸਭ ਤੋਂ ਵੱਡੀ ਗੱਲ ਜਿਹੜੀ ਕੈਪਟਨ ਸਾਹਿਬ ਨੇ ਕੀਤੀ ਹੈ, ਉਹ ਐਸ.ਵਾਈ. ਐਲ. ਨੂੰ ਟਰਮੀਨੇਟ ਕਰਨ ਸੰਬਧੀ ਹੈ ਜੋ ਕਿ ਇਤਿਹਾਸ ਦਾ ਹਿੱਸਾ ਬਣ ਗਈ ਹੈ । ਬਾਕੀ ਇਥੇ ਬੰਦੇ ਜੋ ਮਰਜ਼ੀ ਕਹੀ ਜਾਣ/ ਜੋ ਕੁਝ ਉਹ ਪੰਜਾਬ ਵਾਸਤੇ ਕਰ ਸਕਦੇ ਸਨ, ਉਨ੍ਹਾਂ ਨੇ ਕਰਕੇ ਦਿਖਾ ਦਿੱਤਾ ਹੈ। ਆਪਣੀ ਕੁਰਸੀ ਨੂੰ ਵੀ ਉਨ੍ਹਾਂ ਨੇ ਦਾਅ ਤੇ ਲਗਾ ਦਿੱਤਾ ਸੀ। ਜਿਸ ਵਕਤ ਇਥੇ ਹਾਊਸ ਵਿਚ ਗੋਲਡਨ ਜੁਬਲੀ ਸਮਾਰੋਹ ਮਨਾ ਰਹੇ ਸੀ, ਉਸ ਵਕਤ ਮੈਂ ਸਪੀਚ ਕਰਦੇ ਹੋਏ ਕਿਹਾ ਸੀ ਕਿ ਕਿਸੇ ਨੇ ਇਹ ਨਹੀਂ ਦੇਖਣਾ ਹੁੰਦਾ ਕਿ ਕਿਹੜਾ ਮੁੱਖ ਮੰਤਰੀ ਕਿੰਨਾ ਚਿਰ ਮੁੱਖ ਮੰਤਰੀ ਰਿਹਾ ਅਤੇ ਕਿੰਨਾ ਕੰਮ ਕਰ ਸਕਿਆ। ਵੇਖਿਆ ਇਹ ਜਾਂਦਾ ਹੈ ਕਿ ਕਿਹੜੇ ਮੁੱਖ ਮੰਤਰੀ ਨੇ ਆਪਣੇ ਟਾਇਮ ਦੇ ਵਿੱਚ ਕਿਹੜਾ ਐਸਾ ਕੰਮ ਕੀਤਾ, ਜਿਸ ਨੂੰ ਇਤਿਹਾਸ ਵਿਚ ਲਿਖਿਆ ਗਿਆ। ਉਸ ਵਕਤ ਮੁੱਖ ਮੰਤਰੀ ਬਣੇ ਰਹਿਣ ਦਾ ਟਾਈਮ ਨਹੀਂ ਲਿਖਿਆ ਜਾਂਦਾ। ਇਸ ਕਰਕੇ ਕੈਪਟਨ ਸਾਹਿਬ ਨੇ ਆਪਣੇ ਥੋੜ੍ਹੇ ਸਮੇਂ ਦੇ ਵਿੱਚ ਇਤਿਹਾਸ ਵਿੱਚ ਆਪਣੀ ਥਾਂ ਬਣਾ ਲਈ ਹੈ ਜਿਸ ਨੂੰ ਆਉਣ ਵਾਲੇ ਲੋਕ ਯਾਦ ਰੱਖਣਗੇ । ਜਿਸ ਤਰ੍ਹਾਂ ਕ੍ਰਿਕਟ ਦੇ ਮੈਦਾਨ ਵਿੱਚ

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਕਿਸੇ ਖਿਡਾਰੀ ਦੇ ਵਿਕਟ ਤੇ ਖੜ੍ਹੇ ਰਹਿਣ ਨਾਲ ਗੱਲ ਨਹੀਂ ਬਣਦੀ ਜਦ ਤੱਕ ਉਹ ਰਨ ਨਾ ਬਣਾਏ, ਰਨ ਬਣਾਉਣ ਨਾਲ ਹੀ ਗੱਲ ਬਣਦੀ ਹੈ। ਪੰਜਾਬ ਦੇ ਲੋਕਾਂ ਲਈ ਐਸ.ਵਾਈ.ਐਲ. ਦਾ ਮਸਲਾ ਬੜਾ ਸੰਗੀਨ ਸੀ ਅਤੇ ਪਾਣੀ ਲੋਕਾਂ ਦੀ ਜਿੰਦ ਜਾਨ ਸੀ। ਜੇਕਰ ਪੰਜਾਬ ਵਿਚੋਂ ਪਾਣੀ ਚਲਾ ਜਾਂਦਾ ਤਾਂ ਪੰਜਾਬ ਦੇ ਨੌਜਵਾਨ ਬਾਹਰਲੇ ਸੂਬਿਆਂ ਵਿੱਚ ਰੋੜੀ ਕੁੱਟਦੇ ਅਤੇ ਪੰਜਾਬ ਵਿੱਚ ਬੇਕਾਰੀ ਹੋ ਜਾਣੀ ਸੀ। ਇਸ ਸਬੰਧੀ ਉਚੇਚਾ ਕਦਮ ਚੁੱਕ ਕੇ ਮੁੱਖ ਮੰਤਰੀ ਸਾਹਿਬ ਇਸ ਐਸ.ਵਾਈ.ਐਲ. ਐਕਟ ਨੂੰ ਹੀ ਟਰਮੀਨੇਟ ਕਰ ਦਿੱਤਾ। ਇਸ ਸਬੰਧੀ ਪਿਛਲੀ ਸਰਕਾਰ ਕੁਝ ਨਹੀਂ ਕਰ ਸਕੀ ਜਦ ਕਿ ਸੈਂਟਰ ਵਿੱਚ ਵੀ ਐਨ.ਡੀ.ਏ. ਦੀ ਸਰਕਾਰ ਸੀ ਅਤੇ ਪੰਜਾਬ ਵਿੱਚ ਅਕਾਲੀ ਬੀ.ਜੇ.ਪੀ. ਦੀ ਸਰਕਾਰ ਸੀ ਪਰ ਪਾਣੀਆਂ ਦੇ ਮਸਲੇ ਨੂੰ ਇਹ ਹੱਲ ਨਹੀਂ ਕਰਵਾ ਸਕੇ। ਇਥੇ ਹਾਊਸ ਦੇ ਵਿੱਚ ਗਰਚਾ ਸਾਹਿਬ ਕਿੰਨੀ ਦੇਰ ਤੱਕ ਸ਼ਰਾਬ ਦੀਆਂ ਗੱਲਾਂ ਹੀ ਕਰਦੇ ਰਹੇ ਅਤੇ ਆਪਣੀ ਸਾਰੀ ਡੀਬੇਟ ਸ਼ਰਾਬ ਉਤੇ ਹੀ ਖਤਮ ਕਰ ਦਿੱਤੀ। ਜਦ ਇਨ੍ਹਾਂ ਦੀ ਸਰਕਾਰ ਸੀ ਤਾਂ ਇਹ ਸ਼ਰਾਬ ਦੇ ਠੇਕੇ ਇਨ੍ਹਾਂ ਲੋਕਾਂ ਦੇ ਕੋਲ ਹੀ ਸਨ। ਸਰਕਾਰਾਂ ਆਪਣੇ ਬੰਦਿਆਂ ਨੂੰ ਠੇਕੇ ਦਿੰਦੀਆਂ ਹਨ ਤੁਸੀਂ ਵੀ ਦਿੰਦੇ ਰਹੇ ਹੋ। ਤੁਹਾਡਾ ਐਕਸਾਈਜ਼ ਮਨਿਸਟਰ ਜੋ ਕਾਫੀ ਪੜ੍ਹਿਆ ਲਿਖਿਆ ਨੌਜਵਾਨ ਹੈ, ਉਹ ਹੀ ਪੌਂਟੀ ਚੱਡਾ ਨੂੰ ਪੰਜਾਬ ਵਿਚ ਸ਼ਰਾਬ ਦੇ ਠੇਕੇ ਦੇਣ ਵਾਸਤੇ ਲਿਆਇਆ ਸੀ। ਤੁਸੀਂ ਆਪਣੇ ਵਕਤ ਵੇਰਕਾ ਮਿਲਕ ਪਲਾਂਟ ਦਾ ਸਾਰਾ ਕੰਮ ਆਪਣੇ ਘਰ ਵਿਚ ਰੱਖਿਆ ਹੋਇਆ ਸੀ। ਇਸੇ ਤਰ੍ਹਾਂ ਪਿਛਲੀ ਸਰਕਾਰ ਦੇ ਕਈ ਕੰਮ ਐਸੇ ਸਨ, ਜਿਹੜੇ ਮਨਿਸਟਰਾਂ ਦੇ ਘਰਾਂ ਵਿੱਚ ਚਲਦੇ ਸਨ ਅਤੇ ਉਸ ਦਾ ਬੈਨੀਫਿੱਟ ਤੁਸੀਂ ਲੋਕ ਲੈ ਰਹੇ ਸੀ, ਜਿਸ ਦੀ ਲੋਕਾਂ ਨੂੰ ਖਬਰ ਨਹੀਂ ਹੈ। ਇਸ ਵਾਸਤੇ ਸ਼ਰਾਬ ਉਤੇ ਇਤਨੀ ਲੰਬੀ ਬਹਿਸ ਕਰਨਾ ਕੋਈ ਅੱਛੀ ਗੱਲ ਨਹੀਂ ਹੈ। ਹੋਰ ਵੀ ਪੰਜਾਬ ਦੇ ਲੋਕਾਂ ਦੇ ਮਸਲਿਆਂ ਬਾਰੇ ਡੀਬੇਟ ਕਰਨੀ ਚਾਹੀਦੀ ਸੀ ਇਹ ਪੌਂਟੀ ਚੱਡਾ ਦਾ ਬੂਟਾ ਤੁਹਾਡੇ ਲੋਕਾਂ ਦਾ ਲਾਇਆ ਹੋਇਆ ਸੀ, ਜਿਸ ਨੂੰ ਇਹ ਸਰਕਾਰ ਪ੍ਰਫੁੱਲਤ ਕਰ ਰਹੀਂ ਹੈ। ਅਸੀਂ ਪੰਜਾਬ ਦੇ ਕਿਸਾਨਾਂ ਦੇ ਹਮਦਰਦ ਹਾਂ, ਜਿਸ ਕਰਕੇ ਅਸੀਂ ਇਨ੍ਹਾਂ ਦੇ ਨਾਲ ਹਾਂ। ਕੈਪਟਨ ਸਾਹਿਬ ਐਸ.ਵਾਈ.ਐਲ. ਦੇ ਮਸਲੇ ਉਤੇ ਬੜੇ ਚਿੰਤਾਜਨਕ ਸਨ ਅਤੇ ਅਸੀਂ ਸਾਰੇ ਇਸ ਮਸਲੇ ਉੱਤੇ ਚਿੰਤਾ ਕਰ ਰਹੇ ਸੀ ਪਰ ਇਸ ਪਾਣੀ ਦੇ ਮਸਲੇ ਦਾ ਹੱਲ ਜਿਸ ਤਰ੍ਹਾਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਐਕਟ ਟਰਮੀਨੇਟ ਕਰਕੇ ਕੀਤਾ ਹੈ, ਇਹ ਬੜਾ ਸ਼ਲਾਘਾਯੋਗ ਕਦਮ ਸੀ। (ਸਰਦਾਰ ਤੋਤਾ ਸਿੰਘ ਵਲੋਂ ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਛੋਟੇਪੁਰ ਸਾਹਿਬ, ਤੁਸੀਂ ਕਾਫੀ ਸਮਾਂ ਲੈ ਚੁੱਕੇ ਹੋ, ਇਸ ਲਈ ਜਲਦੀ ਤੁਸੀਂ ਹੁਣ ਵਾਈਂਡ ਅੱਪ ਕਰ ਦਿਓ।

**ਸਰਦਾਰ ਸੁੱਚਾ ਸਿੰਘ ਛੋਟੇਪੁਰ :** ਡਿਪਟੀ ਸਪੀਕਰ ਸਾਹਿਬ, ਸਰਦਾਰ ਤੋਤਾ ਸਿੰਘ ਹੁਰੀਂ ਆਪਸ ਵਿੱਚ ਗੱਲਾਂ ਕਰੀ ਜਾ ਰਹੇ ਹਨ ਅਤੇ ਹਾਊਸ ਦੀ ਅਟੈਂਸ਼ਨ ਡਾਈਵਰਟ ਕਰ ਰਹੇ ਹਨ। ਇਨ੍ਹਾਂ ਨੂੰ ਚੁੱਪ ਕਰਕੇ ਬੈਠਣਾ ਚਾਹੀਦਾ ਹੈ । ਮੈਂ 10 ਮਿੰਟ ਵਿੱਚ ਹੀ ਖਤਮ ਕਰ ਦੇਣਾ ਹੈ । ਐਸ.ਵਾਈ.ਐਲ. ਦੇ ਮਸਲੇ ਨੂੰ ਜਿਸ ਢੰਗ ਨਾਲ ਮੁੱਖ ਮੰਤਰੀ ਕੈਪਟਨ ਸਾਹਿਬ ਨੇ ਲਿਆ, ਇਹ ਬੜਾ ਹੀ ਦਲੇਰੀ ਵਾਲਾ ਕਦਮ ਸੀ। ਉਨ੍ਹਾਂ ਨੇ ਆਪਣੀ ਕੁਰਸੀ ਨੂੰ ਖਤਰੇ ਵਿੱਚ ਪਾ ਕੇ, ਇਸ ਐਕਟ ਨੂੰ ਟਰਮੀਨੇਟ ਕਰਕੇ ਪੰਜਾਬ ਦੇ ਲੋਕਾਂ ਨੂੰ ਪਾਣੀ ਦੀ ਮੁਸ਼ਕਲਾਂ ਤੋਂ ਬਚਾਇਆ ਹੈ । ਜਦ ਕਿ ਪਿਛੇ ਅਕਾਲੀ ਪਾਰਟੀ ਦੀ ਸਰਕਾਰ ਵੀ ਰਹੀ, ਇਹ ਵੀ ਕੰਮ ਕਰ ਸਕਦੇ ਸਨ ਪਰ ਇਹ ਕੁਝ ਨਹੀਂ ਕਰ ਸਕੇ। ਇਹ ਗੱਲਾਂ ਇਨ੍ਹਾਂ ਨੇ ਨਹੀਂ ਕੀਤੀਆਂ । ਇਹ ਖੁੰਝ ਗਏ। ਮਾਨ ਸਨਮਾਨ ਕੁਦਰਤ ਨੇ ਜਿਸ ਨੂੰ ਦੇਣਾ ਹੁੰਦਾ ਹੈ, ਉਸ ਨੂੰ ਹੀ ਬਖਸ਼ਿਸ਼ ਕਰਦਾ ਹੈ। ਡਿਪਟੀ ਸਪੀਕਰ ਸਾਹਿਬ, ਇਤਿਹਾਸ ਵਿੱਚ ਮੁੱਖ ਮੰਤਰੀ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ, ਇਕ ਐਸਾ ਮੁੱਖ ਮੰਤਰੀ ਜਿਸ ਨੇ ਪੰਜਾਬ ਨੂੰ ਬੰਜਰ ਹੋਣ ਤੋਂ ਬਚਾਇਆ । ਡਿਪਟੀ ਸਪੀਕਰ ਸਾਹਿਬ, ਸਮਾਂ ਘੱਟ ਹੈ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਨੇ ਹੋਰ ਵੀ ਕਈ ਪੁਲਾਂਘਾਂ ਪੁੱਟੀਆਂ ਹਨ । ਇਨ੍ਹਾਂ ਨੇ ਕਿਹਾ ਹੈ, ਗੱਲ ਤਾਂ ਸਾਰੇ ਹੀ ਕਹਿੰਦੇ ਹਨ, ਪਰ ਕਰਦਾ ਕੋਈ ਕੋਈ ਹੈ । ਮੁੱਖ ਮੰਤਰੀ ਨੇ ਆਪਣੇ ਗਵਾਂਢੀ ਦੇਸ਼ ਨਾਲ ਆਪਣੇ ਸਬੰਧ ਸਾਂਝੇਦਾਰ ਬਣਾਉਣ ਵਾਸਤੇ ਵੱਡਾ ਉਪਰਾਲਾ ਕੀਤਾ ਹੈ । ਇੰਡੋ ਪਾਕ ਗੇਮਾਂ, ਪੰਜਾਬੀ ਕਾਨਫਰੰਸ, ਪੱਤਰਕਾਰਾਂ ਦਾ ਅਦਾਨ ਪ੍ਰਦਾਨ ਕੀਤਾ ਹੈ । ਇਹ ਆਪ ਪਾਕਿਸਤਾਨ ਜਾ ਕੇ ਆਏ ਹਨ ਤੇ ਉਥੇ ਜਾ ਕੇ ਨਨਕਾਣਾ ਸਾਹਿਬ ਨੂੰ ਜਾਣ ਵਾਲੀ ਫੋਰ ਲੇਨ ਸੜਕ ਦਾ ਨੀਂਹ ਪੱਥਰ ਰਖਿਆ ਹੈ, ਪੰਜਾ ਸਾਹਿਬ ਤੇ ਨਨਕਾਣਾ ਸਾਹਿਬ ਵਾਸਤੇ ਸੋਨੇ ਦੀ ਪਾਲਕੀ ਚੜ੍ਹਾ ਕੇ ਆਏ ਹਨ। ਫੇਰ, ਡਿਪਟੀ ਸਪੀਕਰ ਸਾਹਿਬ, ਕਟਾਸਰਾਜ ਬਾਰੇ ਮੈਂ ਦੱਸਦਾ ਹਾਂ । ਪਾਕਿਸਤਾਨ ਤਾਂ ਸਾਡੇ ਸਾਬਕਾ ਮੁੱਖ ਮੰਤਰੀ ਸਾਹਿਬ ਵੀ ਗਏ ਸਨ । ਇਹ ਉਦੋਂ ਦੇ ਪ੍ਰਧਾਨ ਮੰਤਰੀ ਸ਼੍ਰੀ ਵਾਜਪਾਈ ਦੇ ਨਾਲ ਗਏ ਸਨ। ਇਹ ਨਾ ਨਨਕਾਣਾ ਸਾਹਿਬ ਵਾਸਤੇ ਕੁਝ ਕਰਕੇ ਆਏ ਤੇ ਨਾ ਪੰਜਾ ਸਾਹਿਬ ਵਾਸਤੇ ਕੁਝ ਕੀਤਾ। ਗਵਾਂਢੀ ਮੁਲਕ ਨਾਲ ਸਬੰਧ ਸੁਧਾਰਨ ਵਾਲੇ ਪਾਸੇ ਵੀ ਕੁਝ ਨਹੀਂ ਕੀਤਾ। ਇਹ ਕਟਾਸਰਾਜ ਵੀ ਨਹੀਂ ਗਏ । ਇਹ ਜਿਹੜੇ ਅਯੁੱਧਿਆ ਦੇ ਮਸਲੇ ਦੀ ਗੱਲ ਕਰਦੇ ਹਨ, ਉਥੇ ਹੀ ਕੋਈ ਉਪਰਾਲਾ ਕਰ ਲੈਣਾ ਸੀ । ਉਥੇ ਜਾ ਕੇ 50 ਲੱਖ, 1 ਕਰੋੜ ਰੁਪਿਆ ਦੇ ਦੇਣਾ ਸੀ। ਕਟਾਸਰਾਜ ਦੇ ਮੰਦਰ ਦੀ ਹਾਲਤ ਦੇਖੀਦੀ ਹੈ ਤਾਂ ਸ਼ਰਮ ਆਉਂਦੀ ਹੈ । ਆਪਣੇ ਮੁੱਖ ਮੰਤਰੀ ਸਾਹਿਬ ਉਥੇ 11 ਲੱਖ ਰੁਪਿਆ ਦੇ ਕੇ ਆਏ ਹਨ। (ਥੰਪਿੰਗ) ਇਹ ਇਕ ਬਹੁਤ ਵੱਡੀ ਗੱਲ ਹੈ । ਇਨ੍ਹਾਂ ਦੇ ਵਿੱਚ ਤੇ ਮੁੱਖ ਮੰਤਰੀ ਦੇ ਵਿਚ ਇਹੀ ਫਰਕ ਹੈ । ਅੰਮ੍ਰਿਤਸਰ, ਗੁਰਦਾਸਪੁਰ ਤੇ ਫਿਰੋਜ਼ਪੁਰ ਬਾਰਡਰ ਦੇ ਜ਼ਿਲ੍ਹਿਆਂ ਦੇ

[ਸਰਦਾਰ ਸੁੱਚਾ ਸਿੰਘ ਛੋਟੇਪੁਰ]

ਕੋਲੋਂ ਇਕ ਗੋਲੀ ਵੀ ਚਲਦੀ ਸੀ ਤਾਂ ਉਥੋਂ ਦੇ ਲੋਕੀਂ ਮਾਈਗਰੇਟ ਕਰਕੇ ਚਲੇ ਜਾਂਦੇ ਸਨ । ਜੇ ਹਾਲਾਤ ਸੁਧਰਨਗੇ ਤਾਂ ਸਟੇਬਿਲਟੀ ਆਵੇਗੀ, ਲੋਕਾਂ ਦਾ ਵਿਸ਼ਵਾਸ ਵਧੇਗਾ ਤਾਂ ਪ੍ਰਾਪਰਟੀ ਦੇ ਰੇਟ ਵੀ ਵਧਣਗੇ । ਅੱਜ, ਡਿਪਟੀ ਸਪੀਕਰ ਸਾਹਿਬ, ਦੇਖ ਲਓ, ਅੰਮ੍ਰਿਤਸਰ ਵਿਚ ਪਲਾਟਾਂ ਦੇ ਰੇਟ, ਲੋਕਾਂ ਦੀਆਂ ਜ਼ਮੀਨਾਂ ਦੇ ਰੇਟ ਕਿੰਨੇ ਵੱਧ ਗਏ ਹਨ ਤੇ ਉਥੇ ਕਿੰਨੇ ਨਵੇਂ ਕਾਰੋਬਾਰ ਸਥਾਪਤ ਹੋ ਗਏ ਹਨ। (ਥੰਪਿੰਗ) ਇਸ ਸਭ ਦਾ ਕ੍ਰੈਡਿਟ ਮੁੱਖ ਮੰਤਰੀ ਨੂੰ ਜਾਂਦਾ ਹੈ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਇਕ ਬੇਨਤੀ ਮੁੱਖ ਮੰਤਰੀ ਸਾਹਿਬ ਨੂੰ ਵੀ ਕਰਨੀ ਚਾਹੁੰਦਾ ਹਾਂ। ਜਿਥੇ ਇਨ੍ਹਾਂ ਨੇ ਪੰਜਾਬ ਦੀਆਂ ਜ਼ਮੀਨਾਂ ਨੂੰ ਬਚਾਉਣ ਵਾਸਤੇ ਉਪਰਾਲਾ ਕੀਤਾ ਹੈ, ਇਨ੍ਹਾਂ ਦੇ ਮਨ ਵਿੱਚ ਹਮਦਰਦੀ ਹੈ, ਮੇਰੀ ਤੁਹਾਡੇ ਰਾਹੀਂ ਇਨ੍ਹਾਂ ਨੂੰ ਸਾਰੇ ਹਾਊਸ ਦੇ ਸਾਹਮਣੇ ਬੇਨਤੀ ਹੈ ਕਿ ਛੋਟਾ ਜ਼ਿਮੀਂਦਾਰ ਅੱਜ ਮਰ ਚੁੱਕਾ ਹੈ । ਉਸਦੀ ਹਾਲਤ ਇਕ ਮੰਗਤੇ ਨਾਲੋਂ ਵੀ ਮਾੜੀ ਹੈ । ਜਿਥੇ ਪੰਜਾਬ ਦਾ ਮੁੱਖ ਮੰਤਰੀ ਜ਼ਿਮੀਂਦਾਰ ਦਾ ਹਮਦਰਦ ਹੈ, ਮੈਂ 100 ਏਕੜ ਵਾਲੇ ਦਾ ਜ਼ਿਕਰ ਨਹੀਂ ਕਰਦਾ, 50 ਏਕੜ ਵਾਲੇ ਦਾ ਜ਼ਿਕਰ ਨਹੀਂ ਕਰਦਾ, ਮੇਰੀ ਅਪੀਲ ਹੈ ਕਿ 1 ਤੋਂ 7 ਏਕੜ ਵਾਲੇ ਜ਼ਿਮੀਂਦਾਰ ਦਾ ਬਿਜਲੀ ਪਾਣੀ ਫਰੀ ਕਰੋ ਤਾਂਕਿ ਪੰਜਾਬ ਦਾ ਅਸਲੀ ਵਾਰਸ ਜਿਹੜਾ ਹੈ, ਉਹ ਬਚ ਜਾਵੇ। ਜੇ ਛੋਟਾ ਕਿਸਾਨ ਬਚਿਆ ਰਹਿ ਗਿਆ ਤਾਂ ਪੰਜਾਬ ਬਚੇਗਾ। ਉਸਨੂੰ ਭੁੱਲ ਕੇ ਅਸੀਂ ਪੰਜਾਬ ਨੂੰ ਤਬਾਹ ਨਾ ਕਰ ਲਈਏ। ਮੁੱਖ ਮੰਤਰੀ ਪੰਜਾਬ ਦੇ ਛੋਟੇ ਕਿਸਾਨ ਦਾ ਬਿਜਲੀ ਪਾਣੀ ਫਰੀ ਕਰਨ, ਉਸਦੇ ਕਰਜ਼ੇ ਮੁਆਫ ਕਰਨ । ਇਹ ਪੰਜਾਬ ਨੂੰ ਜਿੰਦਾ ਰੱਖਣ ਵਾਸਤੇ ਜ਼ਰੂਰੀ ਹੈ।

ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਪਾਕਿਸਤਾਨ ਗਏ ਤੇ ਆਪਣੇ ਨਾਲ ਪੰਜਾਬ ਦੇ 21 ਬੱਚੇ ਲੈ ਕੇ ਆਏ ਤੇ ਅਗਲੇ ਦਿਨ 600 ਮਛਿਆਰੇ ਆਏ । ਮੁੱਖ ਮੰਤਰੀ ਨੇ ਇਹ ਚੰਗਾ ਉਪਰਾਲਾ ਕੀਤਾ ਹੈ। ਇਹ ਮੇਰੇ ਵੀਰ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਗਏ, ਇਹ ਉਥੋਂ ਭੇਡੂ ਲੈ ਕੇ ਆਏ ਸੀ।

**ਇਕ ਆਵਾਜ :** ਇਹ ਵੀ ਘੋੜਾ ਲੈ ਕੇ ਆਏ ਹਨ ।

**ਸਰਦਾਰ ਸੁੱਚਾ ਸਿੰਘ ਛੋਟੇਪੁਰ :** ਉਹ ਪੰਜਾਬ ਦੇ ਬੱਚੇ ਲੈ ਕੇ ਆਇਆ ਹੈ ਤੇ ਘੋੜਾ ਵੀ ਲੈ ਕੇ ਆਇਆ ਹੈ। ਕਿਥੇ ਰਾਮ ਰਾਮ, ਕਿਥੇ ਟੈਂ ਟੈਂ। (ਥੰਪਿੰਗ) ਉਨ੍ਹਾਂ ਨੇ ਘੋੜਾ ਵੀ ਲਿਆ ਕੇ ਪੀ.ਏ.ਪੀ. ਦੇ ਸਪੁਰਦ ਕਰ ਦਿੱਤਾ ਹੈ, ਆਪਣੇ ਘਰ ਨਹੀਂ ਰਖ ਲਿਆ । ਡਿਪਟੀ ਸਪੀਕਰ ਸਾਹਿਬ, ਮੇਰੀ ਮੁੱਖ ਮੰਤਰੀ ਸਾਹਿਬ ਨੂੰ ਇਸ ਦੇ ਨਾਲ ਇਕ

ਬੇਨਤੀ ਇਹ ਵੀ ਹੈ ਕਿ ਜਿਥੇ ਤੁਸੀਂ ਪੰਜਾਬ ਦੇ ਬੱਚੇ ਜਿਹੜੇ ਆਰਥਿਕ ਤੰਗੀ ਕਾਰਨ ਬਾਹਰਲੇ ਮੁਲਕਾਂ ਵਿੱਚ ਜਾ ਰਹੇ ਸਨ ਤੇ ਉਨ੍ਹਾਂ ਦੀਆਂ ਜੇਲ੍ਹਾਂ ਵਿਚ ਕਈ ਸਾਲਾਂ ਤੋਂ ਡੱਕੇ ਹੋਏ ਸਨ, ਜਿਥੇ ਤੁਸੀਂ ਉਨ੍ਹਾਂ ਨੂੰ ਤੇ ਹਿੰਦੁਸਤਾਨ ਦੇ ਮਛੁਆਰਿਆਂ ਨੂੰ ਛੁਡਾ ਕੇ ਲਿਆਏ ਹੋ, ਮੇਰੀ ਅਪੀਲ ਹੈ ਕਿ ਜੇ ਤੁਸੀਂ ਪੰਜਾਬ ਦੇ ਹਾਲਾਤ ਸੁਖਾਵੇਂ ਕਰਨਾ ਚਾਹੁੰਦੇ ਹੋ ਤਾਂ ਜਿਹੜੇ ਆਪਣੇ ਬੱਚੇ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਡੱਕੇ ਪਏ ਹਨ, ਹਿੰਦੁਸਤਾਨ ਦੀਆਂ ਤੇ ਪੰਜਾਬ ਦੀਆਂ ਜੇਲ੍ਹਾਂ ਵਿੱਚ, ਉਨ੍ਹਾਂ ਦੇ ਜੰਦਰੇ ਵੀ ਚਾਬੀਆਂ ਲਾ ਕੇ ਖੁਲ੍ਹਵਾ ਦੇਣ । ਉਹ ਵੀ ਬੱਚੇ ਬਾਹਰ ਆਉਣ । ਕਿਉਂਕਿ ਜੇ ਨਾਗਾਲੈਂਡ ਵਿੱਚ ਜਿਹੜੇ ਬੰਦੇ ਹਿੰਦੁਸਤਾਨ ਦੀ ਫੌਜ ਨਾਲ ਫੌਜ ਦੀ ਵਰਦੀ ਪਾ ਕੇ ਲੜਦੇ ਸਨ, ਉਨ੍ਹਾਂ ਨਾਲ ਗੱਲ ਹੋ ਸਕਦੀ ਹੈ, ਆਂਧਰਾ ਵਾਲਿਆਂ ਨਾਲ ਟੇਬਲ ਤੇ ਗੱਲ ਹੋ ਸਕਦੀ ਹੈ, ਜੇ ਵੱਸਣ ਸਿੰਘ ਜ਼ਫਰਵਾਲ ਵਰਗੇ 25-25 ਲੱਖ ਰੁਪਏ ਦੇ ਇਨਾਮੀ ਮੁਜ਼ਰਮ ਛੱਡੇ ਜਾ ਸਕਦੇ ਹਨ ਤਾਂ ਇਹ ਕਿਉਂ ਨਹੀਂ ਛੱਡੇ ਜਾ ਸਕਦੇ । ਇਨ੍ਹਾਂ ਦਾ ਕੀ ਕਸੂਰ ਹੈ । ਉਹ ਆਪਣੀਆਂ ਸਜ਼ਾਵਾਂ ਕਦੋਂ ਦੀਆਂ ਪੂਰੀਆਂ ਕਰਕੇ ਬੈਠੇ ਹਨ ਅਤੇ ਹਾਲੇ ਵੀ ਬੜੇ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੈਠੇ ਹਨ । ਉਨ੍ਹਾਂ ਨੂੰ ਜਲਦੀ ਤੋਂ ਜਲਦੀ ਰਿਹਾਅ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ । (ਥੰਪਿੰਗ) ਇਸ ਦੇ ਨਾਲ ਹੀ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਮਾਨਯੋਗ ਡਿਪਟੀ ਸਪੀਕਰ :** ਹੁਣ ਸਰਦਾਰ ਤੋਤਾ ਸਿੰਘ ਜੀ। ਸਰਦਾਰ ਤੋਤਾ ਸਿੰਘ ਜੀ, ਤੁਹਾਡੇ ਬਹੁਤ ਸਾਰੇ ਮੈਂਬਰਾਂ ਨੇ ਬੋਲਣਾ ਹੈ, ਇਸ ਕਰਕੇ ਤੁਸੀਂ 10 ਮਿੰਟਾਂ ਵਿੱਚ ਖ਼ਤਮ ਕਰ ਦਿਓ ।

**ਸਰਦਾਰ ਤੋਤਾ ਸਿੰਘ (ਮੋਗਾ) :** ਮੈਂ 20 ਮਿੰਟ ਲੈਣੇ ਹਨ ਜੀ। ਉਸ ਤੋਂ ਬਾਅਦ ਇਕ ਮਿੰਟ ਵੀ ਹੋਰ ਨਹੀਂ ਲਵਾਂਗਾ ।

ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਭਾਸ਼ਣ ਦੇ ਉਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਹੜਾ ਇਸ ਹਾਊਸ ਵਿੱਚ ਰਾਣਾ ਕੰਵਰਪਾਲ ਸਿੰਘ ਜੀ ਨੇ ਲਿਆਂਦਾ ਹੈ। ਇਹ ਆਪ ਬੜੇ ਸੂਝਵਾਨ ਹਨ। ਇਨ੍ਹਾਂ ਨੇ ਗਵਰਨਰ ਦੇ ਭਾਸ਼ਣ ਦੀਆਂ ਬੜੀਆਂ ਸਿਫ਼ਤਾਂ ਕੀਤੀਆਂ ਹਨ ਪ੍ਰੰਤੂ ਬੜਾ ਚੰਗਾ ਹੁੰਦਾ ਜੇਕਰ ਨਾਲ ਦੀ ਨਾਲ ਇਹ ਉਸ ਦੀਆਂ ਖਾਮੀਆਂ ਵੀ ਦੱਸ ਦਿੰਦੇ । ਛੋਟੇਪੁਰ ਜੀ ਨੇ ਕਿਹਾ ਕਿ ਮੈਂ ਇਸ ਦੀਆਂ ਖਾਮੀਆਂ ਵੀ ਦੱਸਾਂਗਾ ਅਤੇ ਗੁਣ ਵੀ ਦੱਸਾਂਗਾ । ਉਹ ਵੀ ਇਸ ਦੀ ਕੁਝ ਜ਼ਿਆਦਾ ਹੀ ਵਡਿਆਈ ਕਰ ਗਏ ਹਨ । ਡਿਪਟੀ

[ਸਰਦਾਰ ਤੋਤਾ ਸਿੰਘ]
ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਾਣ ਕਰਦਾ ਹਾਂ । 400 ਸਾਲਾ ਸ਼ਤਾਬਦੀ ਮੌਕੇ ਤੇ ਤੁਸੀਂ ਇਕ ਬੜਾ ਖੋਜ ਭਰਪੂਰ ਲੇਖ ਲਿਖ ਕੇ ਭੇਜਿਆ ਸੀ। ਉਸ ਦੇ ਲਈ ਮੈਂ ਤੁਹਾਡਾ ਟੈਲੀਫੋਨ ਤੇ ਵੀ ਧੰਨਵਾਦ ਕੀਤਾ ਸੀ । ਤੁਹਾਡੇ ਉਸ ਲੇਖ ਨੇ ਸਾਡੇ ਗਿਆਨ ਵਿੱਚ ਬੜਾ ਵਾਧਾ ਕੀਤਾ ਸੀ। ਤੁਸੀਂ ਪੰਜਾਬ ਦੇ ਇਕ ਚੰਗੇ ਵਿਦਵਾਨ ਹੋ।

ਜਿਥੋਂ ਤੱਕ ਗਵਰਨਰ ਦੇ ਭਾਸ਼ਣ ਦਾ ਸਬੰਧ ਹੈ, ਮੈਂ ਸਿਰਫ਼ ਨੁਕਤਾਚੀਨੀ ਦੀ ਖ਼ਾਤਰ ਹੀ ਇਸ ਤੇ ਨਹੀਂ ਬੋਲਾਂਗਾ ਬਲਕਿ ਤੱਥਾਂ ਦੇ ਆਧਾਰ ਤੇ ਬੋਲਾਂਗਾ। ਸਭ ਤੋਂ ਪਹਿਲਾਂ ਮੈਂ ਸਿੱਖਿਆ ਮਹਿਕਮੇ ਤੇ ਬੋਲਣਾ ਚਾਹੁੰਦਾ ਹਾਂ ਜਿਸ ਦੇ ਨਾਲ ਮੇਰਾ ਕਾਫੀ ਸਬੰਧ ਰਿਹਾ ਹੈ। ਐਫ.ਐਮ. ਸਾਹਿਬ ਬੋਲ ਰਹੇ ਸਨ ਤਾਂ ਮੈਨੂੰ ਸੁਣ ਕੇ ਬੜਾ ਦੁੱਖ ਹੋਇਆ ਕਿ ਪੰਜਾਬ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ ਪਹਿਲਾਂ 18 ਲੱਖ ਬੱਚੇ ਸਨ ਜੋ ਘਟ ਕੇ ਹੁਣ 13 ਲੱਖ ਰਹਿ ਗਏ ਹਨ । ਇਸ ਦਾ ਕਾਰਨ ਉਹ ਇਹ ਦੱਸ ਰਹੇ ਸਨ ਕਿ ਬੱਚੇ ਪ੍ਰਾਈਵੇਟ ਸਕੂਲਾਂ ਵਾਲੇ ਪਾਸੇ ਜ਼ਿਆਦਾ ਜਾ ਰਹੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਇਕ ਭੁਲੇਖਾ ਹੈ । ਪ੍ਰਾਇਮਰੀ ਸਕੂਲਾਂ ਵਿੱਚ ਆਮ ਤੌਰ ਤੇ ਗਰੀਬਾਂ ਅਤੇ ਮਜ਼ਦੂਰਾਂ ਦੇ ਬੱਚੇ ਪੜ੍ਹਦੇ ਹਨ । ਉਹ ਪ੍ਰਾਈਵੇਟ ਸਕੂਲਾਂ ਵਿੱਚ ਨਹੀਂ ਗਏ ਕਿਉਂਕਿ ਉਹ ਤਾਂ ਸਰਕਾਰੀ ਸਕੂਲਾਂ ਦੀ ਫ਼ੀਸ ਨਹੀਂ ਦੇ ਸਕਦੇ, ਪ੍ਰਾਈਵੇਟ ਸਕੂਲਾਂ ਦੀ ਫ਼ੀਸ ਦੇਣੀ ਤਾਂ ਇਕ ਪਾਸੇ ਰਹੀ । ਫ਼ੀਸ ਨਾ ਦੇ ਸਕਣ ਕਰਕੇ ਉਹ ਬੱਚੇ ਘਰੀਂ ਰਹਿ ਗਏ । ਇਸ ਤੋਂ ਇਲਾਵਾ ਬਹੁਤ ਸਾਰੇ ਸਕੂਲ ਐਸੇ ਹਨ ਜਿਥੇ ਟੀਚਰ ਹੀ ਨਹੀਂ ਹਨ। ਤੀਸਰਾ ਹਿੱਸਾ ਸਕੂਲ ਖਾਲੀ ਪਏ ਹਨ । ਪ੍ਰਾਇਮਰੀ ਸਕੂਲਾਂ ਵਿੱਚ 28 ਹਜ਼ਾਰ ਤੋਂ ਵੱਧ ਟੀਚਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ । ਇਹ ਭਾਸ਼ਣ ਤਾਂ ਹੀ ਚੰਗਾ ਸਮਝਿਆ ਜਾ ਸਕਦਾ ਸੀ ਜੇਕਰ ਇਸ ਦੇ ਵਿੱਚ ਇਨ੍ਹਾਂ ਗਰੀਬ ਬੱਚਿਆਂ ਦੀ ਪੜ੍ਹਾਈ ਦਾ ਖਿਆਲ ਰੱਖਿਆ ਜਾਂਦਾ ਅਤੇ ਪੋਸਟਾਂ ਛੇਤੀ ਤੋਂ ਛੇਤੀ ਭਰਨ ਦੀ ਗੱਲ ਕੀਤੀ ਜਾਂਦੀ । ਕਿਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਗਰੀਬ ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਜਾ ਰਹੇ ਹਨ ।

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਹ ਬੜਾ ਵੱਡਾ ਅਦਾਰਾ ਹੈ । 10ਵੀਂ/12ਵੀਂ ਦੇ ਤਕਰੀਬਨ 18 ਲੱਖ ਬੱਚੇ ਇਸ ਬੋਰਡ ਰਾਹੀਂ ਇਮਤਿਹਾਨ ਦਿੰਦੇ ਹਨ। ਇਸ ਬੋਰਡ ਦਾ ਇਸ ਵੇਲੇ ਮੁਹਾਲੀ ਵਿਖੇ ਕੇਵਲ ਇਕ ਹੀ ਸੈਂਟਰ ਹੈ। ਇਸ ਬੋਰਡ ਵਿੱਚ ਲੱਖਾਂ ਕਲੈਰੀਕਲ ਮਿਸਟੇਕਸ ਹੁੰਦੀਆਂ ਰਹਿੰਦੀਆਂ ਹਨ ਅਤੇ ਇਸੇ ਚੱਕਰ ਵਿੱਚ ਲੋਕਾਂ ਨੂੰ ਮੋਹਾਲੀ ਭੱਜਣਾ ਪੈਂਦਾ ਹੈ । ਸੀ.ਬੀ.ਐਸ.ਈ. ਦਾ

ਮੇਨ ਸੈਂਟਰ ਦਿੱਲੀ ਵਿੱਚ ਹੈ ਅਤੇ ਉਸ ਦਾ ਰੀਜ਼ਨਲ ਸੈਂਟਰ ਚੰਡੀਗੜ੍ਹ ਵਿੱਚ ਹੈ। ਇਸੇ ਤਰਜ਼ ਤੋਂ ਜੁਲਾਈ, 2001 ਵਿੱਚ ਫੈਸਲਾ ਕੀਤਾ ਗਿਆ ਸੀ ਕਿ ਐਜੂਕੇਸ਼ਨ ਬੋਰਡ ਦੇ ਵੀ 3 ਸੈਂਟਰ ਪੰਜਾਬ ਵਿੱਚ ਬਣਾਏ ਜਾਣਗੇ। ਇਕ ਸੈਂਟਰ ਮੋਗੇ ਵਿਖੇ ਬਣਾਇਆ ਜਾਣਾ ਸੀ ਅਤੇ ਉਸ ਦੇ ਨਾਲ 4 ਜ਼ਿਲ੍ਹੇ ਅਟੈਚ ਕੀਤੇ ਗਏ ਸਨ। ਦੂਜਾ ਜਲੰਧਰ ਵਿੱਚ ਬਣਾਇਆ ਜਾਣਾ ਸੀ ਅਤੇ ਉਸ ਦੇ ਨਾਲ 4 ਜ਼ਿਲ੍ਹੇ ਅਟੈਚ ਕੀਤੇ ਗਏ ਸਨ ਅਤੇ ਤੀਸਰਾ ਸੰਗਰੂਰ ਵਿੱਚ ਬਣਾਇਆ ਜਾਣਾ ਸੀ ਅਤੇ ਉਸ ਦੇ ਨਾਲ ਵੀ 4 ਜ਼ਿਲ੍ਹੇ ਅਟੈਚ ਕੀਤੇ ਗਏ ਸਨ । ਮੋਗੇ ਵਾਲਾ ਸੈਂਟਰ 2002 ਨੂੰ ਮੁਕੰਮਲ ਹੋ ਚੁੱਕਾ ਹੈ ਅਤੇ ਫਿਰ ਜਲੰਧਰ ਅਤੇ ਸੰਗਰੂਰ ਵਾਲਾ ਸੈਂਟਰ 2004 ਵਿੱਚ ਮੁਕੰਮਲ ਹੋਣਾ ਸੀ । ਫੈਸਲਾ ਕੀਤਾ ਗਿਆ ਸੀ ਕਿ 3 ਸਾਲਾਂ ਵਿੱਚ ਇਹ ਰੀਜ਼ਨਲ ਸੈਂਟਰ ਬਣਾ ਦਿੱਤੇ ਜਾਣਗੇ ਤਾਂ ਕਿ ਲੋਕਾਂ ਨੂੰ ਦੂਰੋਂ ਚੱਲ ਕੇ ਮੋਹਾਲੀ ਨਾ ਆਉਣਾ ਪਵੇ । ਪ੍ਰੰਤੂ ਕਿਸੇ ਕਾਰਨ ਇਹ ਸੈਂਟਰ ਮੁਕੰਮਲ ਨਹੀਂ ਹੋ ਸਕੇ । ਇਸ ਸਬੰਧੀ ਅੱਗੇ ਕੋਈ ਕਾਰਵਾਈ ਨਹੀਂ ਹੋਈ । ਕੱਲ੍ਹ ਹੀ ਮੈਂ ਅਖਬਾਰ ਵਿੱਚ ਪੜ੍ਹ ਰਿਹਾ ਸੀ ਕਿ 28 ਮਾਰਚ ਨੂੰ ਇਕ ਮੀਟਿੰਗ ਹੋਈ ਸੀ ਜਿਸ ਵਿੱਚ ਇਹ ਫੈਸਲਾ ਹੋਇਆ ਕਿ 2001 ਵਿੱਚ ਜੋ ਫੈਸਲਾ ਹੋਇਆ ਸੀ, ਉਸ ਮੁਤਾਬਿਕ ਇਹ ਸੈਂਟਰ ਮੁਕੰਮਲ ਕਰ ਦਿੱਤੇ ਜਾਣਗੇ ।

ਐਜੂਕੇਸ਼ਨ ਦੇ ਸਬੰਧ ਵਿੱਚ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਜਿਸ ਨੂੰ ਸਾਨੂੰ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਹਾਸੇ ਵਿੱਚ ਨਹੀਂ ਲੈਣਾ ਚਾਹੀਦਾ। ਇਕ ਸਮਾਂ ਸੀ ਜਦੋਂ ਪ੍ਰੀ-ਮੈਡੀਕਲ ਅਤੇ ਪ੍ਰੀ-ਇੰਜੀਨੀਅਰਿੰਗ ਐਜੂਕੇਸ਼ਨ ਵਿੱਚ ਬੱਚੇ ਪੜ੍ਹਦੇ ਸਨ। ਪਿੰਡਾਂ ਦੇ ਵੀ ਅਤੇ ਸ਼ਹਿਰਾਂ ਦੇ ਵੀ। ਉਨ੍ਹਾਂ ਦੀ ਗਿਣਤੀ ਇੰਨੀ ਜ਼ਿਆਦਾ ਸੀ ਕਿ ਉਹ ਦੂਜੇ ਸੂਬਿਆਂ ਵਿਚ ਵੀ ਪੜ੍ਹਨ ਜਾਂਦੇ ਸਨ ਸਗੋਂ ਵਿਦੇਸ਼ਾਂ ਵਿੱਚ ਵੀ ਜਾਂਦੇ ਸਨ। ਬਾਦਲ ਸਾਹਿਬ ਦੀ ਸਰਕਾਰ ਵੇਲੇ ਪੰਜਾਬ ਵਿੱਚ ਬਹੁਤ ਸਾਰੇ ਇੰਜੀਨੀਅਰਿੰਗ ਕਾਲਜ ਖੋਲ੍ਹੇ ਗਏ। ਇਸ ਦੇ ਨਤੀਜੇ ਵਜੋਂ ਇਥੇ 10 ਹਜ਼ਾਰ ਸੀਟਾਂ ਹੋ ਗਈਆਂ । ਪਰ ਬੜੇ ਦੁੱਖ ਦੀ ਗੱਲ ਹੈ ਕਿ ਇਸ ਵੇਲੇ ਇੰਜੀਨੀਅਰਿੰਗ ਕਾਲਜਾਂ ਦੀਆਂ 33% ਸੀਟਾਂ ਖਾਲੀ ਪਈਆਂ ਹਨ। ਉਸਦਾ ਕਾਰਨ ਹੈ ਕਿ ਜਿਨ੍ਹਾਂ ਨੇ ਪਲੱਸ ਟੂ ਵਿੱਚ ਇੰਜੀਨੀਅਰਿੰਗ ਕੀਤੀ ਹੁੰਦੀ ਹੈ ਉਨ੍ਹਾਂ ਦੇ 50% ਨੰਬਰ ਨਹੀਂ ਹਨ, ਇਸ ਕਰਕੇ ਬੱਚਿਆਂ ਦੀ ਗਿਣਤੀ ਪੂਰੀ ਨਹੀਂ ਹੁੰਦੀ। ਕਦੇ ਬੱਚੇ ਸਾਊਥ ਵਿੱਚ ਪੜ੍ਹਦੇ ਸਨ ਅਤੇ ਕਿੱਥੇ ਅੱਜ ਪੰਜਾਬ ਦੇ ਵਿੱਚ ਹਰਿਆਣੇ ਤੋਂ ਅਤੇ ਦਿੱਲੀ ਤੋਂ ਪੜ੍ਹਨ ਆਉਂਦੇ ਹਨ । ਪਰ ਸਾਡੇ ਬੱਚੇ ਪੜ੍ਹ ਨਹੀਂ ਸਕਦੇ ਕਿਉਂਕਿ ਪਲੱਸ ਟੂ ਵਿੱਚ ਗਿਣਤੀ ਬਹੁਤ ਘੱਟ ਹੈ । ਇਸ ਲਈ ਇੱਧਰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਸੀ । ਚਾਹੇ 10 ਪਿੰਡਾਂ ਦੇ ਵਿੱਚ ਇਕ ਸਕੂਲ ਚਲਾਇਆ ਜਾਂਦਾ ਤਾਂ ਕਿ ਕਿਸੇ ਢੰਗ ਦੇ ਨਾਲ ਪ੍ਰੀ-

[ਸਰਦਾਰ ਤੋਤਾ ਸਿੰਘ]

ਇੰਜੀਨੀਅਰਿੰਗ ਅਤੇ ਪ੍ਰੀ-ਮੈਡੀਕਲ ਵਾਸਤੇ ਪਿੰਡਾਂ ਦੇ ਬੱਚੇ ਸਕੂਲਾਂ ਵਿੱਚ ਪੜ੍ਹ ਸਕਣ । ਉਸ ਦੇ ਕੀ ਕਾਰਨ ਹਨ । ਜਿਹੜੇ ਬੱਚੇ ਪ੍ਰੀ-ਇੰਜੀਨੀਅਰਿੰਗ ਅਤੇ ਪ੍ਰੀ-ਮੈਡੀਕਲ ਦੇ ਵਿੱਚ ਪੜ੍ਹਦੇ ਹਨ ਜੇਕਰ ਇਕ ਲੈਕਚਰ ਵੀ ਘੱਟ ਜਾਵੇ ਤਾਂ ਉਸ ਦਾ ਸਾਰਾ ਸਿਸਟਮ ਹੀ ਬਰਬਾਦ ਹੋ ਜਾਂਦਾ ਹੈ । ਪ੍ਰੀ-ਇੰਜੀਨੀਅਰਿੰਗ ਦੇ ਲਈ ਚਾਰ ਸਬਜੈਕਟ ਜ਼ਰੂਰੀ ਹੁੰਦੇ ਹਨ । ਫਿਜੀਕਸ, ਕਮਿਸਟਰੀ, ਮੈਥ ਅਤੇ ਇੰਗਲਿਸ਼ ਪ੍ਰੀ-ਇੰਜੀਨੀਅਰਿੰਗ ਦੇ ਵਿੱਚ ਪੜ੍ਹਾਏ ਜਾਂਦੇ ਹਨ । ਜੇਕਰ ਉਨ੍ਹਾਂ ਵਿੱਚੋਂ ਇਕ ਲੈਕਚਰ ਵੀ ਘੱਟ ਜਾਵੇ ਤਾਂ ਪ੍ਰੀ-ਇੰਜੀਨੀਅਰਿੰਗ ਗਰੁੱਪ ਖ਼ਤਮ ਹੋ ਜਾਂਦਾ ਹੈ । ਪ੍ਰੀ-ਮੈਡੀਕਲ ਦੇ ਵਿੱਚ ਫਿਜੀਕਸ, ਕਮਿਸਟਰੀ, ਬਾਇਲੋਜੀ ਪੜ੍ਹਾਏ ਜਾਂਦੇ ਹਨ । ਜੇਕਰ ਇਕ ਲੈਕਚਰ ਵੀ ਘੱਟ ਜਾਵੇ ਤਾਂ ਬੱਚੇ ਛੱਡ ਜਾਂਦੇ ਹਨ । ਇਸ ਪਾਸੇ ਵੱਲ ਕੋਈ ਠੋਸ ਧਿਆਨ ਨਹੀਂ ਦਿੱਤਾ ਗਿਆ । ਇਨ੍ਹਾਂ ਤਿੰਨ ਸਾਲਾਂ ਦੇ ਵਿੱਚ ਲੈਕਚਰਾਰ ਲਾਏ ਨਹੀਂ, ਉਸ ਦਾ ਸਿੱਟਾ ਅੱਜ ਇਹ ਨਿਕਲਿਆ ਕਿ ਪਲੱਸ ਟੂ ਦੇ ਬੱਚੇ ਪ੍ਰੀ-ਇੰਜੀਨੀਅਰਿੰਗ ਅਤੇ ਪ੍ਰੀ-ਮੈਡੀਕਲ ਦੇ ਵਿੱਚ ਨਹੀਂ ਮਿਲ ਰਹੇ । ਇਸ ਲਈ ਇਧਰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ । ਗਵਰਨਰਜ਼ ਐਡਰੈਸ ਦੇ ਵਿੱਚ ਇਸ ਚੀਜ਼ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ । ਦੂਸਰਾ, ਮੈਂ ਪਾਣੀ ਦੇ ਮਸਲੇ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ । ਬੜੀ ਵਡਿਆਈ ਇੱਥੇ ਦਿੱਤੀ ਗਈ । ਇਹ ਤਾਂ ਨੌ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ ਵਾਲੀ ਗੱਲ ਹੈ । ਜੇ ਆਪਾਂ ਪਾਣੀ ਦੇ ਮਸਲੇ ਤੇ ਸਾਰੇ ਅੰਕੜੇ ਲਈਏ ਤਾਂ ਪਤਾ ਲੱਗੇਗਾ । ਅਸਲੀਅਤ ਵਿੱਚ ਸਮੁੱਚੇ ਪੰਜਾਬ ਦਾ ਪਾਣੀ ਕੀ ਸੀ । ਜਦੋਂ ਸਮੁੱਚਾ ਪੰਜਾਬ ਸੀ, ਮੈਂ ਤੁਹਾਡੇ ਰਾਹੀਂ ਸਮੂਹ ਮੈਂਬਰ ਸਾਹਿਬਾਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਸਿੰਧ ਦਰਿਆ ਜੋ ਕਿ ਪਾਕਿਸਤਾਨ ਦੇ ਵਿੱਚ ਚਲਦਾ ਹੈ, ਥੋੜ੍ਹਾ ਜਿਹਾ ਪੰਜਾਬ ਦੇ ਵਿੱਚੋਂ ਵੀ ਗੁਜ਼ਰਦਾ ਹੈ ਔਰ ਉਸਦਾ ਲਗਭਗ 92 ਐਮ.ਏ.ਐਫ. ਪਾਣੀ ਹੈ ਅਤੇ ਜਿਹੜਾ ਚਨਾਬ ਦਰਿਆ ਚਲਦਾ ਹੈ, ਉਸਦਾ 23 ਐਮ.ਏ.ਐਫ. ਪਾਣੀ ਹੈ । ਜਿਹੜਾ ਜੇਹਲਮ ਚਲਦਾ ਹੈ, ਉਸਦਾ 23 ਐਮ.ਏ.ਐਫ. ਪਾਣੀ ਹੈ । ਉਹ ਸਾਰੇ ਦਰਿਆ ਪਾਕਿਸਤਾਨ ਦੇ ਵਿੱਚ ਚਲੇ ਗਏ । ** ** ** ਉਸਦਾ ਸਿੱਟਾ ਇਹ ਨਿਕਲਿਆ ਕਿ ਉਹ ਸਾਰੇ ਦਰਿਆ ਉਧਰ ਚਲੇ ਗਏ ਹਨ । ਦੂਸਰੀ ਗੱਲ, (ਵਿਘਨ) ਇਸ ਵਿੱਚ ਕੋਈ ਸ਼ੱਕ ਨਹੀਂ ਤੁਸੀਂ ਵੰਡ ਪ੍ਰਵਾਨ ਕੀਤੀ ਹੈ । ਅਕਾਲੀ ਦਲ ਨੇ ਵਿਰੋਧ ਕੀਤਾ ਸੀ ਇਸ ਵੰਡ ਦਾ, ਤੁਸੀਂ ਵੰਡ ਪ੍ਰਵਾਨ ਕੀਤੀ ਸੀ । ਤੁਸੀਂ ਸੁਣੋ, ਸੁਣਨ ਦੀ ਸ਼ਕਤੀ ਰੱਖੋ । (ਵਿਘਨ)

---

**Expunged as ordered by the Chair.

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ** (ਸ਼੍ਰੀ ਅਸ਼ਵਨੀ ਸੇਖੜੀ) : ਡਿਪਟੀ ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਲਫਜ਼ ਕਿਹਾ ਹੈ ਕਿ ** ** ** ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ । ਕਿਉਂਕਿ ਜੇਕਰ ਬਟਵਾਰਾ ਹੋਇਆ ਹੈ ਤਾਂ ਇਹ ਇਨ੍ਹਾਂ ਪਿੱਛੇ ਹੋਇਆ ਹੈ । ਇਨ੍ਹਾਂ ਨੇ ਪੰਜਾਬ ਦੇ ਤਿੰਨ ਟੁਕੜੇ ਕੀਤੇ ਹਨ । (ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਇਹ ਰਿਮਾਰਕਸ ਨੂੰ ਐਕਸਪੰਜ ਕਰ ਦਿਓ ।

**ਸਰਦਾਰ ਤੋਤਾ ਸਿੰਘ** : ਐਕਸਪੰਜ ਨਹੀਂ ਜੀ, ਇਹ ਤਾਂ ਰਿਕਾਰਡ ਦੀਆਂ ਗੱਲਾਂ ਹਨ । ਇਤਿਹਾਸ ਨੇ ਤਾਂ ਮੁਆਫ ਨਹੀਂ ਕਰਨਾ ਜੀ ।

**Mr. Deputy Speaker:** All are responsible.

**ਸਰਦਾਰ ਤੋਤਾ ਸਿੰਘ** : ਆਲ ਨਹੀਂ ਜੀ । ਦਰਿਆਵਾਂ ਵਾਲੇ ਅੰਕੜੇ ਤਾਂ ਰੱਖਣੇ ਪੈਣਗੇ । ਦੂਸਰੀ ਗੱਲ ਇਹ ਹੈ ਕਿ ਪੰਜਾਬ ਦੇ ਵਿੱਚ ਉਹ ਪਾਣੀ ਚਲਦਾ ਹੈ । ਰਾਵੀ-ਬਿਆਸ ਦਾ ਪਾਣੀ ਬੜੀਆਂ ਕੋਸ਼ਿਸ਼ਾਂ ਦੇ ਨਾਲ 100 ਕਰੋੜ ਰੁਪਏ ਦੇ ਕੇ ਲਿਆ ਹੈ । ਰਾਵੀ ਦਰਿਆ ਦੇ ਵਿੱਚ 7 ਐਮ.ਏ.ਐਫ. ਪਾਣੀ ਚਲਦਾ ਹੈ ਔਰ ਬਿਆਸ ਦੇ ਵਿੱਚ 13.5 ਐਮ.ਏ.ਐਫ. ਪਾਣੀ ਚਲਦਾ ਹੈ । ਸਤਲੁਜ ਦੇ ਵਿੱਚ 13.5 ਐਮ.ਏ.ਐਫ. ਪਾਣੀ ਚਲਦਾ ਹੈ । ਸਾਰਾ 34 ਐਮ.ਏ.ਐਫ. ਪਾਣੀ ਹੈ । ਪੰਜਾਬ ਦਾ ਪਾਣੀ ਵੀ ਕਾਂਗਰਸ ਪਾਰਟੀ ਦੀ ਵਜ੍ਹਾ ਨਾਲ ਵੰਡ ਦਿੱਤਾ ਗਿਆ ਹੈ । ਇਹ ਸਾਰਾ ਰੀਪੇਰੀਅਨ ਬੇਸ ਤੇ ........(ਵਿਘਨ) ਤੁਸੀਂ ਟੋਕਦੇ ਕਿਉਂ ਹੋ ? ਲਓ ਦੱਸੋ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ ਵਿਭਾਗ** (ਸਰਦਾਰ ਸਾਧੂ ਸਿੰਘ ਧਰਮਸੋਤ) : ਮੈਂ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਸਾਨ ਦੇ ਹਰਮਨ ਪਿਆਰੇ ਅਤੇ ਪੰਜਾਬ ਦੇ ਹਰਮਨ ਪਿਆਰੇ ਮੈਂਬਰ ਹਨ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚੌਧਰੀ ਦੇਵੀ ਲਾਲ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਛੋਟੇ ਅਤੇ ਵੱਡੇ ਭਰਾ ਬਣ ਕੇ ਜਦੋਂ [illegible] ਕਰੋੜ ਰੁਪਿਆ ਲੈ ਕੇ ਜੋ ਸਰਵੇ ਕਰਵਾਇਆ, ਉਹ ਤਾਂ ਅਕਾਲੀ ਦਲ ਨੇ ਕਰਵਾਇਆ ਹੈ ਨਾ ਕਿ ਕਾਂਗਰਸ ਨੇ ਕਰਵਾਇਆ ਹੈ ।

---

**Expunged as ordered by the Chair.

**ਸਰਦਾਰ ਤੋਤਾ ਸਿੰਘ** : ਤੁਸੀਂ ਰਿਕਾਰਡ ਕਢਾ ਕੇ ਦੇਖ ਲਓ । ਗੁਪਤਾ ਜੀ ਵੇਲੇ ਇਹ ਹੋਇਆ ਹੈ । ਗਿਆਨੀ ਜ਼ੈਲ ਸਿੰਘ ਨੇ ਲਿਆ ਸੀ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਪੁਆਇੰਟ ਆਫ਼ ਆਰਡਰ ਤੁਸੀਂ ਸੁਣ ਲਿਆ । ਮੈਂ ਹੁਣ ਅੰਕੜੇ ਦੇਣਾ ਚਾਹੁੰਦਾ ਹਾਂ ਤਿੰਨ ਦਰਿਆਵਾਂ ਦੇ ਪਾਣੀ ਦੇ ਬਾਰੇ ਕਿ ਉਨ੍ਹਾਂ ਵਿੱਚ ਕੁੱਲ 34 ਐਮ.ਏ.ਐਫ. ਪਾਣੀ ਹੈ । 1955-56 ਵਿੱਚ ਜਿਹੜਾ ਪਾਣੀ ਦਿੱਤਾ ਗਿਆ, ਉਸ ਵਿੱਚੋਂ 8.6 ਐਮ.ਏ.ਐਫ. ਪਾਣੀ ਰਾਜਸਥਾਨ ਕੈਨਾਲ ਰਾਹੀਂ ਰਾਜਸਥਾਨ ਵਿੱਚ ਜਾ ਰਿਹਾ ਹੈ । 1.1 ਐਮ. ਏ. ਐਫ. ਪਾਣੀ ਅੰਗਰੇਜਾਂ ਵੇਲੇ ਦੀ ਗੰਗ ਕੈਨਾਲ ਰਾਹੀਂ ਜਾ ਰਿਹਾ ਹੈ। ਭਾਖੜਾ ਨਹਿਰ ਤੋਂ 1.5 ਐਮ.ਏ.ਐਫ. ਤੋਂ ਉਪਰ ਰਾਜਸਥਾਨ ਨੂੰ ਜਾ ਰਿਹਾ ਹੈ। ਟੋਟਲ 11 ਐਮ.ਏ.ਐਫ. ਪਾਣੀ ਕੇਵਲ ਰਾਜਸਥਾਨ ਨੂੰ ਜਾ ਰਿਹਾ ਹੈ। ਅੱਜ ਦੁਖ ਆਉਂਦਾ ਹੈ ਕਿ ਜਦੋਂ ਰਾਜਸਥਾਨ ਵਿੱਚ ਵੋਟਾਂ ਪੈਣੀਆਂ ਸਨ ਤਾਂ ਪੰਜਾਬ ਸਰਕਾਰ ਨੇ ਪੰਜਾਬ ਦਾ ਪਾਣੀ ਰਾਜਸਥਾਨ ਨਹਿਰ ਰਾਹੀਂ ਰਾਜਸਥਾਨ ਦੇ ਲੋਕਾਂ ਨੂੰ ਖੁਸ਼ ਕਰਨ ਲਈ ਦਿੱਤਾ। ਤੁਸੀਂ ਅੰਕੜੇ ਕਢਾ ਕੇ ਦੇਖੋ ਪਰ ਫਿਰ ਵੀ ਲੋਕਾਂ ਨੇ ਕਾਂਗਰਸ ਨੂੰ ਵੋਟਾਂ ਨਹੀਂ ਪਾਈਆਂ। ਉਸ ਦੇ ਨਾਲ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਇਹ ਗੱਲ ਕਰਦੇ ਹਨ ਕਿ ਐਸ.ਵਾਈ.ਐਲ. ਬਣਾਉਣ ਦੀ ਲੋੜ ਹੀ ਨਹੀਂ ਸੀਂ । ਆਪਾਂ ਗਲਤੀਆਂ ਵਿੱਚ ਹੀ ਤੁਰੇ ਫਿਰਦੇ ਹਾਂ ਜਿਹੜਾ ਭਾਖੜਾ ਨਹਿਰ ਵਿੱਚ ਪਾਣੀ ਜਾ ਰਿਹਾ ਹੈ ਉਸ ਬਾਰੇ ਸ਼੍ਰੀ ਮਤੀ ਇੰਦਰਾ ਗਾਂਧੀ ਨੇ 1976 ਵਿੱਚ 1.6 ਐਮ.ਏ.ਐਫ ਦਾ ਐਵਾਰਡ ਦਿੱਤਾ ਸੀ। ਅਸੀਂ ਉਦੋਂ ਜ਼ੇਲ੍ਹਾਂ ਵਿੱਚ ਬੈਠਿਆਂ ਹੋਇਆਂ ਨੇ ਟੈਲੀਗਰਾਮਾਂ ਭੇਜੀਆਂ ਸਨ ਕਿ ਇਹ ਐਵਾਰਡ ਗਲਤ ਦਿੱਤਾ ਗਿਆ ਹੈ। 3.5 ਐਮ.ਏ.ਐਫ. ਪਾਣੀ ਭਾਖੜਾ ਨਹਿਰ ਰਾਹੀਂ ਪਹਿਲਾਂ ਹੀ ਹਰਿਆਣਾ ਨੂੰ ਮਿਲ ਰਿਹਾ ਹੈ। ਜੇਕਰ ਐਵਾਰਡ ਨੂੰ ਮੰਨ ਵੀ ਲਿਆ ਜਾਵੇ ਤਾਂ 1.9 ਐਮ.ਏ.ਐਫ. ਪਾਣੀ ਹੀ ਦੇਣਾ ਬਣਦਾ ਸੀ। ਕੀ ਹੁਣ ਕੇਵਲ 1.9 ਐਮ.ਏ.ਐਫ. ਪਾਣੀ ਵਾਸਤੇ ਹੀ ਨਹਿਰ ਬਣਾਈ ਜਾਵੇਗੀ। ਇਹ ਬੜੀ ਸੋਚਣ ਵਾਲੀ ਗੱਲ ਹੈ। ਤੁਸੀਂ ਇਥੇ ਬਿੱਲ ਲਿਆਂਦਾ, ਆਪੋਜ਼ੀਸ਼ਨ ਨੇ ਉਸ ਦਾ ਸਾਥ ਦਿੱਤਾ। ਇਥੇ ਕਿਹਾ ਵੀ ਗਿਆ ਕਿ ਅਸੀਂ ਆਪੋਜ਼ੀਸ਼ਨ ਦੇ ਧੰਨਵਾਦੀ ਹਾਂ। ਮੈਨੂੰ ਤਾਂ ਉਸ ਵੇਲੇ ਵੀ ਦੁਖ ਹੋਇਆ ਸੀ। ਇਥੇ ਬੁਲਾਰੇ ਬੋਲੇ ਸਨ.... (ਵਿਘਨ)

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ ਵਿਭਾਗ (ਸਰਦਾਰ ਸਾਧੂ ਸਿੰਘ ਧਰਮਸੋਤ)** : ਡਿਪਟੀ ਸਪੀਕਰ ਸਾਹਿਬ, ਅੱਜ ਇਨ੍ਹਾਂ ਨੂੰ ਬੜਾ ਪਿਆਰ ਜਾਗਿਆ ਹੈ, ਪਾਣੀਆਂ ਦੇ ਮਸਲੇ ਬਾਰੇ। ਇਹ ਕਦੇ ਕਪੂਰੀ ਦਾ ਮੋਰਚਾ ਲਗਾਉਂਦੇ ਸਨ ਅਤੇ ਕਦੇ ਕੋਈ ਮੋਰਚਾ ਲਗਾਉਂਦੇ ਸਨ। ਜਦੋਂ ਇਨ੍ਹਾਂ ਦੀ ਆਪਣੀ ਸਰਕਾਰ ਬਣ ਜਾਂਦੀ ਹੈ ਤਾਂ ਇਹ ਚੁੱਪ ਕਰ ਜਾਂਦੇ ਹਨ। ਕੋਈ ਪੰਜਾਬ ਦੇ ਪਾਣੀਆਂ ਦੀ

ਗੱਲ ਨਹੀਂ ਕਰਦੇ, ਕੋਈ ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਨਹੀਂ ਕਰਦੇ । ਇਹ ਸਾਡੇ ਕੈਪਟਨ ਅਮਰਿੰਦਰ ਸਿੰਘ ਹੀ ਵਾਹਿਦ ਮੁੱਖ ਮੰਤਰੀ ਸਨ, ਜਿਨ੍ਹਾਂ ਨੇ 10 ਮਿੰਟਾਂ ਵਿੱਚ ਇਹ ਫੈਸਲਾ ਕਰ ਦਿੱਤਾ, ਪੰਜਾਬ ਦੇ ਹਿੱਤਾਂ ਵਾਸਤੇ ਪਾਣੀਆਂ ਦਾ ਫੈਸਲਾ ਕਰ ਦਿੱਤਾ।

**ਸਰਦਾਰ ਤੋਤਾ ਸਿੰਘ :** ਮੈਂਬਰ ਸਾਹਿਬ ਨੇ ਬੜੀ ਖੁਸ਼ੀ ਵਾਲੀ ਗੱਲ ਕੀਤੀ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਦੋਂ ਉਸ ਵੇਲੇ ਬੋਲੇ ਸਨ ਤਾਂ ਉਨ੍ਹਾਂ ਕਿਹਾ ਸੀ, ਕਿ ਤੁਸੀਂ ਸਾਨੂੰ ਇਹ ਬਿੱਲ ਮੌਕੇ ਉਤੇ ਹੀ ਟੇਬਲਾਂ ਤੇ ਦਿੱਤਾ ਹੈ, ਪਰ ਫਿਰ ਵੀ ਅਸੀਂ ਪੰਜਾਬ ਦੇ ਭਲੇ ਵਾਸਤੇ ਤੁਹਾਡੇ ਨਾਲ ਹਾਂ । ਜਦੋਂ ਹੋਰ ਬੁਲਾਰੇ ਬੋਲ ਰਹੇ ਸਨ ਤਾਂ ਮੈਂ ਤਿੰਨ ਵਾਰੀ ਉਸ ਬਿੱਲ ਨੂੰ ਪੜ੍ਹਿਆ । ਜਾਂ ਤਾਂ ਤੁਹਾਨੂੰ ਪਤਾ ਹੀ ਨਹੀਂ ਸੀ ਅਤੇ ਜਾਂ ਫਿਰ ਤੁਸੀਂ ਹਾਊਸ ਨੂੰ ਧੋਖਾ ਦਿੱਤਾ । ਇਸ ਦੇ ਵਿੱਚ ਜਿਹੜੀ ਧਾਰਾ 5 ਪਾਈ ਗਈ ਸੀ, ਉਸ ਦੇ ਵਿੱਚ ਤੁਸੀਂ ਮੰਨਿਆ ਸੀ ਕਿ ਜਿਹੜਾ ਪਾਣੀ ਰਾਜਸਥਾਨ ਅਤੇ ਹਰਿਆਣੇ ਨੂੰ ਪਹਿਲਾਂ ਹੀ ਜਾ ਰਿਹਾ ਹੈ, ਉਸ ਨੂੰ ਰੋਕਿਆ ਨਹੀਂ ਜਾਵੇਗਾ। ਤੁਸੀਂ ਉਸ ਵੇਲੇ ਪਾਣੀ ਦਾ ਰਿਪੇਰੀਅਨ ਬੇਸ ਕਿਉਂ ਨਹੀਂ ਬਣਾਇਆ ? ਉਲਟਾ ਇਹ ਧਾਰਾ 5 ਪਾ ਦਿੱਤੀ। ਅਸੀਂ ਹੁਣ ਉਸ ਧਾਰਾ 5 ਨੂੰ ਅਮੈਂਡ ਕਰਨ ਵਾਸਤੇ ਨੋਟਿਸ ਦਿੱਤਾ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਆਗਵਾਈ ਵਿੱਚ ਇਹ ਅਮੈਂਡਮੈਂਟ ਦਿੱਤੀ ਗਈ ਹੈ । ਜੇ ਤੁਸੀਂ ਇਸ ਨੂੰ ਸਹੀ ਮੰਨਦੇ ਹੋ ਤਾਂ ਧਾਰਾ 5 ਇਸ ਵਿਚੋਂ ਕੱਢ ਦੇਣੀ ਚਾਹੀਦੀ ਹੈ । ਤੁਹਾਨੂੰ ਇਸ ਦੀ ਅਮੈਂਡਮੈਂਟ ਕਰਨੀ ਚਾਹੀਦੀ ਹੈ । ਇਹ ਤਾਂ ਪਾਣੀਆਂ ਦੇ ਮਸਲੇ ਤੇ ਹਾਊਸ ਵਿੱਚ ਗੱਲ ਸੀ । ਤੀਸਰੀ ਗੱਲ, ਹੁਣ ਮੈਂ ਖੇਤੀਬਾੜੀ ਬਾਰੇ ਕਹਿਣਾ ਚਾਹੁੰਦਾ ਹਾਂ। ਇਥੇ ਬੜੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਕਿ ਫਸਲਾਂ ਦੇ ਬਦਲਣ ਵਾਸਤੇ ਇਸ ਸਰਕਾਰ ਨੇ ਬੜਾ ਉੱਦਮ ਕੀਤਾ ਹੈ । ਮੈਂ ਪਿਛਲੇ ਤਿੰਨ ਸਾਲਾਂ ਦੇ ਅੰਕੜੇ ਦੱਸਦਾ ਹਾਂ। ਇਹ ਅੰਕੜੇ ਤੁਹਾਡੀ ਆਪਣੀ ਸਰਕਾਰ ਨੇ, ਮੁੱਖ ਮੰਤਰੀ ਜੀ ਨੇ ਪੜ੍ਹੇ ਹਨ ਜਦੋਂ ਮੇਰਾ ਸਵਾਲ ਆਇਆ ਸੀ ਕਿ ਪਿਛਲੇ ਪੰਜ ਸਾਲਾਂ ਵਿੱਚ ਗੰਨੇ ਦੀ ਫਸਲ ਕਿੰਨੀ ਸੀ ਅਤੇ ਹੁਣ ਪਿਛਲੇ ਤਿੰਨ ਸਾਲਾਂ ਵਿੱਚ ਇਹ ਫਸਲ ਕਿੰਨੀ ਰਹਿ ਗਈ ਹੈ । ਕਿਉਂਕਿ ਫਸਲਾਂ ਬਦਲਣ ਵਾਸਤੇ ਗੰਨਾ ਬਹੁਤ ਜ਼ਰੂਰੀ ਹੈ । ਗੰਨੇ ਦੀ ਫਸਲ ਦੋ ਫਸਲਾਂ ਨੂੰ ਖਾਂਦੀ ਹੈ। ਇਹ ਇਕ ਜੀਰੀ ਨੂੰ ਰੋਕਦਾ ਹੈ ਅਤੇ ਦੂਸਰਾ ਕਣਕ ਨੂੰ ਰੋਕਦਾ ਹੈ । ਅੱਜ ਇਹ ਗੱਲ ਮੰਨੀ ਜਾਂਦੀ ਹੈ ਕਿ ਜਿੰਨੀ ਗੰਨੇ ਦੀ ਫ਼ਸਲ ਪੰਜਾਬ ਵਿੱਚ ਜ਼ਿਆਦਾ ਹੋਵੇਗੀ, ਉਤਨਾ ਹੀ ਪੰਜਾਬ ਨੂੰ ਵੱਧ ਫ਼ਾਇਦਾ ਹੋਵੇਗਾ। ਤੁਸੀਂ ਵੇਖਦੇ ਹੋ ਕਿ ਟੀ.ਵੀ.ਉਤੇ ਬੜੀ ਐਡ ਦਿੱਤੀ ਜਾਂਦੀ ਹੈ, ਪੰਜਾਬ ਟੂਡੇ ਉਤੇ ਪਬਲਿਕ ਰਿਲੇਸ਼ਨਜ਼ ਵਿਭਾਗ ਰਾਹੀਂ ਬੜੀ ਐਡਵਰਟਾਈਜ਼ਮੈਂਟ ਕੀਤੀ ਜਾਂਦੀ ਹੈ । ਕਦੀ ਉਹ ਸਰ੍ਹੋਂ ਦੇ ਫੁੱਲ ਵਿਖਾ ਦਿੰਦੇ ਹਨ,

[ਸਰਦਾਰ ਤੋਤਾ ਸਿੰਘ]

ਕਦੀ ਸੂਰਜਮੁਖੀ ਦੇ ਫੁੱਲ ਵਿਖਾ ਦਿੰਦੇ ਹਨ। ਬੜਾ ਗਿੱਧਾ ਤੇ ਭੰਗੜਾ ਪਾਇਆ ਦਿਖਾਇਆ ਜਾਂਦਾ ਹੈ। ਬੜਾ ਦੁੱਖ ਹੁੰਦਾ ਹੈ ਕਿ ਜਦੋਂ ਮੁੱਖ ਮੰਤਰੀ ਜੀ ਨੇ ਮੇਰੇ ਸਟਾਰਡ ਕੁਐਸਚਨ ਨੂੰ ਅਨ-ਸਟਾਰ ਬਣਾ ਕੇ ਉਸ ਦਾ ਜਵਾਬ ਭੇਜਿਆ। ਮੈਂ ਉਸ ਬਾਰੇ ਜਾਣਕਾਰੀ ਦਿੰਦਾ ਹਾਂ ।....(ਵਿਘਨ)

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** (ਬੈਠੇ ਬੈਠੇ) : ਸਾਹ ਚੜ੍ਹ ਗਿਆ ਹੈ।

**ਸਰਦਾਰ ਤੋਤਾ ਸਿੰਘ** : ਸਾਹ ਨਹੀਂ ਚੜ੍ਹਿਆ, ਤੁਸੀਂ ਵਿਚੋਂ ਟੋਕਣ ਲੱਗ ਜਾਂਦੇ ਹੋ।

**ਮਾਨਯੋਗ ਡਿਪਟੀ ਸਪੀਕਰ** : ਪਲੀਜ਼ ਇੰਟਰੱਪਸ਼ਨ ਨਾ ਕਰੋ।

**ਸਰਦਾਰ ਤੋਤਾ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਦੱਸਣ ਲੱਗਾ ਹਾਂ ਕਿ ਸਾਲ 1999 ਵਿੱਚ 1,45,462 ਹੈਕਟੇਅਰ ਵਿੱਚ ਗੰਨਾ ਬੀਜਿਆ ਗਿਆ । ਸਾਲ 2000 ਵਿੱਚ ਇਹ ਵੱਧ ਕੇ 1,55,987 ਹੈਕਟੇਅਰ ਵਿਚ ਬੀਜਿਆ ਗਿਆ। ਫਿਰ ਇਹ ਰਕਬਾ ਵੱਧ ਕੇ ਸਾਲ 2001 ਵਿੱਚ 1,70,610 ਹੈਕਟੇਅਰ ਤੇ ਪਹੁੰਚ ਗਿਆ। ਸਾਲ 2002 ਵਿੱਚ 1,80,382 ਹੈਕਟੇਅਰ ਵਿੱਚ ਜਾ ਪਹੁੰਚਿਆ । ਇਸ ਤੋਂ ਅੱਗੇ ਹਾਲ ਇਹ ਹੈ ਕਿ ਸਾਲ 2003 ਵਿੱਚ ਇਹ ਗੰਨੇ ਦਾ ਰਕਬਾ ਘਟ ਕੇ 1,35,000 ਹੈਕਟੇਅਰ ਰਹਿ ਗਿਆ ਅਤੇ ਸਾਲ 2004 ਵਿੱਚ ਕੇਵਲ 82,000 ਹੈਕਟੇਅਰ ਰਹਿ ਗਿਆ । ਕੇਵਲ 40% ਗੰਨਾ ਹੀ ਰਹਿ ਗਿਆ। ਜਿਸ ਗੰਨੇ ਨੂੰ ਅਸੀਂ ਬੜੀ ਮਿਹਨਤ ਨਾਲ 1,80,382 ਹੈਕਟੇਅਰ ਤੱਕ ਲੈ ਕੇ ਗਏ, ਉਸ ਗੰਨੇ ਦੀ ਫ਼ਸਲ ਹੁਣ ਕੇਵਲ 40% ਹੀ ਰਹਿ ਗਈ ਹੈ। 60% ਗੰਨੇ ਦੀ ਫ਼ਸਲ ਖ਼ਤਮ ਹੋ ਗਈ ਹੈ । ਜੇਕਰ ਸਾਲ 2005 ਦੇ ਅੰਕੜੇ ਵੀ ਆ ਜਾਣ ਤਾਂ ਹੋ ਸਕਦਾ ਹੈ ਕਿ ਉਹ 82,000 ਹੈਕਟੇਅਰ ਤੋਂ ਵੀ ਘੱਟ ਹੋਣਗੇ । ਡਿਪਟੀ ਸਪੀਕਰ ਸਾਹਿਬ, ਬੜਾ ਦੁਖ ਹੁੰਦਾ ਹੈ....(ਵਿਘਨ)

**ਸਿਹਤ ਤੇ ਪਰਿਵਾਰ ਭਲਾਈ ਮੰਤਰੀ** (ਬੈਠੇ ਬੈਠੇ) : ਤੁਸੀਂ ਦੁੱਖ ਨਾ ਮਨਾਓ, ਤੁਸੀਂ ਗੱਲ ਸਾਨੂੰ ਸੁਣਾਓ । ਅਸੀਂ ਸੁਣਾਂਗੇ ।

**ਸਰਦਾਰ ਤੋਤਾ ਸਿੰਘ** : ਡਿਪਟੀ ਸਪੀਕਰ ਸਾਹਿਬ, ਡੋਗਰਾ ਸਾਹਿਬ ਬੈਠੇ ਹੋਏ ਹੱਸਦੇ ਹਨ ।...(ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਤੋਤਾ ਸਿੰਘ :** ਮੇਰੀ ਇਸ ਪੱਖ ਤੇ ਬੇਨਤੀ ਹੈ ਕਿ ਇਕ ਪਾਸੇ ਰੋਜ਼ਗਾਰ ਦੀਆਂ ਬੜੀਆਂ ਬੜੀਆਂ ਗੱਲਾਂ ਕੀਤੀਆਂ ਗਈਆਂ ਹਨ । ਇਹ ਕਹਿੰਦੇ ਹਨ ਕਿ ਸਾਡੇ ਮੁੱਖ ਮੰਤਰੀ ਜੀ ਬੜੀ ਇੰਡਸਟਰੀ ਲੈ ਕੇ ਆ ਰਹੇ ਹਨ। ਇਹ ਡੈੱਲ. ਦੀਆਂ ਗੱਲਾਂ ਕਰਦੇ ਹਨ ਪਰ ਇਨ੍ਹਾਂ ਨੇ ਆਪੇ ਹੀ ਹਾਊਸ ਵਿੱਚ ਦੱਸਿਆ ਹੈ ਕਿ 300 ਬੰਦਿਆਂ ਨੂੰ ਨੌਕਰੀ ਮਿਲੇਗੀ । ਤੁਸੀਂ ਕਦੇ ਸੋਚਿਆ ਕਿ ਕਿੰਨੀਆਂ ਖੰਡ ਮਿਲਾਂ ਬੰਦ ਹੋ ਗਈਆਂ ਹਨ, ਕਿੰਨੇ ਲੋਕਾਂ ਨੂੰ ਰੋਜ਼ਗਾਰ ਮਿਲਦਾ ਜੇ ਇਹ ਖੰਡ ਮਿਲਾਂ ਚਲਦੀਆਂ ਰਹਿੰਦੀਆਂ । ਲੋਕ ਟਰੈਕਟਰ ਟਰਾਲੀਆਂ ਲੈ ਕੇ ਆਉਂਦੇ ਸਨ ਅਤੇ ਇਕ ਇਕ ਖੰਡ ਮਿਲ ਨਾਲ ਹਜ਼ਾਰਾਂ ਮਜ਼ਦੂਰ ਜੁੜੇ ਹੋਏ ਸਨ । ਅੱਜ ਖੰਡ ਮਿਲਾਂ ਬੰਦ ਹੋ ਰਹੀਆਂ ਹਨ । ਮਲੋਟ ਸ਼ੂਗਰ ਮਿੱਲ ਆਖਰੀ ਸਾਹਾਂ ਤੇ ਹੈ । ਫਰੀਦਕੋਟ, ਜਗਰਾਉਂ, ਜ਼ੀਰਾ, ਸੈਰੋਂ ਅਤੇ ਅਜਨਾਲਾ ਮਿਲਾਂ ਬੰਦ ਪਈਆਂ ਹਨ ਅਤੇ ਪ੍ਰਾਈਵੇਟ ਮਿਲਾਂ ਵਾਲੇ ਮੌਜਾਂ ਕਰ ਰਹੇ ਹਨ । ਅੱਜ 25/- ਰੁਪਏ ਖੰਡ ਵਿਕ ਰਹੀ ਹੈ ਪਰ ਜਿਹੜੀਆਂ ਪਬਲਿਕ ਸੈਕਟਰ ਦੀਆਂ ਮਿਲਾਂ ਹਨ, ਉਹ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਬੰਦ ਹੋ ਗਈਆਂ ਹਨ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ ਵਿਭਾਗ** (ਸਰਦਾਰ ਸਾਧੂ ਸਿੰਘ ਧਰਮਸੋਤ) : ਡਿਪਟੀ ਸਪੀਕਰ ਸਾਹਿਬ, ਮੇਰੀ ਸਰਦਾਰ ਤੋਤਾ ਸਿੰਘ ਜੀ ਨੂੰ ਬੇਨਤੀ ਹੈ ਕਿ ਖੰਡ ਮਿਲਾਂ ਜਿਹੜੀਆਂ ਹਨ, ਪਿਛਲੇ ਪੰਜ ਸਾਲਾਂ ਵਿੱਚ ਜਿੰਨਾਂ ਖਮਿਆਜਾ ਖੰਡ ਮਿਲਾਂ ਵਾਲਿਆਂ ਨੇ ਭੁਗਤਿਆ ਹੈ ਅਤੇ ਜਿੰਨਾਂ ਖਮਿਆਜ਼ਾ ਕਿਸਾਨਾਂ ਨੇ ਭੁਗਤਿਆ ਹੈ ਇਹ ਇਨ੍ਹਾਂ ਕਰਕੇ ਹੈ ਇਨ੍ਹਾਂ ਕਰਕੇ ਹੀ ਖੰਡ ਮਿਲਾਂ ਘਾਟੇ ਵਿੱਚ ਗਈਆਂ ਹਨ ਅਤੇ ਇਸ ਕਰਕੇ ਬੰਦ ਹੋਈਆਂ ਹਨ।

**ਮਾਨਯੋਗ ਡਿਪਟੀ ਸਪੀਕਰ :** ਠੀਕ ਹੈ । ਹਾਂ ਜੀ, ਸਰਦਾਰ ਤੋਤਾ ਸਿੰਘ ਜੀ ਹੋਰ ਕਿੰਨਾਂ ਸਮਾਂ ਲਵੋਗੇ ?

**ਸਰਦਾਰ ਤੋਤਾ ਸਿੰਘ :** ਪੰਜ-ਸੱਤ ਮਿੰਟ ਹੋਰ ਲਵਾਂਗਾ ਜੀ। ਮੈਨੂੰ ਬੜਾ ਦੁੱਖ ਹੈ ਕਿ ਇਨ੍ਹਾਂ ਨੂੰ ਕੋਈ ਜਾਣਕਾਰੀ ਹੀ ਨਹੀਂ। ਸਾਡੇ ਵੇਲੇ ਤਾਂ ਕਿਸੇ ਦਾ ਕੋਈ ਬਕਾਇਆ ਨਹੀਂ ਸੀ। ਇਹ ਇਕ ਗੱਲ ਤੇ ਮਸ਼ਹੂਰੀ ਲੈਣੀ ਚਾਹੁੰਦੇ ਹਨ ਕਿ ਜੇ ਕੋਈ ਤੱਥਾਂ ਦੇ ਆਧਾਰ ਤੇ ਗੱਲ ਕਰ ਰਿਹਾ ਹੋਵੇ ਤਾਂ ਉਸਨੂੰ ਟੋਕਿਆ ਜਾਵੇ। ਇਹ ਇਸ ਨੂੰ ਸੀਰੀਅਸਲੀ ਨਹੀਂ ਲੈ ਰਹੇ । ਜੇ ਗੰਨੇ ਦੀ ਫ਼ਸਲ ਦਾ ਬਕਾਇਆ ਕਿਸਾਨਾਂ ਨੂੰ ਸਮੇਂ

[ਸਰਦਾਰ ਤੋਤਾ ਸਿੰਘ]

ਸਿਰ ਮਿਲ ਜਾਂਦਾ ਤਾਂ ਅੱਜ ਕਿਸਾਨਾਂ ਦਾ ਇੰਨਾ ਬੁਰਾ ਹਾਲ ਨਾ ਹੁੰਦਾ ਅਤੇ ਉਨ੍ਹਾਂ ਨੂੰ 150/- ਰੁਪਏ ਪ੍ਰਤੀ ਕੁਇੰਟਲ ਗੰਨੇ ਦਾ ਭਾਅ ਮਿਲ ਜਾਂਦਾ। ਦੂਜੀ ਗੱਲ ਭਾਅ ਦੇ ਬਾਰੇ ਮੈਂ ਕਹਿਣੀ ਚਾਹੁੰਦਾ ਹਾਂ ਕਿ ਫ਼ਸਲਾਂ ਦੇ ਬਾਰੇ ਬੜੀਆਂ ਵੱਡੀਆਂ ਗੱਲਾਂ ਕੀਤੀਆਂ ਗਈਆਂ ਹਨ। ਜਦੋਂ 1997 ਦੇ ਵਿੱਚ ਇਹ ਸਰਕਾਰ ਛੱਡ ਕੇ ਗਏ ਸਨ, ਉਸ ਵੇਲੇ ਕਣਕ ਦਾ ਭਾਅ 380 ਰੁਪਏ ਕੁਇੰਟਲ ਸੀ ਅਤੇ ਅਸੀਂ ਇਸ ਨੂੰ ਵਧਾ ਕੇ 620 ਰੁਪਏ ਤੇ ਲੈ ਗਏ ਹਾਂ ਪਿਛਲੇ ਪੰਜ ਸਾਲਾਂ ਵਿੱਚ ਬਾਦਲ ਸਾਹਿਬ ਨੇ ਹੋਰ ਚਾਰ-ਪੰਜ ਮੁੱਖ ਮੰਤਰੀਆਂ ਨੂੰ ਲੈ ਕੇ ਸੈਂਟਰ ਤੇ ਦਬਾਅ ਪਾਇਆ ਅਤੇ 240 ਰੁਪਏ ਕਣਕ ਦਾ ਰੇਟ ਵਧਵਾਇਆ। ਇਹ ਕੋਈ ਛੋਟੀ ਜਿਹੀ ਗੱਲ ਨਹੀਂ। ਤੁਸੀਂ ਖੁਦ ਅੰਦਾਜ਼ਾ ਲਗਾਓ ਕਿ ਜੇ ਕਣਕ 10 ਕਰੋੜ ਕੁਇੰਟਲ ਭਾਵ 100 ਲੱਖ ਟਨ ਖਰੀਦੀ ਤਾਂ ਉਸ ਤੇ 45 ਰੁਪਏ ਔਸਤਨ ਵੱਧ ਭਾਅ ਮਿਲਿਆ। ਤੁਸੀਂ ਖੁਦ ਅੰਦਾਜ਼ਾ ਲਗਾਓ ਕਿ 2800 ਕਰੋੜ ਰੁਪਏ ਜ਼ਿਆਦਾ ਆਏ, ਹਰ ਸਾਲ ਫਰਕ ਪੈਂਦਾ ਰਿਹਾ, ਇਹ ਕੋਈ ਛੋਟੀ ਗੱਲ ਨਹੀਂ। ਸਾਲ 1997 ਵਿੱਚ ਅਸੀਂ 70 ਰੁਪਏ ਵਧਵਾਏ ਅਤੇ ਉਸ ਤੋਂ ਬਾਅਦ 30-30 ਰੁਪਏ ਭਾਅ ਵਧਦਾ ਰਿਹਾ। ਇਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੇ ਕਿਸਾਨ ਨੂੰ ਵੱਧ ਭਾਅ ਮਿਲਦਾ ਹੈ ਤਾਂ ਕਿਸਾਨ ਬਚਦਾ ਹੈ। ਇਨ੍ਹਾਂ ਨੇ ਪਿਛਲੇ ਦੋ ਸਾਲਾਂ ਵਿੱਚ ਕੇਵਲ 20/- ਰੁਪਏ ਭਾਅ ਵਧਵਾਇਆ ਹੈ। ਇਸੇ ਤਰ੍ਹਾਂ ਝੋਨੇ ਦਾ ਭਾਅ ਹੈ, ਜਦੋਂ ਇਹ ਸਰਕਾਰ ਛੱਡ ਕੇ ਗਏ ਸਨ ਤਾਂ ਇਹ 360 ਰੁਪਏ ਸੀ ਅਤੇ ਅਸੀਂ ਉਹ 560 ਰੁਪਏ ਤੇ ਲੈ ਕੇ ਆਏ ਹਾਂ। ਇਸ ਦੇ ਵਿੱਚ ਵੀ 200 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੋਇਆ ਹੈ। ਜੇ ਸਾਰੇ ਅੰਕੜਿਆਂ ਨੂੰ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ । ਇਨ੍ਹਾਂ ਤੱਥਾਂ ਦੇ ਆਧਾਰ ਤੇ ਸਾਨੂੰ ਸਾਰਿਆਂ ਨੂੰ ਰਲ ਕੇ ਕੁਝ ਕਰਨਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਤੇ ਦਬਾਅ ਪਾਉਣਾ ਚਾਹੀਦਾ ਹੈ ਤਾਂ ਹੀ ਕਿਸਾਨ ਬਚ ਸਕਦਾ ਹੈ ਕਿਉਂਕਿ ਅੱਜ ਕੱਲ੍ਹ ਡੀਜ਼ਲ ਦੇ ਭਾਅ ਵੱਧ ਰਹੇ ਹਨ, ਪੈਸਟੀਸਾਈਡਜ਼ ਦੇ ਰੇਟ ਵੱਧ ਰਹੇ ਹਨ, ਅਤੇ ਖਾਦਾਂ ਦੇ ਰੇਟ ਵੱਧ ਰਹੇ ਹਨ । ਅੱਜ ਹਰ ਪੱਖ ਤੋਂ ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਦੂਸਰਾ ਇਨ੍ਹਾਂ ਨੇ ਕਿਹਾ ਕਿ ਕਿਸੇ ਨੇ ਝੋਨਾ ਚੁਕਿਆ ਨਹੀਂ। ਕਣਕ ਦੀ ਤਾਂ ਕਦੇ ਕੋਈ ਮੁਸ਼ਕਲ ਨਹੀਂ ਆਈ, ਝੋਨੇ ਦੀ ਜ਼ਰੂਰ ਮੁਸ਼ਕਲ ਆਈ ਸੀ ਪਰ ਉਸਦਾ ਵੀ ਕਾਰਨ ਸੀ। (ਸਿਹਤ ਤੇ ਪਰਿਵਾਰ ਭਲਾਈ ਮੰਤਰੀ ਵਲੋਂ ਬੈਠੇ-ਬੈਠੇ ਵਿਘਨ) ਇਨ੍ਹਾਂ ਨਾਲ ਤਾਂ ਸਾਡਾ ਬਰਨਾਲਾ ਸਾਹਿਬ ਵੇਲੇ ਦਾ ਲਿਹਾਜ਼ ਹੈ।

**ਮਾਨਯੋਗ ਡਿਪਟੀ ਸਪੀਕਰ :** ਸਰਦਾਰ ਤੋਤਾ ਸਿੰਘ ਜੀ, ਤੁਸੀਂ ਕੁਰਸੀ ਨੂੰ ਸੰਬੋਧਨ ਕਰੋ।

**ਸਰਦਾਰ ਤੋਤਾ ਸਿੰਘ :** ਮੈਂ ਸੰਖੇਪ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਰਿਕੁਐਸਟ ਹੈ ਕਿ ਝੋਨੇ ਵੇਲੇ ਜ਼ਰੂਰ ਮੁਸ਼ਕਲ ਆਈ ਸੀ, ਉਸ ਦਾ ਕਾਰਨ ਇਹ ਸੀ ਕਿ 1995 ਵਿੱਚ ਜਦੋਂ ਇਥੇ ਕਾਂਗਰਸ ਸਰਕਾਰ ਸੀ ਤਾਂ ਉਸ ਵੇਲੇ ਰਾਈਸ ਮਿਲਾਂ ਦੀ ਕਪੈਸਟੀ 2400 ਟਨ ਮਿਲਿੰਗ ਤੋਂ 800 ਟਨ ਘਟ ਕੇ ਕੇਵਲ 1600 ਟਨ ਕਪੈਸਟੀ ਰਹਿ ਗਈ ਸੀ । ਜਦੋਂ ਅਸੀਂ 1997-98 ਵਿੱਚ ਆਏ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਰਾਈਸ ਮਿਲਾਂ ਵਾਲਿਆਂ ਨੂੰ ਕੁਝ ਰਿਆਇਤਾਂ ਦਿਤੀਆਂ ਅਤੇ ਸਾਲ 2000 ਵਿੱਚ ਰਾਈਸ ਮਿਲਾਂ ਵਾਲਿਆਂ ਨੂੰ ਹੋਰ ਵੀ ਸੈਂਟਰ ਤੋਂ ਰਿਆਇਤਾਂ ਲੈ ਕੇ ਦਿਤੀਆਂ। ਅਸੀਂ ਦਿੱਲੀ ਗਏ। ਮੈਨੂੰ ਪਤਾ ਹੈ ਕਿ ਅਸੀਂ 67 ਕਿਲੋ ਮਿੱਲਿੰਗ ਦੀ ਥਾਂ ਤੇ 64 ਕਿਲੋ ਕਰਵਾਈ ਅਤੇ ਇਸ ਤਰ੍ਹਾਂ 3 ਕਿਲੋ ਮਿਲ ਨੂੰ ਬਚ ਗਏ। ਇਸ ਦਾ ਸਿੱਟਾ ਕੀ ਨਿਕਲਿਆ ਕਿ ਪੰਜਾਬ ਵਿੱਚ ਅੱਜ 3200 ਟਨ ਕਪੈਸਟੀ ਮਿਲਾਂ ਦੀ ਹੈ। ਪਹਿਲਾਂ ਇਥੇ ਸਪੇਸ ਨਹੀਂ ਹੁੰਦੀ ਸੀ, ਜਿੰਨੀ ਮਿੱਲਿੰਗ ਹੁੰਦੀ ਸੀ, ਉਸ ਤੋਂ ਬਾਅਦ 4-4 ਦਿਨ ਸ਼ੈਲਰ ਬੰਦ ਹੋ ਜਾਂਦੇ ਸਨ। ਉਥੇ ਚੌਲ ਰੱਖਣ ਵਾਸਤੇ ਸਪੇਸ ਨਹੀਂ ਹੁੰਦੀ ਸੀ । ਭਾਰਤ ਸਰਕਾਰ ਨਾਲ ਗੱਲ ਕਰਕੇ ਉਥੇ ਸਟੋਰੇਜ਼ ਦੀ ਵਿਉਂਤ ਬਣਾਈ ਗਈ। 25 ਪ੍ਰਤੀਸ਼ਤ ਸਬਸਿਡੀ ਦਿੱਤੀ ਹੈ ਅਤੇ ਅੱਜ ਸਾਰੇ ਪੰਜਾਬ ਦੇ ਵਿੱਚ ਵੇਅਰ ਹਾਊਸਿੰਗ ਨੂੰ ਗੁਦਾਮ ਦਿੱਤੇ ਹਨ । 25 ਪ੍ਰਤੀਸ਼ਤ ਸਬਸਿਡੀ ਦਿੱਤੀ ਹੈ ਅਤੇ ਅੱਜ ਗੁਦਾਮਾਂ ਦੀ ਕਪੈਸਟੀ ਵਧੀ ਹੈ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇਂ ਲੋਕ ਨਿਰਮਾਣ ਵਿਭਾਗ** (ਸਰਦਾਰ ਸਾਧੂ ਸਿੰਘ ਧਰਮਸੋਤ) : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਂ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸਪੇਸ ਬਣਾਈ ਹੈ, ਇਹ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਬਣਾਈ ਹੈ। ਸੂਝ-ਬੂਝ ਨਾਲ ਗੁਦਾਮ ਖਾਲੀ ਕੀਤੇ ਹਨ । ਕੀ ਇਹ ਕੋਈ ਮਾੜਾ ਕੰਮ ਕੀਤਾ ਹੈ ?

**Mr. Deputy Speaker :** Please take your seat.

**ਸਰਦਾਰ ਸੁਖਦਰਸ਼ਨ ਸਿੰਘ ਮਰਾੜ :** ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤਿੰਨ ਸਾਲਾਂ ਦਾ ਇੱਕ ਵੀ ਗੁਦਾਮ ਦੱਸ ਦੇਣ ਜਿਥੇ ਝੋਨਾ ਲੱਗ ਸਕੇ। ਪੁਰਾਣੇ ਗਡਾਊਨ ਹੀ ਬਣ ਰਹੇ....

**Mr. Deputy Speaker :** Please take your seat.

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ ਵਿਭਾਗ** (ਸਰਦਾਰ ਸਾਧੂ ਸਿੰਘ ਧਰਮਸੋਤ) : ** **

**ਮਾਨਯੋਗ ਡਿਪਟੀ ਸਪੀਕਰ** : ਮੇਰੀ ਪਰਮਿਸ਼ਨ ਤੋਂ ਬਗੈਰ ਜੋ ਸ਼ਬਦ ਕਹੇ ਹਨ, ਉਹ ਐਕਸਪੰਜ ਕਰ ਦਿੱਤੇ ਜਾਣ ।

**ਸਰਦਾਰ ਤੋਤਾ ਸਿੰਘ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਅਸੀਂ ਸੱਚਾਈ ਤੋਂ ਪਾਸੇ ਨਹੀਂ ਜਾ ਸਕਦੇ। ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਜੋ ਪੰਜਾਬ ਵਿੱਚ ਗੁਦਾਮਾਂ ਦੀ ਕਪੈਸਿਟੀ ਵਧੀ ਹੈ, ਉਸ ਮੁਤਾਬਿਕ ਕਿੰਨਾ ਵੀ ਮਾਲ ਪੈਦਾ ਹੋ ਜਾਵੇ, ਕਿੰਨੀ ਵੀ ਮਿਲਿੰਗ ਹੋ ਜਾਵੇ, ਰਾਈਸ ਮਿੱਲ ਕਦੇ ਇੱਕ ਦਿਨ ਵੀ ਸਪੇਸ ਨਾ ਮਿਲਣ ਕਰਕੇ ਬੰਦ ਨਹੀਂ ਹੋਈ। ਇਸ ਦਾ ਸਿੱਟਾ ਕੀ ਨਿਕਲਿਆ ਕਿ 95 ਪ੍ਰਤੀਸ਼ਤ ਮਿਲਿੰਗ 31 ਮਾਰਚ ਤੱਕ ਮੁਕੰਮਲ ਹੋ ਗਈ। ਪਹਿਲਾਂ ਰਾਈਸ ਮਿੱਲਾਂ ਖੜ੍ਹੀਆਂ ਸਨ, ਬੰਦ ਹੋ ਜਾਂਦੀਆਂ ਸਨ। ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਦੇਣ ਹੈ। ਉਨ੍ਹਾਂ ਕਰਕੇ ਵੇਅਰ ਹਾਊਸਿੰਗ ਦੀ ਕਪੈਸਿਟੀ ਵਧੀ ਹੈ। ਉਸ ਦਾ ਸਿੱਟਾ ਇਹ ਹੈ ਕਿ ਰਾਈਸ ਮਿੱਲਾਂ ਕਿਸਾਨਾਂ ਦੇ ਮਗਰ ਮਗਰ ਤੁਰੀਆਂ ਫਿਰਦੀਆਂ ਹਨ ਕਿ ਸਾਨੂੰ ਝੋਨਾ ਦਿਓ। ਕਦੇ ਕਿਸਾਨ ਰੁਲਦੇ ਹੁੰਦੇ ਸੀ। ਇਹ ਸਭ ਰਾਈਸ ਮਿੱਲਾਂ ਦੀ ਕਪੈਸਿਟੀ ਵਧਣ ਕਰਕੇ ਹੋ ਰਿਹਾ ਹੈ। ਜੇ ਸਪੇਸ ਨਾ ਹੁੰਦੀ ਤਾਂ ਰਾਈਸ ਮਿੱਲਾਂ ਬੰਦ ਹੁੰਦੀਆਂ ਅਤੇ ਮਿਲਿੰਗ ਨਾ ਹੁੰਦੀ ਅਤੇ ਕਿਸੇ ਨੇ ਕਿਸਾਨ ਦਾ ਝੋਨਾ ਨਹੀਂ ਸੀ ਚੁਕਣਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਸਮਾਂ ਦਿੱਤਾ, ਇਸ ਲਈ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਸਰਦਾਰ ਵੀਰ ਸਿੰਘ ਲੋਪੋਕੇ(ਰਾਜਾ ਸਾਂਸੀ)** : ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਦੇ ਭਾਸ਼ਣ ਉਤੇ ਬੋਲਣ ਦਾ ਟਾਈਮ ਦਿੱਤਾ ਹੈ। ਮੈਂ ਇਹ ਭਾਸ਼ਣ 2-3 ਵਾਰ ਬੜੀ ਚੰਗੀ ਤਰ੍ਹਾਂ ਪੜ੍ਹਿਆ ਹੈ ਔਰ ਇਨ੍ਹਾਂ ਵੀਰਾਂ ਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਬੜੀ ਚੰਗੀ ਤਰ੍ਹਾਂ ਸੁਣਿਆ ਹੈ। ਰਾਣਾ ਜੀ ਨੇ ਇਸ ਦੀ ਪ੍ਰੋੜਤਾ ਕੀਤੀ ਅਤੇ ਕਿਹਾ ਕਿ ਆਹ ਕੁਛ ਹੋਇਆ, ਆਹ ਕੁਝ ਹੋਇਆ। ਮੈਂ ਸਰਦਾਰ ਸੁੱਚਾ ਸਿੰਘ ਛੋਟੇਪੁਰ ਨਾਲ ਸਹਿਮਤ ਹਾਂ ਕਿ ਜਿਹੜਾ ਬਜਟ ਇਨ੍ਹਾਂ ਨੇ ਪਹਿਲਾਂ ਪਾਸ ਕੀਤਾ ਹੈ, ਇਹ ਪਾਸ ਨਹੀਂ ਸੀ ਹੋਣਾ ਚਾਹੀਦਾ । ਪਹਿਲਾਂ ਗਵਰਨਰ ਦੇ ਭਾਸ਼ਣ ਤੇ ਬਹਿਸ ਹੋ ਕੇ, ਉਸ ਦੀਆਂ ਗੱਲਾਂ ਸੁਣ ਕੇ ਫਿਰ ਬਜਟ ਪਾਸ ਹੁੰਦਾ । ਅੱਜ

---

**Expunged as ordered by the Chair.

ਜਿਹੜੀ ਅਸੀਂ ਗੱਲ ਕਰ ਰਹੇ ਹਾਂ, ਇਸ ਦਾ ਕੋਈ ਫਾਇਦਾ ਤਾਂ ਹੈ ਨਹੀਂ ਪਰ ਅਸੀਂ ਆਪਣੇ ਵੀਰਾਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਪੰਜਾਬ ਜਾਂ ਹਿੰਦੁਸਤਾਨ ਦੇ ਬਾਰਡਰ ਉਤੇ ਵਸਣ ਵਾਲੇ ਲੋਕਾਂ ਦੀ ਇਸ ਭਾਸ਼ਣ ਵਿੱਚ ਜਾਂ ਬਜਟ ਵਿੱਚ ਕੋਈ ਗੱਲ ਨਹੀਂ ਕਹੀ ਗਈ । ਨਾ ਕੋਈ ਰਾਖਵੀਂ ਗੱਲ ਰੱਖੀ ਗਈ ਹੈ। ਜਦੋਂ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਵੰਡ ਹੋਈ ਤਾਂ ਬਾਰਡਰ ਦੇ ਲੋਕਾਂ ਨੇ ਇਹ ਸਾਰੀ ਤਰਾਸਦੀ ਝੱਲੀ । ਪਾਕਿਸਤਾਨ ਨਾਲ ਦੋ-ਤਿੰਨ ਵਾਰ ਲੜਾਈ ਹੋਈ, ਫਿਰ ਵੀ ਬਾਰਡਰ ਵਾਲਿਆਂ ਨੂੰ ਉਜੜਨਾ ਪਿਆ।

*12.59 ਬ.ਦ. (*ਇਸ ਸਮੇਂ ਮੈਂਬਰ, ਪੈਨਲ ਆਫ਼ ਚੇਅਰਮੈਨ (ਸਰਦਾਰ ਸੁੱਚਾ ਸਿੰਘ ਛੋਟੇਪੁਰ) ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਾਲ 2002 ਦੇ ਵਿੱਚ ਵੀ ਬਾਰਡਰ ਵਾਲਿਆਂ ਨੂੰ ਉਜਾੜਾ ਮਿਲਿਆ । ਕਿਸਾਨ ਔਰ ਗਰੀਬ ਵੀ ਉਜੜ ਗਏ ਸਨ ਅਤੇ ਜਿਹੜੇ ਦਲਿਤ ਵੀਰ ਹਨ, ਮੇਰੇ ਤੋਂ ਪਹਿਲਾਂ ਰਾਜ ਕੁਮਾਰ ਦਲਿਤਾਂ ਬਾਰੇ ਬੋਲ ਰਹੇ ਸਨ, ਉਨ੍ਹਾਂ ਨੂੰ ਉਸ ਟਾਈਮ ਨਾ ਕੋਈ ਕੰਮ ਮਿਲਦਾ ਸੀ, ਨਾ ਕੋਈ ਦਿਹਾੜੀ ਮਿਲਦੀ ਸੀ। ਕਿਸਾਨ ਉਜੜ ਕੇ ਪਿੱਛੇ ਆ ਗਏ ਸੀ। ਸੋ, ਉਨ੍ਹਾਂ ਵਾਸਤੇ ਕੋਈ ਵੀ ਇਨ੍ਹਾਂ ਨੇ ਮੰਗ ਨਹੀਂ ਰੱਖੀ। ਅਸੀਂ ਬਾਰਡਰ ਵਾਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਦੇਣਦਾਰ ਹਾਂ, ਜਿਨ੍ਹਾਂ ਨੇ ਆਪਣੇ ਪੰਜ ਸਾਲਾਂ ਵਿੱਚ ਸੈਂਟਰ ਦੇ ਮੰਤਰੀ ਨੂੰ ਲਿਆ ਕੇ ਬਾਰਡਰ ਦੇ ਹਾਲਾਤ ਵਿਖਾਏ ਸਨ। ਉਥੇ ਗ੍ਰਹਿ ਮੰਤਰੀ, ਸ਼੍ਰੀ ਅਡਵਾਨੀ ਜੀ ਆਏ ਸਨ ਤਾਂ ਉਨ੍ਹਾਂ ਨੇ ਬਾਰਡਰ ਦੇ ਉਤੇ ਸਾਰੇ ਵਸਣ ਵਾਲੇ ਲੋਕਾਂ ਦੇ ਨਾਲ, ਕਿਸਾਨਾਂ ਦੇ ਨਾਲ, ਮਜ਼ਦੂਰਾਂ ਦੇ ਨਾਲ, ਮੁਲਾਜ਼ਮਾਂ ਦੇ ਨਾਲ ਗੱਲਬਾਤ ਕੀਤੀ ਤਾਂ ਅੱਗੋਂ ਉਨ੍ਹਾਂ ਸਾਰਿਆਂ ਨੇ ਕਿਹਾ ਕਿ ਜਦੋਂ ਵੀ ਲੜਾਈਆਂ ਲੜੀਆਂ ਜਾਂਦੀਆਂ ਰਹੀਆਂ ਹਨ ਤਾਂ ਅਸੀਂ ਹਿੱਕ ਠੋਕ ਕੇ ਆਪਣੀ ਮਿਲਟਰੀ ਦੀ, ਆਪਣੀ ਫੌਜ ਦੇ ਜਵਾਨਾਂ ਦੀ ਮਦਦ ਕੀਤੀ ਹੈ ਪਰ ਅੱਜ ਹਾਲਾਤ ਇਹ ਹਨ ਕਿ ਉਥੇ ਨਾ ਕੋਈ ਸਾਡੇ ਵਾਸਤੇ ਸਕੂਲ ਚੰਗਾ ਹੈ, ਨਾ ਗਲੀਆਂ ਹਨ ਔਰ ਨਾ ਹੀ ਚੰਗੀਆਂ ਸੜਕਾਂ ਹਨ। ਇਨ੍ਹਾਂ ਵੀਰਾਂ ਨੇ ਇਸ ਤਰ੍ਹਾਂ ਇਸ ਭਾਸ਼ਣ ਨੂੰ ਸਰਾਹਿਆ ਹੈ, ਜਿਵੇਂ ਘੁਮਿਆਰ ਆਪਣੇ ਭਾਂਡੇ ਨੂੰ ਸਲਾਹੁੰਦਾ ਹੈ, ਚਾਹੇ ਉਹ ਪਿੱਲਾ ਹੋਵੇ ਜਾਂ ਕੱਚਾ ਹੋਵੇ ਉਹ ਕਹਿੰਦਾ ਹੈ ਕਿ ਇਹ ਬੜਾ ਸੋਹਣਾ ਹੈ । ਸੋ, ਇਹ ਇਨ੍ਹਾਂ ਨੇ ਵੇਚਣ ਦਾ ਉਪਰਾਲਾ ਕੀਤਾ ਹੈ । ਹੁਣੇ ਹੁਣੇ ਜਥੇਦਾਰ ਤੋਤਾ ਸਿੰਘ ਜੀ ਵਿੱਦਿਆ ਦੀ ਗੱਲ ਕਰ ਰਹੇ ਸਨ ਔਰ ਵਿੱਦਿਆ ਦੇ ਬਾਰੇ ਇਨ੍ਹਾਂ ਨੇ ਪੈਰ੍ਹਾ ਨੰ: 92 ਸਫਾ 29 ਦੇ ਉਤੇ ਸਕੂਲਾਂ ਦੀ ਗੱਲ ਕੀਤੀ ਹੈ ਕਿ ਅੱਠਵੀਂ ਜਮਾਤ ਤੱਕ ਵਿਦਿਆ ਲਾਜ਼ਮੀ ਦਿਆਂਗੇ। ਪਹਿਲਾਂ ਇਨ੍ਹਾਂ ਸਕੂਲਾਂ ਵਿੱਚ ਪੰਜਵੀ ਜਮਾਤ ਤੱਕ ਵਿਦਿਆ ਲਾਜ਼ਮੀ ਸੀ। ਇਸ ਤੋਂ ਇਲਾਵਾ ਮੈਂ ਸਕੂਲਾਂ ਦੀ

[ਸਰਦਾਰ ਵੀਰ ਸਿੰਘ ਲੋਪੋਕੇ]

ਗਿਣਤੀ ਦੇ ਬਾਰੇ ਦਸਦਾ ਹਾਂ ਕਿਉਂਕਿ ਆਪਾਂ ਕੁਐਸਚਨ ਵੀ ਕਰਦੇ ਰਹੇ ਹਾਂ ਕਿ ਕਿੰਨੇ ਸਕੂਲ ਖਾਲੀ ਹਨ, ਕਿੰਨੇ ਸਕੂਲਾਂ ਦੇ ਵਿੱਚ ਟੀਚਰ ਨਹੀਂ ਹਨ। ਮੈਂ ਅੰਕੜੇ ਦੱਸਣਾ ਚਾਹੁੰਦਾ ਹਾਂ ਕਿ ਚੋਗਾਵਾਂ ਵੰਨ ਦੇ ਵਿੱਚ ਕੁਲ 57 ਸਕੂਲ ਹਨ, 8 ਸਕੂਲ ਬਿਲਕੁਲ ਖਾਲੀ ਹਨ ਅਤੇ 16 ਸਕੂਲਾਂ ਦੇ ਵਿੱਚ ਇੱਕ ਇੱਕ ਟੀਚਰ ਹੀ ਹਨ। ਬਲਾਕ ਦੋ ਦੇ ਵਿੱਚ 79 ਸਕੂਲ ਹਨ, 6 ਸਕੂਲ ਖਾਲੀ ਹਨ ਔਰ 15 ਦੇ ਵਿਚ ਇੱਕ ਇੱਕ ਟੀਚਰ ਹੈ। ਇਸੇ ਤਰ੍ਹਾਂ ਬਲਾਕ ਵੱਟੋ ਹੈ, ਉਸ ਦੇ ਵਿੱਚ 64 ਸਕੂਲ ਹਨ, 35 ਸਕੂਲ ਬਿਲਕੁਲ ਖਾਲੀ ਹਨ, 19 ਸਕੂਲ ਜਿਹੜੇ ਹਨ ਉਨ੍ਹਾਂ ਵਿੱਚ ਇੱਕ ਇੱਕ ਟੀਚਰ ਹੈ। ਇਸੇ ਤਰ੍ਹਾਂ ਭਿੱਖੀਵਿੰਡ ਦੇ ਵਿਚ ਇਸ ਤਰ੍ਹਾਂ ਦਾ ਹੀ ਹਾਲ ਹੈ। ਮੈਨੂੰ ਇਹ ਅੰਕੜੇ ਦਸਦਿਆਂ ਹੋਇਆਂ ਸ਼ਰਮ ਆਉਂਦੀ ਹੈ ਪਰ ਸੁਨਣ ਵਾਲਿਆਂ ਨੇ ਪਿਛਲੇ ਤਿੰਨ ਸਾਲਾਂ ਦੇ ਵਿੱਚ ਕੋਈ ਵੀ ਉਪਰਾਲੇ ਨਹੀਂ ਕੀਤੇ। ਚੇਅਰਮੈਨ ਸਾਹਿਬ, ਤੁਸੀਂ ਪਿਛਲੇ ਪੰਜਾਂ ਸਾਲਾਂ ਦਾ ਰਿਕਾਰਡ ਕਢਵਾ ਕੇ ਵੇਖ ਲਵੋ। ਮੈਂ ਸਰਦਾਰ ਤੋਤਾ ਸਿੰਘ ਜੀ ਧੰਨਵਾਦੀ ਹਾਂ ਕਿ ਇਨ੍ਹਾਂ ਨੂੰ ਬੜੇ ਕਸ਼ਟ ਝੱਲਣੇ ਪਏ, ਕਈਆਂ ਦੀਆਂ ਸੁਣਨੀਆਂ ਪਈਆਂ ਪਰ ਇਨ੍ਹਾਂ ਨੇ ਸ਼ਹਿਰਾਂ ਦੇ ਵਿਚੋਂ ਟੀਚਰਾਂ ਨੂੰ ਕੱਢ ਕੇ ਇਨ੍ਹਾਂ ਸਕੂਲਾਂ ਦੇ ਵਿੱਚ ਟੀਚਰਾਂ ਦੀ ਗਿਣਤੀ ਦੇ ਵਿੱਚ ਵਾਧਾ ਕੀਤਾ । ਇਹ ਚਾਹੇ ਤੁਸੀਂ ਰਿਕਾਰਡ ਕਢਵਾ ਕੇ ਵੇਖ ਲਵੋ ਕਿ ਪੰਜ ਸਾਲ ਪਹਿਲਾਂ ਕਿੰਨੇ ਸਕੂਲ ਖਾਲੀ ਸਨ ਜਾਂ ਹੁਣ ਕਿੰਨੇ ਖਾਲੀ ਹਨ। ਇਸ ਵਾਸਤੇ ਅਸੀਂ ਜੋ ਕੁਝ ਕੀਤਾ ਹੈ ਇਹ ਗਰੀਬ ਕਿਸਾਨਾਂ ਵਾਸਤੇ ਕੀਤਾ ਹੈ। ਜਿਵੇਂ ਹੁਣੇ ਹੁਣੇ ਇੱਕ ਵੀਰ ਨੇ ਬੋਲਦੇ ਹੋਏ ਕਿਹਾ ਕਿ ਦੋ ਕਿੱਲਿਆਂ ਵਾਲਾ ਜੱਟ ਮਾੜਾ ਹੈ । ਚੇਅਰਮੈਨ ਸਾਹਿਬ, ਇੱਕ ਦਲਿਤ ਤਾਂ ਮੰਗ ਕੇ ਵੀ ਖਾ ਸਕਦਾ ਹੈ ਪਰੰਤੂ ਜਿਹੜਾ ਜੱਟ ਹੈ, ਉਹ ਨਾ ਹੀ ਮੰਗ ਕੇ ਖਾ ਸਕਦਾ ਹੈ ਔਰ ਨਾ ਹੀ ਮਰਨ ਜੋਗਾ ਹੈ। ਇਸ ਤਰ੍ਹਾਂ ਜੇ ਅਸੀਂ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦੀ ਗੱਲ ਕਰਦੇ ਹਾਂ ਜਾਂ ਬੈਕਵਰਡ ਕਲਾਸਿਜ਼ ਦੇ ਲੋਕ ਜਿਹੜੇ ਹਨ, ਜਿਵੇਂ ਛੀਂਬਾ ਜਾਂ ਤਰਖਾਣ ਆਦਿ ਬਰਾਦਰੀ ਦੇ ਹਨ, ਉਨ੍ਹਾਂ ਨੇ ਤਾਂ ਦਿਹਾੜੀ ਕਰਨੀ ਹੈ ਔਰ ਉਸ ਦੇ ਨਾਲ ਹੀ ਆਪਣੇ ਬੱਚੇ ਪਾਲਣੇ ਹਨ, ਉਹ ਕਿਸ ਤਰ੍ਹਾਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਈ ਕਰਵਾ ਸਕਦੇ ਹਨ। ਮੈਂ ਇੱਥੇ ਜੌਹਰ ਸਾਹਿਬ ਨੂੰ ਪੁੱਛਿਆ ਸੀ ਕਿ ਉਥੇ ਸਕੂਲਾਂ ਦੇ ਵਿੱਚ ਪ੍ਰਿੰਸੀਪਲ ਨਹੀਂ ਹੈ, ਟੀਚਰ ਕੋਈ ਨਹੀਂ ਹੈ ਤੇ ਜੇਕਰ ਕਿਤੇ ਇੱਕ ਟੀਚਰ ਹੈ ਪਰ ਕਲਾਸਾਂ ਦਸ ਹਨ ਤਾਂ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਪੜ੍ਹੇ-ਲਿਖੇ ਹੋ, ਤੁਹਾਨੂੰ ਪਤਾ ਹੀ ਹੈ ਕਿ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ । ਇਸ ਵਾਸਤੇ ਅਸੀਂ ਬਾਰਡਰ ਤੇ ਵਸਣ ਵਾਲੇ ਲੋਕਾਂ ਦੇ ਦੇਣਦਾਰ ਹਾਂ ਕਿਉਂਕਿ ਉਹ ਸਾਡੇ ਕੋਲੋਂ ਪੁੱਛਦੇ ਹਨ ਕਿ ਸਕੂਲ ਕਿਉਂ ਨਹੀਂ ਚਲਦੇ, ਟੀਚਰ ਕਿਉਂ ਨਹੀਂ ਆਉਂਦੇ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੁਰਾਂ ਦੇ ਟਾਈਮ ਵੇਲੇ

ਸੈਂਟਰ ਸਰਕਾਰ ਦੇ ਡਿਵੈਲਪਮੈਂਟ ਮੰਤਰੀ, ਸ਼੍ਰੀ ਸੁੰਦਰ ਲਾਲ ਪਟਵਾ ਜੀ ਸਨ । ਉਨ੍ਹਾਂ ਨੇ ਆ ਕੇ ਬਾਰਡਰ ਦੇ ਹਾਲਾਤ ਦੇਖੇ ਔਰ ਉਨ੍ਹਾਂ ਨੇ ਇਸ ਗੱਲ ਨੂੰ ਮੰਨਿਆ ਸੀ ਕਿ ਸਪੈਸ਼ਲ ਗਰਾਂਟ ਇਨ੍ਹਾਂ ਬਾਰਡਰ ਉਤੇ ਵਸਣ ਵਾਲੇ ਲੋਕਾਂ ਨੂੰ, ਬਲਾਕਾਂ ਨੂੰ ਜਿਵੇਂ ਚੋਗਾਵਾਂ, ਅਜਨਾਲਾ, ਗੰਡੀਵਿੰਡ ਵਿੱਚ ਕਿਸਾਨਾਂ ਨੂੰ ਦੇਵਾਂਗੇ । ਉਥੇ ਕਿਸਾਨਾਂ ਨੇ ਤਾਰ ਦੇ ਲਾਗੇ ਲਾਗੇ ਇਨ੍ਹਾਂ ਮੰਤਰੀਆਂ ਨੂੰ ਦਿਖਾਇਆ । ਜਦੋਂ ਉਨ੍ਹਾਂ ਨੇ ਹਾਲਤ ਦੇਖੀ, ਕਿਸਾਨਾਂ ਦੀਆਂ ਗੱਲਾਂ ਸੁਣੀਆਂ ਤਾਂ ਪਟਵਾ ਸਾਹਿਬ ਦੇ ਅੱਥਰੂ ਵੱਗ ਪਏ, ਕਿ ਇੰਨੀ ਮੁਸੀਬਤ ਨਾਲ ਤੁਸੀਂ ਇਥੇ ਵਸਦੇ ਹੋ । ਅਸੀਂ ਦਿੱਲੀ ਬੈਠੇ ਤੁਹਾਡੇ ਬਾਰੇ ਸੋਚਦੇ ਨਹੀਂ । ਸੋ ਇਥੇ ਗੱਲਾਂ ਕਰੀ ਜਾਣੀਆਂ ਜਾਂ ਲਿਫਾਫੇਬਾਜ਼ੀ ਕਰ ਦੇਣੀ, ਇਹ ਗੱਲਾਂ ਸਾਡੇ ਵਾਸਤੇ ਸੋਭਦੀਆਂ ਨਹੀਂ । ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ ਜੇ ਸੱਚਾਈ ਨਹੀਂ ਬੋਲਾਂਗੇ ਤਾਂ ਲੋਕਾਂ ਨੇ ਸਾਨੂੰ ਪੁੱਛਣਾ ਨਹੀਂ । (ਹਾਸਾ) ਇਹ ਵੀਰ ਹੱਸਦੇ ਹਨ। ਡੋਗਰਾ ਸਾਹਿਬ, ਤੁਸੀਂ ਉਦੋਂ 14 ਬੈਠਦੇ ਸੀ ਉਦੋਂ ਸਾਨੂੰ ਗੱਲਾਂ ਆਉਂਦੀਆਂ ਸੀ। ਹੁਣ ਅਸੀਂ 42-43 ਆਏ ਹਾਂ ਪਰ ਹੁਣ ਜਿਹੜੀਆਂ ਇਲੈਕਸ਼ਨਾਂ ਆਉਣੀਆਂ ਹਨ, ਉਨ੍ਹਾਂ ਵਿਚ ਤੁਸੀਂ 5-7 ਨੇ ਹੀ ਆਉਣਾ ਹੈ ਤੁਸੀਂ ਇਹ ਹਿਸਾਬ ਲਾ ਲਓ । ਤੁਸੀਂ ਜਿਹੜੀ ਇਲੈਕਸ਼ਨ ਹੁਣ ਲੜ ਕੇ ਆਏ ਹੋ, ਇਹ ਇਲੈਕਸ਼ਨ ਲੜੀ ਨਹੀਂ ਹੈ ਇਹ ਪੁਲਿਸ ਦੀਆਂ ਇਲੈਕਸ਼ਨਾਂ ਸੀ, ਕਿਸੇ ਤੋਂ ਕੋਈ ਗੱਲ ਲੁਕੀ ਨਹੀਂ, ਸਾਨੂੰ ਪਤਾ ਹੈ । ਵੋਟਾਂ ਪਾਉਣ ਵਾਲੇ ਕਣਕਾਂ ਵਿੱਚ ਲੁਕੇ ਫਿਰਦੇ ਸਨ। ਉਸ ਟਾਈਮ ਲੋਕਾਂ ਤੇ ਝੂਠੇ ਪਰਚੇ ਹੋਏ । ਇਸ ਵਾਸਤੇ ਮੈਂ ਬੇਨਤੀ ਕਰਦਾ ਹਾਂ ਕਿ ਸਾਲ-ਡੇਢ ਸਾਲ ਰਹਿ ਗਿਆ ਹੈ ਤੇ ਲੋਕਾਂ ਦੇ ਭਲੇ ਵਾਸਤੇ ਕੋਈ ਗੱਲ ਕਰੋ । ਜੋ ਲੋਕਾਂ ਨਾਲ ਵਾਅਦੇ ਕੀਤੇ ਹਨ, ਜਿਨ੍ਹਾਂ ਦੇ ਸਿਰ ਤੇ ਚੋਣਾਂ ਲੜੀਆਂ ਹਨ, ਉਹ ਪੂਰੇ ਨਹੀਂ ਕਰ ਰਹੇ ਉਨ੍ਹਾਂ ਨਾਲ ਠੱਗੀ ਮਾਰੀ ਗਈ ਹੈ ਕਿ ਬਿਜਲੀ ਮਾਫ਼ ਕਰ ਦਿਆਂਗੇ, ਮਾਮਲਾ ਮਾਫ਼ ਕਰਾਂਗੇ । ਚੇਅਰਮੈਨ ਸਾਹਿਬ, ਲੋਕਾਂ ਨਾਲ ਉਦੋਂ ਠੱਗੀ ਚੱਲ ਗਈ, ਪਰ ਕਿਸਾਨਾਂ ਦੇ ਬਿਜਲੀ ਦੇ ਬਿਲ ਮਾਫ਼ ਨਹੀਂ ਹੋਏ । ਉਹ ਮਾਫ਼ ਇਹ ਕਰਨਗੇ ਪਰ ਚੋਣਾਂ ਲਾਗੇ ਪਰ ਉਸ ਸਮੇਂ ਲੋਕਾਂ ਨੇ ਇਹ ਗੱਲ ਮੰਨਣੀ ਨਹੀਂ । ਤਿੰਨ ਸਾਲ ਉਨ੍ਹਾਂ ਤੇ ਜਿਹੜੇ ਟੈਕਸ ਪਾਏ ਹਨ, ਡੀਜ਼ਲ ਵਧਿਆ ਹੈ ਹੋਰ ਟੈਕਸ ਲਗਾਏ ਹਨ, ਉਹ ਵੀ ਦੱਸ ਦੇਣ ਅਤੇ ਜੋ ਇਨ੍ਹਾਂ ਨੇ ਕਿਸਾਨਾਂ ਦੇ ਨਾਲ ਕੀਤਾ ਹੈ, ਉਹ ਵੀ ਦੱਸ ਦੇਣ ।

**ਸ਼੍ਰੀ ਸਭਾਪਤੀ** : ਸਰਦਾਰ ਵੀਰ ਸਿੰਘ ਜੀ, ਹੋਰ ਕਿੰਨਾ ਸਮਾਂ ਲਓਗੇ । 10-10 ਮਿੰਟ ਦਾ ਸਮਾਂ ਹੈ ।

**ਸਰਦਾਰ ਵੀਰ ਸਿੰਘ ਲੋਪੋਕੇ** : ਤੁਸੀਂ ਤਾਂ ਨਾ ਪੁੱਛੋ, ਆਪਣੀ ਤਾਂ ਘਰ ਦੀ ਗੱਲ ਹੈ ।

**ਸ਼੍ਰੀ ਸਭਾਪਤੀ :** ਤੁਹਾਡੇ ਵਲੋਂ ਹੀ ਰਿਕੁਐਸਟ ਆਈ ਸੀ, ਇਸ ਲਈ 10-10 ਮਿੰਟ ਮਿਲਣਗੇ ।

**ਸਰਦਾਰ ਵੀਰ ਸਿੰਘ ਲੋਪੋਕੇ :** ਮੈਂ ਬੇਨਤੀ ਕਰ ਰਿਹਾ ਸੀ ਕਿ ਸਾਲ 2002 ਵਿੱਚ ਇਹ ਸਰਕਾਰ ਬਣੀ, ਉਸ ਵੇਲੇ ਬਾਰਡਰ ਤੇ ਮਿਲਟਰੀ ਬੈਠੀ ਸੀ। ਉਥੇ ਪੰਜਾਬ ਸਰਕਾਰ ਦੀ ਜ਼ਮੀਨ ਹੈ ਤੇ ਕਿਸਾਨਾਂ ਨੂੰ ਉਸ ਜ਼ਮੀਨ ਦਾ ਮੁਆਵਜ਼ਾ ਮਿਲਦਾ ਹੈ। ਜਿਹੜੀ ਪੰਜਾਬ ਸਰਕਾਰ ਦੀ ਜ਼ਮੀਨ ਹੈ,ਉਹ ਸਰਕਾਰੀ ਜ਼ਮੀਨ ਹੁੰਦੀ ਹੈ। ਉਸ ਦਾ 1/3 ਹਿੱਸਾ ਆਪਣਾ ਕੱਟ ਕੇ 2/3 ਹਿੱਸਾ ਉਸ ਨੂੰ ਦੇ ਦਿੱਤਾ ਜਾਂਦਾ ਹੈ,ਜਿਹੜਾ ਉਸ ਨੂੰ ਵਾਹੁੰਦਾ ਹੈ। ਕਿਸਾਨਾਂ ਨੂੰ ਉਹ ਪੈਸੇ ਮਿਲ ਗਏ, 2002 ਦੀ ਰਬੀ ਦੇ ਪੈਸੇ ਮਿਲ ਗਏ, ਜਿਸ ਨੂੰ ਤੁਸੀਂ ਹਾੜੀ ਕਹਿੰਦੇ ਹੋ। 2002 ਦੀ ਸਾਉਣੀ ਦੇ ਪੈਸੇ ਮਿਲ ਗਏ ਪਰ ਅੱਜ ਮੇਰੇ ਇਹ ਵੀਰ ਕਿਸਾਨਾਂ ਤੋਂ ਉਹ ਪੈਸੇ ਵਾਪਸ ਲੈ ਰਹੇ ਹਨ। ਹੁਣ ਇਹ ਕਹਿੰਦੇ ਹਨ ਕਿ ਗਲਤੀ ਨਾਲ ਦੇ ਬੈਠੇ ਹਾਂ। ਉਸ ਜ਼ਮੀਨ ਉਤੇ ਮੁਆਵਜ਼ਾ ਨਹੀਂ ਦੇਣਾ। ਇਹ ਕਹਿੰਦੇ ਹਨ ਕਿ ਕਿਸਾਨ ਵਾਸਤੇ ਬੜਾ ਕੁਝ ਕੀਤਾ ਹੈ, ਇੰਨਾ ਪਾਣੀ ਦੇਣ ਲੱਗੇ ਹਾਂ ਇਹ ਰਿਕਾਰਡ ਦੀਆਂ ਗੱਲਾਂ ਹਨ। ਇਹ ਇਥੇ ਆ ਕੇ ਝੂਠ ਬੋਲਦੇ ਹਨ ਤੇ ਬਾਹਰ ਜਾ ਕੇ ਕੁਝ ਹੋਰ ਕਹਿੰਦੇ ਹਨ। ਬਾਰਡਰ ਦੇ ਏਰੀਏ ਵਿੱਚ ਰੋਜ਼ਨਾਮਚਾ ਲਗਦਾ ਹੈ ਕਿ ਕੋਈ ਕਿਥੇ ਜਾਂਦਾ ਹੈ, ਕਦੋਂ ਜਾਂਦਾ ਹੈ । ਇਵੇਂ ਹੀ ਬਿਜਲੀ ਦੇ ਦਫ਼ਤਰ ਵਿੱਚ ਰੋਜ਼ਨਾਮਚਾ ਹੁੰਦਾ ਹੈ ਕਿ ਕਿੰਨੀ ਕੱਟ ਲੱਗੀ, ਕਦੋਂ ਕੱਟ ਲੱਗੀ। ਇਹ ਰਿਕਾਰਡ ਕੱਢ ਕੇ ਦੇਖ ਲਓ ਫੇਰ ਗੱਲ ਕਰਨਾ । ਇਹ ਪੁਲਿਸ ਦਾ ਰਾਜ ਹੈ, ਜੰਗਲ ਦਾ ਰਾਜ ਹੈ। ਅੱਜ ਲੋਕ ਕੁਰੱਪਸ਼ਨ ਤੋਂ ਔਖੇ ਹਨ। ਪਹਿਲਾਂ ਕੁਰੱਪਸ਼ਨ ਹਟਾਉਣ ਵਾਸਤੇ ਇਨ੍ਹਾਂ ਨੂੰ ਚਾਰ ਵੋਟਾਂ ਮਿਲ ਗਈਆਂ ਪਰ ਜੋ ਕੁਰੱਪਸ਼ਨ ਹੁਣ ਚੱਲ ਰਹੀ ਹੈ, ਉਸ ਦਾ ਕੋਈ ਹਿਸਾਬ ਨਹੀਂ ਹੈ। ਅਸੀਂ ਆਪਣੇ ਸਾਥੀਆਂ ਨੂੰ ਕਹਿੰਦੇ ਸੀ ਕਿ ਬਚੀਏ ਕੁਰੱਪਸ਼ਨ ਤੋਂ, ਜੇ ਨਹੀਂ ਬਚੇ ਤਾਂ ਇਸ ਪਾਸੇ ਆ ਗਏ । ਤੁਹਾਡਾ ਵੀ ਉਹੀ ਹਾਲ ਹੋਣਾ ਹੈ ਬਲਕਿ ਤੁਸੀਂ ਤਾਂ ਇੱਧਰ (ਆਪੋਜ਼ੀਸ਼ਨ ਬੈਂਚਾਂ ਵਲੋਂ ਇਸ਼ਾਰਾ) ਆ ਕੇ ਬੈਠਣਾ ਹੈ। ਇੰਨੇ ਬੰਦਿਆਂ ਨੇ ਵੀ ਇਥੇ ਨਹੀਂ ਆਉਣਾ, 3-4 ਨੇ ਹੀ ਆਉਣਾ ਹੈ। ਡੋਗਰਾ ਸਾਹਿਬ, ਉਦੋਂ ਤੁਸੀਂ ਇਧਰ ਬੈਠ ਕੇ ਭੁੜਕਦੇ ਹੁੰਦੇ ਸੀ ।

ਇਨ੍ਹਾਂ ਨੇ ਪੰਚਾਇਤੀ ਰਾਜ ਦੀ ਗੱਲ ਕੀਤੀ ਹੈ। ਬੀਬੀ ਸੋਨੀਆ ਨੇ ਵੀ ਆਖਿਆ ਹੈ ਕਿ ਪੰਚਾਇਤਾਂ ਨੂੰ ਵੱਧ ਅਧਿਕਾਰ ਦਿੱਤੇ ਜਾਣਗੇ। ਵੱਧ ਅਧਿਕਾਰ ਪੰਚਾਇਤਾਂ ਨੂੰ ਦੇਣ ਦੀ ਗੱਲ ਕੀਤੀ ਗਈ ਹੈ। ਕਿਹਾ ਗਿਆ ਹੈ ਕਿ ਸਰਪੰਚ ਆਪਣੀ ਮਰਜ਼ੀ ਨਾਲ ਫੰਡ ਵਰਤ ਸਕਣਗੇ ਅਤੇ ਡਿਵੈਲਪਮੈਂਟ ਅਤੇ ਹੋਰ ਕੰਮ ਆਪਣੀ ਮਰਜ਼ੀ ਨਾਲ ਕਰ ਸਕਣਗੇ ਪਰ ਅਸਲੀਅਤ ਇਹ ਹੈ ਕਿ ਪੰਚਾਇਤਾਂ ਦੇ ਸਰਪੰਚਾਂ ਤੇ ਵੀ

ਇਨ੍ਹਾਂ ਦੇ ਰਾਜ ਵਿੱਚ ਪਰਚੇ ਦਰਜ ਹੋਏ ਹਨ । ਇੱਕ ਸਰਜਾ ਪਿੰਡ ਹੈ, ਉਥੇ ਐਫ.ਆਈ.ਆਰ. 278, ਮਿਤੀ 28.9.04 ਨੂੰ ਪਰਚਾ ਦਰਜ ਹੋਇਆ ਹੈ। ਉਥੋਂ ਦਾ ਸਰਪੰਚ ਇੱਟਾਂ ਲੈ ਕੇ ਆਇਆ। ਉਸ ਨੇ ਆਪਣੀਆਂ ਇੱਟਾਂ ਲੁਆ ਲਈਆਂ ਪਰ ਉਸ ਤੇ ਦੋਸ਼ ਲਗਾਇਆ ਗਿਆ ਕਿ ਉਹ ਪੰਚਾਇਤ ਦੀਆਂ ਇੱਟਾਂ ਵਰਤ ਰਿਹਾ ਹੈ। ਇਹ ਬੀ.ਡੀ.ਓ. ਲਿਖਦਾ ਹੈ ਅਤੇ 400 ਰੁਪਏ ਦਾ ਕੇਸ ਉਸ ਤੇ ਕਰ ਦਿੱਤਾ ਅਤੇ ਕਿਹਾ ਗਿਆ ਕਿ ਸਰਪੰਚ ਨੇ ਪੰਚਾਇਤ ਦੀਆਂ ਇੱਟਾਂ ਆਪਣੇ ਘਰ ਵਿੱਚ ਲਵਾ ਲਈਆਂ। ਇੱਕ ਮੇਰੇ ਆਪਣੇ ਪਿੰਡ ਲੋਪੋਕੇ ਦੀ ਗੱਲ ਹੈ, ਉਥੇ ਇੱਕ-ਦੋ ਕੈਨਾਲ ਦਾ ਪਲਾਟ ਹੈ। ਇਹ ਇੱਕ ਪੱਤੀ ਦੇ ਵਿੱਚ ਹੈ। ਉਸ ਪੱਤੀ ਦੇ ਸਾਰੇ ਅਮੀਰ ਗਰੀਬ ਲੋਕ ਉਸ ਪਲਾਟ ਨੂੰ ਮਰਨ ਜੰਮਣ ਸਮੇਂ ਦੇ ਮੌਕੇ ਤੇ, ਵਿਆਹ ਸ਼ਾਦੀਆਂ ਦੇ ਮੌਕੇ ਤੇ ਅਤੇ ਹੋਰ ਸਾਂਝੇ ਕੰਮਾਂ ਆਦਿ ਲਈ ਵਰਤਦੇ ਸਨ ਪਰ ਸਮੇਂ ਦੀ ਹਕੂਮਤ ਦੀ ਮਿਲੀਭੁਗਤ ਨਾਲ ਉਥੇ ਇੱਕ ਸਾਜ਼ਸ਼ ਰਚੀ ਗਈ। ਪੰਚਾਇਤ ਨੂੰ ਕੁਝ ਨਹੀਂ ਦੱਸਿਆ ਗਿਆ ਅਤੇ ਜਗ੍ਹਾ ਦੀ ਸਟੇਅ ਲੈ ਲਈ ਗਈ। ਬਦੋ ਬਦੀ ਉਸ ਨੂੰ ਹਥਿਆਉਣ ਦੀ ਕੋਸ਼ਿਸ਼ ਕੀਤੀ ਗਈ। ਉਥੇ ਮੈਂਬਰਾਂ ਤੇ ਪਰਚਾ ਦਰਜ ਕਰ ਦਿੱਤਾ ਗਿਆ। ਸੱਤ ਬੰਦਿਆਂ ਤੇ ਪਰਚਾ ਦਰਜ ਹੋਇਆ ਹੈ। ਜਿਹੜੇ ਪੰਚਾਇਤ ਦੇ ਮੁਦਈ ਸਨ ਅਤੇ ਰਖਵਾਲੇ ਸਨ, ਉਨ੍ਹਾਂ ਨੂੰ ਫੜ੍ਹ ਕੇ ਅੰਦਰ ਦੇ ਦਿੱਤਾ ਅਤੇ ਦੋਸ਼ੀ ਸੱਤ ਬੰਦੇ ਬਾਹਰ ਫਿਰਦੇ ਹਨ। ਇਹੋ ਜਿਹੇ ਤਾਂ ਵੱਧ ਅਧਿਕਾਰ ਇਨ੍ਹਾਂ ਨੇ ਪੰਚਾਇਤਾਂ ਨੂੰ ਦਿੱਤੇ ਹਨ। ਮੈਂ ਪੰਚਾਇਤਾਂ ਬਾਰੇ ਪੰਚਾਇਤੀ ਰਾਜ ਐਕਟ 1994 ਦੀ ਧਾਰਾ 16 ਅਧੀਨ ਪੜ੍ਹਿਆ ਹੈ ਕਿ ਪੰਚਾਇਤ ਮੈਂਬਰਾਂ ਦੀ ਮੀਟਿੰਗ ਬੁਲਾਉਣ ਦਾ ਸਰਪੰਚ ਦਾ ਫਰਜ਼ ਬਣਦਾ ਹੈ। ਪੰਚਾਂ ਦੀ ਹਾਜ਼ਰੀ ਮੀਟਿੰਗ ਵਿੱਚ ਜ਼ਰੂਰੀ ਹੁੰਦੀ ਹੈ। ਜੇ ਕਿਸੇ ਪੰਚ ਨੂੰ ਪੰਚਾਇਤ ਨੋਟਿਸ ਕੱਢ ਕੇ ਮੁਅੱਤਲ ਕਰਨਾ ਚਾਹੁੰਦੀ ਹੈ ਤਾਂ ਉਸ ਦੀ ਸਜ਼ਾ ਸਰਪੰਚ ਨੂੰ ਦਿੱਤੀ ਜਾਂਦੀ ਹੈ। ਸਰਪੰਚ ਨੂੰ ਸਸਪੈਂਡ ਤੱਕ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਡਿਵੈਲਪਮੈਂਟਸ ਦੀਆਂ ਸਾਰੀਆਂ ਸਕੀਮਾਂ ਰੁਕੀਆਂ ਹੋਈਆਂ ਹਨ। ਜਿਹੜੀਆਂ ਇਹ ਗੱਲਾਂ ਕਰਦੇ ਹਨ, ਇਸ ਵਾਸਤੇ ਪੰਜਾਬ ਦੇ ਲੋਕ ਬਹੁਤ ਦੁਖੀ ਹਨ। ਅੱਜ ਜੇ ਵਪਾਰੀਆਂ ਨੂੰ ਪੁੱਛੀਏ, ਵਪਾਰੀ ਵਰਗ ਤੜਫਦਾ ਪਿਆ ਹੈ। ਇਨ੍ਹਾਂ ਨੂੰ ਪਤਾ ਲੱਗੇਗਾ ਜਦੋਂ ਇਲੈਕਸ਼ਨ ਆਈ । ਵਿਚਾਰਾ ਦਲਿਤ ਵੀਰ ਅੱਜ ਪੈਨਸ਼ਨਾਂ ਨਾ ਮਿਲਣ ਕਾਰਨ ਪਰੇਸ਼ਾਨ ਹੈ। ਇਨ੍ਹਾਂ ਨੇ ਆਖਿਆ ਸੀ ਕਿ 450 ਕਰੋੜ ਰੁਪਿਆ ਰੱਖਿਆ ਗਿਆ ਹੈ। ਅੱਜ ਸਾਰੇ ਵਰਗਾਂ ਦੇ ਲੋਕ ਤਕਲੀਫ ਵਿੱਚ ਹਨ। ਗੱਲਾਂ ਕਹਿ ਦੇਣੀਆਂ ਸੌਖੀਆਂ ਹਨ ਪਰ ਨਿਭਾਉਣੀਆਂ ਔਖੀਆਂ ਹਨ। ਇਸ ਤਰ੍ਹਾਂ ਅੰਤ ਵਿਚ ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਹੁਣ ਸ਼ਰਮਾ ਜੀ ਨੇ ਵੀ ਬੋਲਣਾ ਹੈ। ਤੁਹਾਡਾ ਫਿਰ ਧੰਨਵਾਦ ਕਰਦਾ ਹਾਂ।

**ਸ਼੍ਰੀ ਸਭਾਪਤੀ :** ਅਸ਼ੋਕ ਸ਼ਰਮਾ ਜੀ, ਤੁਸੀਂ ਬੋਲੋ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** (ਬੈਠੇ-ਬੈਠੇ) : ਸ਼ਰਮਾ ਜੀ, ਸਰਕਾਰ ਕੋਲ ਬੋਲਣ ਲਈ ਕੁਝ ਹੈ ਤਾਂ ਨਹੀਂ, ਇਸ ਲਈ ਤੁਸੀਂ ਆਪਣਾ ਸਮਾਂ ਸਾਨੂੰ ਹੀ ਦੇ ਦਿਓ।

**ਸਰਦਾਰ ਗੁਰਜੰਟ ਸਿੰਘ** (ਬੈਠੇ-ਬੈਠੇ) : ਤੁਸੀਂ ਤਾਂ ਸ਼ਰਾਬ ਦੇ ਬਾਰੇ ਹੀ ਬੋਲਣਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** (ਬੈਠੇ-ਬੈਠੇ): ਨਹੀਂ ਜੀ, ਸ਼ਰਾਬ ਦੇ ਬਾਰੇ ਬੋਲਣਾ ਅਸੀਂ ਛੱਡ ਦਿੱਤਾ ਹੈ। ਅਸੀਂ ਹੁਣ ਸ਼ਰਾਬ ਛੱਡ ਦਿੱਤੀ ਹੈ ਅਤੇ ਤੁਹਾਨੂੰ ਦੇ ਦਿੱਤੀ ਹੈ।

**ਸ਼੍ਰੀ ਅਸ਼ੋਕ ਸ਼ਰਮਾ** (ਪਠਾਨਕੋਟ) : ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ, ਇਸ ਦੇ ਵਾਸਤੇ ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ। ਗਵਰਨਰ ਐਡਰੈਸ, ਸਰਕਾਰ ਦੀ ਕਾਰਗੁਜ਼ਾਰੀ ਜਿਹੜੀ ਕਿ ਆਉਣ ਵਾਲੇ ਸਮੇਂ ਵਿੱਚ ਹੋਣੀ ਹੁੰਦੀ ਹੈ, ਉਸ ਤੇ ਵਿਲ ਆਫ਼ ਦਿ ਗੌਰਮਿੰਟ ਨੂੰ ਐਕਸਪ੍ਰੈਸ ਕਰਦਾ ਹੈ ਔਰ ਸਾਰੇ ਟੀਚੇ ਗਵਰਨਰ ਐਡਰੈਸ ਦੇ ਵਿੱਚ ਦੱਸੇ ਜਾਂਦੇ ਹਨ। ਸਾਰੇ ਹੋਣ ਵਾਲੇ ਕੰਮ ਦੱਸੇ ਜਾਂਦੇ ਹਨ, ਜਿਨ੍ਹਾਂ ਤੇ ਸਰਕਾਰ ਨੇ ਚਲ ਕੇ ਇਸ ਸਾਲ ਦੇ 'ਵੈਲਫੇਅਰ ਗੌਰਮਿੰਟ' ਦੇ ਕਨਸੈਪਟ ਨੂੰ ਪੂਰਾ ਕਰਨਾ ਹੁੰਦਾ ਹੈ ਪਰ ਗਵਰਨਰ ਐਡਰੈਸ ਤੇ ਬੋਲਦੇ ਸਮੇਂ ਕਈ ਚੀਜ਼ਾਂ ਵੇਖਣ ਦੇ ਵਿੱਚ ਆਈਆਂ ਹਨ। ਇਹ ਹੋ ਰਿਹਾ ਹੈ ਕਿ ਗਵਰਨਰ ਐਡਰੈਸ ਤਾਂ ਕਿਸੇ ਹੋਰ ਪਾਸੇ ਰਹਿ ਜਾਂਦਾ ਹੈ ਅਤੇ ਗੱਲਾਂ ਕਿਸੇ ਹੋਰ ਪਾਸੇ ਚਲੀਆਂ ਜਾਂਦੀਆਂ ਹਨ । ਸਾਡੇ ਵਰਗੇ ਲੋਕ ਜਿਹੜੇ ਕਿ ਆਪਣੇ ਪੈਸੇ ਦੇ ਵਿੱਚ ਲੌਜੀਕਲੀ ਜੁੜੇ ਹੋਏ ਹਨ ਔਰ ਹਮੇਸ਼ਾਂ ਲੌਜੀਕਲੀ ਗੱਲ ਕਰਦੇ ਹਨ, ਉਹ ਸਾਡੇ ਵਰਗੇ ਇਹੋ ਜਿਹੇ ਮਾਹੌਲ ਵਿੱਚ ਬੜਾ ਅਸਹਿਜ ਮਹਿਸੂਸ ਕਰਦੇ ਹਨ । ਇਹ ਮਹਿਸੂਸ ਕਰਦੇ ਹਾਂ ਕਿ ਇਸ ਤਰ੍ਹਾਂ ਸਦਨ ਦਾ ਕੀਮਤੀ ਸਮਾਂ ਖਰਾਬ ਹੋ ਜਾਂਦਾ ਹੈ । ਬਹਰਹਾਲ ਮੈਂ ਇਹ ਗੱਲਾਂ ਨਾ ਕਰਕੇ ਜੋ ਗੱਲਾਂ ਡੈਮੋਕਰੇਟਿਕ ਸਿਸਟਮ ਦੇ ਵਾਸਤੇ ਹੈਲਦੀ ਹੋਣਗੀਆਂ, ਉਨ੍ਹਾਂ ਗੱਲਾਂ ਤੇ ਹੀ ਕਨਫਾਈਨ ਰਹਾਂਗਾ । ਮੈਂ ਗਵਰਨਰ ਐਡਰੈਸ ਦੇ ਕਈ ਪੱਖਾਂ ਤੇ ਗੱਲ ਕਰਾਂਗਾ। ਮੈਂ ਉਨ੍ਹਾਂ ਪੱਖਾਂ ਦੀ ਗੱਲ ਕਰਾਂਗਾ ਜਿਹੜੇ ਮੈਨੂੰ ਸਰਕਾਰ ਦੇ ਪੱਖ ਅੱਛੇ ਲੱਗੇ ਹਨ । ਹਾਊਸ ਦਾ ਸਮਾਂ ਬੜਾ ਕੀਮਤੀ ਹੈ, ਇਸ ਕਰਕੇ ਮੈਂ ਬਰੀਫ ਵਿੱਚ ਹੀ ਚਰਚਾ ਕਰਾਂਗਾ।

ਇਸ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਕਰੈਡੇਬਿਲਟੀ ਦਾ ਜ਼ਿਕਰ ਕੀਤਾ ਗਿਆ ਹੈ, ਜਿਹੜੀ ਪਿਛਲੇ ਕਾਫੀ ਸਮੇਂ ਤੋਂ ਖਰਾਬ ਹੋ ਗਈ ਸੀ। ਉਸ ਨੂੰ ਠੀਕ ਕਰਨ ਵੱਲ ਸਰਕਾਰ ਵਲੋਂ ਉਚੇਚੇ ਕਦਮ ਚੁੱਕੇ ਗਏ ਹਨ। ਪਿਛੇ ਪੰਜਾਬ ਪਬਲਿਕ ਸਕੂਲ ਸਰਵਿਸ ਕਮਿਸ਼ਨ ਦੇ ਵਿੱਚ ਨੌਕਰੀਆਂ ਦੇਣ ਵਿੱਚ ਰਿਸ਼ਵਤਖੋਰੀ ਹੋਈ । ਉਸ ਦਾ ਜ਼ਿਕਰ ਕਾਫੀ ਅਖਬਾਰਾਂ ਵਿੱਚ ਲਿਖਾਰੀਆਂ ਨੇ ਕੀਤਾ ਸੀ ਅਤੇ ਕੁਮੈਂਟਸ ਵੀ ਦਿੱਤੇ ਸਨ ਪਰ ਇਸ ਉਤੇ ਠੀਕ ਕਾਰਵਾਈ ਕੈਪਟਨ ਸਾਹਿਬ ਨੇ ਕੀਤੀ ਹੈ ਅਤੇ ਕਮਿਸ਼ਨ ਦੀ ਕਰੈਡੇਬਿਲਟੀ ਨੂੰ ਬਹਾਲ ਕੀਤਾ ਹੈ । ਪਿਛਲੇ 3 ਸਾਲਾਂ ਦੇ ਦੌਰਾਨ ਇਸ ਦੀ ਕਰੈਡੇਬਿਲਟੀ ਨੂੰ ਬਰਕਰਾਰ ਰੱਖਿਆ ਹੈ ਅਤੇ ਆਉਣ ਵਾਲੇ 2 ਸਾਲਾਂ ਵਿੱਚ ਹੋਰ ਉੱਚਾ ਚੁਕਿਆ ਜਾਵੇਗਾ। ਇਸ ਕਮਿਸ਼ਨ ਦੀ ਕਰੈਡੇਬਿਲਟੀ ਇਤਨੀ ਖਤਮ ਹੋ ਚੁਕੀ ਸੀ ਕਿ ਲਿਖਾਰੀ ਲਿਖਦੇ ਸਨ ਕਿ ਇਸ ਸਿਸਟਮ ਵਿੱਚ ਜਿਹੜੇ ਅਫਸਰ ਪੰਜਾਬ ਵਿੱਚ ਲੱਗਣਗੇ,ਉਨ੍ਹਾਂ ਦੀ ਫੰਕਸ਼ਨਿੰਗ ਕਿਸ ਤਰ੍ਹਾਂ ਦੀ ਹੋਵੇਗੀ ਅਤੇ ਕਿਸ ਤਰ੍ਹਾਂ ਦੇ ਕੁਰੱਪਟ ਅਫਸਰ ਸੂਬੇ ਵਿੱਚ ਕੰਮ ਕਰਿਆ ਕਰਨਗੇ। ਸਰਕਾਰ ਨੇ ਆਪਣੇ ਦਿਲ ਦੀ ਗੱਲ ਦਾ ਪ੍ਰਗਟਾਵਾ ਇਸ ਗਵਰਨਰ ਐਡਰੈਸ ਰਾਹੀਂ ਜ਼ਿਕਰ ਕਰਕੇ ਕੀਤਾ ਹੈ। ਇਸ ਕਮਿਸ਼ਨ ਦੀ ਕਰੈਡੇਬਿਲਟੀ ਨੂੰ ਬਹਾਲ ਕਰਨਾ ਬੜਾ ਜ਼ਰੂਰੀ ਸੀ ਅਤੇ ਸਰਕਾਰ ਨੇ ਇਸ ਕਰੈਡੇਬਿਲਟੀ ਨੂੰ ਫਿਰ ਬਹਾਲ ਕੀਤਾ ਹੈ ਅਤੇ ਲੋਕਾਂ ਨੂੰ ਨਵਾਂ ਰਸਤਾ ਦਿੱਤਾ ਹੈ। ਚੇਅਰਮੈਨ ਸਾਹਿਬ, ਤੁਸੀਂ ਵੀ ਬਤੌਰ ਮੈਂਬਰ ਡੀਬੇਟ ਵਿੱਚ ਹਿੱਸਾ ਲੈਂਦੇ ਹੋਏ, ਕਾਫੀ ਗੱਲਾਂ ਦੀ ਚਰਚਾ ਕੀਤੀ ਸੀ ਅਤੇ ਸਰਕਾਰ ਦੀ ਕਰੈਡੇਬਿਲਟੀ ਗੱਲ ਕੀਤੀ ਸੀ। ਸਰਕਾਰ ਆਪਣੇ ਕੰਮਾਂ ਤੇ ਮਾਣ ਕਰ ਸਕਦੀ ਹੈ, ਜਿਸ ਤਰ੍ਹਾਂ ਸਾਡੀ ਸਰਕਾਰ ਨੇ ਬਠਿੰਡਾ ਰੀਫਾਈਨਰੀ ਲਈ ਕਾਫੀ ਅੱਛੇ ਕਦਮ ਚੁੱਕੇ ਹਨ। ਪਿਛਲੀਆਂ ਸ਼ਰਤਾਂ ਨੂੰ ਬਦਲ ਕੇ ਫਿਰ ਰੀਫਾਈਨਰੀ ਨੂੰ ਚਾਲੂ ਕਰਨ ਲਈ ਯਤਨ ਕੀਤੇ ਹਨ। ਪਿਛਲੀਆਂ ਸ਼ਰਤਾਂ ਨਾਲ ਸਰਕਾਰ ਨੂੰ ਕਾਫੀ ਨੁਕਸਾਨ ਹੋਣਾ ਸੀ, ਜਿਸ ਤੋਂ ਸਰਕਾਰ ਨੇ ਬਚਾਇਆ ਹੈ। ਕਾਫੀ ਸਮੇਂ ਤੋਂ ਰੀਫਾਈਨਰੀ ਦਾ ਕੰਮ ਲਮਕ ਰਿਹਾ ਸੀ ਅਤੇ ਇਸ ਸਰਕਾਰ ਨੇ ਇਸ ਨੂੰ ਟੇਕ-ਅੱਪ ਕਰਕੇ ਫਿਰ ਚਾਲੂ ਕਰਨ ਦੇ ਯਤਨ ਕੀਤੇ ਹਨ। ਇਸ ਨੂੰ ਫਿਰ ਰੀਵਾਈਵ ਕਰਨ ਦਾ ਗਵਰਨਰ ਐਡਰੈਸ ਵਿੱਚ ਵੀ ਜ਼ਿਕਰ ਕੀਤਾ ਗਿਆ ਹੈ। ਇਹ ਇਕ ਇਸ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ। ਇਸ ਗੁਰੂ ਗੋਬਿੰਦ ਸਿੰਘ ਰੀਫਾਈਨਰੀ ਨੂੰ ਚਾਲੂ ਕਰਵਾਉਣਾ ਪੰਜਾਬ ਦੇ ਲਈ ਇਕ ਮੀਲ ਪੱਥਰ ਸਾਬਤ ਹੋਵੇਗਾ। ਬੇਸ਼ਕ ਮੇਰੇ ਸਬੰਧ ਖੇਤੀਬਾੜੀ ਦੇ ਨਾਲ ਨਹੀਂ ਹਨ, ਮੇਰਾ ਸ਼ਹਿਰੀ ਹਲਕਾ ਹੈ ਪਰ ਪੰਜਾਬ ਖੇਤੀਬਾੜੀ ਦੇ ਨਾਲ ਹੀ ਖੁਸ਼ਹਾਲ ਹੋ ਸਕਦਾ ਹੈ। ਸਰਕਾਰ ਨੇ ਗਵਰਨਰ ਐਡਰੈਸ ਵਿੱਚ ਜ਼ਿਕਰ ਕੀਤਾ ਹੈ ਕਿ ਕੰਟਰੈਕਟ ਫਾਰਮਿੰਗ ਅਤੇ ਡਾਈਵਰਸੀਫੀਕੇਸ਼ਨ ਦੇ ਨਾਲ ਹੀ ਪੰਜਾਬ ਦੇ ਖੇਤੀਬਾੜੀ ਸਿਸਟਮ ਵਿੱਚ ਖੁਸ਼ਹਾਲੀ ਆ ਸਕਦੀ ਹੈ । ਇਸ ਉਤੇ ਮੈਨੂੰ ਆਪਣੇ ਵਿਚਾਰ ਰੱਖਣੇ ਜ਼ਰੂਰੀ ਹਨ । ਸਰਕਾਰ ਵਲੋਂ ਇਸ ਕੰਟਰੈਕਟ ਫਾਰਮਿੰਗ ਵਾਸਤੇ ਅਤੇ

[ਸ੍ਰੀ ਅਸ਼ੋਕ ਸ਼ਰਮਾ]

ਡਾਈਵਰਸੀਫੀਕੇਸ਼ਨ ਵਾਸਤੇ ਕਾਫੀ ਉਪਰਾਲੇ ਕੀਤੇ ਗਏ ਹਨ ਅਤੇ ਯਤਨ ਵੀ ਕੀਤੇ ਗਏ ਹਨ। ਇਹ ਠੀਕ ਹੈ ਕਿ ਇਸ ਵਿੱਚ ਇਤਨੀ ਸਫਲਤਾ ਨਹੀਂ ਮਿਲੀ ਜਿੰਨੀ ਮਿਲਣੀ ਚਾਹੀਦੀ ਸੀ ਪਰ ਇਸ ਦੇ ਰਸਤੇ ਵਿੱਚ ਜਿਹੜੀਆਂ ਰੁਕਾਵਟਾਂ ਆਈਆਂ ਹਨ ਅਤੇ ਸਰਕਾਰ ਨੇ ਜੋ ਪ੍ਰਾਬਮਲਜ਼ ਫੇਸ ਕੀਤੀਆਂ ਹਨ, ਉਨ੍ਹਾਂ ਨੂੰ ਦੂਰ ਕਰਨ ਵਾਸਤੇ ਕੰਨਟਰੈਕਟ ਫਾਰਮਿੰਗ ਅਤੇ ਡਾਈਵਰਸੀਫੀਕੇਸ਼ਨ ਦੇ ਵਿੱਚ ਰਿਸਰਚ ਉਤੇ ਖ਼ਰਚ ਕੀਤਾ ਜਾ ਰਿਹਾ ਹੈ ਤਾਂ ਕਿ ਜਿਹੜੀਆਂ ਮੁਸ਼ਕਿਲਾਂ ਇਸ ਵਿੱਚ ਆਈਆਂ ਸਨ, ਉਨ੍ਹਾਂ ਦਾ ਹੱਲ ਕੱਢਿਆ ਜਾ ਸਕੇ। ਸਰਕਾਰ ਵਲੋਂ ਫਰਮ ਵਿਲ ਪਾਵਰ ਨਾਲ ਇਸ ਸਿਸਟਮ ਨੂੰ ਲਾਗੂ ਕਰਨ ਲਈ ਹੋਰ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਇਸ ਨੂੰ ਕਾਮਯਾਬ ਕਰ ਸਕੀਏ। ਸਰਕਾਰ ਇਸ ਸਿਸਟਮ ਨੂੰ ਮਜ਼ਬੂਤ ਹੱਥਾਂ ਵਿੱਚ ਲੈ ਕੇ ਇਸ ਤੇ ਰਿਸਰਚ ਵਰਕ ਕਰਕੇ, ਯੂਨੀਵਰਸਿਟੀ ਦੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਸਿਰੇ ਚੜ੍ਹਾ ਰਹੀ ਹੈ ਤਾਂ ਕਿ ਖੇਤੀਬਾੜੀ ਵਿੱਚ ਕਿਸਾਨਾਂ ਨੂੰ ਫਾਇਦਾ ਪਹੁੰਚ ਸਕੇ । ਕੈਪਟਨ ਸਰਕਾਰ ਦੇ ਅਸੀਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਵਿੱਚ ਕਾਫੀ ਉਪਰਾਲੇ ਕੀਤੇ ਹਨ ਅਤੇ ਇਸ ਸਿਸਟਮ ਵਿੱਚ ਆਪਣੇ ਆਪ ਨੂੰ ਕਨਸੰਟਰੇਟ ਕੀਤਾ ਹੈ । ਵੈਲਫ਼ੇਅਰ ਦੇ ਕੰਮ ਪਿਛਲੀ ਸਰਕਾਰ ਨੇ ਵੀ ਕੀਤੇ ਹੋਣਗੇ ਅਤੇ ਇਹ ਸਰਕਾਰ ਵੀ ਕਰ ਰਹੀ ਹੈ । ਪਿਛਲੀ ਸਰਕਾਰ ਇਨਫਰਾਸਟਰਕਚਰ ਡਿਵੈਲਪਮੈਂਟ ਉਤੇ ਕਨਸੰਟਰੇਟ ਨਹੀਂ ਕਰ ਸਕੀ ਪਰ ਇਸ ਸਰਕਾਰ ਨੇ ਬੜੀ ਮਜ਼ਬੂਤੀ ਨਾਲ ਇਸ ਕੰਮ ਨੂੰ ਆਪਣੇ ਹੱਥਾਂ ਵਿੱਚ ਲੈ ਕੇ, ਫਰਮਹੈਂਡ ਨਾਲ ਡੀਲ ਕਰਕੇ ਆਪਣੇ ਆਪ ਨੂੰ ਇਸ ਉਤੇ ਕਨਸੰਟਰੇਟ ਕੀਤਾ ਹੈ ਅਤੇ ਇਸ ਦੇ ਰਿਜ਼ਲਟ ਵੀ ਆ ਰਹੇ ਹਨ, ਜਿਹੜੇ ਰਿਜ਼ਲਟ ਪਿਛਲੀ ਸਰਕਾਰ ਦੇ ਵਕਤ ਨਹੀਂ ਆਏ ਸਨ। ਇਸ ਸਰਕਾਰ ਨੇ ਇਨਫਰਾਸਟਰਕਚਰ ਡਿਵੈਲਪਮੈਂਟ ਵਾਸਤੇ ਜ਼ਿਆਦਾ ਜ਼ੋਰ ਦਿੱਤਾ। ਪਾਵਰ ਬਾਰੇ ਮੈਂ ਸਮਝਦਾ ਹਾਂ ਕਿ ਇਹ ਆਰਥਿਕ ਖੁਸ਼ਹਾਲੀ ਲਈ, ਆਰਥਿਕ ਪ੍ਰਗਤੀ ਲਈ ਰੀੜ੍ਹ ਦੀ ਹੱਡੀ ਹੈ ਕਿਉਂਕਿ ਪਾਵਰ ਤੋਂ ਬਿਨਾਂ ਨਾ ਕਿਸਾਨੀ, ਨਾ ਸਨਅੱਤ, ਨਾ ਸ਼ਹਿਰਾਂ ਦੇ ਅੰਦਰ ਹੀ ਕੋਈ ਕਿਸੇ ਕਿਸਮ ਦੀ ਖੁਸ਼ਹਾਲੀ ਆ ਸਕਦੀ ਹੈ। ਪਾਵਰ ਇਕ ਰੀੜ੍ਹ ਦੀ ਹੱਡੀ ਬਣ ਚੁੱਕੀ ਹੈ । ਪਾਵਰ ਦੀ ਗੱਲ ਤੋਂ ਬਾਅਦ ਗਵਰਨਰ ਐਡਰੈਸ ਵਿੱਚ ਇਨਫਰਾਸਟਰਕਚਰ ਡਿਵੈਲਪਮੈਂਟ ਦੀ ਗੱਲ ਵੀ ਕੀਤੀ ਗਈ ਹੈ । ਲਹਿਰਾ ਮੁਹੱਬਤ ਸਟੇਜ 2, ਸ਼ਾਹਪੁਰ ਕੰਡੀ ਦਾ ਪ੍ਰਾਜੈਕਟ, ਮੁਕੇਰੀਆਂ 3 ਅਤੇ ਯੂ.ਬੀ.ਡੀ.ਸੀ. ਵਰਡ ਦੀ ਗੱਲ ਵੀ ਕੀਤੀ ਗਈ ਹੈ । ਇਹ ਗੱਲ ਕਰਨੀ ਬਹੁਤ ਜ਼ਰੂਰੀ ਸੀ । ਇਸ ਦੇ ਨਾਲ ਨਾਲ 1000 ਮੈਗਾਵਾਟ ਗੈਸ ਬੇਸਡ ਪਲਾਂਟ ਦੀ ਗੱਲ ਵੀ ਕੀਤੀ ਗਈ ਹੈ । ਮੇਰੇ ਕੁਝ ਸਾਥੀਆਂ ਨੇ ਕਿਹਾ ਕਿ ਇਹ 3 ਸਾਲਾਂ ਦੇ ਅੰਦਰ ਸਰਕਾਰ ਦੱਸੇ ਜੋ ਇਨ੍ਹਾਂ ਨੇ ਕੋਈ ਬਿਜਲੀ ਨਵੀਂ ਇਸ ਖਾਤੇ ਵਿੱਚ ਪਾਈ ਹੋਵੇ ਜਿਹੜੀ

ਕਿ ਕੰਜ਼ਿਊਮਰ ਵਲੋਂ 3 ਸਾਲ ਵਿੱਚ ਡਿਮਾਂਡ ਵੱਧਣ ਨਾਲ ਆਈ ਹੋਵੇ । ਮੇਰਾ ਕਹਿਣਾ ਹੈ ਕਿ ਜੇ ਸਰਕਾਰ ਕੋਈ ਕਦਮ ਚੁੱਕਦੀ ਹੈ ਤਾਂ ਉਸਦੇ ਨਤੀਜੇ ਏਡੀ ਜਲਦੀ ਨਹੀਂ ਆਉਂਦੇ । ਜੇ ਅਸੀਂ ਰਣਜੀਤ ਸਾਗਰ ਡੈਮ ਦੀ ਗੱਲ ਯਾਦ ਕਰੀਏ । ਇਸ ਦੀ ਪਲਾਨ ਕਦੋਂ ਦੀ ਬਣੀ ਹੋਈ ਸੀ ਤੇ ਜਦੋਂ ਇਹ ਚਾਲੂ ਹੋਇਆ ਤਾਂ ਸਾਰਾ ਸ਼ਰੇਅ ਬਾਦਲ ਸਰਕਾਰ ਨੇ ਲੈ ਲਿਆ । ਇਹ ਇਸ ਗੱਲ ਨੂੰ ਭੁੱਲ ਗਏ ਕਿ ਪਿਛਲੀ 25-30-40 ਸਾਲ ਤੋਂ ਕੇਂਦਰ ਦੀਆਂ ਕਾਂਗਰਸੀ ਸਰਕਾਰਾਂ ਤੇ ਪੰਜਾਬ ਵਿੱਚ ਕਾਂਗਰਸ ਦੀਆਂ ਸਰਕਾਰਾਂ ਨੇ ਵੀ ਇਸ ਨੂੰ ਕੰਪਲੀਟ ਕਰਨ ਲਈ ਆਪਣਾ ਯੋਗਦਾਨ ਪਾਉਂਦੀਆਂ ਰਹੀਆਂ ਹਨ । ਅਸੀਂ ਇਹ ਵੀ ਨਹੀਂ ਕਹਿੰਦੇ ਕਿ ਉਸਨੂੰ ਕੰਪਲੀਟ ਕਰਨ ਵਾਸਤੇ ਬਾਦਲ ਸਾਹਿਬ ਨੇ ਕੁਝ ਨਹੀਂ ਕੀਤਾ.............

**ਸਰਦਾਰ ਤੋਤਾ ਸਿੰਘ :** ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ ।

**ਸ਼੍ਰੀ ਸਭਾਪਤੀ :** ਹਾਂ ਜੀ, ਸਰਦਾਰ ਤੋਤਾ ਸਿੰਘ ਜੀ ।

**ਸਰਦਾਰ ਤੋਤਾ ਸਿੰਘ :** ਚੇਅਰਮੈਨ ਸਾਹਿਬ, ਮਾਨਯੋਗ ਮੈਂਬਰ ਬੜੇ ਤਜਰਬੇਕਾਰ, ਪੜ੍ਹੇ-ਲਿਖੇ ਐਡਵੋਕੇਟ ਹਨ । ਇਹ ਪ੍ਰਾਜੈਕਟ 1967 ਵਿੱਚ ਸ਼ੁਰੂ ਹੋਇਆ ਸੀ ਤੇ 64 ਕਰੋੜ ਰੁਪਏ ਦੀ ਲਾਗਤ ਨਾਲ ਬਣਦਾ ਸੀ । ਉਸ ਵੇਲੇ ਦੇ ਇਰੀਗੇਸ਼ਨ ਮਨਿਸਟਰ ਸਰਦਾਰ ਨੱਥਾ ਸਿੰਘ ਦਾਲਮ ਨੇ ਇਹ ਪਲਾਨ ਬਣਾ ਕੇ ਭੇਜੀ ਸੀ ਜਿਹੜੀ ਕਿ ਪ੍ਰਵਾਨ ਨਾ ਹੋਈ । ਫੇਰ 1977-78 ਵਿੱਚ ਜਦੋਂ ਬਾਦਲ ਸਾਹਿਬ ਮੁੱਖ ਮੰਤਰੀ ਬਣੇ ਤਾਂ ਬਾਦਲ ਸਾਹਿਬ ਨੂੰ ਮੌਕਾ ਮਿਲਿਆ, ਇਸ ਨੂੰ ਫਾਈਨਲ ਕਰਨ ਦਾ ।

**ਸ਼੍ਰੀ ਅਸ਼ੋਕ ਸ਼ਰਮਾ :** ਚੇਅਰਮੈਨ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ ਕਿ ਮੈਂ ਆਪਣੇ ਵਿਚਾਰ ਦੇ ਰਿਹਾ ਸੀ, ਕਿਸੇ ਦੀ ਨਿਖੇਧੀ ਨਹੀਂ ਸੀ ਕਰ ਰਿਹਾ । ਮੇਰਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਪ੍ਰਾਜੈਕਟ ਜਦੋਂ ਸ਼ੁਰੂ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਮੁਕੰਮਲ ਹੋਣ ਲਈ ਸਮਾਂ ਲਗਦਾ ਹੈ । ਕਾਂਗਰਸ ਸਰਕਾਰ ਨੇ ਅੱਜ 1000 ਮੈਗਾਵਾਟ ਗੈਸ ਬੇਸਡ ਪਲਾਂਟ ਦੀ ਗੱਲ ਕੀਤੀ ਹੈ, ਇਹ ਇਸ ਲਾਈਨ ਦੇ ਵਿੱਚ ਇਕ ਇਜ਼ਾਫਾ ਹੀ ਹੈ । ਇਹ ਹੀ ਸਰਕਾਰ ਦਾ ਇਕ ਸ਼ਲਾਘਾਯੋਗ ਕੰਮ ਹੈ ਤੇ ਸਰਕਾਰ ਇਸ ਲਈ ਧੰਨਵਾਦ ਦੀ ਪਾਤਰ ਹੈ ।

ਚੇਅਰਮੈਨ ਸਾਹਿਬ, ਸੇਫ ਡਰਿੰਕਿੰਗ ਵਾਟਰ ਇਸ ਗਵਰਨਰ ਐਡਰੈਸ ਦੀ ਸਭ ਤੋਂ ਜ਼ਿਆਦਾ ਸ਼ਲਾਘਾਯੋਗ ਘੋਸ਼ਣਾ ਹੈ । ਅੱਜ ਪੂਰੇ ਪੰਜਾਬ ਦੇ ਅੰਦਰ, ਕਈ ਸ਼ਹਿਰਾਂ ਦੇ ਅੰਦਰ ਸੇਫ ਡਰਿੰਕਿੰਗ ਵਾਟਰ ਦੀ ਜਿਹੜੀ ਕਮੀ ਹੈ, ਉਹ ਸਭ ਨੂੰ ਪਤਾ ਹੈ । ਕਈ

[ਸ੍ਰੀ ਅਸ਼ੋਕ ਸ਼ਰਮਾ]

ਐਸੇ ਸ਼ਹਿਰ ਹਨ, ਜਿਨ੍ਹਾਂ ਵਿੱਚ ਮੇਰੇ ਸ਼ਹਿਰ ਦਾ ਵੀ ਜ਼ਿਕਰ ਆਉਂਦਾ ਹੈ ਜਿਨ੍ਹਾਂ ਵਿੱਚ ਪੀਣ ਵਾਲਾ ਪਾਣੀ ਸਾਫ ਉਪਲਬਧ ਨਾ ਹੋਣ ਕਾਰਣ ਕਈ ਕਿਸਮ ਦੀਆਂ ਬਿਮਾਰੀਆਂ ਫੈਲ ਰਹੀਆਂ ਹਨ । ਇਸ ਗੱਲ ਦੀ ਯਕੀਨਦਹਾਨੀ ਕਰਕੇ ਕਿ ਸਰਕਾਰ ਸੇਫ ਡਰਿੰਕਿੰਗ ਵਾਟਰ ਮੁਹੱਈਆ ਕਰਵਾਏਗੀ, ਇਸ ਕਿਸਮ ਦਾ ਉਪਰਾਲਾ ਕਰਕੇ ਸਰਕਾਰ ਨੇ ਬਹੁਤ ਵੱਡੀ ਗੱਲ ਕੀਤੀ ਹੈ । ਇਸ ਦੇ ਅੰਦਰ ਦੱਸਿਆ ਗਿਆ ਹੈ ਕਿ ਬਿਨਾਂ ਕਵਰ ਕੀਤੇ ਗਏ 1600 ਪਿੰਡਾਂ ਨੂੰ ਕਵਰ ਕਰਨ ਲਈ ਅਤੇ 4900 ਅੰਸ਼ਕ ਤੌਰ ਤੇ ਕਵਰ ਕੀਤੇ ਗਏ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਨੂੰ ਵਧਾਉਣ ਲਈ 1819.35 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਹ ਸਰਕਾਰ ਦੀ ਅਚੀਵਮੈਂਟ ਹੈ, ਇਸ ਗਵਰਨਰ ਐਡਰੈਸ ਦੀ ਅਚੀਵਮੈਂਟ ਹੈ । ਏਸੇ ਤਰ੍ਹਾਂ, ਗਵਰਨਰ ਐਡਰੈਸ ਦੇ ਅੰਦਰ ਪਬਲਿਕ ਪ੍ਰਾਈਵੇਟ ਪਾਰਟੀਸਿਪੇਸ਼ਨ ਇਕ ਬਹੁਤ ਵੱਡਾ ਮਾਅਰਕਾ ਹੈ । ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਦੇ ਅੰਦਰ ਇਸ ਤਰ੍ਹਾਂ ਦੀ ਪਾਰਟੀਸਿਪੇਸ਼ਨ ਜਿਹੜੀ ਹੈ, ਉਹ ਰਿਜ਼ਲਟ ਓਰੀਐਂਟਿਡ ਹੋਵੇਗੀ । ਇਸ ਦੇ ਵਾਸਤੇ ਜ਼ਰੂਰੀ ਹੈ ਕਿ ਇਸ ਤਰ੍ਹਾਂ ਦਾ ਇਕ ਡਰਾਫਟ ਤਿਆਰ ਕੀਤਾ ਜਾਵੇ ਤਾਂ ਕਿ ਲੋਕ ਇੰਸਪਾਇਰ ਹੋਣ ਤੇ ਇੰਸਪਾਇਰ ਹੋਣ ਤੋਂ ਬਾਅਦ ਸਰਕਾਰ ਦੇ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਆਪਣੇ ਤਜਰਬਿਆਂ ਨਾਲ ਸਰਕਾਰੀ ਅਦਾਰਿਆਂ ਨਾਲ ਮਿਲ ਕੇ ਸਟੇਟ ਨੂੰ ਖੁਸ਼ਹਾਲ ਬਣਾਉਣ ਵਾਸਤੇ ਆਪਣਾ ਯੋਗਦਾਨ ਪਾ ਸਕਣ ਤੇ ਸਰਕਾਰ ਵੀ ਉਸ ਨੂੰ ਯਕੀਨੀ ਬਣਾਏ । ਇਸ ਐਡਰੈਸ ਤੋਂ ਲਗਦਾ ਹੈ ਕਿ ਸਰਕਾਰ ਇਸ ਪੱਖੋਂ ਵੀ ਆਪਣਾ ਯੋਗਦਾਨ ਪਾਉਣ ਵਾਸਤੇ ਆਪਣੀ ਘੋਸ਼ਣਾ ਕਰਦੀ ਹੈ । ਮੈਂ ਸਮਝਦਾ ਹਾਂ ਕਿ ਗਵਰਨਰ ਐਡਰੈਸ ਵਿੱਚ ਇਸ ਦਾ ਵੀ ਜੋ ਜ਼ਿਕਰ ਕੀਤਾ ਗਿਆ ਹੈ, ਇਕ ਬਹੁਤ ਵੱਡੀ ਗੱਲ ਹੈ ।

ਇਸੇ ਤਰ੍ਹਾਂ ਪੰਜਾਬ ਦੀ ਫਿਸਕਲ ਹੈਲਥ ਦੀ ਇੰਪਰੂਵਮੈਂਟ ਵਾਸਤੇ ਚਿੰਤਾ ਵੀ ਜ਼ਾਹਿਰ ਕੀਤੀ ਗਈ ਹੈ । ਇਸ ਦੇ ਵਾਸਤੇ ਪਿਛਲੇ 3 ਸਾਲਾਂ ਵਿੱਚ ਉਪਰਾਲਾ ਵੀ ਕੀਤਾ ਗਿਆ ਹੈ ਅਤੇ ਚੰਗੇ ਸਿੱਟੇ ਵੀ ਸਾਹਮਣੇ ਆਏ ਹਨ । ਇਸ ਸਾਲ ਦੇ ਗਵਰਨਰ ਐਡਰੈੱਸ ਵਿੱਚ ਵੀ ਇਸ ਗੱਲ ਤੇ ਜ਼ੋਰ ਪਾਇਆ ਗਿਆ ਹੈ । ਫਿਸਕਲ ਹੈਲਥ ਡੇਅ-ਬਾਈ-ਡੇਅ ਇੰਪਰੂਵ ਕਰਨੀ ਜ਼ਰੂਰੀ ਹੈ ਤਾਂ ਹੀ ਫਾਈਨਾਂਸ਼ੀਅਲ ਇੰਸਟੀਚਿਊਸ਼ਨਜ਼ ਜੋ ਅਜੇ ਤੱਕ ਵੀ ਹੈਜ਼ੀਟੇਟ ਕਰ ਰਹੀਆਂ ਹਨ, ਖੁੱਲ੍ਹੇ ਮਨ ਨਾਲ ਆਪਣਾ ਹਿੱਸਾ ਪਾਉਣਗੀਆਂ ਜਿਸ ਨਾਲ ਪੰਜਾਬ ਦੀ ਖੁਸ਼ਹਾਲੀ ਦਾ ਗਰੋਥ ਰੇਟ ਵਧ ਸਕੇ । ਸਰਕਾਰ ਨੇ 300 ਕਰੋੜ ਰੁਪਏ ਦਾ ਇਨਫਰਾਸਟਰੱਕਚਰ ਡਿਵੈਲਪਮੈਂਟ ਫੰਡ ਕਰੀਏਟ ਕਰਨ ਦੀ ਅਨਾਊਂਸਮੈਂਟ ਕੀਤੀ ਹੈ । ਸਾਡੇ ਸਿਸਟਮ ਦੇ ਅੰਦਰ ਹੁਣ ਤੱਕ ਇਹ ਇਕ ਮੁਢਲੀ ਘਾਟ ਰਹੀ ਹੈ । ਸਰਕਾਰ ਨੇ ਇਕ ਇਨਫਰਾਸਟਰੱਕਚਰ ਡਿਵੈਲਪਮੈਂਟ ਬੋਰਡ

ਬਣਾਇਆ ਹੈ ਅਤੇ ਇਸ ਦੇ ਵਾਸਤੇ 300 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ । ਇਸ ਦੇ ਨਾਲ ਹੀ ਸਰਕਾਰ ਦੂਜੀਆਂ ਇੰਸਟੀਚਿਊਸ਼ਨਜ਼ ਕੋਲੋਂ ਵੀ 800 ਕਰੋੜ ਰੁਪਏ ਦੀ ਹੋਰ ਵਿਵਸਥਾ ਕਰੇਗੀ । ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਵੱਡੀ ਗੱਲ ਹੈ ।

ਇਸ ਤੋਂ ਇਲਾਵਾ ਮੈਂ ਇਹ ਵੀ ਸਮਝਦਾ ਹਾਂ ਕਿ ਇਕ ਹੋਰ ਬੜੀ ਜ਼ਰੂਰੀ ਗੱਲ ਕਰਨੀ ਚਾਹੀਦੀ ਸੀ ਜਿਹੜੀ ਕਿ ਕਰਨੋਂ ਰਹਿ ਗਈ ਹੈ । ਉਹ ਗੱਲ ਹੈ ਪੰਜਾਬ ਦੇ ਅੰਦਰ ਬਿਊਰੋਕਰੇਸੀ ਦੀ । ਸਰਕਾਰ ਚਾਹੇ ਕਿਸੇ ਦੀ ਵੀ ਹੋਵੇ, ਮੇਰੇ ਸਾਹਮਣੇ ਬੈਠੇ ਭਰਾਵਾਂ ਦੀ ਵੀ ਸਰਕਾਰ ਰਹੀ ਅਤੇ ਹੋਰ ਵੀ ਬਹੁਤ ਸਰਕਾਰਾਂ ਰਹੀਆਂ, ਇਸ ਬਿਊਰੋਕਰੇਸੀ ਦੀ ਚਾਲ ਆਪਣੀ ਹੀ ਚਾਲੇ ਚੱਲਦੀ ਰਹੀ ਹੈ । ਇਸ ਦੀ ਇਕ ਸੈੱਟ ਫੰਕਸ਼ਨਿੰਗ ਰਹੀ ਹੈ । ਇਹ ਬੜੇ ਅਫਸੋਸ ਦੀ ਗੱਲ ਹੈ ਅਤੇ ਮੇਰਾ ਜ਼ਾਤੀ ਉਪੀਨੀਅਨ ਹੈ ਕਿ ਇਸ ਨੇ ਸਰਕਾਰ ਦੀਆਂ ਨੀਤੀਆਂ ਨੂੰ ਸਿਰੇ ਚੜ੍ਹਾਉਣ ਵਾਸਤੇ ਕੋਈ ਲੰਮੀ ਚੌੜੀ ਚਿੰਤਾ ਨਹੀਂ ਕੀਤੀ । ਇਸ ਨੇ ਹਮੇਸ਼ਾਂ ਵਕਤ ਦੀਆਂ ਸਰਕਾਰਾਂ ਨਾਲ ਆਪਣਾ ਵਕਤ ਟਪਾਇਆ ਹੈ । ਇਸ ਨੇ ਕਦੀ ਉਸ ਸਪੀਡ ਨੂੰ ਅਕਸੈਲਰੇਟ ਨਹੀਂ ਕੀਤਾ ਜਿਹੜੀ ਸਮੇਂ ਦੇ ਹਾਕਮਾਂ ਨੇ ਮਿਥੀ ਸੀ । ਚਾਹੇ ਗਵਰਨਰ ਐਡਰੈੱਸ ਹੋਵੇ, ਚਾਹੇ ਬਜਟ ਤੇ ਭਾਸ਼ਣ ਹੋਵੇ, ਅਸੀਂ ਇਕ ਦੂਜੇ ਦੇ ਨੁਕਸ ਹੀ ਕੱਢਦੇ ਰਹੇ ਹਾਂ ਅਤੇ ਛੀਂਟਾਕਸੀਂ ਕਰਦੇ ਰਹੇ ਹਾਂ । ਅਸੀਂ ਸਹੀ ਬਿਮਾਰੀ ਦੀ ਜੜ੍ਹ ਨਹੀਂ ਪਕੜੀ । ਮੈਂ ਸਮਝਦਾ ਹਾਂ ਕਿ ਪੰਜਾਬ ਦੀ ਬਿਊਰੋਕਰੇਸੀ ਦੀ ਨਬਜ਼ ਤੇ ਹੱਥ ਰੱਖਣ ਦੀ ਲੋੜ ਹੈ । ਇਸ ਨੇ ਕਦੀ ਨਹੀਂ ਚਾਹਿਆ ਕਿ ਹਾਊਸ ਦੇ ਚੁਣੇ ਹੋਏ ਲੋਕ ਜਿਹੜੇ ਵਾਅਦੇ ਲੋਕਾਂ ਨਾਲ ਕਰਕੇ ਆਏ ਹਨ, ਉਹ ਵਾਅਦੇ ਪੂਰੇ ਹੋਣ । ਇਨ੍ਹਾਂ ਵੱਲੋਂ ਉਨ੍ਹਾਂ ਵਾਅਦਿਆਂ ਨੂੰ ਰੋਕਣ ਦੀ ਕੋਸ਼ਿਸ਼ ਹੀ ਰਹੀ ਹੈ, ਸਿਰੇ ਚਾੜ੍ਹਨ ਦੀ ਨਹੀਂ । ਅਸੀਂ ਹੁਣ ਤੱਕ ਇਕ ਦੂਜੇ ਦੇ ਨੁਕਸ ਕੱਢਦੇ ਰਹੇ ਹਾਂ । ਤੁਸੀਂ ਆਪਣੇ ਰਾਜ ਵਿੱਚ ਸਾਡੇ ਨੁਕਸ ਕੱਢਦੇ ਰਹੇ ਅਤੇ ਅਸੀਂ ਆਪਣੇ ਰਾਜ ਵਿੱਚ ਤੁਹਾਡੇ ਨੁਕਸ ਕੱਢਦੇ ਰਹੇ । ਅਸੀਂ ਅਸਲ ਬਿਮਾਰੀ ਦੀ ਜੜ੍ਹ ਤੱਕ ਜਾਣ ਦੀ ਗੱਲ ਕੋਈ ਨਹੀਂ ਕੀਤੀ । ਉਹੀ ਬਿਊਰੋਕਰੇਟ ਤੁਹਾਡੀ ਸਰਕਾਰ ਵੇਲੇ ਸਨ ਅਤੇ ਉਹੀ ਐਸ ਵੇਲੇ ਹਨ । ਇਹ ਸਿਸਟਮ ਵਿੱਚ ਕੋਈ ਅਸਰਦਾਰ ਯੋਗਦਾਨ ਨਹੀਂ ਪਾ ਰਹੇ ਹਨ । ਇਨ੍ਹਾਂ ਦੀਆਂ ਫਾਈਲਾਂ ਦੀ ਸਪੀਡ ਵਧੀ ਨਹੀਂ ਹੈ । ਇਨ੍ਹਾਂ ਦੀ ਨੋਟਿੰਗ ਦੀ ਸਪੀਡ ਵਧੀ ਨਹੀਂ ਹੈ । ਇਨ੍ਹਾਂ ਦਾ ਸਿਸਟਮ ਉਥੇ ਹੀ ਖੜ੍ਹਾ ਹੈ । ਸਾਨੂੰ ਚਿੰਤਾ ਇਸ ਗੱਲ ਦੀ ਕਰਨੀ ਚਾਹੀਦੀ ਸੀ ਜੋ ਅਸੀਂ ਕਦੀ ਨਹੀਂ ਕੀਤੀ । ਪੰਜਾਬ ਬਿਊਰੋਕਰੇਸੀ ਨੇ ਇਕ ਲੈਜਿਸਲੇਟਰ ਦਾ ਜੋ ਸਨਮਾਨ ਹੁੰਦਾ ਹੈ, ਉਸ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ । ਇਕ ਬਿਊਰੋਕਰੇਟ ਦੇ ਸਾਹਮਣੇ ਇਕ ਆਮ ਲੈਜਿਸਲੇਟਰ ਦੀ ਕੋਈ ਵੈਲਿਊ ਨਹੀਂ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਇਕ ਲੈਜਿਸਲੇਟਰ ਨੂੰ ਕਿੰਨਾ

[ਸ੍ਰੀ ਅਸ਼ੋਕ ਸ਼ਰਮਾ]

ਕੁ ਸਮਾਂ ਮਿਲਣਾ ਹੈ । ਗਵਰਨਰ ਐਡਰੈੱਸ ਤੇ ਉਸ ਨੇ ਬੋਲਣਾ ਹੈ ਅਤੇ ਆਪਣੇ ਸਵਾਲ ਕਰਨੇ ਹਨ । ਇਸ ਤੋਂ ਬਾਦ ਉਸ ਨੇ ਆਪਣਾ ਟੀ.ਏ/ਡੀ.ਏ.ਲੈਣਾ ਅਤੇ ਚਲੇ ਜਾਣਾ ਹੈ । ਬਿਊਰੋਕਰੇਸੀ ਤੋਂ ਸਾਨੂੰ ਜੋ ਸਨਮਾਨ ਮਿਲਣਾ ਚਾਹੀਦਾ ਸੀ, ਚਾਹੇ ਸਾਡੇ ਰਾਜ ਵੇਲੇ ਅਤੇ ਚਾਹੇ ਤੁਹਾਡੇ ਰਾਜ ਵੇਲੇ, ਉਹ ਸਨਮਾਨ ਗਵਾਚ ਚੁੱਕਿਆ ਹੈ । ਮੈਂ ਹਾਊਸ ਦਾ ਇਕ ਨਵਾਂ ਐਂਟਰੈਂਟ ਹਾਂ । ਜੋ ਮੈਨੂੰ ਦੱਸਿਆ ਗਿਆ ਹੈ ਕਿ ਇਕ ਲੈਜਿਸਲੇਟਰ ਦਾ ਦਰਜਾ ਚੀਫ ਸੈਕ੍ਰੇਟਰੀ ਦੇ ਬਰਾਬਰ ਹੁੰਦਾ ਹੈ, ਮੈਨੂੰ ਤਾਂ ਉਹ ਦਰਜਾ ਕਿਤੇ ਨਜ਼ਰ ਨਹੀਂ ਆਇਆ । ਮੈਨੂੰ ਤਾਂ ਉਸ ਸਰਕੂਲਰ ਤੇ ਅਮਲ ਹੁੰਦਾ ਕਿਤੇ ਨਜ਼ਰ ਨਹੀਂ ਆਇਆ । ਅਸਲ ਜੜ੍ਹ ਨਬਜ਼ ਤੇ ਹੱਥ ਰੱਖਣ ਦੀ ਗੱਲ ਹੈ । ਮੈਂ ਇਹ ਕਹਾਂਗਾ ਕਿ ਮੈਨੂੰ ਇਸ ਗੱਲ ਤੇ ਇਕ ਸ਼ੇਅਰ ਯਾਦ ਆਉਂਦਾ ਹੈ ਕਿ :-

"ਮੇਰੀ ਉਂਗਲੀਆਂ ਨਬਜ਼ੇ ਹਾਲਾਤ ਪਰ ਹੈਂ,
ਬਹੁਤ ਸੋਚ ਕਰ ਮੈਂ ਗਜ਼ਲ ਕਹਿ ਰਹਾ ਹੂੰ "

ਮੈਂ ਬਹੁਤ ਸੋਚ ਕੇ ਇਹ ਗੱਲ ਕਹੀ ਹੈ ਅਤੇ ਇਹ ਗੱਲ ਇਸ ਪਾਸੇ ਬੈਠੇ ਲੈਜਿਸਲੇਟਰਜ਼ ਲਈ ਵੀ ਹੈ ਅਤੇ ਉਸ ਪਾਸੇ ਬੈਠੇ ਲੈਜਿਸਲੇਟਰਜ਼ ਵਾਸਤੇ ਵੀ ਹੈ ਕਿ ਲੈਜਿਸਲੇਟਰਜ਼ ਦਾ ਸਨਮਾਨ ਦਿਨ-ਬ-ਦਿਨ ਥੱਲੇ ਜਾ ਰਿਹਾ ਹੈ ਔਰ ਇਹਦੇ ਲਈ ਜ਼ਰੂਰਤ ਹੈ ਕਿ ਹੁਣੇ ਹੀ ਜਨਤਾ ਦੇ ਚੁਣੇ ਹੋਏ ਪ੍ਰਤੀਨਿੱਧ ਆਪਣੀ ਸੋਚ, ਆਪਣੀ ਫੰਕਸ਼ਨਿੰਗ ਔਰ ਜਿਹੜਾ ਸਿਸਟਮ ਹੈ ਉਹਦੇ ਤੇ ਆਪਣਾ ਜਿਹੜਾ ਭਾਰ ਹੈ ਉਹ ਜ਼ਿਆਦਾ ਪਾਉਣ ਤਾਂ ਕਿ ਇਹ ਨਾ ਹੋਵੇ ਕਿ ਲੋਕਾਂ ਪ੍ਰਤੀ ਵਚਨਬੱਧਤਾ ਇਸ ਤਰੀਕੇ ਦੇ ਨਾਲ, ਇਹ ਸਟੀਲ ਕਰ ਲੈਣ ਔਰ ਸਰਕਾਰ ਦੇ ਕੀਤੇ ਗਏ ਵਾਅਦੇ ਨੂੰ ਪੂਰਾ ਕਰਨ ਲਈ ਇਹ ਸਾਡੇ ਸਾਹਮਣੇ ਜ਼ਿੰਮੇਵਾਰੀ ਖੜ੍ਹੀ ਕਰ ਦੇਣ । ਮੇਰੀ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਇਸ ਗਵਰਨਰਜ਼ ਐਡਰੈੱਸ ਦੇ ਰਾਹੀਂ ਜੋ ਘੋਸ਼ਣਾਵਾਂ ਕੀਤੀਆਂ ਹਨ, ਮੈਂ ਸਮਝਦਾ ਹਾਂ ਕਿ ਜੇਕਰ ਇਹ ਪੂਰੀਆਂ ਹੋਣ ਤਾਂ ਪੰਜਾਬ ਦੇ ਅੰਦਰ ਬਹੁਤ ਜ਼ਿਆਦਾ ਖੁਸ਼ਹਾਲੀ ਆਏਗੀ । ਧੰਨਵਾਦ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਆਨ ਏ ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ । ਸਰ, ਮੈਂ ਇਹ ਗੱਲ ਕਰਦਾ ਸੀ ਕਿ ਸ਼੍ਰੀ ਅਸ਼ੋਕ ਸ਼ਰਮਾ ਜੀ ਬਹੁਤ ਸੁਹਣਾ ਬੋਲੇ ਹਨ । ਇਹ ਹੁਣ ਤੱਕ ਬੜੀ ਅੱਛੀ ਤਰੀਫ ਕਰ ਰਹੇ ਸਨ । ਆਖਿਰ ਦੇ ਵਿੱਚ ਇਨ੍ਹਾਂ ਨੇ ਦੋ ਲਾਈਨਾਂ ਗਲਤ ਕਹੀਆਂ ਹਨ, ਇਹਦੇ ਤੇ ਵੀ ਇਹ ਕੁਝ ਕਹਿ ਦਿੰਦੇ ।

**ਸ਼੍ਰੀ ਅਸ਼ੋਕ ਸ਼ਰਮਾ :** ਚੇਅਰਮੈਨ ਸਾਹਿਬ, ਮੇਰਾ ਇਹ ਕਹਿਣਾ ਹੈ ਕਿ ਇਸ ਸਰਕਾਰ ਨੇ ਇਸ ਗਵਰਨਰਜ਼ ਐਡਰੈੱਸ ਦੇ ਰਾਹੀਂ ਜੋ ਗੌਰਮਿੰਟ ਦੀ ਵਿਲ ਹਾਊਸ ਦੇ ਵਿੱਚ ਦੱਸੀ ਹੈ, ਇਹ ਫਰਮ ਵਿਲ ਹੈ । ਇਸ ਦੇ ਰਾਹੀਂ ਸਾਰੇ ਟੀਚੇ ਪੂਰੇ ਕੀਤੇ ਜਾਣਗੇ ਔਰ ਸਾਰੇ ਟੀਚੇ ਇਸ ਗਵਰਨਰਜ਼ ਐਡਰੈੱਸ ਦੇ ਜੇਕਰ ਪੂਰੇ ਹੋ ਗਏ ਤਾਂ ਇਸ ਪੰਜਾਬ ਨੂੰ ਖੁਸ਼ਹਾਲੀ ਮਿਲੇਗੀ ਅਤੇ ਬੜੀ ਤੇਜ਼ੀ ਨਾਲ ਅੱਗੇ ਆਉਣ ਵਾਸਤੇ ਜੋ ਲੋਕਾਂ ਨਾਲ ਵਾਅਦੇ ਕੀਤੇ ਹਨ ਉਨ੍ਹਾਂ ਨੂੰ ਪੂਰਾ ਕਰਨ ਵਿੱਚ ਕੋਈ ਰੋਕ ਨਹੀਂ ਸਕੇਗਾ ਅਤੇ ਸਾਰਾ ਪੰਜਾਬ ਕਹੇਗਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬੜੀ ਸ਼ਲਾਘਾਯੋਗ ਸਰਕਾਰ ਹੈ ਔਰ ਇਸ ਦੇ ਸਾਰੇ ਟੀਚੇ ਪੂਰੇ ਹੋਏ ਹਨ । ਮੈਂ ਇਕ ਵਾਰ ਫਿਰ ਧੰਨਵਾਦ ਕਰਦਾ ਹਾਂ ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ** (ਸ਼੍ਰੀ ਅਸ਼ਵਨੀ ਸੇਖੜੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ । ਅੱਜ ਦੇ ਹਾਊਸ ਵਿੱਚ ਜਿਹੜੇ ਵਿਚਾਰ ਆ ਰਹੇ ਹਨ, ਇਹ ਦਿਲੋਂ ਆ ਰਹੇ ਹਨ । ਮੈਂ ਸਮਝਦਾ ਹਾਂ ਕਿ ਜਦੋਂ ਪਬਲਿਕ ਰੀਪ੍ਰੀਜ਼ੈਂਟੇਟਿਵ, ਲੋਕਾਂ ਦੀ ਗੱਲ ਸੁਣਦਾ ਹੈ ਅਤੇ ਜੇਕਰ ਉਹ ਹਾਊਸ ਦੇ ਵਿੱਚ ਆ ਕੇ ਰੀਐਕਟ ਨਾ ਕਰੇ ਤਾਂ ਉਹ ਆਪਣੀ ਜ਼ਿੰਮੇਵਾਰੀ ਤੋਂ ਪਰ੍ਹੇ ਹੁੰਦਾ ਹੈ । ਲੋਕਾਂ ਦੀ ਪਲਸ, ਲੋਕਾਂ ਦੀ ਨਬਜ਼, ਲੋਕਾਂ ਦੀਆਂ ਇਛਾਵਾਂ ਨੂੰ ਇਸ ਪਵਿੱਤਰ ਹਾਊਸ ਵਿੱਚ ਰੱਖਣਾ ਹਰ ਐਮ.ਐਲ.ਏ. ਦਾ ਧਰਮ ਔਰ ਫਰਜ਼ ਬਣ ਜਾਂਦਾ ਹੈ । ਚੇਅਰਮੈਨ ਸਾਹਿਬ, ਮੈਂ ਬਟਾਲੇ ਹਲਕੇ ਨੂੰ ਰੀਪ੍ਰੀਜ਼ੈਂਟ ਕਰਦਾ ਹਾਂ । ਉਹ ਪਵਿੱਤਰ ਧਰਤੀ ਜਿੱਥੇ ਰਿਸ਼ੀਆਂ ਮੁਨੀਆਂ ਨੇ ਸਤਯੁੱਗ ਦੇ ਜ਼ਮਾਨੇ ਵਿੱਚ ਜਿੱਥੇ ਕਾਰਤਿਕ ਸੁਆਮੀ ਔਰ ਸਾਰੇ 36 ਕਰੋੜ ਦੇਵੀ ਦੇਵਤੇ ਆਏ ਔਰ ਫਿਰ ਮਾਡਰਨ ਯੁੱਗ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਉਸ ਧਰਤੀ ਤੇ ਆਏ ਮਾਤਾ ਸੁਲਖਣੀ ਜਿਹੜੇ ਬਟਾਲੇ ਵਿੱਚ ਰਹਿੰਦੇ ਸਨ ਉਨ੍ਹਾਂ ਨਾਲ ਉਨ੍ਹਾਂ ਦੀ ਸ਼ਾਦੀ ਹੋਈ, ਮੈਂ ਉਸ ਪਵਿੱਤਰ ਧਰਤੀ ਤੇ ਜਨਮ ਲਿਆ ਔਰ ਅੱਜ ਇਸ ਪਵਿੱਤਰ ਸਦਨ ਵਿੱਚ ਉਸ ਇਲਾਕੇ ਦੇ ਲੋਕਾਂ ਦੀ ਆਵਾਜ਼ ਤੁਹਾਡੇ ਅੱਗੇ ਰੱਖ ਰਿਹਾ ਹਾਂ । ਅੱਜ ਜਦੋਂ ਅਸੀਂ ਪੰਜਾਬ ਦੀ ਤਰੱਕੀ ਦੀ ਗੱਲ ਕਰਦੇ ਹਾਂ, ਡਿਵੈਲਪਮੈਂਟ ਦੀ, ਤਾਂ ਇਕ ਐਸਾ ਸਮਾਂ ਸੀ ਜਿਹੜਾ ਪਿਛਲੇ 1947 ਤੋਂ ਲੈ ਕੇ 2000 ਤੱਕ ਦਾ ਸੀ ਜਿਹੜਾ ਤਕਰੀਬਨ 53 ਸਾਲ ਦਾ ਸਮਾਂ ਹੈ ਉਸਦੀ ਜੇਕਰ ਇੰਟਰੋਸਪੈਕਸ਼ਨ ਕਰਨ ਦਾ ਮੌਕਾ ਮਿਲੇ ਤਾਂ ਸੋਚ ਕੇ ਪਤਾ ਲਗਦਾ ਹੈ ਕਿ ਕਿਹੜੀ ਅਜਿਹੀ ਗਲਤੀ ਹੈ, ਕਿਹੜੀ ਅਜਿਹੀ ਕਮੀ ਰਹਿ ਗਈ, ਜਿਹੜੀ 21ਵੀਂ ਸਦੀ ਵਿੱਚ ਉਹ ਗਲਤੀ ਨਾ ਕਰੀਏ ਔਰ ਇਸ ਪੰਜਾਬ ਨੂੰ ਦੁਨੀਆਂ ਦੇ ਸਭ ਤੋਂ ਅੱਛੇ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਮੁਲਕ ਨਾਲ ਕੰਪੇਅਰ ਕਰੀਏ, ਅੱਗੇ ਲੈ ਕੇ ਚਲੀਏ । ਕੈਪਟਨ ਅਮਰਿੰਦਰ ਸਿੰਘ ਜੀ ਦੀ ਜਦੋਂ ਏਥੇ ਸਰਕਾਰ ਬਣੀ ਤਾਂ ਸਾਰੇ ਪੰਜਾਬ ਨੂੰ ਇਹ ਉਮੀਦਾਂ ਸਨ ਕਿ ਅਸੀਂ ਇਸ ਪੰਜਾਬ ਦਾ ਸੁਪਨਾ ਜਿਹੜਾ ਇਸ ਸਰਕਾਰ ਨੇ ਦੇਖਿਆ, ਇਸ ਪੰਜਾਬ ਨੂੰ ਯੂਰਪ ਦੇ ਕਿਸੇ ਮੁਲਕ ਨਾਲ ਕੰਪੇਅਰ ਕਰੀਏ, ਹਰ ਪੱਖੋਂ ਇਸ ਪੰਜਾਬ ਦੀ ਤਰੱਕੀ ਕਰੀਏ । ਅਸੀਂ ਉਸ ਸੁਪਨੇ ਨੂੰ ਸਾਕਾਰ ਕਰਨ ਲਈ, ਅੱਜ ਜਿਹੜੇ ਪੰਜਾਬ ਦੇ ਨੌਜਵਾਨ ਦਿਨ-ਰਾਤ ਮਿਹਨਤ ਕਰ ਰਹੇ ਹਨ, ਉਨ੍ਹਾਂ ਵਾਸਤੇ ਵੀ ਇਸ ਗਵਰਨਰ ਐਡਰੈਸ ਵਿੱਚ ਜ਼ਿਕਰ ਹੈ । ਜਦੋਂ ਮੈਂ ਗਵਰਨਰ ਐਡਰੈੱਸ ਪੜ੍ਹ ਰਿਹਾ ਸੀ, ਉਸ ਵਿੱਚ ਹਰੇਕ ਪੱਖ ਬਾਰੇ ਸਕੀਮ ਦਿੱਤੀ ਗਈ ਹੈ । ਖਾਸ ਤੌਰ ਤੇ ਮੈਂ ਜ਼ਿਕਰ ਕਰਨਾ ਚਾਹਾਂਗਾ ਕਰਾਪ ਡਾਈਵਰਸੀਫਿਕੇਸ਼ਨ ਦੀ ਸਕੀਮ ਦਾ, ਜਿਹੜੀ ਕਿ ਪੰਜਾਬ ਦੇ ਆਮ ਕਿਸਾਨ ਅਤੇ ਮਾਡਰਨ ਕਿਸਾਨ ਬਾਰੇ ਵੀ ਪ੍ਰੋਗਰਾਮ ਬਣਾ ਕੇ ਦਿੱਤੀ ਗਈ ਹੈ । ਚੇਅਰਮੈਨ ਸਾਹਿਬ, ਅਗਰ ਅਸੀਂ ਐਨਾਲਾਈਜ਼ ਕਰੀਏ, ਅੱਜ ਸਾਡੇ ਪਿੰਡ ਦੀ ਹਰ ਗਲੀ ਅਤੇ ਸਾਡੇ ਸ਼ਹਿਰ ਦੇ ਹਰ ਮੁਹੱਲੇ ਵਿੱਚ ਬੱਚੇ ਪੜ੍ਹ ਕੇ ਬੇਰੁਜ਼ਗਾਰ ਬੈਠੇ ਹਨ । ਅੱਜ ਬੀ.ਏ., ਐਮ.ਏ., ਪੀ.ਐਚ.ਡੀ. ਕਰਕੇ ਬੇਰੁਜ਼ਗਾਰ ਫਿਰਦੇ ਹਨ । ਡਾਕਟਰੀ ਅਤੇ ਇੰਜੀਨੀਅਰਿੰਗ ਕਰਕੇ ਵੀ ਬੇਰੁਜ਼ਗਾਰ ਫਿਰਦੇ ਹਨ । ਅੱਜ ਸਾਡੇ ਪੰਜਾਬ ਦਾ ਨੌਜਵਾਨ ਇਸ ਪੰਜਾਬ ਨੂੰ ਪਿੱਠ ਵਿਖਾ ਕੇ ਬਾਹਰਲੇ ਮੁਲਕਾਂ ਵਿੱਚ ਕੰਮ ਕਰਨ ਲਈ ਜਾਣ ਨੂੰ ਤਰਜੀਹ ਦੇ ਰਿਹਾ ਹੈ । ਬ੍ਰੇਨ ਡਰੇਨ ਹੋ ਰਿਹਾ ਹੈ । ਇਸੇ ਕਰਕੇ ਹੀ ਉਹ ਦੂਸਰੇ ਮੁਲਕਾਂ ਵਿੱਚ ਜਾ ਰਿਹਾ ਹੈ । ਇਕ ਐਸਾ ਸਮਾਂ ਵੀ ਸੀ, ਜੇ ਅਸੀਂ ਸਦੀਆਂ ਪੁਰਾਣੇ ਪੰਜਾਬ ਦੀ ਗੱਲ ਕਰੀਏ ਤਾਂ ਸਾਰੇ ਮੁਲਕਾਂ ਦੇ ਲੋਕ ਯੂਨਾਨ ਤੋਂ ਲੈ ਕੇ ਇਥੇ ਆਉਂਦੇ ਸਨ । ਇਥੇ ਰਹਿਣਾ ਚਾਹੁੰਦੇ ਸਨ, ਕੰਮ ਕਰਨਾ ਚਾਹੁੰਦੇ ਸਨ, ਰਾਜ ਕਰਨਾ ਚਾਹੁੰਦੇ ਸਨ । ਮਿਡਲ ਈਸਟ ਅਤੇ ਯੂਰਪ ਵੀ ਇਸ ਧਰਤੀ ਤੇ ਆ ਕੇ ਪ੍ਰਣਾਮ ਕਰਦੇ ਹੁੰਦੇ ਸਨ, ਪ੍ਰੰਤੂ ਅੱਜ ਸਥਿਤੀ ਐਸੀ ਹੋ ਗਈ ਹੈ ਕਿ ਇਥੋਂ ਲੋਕ ਛੱਡ ਕੇ ਦੂਸਰੇ ਮੁਲਕਾਂ ਨੂੰ ਜਾ ਰਹੇ ਹਨ । ਮੈਂ ਸਮਝਦਾ ਹਾਂ ਕਿ ਜਿਸ ਪੇਸ ਨਾਲ ਉਧਰਲੇ ਮੁਲਕਾਂ ਵਿੱਚ ਡਿਵੈਲਪਮੈਂਟ ਹੋਈ ਹੈ, ਉਸ ਪੇਸ ਨਾਲ ਇਧਰ ਡਿਵੈਲਪਮੈਂਟ ਨਹੀਂ ਹੋਈ । ਸਾਡਾ ਨੌਜਵਾਨ ਇਸ ਚੈਲੰਜ ਨੂੰ ਐਕਸਪਟ ਕਰਕੇ ਬਾਹਰਲੇ ਮੁਲਕਾਂ ਵੱਲ ਤੁਰਿਆ ਹੋਇਆ ਹੈ । ਜਿਸ ਤਰ੍ਹਾਂ ਪਹਿਲਾਂ ਡਿਸਕਸ਼ਨ ਵਿੱਚ ਗੱਲ ਹੋਈ ਹੈ ਕਿ ਸਾਡੇ ਕਈ ਨੌਜਵਾਨਾਂ ਨੂੰ ਤਸ਼ੱਦਦ ਸਹਿਣਾ ਪਿਆ । ਕਈ ਲੋਕ ਗੁੰਮਰਾਹ ਕਰਕੇ ਨੌਜਵਾਨਾਂ ਨੂੰ ਬਾਹਰ ਲੈ ਜਾਂਦੇ ਹਨ ਅਤੇ ਉਨ੍ਹਾਂ ਨੂੰ ਫਿਰ ਜੇਲ੍ਹਾਂ ਵਿੱਚ ਜਾਣਾ ਪੈ ਜਾਂਦਾ ਹੈ । ਇਸ ਤਰ੍ਹਾਂ ਸਾਡੀ ਨੌਜਵਾਨੀ ਦਾ ਨੁਕਸਾਨ ਹੋ ਰਿਹਾ ਹੈ । ਇਸ ਵਾਸਤੇ ਪੰਜਾਬ ਨੂੰ ਤਰੱਕੀ ਤੇ ਲਿਜਾਣ ਲਈ ਸਾਨੂੰ ਸਾਰਿਆਂ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ । ਕਰਾਪ ਡਾਈਵਰਸੀਫਿਕੇਸ਼ਨ ਦਾ ਪ੍ਰੋਗਰਾਮ ਦਿੱਤਾ ਗਿਆ ਹੈ ।

ਮੈਂ ਆਪਣੀ ਰਾਏ ਦਿੰਦਾ ਹਾਂ । ਮੈਂ ਗਲਤ ਵੀ ਹੋ ਸਕਦਾ ਹਾਂ । ਸਾਡਾ ਕਿਸਾਨ, ਜਦੋਂ ਅਸੀਂ ਛੋਟੇ ਛੋਟੇ ਹੁੰਦੇ ਸੀ, ਬਟਾਲੇ ਦੇ ਏਰੀਏ ਵਿੱਚ ਦੇਖਦੇ ਸੀ ਕਿ ਉਥੇ ਕਪਾਹ ਲਗਦੀ ਸੀ, ਦਾਲਾਂ ਹੁੰਦੀਆਂ ਸਨ, ਮਾਂਹ ਦੀ ਦਾਲ ਉਗਾਉਂਦੇ ਸਨ । ਪਿਛਲੇ ਪੰਜਾਹ ਸਾਲਾਂ ਵਿੱਚ ਸਾਡੇ ਪੰਜਾਬ ਦੇ ਕਿਸਾਨ ਨੇ ਦਿਨ-ਰਾਤ ਮਿਹਨਤ ਕਰਕੇ, ਕਿਉਂਕਿ ਪਾਕਿਸਤਾਨ ਦੀ ਵੰਡ ਵੇਲੇ ਜਿਹੜਾ ਪੰਜਾਬ ਦਾ ਬਹੁਤਾ ਉਪਜਾਊ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ ਸੀ, ਪੰਜਾਬ ਨੂੰ ਝੋਨੇ ਅਤੇ ਕਣਕ ਦੀਆਂ ਫਸਲਾਂ ਵਿੱਚ ਪੂਰੇ ਵਰਲਡ ਵਿੱਚ ਉੱਚਾ ਚੁੱਕ ਦਿੱਤਾ । ਉਸ ਨੇ ਇਹ ਦੱਸ ਦਿੱਤਾ ਕਿ ਇਥੇ ਵੀ ਸਭ ਤੋਂ ਵੱਧ ਪੈਦਾਵਾਰ ਕੀਤੀ ਜਾ ਸਕਦੀ ਹੈ ਪਰ ਪਿਛਲੇ ਪੰਜਾਹ ਸਾਲਾਂ ਵਿੱਚ, ਅਸੀਂ ਇਸ ਪਾਸੇ ਧਿਆਨ ਨਹੀਂ ਦਿੱਤਾ । ਮੈਂ ਕੋਈ ਕਰੀਟੀਸਾਈਜ਼ ਨਹੀਂ ਕਰਨ ਲੱਗਾ । ਅਸੀਂ ਸਾਰਿਆਂ ਨੇ ਹੀ ਧਿਆਨ ਨਹੀਂ ਦਿੱਤਾ ਕਿ ਕਣਕ ਤੋਂ ਕੀ ਕੀ ਇੰਡਸਟਰੀ ਲਗ ਸਕਦੀ ਹੈ, ਅਸੀਂ ਕਿਥੇ ਕਿਥੇ ਇਹ ਇੰਡਸਟਰੀ ਲਗਾ ਸਕਦੇ ਹਾਂ ਤਾਂ ਜੋ ਅਸੀਂ ਕਣਕ ਨੂੰ ਕਾਰਖਾਨਿਆਂ ਵਿੱਚ ਯੂਜ਼ ਕਰ ਸਕੀਏ । ਇਹ ਹੀ ਹਾਲ ਰਾਈਸ ਵਿਚ ਹੋਇਆ ਹੈ । ਮੈਂ ਮਨੀਲਾ ਵਿਖੇ ਗਿਆ ਸੀ। ਉਥੇ ਮੈਂ ਵੇਖਿਆ ਕਿ ਰਾਈਸ ਤੇ ਆਧਾਰਤ 32 ਕਿਸਮ ਦੇ ਕਾਰਖਾਨੇ, ਰਾਈਸ ਨੂੰ ਕਨਜ਼ਿਊਮ ਕਰਨ ਵਾਸਤੇ ਲੱਗੇ ਹੋਏ ਹਨ । ਸਾਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਅਸੀਂ ਕਣਕ ਅਤੇ ਜੀਰੀ ਦੋਨਾਂ ਨੂੰ ਇੰਡਸਟਰੀ ਵਿੱਚ ਯੂਜ਼ ਕਰ ਸਕੀਏ । ਕਰਾਪ ਡਾਈਵਰਸੀਫਿਕੇਸ਼ਨ ਬਾਰੇ ਮੇਰਾ ਨਜ਼ਰੀਆ ਇਹ ਹੈ ਕਿ ਦੋ ਕਰਾਪਸ ਐਸੀਆਂ ਹਨ ਜਿਹੜੀਆਂ ਕਿ ਪੰਜਾਬ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰ ਸਕਦੀਆਂ ਹਨ । ਪਹਿਲੀ ਹੈ ਕਾਟਨ ਅਤੇ ਦੂਸਰਾ ਸਪਿਨਿੰਗ । ਕਾਟਨ ਟੈਕਸਟਾਈਲ ਦੀ ਇੰਡਸਟਰੀ ਪੂਰੇ ਦੇਸ਼ ਅੰਦਰ ਫੈਲ ਸਕਦੀ ਹੈ । ਜਿਸ ਤਰ੍ਹਾਂ ਸਾਡੇ ਸੈਂਟਰ ਦੇ ਫਾਈਨਾਂਸ ਮਨਿਸਟਰ ਸਾਹਿਬ ਨੇ ਵੀ ਅਨਾਊਂਸ ਕੀਤਾ ਹੈ ਕਿ ਅਸੀਂ ਟੈਕਸਟਾਈਲ ਨੂੰ ਅੱਗੇ ਲਿਜਾਵਾਂਗੇ । ਸਾਡੇ ਪੰਜਾਬ ਵਿੱਚ ਪਹਿਲਾਂ ਬਹੁਤ ਕਾਟਨ ਪੈਦਾ ਹੁੰਦੀ ਸੀ । ਇਥੋਂ ਤੱਕ 27 ਲੱਖ ਬੇਲਾਂ (ਗੰਢਾਂ) ਤੱਕ ਦੀ ਪ੍ਰੋਡਕਸ਼ਨ ਪੰਜਾਬ ਵਿਚ ਹੋਈ ਹੈ । ਫਿਰ ਇਸ ਦੀ ਪ੍ਰੋਡਕਸ਼ਨ ਘੱਟ ਗਈ । ਇਸ ਨੂੰ ਹੁਣ ਵਧਾਇਆ ਜਾਣਾ ਚਾਹੀਦਾ ਹੈ । ਇਸ ਨਾਲ ਜਿਹੜੀ ਸਾਡੀ ਟੈਕਸਟਾਈਲ ਅਤੇ ਸਪਿਨਿੰਗ ਇੰਡਸਟਰੀ ਆਵੇਗੀ ਉਸ ਵਿੱਚ ਅਸੀਂ ਗਾਰਮੈਂਟਸ ਇੰਡਸਟਰੀ ਲਗਾ ਸਕਦੇ ਹਾਂ । ਇਹ ਗਾਰਮੈਂਟ ਅਸੀਂ ਪੂਰੇ ਵਰਲਡ ਨੂੰ ਐਕਸਪੋਰਟ ਕਰ ਸਕਦੇ ਹਾਂ । ਇਸੇ ਤਰ੍ਹਾਂ ਸ਼ੂਗਰ ਇੰਡਸਟਰੀ ਜਿਹੜੀ ਹੈ, ਮੈਨੂੰ ਸਮਝ ਨਹੀਂ ਆਉਂਦੀ ਕਿ ਪੰਜਾਬ ਦੀਆਂ ਸ਼ੂਗਰ ਮਿਲਾਂ ਘਾਟੇ ਵਿੱਚ ਕਿਉਂ ਹਨ । ਜਦੋਂ ਵੀ ਸ਼ੂਗਰ ਮਿਲ ਵਿੱਚ As a Industrialist ਜਾ ਕੇ ਸਟੱਡੀ ਕਰਦਾ ਹੈ, ਜੇ ਅਸੀਂ ਦੇਖੀਏ ਤਾਂ ਕਦੇ ਵੀ ਸ਼ੂਗਰ ਮਿਲ ਘਾਟੇ ਵਿੱਚ ਨਹੀਂ ਜਾ ਸਕਦੀ ਕਿਉਂਕਿ ਤੁਸੀਂ ਸ਼ੂਗਰ ਦੇ ਨਾਲ ਕੋ-ਜੈਨਰੇਸ਼ਨ ਪਲਾਂਟ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਲਗਾਓ ਅਤੇ ਉਸਦੇ ਨਾਲ ਬਿਜਲੀ ਪੈਦਾ ਹੋਵੇਗੀ ਜਿਹੜੀ ਪੰਜਾਬ ਵਿੱਚ ਯੂਜ਼ ਕੀਤੀ ਜਾ ਸਕੇਗੀ ਕਿਉਂਕਿ ਪੰਜਾਬ ਵਿੱਚ ਬਿਜਲੀ ਦੀ ਬੜੀ ਘਾਟ ਹੈ । ਇਸੇ ਤਰ੍ਹਾਂ ਜਿਹੜਾ ਤੁਸੀਂ ਇੰਡਸਟਰੀਅਲ ਅਲਕੋਹਲ ਹੈ ਜਾਂ ਸ਼ਰਾਬ ਦੇ ਲਈ ਜਿਹੜਾ ਮੋਲਾਇਸਿਜ਼ ਯੂਜ਼ ਹੁੰਦਾ ਹੈ ਉਹ ਵੀ ਸ਼ੂਗਰ ਇੰਡਸਟਰੀ ਤੋਂ ਮਿਲ ਜਾਣੇ ਹਨ। ਪੰਜਾਬ ਵਿੱਚ ਸ਼ਰਾਬ ਦੀ ਪ੍ਰੋਡੱਕਸ਼ਨ ਬਹੁਤ ਜ਼ਿਆਦਾ ਹੈ। ਇਸੇ ਤਰ੍ਹਾਂ ਐਥੇਨਾਲ ਜਿਹੜਾ ਹੈ, ਪੂਰੇ ਦੇਸ਼ ਵਿੱਚ ਪੈਟਰੋਲੀਅਮ ਪ੍ਰੋਡੱਕਟ ਜਿਹੜਾ ਲਗ ਰਿਹਾ ਹੈ ਅਤੇ ਉਹ ਪੈਟਰੋਲ ਵਿੱਚ ਐਥੇਨਾਲ ਮਿਕਸ ਕਰਦੇ ਹਨ ਅਤੇ ਪਠਾਨਕੋਟ ਵਿਖੇ ਇੰਡੀਅਨ ਆਇਲ ਵੱਲੋਂ ਇਕ ਮਿਕਸਚਰ ਪਲਾਂਟ ਵੀ ਲਗਾਇਆ ਜਾ ਰਿਹਾ ਹੈ। ਐਥੇਨਾਲ ਮਿਕਸ ਕਰਕੇ ਅਸੀਂ ਨੈਚੂਰਲੀ ਸ਼ੂਗਰ ਇੰਡਸਟਰੀ ਨੂੰ ਪ੍ਰਾਫਿਟ ਵਿੱਚ ਲਿਆ ਸਕਦੇ ਹਾਂ । ਚੇਅਰਮੈਨ ਸਾਹਿਬ, ਮੈਂ ਕਾਟਨ ਦੇ ਬਾਰੇ ਕੁਝ ਹੋਰ ਡਾਟਾ ਦੇਣਾ ਚਾਹਾਂਗਾ ਕਿ ਜਿਹੜੇ 2001-02 ਵਿੱਚ 27 ਲੱਖ ਗੰਢਾਂ ਸਨ, ਉਹ ਘੱਟ ਕੇ 20 ਲੱਖ ਗੰਢਾਂ ਰਹਿ ਗਈਆਂ। ਅਕਾਲੀ ਸਰਕਾਰ ਦੇ ਸਮੇਂ ਪਤਾ ਨਹੀਂ ਮਾਲਵਾ ਬੈਲਟ ਵਿੱਚ ਇਹ ਕਾਟਨ ਦੀ ਬੇਲ ਕਿਉਂ ਘੱਟ ਗਈ। ਹੁਣ ਸਾਡੇ ਸਮੇਂ ਵਿਚ ਬੇਲਾਂ ਦੀ ਗਿਣਤੀ ਵਧੀ ਹੈ। ਸਾਡੇ ਮੁੱਖ ਮੰਤਰੀ ਜੀ ਨੇ ਬੀ.ਟੀ. ਕਾਟਨ ਦਾ ਬੀਜ ਵੀ ਇੰਟਰੋਡਿਊਸ ਕਰਵਾਇਆ ਹੈ। ਇਸਦੇ ਨਾਲ ਪ੍ਰੋਡੱਕਸ਼ਨ ਇਹ ਸਾਲ ਜਿਹੜਾ ਬੀਤ ਰਿਹਾ ਹੈ, ਵੱਧ ਕੇ 21 ਲੱਖ ਬੇਲ ਹੋ ਗਈ ਹੈ ਅਤੇ ਇਸ ਤਰ੍ਹਾਂ ਪ੍ਰੋਡੱਕਸ਼ਨ ਵੱਧੀ ਹੈ । ਇਸ ਤੋਂ ਇਲਾਵਾ ਨਵੀਆਂ ਵੈਰਾਇਟੀਆਂ ਆਰ. ਸੀ. ਐਸ. 143 ਬੀ. ਟੀ. ਆਰ. ਸੀ. ਐਸ. 317 ਬੀ. ਟੀ., ਅਨਫੋਰ 651 ਬੀ.ਟੀ. ਇਨ੍ਹਾਂ ਸਭ ਨਵੀਂਆਂ ਵੈਰਾਇਟੀਆਂ ਨਾਲ ਪ੍ਰੋਡੱਕਸ਼ਨ ਵੀ ਇਨਕਰੀਜ਼ ਹੋਵੇਗੀ । ਚੇਅਰਮੈਨ ਸਾਹਿਬ, ਅੱਜ ਕੇਂਦਰ ਸਰਕਾਰ ਨੇ ਟਰੱਸ ਦੀ ਟੈਕਨਾਲੋਜੀ ਅਪਗਰੇਡ ਕਰਕੇ ਹਿੰਦੁਸਤਾਨ ਨੂੰ ਨਵਾਂ ਰਸਤਾ ਦਿਖਾਇਆ ਹੈ। ਦੂਜੇ ਸੂਬੇ ਇਸਦਾ ਫਾਇਦਾ ਉਠਾ ਰਹੇ ਹਨ ਅਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਟਰੱਸ ਦੇ ਨਾਲ ਨਵੀਂ ਸਪਿਨਿੰਗ ਮਿਲ ਜਾਂ ਟੈਕਸਟਾਈਲ ਇੰਡਸਟਰੀ ਲੈ ਕੇ ਆਈਏ, ਉਸ ਦੇ ਵਿੱਚ ਵਿਆਜ ਬਹੁਤ ਘੱਟ ਹੈ ਅਤੇ ਸਬਸਿਡੀ ਵੀ ਮਿਲਦੀ ਹੈ । ਇਸਦੇ ਨਾਲ ਸਾਡੀ ਇੰਡਸਟਰੀ ਵਧੇਗੀ । ਮੈ ਦੱਸਣਾ ਚਾਹੁੰਦਾ ਹਾਂ ਕਿ ਟੈਕਸਟਾਈਲ ਇੰਡਸਟਰੀ ਇਕ ਓਰੀਐਂਟਿਡ ਇੰਡਸਟਰੀ ਹੈ । ਸਭ ਤੋਂ ਜ਼ਿਆਦਾ ਇਸ ਵਿਚ ਲੋਕ ਕੰਮ ਕਰਦੇ ਹਨ । ਅੱਜ ਜਿਹੜੀ ਬੇਰੋਜ਼ਗਾਰੀ ਹੈ ਇਸ ਦਾ ਕਾਰਨ ਇਹੀ ਹੈ ਕਿ ਅਸੀਂ ਇੰਡਸਟਰੀਲਾਈਜ਼ ਆਪਣੀ ਸਟੇਟ ਨੂੰ ਨਹੀਂ ਕਰ ਸਕੇ ਕਿਉਂਕਿ ਸਾਡੀ ਜ਼ਮੀਨ ਤਾਂ ਸੀਮਿਤ ਹੈ, ਵੱਧ ਨਹੀਂ ਸਕਦੀ ਅਤੇ ਪਾਪੂਲੇਸ਼ਨ ਵਧੀ ਹੈ । ਪਹਿਲਾਂ ਜਦੋਂ 10 ਕਿੱਲੇ ਤੇ 5 ਭਰਾ ਖੇਤੀ ਕਰਦੇ ਸਨ ਅਤੇ ਜਦੋਂ ਵੰਡੇ ਗਏ ਤਾਂ ਹਰੇਕ ਭਰਾ ਨੂੰ ਦੋ-ਦੋ ਕਿੱਲੇ ਆ ਗਏ ਅਤੇ ਨੈਚੂਰਲੀ ਉਨ੍ਹਾਂ ਦੀ

ਡਿਸਗਾਈਸ ਲੇਬਰ ਹੋ ਗਈ ਹੈ, ਉਸ ਮੈਨ ਪਾਵਰ ਨੂੰ ਯੂਟੇਲਾਈਜ਼ ਕਰਨ ਲਈ ਇੰਡਸਟਰੀਲਾਈਜੇਸ਼ਨ ਕਰਨੀ ਜ਼ਰੂਰੀ ਹੈ । ਸਾਡੀ ਸਰਕਾਰ, ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਸਾਹਿਬ ਦੀ ਰਹਿਨੁਮਾਈ ਹੇਠ ਬਹੁਤ ਕੰਮ ਕਰ ਰਹੀ ਹੈ ਕਿ ਇਸ ਸਟੇਟ ਨੂੰ ਇੰਡਸਟਰੀਲਾਈਜ਼ ਕੀਤਾ ਜਾਵੇ। ਮੈਂ, ਚੇਅਰਮੈਨ ਸਾਹਿਬ,ਇਹ ਵੀ ਬੇਨਤੀ ਕਰਾਂਗਾ ਕਿ ਗਾਰਮੈਂਟਸ ਵੀ ਕਾਫੀ ਲੇਬਰ ਓਰੀਐਂਟਿਡ ਹੈ ਕਿਉਂਕਿ ਕਪੜੇ ਮੈਨੂਅਲੀ ਸੀਏ ਜਾਂਦੇ ਹਨ ਔਰ ਸਾਡੇ ਏਪਰਲ ਪਾਰਕ ਜਿਹੜਾ ਹੈ, ਉਸ ਸਾਡੇ ਸਮੇਂ ਵਿੱਚ ਦੋਰਾਹੇ ਕੋਲ ਲਗ ਰਿਹਾ ਹੈ ਅਤੇ ਮੈਂ ਸਮਝਦਾ ਹਾਂ ਕਿ ਪੂਰੇ ਨਾਰਥ ਇੰਡੀਆ ਦੀਆਂ ਨਜ਼ਰਾਂ ਇਸ ਉਤੇ ਹਨ । ਇਹ 6 ਮਹੀਨੇ ਦੇ ਵਿੱਚ ਇਹ ਲੱਗ ਜਾਵੇਗਾ ਅਤੇ ਇੱਥੇ ਵੱਡੀ ਗਾਰਮੈਂਟ ਇੰਡਸਟਰੀ ਆਵੇਗੀ। ਮੈਂ ਸਮਝਦਾ ਹਾਂ ਕਿ ਚੀਨ ਜਿਹੜਾ ਹੈ ਜਿਹੜਾ ਅੱਜ ਤਰੱਕੀ ਕਰ ਰਿਹਾ ਹੈ ਉਹ ਟੈਕਸਟਾਈਲ ਅਤੇ ਗਾਰਮੈਂਟ ਪੂਰੇ ਵਰਲਡ ਨੂੰ ਸਪਲਾਈ ਕਰ ਰਿਹਾ ਹੈ । ਚੀਨ ਤੇ ਕੁਝ ਇੰਸਟਰੱਕਸ਼ਨਜ਼ ਲੱਗੀਆਂ ਹੋਈਆਂ ਹਨ । ਇਹ ਪੰਜਾਬ ਦੇ ਲਈ ਬੜਾ ਵੱਡਾ ਸੁਨਹਿਰੀ ਮੌਕਾ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਕੰਮ ਦੇ ਸਕੀਏ ਅਤੇ ਅਸੀ ਉਨ੍ਹਾਂ ਨੂੰ ਟੈਕਸਟਾਈਲ ਇੰਡਸਟਰੀ ਵਿੱਚ ਲੈ ਕੇ ਜਾਈਏ। ਇਥੇ ਦਾ ਗਾਰਮੈਂਟ ਜਿਹੜਾ ਹੈ, ਉਹ ਪੂਰੇ ਯੂਰਪ ਵਿੱਚ ਜਾ ਸਕਦਾ ਹੈ ਅਤੇ ਚੀਨ ਨੂੰ ਇੰਸਟਰੱਕਸ਼ਨਜ਼ ਲੱਗੀਆਂ ਹੋਈਆਂ ਹਨ ਅਤੇ ਇਸ ਦਾ ਪੰਜਾਬ ਬੈਨੀਫਿਟ ਉਠਾ ਸਕਦਾ ਹੈ। ਚੇਅਰਮੈਨ ਸਾਹਿਬ, ਇਸ ਤਰ੍ਹਾਂ ਪੰਜਾਬ ਵਿਚ ਐਗਰੀਕਲਚਰ ਦੀ ਪ੍ਰੋਡੱਕਸ਼ਨ ਵੱਧੀ ਹੈ। ਮੈਂ ਦੱਸਣਾ ਚਾਹਾਂਗਾ ਕਿ ਮਾਰਕਫੈੱਡ ਨੇ ਬਹੁਤ ਵੱਡਾ ਸਟੈਂਡ ਚੁੱਕਿਆ ਹੈ ਅਤੇ ਉਹ ਫਾਰਮਰਜ਼ ਨੂੰ ਸਟੋਰੇਜ਼ ਕਰਨ ਦੀ ਫੈਸਿਲਿਟੀਜ਼ ਦੇਣ ਜਾ ਰਿਹਾ ਹੈ। ਪੰਜਾਬ ਦੀ ਐਗਰੀਕਲਚਰ ਵਿੱਚ ਇਹ ਬਹੁਤ ਵੱਡਾ ਲੈਂਡ ਮਾਰਕ ਸਿੱਧ ਹੋਵੇਗਾ, ਅਤੇ ਫਾਰਮਰ ਨੂੰ, ਜਿਹੜੀ ਉਸ ਦੀ ਪਰਡਿਊਸ ਹੈ, ਉਸ ਨੂੰ ਸਟੋਰੇਜ਼ ਦੀ ਸਹੂਲਤ ਦਿੱਤੀ ਹੈ ਕਿ ਤੁਸੀਂ ਆਪਣਾ ਪਰਡਿਊਸ ਲਿਆ ਕੇ ਇਸ ਸਟੋਰ ਵਿੱਚ ਜਾਂ ਗਡਾਊਨ ਵਿੱਚ ਰੱਖ ਸਕੋ ਔਰ ਨੈਚੂਰਲੀ ਜਦੋਂ ਕਰਾਪ ਦੇ ਰੇਟ ਵੱਧਣਗੇ, ਜਿਹੜੀ ਨੈਟ ਦੇ ਉਤੇ ਟਰੇਡਿੰਗ ਹੋਏਗੀ,ਉਸ ਦੇ ਮੁਤਾਬਿਕ ਜਦੋਂ ਕਿਸਾਨ ਨੂੰ ਪੂਰਾ ਭਾਅ ਮਿਲੇਗਾ, ਤਾਂ ਉਹ ਉਸ ਰੇਟ ਤੇ ਵੇਚ ਸਕਦਾ ਹੈ। ਜਦੋਂ ਕਿਸਾਨ ਨੇ ਆਪਣੀ ਜਿਨਸ ਲਿਆ ਕੇ ਸਟੋਰ ਵਿੱਚ ਰੱਖਣੀ ਹੈ, ਤਾਂ ਉਸ ਨੂੰ ਉਸ ਦਾ ਪੈਸਾ ਇਮੀਜੇਟਲੀ ਮਿਲ ਜਾਣਾ ਹੈ। ਮਾਰਕਫੈੱਡ ਨੇ ਬੈਂਕਾਂ ਦੇ ਥਰੂ ਪੈਸਾ ਦਿਵਾ ਦੇਣਾ ਹੈ। ਕਿਸਾਨ ਨੇ ਵੱਧ ਰੇਟ ਤੇ ਆਪਣੀ ਫਸਲ ਦੇਣੀ ਹੈ ਤਾਂ ਨੈਚੂਰਲੀ ਸਾਡੇ ਕਿਸਾਨ ਕੋਲ ਜ਼ਿਆਦਾ ਪੈਸੇ ਆਉਣਗੇ ਔਰ ਨੈਚੂਰਲੀ ਉਸ ਦੀ ਪਰਚੇਜ਼ਿੰਗ ਪਾਵਰ ਖੁਸ਼ਹਾਲ ਹੋਵੇਗੀ। ਮਾਰਕਫੈੱਡ ਨੇ ਇਹ ਬੜਾ ਵੱਡਾ ਕਦਮ ਚੁੱਕਿਆ ਹੈ, ਮੈਂ ਨੈਚੂਰਲੀ ਉਸ ਦੀ ਤਾਰੀਫ ਕਰਦਾ ਹਾਂ। ਅੱਜ ਸਾਡੀ ਪੰਜਾਬ ਦੀ ਸਰਕਾਰ ਸੱਤਵੀਂ ਕਰਾਪ ਚੁੱਕਣ ਜਾ ਰਹੀ ਹੈ। ਕੁਝ ਡਾਟਾ ਮੇਰੇ ਕੋਲ ਹੈ ਜਿਹੜਾ ਮੈਂ ਤੁਹਾਡੇ ਥਰੂ ਸ਼ੇਅਰ ਕਰਨਾ ਚਾਹਾਂਗਾ । ਇਤਿਹਾਸ ਗਵਾਹ ਹੈ ਕਿ ਪਿਛਲੀ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਸਰਕਾਰ ਵੇਲੇ ਕਿਸਾਨ ਦਾ ਦਾਣਾ ਬੇਇੱਜ਼ਤ ਹੋਇਆ ਹੈ । ਮੈਂ ਖੁਦ ਮੰਡੀਆਂ ਵਿੱਚ ਜਾ ਕੇ ਦੇਖਦਾ ਰਿਹਾ ਹਾਂ । ਸਾਡੇ ਇਲਾਕੇ ਵਿੱਚ ਕਿਸਾਨ ਦੀ ਫਸਲ ਬੜੀ ਮੁਸ਼ਕਲ ਨਾਲ ਚੁੱਕੀ ਜਾਂਦੀ ਸੀ। ਉਸ ਨੂੰ ਪੈਸਾ ਪੂਰਾ ਨਹੀਂ ਸੀ ਮਿਲਦਾ। ਉਸ ਦਾ ਪੂਰਾ ਸ਼ੋਸ਼ਣ ਹੁੰਦਾ ਸੀ। ਅੱਜ ਜਿਹੜੀ ਸੱਤਵੀਂ ਫਸਲ ਸਰਕਾਰ ਚੁੱਕਣ ਜਾ ਰਹੀ ਹੈ, ਉਸ ਦੇ ਪੂਰੇ ਇੰਤਜ਼ਾਮ ਕੀਤੇ ਹਨ। ਸਾਲ 2002-03 ਵਿੱਚ ਵੀਟ੍ਹ ਜਿਹੜੀ ਸੀ, ਉਹ 142.75 ਲੱਖ ਟਨ ਸੀ। 2003-04 ਵਿੱਚ ਵੀਟ੍ਹ 153 ਲੱਖ ਟਨ ਸੀ। ਇਸ ਸਾਲ 149 ਲੱਖ ਟਨ ਐਕਸਪੈਕਟਿਡ ਹੈ। ਇਹ ਕੁੱਲ 444.75 ਲੱਖ ਟਨ ਗੌਰਮਿੰਟ ਨੇ ਵੀਟ੍ਹ ਚੁੱਕੀ ਹੈ।

| *1.47 ਵਜੇ ਬਾਅਦ ਦੁਪਹਿਰ | (ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ । ) |
|---|---|

ਪੈਡੀ 2002.03 ਵਿੱਚ 89 ਲੱਖ ਟਨ ਚੁੱਕੀ । 2003-04 ਵਿਚ 98 ਲੱਖ ਟਨ ਚੁੱਕੀ ਅਤੇ ਪਿਛਲੇ ਸਾਲ ਇੱਕ ਰਿਕਾਰਡ ਬੰਪਰ ਕਰਾਪ ਹੋਈ, ਜਿਹੜੀ 156 ਲੱਖ ਟਨ ਸੀ । ਇਸ ਤਰ੍ਹਾਂ ਟੋਟਲ 332.80 ਲੱਖ ਟਨ ਪੈਡੀ ਦੇ ਚੁੱਕੇ ਗਏ। ਇਹ ਇੱਕ ਰਿਕਾਰਡ ਹੈ । ਗੌਰਮਿੰਟ ਨੇ ਕਿਸਾਨਾਂ ਦੀ ਫਸਲ ਦਾ ਪੂਰਾ ਇੰਤਜ਼ਾਮ ਕੀਤਾ। ਡਿਪਟੀ ਸਪੀਕਰ ਸਾਹਿਬ, ਇੱਕ ਇੱਕ ਦਾਣਾ ਪੂਰੀ ਇਜ਼ਤ ਦੇ ਨਾਲ ਚੁੱਕਿਆ ਗਿਆ ਔਰ ਕਿਸਾਨਾਂ ਨੂੰ ਪੂਰੀ ਪੇਮੈਂਟ ਕੀਤੀ ਗਈ । ਉਨ੍ਹਾਂ ਦਾ ਕੋਈ ਸ਼ੋਸ਼ਣ ਨਹੀਂ ਹੋਇਆ। ਇਹ ਇਸ ਗੌਰਮਿੰਟ ਦੀ ਬਹੁਤ ਵੱਡੀ ਅਚੀਵਮੈਂਟ ਹੈ (ਥੰਪਿੰਗ), ਇਸ ਦੇ ਬਾਵਜੂਦ ਕਿ ਇਕਨਾਮਿਕ ਕੰਡੀਸ਼ਨ ਠੀਕ ਨਹੀਂ ਸੀ। ਜਦੋਂ ਇਸ ਗੌਰਮਿੰਟ ਨੂੰ ਮੌਕਾ ਦਿੱਤਾ ਗਿਆ ਤਾਂ ਪੰਜਾਬ ਦੇ ਫਾਈਨਾਂਸ ਤੇ ਇੱਕ ਵਾਈਟ ਪੇਪਰ ਛਪਿਆ ਸੀ, ਸਾਰਿਆਂ ਨੇ ਉਸ ਨੂੰ ਪੜ੍ਹਿਆ ਹੋਣਾ ਹੈ। ਪੰਜਾਬ ਦੇ ਉਤੇ ਅੱਜ 53000 ਕਰੋੜ ਰੁਪਏ ਦਾ ਕਰਜ਼ਾ ਦੱਸਿਆ ਗਿਆ ਹੈ । ਇਹ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਦੀ ਟੀਮ ਤੇ ਬੜਾ ਵੱਡਾ ਚੈਲੇਂਜ ਸੀ । ਪੰਜਾਬ ਦੀ ਇਕਾਨਮੀ ਨੂੰ back on rail ਲਿਆਉਣ ਲਈ ਬੜੀ ਮਿਹਨਤ ਹੋਈ, ਬੜੇ ਕਦਮ ਚੁੱਕੇ ਗਏ ਅਤੇ ਅੱਜ ਪੰਜਾਬ ਦੀ ਇਕਾਨਮੀ ਪਹਿਲਾਂ ਨਾਲੋਂ ਥੋੜ੍ਹੀ ਸੁਧਰੀ ਹੈ । ਅਜੇ ਇਸ ਇਕਾਨਮੀ ਦੇ ਹੋਰ ਸੁਧਰਨ ਦੇ ਆਸਾਰ ਹਨ ।

ਡਿਪਟੀ ਸਪੀਕਰ ਸਾਹਿਬ, ਜੇ ਇੰਡਸਟਰੀ ਬਾਰੇ ਗੱਲ ਕਰੀਏ ਤਾਂ ਸਾਲ 2002-03 ਵਿੱਚ ਇਥੇ 541 ਨਵੇਂ ਯੂਨਿਟ 150 ਕਰੋੜ ਰੁਪਏ ਦੀ ਲਾਗਤ ਨਾਲ ਲੱਗੇ, ਜਿਸ ਨਾਲ 6600 ਲੋਕਾਂ ਨੂੰ ਰੁਜ਼ਗਾਰ ਮਿਲਿਆ । ਹੁਣ ਜਦੋਂ ਇਕਾਨਮੀ ਸੁਧਰ ਗਈ ਹੈ, ਇੱਕ ਦਮ ਤਾਂ ਇੰਪਰੂਵਮੈਂਟ ਨਹੀਂ ਹੁੰਦੀ, ਤੁਸੀਂ ਸਾਲ ਡੇਢ ਸਾਲ ਵਿੱਚ

ਵੇਖੋਗੇ ਕਿ ਸਰਕਾਰ ਦੀ ਇਕਾਨਮੀ ਵਿੱਚ ਕਿੰਨਾ ਫਰਕ ਪਿਆ ਹੈ । 2004-05 ਵਿੱਚ ਇੰਡਸਟਰੀ ਦੇ 5612 ਨਵੇਂ ਯੂਨਿਟ ਲੱਗੇ ਜਿਨ੍ਹਾਂ ਵਿੱਚ 344.77 ਕਰੋੜ ਰੁਪਏ ਦੀ ਇਨਵੈਸਟਮੈਂਟ ਹੋਈ ਅਤੇ 8700 ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ। ਹੁਣ ਇਕਨਾਮਿਕ ਗਰੋਥ ਦਾ ਸਮਾਂ ਸ਼ੁਰੂ ਹੋ ਗਿਆ ਹੈ । ਮੈਂ ਸਮਝਦਾ ਹਾਂ ਜਿਸ ਤਰ੍ਹਾਂ ਪੰਜਾਬ ਵਿੱਚ ਗਰੀਨ ਰੈਵੋਲਿਊਸ਼ਨ ਆਇਆ, ਵੀਟ੍ਹ ਰੈਵੋਲਿਊਸ਼ਨ ਆਇਆ, ਉਸੇ ਤਰ੍ਹਾਂ ਅੱਜ 21ਵੀਂ ਸਦੀਂ ਵਿੱਚ ਇੰਡਸਟਰੀਅਲ ਰੈਵੋਲਿਊਸ਼ਨ, ਮਾਡਰੇਨਾਈਜ਼ ਇੰਡਸਟਰੀਅਲ ਰੈਵੋਲਿਊਸ਼ਨ ਪੰਜਾਬ ਵਿੱਚ ਆਉਣ ਜਾ ਰਿਹਾ ਹੈ । ਜਿਸ ਤਰ੍ਹਾਂ ਮੁੱਖ ਮੰਤਰੀ ਜੀ, ਆਈ. ਟੀ. ਇੰਡਸਟਰੀ ਵਾਸਤੇ ਕੋਸ਼ਿਸ਼ ਕਰ ਰਹੇ ਹਨ, ਟੈਕਸਟਾਈਲ ਇੰਡਸਟਰੀ ਵਾਸਤੇ ਕੋਸ਼ਿਸ਼ ਕਰ ਰਹੇ ਹਨ, ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦਾ ਨੌਜਵਾਨ ਇਥੇ ਹੀ ਕੰਮ ਕਰੇਗਾ। ਉਸ ਨੂੰ ਬਾਹਰਲੇ ਮੁਲਕਾਂ ਵਿੱਚ ਜਾ ਕੇ ਧੱਕੇ ਖਾਣ ਦੀ ਲੋੜ ਨਹੀਂ । ਸਾਡੇ ਬਜ਼ੁਰਗ ਇਥੇ ਇਕੱਲੇ ਨਹੀਂ ਰਹਿਣਗੇ । ਮੈਂ ਦੁਆਬੇ ਵਿੱਚ ਦੇਖਿਆ ਹੈ ਕਿ ਇਕੱਲੇ ਘਰ ਬਣੇ ਹੋਏ ਹਨ ਅਤੇ ਬਜ਼ੁਰਗ ਮਾਤਾ-ਪਿਤਾ ਉਥੇ ਬੈਠੇ ਹਨ । ਇਹ ਜਿਹੜਾ ਦੁਖ ਦਾ ਸਮਾਂ ਹੈ, ਇਹ ਪੰਜਾਬ ਵਿੱਚ ਦੂਰ ਹੋਣ ਵਾਲਾ ਹੈ । ਅੱਜ ਪੰਜਾਬ ਦੇ ਨੌਜਵਾਨ ਇਹ ਉਮੀਦ ਕਰਦੇ ਹਨ, ਇਹ ਸੋਚਦੇ ਹਨ ਕਿ ਪੰਜਾਬ ਚੰਗਾ ਸੂਬਾ ਬਣੇਗਾ ਕਿਉਂਕਿ ਇਕਨਾਮਿਕ ਗਰੋਥ, ਇਕਨਾਮਿਕ ਸਟੇਬਿਲਟੀ, ਪੁਲੀਟੀਕਲ ਸਟੇਬਿਲਟੀ, ਲਾਅ ਐਂਡ ਆਰਡਰ ਦੀ ਸਟੇਬਿਲਟੀ ਪੰਜਾਬ ਦੇ ਵਿੱਚ ਆ ਚੁੱਕੀ ਹੈ । ਅੱਜ ਪੰਜਾਬ ਦੇ ਲੋਕਾਂ ਨੂੰ ਉਮੀਦ ਹੈ ਕਿ ਪੰਜਾਬ ਨਾ ਕੇਵਲ ਪੰਜਾਬੀਆਂ ਨੂੰ ਰੋਜ਼ਗਾਰ ਦੇਵੇਗਾ, ਹਿੰਦੁਸਤਾਨੀਆਂ ਨੂੰ ਰੋਜ਼ਗਾਰ ਦੇਵੇਗਾ ਬਲਕਿ ਮੈਂ ਸਮਝਦਾ ਹਾਂ ਕਿ ਏਥੇ ਬਾਹਰ ਤੋਂ ਲੋਕੀਂ ਆ ਕੇ ਇਨਵੈਸਟਮੈਂਟ ਕਰਨਗੇ ਔਰ ਇੱਥੇ ਅੱਛਾ ਕਾਰੋਬਾਰ ਚਲੇਗਾ । ਡਿਪਟੀ ਸਪੀਕਰ ਸਾਹਿਬ, ਇਸ ਸਮੇਂ ਦੇ ਵਿੱਚ ਇੰਡਸਟਰੀ ਪਾਲਿਸੀ ਨੂੰ ਮਾਡਰਨ ਕਰਕੇ ਮਿਤੀ 1-4-2003 ਨੂੰ ਅਮੈਂਡ ਕਰਕੇ ਲਿਆਂਦਾ ਗਿਆ ਹੈ, ਇਹ ਸਾਡੀ ਇੰਡਸਟਰੀ ਦੇ ਵਾਸਤੇ ਬਹੁਤ ਵੱਡਾ ਸਟੈਪ ਹੈ । ਇਸ ਤੋਂ ਇਲਾਵਾ ਆਈ.ਟੀ. ਇੰਡਸਟਰੀ ਜਿਹੜੀ ਹੈ ਔਰ ਜਿਹੜਾ ਕੋਆਰਕ ਪਾਰਕ ਮੋਹਾਲੀ ਵਿਖੇ ਬਣਾਉਣ ਜਾ ਰਹੇ ਹਨ ਜਿਸ ਦੇ ਉਤੇ ਇੱਕ ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਆਵੇਗੀ ਔਰ ਇਸ ਦੇ ਵਿੱਚ 10 ਹਜ਼ਾਰ ਲੋਕਾਂ ਨੂੰ ਰੋਜ਼ਗਾਰ ਮਿਲੇਗਾ, ਇਹ ਵੀ ਬਹੁਤ ਵੱਡਾ ਸਟੈਪ ਹੈ । ਮੈਂ 21 ਮਾਰਚ, 2005 ਨੂੰ ਅਖਬਾਰਾਂ ਦੇ ਵਿੱਚ ਪੜ੍ਹਿਆ ਕਿ ਮਾਈਕਲ ਡੈੱਲ ਜਿਹੜੇ ਕਿ ਪੰਜਾਬ ਦੇ ਵਿੱਚ ਆਏ ਸਨ ਔਰ ਉਨ੍ਹਾਂ ਨੇ ਮੁੱਖ ਮੰਤਰੀ ਜੀ ਦੇ ਨਾਲ ਮੋਹਾਲੀ ਵਿਖੇ ਇਕ ਕਾਲਜ ਦਾ ਉਦਘਾਟਨ ਕੀਤਾ ਜਿਸ ਦੇ ਵਿੱਚ 1500 ਲੋਕਾਂ ਨੂੰ ਰੋਜ਼ਗਾਰ ਮਿਲਣਾ ਹੈ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਹੁਣ ਬਾਹਰ ਦੇ ਮੁਲਕਾਂ ਦੇ ਲੋਕ ਇੱਥੇ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਆ ਕੇ ਕੰਮ ਕਰਨਗੇ ਜਿਸ ਤਰ੍ਹਾਂ ਗੁੜਗਾਉਂ ਦੇ ਬਾਰੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਹੁਰਾਂ ਨੇ ਕਿਹਾ ਕਿ ਉਹ ਬਹੁਤ ਅੱਗੇ ਨਿਕਲ ਗਿਆ ਹੈ । ਇਸ ਦੇ ਵਿੱਚ ਸਾਡੀ ਲੀਡਰਸ਼ਿਪ ਦੀ ਕਮਜ਼ੋਰੀ ਰਹੀ ਹੈ, ਪੰਜਾਬ ਦੇ ਨੌਜਵਾਨ ਲੀਡਰਾਂ ਦੀ ਕਮਜ਼ੋਰੀ ਰਹੀ ਹੈ ਪਰ ਮੈਂ ਫਿਰ ਵੀ ਅੱਜ ਦਾਅਵੇ ਦੇ ਨਾਲ ਕਹਿੰਦਾ ਹਾਂ ਕਿ ਉਹ ਦਿਨ ਦੂਰ ਨਹੀਂ ਹੈ ਕਿ ਜਦੋਂ ਅਸੀਂ ਗੁੜਗਾਉਂ ਤੋਂ ਅੱਗੇ ਨਿਕਲ ਜਾਵਾਂਗੇ, ਸਾਡਾ ਮੋਹਾਲੀ ਜਾਂ ਪੰਜਾਬ, ਗੁੜਗਾਉਂ ਤੋਂ ਅੱਗੇ ਹੀ ਜਾਵੇਗਾ, ਪਿੱਛੇ ਨਹੀਂ ਰਹੇਗਾ । ਇਸ ਤੋਂ ਇਲਾਵਾ ਡਾਕਟਰ ਮਨਮੋਹਨ ਸਿੰਘ ਜਿਹੜੇ ਕਿ ਸਾਡੇ ਪੰਜਾਬ ਨੂੰ ਦਿਲੋਂ ਬਹੁਤ ਪਿਆਰ ਕਰਦੇ ਹਨ, ਦਿਲੋਂ ਚਾਹੁੰਦੇ ਹਨ ਔਰ ਉਨ੍ਹਾਂ ਨੇ ਬਹੁਤ ਵੱਡੀ ਅਨਾਊਂਸਮੈਂਟ ਕੀਤੀ ਹੈ । ਜਿਸ ਤਰ੍ਹਾਂ ਭਾਖੜਾ ਡੈਮ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਬਣਵਾਇਆ ਹੈ, ਕੈਰੋਂ ਸਾਹਿਬ ਨੇ ਬਣਵਾਇਆ ਜਿਸ ਦੇ ਸਦਕਾ ਅੱਜ ਸਾਡੇ ਘਰ ਘਰ ਬੱਤੀ ਔਰ ਇੰਡਸਟਰੀ ਦੇ ਵਿੱਚ ਬੱਤੀ ਜਗਦੀ ਹੈ । ਅੱਜ ਅਸੀਂ ਉਨ੍ਹਾਂ ਨੂੰ ਸਲਿਊਟ ਕਰਦੇ ਹਾਂ । ਇਸੇ ਤਰ੍ਹਾਂ ਡਾਕਟਰ ਮਨਮੋਹਨ ਸਿੰਘ ਜੀ ਅਤੇ ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਨੇ ਅੰਮ੍ਰਿਤਸਰ ਦੇ ਵਿੱਚ ...

**ਸਰਦਾਰ ਸੁਖਦਰਸ਼ਨ ਸਿੰਘ ਮਰਾੜ :** ਡਿਪਟੀ ਸਪੀਕਰ ਸਾਹਿਬ, ** **

**ਮਾਨਯੋਗ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ :** ਡਿਪਟੀ ਸਪੀਕਰ ਸਾਹਿਬ, ਉਹ ਬੇਸ ਬਣਿਆ ਤਾਂ ਪੰਜਾਬ ਦੇ ਵਿੱਚ ਪਾਵਰ ਰਹੀ, ਅਗਰ ਉਹ ਬੇਸ ਨਾ ਬਣਿਆ ਹੁੰਦਾ ਤਾਂ ਜਿਹੜੇ ਅੱਜ ਦੂਜੇ ਥਰਮਲ ਪਲਾਂਟ ਹਨ ਉਨ੍ਹਾਂ ਦੇ ਉਤੇ ਕਿੰਨਾ ਖਰਚਾ ਆਉਂਦਾ ਹੈ, ਕੋਲਾ ਕਿੰਨੀ ਦੂਰੋਂ ਲੈ ਕੇ ਆਉਣਾ ਪੈਂਦਾ ਹੈ, ਕਿੰਨਾ ਤਰੱਦਦ ਕਰਨਾ ਪੈਂਦਾ ਹੈ ਔਰ ਅਸੀਂ ਇਸ ਵੇਲੇ 47% ਕੋਲਾ ਝਰੀਆ, ਮੱਧ ਪ੍ਰਦੇਸ਼ ਆਦਿ ਤੋਂ ਲਿਆਉਂਦੇ ਹਾਂ । ਇਹ ਡਾਕਟਰ ਮਨਮੋਹਨ ਸਿੰਘ ਅਤੇ ਕੈਪਟਨ ਅਮਰਿੰਦਰ ਸਿੰਘ ਦਾ 1 ਸਤੰਬਰ, 2004 ਨੂੰ................

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਹੋਰ ਕਿੰਨਾ ਟਾਈਮ ਲਵੋਗੇ ।

---

** Expunged as ordered by the Chair

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ :** ਸਰ 10 ਮਿੰਟ ਲਵਾਂਗਾ, ਕਿਉਂਕਿ ਮੈਂ ਕੁਝ ਇੰਪਾਰਟੈਂਟ ਗੱਲਾਂ ਕਰਨੀਆਂ ਹਨ । ਡਿਪਟੀ ਸਪੀਕਰ ਸਾਹਿਬ, ਜਿਹੜਾ ਡਾਕਟਰ ਮਨਮੋਹਨ ਸਿੰਘ ਔਰ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੇ 1 ਸਤੰਬਰ, 2004 ਨੂੰ ਜੁਆਇੰਟ ਅਨਾਊਸਮੈਂਟ ਕੀਤੀ ਸੀ ਉਸ ਨੂੰ ਆਉਣ ਵਾਲੇ ਸਮੇਂ ਵਿੱਚ, ਆਉਣ ਵਾਲੀ ਲੀਡਰਸ਼ਿਪ, ਸਾਡੀ ਆਉਣ ਵਾਲੀ ਜੈਨਰੇਸ਼ਨ ਯਾਦ ਕਰੇਗੀ । ਉਨ੍ਹਾਂ ਨੇ ਅੰਮ੍ਰਿਤਸਰ ਨੂੰ ਸਪੈਸ਼ਲ ਜ਼ੋਨ ਡਿਕਲੇਅਰ ਕੀਤਾ ਹੈ ਇਸ ਦੇ ਨਾਲ ਹਜ਼ਾਰਾਂ ਲੋਕਾਂ ਨੂੰ ਰੋਜ਼ਗਾਰ ਮਿਲੇਗਾ ਔਰ ਕਰੋੜਾਂ ਰੁਪਏ ਦੀ ਆਮਦਨ ਸਾਡੀ ਸਟੇਟ ਨੂੰ ਹੋਵੇਗੀ ਔਰ ਸਾਡੀ ਇਕਾਨਮੀ ਰਿਵਾਈਵ ਹੋਵੇਗੀ । ਡਾਕਟਰ ਮਨਮੋਹਨ ਸਿੰਘ ਜੀ ਨੇ ਆਪਣੇ ਪ੍ਰਿੰਸੀਪਲ ਸੈਕਟਰੀ, ਸ਼੍ਰੀ ਟੀ.ਕੇ. ਨਾਇਰ ਨੂੰ ਸਪੈਸ਼ਲ ਜ਼ੋਨ ਬਾਰੇ ਕੇਸ ਭੇਜਿਆ ਹੈ ਔਰ ਉਸ ਦੇ ਉਤੇ ਵਾਰ-ਫੁੱਟਿੰਗ ਕੰਮ ਚਲ ਰਿਹਾ ਹੈ । ਮੈਂ ਸਮਝਦਾ ਹਾਂ ਕਿ ਇਸ ਦਾ ਸਾਡੇ ਸਾਰੇ ਹੀ ਇਲਾਕੇ ਨੂੰ ਫਾਇਦਾ ਹੋਣਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਔਰ ਹੈਲਥ ਫੈਮਿਲੀ ਵੈਲਫੇਅਰ ਦੇ ਬਾਰੇ ਜਿਆਦਾ ਬੋਲਣਾ ਨਹੀਂ ਚਾਹੁੰਦਾ ਲੇਕਿਨ ਕੁਝ ਸੁਜੈਸ਼ਨਾਂ ਦੇਣੀਆਂ ਚਾਹੁੰਦਾ ਹਾਂ । ਐਜੂਕੇਸ਼ਨ ਅਤੇ ਹੈਲਥ ਵੈਲਫੇਅਰ ਜਿਹੜੀ ਹੈ ਉਹ ਸੁਸਾਇਟੀ ਦੇ ਬੇਸਿਕ ਮੁੱਦੇ ਹੁੰਦੇ ਹਨ। ਗੌਰਮਿੰਟ ਦਾ ਬੇਸਿਕ ਕੰਮ ਐਜੂਕੇਸ਼ਨ, ਹੈਲਥ ਅਤੇ ਲਾਅ ਐਂਡ ਆਰਡਰ ਦੇ ਬਾਰੇ ਹੁੰਦਾ ਹੈ । ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੇ ਬਾਰੇ ਤਾਂ ਤੁਹਾਨੂੰ ਪਤਾ ਹੀ ਹੈ ਕਿ ਸਿਚੂਏਸ਼ਨ ਬਹੁਤ ਠੀਕ ਹੈ । ਐਜੂਕੇਸ਼ਨ, ਹੈਲਥ ਅਤੇ ਫੈਮਿਲੀ ਵੈਲਫੇਅਰ ਦੇ ਮਹਿਕਮਿਆਂ ਦੇ ਵਿੱਚ ਬਹੁਤ ਸਾਰੀਆਂ ਆਸਾਮੀਆਂ ਖਾਲੀ ਪਈਆਂ ਹਨ, ਇਹ ਭਰੀਆਂ ਜਾਣੀਆਂ ਚਾਹੀਦੀਆਂ ਹਨ । ਮੈਂ ਇਸ ਦੇ ਨਾਲ ਹੀ ਇਹ ਵੀ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਬੀ.ਐਡ. ਜਾਂ ਈ.ਟੀ.ਟੀ., ਪੜ੍ਹੇ ਲਿਖੇ ਨੌਜਵਾਨ ਹਨ ਔਰ ਉਹ ਬੇਰੁਜ਼ਗਾਰ ਫਿਰਦੇ ਹਨ ਪਰ ਜਿਹੜੇ ਪ੍ਰਾਈਵੇਟ ਸਕੂਲ ਹਨ ਉਨ੍ਹਾਂ ਦੇ ਵਿੱਚ ਦਸਵੀਂ ਜਾਂ ਬਾਰਵ੍ਹੀਂ ਕਲਾਸ ਪਾਸ ਨੌਜਵਾਨ ਹੀ ਦਸਵੀਂ ਕਲਾਸ ਦੇ ਬੱਚਿਆਂ ਨੂੰ ਪੜ੍ਹਾਈ ਜਾਂਦੇ ਹਨ । ਇਸ ਦੇ ਲਈ ਜਿਹੜਾ ਸਾਡਾ ਲਾਅ ਬਣਿਆ ਹੋਇਆ ਹੈ ਕਿ ਕੁਆਲੀਫਾਈਡ ਪਰਸਨ ਵਲੋਂ ਹੀ ਪੜ੍ਹਾਈ ਕਰਵਾਉਣੀ ਚਾਹੀਦੀ ਹੈ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਦੇ ਉਤੇ ਸੀਰੀਅਸਲੀ ਐਫਰਟਸ ਕਰਨੀ ਚਾਹੀਦੀ ਹੈ ਤਾਂ ਕਿ ਜਿਹੜੇ ਸਾਡੇ ਬੀ. ਐਡ., ਐਮ.ਐਡ. ਜਾਂ ਈ.ਟੀ.ਟੀ. ਨੌਜਵਾਨ ਬੇਰੁਜ਼ਗਾਰ ਫਿਰਦੇ ਹਨ ਉਨ੍ਹਾਂ ਨੂੰ ਰੋਜ਼ਗਾਰ ਮਿਲੇ ਔਰ ਜਿਹੜੇ ਦਸਵੀਂ ਪਾਸ ਹੀ, ਦਸਵੀਂ ਦੇ ਬੱਚਿਆਂ ਨੂੰ ਪੜ੍ਹਾਈ ਕਰਵਾ ਰਹੇ ਹਨ ਜਿਸ ਦੇ ਨਾਲ ਉਹ ਆਉਣ ਵਾਲੀ ਜੈਨਰੇਸ਼ਨ ਦਾ ਬਹੁਤ ਵੱਡਾ ਨੁਕਸਾਨ ਕਰ ਰਹੇ ਹਨ, ਇਸ ਨੂੰ ਰੋਕਣਾ ਚਾਹੀਦਾ ਹੈ । ਇਸੇ ਤਰ੍ਹਾਂ ਜਿਹੜੇ ਨਰਸਿੰਗ ਹੋਮਜ਼ ਹਨ, ਉਸ ਦੇ ਵਾਸਤੇ ਨਰਸਿੰਗ ਹੋਮ ਹੈਲਥ ਡਿਪਾਰਟਮੈਂਟ ਨੂੰ ਦੇਖਣੇ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]
ਚਾਹੀਦੇ ਹਨ, ਉਥੇ 10ਵੀਂ, 12ਵੀਂ ਪੜ੍ਹੀਆਂ ਨਰਸਾਂ ਇੰਜੈਕਸ਼ਨ ਲਗਾਉਂਦੀਆਂ ਹਨ ਪਰ ਜਿਹੜੀਆਂ ਪੜ੍ਹੀਆਂ-ਲਿਖੀਆਂ ਨਰਸਾਂ ਹਨ ਉਹ ਬੇਰੁਜ਼ਗਾਰ ਬੈਠੀਆਂ ਹਨ, ਕੁਆਲੀਫਾਈਡ ਨਰਸਾਂ, ਪੈਰਾ-ਮੈਡੀਕਲ ਦਾ ਸਟਾਫ ਨਰਸਿੰਗ ਹੋਮਜ਼ ਵਿੱਚ ਲਗਾਉਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਇੰਮਪਲਾਇਮੈਂਟ ਮਿਲੇ । ਇਸ ਨੂੰ ਅਸੀਂ ਪੂਰੀ ਤਾਕਤ ਨਾਲ ਇੰਪਲੀਮੈਂਟ ਕਰੀਏ ਤਾਂ ਸਾਰਿਆਂ ਨੂੰ ਜ਼ਰੂਰ ਰੋਜ਼ਗਾਰ ਮਿਲੇਗਾ । ਅੱਗੇ ਪਾਵਰ ਦੀ ਗੱਲ ਆਉਂਦੀ ਹੈ, ਪੰਜਾਬ ਦੇ 12,400 ਪਿੰਡਾਂ ਵਿਚੋਂ ਨਵੰਬਰ, 2004 ਤੱਕ 9054 ਪਿੰਡਾਂ ਨੂੰ 24 ਘੰਟੇ ਬਿਜਲੀ ਦੀ ਸਪਲਾਈ ਹੋ ਗਈ ਹੈ । ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਨਾਊਂਸ ਕੀਤਾ ਹੈ ਕਿ ਸਤੰਬਰ, 2005 ਤੱਕ ਸਾਰੇ ਪੰਜਾਬ ਦੇ ਪਿੰਡਾਂ ਨੂੰ 24 ਘੰਟੇ ਦੀ ਬਿਜਲੀ ਮੁਹੱਈਆ ਕਰਵਾ ਕੇ ਇਲੈਕਟ੍ਰੀਫਾਈ ਕੀਤਾ ਜਾਵੇਗਾ । ਇਹ ਇਕ ਲੈਂਡ ਮਾਰਕ ਗੱਲ ਹੈ । ਜਿਹੜੇ ਲੋਕ ਪਿੰਡਾਂ ਦੀ ਗੱਲ ਕਰਦੇ ਸੀ, ਰੂਰਲ ਪਾਪੂਲੇਸ਼ਨ ਨੂੰ ਪਿਆਰ ਕਰਨ ਦੀ ਗੱਲ ਕਰਦੇ ਸੀ, ਕਹਿੰਦੇ ਸੀ ਕਿ ਅਸੀਂ ਉਨ੍ਹਾਂ ਨੂੰ ਰੀਪ੍ਰੇਜ਼ੈਂਟ ਕਰਦੇ ਹਾਂ ਉਨ੍ਹਾਂ ਨੇ ਅਜਿਹੀ ਕੋਈ ਗੱਲ ਨਹੀਂ ਕੀਤੀ, ਇਹ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਨੇ ਇੰਮਪਾਸੀਬਲ ਨੂੰ ਪਾਸੀਬਲ ਕਰਕੇ ਦਿਖਾਇਆ ਹੈ । (ਥੰਪਿੰਗ) ਇਸ ਨਾਲ ਲੋਕਾਂ ਨੂੰ ਇੰਨਾ ਫਾਇਦਾ ਮਿਲੇਗਾ । ਚਾਹੇ ਉਥੇ ਕਾਂਗਰਸ, ਅਕਾਲੀ ਦਲ ਜਾਂ ਬੀ.ਜੇ.ਪੀ.ਦੀ ਪਾਰਟੀ ਦੇ ਬੰਦੇ ਜਿੱਤ ਕੇ ਆਏ ਹਨ ।

**ਸਰਦਾਰ ਸੁਖਪਾਲ ਸਿੰਘ** : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ ** ** **

**ਮਾਨਯੋਗ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ** : ਲਗਭਗ ਸਾਰੇ ਪਿੰਡਾਂ ਵਿੱਚ ਕੰਮ ਹੋ ਰਿਹਾ ਹੈ । ਚਾਹੇ ਉਹ ਮੇਰੇ ਹਲਕੇ ਵਿੱਚ ਹਨ, ਜਾਂ ਇਨ੍ਹਾਂ ਦੇ ਹਲਕੇ ਵਿੱਚ ਹਨ । ਤੁਸੀਂ ਸਤੰਬਰ, 2005 ਤੱਕ ਵੇਟ ਕਰੋ । ਟੋਟਲ ਪਿੰਡ ਇਸ ਵਿੱਚ ਕਵਰ ਹੋਣੇ ਹਨ । ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸੇ ਨਾਲ ਵੱਖਵਾਦ ਨਹੀਂ ਕੀਤਾ ।

---

** Expunged as ordered by the Chair

**ਸਰਦਾਰ ਤੋਤਾ ਸਿੰਘ** (ਬੈਠੇ ਬੈਠੇ) : 70% ਪਿੰਡ ਤਾਂ ਪਹਿਲਾਂ ਹੀ ਹੋਏ ਪਏ ਹਨ ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ :** 500 ਮੈਗਾਵਾਟ ਦਾ ਲਹਿਰਾ ਮੁਹੱਬਤ ਵਿਖੇ 1700 ਕਰੋੜ ਰੁਪਏ ਦੀ ਲਾਗਤ ਨਾਲ ਪ੍ਰਾਜੈਕਟ ਲਗਾ ਰਹੇ ਹਨ । 10ਵੀਂ ਪੰਜ ਸਾਲਾ ਯੋਜਨਾ ਵਿੱਚ ਲਿਆਂਦਾ ਹੈ ਇਹ ਅਨਦਰ ਬੇਸ ਪਾਵਰ ਵਿੱਚ ਕੀਤਾ ਹੈ ਇਸ ਤੋਂ ਇਲਾਵਾ ਕੰਪਨੀ ਵਲੋਂ 1000 ਮੈਗਾਵਾਟ ਦਾ ਪਲਾਨ ਦੋਰਾਹੇ ਵਿੱਚ ਲਗਾਉਣ ਦਾ ਪ੍ਰੋਗਰਾਮ ਹੈ ਜੋ ਕਿ ਬਹੁਤ ਹੀ ਸਰਾਹੁਣਾਯੋਗ ਕੰਮ ਹੈ । ਫਾਈਨਾਂਸ ਉਤੇ ਮੈਂ ਜ਼ਿਆਦਾ ਸਮਾਂ ਨਹੀਂ ਲਵਾਂਗਾ Let us try to work out consensus politics in Punjab. ਕੰਸੈਂਸਿਸ ਪਾਲੀਟਿਕਸ ਬਾਰੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਪੁਆਇੰਟ ਰੇਜ਼ ਕੀਤਾ ਹੈ ਜਿਹੜਾ ਕਿ ਇੱਕੀਵੀਂ ਸਦੀ ਦੇ ਲੀਡਰਜ਼ ਸਾਹਮਣੇ ਵੱਡਾ ਕੁਐਸਚਨ ਹੈ । ਰਾਜਨੀਤੀ ਹੋਣੀ ਚਾਹੀਦੀ ਹੈ ਡਿਫਰੈਂਸਿਜ਼ ਆਫ ਓਪੀਨੀਅਨ ਘਰ ਵਿੱਚ ਹੁੰਦੇ ਹਨ, ਭਰਾ ਭਰਾ ਵਿੱਚ ਪਿਤਾ-ਪੁੱਤਰ ਵਿੱਚ, ਮੀਆਂ ਬੀਵੀ ਵਿੱਚ ਹੁੰਦੇ ਹਨ ਪਰ ਘਰ ਵਿੱਚ ਕੰਮ ਉਹ ਜ਼ਰੂਰ ਕਰਦੇ ਹਨ । ਅਸੀਂ ਯੰਗ ਲੈਜਿਸਲੇਟਰਜ਼ ਨੇ ਐਫਰਟ ਕੀਤੀ ਸੀ ਅਸੀਂ ਫੇਰ ਯੰਗ ਲੈਜਿਸਲੇਚਰਜ਼ ਨੂੰ ਇਨਵਾਈਟ ਕਰ ਰਹੇ ਹਾਂ ਕੁਝ ਐਸੇ ਇਸ਼ੂ ਜਿਹੜੇ ਕਿ ਅਕਾਲੀ ਦਲ, ਕਾਂਗਰਸ ਹੋਵੇ, ਇਥੇ ਕੀ ਹੁੰਦਾ ਰਿਹਾ ਹੈ ਅਕਾਲੀ ਦਲ ਰਾਜ ਕਰਨ ਆਇਆ ਤਾਂ ਉਹ ਨਾਰਥ ਨੂੰ ਪਾਲਣ ਲੱਗ ਗਏ ਫਿਰ ਕਾਂਗਰਸ ਪਾਰਟੀ ਦੀ ਸਰਕਾਰ ਆਈ ਤਾਂ ਉਹ ਸਾਊਥ ਨੂੰ ਪਾਲਣ ਲੱਗ ਗਈ ਜਿਸ ਨਾਲ ਪੰਜਾਬ ਦੀ ਇਕਾਨਮੀ, ਪੰਜਾਬ ਦਾ ਸੂਬਾ ਤੱਰਕੀ ਨਹੀਂ ਕਰ ਸਕਿਆ, ਜਿੰਨੀ ਕਰਨੀ ਚਾਹੀਦੀ ਸੀ । There should be some issues. ਐਸੇ ਇਸ਼ੂ ਹਨ ਜਿਵੇਂ ਫਾਰਨ ਪਾਲਿਸੀ ਹੈ, ਇਕਾਨਮਿਕ ਪਾਲਿਸੀ ਹੈ, ਇੰਡਸਟ੍ਰੀਅਲ ਪਾਲਿਸੀ ਹੈ, ਕੋਈ ਵੀ ਸਰਕਾਰ ਕੇਂਦਰ ਵਿੱਚ ਆਉਂਦੀ ਹੈ ਚਾਹੇ ਬੀ.ਜੇ.ਪੀ.ਦੀ ਜਾਂ ਕਾਂਗਰਸ ਦੀ ਸਰਕਾਰ ਬਣ ਜਾਵੇ ਸਾਰੇ ਉਸ ਨੂੰ ਫਾਲੋ ਕਰਨ ਦੀ ਕੋਸ਼ਿਸ਼ ਕਰਦੇ ਹਨ । ਮੈਂ ਇਸ ਚੀਜ਼ ਨੂੰ ਇਨਵਾਈਟ ਕਰਦਾ ਹਾਂ ਕਿ ਐਸੇ ਇਸ਼ੂ ਹਨ ਜਿਸ ਤਰ੍ਹਾਂ ਇਕਾਨਮਿਕ ਪਾਲਿਸੀ ਸਾਡੀ ਹੈ, ਇੰਡਸਟ੍ਰੀਅਲ ਪਾਲਿਸੀ ਹੈ, ਇੰਪਲਾਇਮੈਂਟ ਜੈਨਰੇਸ਼ਨ ਵਾਸਤੇ ਕੀ ਕਰਨਾ ਹੈ, ਪੰਜਾਬ ਦਾ ਕਲਚਰ, ਇਸ ਦੇ ਸਭਿਆਚਾਰ ਵਾਸਤੇ ਕੋਈ ਡਿਸਪਿਊਟ ਨਹੀਂ ਹੈ, ਸਾਰੇ ਉਸ ਨੂੰ ਪਿਆਰ ਕਰਦੇ ਹਨ, ਇਕਾਨਮਿਕ ਰੈਫਰੈਂਸਿਜ਼, ਐਡਮਿਨੀਸਟ੍ਰੇਟਿਵ ਰੈਫਰੈਂਸਿਜ਼ ਤੇ ਕੰਸੈਂਸਸ ਬਣਨੀ ਚਾਹੀਦੀ ਹੈ, ਡਿਬੇਟਸ ਹੋਣੀਆਂ ਚਾਹੀਦੀਆਂ ਹਨ, ਡਿਸਕਸ਼ਨ ਹੋਣੀ ਚਾਹੀਦੀ ਹੈ, ਕੁਝ ਪਾਲਿਸੀਜ਼, ਮਿਨੀਮਮ ਪ੍ਰੋਗਰਾਮ ਬਣਾਏ ਜਾਣ ਤਾਂ ਕਿ ਕੋਈ ਵੀ ਗੌਰਮਿੰਟ ਆਵੇ ਉਹ ਰਲ ਕੇ, ਅੱਗੇ ਲੱਗ ਕੇ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]
ਕੰਮ ਕਰੀਏ ਤਾਂ ਕਿ ਪੰਜਾਬ ਦੀ ਤਰੱਕੀ ਹੋਵੇ । ਮੈਂ ਸਮਝਦਾ ਹਾਂ ਕਿ ਇਕੀਵੀਂ ਸਦੀ ਵਿੱਚ ਇਹ ਜਿਹੜੇ ਇਸ਼ੂ ਹਨ ਇਹ ਬਹੁਤ ਮਹੱਤਵਪੂਰਨ ਹਨ । ਸਾਨੂੰ ਸਾਰਿਆਂ ਨੂੰ ਐਸਾ ਕੁਝ ਨਾ ਕੁਝ ਜ਼ਰੂਰ ਕਰਨਾ ਚਾਹੀਦਾ ਹੈ । ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਜੀ ਨੇ ਬਹੁਤ ਸਾਰੇ ਐਸੇ ਕੰਮ ਕੀਤੇ ਹਨ ਜਿਹੜੇ ਕਿ ਸ਼ਲਾਘਾਯੋਗ ਹਨ । ਐਸ.ਵਾਈ.ਐਲ.ਦੇ ਇਸ਼ੂ ਤੇ ਸਾਰੇ ਜਣਿਆਂ ਨੇ ਰਲ ਕੇ ਕੋਸ਼ਿਸ਼ਾਂ ਕੀਤੀਆਂ ਹਨ । ਸਾਰੇ ਬੰਦਿਆਂ ਨੇ ਅਪਰੋਚ ਕੀਤੀ ਹੈ । ਇਹ ਇੱਕ ਐਸਾ ਇਸ਼ੂ ਹੈ ਜਿਸ ਤੇ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਦੋਵਾਂ ਪਾਰਟੀਆਂ ਨੇ ਇਕੱਠੇ ਹੋ ਕੇ ਯੂਨੈਨੀਮਸ ਡਿਸੀਜ਼ਨ ਲਿਆ ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਰਾਹਤ ਮਿਲੀ ਹੈ । ਹੁਣ ਉਹ ਸੁਪਰੀਮ ਕੋਰਟ ਤੋਂ ਉਮੀਦ ਕਰਦੇ ਹਨ ਕਿ ਪੰਜਾਬ ਦੇ ਨਾਲ ਇਨਸਾਫ ਹੋਵੇਗਾ ।

ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਡੇ ਇਲਾਕੇ ਨੂੰ ਰਿਪਰੈਜ਼ੈਂਟ ਕਰਦੇ ਹੋ । ਮਾਝੇ ਦੇ ਤਿੰਨ ਜ਼ਿਲ੍ਹੇ ਬਾਰਡਰ ਨਾਲ ਲਗਦੇ ਹਨ । ਇਹ ਤਿੰਨ ਜ਼ਿਲ੍ਹੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਇੰਟਰਨੈਸ਼ਨਲ ਬਾਰਡਰ ਤੇ ਸਥਿਤ ਹਨ । ਇਨ੍ਹਾਂ ਜ਼ਿਲ੍ਹਿਆਂ ਨੂੰ ਹਰ ਖੇਤਰ ਵਿੱਚ ਹਰ ਵਾਰ ਮਾਰ ਪਈ ਹੈ । ਟੈਰੋਰਿਜ਼ਮ ਦੇ ਦੌਰ ਵਿੱਚ ਬਹੁਤ ਮਾਰ ਪਈ ਹੈ । ਇਨ੍ਹਾਂ ਜ਼ਿਲ੍ਹਿਆਂ ਦੀ ਇਕਨਾਮਿਕ ਗਰੋਥ ਵਾਸਤੇ ਇੱਕ ਰੈਜ਼ੋਲਿਊਸ਼ਨ ਲਿਆਂਦਾ ਸੀ ਕਿ ਇਨ੍ਹਾਂ ਤਿੰਨ ਜ਼ਿਲ੍ਹਿਆਂ ਵਿੱਚ ਵੀ ਕੇਂਦਰ ਸਰਕਾਰ ਦੀ ਇੰਡਸਟਰੀਅਲ ਪਾਲਿਸੀ, ਐਕਸਾਈਜ਼ ਐਂਡ ਟੈਕਸੇਸ਼ਨ ਦੀ ਪਾਲਿਸੀ, ਇਨਕਮ ਟੈਕਸ ਪਾਲਿਸੀ, ਇਨ੍ਹਾਂ ਸਾਰੀਆਂ ਪਾਲਿਸੀਆਂ ਦੇ ਇਨਸੈਂਟਿਵ ਦਿੱਤੇ ਜਾਣ । ਵਿਧਾਨ ਸਭਾ ਵਿੱਚ ਇਹ ਰੈਜ਼ੋਲਿਊਸ਼ਨ ਪੇਸ਼ ਹੋਇਆ । ਅਕਾਲੀ ਦਲ ਦੇ ਲੀਡਰ ਸ. ਬਾਦਲ ਸਾਹਿਬ ਨੇ ਉਠ ਕੇ ਸਪੋਰਟ ਕੀਤੀ ਔਰ ਪੂਰੇ ਹਾਊਸ ਨੇ ਯੂਨੈਨੀਮਸ ਸਪੋਰਟ ਕੀਤੀ ਸੀ ਕਿ ਇੰਡਸਟਰੀਅਲ ਪਾਲਿਸੀ ਵਿੱਚ ਰਿਆਇਤਾਂ ਇਨ੍ਹਾਂ ਬਾਰਡਰ ਦੇ ਤਿੰਨ ਜ਼ਿਲ੍ਹਿਆਂ ਨੂੰ ਦਿੱਤੀਆਂ ਜਾਣ । ਜੇ ਅੱਜ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਇਸ ਰੈਜ਼ੋਲਿਊਸ਼ਨ ਨੂੰ ਲੈ ਕੇ ਡਾਕਟਰ ਮਨਮੋਹਨ ਸਿੰਘ, ਪ੍ਰਾਈਮ ਮਨਿਸਟਰ ਦੇ ਨਾਲ ਗੱਲਬਾਤ ਕਰਨ ਤਾਂ ਘੱਟੋ ਘੱਟ ਇਨ੍ਹਾਂ ਤਿੰਨ ਜ਼ਿਲ੍ਹਿਆਂ ਦੀ ਤਾਂ ਸੁਣੀ ਜਾਵੇਗੀ। ਸਾਡੇ ਮੁੱਖ ਮੰਤਰੀ ਸਾਹਿਬ ਨੇ ਇੱਕ ਹੋਰ ਬਹੁਤ ਵਧੀਆ ਗੱਲ ਕੀਤੀ ਹੈ, ਜਿਹੜੇ ਕਿ ਦੋਹਾਂ ਪੰਜਾਬਾਂ ਦੇ ਲੋਕ ਵੰਡੇ ਹੋਏ ਸਨ, ਉਨ੍ਹਾਂ ਦੇ ਦਿਲ ਵੰਡੇ ਹੋਏ ਸਨ, ਦੋਹਾਂ ਪੰਜਾਬਾਂ ਦੇ ਲੋਕਾਂ ਦੇ ਦਿਲਾਂ ਵਿੱਚ ਵਹਿਮ ਭਰਮ ਸਨ, ਇਨ੍ਹਾਂ ਵਹਿਮਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਪਾਕਿਸਤਾਨ ਵਾਲੇ ਸਮਝਦੇ ਸਨ ਕਿ ਅਸੀਂ ਉਨ੍ਹਾਂ ਦੇ ਦੁਸ਼ਮਣ ਹਾਂ ਅਤੇ ਸਾਡੇ ਪੰਜਾਬ ਦੇ ਲੋਕ ਸਮਝਦੇ ਸਨ ਕਿ ਉਹ ਸਾਡੇ ਦੁਸ਼ਮਣ ਹਨ । ਪਰ ਹੁਣ

ਕੈਪਟਨ ਸਾਹਿਬ ਦੀ ਕੋਸ਼ਿਸ਼ਾਂ ਦੇ ਸਦਕਾ ਦੋਹਾਂ ਪੰਜਾਬਾਂ ਦਾ ਮੇਲ ਜੋਲ ਹੋਇਆ ਹੈ ਅਤੇ ਦੋਹਾਂ ਪੰਜਾਬਾਂ ਦੇ ਲੋਕ ਇੱਕ ਦੂਜੇ ਨੂੰ ਨਿੱਘੇ ਹੋ ਕੇ ਮਿਲੇ ਹਨ । ਮੁੱਖ ਮੰਤਰੀ ਸਾਹਿਬ ਨੇ ਇਹ ਬਹੁਤ ਵੱਡਾ ਉਪਰਾਲਾ ਕੀਤਾ ਹੈ । ਅੱਜ ਵੰਡੇ ਹੋਏ ਪੰਜਾਬਾਂ ਦੇ ਲੋਕ ਆਪਸ ਵਿੱਚ ਇੰਡਸਟਰੀ ਵਧਾਉਣ ਦੀਆਂ ਗੱਲਾਂ ਕਰਦੇ ਹਨ । ਇੱਕ ਦੂਜੇ ਪੰਜਾਬ ਦੇ ਲੋਕ ਆਪਸ ਵਿੱਚ ਜੱਫੀਆਂ ਪਾ ਕੇ ਮਿਲੇ ਹਨ ਅਤੇ ਆਪਸ ਵਿੱਚ ਅੱਗੇ ਵੱਧਣ ਦੀਆਂ ਗੱਲਾਂ ਕੀਤੀਆਂ ਗਈਆਂ ਹਨ । ਇਹ ਬੜਾ ਸ਼ਲਾਘਾਯੋਗ ਕਦਮ ਹੈ । ਗੌਰਮਿੰਟ ਆਫ ਇੰਡੀਆ ਅਤੇ ਗੌਰਮਿੰਟ ਆਫ ਪੰਜਾਬ ਡਿਪਲੋਮੈਟਿਕ ਐਫਰਟਸ ਕਰਕੇ ਆਪਸੀ ਸਾਂਝਾਂ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ । ਜਿਸ ਦੇ ਸਕਦਾ ਇੱਥੇ ਇੰਡੋ-ਪਾਕ ਗੇਮਜ਼ ਹੋਈਆਂ ਔਰ ਕਲਚਰਲ ਪ੍ਰੋਗਰਾਮ ਵੀ ਐਕਸਚੇਂਜ ਹੋਏ ਹਨ । ਇਹ ਬਹੁਤ ਸ਼ਲਾਘਾਯੋਗ ਕੰਮ ਹੋਏ ਹਨ ।

ਆਜ਼ਾਦੀ ਤੋਂ ਬਾਅਦ ਪਹਿਲੀ ਵਾਰੀ ਹੋਇਆ ਹੈ ਕਿ ਨਵੀਂ ਪ੍ਰੋਜੈਕਟ ਪਾਲਿਸੀ ਬਣੀ ਹੈ ਜਿਸ ਦੇ ਤਹਿਤ ਹਜ਼ਾਰਾਂ-ਲੱਖਾਂ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਅੱਜ ਤੱਕ ਸੰਨ 1947 ਤੋਂ ਬਾਅਦ ਪੰਜਾਬ ਵਿੱਚ ਕਦੇ ਵੀ ਟੂਰਿਜ਼ਮ ਪਾਲਿਸੀ ਨਹੀਂ ਸੀ ਬਣੀ । ਇਹ ਸਾਡੇ ਮੁੱਖ ਮੰਤਰੀ ਸਾਹਿਬ ਹੀ ਲੈ ਕੇ ਆਏ ਹਨ । ਰਾਜੀਵ ਗਾਂਧੀ ਮੋਬਾਈਲ ਹੋਸਪਿਟਲ ਦੇਸ਼ ਵਿੱਚ ਅਤੇ ਪੰਜਾਬ ਦੇ ਸਾਰੇ ਪਿੰਡਾਂ ਦੇ ਵਿੱਚ ਹੈਲਥ ਸਰਵਿਸਿਜ਼ ਵਧਾਉਣ ਦੇ ਵਾਸਤੇ ਸਕੀਮ ਚਾਲੂ ਕੀਤੀ ਗਈ ਹੈ । ਇਸੇ ਤਰ੍ਹਾਂ ਇੱਕ ਹੋਰ ਵੱਡਾ ਕਦਮ ਚੁੱਕਿਆ ਗਿਆ ਹੈ ਕਿ ਰਾਜੀਵ ਗਾਂਧੀ ਕਲਿਆਣ ਯੋਜਨਾ ਸਕੀਮ ਦਲਿਤਾਂ ਦੇ ਵਾਸਤੇ ਪਿੰਡਾਂ ਦੇ ਵਿੱਚ ਚਲਾ ਰਹੇ ਹਨ ਜਿਸ ਦੇ ਤਹਿਤ ਪਿੰਡਾਂ ਦੇ ਵਿੱਚ ਟੋਆਲਿਟਸ ਪ੍ਰੋਵਾਈਡ ਕੀਤੇ ਜਾ ਰਹੇ ਹਨ । ਮੈਨੂੰ ਦੱਸਦਿਆਂ ਖੁਸ਼ੀ ਹੁੰਦੀ ਹੈ ਕਿ ਜਦੋਂ ਅਸੀਂ ਪਿੰਡਾਂ ਦੇ ਵਿੱਚ ਟੋਆਲਿਟਸ ਬਣਾਉਣ ਸਬੰਧੀ ਗਰਾਂਟ ਲੈ ਕੇ ਜਾਂਦੇ ਹਾਂ ਤਾਂ ਦਲਿਤ ਵੀਰ ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਭਾਵੇਂ ਸਿੱਖ ਹਨ, ਭਾਵੇਂ ਮੁਸਲਮਾਨ ਹਨ, ਭਾਵੇਂ ਹਿੰਦੂ ਹਨ ਅਤੇ ਭਾਵੇਂ ਇਸਾਈ ਹਨ, ਉਹ ਖੁਸ਼ੀ ਜ਼ਾਹਿਰ ਕਰਦੇ ਹਨ ਕਿ ਸਾਡੀ ਗਰੀਬਾਂ ਦੀ ਵੀ ਹੁਣ ਸੁਣੀ ਗਈ ਹੈ ।

ਇਸ ਤੋਂ ਇਲਾਵਾ ਮੁੱਖ ਮੰਤਰੀ ਸਾਹਿਬ ਦੇ ਆਦੇਸ਼ ਮੁਤਾਬਿਕ ਹੁਣ ਸਰਕਾਰ ਉਪਰਾਲਾ ਕਰਨ ਜਾ ਰਹੀ ਹੈ ਕਿ ਫਰੀਡਮ ਫਾਈਟਰ, ਜਿਨ੍ਹਾਂ ਨੇ ਸਾਨੂੰ ਆਜ਼ਾਦੀ ਦਿਵਾਈ ਹੈ, ਜਿਨ੍ਹਾਂ ਨੇ ਆਪ ਗੋਲੀਆਂ ਖਾ ਕੇ ਜਾਨਾਂ ਸਾਡੇ ਉੱਤੋਂ ਵਾਰੀਆਂ ਹਨ, ਹੁਣ ਉਨ੍ਹਾਂ ਫਰੀਡਮ ਫਾਈਟਰਾਂ ਦੇ ਨਾਵਾਂ ਤੇ ਪਿੰਡਾਂ ਦੇ ਗੌਰਮਿੰਟ ਸਕੂਲਾਂ ਦੇ ਨਾਂ ਰੱਖੇ ਜਾਣਗੇ । ਮੁੱਖ ਮੰਤਰੀ ਸਾਹਿਬ ਨੇ ਕੱਲ੍ਹ ਜਲ੍ਹਿਆਂ ਵਾਲੇ ਬਾਗ ਵਿੱਚ ਵੀ ਅਨਾਊਂਸ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]
ਕਰਨਾ ਹੈ ਕਿ ਜਿਸ ਪਿੰਡ ਵਿੱਚ ਕੋਈ ਫਰੀਡਮ ਫਾਈਟਰ ਹੋਇਆ ਹੈ, ਉਸ ਪਿੰਡ ਦੇ ਸਕੂਲ ਦਾ ਨਾਂ ਉਸ ਫਰੀਡਮ ਫਾਈਟਰ ਦੇ ਨਾਂ ਤੇ ਰੱਖਿਆ ਜਾਵੇ ।......

**ਸਰਦਾਰ ਤੋਤਾ ਸਿੰਘ :** ਇਹ ਗੱਲ ਤਾਂ ਬਹੁਤ ਚੰਗੀ ਹੈ ਕਿ ਫਰੀਡਮ ਫਾਈਟਰ ਦੇ ਨਾਂ ਤੇ ਸਕੂਲਾਂ ਦੇ ਨਾਮ ਰੱਖੇ ਜਾਣਗੇ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਛੋਟੇ ਜਿਹੇ ਪਿੰਡ ਦੇ ਵਿੱਚ ਦੋ ਫਰੀਡਮ ਫਾਈਟਰ ਹੋਏ ਹਨ । ਕਈ ਪਿੰਡਾਂ ਵਿੱਚ ਕਈ-ਕਈ ਫਰੀਡਮ ਫਾਈਟਰ ਹੋਏ ਹਨ । ਢੁੱਡੀਕੇ ਪਿੰਡ ਦੇ ਵਿੱਚ ਫਰੀਡਮ ਫਾਈਟਰਾਂ ਦੀ ਗਿਣਤੀ 16 ਹੈ । ਹੁਣ ਇਹ ਦੱਸ ਦੇਣ ਕਿ ਫਿਰ ਇਹੋ ਜਿਹੇ ਪਿੰਡਾਂ ਦੇ ਵਿੱਚ ਇਹ ਕਿਸ ਤਰ੍ਹਾਂ ਨਾਂ ਰੱਖਣਗੇ ? ਫਿਰ ਉਥੇ ਕੀ ਕਰੋਗੇ ?

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ :** ਪੰਜਾਬ ਦੇ ਵਿੱਚ ਬਹੁਤ ਸਾਰੇ ਸਕੂਲ ਹਨ । ਪੰਜਾਬ ਦੇ ਵਿਚ ਨਵੇਂ ਸਕੂਲ ਵੀ ਖੋਲ੍ਹੇ ਜਾ ਸਕਦੇ ਹਨ । ਸਕੂਲ ਖੋਲ੍ਹਣ ਵਿਚ ਕੀ ਹਰਜ਼ ਹੈ, ਕੀ ਜਾਂਦਾ ਹੈ । ਇਸ ਸਬੰਧੀ ਰਲ ਮਿਲ ਕੇ ਗੱਲਬਾਤ ਵੀ ਕੀਤੀ ਜਾਵੇਗੀ । ਡਿਪਟੀ ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚਿਆਂ ਨੂੰ ਦੱਸਿਆ ਜਾਵੇ ਕਿ ਅਸੀਂ ਸਾਰੇ ਦੇਸ਼ ਵਿਚ ਜਿਸ ਆਜ਼ਾਦੀ ਨੂੰ ਮਾਣ ਰਹੇ ਹਾਂ । ਇਹ ਆਜ਼ਾਦੀ ਜਿਨ੍ਹਾਂ ਸਦਕਾ ਸਾਨੂੰ ਮਿਲੀ ਹੈ, ਉਨ੍ਹਾਂ ਸੰਗਰਾਮੀਆਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ । ਉਨ੍ਹਾਂ ਲੋਕਾਂ ਨੇ ਸਾਨੂੰ ਆਜ਼ਾਦੀ ਦਿਵਾਈ ਹੈ । ਬੱਚਿਆਂ ਨੂੰ ਵੀ ਉਨ੍ਹਾਂ ਲੋਕਾਂ ਬਾਰੇ ਪਤਾ ਲੱਗੇ ਅਤੇ ਉਹ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਲੈ ਸਕਣ । ਸਬੰਧਤ ਸਕੂਲਾਂ ਵਿਚ ਉਸ ਫਰੀਡਮ ਫਾਈਟਰ ਦੀ ਪੂਰੀ ਹਿਸਟਰੀ ਅਤੇ ਫੋਟੋਗਰਾਫ ਵੀ ਲਗਾਏ ਜਾਣਗੇ । ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਅਤੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਹ ਚੰਗਾ ਕਦਮ ਹੈ । ਮੁੱਖ ਮੰਤਰੀ ਸਾਹਿਬ ਇਸ ਬਾਰੇ ਕੱਲ੍ਹ ਐਲਾਨ ਕਰਨਗੇ । ਇਸ ਬਾਰੇ ਮੈਂ ਜ਼ਿਆਦਾ ਨਹੀਂ ਕਹਿੰਦਾ । ਹੁਣ 21ਵੀਂ ਸਦੀ ਚਲ ਰਹੀ ਹੈ ਅਤੇ ਸਾਡੇ ਨੌਜਵਾਨਾਂ ਲਈ ਬੜਾ ਚੈਲੰਜ ਹੈ ਔਰ ਇਨ੍ਹਾਂ ਨੌਜਵਾਨਾਂ ਲਈ ਰੋਜ਼ਗਾਰ ਦੇ ਸਾਧਨ ਪੈਦਾ ਕਰਨੇ ਹਨ । ਅਸੀਂ ਬੇਸ਼ਕ ਪਾਰਟੀਆਂ ਵਾਲੇ ਘਰਾਂ ਵਿਚ ਆਪਸ ਲੜੀ ਜਾਈਏ ਪਰ ਲੋਕਾਂ ਨੂੰ ਜਦ ਤੱਕ ਸਾਡੇ ਵਲੋਂ ਕੰਮਾਂ ਦੀ ਅੱਛੀ ਡਿਲਿਵਰੀ ਨਹੀਂ ਮਿਲਦੀ ਉਤਨੀ ਦੇਰ ਤੱਕ ਪੰਜਾਬ ਵਿਚ ਨੌਜਵਾਨਾਂ ਦਾ ਸੁਧਾਰ ਨਹੀਂ ਹੋ ਸਕਦਾ । ਅੱਜ ਪੰਜਾਬ ਦਾ ਨੌਜਵਾਨ ਸਾਡੇ ਵੱਲ ਦੇਖ ਰਿਹਾ ਹੈ ਕਿ ਜਿੰਨ੍ਹਾਂ ਨੂੰ ਅਸੀਂ ਵੋਟਾਂ ਪਾ ਕੇ ਭੇਜਿਆ ਸੀ ਉਨ੍ਹਾਂ ਨੇ ਸਾਡੀ ਵੈਲਫੇਅਰ ਵਾਸਤੇ ਕੀ ਕੰਮ ਕੀਤੇ ਹਨ । ਜੇਕਰ ਇਸ ਤਰ੍ਹਾਂ ਨਹੀਂ ਕੀਤਾ ਗਿਆ ਫੇਰ

ਇਸੇ ਤਰ੍ਹਾਂ ਇਥੇ ਮਿਊਜੀਕਲ ਚੇਅਰ ਚਲਦੀ ਰਹੇਗੀ, ਕਦੇ ਤੁਸੀਂ ਇਧਰ ਸਰਕਾਰ ਵਿਚ ਆ ਗਏ, ਕਦੇ ਅਸੀਂ ਉਧਰ ਚਲੇ ਗਏ (ਵਿਘਨ) ਮੈਨੂੰ ਆਪਣੀ ਗੱਲ ਤਾ ਖਤਮ ਕਰ ਲੈਣ ਦਿਓ । ਸਾਡੀ ਸਰਕਾਰ ਕਾਫੀ ਮਿਹਨਤ ਕਰਕੇ ਨੌਜਵਾਨਾਂ ਲਈ ਸਾਧਨਾਂ ਦੇ ਇੰਤਜਾਮ ਕਰ ਰਹੀ ਹੈ ਅਤੇ ਲੋਕਾਂ ਨੂੰ ਨਾਲ ਲੈ ਕੇ ਸਰਕਾਰ ਕੰਮ ਕਰ ਰਹੀ ਹੈ ਅਤੇ ਅਸੀਂ ਇਸ ਮਿਊਜੀਕਲ/ਚੇਅਰ ਨੂੰ 15 ਸਾਲਾਂ ਤੱਕ ਬ੍ਰੇਕ ਲਗਾ ਦੇਣੀ ਹੈ ਅਤੇ ਸਾਡੀ ਸਰਕਾਰ ਲਗਾਤਾਰ 15 ਸਾਲ ਤੱਕ ਚਲਣੀ ਹੈ । ਅਸੀਂ ਲੋਕਾਂ ਦੀ ਆਵਾਜ਼ ਨੂੰ ਸੁਣ ਰਹੇ ਹਾਂ ਅਤੇ ਅੱਜ ਦਾ ਨੌਜਵਾਨ ਹੁਣ ਲੀਡਰਸ਼ਿਪ ਵੱਲ ਵੇਖ ਰਿਹਾ ਹੈ ਅਤੇ ਲੋਕਾਂ ਦੇ ਨੁਮਾਇੰਦੇ ਜਿਹੜੇ ਇਥੇ ਹਾਊਸ ਵਿਚ ਬੈਠੇ ਹਨ ਉਨ੍ਹਾਂ ਦੀ ਕਾਰਗੁਜ਼ਾਰੀ ਵੱਲ ਵੀ ਵੇਖ ਰਹੇ ਹਨ, ਚਾਹੇ ਉਹ ਕਾਂਗਰਸ ਪਾਰਟੀ ਦਾ ਹੋਵੇ, ਅਕਾਲੀ ਪਾਰਟੀ ਦਾ ਹੋਵੇ ਬੀ. ਜੇ. ਪੀ. ਦਾ ਚਾਹੇ ਹੋਵੇ, ਸਾਰਿਆਂ ਵੱਲ ਪੰਜਾਬ ਦਾ ਨੌਜਵਾਨ ਵੇਖ ਰਿਹਾ ਹੈ । ਇਸ ਚੈਲੰਜ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੰਮ ਬੜੀ ਮਿਹਨਤ ਨਾਲ ਕੈਪਟਨ ਸਾਹਿਬ ਕਰ ਰਹੇ ਹਨ ਉਹ ਗਰੀਬ ਲੋਕਾਂ ਦੇ ਲਈ ਕੰਮ ਕਰ ਰਹੇ ਹਾਂ । ਇਸ ਚੈਲੰਜ ਨੂੰ ਸਮਝਦੇ ਹੋਏ ਕੰਮ ਕਰ ਰਹੇ ਹਾਂ । I will finish my speech with the words:

"Woods are lovely, dark and deep,
But I have promises to keep
And miles to go before I sleep
And miles to go before I sleep."

**ਸ਼੍ਰੀ ਦੇਸ ਰਾਜ ਧੁੱਗਾ** (ਗੜ੍ਹਦੀਵਾਲਾ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈ ਆਪ ਦਾ ਬੜਾ ਧੰਨਵਾਦੀ ਹਾਂ ਕਿ ਤੁਸੀ ਮੈਨੂੰ ਰਾਜਪਾਲ ਦੇ ਭਾਸ਼ਨ ਦੇ ਧੰਨਵਾਦ ਦੇ ਮੱਤੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ ਅਤੇ ਇਸ ਉਤੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ । ਇਹ ਧੰਨਵਾਦ ਦਾ ਮੱਤਾ ਜਿਹੜਾ ਕਿ ਰਾਣਾ ਕੇ.ਪੀ. ਸਿੰਘ ਨੇ ਪੇਸ. ਕੀਤਾ ਸੀ। ਮੈ ਇਸ ਮਤੇ ਤੇ ਆਪਣਾ ਵਿਰੋਧ ਪ੍ਰਗਟ ਕਰਦਾ ਹਾਂ ਕਿਉਂਕਿ ਇਹ ਜਿਹੜਾ ਰਾਜਪਾਲ ਜੀ ਨੇ ਭਾਸ਼ਣ ਇਸ ਹਾਊਸ ਦੇ ਵਿੱਚ ਦਿੱਤਾ ਸੀ ਇਹ ਤੱਥਾਂ: ਤੇ ਅਧਾਰਤ ਨਹੀ ਅਤੇ ਦਿਸ਼ਾਹੀਣ ਹੈ ਅਤੇ ਪੱਖਾਂ ਦੀ ਪਰਛਾਈਂ ਤੋਂ ਤਰਸ ਰਿਹਾ ਹੈ ਅਤੇ ਤੱਥਾਂ ਤੋਂ ਭਟਕ ਰਿਹਾ ਹੈ । ਇਸ ਭਾਸ਼ਣ ਵਿੱਚ ਸਭ ਤੋਂ ਪਹਿਲੀ ਗੱਲ ਇਹ ਲਿਖੀ ਗਈ ਹੈ ਕਿ ਜਦੋਂ ਤੋਂ ਮੇਰੀ ਸਰਕਾਰ ਨੇ ਸੱਤਾ ਸੰਭਾਲੀ ਤਾਂ ਸਰਕਾਰ ਨੂੰ ਵਿਰਾਸਤ ਵਿੱਚ ਖਜ਼ਾਨਾ ਖਾਲੀ ਮਿਲਿਆ ਹੈ । ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਕੋਈ ਸਰਕਾਰ ਇੱਥੋਂ ਜਾਂਦੀ ਹੈ ਅਤੇ ਦੂਜੀ ਸਰਕਾਰ ਆ ਕੇ ਇਹ ਹੀ ਕਹਿੰਦੀ ਹੈ ਕਿ ਸਟੇਟ ਦਾ ਖਜ਼ਾਨਾ ਖਾਲੀ ਪਿਆ ਹੈ ਪਰ ਸਰਕਾਰਾਂ ਤਾਂ ਇਨਕਮ ਅਤੇ ਇਕਸਪੈਂਡੀਚਰ ਬੇਸਿਸ

[ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ]

ਤੇ ਚਲਦੀਆਂ ਹਨ, ਇਨਕਮ ਆਉਂਦੀ ਹੈ, ਖਰਚੇ ਕਰਦੇ ਹਨ । ਸਰਕਾਰ ਦੇ ਰਿਸੋਰਸਿਜ਼ ਚਲਦੇ ਰਹਿੰਦੇ ਹਨ ਅਤੇ ਇਨਕਮ ਦੇ ਸਾਧਨ ਪਹਿਲਾਂ ਬਣੇ ਹੁੰਦੇ ਹਨ ਅਤੇ ਖਰਚੇ ਹੁੰਦੇ ਰਹਿੰਦੇ ਹਨ ਫੇਰ ਖਜ਼ਾਨਾ ਕਿਸ ਤਰ੍ਹਾਂ ਖਾਲੀ ਹੋ ਗਿਆ । ਇਹ ਇਨਕਮ ਅਤੇ ਐਕਸਪੈਂਡੀਚਰ ਦਾ ਸਿਲਸਿਲਾ ਚੈਨ ਵਾਂਗ ਚਲਦਾ ਰਹਿੰਦਾ ਹੈ ਅਤੇ ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ । ਜਿਸ ਤਰ੍ਹਾਂ ਐਗਜ਼ਾਮ ਵਿੱਚ ਪਹਿਲੇ 3 ਮਹੀਨਿਆਂ ਦੇ ਤਿਮਾਹੀ ਪੇਪਰ ਹੁੰਦੇ ਹਨ ਫਿਰ ਛਿਮਾਹੀ ਪੇਪਰ ਹੁੰਦੇ ਹਨ ਫੇਰ ਸਲਾਨਾ ਪੇਪਰ ਹੁੰਦੇ ਹਨ ਫੇਰ ਰਿਜ਼ਲਟ ਆਉਂਦੇ ਹਨ ਇਨ੍ਹਾਂ ਦਾ ਸਲਾਨਾ ਰਿਜ਼ਲਟ ਹਾਲੇ ਆਉਣ ਵਾਲਾ ਹੈ ਅਤੇ ਇਨ੍ਹਾਂ ਦਾ ਰਿਜ਼ਲਟ ਰੀਫਲੈਕਟ ਹੋ ਜਾਣਾ ਹੈ ਅਤੇ ਇਨ੍ਹਾਂ ਦੇ ਮਨਾਂ ਦਾ ਫਤੂਰ ਨਿਕਲ ਜਾਣਾ ਹੈ ਜਿਹੜਾ ਇਹ ਕਹਿੰਦੇ ਹਨ ਕਿ ਅਸੀਂ 15 ਸਾਲ ਹੋਰ ਰਾਜ ਕਰਨਾ ਹੈ ।

**ਰਾਜ ਮੰਤਰੀ, ਜੰਗਲਾਤ** : ਪੁਆਇੰਟ ਆਫ ਆਰਡਰ ਸਰ । ਡਿਪਟੀ ਸਪੀਕਰ ਸਾਹਿਬ ਇਨ੍ਹਾਂ ਪਿਛਲੇ ਤਿੰਨ ਮਹੀਨਿਆਂ ਦੇ ਵਿਚ ਅਜਨਾਲਾ ਸੀਟ ਤੇ ਸਾਡਾ ਰਿਜ਼ਲਟ ਵੇਖ ਲਿਆ ਹੈ, ਅਸੀਂ ਇਨ੍ਹਾਂ ਨੂੰ 20 ਹਜ਼ਾਰ ਵੋਟਾਂ ਨਾਲ ਮਾਤ ਦਿੱਤੀ ਹੈ ।

**ਸ਼੍ਰੀ ਦੇਸ ਰਾਜ ਧੁੱਗਾ** : ਡਿਪਟੀ ਸਪੀਕਰ ਸਾਹਿਬ, ਮੇਰਾ ਖਿਆਲ ਹੈ ਇਹ ਬਹੁਤਾ ਜਾਣਦੇ ਨਹੀਂ । ਮੈਂ ਤਿਮਾਹੀ ਛਿਮਾਹੀ ਦੀ ਗੱਲ ਕਰ ਚੁੱਕਾ ਹਾਂ । ਇਹ ਹੋਰ ਹੀ ਗੱਲ ਕਰਦੇ ਪਏ ਹਨ । ਜੇਕਰ ਅਸੀਂ ਰਾਜਪਾਲ ਦੇ ਭਾਸ਼ਣ ਦੀ ਗੱਲ ਕਰੀਏ, ਇਹ ਭਾਸ਼ਣ ਆਧਾਰਹੀਨ ਤੇ ਦਿਸ਼ਾਹੀਣ ਇਸ ਕਰਕੇ ਹੈ ਕਿ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਜਿਹੜੇ ਲੋਕਾਂ ਨਾਲ ਵਾਇਦੇ ਕੀਤੇ, ਉਨ੍ਹਾਂ ਵਿਚੋਂ ਇਕ ਵੀ ਵਾਇਦੇ ਨੂੰ ਅਮਲੀ ਰੂਪ ਨਹੀਂ ਦਿੱਤਾ ਗਿਆ। ਉਸ ਵੇਲੇ ਜਿਹੜੇ ਵਾਇਦੇ ਕੀਤੇ ਗਏ ਉਹ ਏਨੇ ਜੋਸ਼ੋ ਖਰੋਸ਼ ਵਿੱਚ ਕੀਤੇ ਗਏ ਕਿ ਜਿਹੜੀਆਂ ਸਕੀਮਾਂ, ਜਿਹੜੀਆਂ ਰਿਆਇਤਾਂ ਸਾਡੀ ਸਰਕਾਰ ਨੇ, ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਦਿੱਤੀਆਂ ਸਨ, ਇਨ੍ਹਾਂ ਨੇ ਬੜੇ ਜੋਸ਼ੋ ਖਰੋਸ਼ ਵਿੱਚ ਕਿਹਾ ਕਿ ਦੁਗਣੀਆਂ ਕਰਾਂਗੇ। ਨੌਕਰੀਆਂ ਵਿਚ ਬੈਕਲਾਗ ਨੂੰ ਪੂਰਾ ਕਰਾਂਗੇ, ਦਲਿਤਾਂ ਲਈ 85ਵੀਂ ਸੋਧ ਨੂੰ ਲਾਗੂ ਕਰਾਂਗੇ । ਪਰ ਇਨ੍ਹਾਂ 3 ਸਾਲਾਂ ਦੇ ਅਰਸੇ ਦੌਰਾਨ ਇੱਕ ਵੀ ਵਾਇਦੇ ਨੂੰ ਅਮਲੀ ਰੂਪ ਨਹੀਂ ਦਿੱਤਾ। ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਸੱਤਾਧਾਰੀ ਬੈਂਚਾਂ ਵੱਲੋਂ ਵਾਰ ਵਾਰ ਇਕ ਗੱਲ ਕਹੀ ਗਈ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਈ ਇਤਿਹਾਸਿਕ ਕੰਮ ਕੀਤੇ ਹਨ । ਵਾਕਿਆ ਹੀ ਕੀਤੇ ਹਨ ਕਿ ਜਦੋਂ

ਵਿਰੋਧੀਆਂ ਨੂੰ ਫੜ੍ਹਨਾ ਹੋਵੇ ਉਦੋਂ ਵਿਜੀਲੈਂਸ ਵਾਲੇ ਫੜ੍ਹਦੇ ਹਨ ਤੇ ਜਦੋਂ ਆਪਣੇ ਬੇਟੇ ਦੀ ਗੱਲ ਆਉਂਦੀ ਹੈ, ਉਦੋਂ ਨਹਿਰਾ ਕਮਿਸ਼ਨ ਬਿਠਾ ਦਿੱਤਾ ਜਾਂਦਾ ਹੈ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਇਹ ਵਾਕਿਆ ਹੀ ਇਤਿਹਾਸਿਕ ਕੰਮ ਹੈ । ਡਿਪਟੀ ਸਪੀਕਰ ਸਾਹਿਬ, ਇੱਥੇ ਤਾਂ ਇਹ ਜ਼ਿੰਦਾਬਾਦ ਦੇ ਨਾਅਰੇ ਮਾਰੀ ਜਾਂਦੇ ਹਨ। ਇਨ੍ਹਾਂ ਦੀ ਕਾਰਜ ਕੁਸ਼ਲਤਾ ਅਗਰ ਦੇਖਣੀ ਹੋਵੇ ਤਾਂ ਦੇਖੋ ਕਿ ਸੂਬੇ ਦੇ ਲੋਕ ਕੀ ਨਾਅਰੇ ਮਾਰ ਰਹੇ ਹਨ। ਅੱਜ ਪੰਜਾਬ ਦੇ ਲੋਕ ਜਿਹੜੇ ਦਿਹਾਤਾਂ ਨਾਲ, ਪਿੰਡਾਂ ਨਾਲ ਸਬੰਧ ਰਖਦੇ ਹਨ, ਉਹ ਪਿੰਡਾਂ ਦੇ ਲੋਕ ਅੱਜ ਇਹ ਨਾਅਰੇ ਲਾਉਂਦੇ ਪਏ ਹਨ ਕਿ ਕੈਪਟਨ ਸਰਕਾਰ ਨੇ ਚਾੜ੍ਹਿਆ ਚੰਨ, ਟੁੱਟੀਆਂ ਸੜਕਾਂ, ਸਕੂਲ ਬੰਦ (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਅੱਜ ਇਹ ਗਲੀ ਗਲੀ ਵਿੱਚ ਹੋਕਾ ਹੈ।

ਡਿਪਟੀ ਸਪੀਕਰ ਸਾਹਿਬ, ਕਾਂਗਰਸ ਪਾਰਟੀ ਵੋਟਾਂ ਵੇਲੇ ਦਲਿਤਾਂ ਦੀ ਬੜੀ ਹਿਤੈਸ਼ੀ ਬਣਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦ ਵੀ ਇਸ ਸੂਬੇ ਦੀ ਸਰਕਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਹੱਥਾਂ ਵਿਚ ਆਈ ਹੈ, ਤਾਂ ਡਿਪਟੀ ਸਪੀਕਰ ਸਾਹਿਬ, ਉਦੋਂ ਹੀ ਦਲਿਤਾਂ ਨੂੰ ਰਿਆਇਤਾਂ ਦਿੱਤੀਆਂ ਗਈਆਂ ਹਨ, ਦਲਿਤਾਂ ਦੇ ਹਿਤਾਂ ਵਿਚ ਕੰਮ ਕੀਤੇ ਗਏ ਹਨ। ਸਭ ਤੋਂ ਪਹਿਲਾਂ ਧਰਮਸ਼ਾਲਾਵਾਂ ਜਿਹੜੀਆਂ ਬਣਾਈਆਂ ਗਈਆਂ, ਉਨ੍ਹਾਂ ਦੀ ਜਿਹੜੀ ਸ਼ੁਰੂਆਤ ਹੈ, ਉਹ ਬਾਦਲ ਸਾਹਿਬ ਨੇ ਕੀਤੀ। ਡਿਪਟੀ ਸਪੀਕਰ ਸਾਹਿਬ, ਏਸੇ ਸਦਨ ਦੇ ਅੰਦਰ, ਵਿਧਾਨ ਸਭਾ ਦੇ ਅੰਦਰ ਮੇਰਾ ਇਕ ਕੁਐਸਚਨ ਲੱਗਿਆ ਸੀ ਕਿ ਇਕ ਸਾਲ ਦੇ ਅੰਦਰ ਦਲਿਤ ਧਰਮਸ਼ਾਲਾਵਾਂ ਨੂੰ ਰਿਪੇਅਰ ਕਰਨ ਲਈ ਸਰਕਾਰ ਵਲੋਂ ਕਿੰਨੇ ਪੈਸੇ ਦਿੱਤੇ ਗਏ ਤੇ ਨਵੀਆਂ ਲਈ ਕਿੰਨੇ ਪੈਸੇ ਦਿੱਤੇ ਗਏ। ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮਹਿਕਮੇ ਦੇ ਸਬੰਧਤ ਮੰਤਰੀ ਨੇ ਜਵਾਬ ਦਿੱਤਾ ਸੀ ਕਿ ਇੱਕ ਕਰੋੜ ਰੁਪਏ ਇਕ ਸਾਲ ਵਿਚ ਰਖੇ ਗਏ ਸਨ ਪਰ ਦੁੱਖ ਦੀ ਗੱਲ ਹੈ ਕਿ ਫੰਡ ਰਿਲੀਜ਼ ਨਹੀਂ ਹੋਏ ਤੇ ਪੈਸਾ ਦੇ ਨਹੀਂ ਸਕੇ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਅੱਜ ਪੰਜਾਬ ਦਾ ਹਰ ਵਰਗ ਇਸ ਸਰਕਾਰ ਤੋਂ ਦੁਖੀ ਹੈ। ਜੇ ਇਹ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਤੇ ਖਰੀ ਉਤਰਦੀ ਤਾਂ ਇਸ ਤਰ੍ਹਾਂ ਨਾ ਹੁੰਦਾ ਕਿ ਮਟਕਾ ਚੌਂਕ ਵਿਚ ਪਿਛਲੇ 3 ਸਾਲਾਂ ਵਿਚ ਇਕ ਦਿਨ ਵੀ ਖਾਲੀ ਨਹੀਂ ਗਿਆ ਜਦੋਂ ਪੰਜਾਬ ਦੇ ਹਰ ਵਰਗ ਦੇ ਲੋਕ ਉਥੇ ਧਰਨਾ ਨਹੀਂ ਦਿੰਦੇ, ਮੁਜ਼ਾਹਰਾ ਨਹੀਂ ਕਰਦੇ ਤੇ ਸਰਕਾਰ ਦੇ ਖਿਲਾਫ਼ ਨਾਅਰੇਬਾਜ਼ੀ ਨਹੀਂ ਕਰਦੇ।

[ਸ਼੍ਰੀ ਦੇਸ ਰਾਜ ਧੁੱਗਾ]

ਡਿਪਟੀ ਸਪੀਕਰ ਸਾਹਿਬ, ਮੈਂ, ਇਕ ਗੱਲ ਹੋਰ ਕਰਦਾ ਹਾਂ, ਸਭ ਤੋਂ ਪਹਿਲਾਂ ਇਤਿਹਾਸਕ ਕੰਮ ਕੈਪਟਨ ਸਾਹਿਬ ਨੇ ਜਿਹੜਾ ਕੀਤਾ ਉਹ ਵਾਕਿਆ ਹੀ ਇਤਿਹਾਸਕ ਹੈ ਕਿਉਂਕਿ ਇਹ ਬੜਾ ਕਹਿੰਦੇ ਹਨ ਕਿ ਇਹ ਸ਼ਹੀਦਾਂ ਦੇ ਸਨਮਾਨ ਵਿੱਚ, ਫਰੀਡਮ ਫਾਈਟਰਾਂ ਦੇ ਲਈ ਬਹੁਤ ਵੱਡੀਆ ਰਿਆਇਤਾਂ ਦੇ ਰਹੇ ਹਨ। ਮੈਂ ਇਕ ਗੱਲ ਕਹਾਂਗਾ ਜਿਸ ਨਾਲ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਇਹ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਦੀ ਛੁੱਟੀ ਵੀ ਨਹੀਂ ਕਰ ਸਕੇ। ਇਸ ਤੋਂ ਵੱਡੀ ਲਾਹਨਤ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ। ਵੈਸੇ ਇਹ ਬੜਾ ਕਹਿੰਦੇ ਹਨ ਕਿ ਅਸੀਂ ਫਰੀਡਮ ਫਾਈਟਰਾਂ ਦੀ ਭਲਾਈ ਦੀ ਗੱਲ ਕਰਦੇ ਹਾਂ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ, ਦੇਸ਼ ਦੇ ਸੰਵਿਧਾਨ ਨੂੰ ਜਿਸ ਸ਼ਖਸ ਨੇ ਲਿਖਿਆ, ਬਾਬਾ ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਦੀ ਵੀ ਇਨ੍ਹਾਂ ਨੇ ਛੁੱਟੀ ਕੱਟ ਦਿੱਤੀ ਹੈ। ਇਥੇ ਹੀ ਬੱਸ ਨਹੀਂ, ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਬੜੀਆਂ ਪੁਲਾਂਘਾਂ ਪੁੱਟ ਰਹੇ ਹਨ, ਖਾਲਸੇ ਨੂੰ ਇਹ ਪ੍ਰਫੁੱਲਤ ਕਰ ਰਹੇ ਹਨ ਪਰ ਦੂਜੇ ਪਾਸੇ ਇਨ੍ਹਾਂ ਨੇ ਖਾਲਸੇ ਦੇ ਜਨਮ ਦਿਨ ਦੀ ਛੁੱਟੀ ਨੂੰ ਵੀ ਖਤਮ ਕਰ ਦਿੱਤਾ ਹੈ। ਇਥੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਲੋਕਾਂ ਦੇ ਪ੍ਰਤੀ ਨੀਅਤ ਕਿਥੋਂ ਤੱਕ ਸਾਫ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਇੱਕ ਹੋਰ ਗੱਲ ਦੱਸਣੀ ਚਾਹੁੰਦਾ ਹਾਂ। ਇਸ ਭਾਸ਼ਣ ਤੇ ਬੋਲਦੇ ਹੋਏ ਇਥੇ ਵਾਰ ਵਾਰ ਇਸ ਸਦਨ ਵਿਚ ਕਿਹਾ ਗਿਆ ਕਿ ਜਿਹੜੀ ਬਿਜਲੀ ਹੈ, ਉਹ ਪਿੰਡਾਂ ਨੂੰ 24 ਘੰਟੇ ਦੇਣ ਲਈ ਸਰਕਾਰ ਵਚਨਬੱਧ ਹੈ।

*2.15 ਵਜੇ ਬਾਅਦ ਦੁਪਹਿਰ

(ਇਸ *ਸਮੇਂ ਪੈਨਲ ਆਫ ਚੇਅਰਮੈਨ ਦੇ ਮੈਂਬਰ ਸਰਦਾਰ ਸੁੱਚਾ ਸਿੰਘ ਛੋਟੇਪੁਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਪਹਿਲਾਂ ਮਾਰਚ ਦੀ ਗੱਲ ਕੀਤੀ ਗਈ, ਫਿਰ 30 ਜੂਨ ਦੀ ਕੀਤੀ ਗਈ । ਇਸ ਤੋਂ ਬਾਦ ਅੱਗੇ ਸਤੰਬਰ ਦੀ ਗੱਲ ਕਰ ਦਿੱਤੀ ਹੈ। ਇਸੇ ਹਾਊਸ ਵਿਚ ਮੁੱਖ ਮੰਤਰੀ ਜੀ ਨੇ ਇਹ ਗੱਲ ਕਹੀ ਕਿ ਸਾਰਾ ਪ੍ਰਬੰਧ ਹੋ ਚੁੱਕਾ ਹੈ, ਸਿਰਫ ਖੰਭੇ ਲਗਾਉਣੇ ਰਹਿ ਗਏ ਹਨ, ਟ੍ਰਾਂਸਫਾਰਮਰ ਲਗਾਉਣੇ ਰਹਿ ਗਏ ਹਨ ਅਤੇ ਤਾਰਾਂ ਲਗਾਉਣੀਆਂ ਰਹਿ ਗਈਆਂ ਹਨ। ਮੈਂ ਇਨ੍ਹਾਂ ਤੋਂ ਇਕ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਜੇ ਸਾਰਾ ਸਮਾਨ ਹੀ ਲਗਾਉਣ ਵਾਲਾ ਹੈ ਤਾਂ 24 ਘੰਟੇ ਬਿਜਲੀ ਦੇਣ ਦੀ ਤਿਆਰੀ ਕਿਸ ਗੱਲ ਦੀ ਹੈ । ਮੈਂ ਇਕ ਗੱਲ ਸੁਣਾਉਣੀ ਚਾਹੁੰਦਾ ਹਾਂ । ਇਕ ਔਰਤ

ਨੇ ਕਿਸੇ ਬਜ਼ੁਰਗ ਨੂੰ ਕਿਹਾ ਕਿ ਮੇਰੀ ਗੱਲ ਸੁਣ। ਮੈਂ ਤੈਨੂੰ ਇਹ ਕਮੀਜ਼ ਦੇ ਰਹੀ ਹਾਂ । ਇਸ ਦਾ ਅੱਗਾ ਪਿੱਛਾ ਹੈ ਨਹੀਂ,ਬਾਹਾਂ ਆਪਣੇ ਕੋਲੋਂ ਲਾ ਲਈਂ ਅਤੇ ਕਮੀਜ਼ ਗਲ ਵਿੱਚ ਪਾ ਲਈਂ । ਵੇਖਣ ਵਾਲੀ ਗੱਲ ਹੈ ਕਿ ਫਿਰ ਉਸ ਨੇ ਦਿੱਤਾ ਕੀ ? ਸਿਰਫ ਕਾਲਰ ? ਟ੍ਰਾਂਸਫਾਰਮਰ ਹੈ ਨਹੀਂ, ਖੰਬੇ ਹੈ ਨਹੀਂ, ਤਾਰਾਂ ਹੈ ਨਹੀਂ, ਤਾਂ ਫਿਰ 24 ਘੰਟੇ ਬਿਜਲੀ ਦੇਣ ਦਾ ਪ੍ਰਬੰਧ ਕਿਥੋਂ ਹੋ ਗਿਆ । ਰਾਜਪਾਲ ਦੇ ਭਾਸ਼ਣ ਵਿੱਚ ਇਕ ਗੱਲ ਆਈ ਹੈ.........

**ਰਾਜ ਮੰਤਰੀ, ਜੰਗਲਾਤ :** ਪੁਆਇੰਟ ਆਫ ਆਰਡਰ, ਸਰ, । ਚੇਅਰਮੈਨ ਸਾਹਿਬ, ਜਿਸ ਦਾ ਅੱਗਾ ਵੀ ਨਹੀਂ ਅਤੇ ਪਿੱਛਾ ਵੀ ਨਹੀਂ, ਉਹ ਕਮੀਜ਼ ਕਾਹਦੀ ਹੈ ।

**ਸ਼੍ਰੀ ਦੇਸ ਰਾਜ ਧੁੱਗਾ :** ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਮੇਰੀ ਗੱਲ ਦੀ ਸਮਝ ਹੀ ਨਹੀਂ ਆਉਂਦੀ । ਪਤਾ ਨਹੀਂ ਇਹ ਕਿਹੜੀ ਦੁਨੀਆਂ ਵਿੱਚ ਰਹਿੰਦੇ ਹਨ । ਸੱਤਾਧਾਰੀ ਬੈਂਚਾਂ ਨੂੰ ਉਹ ਦਿਨ ਭੁੱਲ ਗਏ ਜਦੋਂ ਪਿਛਲੇ ਸਾਲ ਬਿਜਲੀ ਦੀ ਕਿੱਲਤ ਕਰਕੇ ਜਬਰਦਸਤੀ ਦੁਕਾਨਦਾਰਾਂ ਤੇ ਇਹ ਹੁਕਮ ਚਾੜ੍ਹ ਦਿੱਤਾ ਸੀ ਕਿ ਸ਼ਾਮੀਂ 6.00 ਵਜੇ ਤੋਂ ਬਾਦ ਦੁਕਾਨਾਂ ਖੁਲ੍ਹੀਆਂ ਨਹੀਂ ਰਹਿਣਗੀਆਂ ਕਿਉਂਕਿ ਸਾਡੇ ਕੋਲ ਬਿਜਲੀ ਦਾ ਪ੍ਰਬੰਧ ਨਹੀਂ ਹੈ ।

**ਸੰਸਦੀ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਅਤੇ ਲੋਕ ਨਿਰਮਾਣ ਵਿਭਾਗ** (ਭਵਨ ਤੇ ਮਾਰਗ) : ਚੇਅਰਮੈਨ ਸਾਹਿਬ, ਉਸ ਵੇਲੇ ਸਰਕਾਰ ਨੇ ਇਹ ਪ੍ਰਬੰਧ ਇਸ ਕਰਕੇ ਕੀਤਾ ਸੀ ਕਿਉਂਕਿ ਕਿਸਾਨਾਂ ਨੂੰ ਬਿਜਲੀ ਦੇਣੀ ਸੀ । ਬਾਰਸ਼ ਪੈ ਨਹੀਂ ਸੀ ਰਹੀ ਸੀ । ਫਸਲ ਦਾ ਖਿਆਲ ਪਹਿਲਾਂ ਕਰਨਾ ਹੁੰਦਾ ਹੈ ਅਤੇ ਪੱਖੇ ਦਾ ਬਾਦ ਵਿੱਚ ।

**ਸ਼੍ਰੀ ਦੇਸ ਰਾਜ ਧੁੱਗਾ :** ਚੇਅਰਮੈਨ ਸਾਹਿਬ, ਸਰਦਾਰ ਸਾਧੂ ਸਿੰਘ ਨੂੰ ਸੰਸਦੀ ਸਕੱਤਰੀ ਮਿਲ ਗਈ ਹੈ । ਇਸ ਕਰਕੇ ਇਸ ਨੂੰ ਜ਼ਿਆਦਾ ਹੌਸਲਾ ਕਰਨਾ ਪੈਂਦਾ ਹੈ । ਚੇਅਰਮੈਨ ਸਾਹਿਬ, ਤੁਸੀਂ ਬੜੇ ਸਿਆਣੇ ਮੈਂਬਰ ਹੋ । ਤੁਸੀਂ ਆਪ ਹੀ ਸੋਚੋ ਕਿ ਜੇਕਰ ਸ਼ਹਿਰ ਵਿੱਚ ਸਿੰਗਲ ਫੇਸ ਬਿਜਲੀ ਨਹੀਂ ਦੇ ਸਕਦੇ ਤਾਂ ਫਿਰ ਪਿੰਡਾਂ ਨੂੰ ਫੁੱਲ ਬਿਜਲੀ ਕਿਵੇਂ ਦੇ ਸਕਦੇ ਸੀ । ਉਦੋਂ ਜ਼ਬਰਦਸਤੀ ਉਨ੍ਹਾਂ ਦੁਕਾਨਾਂ ਨੂੰ ਬੰਦ ਕਰਾਇਆ ਜਾਂਦਾ ਸੀ । ਨਾਦਰਸ਼ਾਹੀ ਹੁਕਮ ਚੜ੍ਹਾਇਆ ਜਾਂਦਾ ਸੀ । ਜਿਸ ਸੋਰਸ ਤੋਂ ਸਰਕਾਰ ਨੂੰ ਇਨਕਮ ਹੁੰਦੀ ਹੈ, ਉਸ ਦੇ ਬਾਰੇ ਵੀ ਸਾਡੇ ਮੁੱਖ ਮੰਤਰੀ ਨੇ ਇਕ ਇਤਿਹਾਸਕ ਕੰਮ ਕਰਕੇ ਵਿਖਾ ਦਿੱਤਾ ਹੈ । ਅੱਜ ਕੱਲ੍ਹ ਇਹ ਗੱਲ ਕਹੀ ਜਾਂਦੀ ਹੈ-

**ਪੌਟੀ ਚੱਢੇ ਦੀ ਬੱਲੇ ਬੱਲੇ ਤੇ ਕੈਪਟਨ ਸਰਕਾਰ ਪੌਟੀ ਚੱਢੇ ਦੇ ਥੱਲੇ ਥੱਲੇ ।**

ਅੱਜ ਘਰ ਘਰ ਅਤੇ ਗਲੀ ਗਲੀ ਵਿੱਚ ਇਸ ਗੱਲ ਦਾ ਸ਼ੋਰ ਮਚਾਇਆ ਜਾ ਰਿਹਾ ਹੈ।

ਰਾਜ ਮੰਤਰੀ, ਜੰਗਲਾਤ : ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੌਂਟੀ ਚੱਢਾ ਕਿਸ ਦੇ ਰਾਜ ਵਿੱਚ ਇਥੇ ਆਇਆ ਅਤੇ ਉਸ ਨੂੰ ਕਿਸ ਨੇ ਇਥੇ ਲਿਆਂਦਾ ।

ਸ਼੍ਰੀ ਦੇਸ ਰਾਜ ਧੁੱਗਾ : ਚੇਅਰਮੈਨ ਸਾਹਿਬ, ਤੁਸੀਂ ਕਦੇ ਹੁਸ਼ਿਆਰਪੁਰ ਤੋਂ ਦਸੂਹੇ ਵੱਲ ਜਾਂਦੇ ਹੋਏ ਵੇਖਿਆ ਹੋਣਾ ਹੈ ਕਿ ਇਕ ਮਿੱਲ ਹੈ -ਵਧਾਵਾ ਸ਼ੂਗਰ ਮਿੱਲ, ਜੋ ਹੁਣ ਵੀ ਚੱਲਦੀ ਹੈ । 2-3 ਪਿੰਡਾਂ ਦੀ ਜ਼ਮੀਨ ਐਕਵਾਇਰ ਕਰਕੇ ਉਹ ਕੋਆਪ੍ਰੇਟਿਵ ਸ਼ੂਗਰ ਮਿੱਲ ਲੱਗੀ ਸੀ । ਕਿਸਾਨਾਂ ਨੇ ਉਥੇ ਗੰਨਾ ਸੁੱਟਿਆ ਅਤੇ ਉਸ ਮਿੱਲ ਵੱਲ ਕਿਸਾਨਾਂ ਦਾ 18 ਕਰੋੜ ਰੁਪਿਆ ਬਕਾਇਆ ਪਿਆ ਸੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸੱਤਾ ਸੰਭਾਲਦਿਆਂ ਹੀ ਤੁਹਾਡੇ ਪੈਸੇ ਦੀ ਅਦਾਇਗੀ ਕਰ ਦਿੱਤੀ ਜਾਵੇਗੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸੀ.ਐਮ. ਬਣਦੇ ਸਾਰ, 18 ਕਰੋੜ ਰੁਪਿਆ ਲਿਆ ਕੇ ਗਰੀਬ ਕਿਸਾਨਾਂ ਨੂੰ ਦਿੱਤਾ ਅਤੇ ਇਲਾਕੇ ਦੀ ਨੁਹਾਰ ਬਦਲ ਦਿੱਤੀ । ਇਸ ਦੇ ਉਲਟ ਕੈਪਟਨ ਅਮਰਿੰਦਰ ਸਿੰਘ ਨੇ ਕੀ ਕੀਤਾ ਹੈ ਕਿ ਉਥੇ ਸ਼ਰਾਬ ਦੀ ਫੈਕਟਰੀ ਲਾਉਣ ਦਾ ਲਾਇਸੰਸ ਦੇ ਦਿੱਤਾ । ਉਸ ਫੈਕਟਰੀ ਦੇ ਲੱਗਣ ਨਾਲ ਉਥੋਂ ਦੇ 50 ਪਿੰਡ ਪ੍ਰਭਾਵਤ ਹੋਏ ਹਨ ਅਤੇ ਉਥੋਂ ਐਨੀ ਬਦਬੂ ਆਉਂਦੀ ਹੈ ਕਿ ਲੋਕਾਂ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ । ਇਸ ਕਰਕੇ, ਚੇਅਰਮੈਨ ਸਾਹਿਬ,ਦਲਿਤਾਂ ਦੀ ਸ਼ਗਨ ਸਕੀਮ ਜਿਹੜੀ 5100 ਰੁਪਏ ਦੇਣ ਦੀ ਸੀ, ਉਹਦੇ ਬਾਰੇ ਬਾਰ ਬਾਰ ਕਿਹਾ ਗਿਆ ਸੀ ਕਿ ਇਸ ਨੂੰ 11,000 ਰੁਪਏ ਕਰਾਂਗੇ ਪਰ ਇਕ ਵੀ ਪੈਸਾ ਨਹੀਂ ਦਿੱਤਾ । ਇਸ ਦੇ ਨਾਲ ਇਕ ਹੋਰ ਸਗੋਂ ਬੰਨ੍ਹ ਦਿੱਤਾ ਕਿ ਬੀ.ਪੀ.ਐਲ., ਕਾਰਡ ਜਿਸ ਆਦਮੀ ਦਾ ਨਹੀਂ ਹੋਏਗਾ ਉਸ ਨੂੰ ਇਹ ਫਾਇਦਾ ਨਹੀਂ ਮਿਲੇਗਾ । ਚੇਅਰਮੈਨ ਸਾਹਿਬ, ਹੁੰਦਾ ਕੀ ਹੈ ਕਿ ਬੀ.ਪੀ.ਐਲ.......

ਰਾਜ ਮੰਤਰੀ, ਜੰਗਲਾਤ : ਆਨ ਏ ਪੁਆਇੰਟ ਆਫ ਆਰਡਰ ਚੇਅਰਮੈਨ ਸਾਹਿਬ । ਚੇਅਰਮੈਨ ਸਾਹਿਬ, ਜੋ ਮੈਂਬਰ ਸਾਹਿਬ ਗਲਤ ਬਿਆਨੀ ਕਰ ਰਹੇ ਹਨ, ਜੋ ਹਾਊਸ ਨੂੰ ਗਲਤ ਸੂਚਨਾ ਦੇ ਰਹੇ ਹਨ, ਉਹ ਅਸੀਂ 6100 ਰੁਪਏ ਸ਼ਗਨ ਸਕੀਮ ਦੇ ਕੀਤੇ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਜਿਸ ਤਰੀਕੇ ਨਾਲ ਪੈਸਾ ਪੈਦਾ ਕੀਤਾ ਹੈ, 450 ਕਰੋੜ ਰੁਪਿਆ ਇਹ ਇਕ ਪਰਮਾਨੈਂਟ ਫੰਡ ਬਣਾਇਆ ਹੈ, ਇਹ ਦਲਿਤਾਂ ਵਾਸਤੇ ਫੰਡ ਤਿਆਰ ਕੀਤਾ ਗਿਆ ਹੈ ਜਿਸ ਨਾਲ ਪੈਨਸ਼ਨਾਂ ਅਤੇ ਸ਼ਗਨ ਸਕੀਮ ਦੇ ਪੈਸੇ ਦਿੱਤੇ ਜਾਣਗੇ ।

**ਸ਼੍ਰੀ ਦੇਸ ਰਾਜ ਧੁੱਗਾ :** ਚੇਅਰਮੈਨ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੇਲੇ ਇਹ ਸਕੀਮ ਸ਼ੁਰੂ ਕੀਤੀ ਗਈ ਸੀ ਉਸ ਵਿੱਚ ਇਹ ਸ਼ਰਤ ਰੱਖੀ ਗਈ ਸੀ ਕਿ ਜਿਹੜਾ ਸ਼ਡਿਊਲਡ ਕਾਸਟ ਨਾਲ ਸਬੰਧਤ ਹੈ ਉਸ ਨੂੰ ਇਸ ਸਕੀਮ ਦਾ ਫਾਇਦਾ ਮਿਲੇਗਾ ਪਰ ਜਿਹੜੇ 5100 ਰੁਪਏ ਤੋਂ ਵਧਾ ਕੇ 6100 ਕਰਨ ਦੀ ਇਹ ਗੱਲ ਕਰਦੇ ਹਨ ਉਸ ਦੇ ਨਾਲ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਜੇਕਰ ਆਪਾਂ ਰੋਟੀ ਥਾਲੀ ਦੇ ਵਿੱਚ ਪਾ ਕੇ ਰੱਖ ਦੇਈਏ ਅਤੇ ਨਾਲ ਡਾਂਗ ਰੱਖ ਦੇਈਏ ਅਤੇ ਕਹੀਏ ਇਹ ਰੋਟੀ ਦੇਖਣ ਵਾਸਤੇ ਹੈ ਖਾਣ ਵਾਸਤੇ ਨਹੀਂ, ਜੇ ਖਾਵੇਂਗਾ ਤਾਂ ਡਾਂਗ ਪਊਗੀ । ਇਸ ਤਰ੍ਹਾਂ ਇਨ੍ਹਾਂ ਨੇ 6100 ਰੁਪਏ ਵਾਲੀ ਸਕੀਮ ਦੇ ਨਾਲ ਇਹ ਪੁਲੰਦਾ ਬੰਨ੍ਹ ਦਿੱਤਾ ਹੈ ਕਿ ਜਿਸ ਆਦਮੀ ਕੋਲ ਬੀ.ਪੀ.ਐਲ. ਕਾਰਡ ਨਹੀਂ ਹੋਵੇਗਾ ਉਸ ਨੂੰ ਇਹ ਫਾਇਦਾ ਨਹੀਂ ਮਿਲੇਗਾ । ਇਹ ਬੀ.ਪੀ.ਐਲ., ਦੀ ਸ਼ਰਤ ਕੀ ਹੈ । ਚੇਅਰਮੈਨ ਸਾਹਿਬ, ਜਿਸ ਨੇ ਫਾਇਦਾ ਲੈਣਾ ਹੈ ਉਸ ਦੇ ਘਰ ਕੋਈ ਸਾਈਕਲ, ਸਕੂਟਰ ਨਹੀਂ ਹੋਣਾ ਚਾਹੀਦਾ ਔਰ ਕਿਸੇ ਪਿੰਡ ਵਿੱਚ ਇਕ ਘਰ ਆਉਂਦਾ ਹੈ, ਕਿਸੇ ਵਿੱਚ ਦੋ ਘਰ ਆਉਂਦੇ ਹਨ । ਇਸਦਾ ਮਤਲਬ ਹੈ ਕਿ ਇਹ ਸਕੀਮ ਕਿਸੇ ਨੂੰ ਲਾਭ ਪਹੁੰਚਾਉਣ ਵਾਲੀ ਨਹੀਂ ਹੈ । ਏਥੇ ਤੱਕ ਕਿ ਅੱਜ ਤਿੰਨ ਸਾਲਾਂ ਵਿੱਚ ਜਦੋਂ ਵੀ ਜ਼ਿਮਨੀ ਚੋਣਾਂ ਹੋਈਆਂ ਹਨ, ਹਰ ਵਾਰ ਦਲਿਤਾਂ ਦੀਆਂ ਵੋਟਾਂ ਹਥਿਆਉਣ ਲਈ ਲਾਰਾ ਦਿੱਤਾ ਗਿਆ ਕਿ 85ਵੀਂ ਸੋਧ ਲਾਗੂ ਕਰ ਦਿੱਤੀ ਜਾਵੇਗੀ ਔਰ ਸਰਕਾਰ ਇਹ ਕੁਮਿੱਟਮੈਂਟ ਕਰਦੀ ਰਹੀ ਪਰ ਅੱਜ ਉਹ ਸੋਧ ਜਿਉਂ ਦੀ ਤਿਉਂ ਪਈ ਹੈ ਅਤੇ ਉਸ ਨੂੰ ਲਾਗੂ ਕਰਨ ਲਈ ਕੋਈ ਵੀ ਪਲਾਨਿੰਗ ਜਾਂ ਯੋਜਨਾ ਇਹ ਸਰਕਾਰ ਨਹੀਂ ਬਣਾ ਸਕੀ । ਇਸ ਕਰਕੇ ਰਾਜਪਾਲ ਜੀ ਦੇ ਭਾਸ਼ਣ ਵਿੱਚ ਵਾਰ ਵਾਰ ਇਹ ਜਿਹੜੀ ਗੱਲ ਕੀਤੀ ਗਈ ਹੈ ਇਸ ਕੰਮ ਲਈ ਸਭ ਤੋਂ ਵੱਡੀ ਤੌਹੀਨ ਹੋ ਨਹੀਂ ਸਕਦੀ, ਤੁਸੀਂ ਵੀ ਕਹਿ ਚੁੱਕੇ ਹੋ ਕਿ ਜਿਹੜਾ ਰਾਜਪਾਲ ਜੀ ਦਾ ਭਾਸ਼ਣ ਹੈ ਉਹ ਇਕ ਸਾਲ ਦੀ ਕਾਰਗੁਜ਼ਾਰੀ ਹੁੰਦੀ ਹੈ ਉਸ ਤੋਂ ਬਾਅਦ ਬਜਟ ਪੇਸ਼ ਹੁੰਦਾ ਹੈ ਅਤੇ ਜੋ ਕਮੀਆਂ ਰਹਿ ਜਾਂਦੀਆਂ ਹਨ ਉਹ ਰਾਜਪਾਲ ਜੀ ਦੇ ਭਾਸ਼ਣ ਤੋਂ ਬਾਅਦ ਆਉਣ ਵਾਲੇ ਬਜਟ ਵਿੱਚ ਦੂਰ ਕੀਤੀਆਂ ਜਾਂਦੀਆਂ ਹਨ । ਮੈਂਬਰ ਸਾਹਿਬ ਜ਼ਿਕਰ ਕਰਕੇ ਗਏ ਹਨ ਪਰ ਜੇ ਰਾਜਪਾਲ ਜੀ ਦੇ ਭਾਸ਼ਣ ਤੋਂ ਬਾਅਦ ਬਜਟ ਪੇਸ਼ ਹੋਣਾ ਹੈ ਫਿਰ ਇਸ ਵਿੱਚ ਕੋਈ ਮੀਨਿੰਗ ਨਹੀਂ ਰਹਿ ਜਾਂਦਾ । ਅੰਤ ਵਿੱਚ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਤਿੰਨ ਸਾਲ ਵਿੱਚ ਚਾਹੇ ਉਹ ਦਲਿਤ ਹੈ, ਚਾਹੇ ਮੁਲਾਜ਼ਮ ਹੈ, ਚਾਹੇ ਕਿਸੇ ਵੀ ਵਰਗ ਨਾਲ ਸਬੰਧ ਕੋਈ ਆਦਮੀ ਹੈ ਇਕ ਗੱਲ ਹੋਰ ਕਿ ਆਪਾਂ ਅੱਜ ਜਿੰਨੀ ਤਰਜੀਹ ਨੌਜਵਾਨਾਂ ਨੂੰ ਦੇ ਰਹੇ ਹਾਂ, ਮੈ ਇਹ ਗੱਲ ਕਹਾਂਗਾ ਕਿ ਦੂਜੇ ਦੇਸ਼ ਦੀਆਂ ਗੱਲਾਂ ਆਪਾਂ ਕਰਦੇ ਹਾਂ, ਦੂਸਰੇ ਪ੍ਰਾਂਤਾਂ ਦੀਆਂ ਗੱਲਾਂ ਕਰਦੇ ਹਾਂ ਅਤੇ ਉਨੱਤ ਦੇਸ਼ਾਂ ਦੀ ਰੀਸ ਕਰਦੇ ਹਾਂ ਪਰ ਕੀ ਉਨ੍ਹਾਂ ਦੇਸ਼ਾਂ ਦੇ ਮੁਕਾਬਲੇ ਦਾ ਵਾਤਾਵਰਨ ਅਸੀਂ ਤਿਆਰ

[ਸ਼੍ਰੀ ਦੇਸ ਰਾਜ ਧੁੱਗਾ]
ਕਰ ਲਿਆ ਹੈ ? ਏਥੇ ਬੇਰੋਜ਼ਗਾਰੀ ਖਤਮ ਕਰ ਲਈ ਹੈ, ਸਮਾਜਿਕ ਬੁਰਾਈਆਂ ਦੂਰ ਕਰ ਲਈਆਂ ਹਨ ? ਜਦੋਂ ਆਪਾਂ ਮਾਹੌਲ ਹੀ ਤਿਆਰ ਨਹੀਂ ਕਰ ਸਕੇ ਫਿਰ ਉਨ੍ਹਾਂ ਦੀ ਰੀਸ ਕਰਨ ਦਾ ਕੀ ਫਾਇਦਾ ਹੈ । ਮੈਂ ਅੱਗੇ ਹੋਰ ਕਹਾਂਗਾ ਕਿ ਨਿੱਜੀਕਰਨ ਅਮੀਰਾਂ ਨੂੰ ਹੋਰ ਅਮੀਰ ਕਰਨ ਅਤੇ ਗਰੀਬਾਂ ਨੂੰ ਹੋਰ ਗਰੀਬ ਕਰਨ ਵਾਲੀ ਗੱਲ ਹੈ । ਖਾਸ ਤੌਰ ਤੇ ਵਿਦਿਆ ਤੇ ਬਹੁਤ ਵੱਡਾ ਡਾਕਾ ਪੈ ਰਿਹਾ ਹੈ । ਵਿਦਿਆ ਤੋਂ ਲਗਾਤਾਰ ਲੋਕ ਨਿਹੱਥੇ ਹੋ ਜਾਣਗੇ । ਗਰੀਬ ਲੋਕ ਆਪਣੀ ਪੜ੍ਹਾਈ ਨਹੀਂ ਕਰ ਸਕਦੇ, ਕੀ ਉਹ ਆਪਣੇ ਲੋਕਾਂ ਨੂੰ ਆਪਣੇ ਪਰਿਵਾਰਾਂ ਦੇ ਪੇਟ ਪਾਲਣ ਲਈ ਦਿਹਾੜੀ ਕਰਨਗੇ ਔਰ ਬੱਚਿਆਂ ਨੂੰ ਪੜ੍ਹਾਉਣ ਲਈ ਵੱਡੀਆਂ ਫੀਸਾਂ ਦੇਣਗੇ ? ਇਸ ਕਰਕੇ, ਮੈਂ ਇਸ ਰਾਜਪਾਲ ਜੀ ਦੇ ਭਾਸ਼ਣ ਵਿੱਚ ਇਹ ਗੱਲ ਕਹਾਂਗਾ ਕਿ ਸਰਕਾਰ ਨੇ ਪੰਜਾਬ ਦੇ ਲੋਕਾਂ ਤੇ ਬੇਤਹਾਸ਼ਾ ਤਸ਼ੱਦਦ ਕੀਤਾ ਹੈ ਇਸ ਕਰਕੇ ਮੈਂ ਇਸ ਮਤੇ ਦੀ ਵਿਰੋਧਤਾ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਭਾਸ਼ਣ ਤੇ ਬੋਲਣ ਦਾ ਟਾਈਮ ਦਿੱਤਾ । ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਹਿ ।

**ਸਰਦਾਰ ਸੁਖਪਾਲ ਸਿੰਘ** (ਫਿਰੋਜ਼ਪੁਰ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਗਵਰਨਰਜ਼ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਇਸ ਮਤੇ ਦੇ ਖਿਲਾਫ ਬੋਲਣਾ ਹੈ । ਇਸ ਹਾਊਸ ਵਿੱਚ ਅੱਜ ਬਹੁਤ ਕੁਝ ਸੁਣਨ ਨੂੰ ਮਿਲਿਆ ਹੈ । ਪੰਜਾਬ ਦੇ ਬਾਰੇ ਹਰ ਇਕ ਨੇ ਆਪਣੀ ਗੱਲ ਆਖੀ ਹੈ, ਗਰੀਬਾਂ ਬਾਰੇ ਵੀ ਔਰ ਪੰਜਾਬ ਦੇ ਬਾਰੇ ਵੀ । ਪਰ ਦੁੱਖ ਇਸ ਗੱਲ ਦਾ ਹੁੰਦਾ ਹੈ, ਚੇਅਰਮੈਨ ਸਾਹਿਬ, ਕਿ ਜਿਸ ਨੀਅਤ ਨਾਲ ਅਸੀਂ ਇਸ ਹਾਊਸ ਵਿੱਚ ਆਏ ਹਾਂ ਜਿਸ ਨੀਅਤ ਨਾਲ ਅਸੀਂ ਲੋਕਾਂ ਨੂੰ ਆਸ਼ਵਾਸਨ ਦੇ ਕੇ ਇਸ ਹਾਊਸ ਦੇ ਅੰਦਰ ਆ ਕੇ ਬੈਠੇ ਹਾਂ, ਸਾਨੂੰ ਨੌਜਵਾਨਾਂ ਨੂੰ ਅੱਜ ਇਸ ਗੱਲ ਦਾ ਦੁੱਖ ਹੁੰਦਾ ਹੈ ਕਿ ਜਿਹੜੀ ਸਿਆਸਤ ਸਾਡੇ ਪੰਜਾਬ ਵਿੱਚ ਚਲ ਰਹੀ ਹੈ, ਇਹ ਚੰਗੀ ਨਹੀਂ । ਸਾਡੇ ਪੁਰਾਣੇ ਬਜ਼ੁਰਗਾਂ ਨੇ ਜਿਹੜੀ ਸਿਆਸਤ ਚਲਾਈ, ਉਸ ਦੀ ਲੋਕ ਬੜੀ ਤਾਰੀਫ ਕਰਦੇ ਸਨ ਅਤੇ ਪੰਜਾਬ ਬੜਾ ਵਧੀਆ ਚਲ ਰਿਹਾ ਸੀ । ਅੱਜ ਪੰਜਾਬ ਦੀ ਸਿਆਸਤ ਜਿਥੇ ਪਹੁੰਚ ਗਈ ਹੈ, ਉਹ ਇਹ ਹੈ ਕਿ ਜਿਹੜੀ ਵੀ ਸਰਕਾਰ ਆਉਂਦੀ ਹੈ ਉਹ ਦੂਸਰੀ ਸਰਕਾਰ ਨੂੰ ਦੋਸ਼ੀ ਠਹਿਰਾਉਣਾ ਸ਼ੁਰੂ ਕਰ ਦਿੰਦੀ ਹੈ । ਆਪ ਤਾਂ ਉਹ ਕੁਝ ਕਰਨਾ ਨਹੀਂ ਚਾਹੁੰਦੀ ਅਤੇ ਇਹ ਕਹਿ ਕੇ ਆਪਣਾ ਪੱਲਾ ਝਾੜ ਲੈਂਦੀ ਹੈ ਕਿ ਤੁਸੀਂ ਆਹ ਕੁਝ ਕੀਤਾ ਸੀ, ਇਸ ਲਈ ਅਸੀਂ ਇਹ ਕੁਝ ਕਰ ਰਹੇ ਹਾਂ । ਇਸ ਨਾਲ ਪੰਜਾਬ ਦਾ ਬਹੁਤ ਨੁਕਸਾਨ ਹੋ ਰਿਹਾ ਹੈ । ਅਸੀਂ ਇਸ ਹਾਊਸ ਵਿੱਚ ਜਿਸ ਦਿਨ ਆਏ ਸੀ, ਬੜੀਆਂ ਵੱਡੀਆਂ ਉਮੀਦਾਂ ਲੈ

ਕੇ ਆਏ ਸੀ ਕਿ ਪੰਜਾਬ ਦੇ ਲੋਕਾਂ ਵਾਸਤੇ, ਇਸ ਦੇ ਹਿੱਤਾਂ ਵਾਸਤੇ, ਇਸ ਪੰਜਾਬ ਦੀ ਆਉਣ ਵਾਲੀ ਨਸਲ ਜਿਸ ਵਿੱਚੋਂ ਸਾਡੇ ਬੱਚਿਆਂ ਨੇ ਅੱਗੇ ਆ ਕੇ ਸਾਡੀ ਥਾਂ ਲੈਣੀ ਹੈ, ਉਨ੍ਹਾਂ ਵਾਸਤੇ ਇਕ ਅਜਿਹਾ ਮਾਹੌਲ ਦੇ ਸਕੀਏ । ਪਰ ਅੱਜ ਦੁੱਖ ਦੀ ਗੱਲ ਹੈ ਕਿ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਮੇਰੇ ਬਹੁਤ ਕਾਬਲ ਸਾਥੀਆਂ ਨੇ ਗੱਲਾਂ ਕੀਤੀਆਂ ਹਨ ਅਤੇ ਆਪੋ ਆਪਣੇ ਵਿਚਾਰ ਰੱਖੇ ਹਨ । ਪਰ ਮੇਰੀ ਸਮਝ ਹੈ ਕਿ ਵਿੱਦਿਆ ਦੇ ਨਾਲ ਹੀ ਕਿਸੇ ਸੂਬੇ ਦਾ, ਕਿਸੇ ਦੇਸ਼ ਦਾ ਵਿਕਾਸ ਹੋ ਸਕਦਾ ਹੈ, ਬੱਚਿਆਂ ਦਾ ਵਿਕਾਸ ਹੁੰਦਾ ਹੈ ਅਤੇ ਸਿਆਸਤ ਵਿੱਚ ਵੀ ਚੰਗੇ ਪੜ੍ਹੇ-ਲਿਖੇ ਸਿਆਸਤਦਾਨ ਆ ਸਕਦੇ ਹਨ ਪਰ ਬੜੇ ਦੁਖ ਦੀ ਗੱਲ ਹੈ ਕਿ ਪੰਜਾਬ ਵਿਚ ਸਾਡੀ ਸਿੱਖਿਆ ਦਾ ਮਿਆਰ ਬਿਲਕੁਲ ਥੱਲੇ ਜਾ ਰਿਹਾ ਹੈ । ਜਿਥੇ ਸਾਡੀ ਸਟੇਟ ਪਹਿਲਾਂ ਉੱਚੀ ਹੁੰਦੀ ਸੀ ਉਥੇ ਵਿੱਦਿਆ ਦੇ ਖੇਤਰ ਵਿੱਚ ਅੱਜ ਸਾਡੇ ਸੂਬੇ ਦੀ ਗਿਣਤੀ ਦੂਸਰੇ ਸੂਬਿਆਂ ਦੇ ਮੁਕਾਬਲੇ ਬਹੁਤ ਥੱਲੇ ਪਹੁੰਚ ਗਈ ਹੈ । ਬਾਕੀ ਜਿਵੇਂ ਸਾਡੇ ਸਾਥੀਆਂ ਨੇ ਗੱਲ ਕੀਤੀ ਹੈ ਕਿ ਪ੍ਰਾਈਵੇਟ ਸਕੂਲਾਂ ਵਿਚ ਉਥੇ ਦਸਵੀਂ ਪਾਸ ਟੀਚਰ ਲੱਗੇ ਹੋਏ ਹਨ । ਇਸ ਨੂੰ ਚੈਕ ਕਰਨਾ ਚਾਹੀਦਾ ਹੈ । ਇਹ ਵੀ ਦੁੱਖ ਦੀ ਗੱਲ ਹੈ ਕਿ ਸਾਰੇ ਦੇ ਸਾਰੇ ਸਰਵਿਸ ਰੂਲ ਕਲਾਸ-1 ਅਤੇ ਕਲਾਸ-2 ਵਿਚ ਜਿਹੜੀ ਸੋਧ ਕੀਤੀ ਹੈ ਉਸ ਅਨੁਸਾਰ ਮੈਟ੍ਰਿਕ ਪਾਸ ਪਲੱਸ ਡਿਪਲੋਮਾ ਹੋਲਡਰ ਵੋਕੇਸ਼ਨਲ ਮਾਸਟਰਾਂ ਨੂੰ ਪ੍ਰਿੰਸੀਪਲ ਬਣਨ ਦਾ ਮੌਕਾ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਦਿੱਤਾ ਗਿਆ ਹੈ । ਮੈਂ ਕਹਿੰਦਾ ਹਾਂ ਕਿ ਇਹ ਬੜਾ ਚਿੰਤਾ ਦਾ ਵਿਸ਼ਾ ਹੈ । ਇਤਿਹਾਸ ਗਵਾਹ ਹੈ ਕਿ ਜੇਕਰ ਕਿਸੇ ਮੁਲਕ ਨੇ ਵਿਕਾਸ ਕੀਤਾ ਹੈ ਤਾਂ ਉਥੇ ਵਿਕਾਸ ਦਾ ਮੁੱਖ ਕਾਰਨ ਸਿੱਖਿਆ ਦਾ ਵਿਕਸਤ ਹੋਣਾ ਹੈ । ਜਦੋਂ ਤੱਕ ਸਿੱਖਿਆ ਦਾ ਵਿਕਾਸ ਨਹੀਂ ਹੁੰਦਾ ਉਸ ਸਮੇਂ ਤੱਕ ਮੁਲਕ ਦਾ, ਸੂਬੇ ਦਾ ਵਿਕਾਸ ਨਹੀਂ ਹੋ ਸਕਦਾ । ਚੇਅਰਮੈਨ ਸਾਹਿਬ, ਪੰਜਾਬ, ਜਿਸ ਨੇ ਹਮੇਸ਼ਾ ਦੇਸ਼ ਦੀ ਅਗਵਾਈ ਕੀਤੀ ਅਤੇ ਹਰ ਪੱਖ ਤੋਂ ਵਿਕਾਸ ਦੀਆਂ ਮੰਜ਼ਿਲਾਂ ਛੋਹੀਆਂ, ਬੜੀ ਦੁਖ ਭਰੀ ਗੱਲ ਹੈ ਕਿ ਪੰਜਾਬ ਸਿੱਖਿਆ ਦੇ ਪੱਖੋਂ ਬੜਾ ਪੱਛੜ ਗਿਆ । ਖਾਸ ਤੌਰ ਤੇ ਸਰਕਾਰੀ ਸਕੂਲਾਂ ਵਿਚ ਜਿਥੇ ਕਿ 65% ਬੱਚੇ ਹੀ ਸਿੱਖਿਆ ਪ੍ਰਾਪਤ ਕਰ ਰਹੇ ਹਨ । ਮੈਂ ਅੱਗੇ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਕੂਲਾਂ ਵਿਚ ਜੋ ਟੀਚਰ ਦਸਵੀਂ ਪਾਸ ਨੂੰ ਡਿਪਲੋਮਾ ਹੋਲਡਰਾਂ ਨੂੰ ਪ੍ਰਿੰਸੀਪਲ ਦੀ ਪਰਮੋਸ਼ਨ ਦਾ ਜੋ ਮੌਕਾ ਮਿਲਦਾ ਹੈ, ਇਹ ਹੋਰ ਵੀ ਦੁਖ ਦੀ ਗੱਲ ਹੋਵੇਗੀ ਕਿ ਜਿਹੜੇ ਲੈਕਚਰਾਰ ਪੀ.ਐਚ.ਡੀ. ਜਾਂ ਅੱਛੀ ਐਜੂਕੇਸ਼ਨ ਲੈ ਕੇ ਟੀਚਰ ਲੱਗੇ ਹੋਏ ਹੋਣਗੇ, ਉਨ੍ਹਾਂ ਨੂੰ ਉਸ ਦਸਵੀਂ ਪਾਸ ਪ੍ਰਿੰਸੀਪਲ ਨੂੰ ਸਰ ਕਹਿਣਾ ਪਵੇਗਾ । ਜਿਥੇ ਪ੍ਰਿੰਸੀਪਲ ਦਸਵੀਂ ਪਾਸ ਹੋਵੇਗਾ ਤਾਂ ਮੈਂ ਸਮਝਦਾ ਹਾਂ ਕਿ ਜਿੰਨੀ ਮਰਜ਼ੀ ਡਿਵੈਲਪਮੈਂਟ ਕਰੀਏ, ਜੇਕਰ ਸਿੱਖਿਆ ਦਾ ਮਿਆਰ ਹੇਠਲੇ ਲੈਵਲ ਵੱਲ ਜਾਵੇਗਾ ਤਾਂ ਸਾਡਾ ਸੂਬਾ ਡਿਵੈਲਪ ਨਹੀਂ ਹੋ ਸਕਦਾ । ਚੇਅਰਮੈਨ ਸਾਹਿਬ,

[ਸਰਦਾਰ ਸੁਖਪਾਲ ਸਿਘ]

ਸਰਕਾਰ ਜਿਹੜੀ ਮੁਲਾਜ਼ਮਾਂ ਬਾਰੇ ਦੁਹਾਈ ਦਿੰਦੀ ਹੈ ਕਿ ਅਸੀਂ ਮੁਲਾਜ਼ਮਾਂ ਵਾਸਤੇ ਬੜਾ ਕੁਝ ਕੀਤਾ ਹੈ । ਮੈਂ ਸਮਝਦਾ ਹਾਂ ਕਿ ਸਾਰੇ ਹੀ ਇਸ ਹਾਊਸ ਵਿਚ ਜਾਣਦੇ ਹਨ ਕਿ ਜਿਹੜੇ ਮੁਲਾਜ਼ਮ ਹਨ, ਉਨ੍ਹਾਂ ਨਾਲ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਰਿਹਾ । ਹਾਊਸ ਵਿਚ ਸਾਰੇ ਮੈਂਬਰ ਜਾਣਦੇ ਹਨ ਚਾਹੇ ਉਹ ਆਪੋਜ਼ੀਸ਼ਨ ਦੇ ਹਨ, ਚਾਹੇ ਰੂਲਿੰਗ ਪਾਰਟੀ ਦੇ ਹਨ । ਸਚਾਈ ਨੂੰ ਸਚਾਈ ਮੰਨਣ ਵਾਸਤੇ ਕੋਈ ਤਿਆਰ ਨਹੀਂ । ਅਸੀਂ ਐਮ.ਐਲ.ਏ. ਬਣ ਕੇ ਇਥੇ ਹਾਊਸ ਵਿਚ ਪਹੁੰਚ ਜਾਂਦੇ ਹਾਂ ਪਰ ਉਸ ਦਾ ਅਲਟੀਮੇਟਲੀ ਨੁਕਸਾਨ ਪਬਲਿਕ ਨੂੰ ਹੁੰਦਾ ਹੈ । ਇਕ ਗੱਲ ਹੋਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਮ.ਐਲ.ਏ. ਸਹਿਬਾਨ ਦਾ ਆਮ ਪਬਲਿਕ ਵਿਚ ਸਤਿਕਾਰ ਘਟਦਾ ਜਾ ਰਿਹਾ ਹੈ । ਇਸ ਸਤਿਕਾਰ ਨੂੰ ਬਰਕਰਾਰ ਰੱਖਣ ਵਾਸਤੇ ਸਾਨੂੰ ਸਾਰਿਆਂ ਨੂੰ ਇਕ ਮੱਤ ਹੋ ਕੇ, ਸਾਂਝਾ ਪਲੇਟਫਾਰਮ ਲੈ ਕੇ ਸੋਚਣਾ ਚਾਹੀਦਾ ਹੈ ਕਿ ਅਸੀਂ ਲੋਕਾਂ ਵਿਚ ਜਾ ਨੁਮਾਇੰਦਗੀ ਕਰਨੀ ਹੈ । ਦੁਬਾਰਾ ਜਦੋਂ ਲੋਕਾਂ ਵਿਚ ਜਾ ਕੇ ਵੋਟਾਂ ਮੰਗਣੀਆਂ ਹਨ ਤਾਂ ਸਾਨੂੰ ਉਸ ਸਮੇਂ ਸ਼ਰਮਿੰਦਗੀ ਨਾ ਉਠਾਉਣੀ ਪਵੇ । ਚੇਅਰਮੈਨ ਸਾਹਿਬ, ਦੁਖ ਦੀ ਗੱਲ ਇਹ ਵੀ ਹੈ ਕਿ ਜਿਸ ਹਲਕੇ ਵਿਚ ਕੋਈ ਵੀ ਐਮ.ਐਲ.ਏ. ਕੰਮ ਕਰਦਾ ਹੈ । ਇਕ ਚਿੱਠੀ ਸਰਕੂਲੇਟ ਹੁੰਦੀ ਹੈ, ਹਰੇਕ ਜ਼ਿਲ੍ਹੇ ਦੇ ਵਿਚ ਕਿ ਐਮ.ਐਲ.ਏ. ਨੂੰ ਸਟੇਟ ਦੇ ਫੰਕਸ਼ਨ ਵਿਚ ਸੱਦਿਆ ਜਾਵੇ ।...........

**Mr. Chairman :** The House stands adjourned till 10.00 A.M. on Tuesday, the 19th April, 2005.

| *2.30 P.M. | (The Sabha then *adjourned till 10.00 A.M. on Tuesday, the 19th April, 2005. |
|---|---|

-----------------

3217/28-6-2005-305 ਕਾਪੀਆਂ-ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Published under the authority of the Punjab Vidhan Sabha and printed by the Controller, Printing and Stationery, Punjab, at Pb. Govt. Press, Patiala.

# PUNJAB VIDHAN SABHA

## DEBATES

*Tuesday, the 19th April, 2005*

VOL. IX–NO. 14

OFFICIAL REPORT

CONTENTS




Punjab Vidhan Sabha Secretariat, Chandigarh.

Price Rs.————

LEGISLATIVE BUSINESS :

## *PUNJAB VIDHAN SABHA*

*Tuesday, the 19th April, 2005*

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh, at 10.00 A.M. Mr. Speaker (Doctor Kewal Krishan) in the Chair.*

---

## POSTPONED STARRED QUESTIONS AND ANSWERS

**MR SPEAKER :** Postponed Question Sardar Balbir Singh Miani.

### ਪਸ਼ੂ ਚਿਕਿਤਸਾ ਹਸਪਤਾਲਾਂ ਲਈ ਨਵੀਆਂ ਇਮਾਰਤਾਂ ਦੀ ਉਸਾਰੀ

***1197 ਚੌਧਰੀ ਬਲਬੀਰ ਸਿੰਘ ਮਿਆਣੀ :** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਮਿਆਣੀ, ਟਾਂਡਾ, ਹਰਿਆਣਾ ਅਤੇ ਬੁਲੋਵਾਲ ਵਿਖੇ ਪਸ਼ੂ ਚਿਕਿਤਸਾ ਹਸਪਤਾਲਾਂ ਲਈ ਨਵੀਆਂ ਇਮਾਰਤਾਂ ਉਸਾਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਕਿੰਨੇ ਸਮੇਂ ਦੇ ਅੰਦਰ-ਅੰਦਰ ਇਨ੍ਹਾਂ ਦੇ ਉਸਾਰੀ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਗਮੋਹਨ ਸਿੰਘ ਕੰਗ :** ਹਾਲ ਦੀ ਘੜੀ ਪਸ਼ੂ ਹਸਪਤਾਲਾਂ ਦੀਆਂ ਨਵੀਆਂ ਇਮਾਰਤਾਂ ਉਸਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀ ਹੈ ।

**ਸਰਦਾਰ ਬਲਬੀਰ ਸਿੰਘ ਮਿਆਣੀ :** ਮਾਨਯੋਗ ਸਪੀਕਰ ਸਾਹਿਬ ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ 4 ਹਸਪਤਾਲਾਂ ਦੀ ਹਾਲਤ ਬਹੁਤ ਮਾੜੀ ਦੱਸੀ ਹੈ, ਕੀ ਮੰਤਰੀ ਜੀ ਇਨ੍ਹਾਂ ਦੀ ਰਿਪੇਅਰ ਕਰਵਾਉਣ ਦਾ ਵਿਸ਼ਵਾਸ਼ ਦਿਵਾਉਣਗੇ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਗੱਲ ਇਹ ਹੈ ਕਿ ਜਿਹੜੀਆਂ ਸੰਸਥਾਵਾਂ ਦੀ ਦੇਖਭਾਲ ਜ਼ਿਲ੍ਹਾ ਪ੍ਰੀਸ਼ਦਾਂ ਵਲੋਂ ਕੀਤੀ ਜਾਂਦੀ ਹੈ, ਉਨ੍ਹਾਂ ਦੀ ਮੇਨਟੇਨੈਂਸ ਪੰਚਾਇਤੀ ਰਾਜ ਮਹਿਕਮੇ ਵਲੋਂ ਕੀਤੀ ਜਾਂਦੀ ਹੈ । ਇਸ ਮੰਤਵ ਲਈ ਅਸੀ 4.85 ਲੱਖ ਰੁਪਏ ਦੀ ਮੰਗ ਕੀਤੀ ਹੈ । ਜਦੋਂ ਪੈਸੇ ਆ ਜਾਣਗੇ ਤਾਂ ਰਿਪੇਅਰ ਜਲਦੀ ਹੀ ਕਰਵਾ ਦੇਵਾਂਗੇ ਜੀ ।

**ਸਰਦਾਰ ਬਲਬੀਰ ਸਿੰਘ ਮਿਆਣੀ :** ਮਾਨਯੋਗ ਸਪੀਕਰ ਸਾਹਿਬ ਕੀ ਮੰਤਰੀ ਜੀ ਵਿਸ਼ਵਾਸ਼ ਦੇਣਗੇ ਕਿ ਇਹ ਕੰਮ ਕਿੰਨੇ ਸਮੇਂ ਵਿੱਚ ਕਰਵਾ ਦਿਤਾ ਜਾਵੇਗਾ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਦੋਂ ਫੰਡਜ਼ ਮਿਲ ਜਾਣਗੇ ਅਸੀਂ ਜਲਦੀ ਕਰਵਾ ਦੇਵਾਂਗੇ ਜੀ । ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਅਸੀਂ ਪੰਚਾਇਤੀ ਰਾਜ਼ ਮਹਿਕਮੇ ਨੂੰ 4.85 ਲੱਖ ਰੁਪਏ ਦੇਣ ਲਈ ਲਿਖਿਆ ਸੀ ਅਤੇ ਬਾਅਦ ਵਿੱਚ ਵੀ ਕਈ ਵੇਰ ਬੇਨਤੀ ਕਰ ਚੁੱਕੇ ਹਾਂ । ਜਦੋਂ ਪੈਸੇ ਆ ਜਾਣਗੇ ਤਾਂ ਜਲਦੀ ਹੀ ਕਰਵਾ ਦੇਵਾਂਗੇ ਜੀ ।

ਮਾਨਯੋਗ ਸਪੀਕਰ : ਚਲੋ, ਰਿਪੇਅਰ ਤਾਂ ਕਰਵਾ ਹੀ ਦੇਵੋ । ਅਗਲਾ ਕੁਐਸਚਨ, ਸਰਦਾਰ ਬੀਰ ਦਵਿੰਦਰ ਸਿੰਘ ਜੀ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮਾਨਯੋਗ ਸਪੀਕਰ ਸਾਹਿਬ, ਤੁਸੀਂ ਤਾਂ ਇਕ ਮਿੰਟ ਵਿੱਚ ਹੀ ਕੁਐਸਚਨ ਖਤਮ ਕਰ ਦਿਤਾ ਹੈ ਜੀ ।

ਮਾਨਯੋਗ ਸਪੀਕਰ : ਅੱਜ ਬਹੁਤ ਸਾਰੇ ਕੁਐਸਚਨ ਹਨ ਅਤੇ ਇਕੱਲੇ ਪੋਸਟਪੋਨਡ ਹੀ 4 ਕੁਐਸਚਨ ਹਨ ।

---

**Provisions for Bridges and Culverts on National Highway**

* **1038. Sardar Bir Devinder Singh :** Will the public Works (B&R) Minister be pleased to state Whether the Punjab Infrastructure Development Board has considered the aspect of providing bridges and culverts on National Highway NH-21 from Mohali to Desu Majra ; if so, whether expert opinion of the Drainage Department was sought at any stage to ensure smooth passage of rainy water ?

**Sardar Partap Singh Bajwa :** Sir Expert opinion of Drainage Department was not sought as Punjab Infrastructure Development Board has undertaken only widening of NH-21 from Mohali to Desumajra without raising the existing level of the road and as such no provision of additional bridges/culverts was required, Further the Technical Proposal has been approved by Ministry of Road Transport and Highway, Govt. of India under whose jurisdiction the road falls. The additional High Level Bridge on Patiala ki Rao Nadi downstream of the existing have been provided the same water way as that of the existing bridge.

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ as has been said in the reply, "Additional High Level Bridge on Patiala Ki Rao Nadi downstream of the existing" what was the need of High Level Bridge ? ਅਗਰ ਹਾਈ ਲੈਵਲ ਬ੍ਰਿਜ ਦੀ ਪਟਿਆਲਾ ਕੀ ਰਾਓ ਨਦੀ ਤੇ ਜ਼ਰੂਰਤ ਸੀ ਤਾਂ ਇਹ ਪੂਰੇ ਸਟਰੈਚ ਵਿੱਚ ਕਲਵਰਟਸ ਕਿਉਂ ਪ੍ਰੋਵਾਈਡ ਨਹੀਂ ਕੀਤੇ ਗਏ and for Latest opinion of the Drainage Department for the outflow of the water ਕੀ ਇੰਤਜ਼ਾਮ ਕੀਤਾ ਗਿਆ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਦੋਂ ਇਹ ਫੋਰ-ਲੇਨਿੰਗ ਹੋਈ ਸੀ ਤਾਂ ਇਕ ਪਾਸਾ ਰਹਿੰਦਾ ਸੀ ਅਤੇ ਉਸ ਤੇ ਬ੍ਰਿਜ ਦੀ ਲੋੜ ਸੀ, ਇਸੇ ਕਰਕੇ ਹੀ ਬ੍ਰਿਜ ਬਣਾਇਆ ਹੈ । ਪਹਿਲਾਂ ਗੌਰਮਿੰਟ ਆਫ ਇੰਡੀਆਂ ਦੇ ਜਿਹੜੇ ਕੰਸਲਟੈਂਟਸ ਸਨ ਉਨ੍ਹਾਂ ਨੇ ਉਥੇ ਕਲਵਰਟ

ਦੀ ਲੋੜ ਮਹਿਸੂਸ ਨਹੀਂ ਕੀਤੀ ਸੀ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਬੇਸਿਕ ਗੱਲ ਜੋ ਮੈਂਬਰ ਸਾਹਿਬ ਨੇ ਕਹੀ ਹੈ, ਇਸਦੇ ਵਿੱਚ ਕੈਚਮੈਂਟ ਏਰੀਆ ਜਿਹੜਾ ਹੈ, ਉਸਦੇ ਵਿੱਚ ਬਹੁਤ ਸਾਰੇ ਲੋਕਾਂ ਨੇ ਵੈਜੀਟੇਸ਼ਨ ਅਤੇ ਪਲਾਂਟੇਸ਼ਨ ਲਗਾਈ ਹੋਈ ਹੈ, ਇਕ ਤਾਂ ਉਨ੍ਹਾਂ ਤੋਂ ਕਬਜ਼ਾ ਹਟਾਉਣ ਦੀ ਗੱਲ ਹੈ । ਇਸਦੇ ਨਾਲ ਇਹ ਕਬਜ਼ੇ ਹੱਟ ਜਾਣਗੇ ਅਤੇ ਉਸ ਉਪਰੰਤ ਬਕਾਇਦਾ ਪਾਣੀ ਦਾ ਫਲੋ ਨੈਚੂਰਲ ਚਲਦਾ ਰਹੇਗਾ । It is with the Drainage Department.

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹਾਂਗਾ ਕਿ ਜੇ 15 ਸੈਂਟੀਮੀਟਰ ਬਾਰਸ (Rain) ਹੋ ਜਾਵੇ ਤਾਂ ਜਿਹੜਾ ਪਾਣੀ ਹੈ ਉਹ ਅਕਮਿਊਲੇਟ ਹੋ ਜਾਵੇਗਾ on the right side of the road, ਜਿਸ ਤਰ੍ਹਾਂ ਇਨ੍ਹਾਂ ਨੇ ਫਰਮਾਇਆ ਹੈ ਕਿ ਪਟਿਆਲਾ ਕੀ ਰਾਓ ਦਾ ਜਿਹੜਾ ਬੈਡ ਹੈ ਉਹ ਸਾਰਾ ਇਨਕਰੋਚ ਹੋ ਗਿਆ ਹੈ ਤਾਂ ਪਾਣੀ ਜਦੋਂ ਇਕੱਠਾ ਹੁੰਦਾ ਹੈ, ਉਹ ਸਾਰਾ ਪਾਣੀ ਖਰੜ ਸ਼ਹਿਰ ਨੂੰ ਮਾਰ ਕਰਦਾ ਹੈ । ਕੀ ਵਜ਼ੀਰ ਸਾਹਿਬ ਭਰੋਸਾ ਦਿਵਾਉਣਗੇ ਕਿ ਡਰੇਨੇਜ ਡਿਪਾਰਟਮੈਂਟ ਨਾਲ ਉਹ ਮੀਟਿੰਗ ਕਰਕੇ ਇਸ ਦਾ ਹੱਲ ਲੱਭਣਗੇ ਤਾਂ ਕਿ ਸ਼ਹਿਰ ਨੂੰ ਬਚਾਇਆ ਜਾ ਸਕੇ ?

ਮੰਤਰੀ : ਜਿਹੜਾ ਇਨਕਰੋਚਮੈਂਟ ਕਲੀਅਰ ਕਰਨ ਦਾ ਕੰਮ ਹੈ, ਉਹ ਡਰੇਨੇਜ ਡਿਪਾਰਟਮੈਂਟ ਦਾ ਹੈ । It is not with Public Works Department ਮੈਂ ਅਤੇ ਮੈਂਬਰ ਸਾਹਿਬ ਇਕੱਠੇ ਜਾ ਕੇ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰ ਲਵਾਂਗੇ ਕਿ ਉਹ high level bridge ਕਿਉਂ ਬਣਾਉਣ ਦੀ ਲੋੜ ਹੈ । ਬਾਕੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬ ਨੂੰ ਰਿਕੁਐਸਟ ਕੀਤੀ ਸੀ ਉਨ੍ਹਾਂ ਨੇ ਅੱਗੇ ਸਾਡੀ ਰਿਕੁਮੈਂਡੇਸ਼ਨ ਮਨਿਸਟਰੀ ਆਫ ਸਰਫੇਸ ਟਰਾਂਸਪੋਰਟ ਨੂੰ ਘੱਲੀ । ਸਾਨੂੰ ਖੁਸ਼ੀ ਹੈ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਤੋਂ ਕੀਰਤਪੁਰ ਸਾਹਿਬ ਹਾਈਵੇਅ ਦੀ ਫੋਰ-ਲੇਨਿੰਗ ਗੌਰਮਿੰਟ ਆਫ ਇੰਡੀਆ ਨੇ ਐਕਸੈਪਟ ਕਰ ਲਈ ਹੈ । ਇਹ ਚੰਦ ਮਹੀਨਿਆਂ ਤੱਕ ਸ਼ੁਰੂ ਹੋਵੇਗੀ । ਇਹ ਸਾਰੀ ਸੜਕ 71 ਕਿਲੋਮੀਟਰ ਫੋਰ-ਲੇਨਿੰਗ ਹੋਣੀ ਹੈ । ਜਿਥੇ ਕਲਵਰਟ ਦੀ ਲੋੜ ਹੈ, ਇਸ ਸਾਰੇ ਦੀ ਗੌਰਮਿੰਟ ਆਫ ਇੰਡੀਆਂ ਦੇ ਇੰਜੀਨੀਅਰ ਨੂੰ ਰਿਕੁਮੈਂਡੇਸ਼ਨ ਦੇ ਦੇਵਾਂਗੇ ਅਤੇ ਇਨ੍ਹਾਂ ਨੂੰ ਨਾਲ ਲੈ ਕੇ ਕਰਵਾ ਦਿਆਂਗੇ ।

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਜਿਵੇਂ ਜਿਵੇਂ ਚੋਅ ਵਗੈਰਾ ਡੈਮਿੰਗ ਕਰ ਦਿੱਤੇ ਹਨ, ਬੰਦ ਕਰ ਦਿੱਤੇ ਹਨ ਉਸ ਨਾਲ ਪਾਣੀ ਦਾ ਜਿਹੜਾ ਨੈਚੁਲਰ ਫਲੋਅ ਸੀ, ਉਸ ਦਾ ਬਿਹੇਵੀਅਰ ਤਬਦੀਲ ਹੋ ਗਿਆ ਹੈ । ਕੀ ਵਜ਼ੀਰ ਸਾਹਿਬ ਇਹ ਭਰੋਸਾ ਦਿਵਾਉਣਗੇ ਕਿ ਜਿਹੜੀ ਨਵੀਂ ਸੜਕ ਬਣ ਰਹੀ ਹੈ, ਉਸ ਦੀ ਟੈਕਨੀਕਲ ਕਮੇਟੀ ਵਿੱਚ ਡਰੇਨੇਜ ਵਿਭਾਗ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ ਤਾਂ ਕਿ ਨਵੀਂ ਸੜਕ ਦਾ ਵਾਟਰ ਫਲੋਅ ਕਿਹੜੇ ਕਿਹੜੇ ਪਾਸੇ ਹੈ, ਉਸ ਦਾ ਸਹੀ ਅਨੁਮਾਨ ਲਗਾਇਆ ਜਾ ਸਕੇ ?

ਮਾਨਯੋਗ ਸਪੀਕਰ : ਡਰੇਨੇਜ਼ ਡਿਪਾਰਟਮੈਂਟ ਨੂੰ ਕਨਸਲਟ ਕੀਤਾ ਜਾਵੇ ?

ਮੰਤਰੀ : ਜ਼ਰੂਰ ਕਰ ਲਵਾਂਗੇ ।

ਮਾਨਯੋਗ ਸਪੀਕਰ : ਜ਼ਰੂਰ ਕਰਨਗੇ । Next question.

## CONSTRUCTION OF HIGH LEVEL BRIDGE OVER RIVER SUTLEJ ON MACHHIWARA-RAHON ROAD

*1120 **Sardar Inder Iqbal Singh Atwal (put by Sardar Manpreet Singh Badal)** : Will the Public Works (B & R) Minister be pleased to state the time by which the construction of the bridge over Sutlej River falling on Machhiwara Rahon Road is likely to be completed together with the present stage thereof ?

**Sardar Partap Singh Bajwa** : Sir, the High level Bridge across River Sutlej on Machhiwara Rahon Road is likely to be completed by 30th June, 2005.

The present status of the work is as under :

| | | |
|---|---|---|
| — Substructure : Well foundations in RCC and RCC Piers | : | Completed |
| — Superstructure in pre stressed concrete box girders | : | Completed |
| — Crash barriers along bridge | : | 55% work completed and balance in progress. |
| — Approaches | : | Machhiwara side : 95% earthwork completed Rahon side : 55% earthwork completed. |
| — Guide Bunds | : | i) Machhiwara side : 95% earthwork completed; 30% apron in stone boulder laid. |
| | | ii) Rahon side : 30% earthwork completed 10% apron in stone boulder laid. |

The balance work is being executed in a time bound manner and is likely to be completed by end of June 2005.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਜੂਨ, 2005 ਤੱਕ ਪੁਲ ਚਾਲੂ ਹੋ ਜਾਵੇਗਾ, ਇਨ੍ਹਾਂ ਦਾ ਧੰਨਵਾਦ । ਮੈਂ ਤੁਹਾਡੀ ਮਾਰਫਤ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਪ੍ਰੋਜੈਕਟ ਨੂੰ ਕੰਪਲੀਟ ਕਰਨ ਦੀ ਓਰੀਜੀਨਲ ਡੇਟ ਕੀ ਸੀ ? ਇਹ ਜਿਹੜੀ ਜੂਨ, 2005 ਡੇਟ ਕਹਿ ਰਹੇ ਹਨ, ਇਹ ਡੇਟ ਟੈਂਟੇਟਿਵ ਹੈ ਜਾਂ ਫਾਈਨਲ ਹੈ ? ਤੀਸਰਾ ਸਵਾਲ, What was the cost over run because of the delay ?

ਮੰਤਰੀ : ਸਰ, ਇਹ ਜਿਹੜਾ ਪੁਲ ਹੈ, ਇਹ 14/2001 ਨੂੰ ਕੰਟਰੈਕਟਰ ਨੂੰ ਦਿੱਤਾ ਗਿਆ ਸੀ ਅਤੇ ਇਹ ਕੰਮ 18 ਮਹੀਨਿਆਂ ਵਿੱਚ ਖਤਮ ਹੋਣਾ ਸੀ । ਇਹ ਓਵਰ-ਰਨ ਜ਼ਰੂਰ ਹੋਇਆ ਹੈ । ਅਗਲਾ ਇਨ੍ਹਾਂ ਦਾ ਸਵਾਲ ਹੈ ਕਿ ਕਦੋਂ ਤੱਕ ਮੁਕੰਮਲ ਹੋ ਜਾਵੇਗਾ । ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੀ. ਆਈ. ਡੀ. ਬੀ. ਵਾਲਿਆਂ ਨੇ ਇਹੀ ਲਿਖ ਕੇ ਭਰੋਸਾ ਦਿੱਤਾ ਹੈ ਕਿ 30 ਜੂਨ, 2005 ਤੱਕ ਕੰਪਲੀਟ ਹੋਏਗਾ । ਜਿਥੋਂ ਤੱਕ ਸਵਾਲ ਹੈ ਕਿ ਇਸ ਦੀ ਕਾਫੀ ਓਵਰ-ਰਨਿੰਗ ਹੈ, ਇਸ ਬਾਰੇ ਇੱਕ ਕਮੇਟੀ ਹੈ, which is being headed by the Chief Secretary, ਬਕਾਇਦਾ ਉਨ੍ਹਾਂ ਦੀ ਐਗਜ਼ੈਕਟਿਵ ਕਮੇਟੀ ਕੋਲ ਗੱਲ ਜਾਂਦੀ ਹੈ । ਉਨ੍ਹਾਂ ਦੀ ਬਕਾਇਦਾ ਨਾਲੇਜ ਵਿੱਚ ਹੈ । ਜੋ ਮੈਨੂੰ ਲਿਖ ਕੇ ਜਵਾਬ ਆਇਆ ਹੈ, ਉਹ ਮੈਂ ਦੱਸ ਦਿੱਤਾ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜੋ ਇਹ ਪ੍ਰੋਜੈਕਟ ਵਿਚ ਡਿਲੇਅ ਹੈ, ਇਸ ਦੇ ਨਾਲ ਸਟੇਟ ਨੂੰ ਕਰੋੜਾਂ ਰੁਪਏ ਦਾ ਲਾਸ ਹੋਇਆ ਹੈ, ਜਿਹੜਾ ਕਿ ਪਬਲਿਕ ਤੇ ਪੈਣਾ ਹੈ । ਕੀ ਇਸ ਡਿਲੇਅ ਦਾ ਕਾਰਨ ਠੇਕੇਦਾਰ ਹੈ ਜਾਂ ਗੌਰਮਿੰਟ ਹੈ ? ਜੇ ਠੇਕੇਦਾਰ ਹੈ ਤਾਂ ਕੀ ਇਸ ਲਾਸ ਨੂੰ ਉਸ ਤੋਂ ਰਿਕਵਰ ਕੀਤਾ ਜਾਵੇਗਾ ?

**ਮੰਤਰੀ** : ਸਰ, ਇਸ ਦੇ ਵਿੱਚ ਜਿਹੜੀ ਜ਼ਿੰਮੇਵਾਰੀ ਹੈ, ਉਹ ਠੇਕੇਦਾਰ ਦੀ ਵੀ ਹੈ ਅਤੇ ਕੁਝ ਗੌਰਮਿੰਟ ਦੀ ਵੀ ਹੈ । ਕਿਉਂਕਿ ਇਸ ਦੇ ਵਿੱਚ ਪਾਣੀ ਦੀ ਜੋ ਬੰਦੀ ਦੇਣੀ ਹੁੰਦੀ ਹੈ, ਉਹ ਕਈ ਦਫਾ ਗੌਰਮਿੰਟ ਵੱਲੋਂ ਲੇਟ ਹੋ ਜਾਂਦੀ ਹੈ ਅਤੇ ਇਸ ਗੱਲ ਤੇ ਠੇਕੇਦਾਰ ਸੱਚਾ ਹੈ । Both are to be blamed. In the interest of the state, ਸਟੇਟ ਦੇ ਚੀਫ ਸੈਕ੍ਰੇਟਰੀ ਦੀ ਹਰ ਦੂਸਰੇ-ਤੀਸਰੇ ਮਹੀਨੇ ਮੀਟਿੰਗ ਹੁੰਦੀ ਰਹਿੰਦੀ ਹੈ । ਇਸ ਵਿੱਚ ਸਾਡੇ ਕੋਲ ਦੋ ਆਪਸ਼ਨਜ਼ ਹਨ ਜਾਂ ਤਾਂ ਉਸ ਠੇਕੇਦਾਰ ਦੇ ਖਿਲਾਫ ਬਕਾਇਦਾ ਤੌਰ ਤੇ ਠੋਸ ਕਦਮ ਚੁੱਕੇ ਜਾਣ ਔਰ ਜੇ ਕੰਮ ਬੰਦ ਹੁੰਦਾ ਤਾਂ ਬਕਾਇਦਾ ਤੌਰ ਤੇ ਇੱਕ ਗੱਲ ਕਹੀ ਗਈ ਸੀ ਕਿ ਇਹ ਕੰਮ in the interest of the state, ਕਰਨ ਦਿਤਾ ਜਾਵੇ । ਇਹ ਕੰਮ ਹੁਣ ਮੁਕੰਮਲ ਹੋਣ ਵਾਲਾ ਹੈ ਅਤੇ ਮੇਰਾ ਖਿਆਲ ਹੈ ਕਿ ਇਹ ਜਲਦੀ ਹੀ ਮੁੱਕ ਜਾਵੇਗਾ ।

---

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੰਮ ਤਾਂ ਇਨ ਦਿ ਇੰਟਰੈਸਟ ਆਫ ਦੀ ਸਟੇਟ ਵਿਚ ਹੀ ਹੈ, ਇਹ ਅਸੀਂ ਵੀ ਕਹਿੰਦੇ ਹਾਂ। ਲੇਕਿਨ ਜੋ ਮੰਤਰੀ ਜੀ ਨੇ ਆਂਸਰ ਦਿੱਤਾ ਹੈ ਉਸ ਦੇ ਵਿਚੋਂ ਕੋਈ ਰਿਜ਼ਲਟ ਨਹੀਂ ਨਿਕਲਿਆ। ਇਨ੍ਹਾਂ ਨੇ ਨਾ ਠੇਕੇਦਾਰ ਬਾਰੇ ਅਤੇ ਨਾ ਹੀ ਗੌਰਮਿੰਟ ਬਾਰੇ ਕਿਹਾ ਹੈ। ਸਪੀਕਰ ਸਾਹਿਬ, ਫਿਰ ਇਹ ਕਿਤੇ ਅਫ਼ਸਰਾਂ ਦੇ ਉਤੇ ਤਾਂ ਨਹੀਂ ਆਵੇਗਾ ਜਿਨ੍ਹਾਂ ਨੇ ਟਾਈਮਲੀ ਐਕਸ਼ਨ ਨਹੀਂ ਲਿਆ ? ਇਸ ਲਈ ਕੀ ਇਹ ਇਸ ਸਬੰਧੀ ਰਿਸਪਾਂਸੀਬਿਲਟੀ ਫਿਕਸ ਕਰਕੇ ਉਨ੍ਹਾਂ ਤੋਂ ਚਾਹੇ ਉਹ ਠੇਕੇਦਾਰ ਹਨ ਜਾਂ ਅਫਸਰ ਹਨ ਉਗਰਾਹੀ ਕਰਵਾਉਣਗੇ ?

**ਮੰਤਰੀ :** ਇਹ ਜ਼ਰੂਰ ਪਰਪੋਜ਼ ਕਰਾਂਗੇ, ਇਹ ਮੈਂ ਵੀ ਸਮਝਦਾ ਹਾਂ ਕਿ ਜ਼ਰੂਰ ਹੋਣਾ ਚਾਹੀਦਾ ਹੈ।

**ਸ੍ਰੀ ਤਰਲੋਚਨ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ ਜਿਹੜਾ ਪੀ.ਆਈ.ਡੀ.ਬੀ. ਹੈ, ਉਸ ਦੇ ਵਿੱਚ ਮੰਤਰੀ ਜੀ ਦਾ ਆਪਣਾ ਕੀ ਸਟੇਟਸ ਹੈ ?

**ਮਾਨਯੋਗ ਸਪੀਕਰ :** ਇਹ ਕਿਹੜਾ ਸਵਾਲ ਹੈ ?

**ਸ੍ਰੀ ਤਰਲੋਚਨ ਸਿੰਘ :** ਮਾਨਯੋਗ ਸਪੀਕਰ ਸਾਹਿਬ, ਉਹ ਯਕੀਨ ਨਹੀਂ ਦਿਵਾ ਰਹੇ ਕਿ ਇਹ ਜੂਨ ਤੱਕ ਚਾਲੂ ਹੋ ਜਾਵੇਗਾ। ਉਹ ਐਸ਼ੋਰੈਂਸ ਦੇ ਦੇਣ ਕਿ ਜੂਨ ਤੱਕ ਚਾਲੂ ਹੋ ਜਾਵੇਗਾ ?

**ਮਾਨਯੋਗ ਸਪੀਕਰ :** ਮੈਂ ਸਮਝਦਾ ਹਾਂ ਕਿ ਇਸ ਦਾ ਜਵਾਬ ਦੇਣਾ ਜ਼ਰੂਰੀ ਨਹੀਂ ਹੈ ਲੇਕਿਨ ਫਿਰ ਵੀ ਮਨਿਸਟਰ ਸਾਹਿਬ ਜੋ ਕੁਝ ਕਹਿਣਾ ਚਾਹੁੰਦੇ ਹਨ ਤਾਂ ਕਹਿ ਸਕਦੇ ਹਨ।

**ਮੰਤਰੀ :** ਗੱਲ ਇਹ ਹੈ ਕਿ ਇਹ ਜ਼ਰੂਰ ਕਰਾਂਗੇ ਪਰ ਸਾਹਮਣੇ ਬੈਠੇ ਵੀਰਾਂ ਵਲੋਂ ਇੱਕ ਨਵਾਂ ਭੂਤ ਕੱਢਿਆ ਗਿਆ ਸੀ ਪੀ. ਆਈ. ਡੀ. ਬੀ., ਜਿਸ ਦੇ ਵਿੱਚ ਕਈ ਕੰਪਲੀਕੇਸ਼ਨਜ਼ ਸਨ। ਹੁਣ ਜਵਾਬ ਤਾਂ ਮੈਨੂੰ ਜ਼ਰੂਰ ਦੇਣਾ ਪੈ ਰਿਹਾ ਹੈ ਇਹ ਸਟੇਟ ਦੇ ਇੰਟਰੈਸਟ ਦੀ ਗੱਲ ਹੈ, ਇਹ ਅਸੀਂ ਜ਼ਰੂਰ ਕਰਵਾਵਾਂਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮਾਨਯੋਗ ਸਪੀਕਰ ਸਾਹਿਬ, ਬੜਾ ਇੰਪਾਰਟੈਂਟ ਸਵਾਲ ਅਰਾਈਜ਼ ਹੋ ਗਿਆ ਹੈ। ਜੋ ਮੰਤਰੀ ਜੀ ਨੇ ਪੀ.ਆਈ.ਡੀ.ਬੀ. ਦੇ ਭੂਤ ਦੀ ਗੱਲ ਕੀਤੀ ਹੈ ਫਿਰ ਇਨ੍ਹਾਂ ਨੇ ਉਸ ਨੂੰ ਚਾਰ ਸਾਲਾਂ ਤੱਕ ਚਾਲੂ ਕਿਉਂ ਰੱਖੀ ਰਖਿਆ ? ਉਸ ਨੂੰ ਬੰਦ ਕਰ ਦਿੰਦੇ, ਹੋਰ ਕਿਸੇ ਤਰ੍ਹਾਂ ਕੰਮ ਚਲਾ ਲੈਂਦੇ।

**ਮਾਨਯੋਗ ਸਪੀਕਰ :** ਅੰਡਰ ਕੰਸੀਡਰੇਸ਼ਨ ਹੈ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੇ ਕੀਤੇ ਹੋਏ ਕੰਮ ਸਾਡੇ ਖਾਤੇ ਵਿਚ ਪੈ ਗਏ ਹਨ। ਉਹ ਪੁਰਾਣੇ ਕੰਮ ਹਨ ਉਨ੍ਹਾਂ ਨੂੰ ਸਿਰੇ ਤਾਂ ਚਾੜ੍ਹਨਾ ਹੀ ਪਵੇਗਾ। ਤੁਹਾਡੇ ਕੀਤੇ ਹੋਏ ਕੰਮ ਸਾਨੂੰ ਭੁਗਤਣੇ ਪੈ ਰਹੇ ਹਨ।

**ਮਾਨਯੋਗ ਸਪੀਕਰ :** ਅਗਲਾ ਸਵਾਲ ਸਰਦਾਰ ਸੁਰਜੀਤ ਸਿੰਘ ਰੱਖੜਾ, ਹਾਜ਼ਰ ਨਹੀਂ ਹਨ । Next question.

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1230**

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।

---

## STARRED QUESTIONS AND ANSWERS

**ਸੈਕਟਰ-17, ਚੰਡੀਗੜ੍ਹ ਵਿਚ ਮਾਰਕਫੈੱਡ ਦੀ ਬਿਲਡਿੰਗ ਦਾ ਕਿਰਾਇਆ**

*1045. **ਸਰਦਾਰ ਬੀਰ ਦਵਿੰਦਰ ਸਿੰਘ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੈਕਟਰ-17, ਚੰਡੀਗੜ੍ਹ ਵਿਚ ਮਾਰਕਫੈੱਡ ਨੇ ਆਪਣੀ ਬਿਲਡਿੰਗ ਕਿਰਾਏ ਤੇ ਦਿੱਤੀ ਹੋਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਿਰਾਏ ਨਾਮੇ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ਅਤੇ ਬਿਲਡਿੰਗ ਲਈ ਵੱਧ ਤੋਂ ਵੱਧ ਕਿਰਾਏ ਨੂੰ ਯਕੀਨੀ ਬਣਾਉਣ ਲਈ ਕੀ ਕਦਮ ਚੁੱਕੇ ਗਏ ਹਨ ?

**ਸਰਦਾਰ ਜਸਜੀਤ ਸਿੰਘ ਰੰਧਾਵਾ :** ਮਾਰਕਫੈੱਡ ਨੇ ਆਪਣੀ ਸੈਕਟਰ-17, ਚੰਡੀਗੜ੍ਹ ਵਾਲੀ ਬਿਲਡਿੰਗ ਕਿਰਾਏ ਤੇ ਨਹੀਂ ਦਿੱਤੀ ਪਰੰਤੂ ਉਸ ਨੂੰ ਇੱਕ ਨਿੱਜੀ ਪਾਰਟੀ ਦੀ ਸਹਾਇਤਾ ਨਾਲ ਮਾਰਕਫੈੱਡ ਪਲਾਜ਼ਾ ਵਿੱਚ ਤਬਦੀਲ ਕੀਤਾ ਗਿਆ ਹੈ । ਵੱਧ ਤੋਂ ਵੱਧ ਪ੍ਰਾਪਤੀ ਨੂੰ ਯਕੀਨੀ ਬਣਾਇਆ ਗਿਆ ਅਤੇ ਉਸ ਨੂੰ ਮਹੀਨਾ-ਵਾਰ ਘੱਟ ਤੋਂ ਘੱਟ ਗਰੰਟੀ ਫੀਸ ਰਾਹੀਂ ਸੁਰੱਖਿਅਤ ਰੱਖਿਆ ਗਿਆ ਹੈ ਅਤੇ ਉਸ ਵਿੱਚ ਕੁਝ ਉਚੇਰੀ ਵਿਕਰੀ ਤੇ ਕੁੱਝ ਪ੍ਰਤੀਸ਼ਤ ਦੇ ਹਿਸਾਬ ਨਾਲ, ਪਾਰਟੀਆਂ ਨਾਲ ਕੀਤੇ ਗਏ ਇਕਰਾਰ-ਨਾਮੇ ਦੀ ਕਾਪੀ* ਨਾਲ ਨੱਥੀ ਕੀਤੀ ਜਾਂਦੀ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਕੰਪਲੈਕਸ ਮਾਰਕਫੈਡ ਦਾ ਸੀ ਉਹ ਮਾਰਕਫੈਡ ਹੀ ਕਮਰਸ਼ੀਅਲ ਤੌਰ ਤੇ ਆਪਣੇ ਆਪ ਡਿਵੈਲਪ ਕਿਉਂ ਨਹੀਂ ਕਰ ਸਕੀ ? ਇਹ ਪ੍ਰਾਈਵੇਟ ਪਾਰਟੀਆਂ ਨੂੰ ਕਿਉਂ ਦਿੱਤੇ ਗਏ ? ਦੂਸਰਾ ਇਹ ਹੈ ਕਿ ਜੋ ਐਗਰੀਮੈਂਟ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਹਨ ਉਨ੍ਹਾਂ ਉਤੇ ਇਹ ਪਾਰਟੀਆਂ ਪੂਰਾ ਉਤਰ ਰਹੀਆਂ ਹਨ ਜਾਂ ਨਹੀਂ, ਕਿਤੇ ਅੱਗੇ ਸਬ-ਲੇਟ ਤਾਂ ਨਹੀਂ ਕੀਤਾ ?

---

*Placed in Revisor's Branch.

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਿਥੋਂ ਤੱਕ ਮੈਂਬਰ ਸਾਹਿਬ ਨੇ ਕਿਹਾ ਹੈ ਟਰਮਜ਼ ਐਂਡ ਕੰਡੀਸ਼ਨਜ਼ ਫੁੱਲ ਫਿਲ ਕਰ ਰਹੀਆਂ ਹਨ, ਇਹ ਬਿਲਕੁਲ ਫੁੱਲ ਫਿਲ ਕਰ ਰਹੀਆਂ ਹਨ। ਦੋ ਬਿਲਡਿੰਗਾਂ ਸਨ, ਇਨ੍ਹਾਂ ਦੇ ਬਾਰੇ ਬਕਾਇਦਾ ਤੌਰ ਤੇ ਪੇਪਰਾਂ ਦੇ ਵਿੱਚ ਐਡਵਰਟਾਈਜ਼ਮੈਂਟ, ਇੱਕ ਚੰਡੀਗੜ੍ਹ ਦੇ ਅਖਬਾਰ ਤੇ ਇੱਕ ਦਿੱਲੀ ਦੇ ਅਖਬਾਰ ਵਿੱਚ ਕਰਵਾਈ ਗਈ ਸੀ। ਇਸ ਦੇ ਵਿੱਚ ਪੰਜ ਪਾਰਟੀਆਂ ਆਈਆਂ ਔਰ ਉਨ੍ਹਾਂ ਦੇ ਵਿਚੋਂ ਤਿੰਨ ਪਾਰਟੀਆਂ ਨੇ ਕੁਆਲੀਫਾਈ ਕੀਤਾ ਸੀ। ਜਿਹੜੀ ਪਾਰਟੀ ਦੀ ਹਾਈਐਸਟ ਬਿੱਡ ਸੀ ਉਨ੍ਹਾਂ ਨੂੰ ਦਿੱਤਾ ਗਿਆ ਹੈ। ਜੋ ਜੋ ਟਰਮਜ਼ ਐਂਡ ਕੰਡੀਸ਼ਨਜ਼ ਜੁਆਇੰਟ ਵੈਂਚਰ ਵਿੱਚ ਰੱਖੀਆਂ ਗਈਆਂ ਸਨ ਜਿਸ ਤਰੀਕੇ ਦੇ ਨਾਲ ਕਮਰਸ਼ੀਅਲ ਕੰਪਲੈਕਸ ਵਿਚ ਤਬਦੀਲ ਕਰਨਾ ਹੈ ਉਹ ਸਾਰੀਆਂ ਕੰਡੀਸ਼ਨਾਂ ਇਹ ਪਾਰਟੀਆਂ ਫੁਲ ਫਿਲ ਕਰ ਰਹੀਆਂ ਹਨ। ਇੱਕ ਬਿਲਡਿੰਗ ਉਪਰੇਸ਼ਨਲ ਹੈ ਅਤੇ ਦੂਜੇ ਦਾ ਇਨਫਰਾਸਟ੍ਰਕਚਰ ਡਿਵੈਲਪਮੈਂਟ ਚਲ ਰਿਹਾ ਹੈ।

**ਸਰਦਾਰ ਬੀਰ ਦਵਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੇਰੇ ਸਵਾਲ ਦਾ ਤਾਂ ਜਵਾਬ ਹੀ ਨਹੀਂ ਆਇਆ। ਮੈਂ ਤਾਂ ਇਹ ਪੁੱਛਿਆ ਸੀ ਕਿ ਜਿਹੜੀ ਮਾਰਕਫੈਡ ਹੈ ਇਹ ਆਪਣੀ ਜ਼ਿੰਮੇਵਾਰੀ ਤੋਂ ਬਾਹਰ ਵੀ ਕਈ ਕੰਮ ਕਰਦੀ ਹੈ, ਇਸ ਲਈ ਉਸ ਨੇ ਆਪਣੀਆਂ ਹੀ ਇਮਾਰਤਾਂ ਔਰ ਉਹ ਵੀ ਸੈਕਟਰ 17 ਵਰਗੀਆਂ ਇਮਾਰਤਾਂ ਵਿੱਚ ਮਾਰਕਫੈਡ ਨੇ ਆਪਣੇ ਆਪ ਡਿਵੈਲਪ ਕਿਉਂ ਨਹੀਂ ਕੀਤਾ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਮਾਰਕਫੈਡ ਨੇ ਕਿਉਂ ਆਪਣੇ ਤੌਰ ਤੇ ਡਿਵੈਲਪਮੈਂਟ ਨਹੀਂ ਕੀਤੀ। ਇਹ ਕਮਰਸ਼ੀਅਲ ਆਰਗੇਨਾਈਜ਼ੇਸ਼ਨ ਹੈ। ਇਸ ਨੇ ਦੇਖਣਾ ਹੈ ਕਿ ਬੈਟਰ ਰਿਟਰਨ ਕਿਸ ਤਰੀਕੇ ਨਾਲ ਆਉਂਦੀ ਹੈ, ਕਿਸ ਤਰੀਕੇ ਨਾਲ ਫਾਇਦਾ ਹੁੰਦਾ ਹੈ। ਪੂਰੀ ਸਟੱਡੀ ਕਰਕੇ ਦੇਖਿਆ ਹੈ ਕਿ ਜੁਆਇੰਟ ਵੈਂਚਰ ਵਿਚ ਜ਼ਿਆਦਾ ਪ੍ਰਾਫਿਟ ਆਉਂਦਾ ਹੈ। ਇਸ ਕਰਕੇ ਪ੍ਰਾਈਵੇਟ ਪਾਰਟੀਜ਼ ਨਾਲ ਸ਼ੇਅਰਿੰਗ ਕੀਤੀ ਹੈ। ਉਸ ਦੀ ਬਿਲਿੰਗ ਵਗੈਰਾ, ਹਿਸਾਬ ਕਿਤਾਬ ਨੂੰ ਮਾਰਕਫੈਡ ਨੇ ਆਪਣੇ ਕੋਲ ਰੱਖਿਆ ਹੋਇਆ ਹੈ।

**ਮਾਨਯੋਗ ਸਪੀਕਰ :** ਤੁਹਾਡੇ ਸਵਾਲ ਦਾ ਜਵਾਬ ਆ ਗਿਆ।

**ਸਰਦਾਰ ਬੀਰ ਦਵਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਇਹ ਗੰਭੀਰ ਮਾਮਲਾ ਹੈ। ਐਗਰੀਮੈਂਟ ਵਿਚ ਲਿਖਿਆ ਹੈ ਕਿ M/s J.K. shall promote Markfed and Milkfed products which include Soyabean, Vanaspati refined oil, ice cream, milk products, for which a prominent display in the front would be arranged. A minimum of 100 Sq. Ft. space shall be provided for this counter.

**ਮਾਨਯੋਗ ਸਪੀਕਰ :** ਸਵਾਲ ਕਰੋ ਪਲੀਜ਼, ਜਵਾਬ ਨਾ ਪੜ੍ਹੋ।

**ਸਰਦਾਰ ਬੀਰ ਦਵਿੰਦਰ ਸਿੰਘ :** ਸਵਾਲ ਕਰ ਰਿਹਾ ਹਾਂ ਜੀ।

ਸਰਦਾਰ ਬੀਰ ਦਵਿੰਦਰ ਸਿੰਘ : ਇਹ ਸਪੇਸ ਜੋ ਹੈ ਗਰਾਊਂਡ ਫਲੋਰ ਤੇ as per the terms & conditions of the agreement ਪ੍ਰੋਵਾਈਡ ਕੀਤੀ ਹੈ ਜਾਂ ਨਹੀਂ । ਦੂਸਰਾ ਜਿਸ ਤਰੀਕ ਤੋਂ ਐਗਰੀਮੈਂਟ ਹੋਇਆ ਹੈ......

**MR. SPEAKER :** Please put question.

ਸਰਦਾਰ ਬੀਰ ਦਵਿੰਦਰ ਸਿੰਘ : ਇਹ ਬੀ ਪਾਰਟ ਹੈ । ਹੁਣ ਤੱਕ ਮਾਰਕਫੈਡ ਨੂੰ ਆਮਦਨ ਕਿੰਨੀ ਆਈ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਦੋ ਪਾਰਟੀਜ਼ ਹਨ, ਦੋ ਬਿਲਡਿੰਗਜ਼ ਹਨ । ਜਿਸ ਦੀ ਹਾਈਐਸਟ ਬਿੱਡਿੰਗ ਆਈ ਸੀ ਜੇ.ਕੇ. ਸਟੋਰਜ਼, ਉਸ ਨੂੰ ਸੂਟ ਆਊਟ ਕੀਤਾ ਸੀ, ਉਸ ਨਾਲ ਨੈਗੋਸ਼ੀਏਟ ਕਰਕੇ ਇਹ ਬਿੰਡਿੰਗ ਪਹਿਲੇ ਸਾਲ ਵਿਚ 1 ਲੱਖ 11 ਹਜ਼ਾਰ ਰੁਪਏ ਵਿਚ ਕਰ ਦਿੱਤੀ । ਇਸ ਸ਼ਰਤ ਤੇ ਕੀਤੀ ਹੈ ਕਿ ਪਹਿਲਾ ਸਾਲ ਕੰਪਲੀਟ ਹੋਣ ਤੋਂ ਬਾਅਦ ਡੇਢ ਲੱਖ ਰੁਪਿਆ ਵਾਧਾ ਕਰਾਂਗੇ । ਪੰਜ ਸਾਲ ਮੁਕੰਮਲ ਹੋਣ ਤੋਂ ਬਾਅਦ ਜੇ/ਫੇਰ ਐਕਸਟੈਂਡ ਕਰਨਾ ਪਿਆ ਤਾਂ 20% ਰੈਂਟ ਹੋਰ ਵਧੇਗਾ । ਇਸੇ ਤਰੀਕੇ ਨਾਲ ਸੈਕਿੰਡ ਬਿੱਡਿੰਗ 1 ਲੱਖ 65 ਹਜ਼ਾਰ ਤੇ ਦਿਤੀ ਹੈ । ਉਹ ਵੀ ਇਕ ਸਾਲ ਕੰਪਲੀਟ ਹੋਣ ਤੋਂ ਬਾਅਦ 2 ਲੱਖ ਰੁਪਿਆ ਵਾਧਾ ਕਰਾਂਗੇ । ਪੰਜ ਸਾਲ ਲਈ ਐਗਰੀਮੈਂਟ ਹੈ । ਉਸ ਤੋਂ ਬਾਅਦ ਜੇ ਫੇਰ ਐਕਸਟੈਂਡ ਕਰਨਾ ਹੋਇਆ ਤਾਂ 20% ਦੀ ਇਨਕਰੀਜ਼ ਕਰਾਂਗੇ । ਸੈਕਿੰਡ ਪਾਰਟ ਇਨ੍ਹਾਂ ਨੇ ਪੁੱਛਿਆ ਹੈ, ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ, ਜਿਹੜੀ ਬਿਲਡਿੰਗ ਹੈ ਉਸ ਵਿਚ ਮਾਰਕਫੈਡ ਤੇ ਮਿਲਕਫੈਡ ਦੇ ਪ੍ਰੋਡੱਕਟਸ ਦੀ ਪ੍ਰੋਮੋਸ਼ਨ ਵਾਸਤੇ, ਉਨ੍ਹਾਂ ਦੀ ਸੇਲ ਪ੍ਰੋਮੋਸ਼ਨ ਵਾਸਤੇ ਸਪੇਸ ਉਥੇ ਰੱਖੀ ਗਈ ਹੈ ਕਿ ਨਹੀਂ । ਇਕੋ ਹੀ ਬਿਲਡਿੰਗ ਫੰਕਸ਼ਨਲ ਹੈ, ਓਪਰੇਸ਼ਨਲ ਹੋਈ ਹੈ । ਕਸਟਮਰਜ਼ ਦੀ ਸੂਟੇਬਿਲਟੀ ਲਈ, ਕਨਵੀਨੀਐਂਸ ਲਈ ਆਲਟ੍ਰੇਸ਼ਨਜ਼ ਤੇ ਮੋਡੀਫਿਕੇਸ਼ਨਜ਼ ਕੀਤੀਆਂ ਜਾ ਰਹੀਆਂ ਹਨ । ਦੂਜੀ ਹਾਲੇ ਆਪਰੇਸ਼ਨਲ ਨਹੀਂ ਹੋਈ । ਜੋ ਇਨ੍ਹਾਂ ਦਾ ਖਦਸਾ ਹੈ ਮੈਂਬਰ ਸਾਹਿਬ ਦਾ ਇਹ ਪੂਰਾ ਕੀਤਾ ਜਾਵੇਗਾ ।

ਸਰਦਾਰ ਬੀਰ ਦਵਿੰਦਰ ਸਿੰਘ : ਮੈਂ ਅਰਜ਼ ਕਰਾਂਗਾ ਕਿ ਕੀ ਮਨਿਸਟਰ ਸਾਹਿਬ ਕਿਸੇ ਹਾਊਸ ਦੀ ਕਮੇਟੀ ਤੋਂ ਇਸ ਦੀ ਇਨਕੁਆਇਰੀ ਕਰਾਉਣਗੇ ਕਿ 2003 ਵਿਚ ਐਗਰੀਮੈਂਟ ਹੋਇਆ, ਹੁਣ 2005 ਹੈ ਇਹ ਡਿਵੈਲਪਮੈਂਟ ਕਿਉਂ ਨਹੀਂ ਕਰ ਸਕਿਆ ? ਇਸ ਦਾ ਜਵਾਬ ਦੇਣ ਕਿ ਦੋ ਸਾਲ ਹੋ ਗਏ ਤੇ ਦੂਸਰਾ......

**MR. SPEAKER :** Please put one question at a time.

ਸਰਦਾਰ ਬੀਰ ਦਵਿੰਦਰ ਸਿੰਘ : ਇਹ ਸਪੈਸਿਫਿਕ ਸਵਾਲ ਸੀ, ਤੁਸੀਂ ਸੁਣ ਲਓ ਐਗਰੀਮੈਂਟ ਵਿਚ ਲਿਖਿਆ ਹੈ ਕਿ 1 ਲੱਖ 11 ਹਜ਼ਾਰ ਪਰ ਮੰਥ ਤੇ ਕਮਿਸ਼ਨ on sale of all items at the rate of 3% of the billing amount except Gold and Diamond sales, on which the commission at the rate of 2%, whichever is higher. ...(Interruption)

ਮਾਨਯੋਗ ਸਪੀਕਰ , ਤੁਸੀਂ ਸਵਾਲ ਕਰੋ ।

**SARDAR BIR DEVINDER SINGH :** Sir, I Just want to know what was the commission in the first and the second year ?

ਮੰਤਰੀ : ਮੈਂ ਬੇਨਤੀ ਕੀਤੀ ਹੈ ਕਿ ਇਸ ਬਾਰੇ ਇਕ ਸਾਲ ਤੋਂ ਬਾਅਦ ਪਤਾ ਲੱਗੇਗਾ ਕਿ ਕਿੰਨਾ ਪ੍ਰਾਫਿਟ ਹੋਇਆ ਹੈ, ਕਿੰਨੀ ਸੇਲ ਹੋਈ ਹੈ । ਅਜੇ ਤਾਂ ਫਸਟ ਯੀਅਰ ਹੈ । ਦੂਜੀ ਬਿਲਡਿੰਗ ਆਪਰੇਸ਼ਨਲ ਨਹੀਂ ਹੋਈ । ਟੋਟਲ ਸੇਲਜ਼ ਜਿਵੇਂ ਕਿ ਗੋਲਡ ਤੇ ਡਾਇਮੰਡ ਜਵੈਲਰੀ ਤੇ 2% ਦੂਜੀਆਂ ਸਾਰੀਆਂ ਆਈਟਮਜ਼ ਦੀ ਸੇਲ ਤੇ 3% ਕਮਿਸ਼ਨ ਹੋਵੇਗਾ । ਜੋ ਹਾਇਰ ਹੈ, ਜੇ ਕਮਿਸ਼ਨ ਹਾਇਰ ਹੈ ਤਾਂ ਕਮਿਸ਼ਨ ਚਾਰਜ ਕੀਤਾ ਜਾਵੇਗਾ, ਜੇ ਮਿਨੀਮਮ ਰੈਂਟ ਹਾਇਰ ਹੈ ਤਾਂ ਉਹ ਚਾਰਜ ਕੀਤਾ ਜਾਵੇਗਾ ।

ਮਾਨਯੋਗ ਸਪੀਕਰ : ਨੈਕਸਟ ਕੁਐਸਚਨ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ।

---

## UPGRADATION OF SAHNEWAL AIRPORT

* **1139. Sardar Inder Iqbal Singh Atwal (put by Sardar Manpreet Singh Badal) :**

Will the Chief Minister be pleased to state whether the Sahnewal Airport is being upgraded ?

**Local Government, Parliamentary Affairs, Labour and Employment and Elections Minister (Chaudhary Jagjit Singh) :** Sahnewal Airport is under the control of Airports Authority of India and its upgradation if any is to be done at their level.

**ਮਾਨਯੋਗ ਸਪੀਕਰ :** ਸਵਾਲ ਐਡਮਿਟ ਤਾਂ ਹੋ ਗਿਆ ਹੈ ਪਰ ਇਹ ਤਾਂ ਸੈਂਟਰ ਗੌਰਮਿੰਟ ਦਾ ਕੰਮ ਹੈ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਿਆਸੀ ਸਟੇਜਾਂ ਤੇ ਵੀ ਇੰਟਰਨੈਸ਼ਨਲ ਏਅਰਪੋਰਟ, ਪੰਜਾਬ ਬਾਰੇ ਗੱਲ ਹੁੰਦੀ ਰਹਿੰਦੀ ਹੈ । ਕੀ ਮੰਤਰੀ ਜੀ ਹਾਊਸ ਵਿਚ ਇਹ ਦੱਸਣਗੇ ਕਿ ਜਿਹੜਾ ਦੂਸਰਾ ਇੰਟਰਨੈਸ਼ਨਲ ਏਅਰਪੋਰਟ ਪੰਜਾਬ ਦਾ ਬਣਨਾ ਹੈ, ਜੇ ਉਹ ਸਾਹਨੇਵਾਲ ਨਹੀਂ ਬਣਨਾ ਤਾਂ ਫਿਰ ਹੋਰ ਕਿੱਥੇ ਬਣਨਾ ਹੈ ? ਕੀ ਇਸ ਏਅਰਪੋਰਟ ਨੂੰ ਬਣਾਉਣ ਲਈ ਸਰਕਾਰ ਦੀ ਕੋਈ ਤਜ਼ਵੀਜ ਹੈ ? ਕੋਈ ਕਦਮ ਇਸ ਸਬੰਧ ਵਿਚ ਉਠਾਏ ਜਾ ਰਹੇ ਹਨ ? ਅਤੇ ਕੀ ਸੈਂਟਰ ਸਰਕਾਰ ਨੂੰ ਕੋਈ ਪਰਪੋਜ਼ਲ ਇਸ ਦੇ ਬਣਾਉਣ ਸਬੰਧੀ ਭੇਜੀ ਗਈ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇੱਕ ਲਾਢੋਵਾਲ ਹੈ, ਜਿਹੜਾ ਕਿ ਲੁਧਿਆਣਾ ਦੇ ਨਜ਼ਦੀਕ ਹੈ, ਪੰਜਾਬ ਸਰਕਾਰ ਦੀ ਪੀ.ਐਸ.ਆਈ.ਡੀ.ਸੀ. ਗਰੀਨ ਫੀਲਡ ਅੰਤਰਰਾਸ਼ਟਰੀ ਹਵਾਈ ਅੱਡਾ ਬਣਾਉਣ ਦੀ ਤਜ਼ਵੀਜ਼ ਹੈ । (ਥੰਪਿੰਗ)

---

**Repair of Hussianpur-Talwandi Chaudharian Link Road**

***1274. Doctor Upinderjit Kaur :** Will the Chief Minister be pleased to state whether there is any proposal under consideration of the Government to carry out the repair of Hussainpur-Talwandi Chaudharian link road in view of the dilapidated condition thereof; if so, the details thereof ?

**Local Government, Parliamentary Affairs, Labour and Employment and Elections Minister (Chaudary Jagjit Singh)** : Sir, A part of Hussainpur—Talwandi Chaudharian is a plan road and a part of it is a link road. Hussainpur to Boolpur is a plan road which, has been approved for upgradation under NABARD RIDF-X scheme and the work is likely to be completed durnig the year 2005-06.

Boolpur to Talwandi Chaudharian is a link road, which was last repaired during January 2001. Due to heavy traffic, the condition of the road is bad. Although, it is not due, steps would be taken to improve the condition of this road.

ਡਾਕਟਰ ਉਪਿੰਦਰਜੀਤ ਕੌਰ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਹੁਸੈਨਪੁਰ, ਮੁੱਲਾਂਪੁਰ ਅਤੇ ਮੰਗੂਵਾਲ ਸੜਕ ਬਾਰੇ ਜਿਵੇਂ ਇਨ੍ਹਾਂ ਨੇ ਫੁਰਮਾਇਆ ਹੈ ਕਿ ਇਸ ਸੜਕ ਦੀ ਮੁਰੰਮਤ ਸਾਲ 2004 ਦੇ ਵਿਚ ਡਿਊ ਸੀ ਪਰ ਅਜੇ ਤੱਕ ਇਸ ਦੀ ਮੁਰੰਮਤ ਸ਼ੁਰੂ ਨਹੀਂ ਕੀਤੀ ਗਈ, ਕੀ ਇਹ ਭਰੋਸਾ ਦਿਵਾਉਣਗੇ ਕਿ ਇਸ ਸੜਕ ਦੀ ਇਸੇ ਸਾਲ ਮੁਰੰਮਤ ਮੁਕੰਮਲ ਕਰ ਲਈ ਜਾਵੇਗੀ ? ਦੂਸਰਾ, ਜੋ ਟਿੱਬਾ ਤੋਂ ਤਲਵੰਡੀ ਚੌਧਰੀਆਂ ਲਿੰਕ ਰੋਡ ਹੈ, ਇਸ ਦੀ ਬਹੁਤ ਮਾੜੀ ਹਾਲਤ ਹੈ । ਆਲੇ ਦੁਆਲੇ ਦੇ ਪਿੰਡਾਂ ਦੀਆਂ ਪੰਚਾਇਤਾਂ ਨੇ ਇਸ ਤੇ ਪੱਥਰ ਪਾ ਕੇ ਅਤੇ ਮਿੱਟੀ ਪਾ ਕੇ ਇਸ ਨੂੰ ਉੱਚਾ ਵੀ ਕੀਤਾ ਹੈ, ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਇਸ ਸੜਕ ਤੇ ਕੰਕਰੀਟ ਪਾ ਕੇ ਇਸੇ ਸਾਲ ਵਿਚ ਇਸ ਨੂੰ ਦਰੁਸਤ ਕਰ ਦੇਣਗੇ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜੋ ਪਹਿਲੀ ਸੜਕ ਹੈ, ਇਹ ਸੜਕ ਸਾਲ 2005-06 ਦੇ ਵਿਚ ਦਰੁਸਤ ਹੋ ਜਾਣੀ ਹੈ । ਜੋ ਦੂਸਰੀ ਸੜਕ ਹੈ, ਉਸ ਤੇ ਹੈਵੀ ਟਰੈਫਿਕ ਕਾਫੀ ਜ਼ਿਆਦਾ ਰਹਿੰਦਾ ਹੈ । ਕਿਉਂਕਿ ਤਲਵੰਡੀ ਚੌਧਰੀਆਂ ਵਿਚ ਮੰਡੀ ਹੈ, ਉਥੇ ਟਰੱਕ ਵਗੈਰਾ ਚਲਦੇ ਰਹਿੰਦੇ ਹਨ, ਉਸ ਦੀ ਹਾਲਤ ਮਾੜੀ ਹੈ । ਜਦੋਂ ਵੀ ਫੰਡਜ਼ ਉਪਲਬੱਧ ਹੋਣਗੇ, ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਅਤੇ ਇਸ ਨੂੰ ਠੀਕ ਕਰਾਂਗੇ ।

**ਡਾਕਟਰ ਉਪਿੰਦਰਜੀਤ ਕੌਰ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਇਸ ਗੱਲ ਨੂੰ ਯਕੀਨੀ ਬਣਾਉਣ ਕਿਉਂਕਿ ਇਹ ਇਲਾਕੇ ਦਾ ਸ਼ਾਹ ਰਾਹ ਹੈ । ਇਸ ਤੇ ਲੋਕਾਂ ਵਲੋਂ ਪੱਥਰ ਪਾ ਦਿੱਤੇ ਗਏ ਹਨ । ਪੰਚਾਇਤਾਂ ਵਾਲਿਆਂ ਨੇ ਆਪ ਹੀ ਪੈਸੇ ਖਰਚ ਕਰ ਕੇ ਇਸ ਨੂੰ ਠੀਕ ਕੀਤਾ ਹੈ । ਹੁਣ ਇਸ ਤੇ ਪੀ.ਸੀ. ਪਾਉਣ ਦੀ ਬਹੁਤ ਲੋੜ ਹੈ । ਮੈਂ ਪਿਛਲੀ ਵਾਰੀ ਵੀ ਸਪਲੀਮੈਂਟਰੀ ਰਾਹੀਂ ਕੁਐਸਚਨ ਰੇਜ਼ ਕੀਤਾ ਸੀ ਕਿ ਇਸ ਸੜਕ ਨੂੰ ਚੌੜਾ ਕਰਨ ਦੀ ਵੀ ਲੋੜ ਹੈ । ਇਹ ਸੜਕ ਟਿੱਬਾ ਮੰਡੀ ਅਤੇ ਤਲਵੰਡੀ ਚੌਧਰੀਆਂ ਮੰਡੀ ਨੂੰ ਆਪਸ ਵਿਚ ਜੋੜਦੀ ਹੈ । ਇਸ ਨੂੰ 18 ਫੁੱਟ ਚੌੜਾ ਕਰਨ ਦੀ ਲੋੜ ਹੈ । ਦੂਸਰਾ, ਇਹ ਕਾਰਜ ਕਦੋਂ ਤੱਕ ਮੁਕੰਮਲ ਕੀਤਾ ਜਾਵੇਗਾ, ਕੀ ਇਹ ਇਸ ਦਾ ਭਰੋਸਾ ਦਿਵਾਉਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਸੜਕ ਨੂੰ ਚੌੜਾ ਕਰਨ ਬਾਰੇ ਤਾਂ ਸਵਾਲ ਦੇ ਵਿਚ ਨਹੀਂ ਪੁੱਛਿਆ ਗਿਆ । ਲੇਕਿਨ ਜਿਹੜੀ ਸੜਕ ਹੈ, ਇਸ ਦੀ ਮੁਰੰਮਤ ਜ਼ਰੂਰ ਕਰਾਂਗੇ, ਜਦੋਂ ਵੀ ਫੰਡਜ਼ ਉਪਲਬੱਧ ਹੋ ਜਾਣਗੇ, ਕੋਸ਼ਿਸ਼ ਕਰਾਂਗੇ ਕਿ ਜਲਦੀ ਤੋਂ ਜਲਦੀ ਇਹ ਕੰਮ ਕਰੀਏ ।

---

## ਚੋਅ ਬੈੱਡ ਤੇ ਸਟੇਡੀਅਮ ਦੀ ਉਸਾਰੀ

*1304. **ਸ਼੍ਰੀ ਤਿਕਸ਼ਨ ਸੂਦ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਹਿਲਪੁਰ-ਗੜ੍ਹਸ਼ੰਕਰ ਸੜਕ ਤੇ ਟੂਟੋਮਾਜਾਰਾ ਵਿਖੇ ਕਿੰਗ ਐਡਵਰਟ ਪਬਲਿਕ ਸਕੂਲ ਵਲੋਂ ਕਿਨ੍ਹਾਂ ਸ਼ਰਤਾਂ ਤੇ ਚੋਅ ਬੈੱਡ ਉਤੇ ਸਟੇਡੀਅਮ ਬਣਾਇਆ ਗਿਆ ਹੈ ?

**ਸਰਦਾਰ ਲਾਲ ਸਿੰਘ** : ਕਿੰਗ ਐਡਵਰਟ ਪਬਲਿਕ ਸਕੂਲ, ਟੂਟੋਮਾਜਾਰਾ ਇੱਕ ਪ੍ਰਾਈਵੇਟ ਸੰਸਥਾ ਹੈ । ਉਸ ਵੱਲੋਂ ਆਪਣੀ ਨਿੱਜੀ ਮਾਲਕੀ ਜ਼ਮੀਨ ਜਿਹੜੀ ਕਿ ਚੋਅ ਬੈੱਡ ਉਤੇ ਪੈਂਦੀ ਹੈ, ਉਸ ਉਪਰ ਸਟੇਡੀਅਮ ਬਣਾਇਆ ਹੈ । ਮਹਿਕਮਾ ਡਰੇਨਜ਼ ਦੀ ਰਿਪੋਰਟ ਅਨੁਸਾਰ ਇਸ ਨਾਲ ਪਾਣੀ ਦੇ ਕੁਦਰਤੀ ਵਹਾਅ ਨੂੰ ਕੋਈ ਰੁਕਾਵਟ ਨਹੀਂ ਹੈ । ਇਸ ਦਾ ਗਰਾਮ ਪੰਚਾਇਤ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਕੋਈ ਸਬੰਧ ਨਹੀਂ ਹੈ ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਨੂੰ ਹਾਲੇ ਤੱਕ ਇਸ ਦਾ ਜਵਾਬ ਨਹੀਂ ਆਇਆ ।

**ਮਾਨਯੋਗ ਸਪੀਕਰ** : ਉਹ ਹੁਣ ਜਵਾਬ ਦੇ ਦੇਣਗੇ ।

**ਸ਼੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਿਸੇ ਹੋਰ ਇੰਡੀਪੈਂਡੈਂਟ ਏਜੰਸੀ ਤੋਂ ਇਨਕੁਆਇਰੀ ਕਰਵਾਉਣਗੇ ਕਿ ਜਿਹੜਾ ਸਟੇਡੀਅਮ ਬਣਿਆ ਹੈ, ਉਸ ਦੇ ਨਾਲ ਕੋਈ ਰੁਕਾਵਟ ਨਹੀਂ ਆਵੇਗੀ ? ਕੀ ਹੁਣੇ ਹੀ ਇਨਕੁਆਇਰੀ ਕੀਤੀ ਜਾਵੇਗੀ ?

**ਮਾਨਯੋਗ ਸਪੀਕਰ** : ਕੀ ਕੋਈ ਇਨਕੁਆਇਰੀ ਕਰਨ ਦੀ ਲੋੜ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਸ ਜ਼ਮੀਨ ਉਤੇ ਇਹ ਸਟੇਡੀਅਮ ਬਣਿਆ ਹੈ ਉਹ ਇਕ ਪ੍ਰਾਈਵੇਟ ਪ੍ਰਾਪਰਟੀ ਹੈ। ਇਸ ਸਬੰਧੀ ਨਾਰਦਰਨ ਇੰਡੀਆ ਕਨਾਲ ਐਂਡ ਡਰੇਨਜ਼ ਦੀ ਧਾਰਾ 55 ਅਧੀਨ ਨੋਟੀਫੀਕੇਸ਼ਨ ਨਹੀਂ ਕੀਤੀ ਹੋਈ। ਇਸ ਸਬੰਧੀ ਕਾਰਜਕਾਰੀ ਇੰਜੀਨੀਅਰ, ਵਿਕਾਸ ਮੰਡਲ ਵਲੋਂ ਦਿੱਤੀ ਗਈ ਰਿਪੋਰਟ ਮੌਕੇ ਤੇ ਜਾ ਕੇ ਦਿੱਤੀ ਗਈ ਹੈ ਅਤੇ ਦੱਸਿਆ ਗਿਆ ਹੈ ਕਿ ਪਾਣੀ ਦੇ ਵਹਿਣ ਵਿਚ ਕੋਈ ਰੁਕਾਵਟ ਨਹੀਂ ਹੈ। ਇਸ ਜ਼ਮੀਨ ਦਾ ਗਰਾਊਂਡ ਲੈਵਲ ਕੁਦਰਤੀ ਲੈਵਲ ਤੇ ਹੈ। ਡਰੇਨੇਜ਼ ਵਿਭਾਗ ਨੂੰ ਇਸ ਸਟੇਡੀਅਮ ਨੂੰ ਬਨਾਉਣ ਵਿਚ ਕੋਈ ਇਤਰਾਜ਼ ਨਹੀਂ ਹੈ।

ਸ਼੍ਰੀ ਤਿਕਸ਼ਨ ਸੂਦ : ਮਾਨਯੋਗ ਸਪੀਕਰ ਸਾਹਿਬ, ਇਹ ਸਟੇਡੀਅਮ ਚੋਅ ਬੈਡ ਤੇ ਬਣਾਇਆ ਗਿਆ ਹੈ। ਅਸਲ ਵਿਚ ਜੇਕਰ ਉਥੇ ਡਰੇਨਜ ਹੈ ਤਾਂ ਇਸ ਦੀ ਮੰਨਜ਼ੂਰੀ ਡਰੇਨਜ਼ ਵਿਭਾਗ ਤੋਂ ਇਸ ਸਟੇਡੀਅਮ ਨੂੰ ਬਨਾਉਣ ਤੋਂ ਪਹਿਲੇ ਕਿਉਂ ਨਹੀਂ ਲਈ ਗਈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਅਸਲ ਵਿਚ ਇਸ ਦੀ ਮੰਨਜ਼ੂਰੀ ਲੈਣ ਦੀ ਕੋਈ ਲੋੜ ਨਹੀਂ ਹੈ। ਇਹ ਸਟੇਡੀਅਮ ਇਕ ਪ੍ਰਾਈਵੇਟ ਪਰਾਪਰਟੀ ਤੇ ਬਣਿਆ ਹੋਇਆ ਹੈ। ਇਹ ਜ਼ਮੀਨ ਸਰਦਾਰ ਗੁਰਨਾਮ ਸਿੰਘ ਛੋਟੀ ਮਾਜਰਾ ਦੀ ਖਰੀਦ ਕੀਤੀ ਹੋਈ ਜ਼ਮੀਨ ਹੈ ਜਿਸ ਤੇ ਇਹ ਸਟੇਡੀਅਮ ਬਣਿਆ ਹੋਇਆ ਹੈ ਅਤੇ ਇਸ ਸਟੇਡੀਅਮ ਦੇ ਬਨਣ ਨਾਲ ਪਾਣੀ ਦੇ ਵਹਿਣ ਵਿਚ ਕੋਈ ਰੁਕਾਵਟ ਨਹੀਂ ਹੈ। ਇਸ ਗਰਾਊਂਡ ਦਾ ਲੈਵਲ ਵੀ ਠੀਕ ਹੈ ਅਤੇ ਇਸ ਨਾਲ ਕੋਈ ਨੁਕਸਾਨ ਨਹੀਂ ਹੈ।

ਸਰਦਾਰ ਸੁਖਪਾਲ ਸਿੰਘ : ਮਾਨਯੋਗ ਸਪੀਕਰ ਸਾਹਿਬ, ਇਹ ਚੋਅ ਬੈਡ ਤੇ ਸਟੇਡੀਅਮ ਬਣਿਆ ਹੋਇਆ ਹੈ ਅਤੇ ਪਾਣੀ ਦਾ ਵਹਿਣ ਠੀਕ ਨਹੀਂ ਹੋ ਰਿਹਾ। ਪਾਣੀ ਤਾਂ ਪੁੱਲ ਦੇ ਥਲਿਉਂ ਹੀ ਨਿਕਲਣਾ ਹੁੰਦਾ ਹੈ। ਕੀ ਸਰਕਾਰ ਪਾਣੀ ਦੇ ਨਿਕਲਣ ਦਾ ਰਸਤਾ ਦੇਣ ਲਈ ਤਿਆਰ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਪਾਣੀ ਦੇ ਨਿਕਲਣ ਵਿਚ ਕੋਈ ਰੁਕਾਵਟ ਨਹੀਂ ਹੈ ਅਤੇ ਇਸ ਜ਼ਮੀਨ ਦਾ ਗਰਾਉਂਡ ਲੈਵਲ ਬਿਲਕੁਲ ਠੀਕ ਹੈ। ਇਸ ਸਬੰਧੀ ਰਿਪੋਰਟ ਸਾਡੇ ਕੋਲ ਆ ਗਈ ਹੈ। ਜ਼ਮੀਨੀ ਲੈਵਲ ਵਿਚ ਕੋਈ ਫਰਕ ਨਹੀਂ ਹੈ।

ਸ਼੍ਰੀ ਤਿਕਸ਼ਨ ਸੂਦ : ਮਾਨਯੋਗ ਸਪੀਕਰ ਸਾਹਿਬ, ਇਹ ਰਿਪੋਰਟ ਕੁਝ ਇਨਫਲੂਐਂਸ਼ਲ ਬੰਦਿਆਂ ਨੇ ਕਹਿ ਕੇ ਬਣਵਾਈ ਹੈ। ਕੀ ਸਰਕਾਰ ਇਸ ਦੀ ਇਨਕੁਆਇਰੀ ਹਾਊਸ ਦੀ ਕਮੇਟੀ ਬਣਾ ਕੇ ਕਰਵਾਉਣ ਲਈ ਤਿਆਰ ਹੈ ਤਾਂਕਿ ਮੌਕੇ ਤੇ ਪਤਾ ਲਗ ਸਕੇ ਕਿ ਪਾਣੀ ਦੇ ਨਿਕਾਸ ਵਿਚ ਰੁਕਾਵਟ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਕਾਰਜਕਾਰੀ ਇੰਜੀਨੀਅਰ ਨੇ ਮੌਕੇ ਤੇ ਜਾ ਕੇ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ ਹੈ ਅਤੇ ਰਿਪੋਰਟ ਵਿਚ ਕਿਹਾ ਗਿਆ ਕਿ ਪਾਣੀ ਦੇ ਵਹਿਣ ਵਿਚ ਕੋਈ ਰੁਕਾਵਟ ਨਹੀਂ ਹੈ। ਇਸ ਦੇ ਨਾਲ ਕੋਈ ਨੁਕਸਾਨ ਨਹੀਂ ਹੈ ਅਤੇ ਗਰਾਊਂਡ ਲੈਵਲ ਬਿਲਕੁਲ ਠੀਕ ਹੈ। ਜੇਕਰ ਕੋਈ ਰੁਕਾਵਟ ਆਵੇਗੀ ਤਾਂ ਇਸ ਦੀ ਦੁਬਾਰਾ ਇਨਕੁਆਇਰੀ ਕਰਵਾ ਲਵਾਂਗੇ।

**ਸਰਦਾਰ ਸੋਹਨ ਸਿੰਘ ਠੰਡਲ** : ਮਾਨਯੋਗ ਸਪੀਕਰ ਸਾਹਿਬ, ਇਸ ਸਟੇਡੀਅਮ ਬਾਰੇ ਮੈਂ ਜਾਨਣਾ ਚਾਹੁੰਦਾ ਹਾਂ ਕਿ ਇਸ ਦਾ ਉਦਘਾਟਨ ਕਿਸ ਮੰਤਰੀ ਨੇ ਕੀਤਾ ਸੀ ਅਤੇ ਇਸ ਸਟੇਡੀਅਮ ਵਿਚ ਸਕੂਲ ਦੀ ਜ਼ਮੀਨ ਕਿੰਨੀ ਹੈ ਅਤੇ ਕਿੰਨੀ ਜ਼ਮੀਨ ਪੰਚਾਇਤ ਦੀ ਹੈ ?

**MR. SPEAKER** : No need to reply. ਇਸ ਵਿਚ ਕੋਈ ਗੱਲ ਨਹੀਂ । ਇਹ ਪ੍ਰਾਈਵੇਟ ਸਕੂਲ ਦੀ ਜ਼ਮੀਨ ਹੈ ।

---

## ਸਿੰਜਾਈ ਲਈ ਪਾਣੀ ਦੀ ਅੰਤ (ਟੇਲ) ਤੱਕ ਸਪਲਾਈ

*1309. **ਸਰਦਾਰ ਸੁਖਪਾਲ ਸਿੰਘ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਛਾਂਗਾ ਮਾਈਨਰ ਦੇ ਅੰਤ (ਟੇਲ) ਤੱਕ ਸਿੰਜਾਈ ਲਈ ਪਾਣੀ ਦੀ ਸਪਲਾਈ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਲਾਲ ਸਿੰਘ** : ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪੈਂਦੀ ਛਾਂਗਾ ਮਾਈਨਰ ਦੀਆਂ ਟੇਲਾਂ ਤੇ ਨਿਰਧਾਰਤ ਨਹਿਰੀ ਪਾਣੀ ਪਹੁੰਚਾਉਣ ਲਈ ਇਸ ਮਾਈਨਰ ਵਿੱਚੋਂ ਭੱਲ ਕੱਢਣ ਦੇ ਕੰਮ ਦੀ ਇੱਕ ਤਜਵੀਜ ਸਿੰਚਾਈ ਵਿਭਾਗ ਦੇ ਵਿਚਾਰ ਅਧੀਨ ਹੈ । ਇਸ ਮਾਈਨਰ ਦਾ ਭੱਲ ਕੱਢਣ ਦਾ ਕੰਮ ਰੱਖ-ਰੱਖਾਵ ਫੰਡਾਂ ਦੀ ਪ੍ਰਾਪਤੀ ਅਨੁਸਾਰ ਕਰਵਾ ਦਿੱਤਾ ਜਾਵੇਗਾ ।

**ਸਰਦਾਰ ਸੁਖਪਾਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਜੂਨ, 2004 ਤੋਂ ਅਕਤੂਬਰ, 2004 ਤੱਕ ਇਸ ਮਾਈਨਰ ਵਿਚੋਂ ਲੋਕਾਂ ਨੂੰ ਖੇਤੀਬਾੜੀ ਵਾਸਤੇ ਪਾਣੀ ਦਿੱਤਾ ਗਿਆ ਸੀ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਸ ਵਿਚੋਂ ਭੱਲ ਨੂੰ ਕੱਢਣ ਵਾਸਤੇ ਸਰਕਾਰ ਦੇ ਤਿੰਨ ਲੱਖ ਰੁਪਏ ਖਰਚ ਆਏ ਹਨ । 2003 ਵਿਚ ਇਸ ਭੱਲ ਤੇ ਇਕ ਲੱਖ 51 ਹਜ਼ਾਰ ਰੁਪਿਆ ਖਰਚ ਕੀਤਾ ਗਿਆ ਸੀ । ਹੁਣ ਸਰਕਾਰ ਨੇ ਇਸ ਵਿਚੋਂ ਭੱਲ ਕੱਢਣ ਵਾਸਤੇ ਅਤੇ ਇਸ ਦੀ ਸਾਫ ਸਫਾਈ ਵਾਸਤੇ 5.50 ਕਰੋੜ ਰੁਪਿਆ ਰਖਿਆ ਹੈ ।

**ਸਰਦਾਰ ਸੁਖਪਾਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਭੱਲ ਦੀ ਸਫ਼ਾਈ ਕਰਨੀ ਹੈ । ਮੇਰਾ ਸਵਾਲ ਹੈ ਕਿ ਕੀ ਅਖੀਰਲੀ ਟੇਲ ਤੱਕ ਅਕਤੂਬਰ, 2004 ਤੱਕ ਪਾਣੀ ਪਹੁੰਚਿਆ ਸੀ ?

**ਮਾਨਯੋਗ ਸਪੀਕਰ** : ਇਹ ਕਹਿੰਦੇ ਹਨ ਕਿ ਕਰ ਦਿੱਤਾ ਜਾਵੇਗਾ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਸ ਵਕਤ ਇਸ ਦੇ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ। ਮੈਂ ਇਨ੍ਹਾਂ ਨੂੰ ਪਤਾ ਕਰਕੇ ਦੱਸ ਦੇਵਾਂਗਾ।

ਮਾਨਯੋਗ ਸਪੀਕਰ : ਅਗਲਾ ਕੁਐਸਚਨ। ਸਰਦਾਰ ਮਨਪ੍ਰੀਤ ਸਿੰਘ ਬਾਦਲ।

———

## Repair of Phillaur-Nawanshahar Road

***1142. Sardar Inder Iqbal Singh Atwal (Put by Sardar Manpreet Singh Badal) :** Will the Public Works (B&R) Minister be pleased to state whether any steps are being taken by the State Government to repair the Phillaur-Nawanshahar road; if so, the details thereof ?

**Sardar Partap Singh Bajwa :** Yes please. The repair of this road is in progress and likely to be completed by 30.11.2005.

ਸਰਦਾਰ ਮਨਪ੍ਰੀਤ ਸਿੰਘ ਬਾਦਲ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦੀ ਬੜੀ ਅਹਿਮ ਸੜਕ ਹੈ। ਇਸ ਤੇ ਟ੍ਰੈਫਿਕ ਡੈਂਸਿਟੀ ਵੀ ਬਹੁਤ ਜ਼ਿਆਦਾ ਹੈ। ਇਹ ਕਹਿ ਰਹੇ ਹਨ ਕਿ ਨਵੰਬਰ ਤੱਕ ਇਸ ਦੀ ਰਿਪੇਅਰ ਹੋ ਜਾਵੇਗੀ। It needs to be widened. ਕੀ ਇਸ ਤੇ ਟ੍ਰੈਫਿਕ ਦੀ ਡੈਂਸਿਟੀ ਨੂੰ ਦੇਖਦੇ ਹੋਏ ਇਸ ਦੀ ਵਾਇਡਨਿੰਗ ਦੀ ਵੀ ਕੋਈ ਪ੍ਰੋਪੋਜ਼ਲ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਸ ਬਾਰੇ ਕਾਫੀ ਦੇਰ ਤੋਂ ਆਲਰੇਡੀ ਟੈਂਡਰਜ਼ ਤੇ ਕੰਮ ਚਲ ਰਿਹਾ ਹੈ। ਜਿਥੇ ਵਾਇਡਨਿੰਗ ਦੀ ਲੋੜ ਸੀ, ਕੀਤੀ ਗਈ ਹੈ। ਇਸ ਦਾ ਫਿਲੌਰ ਸ਼ਹਿਰ ਦੇ ਵਿਚ ਦਾ ਪੋਰਸ਼ਨ ਵਾਈਡਨ ਕੀਤਾ ਗਿਆ ਹੈ।

ਮਾਨਯੋਗ ਸਪੀਕਰ : ਕੀ ਕੋਈ ਵਾਈਡਨ ਕਰਨ ਦੀ ਪਰੋਪੋਜ਼ਲ ਹੈ ?

ਮੰਤਰੀ : ਨਹੀਂ ਜੀ।

ਮਾਨਯੋਗ ਸਪੀਕਰ : ਅਗਲਾ ਸਵਾਲ। ਸਰਦਾਰ ਗੋਬਿੰਦ ਸਿੰਘ ਲੌਂਗੋਵਾਲ।

———

## REPAIR OF BRIDGE ON KOTLA BRANCH CANAL

*1277. **Sardar Gobind Singh Longowal** : Will the Public Works (B&R) Minister be pleased to state whether there is any proposal under consideration of the Government to repair the present bridge or construct a new bridge in place of the old one on Kotla Branch Canal near village Kubbe in Sangrur District in view of the danger posed to the traffic by the old bridge which is In dilapidated conditions ; if so, the time by which it is likely to be done ?

**Sardar Partap Singh Bajwa** : There is no proposal under consideration to construct a new bridge in place of old one on Kotla Branch Canal near village Kubbe. However, the repair of the existing bridge is likely to be completed by 30.6.2005.

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਮੁਰੰਮਤ ਤੇ ਕਿੰਨੇ ਪੈਸੇ ਖਰਚ ਕੀਤੇ ਜਾਣਗੇ ?

**ਮਾਨਯੋਗ ਸਪੀਕਰ** : ਹਾਂ ਜੀ, ਰਿਪੇਅਰ ਦਾ ਕੋਈ ਐਸਟੀਮੇਟ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਸ ਸਮੇਂ ਮੈਨੂੰ ਐਸਟੀਮੇਟ ਦਾ ਐਗਜ਼ੈਕਟ ਪਤਾ ਨਹੀਂ ਹੈ । ਇਹ ਰਿਪੇਅਰ ਜ਼ਰੂਰ ਕੀਤੀ ਜਾਵੇਗੀ । ਬਾਕੀ ਜੋ ਵੀ ਇਨਫਰਮੇਸ਼ਨ ਹੈ, ਮੈਂ ਦੱਸ ਦੇਵਾਂਗਾ ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਮਾਨਯੋਗ ਸਪੀਕਰ ਸਾਹਿਬ, ਇਹ ਜੋ ਪੁੱਲ ਹੈ, ਕਾਫੀ ਪਿੰਡਾਂ ਦਾ ਮੇਨ ਰਸਤਾ ਹੈ । ਇਸ ਦੇ ਉਤੋਂ ਦੀ ਬਹੁਤ ਗੱਡੀਆਂ, ਬੱਸਾਂ ਜਾਂਦੀਆਂ ਹਨ । ਜਦੋਂ ਵੀ ਪੁੱਲ ਦੇ ਉਤੋਂ ਦੀ ਵਾਹਨ ਲੰਘਦਾ ਹੈ, ਸਾਰਾ ਪੁੱਲ ਹਿੱਲਦਾ ਹੈ । ਇਸ ਦੀ ਹਾਲਤ ਬੜੀ ਖਸਤਾ ਹੈ ਤੇ ਕਿਸੇ ਵੇਲੇ ਵੀ ਕੋਈ ਦੁਰਘਟਨਾ ਵਾਪਰ ਸਕਦੀ ਹੈ । ਮੈਂ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਇਸ ਦੀ ਹਾਲਤ ਆਪ ਜਾ ਕੇ ਦੇਖ ਸਕਦੇ ਹਨ ......

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ਕਿ ਮੰਤਰੀ ਜੀ, ਆਪ ਜਾਉਗੇ ਕਿ ਨਹੀਂ ?

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਪੁੱਲ ਨੂੰ ਨਵਾਂ ਬਣਾਉਣ ਦੀ ਪਰੋਪੋਜ਼ਲ ਛੇਤੀ ਲਿਆਉਣਗੇ ? ਕੀ ਇਹ ਨਵਾਂ ਪੁੱਲ ਬਣਾਉਣਾ ਟਾਈਮ ਬਾਊਂਡ ਕਰਨਗੇ ?

**ਮਾਨਯੋਗ ਸਪੀਕਰ** : ਹਾਂ ਜੀ, ਇਸ ਨੂੰ ਨਵਾ ਬਣਾਉਣ ਦੀ ਕੋਈ ਗੱਲ ਹੈ ?

**ਮੰਤਰੀ** : ਸਪੀਕਰ ਸਾਹਿਬ, ਅਜੇ ਐਸੀ ਕੋਈ ਪਰੋਪੋਜ਼ਲ ਨਹੀਂ ਹੈ। ਚੀਫ ਇੰਜੀਨੀਅਰ ਖੁਦ ਮੌਕੇ ਤੇ ਜਾ ਕੇ ਆਏ ਸੀ। ਉਨ੍ਹਾਂ ਨੇ ਦੱਸਿਆ ਹੈ ਕਿ ਇਸ ਦੀ ਕੰਡੀਸ਼ਨ ਠੀਕ ਹੈ। ਪੁੱਲ ਦੀਆਂ ਸਾਈਡਜ ਠੀਕ ਹੋਣ ਵਾਲੀਆਂ ਹਨ। ਉਹ ਜਲਦੀ ਤੋਂ ਜ਼ਲਦੀ ਕਰਵਾ ਦੇਵਾਂਗੇ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਮਾਨਯੋਗ ਸਪੀਕਰ ਸਾਹਿਬ, ਇਸ ਪੁੱਲ ਦੀ ਕੰਡੀਸ਼ਨ ਬਹੁਤ ਮਾੜੀ ਹੈ ......

**ਮਾਨਯੋਗ ਸਪੀਕਰ** : ਇਹ ਗੱਲ ਹੋ ਗਈ ਹੈ। ਇਨ੍ਹਾਂ ਨੇ ਐਸ਼ਿਓਰ ਕੀਤਾ ਹੈ repair only, no new bridge. Next questions. ਸਰਦਾਰ ਜੀਤਮਹਿੰਦਰ ਸਿੰਘ ਸਿੱਧੂ।

---

## VACANT POSTS IN HOSPITALS OF TALWANDI SABO SUB-DIVISION

* 1114 **Sardar Jeetmohinder Singh Sidhu** : Will the Health and Family Welfare Minister be pleased to State the number of Hospitals in Sub-Division Talwandi Sabo wherein the posts of Doctors, Nurses, Pharmacists, Compounders are lying vacant and the dates since which such posts have been lying vacant togetherwith the time by which these posts are likely to be filled up ?

**Shri Romesh Chander Dogra** : The requisite information is place d on the Table of the House.

In Sub Division Talwandi Sabo, following are the details of the the posts of Doctors, Nurses, Pharmacists and Compounders lying vacant in the following hospitals.

**1. Sub Divisional Hospital Talwandi Sabo :**

| Sr. No. | Name of Post | No. of Vacant Posts | Date from which post is vacant |
|---|---|---|---|
| 1. | Medical Officer | 5 | 26-06-03 |
| | | | 25-08-03 |
| | | | 03-07-04 |
| | | | 22-09-04 |
| | | | 31-01-05 |

[Shri Romesh Chander Dogra]

| Sr. No. | Name of Post | No. of Vacant Posts | Date from which post is Vacant |
|---|---|---|---|
| 2. | Nursing Sister | 1 | 31-05-04 |
| 3. | Staff Nurse | 5 | 17-06-97<br>17-06-97<br>24-07-98<br>03-05-99<br>05-07-01 |
| 4. | Pharmacist/ Compounder | — | — |
| 2. | **Community Health Centre, Maur** | | |
| 1. | Medical Officer | 2 | 30-07-01<br>08-12-95 |
| 2. | Nursing Sister | 1 | 31-03-04 |
| 3. | Staff Nurse | 3 | All from 20-10-97 |
| 4. | Pharmacist | — | — |

3. **Community Health Centre, Raman**

| Sr. No. | Name of Post | No. of Vacant posts | Date from which Post is vacant |
|---|---|---|---|
| 1. | Medical Officer | 3 | 30-11-97<br>24-04-99<br>09-02-01 |
| 2. | Nursing Sister | — | — |
| 3. | Staff Nurse | — | — |
| 4. | Pharmacist/ Compounder | — | — |

There is ban on new recruitments in the State. Efforts are being made to fill up these vacant posts as per laid down procedure as early as possible,

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ, ਸਾਹਿਬ ਮੇਰੇ ਕੋਲ ਜਵਾਬ ਆਇਆ ਹੈ। ਇਸ ਦੇ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਤਲਵੰਡੀ ਸਾਬੋ, ਮੌੜ ਅਤੇ ਰਾਮਾ ਵਿਚ ਮੈਡੀਕਲ ਆਫਿਸਰਜ਼, ਨਰਸਿੰਗ ਸਿਸਟਰਜ਼ ਅਤੇ ਸਟਾਫ ਨਰਸਿਜ਼ ਦੀਆਂ ਪੋਸਟਾਂ ਖਾਲੀ ਪਈਆਂ ਹਨ। ਕਈ ਪੋਸਟਾਂ ਇਹੋ ਜਿਹੀਆਂ ਹਨ ......

**ਮਾਨਯੋਗ ਸਪੀਕਰ** : ਸਵਾਲ ਕਰੋ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਹਾਂ ਜੀ। ਸਵਾਲ ਪੁੱਛ ਰਿਹਾ ਹਾਂ। ਇਹ ਪੋਸਟਾਂ 1997 ਤੋਂ ਖਾਲੀ ਪਈਆਂ ਹਨ। ਇਨ੍ਹਾਂ ਨੇ ਦੱਸਿਆ ਹੈ ਕਿ there is ban on the recruitment.

**ਮਾਨਯੋਗ ਸਪੀਕਰ** : ਤੁਸੀਂ ਜਵਾਬ ਨਾ ਪੜ੍ਹੋ। ਤੁਸੀਂ ਪੁੱਛੋ ਕਿ ਕੀ ਬੈਨ ਦੇ ਬਾਵਜੂਦ ਵੀ ਭਰਤੀ ਕਰੋਗੇ ?

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੋਸਟਾਂ ਖਾਲੀ ਪਈਆਂ ਹਨ, ਉਹ ਕਦੋਂ ਤੱਕ ਭਰਨਗੇ ਕਿਉਂਕਿ ਇਹ ਲੋਕਾਂ ਦੀ ਸਿਹਤ ਦਾ ਮਾਮਲਾ ਹੈ। ਕੀ ਕੋਈ ਇਹੋ ਜਿਹੀ ਸਰਕਾਰ ਦੀ ਸਕੀਮ ਹੈ ਕਿ ਜਦੋਂ ਤੱਕ ਰਿਕਰੂਟਮੈਂਟ ਨਹੀਂ ਖੁੱਲ੍ਹਦੀ, ਇਹ ਸਟਾਫ ਨੂੰ ਡੈਪੂਟੇਸ਼ਨ ਜਾਂ ਕਾਂਟਰੈਕਟ ਤੇ ਰੱਖਣਗੇ ?

**Minister** : It has already been said and once again I repeat that there is a ban on new recruitments in the State. Efforts are however, being made to fill the vacant posts as per laid down procedure as early as possible, Sir.

**ਮਾਨਯੋਗ ਸਪੀਕਰ** : ਉਨ੍ਹਾਂ ਦੇ ਸਵਾਲ ਦਾ ਜਵਾਬ ਨਹੀਂ ਆਇਆ। ਉਨ੍ਹਾਂ ਦਾ ਸਵਾਲ ਹੈ ਕਿ ਭਰਤੀ ਤੇ ਬੈਨ ਹੋਣ ਦੇ ਬਾਵਜੂਦ ਇਹ ਵੇਕੈਂਸੀਜ਼ ਫਿਲ ਅਪ ਕਰਨ ਦਾ ਕੋਈ ਅਰੇਂਜਮੈਂਟ ਕਰਨਗੇ ?

**Minister** : In Punjab, we are already making arrangements by internal adjustments and you will be astonished that inspite of the fact that there are five vacant posts at SDH, Talwandi Sabo, all the five posts have been filled by internal adjustments.

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ to fill up these vacant posts as per the laid down procedure. What is the laid down procedure being followed by the Government ਜਿਸ ਨਾਲ ਇਹ ਪੋਸਟਾਂ ਭਰਨਗੇ ?

**Minister** : Sir, this procedure, I have already told. The procedure is, Sir, that two Committees have been formed. One Committee is headed by the Chief Secretary and the Second Committee is headed by the Hon'ble Finance Miniter. The first committee has cleared our case of the posts lying vacant. Now, it is lying with the Second Committee which is headed by the Hon'ble Finance Minister. As soon as the recommendation is cleared we will go to the Cabinet to fill up the posts, Sir.

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਜਿਹੜੇ ਮਰੀਜ਼ਾਂ ਨੂੰ ਇਮੀਜੀਏਟ ਮੈਡੀਕਲ ਏਡ ਦੀ ਲੋੜ ਹੈ, ਉਹ ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਦੀ ਵੇਟ ਨਹੀਂ ਕਰ ਸਕਦੇ। ਲੋੜੀਂਦੇ ਸਟਾਫ ਦੀ ਘਾਟ ਹੋਣ ਕਰਕੇ ਬਹੁਤ ਸਾਰੇ ਮਰੀਜ਼ ਮਰ ਵੀ ਗਏ ਹੋਣਗੇ। ਲੋਕਾਂ ਨੂੰ ਚੰਗੀ ਸਿਹਤ ਪ੍ਰੋਵਾਈਡ ਕਰਨਾ ਸਰਕਾਰ ਦੀ ਇਮੀਜ਼ੀਏਟ ਡਿਊਟੀ ਹੈ। ਤਿੰਨ ਸਾਲਾਂ ਤੋਂ ਇਹ ਟਾਲਮਟੋਲ ਕਰ ਰਹੇ ਹਨ......

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ, ਸਪੀਚ ਨਾ ਕਰੋ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਜਿਹੜੇ ਮਰੀਜ ਮਰ ਰਹੇ ਹਨ, ਉਨ੍ਹਾਂ ਨੂੰ ਇਮੀਜੀਏਟ ਮੈਡੀਕਲ ਏਡ ਦੇਣਾ ਸਰਕਾਰ ਦੀ ਪਹਿਲੀ ਜ਼ਿੰਮੇਵਾਰੀ ਹੈ। ਕੀ ਮੰਤਰੀ ਜੀ ਸਪੈਸੀਫਾਈ ਕਰਨਗੇ ਕਿ ਡਾਕਟਰ ਜਾਂ ਹੋਰ ਲੋੜੀਂਦਾ ਸਟਾਫ ਪ੍ਰੋਵਾਈਡ ਕੀਤਾ ਜਾਵੇਗਾ? ਮੀਟਿੰਗਾਂ ਨਾਲ ਜਾਂ ਪ੍ਰੋਪੋਜ਼ਲਾਂ ਨਾਲ ਸਾਡੀ ਤਸੱਲੀ ਨਹੀਂ ਹੈ। ਮੰਤਰੀ ਜੀ ਇਸ ਦੇ ਵਾਸਤੇ ਟਾਈਮ ਲਿਮਿਟ ਦੱਸਣ ਕਿ ਕਦੋਂ ਤਕ ਇਹ ਭਰਤੀ ਕਰਨਗੇ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਮੈਂਬਰ ਸਾਹਿਬ ਨੂੰ ਦੱਸਣਾ ਵੀ ਚਾਹੁੰਦਾ ਹਾਂ ਕਿ Government is very seriously concerned about it, We are more concerned than our brothers sitting there about the health of the people...(interruption) Please let me reply. ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣਾ ਸਾਡੀ ਡਿਊਟੀ ਹੈ, ਸਾਡੀ ਰਿਸਪਾਂਸੀਬਿਲਟੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਜਿਨ੍ਹਾਂ ਹਸਪਤਾਲਾਂ ਵਿਚ ਡਾਕਟਰ ਦੀ ਘਾਟ ਸੀ, ਉਥੇ ਵੀ ਅਸੀ ਇੰਟਰਨਲ ਐਡਜਸਟਮੈਂਟ ਕਰਕੇ ਡਾਕਟਰ ਲਗਾ ਦਿੱਤੇ ਹਨ। Sir, we are very serious. It is our responsibility. It is our duty also and people are really being treated and looked after by the government and the Health Department very well.

**ਸਰਦਾਰ ਰਣਦੀਪ ਸਿੰਘ ਨਾਭਾ** : The entire House is astonished. He himself has quoted in this House that there are 1354 vacancies. The doctor has performed the operation but the patient unfortunately died .. ਜਵਾਬ ਇਨ੍ਹਾਂ ਨੇ ਉਹੀ ਦਿੱਤਾ ਹੈ। ਮੈਂ ਤਾਂ ਇੰਨੀ ਕੁ ਬੇਨਤੀ ਕਰਨੀ ਚਾਹੁੰਦਾ ਹਾਂ ਕਿ ......

ਮਾਨਯੋਗ ਸਪੀਕਰ : ਤੁਸੀਂ ਸਪੈਸੀਫਿਕ ਸਵਾਲ ਕਰੋ ।

ਸਰਦਾਰ ਰਣਦੀਪ ਸਿੰਘ ਨਾਭਾ : ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਵੈਕੇਂਸੀਜ਼ ਕਦੋਂ ਤੱਕ ਫਿਲ ਅਪ ਕਰ ਦੇਣਗੇ ? ਜਿਨ੍ਹਾਂ ਲੋਕਾਂ ਦੀ ਅਸੀਂ ਨੁਮਾਇੰਦਗੀ ਕਰਦੇ ਹਾਂ, ਜੇ ਉਨ੍ਹਾਂ ਦੇ ਹਿਤਾਂ ਦੀ ਅਸੀਂ ਰਾਖੀ ਨਹੀਂ ਕਰ ਸਕਦੇ ਤਾਂ ਫਿਰ ਸਾਡੀ ਹੋਰ ਕੀ ਜ਼ਿੰਮੇਵਾਰੀ ਹੈ ?

**MR. SPEAKER** : Any time bound programme ?

**Minister** : As early as possible, Sir.

**Sardar Bir Devinder Singh** : What personal initiative he has taken to clinch the issue with the Finance Minister in the past three years ? What is his personal initiative ?

**MR SPEAKER** : About personal initiative.

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਗੱਲ 3 ਸਾਲਾਂ ਦੀ ਨਹੀਂ ਹੈ । ਗੱਲ ਇਹ ਹੈ ਕਿ ਪਹਿਲਾਂ ਭਰਤੀ ਤੇ ਬੈਨ ਲੱਗੀ ਹੋਈ ਸੀ । ਫਿਰ ਸੀ. ਐਮ. ਸਾਹਿਬ ਨੇ, ਗੌਰਮਿੰਟ ਨੇ ਡਿਸਾਈਡ ਕਰ ਲਿਆ ਕਿ ਭਰਤੀ ਕਰਨੀ ਹੈ ਅਤੇ ਉਸ ਦੇ ਵਾਸਤੇ ਅਸੀਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ । ਇਕ ਮੀਟਿੰਗ ਹੋ ਚੁੱਕੀ ਹੈ । ਜੋ ਵੀ ਫੈਸਲਾ ਹੋਵੇਗਾ, ਉਹ ਕੈਬਨਿਟ ਨੂੰ ਕਨਵੇਅ ਕਰ ਦਿੱਤਾ ਜਾਵੇਗਾ । It is a matter of hardly two or three months when the case came to me. I approached the Finance Minister again but the Session has come but after the Session I will approach him again.

---

**Restoration of Non-Practising Allowance of Doctors**

*1239. **Shri Jugal Kishore Sharma** : Will the Health and Family Welfare Minister be pleased to state whether the Committee constituted for consideration of restoration of Non-Practising Allowance to Doctors in the State has submitted its Report to the Government ; if so, a copy thereof be laid on the Table of the House ?

**Shri Romesh Chander Dogra** : Yes Sir,

A copy of the report dated Nil of the High Level Expert Committee and a copy of the proceedings of the meeting of the Sub Committee on N.P.A. held on 11.02.2004 is placed on the Table of the House.

---

[Health & Family Welfare Minister]

Subject:—REPORT OF THE HIGH LEVEL EXPERT COMMITTEE CONSTITUTED TO LOOK INTO THE ISSUE OF NON-PRACTISING ALLOWANCE (NPA.)

—

Background :

Punjab Government Department of Health and Family Welfare constituted a High Level Expert Committee vide Notification No. 1/4/2003-5HB 7/16898, dated 15.8.2003 to look into the issue of Non-Practising Allowance in the context of ensuring effective delivery of health services, particularly in the rural areas, in a cost effective manner, claiming private practice and curbing absenteeism. The Committee comprised of the following members :—

1. Sh. R. C. Dogra, Health & Family Welfare Minister, Punjab.
2. Sh. Santokh Singh Chaudhary, Medical Education and Research Minister, Punjab.
3. Sh. Ramesh Dutt Sharma, Minister of State for Grievances, Punjab.
4. Sh. C. D. Singh Kamboj, Chairman, Punjab Health System Corporation.
5. Sh. Satish Chandra, Secretary to Government of Punjab, Department of Medical Education & Research.
6. Dr. D.P.S. Sandhu, Director, Health Services, Punjab.
7. Dr. Vijay Kumar Sharma, Director, Research and Medical Education, Punjab.
8. Representative of Advocate General Punjab.
9. Sh. D.S. Jaspal, IAS, Principal Secretary to Government, Punjab, Department of Health & Family Welfare Member Secretary.

The Committee was given two weeks time to submit its report.

**Meetings of the Committee.**

The Committee held its first meeting on 19.08.2003. It considered various issues involved and was unanimous in the view that the issue of N.P.A. requires to be considered in the wider context of delivery of health services to the masses in an efficient and effective manner at affordable rates. It was felt that there are different categories of stake holders in this issue besides the State Government. Prominent among these interested groups were identified as the health services providers and users of these services. It was felt that their views were relevant and necessary before the committee could formulate its recommendations in a considered manner. The Committee, therefore, decided to invite suggestions in writing from PCMS Association (s), I.M.A. Punjab branch and any other organisation/expert considered necessary.

The Committee invited suggestions in writing from PCMS associations and IMA Punjab branch. The Committee held its second meeting held on 22.08.2003. written suggestions from the following associations were received.

1. PCMS association headed by Dr. D.S. Gill.
2. PCMS association headed by Dr. Hardeep Singh.
3. PG Doctors association headed by Dr. Bhupinder Singh.
4. IMA Punjab branch (in service doctors association).
5. Medical/Dental teachers association.

The office bearers of these associations were also present and requested for permission to present their view point in person to the committee. Five members of each of these associations were allowed to present their view point. The Committee heard the office bearers of the above five associations and also received their written suggestions.

Summary of discussions with Association representatives :—

i) A significant number of doctors support the government proposal of private practice and abolition of NPA. In fact, the younger age group doctors, and particularly specialists, were entirely in favour of abolition of NPA in lieu of private practice. However, non specialist doctors and other doctors who had put in more than 15 years, were reluctant to opt for private practice.

[Health & Family Welfare Minister]

ii) Regarding NPA, there was divergence of views among the associations. The association headed by Dr. D.S. Gill was in favour of continuation of NPA. The association headed by Dr. Hardeep Singh wanted the option of private practice for doctors who wished to do so without depriving them of NPA. On the other hand the post graduate doctors association headed by Dr. Bhupinder Singh favoured the government stand of abolition of NPA and allowing private practice to doctors. The association claimed that they represented 30 percent of the medical doctors. The IMA Punjab branch (in service doctors association) also favoured private practice without NPA. The medical/dental teachers association representing the teaching faculty in the medical colleges out rightly rejected the idea of private practice and cited Medical Council of India guidelines in this context.

iii) The doctors association representatives all Confirmed that absenteeism and private practice were prevalent and that this had adversely affected the delivery of health services, especially in the rural areas. The association representatives reiterated that they had no sympathy for those elements who violated professional ethics and stringent action should be taken against them.

iv) The proliferation and multiplicity of several health institutions, particularly at the micro level in the rural areas coupled with inadequate staff and resources and poor supervisory administrative controls has resulted in lack of optimal utilization of resources and assets of the state.

v) The association representatives emphasized that there was need to go deeper into the underlying causes of these and other aberrations in the working of the health department. One of the associations also submitted a paper giving suggestions as to how absenteeism and private practice can be checked.

**History of NPA & Financial implications ;**

The Committee examined the whole matter in detail and noted that NPA in Punjab was introduced in the year, 1958 and

it was allowed to the PCM II doctors serving in rural areas @ Rs. 100/- per month and was optional.

The NPA was allowed to PCMS-I doctors serving in the urban areas/hospitals.

In 1968, NPA was revised to 33% of the pay for incumbents having 10 years of service and 50% of pay for those with more than 10 years service.

In 1972, the concept of Pay Clinics was introduced for PCMS I doctors not receiving NPA. In the Pay Clinics concept, Doctors were allowed to see the patients privately after the duty hours within the hospital premises at higher fixed rates. The fee was to be divided between the doctors, government, para-medical staff in the ratio of 50:40:10. In 1975, the pay clinics scheme was withdrawn as there was limited revenue generation & quality of health care delivery and services to public was adversely affected.

In 1988, NPA was introduced for all doctors. However, NPA rates were slashed and granted on the basis of the slab of Rs. 600-Rs. 750-Rs. 900 Linked with the pay scales i. e. Rs. 2200-4000, Rs. 3000-4500; and Rs. 3700-5300.

From 1.9.97, based on the recommendations of the 4th Pay Commission of Punjab, NPA was allowed at the rate of 25% of the basic pay subject to the condition that pay plus NPA should not exceed Rs. 25,500/-.

The genesis of the present situation in which NPA was abolished and private practice was permitted, lies in the wide spread dissatisfaction of the users, There has been a rising crescendo of public criticism about the poor delivery of health services, absenteeism of doctors and the prevalence of private practice.

**RECOMMENDATIONS :**

i) In view of the fact that a significant number of doctors appears to be in favour of the government decision to abolish the NPA and introduce private practice, the Committee is of the considered view that a two tier package option may be introduced to reconcile the diverse, and at times conflicting, interests of the medical profession with the

[Health & Family Welfare Minister]

requirements of an efficient and effective health delivery system that makes optimal utilization of the health infrastructure and assets of the State.

a) **Package I** : Option of NPA without private practice

b) **Package II** : Option of private practice without NPA.

The Committee however recommends that the modalities and implementation plan of the options may be worked out after careful consideration and consultation not only with medical but also management experts. For this I propose a period of atleast 2 months would be required. Keeping in view the fact that there are a large number of doctors and health institutions.

ii) Preparation of the blue print of the whole plan & its testing before actual implementation is a big task. The Committee, therefore, recommends that order issued by Finance Department vide No. 2/5/98-1FP/6226, dated 22 July, 2003 may be held in abeyance till a comprehensive & workable organizational and financial restructuring plan is ready to meet the objective.

iii) The Committee should also examine the issue of organizational and administrative restructuring of various health institutions with a view to optimize utilization health insfrasturucture and assets.

iv) A system of accountability should be introduced at all the levels starting with SMOs and Civil Surgeons who should be held personally accountable for any absenteeism private practice or other malpractice within their jurisdiction. The committee recommends that government should take stringent action against those indulging in malpractice and defying government instructions.

Sd/-
(R.C. DOGRA)
Health & Family Welfare
Minister-cum-Chairman
High Level Expert
Committee.

Sd/-
(D.S. Jaspal)
Principal Secretary, Health & F.W.
cum Member Secretary High Level
Expert Committee.

Sd/-

(Santokh Singh Chaudhary)

Medical Education & Research Minister-cum-Member.

Sd/-

(Satish Chandra)

Secretary, Medical Education & Research-cum-Member.

Sd/-

(Ramesh Dutt Sharma)

Removal of Grievances & Cooperation State Minister-cum-Member.

Sd/-

(Dr. Vijay Kumar Sharma)

Director, Research & Medical Education-cum-Member.

Sd/-

(C.D.S.Kamboj)

Chairman, Punjab Health System Corporation-cum-Member,

Sd/-

(Dr. D.P.S Sandhu)

Director, Health & Family Welfare-cum-Member.

Sd/-

Representative of Advocate General Punjab-cum-Member.

**Proceedings of the meeting of the Sub-Committee on NPA held under the Chairmanship of Sh. R.C. Dogra, Health and Family Welfare Minister, Punjab on 11.2.2004 at 3.00 P.M.**

The following were present.

1. Ch. Santokh Singh, Medical Education and Reserach Minister, Punjab.
2. Dr. Ramesh Dutt Sharma, Minister for State for Removal of Grievances and Co-operation, Punjab.
3. Sh. D.S. Guru, IAS, Secretary Health and Family Welfare, Punjab,
4. Sh. Satish Chandra, IAS, Secretary, Medical Education & Research, Punjab.
5. Dr. D.P. S. Sandhu, Director, Health Services, Punjab.

[Health & Family Welfare Minister]

The committee discussed the matter in detail. The Committee noted that the orders of the Finance Department regarding stoppage of NPA were issued vide No. 2/5/98-4FPI/6224-28, dated 22.7.2003. It was further noted that this order has already been held in abeyance by the Depertment of Finance vide orders No. 2/5/98-4FPI/7340-43, dated 4.9-2003.

The Committee further observed that NPA is a part of the basic pay for the retiral benefits for the last more than 30 years, since when private practice by the doctors was stopped. Most of the doctors who have been deprived of private practice for the last 30 years cannot be deprived of their pensionary benefits now when they are nearing their retirement. These benefits already stand accrued to them after stopping private paractice by them. The Committee further observed that stoppage of NPA would have serious implications for the delivery of health services to the people of Punjab. A specialist is provided in a hospital who is available on his duty for 24 hours all the seven days of the week. If NPA is withdrawn and private practice is allowed, the concerned doctor will work only during the duty hours, which is 8 hours period. For the rest of the part of the day, doctors cannot be compelled to go to hospitals for performing their emergencies/night duties as withdrawal of NPA would accrue a right to them to do their private practice beyond normal duty hours. The Committee seriously deliberated upon the matter and observed that this will have serious adverse affect on the delivery of health services, whereas it is the duty of the State to provide good health services to the people. Moreover, more specialists will have to be recruited if we are to run our hospitals for 24 hours. This would mean greater financial liability than at present as presently all the doctors are available for 24 hours on call.

DHS informed the committee that taking out those doctors who are on deputation with other organisations out of the State, NPA liability works out to be Rs. 24.32 crores per annum. The Committee was of the considered view that this annual expenditure of Rs. 24.32 crores is not really so large, but saving of this small amount would have serious implications on the delivery of health services in the State.

After giving careful consideration to the whole matter, the Committee recommends that the orders of the Finance Department issued vide No. 2/5/98-4FPl/6224-28, dated 22.7.2003 withdrawing NPA to the doctors and which have already been held in abeyance by the Finance Department itself, may be withdrawn,

| | | |
|---|---|---|
| Sd/- | Sd/- | Sd/- |
| (DR. R.D. SHARMA) | (CH. SANTOKH SINGH) | (R.C. DOGRA) |
| M.R G.C. | M.E.R.M, | H.F.W.M. |
| Sd/- | Sd/- | Sd/- |
| (DR. D.P S. SANDHU) | (SATISH CHANDRA) | (D.S. GURU) |
| D.H.S. | S.M.E.R. | S.H.F.W. |

---

**ਸ੍ਰੀ ਜੁਗਲ ਕਿਸ਼ੋਰ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਰਕਾਰੀ ਡਾਕਟਰ ਹਨ ਉਹ ਐਨ.ਪੀ.ਏ. ਵੀ ਲਈ ਜਾਂਦੇ ਹਨ ਔਰ ਪ੍ਰੈਕਟਿਸ ਵੀ ਕਰ ਰਹੇ ਹਨ, ਕੀ ਉਨ੍ਹਾਂ ਉਤੇ ਕੋਈ ਕਾਰਵਾਈ ਕੀਤੀ ਜਾ ਰਹੀ ਹੈ ?

**MINISTER** : Whenever a complaint comes or it comes to our notice that a doctor is privately practising, immediately an inquiry is ordered on that and after the charges are approved, we take action on that. Punishment is also awarded accordingly.

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਵਿੱਚ ਕਿੰਨੇ ਡਾਕਟਰਾਂ ਦੇ ਖਿਲਾਫ ਕਾਰਵਾਈ ਕੰਪਲੀਟ ਹੋਈ ਔਰ ਉਨ੍ਹਾਂ ਨੂੰ ਕੀ ਸਜ਼ਾ ਦਿੱਤੀ ਗਈ ?

**MINISTER** : Figure is not available with me, I request the Hon'ble Member to come to my Chamber and I will give the figures.

**ਸ੍ਰੀ ਤਿਕਸ਼ਨ ਸੂਦ** : ਸਰ, ਮੈਂ ਚੈਂਬਰ ਦੇ ਵਿੱਚ ਜਾ ਕੇ ਕੀ ਕਰਨਾ ਹੈ।

**ਮਾਨਯੋਗ ਸਪੀਕਰ** : ਤੁਸੀਂ ਉਨ੍ਹਾਂ ਦੇ ਨਾਂ ਦੱਸੋ ਜਿਹੜੇ ਪਕੜੇ ਗਏ ਹਨ ਅਤੇ ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਲਿਆ ਗਿਆ ਹੈ ?

(ਇਸ ਸਪਲੀਮੈਂਟਰੀ ਦਾ ਕੋਈ ਉੱਤਰ ਨਹੀਂ ਆਇਆ)।

ਡਾਕਟਰ ਰਮੇਸ਼ ਦੱਤ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਕੀ ਮਾਨਯੋਗ ਮੰਤਰੀ ਜੀ ਦੱਸਣਗੇ ਕਿ ਕੀ ਕੋਈ ਸਰਕਾਰੀ ਡਾਕਟਰ ਅਜਿਹਾ ਹੈ ਜਿਹੜਾ ਪ੍ਰਾਈਵੇਟ ਪ੍ਰੈਕਟਿਸ ਨਹੀਂ ਕਰਦਾ ? ਰਾਤ ਨੂੰ ਉਹ ਮਰੀਜ਼ ਨੂੰ ਰੈਫਰ ਕਰ ਦਿੰਦੇ ਹਨ ਅਤੇ ਉਨ੍ਹਾਂ ਦਾ ਪ੍ਰਾਈਵੇਟਲੀ ਆਪ ਓਪਰੇਸ਼ਨ ਕਰਦੇ ਹਨ । ਇਹ ਕਿਸੇ ਦਾ ਨਾਂ ਲੈ ਦੇਣ ਜਿਹੜਾ ਪੰਜਾਬ ਦੇ ਵਿੱਚ ਪ੍ਰਾਈਵੇਟ ਪ੍ਰੈਕਟਿਸ ਨਹੀਂ ਕਰਦਾ ।

**MINISTER** : I have no knowledge about this. The Hon'ble Member can bring any specific case to my knowledge and I will take action. But the question here is very specific. It is not a general question As said, I will take action.

**MR. SPEAKER** : The Government will take action.

---

**ਸਬ-ਡਿਵੀਜ਼ਨ ਤਲਵੰਡੀ ਸਾਬੋ ਵਿਚ ਪਸ਼ੂਆਂ ਦੇ ਹਸਪਤਾਲਾਂ ਦੀ ਗਿਣਤੀ**

*1113. **ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਕੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਿਵੀਜ਼ਨ ਤਲਵੰਡੀ ਸਾਬੋ ਵਿਖੇ ਪਸ਼ੂਆਂ ਦੇ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿਚ ਡਾਕਟਰਾਂ ਅਤੇ ਫਾਰਮਾਸਿਸਟਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਜਗਮੋਹਨ ਸਿੰਘ ਕੰਗ** : ਸਬ ਡਵੀਜ਼ਨ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿੱਚ ਵੈਟੀ. ਹਸਪਤਾਲਾਂ/ਵੈਟੀ. ਡਿਸਪੈਂਸਰੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਸੰਸਥਾ | ਕੁੱਲ ਗਿਣਤੀ |
|---|---|
| (ੳ) ਵੈਟੀ. ਹਸਪਤਾਲ | 18 |
| (ਅ) ਵੈਟੀ. ਡਿਸਪੈਂਸਰੀਆਂ | 27 |

ਖਾਲੀ ਆਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| | |
|---|---|
| i) ਵੈਟੀ. ਅਫਸਰ | 10 |
| ii) ਵੈਟੀ. ਫਾਰਮਾਸਿਸਟ | 7 |

ਜਿਥੋਂ ਤੱਕ ਖਾਲੀ ਆਸਾਮੀਆਂ ਨੂੰ ਭਰਨ ਦਾ ਸਬੰਧ ਹੈ, ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਭਰਤੀ ਤੇ ਪੂਰਨ ਰੋਕ ਹੈ, ਪ੍ਰੰਤੂ ਵੈਟਰਨਰੀ ਸੇਵਾਵਾਂ ਨੂੰ ਜ਼ਰੂਰੀ ਸੇਵਾਵਾਂ ਸਮਝਦੇ ਹੋਏ ਠੇਕੇ ਤੇ ਭਰਤੀ ਕਰਨ ਸਬੰਧੀ ਤਜਵੀਜ਼ ਵਿਚਾਰ ਅਧੀਨ ਹੈ ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਮੈਂ ਬੰਦਿਆਂ ਦੀ ਸਿਹਤ ਬਾਰੇ ਕੁਐਸਚਨ ਪੁੱਛਿਆ ਸੀ, ਹੁਣ ਮੈਂ ਪਸ਼ੂਆਂ ਬਾਰੇ ਪ੍ਰਸ਼ਨ ਪੁੱਛਿਆ ਹੈ । ਪਸ਼ੂਆਂ ਅਤੇ ਬੰਦਿਆਂ ਦੀ ਦੋਨਾਂ ਦੀ ਹਾਲਤ ਮੈਨੂੰ ਤਾਂ ਬਰਾਬਰ ਹੀ ਲਗਦੀ ਹੈ ਕਿਉਂਕਿ ਉਥੇ ਵੀ ਇਹੀ ਜਵਾਬ ਦਿੱਤਾ ਗਿਆ ਸੀ ਕਿ ਪੋਸਟਾਂ ਖਾਲੀ ਪਈਆਂ ਹਨ । ਏਥੇ ਵੀ ਉਵੇਂ ਹੀ ਦੱਸਿਆ ਗਿਆ ਹੈ ਕਿ 10 ਵੈਟਰਨਰੀ ਅਫ਼ਸਰਾਂ ਦੀਆਂ ਅਤੇ 7 ਫ਼ਾਰਮਾਸਿਸਟਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ......

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ।

**ਸਰਦਾਰ ਜੀਤਮਹਿੰਦਰ ਸਿੰਘ ਸਿੱਧੂ** : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬਿਲਡਿੰਗਾਂ ਬਣੀਆਂ ਹਨ ਉਹ ਹੁਣ ਗਿਰ ਰਹੀਆਂ ਹਨ, ਜਦੋਂ ਤੱਕ ਰਿਕਰੂਟਮੈਂਟ ਕਰੋਗੇ ਉਦੋਂ ਤੱਕ ਉਹ ਬਿਲਡਿੰਗਾਂ ਟੁੱਟ ਜਾਣਗੀਆਂ, ਕੀ ਕੰਟਰੈਕਟ ਬੇਸਿਜ਼ ਤੇ ਸਟਾਫ ਰੱਖ ਕੇ ਉਥੇ ਕੋਈ ਇੰਤਜ਼ਾਮ ਕੀਤਾ ਜਾ ਸਕਦਾ ਹੈ ? ਲੋਕਾਂ ਨੂੰ ਉਥੇ ਆਪਣੇ ਪਸ਼ੂਆਂ ਨੂੰ ਕਿਤੇ ਹੋਰ ਲੈ ਕੇ ਜਾਣਾ ਪੈਂਦਾ ਹੈ । ਕੀ ਇਹ ਕੋਈ ਪ੍ਰਬੰਧ ਕਰ ਰਹੇ ਹਨ ਕਿ ਜਲਦੀ ਤੋਂ ਜਲਦੀ ਵੈਟਰਨਰੀ ਅਫ਼ਸਰਾਂ ਅਤੇ ਫਾਰਮਾਸਿਸਟਾਂ ਦੀਆਂ ਖਾਲੀ ਪਈਆਂ ਪੋਸਟਾਂ ਭਰੀਆਂ ਜਾਣ ? ਕੋਈ ਟਾਈਮ ਫਰੇਮ ਰੱਖਿਆ ਹੈ ਜਿਸ ਨਾਲ...

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਆ ਗਿਆ ਹੈ । ਹਾਂ ਜੀ, ਮੰਤਰੀ ਜੀ, ਦੱਸੋ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਗੁਜ਼ਾਰਿਸ਼ ਇਹ ਹੈ ਕਿ ਅਸੀਂ ਇੰਟਰਨਲ ਐਡਜਸਟਮੈਂਟ ਕਰਕੇ ਵੀ.ਪੀ. ਅਤੇ ਡਾਕਟਰ ਲਗਾਏ ਗਏ ਹਨ । ਐਡੀਸ਼ਨਲ ਚਾਰਜ ਵੀ ਦਿੱਤਾ ਹੋਇਆ ਹੈ । ਕੋਈ ਵੀ ਡਿਸਪੈਂਸਰੀ ਅਜਿਹੀ ਨਹੀਂ ਹੈ ਜਿਹੜੀ ਬਿਲਕੁਲ ਖਾਲੀ ਹੋਵੇ । ਵੈਸੇ ਅਸੀਂ ਭਰਤੀ ਕਰ ਰਹੇ ਹਾਂ । ਇਸ ਸਬੰਧ ਵਿੱਚ ਚੀਫ ਸੈਕ੍ਰੇਟਰੀ ਦੀ ਪ੍ਰਧਾਨਗੀ ਹੇਠ ਤਿੰਨ ਮੀਟਿੰਗਾਂ ਮਿਤੀ 17 ਮਾਰਚ, 04 ਨੂੰ, ਮਿਤੀ 9 ਸਤੰਬਰ, 04 ਨੂੰ ਅਤੇ ਮਿਤੀ 11 ਜਨਵਰੀ, 2005 ਹੋ ਚੁੱਕੀਆਂ ਹਨ । ਉਮੀਦ ਹੈ ਕਿ ਜਲਦੀ ਹੀ ਫੈਸਲਾ ਕਰਕੇ ਇਸ ਵਾਰ ਠੇਕੇ ਤੇ ਭਰਤੀ ਕਰਾਂਗੇ ।

---

## ਸਬ-ਡਿਵੀਜ਼ਨ ਬਰਨਾਲਾ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ

*1276. **ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਦੀ ਸਬ-ਡਿਵੀਜ਼ਨ ਬਰਨਾਲਾ ਦੇ ਲੋਕਾਂ ਨੂੰ ਪੀਣਯੋਗ ਪਾਣੀ ਮੁਹੱਈਆ ਕਰਨ ਲਈ ਵੱਖ-ਵੱਖ ਪਿੰਡਾਂ ਵਿਚ ਇਸ ਸਮੇਂ ਲਗਾਏ ਜਾ ਰਹੇ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਟਿਊਬਵੈੱਲਾਂ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਅਵਤਾਰ ਹੈਨਰੀ** : ਜ਼ਿਲ੍ਹਾ ਸੰਗਰੂਰ ਦੀ ਸਬ-ਡਵੀਜ਼ਨ ਬਰਨਾਲਾ ਦੇ ਵੱਖ-ਵੱਖ ਪਿੰਡਾਂ ਵਿੱਚ ਪੀਣ ਯੋਗ ਪਾਣੀ ਦੇਣ ਲਈ 67 ਟਿਊਬਵੈੱਲ ਲਗਾਏ ਜਾ ਰਹੇ ਹਨ । ਇਨ੍ਹਾਂ ਵਿਚੋਂ 18 ਟਿਊਬਵੈੱਲ ਚਾਲੂ ਕਰ ਦਿੱਤੇ ਗਏ ਹਨ ਅਤੇ ਪਿੰਡ ਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਗਿਆ ਹੈ । ਬਾਕੀ ਰਹਿੰਦੇ ਟਿਊਬਵੈੱਲ 31-3-2006 ਤੱਕ ਚਾਲੂ ਕਰ ਦਿੱਤੇ ਜਾਣਗੇ ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਟਿਊਬਵੈੱਲਾਂ ਉਤੇ ਹੁਣ ਤੱਕ ਕਿੰਨਾ ਪੈਸਾ ਖਰਚ ਕੀਤਾ ਗਿਆ ਹੈ । ਜਿਹੜੇ 18 ਟਿਊਬਵੈੱਲ ਚਾਲੂ ਕੀਤੇ ਗਏ ਹਨ, ਉਨ੍ਹਾਂ ਪਿੰਡਾਂ ਦੇ ਕੀ ਨਾਂ ਹਨ ?

**ਮਾਨਯੋਗ ਸਪੀਕਰ** : ਹਾਂ ਜੀ, ਪਿੰਡਾਂ ਦੇ ਨਾਂ ਅਤੇ ਕਿੰਨਾ ਪੈਸਾ ਲੱਗਾ, ਇਸ ਬਾਰੇ ਦੱਸੋ ।

**ਮੰਤਰੀ** : ਜਿਥੇ 18 ਟਿਊਬਵੈੱਲ ਚਾਲੂ ਕੀਤੇ ਗਏ ਹਨ ਉਹ ਪਿੰਡ ਇਹ ਹਨ : ਕਰਮਗੜ੍ਹ, ਉਪਲੀ, ਮਾਂਗੇਵਾਲ, ਮਨਾਲ, ਖੜਕ ਸਿੰਘ ਵਾਲਾ, ਤਲਵੰਡੀ, ਛੀਨੀਵਾਲ ਖੁਰਦ, ਨਿਹਾਲੂਵਾਲ, ਨਾਈਵਾਲਾ, ਕੈਰੇ, ਚੀਮਾ, ਪੱਤੀ ਸੋਹਲਾਂ, ਹਮੀਦੀ, ਧਨੌਲਾ ਖੁਰਦ, ਦਰਾਜ, ਦਰਾਕਾ, ਰਾਏਸਰ ਪਟਿਆਲਾ, ਰਾਏਸਰ ਪੰਜਾਬ । ਇਸ ਵਿਚ ਜਿਹੜਾ ਐਕਸੀ-ਪੈਂਡੀਚਰ ਹੈ, ਅਸੀਂ ਕੁੱਲ 67 ਟਿਊਬਵੈੱਲ ਲਗਾਉਣੇ ਸਨ । ਇਨ੍ਹਾਂ ਵਿਚੋਂ 18 ਚਾਲੂ ਹੋ ਚੁੱਕੇ ਹਨ । ਬਾਕੀ ਦੇ 49 ਵਿਚੋਂ 4 ਦੇ ਬੋਰ ਹੋ ਚੁੱਕੇ ਹਨ । 4 ਦਾ ਕੰਮ ਪ੍ਰਗਤੀ ਅਧੀਨ ਹੈ । ਪਾਈਪ ਲਾਈਨਾਂ ਪਾ ਦਿੱਤੀਆਂ ਗਈਆਂ ਹਨ । ਟੈਂਕੀਆਂ ਬਣਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਹੁਣ ਇਹ 31.3.06 ਤੱਕ ਚਾਲੂ ਹੋ ਜਾਣਗੇ । ਇਨ੍ਹਾਂ ਸਕੀਮਾਂ ਵਾਸਤੇ ਸਾਨੂੰ 5 ਕਰੋੜ 39 ਲੱਖ ਰੁਪਏ ਚਾਹੀਦੇ ਹਨ । ਇਹ 31.3.05 ਤੱਕ ਪੂਰੇ ਹੋਣੇ ਸਨ ਪ੍ਰੰਤੂ ਫੰਡ ਨਾ ਮਿਲਣ ਕਰਕੇ ਅਜਿਹਾ ਨਹੀਂ ਹੋ ਸਕਿਆ ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਮਾਨਯੋਗ ਸਪੀਕਰ ਸਾਹਿਬ, ਪਿੰਡ ਫਤਿਹਗੜ੍ਹ ਛੰਨਾ ਵਿਚ ਕੇਵਲ ਢਾਈ-ਤਿੰਨ ਘੰਟੇ ਬਿਜਲੀ ਆਉਂਦੀ ਹੈ । ਇਤਨੇ ਸਮੇਂ ਵਿਚ ਸਾਰੇ ਪਿੰਡ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਨਹੀਂ ਹੁੰਦੀ । ਲੋਕਾਂ ਕੋਲੋਂ 50-50 ਰੁਪਏ ਕਿਰਾਇਆ ਵੀ ਇਕੱਠਾ ਕੀਤਾ ਜਾਂਦਾ ਹੈ । ਕੀ ਮੰਤਰੀ ਜੀ ਉਥੇ ਵੱਧ ਸਮਾਂ ਬਿਜਲੀ ਦਿਵਾਉਣ ਦਾ ਪ੍ਰਬੰਧ ਕਰਨਗੇ ? ਜੇਕਰ ਨਹੀਂ, ਤਾਂ ਕੀ ਕੋਈ ਜੈਨਰੇਟਰ ਦਾ ਪ੍ਰਬੰਧ ਕਰਾਉਣਗੇ ਤਾਂ ਕਿ ਪੀਣ ਵਾਲਾ ਪਾਣੀ ਸਪਲਾਈ ਹੋ ਸਕੇ ?

**ਮੰਤਰੀ** : ਮੈਂ ਤਾਂ ਪਬਲਿਕ ਹੈਲਥ ਦਾ ਮੰਤਰੀ ਹਾਂ । ਬਿਜਲੀ ਤਾਂ ਮੈਂ ਦੇ ਨਹੀਂ ਸਕਦਾ । ਪਰ ਇਤਨਾ ਜ਼ਰੂਰ ਹੈ ਕਿ ਜਦੋਂ ਵੀ ਬਿਜਲੀ ਆਵੇਗੀ ਤਾਂ ਪਾਣੀ ਜ਼ਰੂਰ ਮਿਲੇਗਾ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਵਾਟਰ ਵਰਕਸ ਦਾ ਕੰਮ ਪੰਚਾਇਤਾਂ ਨੂੰ ਸੌਂਪਿਆ ਗਿਆ ਹੈ । ਪੰਚਾਇਤਾਂ ਕੋਲ ਕੋਈ ਅਖਤਿਆਰ ਨਹੀਂ ਹਨ ਕਿ

ਉਹ ਫੰਡ ਇਕੱਠੇ ਕਰ ਸਕਣ । ਫੰਡ ਇਕੱਠੇ ਨਾ ਹੋਣ ਕਰਕੇ ਹੀ ਸਕੀਮਾਂ ਫੇਲ੍ਹ ਹੋ ਰਹੀਆਂ ਹਨ । ਕੀ ਮੰਤਰੀ ਜੀ ਇਸ ਉਤੇ ਦੁਬਾਰਾ ਗੌਰ ਕਰਨਗੇ ਤੇ ਕੋਈ ਅਜਿਹੀ ਏਜੰਸੀ ਬਣਾਉਣਗੇ ਜਿਹੜੀ ਕਿ ਫੰਡ ਇਕੱਠ ਕਰ ਸਕੇ ਅਤੇ ਇਨ੍ਹਾਂ ਟਿਊਬਵੈੱਲਾਂ ਦੀ ਮੇਨਟੇਨੈਂਸ ਚਲਾ ਸਕੇ ? ਜਾਂ ਫਿਰ ਪੁਰਾਣੀ ਸਹੂਲਤ ਨੂੰ ਬਹਾਲ ਕਰਾਉਣਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਸਹੀ ਹੈ ਕਿ ਪਿੰਡਾਂ ਵਿਚ ਲੋਕ ਪੈਸੇ ਨਹੀਂ ਦਿੰਦੇ ਜਿਸ ਦੇ ਨਾਲ ਸਕੀਮਾਂ ਫੇਲ੍ਹ ਹੋ ਰਹੀਆਂ ਹਨ । ਇਹ ਗੌਰਮਿੰਟ ਆਫ ਇੰਡੀਆ ਦਾ ਐਕਟ ਹੈ । ਇਹ ਸਾਡੇ ਗੌਰ ਅਧੀਨ ਹੈ । ਅਸੀਂ ਗੌਰਮਿੰਟ ਆਫ ਇੰਡੀਆ ਨੂੰ ਰਿਕੁਮੈਂਡ ਕਰਾਂਗੇ ਕਿ ਉਹ ਇਸ ਵਿਚ ਕੋਈ ਨਾ ਕੋਈ ਚੇਂਜ ਕਰਨ ਕਿਉਂਜੋ ਮੌਜੂਦਾ ਐਕਟ ਵਿਚ ਲੋਕਾਂ ਦਾ ਬੜਾ ਨੁਕਸਾਨ ਹੁੰਦਾ ਪਿਆ ਹੈ ।

---

**ਪੁੱਡਾ ਦੁਆਰਾ ਸਕੂਲਾਂ ਲਈ ਥਾਵਾਂ ਦੀ ਅਲਾਟਮੈਂਟ**

*1046. **ਸਰਦਾਰ ਬੀਰ ਦਵਿੰਦਰ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੁੱਡਾ ਨੇ ਮੁਹਾਲੀ, ਜ਼ਿਲ੍ਹਾ ਰੋਪੜ ਵਿਚ ਸਕੂਲਾਂ ਦੀ ਉਸਾਰੀ ਲਈ ਥਾਵਾਂ ਅਲਾਟ ਕੀਤੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦਾ ਖੇਤਰ ਕਿੰਨਾ-ਕਿੰਨਾ ਹੈ ਅਤੇ ਇਹ ਕਿੱਥੇ-ਕਿੱਥੇ ਹਨ ਅਤੇ ਉਕਤ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਕਰਨ ਦੀ ਤਾਜ਼ਾ ਸਥਿਤੀ ਕੀ ਹੈ ?

**ਸ਼੍ਰੀ ਹਰਨਾਮ ਦਾਸ ਜੌਹਰ** : ਸੂਚਨਾ ਅਨੁਲੱਗ ਤੇ ਰੱਖੀ ਜਾਂਦੀ ਹੈ । ਫਿਰ ਵੀ ਮੈਂ ਦੱਸ ਦਿੰਦਾ ਹਾਂ ਕਿ ਮੁਹਾਲੀ ਵਿਚ ਟੋਟਲ ਸਾਈਟਸ 12 ਅਲਾਟ ਕੀਤੀਆਂ ਗਈਆਂ ਸਨ । ਇਨ੍ਹਾਂ ਵਿਚੋਂ 8 ਸਾਈਟਸ ਪੁੱਡਾ ਨੇ ਰਿਜ਼ਿਊਮ ਕਰ ਲਈਆਂ ਹਨ ਅਤੇ 4 ਸਾਈਟਸ ਤੇ ਸਕੂਲ ਬਣੇ ਹਨ । ਇਨ੍ਹਾਂ ਵਿਚੋਂ 1 ਪ੍ਰਾਇਮਰੀ ਸਕੂਲ, 1 ਮਿਡਲ, 1 ਹਾਈ ਅਤੇ 1 ਸੀਨੀਅਰ ਸੈਕੰਡਰੀ ਸਕੂਲ ਹੈ । ਸਾਡੀ ਫਾਈਨਾਂਸ਼ੀਅਲ ਪੁਜ਼ੀਸ਼ਨ ਠੀਕ ਨਹੀਂ ਸੀ ਅਤੇ ਟੀਚਰਾਂ ਦੀ ਰਿਕਰੂਟਮੈਂਟ ਉਤੇ ਬੈਨ ਲਗਿਆ ਹੋਇਆ ਹੈ । ਫੰਡਜ਼ ਅਵੇਲੇਬਲ ਨਹੀਂ ਸਨ । (ਮੰਤਰੀ ਜੀ ਮਾਈਕ ਤੋਂ ਦੂਰ ਬੋਲ ਰਹੇ ਸਨ)

[ਸਿੱਖਿਆ ਮੰਤਰੀ]

## ਅਨੁਲੱਗ

ਪੁੱਡਾ ਵਲੋਂ ਮੋਹਾਲੀ, ਜ਼ਿਲ੍ਹਾ ਰੋਪੜ ਵਿਖੇ ਸਰਕਾਰੀ ਸਕੂਲਾਂ ਲਈ ਹੇਠ ਲਿਖੇ 12 ਅਲਗ ਅਲਗ ਸੈਕਟਰ/ਫੇਜਾਂ ਵਿੱਚ ਥਾਂਵਾਂ ਅਲਾਟ ਕੀਤੀਆਂ ਗਈਆਂ ਸਨ। ਇਨ੍ਹਾਂ ਥਾਂਵਾਂ ਵਿਚੋਂ 8 ਥਾਵਾਂ ਮਿਤੀ 26-2-2003 ਨੂੰ ਪੁੱਡਾ ਵਲੋਂ ਵਾਪਸ ਲੈ ਲਈਆਂ ਗਈਆਂ ਹਨ। ਬਾਕੀ ਥਾਂਵਾਂ ਤੇ ਸਕੂਲ ਬਿਲਡਿੰਗਾਂ ਦੀ ਉਸਾਰੀ ਕੀਤੀ ਜਾ ਚੁੱਕੀ ਹੈ।

ਪੁੱਡਾ ਵਲੋਂ ਵਾਪਿਸ ਲਈਆਂ ਗਈਆਂ ਥਾਂਵਾਂ :-

| ਲੜੀ ਨੰ: | ਸੈਕਟਰ | ਫੇਜ | ਸਕੂਲ ਦਾ ਨਾਂ | ਰਕਬਾ |
|---|---|---|---|---|
| 1. | 53 | 3ਏ | ਪ੍ਰਾਈਮਰੀ ਸਕੂਲ | 0.76 ਏਕੜ |
| 2. | 55 | 1 | ਪ੍ਰਾਈਮਰੀ ਸਕੂਲ | 1.00 ਏਕੜ |
| 3. | 59 | 4 | ਪ੍ਰਾਈਮਰੀ ਸਕੂਲ | 2.68 ਏਕੜ |
| 4. | 60 | 3ਬੀ2 | ਪ੍ਰਾਈਮਰੀ ਸਕੂਲ | 1.59 ਏਕੜ |
| 5. | 63 | 9 | ਪ੍ਰਾਈਮਰੀ ਸਕੂਲ | 0.46 ਏਕੜ |
| 6. | 63 | 9 | ਪ੍ਰਾਈਮਰੀ ਸਕੂਲ | 1.73 ਏਕੜ |
| 7. | 64 | 10 | ਪ੍ਰਾਈਮਰੀ ਸਕੂਲ | 1.87 ਏਕੜ |
| 8. | 70 | — | ਪ੍ਰਾਈਮਰੀ ਸਕੂਲ | 1.02 ਏਕੜ |

ਥਾਵਾਂ ਜਿੱਥੇ ਸਕੂਲ ਇਮਾਰਤਾਂ ਦੀ ਉਸਾਰੀ ਕੀਤੀ ਹੋਈ ਹੈ :-

| | | | | |
|---|---|---|---|---|
| 1. | 59 | 5 | ਪ੍ਰਾਈਮਰੀ ਸਕੂਲ | 0.70 ਏਕੜ |
| 2. | 60 | 3ਬੀ1 | ਸਰਕਾਰੀ ਸੀ: ਸੈ: ਸਕੂਲ | 7.40 ਏਕੜ |
| 3. | 61 | 7 | ਸਰਕਾਰੀ ਮਿਡਲ ਸਕੂਲ | 1.65 ਏਕੜ |
| 4. | 65 | 11 | ਸਰਕਾਰੀ ਹਾਈ ਸਕੂਲ | 2.00 ਏਕੜ |

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਤੁਹਾਨੂੰ ਕੁਝ ਜਵਾਬ ਸੁਣਿਆ ਹੈ ?

ਮਾਨਯੋਗ ਸਪੀਕਰ : ਮੰਤਰੀ ਜੀ, ਮਾਈਕ ਦੇ ਨੇੜੇ ਹੋ ਕੇ ਬੋਲੋ ।

ਸਰਦਾਰ ਬੀਰ ਦਵਿੰਦਰ ਸਿੰਘ : ਮੇਰੇ ਵੀਰ, ਜਰਾ ਉਚੀ ਬੋਲੋ । (ਹਾਸਾ)

ਮੰਤਰੀ : ਜੇ ਮੈਂ ਉੱਚੀ ਬੋਲਿਆ ਤਾਂ ਕਿਤੇ ਤੇਰੇ ਕੰਨ ਨਾ ਫਟ ਜਾਣ । ਮਾਨਯੋਗ ਸਪੀਕਰ ਸਾਹਿਬ, ਡਿਟੇਲਡ ਇਨਫਰਮੇਸ਼ਨ ਅਨੈਕਸਚਰ ਦੇ ਅੰਦਰ ਪਲੇਸ ਕੀਤੀ ਗਈ ਹੈ ।

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਿਹੜੀ ਡਿਟੇਲ ਦਿੱਤੀ ਹੈ, ਉਸ ਦੇ ਮੁਤਾਬਿਕ 12 ਸਾਈਟਸ ਪੁੱਡਾ ਨੇ ਅਲਾਟ ਕੀਤੀਆਂ ਸਨ, ਜਿਨ੍ਹਾਂ ਵਿਚੋਂ 8 ਸਾਈਟਸ ਪੁੱਡਾ ਨੇ ਰਿਜ਼ਿਊਮ ਕਰ ਲਈਆਂ ਹਨ । ਇਕ ਤਾਂ ਮੈਂ ਇਨ੍ਹਾਂ ਤੋਂ ਇਹ ਜਾਣਨਾ ਚਾਹਾਂਗਾ ਕਿ ਇਹ ਜਿਹੜੀਆਂ ਸਾਈਟਸ ਹਨ, ਇਹ ਐਜੂਕੇਸ਼ਨ ਵਿਭਾਗ ਨੂੰ ਕਿਸ ਸਾਲ ਵਿੱਚ ਅਤੇ ਕਿਸ ਤਰੀਕ ਨੂੰ ਅਲਾਟ ਕੀਤੀਆਂ ਗਈਆਂ ਸਨ ? ਪੁੱਡਾ ਦੀ ਰੀਜ਼ੰਪਸ਼ਨ ਡੇਟ ਕੀ ਹੈ ਅਤੇ ਉਸਦੇ ਵਿੱਚ ਵੀ ਵਜ਼ੂਆਤ ਉਨ੍ਹਾਂ ਨੇ ਦਿੱਤੀਆਂ ਹਨ ਅਤੇ ਡਿਪਾਰਟਮੈਂਟ ਵਲੋਂ ਇਨ੍ਹਾਂ ਨੂੰ ਦੋਬਾਰਾ ਪ੍ਰਾਪਤ ਕਰਨ ਲਈ ਕੀ ਉਪਰਾਲੇ ਕੀਤੇ ਗਏ ਹਨ till date ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਤਿੰਨ ਸਵਾਲ ਪੁੱਛੇ ਹਨ । ਸਾਈਟਸ ਅਲਾਟ ਹੋਈਆਂ ਸਨ 1986 ਵਿੱਚ । ਰੀਜ਼ੰਪਸ਼ਨ ਕੀਤੀਆਂ ਗਈਆਂ 26-2-2003 ਨੂੰ ਅਤੇ ਉਨ੍ਹਾਂ ਨੂੰ 27-2-2004 ਨੂੰ ਮੁੜ ਬੇਨਤੀ ਕੀਤੀ ਗਈ ਹੈ ਕਿ ਤੁਸੀਂ ਸਾਨੂੰ ਇਹ ਸਾਈਟਸ ਅਲਾਟ ਕਰ ਦਿਓ ਜਦੋਂ ਸਾਡੀ ਫਾਈਨਾਂਸ਼ੀਅਲ ਪੁਜ਼ੀਸ਼ਨ ਠੀਕ ਹੋਵੇਗੀ, ਅਸੀਂ ਬਣਾ ਦੇਵਾਂਗੇ ।

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, 17 ਸਾਲ ਦਾ ਵਕਫਾ ਹੈ ਔਰ 40 ਹਜਾਰ ਬੱਚੇ ਹਰ ਰੋਜ ਮੁਹਾਲੀ ਤੋਂ ਬਸਤੇ ਗਲਾਂ ਵਿੱਚ ਪਾ ਕੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਣ ਲਈ ਚੰਡੀਗੜ੍ਹ ਜਾਂਦੇ ਹਨ । ਮੈਂ ਇਨ੍ਹਾਂ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ 8 ਸਾਈਟਸ ਰੀਜਿਊਮ ਹੋਈਆਂ ਹਨ, ਕੀ ਇਹ ਪ੍ਰਾਇਮਰੀ ਸਕੂਲਾਂ ਦੀਆਂ ਹਨ ? ਮਾਨਯੋਗ ਸਪੀਕਰ ਸਾਹਿਬ, ਇਹ ਬੜਾ ਅਹਿਮ ਸਵਾਲ ਹੈ । ਹਰ ਰੋਜ਼ 40 ਹਜ਼ਾਰ ਬੱਚਾ ਮੁਹਾਲੀ ਤੋਂ ਪੜ੍ਹਨ ਲਈ ਜਾਂਦਾ ਹੈ । ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ what is the long term planning of the Education Department for setting up new Govt. Schools in Mohali to cater to the needs of 40,000 children who goes to the Private Schools ?

ਮਾਨਯੋਗ ਸਪੀਕਰ : ਤੁਹਾਡਾ ਸਵਾਲ ਆ ਗਿਆ ਹੈ । Construction of buildings,

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਕਿ 27.2.2004 ਨੂੰ ਅਸੀਂ ਉਨ੍ਹਾਂ ਨੂੰ ਫਿਰ ਲਿਖ ਕੇ ਭੇਜਿਆ ਹੈ ਕਿ ਸਾਨੂੰ ਇਹ ਜਿਹੜੀਆਂ ਸਾਈਟਸ ਰਿਜ਼ਿਊਮ ਕੀਤੀਆਂ ਗਈਆਂ ਹਨ ਉਹ ਮਿਹਰਬਾਨੀ ਕਰਕੇ ਦੇ ਦਿਓ ਅਤੇ ਜਦੋਂ ਸਾਡੀ ਫਾਈਨਾਂਸ਼ੀਅਲ ਪੁਜ਼ੀਸ਼ਨ ਠੀਕ ਹੋ ਜਾਵੇਗੀ ਅਸੀਂ ਜ਼ਰੂਰ ਬਣਾਵਾਂਗੇ ।

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਇਸ ਵੇਲੇ ਐਜੂਕੇਸ਼ਨ ਡਿਪਾਰਟਮੈਂਟ ਪਾਸ ਇਕ ਵੀ ਸਾਈਟ ਸਕੂਲ ਖੋਲ੍ਹਣ ਵਾਸਤੇ ਨਹੀਂ ਹੈ, ਮੈਂ ਜਾਣਨਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਾਲ ਵਿੱਚ ਸੀਨੀਅਰ ਸੈਕੰਡਰੀ ਸਕੂਲਾਂ ਲਈ ਕਿੰਨੇ ਸਾਈਟਸ, ਹਾਈ ਸਕੂਲਾਂ ਲਈ ਕਿੰਨੇ, ਮਿਡਲ ਲਈ ਕਿੰਨੇ ਅਤੇ ਪ੍ਰਾਇਮਰੀ ਸਕੂਲਾਂ ਲਈ ਕਿੰਨੇ ਕਿੰਨੇ ਸਾਈਟਸ ਲਈ ਪੁੱਡਾ ਨੂੰ ਚਿੱਠੀ ਲਿਖੀ ਗਈ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ 27.2 2004 ਨੂੰ ਅਸੀਂ ਪੁੱਡਾ ਨੂੰ ਚਿੱਠੀ ਲਿਖੀ ਹੈ ਔਰ ਜਿਹੜੀ ਜਗ੍ਹਾ ਹੈ it depends upon the PUDA ਕਿ ਉਹ ਅਵੇਲੇਬਲ ਕਰਕੇ ਕਿੱਥੇ ਦਿੰਦੇ ਹਨ ।

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ । ਮੈਂ ਸਵਾਲ ਕੀਤਾ ਹੈ ਕਿ ਹਾਇਰ ਸੈਕੰਡਰੀ ਸਕੂਲਾਂ ਲਈ, ਹਾਈ ਸਕੂਲਾਂ ਲਈ, ਮਿਡਲ ਸਕੂਲਾਂ ਲਈ ਅਤੇ ਪ੍ਰਾਇਮਰੀ ਸਕੂਲਾਂ ਲਈ ਕਿਹੜੇ ਕਿਹੜੇ ਸੈਕਟਰਾਂ ਵਿੱਚ ਕਿੰਨੀਆਂ ਸਾਈਟਸ ਡੀਮਾਂਡ ਕੀਤੀਆਂ ਗਈਆਂ ਹਨ ? Sir, my specific question is that it is a very serious matter. The Education is being taken out of the realm of affordability of the common man in Mohali. Sir, it is a very serious question and I want specific reply to the specific question.

**MR. SPEAKER** : Hon'ble Minister can answer how many sites are there for Secondary Schools ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ 8 ਸਾਈਟਸ ਜਿਹੜੀਆਂ ਪਹਿਲਾਂ ਸਕੂਲਾਂ ਲਈ ਅਲਾਟ ਕੀਤੀਆਂ ਸਨ, ਉਨ੍ਹਾਂ ਦੀ ਹੀ ਦੋਬਾਰਾ ਮੰਗ ਕੀਤੀ ਗਈ ਹੈ ।

**MR. SPEAKER** : For Higher Secondary Schools and Primary Schools ?

ਮੰਤਰੀ : ਇਹ ਸਾਰੇ ਪ੍ਰਾਇਮਰੀ ਸਕੂਲਾਂ ਲਈ ਸਨ । ਇਨ੍ਹਾਂ ਨੇ ਪ੍ਰਾਇਮਰੀ ਸਕੂਲਾਂ ਲਈ ਸਵਾਲ ਕੀਤਾ ਸੀ, ਹੁਣ ਇਹ ਹਾਈ ਸਕੂਲਾਂ ਤੇ ਆ ਗਏ ਹਨ । ਪਹਿਲਾਂ ਪ੍ਰਾਇਮਰੀ ਤਾਂ ਪੜ੍ਹਾ ਲਈਏ । (ਸਦਨ ਵਿੱਚ ਹਾਸਾ)

ਸਰਦਾਰ ਬੀਰ ਦਵਿੰਦਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਕੀ ਮੰਤਰੀ ਜੀ ਐਸ਼ਿਓਰੈਂਸ ਦੇਣਗੇ ਕਿ ਇਹ ਕਦੋਂ ਤੱਕ ਫਾਰਮਲ ਕਮਿਊਨੀਕੇਸ਼ਨ pertaining to

Secondary Schools, Higher Schools and Middle Schools in each sector and in each phase, ਕਦੋਂ ਤੱਕ ਫਾਰਮਲ ਕਮਿਊਨੀਕੇਸ਼ਨ ਪੁੱਡਾ ਨੂੰ ਭੇਜ ਦੇਣਗੇ ?

**MR. SPEAKER** : For construction of buildings.

**ਮੰਤਰੀ** ; ਜਿਹੜੀਆਂ ਸਾਈਟਸ ਪਹਿਲਾਂ ਰਿਜਿਊਮ ਕੀਤੀਆਂ ਗਈਆਂ ਸਨ, ਪਹਿਲਾਂ ਸਾਨੂੰ ਉਹ ਸਕੂਲ ਬਣਾਉਣ ਲਈ ਮਿਲ ਜਾਣ । ਫਿਰ ਹੋਰ ਸਕੂਲਾਂ ਲਈ ਜੇਕਰ ਕੋਈ ਲੋੜ ਹੋਈ ਤਾਂ ਪੁੱਡਾ ਨੂੰ ਡੀਮਾਂਡ ਭੇਜ ਦੇਵਾਂਗੇ ।

———

## ਸਿੰਜਾਈ ਲਈ ਪਾਣੀ ਸਪਲਾਈ ਨਾ ਕਰਨ ਕਾਰਨ ਭੂਮੀ ਮਾਲੀਆ ਮਾਫ ਕਰਨਾ

*1315 **ਸਰਦਾਰ ਸੁਖਪਾਲ ਸਿੰਘ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜੂਨ, 2004 ਤੋਂ ਅਕਤੂਬਰ, 2004 ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਉਸਮਾਨਵਾਲਾ ਦੇ ਕਿਸਾਨਾਂ ਨੂੰ ਗੁਰਦਿੱਤੀਵਾਲਾ ਸੂਏ ਤੋਂ ਸਿੰਜਾਈ ਲਈ ਪਾਣੀ ਸਪਲਾਈ ਨਾ ਕਰਨ ਲਈ ਇਸ ਪਿੰਡ ਦੇ ਕਿਸਾਨਾਂ ਦਾ ਮਾਲੀਆ ਮਾਫ ਕਰਨ ਦਾ ਵਿਚਾਰ ਰੱਖਦੀ ਹੈ ?

**ਸਰਦਾਰ ਲਾਲ ਸਿੰਘ** : ਜੂਨ, 2004 ਤੋਂ ਅਕਤੂਬਰ, 2004 ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਉਸਮਾਨਵਾਲਾ ਦੇ ਕਿਸਾਨਾਂ ਨੂੰ ਗੁਰਦਿੱਤੀਵਾਲਾ ਮਾਈਨਰ ਤੋਂ ਸਿੰਜਾਈ ਲਈ ਪਾਣੀ ਸਪਲਾਈ ਕੀਤਾ ਗਿਆ ਸੀ ।

**ਸਰਦਾਰ ਸੁਖਪਾਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਮੰਤਰੀ ਜੀ ਨੇ ਜਵਾਬ ਦਿੱਤਾ ਹੈ, ਉਹ ਬਿਲਕੁੱਲ ਗਲਤ ਹੈ ਕਿਉਂਕਿ ਉਥੇ ਜ਼ਿਲ੍ਹੇਦਾਰ ਅਤੇ ਪਟਵਾਰੀ ਨੇ ਜੋ ਇਨਕੁਆਇਰੀ ਕੀਤੀ ਹੈ, ਉਨ੍ਹਾਂ ਵੱਲੋਂ ਲਿਖ ਕੇ ਦਿੱਤਾ ਹੋਇਆ ਹੈ ਕਿ ਸਾਡੀ ਮਾਈਨਰ ਵਿੱਚ ਪਾਣੀ ਨਹੀਂ ਗਿਆ । ਉਨ੍ਹਾਂ ਨੇ ਇਹ ਲਿਖ ਕੇ ਦਿੱਤਾ ਹੈ । ਇਹ ਗਲਤ ਰਿਪੋਰਟ ਭੇਜੀ ਗਈ ਹੈ । ਮੈਂ ਆਪ ਜੀ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਦੀ ਇਨਕੁਆਇਰੀ ਕਰਵਾਉਣਗੇ ਕਿਉਂਕਿ ਜਿਹੜੀ ਰਿਪੋਰਟ ਪਹੁੰਚੀ ਹੈ, ਇਹ ਗਲਤ ਭੇਜੀ ਗਈ ਹੈ ? ਇਸ ਦੀ ਇਨਕੁਆਇਰੀ ਕਰਵਾਈ ਜਾਵੇ ।

**ਮਾਨਯੋਗ ਸਪੀਕਰ** : ਗਲਤ ਰਿਪੋਰਟ ਦੀ ਇਨਕੁਆਇਰੀ ਬਾਰੇ ਪੁੱਛਦੇ ਹਨ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜੀ ਮੇਰੇ ਕੋਲ ਰਿਪੋਰਟ ਹੈ, ਪਹਿਲਾਂ ਇਹ ਦੱਸ ਦੇਵਾਂ ਔਰ ਜੇ ਫਿਰ ਵੀ ਇਹ ਕਹਿਣਗੇ ਕਿ ਗਲਤ ਹੈ ਤਾਂ ਦੁਬਾਰਾ ਇਨਕੁਆਇਰੀ ਕਰਵਾ ਲਵਾਂਗਾ । ਉਥੇ 156 ਏਕੜ ਵਿੱਚ 11 ਵਾਰੀ ਪਾਣੀ ਛੱਡਿਆ ਗਿਆ ਹੈ । 1.6.2004 ਤੋਂ 6.6.2004 ਤੱਕ । ਫਿਰ 7.6.2004 ਤੋਂ 15.6.2004 ਤੱਕ । 26.6.2004 ਤੋਂ 3.7.2004 ਤੱਕ । 9.7.2004 ਤੋਂ 16.7.2004 ਤੱਕ । 29.7.2004 ਤੋਂ 1.8.2004 ਤੱਕ । ਫਿਰ 5.8.2004 ਨੂੰ ਛੱਡਿਆ ਗਿਆ । ਫਿਰ 8.8.2004 ਨੂੰ ਛੱਡਿਆ ਗਿਆ । 20.8.2004 ਨੂੰ ਫਿਰ ਛੱਡਿਆ ਗਿਆ ਅਤੇ 23.8.2004 ਨੂੰ ਫਿਰ ਛੱਡਿਆ ਗਿਆ । 1.9.2004 ਤੋਂ 4.9.2004 ਤੱਕ ਛੱਡਿਆ ਗਿਆ । 7.9.2004 ਤੋਂ 14.9.2004 ਤੱਕ ਛੱਡਿਆ ਗਿਆ । ਜੋ ਮੇਰੇ ਕੋਲ ਰਿਪੋਰਟ ਹੈ, ਉਸ ਅਨੁਸਾਰ ਟੋਟਲ 11 ਵਾਰ ਪਾਣੀ ਛੱਡਿਆ ਗਿਆ ਹੈ । ਜਿਹੜਾ ਕਮਾਂਡ ਏਰੀਆ ਹੈ, ਉਹ 560 ਏਕੜ ਏਰੀਆ ਹੈ ਕਿਉਂਕਿ ਮੌਨਸੂਨ ਫੇਲ੍ਹ ਹੋਣ ਕਰਕੇ ਰੀਜ਼ਨੇਬਲ ਪਾਣੀ ਛੱਡਿਆ ਗਿਆ ਸੀ, ਇਸ ਕਰਕੇ 156 ਏਕੜ ਏਰੀਏ ਵਿੱਚ ਪਾਣੀ ਲੱਗਿਆ ਹੈ ।

**ਸਰਦਾਰ ਸੁਖਪਾਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜੂਨ, 2004 ਤੋਂ ਅਕਤੂਬਰ, 2004 ਤੱਕ ਪਾਣੀ ਨਹੀਂ ਛੱਡਿਆ ਗਿਆ । ਇਹ ਇਸ ਗੱਲ ਦੀ ਹਾਊਸ ਦੀ ਕਮੇਟੀ ਬਣਾ ਕੇ ਇਨਕੁਆਇਰੀ ਕਰਵਾਉਣਗੇ ਕਿ ਜੂਨ, 2004 ਤੋਂ ਅਕਤੂਬਰ, 2004 ਤੱਕ ਪਾਣੀ ਛੱਡਿਆ ਗਿਆ ਜਾਂ ਨਹੀਂ ਛੱਡਿਆ ਗਿਆ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਡੇਟ-ਵਾਈਜ਼ ਦਸਿਆ ਹੈ । ਜੇਕਰ ਇਨ੍ਹਾਂ ਦੀ ਫਿਰ ਵੀ ਤਸੱਲੀ ਨਹੀਂ ਤਾਂ ਕਿਸੇ ਸੀਨੀਅਰ ਅਫਸਰ ਨੂੰ ਭੇਜ ਕੇ ਦੁਬਾਰਾ ਪੜਤਾਲ ਕਰਵਾ ਲਵਾਂਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਇਸ ਸਵਾਲ ਬਾਰੇ ਇਨ੍ਹਾਂ ਨੇ ਆਪਣੇ ਆਪ ਕੁਰੈਕਟ ਕਰ ਲਿਆ ਹੈ ਲੇਕਿਨ ਹੋਰ ਕੁਰੈਕਟ ਕਰਨ ਵਾਸਤੇ ਤਾਂ ਕਿ ਫਿਰ ਗਲਤ ਆਂਸਰ ਨਾ ਆਵੇ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਉਹ ਅਫਸਰ ਵੀ ਉਹੀ ਜਵਾਬ ਭੇਜੇਗਾ, ਤੁਸੀਂ ਹਾਊਸ ਦੀ ਕਮੇਟੀ ਬਣਾ ਦਿਓ ਜੋ ਚੈਕ ਕਰੇ ਕਿ 6 ਮਹੀਨੇ ਦੇ ਪੀਰੀਅਡ ਦੌਰਾਨ ਪਾਣੀ ਛੱਡਿਆ ਗਿਆ ਜਾਂ ਨਹੀਂ ਛੱਡਿਆ ਗਿਆ । ਇਹ ਚੈਕ ਕਰਕੇ ਹਾਊਸ ਨੂੰ ਰਿਪੋਰਟ ਕਰੇ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਕੋਈ ਜਰੂਰੀ ਹੈ ਕਿ ਹਰ ਕੰਮ ਲਈ ਹਾਊਸ ਦੀ ਕਮੇਟੀ ਬਣਾਈ ਜਾਵੇ । ਇੱਕ ਅਫਸਰ ਨੇ ਪਹਿਲਾਂ ਇਨਕੁਆਇਰੀ ਕੀਤੀ ਹੈ ਤਾਂ ਕੋਈ ਹੋਰ ਸੀਨੀਅਰ ਅਫਸਰ ਭੇਜ ਕੇ ਇਨਕੁਆਇਰੀ ਕਰਵਾ ਲਵਾਂਗੇ ਔਰ ਕੋਈ ਜਰੂਰੀ ਨਹੀਂ ਕਿ ਉਸ ਦੀ ਰਿਪੋਰਟ ਤੇ ਹੀ ਮੋਹਰ ਲਾਉਣਗੇ । ਆਪਣੀ ਤਸੱਲੀ ਮੁਤਾਬਿਕ ਸਹੀ ਪੜਤਾਲ ਕਰਵਾਕੇ ਰਿਪੋਰਟ ਦੇਵਾਂਗੇ । ਇਨ੍ਹਾਂ ਦੀ ਤਸੱਲੀ ਕਰਵਾ ਕੇ ਦੇਵਾਂਗੇ ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ ਭੂਮੀ ਮਾਲੀਆ ਲੈਣ ਦਾ ਪੈਮਾਨਾ ਕੀ ਰੱਖਿਆ ਗਿਆ ਹੈ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਪੈਮਾਨਾ ਇਹ ਹੈ ਕਿ ਜੇ ਛਿਮਾਹੀ ਪਾਣੀ ਲਗਦਾ ਹੈ ਤਾਂ 40/- ਰੁਪਏ ਪਰ ਏਕੜ ਔਰ ਜੇਕਰ ਸਾਲ ਵਿੱਚ ਦੋ ਵਾਰ ਲਗਦਾ ਹੈ ਤਾਂ 80/- ਰੁਪਏ ਪਰ ਏਕੜ ਹੈ । ਇਹ ਪੈਮਾਨਾ ਹੈ ਜੀ ।

**ਸਰਦਾਰ ਸੁਖਪਾਲ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਜੂਨ, 2004 ਤੋਂ ਅਕਤੂਬਰ, 2004 ਤੱਕ ਜੇ ਪਾਣੀ ਨਾ ਗਿਆ ਹੋਇਆ ਤਾਂ ਕੀ ਜਿਹੜਾ ਕਿਸਾਨਾਂ ਤੋਂ ਮਾਮਲਾ ਲਿਆ ਜਾ ਰਿਹਾ ਹੈ, ਉਹ ਮਾਮਲਾ ਮੁਆਫ ਕੀਤਾ ਜਾਵੇਗਾ ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਰਿਪੋਰਟ ਆਉਣ ਤੋਂ ਬਾਅਦ ਵਿਚਾਰ ਲਿਆ ਜਾਵੇਗਾ । ਅਸੀਂ ਕਿਸੇ ਨਾਲ ਧੱਕਾ ਨਹੀਂ ਹੋਣ ਦਿਆਂਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮਾਨਯੋਗ ਸਪੀਕਰ ਸਾਹਿਬ, ਜੋ ਆਨਸਰ ਵਿੱਚ ਦੱਸਿਆ ਹੈ ਕਿ 40/- ਰੁਪਏ ਸਾਉਣੀ ਦੇ ਅਤੇ 40/- ਰੁਪਏ ਹਾੜ੍ਹੀ ਦੇ ਪਾਣੀ ਦੇ ਲਏ ਜਾਂਦੇ ਹਨ ਔਰ ਇਨ੍ਹਾਂ ਨੇ ਆਪ ਹੀ ਦੱਸਿਆ ਹੈ ਕਿ ਪਿੱਛੇ ਪਾਣੀ ਦਾ ਸੰਕਾ ਸੀ । ਕੀ ਇਸ ਨੂੰ ਮੁੱਖ ਰੱਖਦੇ ਹੋਏ ਜਿਵੇਂ ਪਾਣੀ ਦੀ ਪਹਿਲਾਂ ਗਿਰਦਾਵਰੀ ਹੁੰਦੀ ਸੀ ਔਰ ਜਿਥੇ ਪਾਣੀ ਨਹੀਂ ਲਗਦਾ ਸੀ, ਉਸ ਦੇ ਪੈਸੇ ਨਹੀਂ ਲਏ ਜਾਂਦੇ ਸੀ । ਕੀ ਹੁਣ ਵੀ ਉਨ੍ਹਾਂ ਤੋਂ ਹੀ ਮਾਮਲਾ ਲਿਆ ਜਾਏਗਾ ਜਿਥੇ ਪਾਣੀ ਲੱਗਿਆ ਹੈ । ਲੋਕਾਂ ਤੇ ਵਾਧੂ ਬੋਝ ਨਹੀਂ ਪਾਉਣਗੇ, ਬੰਜਰ ਜ਼ਮੀਨ ਦਾ ਹੀ ਮਾਮਲਾ ਨਹੀਂ ਲਿਆ ਜਾਏਗਾ । ਇਸ ਵੇਲੇ ਬੰਜਰ ਜ਼ਮੀਨ ਦਾ ਹੀ ਮਾਮਲਾ ਲੈ ਰਹੇ ਹਨ ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਜਿਵੇਂ 29.9.2000 ਦੀ ਨੋਟੀਫਿਕੇਸ਼ਨ ਹੈ, ਉਸ ਦੇ ਮੁਤਾਬਿਕ ਬਾਰਾਬੰਦੀ ਅੰਦਰ ਜਿਥੇ ਪਾਣੀ ਲੱਗਿਆ ਹੈ, ਮਾਮਲਾ ਉਨ੍ਹਾਂ ਤੋਂ ਹੀ ਵਸੂਲ ਕੀਤਾ ਜਾਵੇਗਾ ।

---

### ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਲੇਰਾਂ ਡੈਮ ਤੋਂ ਸਿੰਜਾਈ ਅਧੀਨ ਰਕਬਾ

*1255. **ਸ੍ਰੀ ਤਿਕਸ਼ਨ ਸੂਦ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅਜਿਹੇ ਪਿੰਡਾਂ ਦੇ ਨਾਂ ਕੀ ਹਨ ਅਤੇ ਇਨ੍ਹਾਂ ਪਿੰਡਾਂ ਦਾ ਕਿੰਨਾ ਰਕਬਾ ਸਲੇਰਾਂ ਡੈਮ ਤੋਂ ਸਿੰਜਿਆ ਜਾ ਰਿਹਾ ਹੈ ?

**ਸਰਦਾਰ ਲਾਲ ਸਿੰਘ** : ਸਲੇਰਾਂ ਡੈਮ ਤੋਂ ਹੇਠ ਲਿਖੇ ਪਿੰਡਾਂ ਨੂੰ ਉਨ੍ਹਾਂ ਸਾਹਮਣੇ ਦਿੱਤੇ ਰਕਬੇ ਅਨੁਸਾਰ ਸਿੰਜਿਆ ਜਾ ਰਿਹਾ ਹੈ :—

| ਲੜੀ ਨੰ: | ਪਿੰਡ ਦਾ ਨਾਂ | ਰਕਬਾ |
|---|---|---|
| 1. | ਸਲੇਰਾਂ | 686 ਏਕੜ (278 ਹੈਕਟੇਅਰ) |
| 2. | ਚੌਹਾਲ | 51 ਏਕੜ (21 ਹੈਕਟੇਅਰ) |
| 3. | ਸ਼ੇਰਪੁਰ | 165 ਏਕੜ (66 ਹੈਕਟੇਅਰ) |
| | ਜੋੜ | 902 ਏਕੜ (365 ਹੈਕਟੇਅਰ) |

**MR. SPEAKER** : Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

———

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Strength of I.A.S. Officers in the State

*1280. **Captain Kanwaljit Singh** : Will the Chief Minister be pleased to state

(a) the details of posts sanctioned by the Union Government in the I.A.S. cadre of Punjab State togetherwith the pay scales of such posts ;

(b) whether the strength of officers working on the pay scales mentioned in part (a) above is more than sanctioned by the Government of India ; if so, the reasons therefor ;

(c) whether the prior approval of the Government of India is necessary for effecting any increase in the aforesaid cadre of posts; if so, whether the same has been obtained for the posts referred to in part (b) above ?

**Captain Amarinder Singh** : (a) Details of the I.A.S. cadre posts in Punjab determined as per the last Cadre Review are given in Annexure-I.

(b) The number of IAS officers working in each pay scale of cadre posts is indicated in Annexure-II. The additional ex-cadre posts have been created owing to administrative exigencies and the requirements of cadre management. However, these are within the overall sanctioned strength of the Cadre.

(c) No prior approval is required.

## ANNEXURE-I

## SENIOR DUTY POSTS

| Sr. No. | | Name of Posts | Number of Posts | Pay Scale |
|---|---|---|---|---|
| I | (a) | Chief Secretary and Financial Commissioner (D) | 2 | 26000/Fixed |
| | (b) | Above Super Time Scale Financial Commissioners/ Principal Secretaries | 10 | 22400-24500 |
| | (c) | Super Time Scale Divisional Commissioner, Secretaries and others. | 29 | 18400-22400 |
| | (d) | (i) Selection Grade | | 15100-18300 After 13 years |
| | | (ii) Junior Administrative Grade | 64 | 12750-16500 After 9 years |
| | | (iii) Senior Time Scale | | 10650-15850 After 4 years |
| | | (iv) Junior Scale | | 8000-13500 Entry Scale |
| | | | 105 | |
| II | 1. | Central Deputation Reserve @ 40% of I above | 42 | |
| | 2. | State Deputation Reserve @ 25% of I above | 26 | |
| | 3. | Training Reserve @ 3.5% of I above | 03 | |
| | 4. | Leave Reserve and Junior Posts Reserve @ 16.5% of I above | 17 | |
| | | Total Authorised Strength | 193 | |

[ਮੁੱਖ ਮੰਤਰੀ]

## ANNEXURE-II

**Number of IAS Officers Working in each Pay Scale of Cadre Posts/SDR/Ex-Cadre Posts**

| Sr. No. | Category of Posts | No. of posts determined | No. of officers working | Excess/ shortfall |
|---|---|---|---|---|
| 1 | 2 | 3 | 4 | 5 |
| 1. | Chief Secretary/F.C. Revenue | 02 | 02 | — |
| 2. | First above Super Time i.e. Financial Commissioner/ Principal Secretaries | 10 | 28 | +18 |
| 3. | Super Time Scale | 29 | 43 | +14 |
| 4. | Selection Grade/Junior Administrative Grade/ Senior Time Scale/ Junior Scale | 64 | 67 | +03 |

———

### ਰਾਜ ਵਿਚ ਆਈ.ਪੀ.ਐਸ. ਅਫਸਰਾਂ ਦੀ ਗਿਣਤੀ

*1281. ਕੈਪਟਨ ਕੰਵਲਜੀਤ ਸਿੰਘ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਭਾਰਤ ਸਰਕਾਰ ਦੁਆਰਾ ਪੰਜਾਬ ਰਾਜ ਵਿਚ ਆਈ.ਪੀ.ਐਸ. ਕਾਡਰ ਦੇ ਅਫਸਰਾਂ ਦੀਆਂ ਮੰਜ਼ੂਰਸ਼ੁਦਾ ਆਸਾਮੀਆਂ ਦੇ ਵੇਰਵੇ ਕੀ ਹਨ ਅਤੇ ਅਜਿਹੀਆਂ ਆਸਾਮੀਆਂ ਦੇ ਤਨਖਾਹ ਸਕੇਲ ਕੀ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਤਨਖਾਹ-ਸਕੇਲਾਂ ਤੇ ਕੰਮ ਕਰ ਰਹੇ ਅਫਸਰਾਂ ਦੀ ਗਿਣਤੀ ਭਾਰਤ ਸਰਕਾਰ ਦੁਆਰਾ ਮੰਜ਼ੂਰਸ਼ੁਦਾ ਆਸਾਮੀਆਂ ਤੋਂ ਵੱਧ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਣ ਹਨ ;

(ੲ) ਕੀ ਉਕਤ ਕਾਡਰ ਦੀਆਂ ਆਸਾਮੀਆਂ ਵਿਚ ਵਾਧਾ ਕਰਨ ਲਈ ਭਾਰਤ ਸਰਕਾਰ ਦੀ ਪੂਰਵ ਮੰਜ਼ੂਰੀ ਲੈਣੀ ਜਰੂਰੀ ਹੈ; ਜੇਕਰ ਅਜਿਹਾ ਹੋਵੇ, ਤਾਂ ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਆਸਾਮੀਆਂ ਲਈ ਅਜਿਹੀ ਪੂਰਵ ਮੰਜ਼ੂਰੀ ਲੈ ਲਈ ਗਈ ਹੈ ?

**ਕੈਪਟਨ ਅਮਰਿੰਦਰ ਸਿੰਘ** : ਪੁੱਛੀ ਗਈ ਸੂਚਨਾ ਨੱਥੀ ਅਨੁਲੱਗ ਵਿੱਚ ਦਿੱਤੀ ਗਈ ਹੈ ।

## ਅਨੁਲੱਗ

(ੳ) ਹੇਠ ਲਿਖੀਆਂ 79 ਪੋਸਟਾਂ ਕੇਂਦਰ ਸਰਕਾਰ ਵੱਲੋਂ ਪੰਜਾਬ ਰਾਜ ਆਈ.ਪੀ.ਐਸ. ਕਾਡਰ ਲਈ ਮਨਜ਼ੂਰ ਕੀਤੀਆਂ ਹੋਈਆਂ ਹਨ :—

| ਲੜੀ ਨੰ: | ਕਾਡਰ ਪੋਸਟ ਦਾ ਨਾਮ | ਤਨਖਾਹ ਸਕੇਲ |
|---|---|---|
| 1 | 2 | 3 |
| 1. | ਡਾਇਰੈਕਟਰ ਜਨਰਲ ਅਤੇ ਇੰਸਪੈਕਟਰ ਜਨਰਲ ਪੁਲਿਸ । | 24050-650-26000 |
| 2. | ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਪ੍ਰਸਾਸਨ, ਪੰਜਾਬ, ਚੰਡੀਗੜ੍ਹ । | 22400-525-24500 |
| 3. | ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਸੁਰੱਖਿਆ ਪੰਜਾਬ, ਚੰਡੀਗੜ੍ਹ । | 22400-525-24500 |
| 4. | ਐਡੀਸ਼ਨਲ ਡਾਇਰੈਕਟਰ ਜਨਰਲ ਖੁਫੀਆ, ਪੰਜਾਬ, ਚੰਡੀਗੜ੍ਹ । | 22400-525-24500 |
| 5. | ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਟ੍ਰੇਨਿੰਗ-ਕਮ-ਡਾਇਰੈਕਟਰ, ਐਮ.ਆਰ.ਐਸ., ਪੀ.ਪੀ.ਏ. ਫਿਲੌਰ । | 22400-525-24500 |
| 6. | ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਆਰਮਡ ਬਟਾਲੀਅਨਜ । | 22400-525-24500 |

[ਮੁੱਖ ਮੰਤਰੀ]

| 1 | 2 | 3 |
|---|---|---|
| 7. | ਐਡੀਸ਼ਨਲ ਡਾਇਰੈਕਟਰ ਜਨਰਲ ਕਰਾਈਮ, ਪੰਜਾਬ, ਚੰਡੀਗੜ੍ਹ । | 22400-525-24500 |
| 8. | ਇੰਸਪੈਕਟਰ ਜਨਰਲ ਪੁਲਿਸ, ਟ੍ਰੇਨਿੰਗ ਪੰਜਾਬ, ਚੰਡੀਗੜ੍ਹ । | 18400-500-22400 |
| 9. | ਇੰਸਪੈਕਟਰ ਜਨਰਲ ਪੁਲਿਸ, ਕੰਪਿਊਟਰ ਅਤੇ ਟੈਲੀਕੁਮਨੀਕੇਸ਼ਨ, ਚੰਡੀਗੜ੍ਹ । | 18400-500-22400 |
| 10 | ਇੰਸਪੈਕਟਰ ਜਨਰਲ ਪੁਲਿਸ ਆਈ.ਆਰ.ਬੀ. ਪੰਜਾਬ, ਪਟਿਆਲਾ । | 18400-500-22400 |
| 11. | ਇੰਸਪੈਕਟਰ ਜਨਰਲ ਪੁਲਿਸ ਜ਼ੋਨਲ-1, ਪਟਿਆਲਾ । | 18400-500-22400 |
| 12. | ਇੰਸਪੈਕਟਰ ਜਨਰਲ ਪੁਲਿਸ ਜ਼ੋਨਲ-2, ਜਲੰਧਰ । | 18400-500-22400 |
| 13. | ਇੰਸਪੈਕਟਰ ਜਨਰਲ ਪੁਲਿਸ ਜੀ.ਆਰ.ਪੀ., ਪੰਜਾਬ, ਪਟਿਆਲਾ । | 18400-500-22400 |
| 14. | ਇੰਸਪੈਕਟਰ ਜਨਰਲ ਪੁਲਿਸ ਕਮਾਂਡੋ, ਬਹਾਦਰਗੜ੍ਹ, ਪਟਿਆਲਾ । | 18400-500-22400 |
| 15. | ਇੰਸਪੈਕਟਰ ਜਨਰਲ ਪੁਲਿਸ ਪੀ.ਏ.ਪੀ. ਜਲੰਧਰ ਕੈਂਟ । | 18400-500-22400 |
| 16. | ਇੰਸਪੈਕਟਰ ਜਨਰਲ ਪੁਲਿਸ ਕਰਾਈਮ, ਪੰਜਾਬ, ਚੰਡੀਗੜ੍ਹ । | 18400-500-22400 |
| 17. | ਇੰਸਪੈਕਟਰ ਜਨਰਲ ਪੁਲਿਸ ਹੈਡਕੁਆਟਰ, ਚੰਡੀਗੜ੍ਹ । | 18400-500-22400 |
| 18. | ਇੰਸਪੈਕਟਰ ਜਨਰਲ ਪੁਲਿਸ ਪ੍ਰੋਵੀਜਨਿੰਗ ਐਂਡ ਨਵੀਨੀਕਰਨ । | 18400-500-22400 |

| 1 | 2 | 3 |
|---|---|---|
| 19. | ਇੰਸਪੈਕਟਰ ਜਨਰਲ ਪੁਲਿਸ ਬਾਰਡਰ, ਅੰਮ੍ਰਿਤਸਰ । | 18400-500-22400 |
| 20. | ਇੰਸਪੈਕਟਰ ਜਨਰਲ ਪੁਲਿਸ ਖੁਫੀਆ, ਪੰਜਾਬ, ਚੰਡੀਗੜ੍ਹ । | 18400-500-22400 |
| 21. | ਡਿਪਟੀ ਇੰਸਪੈਕਟਰ ਜਨਰਲ ਪੁਲਿਸ ਕਰਾਈਮ, ਪੰਜਾਬ, ਚੰਡੀਗੜ੍ਹ । | 16400-450-20000 |
| 22. ਤੋਂ 27. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਰੇਂਜ ਜਲੰਧਰ, ਫਿਰੋਜ਼ਪੁਰ, ਪਟਿਆਲਾ, ਅੰਮ੍ਰਿਤਸਰ, ਲੁਧਿਆਣਾ ਅਤੇ ਫਰੀਦਕੋਟ । | 16400-450-20000 |
| 28. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਟ੍ਰੇਨਿੰਗ, ਸੀ.ਪੀ.ਓ., ਚੰਡੀਗੜ੍ਹ । | 16400-450-20000 |
| 29. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪ੍ਰਸਾਸ਼ਨ, ਪੰਜਾਬ, ਚੰਡੀਗੜ੍ਹ । | 16400-450-20000 |
| 30. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, –ਕਮ-ਸੰਯੁਕਤ ਡਾਇਰੈਕਟਰ, ਐਮ.ਆਰ. ਐਸ., ਪੰਜਾਬ ਪੁਲਿਸ ਅਕੈਡਮੀ, ਫਿਲੌਰ । | 16400-450-20000 |
| 31. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, -ਕਮ-ਕਮਾਂਡੈਂਟ ਜਨਰਲ, ਪੰਜਾਬ ਹੋਮ ਗਾਰਡ ਅਤੇ ਡਾਇਰੈਕਟਰ ਸਿਵਲ ਡਿਫੈਂਸ, ਪੰਜਾਬ । | 16400-450-20000 |
| 32. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪ੍ਰਸਾਸਨ, ਕਮਾਂਡੋ, ਬਹਾਦਰਗੜ੍ਹ । | 16400-450-20000 |
| 33. | ਡਿਪਟੀ ਇੰਸਪੈਕਟਰ ਜਨਰਲ, ਪੁਲਿਸ. ਕਾਊਂਟਰ ਇੰਟੈਲੀਜੈਂਸ, ਪੰਜਾਬ । | 16400-450-20000 |

| 1 | 2 | 3 |
|---|---|---|
| 34. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਇੰਟੈਲੀਜੈਂਸ, ਪੰਜਾਬ । | 16400-450-20000 |
| 35. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪ੍ਰਸਾਸ਼ਨ, ਆਈ.ਆਰ.ਪੀ., ਪਟਿਆਲਾ । | 16400-450-20000 |
| 36. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪ੍ਰਸਾਸ਼ਨ, ਪੀ.ਏ.ਪੀ., ਜਲੰਧਰ । | 16400-450-20000 |
| 37. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪ੍ਰੋਵੀਜਨਿੰਗ ਅਤੇ ਨਵੀਨੀਕਰਨ । | 16400-450-20000 |
| 38. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਸੁਰੱਖਿਆ, ਪੰਜਾਬ, ਚੰਡੀਗੜ੍ਹ । | 16400-450-20000 |
| 39. | ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਕੰਪਿਊਟਰਾਈਜ਼ੇਸ਼ਨ ਅਤੇ ਟੈਲੀਕੁਮਨੀਕੇਸ਼ਨ । | 16400-450-20000 |
| 40. ਤੋਂ 62. | ਸੀਨੀਅਰ ਸੁਪਰਡੰਟ ਆਫ ਪੁਲਿਸ,/ ਸੁਪਰਡੰਟ ਆਫ ਪੁਲਿਸ-ਇੰਚਾਰਜ ਆਫ ਜਿਲ੍ਹੇ (ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ, ਪਟਿਆਲਾ, ਲੁਧਿਆਣਾ, ਸੰਗਰੂਰ, ਫਿਰੋਜਪੁਰ, ਫਰੀਦਕੋਟ, ਬਠਿੰਡਾ, ਕਪੂਰਥਲਾ, ਰੋਪੜ, ਹੁਸ਼ਿਆਰਪੁਰ, ਤਰਨ ਤਾਰਨ, ਮਜੀਠਾ, ਬਟਾਲਾ, ਨਵਾਂ ਸ਼ਹਿਰ, ਮੁਕਤਸਰ, ਮੋਗਾ, ਮਾਨਸਾ, ਬਰਨਾਲਾ, ਫਤਿਹਗੜ੍ਹ ਸਾਹਿਬ, ਖੰਨਾ ਅਤੇ ਜਗਰਾਓਂ) । | 10000-325-15200 |
| 63. ਤੋਂ 64. | ਸੁਪਰਡੰਟ ਆਫ ਪੁਲਿਸ-ਸਿਟੀ, ਅੰਮ੍ਰਿਤਸਰ ਅਤੇ ਲੁਧਿਆਣਾ । | 10000-325-15200 |
| 65. | ਸੁਪਰਡੰਟ ਆਫ ਪੁਲਿਸ-ਸਪੈਸ਼ਲ, ਸਟਾਫ, ਕਰਾਈਮ, ਪੰਜਾਬ, ਚੰਡੀਗੜ੍ਹ । | 10000-325-15200 |

| 1 | 2 | 3 |
|---|---|---|
| 66. | ਸੁਪਰਡੰਟ ਆਫ ਪੁਲਿਸ ਸਪੈਸ਼ਲ ਬਰਾਂਚ, ਖੁਫੀਆ, ਪੰਜਾਬ, ਚੰਡੀਗੜ੍ਹ । | 10000-325-15200 |
| 67. | ਸੁਪਰਡੰਟ ਆਫ ਪੁਲਿਸ, ਸੀ.ਆਈ.ਡੀ., ਅੰਮ੍ਰਿਤਸਰ । | 10000-325-15200 |
| 68. ਤੋਂ 73. | ਕਮਾਂਡੈਂਟਸ, ਪੀ.ਏ.ਪੀ. ਬਟਾਲੀਅਨ, 7ਵੀਂ, 27ਵੀਂ, 36ਵੀਂ, 75ਵੀਂ, 82ਵੀਂ | 10000-325-15200 |
| 74. ਤੋਂ 76. | ਕਮਾਂਡੈਂਟਸ ਆਈ.ਆਰ.ਬੀ. (1, 2 ਅਤੇ 3) | 10000-325-15200 |
| 77. | ਡਿਪਟੀ ਡਾਇਰੈਕਟਰ (ਇੰਨਡੋਰ) ਮਹਾਰਾਜਾ ਰਣਜੀਤ ਸਿੰਘ, ਪੰਜਾਬ ਪੁਲਿਸ, ਅਕੈਡਮੀ, ਫਿਲੌਰ । | 10000-325-15200 |
| 78. | ਏ.ਆਈ.ਜੀ. ਪ੍ਰੋਵੀਜ਼ਨਿੰਗ | 10000-325-15200 |
| 79. | ਏ.ਆਈ.ਜੀ. ਪ੍ਰਸੋਨਲ, ਸੀ.ਪੀ.ਓ. ਚੰਡੀਗੜ੍ਹ । | 10000-325-15200 |

ਇਨ੍ਹਾਂ ਮਨਜ਼ੂਰ ਸ਼ੁਦਾ ਆਸਾਮੀਆਂ ਤੋਂ ਇਲਾਵਾ ਭਾਰਤ ਸਰਕਾਰ ਨੇ 31 ਆਸਾਮੀਆਂ ਸੈਂਟਰਲ ਡੈਪੂਟੇਸ਼ਨ ਰਿਜ਼ਰਵ, 19 ਆਸਾਮੀਆਂ ਸਟੇਟ ਡੈਪੂਟੇਸ਼ਨ ਰਿਜ਼ਰਵ, 2 ਆਸਾਮੀਆਂ ਟ੍ਰੇਨਿੰਗ ਰਿਜ਼ਰਵ ਅਤੇ 13 ਆਸਾਮੀਆਂ ਲੀਵ ਰਿਜ਼ਰਵ ਅਤੇ ਜੂਨੀਅਰ ਪੋਸਟਸ ਰਿਜ਼ਰਵ ਵਾਸਤੇ ਮਨਜ਼ੂਰ ਕੀਤੀਆਂ ਹੋਈਆਂ ਹਨ । ਇਸ ਤਰ੍ਹਾਂ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਵਾਸਤੇ ਕੁੱਲ 144 ਆਈ.ਪੀ.ਐਸ. ਆਸਾਮੀਆਂ ਮਨਜ਼ੂਰ ਕੀਤੀਆਂ ਹੋਈਆਂ ਹਨ ।

(ਅ) ਜੀ ਹਾਂ । ਲੋਕ ਹਿੱਤ ਅਤੇ ਪ੍ਰਸ਼ਾਸ਼ਕੀ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਵਾਧੂ ਆਸਾਮੀਆਂ ਐਕਸ-ਕਾਡਰ ਅਤੇ ਨਾਨ-ਕਾਡਰ, ਸਮੇਂ-ਸਮੇਂ ਤੇ ਰਚੀਆਂ ਜਾਂਦੀਆਂ ਹਨ ।

[ਮੁੱਖ ਮੰਤਰੀ]

(ੲ) ਜੀ, ਹਾਂ। ਅਾਸਾਮੀਆਂ ਰਚਨ ਉਪਰੰਤ ਸਾਲ 2000 ਤੋਂ ਲੈ ਕੇ ਭਾਰਤ ਸਰਕਾਰ ਨਾਲ ਲਿਖਾ-ਪੜ੍ਹੀ ਕੀਤੀ ਜਾਂਦੀ ਹੈ, ਪਰ ਇਸ ਦੀ ਪ੍ਰਵਾਨਗੀ ਨਹੀਂ ਮਿਲੀ।

---

## ਬੇਬੇ ਨਾਨਕੀ ਮਾਰਗ ਦੀ ਮੁਰੰਮਤ

*1292. **ਡਾਕਟਰ ਉਪਿੰਦਰਜੀਤ ਕੌਰ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬੇਬੇ ਨਾਨਕੀ ਮਾਰਗ, ਜੋ ਕਿ ਕਪੂਰਥਲਾ ਅਤੇ ਸੁਲਤਾਨਪੁਰ ਨੂੰ ਜੋੜਦਾ ਹੈ, ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਬੇਬੇ ਨਾਨਕੀ ਮਾਰਗ, ਕਪੂਰਥਲਾ ਤੋਂ ਸੁਲਤਾਨਪੁਰ ਸੜਕ ਦੀ ਮੁਰੰਮਤ ਸਾਲ 2005-06 ਦੌਰਾਨ ਕਰਨ ਦੀ ਸੰਭਾਵਨਾ ਹੈ।

---

## ਕ੍ਰਿਕਟ ਮੈਚ ਲਈ ਟਿਕਟਾਂ ਤੇ ਮੰਨੋਰੰਜਨ ਕਰ

*1312 **ਸਰਦਾਰ ਜੋਗਿੰਦਰ ਸਿੰਘ ਮਾਨ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ, 2005 ਵਿਚ ਮੋਹਾਲੀ ਵਿਖੇ ਹੋਏ ਇੰਡੋ-ਪਾਕ ਕ੍ਰਿਕਟ ਮੈਚ ਲਈ ਪੰਜਾਬ ਕ੍ਰਿਕਟ ਐਸੋਸੀਏਸ਼ਨ ਤੋਂ ਟਿਕਟਾਂ ਦੀ ਵਿਕਰੀ ਤੋਂ ਕੁੱਲ ਕਿੰਨਾ ਮੰਨੋਰੰਜਨ ਕਰ ਵਸੂਲ ਕੀਤਾ ਗਿਆ/ਛੋਟ ਦਿੱਤੀ ਗਈ?

**ਸਰਦਾਰ ਸਰਦੂਲ ਸਿੰਘ** : ਸ੍ਰੀ ਮਾਨ ਜੀ, ਮਾਰਚ 2005 ਵਿਚ ਮੁਹਾਲੀ ਵਿਖੇ ਹੋਏ ਇੰਡੋ-ਪਾਕ ਕ੍ਰਿਕਟ ਮੈਚ ਲਈ ਪੰਜਾਬ ਕ੍ਰਿਕਟ ਐਸੋਸੀਏਸ਼ਨ ਨੂੰ ਟਿਕਟਾਂ ਦੀ ਵਿਕਰੀ ਕਰ ਤੇ ਮਨੋਰੰਜਨ ਕਰ ਦੀ ਛੋਟ ਨਹੀਂ ਦਿੱਤੀ ਗਈ ਹੈ।

---

## ਸ਼ਰਾਬ ਤੇ ਲਗਾਈ ਗਈ ਵਾਧੂ ਆਬਕਾਰੀ ਡਿਊਟੀ ਦਾ ਸ਼ੇਅਰ

*1318. **ਸਰਦਾਰ ਜੋਗਿੰਦਰ ਸਿੰਘ ਮਾਨ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 2002-03 ਤੋਂ 2004-05 ਦੇ ਸਮੇਂ ਦੌਰਾਨ ਮਿਊਂਸਿਪਲ ਕੌਂਸਲ, ਫਗਵਾੜਾ ਨੂੰ ਚੁੰਗੀ ਦੀ ਥਾਂ ਤੇ ਸ਼ਰਾਬ ਤੇ ਵਾਧੂ ਆਬਕਾਰੀ ਡਿਊਟੀ ਦੀ ਕੁੱਲ ਰਕਮ ਵਿਚੋਂ ਅਦਾ ਕੀਤੀ ਗਈ ਰਕਮ ਕਿੰਨੀ ਹੈ?

**ਚੌਧਰੀ ਜਗਜੀਤ ਸਿੰਘ** : ਐਡੀਸ਼ਨ ਐਕਸਾਈਜ਼ ਡਿਊਟੀ ਵਜੋਂ 90.78 ਲੱਖ ਰੁਪੈ ਨਗਰ ਕੌਂਸਲ ਫਗਵਾੜਾ ਨੂੰ ਸਾਲ 2002-03 ਤੋਂ 2004-05 ਦੌਰਾਨ ਰਲੀਜ਼ ਕੀਤੇ ਗਏ।

---

ਡਾਕਟਰਾਂ ਦੁਆਰਾ ਪ੍ਰਾਈਵੇਟ ਪ੍ਰੈਕਟਿਸ ਲਈ ਲੰਬੀ ਛੁੱਟੀ

*1311. ਸ਼੍ਰੀ ਜੁਗਲ ਕਿਸ਼ੋਰ ਸ਼ਰਮਾ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡਾਕਟਰਾਂ ਨੂੰ ਪ੍ਰਾਈਵੇਟ ਪ੍ਰੈਕਟਿਸ ਕਰਨ ਲਈ ਲੰਬੀ ਛੁੱਟੀ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

ਸ਼੍ਰੀ ਰਮੇਸ਼ ਚੰਦਰ ਡੋਗਰਾ : ਨਹੀਂ ਜੀ ।

---

## UNSTARRED QUESTIONS AND ANSWERS

ਦਰਿਆਵਾਂ ਦੇ ਬੰਧਾਂ ਦੇ ਨਾਲ-ਨਾਲ ਪੌਦੇ ਲਗਾਉਣਾ

190. ਸਰਦਾਰ ਸੁਖਪਾਲ ਸਿੰਘ : ਕੀ ਜੰਗਲਾਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜੰਗਲਾਤ ਵਿਭਾਗ ਨੇ ਸਾਲਾਂ 2003-04 ਅਤੇ 2004-05 ਦੌਰਾਨ ਰਾਜ ਵਿੱਚ ਦਰਿਆਵਾਂ ਦੇ ਬੰਧਾਂ ਦੇ ਨਾਲ-ਨਾਲ ਕੋਈ ਪੌਦੇ ਲਗਾਏ ਹਨ ; ਜੇਕਰ ਅਜਿਹਾ ਹੋਵੇ, ਤਾਂ ਹੁਣ ਤੱਕ ਜ਼ਿਲ੍ਹਾ-ਵਾਰ ਕਿੰਨੇ-ਕਿੰਨੇ ਪੌਦੇ ਲਗਾਏ ਗਏ ਹਨ ਅਤੇ ਉਨ੍ਹਾਂ ਵਿਚੋਂ ਕਿੰਨੇ ਪ੍ਰਤੀਸ਼ਤ ਪੌਦੇ ਚਲ ਪਏ ਹਨ ਅਤੇ ਉਨ੍ਹਾਂ ਦੀਆਂ ਕਿਸਮਾਂ ਕੀ-ਕੀ ਹਨ :

(ਅ) ਕੀ ਉਕਤ ਦਰਿਆਵਾਂ ਦੇ ਬੰਧਾਂ ਦੇ ਨਾਲ-ਨਾਲ ਲਗਾਏ ਗਏ ਪੌਦਿਆਂ ਵਿੱਚ ਪਿੱਪਲ ਅਤੇ ਬੋਹੜ ਦੇ ਦਰੱਖਤ ਵੀ ਸ਼ਾਮਿਲ ਹਨ ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**Shri Hans Raj Josan :**

(a) Yes Sir. The detail of number of saplings planted district wise during the year 2003-04 and 2004-05 together with the survival percentage of such plantations and the species planted is enclosed.

(b) Yes Sir. In addition to other indigenous species, Pipal and Bohar are also planted in most of the locations. Instructions had been issued in this regard to all DFOs in the past. These instructions have again been reiterated and plants of these species will be planted in large numbers during the next plantation season.

## SAPLINGS PLANTED ALONGSIDE RIVER BANDHS
## YEAR 2003-04

| Sr. No. | District | Name of River Bandhs | R.D. | Side (Right /Left/Both) | Number of Saplings planted | Species planted | Survival %age of the plantation |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| 1 | Amritsar | Ravi River : Ajnala-Dhussi bandh Spur and Stud | 115.125 | B/S | 10,000 | Shisham, Eucalyptus, Siris etc. | 81% |
| | | Ravi River : Kohali-Dhussi Bandh | 0-Tail | B/S | 10,000 | Shisham, Eucalyptus, Siris etc. | 80% |
| 2 | Gurdaspur | Beas-Sidhpur Bandh | 30-50 | B/S | 12,000 | Arjun, Kachnar, Shisham, Eucalyptus, Jamun, White Siris etc. | 80% |
| | | Ravi-Dhussi Bandh | 60-90 | B/S | 22,000 | Arjun, Kachnar, Shisham, Eucalyptus, Jamun, Mango, Bamboo, Amla, White Siris etc. | 72% |
| 3 | Hoshiarpur | Beas-Dhussi Bandh | 40-80 | B/S | 22,000 | Siris, Mulberry, Jamun, Eucalyptus, etc. | 80% |
| 4 | Kapurthala | Beas-Dhussi Bandh Upper | 0-20 | B/S | 7,000 | Arjun, Shisham, Eucalyptus, Mulberry etc. | 70% |
| | | Beas-Dhussi Bandh Upper | 51-79 | B/S | 5,000 | Drek, Neem, Eucalyptus etc. | 71% |
| | | Beas-Dhussi Bandh Lower | 90-96 | B/S | 5,000 | Drek Neem, Eucalyptus etc. | 75% |
| | | Beas-Dhussi Bandh-Baja Spur | 0-8 | B/S | 5,000 | Drek, Eucalyptus etc | 72% |
| | | Beas-Dhussi Bandh Lower | 36-48 | B/S | 7,000 | Shisham, Siris, Mulberry etc. | 78% |
| | | Beas-Dhussi Bandh Lower | 100-108 | B/S | 5,000 | Drek, Eucalyptus etc. | 81% |
| 5 | Ludhiana | Satluj River (4-Left Dhussi Bandh) | 0-70 | R/S | 5,000 | Siris, Sukhchain, Arjun etc. | 98% |
| 6 | Ropar | Satluj Bandh | 0-15 | L/S | 20,000 | Khair, Shisham Mango, Arjun, Neem, Jamun, etc. | 84% |
| | | Sub-Total-1 | | | 1,35,000 | | |

YEAR 2004-05

| Sr. No. | District | Name of River | R.D. | (Right/Left/ Both Sides) | Number of Saplings Planted | Species planted | Survival %age of the plantation |
|---|---|---|---|---|---|---|---|
| 1 | Amritsar | Ravi-Dhussi Bandh (Ghoga Chowki to Wadhwan Chowki) | 125-135 | B/S | 10,000 | Shisham, Drek, Eucalyptus Siris etc. | 85% |
| 2 | Ferozepur | Satluj-Flood Protection Bandh | 103-110 | B/S | 10,000 | Shisham, Eucalyptus. Mulberry etc. | 85% |
| | | Satluj-Left Margin Bandh | 27-31 | B/S | 5,000 | Kikar etc. | 82% |
| | | Satluj-Right Margin Bandh | 6-13 | R/S | 5,000 | Shisham, Mulberry etc. | 80% |
| 3 | Gurdaspur | Satluj River (4-Left Dhussi Bandh) | 10-20 | R/S | 5,000 | Jatropha, Eucalyptus, Sukhchain etc. | 95% |
| | | Satluj River (4-Left Dhussi Bandh) | 30-50 | B/S | 10,000 | Arjun, Teak. Shisham, Drek etc. | 84% |
| 4 | Jalandhar | Satluj-Dhussi Bandh | 77-92 | B/S | 5,000 | Siris, Eucalyptus, Shisham etc. | 90% |
| 5 | Kapurthala | Beas-Dhussi Bandh Lower | 96-100 | B/S | 4,000 | Drek, Eucalyptus, Neem etc. | 80% |
| | | Beas-Shhanna Sher Singh Spur | 0-Tail | B/S | 4,000 | Drek, Neem, Eucalyptus, Mulberry etc. | 80% |
| | | Beas-Dhussi Bandh Lower | 108-122 | B/S | 6,000 | Drek, Neem, Eucalyptus, Mulberry etc. | 50% |
| | | Beas-Dhussi Bandh Lower | 142-152 | B/S | 4,000 | Drek, Neem, Eucalyptus, Mulberry etc. | 78% |
| 6 | Ludhiana | Satluj River 4 Left Dhussi Bandh | 19-20 | R/S | 5,000 | Drek, Neem, Eucalyptus Mulberry etc. | 95% |
| | | Sub-Total-2 | | | 73,000 | | |
| | | Total | | | 2,08,000 | | |

Note : The survival%age is based on checking reports of senior officers of the department and results of checking got conducted by Hon'ble Forest Minister, Punjab.

# MATTERS RAISED DURING ZERO HOUR

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਦੋ ਦਿਨਾਂ ਤੋਂ ਪੰਜਾਬ ਰਾਜ ਬਿਜਲੀ ਬੋਰਡ ਦੀ ਹੜਤਾਲ ਚਲ ਰਹੀ ਹੈ । ਸਰਕਾਰ ਇੱਕ ਪਾਸੇ ਬਿਆਨ ਦੇ ਦਿੰਦੀ ਹੈ ਕਿ ਬੋਰਡ ਨੂੰ ਅਨਬੰਡਲਿੰਗ ਕਰਾਂਗੇ, ਛੇ ਹਿੱਸਿਆਂ ਵਿੱਚ ਵੰਡਾਂਗੇ, ਫਿਰ ਬਿਆਨ ਦੇ ਦਿੰਦੀ ਹੈ ਕਿ ਇਸ ਦੀ ਕੋਈ ਵੰਡ ਨਹੀਂ ਕੀਤੀ ਜਾਵੇਗੀ । ਇਸ ਦੇ ਨਾਲ ਪੰਜਾਬ ਦਾ ਕਿੰਨਾ ਵੱਡਾ ਨੁਕਸਾਨ ਹੋ ਰਿਹਾ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੋਈ ਕਲੀਅਰ ਕੱਟ ਆਂਸਰ ਦੇ ਦੇਣ ਤਾਂ ਕਿ ਪੰਜਾਬ ਦਾ ਨੁਕਸਾਨ ਨਾ ਹੋਵੇ ।

**ਸਰਦਾਰ ਸੁਖਪਾਲ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਇਕ ਮਸਲਾ ਗੌਰਮਿੰਟ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਪਸ਼ੂਆਂ ਦੇ ਵਿੱਚ ਮੂੰਹ ਖੁਰ ਦੀ ਬਿਮਾਰੀ ਪਾਈ ਜਾਂਦੀ ਹੈ, ਉਸ ਦੇ ਵਾਸਤੇ ਸੈਂਟਰ ਦੀ ਸਰਕਾਰ ਵਲੋਂ ਏਡ ਆਉਂਦੀ ਹੈ। ਦੋ ਵਾਰੀ ਵੈਕਸੀਨ ਹੋਈ ਹੈ ਔਰ ਫਰੀ ਹੋਈ ਹੈ । ਹੁਣ ਪੰਜਾਬ ਸਰਕਾਰ ਚਾਰ ਰੁਪਏ ਪ੍ਰਤੀ ਪਸ਼ੂ ਚਾਰਜ ਕਰ ਰਹੀ ਹੈ ਜਦ ਕਿ ਸੈਂਟਰ ਦੀ ਸਰਕਾਰ ਤੋਂ ਏਡ ਫਰੀ ਆ ਰਹੀ ਹੈ ।

**ਮਾਨਯੋਗ ਸਪੀਕਰ** : ਤੁਸੀਂ ਆਪਣੀ ਸੀਟ ਤੇ ਬੈਠ ਜਾਓ । ਕਾਲ ਅਟੈਂਨਸ਼ਨ ਮੋਸ਼ਨ, ਸਰਦਾਰ ਬੀਰ ਦਵਿੰਦਰ ਸਿੰਘ ਜੀ ।

**ਸ਼੍ਰੀ ਦੇਸ ਰਾਜ ਧੁੱਗਾ** : ਮਾਨਯੋਗ ਸਪੀਕਰ ਸਾਹਿਬ, ਮੈਂ ਵੀ ਸਰਕਾਰ ਦੇ......

**ਮਾਨਯੋਗ ਸਪੀਕਰ** : ਤੁਸੀਂ ਆਪਣੀ ਸੀਟ ਤੇ ਬੈਠੋ, ਗੱਲ ਆ ਗਈ ਹੈ ।

**ਸ਼੍ਰੀ ਦੇਸ ਰਾਜ ਧੁੱਗਾ** : ਮਾਨਯੋਗ ਸਪੀਕਰ ਸਾਹਿਬ, ਇਹ ਤਾਂ ਫਿਰ ਜ਼ਿਆਦਤੀ ਹੈ ਜੋ... ..

**ਮਾਨਯੋਗ ਸਪੀਕਰ** : ਕੋਈ ਜ਼ਿਆਦਤੀ ਨਹੀਂ ਹੈ...... ..

**ਸ਼੍ਰੀ ਦੇਸ ਰਾਜ ਧੁੱਗਾ** : ** ** **

(ਇਸ ਵੇਲੇ ਸ਼੍ਰੀ ਦੇਸ ਰਾਜ ਧੁੱਗਾ ਮੈਂਬਰ ਬਗੈਰ ਪਰਮਿਸ਼ਨ ਤੋਂ ਖੜ੍ਹੇ ਹੋ ਕੇ ਬੋਲ ਰਹੇ ਸਨ)

**ਮਾਨਯੋਗ ਸਪੀਕਰ** : ਤੁਸੀਂ ਆਪਣੀ ਸੀਟ ਤੇ ਬੈਠ ਜਾਓ । ਜੋ ਕੁੱਝ ਬਗੈਰ ਪਰਮਿਸ਼ਨ ਤੋਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ । ਕਾਲ ਅਟੈਂਨਸ਼ਨ ਮੋਸ਼ਨ ।

---

**Not recorded as ordered by the Chair.

## CALL ATTENTION NOTICES UNDER RULE 66

(Serial No. 49)

**Sardar Bir Devinder Singh** : Sir, I beg to draw the attention of the Government towards a matter of urgent public importance, namely, devastating fire engulfed the vast forest area of Shivalik Foothills on Thursday 7th April, 2005 in Village Perchh, Tehsil Kharar, District Ropar and destroyed not only the Khair trees worth crores of rupees it has also destroyed rare species of flora and fauna besides micro orgasm. The inaction on the part of the Forest department to extinguish the fire for two days has caused wide spread resentment among the people of the area. Public would like to know the reason behind the fire and also the extent of damage the forest department has suffered.

Keeping in view the obvious and urgent importance of the matter, the Minister concerned may please be asked to make a statement on the floor of the House.

**ਰਾਜ ਮੰਤਰੀ, ਜੰਗਲਾਤ (ਸ਼੍ਰੀ ਹੰਸ ਰਾਜ ਜੋਸ਼ਨ)** : ਸ਼ਿਵਾਲਿਕ ਦੀਆਂ ਹੇਠਲੀਆਂ ਪਹਾੜੀਆਂ ਵਿਚ ਪੈਂਦੇ ਪਿੰਡ ਪੜਛ, ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਦੇ ਜੰਗਲ ਵਿੱਚ ਮਿਤੀ 7.4.05 ਨੂੰ ਲਗਭਗ 1.30 ਵਜੇ ਬਾਅਦ ਦੁਪਹਿਰ ਅਚਾਨਕ ਅੱਗ ਲੱਗਣ ਦੀ ਰਿਪੋਰਟ ਪ੍ਰਾਪਤ ਹੋਈ । ਤੇਜ਼ ਹਵਾ ਚਲਣ ਕਾਰਨ ਇਹ ਅੱਗ ਬੜੀ ਤੇਜ਼ੀ ਨਾਲ ਫੈਲੀ, ਪ੍ਰੰਤੂ ਵਣ ਵਿਭਾਗ ਦੇ ਸਟਾਫ ਵਲੋਂ ਮੌਕੇ ਤੇ ਤੁਰੰਤ ਕਾਰਵਾਈ ਕਰਦੇ ਹੋਏ ਪਿੰਡ ਦੇ ਲੋਕਾਂ ਦੀ ਮੱਦਦ ਨਾਲ ਉਸੇ ਹੀ ਦਿਨ ਸ਼ਾਮ ਨੂੰ ਲਗਭਗ 6.30 ਵਜੇ ਇਸ ਅੱਗ ਤੇ ਕਾਬੂ ਪਾ ਲਿਆ ਗਿਆ । ਇਹ ਅੱਗ ਪਿੰਡ ਤੋਂ ਲਗਭਗ 500 ਮੀਟਰ ਦੂਰ ਹੀ ਬੁਝਾ ਦਿੱਤੀ ਗਈ ਸੀ ਅਤੇ ਪਿੰਡ ਦੀ ਆਬਾਦੀ ਨੂੰ ਅੱਗ ਤੋਂ ਬਚਾਉਣ ਲਈ ਫਾਇਰ ਬ੍ਰਿਗੇਡ ਦਾ ਇੰਤਜ਼ਾਮ ਵੀ ਕੀਤਾ ਹੋਇਆ ਸੀ, ਜੋ ਕਿ ਅੱਗ ਬੁਝਣ ਉਪਰੰਤ ਹੀ ਮੌਕੇ ਤੋਂ ਵਾਪਸ ਗਿਆ । ਇਹ ਅੱਗ ਲਗਭਗ 12 ਹੈਕਟੇਅਰ ਰਕਬੇ ਵਿਚ ਫੈਲੀ ਸੀ ਇਸ ਨਾਲ ਕਿਸੇ ਵੀ ਖੈਰ ਦੇ ਵੱਡੇ ਰੁੱਖ ਨੂੰ ਨੁਕਸਾਨ ਨਹੀਂ ਹੋਇਆ । ਅੱਗ ਵਾਲੇ ਰਕਬੇ ਵਿਚ ਸਾਲ 2001-02 ਦੀ ਪਲਾਂਟੇਸ਼ਨ ਦੇ ਲਗਭਗ 4000 ਪੌਦਿਆਂ ਦੇ ਪੱਤੇ ਅੱਗ ਦੇ ਸੇਕ ਨਾਲ ਝੁਲਸ ਗਏ ਅਤੇ ਇਨ੍ਹਾਂ ਦੇ ਬਾਰਸ਼ ਹੋਣ ਤੇ ਦੁਬਾਰਾ ਫੁੱਟ ਪੈਣ ਦੀ ਪੂਰੀ ਆਸ ਹੈ । ਇਸ ਤੋਂ ਇਲਾਵਾ ਲੈਂਟਾਨਾ ਬੂਟੀ, ਘਾਹ ਅਤੇ ਛੋਟੀਆਂ ਝਾੜੀਆਂ ਦਾ ਹੀ ਇਸ ਅੱਗ ਨਾਲ ਨੁਕਸਾਨ ਹੋਇਆ ਹੈ । ਕਿਸੇ ਵੀ ਜੰਗਲੀ ਜਾਨਵਰ ਦਾ ਇਸ ਅੱਗ ਨਾਲ ਨੁਕਸਾਨ ਨਹੀਂ ਹੋਇਆ ਹੈ । ਇਹ ਜੰਗਲ, ਜਿਥੇ ਅੱਗ ਲੱਗੀ ਹੈ, ਸਰਕਾਰੀ ਨਹੀਂ ਹੈ, ਬਲਕਿ ਲੋਕਾਂ ਦੀ ਪ੍ਰਾਈਵੇਟ ਮਲਕੀਅਤ ਹੈ ਜਿਸ ਵਿਚ ਪਿੰਡ ਦੇ ਲੋਕਾਂ ਦੀ ਆਵਾਜਾਈ ਆਮ ਹੈ । ਜਾਪਦਾ ਹੈ ਕਿ ਕਿਸੇ ਘਾਹ ਕੱਟਣ ਵਾਲੇ ਜਾਂ ਸੁੱਕਾ ਬਾਲਣ ਇਕੱਠਾ ਕਰਨ ਵਾਲੇ ਵਲੋਂ ਅਣਗਹਿਲੀ ਨਾਲ ਸਿਗਰਟ ਜਾਂ ਬੀੜੀ ਸੁੱਟਣ ਕਾਰਨ ਅੱਗ ਲੱਗੀ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਜਿਵੇਂ ਮੰਤਰੀ ਜੀ ਨੇ ਦੱਸਿਆ ਹੈ ਕਿ ਉਥੇ ਅੱਗ ਲੱਗਣ ਕਾਰਨ ਘਾਹ ਬੂਟੀ ਦਾ ਨੁਕਸਾਨ ਹੋਇਆ ਹੈ, ਉਸ ਦੇ ਨਾਲ what is the extent of damage to the flora and fauna and micro-organism such as reptiles etc ? ਉਨ੍ਹਾਂ ਦਾ ਕਿੰਨਾ ਨੁਕਸਾਨ ਹੋਇਆ ਹੈ ਕੀ ਇਸ ਦਾ ਐਸਟੀਮੇਟ ਇਨ੍ਹਾਂ ਨੇ ਕੀਤਾ ਹੈ । What was the reason for the fire ? On what basis loss of bio-diversity is estimated ? Has the data base of rich bio-diversity of forest area in Punjab been prepared in this modern period of information and technology ? Has the incidences of forest fire in Punjab documented meticulously ? What is the status of estimation of the damage caused due to fires in recent years in Punjab ? ਸੈਕਿੰਡ ਇਹ ਹੈ ਕਿ ਟੈਕਨਾਲੋਜੀ ਅਡਵਾਂਸ ਹੈ । In view of the advanced technology today, whether the government is considering to instal detectors like infrated scanners to detect the forest fires in time.

**ਰਾਜ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਪੜਛ ਵਿਚ ਅੱਗ ਲੱਗਣ ਦੇ ਕਾਰਨ ਦੀ ਜਾਂਚ ਫਾਰੈਸਟ ਡਿਪਾਰਟਮੈਂਟ ਦੇ ਡੀ.ਐਫ.ਓ. ਕਰਦੇ ਹਨ । ਸਥਾਨਕ ਐਚ.ਐਸ.ਓ. ਦੀ ਡਿਊਟੀ ਇਸ ਵਾਸਤੇ ਲਗਾਈ ਗਈ ਸੀ ਤਾਂ ਕਿ ਉਹ ਇਨਕੁਆਇਰੀ ਕਰੇ ਅਤੇ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ । ਮੁੱਲਾਂਪੁਰ ਗਰੀਬਦਾਸ ਪੁਲਿਸ ਸਟੇਸ਼ਨ ਦੇ ਐਸ.ਐਚ.ਓ. ਸ੍ਰੀ ਭਗਵੰਤ ਸਿੰਘ ਅਤੇ ਡਿਊਟੀ ਮੈਜਿਸਟ੍ਰੇਟ ਸ੍ਰੀ ਤਰਸੇਮ ਲਾਲ ਸ਼ਰਮਾ, ਨਾਇਬ ਤਹਿਸੀਲਦਾਰ, ਵਣ ਰੇਂਜ ਅਫ਼ਸਰ ਨਾਲ ਮੌਕੇ ਤੇ ਮੌਜੂਦ ਸਨ । ਇਸ ਅੱਗ ਤੇ ਕਾਬੂ ਪਾਉਣ ਅਤੇ ਵਸੋਂ ਵਾਲੇ ਖੇਤਰ ਵਿਚ ਜਾਣ ਤੋਂ ਰੋਕਣ ਲਈ ਫਾਇਰ ਅਫ਼ਸਰ ਸ੍ਰੀ ਮੋਹਨ ਲਾਲ ਸ਼ਰਮਾ ਫਾਇਰ ਬ੍ਰਿਗੇਡ ਗੱਡੀ ਸਮੇਤ ਮੌਕੇ ਤੇ ਮੌਜੂਦ ਸਨ । ਅੱਗ ਤੇ ਪੂਰੀ ਤਰ੍ਹਾਂ ਕਾਬੂ ਪਾਉਣ ਉਪਰੰਤ ਹੀ ਇਹ ਅਧਿਕਾਰੀ ਮੌਕੇ ਵਾਲੀ ਥਾਂ ਤੋਂ ਵਾਪਸ ਪਰਤੇ । ਪੰਜਾਬ ਰਾਜ ਵਿਚ ਪਿਛਲੇ ਤਿੰਨ ਸਾਲਾਂ 2001-2002 ਤੋਂ 2003-2004 ਦੌਰਾਨ 845 ਅੱਗ ਦੀਆਂ ਘਟਨਾਵਾਂ ਵਾਪਰੀਆਂ ਹਨ । ਇਨ੍ਹਾਂ ਵਣ ਅੱਗਾਂ ਦੇ ਮੁੱਖ ਕਾਰਨ ਇਸ ਪ੍ਰਕਾਰ ਹਨ—ਅਚਾਨਕ ਵਾਪਰੀ ਅੱਗ ਜਦੋਂ ਕਿ ਜੰਗਲ ਵਿਚੋਂ ਲੰਘ ਰਹੇ ਰਾਹਗੀਰ ਬੇਧਿਆਨੀ ਵਿਚ ਜਲਦੀ ਹੋਈ ਮਾਚਿਸ ਦੀ ਤੀਲੀ ਜਾਂ ਬੀੜੀ ਦਾ ਹਿੱਸਾ ਸੁੱਟ ਦਿੰਦਾ ਹੈ । ਕਿਸੇ ਨਾਲ ਲਗਦੀ ਵਸੋਂ ਦੇ ਖੇਤਰ ਵਿਚੋਂ ਜੰਗਲ ਵਿਚ ਪਹੁੰਚੀ ਅੱਗ । ਰੇਲਵੇ ਇੰਜਣਾਂ ਜਾਂ ਅਕਾਸ਼ੀ ਬਿਜਲੀ ਆਦਿ ਦੀਆਂ ਚੰਗਿਆੜੀਆਂ ਨਾਲ ਲੱਗੀ ਅੱਗ । ਇਸ ਕਾਰਨ ਪਿਛਲੇ ਤਿੰਨ ਸਾਲਾਂ ਦੌਰਾਨ 69.13 ਲੱਖ ਰੁਪਏ ਦਾ ਅਨੁਮਾਨਿਤ ਨੁਕਸਾਨ ਹੋਇਆ ਹੈ । ਵਣ ਖੇਤਰਾਂ ਵਿਚ ਅੱਗ ਤੋਂ ਬਚਾਓ ਅਤ ਕਾਬੂ ਪਾਉਣ ਲਈ ਜਪਾਨ ਬੈਂਕ ਫਾਰ ਇੰਟਰਨੈਸ਼ਨਲ ਕੋਆਪਰੇਸ਼ਨ ਦੀ ਸਹਾਇਤਾ ਨਾਲ ਚਲ ਰਹੇ ਪ੍ਰੋਜੈਕਟ ਤਹਿਤ ਇਕ ਕੰਪੋਨੈਂਟ ਮੌਜੂਦ ਹੈ । ਫਾਰੈਸਟ ਪ੍ਰੋਟੈਕਸ਼ਨ ਅਤੇ ਫਾਇਰ ਕੰਟਰੋਲ ਕੰਪੋਨੈਂਟ ਤਹਿਤ ਪਿਛਲੇ ਤਿੰਨ ਸਾਲਾਂ ਦੌਰਾਨ ਵੱਖ ਵੱਖ ਕੰਮਾਂ ਜਿਵੇਂ ਕਿ ਫਾਇਰ ਵਾਚ ਟਾਵਰਾਂ ਦੀ ਉਸਾਰੀ, ਫਾਇਰ ਲਾਈਨਾਂ ਦੀ ਸਫ਼ਾਈ, ਫਾਇਰ ਵਾਚਰਾਂ ਦੀ ਤੈਨਾਤੀ ਅਤੇ ਅੱਗਾਂ ਤੇ ਕਾਬੂ ਪਾਉਣ ਲਈ ਸਮਾਨ ਦੀ ਖਰੀਦ ਆਦਿ ਤੇ 182.50 ਲੱਖ ਰੁਪਏ ਦਾ ਖਰਚਾ

[ਰਾਜ ਮੰਤਰੀ, ਜੰਗਲਾਤ]

ਕੀਤਾ ਗਿਆ ਹੈ। ਸਰਕਾਰ ਵਲੋਂ ਅੱਗਾਂ ਤੋਂ ਵਣਾਂ ਦੀ ਸੁਰੱਖਿਆ ਲਈ ਹੇਠ ਲਿਖੇ ਉਪਰਾਲੇ ਕੀਤੇ ਗਏ ਹਨ :-ਵਣ ਨਾਲ ਲਗਦੇ ਪਿੰਡਾਂ ਦੇ ਲੋਕਾਂ ਨੂੰ ਵਣਾਂ ਦੀ ਅੱਗ ਬਾਰੇ ਜਾਗਰੂਕਤਾ ਪ੍ਰਦਾਨ ਕੀਤੀ ਜਾਂਦੀ ਹੈ। ਅੱਗਾਂ ਦਾ ਮੌਸਮ ਆਉਣ ਤੋਂ ਪਹਿਲਾਂ ਫਾਇਰ ਲਾਈਨਾਂ ਦੀ ਸਫਾਈ ਕੀਤੀ ਜਾਂਦੀ ਹੈ। ਰਾਜ ਵਿਚ ਅੱਗਾਂ ਦੀ ਮਾਰ ਹੇਠ ਆਉਣ ਵਾਲੇ ਖੇਤਰਾਂ ਵਿਚ 87 ਫਾਰੈਸਟ ਫਾਇਰ ਵਾਚ ਟਾਵਰ ਉਸਾਰੇ ਗਏ ਹਨ। ਅੱਗਾਂ ਦੇ ਮੌਸਮ ਦੌਰਾਨ ਅੱਗਾਂ ਦੀਆਂ ਘਟਨਾਵਾਂ ਤੇ ਸਖਤ ਚੌਕਸੀ ਰੱਖਣ ਲਈ ਫਾਇਰ ਵਾਚਰਾਂ ਦੀ ਤੈਨਾਤੀ ਕੀਤੀ ਜਾਂਦੀ ਹੈ। ਭਾਰਤੀ ਵਣ (ਪੰਜਾਬ ਸੋਧ) ਐਕਟ 2004 ਵਿਚ ਭਾਰਤੀ ਵਣ ਐਕਟ ਤਹਿਤ ਉਲੀਕੀਆਂ ਗਈਆਂ ਸਜਾਵਾਂ ਨੂੰ ਹੋਰ ਸਖਤ ਬਣਾਇਆ ਗਿਆ ਹੈ।

**MR. SPEAKER** : Next Call Attention.

**ਸਰਦਾਰ ਬੀਰ ਦਵਿੰਦਰ ਸਿੰਘ** : ਛੋਟਾ ਜਿਹਾ ਸਵਾਲ ਕਰਨਾ ਹੈ, ਗੁੱਸਾ ਨਾ ਕਰਿਓ।

**MR. SPEAKER** : Not at all. Next Call Attention.

**(Serial No. 52)**

**Saidar Bir Devinder Singh** : Sir, I beg to draw the attention of the Government towards a matter of urgent public importance, namely, sale and seizure of spurious Bt. Cotton Seeds Labeled Super Virat and 739 Vermin at various places in district Muktsar last week. The cotton growers have been cheated abundantly and most of them have sown spurious Bt. Cotton seeds. There is a great apprehension of said spurious Bt. Cotton seeds having been sown over a large area in the cotton belt due to which the farmers would suffer heavy losses.

Keeping in view the obvious and urgent importance of the matter, the Minister concerned may please be asked to make a statement on the floor of the House.

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਮਿਤੀ 3 ਅਪ੍ਰੈਲ, 2005 ਨੂੰ ਜ਼ਿਲ੍ਹ ਮੁਕਤਸਰ ਵਿਚ ਨਕਲੀ ਬੀ.ਟੀ. ਕਾਟਨ ਦਾ ਬੀਜ ਪਕੜਿਆ ਗਿਆ ਅਤੇ ਸੀਡ ਕੰਟਰੋਲ ਆਰਡਰ 1983 ਅਧੀਨ ਥਾਣਾ ਸ਼ਹਿਰ, ਮੁਕਤਸਰ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ। ਪਕੜੇ ਗਏ ਬੀਜ ਵਿਚੋਂ ਬੀਜ ਦੇ ਸੈਂਪਲ ਲੈ ਕੇ ਸੈਂਟਰਲ ਇੰਸਟੀਚਿਊਟ ਆਫ਼ ਕਾਟਨ ਰਿਸਰਚ, ਨਾਗਪੁਰ ਨੂੰ ਟੈਸਟ ਕਰਨ ਲਈ ਭੇਜ ਦਿੱਤਾ ਗਿਆ ਹੈ। ਖੇਤੀਬਾੜੀ

ਵਿਭਾਗ ਵਲੋਂ ਨਕਲੀ/ਅਣਅਧਿਕਾਰਿਤ ਬੀ.ਟੀ. ਕਾਟਨ ਬੀਜ ਦੀ ਵਿਕਰੀ ਨੂੰ ਰੋਕਣ ਲਈ ਫੀਲਡ ਸਟਾਫ ਨੂੰ ਸੁਚੇਤ ਰਹਿਣ ਦੀਆਂ ਹਦਾਇਤਾਂ ਪਹਿਲਾਂ ਹੀ ਜਾਰੀ ਕਰ ਦਿੱਤੀਆਂ ਗਈਆਂ ਹਨ । ਬੀ. ਟੀ. ਕਾਟਨ ਦੇ ਨਕਲੀ ਬੀਜ ਦੀ ਸਪਲਾਈ ਰੋਕਣ ਲਈ ਰਾਜ ਅਤੇ ਜ਼ਿਲ੍ਹਾ ਪੱਧਰ ਤੇ ਉਡਣ ਦਸਤਿਆਂ ਦਾ ਗਠਨ ਕਰ ਦਿੱਤਾ ਗਿਆ ਹੈ । ਖੇਤੀਬਾੜੀ ਵਿਭਾਗ ਵਲੋਂ ਨਕਲੀ ਬੀ.ਟੀ. ਕਾਟਨ ਬੀਜ ਨੂੰ ਰੋਕਣ ਲਈ ਕਾਫ਼ੀ ਉਪਰਾਲੇ ਕੀਤੇ ਗਏ ਹਨ ਅਤੇ ਇਸ ਦੇ ਵਾਸਤੇ ਬਹੁਤ ਸਾਰੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ । ਇਸ ਦੇ ਲਈ ਜਿਹੜੇ ਨਵੇਂ ਬੀਜ ਅਪਰੂਵ ਕੀਤੇ ਗਏ ਹਨ, ਉਨ੍ਹਾਂ ਦੀ ਵਰਤੋਂ ਕਰਨ ਵਾਸਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ । ਜੈਨੇਟਿਕ ਇੰਜੀਨੀਅਰਿੰਗ ਅਪਰੂਵਲ ਕਮੇਟੀ ਵਲੋਂ ਕਿਸਾਨਾਂ ਨੂੰ ਬੀ. ਟੀ. ਕਾਟਨ ਦੀਆਂ ਪਰਮਾਣਿਤ ਕਿਸਮਾਂ ਜਿਵੇਂ ਕਿ ਆਰ.ਸੀ.ਐਚ.-134, ਆਰ.ਸੀ.ਐਸ.-317, ਅੰਕੁਰ 2534, ਐਮ.ਆਰ.ਸੀ.-6301 ਅਤੇ ਐਮ.ਆਰ.ਸੀ.-6304 ਦਾ ਬੀਜ ਮੁਹੱਈਆ ਕਰਵਾਉਣ ਲਈ ਸਬੰਧਤ ਫਰਮਾਂ ਨੂੰ ਲੋੜੀਂਦੇ ਲਾਇਸੈਂਸ ਦੇ ਕੇ ਕਿਸਾਨਾਂ ਨੂੰ ਬੀ.ਟੀ ਕਾਟਨ ਦਾ ਬੀਜ ਉਪਲਬੱਧ ਕਰਵਾਉਣ ਲਈ ਉਪਰਾਲੇ ਕੀਤੇ ਗਏ ਹਨ । ਇਸ ਤੋਂ ਇਲਾਵਾ ਵਿਭਾਗ ਵਲੋਂ ਬੀਜ ਵਿਚ ਬੀ.ਟੀ. ਜੀਨ ਦੀ ਹੋਂਦ ਚੈੱਕ ਕਰਨ ਲਈ ਬੀ.ਟੀ. ਐਕਸਪ੍ਰੈਸ ਕਿਟਾਂ ਖਰੀਦਣ ਦਾ ਫੈਸਲਾ ਲਿਆ ਗਿਆ ਹੈ । ਇਸ ਮਕਸਦ ਲਈ ਰੂਰਲ ਡਿਵੈਲਪਮੈਂਟ ਫੰਡ ਵਿਚੋਂ 5 ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ । ਕਪਾਹ ਦੀ ਬਿਜਾਈ ਅਜੇ ਸ਼ੁਰੂ ਨਹੀਂ ਹੋਈ, ਇਹ ਅਜੇ ਸ਼ੁਰੂ ਹੋਣੀ ਹੈ । ਵਿਭਾਗ ਵਲੋਂ ਸਾਰੇ ਜ਼ਰੂਰੀ ਇੰਤਜ਼ਾਮ ਕੀਤੇ ਜਾ ਰਹੇ ਹਨ । ਕਿਸਾਨਾਂ ਨੂੰ ਕੇਵਲ ਮਨਜ਼ੂਰਸ਼ੁਦਾ ਹਾਈਬ੍ਰਿਡ ਬੀਜ ਖਰੀਦਣ ਲਈ ਹੀ ਉਪਰਾਲੇ ਕੀਤੇ ਜਾ ਰਹੇ ਹਨ । ਵਿਭਾਗ ਵਲੋਂ ਸਮੇਂ ਸਮੇਂ ਤੇ ਨਕਲੀ ਬੀ.ਟੀ. ਕਾਟਨ ਦੇ ਬੀਜ ਨੂੰ ਰੋਕਣ ਲਈ ਕਾਫ਼ੀ ਕਦਮ ਉਠਾਏ ਗਏ ਹਨ । ਮਹੀਨਾ ਦਸੰਬਰ, 2004 ਦੌਰਾਨ ਨਕਲੀ ਬੀ.ਟੀ. ਕਾਟਨ ਦੀ ਬੁਕਿੰਗ ਨੂੰ ਰੋਕਣ ਲਈ ਕਪਾਹ ਪੱਟੀ ਦੇ ਮੁੱਖ ਖੇਤੀ-ਬਾੜੀ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿਉਂਕਿ ਭਾਰਤ ਸਰਕਾਰ ਵਲੋਂ ਇਸ ਸਮੇਂ ਤੱਕ ਬੀ.ਟੀ. ਕਾਟਨ ਦੀ ਕਾਸ਼ਤ ਕਰਨ ਦੀ ਮਨਜ਼ੂਰੀ ਨਹੀਂ ਮਿਲੀ ਸੀ । ਡਾਇਰੈਕਟਰ ਖੇਤੀਬਾੜੀ, ਪੰਜਾਬ ਦੇ ਦਫ਼ਤਰ ਵਲੋਂ ਆਪਣੇ ਪੱਤਰ ਮਿਤੀ 1.3.2005 ਰਾਹੀਂ ਕਪਾਹ ਪੱਟੀ ਦੇ ਮੁੱਖ ਖੇਤੀਬਾੜੀ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਉਹ ਆਪਣੇ ਜ਼ਿਲ੍ਹੇ ਵਿੱਚ ਬੀ.ਟੀ. ਕਾਟਨ ਦੀ ਅਣ-ਅਧਿਕਾਰਿਤ ਵਿਕਰੀ ਨੂੰ ਰੋਕਣ ਸਬੰਧੀ ਯੋਗ ਕਦਮ ਉਠਾਉਣ । ਮਹੀਨਾ ਮਾਰਚ, 2005 ਦੌਰਾਨ ਡਾਇਰੈਕਟਰ, ਖੇਤੀਬਾੜੀ, ਪੰਜਾਬ ਵਲੋਂ ਅਰਧ ਸਰਕਾਰੀ ਪੱਤਰ ਰਾਹੀਂ ਸਰਕਾਰੀ ਪੱਧਰ ਤੇ ਕਪਾਹ ਪੱਟੀ ਦੇ ਮੁੱਖ ਖੇਤੀਬਾੜੀ ਅਫ਼ਸਰਾਂ ਨੂੰ ਜੀ.ਈ.ਏ.ਸੀ. ਵਲੋਂ ਪ੍ਰਮਾਣਿਤ ਛੇ ਕਿਸਮਾਂ ਬਾਰੇ ਲਿਖਿਆ ਗਿਆ ਅਤੇ ਇਨ੍ਹਾਂ ਕਿਸਮਾਂ ਦੇ ਨਕਲੀ ਬੀਜ ਦੀ ਵਿਕਰੀ ਦੇ ਖਦਸ਼ੇ ਨੂੰ ਜ਼ਾਹਿਰ ਕਰਦਿਆਂ ਚੈਕਿੰਗ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ । ਮਹੀਨਾ ਅਪ੍ਰੈਲ, 2005 ਦੌਰਾਨ ਰਾਜ ਪੱਧਰ ਤੇ ਕੁਆਲਟੀ ਬੀਜ ਮੁਹੱਈਆ ਕਰਵਾਉਣ ਲਈ ਉਡਣ ਦਸਤੇ ਦਾ ਗਠਨ ਕੀਤਾ ਗਿਆ ਅਤੇ ਇਸੇ ਤਰ੍ਹਾਂ ਦੇ ਉਡਣ ਦਸਤੇ ਜ਼ਿਲ੍ਹਾ ਪੱਧਰ ਤੇ ਬਣਾਉਣ ਲਈ ਮਿਤੀ 5.4.2005 ਨੂੰ ਮੁੱਖ ਖੇਤੀਬਾੜੀ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ।

[ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ]

ਮਾਰਚ, 2005 ਦੇ ਵਿਚ ਰਾਜ ਪੱਧਰ ਤੇ ਕੋਆਰਡੀਨੇਸ਼ਨ ਕਮੇਟੀ ਬਣਾਉਣ ਲਈ ਕਿਹਾ ਗਿਆ ਹੈ ਜੋ ਕਿ ਮੁੱਖ ਸਕੱਤਰ ਦੀ ਪ੍ਰਧਾਨਗੀ ਥੱਲੇ ਹੋਵੇ । ਇਸ ਤੋਂ ਇਲਾਵਾ ਹੇਠਲੇ ਪੱਧਰ ਤੇ ਵੀ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ ਫਲਾਇੰਗ ਸਕੁਐਡ ਵੀ ਬਣਾਏ ਗਏ ਹਨ ਜਿਹੜੇ ਕਿ ਸਾਰੇ ਮਾਮਲੇ ਦੀ ਘੋਖ ਕਰਨ ਲਈ ਅਤੇ ਕੁਆਲਟੀ ਬੀਜ ਮੁਹੱਈਆ ਕਰਨ ਲਈ ਬਣਾਏ ਗਏ ਹਨ । ਇਸ ਦੇ ਨਾਲ ਨਾਲ ਇਨ੍ਹਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਇਸ ਸਬੰਧੀ ਗੰਭੀਰਤਾ ਨਾਲ ਸੋਚਿਆ ਜਾਵੇ ਅਤੇ ਇਸ ਤੋਂ ਇਲਾਵਾ ਕਿਸਾਨਾਂ ਦੀਆਂ ਵੱਖ-ਵੱਖ ਮੀਟਿੰਗਾਂ ਵਿਚ ਅਤੇ ਉਨ੍ਹਾਂ ਨੂੰ ਸੈਮੀਨਾਰਾਂ ਵਿਚ ਜਾਣਕਾਰੀ ਦਿੱਤੀ ਗਈ ਹੈ ਕਿ ਸਹੀ ਬੀਜ ਜਿਹੜਾ ਹੈ, ਉਹ ਖਰੀਦਣ ਔਰ ਖਰੀਦ ਕੇ ਸਹੀ ਬੀਜਣ ਦੇ ਤਰੀਕੇ ਨਾਲ ਉਸ ਨੂੰ ਬੀਜਣ । ਬਾਕੀ ਜਿਥੋਂ ਤੱਕ ਸਰਕਾਰ ਇਸ ਗੱਲ ਦੀ ਕੋਸ਼ਿਸ਼ ਕਰ ਰਹੀ ਹੈ ਕਿ ਜਿੰਨੀ ਜਲਦੀ ਹੋ ਸਕੇ ਜਿਨ੍ਹਾਂ ਲੋਕਾਂ ਨੇ ਨਕਲੀ ਬੀਜ ਵੇਚਿਆ ਹੈ, ਉਨ੍ਹਾਂ ਤੇ ਮੁਕਦਮਾ ਦਰਜ ਹੋਇਆ ਹੈ, ਉਨ੍ਹਾਂ ਤੇ ਸਖਤ ਐਕਸ਼ਨ ਜਿਹੜਾ ਹੈ, ਉਹ ਲਿਆ ਜਾਵੇ । ਇਸੇ ਤਰ੍ਹਾਂ ਕਪਾਹ ਪੱਟੀ ਦੇ ਮੁੱਖ ਖੇਤੀਬਾੜੀ ਅਫਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਉਹ ਨਿੱਜੀ ਪੱਧਰ ਤੇ ਜ਼ਿਲ੍ਹਾ ਮੈਜਿਸਟਰੇਟ, ਸੇਲਜ਼ ਅਤੇ ਟੈਕਸੇਸ਼ਨ ਵਿਭਾਗ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਨਾਲ ਤਾਲਮੇਲ ਰੱਖਣ ਤਾਂ ਕਿ ਪੁਲਿਸ ਦੇ ਸਹਿਯੋਗ ਨਾਲ ਬੀ.ਟੀ. ਕਾਟਨ ਦੇ ਨਕਲੀ ਬੀਜ ਦੀ ਸਪਲਾਈ ਨੂੰ ਰੋਕਿਆ ਜਾ ਸਕੇ । ਇਸ ਤੋਂ ਇਲਾਵਾ ਵੱਖ-ਵੱਖ ਅਖਬਾਰਾਂ, ਕਿਸਾਨ ਸਿਖਲਾਈ ਕੈਂਪਾਂ ਅਤੇ ਕਿਸਾਨ ਮੀਟਿੰਗਾਂ ਰਾਹੀਂ ਵੀ ਕਿਸਾਨਾਂ ਨੂੰ ਬੀ.ਟੀ. ਕਾਟਨ ਦੀ ਖਰੀਦ ਸਮੇਂ ਬਿੱਲ ਪ੍ਰਾਪਤ ਕਰਨ ਲਈ ਸਲਾਹ ਦਿੱਤੀ ਗਈ ਤਾਂ ਜੋ ਬੀਜ ਨਕਲੀ ਸਾਬਿਤ ਹੋਣ ਤੇ ਜਿਨ੍ਹਾਂ ਡੀਲਰਾਂ ਨੇ ਬੀਜ ਵੇਚਿਆ, ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾ ਸਕੇ । ਸਕੱਤਰ, ਸਾਇੰਸ ਟੈਕਨਾਲੋਜੀ ਅਤੇ ਵਾਤਾਵਰਣ, ਪੰਜਾਬ ਨੂੰ ਵੀ ਲਿਖਿਆ ਗਿਆ ਹੈ ਕਿ ਰਾਜ ਪੱਧਰ ਤੇ ਮੁੱਖ ਸਕੱਤਰ, ਪੰਜਾਬ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਦਾ ਗਠਨ ਕੀਤਾ ਜਾਵੇ ਤਾਂ ਜੋ ਪ੍ਰਮਾਣਿਤ ਬੀ.ਟੀ. ਕਾਟਨ ਦੀ ਕਾਰ-ਗੁਜ਼ਾਰੀ ਦੀ ਲਗਾਤਾਰ ਜਾਂਚ ਕੀਤੀ ਜਾ ਸਕੇ । ਇਸੇ ਤਰ੍ਹਾਂ ਦੀਆਂ ਕਮੇਟੀਆਂ ਜ਼ਿਲ੍ਹਾ ਸੰਗਰੂਰ, ਮਾਨਸਾ, ਬਠਿੰਡਾ, ਫ਼ਿਰੋਜ਼ਪੁਰ, ਫਰੀਦਕੋਟ, ਮੁਕਤਸਰ ਅਤੇ ਮੋਗਾ ਵਿਖੇ ਵੀ ਬਣਾਈਆਂ ਜਾ ਰਹੀਆਂ ਹਨ । ਇਹ ਵੀ ਕਰ ਰਹੇ ਹਾਂ ਕਿ ਜਿੰਨੀ ਜਲਦੀ ਹੋ ਸਕੇ ਜਿਨ੍ਹਾਂ ਡੀਲਰਾਂ ਨੇ ਨਕਲੀ ਬੀਜ ਵੇਚੇ ਹਨ, ਉਨ੍ਹਾਂ ਤੇ ਮੁਕਦਮਾ ਦਰਜ ਹੋਇਆ ਹੈ, ਉਨ੍ਹਾਂ ਤੇ ਸਖਤ ਐਕਸ਼ਨ ਲਿਆ ਜਾਵੇ ।

**ਸਰਦਾਰ ਬੀਰ ਦਵਿੰਦਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਸਪੁਰੀਅਸ ਬੀ.ਟੀ. ਕਾਟਨ ਦੇ ਸੀਡ ਦੀ ਵਿਕਰੀ ਕਰ ਰਹੇ ਸਨ, ਕੀ ਉਨ੍ਹਾਂ ਤੋਂ ਸਰਕਾਰ ਨੇ ਪੁੱਛਗਿੱਛ ਕੀਤੀ ਹੈ ਕਿ ਇਸ ਸਪੁਰੀਅਸ ਬੀ.ਟੀ. ਕਾਟਨ ਦੇ ਸਰੋਤ ਕੀ ਹਨ ? ਇਹ ਕਦੋਂ ਲਿਆਂਦੇ ਗਏ ਔਰ ਕਿਨ੍ਹਾਂ ਕਿਨ੍ਹਾਂ ਏਰੀਆਜ਼ ਦੇ ਵਿਚ ਇਹ ਸੀਡ ਤਕਸੀਮ ਕੀਤੇ ਗਏ ਔਰ ਜਿਹੜੇ ਕਿਸਾਨ ਇਸ ਧੋਖਾਧੜੀ ਦੇ ਸ਼ਿਕਾਰ ਹੋ ਗਏ ਹਨ, ਜਿਨ੍ਹਾਂ ਨੇ ਸਪੁਰੀਅਸ ਸੀਡ ਇਸਤੇਮਾਲ ਕਰ ਲਿਆ ਹੈ, ਉਨ੍ਹਾਂ ਦੀ ਇਮਦਾਦ ਕਰਨ ਲਈ ਸਰਕਾਰ ਕੀ ਵਿਚਾਰ ਕਰ ਰਹੀ ਹੈ ? ਆਇਆ ਉਨ੍ਹਾਂ ਨੂੰ ਕੋਈ ਨਵੇਂ ਸਹੀ ਬੀਜ ਦੇਣ ਦੇ ਉਪਰਾਲੇ ਕੀਤੇ ਗਏ ਹਨ ? ਔਰ ਕਿੰਨੇ

ਏਰੀਏ ਨੂੰ ਇਤਲਾਹ ਦੇ ਮੁਤਾਬਿਕ ਇਸ ਮਾਮਲੇ ਵਿਚ ਵਰਤਿਆ ਗਿਆ ਸ਼ੋਅ ਕੀਤਾ ਗਿਆ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਜ਼ਿਲ੍ਹਾ ਮੁਕਤਸਰ ਵਿਚ ਬੀਜ ਵੇਚਿਆ ਗਿਆ ਸੀ ਅਤੇ ਜਿਨ੍ਹਾਂ ਲੋਕਾਂ ਨੇ ਇਹ ਬੀਜ ਵੇਚਿਆ ਸੀ ਉਨ੍ਹਾਂ ਦੇ ਖਿਲਾਫ ਕੇਸ ਦਰਜ ਹੋ ਗਿਆ ਹੈ ਅਤੇ ਤਫਤੀਸ਼ ਜਾਰੀ ਹੈ ।

ਮਾਨਯੋਗ ਸਪੀਕਰ : ਇਸ ਬੀਜ ਨਾਲ ਲੋਕਾਂ ਦਾ ਕਿੰਨਾ ਨੁਕਸਾਨ ਹੋਇਆ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਥੋਂ ਤੱਕ ਫਾਰਮਰਜ਼ ਦਾ ਤੁਅੱਲਕ ਹੈ, ਹੁਣ ਸਰਕਾਰ ਅਪਰੂਵਡ ਬੀਜ ਮਾਰਕੀਟ ਵਿਚ ਦੇ ਰਹੀ ਹੈ । ਇਸ ਸਬੰਧੀ ਸਰਕਾਰ ਵਲੋਂ ਸੈਮੀਨਾਰ ਵੀ ਕਰਵਾਇਆ ਜਾ ਰਿਹਾ ਹੈ ਅਤੇ ਅਖਬਾਰਾਂ ਵਿਚ ਦਰੁਸਤ ਬੀਜ਼ ਦੀ ਜਾਣਕਾਰੀ ਵੀ ਦਿੱਤੀ ਜਾ ਰਹੀ ਹੈ । ਫਾਰਮਰਜ਼ ਹੁਣ ਅਪਰੂਵਡ ਬੀਜ ਖਰੀਦ ਰਹੇ ਹਨ ਅਤੇ ਇਸ ਸਬੰਧੀ ਮਹਿਕਮੇ ਵਲੋਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ।

---

(Serial No. 54)

**Sardar Randeep Singh Nabha** : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੀ ਕਾਲ ਅਟੈਨਸ਼ਨ ਨੂੰ ਮਨਜ਼ੂਰ ਕੀਤਾ ਹੈ । Sir, I would like to call the attention of the Government towards an urgent matter of public importance, namely, continuous acute shortage of drinking water in more than 23 villages of Nabha Assembly Constituency in District Patiala. The people of these villages are lodging protest and the Gram Panchayats have been insisting for immediate solution of their problem but of no avail. Even overhead tanks built during the previous Akali-BJP regine with the cost of Rs. 20 crores are lying inoperational due to technical defects. A vigilance enquiry has also been conducted in the 20 crores scan. There is a great resentment amongst the residents of these villages on this issue. Keeping in view the urgency and seriousness of the matter, I request the Public Health Minister to make a statement on the Floor of the House on this issue.

ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ (ਸ਼੍ਰੀ ਅਵਤਾਰ ਹੈਨਰੀ) : ਮਾਨਯੋਗ ਸਪੀਕਰ ਸਾਹਿਬ, ਜਿਹੜੀ ਐਮ.ਐਲ.ਏ. ਸਾਹਿਬ ਨੇ ਗੱਲ ਕੀਤੀ ਹੈ ਅਕਾਲੀ ਦਲ ਸਰਕਾਰ ਦੀ, ਉਹ ਇਸ ਵਿਚ ਨਹੀਂ ਆਇਆ ਹੈ । ਇਸ ਸਮੇਂ ਪਟਿਆਲਾ ਜ਼ਿਲ੍ਹੇ ਵਿਚ ਨਾਭਾ ਅਸੈਂਬਲੀ ਹਲਕੇ ਦੇ ਵਸੋਂ ਵਾਲੇ 139 ਪਿੰਡਾਂ ਵਿਚੋਂ 136 ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ । ਇਹਨਾਂ ਪਿੰਡਾਂ ਵਿਚ ਪੀਣ ਯੋਗ ਪਾਣੀ ਦੀ ਕਿਤੇ ਵੀ ਘਾਟ ਨਹੀਂ ਹੈ, ਸਿਵਾਏ 24 ਪਿੰਡਾਂ ਦੇ ਜਿਨ੍ਹਾਂ ਵਿਚ ਪੀਣ

[ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ]

ਵਾਲੇ ਪਾਣੀ ਦੀ ਸਪਲਾਈ ਘੱਟ ਪਰੈਸ਼ਰ ਤੇ ਦਿੱਤੀ ਜਾਂਦੀ ਹੈ ਕਿਉਂਕਿ ਫੰਡਜ਼ ਦੀ ਘਾਟ ਕਾਰਨ ਪਾਣੀ ਦੀਆਂ ਟੈਂਕੀਆਂ ਨਾ ਬਣਨ ਕਰਕੇ ਪਾਣੀ ਦੀ ਸਪਲਾਈ ਟਿਊਬਵੈੱਲ ਤੋਂ ਸਿੱਧੇ ਹੀ ਦਿੱਤੀ ਜਾਂਦੀ ਹੈ । ਇਸ ਹਲਕੇ ਦੀਆਂ ਪੰਚਾਇਤਾਂ ਵਲੋਂ ਪੀਣ ਵਾਲੇ ਪਾਣੀ ਦੀ ਲਗਾਤਾਰ ਘਾਟ ਬਾਰੇ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ।

ਸਰਦਾਰ ਰਣਦੀਪ ਸਿੰਘ ਨਾਭਾ : Hon'ble Speaker Sir, I would like to bring to your notice that as per the Union Govt.'s and State Govt.'s policy to supply adequate potable water to all villages in our country, I am speaking regarding particular villages. ਜਿਸ ਤਰ੍ਹਾਂ ਮਨਿਸਟਰ ਸਾਹਿਬ ਨੇ ਜ਼ਿਕਰ ਕਰਦੇ ਹੋਏ ਪਾਣੀ ਦੀ ਘਟ ਸਪਲਾਈ ਵਾਲੇ 24 ਪਿੰਡਾਂ ਦਾ ਹਵਾਲਾ ਦਿੱਤਾ ਹੈ ਅਤੇ ਦੱਸਿਆ ਹੈ ਕਿ the reasons for non-construction of OHSR category is scarcity of funds under A.R.P. programme. ਦੂਜੀ ਗੱਲ, ਜਿਹੜਾ ਮਨਿਸਟਰ ਸਾਹਿਬ ਨੇ ਜਿਕਰ ਕੀਤਾ ਹੈ ਕਿ ਹਾਲੇ ਤੱਕ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਕੋਈ ਪਾਣੀ ਦੀ ਘਾਟ ਸਬੰਧੀ ਸ਼ਿਕਾਇਤਾਂ ਨਹੀਂ ਆਈਆਂ ਹਨ । ਸਪੀਕਰ ਸਾਹਿਬ ਜਦੋਂ ਤੋਂ ਮੇਰੀ ਕਾਲ ਅਟੈਨਸ਼ਨ ਐਡਮਿਟ ਹੋਈ ਹੈ ਉਸ ਦਿਨ ਤੋਂ ਲਗਾਤਾਰ ਮਹਿਕਮੇ ਦੇ ਅਫਸਰ ਪਿੰਡਾਂ ਵਿਚ ਜਾ ਕੇ ਵਿਜ਼ਿਟ ਕਰ ਰਹੇ ਹਨ ਅਤੇ ਲੋਕਾਂ ਤੋਂ ਜਬਰਦਸਤੀ ਲਿਖਾ ਰਹੇ ਹਨ ਕਿ ਪਿੰਡਾਂ ਵਿਚ ਪਾਣੀ ਦੀ ਕੋਈ ਸਮੱਸਿਆ ਨਹੀਂ ਹੈ । ਇਸ ਸਮੇਂ ਮੇਰੇ ਕੋਲ 15 ਪੰਚਾਇਤਾਂ ਦੇ ਮਤੇ ਪਾਸ ਕੀਤੇ ਹੋਏ ਹਨ ਕਿ ਉਨ੍ਹਾਂ ਉਤੇ ਮਹਿਕਮੇ ਦੇ ਅਫਸਰਾਂ ਵਲੋਂ ਦਬਾਅ ਪਾ ਕੇ ਲਿਖ-ਵਾਇਆ ਗਿਆ ਹੈ ਕਿ ਪਾਣੀ ਦੀ ਕੋਈ ਸਮੱਸਿਆ ਨਹੀਂ ਹੈ । ਸਪੀਕਰ ਸਾਹਿਬ, 2001 ਵਿਚ ਪਾਈਪ ਸਕੈਮ ਅਖਬਾਰਾਂ ਵਿਚ ਆਇਆ ਸੀ ਅਤੇ ਟ੍ਰਿਬਿਊਨ ਅਖਬਾਰ ਵਿਚ ਲਿਖਿਆ ਸੀ ਕਿ ਬਾਦਲ fails to take action. ਇਹ ਟ੍ਰਿਬਿਊਨ ਮਿਤੀ 25-9-2001 ਆਇਆ ਸੀ ਕਿ ਇਸ ਅਧੀਨ ਜਿਹੜੀ ਇਨਕੁਆਇਰੀ ਚਲ ਰਹੀ ਸੀ ਉਹ ਇਨਕੁਆਇਰੀ ਹੁਣ ਤੱਕ ਕਿਥੇ ਤੱਕ ਪਹੁੰਚੀ ਹੈ ਅਤੇ ਇਹ ਇਨਕੁਆਇਰੀ ਕਦੋਂ ਤੱਕ ਮੁਕੰਮਲ ਹੋ ਜਾਵੇਗੀ ।

ਮਾਨਯੋਗ ਸਪੀਕਰ : ਅਫਸਰਾਂ ਵਲੋਂ ਲੋਕਾਂ ਤੋਂ ਜ਼ਬਰਦਸਤੀ ਲਿਖਵਾਇਆ ਗਿਆ ਹੈ ਅਤੇ ਦੂਜਾ ਇਨਕੁਆਇਰੀ ਬਾਰੇ ਮੈਂਬਰ ਸਾਹਿਬ ਨੂੰ ਦੱਸ ਦਿਓ ।

ਮੰਤਰੀ : ਅਗਰ ਕਿਸੇ ਕਰਮਚਾਰੀ ਨੇ ਜ਼ਬਰਦਸਤੀ ਲਿਖਵਾਉਣ ਦੀ ਕੋਸ਼ਿਸ਼ ਕੀਤੀ ਹੈ, I will assure the House to take the action against them. ਦੂਸਰੀ ਗੱਲ, ਜਿਹੜਾ ਇਨ੍ਹਾਂ ਨੇ ਕਿਹਾ ਹੈ, ਜੋ ਇਨਕੁਆਇਰੀ ਸੀ, ਉਹ ਸਾਰੇ ਪੰਜਾਬ ਦੀ ਸੀ । ਸਰ, ਪਾਈਪਾਂ ਜਿਹੜੀਆਂ ਖਰੀਦੀਆਂ ਗਈਆਂ ਸਨ, ਬੀ.ਜੇ.ਪੀ. ਤੇ ਅਕਾਲੀ ਦਲ ਦੇ ਰਿਜੀਮ ਵਿਚ 22 ਕਰੋੜ ਸਮਥਿੰਗ ਦੀਆਂ, ਉਸ ਦੀ ਇਨਕੁਆਇਰੀ ਵਿਜੀਲੈਂਸ ਡਿਪਾਰਟਮੈਂਟ ਵਲੋਂ ਕਰਵਾਈ ਗਈ ਸੀ ਤੇ ਉਨ੍ਹਾਂ ਵਲੋਂ ਉਹ ਇਨਕੁਆਇਰੀ ਠੱਪ ਕਰ ਦਿੱਤੀ ਗਈ ਸੀ । ਜੇ ਮੈਂਬਰ ਸਾਹਿਬਾਨ ਚਾਹੁੰਦੇ ਹਨ, ਮੈਂ ਦੁਬਾਰਾ ਵਿਜੀਲੈਂਸ ਡਿਪਾਰਟਮੈਂਟ ਨੂੰ ਇਹ ਇਨਕੁਆਇਰੀ ਦੇ ਦੇਵਾਂਗਾ ।

**ਸਰਦਾਰ ਰਣਦੀਪ ਸਿੰਘ ਨਾਭਾ** : ਸਰ, ਇਹ ਬਹੁਤ ਇੰਪਾਰਟੈਂਟ ਮੈਟਰ ਹੈ......

**MR. SPEAKER** : No, no. Now. Papers to be laid on the table of the House. (Interruption)

**Sardar Randeep Singh Nabha** : Sir, it is a matter of grave concern......What is the report and whether it will be......

**MR. SPEAKER** : No answer, no question.

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਇਸ ਦੀ ਇਨਕੁਆਰੀ ਹੋਈ ਸੀ ਜੋ ਕਿ ਵਿਜੀਲੈਂਸ ਵਾਲਿਆਂ ਵਲੋਂ ਠੱਪ ਕਰ ਦਿੱਤੀ ਗਈ ਸੀ। ਜੇ ਇਨ੍ਹਾਂ ਨੂੰ ਕੋਈ ਖਦਸ਼ਾ ਹੈ ਤਾਂ ਦੁਬਾਰਾ ਇਨਕੁਆਇਰੀ ਕਰਵਾ ਦੇਵਾਂਗੇ।

**MR. SPEAKER** : Minister to lay Papers on the Table of the House.

---

## PAPERS LAID ON THE TABLE OF THE HOUSE

**MR. SPEAKER** : Minister to lay Papers on the Table of the House.

**Minister for Local Government, Parliamentary Affairs, Labour & Employment and Elections (Chaudhary Jagjit Singh)** : Sir, I beg to lay on the Table the 29th Annual Report of Punjab State Civil Supplies Corporation Ltd. (PUNSUP) for the year 2002-2003, as required under Section 619-A of the Companies Act, 1956.

---

## MOTION UNDER RULE 16

**MR. SPEAKER** : Now Parliamentary Affairs Minister to move Motion under Rule 16.

**Minister for Local Government, Parliamentary Affairs, Labour & Employment and Elections (Chaudhary Jagjit Singh)** : Sir, I beg to move-

> That the Vidhan Sabha (Assembly) at its rising this day shall stand adjourned sine-die.

**MR. SPEAKER** : Motion moved-

> That the Vidhan Sabha (Assembly) at its rising this day shall stand adjourned sine-die.

**MR. SPEAKER** : Yes, Mr. Balwinder Singh Bhunder.

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸ਼ਰਦੂਲਗੜ੍ਹ)** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਸਾਈਨ-ਡਾਈ ਦਾ ਮੋਸ਼ਨ ਆ ਗਿਆ ਹੈ । ਅਸੀਂ ਵਾਰ ਵਾਰ ਬੀ.ਏ.ਸੀ. ਵਿਚ ਤੇ ਇਥੇ ਵੀ ਜ਼ੀਰੋ ਆਵਰ ਵਿਚ ਪੁਆਇੰਟ ਉਠਾਏ ਸੀ ਤੇ ਤੁਸੀਂ ਕਿਹਾ ਸੀ ਕਿ ਕੰਸਿਡਰ ਕਰ ਰਹੇ ਹਾਂ । ਸਾਡੇ ਤਿੰਨ ਪੁਆਇੰਟ ਸੀ ਤੇ ਬੜੇ ਇੰਪਾਰਟੈਂਟ ਪੁਆਇੰਟ ਸੀ । ਇਕ ਤਾਂ ਅਸੀਂ ਰਿਵਰ ਵਾਟਰਜ਼ ਅਮੈਂਡਮੈਂਟ ਬਿਲ ਦੀ ਕਲਾਜ਼-5 ਬਾਰੇ ਅਮੈਂਡਮੈਂਟ ਦਿੱਤੀ ਸੀ । ਬਿਜਲੀ ਬੋਰਡ ਨੂੰ ਤੋੜਨ ਦੇ ਮੁਤੱਲਕ ਹਾਊਸ ਵਿਚ ਰਿਪੋਰਟ ਆਈ ਸੀ, ਅਸੀਂ ਉਸਤੇ ਡਿਸਕਸ਼ਨ ਵਾਸਤੇ ਕਿਹਾ ਸੀ । ਫੇਰ ਨਹਿਰਾ ਕਮਿਸ਼ਨ ਦੀ ਰਿਪੋਰਟ ਤੇ ਡਿਸਕਸ਼ਨ ਵਾਸਤੇ ਕਿਹਾ ਸੀ । ਸਪੀਕਰ ਸਾਹਿਬ, ਸਰਕਾਰ ਸਾਈਨ-ਡਾਈ ਲਿਆ ਰਹੀ ਹੈ ਜਦ ਕਿ ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਮਸਲਿਆਂ ਤੇ ਸਹੀ ਪੁਜ਼ੀਸ਼ਨ ਦਾ ਪਤਾ ਹੋਣਾ ਚਾਹੀਦਾ ਹੈ, ਸਹੀ ਚਾਨਣਾ ਹੋਣਾ ਚਾਹੀਦਾ ਹੈ । ਮੈਂ ਇਨ੍ਹਾਂ ਮਸਲਿਆਂ ਤੇ ਡਿਸਕਸ਼ਨ ਵਾਸਤੇ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਟਾਈਮ ਨਿਸਚਿਤ ਕਰਨ । ਰੂਲਜ਼ ਵਿਚ ਤਾਂ ਇਕ ਸਾਲ ਵਿਚ ਮਿਨੀਮਮ 40 ਮੀਟਿੰਗਜ਼ ਹੋਣੀਆਂ ਚਾਹੀਦੀਆਂ ਹਨ ਤੇ ਬਜਟ ਸੈਸ਼ਨ ਵਿਚ ਘੱਟੋ ਘੱਟ 25-30 ਤਾਂ ਹੋਣ । ਇਹ ਤਿੰਨ ਔਰ ਤਿੰਨ ਛੇ ਹੀ ਮੀਟਿੰਗਾਂ ਹੋਈਆਂ ਹਨ । ਇੰਨੀ ਸਰਕਾਰ ਨੂੰ ਕਿਹੜੀ ਕਾਹਲੀ ਹੈ ਕਿ ਹੁਣੇ ਸਾਈਨ-ਡਾਈ ਮੋਸ਼ਨ ਆ ਜਾਵੇ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਜੋ ਭੂੰਦੜ ਸਾਹਿਬ ਨੇ ਕਿਹਾ ਹੈ, ਮੈਂ ਉਸ ਨਾਲ ਸਹਿਮਤ ਹਾਂ । ਸੈਸ਼ਨ ਵਿਚ ਇਕ ਦਿਨ ਦਾ ਹੋਰ ਇਜ਼ਾਫਾ ਹੋ ਜਾਵੇ । ਜੋ ਭੂੰਦੜ ਸਾਹਿਬ ਨੇ ਰਿਪੋਰਟਸ ਤੇ ਡਿਸਕਸ਼ਨ ਕਰਨ ਵਾਸਤੇ ਕਿਹਾ ਹੈ, ਡਿਸਕਸ਼ਨ ਹੋਣੀ ਚਾਹੀਦੀ ਹੈ । ਕੋਈ ਵੱਡੀ ਗੱਲ ਤਾਂ ਨਹੀਂ ।

**ਮਾਨਯੋਗ ਸਪੀਕਰ** : ਹਾਂ ਜੀ, ਮੰਤਰੀ ਜੀ, ਤੁਸੀਂ ਕੁਝ ਕਹਿਣਾ ਚਾਹੋਗੇ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿਚ ਸਾਡਾ ਫੈਸਲਾ ਹੋਇਆ ਸੀ । ਉਸ ਵੇਲੇ ਇਨ੍ਹਾਂ ਨੇ ਇਨਸਿਸਟ ਨਹੀਂ ਕੀਤਾ । ਉਸ ਵੇਲੇ ਜੋ ਫੈਸਲਾ ਹੋਇਆ ਸੀ, ਉਸਦੇ ਮੁਤਾਬਿਕ ਮੈਂ ਮੋਸ਼ਨ ਮੂਵ ਕੀਤਾ ਹੈ । ਇਸ ਨੂੰ ਪਾਸ ਕਰਾਓ ਜੀ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਵੀ ਯਾਦ ਹੋਵੇਗਾ, ਗਲਤ ਗੱਲ ਨਹੀਂ ਕਹਿਣੀ ਚਾਹੀਦੀ, ਅੱਛੀ ਨਹੀਂ ਲਗਦੀ । ਉਸ ਵੇਲੇ ਗਵਰਨਰ ਐਡਰੈਸ ਤੇ ਡਿਸਕਸ਼ਨ ਵਾਸਤੇ ਡੇਟਸ ਤੈਅ ਹੋਈਆਂ ਸਨ । ਜਦੋਂ ਅਸੀਂ ਰਿਪੋਰਟਾਂ ਬਾਰੇ ਕਿਹਾ ਤਾਂ ਕਿਹਾ ਗਿਆ ਕਿ ਅਗਲੇ ਏਜੰਡੇ ਤੇ ਵਿਚਾਰ ਕਰ ਲਵਾਂਗੇ । ਇਕ ਤਾਂ ਪਹਿਲਾਂ ਹੀ ਟਾਈਮ ਘੱਟ ਰਖਿਆ ਗਿਆ ਹੈ, ਫੇਰ ਕਹਿਣਾ ਕਿ ਇਨਸਿਸਟ ਨਹੀਂ ਕੀਤਾ, ਅਸੀਂ ਸਟਰੈਸ ਨਹੀਂ ਕੀਤਾ ਹੈ, ਅਸੀਂ ਕੀਤਾ ਹੈ । ਸਰਕਾਰ ਭੱਜ ਰਹੀ ਹੈ । ਆਪਣੀ ਪੁਜ਼ੀਸ਼ਨ ਕਲੀਅਰ ਨਹੀਂ ਕਰ ਰਹੀ ।

ਮੰਤਰੀ : ਸਰਕਾਰ ਬਿਲਕੁਲ ਭੱਜ ਨਹੀਂ ਰਹੀ । ਮੀਟਿੰਗ ਵਿਚ ਫੈਸਲਾ ਹੋਇਆ ਹੈ ਕਿ ਹਾਊਸ ਅੱਜ ਐਡਜਰਨ ਹੋਵੇਗਾ । ਇਹ ਉਸ ਮੀਟਿੰਗ ਵਿਚ ਸ਼ਾਮਿਲ ਸੀ । ਇਸੇ ਕਰਕੇ ਮੈਂ ਮੋਸ਼ਨ ਮੂਵ ਕੀਤਾ ਹੈ ।

**ਮਾਨਯੋਗ ਸਪੀਕਰ** : ਹੁਣ 11.24 ਹੋਏ ਹਨ । 2.30 ਵਜੇ ਤੱਕ ਗਵਰਨਰ ਐਡਰੈਸ ਤੇ ਡਿਸਕਸ਼ਨ ਚਲਣੀ ਹੈ । ਕੋਈ 12.00 ਵਜੇ ਅਸੀਂ ਫੇਟ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਮਿਲ ਲਵਾਂਗੇ ਤੇ ਇਸ ਨੂੰ ਰੀਕੰਸਿਡਰ ਕਰ ਲਵਾਂਗੇ ।

ਅੱਜ ਹਾਊਸ ਦਾ ਟਾਈਮ ਐਕਸਟੈਂਡ ਕਰਕੇ ਡਿਸਕਸ਼ਨ ਹੋ ਜਾਵੇਗੀ । ਜੋ ਤੁਸੀਂ ਕਿਹਾ ਹੈ, ਬੀ.ਏ.ਸੀ. ਦੀ ਮੀਟਿੰਗ ਵਿਚ ਤੁਸੀਂ ਉਸ ਦਾ ਫੈਸਲਾ ਕਰ ਲਵੋਗੇ । ਅਸੀਂ 12.00 ਵਜੇ ਇਸ ਬਾਰੇ ਡਿਸਕਸ਼ਨ ਕਰ ਲਵਾਂਗੇ । ਸਾਈਨੇ-ਡਾਈ ਦਾ ਮੋਸ਼ਨ ਆ ਚੁੱਕਾ ਹੈ, ਇਹ ਤਾਂ ਹੁਣ ਪਾਸ ਕਰਨਾ ਹੀ ਹੈ । ਡਿਸਕਸ਼ਨ ਬਾਰੇ ਫੈਸਲਾ 12.00 ਵਜੇ ਕਰ ਲਵਾਂਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਜੋ ਤੁਸੀਂ ਕਿਹਾ ਹੈ, ਉਸ ਦੇ ਖਿਲਾਫ ਤਾਂ ਅਸੀਂ ਕੁਝ ਕਹਿਣਾ ਹੀ ਨਹੀਂ ਹੈ ਕਿਉਂਕਿ ਤੁਸੀਂ ਸੁਪਰੀਮ ਹੋ । ਮੇਰੀ ਰਿਕੁਐਸਟ ਇਹ ਹੈ ਕਿ ਮੀਟਿੰਗ 12 00 ਵਜੇ ਹੈ ਲੇਕਿਨ ਸਾਈਨੇ-ਡਾਈ ਦਾ ਮੋਸ਼ਨ ਤਾਂ ਪਹਿਲਾਂ ਹੀ ਆ ਗਿਆ ਹੈ । ਇਸ ਤਰ੍ਹਾਂ ਤਾਂ ਫਿਰ ਕੋਈ ਫੈਸਲਾ ਨਹੀਂ ਹੋਣਾ ।

**ਮਾਨਯੋਗ ਸਪੀਕਰ** : ਅੱਜ ਹੀ ਤੁਹਾਨੂੰ ਟਾਈਮ ਜ਼ਿਆਦਾ ਦੇ ਦੇਵਾਂਗੇ ਅਤੇ ਤੁਸੀਂ ਡਿਸਕਸ਼ਨ ਕਰ ਲਵੋਗੇ । ਅੱਜ ਇਕ ਕੰਟੀਨਿਊ ਪ੍ਰਾਸੈੱਸ ਹੋਣਾ ਹੈ । ਖਾਣਾ ਵੀ ਤੁਸੀਂ ਇਥੇ ਹੀ ਲਵੋਗੇ । ਅਸੀਂ ਲੈਜਿਸਲੇਟਿਵ ਬਿਜ਼ਨਿਸ ਲਈ ਵੀ ਕਾਫੀ ਵਕਤ ਰੱਖਣਾ ਹੈ । That can be considered.

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਤੇ ਬਿਜਲੀ ਮੰਤਰੀ (ਸਰਦਾਰ ਲਾਲ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਵੈਸੇ ਤਾਂ ਤੁਸੀਂ ਸਾਰਾ ਕੁਝ ਕਹਿ ਹੀ ਦਿੱਤਾ ਹੈ ਲੇਕਿਨ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦਾ ਮੈਂਬਰ ਹੋਣ ਦੇ ਨਾਤੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰਾ ਫੈਸਲਾ ਇਨ੍ਹਾਂ ਦੀ ਮੌਜੂਦਗੀ ਵਿਚ ਹੋਇਆ ਸੀ । ਉਸ ਵੇਲੇ ਇਹ ਆਪ ਮੰਨੇ ਸੀ ਕਿ ਅੱਜ ਸੈਸ਼ਨ ਦਾ ਲਾਸਟ ਡੇਅ ਹੋਵੇਗਾ ਅਤੇ ਅੱਜ ਸੈਸ਼ਨ ਖਤਮ ਹੋ ਜਾਵੇਗਾ । ਜੇ ਜ਼ਰੂਰਤ ਹੋਵੇਗੀ ਤਾਂ ਹਾਊਸ ਦਾ ਟਾਈਮ ਥੋੜ੍ਹਾ ਹੋਰ ਵਧਾ ਲਵਾਂਗੇ । ਹੁਣ ਇਹ ਬਾਰ ਬਾਰ ਕਿਉਂ ਮੁੱਕਰੀ ਜਾਂਦੇ ਹਨ ?

**MR. SPEAKER** : Time will be extended accordingly.

**MR SPEAKER** : Question is—

> That the Vidhan Sabha (Assembly) at its rising this day shall stand adjourned sine die.

[ਮਾਨਯੋਗ ਸਪੀਕਰ]

(**At** this stage, the members of the Opposition party were insisting that since they were more in number in the House at that moment the motion might not be carried.)

**ਮਾਨਯੋਗ ਸਪੀਕਰ :** ਵੋਟਿੰਗ ਕਰਾਉਣੀ ਚਾਹੁੰਦੇ ਹੋ ? ਚਲੋ ਠੀਕ ਹੈ । ਰਿੰਗ ਕਰਾਓ । ਰਿੰਗ ਵੱਜ ਰਹੀ ਹੈ । (ਇਸ ਵੇਲੇ ਹਾਊਸ ਦੀ ਰਿੰਗ ਵੱਜ ਰਹੀ ਸੀ ।)

**Sardar Bir Devinder Singh :** Sir, I am on a point of order.

**MR. SPEAKER :** Yes, Mr. Bir Devinder Ji.

**Sardar Bir Devinder Singh :** Sir, No Member has asked for the division. No Member has asked for the voting. You should give your ruling. It was only on a voice vote.

**MR. SPEAKER :** No, no. The question is before the House and the House is the Master.

**Sardar Bir Devinder Singh :** House has never asked for voting.

**MR. SPEAKER :** Let the ringing of the bell stop.

**MR. SPEAKER :** Yes, now the Question is—

> That the Vidhan Shaba (Assembly) at its rising this day shall stand adjourned sine die.

*The motion was carried.*

**ਮਾਨਯੋਗ ਸਪੀਕਰ :** ਮੇਰਾ ਖਿਆਲ ਹੈ ਕਿ ਹੁਣ ਵੋਟਿੰਗ ਦੀ ਲੋੜ ਨਹੀਂ ਹੈ ।

(ਆਵਾਜ਼ਾਂ : ਨਹੀਂ ਜੀ. ਨਹੀਂ ਜੀ)

---

## RESUMPTION OF DISCUSSION ON GOVERNOR'S ADDRESS AND VOTE ON THE MOTION OF THANKS

**MR. SPEAKER :** Now, further consideration of the following motion moved by Rana Kanwar Pal Singh, MLA and seconded by Sardar Randeep Singh Nabha, MLA on the 11th April, 2005—

"That an Address be presented to the Governor in the Following terms :—

'That the Members of this House assembled in this Session are deeply grateful to the Governor for the Address which he has been pleased to deliver to the House on the 18th March. 2005."

ਸਰਦਾਰ ਸੁਖਪਾਲ ਸਿੰਘ ਜੀ ਉਸ ਦਿਨ ਖੜ੍ਹੇ ਸਨ । ਸਾਰਾ ਟਾਈਮ ਹਾਊਸ, ਵਾਸਤੇ ਹੈ । 1.59 ਮਿੰਟ ਟਰੇਜ਼ਰੀ ਬੈਂਚਿਜ ਵਾਲੇ, 1.01 ਮਿੰਟ ਲਈ ਸ਼੍ਰੋਮਣੀ ਅਕਾਲੀ ਦਲ ਵਾਸਤੇ ਅਤੇ ਇੰਡੀਪੈਂਡੈਂਟਸ ਲਈ 8 ਮਿੰਟ ਹਨ । ਬੀ.ਜੇ.ਪੀ. ਦੇ ਬੋਲਣ ਲਈ 4 ਮਿੰਟ ਹਨ ।

**MR. SPEAKER :** I have also received amendment notices from some Hon'ble Members to the Motion of Thanks on the Governor's Address. If the House agrees, all these amendments may be deemed to have been read and moved.

(Voices : Yes, Yes)

**ਸੋਧਨਾ ਨੋਟਿਸ ਨੰਬਰ 1**

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਵੱਧਦੇ ਲੜਕੀਆਂ ਅਤੇ ਮਾਸੂਮ ਬੱਚਿਆਂ ਦੇ ਅਗਵਾਹਾਂ ਤੇ ਬਲਾਤਕਾਰਾਂ ਦਾ ਕੋਈ ਜਿਕਰ ਨਹੀਂ ਕੀਤਾ ਗਿਆ ।"

**ਸੋਧਨਾ ਨੋਟਿਸ ਨੰਬਰ 2**

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਕਾਨੂੰਨ ਤੇ ਵਿਵਸਥਾ ਦੀ ਸਰਕਾਰ ਹੱਥੋਂ ਨਿਕਲ ਚੁੱਕੀ ਹਾਲਤ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

ਸੋਧਨਾ ਨੋਟਿਸ ਨੰਬਰ 3

1. ਸਰਦਾਰ ਮਨਪ੍ਰੀਤ ਸਿੰਘ ਬਾਦਲ
2. ਸਰਦਾਰ ਜਗਦੀਸ਼ ਸਿੰਘ ਗਰਚਾ

: ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਠੇਕਿਆਂ ਦੀਆਂ ਨਿਲਾਮੀਆਂ ਵਿੱਚ ਹੋਈਆਂ ਭਾਰੀ ਧਾਂਦਲੀਆਂ ਨੂੰ ਪਹਿਲਾਂ ਰੋਕਣ ਬਾਰੇ ਕੀਤੇ ਪ੍ਰਬੰਧਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

ਸੋਧਨਾ ਨੋਟਿਸ ਨੰਬਰ 4

ਸਰਦਾਰ ਮਨਪ੍ਰੀਤ ਸਿੰਘ ਬਾਦਲ : ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਗੜ੍ਹਿਆਂ ਤੇ ਭਾਰੀਆਂ ਬਾਰਸ਼ਾਂ ਨਾਲ ਰਾਜ ਦੀ ਖੇਤੀ ਦੇ ਨੁਕਸਾਨ ਅਤੇ ਕਿਸਾਨਾਂ ਨੂੰ ਮੁਆਵਜ਼ੇ ਦੀ ਕੋਈ ਅਦਾਇਗੀ ਨਾ ਕਰਨ ਦੇ ਕਾਰਣਾਂ ਬਾਰੇ ਇਸ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

ਸੋਧਨਾ ਨੋਟਿਸ ਨੰਬਰ 5

ਸਰਦਾਰ ਮਨਪ੍ਰੀਤ ਸਿੰਘ ਬਾਦਲ : ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫਲ ਰਹੀ ਹੈ ਤੇ 2001 ਦੀ ਝੋਨੇ ਦੀ ਫਸਲ ਤੇ ਐਲਾਨੇ ਗਏ ਬੋਨਸ ਦੀ ਪੂਰੀ ਅਦਾਇਗੀ ਕਰਨ ਬਾਰੇ ਤੇ ਕਿਸਾਨਾਂ ਦੇ ਗੰਨੇ ਦੀ ਬਕਾਇਆ ਅਦਾਇਗੀ ਬਾਰੇ ਇਸ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

ਸੋਧਨਾ ਨੋਟਿਸ ਨੰਬਰ 6

1. ਸਰਦਾਰ ਗੁਲਜ਼ਾਰ ਸਿੰਘ ਰਣੀਕੇ
2. ਸਰਦਾਰ ਸੋਹਣ ਸਿੰਘ ਠੰਡਲ
3. ਸ਼੍ਰੀ ਦੇਸ ਰਾਜ ਧੁੱਗਾ

: ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਸੰਵਿਧਾਨ ਦੀ 85ਵੀਂ ਸੋਧ ਨੂੰ ਨਾ ਲਾਗੂ ਕਰਨ ਦੇ ਕਾਰਨਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

**MR. SPEAKER :** Alright Now Discussion. Sardar Parkash Singh ji Badal.

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ) :** ਮਾਨਯੋਗ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਅੱਜ ਦੇ ਅਜੰਡੇ ਦੇ ਮੁਤਾਬਿਕ ਬੋਲਾਂ। ਇਥੇ ਹਮੇਸ਼ਾ ਹੀ ਕਨਵੈਂਸ਼ਨ ਰਹੀ ਹੈ ਕਿ ਲੀਡਰ ਆਫ ਦੀ ਹਾਊਸ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਜਿਹੜੇ ਹਨ ਉਨ੍ਹਾਂ ਤੇ ਕੋਈ ਟਾਈਮ ਲਿਮਿਟ ਨਹੀਂ ਹੁੰਦੀ। ਭਾਵੇਂ ਉਹ ਅੱਧਾ ਘੰਟਾ ਲੈਣ, ਭਾਵੇਂ ਦੋ ਘੰਟੇ ਲੈਣ। ਇਸ ਨਾਲ ਕੋਈ ਇਤਰਾਜ ਨਹੀਂ ਜੇਕਰ ਲੀਡਰ ਆਫ਼ ਦੀ ਹਾਊਸ 6 ਘੰਟੇ ਵੀ ਲੈਣ। ਇਸ ਕਰਕੇ ਕਿਉਂਕਿ ਇਹ ਬੜਾ ਇੰਪਾਰਟੈਂਟ ਅਜੰਡਾ ਹੈ। ਸਭ ਤੋਂ ਇੰਪਾਰਟੈਂਟ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਟਾਈਮ ਦੀ ਲਿਮਿਟੇਸ਼ਨ ਨਾ ਰੱਖੋ।

**ਮਾਨਯੋਗ ਸਪੀਕਰ :** ਇੱਕ ਘੰਟਾ ਕਾਫੀ ਹੋਏਗਾ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਨਹੀਂ ਜੀ, ਥੋੜ੍ਹਾ ਹੈ।

**ਵਿੱਤ ਅਤੇ ਯੋਜਨਾ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਉਸ ਦਿਨ ਤਾਂ ਇਹ ਵਾਕ ਆਊਟ ਕਰ ਗਏ ਸਨ ?

**ਮਾਨਯੋਗ ਸਪੀਕਰ :** ਕੋਈ ਗੱਲ ਨਹੀਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, 18 ਮਾਰਚ ਨੂੰ ਗਵਰਨਰ ਸਾਹਿਬ ਨੇ ਇਸ ਪਵਿੱਤਰ ਸਦਨ ਵਿੱਚ ਭਾਸ਼ਣ ਦਿੱਤਾ ਸੀ, ਅਸੀਂ ਗਵਰਨਰ ਸਾਹਿਬ ਦੇ ਅਹੁਦੇ ਦਾ ਬਹੁਤ ਸਤਿਕਾਰ ਕਰਦੇ ਹਾਂ। ਅਸੀਂ ਚਾਹੁੰਦੇ ਵੀ ਸੀ ਕਿ ਉਨ੍ਹਾਂ ਦਾ ਭਾਸ਼ਣ ਸੁਣਿਆ ਜਾਏ ਲੇਕਿਨ ਕਿਉਂਕਿ ਇਹ ਭਾਸ਼ਣ ਹੀ ਇਹੋ ਜਿਹੀ ਸਰਕਾਰ ਦਾ ਲਿਖਿਆ ਹੋਇਆ ਹੈ ਜਿਸ ਨੇ ਆਪਣੇ ਤਿੰਨ ਸਾਲਾਂ ਵਿਚ ਡੈਮੋਕਰੇਸੀ ਦਾ ਮਰਡਰ ਕੀਤਾ, ਜਿੰਨੇ ਵੀ ਇਨ੍ਹਾਂ ਨੇ ਪਬਲਿਕ ਨਾਲ ਵਾਅਦੇ ਕੀਤੇ ਸਨ ਉਨ੍ਹਾਂ ਤੋਂ ਇਹ ਮੁਕਰ ਗਏ, ਸੂਬੇ ਦਾ ਅਮਨ, ਸ਼ਾਂਤੀ, ਪੀਸ ਐਂਰ ਲਾਅ ਐਂਡ ਆਰਡਰ ਇਨ੍ਹਾਂ ਨੇ ਖਤਮ ਕਰ ਦਿੱਤਾ। ਸਪੀਕਰ ਸਾਹਿਬ, ਇਹ ਸਟੇਟ ਜਿਹੜੀ ਹੈ ਪੰਜਾਬ, ਜਿਸ ਦਾ ਬੜਾ ਨਾਮ ਸੀ, ਉਹਦੀ ਫਾਇਨੈਂਸ਼ੀਅਲ ਪੁਜ਼ੀਸ਼ਨ ਰੈਂਕ ਕੀਤੀ ਔਰ ਉਸ ਨੂੰ ਬੈਂਕਰੁਪਸੀ ਵੱਲ ਧਕੇਲ ਦਿੱਤਾ। ਇਹ ਸਰਕਾਰ ਜਿਹੜੀ ਕੁਰੱਪਸ਼ਨ ਦੀਆਂ ਗੱਲਾਂ ਕਰਦੀ ਸੀ, ਹੁਣ ਤਾਂ ਨਹੀਂ ਕਰਦੀ, ਇਹ ਸਿਰ ਤੋਂ ਲੈ ਕੇ ਪੈਰਾਂ ਤੱਕ ਕੁਰੱਪਸ਼ਨ ਹੀ ਕੁਰੱਪਸ਼ਨ ਵਿੱਚ ਲਿਬੜੀ ਹੋਈ ਹੈ। ਇਸ ਸਰਕਾਰ ਦੇ ਸਮੇਂ ਇਕ ਬੱਚੇ ਨੂੰ ਵੀ ਭਰਤੀ ਨਹੀਂ ਦਿੱਤੀ ਗਈ, ਅਨਇੰਪਲਾਇਮੈਂਟ ਜਿਹੜਾ ਕਿ ਬਹੁਤ ਵੱਡਾ ਮਸਲਾ ਹੈ, ਉਸ ਵੱਲ ਇਨ੍ਹਾਂ ਨੇ ਕੋਈ ਧਿਆਨ ਨਹੀਂ ਦਿੱਤਾ। ਖੇਤੀਬਾੜੀ, ਫਾਰਮਰ ਜੋ ਹੈ, ਸੂਬੇ ਦੀ ਬੈਕਬੋਨ ਹੈ, ਉਸ ਦੀ ਬੈਕਬੋਨ ਤੋੜ ਦਿੱਤੀ, ਉਹਦੀ ਕਮਰ ਇਸ ਸਰਕਾਰ ਨੇ ਆਪਣੀਆਂ ਗਲਤ ਪਾਲਿਸੀਆਂ ਨਾਲ ਤੋੜ ਦਿੱਤੀ। ਟਰੇਡ, ਇੰਡਸਟਰੀ ਤਬਾਹ ਕਰ ਦਿੱਤੀ ਔਰ ਉਨ੍ਹਾਂ ਤੇ ਵੈਟ ਵਰਗੇ ਕਾਨੂੰਨ ਲਾਗੂ ਕਰ ਦਿੱਤੇ। ਅਨਬੰਡਲਿੰਗ ਆਫ ਪੀ.ਐਸ.ਈ.ਬੀ.,

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਉਹ ਵੀ ਤੁਰੰਤ ਇਹ ਕਰ ਰਹੇ ਹਨ । ਦਲਿਤ, ਜਿਨ੍ਹਾਂ ਦੀ ਆਬਾਦੀ 1/3 ਹਿੱਸਾ ਪੰਜਾਬ ਵਿੱਚ ਹੈ, ਉਨ੍ਹਾਂ ਨਾਲ ਇਨ੍ਹਾਂ ਨੇ ਬਹੁਤ ਵੱਡਾ ਧੋਖਾ ਕੀਤਾ । ਜਿੰਨੇ Key areas of development ਹਨ, ਸਭ ਨੂੰ ਨਿਗਲੇਕਟ ਕੀਤਾ । ਇਸ ਲਈ ਇਨ੍ਹਾਂ ਕਾਰਨਾਂ ਕਰਕੇ ਮਜਬੂਰਨ ਸਾਨੂੰ ਗਵਰਨਰ ਸਾਹਿਬ ਦੇ ਐਡਰੈਸ ਦਾ ਬਾਈਕਾਟ ਕਰਨਾ ਪਿਆ ।

ਮਾਨਯੋਗ ਸਪੀਕਰ ਸਾਹਿਬ, ਟਰੈਜ਼ਰੀ ਬੈਂਚਾਂ ਤੋਂ ਗਵਰਨਰ ਸਾਹਿਬ ਦੇ ਐਡਰੈਸ ਵਾਸਤੇ ਜੋ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ, ਮੈਂ ਉਸ ਦੀ ਮੁਖਾਲਫਤ ਕਰਨ ਲਈ ਖੜ੍ਹਾ ਹੋਇਆ ਹਾਂ । ਕੁਝ ਅਜਿਹੇ ਡਾਕੂਮੈਂਟ ਹੁੰਦੇ ਹਨ ਜਿਨ੍ਹਾਂ ਵਿਚ ਜੇਕਰ 50% ਸਚਾਈ ਹੋਵੇ ਜਾਂ 20% ਵੀ ਸਚਾਈ ਹੋਵੇ ਤਾਂ ਵੀ ਮੰਨਿਆਂ ਜਾ ਸਕਦਾ ਹੈ । ਲੇਕਿਨ ਇਹ ਇਕ ਅਜਿਹਾ ਡਾਕੂਮੈਂਟ ਹੈ ਜਿਸ ਦੀ ਕਥਨੀ ਅਤੇ ਕਰਨੀ ਵਿਚ ਬੜਾ ਫਰਕ ਹੈ । ਕਿਹਾ ਕੁਝ ਜਾਂਦਾ ਹੈ ਲੇਕਿਨ ਅਸਲੀਅਤ ਕੁਝ ਹੋਰ ਹੁੰਦੀ ਹੈ । ਫਿਰ ਮੈਂ, ਸਪੀਕਰ ਸਾਹਿਬ, ਜਦੋਂ ਬਾਅਦ ਵਿਚ ਗਵਰਨਰ ਐਡਰੈਸ ਨੂੰ ਪੜ੍ਹਿਆ, ਉਸ ਨੂੰ ਪੜ੍ਹ ਕੇ ਮੈਨੂੰ ਬੜੀ ਮਾਯੂਸੀ ਹੋਈ । ਮੈਂ ਆਪਣੇ ਲੰਮੇ ਸਿਆਸੀ ਜੀਵਨ ਵਿਚ ਕਦੀ ਵੀ ਇਹੋ ਜਿਹਾ ਬੇ-ਮਾਅਨਾ, ਦਿਸ਼ਾਹੀਣ, ਗੈਰਸੰਜੀਦਾ ਗਵਰਨਰ ਐਡਰੈਸ ਨਹੀਂ ਦੇਖਿਆ । ਇਕੱਲਾ ਇਹੋ ਹੀ ਨਹੀਂ, ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਵਿਜ਼ਨ ਨਹੀਂ, ਕੋਈ ਸੈਂਸ ਆਫ ਪਰਪਜ਼ ਨਹੀਂ ਹੈ, ਕੋਈ ਕਮਿਟਮੈਂਟ ਨਹੀਂ ਹੈ, ਇਕ ਵੀ ਕਮਿਟਮੈਂਟ ਨਹੀਂ ਹੈ ਕਿ ਅਸੀਂ ਇਸ ਸਾਲ ਵਿਚ ਆਹ ਕੁਝ ਕਰਾਂਗੇ । There is no sincerity of purpose for solving the problems of the people of the State. ਇਸ ਭਾਸ਼ਣ ਵਿਚ ਬੀਤੇ ਸਮੇਂ ਦਾ ਕੋਈ ਲੇਖਾ-ਜੋਖਾ ਨਹੀਂ ਹੈ ਅਤੇ ਨਾ ਹੀ ਆਉਣ ਵਾਲੇ ਸਮੇਂ ਦੀ ਕੋਈ ਰੂਪ-ਰੇਖਾ ਹੈ । ਫਿਰ ਸਪੀਕਰ ਸਾਹਿਬ, ਤੁਸੀਂ ਆਪ ਹੀ ਦੇਖ ਲਓ ਕਿ ਇਹ ਭਾਸ਼ਣ ਕੀ ਹੈ ? ਇਸ ਭਾਸ਼ਣ ਨੂੰ ਲਿਖਣ ਵਾਲਿਆਂ ਨੇ ਭਾਸ਼ਣ ਦੇ ਪਹਿਲੇ ਸਫੇ ਤੇ ਇਸ ਸਾਰੇ ਭਾਸ਼ਣ ਦਾ ਨਿਚੋੜ ਕੱਢਿਆ ਹੈ । ਮੈਂ ਵੀ ਇਸ ਨਿਚੋੜ ਦੀਆਂ ਤਿੰਨ ਗੱਲਾਂ ਉਤੇ ਹੀ ਬਹੁਤਾ ਸਮਾਂ ਲਵਾਂਗਾ । ਪਹਿਲੀ ਗੱਲ ਜੋ ਗਵਰਨਰ ਸਾਹਿਬ ਨੇ ਕਹੀ ਕਿ "My Government assumed office with a mandate to restore probity in public life, revive the financial health of the State Government and to put Punjab firmly on the path of all-around development." ਹੁਣ ਮੈਂ ਤਿੰਨਾਂ ਹੀ ਗੱਲਾਂ ਉਤੇ, ਜਿਹੜਾ ਇਨ੍ਹਾਂ ਨੇ ਨਿਚੋੜ ਕੱਢਿਆ ਹੈ ਉਸ ਦੇ ਮੁਤੱਲਕ ਤੁਹਾਡੇ ਰਾਹੀਂ ਹਾਊਸ ਨੂੰ ਅਸਲੀਅਤ ਦੱਸਣੀ ਚਾਹੁੰਦਾ ਹਾਂ । ਜਿਹੜੀ ਪ੍ਰੋਬਿਟੀ ਜਾਂ ਦਿਆਨਤਦਾਰੀ ਰਿਸਟੋਰ ਕੀਤੀ ਹੈ, ਇਸ ਦੇ ਤਿੰਨ ਮਿਆਰ ਹਨ, ਇੰਡੀਕੇਟਰਜ਼ ਹਨ । ਪਹਿਲਾ ਮਿਆਰ ਜਾਂ ਇੰਡੀਕੇਟਰ ਇਹ ਹੈ ਕਿ ਸਟੇਟ ਮਨੀ ਦਾ ਟਰੱਸਟੀ ਹੈ । As a trusty of money, ਇਸ ਸਰਕਾਰ ਦਾ ਕੰਡਕਟ ਕਿਹੋ ਜਿਹਾ ਹੈ । ਸਪੀਕਰ ਸਾਹਿਬ, ਜੋ ਲੀਡਰ ਹਨ ਉਨ੍ਹਾਂ ਦਾ ਇਸ ਸਬੰਧ ਵਿਚ ਪਰਸਨਲ ਕੰਡਕਟ, ਦਿਆਨਤਦਾਰੀ ਰਹੀ ਹੈ ਜਾਂ ਨਹੀਂ ? ਜੋ ਜਨਤਾ ਨਾਲ ਵਾਅਦੇ ਕੀਤੇ ਸਨ, ਜਨਤਾ ਵਾਸਤੇ ਇਨ੍ਹਾਂ ਵਿਚ honesty and transparency ਹੈ ? ਜਾਂ ਜੋ ਰੁਜ਼ਗਾਰ ਮੁਹੱਈਆ ਕੀਤਾ, ਕੀ ਉਸ ਦੇ ਵਿਚ ਇਨ੍ਹਾਂ ਨੇ fair and merit based career opportunity ਦਿੱਤੀ ਹੈ ? ਇਹ ਪ੍ਰੋਬਿਟੀ ਦੀ ਗੱਲ ਕਰਦੇ ਹਨ ।

ਇਸਦਾ ਤਾਂ ਪਹਿਲਾਂ ਹੀ ਪਤਾ ਲਗ ਜਾਂਦਾ ਹੈ ਜੇ ਅਸੀਂ ਇਸ ਸਾਲ ਦੀ ਆਕਸ਼ਨ, ਜੋ ਲਿਕੂਅਰ ਦੀ ਆਕਸ਼ਨ ਹੋਈ ਹੈ, ਜੇ ਉਸਦਾ ਲੇਖਾ-ਜੋਖਾ ਕਰ ਲਈਏ (ਸਰਕਾਰੀ ਬੈਂਚਾਂ ਵਲੋਂ ਹਾਸਾ) ਹੱਸ ਕਿਉਂ ਪਏ ? ਲਿਕੂਅਰ ਕੌੜੀ ਸੀ ਇਸ ਕਰਕੇ। ਸਪੀਕਰ ਸਾਹਿਬ, ਕੁਝ ਦਰਦ ਹੋ ਜਾਂਦਾ ਹੈ ਜੇ ਸੱਚੀ ਗੱਲ ਆਖੀ ਜਾਵੇ ਪਰ ਦਰਦ ਵਾਲੇ ਨੂੰ ਅਫਸੋਸ ਹੋਣਾ ਚਾਹੀਦਾ ਹੈ, ਇਨ੍ਹਾਂ ਦਾ ਹੱਸਣਾ ਨਹੀਂ ਬਣਦਾ। ਸਪੀਕਰ ਸਾਹਿਬ, Major Revenue of the State is from Liquor ਇਨ੍ਹਾਂ ਨੇ ਤਿੰਨ ਮਿੰਟ ਵਿੱਚ ਪੰਟੀ ਚੱਢਾ ਨੂੰ ਸਾਰੇ ਪੰਜਾਬ ਦਾ ਠੇਕਾ ਦੇ ਦਿਤਾ। It is a black spot on the face of the government. It is disgraceful. It is a naked scandal. ਔਰ ਇਸਦੇ ਵਿੱਚ ਮੈਂ ਜ਼ਿੰਮੇਵਾਰੀ ਨਾਲ ਕਹਿ ਰਿਹਾ ਹੈ, ਇਹ ਮੇਰੇ ਤੇ ਮੁਕੱਦਮਾ ਕਰਨਗੇ, ਕਿ ਇਸਦੇ ਵਿੱਚ ਬੜੀ ਵੱਡੀ ਰਕਮ ਰਿਸ਼ਵਤ ਦੇ ਤੌਰ ਤੇ ਲਈ ਗਈ ਹੈ (ਆਪੋਜ਼ੀਸ਼ਨ ਬੈਂਚਾਂ ਵਲੋਂ ਸੇਮ ਸੇਮ ਦੀਆਂ ਆਵਾਜ਼ਾਂ) ਇਸਦੇ ਬਾਅਦ ਇਹ ਸਰਕਾਰ ਕਹਿੰਦੀ ਹੈ ਕਿ ਅਸੀਂ ਪ੍ਰੌਬਿਟੀ ਵੱਲ ਜਾ ਰਹੇ ਹਾਂ, ਇਮਾਨਦਾਰੀ ਵੱਲ ਜਾ ਰਹੇ ਹਾਂ। ਸਪੀਕਰ ਸਾਹਿਬ, ਇਕੱਲਾ ਇਹ ਨਹੀਂ ਜਿਹੜੀ ਆਨੈਸਟੀ ਹੈ, ਇਹ ਕੁਰੱਪਸ਼ਨ ਦੀਆਂ ਸਾਡੇ ਸਮੇਂ ਦੀਆਂ ਗੱਲਾਂ ਕਰਦੇ ਸਨ, ਇਨ੍ਹਾਂ ਨੇ ਸਾਡੇ ਸਮੇਂ ਦੇ ਜੋ ਕੁਰੱਪਸ਼ਨ ਦੇ ਚਾਰਜਿਜ਼ ਲਗਾਏ ਉਹ ਦੋ ਤਰ੍ਹਾਂ ਦੇ ਸਨ। ਇਕ ਸੀ ਕਿ ਇੰਪਲਾਇਮੈਂਟ ਵਿੱਚ ਕੁਰੱਪਸ਼ਨ ਹੋਈ ਹੈ। ਇਕ ਇਨ੍ਹਾਂ ਨੇ ਕਿਹਾ ਕਿ ਜੋ ਅਕਾਲੀ ਲੀਡਰ ਹਨ, ਉਨ੍ਹਾਂ ਨੇ ਕੁਰਪੱਸ਼ਨ ਕੀਤੀ ਹੈ। ਠੀਕ ਹੈ, ਹਰ ਪਾਰਟੀ ਨੂੰ ਹੱਕ ਹੈ, ਪਰ ਮੈਂ ਬਾਹਲੇ ਲੰਮੇ ਚੱਕਰ ਵਿੱਚ ਨਹੀਂ ਪੈਂਦਾ, ਪੰਜਾਬ ਵਿੱਚ ਕੁਰਪੱਸ਼ਨ ਹੋ ਰਹੀ ਹੈ, ਇਸਦਾ ਜਿਕਰ ਨਹੀਂ ਕਰਦਾ। ਇਨ੍ਹਾਂ ਦੇ ਪਰਸਨ ਜੋ ਇੰਮਪਾਰਟੈਂਟ ਡਿਗਨਟਰੀਜ਼ ਹਨ, ਉਨਾਂ ਦੀ ਗੱਲ ਅਤੇ ਜਿਹੜੀਆਂ ਨੌਕਰੀਆਂ ਭਰੀਆਂ, ਉਸਦੀ ਗੱਲ ਕਰਦਾ ਹਾਂ। ਜਦੋਂ ਅਸੀਂ ਗਏ ਸੀ ਤਾਂ ਇਸ ਨੂੰ ਚਾਹੇ ਸਕੈਂਡਲ ਕਹਿ ਲਓ, ਜਿਸ ਤੇ ਇਨ੍ਹਾਂ ਦਾ ਜ਼ੋਰ ਸੀ, ਜਿਸ ਤੋਂ ਇਹ ਕਰੈਡਿਟ ਲੈਂਦੇ ਸਨ, ਉਹ ਰਵੀ ਸਿੱਧੂ ਕੇਸ ਸੀ। ਰਵੀ ਸਿੱਧੂ ਕੇਸ ਕੀ ਹੈ ? ਕਿ ਉਸਨੇ ਰਿਸ਼ਵਤ ਲੈ ਕੇ ਗਲਤ ਬੰਦੇ ਭਰਤੀ ਕੀਤੇ ਜਾਂ ਸਿਫਾਰਸ਼ ਨਾਲ ਗਲਤ ਬੰਦੇ ਭਰਤੀ ਕੀਤੇ, ਇਹੀ ਕੀਤਾ। ਜੇ ਇਹੀ ਕੰਮ ਇਨ੍ਹਾਂ ਨੇ ਕੀਤਾ ਹੋਵੇ ਤਾਂ ਰਵੀ ਸਿੱਧੂ ਅਤੇ ਇਸ ਸਰਕਾਰ ਦੇ ਵਿੱਚ ਕੀ ਫਰਕ ਹੈ। ਇੱਥੇ ਡੀ.ਐਸ.ਪੀ ਭਰਤੀ ਕਰਨੇ ਸਨ। ਕੈਬਨਿਟ ਵਿੱਚ ਪਾਸ ਕੀਤਾ ਕਿ 4 ਡੀ.ਐਸ.ਪੀ. ਭਰਤੀ ਕੀਤੇ ਜਾਣ। ਕੈਬਨਿਟ ਦੇ ਫੈਸਲੇ ਦੀ ਪਰਵਾਹ ਨਾ ਕਰਦੇ ਹੋਏ 11 ਡੀ.ਐਸ.ਪੀ. ਭਰਤੀ ਕੀਤੇ। ਪਹਿਲਾ ਤਾਂ ਪੀ.ਪੀ.ਐਸ.ਸੀ. ਦੇ ਪ੍ਰਵਿਊ ਤੋਂ ਇਹ ਕਾਡਰ ਬਾਹਰ ਲੈ ਗਏ। ਫਿਰ ਸਪੀਕਰ ਸਾਹਿਬ ਜਿਹੜੀ ਸਿਲੈਕਸ਼ਨ ਕਮੇਟੀ ਬਣੀ ਉਸਦੇ ਵਿੱਚ ਕੋਈ ਸਬਜੈਕਟ ਐਕਸਪਰਟ ਨਹੀਂ ਸੀ ਅਤੇ ਜਿਹੜੇ ਚੇਅਰਮੈਨ ਸਾਹਿਬ ਬਣੇ, ਐਸ.ਕੇ.ਸਿਨਹਾ, ਸਾਡੇ ਆਨਰੇਬਲ ਅਫਸਰ, ਉਹ ਆਪ ਹੀ ਕਨਵਿਕਟ ਹੋਏ ਹਨ ਤਹਿਸੀਲਦਾਰਾਂ ਦੀ ਭਰਤੀ ਦੇ ਵਿਚ। ਗੱਲ ਇਹੀ ਨਹੀਂ, ਜੋ ਇੰਟਰਵਿਊ ਦੀ ਡੇਟ ਸੀ ਉਹ ਵੀ ਪ੍ਰੀਪੋਨ ਕੀਤੀ ਗਈ ਅਤੇ ਉਨ੍ਹਾਂ ਦਾ ਮੈਡੀਕਲ ਟੈਸਟ ਵੀ ਨਹੀਂ ਹੋਇਆ ਸੀ ਕਿ ਉਨ੍ਹਾਂ ਨੂੰ ਕਹਿ ਦਿਤਾ ਕਿ ਤੁਸੀਂ ਜੁਆਇਨ ਕਰ ਲਓ। ਸਪੀਕਰ ਸਾਹਿਬ, ਇਸਦੇ ਵਿੱਚ ਹਿੰਦੁਸਤਾਨ ਦੇ ਵੱਡੇ-ਵੱਡੇ ਖਿਡਾਰੀ ਰਮਨਦੀਪ ਸਿੰਘ ਵਰਗੇ ਜਿਹੜੇ ਕਿ ਇੰਡੀਆ ਵਲੋਂ ਓਲੰਪਿਕ ਲਈ 34-34 ਸਾਲ ਖੇਡਦੇ ਰਹੇ ਹਨ, ਅਤੇ ਇਸੇ ਤਰ੍ਹਾਂ ਸਰਦਾਰ ਸੁਖਵੀਰ ਸਿੰਘ ਗਿੱਲ ਜਿਹੜਾ 24-24 ਸਾਲ ਇੰਡੀਆ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਵਲੋਂ ਖੇਡੇ ਹਨ, ਉਹ ਇੰਟਰਨੈਸ਼ਨਲ ਪਲੇਅਰ ਸਨ ਪਰ ਉਨ੍ਹਾਂ ਨੂੰ ਡਿਸਟ੍ਰਿਕਟ ਲੈਵਲ ਦੇ ਪਲੇਅਰਜ਼ ਨਾਲ ਜੋੜ ਦਿਤਾ ਗਿਆ। ਇਨ੍ਹਾਂ ਦਾ ਪਹਿਲਾ ਨਿਸ਼ਾਨਾ ਸੀ ਕਿ ਅਸੀਂ ਰੱਖਣਾ ਕਿਸ ਕਿਸ ਨੂੰ ਹੈ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਕਈ ਵੇਰ ਇਹ ਕਹਿ ਦਿੰਦੇ ਹਨ ਕਿ ਆਪੋਜ਼ੀਸ਼ਨ ਵਾਲੇ ਤਾਂ ਕਹਿਦੇ ਹੀ ਹੁੰਦੇ ਹਨ, ਲੇਕਿਨ ਹਾਈ ਕੋਰਟ ਤਾਂ ਆਪੋਜ਼ੀਸ਼ਨ ਨਹੀਂ। ਹਾਈਕੋਰਟ ਨੇ ਇਸਦੇ ਵਿੱਚ ਕੀ ਕਿਹਾ..? ਮੈਂ Comments of the learned judges ਦੀ ਗੱਲ ਕਰਦਾ ਹਾਂ Panic ridden situation designed to achieve object of rule of mischief. Criteria provided and interviews conducted were nothing else then a blot and eye opener as to how prime posts can be offered, on a platter to those who matter to the powers that be. ਕਿਡਾ ਵੱਡਾ ਸਟਰਿਕਚਰ ਹੈ ਇਨ੍ਹਾਂ ਦੀ ਸਿਲੈਕਸ਼ਨ ਤੇ। ਰਵੀ ਸਿੱਧੂ ਦਾ ਤਾਂ ਪਤਾ ਨਹੀਂ ਕੀ ਫੈਸਲਾ ਹੋਣਾ ਹੈ, ਇਨ੍ਹਾਂ ਦਾ ਤਾਂ ਫੈਸਲਾ ਹੋ ਗਿਆ ਹੈ। The selections in the case in hand are a burning example of lack of prescribed guidelines and consequential mis-use of the sports quota which is suited for tailor made selection and serves the unethical principal—show me the man, I will show the rules. ਇਹ ਕਹਿ ਰਹੇ ਹਨ ਹਾਈ ਕੋਰਟ ਦੇ ਆਨਰੇਬਲ ਜੱਜਜ਼। The selections are without any authority of law and an outcome of discriminatory and arbitary criteria and marred by nepotism and favoritism. ਜੇ ਰਵੀ ਸਿੱਧੂ ਫੇਵਰਟਿਜ਼ਮ ਕਰਦਾ ਤਾਂ ਮਾੜਾ ਹੈ। ਮੈਂ ਉਸ ਦੀ ਫੇਵਰ ਨਹੀਂ ਕਰ ਰਿਹਾ। ਜਿਹੜੇ ਇਹ ਬੈਠੇ ਹਨ, ਇਨ੍ਹਾਂ ਦੀ ਹਦਾਇਤ ਤੇ ਹੋਇਆ ਹੈ। ਕਿਸ ਦੀ ਹਦਾਇਤ ਤੇ, ਕਿਸ ਦੀ ਤਾਕਤ ਨਾਲ ਇਹ ਸਿਲੈਕਸ਼ਨਜ਼ ਹੋਈਆਂ ਕੀ ਇਹ ਰਵੀ ਸਿੱਧੂ ਨਾਲੋਂ ਘੱਟ ਹਨ? ਉਸ ਨੇ ਵੀ ਇਹੀ ਗੱਲ ਕੀਤੀ ਹੈ। ਕਤਲ ਇੱਕ ਕਰਨਾ ਵੀ ਜੁਰਮ ਹੈ ਚਾਹੇ ਕਿਸੇ ਤਰੀਕੇ ਨਾਲ ਕਰਨਾ ਹੋਵੇ ਅਤੇ ਦੂਜਾ ਕਤਲ ਕਰਨਾ ਵੀ ਜੁਰਮ ਹੈ। ਫਿਰ ਕੀ ਹੋਇਆ, ਭਰਤਇੰਦਰ ਸਿੰਘ ਚਾਹਲ ਇੱਕ ਨਾਮੀ ਅਫਸਰ ਹੈ। ਕਿਉਂਕਿ ਸਿਲੈਕਸ਼ਨ ਵਿੱਚ ਉਸ ਦਾ ਬੱਚਾ ਸੀ, ਇਸ ਲਈ ਉਸ ਨੇ ਫਿਰ ਜੁਡੀਸ਼ਅਰੀ ਵਿੱਚ ਦਖਲ ਦੇਣਾ ਸ਼ੁਰੂ ਕਰ ਦਿੱਤਾ। ਉਸ ਤੇ ਕੰਟੈਂਪਟ ਆਫ ਕੋਰਟ ਦਾ ਕੇਸ ਬਣਿਆ ਹੈ। ਫਿਰ, ਸਪੀਕਰ ਸਾਹਿਬ, ਹੱਦ ਹੋ ਗਈ। ਮੈਂ ਤਾਂ ਹੈਰਾਨ ਹਾਂ, ਜਿਹੜੇ ਅਫਸਰ ਇਨ੍ਹਾਂ ਦੇ ਹੇਠਾਂ ਕੰਮ ਕਰਦੇ ਹਨ, ਉਹ ਕਿਸ ਤਰ੍ਹਾਂ ਕੰਮ ਕਰਦੇ ਹਨ। ਜਿਸ ਬੰਦੇ ਨੇ ਇਹ ਪੈਟੀਸ਼ਨ ਹਾਈ ਕੋਰਟ ਵਿੱਚ ਦਾਇਰ ਕੀਤੀ, ਉਸ ਦਾ ਨਾਮ ਹੈ ਜਸਕਰਨ ਸਿੰਘ ਬਰਾੜ। ਉਹ ਮੁਕਤਸਰ ਦੇ ਇਲਾਕੇ ਦਾ ਹੀ ਹੈ। ਉਸ ਦੇ 68 ਸਾਲ ਦੀ ਉਮਰ ਦੇ ਫਾਦਰ ਨੰਬਰਦਾਰ ਖੇਤਾ ਸਿੰਘ ਅਤੇ ਉਸ ਦੇ ਭਰਾ ਬਲਕਰਨ ਸਿੰਘ ਨੂੰ ਵਿਜੀਲੈਂਸ ਵਾਲਿਆਂ ਨੇ 10 ਦਿਨ ਜੇਲ੍ਹ ਵਿੱਚ ਰੱਖਿਆ। ਕਿਉਂ ਰੱਖਿਆ ਗਿਆ ਕਿਉਂਕਿ ਇਨ੍ਹਾਂ ਨੇ ਕਿਸੇ ਬੀਬੀ ਦੀ ਜਿਹੜੀ ਪੈਨਸ਼ਨ ਤਸਦੀਕ ਕੀਤੀ ਹੈ, ਉਹ ਗਲਤ ਕੀਤੀ ਹੈ ਅਤੇ ਉਸ ਦੇ ਨਾਲ ਪੰਜਾਬ ਦੇ ਖਜ਼ਾਨੇ ਨੂੰ ਬੜਾ ਵੱਡਾ ਘਾਟਾ ਪੈ ਗਿਆ ਹੈ। ਸਿਰਫ ਇੱਕ ਪੈਨਸ਼ਨ ਕੇਸ ਤੇ ਇਹ ਹੋਵੇ, ਇਸ ਤੋਂ ਵੱਧ ਜ਼ਿਆਦਤੀ ਕੀ ਹੋ ਸਕਦੀ ਹੈ? ਇਹ ਚਾਹੁੰਦੇ ਹਨ

ਕਿ ਸਾਡੇ ਖਿਲਾਫ ਕੋਈ ਅਰਜ਼ੀ ਵੀ ਨਾ ਦੇਵੋ । ਜਸਕਰਨ ਸਿੰਘ ਬਹਾਦਰ ਹੈ, ਜਿਸ ਨੇ ਇਨ੍ਹਾਂ ਨੂੰ ਨੰਗਾ ਕਰਨ ਦੀ ਕੋਸ਼ਿਸ਼ ਕੀਤੀ ।

ਦੂਸਰਾ, ਸਪੀਕਰ ਸਾਹਿਬ, ਬਹੁਤ ਵੱਡਾ ਕੇਸ ਹੈ, ਜਿਹੜਾ ਪਰਸਨਲ ਕੰਡਕਟ ਆਫ ਦਾ ਲੀਡਰ ਹੈ । ਮੈਨੂੰ ਤਾਂ ਇਨ੍ਹਾਂ ਨੇ ਬਦਮਾਸ਼ ਕਿਹਾ ਹੈ । ਅਖਬਾਰਾਂ ਪੜ੍ਹ ਲਵੋ, ਇਨ੍ਹਾਂ ਨੇ ਬਦਮਾਸ਼ ਕਿਹਾ ਹੈ ਔਰ ਇਹ ਵੀ ਕਿਹਾ ਹੈ ਕਿ ਇਹ ਜਿਹੜੀ ਪਾਰਟੀ ਹੈ, ਇਹ ਭੁੱਕੀਆਂ ਵੇਚਣ ਵਾਲਿਆ ਦੀ ਪਾਰਟੀ ਹੈ । (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ ।) ਅਸੀਂ ਤਾਂ ਸਹਾਰ ਗਏ । ਮੈਂ, ਸਪੀਕਰ ਸਾਹਿਬ, ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸਾਹਿਬਜ਼ਾਦੇ ਰਨਿੰਦਰ ਸਿੰਘ ਨੇ ਕੀ ਕੀਤਾ ? ਇਹ ਸਾਰੀਆਂ ਖਬਰਾਂ ਵੱਡੇ ਵੱਡੇ ਅਖਬਾਰਾਂ ਵਿੱਚ ਛਪੀਆਂ ਹਨ ਔਰ ਜ਼ਿੰਮੇਵਾਰ ਅਖਬਾਰਾਂ ਵਿੱਚ ਛਪੀਆਂ ਹਨ, ਜਿਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਪੈਸਾ ਹਵਾਲਾ ਰਾਹੀਂ ਬਾਹਰ ਗਿਆ ਹੈ। ਮਨੀ ਲਾਂਡਰਿੰਗ ਰਾਹੀਂ ਇਹ ਚੀਜ਼ ਹੋਈ ਹੈ ਔਰ ਇਨ੍ਹਾਂ ਨੇ ਬਚਾਉਣ ਲਈ ਕੀ ਕੀਤਾ, ਇੱਕ ਕਮਿਸ਼ਨ ਮੁਕੱਰਰ ਕਰ ਦਿੱਤਾ ਨਹਿਰਾ ਕਮਿਸ਼ਨ । ਮੁੱਖ ਮੰਤਰੀ ਸਾਹਿਬ ਨੇ ਇਥੇ ਫੁਰਮਾਇਆ ਸੀ ਜਦੋਂ ਅਸੀਂ ਕਿਹਾ ਸੀ ਕਿ ਸਾਡੇ ਤੇ ਕਮਿਸ਼ਨ ਮੁਕੱਰਰ ਕਰ ਦਿਓ ਕਿਉਂਕਿ ਇਹ ਕਮਿਸ਼ਨ ਤਾਂ ਪਰਦਾ ਪਾਉਣ ਵਾਸਤੇ ਹੁੰਦਾ ਹੈ । ਤੁਸੀਂ ਰਿਕਾਰਡ ਕਢਵਾ ਕੇ ਦੇਖ ਲਓ ਇਨ੍ਹਾਂ ਦੀ ਸਪੀਚ ਵਿੱਚ ਹੈ ਕਿ ਕਮਿਸ਼ਨ ਵਿੱਚ ਕੋਈ ਚੰਗਾ ਫੈਸਲਾ ਨਹੀਂ ਹੋ ਸਕਦਾ । ਜਦੋਂ ਆਪਣੇ ਬੱਚੇ ਦੀ ਗੱਲ ਆਈ ਜਾਂ ਆਪਣੀ ਆਈ ਤਾਂ ਇਥੇ ਕਮਿਸ਼ਨ ਮੁਕੱਰਰ ਕਰ ਦਿੱਤਾ ।

ਮਾਨਯੋਗ ਸਪੀਕਰ : ਕੀ ਇਹ ਜੁਡੀਸ਼ਅਰੀ ਤੇ ਸਟਰਿਕਚਰ ਨਹੀਂ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਨੂੰ ਚਾਹੇ ਕੈਦ ਕਰ ਦਿਓ ਪਰ ਮੈਂ ਸਚਾਈ ਕਹਿਣ ਤੋਂ ਨਹੀਂ ਹਟਦਾ । ਇਹ ਜਿਹੜੀ ਜੁਡੀਸ਼ਅਰੀ ਹੈ, ਜੇਕਰ ਇਸ ਤਰ੍ਹਾਂ ਦੀ ਹੋਈ ਤਾਂ ਇਸ ਦਾ ਤਾਂ ਰੱਬ ਹੀ ਰਾਖਾ ਹੈ । ਸਪੀਕਰ ਸਾਹਿਬ, ਪੰਜਾਬ ਇੰਟਰਾਨੈਟ ਜੁਆਇੰਟ ਵੈਂਚਰ ਕੰਪਨੀ ਬਣਾਈ ਗਈ ਸੀ ਜਿਸ ਦਾ ਕੰਮ ਸੀ ਹਾਈ ਸਪੀਡ ਫਾਈਬਰ ਲਿੰਕਸ ਬਿਜਨੈਸ ਪਾਰਕਸ ਨੂੰ ਸਪਲਾਈ ਕਰਨਾ । ਉਸ ਦੇ ਵਾਸਤੇ ਕੰਸਲਟੇਸ਼ਨ ਫੀਸ 14.8 ਕਰੋੜ ਰੁਪਿਆ ਕੋਈ ਚੇਤਨ ਦਾਸ ਗੁਪਤਾ ਜਾਂ ਕੋਈ ਦੁੱਗਲ ਨਾਮੀ ਵਿਅਕਤੀ ਸਨ ਉਨ੍ਹਾਂ ਦੇ ਰਾਹੀਂ ਇਹ ਪੈਸਾ ਪਹਿਲਾ ਸਿੰਗਾਪੁਰ ਗਿਆ, ਫਿਰ ਸਵਿਸ ਦੇ ਬੈਂਕਾਂ ਦੇ ਵਿੱਚ ਚਲਿਆ ਗਿਆ, ਉਥੇ ਇਨ੍ਹਾਂ ਦਾ ਇੱਕ ਦੋਸਤ ਫਕੀਰ ਸੀ ਜਿਸ ਨੂੰ ਇਨ੍ਹਾਂ ਨੇ ਕਿਹਾ ਕਿ ਉਹ ਬਹੁਤ ਚੰਗਾ ਲੜਕਾ ਹੈ । ਸਪੀਕਰ ਸਾਹਿਬ, ਇਹ ਅਖਬਾਰਾਂ ਦੇ ਵਿਚ ਵੀ ਆਇਆ ਹੈ, ਚਾਹੇ ਅਖਬਾਰਾਂ ਕਢਵਾ ਕੇ ਪੜ੍ਹ ਕੇ ਵੇਖ ਲਵੋ । ਜਿਹੜਾ ਪੈਸਾ ਉਥੇ ਗਿਆ ਸੀ ਫਿਰ ਉਹੀ ਪੈਸਾ ਉਸੇ ਚੈਨਲ ਦੇ ਰਾਹੀਂ ਵਾਪਸ ਆ ਜਾਣਾ ਸੀ । ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਦਾ ਦੋਸਤ ਚੇਤਨ ਦਾਸ ਗੁਪਤਾ ਤੇ ਇੱਕ ਸਚਿਨ ਗੁਪਤਾ ਜਿਹੜੇ ਇਨ੍ਹਾਂ ਦੇ ਦੋ ਫਰੰਟ ਮੈਨ ਹਨ ਪਰ ਜਿਹੜਾ ਫਕੀਰ ਹੈ ਜਿਹੜਾ ਕਿ ਇਸ ਮਾਮਲੇ ਦਾ ਅਸਲੀ ਸੈਂਟਰ ਹੈ ਜਿਹੜਾ ਕਿ ਸਭ ਕੁਝ ਦਸ ਸਕਦਾ ਸੀ, ਉਸ ਨੇ ਕਮਿਸ਼ਨ ਦੇ ਕੋਲ ਕਿਹਾ ਕਿ ਮੈਂ ਸਭ ਕੁਝ ਦਸਣਾ ਚਾਹੁੰਦਾ ਹਾਂ ਤੁਸੀਂ ਮੈਨੂੰ ਇਜਾਜ਼ਤ ਦੇ ਦਿਉ । ਪਰ ਸਪੀਕਰ ਸਾਹਿਬ, ਇਨ੍ਹਾਂ ਨੇ ਉਸ ਨੂੰ ਇਜਾਜ਼ਤ ਨਹੀਂ ਦਿੱਤੀ ।

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਫਿਰ ਉਸ ਨੇ ਚੀਫ ਜਸਟਿਸ ਹਾਈਕੋਰਟ ਨੂੰ ਵੀ ਲਿਖਿਆ ਹੈ ਕਿ ਮੈਂ ਸਭ ਕੁਝ ਦੱਸਣ ਨੂੰ ਤਿਆਰ ਹਾਂ । ਸਪੀਕਰ ਸਾਹਿਬ, ਜੇਕਰ ਇਹ ਦੁੱਧ ਧੋਤੇ ਹਨ ਤਾਂ ਫਿਰ ਇਹ ਕੇਸ ਸੀ.ਬੀ.ਆਈ. ਨੂੰ ਕਿਉਂ ਨਹੀਂ ਦਿੰਦੇ ? ਚੀਫ ਮਨਿਸਟਰ ਸਾਹਿਬ ਨੇ ਇੱਥੇ ਫੁਰਮਾਇਆ ਸੀ, ਮੈਂ ਬੜੇ ਸਤਿਕਾਰ ਦੇ ਨਾਲ ਕਹਿ ਰਿਹਾ ਹਾਂ ਕਿ ਜੇਕਰ ਮੇਰੇ ਖਿਲਾਫ਼ ਕੋਈ ਵੀ ਸ਼ਿਕਾਇਤ ਆਵੇ ਤਾਂ ਮੈਂ ਉਸ ਨੂੰ ਇੱਕ ਮਿੰਟ ਦੇ ਵਿੱਚ ਸੀ.ਬੀ.ਆਈ. ਨੂੰ ਦੇ ਦਿਆਂਗਾ, ਇਸ ਦੇ ਬਾਰੇ ਤੁਸੀਂ ਰਿਕਾਰਡ ਕਢਵਾ ਕੇ ਵੀ ਵੇਖ ਲਵੋ । ਫਿਰ ਤੁਸੀਂ ਅੱਜ ਇਹ ਕੇਸ ਕਿਉਂ ਸੀ.ਬੀ.ਆਈ., ਨੂੰ ਨਹੀਂ ਦਿੰਦੇ ?

ਸਪੀਕਰ ਸਾਹਿਬ, ਇਸ ਤੋਂ ਇਲਾਵਾ ਇੱਕ ਕੇਸ ਸੋਢੀ ਸਾਹਿਬ ਦਾ ਵੀ ਹੈ, ਉਹ ਅੱਜ ਇੱਥੇ ਦਿਸ ਵੀ ਨਹੀਂ ਰਹੇ ਹਨ । ਵੈਸੇ ਉਹ ਸ਼ਿਕਾਰ ਬੜੇ ਵਧੀਆ ਲਭ ਲੈਂਦਾ ਹੈ, ਸਪੀਕਰ ਸਾਹਿਬ, ਸ਼ਿਕਾਰੀ ਨੂੰ ਤਾਂ ਵਧੀਆ ਸ਼ਿਕਾਰ ਕਰਨ ਵਾਲਾ ਹੀ ਰੱਖਣਾ ਪੈਂਦਾ ਹੈ । ਉਸ ਦੇ ਬਾਰੇ ਇਹ ਗੱਲ ਹੈ ਕਿ ਪਠਾਨਕੋਟ ਦੇ ਵਿੱਚ ਕੋਈ ਗੁਰਦੇਵ ਸਿੰਘ ਨਾਮੀ ਵਿਅਕਤੀ ਸੀ । ਉੱਥੇ ਛੇ ਕਨਾਲ ਜ਼ਮੀਨ ਸੀ ਔਰ ਉਹ ਜ਼ਮੀਨ ਹੈ ਸੀ ਕਾਫ਼ੀ ਮਹਿੰਗੀ । ਇਨ੍ਹਾਂ ਨੇ ਕਿਹਾ ਕਿ ਜੰਮੂ ਕਸ਼ਮੀਰ ਦਾ ਚੀਫ਼ ਮਨਿਸਟਰ ਮੇਰਾ ਮਿੱਤਰ ਹੈ, ਮੈਂ ਤੁਹਾਨੂੰ ਇਹ ਜ਼ਮੀਨ ਦਿਵਾ ਦਿੰਦਾ ਹਾਂ । ਉਸ ਦਾ ਸੌਦਾ 25 ਲੱਖ ਰੁਪਏ ਦੇ ਵਿੱਚ ਹੋ ਗਿਆ ਤੇ ਪੈਸਾ ਵੀ ਦੋ ਕਿਸ਼ਤਾਂ ਦੇ ਵਿੱਚ ਦੇ ਦਿੱਤਾ ਗਿਆ । ਸਪੀਕਰ ਸਾਹਿਬ, ਇਹ ਸਾਰਾ ਕੁਝ ਟੇਪ ਰਿਕਾਰਡਡ ਔਰ ਵੀਡੀਓਗਰਾਫੀ ਹੈ । ਪਰੰਤੂ ਜਦੋਂ ਉਸ ਵਿਅਕਤੀ ਦਾ ਕੰਮ ਵੀ ਨਾ ਬਣਿਆ ਔਰ ਪੈਸਾ ਵੀ ਦੇ ਦਿੱਤਾ ਗਿਆ ਤਾਂ ਫਿਰ ਡਿਸਪਰੇਟ ਸਟੈਪਸ ਲੈ ਕੇ ਕੋਸ਼ਿਸ਼ ਕੀਤੀ ਔਰ ਕਿਸੇ ਜਰਨਲਿਸਟ ਦੀ ਮੱਦਦ ਵੀ ਲਈ ਔਰ ਉਸ ਨੇ ਸਾਰੇ ਕੁਝ ਬਾਰੇ ਤਸਵੀਰਾਂ ਵਿਚ ਛਪਵਾ ਦਿੱਤਾ । ਤਾਂ ਜਾ ਕੇ ਉਸ ਨੂੰ ਇਨ੍ਹਾਂ ਨੇ ਪੈਸਾ ਮੋੜ ਦਿੱਤਾ । ਸਪੀਕਰ ਸਾਹਿਬ, ਸਾਡੇ ਖਿਲਾਫ਼ ਮੇਰੇ ਟਾਇਮ ਦੇ ਵਿੱਚ ਪੰਜਾਂ ਸਾਲਾਂ ਦੇ ਵਿੱਚ ਕਿਸੇ ਵੀ ਬੰਦੇ ਨੇ ਇਸ ਤਰ੍ਹਾਂ ਦੀ ਅਰਜ਼ੀ ਨਹੀਂ ਦਿੱਤੀ । ਵੈਸੇ ਤਾਂ ਸਾਡੇ ਮਨਿਸਟਰ ਤੇ ਮੇਰੇ ਖਿਲਾਫ਼ ਵੀ ਕੇਸ ਚਲ ਰਹੇ ਹਨ, ਉਸ ਦੇ ਬਾਰੇ ਮੈਂ ਦਸਦਾ ਹਾਂ ਕਿ ਇਨ੍ਹਾਂ ਨੇ ਇਕ ਹੀ ਤਰੀਕਾ ਅਪਣਾਇਆ ਹੈ ਕਿ ਮੋਹਤਬਰ ਸੂਤਰਾਂ ਤੋਂ ਪਤਾ ਲੱਗਿਆ ਹੈ । ਉਹ ਮੋਹਤਬਰ ਸੂਤਰ ਕਿਹੜਾ ਹੈ, ਉਹ ਹੈ ਐਸ.ਐਸ.ਪੀ. ਵਿਜੀਲੈਂਸ । ਸਪੀਕਰ ਸਾਹਿਬ, ਉਸ ਦੇ ਕੋਲ ਇਸ ਤਰ੍ਹਾਂ ਦਾ ਕਿਹੜਾ ਇਨਫਰਮੇਸ਼ਨ ਸੈਂਟਰ ਹੈ ਜਿਸ ਦੇ ਰਾਹੀਂ ਉਸ ਨੂੰ ਮੋਹਤਬਰ ਸੂਤਰਾਂ ਦੇ ਬਾਰੇ ਪਤਾ ਲੱਗ ਜਾਂਦਾ ਹੈ । ਕਪਤਾਨ ਸਾਹਿਬ, ਜੇਕਰ ਅੱਜ ਤੁਹਾਡੇ ਵਿੱਚ ਇਮਾਨਦਾਰੀ ਹੈ ਤਾਂ ਤੁਸੀਂ ਅੱਜ ਹੀ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਕੱਢੋ (ਆਪੋਜ਼ੀਸ਼ਨ ਵੱਲੋਂ ਥੰਪਿੰਗ) ਕਿਉਂਕਿ ਤੁਸੀਂ ਹੀ ਕੁਰੱਪਸ਼ਨ ਦੇ ਖਿਲਾਫ਼ ਲੜਨ ਬਾਰੇ ਆਖਿਆ ਸੀ । ਤੁਸੀਂ ਅੱਜ ਹੀ ਉਸ ਨੂੰ ਕੱਢ ਦਿਉ । ਪਰ ਸਪੀਕਰ ਸਾਹਿਬ, ਇਹ ਉਸ ਨੂੰ ਕੱਢ ਨਹੀਂ ਸਕਦੇ, ਕਦੇ ਨਹੀਂ ਕੱਢ ਸਕਣਗੇ ਕਿਉਂਕਿ ਉਸ ਦੇ ਕੋਲ ਇਨ੍ਹਾਂ ਦੇ ਬਹੁਤ ਪਰਦੇ ਹਨ ਔਰ ਇਨ੍ਹਾਂ ਨੂੰ ਉਨ੍ਹਾਂ ਪਰਦਿਆਂ ਤੋਂ ਡਰ ਲੱਗਦਾ ਹੈ ਕਿ ਕਿਤੇ ਜੇਕਰ ਉਸ ਨੂੰ ਕੱਢ ਦਿੱਤਾ ਗਿਆ ਤਾਂ ਉਹ ਸਾਰੀਆਂ ਗੱਲਾਂ ਦੱਸ ਦੇਵੇਗਾ । ਇਸ ਲਈ ਸਪੀਕਰ ਸਾਹਿਬ, ਸੋਢੀ ਸਾਹਿਬ ਉੱਤੇ ਮੁਕੱਦਮਾ ਚੱਲਣਾ ਚਾਹੀਦਾ ਹੈ, ਉਸ ਨੂੰ ਹਟਾਉਣਾ ਚਾਹੀਦਾ ਹੈ । ਸਪੀਕਰ ਸਾਹਿਬ,

ਇਸੇ ਤਰ੍ਹਾਂ ਅੱਜ ਇਥੇ ਬੀਰਮੀ ਸਾਹਿਬ ਵੀ ਬੈਠੇ ਹਨ, ਮੈਂ ਸਾਰਿਆਂ ਨੂੰ ਦੁਸ਼ਮਣ ਬਣਾਉਣ ਲੱਗਿਆ ਹਾਂ। ਉਨ੍ਹਾਂ ਦੇ ਬਾਰੇ ਸਾਰਿਆਂ ਨੂੰ ਪਤਾ ਹੀ ਹੈ ਕਿ ਉਨ੍ਹਾਂ ਨੇ ਇਹੋ ਜਿਹੀ ਲੁੱਟ., ਪਹਿਲਾਂ ਲੁੱਟ ਹੁੰਦੀ ਸੀ ਕਿ ਜਿਸ ਦਾ ਰਾਜ ਹੈ ਉਹ ਲੁੱਟ ਲਵੇ। ਇਥੇ ਵੀ ਇਹੀ ਹਾਲ ਹੈ ਲੁੱਟ ਲਓ ਰਾਜ ਮੇਰਾ ਹੈ। ਬੀਰਮੀ ਸਾਹਿਬ ਦੀ ਜਿਹੜੀ ਰਿਪੋਰਟ ਹੈ, ਮੈਨੂੰ ਤਾਂ ਇਹ ਸੀ ਕਿ ਅਮਰਿੰਦਰ ਸਿੰਘ ਨੂੰ ਜਹਾਜ਼ਾਂ ਦਾ ਸ਼ੌਕ ਹੈ, ਘੱਟੋ ਘੱਟ ਇਹ ਕੰਮ ਚੰਗਾ ਕਰ ਦੇਣਗੇ। ਬਿਰਮੀ ਸਾਹਿਬ ਨੂੰ 30 ਸਾਲ ਦੀ ਲੀਜ਼ ਵਿਚ ਦੇ ਦਿੱਤਾ, ਪੈਸੇ ਵੀ ਲਏ ਹਨ ਕਿ ਨਹੀਂ, ਕੋਈ ਐਗਰੀਮੈਂਟ ਨਹੀਂ, ਕੋਈ ਓਪਨ ਬਿਡਿੰਗ ਨਹੀਂ ਕੀਤੀ ਜਿਸ ਦਾ ਹਾਈ ਕੋਰਟ ਨੇ ਨੋਟਿਸ ਲਿਆ ਤਾਂ ਸਟੇਅ ਕੀਤੀ। ਇਨ੍ਹਾਂ ਦੇ ਸਾਰੇ ਮਾੜੇ ਕੰਮ ਹਾਈ ਕੋਰਟ ਜਾਂਦੇ ਹਨ ਤਾਂ ਸਟੇਅ ਮਿਲ ਜਾਂਦੀ ਹੈ। ਉਥੇ 35 ਸਟੂਡੈਂਟ ਪੜ੍ਹਦੇ ਹਨ ਉਨ੍ਹਾਂ ਦਾ ਕੀ ਹਸ਼ਰ ਹੋਵੇਗਾ? ਜਿਹੜਾ ਹੈਂਗਰ ਇਨ੍ਹਾਂ ਨੇ ਦਿਤਾ ਹੈ ਉਹ ਨਾਰਦਰਨ ਫਲਾਇੰਗ ਕਲੱਬ ਦਾ ਹੈਂਗਰ ਸੀ ਉਹ ਵੀ ਖ਼ਤਮ ਹੋ ਜਾਵੇਗਾ। ਬੀਰਮੀ ਸਾਹਿਬ ਵੀ ਫੇਰ ਪੋਂਟੀ ਚੱਢਾ ਵਾਂਗ ਜਿਸ ਤਰ੍ਹਾਂ ਉਸ ਨੂੰ ਸਾਰੇ ਪੰਜਾਬ ਦਾ ਠੇਕਾ ਦੇ ਦਿਤਾ, ਫਲਾਇੰਗ ਦਾ ਠੇਕਾ ਉਨ੍ਹਾਂ ਕੋਲ ਹੋਵੇਗਾ। ਇਕ ਆਪਣੇ ਜਲੰਧਰ ਦੇ ਵਜ਼ੀਰ ਸਾਹਿਬ ਬੈਠੇ ਹਨ, ਮਹਿਕਮਾ ਉਨ੍ਹਾਂ ਕੋਲ ਹੈ, ਇਨ੍ਹਾਂ ਦੀ ਛੱਤਰ ਛਾਇਆ ਹੇਠ ਇਕ ਬਹੁਤ ਵੱਡਾ ਸਕੈਂਡਲ ਹੋਇਆ, ਇੰਮਪਰੂਵਮੈਂਟ ਟਰੱਸਟ ਵਿਚ। ਪਲਾਟ ਉਥੇ ਦੇਣੇ ਸੀ 500 ਗਜ਼ ਦੇ ਦੋ, ਦੋ 250 ਗਜ਼ ਦੇ। ਉਨ੍ਹਾਂ ਦੀ ਸਰਕਾਰੀ ਕੀਮਤ ਸੀ 4000 ਰੁਪਏ ਪ੍ਰਤੀ ਗਜ਼, 500 ਗਜ਼ ਦੇ ਪਲਾਟਾਂ ਦੀ। ਉਸ ਦੀ ਬੋਲੀ ਗਈ 7450 ਰੁਪਏ ਤੱਕ ਤੇ ਸਪੀਕਰ ਸਾਹਿਬ, ਇਹ ਕੋਈ ਸੋਹੀਆ ਟਾਵਰਜ਼ ਪ੍ਰਾਈਵੇਟ ਲਿਮਟਿਡ ਹੈ ਜਿਸ ਨੂੰ 16.52 ਏਕੜ ਜ਼ਮੀਨ ਦੇ ਦਿਤੀ। ਕਿਤੇ ਆਕਸ਼ਨ ਵਿਚ ਨਹੀਂ ਲਿਖਿਆ ਸੀ ਕਿ ਇਕੱਠੀ ਜ਼ਮੀਨ ਦੇ ਦੇਵਾਂਗੇ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਉਸ ਦਾ ਨੁਕਸਾਨ 25 ਕਰੋੜ ਰੁਪਏ ਦਾ ਹੋਇਆ। ਕੀ ਚੀਫ ਮਨਿਸਟਰ ਸਾਹਿਬ ਇਸ ਦੀ ਇਨਕੁਆਇਰੀ ਸੀ.ਬੀ.ਆਈ. ਨੂੰ ਦੇ ਸਕਣਗੇ? ਨਹੀਂ। ਮਰਜ਼ੀ ਹੈ। ਮੈਂ ਆਖਦਾ ਹਾਂ ਕਿ ਮੇਰੀ ਤਾਂਘ ਨਹੀਂ ਸੀ ਕਿ ਸੀ.ਬੀ.ਆਈ. ਨੂੰ ਦੇਣ, ਇਹ ਤਾਂ ਤਾਂਘ ਆ ਗਈ। (ਥੰਪਿੰਗ) ਮੈਨੂੰ ਤਾਂਘ ਆ ਗਈ ਤਾਂ ਇੰਮਪਰੂਵ-ਮੈਂਟ ਟਰੱਸਟ ਵਾਲਾ ਕੇਸ ਹੀ ਨਹੀਂ, ਹਵਾਲੇ ਵਾਲਾ ਵੀ ਜਾਵੇਗਾ, ਰਾਣਾ ਸਾਹਿਬ ਵਾਲਾ ਵੀ ਜਾਵੇਗਾ। (ਥੰਪਿੰਗ) ਤੁਹਾਡੀ ਸ਼ਕਤੀ ਹੈ, ਤੁਸੀਂ ਰਵਾਇਤਾਂ ਪਾ ਲਈਆਂ ਹਨ। ਤੁਹਾਡੀ ਸਰਕਾਰੀ ਸ਼ਕਤੀ ਵੀ ਹੈ, ਜੁਡੀਸ਼ੀਅਲ ਸ਼ਕਤੀ ਵੀ ਹੈ, ਚਾਹੇ ਸਾਡੇ ਸਾਰੇ ਬੰਦਿਆਂ ਨੂੰ ਕੈਦ ਕਰਾ ਦਿਓ। ਪਰ ਨਾ ਤੁਸੀਂ ਬਚੋਗੇ ਤੇ ਨਾ ਤੁਹਾਡਾ ਬੱਚਾ ਬਚੇਗਾ। (ਥੰਪਿੰਗ) ਇਸੇ ਤਰ੍ਹਾਂ ਸਪੀਕਰ ਸਾਹਿਬ, ਹੁਣ......

**ਮਾਨਯੋਗ ਸਪੀਕਰ** : ਪਰਸਨਲ ਗੱਲਾਂ ਤੇ ਨਾ ਆਓ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਨੂੰ ਬਦਮਾਸ਼ ਆਖਿਆ ਹੈ। ਅਜੇ ਤਾਂ ਮੈਂ ਹੋਰ ਕਰਨੀ ਹੈ। ਜੇ ਖੜ੍ਹਾ ਹੋਇਆ ਹਾਂ ਤਾਂ ਬਦਮਾਸ਼ ਦਾ ਕੰਮ ਵੀ ਕਰਾਂ। ਇੱਜ਼ਤ ਤਾਂ ਲਹਿ ਹੀ ਗਈ। ਬਦਮਾਸ਼ ਤੋਂ ਅੱਗੇ 10 ਨੰਬਰੀ ਰਹਿ ਗਿਆ, ਇਹ ਯਾਦ ਕਰਾ ਦਿਆਂ ਉਹ ਵੀ ਕਹਿ ਦੇਣ ਕੋਈ ਵੱਡੀ ਗੱਲ ਨਹੀਂ। ਇਨ੍ਹਾਂ ਨੇ ਕਿਹਾ ਸੀ ਕਿ ਪਬਲਿਕ ਲਾਈਫ ਵਿਚ ਪਰਾਬਿਟੀ ਲਿਆਂਵਾਂਗੇ। ਬਿਲਕੁਲ ਨਹੀਂ ਲਿਆਂਦੀ। ਫੇਰ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਕਿਹਾ ਸੀ ਕਿ ਫਿਸਕਲ ਹੈਲਥ ਤੇ ਸਟੇਟ ਦੀ ਇਕਾਨਮੀ ਨੂੰ ਅਗਾਂਹ ਲਿਆਂਵਾਂਗੇ। ਸਪੀਕਰ ਸਾਹਿਬ, ਫਿਸਕਲ ਹੈਲਥ ਵਿਚ ਇਨ੍ਹਾਂ ਦੀ ਬੈਂਕਰਪਸੀ ਦਾ ਚੰਗਾ ਨਾਂ ਹੈ। ਸਾਡਾ ਦਿਵਾਲਾ ਨਿਕਲ ਚੁੱਕਾ ਹੈ। ਸਾਡੇ ਲੋਕਾਂ ਨੂੰ ਇਕ ਪਤਾ ਨਹੀਂ ਕੀ ਬਿਮਾਰੀ ਹੈ, ਕਹਿੰਦੇ ਹਨ ਅਕਾਲੀ ਦਲ ਵਾਲੇ ਖ਼ਜ਼ਾਨਾ ਖਾਲੀ ਕਰ ਗਏ। ਸਰਕਾਰੀ ਖਜ਼ਾਨਾ ਕੋਈ ਹੀਰੇ ਜਵਾਹਰਾਤਾਂ ਦਾ ਨਹੀਂ ਹੁੰਦਾ, ਇਹ ਹਰ ਸਾਲ ਦਾ ਬਜਟ ਬਣਦਾ ਹੈ ਤੇ ਹਰ ਸਾਲ ਖਰਚ ਹੁੰਦਾ ਹੈ। ਫਿਸਕਲ ਹੈਲਥ ਐਂਡ ਇਕਾਨਮੀ ਆਫ ਦਿ ਸਟੇਟ ਦੇ ਤਿੰਨ ਇੰਡੀਕੇਟਰਜ਼ ਹਨ। ਇਕ ਤਾਂ ਸਟੇਟ ਜੋ ਹੈ ਉਸ ਦਾ ਡੇਟ ਬਰਡਨ ਕਿੰਨਾ ਹੈ। ਦੂਜਾ ਡਿਸਟ੍ਰੀਬਿਊਸ਼ਨ ਆਫ ਇਨਕਮ ਕਿਸ ਤਰ੍ਹਾਂ ਦਾ ਹੈ। ਲੋਕਾਂ ਵਿਚ ਪਰ ਕੈਪੀਟਾ ਇਨਕਮ ਕਿਸ ਤਰ੍ਹਾਂ ਹੈ। ਇਨ੍ਹਾਂ ਦੀਆਂ ਹੀ ਫਿਗਰਜ਼ ਹਨ। ਨਹੀਂ ਤਾਂ ਫਾਈਨਾਂਸ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਤੁਸੀਂ ਆਪਣੀਆਂ ਫਿਗਰਜ਼ ਲੈ ਆਉਂਦੇ ਹੋ। ਮੈਂ ਕਿਹਾ ਤੁਹਾਡੀਆਂ ਲੈ ਲੈਂਦੇ ਹਾਂ। ਇਹ ਬਜਟ ਵਿਚੋਂ ਹੈ 45 ਹਜ਼ਾਰ 35 ਕਰੋੜ ਰੁਪਏ ਇਨ੍ਹਾਂ ਦੇ ਜ਼ਿੰਮੇ 31-3-2005 ਤੱਕ ਇਹ ਕਰਜ਼ਾ ਹੈ। ਇੱਕ ਹਿਡਨ ਡੇਟ ਹੈ। ਇਹ ਵਰਲਡ ਬੈਂਕ ਨੇ ਆਖਿਆ ਹੈ, ਹੋਰ ਕਿਸੇ ਅਥਾਰਿਟੀ ਨੇ ਨਹੀਂ ਕਿਹਾ। ਇਨ੍ਹਾਂ ਦੇ ਸਿਰ 15 ਹਜ਼ਾਰ 476 ਕਰੋੜ ਰੁਪਏ ਦਾ ਹਿਡਨ ਡੇਟ ਹੈ। ਸਾਰਾ ਮਿਲਾ ਕੇ 60 ਹਜ਼ਾਰ 511 ਕਰੋੜ ਰੁਪਿਆ ਹੋ ਗਿਆ ਹੈ। ਸਿਰਫ ਇਹੀ ਇਕੱਲਾ ਹੀ ਨਹੀਂ ਹੈ। ਪਬਲਿਕ ਅੰਡਰਟੇਕਿੰਗਜ਼ ਜਿਹੜੀਆਂ ਇਨ੍ਹਾਂ ਦੀਆਂ ਹਨ, ਉਨ੍ਹਾਂ ਦਾ ਕਰਜ਼ਾ 4 ਹਜ਼ਾਰ 405 ਕਰੋੜ ਰੁਪਏ ਹੈ ਅਤੇ ਇੰਟਰਸਟ ਬਰਡਨ ਇਨ੍ਹਾਂ ਤੇ 3870 ਕਰੋੜ ਰੁਪਏ ਦਾ ਹੈ। ਸਪੀਕਰ ਸਾਹਿਬ, ਹੁਣ ਹਿਸਾਬ ਲਗਾ ਦਿਉ ਕਿ ਕਿੰਨਾ ਕਰਜ਼ਾ ਇਨ੍ਹਾਂ ਦੇ ਸਿਰ ਹੋ ਗਿਆ ਹੈ। ਜੇ ਇਨ੍ਹਾਂ ਨੂੰ ਦਿਵਾਲੀਆ ਕਿਹਾ ਜਾਵੇ ਤਾਂ ਕੋਈ ਗਲਤ ਗੱਲ ਨਹੀਂ ਹੈ। ਬੈਂਕਰਪਸੀ ਦੀ ਹੱਦ ਹੋ ਗਈ ਹੈ। ਫਾਈਨਾਂਸ ਮਨਿਸਟਰ ਸਾਹਿਬ, ਵਧੀਆ ਕੰਮ ਹੈ ਜੇ ਤੁਹਾਡੇ ਘਰ ਦੀਵਾ ਜਗਾ ਦਿਓ ਤਾਂ। ਇਸ ਤਰ੍ਹਾਂ ਤੁਸੀਂ ਦੀਵਾਲੀਆ ਡਿਕਲੇਅਰ ਹੋ ਜਾਵੋਗੇ ਅਤੇ ਦੀਵਾ ਜਗਾ ਕੇ ਤੁਹਾਡਾ ਦੀਵਾਲੀਆਪਨ ਮੁੱਕ ਜਾਵੇਗਾ। (ਆਪੋਜ਼ੀਸ਼ਨ ਵੱਲੋਂ ਥੰਪਿੰਗ)। ਸਪੀਕਰ ਸਾਹਿਬ, ਜੇ ਪਰ ਕੈਪਿਟਾ ਇਨਕਮ ਵਧੇ ਤਾਂ ਕਹਿੰਦੇ ਹਨ ਕਿ ਇਕਾਨਮੀ ਇੰਪਰੂਵ ਕਰ ਰਹੀ ਹੈ ਅਤੇ ਜੇ ਘਟੇ ਤਾਂ ਕਿਹਾ ਜਾਂਦਾ ਹੈ ਕਿ ਇਕਾਨਮੀ ਵਿਗੜ ਰਹੀ ਹੈ। ਸਾਲ 2001-02 ਵਿਚ ਇਨ੍ਹਾਂ ਦੀ ਖੇਤੀਬਾੜੀ ਦੀ ਆਮਦਨ 12 ਹਜ਼ਾਰ 375 ਰੁਪਏ ਪਰ ਕੈਪਿਟਾ ਸੀ। ਹੁਣ ਘਟ ਕੇ 11 ਹਜ਼ਾਰ 587 ਰੁਪਏ ਰਹਿ ਗਈ ਹੈ। 6.3% ਐਗਰੀਕਲਚਰ ਦੀ ਪਰ ਕੈਪਿਟਾ......

**ਵਿੱਤ ਤੇ ਯੋਜਨਾ ਅਤੇ ਸੰਸਦੀ ਵਿੱਤ ਤੇ ਬੈਂਕਿੰਗ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।......

**ਮਾਨਯੋਗ ਸਪੀਕਰ** : ਹਾਂ ਜੀ, ਦੱਸੋ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

**ਵਿੱਤ ਤੇ ਯੋਜਨਾ ਅਤੇ ਸੰਸਦੀ ਵਿੱਤ ਤੇ ਬੈਂਕਿੰਗ ਮੰਤਰੀ** : ਸਪੀਕਰ ਸਾਹਿਬ, ਲੀਡਰ ਆਫ ਆਪੋਜ਼ੀਸ਼ਨ ਜੋ ਫਿਗਰਜ਼ ਕੋਟ ਕਰ ਰਹੇ ਹਨ, ਇਹ ਸਹੀ ਨਹੀਂ ਹਨ।

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜਾ ਡਾਕੂਮੈਂਟ ਹੈ ਜਿਸ ਤੋਂ ਇਹ ਕੋਟ ਕਰ ਰਹੇ ਹਨ । ਮੈਂ ਦੱਸ ਦੇਵਾਂਗਾ ਕਿ ਕਿਥੋਂ ਕੁ ਤੱਕ ਸਹੀ ਹੈ । ਸਪੀਕਰ ਸਾਹਿਬ, ਜਿਹੜੀ ਇਹ ਗਿਰਨ ਡੈਟ ਬਾਰੇ ਗੱਲ ਕਰ ਰਹੇ ਹਨ, ਇਹ ਇਸ ਬਾਰੇ ਪਤਾ ਦੱਸ ਦੇਣ ਕਿ ਕਿਹੜਾ ਡੈਟ ਹੈ । ਜਿਹੜੀ ਇਹ ਵਰਲਡ ਬੈਂਕ ਵਰਡ ਕੋਟ ਕਰ ਰਹੇ ਹਨ, ਇਸ ਬਾਰੇ ਮੈਨੂੰ ਸਮਝਾ ਦੇਣ । ਇਹ ਫਿਗਰਜ਼ ਟੋਟਲੀ ਗਲਤ ਹਨ ਔਰ ਇਸ ਦੀ......(ਵਿਘਨ)

**Mr. Speaker** : Please take your seat. No interruption, please.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਦੂਸਰਾ, ਇਹ ਡਿਸਟਰੀਬਿਊਸ਼ਨ ਆਫ ਇਨਕਮ ਦੀ ਗੱਲ ਕਰ ਰਹੇ ਹਨ......(ਵਿਘਨ)

**Mr. Speaker** : No interruption. ਇਨ੍ਹਾਂ ਨੂੰ ਕਹਿ ਲੈਣ ਦਿਓ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਤੁਹਾਡੇ ਵਰਲਡ ਬੈਂਕ ਦੀ 2004 ਦੀ ਰਿਪੋਰਟ ਹੈ । ਇਹ ਲਿਖ ਲਓ ।

**Mr. Speaker** : Address the Chair please.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਆਖ ਦਿੰਦੇ ਹਨ ਕਿ ਫਿਗਰਜ਼ ਗਲਤ ਹਨ । ਇਹ ਗੱਲ ਕਹਿਣੀ ਸੌਖੀ ਹੈ । ਮੈਂ ਕਹਿੰਦਾ ਹਾਂ ਕਿ ਮੈਂ ਅੱਜ ਤੱਕ ਜ਼ਿੰਦਗੀ ਵਿਚ ਨਾ ਕਦੇ ਗਲਤ ਗੱਲ ਆਖੀ ਹੈ ਅਤੇ ਨਾ ਹੀ ਆਖਾਂਗਾ ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ......(ਵਿਘਨ)

**ਮਾਨਯੋਗ ਸਪੀਕਰ** : ਐਸਾ ਆਟੋਮੋਸਫੀਅਰ ਕਰੀਏਟ ਨਾ ਕਰੋ । ਬਾਦ ਦੇ ਵਿਚ ਜਵਾਬ ਦੇ ਦੇਣਾ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਜਿਹੜੀ ਇਨਕਮ ਦੀ ਗੱਲ ਮੈਂ ਕੀਤੀ ਹੈ, ਉਹ ਵੀ ਕੱਟ ਦਿੱਤੀ ਹੈ । ਫਿਰ ਇਕਨਾਮਿਕ ਗਰੋਥ ਦੀ ਗੱਲ ਹੈ । There has been slow down at economic front and Punjab is the third lowest in growth rate amongst the major States. ਇਹ ਬੜੀ ਸ਼ਰਮ ਵਾਲੀ ਗੱਲ ਹੈ ਕਿ ਪੰਜਾਬ ਵਰਗਾ ਸੂਬਾ ਜਿਥੋਂ ਦੇ ਲੋਕ ਬਹੁਤ ਹੀ ਮਿਹਨਤੀ ਹਨ, ਦੁਨੀਆਂ ਦੇ ਵਿਚ ਮਸ਼ਹੂਰ ਹਨ, ਅੱਜ ਪੰਜਾਬ ਦੀ ਗਰੋਥ ਰੇਟ ਮੇਜ਼ਰ ਸਟੇਟਸ ਦੇ ਵਿਚੋਂ ਥੱਲੇ ਤੋਂ ਤੀਜੇ ਨੰਬਰ ਤੇ ਹੈ । ਸਭ ਤੋਂ ਘੱਟ ਗਰੋਥ ਰੇਟ ਐਗਰੀਕਲਚਰ ਦੀ ਹੈ । ਪੰਜਾਬ ਦੀ ਐਗਰੀਕਲਚਰ ਦਾ ਗਰੋਥ ਰੇਟ 2.6% ਹੈ ਜਦ ਕਿ ਸਾਰੇ ਹਿੰਦੁਸਤਾਨ ਦਾ 3.2% ਹੈ । ਇਸ ਦਾ ਮਤਲਬ ਹੈ ਕਿ ਹਿੰਦੁਸਤਾਨ ਦੀਆਂ ਦੂਜੀਆਂ ਸਟੇਟਾਂ ਨੂੰ ਜੇ ਇਕੱਠਾ ਕਰ ਲਈਏ ਤਾਂ ਉਨ੍ਹਾਂ ਦਾ ਗਰੋਥ ਰੇਟ ਅੱਜ ਪੰਜਾਬ ਦੇ ਗਰੋਥ ਰੇਟ ਨਾਲੋਂ ਜ਼ਿਆਦਾ ਹੈ । ਪੰਜਾਬ ਦਾ ਗਰੋਥ ਰੇਟ ਹੁਣ ਇੰਨਾ ਘਟ ਗਿਆ ਹੈ । ਇੰਡਸਟਰੀ ਦੀ ਕਿਸੇ ਸਮੇਂ 5%

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਤੋਂ 7% ਗਰੋਥ ਰੇਟ ਹੁੰਦੀ ਸੀ। ਪਰ ਹੁਣ ਇਹ ਲੈੱਸ ਦੈਨ 3% ਹੈ। In the quality of services amongst the 16 Indian major States. ਪੰਜਾਬ ਦੀ 11ਵੀਂ ਪੁਜ਼ੀਸ਼ਨ ਹੈ। The fiscal health of Punjab has shown signs of Improvement. ਇਨ੍ਹਾਂ ਦੀ ਗਵਰਨੈਂਸ ਦਾ ਹੁਣ ਚੌਥਾ ਸਾਲ ਹੈ। ਇਹ ਕੀ ਕਰ ਰਹੇ ਹਨ? They are saying, the fiscal health of Punjab has shown signs of improvement, ਜਿਵੇਂ ਕੋਈ ਬਿਮਾਰ ਹੋ ਜਾਵੇ ਅਤੇ ਅਖੀਰਲੇ ਦਮਾਂ ਤੇ ਹੋਵੇ। ਗੁਲੂਕੋਜ਼ ਵੀ ਲੱਗੇ ਹੋਣ ਅਤੇ ਸਾਰੇ ਤਰ੍ਹਾਂ ਦੇ ਇੰਸਟਰੂਮੈਂਟ ਲੱਗੇ ਹੋਣ ਪਰ ਜੇ ਉਸ ਦੀ ਇਹੋ ਜਿਹੇ ਸਮੇਂ ਤੇ ਅੱਖ ਵੀ ਫਰਕ ਜਾਵੇ ਤਾਂ ਕਿਹਾ ਜਾਂਦਾ ਹੈ ਕਿ ਸਾਈਨ ਆਫ ਇੰਪਰੂਵਮੈਂਟ ਸ਼ੁਰੂ ਹੋ ਗਏ ਹਨ। ਹੁਣ ਇਸ ਤਰ੍ਹਾਂ ਦੇ ਹੀ ਹਾਲਾਤ ਹਨ। ਵਰਲਡ ਬੈਂਕ ਦੀ ਮੈਂ ਗੱਲ ਦੱਸ ਰਿਹਾ ਸੀ। ਤੁਸੀਂ ਤਾਂ ਪੜ੍ਹਦੇ ਹੋਵੋਗੇ, ਇਸੇ ਕਰਕੇ ਮੈਂ ਇੱਥੇ ਨਹੀਂ ਲੈ ਕੇ ਆਇਆ ਕਿਉਂਕਿ ਇਹ ਤਾਂ ਪੜ੍ਹਦੇ ਜ਼ਰੂਰ ਹਨ। ਕਈ ਕ੍ਰਿਟੀਕਲ ਏਰੀਆਜ਼ ਆਫ ਕਨਸਰਨ ਹਨ। ਗਰੋਥ ਰੇਟ ਸਲੋਅ ਡਾਊਨ ਹਨ। ਫਿਸਕਲ ਕਰਾਈਸਿਜ਼ ਔਰ ਪਬਲਿਕ ਸਰਵਿਸਿਜ਼ ਡੀਟੀਰੀਓਰੇਟਿਡ ਹਨ। ਸਪੀਕਰ ਸਾਹਿਬ, ਇਹ ਕਿੰਨੇ ਦੁੱਖ ਦੀ ਗੱਲ ਹੈ ਕਿ ਪੰਜਾਬ ਦਾ ਪੰਜਾਬੀ ਸਾਰੀ ਵਰਲਡ ਵਿਚ ਗਲੋਬਲਾਈਜ਼ਡ ਹੈ ਪਰ ਪੰਜਾਬ ਦੀ ਇਕਾਨਮੀ ਗਲੋਬਲਾਈਜ਼ਡ ਨਹੀਂ ਹੋਈ। ਇਹ ਸਰਕਾਰ ਫਾਰੇਨ ਵਿਚੋਂ ਡਾਇਰੈਕਟ ਇਨਵੈਸਟਮੈਂਟ ਪੰਜਾਬ ਵਿਚ ਨਹੀਂ ਕਰਵਾ ਸਕੀ। ਇਹ ਪੰਜਾਬ ਵਿਚ ਸਿਰਫ 0.7% ਹੈ। ਸਪੀਕਰ ਸਾਹਿਬ, ਚਾਹੀਦਾ ਤਾਂ ਇਹ ਸੀ ਕਿ ਜਿਸ ਤਰ੍ਹਾਂ ਦੇ ਹਾਲਾਤ ਪੰਜਾਬ ਦੇ ਇਕਨਾਮਿਕ ਖੇਤਰ ਵਿਚ ਹਨ, ਪੰਜਾਬ ਵਿਚ ਕੰਗਾਲੀ ਛਾਈ ਹੋਈ ਹੈ ਅਤੇ ਪੈਸਾ ਖਰਚ ਕਰਨ ਵਾਸਤੇ ਸਰਕਾਰ ਕੋਲ ਹੈ ਨਹੀਂ, ਇਸ ਚੀਜ਼ ਨੂੰ ਮੱਦੇ-ਨਜ਼ਰ ਰੱਖਦੇ ਹੋਏ ਤਾਂ ਸਰਕਾਰ ਨੂੰ ਕੁਝ ਨਾ ਕੁਝ ਕਰਨਾ ਚਾਹੀਦਾ ਸੀ, ਸਰਕਾਰ ਨੂੰ ਆਪਣੇ ਰੀਸੋਰਸਿਜ਼ ਨੂੰ ਮੋਬੇਲਾਈਜ਼ ਕਰਨਾ ਚਾਹੀਦਾ ਸੀ। ਸਰਕਾਰ ਦੀ ਟੈਕਸ ਕੁਲੈਕਸ਼ਨ 22% ਘਟ ਗਈ ਹੈ। ਜੇ ਰੀਸੋਰਸਿਜ਼ ਨੂੰ ਮੋਬੇਲਾਈਜ਼ ਸਰਕਾਰ ਕਰ ਨਹੀਂ ਸਕੀ ਫੇਰ ਕਮ-ਅਜ਼-ਕਮ ਬਚਤ ਹੀ ਕਰ ਲੈਂਦੀ। ਇਨ੍ਹਾਂ ਨੇ 16 ਪਾਰਲੀਮੈਂਟਰੀ ਸੈਕ੍ਰਟਰੀਜ਼ ਲਗਾ ਲਏ। ਉਨ੍ਹਾਂ ਕੋਲ ਕੋਈ ਸਰਕਾਰੀ ਕੰਮ ਨਹੀਂ, ਕੋਈ ਫਾਈਲ ਜਾਂਦੀ ਨਹੀਂ। ਉਨ੍ਹਾਂ ਨੂੰ ਕੋਠੀਆਂ, ਕਾਰਾਂ ਅਤੇ ਦਫਤਰ ਵਗੈਰਾ ਦਾ ਖਰਚ ਦਿੱਤਾ ਜਾ ਰਿਹਾ ਹੈ। ਇਹ 16 ਇਸ ਤਰ੍ਹਾਂ ਫਿਰਦੇ ਹਨ ਜਿਸ ਤਰ੍ਹਾਂ ਬਠਿੰਡੇ ਵਿਚ ਟੋਡੀ ਫਿਰਦੇ ਹਨ। ਲਫਜ਼, ਸਪੀਕਰ ਸਾਹਿਬ, ਮਾੜਾ ਹੈ। ਇਸੇ ਤਰ੍ਹਾਂ, ਪੰਜਾਬ ਸਰਵਿਸਜ਼ ਸਿਲੈਕਸ਼ਨ ਬੋਰਡ ਦੇ 11 ਮੈਂਬਰ ਹਨ। ਇਸ ਵਿਚ ਇਕ ਚੇਅਰਮੈਨ ਅਤੇ 10 ਮੈਂਬਰ ਸਰਕਾਰ ਨੇ ਲਗਾਏ ਹੋਏ ਹਨ। ਇਹ ਮੈਨੂੰ ਦੱਸ ਦੇਣ ਜੇਕਰ ਇਨ੍ਹਾਂ ਨੇ ਕੋਈ ਇਕ ਮੁੰਡਾ ਵੀ ਭਰਤੀ ਕੀਤਾ ਹੋਏ। ਸਿਰਫ ਇਨ੍ਹਾਂ 11 ਬੰਦਿਆਂ ਦਾ ਖਰਚ ਸਰਕਾਰ ਤੇ ਬੋਝ ਬਣਿਆ ਹੋਇਆ ਹੈ। ਸਰਕਾਰੀ ਮਸ਼ੀਨਰੀ ਤੇ ਖਰਚ ਹੋ ਰਿਹਾ ਹੈ ਪਰ ਇਨ੍ਹਾਂ ਕੋਲ ਕੰਮ ਕੋਈ ਹੈ ਨਹੀਂ। ਰੋਜ਼ ਅਖਬਾਰਾਂ ਵਿਚ ਆਉਂਦਾ ਹੈ ਕਿ ਸਰਵਿਸਿਜ਼ ਤੇ ਸਰਕਾਰ ਨੇ ਬੈਨ ਲਗਾਇਆ ਹੋਇਆ ਹੈ। ਐਜੂਕੇਸ਼ਨ ਮਨਿਸਟਰ ਹਾਊਸ ਵਿਚ ਵਾਰ ਵਾਰ ਕਹਿੰਦੇ ਹਨ ਕਿ ਰਿਕਰੂਟਮੈਂਟ ਤੇ ਬੈਨ ਲਗਾ ਹੋਇਆ ਹੈ। ਇਸੇ ਕਰਕੇ ਇਨ੍ਹਾਂ ਦੇ ਦਿਮਾਗ ਉਤੇ ਬੋਝ ਪੈ ਗਿਆ ਹੈ ਅਤੇ ਇਹ ਬਿਮਾਰ ਹੋ ਗਏ ਹਨ। ਇਹ ਮਹਿਕਮਾ ਤੁਹਾਡੇ ਵੱਸ ਦਾ ਨਹੀਂ ਹੈ, ਇਸ ਮਹਿਕਮੇ

ਨੂੰ ਕੇਵਲ ਤੋਤਾ ਸਿੰਘ ਹੀ ਚਲਾ ਸਕਦਾ ਸੀ, ਤੁਸੀਂ ਇਸ ਮਹਿਕਮੇ ਨੂੰ ਨਹੀਂ ਚਲਾ ਸਕਦੇ । ਇਸੇ ਤਰ੍ਹਾਂ ਲਾਅ ਅਫਸਰਾਂ ਦੀ ਗਿਣਤੀ ਸੈਂਚਰੀ ਤੱਕ ਪਹੁੰਚ ਗਈ ਹੈ । ਇਕ ਸੈਂਚਰੀ ਤੇਂਦੂਲਕਰ ਲਗਾਉਂਦਾ ਹੈ, ਦੂਜੇ ਪਾਸੇ ਇਹ ਲਾਅ ਅਫਸਰ ਲਗਾਉਂਦੇ ਹਨ । ਜੇਕਰ ਕਿਸੇ ਅਫਸਰ ਦਾ ਨਾਂ ਇਥੇ ਲੈ ਲਵੋ ਤਾਂ ਉਹ ਨਰਾਜ਼ ਹੋ ਜਾਂਦਾ ਹੈ ਚੂੰਕਿ ਕੰਮ ਤਾਂ ਇਨ੍ਹਾਂ ਕੋਲੋਂ ਹੀ ਲੈਣੇ ਹੁੰਦੇ ਹਨ । ਇਹ ਲਾਅ ਅਫਸਰ ਕਾਫੀ ਮਾਤਰਾ ਵਿਚ ਲਗੇ ਹੋਏ ਹਨ । ਦੂਜਾ ਇਕ ਅਫਸਰ ਚੰਡੀਗੜ੍ਹ ਵੀ ਲੱਗਾ ਹੋਇਆ ਹੈ ਅਤੇ ਦਿੱਲੀ ਵੀ ਲੱਗਾ ਹੋਇਆ ਹੈ । ਉਸ ਦਾ ਪਿਛਲੇ 2 ਸਾਲ ਵਿਚ ਟੀ.ਏ. ਬਿਲ 13 ਲੱਖ 66 ਹਜ਼ਾਰ ਰੁਪਿਆ ਹੈ । ਹੋਰ ਵੀ ਕਈ ਅਫਸਰ ਹਨ ਜਿਨ੍ਹਾਂ ਨੇ ਕਾਫੀ ਟੀ.ਏ. ਲਿਆ ਹੈ ਪਰ ਮੈਂ ਇਕ ਹੀ ਕੋਟ ਕਰ ਰਿਹਾ ਹਾਂ । ਉਸ ਅਫਸਰ ਕੋਲ ਇਤਨਾ ਕੰਮ ਹੈ ਕਿ ਉਸਨੇ ਟੀ.ਏ. ਬਿਲ ਹੀ 13 ਲੱਖ 66 ਹਜ਼ਾਰ ਰੁਪਏ ਦੇ ਲਏ ਹਨ । ਬਾਕੀ ਦੂਜਿਆਂ ਦਾ ਹਾਲ ਤੁਸੀਂ ਆਪ ਹੀ ਦੇਖ ਸਕਦੇ ਹੋ । ਹੁਣ ਮੈਂ ਚੌਧਰੀ ਸਾਹਿਬ ਦੀ ਗੱਲ ਕਰਦਾ ਹਾਂ । ਇਨ੍ਹਾਂ ਨਾਲ ਬੜਾ ਧੋਖਾ ਹੋ ਰਿਹਾ ਹੈ । ਸਡਿਊਲਡ ਕਾਸ਼ਟ ਸਟੇਟ ਦੀ 1/3 ਆਫ ਦੀ ਟੋਟਲ ਪਾਪੂਲੇਸ਼ਨ ਹਨ ਅਤੇ ਇਸ ਹਰੀਜ਼ਨ ਕੈਟੇਗਰੀ ਦਾ ਕਾਂਗਰਸ ਪਾਰਟੀ ਆਪਣੇ ਆਪ ਨੂੰ ਚੈਂਪੀਅਨ ਮੰਨਦੀ ਹੈ । ਪਰ ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਪਿਛਲੇ 2 ਸਾਲਾਂ ਦੇ ਵਿਚ ਬਜਟ ਵਿਚ ਸਾਰੇ ਪੰਜਾਬ ਦੇ ਹਰੀਜਨਾਂ ਵਾਸਤੇ ਐਲੋਕੇਸ਼ਨ 2002-03 ਤੋਂ ਕੇਵਲ 33 ਕਰੋੜ ਰੁਪਏ ਦੀ ਹੋਈ ਹੈ । ਬਜਟ ਵਿਚ ਤੁਸੀਂ ਕੇਵਲ 33 ਕਰੋੜ ਰੁਪਏ ਰੱਖਿਆ ਇਸ ਜਾਤੀ ਦੇ ਲੋਕਾਂ ਦੀ ਵੈਲਫੇਅਰ ਵਾਸਤੇ ਪਰ ਖਰਚ ਸਰਕਾਰ ਵੱਲੋਂ ਕੇਵਲ 13 ਕਰੋੜ ਰੁਪਿਆ ਕੀਤਾ ਗਿਆ । ਇਹ ਟੋਟਲ ਐਲੋਕੇਸ਼ਨ ਦਾ ਕੇਵਲ 40% ਬਣਦਾ ਹੈ ।

**ਸ਼੍ਰੀ ਤਰਲੋਚਨ ਸਿੰਘ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੂੰ ਹਰੀਜਨ ਲਫਜ਼ ਵਾਪਸ ਲੈਣਾ ਚਾਹੀਦਾ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਇਹ ਹਰੀਜ਼ਨ ਲਫਜ਼ ਮੈਂ ਵਾਪਸ ਲੈਂਦਾ ਹਾਂ । ਇਹ ਚਾਹੇ ਮੈਨੂੰ ਮਾਮਾ ਕਹਿਣ, ਨਾਨਾ ਕਹਿਣ, ਦਾਦਾ ਕਹਿਣ ਜਾਂ ਬਾਪੂ ਕਹਿ ਦੇਣ ਪਰ ਵੇਖਣ ਵਾਲੀ ਜਿਹੜੀ ਗੱਲ ਹੈ ਸਰਕਾਰ ਨੇ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਕੇਵਲ 13 ਕਰੋੜ ਰੁਪਿਆ 33 ਕਰੋੜ ਰੁਪਏ ਵਿਚੋਂ ਖਰਚ ਕੀਤਾ ਹੈ ਜਿਹੜਾ ਕਿ 40% ਬਣਦਾ ਹੈ । ਚੌਧਰੀ ਸਾਹਿਬ ਕੁਝ ਬੋਲਦੇ ਨਹੀਂ ਕਿ ਕਿਤੇ ਮਨਿਸਟਰੀ ਤੋਂ ਨਾ ਜਾਈਏ । 108 ਕਰੋੜ ਰੁਪਿਆ ਰੱਖਿਆ ਸੀ, 21 ਕਰੋੜ ਰੁਪਿਆ ਖਰਚ ਕੀਤਾ ਹੈ ਯਾਨੀ 20% ਖਰਚ ਕੀਤਾ ਹੈ । ਪੰਜਾਬ ਦਾ 33% ਭਾਈਚਾਰਾ ਜਿਹੜਾ ਗਰੀਬ ਹੈ, ਉਸਦੇ ਵਾਸਤੇ ਬਜਟ ਵਿਚ ਇਨ੍ਹਾਂ ਨੇ 20% ਵੀ ਨਹੀਂ ਦਿੱਤਾ । ਫੇਰ ਹੋਰ ਵੀ ਕਈ ਸਕੀਮਾਂ ਆਉਂਦੀਆਂ ਹਨ । ਨਾਨ-ਪਲਾਨ ਸਕੀਮਜ਼ ਹਨ, ਉਸਦੇ ਵਿਚ 44 ਕਰੋੜ ਰੱਖਿਆ ਸੀ ਤੇ ਦਿੱਤਾ 19 ਕਰੋੜ ਰੁਪਿਆ ਯਾਨੀ 57% ਸ਼ਾਰਟਫਾਲ ਹੋ ਗਿਆ । ਸਟੇਟ ਪਲਾਨ ਸਕੀਮਜ਼ ਵਿਚ 14 ਕਰੋੜ ਰੱਖਿਆ ਤੇ 100% ਹੀ ਸ਼ਾਰਟਫਾਲ ਯਾਨੀ ਇਕ ਪੈਸਾ ਨਹੀਂ ਦਿੱਤਾ । ਡਿਸਟ੍ਰਿਕਟ ਪਲਾਨ ਵਿਚ 28.40 ਕਰੋੜ ਰੱਖਿਆ ਸੀ, ਜਿਹੜਾ ਲਫਜ਼ ਅਸੀਂ ਕਹਿ ਦਿੰਦੇ ਹਾਂ, ਉਸਨੂੰ ਇਹ ਮੰਨਦੇ ਨਹੀਂ ਸ਼ਗਨ ਸਕੀਮ ਨੂੰ ਬਦਲ ਕੇ ਨਾਮ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਆਸ਼ੀਰਵਾਦ ਸਕੀਮ ਰੱਖ ਲਿਆ, ਉਸ ਦੇ ਵਾਸਤੇ 28 ਕਰੋੜ ਰੁਪਏ ਵਿਚੋਂ 1.90 ਕਰੋੜ ਰੁਪਿਆ ਦਿੱਤਾ। ਦਿੱਤਾ ਕਿਸਨੂੰ, ਜਿਹੜੇ ਤਿੰਨ ਜ਼ਿਲ੍ਹਿਆਂ ਵਿਚ ਇਲੈਕਸ਼ਨ ਹੋਣੀ ਸੀ। ਇਹ ਪੈਸਾ ਵੀ ਦਲਿਤ ਭਰਾਵਾਂ ਦੀ ਭਲਾਈ ਵਾਸਤੇ ਨਹੀਂ ਦਿੱਤਾ, ਇਲੈਕਸ਼ਨ ਵਿਚ ਵੋਟਾਂ ਲੈਣ ਵਾਸਤੇ ਦਿੱਤਾ। ਇਹ ਜਿਹੜੀਆਂ ਸੈਂਟਰ ਦੀਆਂ ਸਟੇਟ ਅਸਿਸਟੈਂਸ ਵਾਲੀਆਂ ਸਕੀਮਜ਼ ਹੁੰਦੀਆਂ ਹਨ, ਜਿਸ ਵਿਚ ਉਹ ਸਾਰਾ ਪੈਸਾ ਖੁਦ ਦਿੰਦੇ ਹਨ ਉਸ ਵਿਚ ਵੀ ਉਨ੍ਹਾਂ ਨੇ 28 ਕਰੋੜ ਰੁਪਿਆ ਦਿੱਤਾ ਤੇ ਇਨ੍ਹਾਂ ਨੇ 17 ਲੱਖ ਰੁਪਿਆ ਲਾਇਆ। 99% ਉਸ ਵਿਚੋਂ ਵੀ ਛਕ ਗਏ। ਯਾਨੀ ਸੈਂਟਰ ਵਾਲਾ ਵੀ ਛਕ ਗਏ ਤੇ ਇਥੋਂ ਵਾਲਾ ਵੀ ਛੱਕ ਗਏ......

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਕਿੰਗ ਮੰਤਰੀ (ਬੈਠੇ ਬੈਠੇ)** : ਸੰਗਤ ਦਰਸ਼ਨ ਯਾਦ ਕਰ ਲਓ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਤੁਸੀਂ ਕਾਹਨੂੰ ਕਿਸੇ ਗੱਲ ਨੂੰ ਠੀਕ ਮੰਨਦੇ ਹੋ। ਫੇਰ, ਸਪੀਕਰ ਸਾਹਿਬ, ਦਲਿਤ ਭਰਾਵਾਂ ਵਾਸਤੇ ਧਰਮਸ਼ਾਲਾਵਾਂ ਬਣਨੀਆਂ ਸਨ, ਉਹ ਵੀ ਛੱਡ ਗਏ। ਇਹ ਦੱਸ ਦੇਣ, ਇਕ ਧਰਮਸ਼ਾਲਾ ਵੀ ਬਣੀ ਹੋਵੇ, ਧਰਮਸ਼ਾਲਾ ਲਈ ਇਕ ਪੈਸਾ ਵੀ ਦਿੱਤਾ ਹੋਵੇ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਫੇਰ, ਪੋਸਟ ਮੈਟ੍ਰਿਕ ਸਟੂਡੈਂਟਸ ਆਫ ਸ਼ਡਿਊਲਡ ਕਾਸਟਸ, ਉਨ੍ਹਾਂ ਵਾਸਤੇ ਇਕ ਦੁਆਨੀ ਵੀ ਨਹੀਂ ਦਿੱਤੀ। ਸ਼ੇਅਰ ਕੈਪੀਟਲ ਦੇਣਾ ਹੁੰਦਾ ਹੈ, ਸ਼ਡਿਊਲਡ ਕਾਸਟ ਵੈਲਫੇਅਰ ਕਾਰਪੋਰੇਸ਼ਨ ਨੂੰ, ਜਿਹੜੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਬਣਾਈ, ਉਸ ਨੂੰ ਕੋਈ ਕਾਂਟਰੀਬਿਊਸ਼ਨ ਨਹੀਂ ਦਿੱਤੀ। ਵੈਲਫੇਅਰ ਆਫ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਹੈ, ਉਸਨੂੰ ਕੋਈ ਕਾਂਟਰੀਬਿਊਸ਼ਨ ਨਹੀਂ। ਫੇਰ, ਸਪੀਕਰ ਸਾਹਿਬ, ਸਡਿਊਲਡ ਕਾਸਟ ਬੱਚੀਆਂ ਨੂੰ 50/- ਰੁਪਏ ਮਹੀਨਾ ਪ੍ਰਾਈਮਰੀ ਸਕੂਲਾਂ ਵਿਚ ਜਾਣ ਵਾਸਤੇ ਦਿੱਤੇ ਜਾਂਦੇ ਸੀ ਤਾਂ ਕਿ ਉਹ ਸਕੂਲ ਅਟੈਂਡ ਕਰ ਲੈਣ, ਉਹ ਵੀ ਬੰਦ ਕਰ ਦਿੱਤਾ। ਇਕ ਦੁਆਨੀ, ਇਕ ਦਮੜੀ ਦੀ ਵੀ ਐਲੋਕੇਸ਼ਨ ਨਹੀਂ ਹੋਈ। ਅੱਗੇ ਹਾਊਸਿੰਗ ਫਾਰ ਹਾਊਸਲੈੱਸ ਸਕੀਮ ਆਈ। ਦੁਆਬੇ ਵਿਚ ਤਾਂ ਉਨ੍ਹਾਂ ਕੋਲ ਛੋਟੇ ਮੋਟੇ ਘਰ ਹੋਣਗੇ, ਉਸ ਨੂੰ ਛੱਡ ਦਿਉ, ਮਾਝੇ, ਮਾਲਵੇ ਵਿਚ ਤਾਂ ਉਨ੍ਹਾਂ ਲੋਕਾਂ ਕੋਲ ਕੱਚੇ ਕੋਠੇ ਵੀ ਨਹੀਂ। ਉਨ੍ਹਾਂ ਵਾਸਤੇ ਇਕ ਦੁਆਨੀ ਨਹੀਂ ਦਿੱਤੀ। ਇਹ ਹਾਲ, ਸਪੀਕਰ ਸਾਹਿਬ, ਇਨ੍ਹਾਂ ਦਾ ਹੈ।

ਹੁਣ ਮੈਂ ਇੰਡਸਟਰੀ ਬਾਰੇ ਦੱਸਾਂਗਾ। ਇੰਡਸਟਰੀ ਵੀ ਇਕ ਇੰਪਾਰਟੈਂਟ ਇਸ਼ੂ ਹੈ। ਪੰਜਾਬ ਇੰਡਸਟਰੀ ਵਿਚ ਵੀ ਪਿੱਛੇ ਚਲਾ ਗਿਆ ਹੈ। ਕੋਈ ਵਰਥ ਨੇਮ ਇੰਡਸਟਰੀ 3 ਸਾਲਾਂ ਵਿਚ ਪੰਜਾਬ ਵਿਚ ਨਹੀਂ ਆਈ। ਇਹ ਜੋ ਕੁਝ ਕਹਿੰਦੇ ਹਨ, ਪੇਪਰ ਤੇ ਕਹਿੰਦੇ ਹਨ। ਪਿਛਲੇ 3 ਸਾਲਾਂ ਤੋਂ ਇੰਡਸਟਰੀ ਵੀ ਸਟੈਗਨੇਸ਼ਨ ਵੱਲ ਨੂੰ ਜਾ ਰਹੀ ਹੈ। ਇੰਡਸਟਰੀ ਸਟੇਟ ਇਕਾਨਮੀ ਵਿਚ 23% ਕਾਂਟਰੀਬਿਊਟ ਕਰਦੀ ਹੈ ਪਰ ਇਸ ਵਕਤ ਇਸ ਦਾ ਗਰੋਥ ਰੇਟ ਲੈੱਸ ਦੈਨ 3% ਹੈ। ਜਿਸ ਸਟੇਟ ਵਿਚ ਇੰਡਸਟਰੀਅਲ ਗਰੋਥ ਰੇਟ ਘੱਟ ਹੋਵੇ, ਐਗਰੀਕਲਚਰਲ ਗਰੋਥ ਰੇਟ ਘੱਟ ਹੋਵੇ, ਉਥੇ ਇੰਪਲਾਇਮੈਂਟ ਵੀ ਨਹੀਂ ਮਿਲਦੀ ਤੇ ਫੇਰ ਸਰਕਾਰ ਕਿਸ ਤਰ੍ਹਾਂ ਕਹਿ ਸਕਦੀ ਹੈ ਕਿ

ਅਸੀਂ ਡਿਵੈਲਪਮੈਂਟ ਵੱਲ ਜਾ ਰਹੇ ਹਾਂ । ਸਪੀਕਰ ਸਾਹਿਬ, ਇਨ੍ਹਾਂ ਨੇ ਕਿਸੇ ਵੀ ਕੁਮਿਟਮੈਂਟ ਨੂੰ ਆਨਰ ਨਹੀਂ ਕਰਨਾ, ਇਹ ਇਨ੍ਹਾਂ ਦੀ ਆਦਤ ਹੈ । ਜਿਹੜੀ ਇੰਡਸਟਰੀਅਲ ਪਾਲਿਸੀ ਹੈ, ਉਸ ਵਿਚ ਇਨ੍ਹਾਂ ਨੇ ਕੁਮਿਟਮੈਂਟ ਕੀਤੀ ਸੀ ਕਿ ਅਸੀਂ ਸਬਸਿਡੀਆਂ ਦੇਵਾਂਗੇ । ਇਕ ਕੈਪੀਟਲ ਸਬਸਿਡੀ, ਇਕ ਫਰੇਟ ਸਬਸਿਡੀ ਤੇ ਇਕ ਮਾਡਰਨਾਈਜ਼ ਸਬਸਿਡੀ ਦੇਵਾਂਗੇ । ਕੀ ਇਨ੍ਹਾਂ ਨੇ ਇਨ੍ਹਾਂ ਤਿੰਨਾਂ ਵਾਸਤੇ ਇਕ ਰੁਪਿਆ ਵੀ ਦਿੱਤਾ ਹੈ, ਇਸ ਗੱਲ ਦਾ ਜਵਾਬ ਦੇਣ । ਫੇਰ ਪਾਵਰ ਸਪਲਾਈ ਦੀ ਗੱਲ ਆਉਂਦੀ ਹੈ । 3 ਘੰਟੇ ਦਾ ਹੁਣੇ ਹੀ ਕੱਟ ਲਗਾ ਦਿੱਤਾ ਹੈ, ਪਤਾ ਨਹੀਂ ਅੱਗੇ ਕਿੰਨਾਂ ਲੱਗੇਗਾ । ਇਨ੍ਹਾਂ ਨੇ ਸਟੇਟ ਇਲੈਕਟ੍ਰੀਸਿਟੀ ਅਥਾਰਿਟੀ ਬਣਾਈ ਹੈ । ਉਨ੍ਹਾਂ ਨੇ ਇਨ੍ਹਾਂ ਦਾ ਹਿਸਾਬ ਕਿਤਾਬ ਦੇਖ ਕੇ ਰਿਕੁਮੈਂਡ ਕੀਤਾ ਕਿ ਰੇਟ ਘਟਾ ਦਿਉ । ਇਨ੍ਹਾਂ ਨੇ ਉਸਦਾ ਫੈਸਲਾ ਵੀ ਨਹੀਂ ਮੰਨਿਆ ਤੇ ਹਾਈ ਕੋਰਟ ਵਿਚ ਚਲੇ ਗਏ । ਸਪੀਕਰ ਸਾਹਿਬ, ਫੇਰ ਵੈਟ ਦੀ ਜਿਹੜੀ ਇੰਪਲੀਮੈਂਟੇਸ਼ਨ ਹੈ, ਉਹ ਵੀ ਇੰਡਸਟਰੀ ਨੂੰ ਬੜਾ ਧੱਕਾ ਲਗਾਏਗੀ । ਇਹ ਕੰਮ ਪਹਿਲਾਂ ਹੀ ਸੋਚ ਕੇ ਕਰਨਾ ਸੀ । ਹੁਣ ਜੇ ਮੀਟਿੰਗਾਂ ਕਰਦੇ ਹੋ ਤਾਂ ਪਹਿਲਾ ਹੀ ਸੋਚ ਲੈਣਾ ਸੀ । ਇਕ 10 ਕਰੋੜ ਰੁਪਏ ਦਾ ਇੰਡਸਟਰੀਅਲ ਰਿਸਰਚ ਸੈਂਟਰ ਬਣਾਉਣਾ ਸੀ । ਉਹ ਵੀ ਨਹੀਂ ਬਣਾਇਆ । ਇਕ ਹੋਰ ਗੱਲ ਤੇ ਇਹ ਬੜਾ ਜ਼ੋਰ ਦਿੰਦੇ ਹਨ ਕਿ ਅਸੀਂ ਇਥੇ ਇਨਫਰਮੇਸ਼ਨ ਟੈਕਨਾਲੋਜੀ ਲਿਆਂਦੀ । ਇਸ ਬਾਰੇ ਇਹ ਅਖਬਾਰਾਂ ਵਿਚ ਇਸ਼ਤਿਹਾਰ ਵੀ ਬੜੀ ਮੌਜ ਨਾਲ ਛਪਾਈ ਜਾਂਦੇ ਹਨ ਅਤੇ ਗਲਤ ਖਬਰਾ ਦੇਈ ਜਾਂਦੇ ਹਨ । ਇਨਫਰਮੇਸ਼ਨ ਟੈਕਨਾਲੋਜੀ ਸਟੇਟ ਅਤੇ ਕੰਟਰੀ ਦੀ ਡਿਵੈਲਪਮੈਂਟ ਵਾਸਤੇ ਬੜੀ ਇੰਪਾਰਟੈਂਟ ਹੈ । ਫੈਕਟ ਇਹ ਹੈ ਕਿ ਇਨ੍ਹਾਂ ਨੇ ਇਨਫਰਮੇਸ਼ਨ ਟੈਕਨਾਲੋਜੀ ਲਿਆਂਦੀ ਨਹੀਂ, ਭਜਾਈ ਹੈ । ਅਸੀਂ ਆਪਣੇ ਵੇਲੇ ਮੁਹਾਲੀ ਵਿਚ ਸਾਫਟਵੇਅਰ ਟੈਕਨਾਲੋਜੀ ਪਾਰਕ ਬਣਾਇਆ ਸੀ । ਇਕ ਅਰਥ ਸਟੇਸ਼ਨ ਟੂ ਪ੍ਰੋਵਾਈਡ ਸਪੋਰਟ ਐਂਡ ਲਿੰਕੇਜ ਟੂ ਆਲ਼ ਦੀ ਕੰਪਨੀਜ਼ 1999 ਵਿਚ ਬਣਾਇਆ ਸੀ । ਉਸ ਦਾ ਮਤਲਬ ਇਹ ਸੀ ਕਿ ਦੂਜੀਆਂ ਆਈ.ਟੀ. ਕੰਪਨੀਆਂ ਇਥੇ ਆ ਕੇ ਆਪਣੀਆਂ ਸ਼ਾਪਸ ਖੋਲ੍ਹ ਲੈਣ । ਕੁਆਰਕ, ਇਨਫੋਸਿਸ, ਟਾਟਾ ਅਤੇ ਸਿਗਮਾ ਇਹ ਸਾਰੀਆਂ ਕੰਪਨੀਆਂ ਇਥੇ ਆ ਗਈਆਂ ਸਨ । ਇਸ ਗੱਲ ਕਰਕੇ ਪਹਿਲੀ ਵਾਰ 80 ਕਰੋੜ ਰੁਪਏ ਦਾ ਸਾਫਟਵੇਅਰ ਐਕਸਪੋਰਟ ਕੀਤਾ ਗਿਆ ਸੀ । ਫਿਰ ਅਸੀਂ ਮਹਿੰਦਰਾ ਨਾਲੇਜ ਪਾਰਕ ਵੀ ਬਣਾਇਆ । ਅਸੀਂ 15 ਏਕੜ ਜ਼ਮੀਨ ਉਨ੍ਹਾਂ ਨੂੰ ਦਿੱਤੀ । ਅਸੀਂ ਜ਼ਮੀਨ ਇਸ ਤਰ੍ਹਾਂ ਨਹੀਂ ਦਿੱਤੀ ਸੀ ਜਿਵੇਂ ਇਨ੍ਹਾਂ ਨੇ ਕੁਆਰਕ ਨੂੰ ਦਿੱਤੀ ਹੈ । ਅਸੀਂ ਉਹ ਜ਼ਮੀਨ ਸਿਰਫ ਇੰਡਸਟਰੀਅਲ ਪਰਪਜ਼ ਵਾਸਤੇ ਦਿੱਤੀ ਸੀ, ਕੋਈ ਰੀਅਲ ਐਸਟੇਟ ਪਰਪਜ਼ ਵਾਸਤੇ ਨਹੀਂ । ਅਸੀਂ ਉਨ੍ਹਾਂ ਨੂੰ ਕਮਰਸ਼ੀਅਲ ਰੇਟ ਲਾਇਆ ਸੀ । ਮਹਿੰਦਰਾ ਵਾਲਿਆਂ ਨੇ ਆਰਕੀਟੈਕਚਰਲ ਡਿਜ਼ਾਈਨ ਵੀ ਬਣਾ ਲਏ ਅਤੇ ਸਾਰੀ ਪਲੈਨਿੰਗ ਵੀ ਕਰ ਲਈ ਲੇਕਿਨ ਉਹ ਇਨ੍ਹਾਂ ਨੂੰ ਮਾਫਕ ਨਹੀਂ ਆਏ । ਉਨ੍ਹਾਂ ਨੂੰ ਇਨ੍ਹਾਂ ਨੇ ਭਜਾ ਦਿੱਤਾ । ਇਨਫੋਸਿਸ ਵਿਚ 400 ਇੰਜੀਨੀਅਰ ਕੰਮ ਕਰਦੇ ਸਨ ਅਤੇ 10000 ਉਨ੍ਹਾਂ ਨੇ ਹੋਰ ਰੱਖਣੇ ਸਨ । ਇਹ 1000 ਕਰੋੜ ਰੁਪਏ ਦੀ ਇਨਵੈਸਟਮੈਂਟ ਹੋਣੀ ਸੀ ਲੇਕਿਨ ਬਦਕਿਸਮਤੀ ਨਾਲ ਉਨ੍ਹਾਂ ਨੂੰ ਸਪੋਰਟ ਨਹੀਂ ਮਿਲੀ । ਸ਼ਾਇਦ ਉਹ ਇਨ੍ਹਾਂ ਨਾਲ ਸੌਦੇਬਾਜ਼ੀ ਨਹੀਂ ਕਰ ਸਕੇ । ਹੁਣ ਇਹ ਬੜਾ ਵੱਡਾ ਨਾਹਰਾ ਲਾਉਂਦੇ ਹਨ ਕੁਆਰਕ ਦਾ ।

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਮੈਨੂੰ ਹੈਰਾਨੀ ਹੈ ਕਿ ਇਹ ਕਿਵੇਂ ਬਚਣਗੇ ਜੇ ਕੱਲ੍ਹ ਨੂੰ ਇਨ੍ਹਾਂ ਦਾ ਹਾਲ ਸਾਡੇ ਵਾਂਗ ਮਾੜਾ ਹੋ ਗਿਆ ਤਾਂ। ਇਨ੍ਹਾਂ ਨੇ ਉਨ੍ਹਾਂ ਨੂੰ 45 ਏਕੜ ਜ਼ਮੀਨ ਦਿੱਤੀ ਹੈ 20 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਜਦ ਕਿ ਇਹ ਇੰਡਸਟਰੀਅਲ ਲੈਂਡ 1.25 ਕਰੋੜ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੰਦੇ ਹਨ ਅਤੇ ਰੈਜ਼ੀਡੈਂਸ਼ੀਅਲ ਪਲਾਟ 2.00 ਕਰੋੜ ਪ੍ਰਤੀ ਏਕੜ ਦੇ ਹਿਸਬ ਨਾਲ ਦਿੰਦੇ ਹਨ। ਕਮਰਸ਼ੀਅਲ ਪਲਾਟ ਦੀ ਕੀਮਤ 70 ਹਜ਼ਾਰ ਰੁਪਏ ਤੋਂ ਇਕ ਲੱਖ ਰੁਪਏ ਪਰ ਸਕਵੇਅਰ ਫੁੱਟ ਹੈ। ਜਿਹੜੀ ਜ਼ਮੀਨ ਇਨ੍ਹਾਂ ਨੇ ਉਨ੍ਹਾਂ ਨੂੰ ਦਿੱਤੀ ਹੈ, ਜੇ ਅਸੀਂ ਉਸ ਦੀ ਕਮਰਸ਼ੀਅਲ ਕੀਮਤ ਲਾਈਏ ਤਾਂ ਇਹ 33 ਕਰੋੜ ਅਤੇ 78 ਕਰੋੜ ਰੁਪਏ ਬਣਦੀ ਹੈ। ਇੰਡਸਟਰੀ ਵਾਸਤੇ ਤਾਂ ਕੀਮਤ ਕਮਰਸ਼ੀਅਲ ਹੀ ਲਈ ਜਾਂਦੀ ਹੈ। ਇਸ ਹਿਸਾਬ ਨਾਲ 1518 ਕਰੋੜ ਰੁਪਏ ਦਾ ਪੰਜਾਬ ਨੂੰ ਘਾਟਾ ਪਵੇਗਾ ਅਤੇ ਉਨ੍ਹਾਂ ਨੂੰ ਫਾਇਦਾ ਹੋਵੇਗਾ। ਮੈਂ ਤਾਂ ਇਹ ਜਾਣ ਕੇ ਹੈਰਾਨ ਹੋ ਗਿਆ ਕਿ 20 ਲੱਖ ਰੁਪਏ ਪ੍ਰਤੀ ਏਕੜ ਨੂੰ ਜ਼ਮੀਨ ਦਿੱਤੀ ਅਤੇ ਉਸ ਤੇ ਸਬਸਿਡੀ ਵੀ ਇਨ੍ਹਾਂ ਨੇ ਦੇਣੀ ਹੈ। 9 ਕਰੋੜ ਰੁਪਏ ਦੀ ਸਬਸਿਡੀ ਵੀ ਇਨ੍ਹਾਂ ਨੇ ਦਿੱਤੀ ਹੈ ਅਤੇ ਡਿਵੈਲਪਮੈਂਟ ਚਾਰਜਿਜ਼ ਵੀ ਇਨ੍ਹਾਂ ਨੇ ਦਿੱਤੇ ਹਨ।

ਹੁਣ ਮੈਂ ਰਿਫਾਈਨਰੀ ਵਾਲੇ ਪਾਸੇ ਆਉਂਦਾ ਹਾਂ। ਮੈਂ ਫਖਰ ਨਾਲ ਕਹਿੰਦਾ ਹਾਂ ਕਿ ਇਹ ਰਿਫਾਈਨਰੀ ਅਸੀਂ ਲਿਆਂਦੀ ਸੀ ਹੁਣ ਭਾਵੇਂ ਐਫ.ਐਮ. ਸਾਹਿਬ ਕਹਿੰਦੇ ਹਨ ਕਿ ਅਸੀਂ ਲਿਆਂਦੀ ਹੈ। ਮਨਿਸਟਰੀ ਮਿਲਣ ਨਾਲ ਰਿਫਾਈਨਰੀ ਨਹੀਂ ਮਿਲ ਜਾਂਦੀ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਉਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ। ਫਿਰ ਬੋਲ ਲੈਣਾ। ਤੁਹਾਨੂੰ ਵਕਤ ਦਿੱਤਾ ਜਾਵੇਗਾ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਚੈਲਿੰਜ ਕਰਦਾ ਹਾਂ। ਇਹ ਰਿਫਾਈਨਰੀ ਇਨ੍ਹਾਂ ਨੇ ਬਿਲਕੁਲ ਨਹੀਂ ਲਿਆਂਦੀ। ਇਹ ਝੂਠ ਬੋਲਦੇ ਹਨ।

**ਮਾਨਯੋਗ ਸਪੀਕਰ :** ਤੁਸੀਂ ਹੁਣ ਬੈਠ ਜਾਓ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਚਲੋ ਮੰਨ ਲੈਂਦੇ ਹਾਂ ਕਿ ਐਫ. ਐਮ. ਨੇ ਲਿਆਂਦੀ ਹੈ। ਇਹ ਰਿਫਾਈਨਰੀ ਬਹੁਤ ਵੱਡਾ ਮੈਸਿਵ ਪ੍ਰਾਜੈਕਟ ਸੀ। ਐਸ.ਏ.ਡੀ. ਔਰ ਬੀ.ਜੇ.ਪੀ. ਨੇ ਇਹ ਲਿਆਂਦਾ ਸੀ। ਉਸ ਦਿਨ ਇਨ੍ਹਾਂ ਨੇ ਬੋਲਦਿਆਂ ਹੋਇਆ ਕਿਹਾ ਕਿ ਇਸ ਪ੍ਰਾਜੈਕਟ ਦੀ ਕਲੀਅਰੈਂਸ ਤਿੰਨ ਸਾਲ ਲਮਕਦੀ ਰਹੀ। ਰਿਕਾਰਡ ਤੁਸੀਂ ਵੇਖ ਸਕਦੇ ਹੋ ਕਿ ਏਨੀ ਤੇਜ਼ੀ ਨਾਲ 6 ਮਹੀਨਿਆਂ ਦੇ ਵਿੱਚ ਇਸ ਦੀਆਂ ਸਾਰੀਆਂ ਟੈਕਨੀਕਲ, ਫਾਇਨੈਂਸ਼ੀਅਲ ਅਤੇ ਜੋ ਵੀ ਇਸ ਦੀਆਂ requirements ਸਨ, ਉਹ ਲਿਮਿਟਿਡ ਰਿਕਾਰਡ ਟਾਈਮ ਤੋਂ ਵੱਧ ਸਮੇਂ ਵਿੱਚ ਪੂਰੀਆਂ ਕੀਤੀਆਂ ਗਈਆਂ। 300

ਰੁਪਿਆ ਵੀ ਖਰਚ ਕਰ ਦਿੱਤਾ । ਇਸ ਡੀਲੇਅ ਦਾ ਕੌਣ ਜ਼ਿੰਮੇਵਾਰ ਹੈ ? ਪੰਜਾਬ ਦੀ ਜਨਤਾ ਨੂੰ ਇਹ ਕੀ ਜਵਾਬ ਦੇਣਗੇ ?

**ਮਾਨਯੋਗ ਸਪੀਕਰ** : ਬਾਦਲ ਸਾਹਿਬ, ਤੁਸੀਂ 10 ਮਿੰਟਾਂ ਚ ਵਿੱਚ ਖਤਮ ਕਰੋ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੈਂ ਘੰਟਾ ਹੋਰ ਬੋਲੂੰਗਾ । ਇਕ ਘੰਟਾ ਹੋਰ । (ਵਿਘਨ) ਨਹੀਂ ਜੀ, ਮੈਂ ਤੁਹਾਨੂੰ ਪਹਿਲਾਂ ਕਿਹਾ ਹੈ । You cannot go against the conventions. ਇਹ ਤਾਂ ਗੱਲ ਹੀ ਕੁਝ ਨਹੀਂ । ਫਿਰ ਤੁਸੀਂ ਸਾਨੂੰ ਮਜ਼ਬੂਰ ਕਰੋਗੇ ।

**ਮਾਨਯੋਗ ਸਪੀਕਰ** : ਠੀਕ ਹੈ, You please conclude within 15 minutes ...(ਵਿਘਨ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੈਂ ਪੂਰੇ 2 ਘੰਟੇ ਬੋਲਣਾ ਹੈ । ਬਾਅਦ ਵਿੱਚ ਮੁੱਖ ਮੰਤਰੀ ਸਾਹਿਬ ਭਾਵੇਂ 6 ਘੰਟੇ ਬੋਲ ਲੈਣ । ਅਸੀਂ ਬੈਠਾਂਗੇ । 500 ਮੈਗਾਵਾਟ ਬਿਜਲੀ ਸੀ, ਉਹ ਵੀ ਇਨ੍ਹਾਂ ਨੇ ਖਤਮ ਕਰ ਦਿੱਤੀ । ਸਪੀਕਰ ਸਾਹਿਬ, ਅੱਜ ਇਹ ਰਿਫਾਈਨਰੀ ਮੁੜ ਕੇ ਆਨੇ ਵਾਲੀ ਥਾਂ ਤੇ ਆ ਗਈ ਹੈ । ਉਨ੍ਹਾਂ ਨੇ ਲਿਖ ਦਿੱਤਾ ਹੈ ਇਨ੍ਹਾਂ ਨੂੰ, ਇਹ ਕਹਿ ਦੇਣ ਨਹੀਂ ਲਿਖਿਆ, ਮੈਂ ਅੱਜ ਐਚ.ਪੀ.ਸੀ.ਐਲ. ਦੇ ਦਫ਼ਤਰ ਵਿੱਚ ਜਾ ਕੇ ਮਿਲ ਕੇ ਆਇਆ ਹਾਂ......

**ਇਕ ਅਵਾਜ਼** : ਕਿਸ ਨੂੰ ਮਿਲ ਕੇ ਆਏ ਹੋ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਂ ਕਿਉਂ ਦੱਸਾਂ ਕਿਸ ਨੂੰ ਮਿਲ ਕੇ ਆਇਆ ਹਾਂ । ਮੈਨੂੰ ਕੋਈ ਚੋਰੀ ਹੈ । ਮੈਂ ਤੁਹਾਡੇ ਦਫ਼ਤਰ ਵੀ ਆ ਸਕਦਾ ਹਾਂ । ਉਨ੍ਹਾਂ ਨੇ ਆਪ ਦੱਸਿਆ ਹੈ ਕਿ ਉਨ੍ਹਾਂ ਨੇ ਚਿੱਠੀ ਲਿਖ ਦਿੱਤੀ ਹੈ ਕਿ ਅਸੀਂ ਕੰਮ ਕਰਨ ਨੂੰ ਤਿਆਰ ਨਹੀਂ ਹਾਂ । ਉਨ੍ਹਾਂ ਨੇ ਲਿਖਿਆ ਹੈ ਕਿ ਜਿਹੜੀਆਂ ਰਿਆਇਤਾਂ ਪਹਿਲਾਂ ਦਿੱਤੀਆਂ ਸਨ, ਉਹ ਸਾਨੂੰ ਦਿਓ । ਅਸੀਂ ਮੱਧਿਆ ਪ੍ਰਦੇਸ਼ ਵਿੱਚ ਲੈ ਰਹੇ ਹਾਂ, ਜਿਹੜੇ ਕਨਸੈਸ਼ਨਜ਼ ਮੱਧਿਆ ਪ੍ਰਦੇਸ਼ ਵਿੱਚ ਹਨ, ਉਹੀ ਸਾਨੂੰ ਏਥੇ ਵੀ ਦਿਓ ।

**ਮੁੱਖ ਮੰਤਰੀ** : ਇਹ ਬਿਲਕੁਲ ਗਲਤ ਬਾਤ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਰਦਾਰ ਅਮਰਿੰਦਰ ਸਿੰਘ, ਕੀ ਤੁਸੀਂ ਇਹ ਕਹਿ ਸਕਦੇ ਹੋ ਕਿ ਇਹ ਚਿੱਠੀ ਨਹੀਂ ਹੈ ?

**ਮੁੱਖ ਮੰਤਰੀ** : ਚਿੱਠੀ ਵਿੱਚ ਕੁਝ ਹੋਰ ਲਿਖਿਆ ਹੈ, ਇਹ ਨਹੀਂ ਲਿਖਿਆ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਾਨੂੰ ਵੀ ਅਫਸਰ ਪੜ੍ਹਾ ਦਿੰਦੇ ਹਨ । ਅੱਧੇ ਕੁ ਤਾਂ ਸਾਡੇ ਨਾਲ ਹੁਣ ਵੀ ਹਨ । ਮਹੀਨੇ ਨੂੰ ਸਾਰੇ ਹੀ ਸਾਡੇ ਨਾਲ ਹੋ ਜਾਣਗੇ ।

ਇਸੇ ਤਰ੍ਹਾਂ ਹੀ ਐਗਰੀਕਲਚਰ ਹੈ । ਇਸ ਦੀ ਕੰਡੀਸ਼ਨ ਤਾਂ ਬਹੁਤ ਹੀ ਮਾੜੀ ਹੈ । 38% ਲੋਕ ਐਗਰੀਕਲਚਰਿਸਟ ਹਨ । 75% ਰੂਰਲ ਪਾਪੂਲੇਸ਼ਨ ਹੈ । ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ । ਸਪੀਕਰ ਸਾਹਿਬ, ਇਨਪੁਟ ਅਤੇ ਆਊਟ ਪੁੱਟ-ਆਮਦਨ ਅਤੇ ਖਰਚਾ ਜੇਕਰ ਬਰਾਬਰ ਨਹੀਂ ਹੋਏਗਾ, ਆਮਦਨ ਖਰਚ ਨਾਲੋਂ ਜ਼ਿਆਦਾ ਨਹੀਂ ਹੋਏਗੀ ਤਾਂ ਕਿਸ ਤਰ੍ਹਾਂ ਕੋਈ ਵਪਾਰ ਜਾਂ ਐਗਰੀਕਲਚਰ ਬਚ ਸਕਦਾ ਹੈ । ਇਹ ਹੁਣ 2000-05 ਤੱਕ ਜਿਹੜਾ ਰੇਟ ਵਧਿਆ ਇਨਪੁਟਸ ਦਾ, 11.5% ਹਿਊਮੇਨ ਲੇਬਰ ਵਧ ਗਈ, ਯੂਰੀਆ 8.7% ਵਧ ਗਿਆ, ਡੀ.ਏ.ਪੀ. 4.4% ਅਤੇ ਡੀਜ਼ਲ 38.9% ਵਧ ਗਿਆ । ਤੁਸੀਂ ਵੇਖੋ ਕਿੰਨਾ ਫਰਕ ਹੈ, ਕਿੰਨਾ ਵਧ ਗਿਆ । ਇਲੈਕਟ੍ਰੀ-ਸਿਟੀ ਤਾਂ 100% ਵਧ ਗਈ । ਅਸੀਂ ਤਾਂ ਮੁਆਫ ਕੀਤੀ ਸੀ, ਤੁਸੀਂ ਸਾਰਾ ਹੀ ਲਗਾ ਦਿੱਤਾ । ਇਨ੍ਹਾਂ ਦਿਨਾਂ ਵਿੱਚ ਐਗਰੀਕਲਚਰਲ ਇਨਕਮ 5% ਇਨਕਰੀਜ਼ ਹੋਈ । ਕੰਗਾਲ ਤਾਂ ਆਪੇ ਹੀ ਹੋਣਾ ਸੀ । ਖੁਦਕਸ਼ੀਆਂ ਤਾਂ ਆਪੇ ਹੀ ਹੋਣਗੀਆਂ ਜਦੋਂ ਇਨਕਮ ਹੀ ਨਾ ਵਧੇ ਤਾਂ ਹੋਰ ਕੀ ਹੋਏਗਾ ?

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ (ਬੈਠੇ ਬੈਠੇ) :** ਉਹ ਤਾਂ ਤੁਹਾਡੇ ਵੇਲੇ ਹੋਈਆਂ ਸਨ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਹੁਣ ਤਾਂ ਯੀਲਡ ਵੀ ਘਟਣ ਲੱਗ ਗਈ ਹੈ । 45 ਕੁਇੰਟਲ ਪਹਿਲਾਂ ਹੁੰਦੀ ਸੀ ਹੁਣ ਉਹ ਘਟ ਕੇ 43 ਤੇ ਚਲੀ ਗਈ ਹੈ । ਅੱਜ ਜੇਕਰ ਆਪਾਂ ਕਰਜ਼ੇ ਦੀ ਗੱਲ ਲਈਏ ਤਾਂ 20,000 ਕਰੋੜ ਰੁਪਿਆ ਕਿਸਾਨਾਂ ਤੇ ਕਰਜ਼ਾ ਹੈ । ਯੂਨੀਵਰਸਿਟੀ ਨੇ ਲਿਖਿਆ ਹੈ ਕਿ 10 ਲੱਖ ਕਿਸਾਨਾਂ ਦੀ ਫੈਮਲੀ ਹੈ । ਇਕ ਫੈਮਲੀ ਨੂੰ 2 ਲੱਖ ਰੁਪਏ ਦਾ ਕਰਜ਼ਾ ਆਉਂਦਾ ਹੈ । ਇਸ ਨੂੰ ਸਿੱਕ ਬਿਜ਼ਨੈਸ ਡਿਕਲੇਅਰ ਕਰਾਓ । ਜੇਕਰ ਇੰਡਸਟਰੀ ਹੋ ਸਕਦੀ ਹੈ ਤਾਂ ਖੇਤੀਬਾੜੀ ਨੂੰ ਵੀ ਕਰ ਦਿਓ ਜਾਂ ਕਰਜ਼ਾ ਛੁਡਾਉਣ ਦੀ ਕਾਰਵਾਈ ਕਰੋ । ਬਜਟ ਤਾਂ ਤੁਸੀਂ 4% ਕਿਸਾਨਾਂ ਦੇ ਵਾਸਤੇ ਰੱਖਿਆ ਹੈ । ਇਹ ਕੋਈ ਉਨ੍ਹਾਂ ਦੇ ਨਾਲ ਇਨਸਾਫ ਹੈ ? ਬਜਟ ਦੇ ਵਿੱਚ 4% ਰੱਖਿਆ ਜਾਣਾ, ਇਸ ਤੋਂ ਮਾੜੀ ਗੱਲ ਹੋਰ ਕਿਹੜੀ ਹੋ ਸਕਦੀ ਹੈ । ਪੀ.ਏ.ਯੂ. ਦੇ ਵਾਇਸ ਚਾਂਸਲਰ ਨੇ ਕਿਹਾ ਹੈ ਕਿ we are starving, we are facing severe crunch, ਕੀ ਕਰਨਗੇ, ਜੇਕਰ ਦੁਆਨੀ ਨਹੀਂ ਦੇਣੀ, ਜਿਹੜੀ ਇਨ੍ਹਾਂ ਦੀ ਹਾਲਤ ਹੋਏਗੀ ਉਹ ਤੁਹਾਨੂੰ ਸਾਰਿਆਂ ਨੂੰ ਪਤਾ ਹੈ ।

**ਮਾਨਯੋਗ ਸਪੀਕਰ :** ਬਾਦਲ ਸਾਹਿਬ, ਇਕ ਘੰਟਾ ਹੋ ਚੁੱਕਾ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, ਅਜੇ ਤਾਂ ਮੈਂ ਇਕ ਘੰਟਾ ਹੋਰ ਬੋਲਣਾ ਹੈ ।

**ਮਾਨਯੋਗ ਸਪੀਕਰ :** ਚਲੋ, carry on ਅਜੇ ਤਾਂ ਬੋਲੋ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ । ਜੇਕਰ ਉਹ ਗਵਰਨਰ ਸਾਹਿਬ ਦੇ ਐਡਰੈਸ ਵਿਚ ਨਾ ਕਹੀ ਹੁੰਦੀ ਤਾਂ ਮੈਂ ਟੱਚ ਨਾ ਕਰਦਾ । ਗਵਰਨਰ ਸਾਹਿਬ ਨੇ ਕਿਹਾ ਹੈ ਕਿ ਮੇਰੀ ਸਰਕਾਰ ਨੇ ਬੜੀਆਂ ਸ਼ਤਾਬਦੀਆਂ ਮਨਾਈਆਂ । ਇਹ ਆਪਣੇ ਆਪ ਨੂੰ ਬੜੇ ਗੁਰਸਿੱਖ ਸਮਝਦੇ ਹਨ ਅਤੇ ਕਹਿੰਦੇ ਹਨ ਕਿ ਸਾਡੀ ਬੜੀ ਹੀ ਸ਼ਰਧਾ ਹੈ । (ਟਰੈਜ਼ਰੀ ਬੈਂਚਾਂ ਵੱਲੋਂ ਹਾਸਾ) ਅੱਗੇ ਚਲ ਕੇ ਪਤਾ ਲਗੇਗਾ । ਇਹ ਕਹਿੰਦੇ ਹਨ ਕਿ ਸਾਡੇ ਵਿਚ ਗੁਰੂ ਪ੍ਰਤੀ ਬੜੀ ਸ਼ਰਧਾ ਹੈ । ਮੈਂ ਪੁੱਛਦਾ ਹਾਂ ਕਿ ਸਿੱਖ ਕੌਣ ਹੁੰਦਾ ਹੈ. ਅੰਮ੍ਰਿਤਧਾਰੀ ਹੁੰਦਾ ਹੈ । ਕੀ ਕਪਤਾਨ ਸਾਹਿਬ ਨੇ ਅੰਮ੍ਰਿਤ ਛਕਿਆ ਹੈ ?

**ਮੁੱਖ ਮੰਤਰੀ (ਬੈਠੇ ਬੈਠੇ)** : ਹੁਣ ਨਹੀਂ ਛਕਿਆ, ਛੋਟੇ ਹੁੰਦੇ ਛਕਿਆ ਸੀ । ਮੈਂ ਤਾਂ ਅੰਮ੍ਰਿਤ ਛਕੇ ਤੋਂ ਬਿਨਾਂ ਹੀ ਪੂਰਨ ਸਿੱਖ ਹਾਂ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਤੁਹਾਨੂੰ ਨਹੀਂ ਪਤਾ ਇਹ ਕੀ ਕੁਝ ਕਰਦੇ ਹਨ । ਮਾਨਯੋਗ ਸਪੀਕਰ ਸਾਹਿਬ, ਸਾਡਾ ਸ਼ੁਰੂ ਤੋਂ ਹੀ ਬੜਾ ਵੱਡਾ ਗਿਲਾ ਰਿਹਾ ਹੈ...... (ਕੁਝ ਰੁਕ ਗਏ)

**ਮਾਨਯੋਗ ਸਪੀਕਰ** : ਕਾਫੀ ਟਾਈਮ ਹੋ ਗਿਆ ਹੈ । ਲੱਭ ਲੱਭ ਕੇ ਬੋਲਣਾ ਤਾਂ ਚੰਗਾ ਨਹੀਂ ਲਗਦਾ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ਼ੁਰੂ ਤੋਂ ਹੀ ਇਹ ਸਾਡੇ ਰਿਲੀਜਸ ਮੈਟਰਜ਼ ਵਿਚ ਦਖਲ ਦਿੰਦੇ ਰਹੇ ਹਨ । ਕਾਂਗਰਸ ਪਾਰਟੀ ਨੂੰ ਅੱਜ ਤੋਂ ਨਹੀਂ, ਸ਼ੁਰੂ ਤੋਂ ਹੀ, ਅਜ਼ਾਦੀ ਤੋਂ ਬਾਅਦ, ਫੌਰਨ ਬਾਅਦ ਦਖਲ ਦੇਣਾ ਸ਼ੁਰੂ ਕਰ ਦਿੱਤਾ......

**ਮੁੱਖ ਮੰਤਰੀ (ਬੈਠੇ ਬੈਠੇ)** : ਕੀ ਅਸੀਂ ਸ਼ਤਾਬਦੀਆਂ ਨਹੀਂ ਮਨਾ ਸਕਦੇ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਗੁੱਸਾ ਕਿਉਂ ਕਰਦੇ ਹੋ ? ਅਰਾਮ ਨਾਲ ਸੁਣੋ... (ਵਿਘਨ)

**ਕੁਝ ਅਵਾਜ਼ਾਂ** : (ਇਨ੍ਹਾਂ ਨੇ ਫਿਰ ਸਾਨੂੰ ਨਹੀਂ ਸੁਣਨਾ, ਦੌੜਨਾ ਹੈ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਂ ਪੁਰਾਣੀ 1947 ਤੋਂ ਗੱਲ ਸ਼ੁਰੂ ਕਰਦਾ ਹਾਂ । ਪਹਿਲਾਂ 15 ਮਾਰਚ, 1959 ਦੀ ਗੱਲ ਸੁਣ ਲਵੋ । (ਵਿਘਨ) ... ਇਹ ਹਿਸਟਰੀ ਦੀ ਗੱਲ ਹੈ, ਸੁਣ ਲਵੋ । ਉਦੋਂ ਬਹੁਤ ਵੱਡਾ ਦਖਲ ਇਨ੍ਹਾਂ ਨੇ ਗੁਰਦੁਆਰਾ ਮੈਨੇਜਮੈਂਟ ਵਿਚ ਦਿੱਤਾ ਸੀ, ਗੁਰਦੁਆਰਾ ਇਲੈਕਸ਼ਨਾਂ ਵਿਚ ਦਿੱਤਾ ਸੀ, ਉਸ ਸਮੇਂ ਦੀ ਹਿੰਦੁਸਤਾਨ ਦੀ ਸਰਕਾਰ ਨੇ ਅਤੇ ਸੂਬੇ ਦੀ ਸਰਕਾਰ ਨੇ ਉਦੋਂ ਦਖਲ ਦਿੱਤਾ ਸੀ ਜਦੋਂ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਸਨ । ਉਸ ਵੇਲੇ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ 15 ਮਾਰਚ ਨੂੰ ਖਾਮੋਸ਼ ਜਲੂਸ ਕੱਢਣਾ ਹੈ, ਹੋਰ ਕੁਝ ਨਹੀਂ ਕਰਨਾ ਕੇਵਲ ਸਤਿਨਾਮ-ਵਾਹਿਗੁਰੂ ਦਾ ਜਾਪ ਹੀ ਕਰਨਾ ਹੈ । ਉਥੇ ਤਿੰਨ ਲੱਖ ਬੰਦਿਆਂ ਨੇ ਪਹੁੰਚਣਾ ਸੀ ।

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਉਸ ਤੋਂ ਦੋ ਦਿਨ ਪਹਿਲਾਂ 13 ਮਾਰਚ ਨੂੰ ਹੀ ਮਾਸਟਰ ਜੀ ਨੂੰ ਰਾਤੀਂ ਗ੍ਰਿਫਤਾਰ ਕਰ ਲਿਆ ਗਿਆ। ਇਹ ਧੱਕਾ ਅੱਜ ਦਾ ਨਹੀਂ ਹੋ ਰਿਹਾ। ਉਨ੍ਹਾਂ ਨੇ ਸਿਰਫ਼ ਜਲੂਸ ਕੱਢਣਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਜਪਣਾ ਸੀ। ਉਨ੍ਹਾਂ ਨੂੰ ਫੜ੍ਹ ਕੇ ਧਰਮਸ਼ਾਲਾ ਜੇਲ ਵਿਚ ਭੇਜ ਦਿੱਤਾ। ਉਥੋਂ ਮਾਸਟਰ ਜੀ ਨੇ ਪੰਡਤ ਜੀ ਨੂੰ ਚਿੱਠੀ ਲਿਖੀ, ਪਿਆਰੇ ਪੰਡਤ ਜੀ, ਮੈਂ ਤੁਸਾਂ ਨੂੰ ਨਿਸ਼ਚਾ ਕਰਾਉਣ ਦੀ ਕੋਸ਼ਿਸ਼ ਕੀਤੀ ਕਿ ਸੰਨ 1947 ਦੇ ਬਟਵਾਰੇ ਪਿਛੋਂ, ਮੈਂ ਇਸ ਕਰਕੇ ਸਟਰੈਸ ਕਰ ਰਿਹਾ ਹਾਂ ਕਿਉਂਕਿ ਇਹ ਇਨ੍ਹਾਂ ਦੀ ਪਾਲਿਸੀ ਰਹੀ ਹੈ ਅਤੇ ਸਰਦਾਰ ਅਮਰਿੰਦਰ ਸਿੰਘ ਵੀ ਉਸੇ ਕੜੀ ਦਾ ਹੀ ਇਕ ਪੁਰਜ਼ਾ ਹਨ। ਪੰਜਾਬ ਸਰਕਾਰ ਨੇ ਸਾਡੇ ਗੁਰਦੁਆਰਿਆਂ ਵਿਚ ਬਹੁਤ ਦਖਲ ਦੇਣਾ ਸ਼ੁਰੂ ਕੀਤਾ ਹੋਇਆ ਹੈ ਅਤੇ ਇਹ ਸਰਕਾਰੀ ਦਖਲ ਅਜੇ ਤੱਕ ਵਧਦਾ ਜਾ ਰਿਹਾ ਹੈ। ਇਕ ਸਾਲ ਤੋਂ ਵੱਧ ਸਮਾਂ ਸਾਡੀ ਸਰਕਾਰ ਨੇ ਆਪਣੀ ਤਾਕਤ ਦੀ ਨਜਾਇਜ਼ ਵਰਤੋਂ ਨਾਲ ਪੈਪਸੂ ਦੇ ਗੁਰਦੁਆਰਿਆਂ ਤੇ ਆਪਣਾ ਕਬਜ਼ਾ ਕਰ ਲਿਆ। ਮਾਸਟਰ ਜੀ ਗ੍ਰਿਫਤਾਰ ਹੋਏ। ਫਿਰ ਹਿੰਦੁਸਤਾਨ ਦੀਆਂ ਬਹੁਤ ਸਾਰੀਆਂ ਪਾਰਟੀਆਂ ਨੇ ਕਿਹਾ ਕਿ ਇਹ ਗਲਤ ਕੰਮ ਹੋਇਆ ਹੈ। ਫਿਰ ਮਾਸਟਰ ਜੀ ਨੂੰ ਛੇਤੀ ਹੀ ਛੱਡ ਦਿੱਤਾ ਗਿਆ। ਫਿਰ ਮਾਸਟਰ ਜੀ 12 ਅਪ੍ਰੈਲ ਨੂੰ ਪੰਡਤ ਜੀ ਨੂੰ ਮਿਲੇ। ਇਕ ਗੱਲ ਮੰਨੀ ਗਈ ਕਿ ਸਰਕਾਰ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦੇਵੇਗੀ। ਹੁਣ ਜਦੋਂ ਮਾਸਟਰ ਤਾਰਾ ਸਿੰਘ ਅਤੇ ਪੰਡਤ ਨਹਿਰੂ ਜੀ ਵਿਚਕਾਰ ਸਮਝੌਤਾ ਹੋਇਆ ਹੋਵੇ ਤਾਂ ਫਿਰ ਉਸ ਇਡੇ ਵੱਡੇ ਸਮਝੌਤੇ ਨੂੰ ਤੋੜਨਾ, ਮੈਂ ਸਮਝਦਾ ਹਾਂ ਕਿ ਇਸ ਤੋਂ ਵੱਡਾ ਹੋਰ ਕੋਈ ਗੁਨਾਹ ਨਹੀਂ ਹੋ ਸਕਦਾ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** (ਬੈਠੇ ਬੈਠੇ) : ਉਸ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਾਂਗਰਸ ਪਾਰਟੀ ਦੇ ਐਮ. ਐਲ. ਏ. ਸਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸੂਬੇ ਦੀ ਚੀਫ਼ ਮਨਿਸਟਰ ਨੇ ਗੁਰਦੁਆਰਿਆਂ ਵਿਚ ਦਖਲ ਦੇਣ ਵਾਸਤੇ ਸਾਰੇ ਰਿਕਾਰਡ ਹੀ ਤੋੜ ਦਿੱਤੇ, ਹੱਦਾਂ ਹੀ ਮੁੱਕਾ ਦਿੱਤੀਆਂ। ਸਭ ਤੋਂ ਪਹਿਲਾਂ ਇਨ੍ਹਾਂ ਨੇ ਆਖਿਆ ਕਿ ਜੇ ਐਸ.ਜੀ.ਪੀ.ਸੀ. ਤੇ ਕਬਜ਼ਾ ਕਰਨਾ ਹੈ, ਗੁਰਦੁਆਰਿਆਂ ਤੇ ਕਬਜ਼ਾ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਜੁਡੀਸ਼ੀਅਲ ਕਮਿਸ਼ਨ ਨੂੰ ਹਟਾ ਕੇ ਸਾਡੇ ਬੰਦਿਆਂ ਨੂੰ ਲਗਾਇਆ ਜਾਵੇ। ਜਿਹੜਾ ਸਾਡੇ ਤੋਂ ਪਹਿਲਾਂ ਜੁਡੀਸ਼ੀਅਲ ਕਮਿਸ਼ਨ ਲੱਗਿਆ ਸੀ, ਉਸ ਨੂੰ ਲਗਾ ਦਿਓ ਅਤੇ ਉਸ ਦੀ ਡਿਊਟੀ ਇਹ ਸੀ ਕਿ ਤੁਸੀਂ ਮੈਂਬਰਾਂ ਨੂੰ ਡਿਸਕੁਆਲੀਫਾਈ ਕਰ ਦੇਵੋ। ਅਗਜ਼ੈਕਟਿਵ ਦਾ ਇਲੈਕਸ਼ਨ ਨੇੜੇ ਆ ਰਿਹਾ ਹੈ ਅਤੇ ਅਸੀਂ ਇਸ ਤੇ ਕਬਜ਼ਾ ਕਰਨਾ ਹੈ। ਸਭ ਤੋਂ ਪਹਿਲਾਂ ਇਨ੍ਹਾਂ ਨੇ ਸਾਡੇ 12 ਮੈਂਬਰ ਸ਼੍ਰੋਮਣੀ ਕਮੇਟੀ ਦੇ ਸਨ, ਉਹ ਵੀ ਕੱਢ ਦਿਤੇ। ਸਪੀਕਰ ਸਾਹਿਬ, ਹਾਈ ਕੋਰਟ ਨੇ ਸਾਡਾ ਬੋਰਡ ਵੀ ਬਹਾਲ ਕੀਤਾ ਅਤੇ ਉਹ ਜਿਹੜੇ 12 ਮੈਂਬਰ ਇਨ੍ਹਾਂ ਨੇ ਕੱਢੇ ਸਨ, ਉਹ ਵੀ ਬਹਾਲ ਕੀਤੇ। ਸਪੀਕਰ ਸਾਹਿਬ, ਮੈਂ ਤੁਹਾਨੂੰ ਪੁੱਛਦਾ ਹਾਂ ਕਿ ਕੀ ਇਹ ਦਖਲ ਨਹੀਂ? ਇਨ੍ਹਾਂ ਨੂੰ ਕੀ ਲੋੜ ਹੈ ਇਹੋ ਜਿਹੇ ਜੁਡੀਸ਼ੀਅਲ

ਕਮਿਸ਼ਨ ਬਣਾਉਣ ਦੀ ਅਤੇ ਮੈਂਬਰਾਂ ਨੂੰ ਡਿਸਕੁਆਲੀਫਾਈ ਕਰਾਉਣ ਦਾ । ਸ਼੍ਰੋਮਣੀ ਅਕਾਲੀ ਦਲ ਸਾਰੇ ਹਿੰਦੁਸਤਾਨ ਦੀ ਇੱਕ ਇਲੈਕਟਿਡ ਬਾਡੀ ਹੈ ਉਸਦਾ ਕੰਮ ਹੈ ਧਾਰਮਿਕ ਕੰਮ ਕਰਨਾ, ਨਾ ਕਿ ਇਹ ਸਰਕਾਰ ਦਾ ਕੰਮ ਹੈ, ਮੈਂਬਰ ਹਟਾਉਣਾ । ਫਿਰ ਕੀ ਹੋਇਆ ਉਸ ਦੇ ਵਿੱਚ । ਉਨ੍ਹਾਂ ਵਿੱਚ ਇਕ ਸਰਦਾਰ ਦਾਰਾ ਸਿੰਘ ਮੈਂਬਰ ਸੀ, ਅਤੇ ਦੋ ਹੋਰ ਇਨ੍ਹਾਂ ਦੇ ਮੈਂਬਰ ਸਨ, ਇਕ ਪੱਟੀ ਸਾਹਿਬ ਅਤੇ ਇਕ ਹੋਰ । ਦਾਰਾ ਸਿੰਘ ਵਿਚਾਰਾ ਕਹਿਣ ਲੱਗਾ ਕਿ ਮੈਂ ਤਾਂ ਇਹ ਪਾਪ ਤੇ ਦਸਤਖਤ ਨਹੀਂ ਕਰਦਾ । ਤਾਂ ਉਸ ਤੇ ਸ਼ਰਾਬ ਪੀਣ ਦਾ ਮੁਕੱਦਮਾ ਦਰਜ ਕਰਕੇ, ਉਸ ਨੂੰ ਜੇਲ੍ਹ ਵਿੱਚ ਦੇ ਦਿਤਾ । ਕਮਿਸ਼ਨ ਦਾ ਜੱਜ ਹੋਵੇ ਅਤੇ ਫਿਰ ਹਾਈ ਕੋਰਟ ਨੇ ਦਾਰਾ ਸਿੰਘ ਨੂੰ ਵੀ ਛੱਡਿਆ । ਫਿਰ ਜੋ ਅਗਜੈਕਟਿਵ ਦੇ ਇਲੈਕਸ਼ਨ ਵਿੱਚ ਹਾਲ ਹੋਇਆ, ਜਿਸ ਦਿਨ ਸਾਡੇ ਇਲੈਕਸ਼ਨ ਹੋਣੇ ਸੀ ਸਾਰੇ ਮੈਂਬਰਾਂ ਤੇ ਇਕ ਇਕ ਐਸ.ਐਸ.ਪੀ. ਛੱਡ ਦਿਤਾ ਗਿਆ । ਸਾਡੇ ਸਰਦਾਰ ਗੁਰਦੇਵ ਸਿੰਘ ਬਾਦਲ ਇੱਥੇ ਬੈਠੇ ਹਨ, ਉਨ੍ਹਾਂ ਦਾ ਬੇਟਾ ਪੁਲਿਸ ਅਰੈਸਟ ਵਿੱਚ ਸੀ, ਅਸੀਂ ਜਗਰਾਉਂ ਤੋਂ ਛੁਡਵਾ ਕੇ ਲਿਆਏ । ਉਥੇ 10-20 ਪੁਲਿਸ ਦੇ ਥਾਣੇਦਾਰ ਖੜ੍ਹੇ ਸਨ ਅਤੇ ਉਹ ਕਹਿੰਦੇ ਕਿ ਗੁਰਦੇਵ ਸਿੰਘ ਬਾਦਲ ਦੇ ਬੇਟੇ ਨੂੰ, ਜੋ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਮੈਂਬਰ ਹੈ, ਉਸ ਨੂੰ ਵੋਟ ਪਾਉਣ ਲਈ ਜਾਣ ਨਹੀਂ ਦੇਣਾ । ਆਖਿਰ ਸਾਨੂੰ ਜਾਨ ਬਚਾਉਣ ਲਈ ਹਰਿਆਣੇ ਵਿਚ ਲੈ ਗਏ ਅਤੇ ਪ੍ਰੈਸ ਨੇ ਵੀ ਸਾਡੀ ਮੱਦਦ ਕੀਤੀ, ਅਸੀਂ ਸ਼ਾਨ ਨਾਲ ਜਿੱਤੇ ਅਤੇ ਸਰਕਾਰ ਦੇ ਮੂੰਹ ਤੇ ਚਪੇੜ ਲੱਗੀ (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਹੁਣ ਇਹ ਬੜਾ ਕਰੈਡਿਟ ਲੈਂਦੇ ਹਨ ਕਿ ਅਸੀਂ ਮੁੰਡੇ ਛੱਡਾਂਗੇ, ਮੈਂ ਪੁੱਛਦਾ ਹਾਂ ਕਿ 14-14 ਸਾਲ ਜੇਲ੍ਹਾਂ ਵਿੱਚ ਮੁੰਡੇ ਰੱਖੇ ਕਿਸਨੇ ਹਨ ? ਜਾਅਲੀ ਮੁਕਾਬਲੇ ਦਿਖਾ ਕੇ ਮੁੰਡਿਆਂ ਨੂੰ ਮਾਰਿਆ ਕਿਸ ਨੇ ? ਕਾਂਗਰਸੀ ਪਾਰਟੀ ਵਾਲਿਆਂ ਨੇ ਮਾਰਿਆ । ਹੁਣ ਇਹ ਕਹਿੰਦੇ ਕਿ ਨਨਕਾਣਾ ਸਾਹਿਬ ਨੂੰ ਬੱਸ ਚਲਾ ਕੇ ਆਇਆ ਹੈ, ਨਨਕਾਣਾ ਸਾਹਿਬ ਨੂੰ ਤਾਂ ਨਹੀਂ ਮੁਜ਼ਫਰਾਬਾਦ ਨੂੰ ਸ਼ਾਇਦ ਚਲਾ ਕੇ ਆਏ ਹੋਣ । ਪਰ ਨਨਕਾਣਾ ਸਾਹਿਬ ਨੂੰ ਕੋਈ ਨਹੀਂ ਚੱਲੀ । ਬੱਸਾਂ ਚਲਦੀਆਂ ਹਨ, ਆਪਣੇ ਇੰਨੀਆਂ ਚਲਦੀਆਂ ਹਨ, 30 ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਦੋਂ ਮੈਂ ਮੈਂਬਰ ਸੀ, ਉਦੋਂ ਸਾਨੂੰ ਆਪਣੀਆਂ ਬੱਸਾਂ ਦੀ ਇਜਾਜ਼ਤ ਮਿਲ ਗਈ ਸੀ । ਅਸੀਂ ਨਨਕਾਣਾ ਸਾਹਿਬ ਨੂੰ ਬੱਸਾਂ ਖੁਦ ਆਪਣੀਆਂ ਲੈ ਕੇ ਗਏ ਸੀ, ਬਾਈ ਰੋਡ ਨਨਕਾਣਾ ਸਾਹਿਬ ਗਏ ਸੀ, ਉਥੇ ਰੋਡ ਵੀ ਹੈ ਅਤੇ ਬੱਸਾਂ ਵੀ ਚਲਦੀਆਂ ਹਨ । ਉਥੇ ਨਨਕਾਣਾ ਸਾਹਿਬ ਨੂੰ ਬੱਸਾਂ ਚਲਦੀਆਂ ਹਨ । ਇਹ ਸਾਰੇ ਕੰਮਾਂ ਵਿੱਚ ਫੇਲ੍ਹ ਹੋ ਗਏ ਹਨ । ਹੁਣ ਇਸ ਤਰ੍ਹਾਂ ਦੀ ਸਟੰਟ-ਬਾਜ਼ੀ ਤੇ ਆ ਗਏ ਹਨ ਜਿਸ ਕਰਕੇ ਲੋਕ ਕਹਿਣ ਕਿ ਇਹ ਤਾਂ ਬੜੇ ਧਾਰਮਿਕ ਹਨ । ਇਹ ਕਹਿੰਦੇ ਹਨ ਕਿ 700 ਬੰਦੇ ਅਸੀਂ ਛੁਡਵਾਏ ਆਪਣੇ ਤਾਂ 70 ਹੀ ਸਨ, ਬਾਕੀ ਤਾਂ ਮਛੇਰੇ ਸਨ । ਸਪੀਕਰ ਸਾਹਿਬ, ਹਰ ਚੀਜ਼ ਲਈ ਕਾਨੂੰਨ ਹੁੰਦਾ ਹੈ, ਇਹ ਨਹੀਂ ਕਿ ਸਟੇਟ ਦਾ ਸੀ.ਐਮ. ਬੰਦੇ ਛੱਡ ਦੇਵੇ, ਛੇ ਛੇ ਮਹੀਨੇ ਪਹਿਲਾਂ ਸਟੇਟ ਦੀ ਇੰਟੈਲੀਜੈਂਸ ਦੀ ਰਿਪੋਰਟ ਹੁੰਦੀ ਹੈ ਕਿ ਕਿਸ ਕਿਸ ਨੂੰ ਛੱਡਣਾ ਹੈ, ਇਹ ਤਾਂ ਨਹੀਂ ਕਿ ਉਥੋਂ ਫੜ੍ਹ ਹੀ ਲਿਆਉਣੇ ਹਨ ।

**MR. SPEAKER :** Be relevant.

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਗੁਰੂ ਸਾਹਿਬ ਨੇ ਕਿਹਾ ਹੈ—

ਰਹਿਤ ਪਿਆਰੀ ਮੁਝ ਕੋ, ਸਿੱਖ ਪਿਆਰਾ ਨਾ ।

ਮਾਨਯੋਗ ਸਪੀਕਰ ਸਾਹਿਬ, ਗੁਰੂ ਸਾਹਿਬ ਨੇ ਹੋਰ ਵੀ ਕਿਹਾ ਹੈ । ਮੈਂ ਇਹ ਕਹਿੰਦਿਆਂ ਸ਼ਰਮ ਵੀ ਬਹੁਤ ਮਹਿਸੂਸ ਕਰਦਾ ਹਾਂ—

ਨਿਜ ਨਾਰੀ ਕੇ ਸੰਗ ਤੁਮ ਨਿਤ ਰਹਾਯੋ ॥
ਪਰ ਨਾਰੀ ਕੀ ਸੇਜ ਭੂਲ ਸੁਪਨਹੀ ਨਾ ਜਯੋ ॥

**ਮਾਨਯੋਗ ਸਪੀਕਰ :** ਇਸ ਦਾ ਗਵਰਨਰ ਐਡਰੈਸ ਨਾਲ ਕੀ ਤਾਅਲੁੱਕ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਇਹ ਵੀ ਰਹਿਤਨਾਮੇ ਵਿੱਚ ਹੈ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਕੀ ਇਹ ਗਵਰਨਰ ਐਡਰੈਸ ਤੇ ਬੋਲ ਰਹੇ ਹਨ ?

**ਮਾਨਯੋਗ ਸਪੀਕਰ :** ਉਹ ਬੋਲ ਚੁੱਕੇ ਹਨ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, 15 ਮਿੰਟ ਹੋਰ ਦਿਓ ।

**ਮਾਨਯੋਗ ਸਪੀਕਰ :** 10 ਮਿੰਟ ਹੋਰ ਲੈ ਲਓ । ਤੁਸੀਂ ਬੋਲੋ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਇਨ੍ਹਾਂ ਨੇ ਸ਼ਤਾਬਦੀਆਂ ਬਾਰੇ ਲਿਖ ਦਿੱਤਾ ਹੈ, ਜੇ ਨਾ ਲਿਖਦੇ ਤਾਂ ਪੰਗਾ ਕਰਨਾ ਹੀ ਨਹੀਂ ਸੀ ਪੈਣਾ । ਸਪੀਕਰ ਸਾਹਿਬ, ਇਨ੍ਹਾਂ ਨੇ ਡੈਮੋਕਰੇਸੀ ਦਾ ਕਤਲ ਕੀਤਾ ਹੈ । ਜਿਹੜੇ ਸਾਡੇ ਫੋਰ-ਫਾਦਰ ਸਨ, ਉਨ੍ਹਾਂ ਨੇ ਇੱਕ ਡੈਮੋਕਰੇਟਿਕ ਰੂਲ ਦਿੱਤਾ ਸੀ । ਇੱਕ ਸਾਡੇ ਪੁਲੀਟੀਕਲ ਸਾਇੰਸਦਾਨ ਹੋਏ ਹਨ, ਜਿਨ੍ਹਾਂ ਨੇ ਦੱਸਿਆ ਕਿ ਡੈਮੋਕਰੇਸੀ ਹੈ ਕੀ । ਫਿਰ ਸਮਝ ਲਿਓ ਕਿ ਅਸੀਂ ਡੈਮੋਕਰੇਸੀ ਸਿਸਟਮ ਤੇ ਚੱਲ ਰਹੇ ਹਾਂ ਕਿ ਨਹੀਂ । ਇੱਕ ਜੋਹਨ ਰਸਕਨ ਹੋਏ ਹਨ, ਉਨ੍ਹਾਂ ਨੇ ਲਿਖਿਆ ਹੈ— "Democracy is a state in which elections are fought for probity and majority vote and not to kill the Opposition." ਇਹ ਨਹੀਂ ਹੁੰਦਾ ਕਿ ਤੁਸੀਂ ਵੋਟਾਂ ਪਾ ਕੇ ਜਿਤੋ ਲੇਕਿਨ ਆਪੋਜ਼ੀਸ਼ਨ ਨੂੰ ਕਿੱਲ ਕਰੋ, ਇਹ ਕੋਈ ਡੈਮੋਕਰੇਸੀ ਨਹੀਂ ਹੈ । Democracy is a device that ensures that the Government work for the welfare of the people and not for demolishing the Opposition. ਇਨ੍ਹਾਂ ਨੇ ਕਿਹਾ ਸੀ ਤੁਸੀਂ ਅਕਾਲੀ ਦਲ ਨੂੰ ਡਿਮਾਲਿਸ਼ ਕਰ ਦਿਓ । Is it democracy ?

**ਮੁੱਖ ਮੰਤਰੀ (ਬੈਠੇ ਬੈਠੇ) :** ਤੁਹਾਨੂੰ ਤਾਂ ਡਿਮਾਲਿਸ਼ ਨਹੀਂ ਕੀਤਾ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਤੁਸੀਂ ਕੋਈ ਕਸਰ ਛੱਡੀ ਹੈ ? ਸਾਨੂੰ ਜੇਲ੍ਹਾਂ ਵਿੱਚ ਭੇਜਿਆ । ਤੁਸੀਂ ਮੇਰੇ ਤੇ ਮੁਕੱਦਮੇ ਦਰਜ ਕਰ ਦਿੰਦੇ, ਕੋਈ ਗੱਲ ਨਹੀਂ ਸੀ । ਇਹੋ ਜਿਹਾ ਮੁੱਖ ਮੰਤਰੀ ਹੁੰਦਾ ਹੈ । ਮੇਰੇ ਤੇ 10 ਮੁਕੱਦਮੇ ਬਣਾ ਦਿੰਦੇ । ਮੇਰੇ ਪੁੱਤ ਤੇ 10 ਮੁਕੱਦਮੇ ਬਣਾ ਦਿੰਦੇ । ਇਨ੍ਹਾਂ ਨੇ ਮੇਰੀ ਵਾਈਫ ਤੇ ਵੀ ਮੁਕੱਦਮੇ ਕੀਤੇ । ਇਸ ਤੋਂ ਵੱਡੀ ਜ਼ਲਾਲਤ ਵਾਲੀ ਗੱਲ ਨਹੀਂ ਹੋ ਸਕਦੀ । ਇਨ੍ਹਾਂ ਨੇ ਕਿਹਾ ਕਿ ਡਿਮਾਲਿਸ਼ ਕਰ ਦਿਓ, ਮਾਰ ਦਿਓ । ਅਸੀਂ ਨਹੀਂ ਮਰਦੇ । ਕੀ ਕਰ ਲਓਗੇ ? ਜਿਥੇ ਜੇਲ੍ਹ ਵਿੱਚ ਦੇਣਾ ਹੈ ਦੇ ਦਿਓ, ਕੀ ਫਰਕ ਪੈਂਦਾ ਹੈ । ਪਰ ਬਖਸ਼ੇ ਤੁਸੀਂ ਵੀ ਨਹੀਂ ਜਾਣਾ ।

ਮਾਨਯੋਗ ਸਪੀਕਰ : ਲੜਨ ਦਾ ਮਾਹੌਲ ਨਾ ਬਣਾਓ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇੱਕ ਹੋਰ ਹੈ—Democracy does not mean winning an election. It means winning it democratically. ਹੁਣ ਇਸ ਵਿੱਚ ਤੁਸੀਂ ਦੇਖ ਲਓ । ਇਨ੍ਹਾਂ ਇਲੈਕਸ਼ਨਾਂ ਵਿੱਚ ਕੀ ਹੋਇਆ ? ਚਲੋ ਮੈਂ ਸ਼ਾਰਟ ਕਰਦਾ ਹੋਇਆ ਜੋ ਅਖਬਾਰਾਂ ਵਿੱਚ ਲਿਖਿਆ ਹੈ, ਉਹੀ ਦੱਸਣਾ ਚਾਹੁੰਦਾ ਹਾਂ— The Tribune Report on Tuesday pointed out, "currency notes were openly distributed in the name of old age pensions".

ਮੁੱਖ ਮੰਤਰੀ (ਬੈਠੇ ਬੈਠੇ) : ਕਿਹੜਾ ਪੇਪਰ ਹੈ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਹ 23 ਫਰਵਰੀ ਦਾ ਟ੍ਰਿਬਿਊਨ ਹੈ । 23 ਫਰਵਰੀ ਦਾ ਇਹ ਅਖਬਾਰ ਕਢਾ ਲਓ । ਫਿਰ ਇਹ ਕਿਹਾ ਹੈ ਕਿ ਇੱਕ ਕਾਂਗਰਸ ਦੇ ਐਮ.ਐਲ.ਏਜ਼. ਦੀ ਟੀਮ ਜਾ ਰਹੀ ਸੀ । "The Tribune Team accompanied a carven led by two Congress MLAs that moved from village to village distributing cash to lure the voters. Villagers flaunted the currency notes they received from the Ruling Party." ਐਵੇਂ ਨੋਟ ਲਹਿਰਾਉਂਦੇ ਸਨ । "Instant power connections too have been issued by a helpful State Electricity Board." ਸਪੀਕਰ ਸਾਹਿਬ, ਇਹ ਕਰਕੇ ਹੁਣ ਇਹ ਹੀਰੋ ਬਣਦੇ ਹਨ । ਜਿਵੇਂ ਪੈਰ ਹੇਠਾਂ ਬਟੇਰਾ ਆ ਗਿਆ ਤੇ ਸ਼ਿਕਾਰੀ ਬਣ ਗਏ । ਇਹ ਤਿੰਨ ਇਲੈਕਸ਼ਨਾਂ ਜਿੱਤ ਗਏ, ਕਿਵੇਂ ਇਲੈਕਸ਼ਨ ਜਿੱਤੇ ਹਨ, ਉਹ ਵੀ ਪਤਾ ਹੈ । ਪਾਰਲੀਮੈਂਟ ਦੇ ਇਲੈਕਸ਼ਨ ਵੀ ਤੁਹਾਡੀ ਸਰਕਾਰ ਵੇਲੇ ਹੋਏ ਸਨ । ਤੁਸੀਂ 17 ਵਿਚੋਂ 11 ਹਾਰੇ ਹੋ । ਸ਼੍ਰੋਮਣੀ ਕਮੇਟੀ ਵਿੱਚ 170 ਸੀਟਾਂ ਵਿਚੋਂ 135 ਅਸੀਂ ਜਿੱਤੀਆਂ ਹਨ । ਆ ਜਾਣ ਦਿਓ ਜਨਰਲ ਇਲੈਕਸ਼ਨ, ਜੇ ਤੁਹਾਨੂੰ ਕੋਈ ਵੋਟ ਮਿਲ ਗਈ ਤਾਂ ਕਹਿਣਾ.........

ਮਾਨਯੋਗ ਸਪੀਕਰ : ਹੁਣ ਬਹੁਤ ਹੋ ਗਿਆ ਜੀ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਹੀਂ ਜੀ, ਮਾਨਯੋਗ ਸਪੀਕਰ ਸਾਹਿਬ, ਮੈਂ ਇੱਕ ਮਿੰਟ ਕਹਿਣਾ ਚਾਹੁੰਦਾ ਹਾਂ......

**MR. SPEAKER :** Now conclude please.

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਨਸਾਨ ਉਹ ਹੈ ਜੋ ਇੱਕ ਥਾਂ ਖੜ੍ਹਾ ਰਹੇ । ਦੁਖ ਹੋਵੇ ਜਾਂ ਤਕਲੀਫ ਹੋਵੇ ।

ਜੇਕਰ ਦਲ ਬਦਲੀਆਂ ਕਰਨੀਆਂ ਹਨ । ਮੇਰਾ ਖ਼ਿਆਲ ਹੈ ਕਿ ਪਜਾਮਾ ਬਦਲਣ ਲਈ ਤਾਂ ਦੇਰ ਲਗਦੀ ਹੈ ਲੇਕਿਨ ਇਧਰ ਦਲ ਬਦਲੀ ਕਰਨ ਵਿੱਚ ਦੇਰ ਨਹੀਂ ਲਗਦੀ । ਸੱਤ ਅੱਠ ਵਾਰੀ, ਦੋ ਵਾਰੀ ਤਾਂ ਅਕਾਲੀਆਂ ਵਿੱਚ ਆਏ ਤਾਂ ਫਿਰ ਜਾ ਕੇ ਕਾਂਗਰਸ ਵਿੱਚ ਰਲ ਗਏ, ਜੇਕਰ ਟਿਕਟ ਅਸੀਂ ਨਹੀਂ ਦਿੱਤੀ ਤਾਂ ਫਿਰ ਜਾ ਕੇ ਕਾਂਗਰਸ ਵਿਚ ਰਲ ਗਏ । ਸਪੀਕਰ ਸਾਹਿਬ, ਮੈਨੂੰ ਦਸੋ ਕਿ ਚਾਲੀ ਸਾਲਾਂ ਦੇ ਵਿੱਚ ਮੈਂ ਆਪਣਾ ਕੋਈ ਸਟੈਂਡ ਬਦਲਿਆ ਹੈ ? (ਵਿਘਨ)... ਦਲ ਬਦਲੀ ਕਿਹੜੀ ਕੀਤੀ ਹੈ । ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਆਪਣੇ ਪ੍ਰਿੰਸੀਪਲ ਹੀ ਛੱਡ ਦਿੱਤੇ । ਇੱਕ ਅੰਮ੍ਰਿਤਸਰ ਦਾ ਐਲਾਨਨਾਮਾ ਹੋਇਆ ਸੀ ਜਿਸ ਦੇ ਉਤੇ ਸਾਨੂੰ ਗਾਲ੍ਹਾਂ ਕਢਦੇ ਹਨ । ਉਸ ਦੇ ਉਤੇ ਸਭ ਤੋਂ ਪਹਿਲਾਂ ਜਿਹੜੇ ਦਸਤਖਤ ਹਨ ਉਹ ਕੈਪਟਨ ਅਮਰਿੰਦਰ ਸਿੰਘ ਦੇ ਹਨ ਕਿ ਜੇਕਰ ਸਾਨੂੰ ਇੱਕ ਸਿੱਖ ਸਟੇਟ ਨਾ ਦਿੱਤੀ ਤਾਂ ਫਿਰ ਅਸੀਂ ਸੰਘਰਸ਼ ਕਰਾਂਗੇ । ਉਸ ਤੋਂ ਬਾਅਦ ਇਨ੍ਹਾਂ ਦੇ ਸਾਂਢੂ ਦੇ ਦਸਖਤ ਵੀ ਹਨ, ਸਿਮਰਨਜੀਤ ਸਿੰਘ ਮਾਨ ਹੁਰਾਂ ਦੇ । ਮਤਲਬ ਕਿ ਤਾਕਤ ਦੀ ਲਾਲਸਾ ਦੇ ਵਿੱਚ ਕਿ ਇਥੋਂ ਮਿਲ ਜਾਵੇ, ਇਥੋਂ ਮਿਲ ਜਾਵੇ, ਇਹ ਮਾੜੇ ਤੋਂ ਮਾੜੇ ਕੰਮ ਕਰਨ ਨੂੰ ਤਿਆਰ ਹਨ । ਇਸ ਲਈ, ਸਪੀਕਰ ਸਾਹਿਬ, ਇਹੋ ਜਿਹਾ ਗਵਰਨਰ ਦਾ ਐਡਰੈਸ ਜਿਸ ਦੇ ਵਿੱਚੋਂ ਦਿਸਦਾ ਹੀ ਕੁਝ ਨਹੀਂ ਹੈ, ਇਸ ਦੇ ਬਾਰੇ ਲਫਜ਼ ਇਹ ਹਨ ਕਿ ਇਹ ਇਕ ਪੁਲੰਦਾ ਹੈ ਜਿਸ ਦੇ ਉਤੇ ਇਤਬਾਰ ਨਹੀਂ ਕੀਤਾ ਜਾ ਸਕਦਾ । ਇਸ ਲਈ ਅਸੀਂ ਧੰਨਵਾਦ ਦੇ ਮਤੇ ਦੇ ਬਰਖਿਲਾਫ਼ ਹਾਂ । (ਘੰਟੀ) ਚਲੋ ਤੁਹਾਨੂੰ ਵੀ ਬਹੁਤਾ ਨਰਾਜ਼ ਨਹੀਂ ਕਰਨਾ ਚਾਹੁੰਦੇ । ਤੁਸੀਂ ਵੀ ਬੇਇਨਸਾਫੀ ਬਹੁਤ ਕਰਦੇ ਹੋ, ਆਹ ਹੁਣ ਵੀ ਇਸ ਤੋਂ ਬਾਅਦ ਕਰਨੀ ਹੈ ।

**ਮਾਨਯੋਗ ਸਪੀਕਰ :** ਨਹੀਂ ਨਹੀਂ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮੈਂ ਦਸਦਾ ਹਾਂ ਕਿ ਕਿਵੇਂ ਕਰਨੀ ਹੈ । ਫਿਰ ਸਾਡੇ ਤੇ ਆਖ ਦਿੰਦੇ ਹੋ ਕਿ ਬਰਾਬਰ ਆਪਰਚੂਨਿਟੀ ਦੇਣੀ ਚਾਹੀਦੀ ਹੈ, ਸਾਡੀ ਗੱਲ ਵੀ ਪਬਲਿਕ ਵਿਚ ਜਾਣੀ ਚਾਹੀਦੀ ਹੈ, ਇਨ੍ਹਾਂ ਦੀ ਵੀ ਜਾਣੀ ਚਾਹੀਦੀ ਹੈ (ਵਿਘਨ)... ਇਹ ਜਿਹੜੀਆਂ ਲਾਈਟਾਂ ਲਗਾਈਆਂ ਹਨ, ਇਹ ਇਧਰੋਂ ਲਗਾ ਲਵੋ, ਸਾਨੂੰ ਦਿਸਦਾ ਕੁਝ ਨਹੀਂ ਹੈ, ਉਧਰੋਂ ਲਾਈਟਾਂ ਲਗਾ ਦਿੱਤੀਆਂ । ਜੇਕਰ ਤੁਸੀਂ ਜੀ ਇਨਸਾਫ ਕਰੋ ਤਾਂ ਮੇਰੀ ਗੱਲ ਨੂੰ ਵੀ ਔਰ ਇਨ੍ਹਾਂ ਦੀ ਗੱਲ ਨੂੰ ਟੈਲੀਕਾਸਟ ਕਰੋ । ਪਰ ਮੇਰੀ ਤਾਂ ਹੋਣੀ ਨਹੀਂ ਸੀ, ਮੈਨੂੰ ਪਤਾ ਹੈ...(ਵਿਘਨ)

**ਸਥਾਨਕ ਸਰਕਾਰ ਸੰਸਦੀ ਮਾਮਲੇ ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ :** ਇਹ ਪਰੰਪਰਾ ਤੁਸੀਂ ਹੀ ਪਾਈ ਹੋਈ ਹੈ...

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਚਲੋ ਜੇਕਰ ਅਸੀਂ ਮਾੜਾ ਕੰਮ ਕੀਤਾ ਹੈ ਤਾਂ ਤੁਸੀਂ ਤਾਂ ਚੰਗਾ ਕਰ ਦਿਉ, ਚੌਧਰੀ ਸਾਹਿਬ । (ਹਾਸਾ) ਲੇਕਿਨ ਫਿਰ ਵੀ ਅਸੀਂ

ਪ੍ਰੋਟੈਸਟ ਕਰਕੇ ਵਾਕ ਆਊਟ ਨਹੀਂ ਕਰਨਾ ਕਿਉਂਕਿ ਇਨ੍ਹਾਂ ਦੀਆਂ ਗੱਲਾਂ ਸੁਣਨੀਆਂ ਹਨ । ਪਰ ਇਨ੍ਹਾਂ ਦੇ ਕੋਲ ਗੱਲਾਂ ਕਹਿਣ ਨੂੰ ਕੁਝ ਹੈ ਹੀ ਨਹੀਂ । ਲੇਕਿਨ ਸਪੀਕਰ ਸਾਹਿਬ, ਧੰਨਵਾਦ ** ** **

**ਮਾਨਯੋਗ ਸਪੀਕਰ** : ਇਹ ਜੋ ਸਪੀਕਰ ਬਾਰੇ ਕਿਹਾ ਹੈ, ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਮਾਨਯੋਗ ਸਪੀਕਰ ਸਾਹਿਬ, (ਰੂਲਿੰਗ ਪਾਰਟੀ ਵਲੋਂ ਥੰਪਿੰਗ) ਮੈਂ ਗਵਰਨਰ ਸਾਹਿਬ ਦੇ ਐਡਰੈਸ ਦੇ ਉਤੇ ਬੋਲਣ ਲਈ ਖੜ੍ਹਾ ਹੋਇਆ ਹਾਂ ਔਰ ਮੈਂ ਦੋ ਕੁ ਮਿੰਟ ਰਿਕਵਰ ਕਰਨ ਨੂੰ ਲਗਾਏ ਹਨ ਕਿ ਜਿਹੜਾ ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਬੋਲਿਆ ਗਿਆ ਹੈ ਜੇਕਰ ਉਸ ਨੂੰ ਏ ਤੋਂ ਲੈ ਕੇ ਜ਼ੈਡ ਤੱਕ ਪੜ੍ਹ ਕੇ ਵੇਖ ਲਿਆ ਜਾਵੇ ਤਾਂ ਉਸ ਦੇ ਵਿੱਚ ਇੱਕ ਵੀ ਗੱਲ ਸਬਸਟਾਂਟਿਵ ਨਹੀਂ ਹੈ । ਸਿਰਫ ਕੋਈ ਕਿਤੇ ਜਾ ਕੇ ਤਕਰੀਰ ਹੋਈ ਹੈ, ਟਾਈਮ ਭਰਨ ਦੇ ਵਾਸਤੇ । ਉਸੇ ਤਰ੍ਹਾਂ ਹੀ ਅੱਜ ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਕੀਤਾ ਗਿਆ ਹੈ । ਜਿਹੜੇ ਇਨ੍ਹਾਂ ਨੇ ਇਸ਼ੂਜ਼ ਚੁਕੇ ਹਨ ਉਹ ਤਿੰਨ ਸਾਲਾਂ ਤੋਂ ਕੀ ਕਈ ਸਾਲਾਂ ਤੋਂ ਚੁਕਦੇ ਆ ਰਹੇ ਹਨ । ਇੰਨਾ ਸ਼ੁਕਰ ਕਰੋ ਕਿ ਇਹ ਸਤਾਰਵੀਂ ਸਦੀ ਤੋਂ 19ਵੀਂ ਸਦੀ ਤੇ 1947 ਤੋਂ ਸ਼ੁਰੂ ਕੀਤਾ ਸੀ, ਉਥੇ ਤੀਕਰ ਪਹੁੰਚ ਗਏ । ਲੇਕਿਨ ਇਨ੍ਹਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੈ ਕਿ ਅੱਜ ਹਿੰਦੁਸਤਾਨ ਕਿਧਰ ਜਾ ਰਿਹਾ ਹੈ ਔਰ ਪੰਜਾਬ ਕਿਧਰ ਨੂੰ ਜਾਣਾ ਚਾਹੀਦਾ ਹੈ । ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਉਮੀਦ ਸੀ ਕਿ ਇਹ ਕਈ ਵਾਰੀ ਮੁੱਖ ਮੰਤਰੀ ਵੀ ਰਹੇ ਔਰ ਇਥੇ ਇਸ ਸਦਨ ਦੇ ਵਿੱਚ ਵੀ ਬਹੁਤ ਦੇਰ ਤੋਂ ਆ ਰਹੇ ਹਨ । ਸਾਨੂੰ ਆਸ ਸੀ ਕਿ ਇਹ ਆਪਣੀ ਸਪੀਚ ਦੇ ਵਿੱਚ ਕੁਝ ਇਸ ਤਰ੍ਹਾਂ ਦੀਆਂ ਕੰਸਟ੍ਰਕਟਿਵ ਗੱਲਾਂ ਕਰਨਗੇ ਜਿਸ ਦੇ ਬਾਰੇ ਸਰਕਾਰ ਕੁਝ ਸੋਚ ਸਕਦੀ ਸੀ । ਪਰ ਮੈਂ ਅੱਜ ਇਨ੍ਹਾਂ ਦੇ ਪੁਆਇੰਟ ਨੋਟ ਕੀਤੇ ਹਨ । ਇਹ ਕਹਿ ਰਹੇ ਹਨ ਕਿ ਗਵਰਨਰ ਐਡਰੈਸ ਦੇ ਵਿੱਚ ਜਿਹੜੀਆਂ ਗੱਲਾਂ ਕੀਤੀਆਂ ਹਨ ਉਹ ਕੋਈ ਰੇਲੇਵੈਂਟ ਨਹੀਂ ਹਨ । ਇਨ੍ਹਾਂ ਨੇ ਜੋ ਗੱਲਾਂ ਕੀਤੀਆਂ ਹਨ ਇਹ ਬਿਲਕੁਲ ਗਲਤ ਕੀਤੀਆਂ ਹਨ । ਇਨ੍ਹਾਂ ਨੇ ਪੰਜਾਬ ਦੀ ਫਿਸਕਲ ਸਿਚੂਏਸ਼ਨ ਦੇ ਬਾਰੇ ਵੀ ਕਿਹਾ ਹੈ ਕਿ ਬੜੀ ਮਾੜੀ ਹੋ ਗਈ ਹੈ । I have a figure here. ਸਪੀਕਰ ਸਾਹਿਬ, ਗਰੀਬ ਦੀਆਂ ਗੱਲਾਂ ਇਨ੍ਹਾਂ ਨੇ ਕੀਤੀਆਂ ਹਨ । ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਰੈਵੇਨਿਊ ਰਿਸੀਟਸ 2005-06 ਵਿਚ ਤਕਰੀਬਨ ਡਬਲ total of what they were in 2001-2002. Number two ਰੈਵੇਨਿਊ ਡੈਫੇਸਿਟ ਅਸੀਂ ਰਿਡੀਊਸ ਕੀਤੀ ਹੈ, 40% and then committed expenditure on salaries, pensions, interests etc. 118% of revenue receipts in 2002 ਅਸੀਂ 80% ਤੇ ਲਿਆਏ । ਫਿਗਰਜ਼ ਦੇਣੀਆਂ, ਕੋਈ ਅੰਕੜੇ ਲਿਆਉਣੇ, ਡਾਕੂਮੈਂਟਸ ਕਿਤੋਂ ਨਾ ਕਿਤੇ ਕੱਢ ਕੇ ਦੇਣੇ, ਪਿਛਲੀ ਵਾਰ ਵੀ ਕਿਹਾ ਸੀ ਲੀਡਰ ਆਫ ਦਿ ਆਪੋਜ਼ੀਸ਼ਨ ਜੋ ਮੁੱਖ ਮੰਤਰੀ ਰਿਹਾ ਹੋਵੇ it does not behove leader of the

* Expunged as ordered by the Chair.

[ਮੁੱਖ ਮੰਤਰੀ]

Opposition. ਅੰਕੜੇ ਅਜਿਹੇ ਦੇਣੇ ਜਿਸ ਦੀ ਕੋਈ ਰੈਲੇਵੇਂਸ ਨਾ ਹੋਵੇ half truth ਨਹੀਂ ਬਿਲਕੁਲ ਵੀ ਟਰੁੱਥ ਨਾ ਹੋਵੇ । ਇਨ੍ਹਾਂ ਨੇ ਕਿਹਾ ਹੈ ਗਰੋਥ ਰੇਟ ਸਟੇਟ ਦਾ (ਸ਼ੋਰ) 2001 ਵਿਚ 1.65% ਸੀ, ਗਰੋਥ ਰੇਟ ਡਾਊਨ ਜਾ ਰਹੀ ਹੈ । ਸਾਡੇ ਪਹਿਲੇ ਸਾਲ ਵਿਚ ਪ੍ਰੋਵੀਜ਼ਨਲ ਸੀ 1.38 ਸੀ ਇਸ ਸਾਲ it is provisionaly estimated at 5.30 Growth is going up. Leader Sahib, not going down. (Thumping) ਮੈਂ ਸੋਚਦਾ ਸੀ amazed, ਮੇਰੇ ਸਾਥੀ ਅਮੇਜ਼ਡ ਹਨ, ਇਹ ਕਿਥੋਂ ਫਿਗਰਾਂ ਆਈਆਂ । Govt. is the trustee of the money. ਇਨ੍ਹਾਂ ਨੇ ਇਥੇ ਕਿਹਾ ਸੀ you are trustees of the public funds. ਤੁਸੀਂ ਬਾਦਸ਼ਾਹ ਜਹਾਂਗੀਰ ਵਾਂਗ ਜਾ ਕੇ ਸੰਗਤ ਦਰਸ਼ਨਾਂ ਵਿਚ ਵੰਡਦੇ ਸੀ । You are trustees of peoples funds and here we have today ਜਿਥੇ ਕੋਈ ਫੰਡਿੰਗ ਦੀ ਗੱਲ ਹੁੰਦੀ ਹੈ we are as transparent as anything. ਕੋਈ ਗੱਲ ਨਹੀਂ ਹੁੰਦੀ without tendering process, whether it is global tenders or national tenders, whether it comes to the empowered committee. ਜਦੋਂ ਮੈਂ ਚੇਅਰ ਕਰਦਾ ਹਾਂ ਸਾਰੇ ਮਹਿਕਮੇ ਹੁੰਦੇ ਹਨ we have a transparent system. ਇਨ੍ਹਾਂ ਵਾਂਗ ਨਹੀਂ ਕਿ ਇਕ ਬੰਦਾ ਹੀ ਸਭ ਹੁੰਦਾ ਸੀ । ਕੋਈ ਕੈਬਿਨਟ ਨਹੀਂ ਬੁਲਾਉਂਦਾ ਸੀ, ਜੋ ਮਰਜ਼ੀ ਜੀਅ ਆਉਂਦਾ ਸੀ ਕਰਦੇ ਸੀ । ਆਨੈਸਟੀ ਐਂਡ ਟ੍ਰਾਂਸਪੇਰੈਂਸੀ ਚੱਲ ਰਹੀ ਹੈ । ਇਹ ਕਹਿੰਦੇ ਸੀ ਰਵੀ ਸਿੱਧੂ । ਸਾਰਾ ਪਤਾ ਲੱਗ ਜਾਵੇਗਾ ਜਦੋਂ ਸਾਰੇ ਕੇਸ ਚੱਲਣਗੇ, ਚੱਲ ਰਹੇ ਹਨ, ਉਸ ਵਿਚੋਂ ਨਿਕਲੇਗਾ ਕੀ ਉਸ ਵਾਸਤੇ ਤੁਸੀਂ ਤਿਆਰ ਹੋ ਜਾਓ । ਇਹ ਕੀ ਕੁਝ ਨਹੀਂ ਕਰਦੇ ਸੀ । ਕੋਈ ਐਗਰੀਮੈਂਟ ਨਹੀਂ ਹੁੰਦਾ ਸੀ । 14 ਸਾਲ ਬਦਕਿਸਮਤੀ ਨਾਲ ਮੈਂ ਇਨ੍ਹਾਂ ਨਾਲ ਰਿਹਾ ਹਾਂ । I know them very well. ਇਹ ਕਿਸ ਕਿਸਮ ਦੇ ਲੀਡਰ ਹਨ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਫੇਰ ਤਲਾਕ ਕਿਉਂ ਦੇ ਦਿਤਾ ?

**ਮੁੱਖ ਮੰਤਰੀ** : ਜਦੋਂ ਦੇਖ ਲਿਆ ਇਨ੍ਹਾਂ ਦੀਆਂ ਕੀ ਕੇਪੇਬਿਲਟੀਜ਼ ਹਨ, ਕਿਸ ਤਰੀਕੇ ਨਾਲ ਸਭ ਚਲ ਰਿਹਾ ਹੈ । ਉਦੋਂ ਕਦੇ ਨਾ ਕਦੇ ਸਮਾਂ ਆਉਂਦਾ ਹੈ ਜਦੋਂ ਡਿਸੀਜ਼ਨ ਲੈਣਾ ਪੈਂਦਾ ਹੈ ਕਿ ਤੁਸੀਂ ਇਨ੍ਹਾਂ ਨਾਲ ਚਲ ਨਹੀਂ ਸਕਦੇ । ਇਨ੍ਹਾਂ ਦੀ ਟੋਟਲ ਇਕ ਕਿਚਨ ਕੈਬਿਨਟ ਹੁੰਦੀ ਸੀ ਜੋ ਇਨ੍ਹਾਂ ਨਾਲ ਚਲਦੀ ਸੀ । but let us go from that side to Ravi Sidhu. ਜਦੋਂ ਅੰਕੜੇ ਨਿਕਲਣਗੇ ਉਦੋਂ ਪਤਾ ਲੱਗੇਗਾ ਕਿ ਇਨ੍ਹਾਂ ਨੇ ਕੀ ਕੁਝ ਕੀਤਾ । ਕੇਸ ਚੱਲਣਾ ਹੈ, ਉਸ ਵਿਚੋਂ ਸਭ ਨਿਕਲੇਗਾ । ਇਹ ਕੁਰੱਪਸ਼ਨ ਦੀ ਗੱਲ ਕਰਦੇ ਹਨ । ਮੈਨੂੰ ਅਫਸੋਸ ਹੈ ਜਿਸ ਦਿਨ ਬਜਟ ਤੇ ਬੋਲ ਰਹੇ ਸੀ ਮੈਂ ਉਦੋਂ ਇਥੇ ਨਹੀਂ ਸੀ ਕਹਿੰਦੇ ਹਨ ਕਿਥੇ ਹਨ 3500 ਕਰੋੜ ਰੁਪਏ, ਫੇਰ ਜਦੋਂ ਟ੍ਰਾਇਲ ਪਿਆ ਤਾਂ ਭੱਜਣ ਦੀ ਕੀ ਲੋੜ ਸੀ । ਕੋਰਟ ਵਿਚ ਜਾਓ ਤੇ ਪਰੂਵ ਕਰੋ ਕਿ ਮੈਂ ਨਿਰਦੋਸ਼ ਹਾਂ । ਜਿਸ ਦਿਨ ਟ੍ਰਾਇਲ ਕੋਰਟ ਵਿਚ ਦਿਤਾ ਇਹ ਹਾਈ ਕੋਰਟ ਵਿਚ ਭੱਜੇ । ਹਾਈ ਕੋਰਟ ਨੇ ਮਨਜ਼ੂਰੀ ਦੇ ਦਿਤੀ ਤਾਂ ਸੁਪਰੀਮ ਕੋਰਟ ਵਿਚ ਭੱਜੇ । 12-12 ਟਾਪ

ਲਾਇਰ 3-3 ਕਰੋੜ ਰੁਪਏ ਵਿਚ ਇਕ-ਇਕ ਲਾਇਰ ਇਨ੍ਹਾਂ ਨੇ ਕੀਤਾ। ਮੈਂ ਹਾਊਸ ਵਿਚ ਕਹਿੰਦਾ ਹਾਂ ਕਿ ਇਹ ਟ੍ਰਾਇਲ ਵਿਚ ਵਾਪਸ ਆ ਜਾਣ ਫੇਰ ਪਤਾ ਲੱਗੇਗਾ ਕਿ ਅਸਲੀ ਕੁਰੱਪਸ਼ਨ ਕੀ ਹੁੰਦੀ ਹੈ। (ਥੰਪਿੰਗ) ਨਹਿਰਾ ਕਮਿਸ਼ਨ ਬਾਰੇ ਕਹਿੰਦੇ ਹਨ ਕਿ ਇਹ ਨਹਿਰਾ ਕਮਿਸ਼ਨ Is a total figment of their imagination. Total fraud. I am the only Chief Minister who have instituted an enquiry against his son and I have done it because I feel ਇਹ ਗੱਲ ਪ੍ਰਾਬਿਟੀ ਦੀ ਹੁੰਦੀ ਹੈ ਅਤੇ ਤੁਸੀਂ ਮਨਜ਼ੂਰ ਨਹੀਂ ਕਰਨੀ, probity in public life. ਤੁਹਾਡੇ ਸਤਿਕਾਰਯੋਗ ਲਾਡਲਾ ਜੀ ਜੋ ਮਰਜ਼ੀ ਕਰਨ। ਅੱਜ ਇਹ ਨਹਿਰਾ ਕਮਿਸ਼ਨ ਬਾਰੇ ਗੱਲਾਂ ਕਰਦੇ ਹਨ। Its report was laid on the Table of the House. ਇਨ੍ਹਾਂ ਨੇ ਇਹ ਡਿਬੇਟ ਕਿਉਂ ਨਹੀਂ ਮੰਗੀ? ਇਹ ਡਿਬੇਟ ਮੰਗਦੇ, ਅਸੀਂ ਉਨ੍ਹਾਂ ਨੂੰ ਓਪਨ ਕਰਦੇ। ਇਹ ਨਹਿਰਾ ਕਮਿਸ਼ਨ ਕੋਈ ਇਹੋ ਜਿਹੀ ਚੀਜ਼ ਨਹੀਂ ਹੈ। ਨਹਿਰਾ ਕਮਿਸ਼ਨ ਹਾਈ ਕੋਰਟ ਦੇ ਰਿਟਾਇਰਡ ਜੱਜ ਦੀ ਪ੍ਰਧਾਨਗੀ ਹੇਠ ਬਣਾਇਆ ਗਿਆ ਸੀ। ਇਹ ਇਨ੍ਹਾਂ ਦੇ ਐਲ.ਆਰ. ਹੁੰਦੇ ਸਨ। ਇਹ ਕਿਸੇ ਨੂੰ ਦੱਸਦੇ ਨਹੀਂ ਹਨ, ਪਰ ਇਸ ਨਹਿਰਾ ਕਮਿਸ਼ਨ ਤੋਂ ਪਹਿਲਾਂ ਇਹ ਉਦੋਂ ਦੇ ਫਾਈਨਾਂਸ ਮਨਿਸਟਰ ਨੂੰ ਮਿਲ ਕੇ ਆਏ। ਉਦੋਂ ਇਨ੍ਹਾਂ ਦੇ ਬੀ.ਜੇ.ਪੀ. ਦੇ ਫਾਈਨਾਂਸ ਮਨਿਸਟਰ ਜਸਵੰਤ ਸਿੰਘ ਸਨ। ਇਨ੍ਹਾਂ ਨੇ ਉਥੇ ਕਿਹਾ ਕਿ ਇਨਕੁਆਇਰੀ ਕਰਵਾਓ। ਜਸਵੰਤ ਸਿੰਘ ਨੇ ਐਜ ਏ ਫਾਈਨਾਂਸ ਮਨਿਸਟਰ ਉਹ ਇਨਕੁਆਇਰੀ Directorate Enforcement ਨੂੰ ਮਾਰਕ ਕਰ ਦਿੱਤੀ ਸੀ। Why do not you tell them? ਅੱਜ ਇਹ ਸੀ.ਬੀ.ਆਈ., ਸੀ.ਬੀ.ਆਈ. ਬਾਰੇ ਕਹੀ ਜਾਂਦੇ ਹਨ। ਤੁਹਾਨੂੰ ਪਤਾ ਵੀ ਨਹੀਂ ਹੈ। Revenue intelligence is an intelligence-gathering agency. It has nothing to do with enforcement. Their idea is only to keep some issue alive. Was there a Punjab Intranet Company? No. If there was no Punjab Intranet Company how can the Punjab Government have understanding with the Company? ਜਦੋਂ ਅੰਡਰਸਟੈਂਡਿੰਗ ਨਹੀਂ ਹੈ ਤਾਂ ਫਿਰ ਪੈਸੇ ਕਿਸ ਨੂੰ ਦਿੱਤੇ? ਕੋਈ ਪੈਸੇ ਦੀ ਟਰਾਂਜੈਕਸ਼ਨ ਨਹੀਂ। ਅਗਰ ਪੈਸੇ ਦੀ ਟਰਾਂਜੈਕਸ਼ਨ ਨਹੀਂ ਹੈ ਤਾਂ ਫਿਰ ਹਵਾਲਾ ਕੇਸ ਕਿੱਥੇ ਹੈ? Where is the case of Hawala? ਬੱਸ, ਇੱਕ ਫਰੀਕੀ, ਫਰੀਤ੍ਰੀ, ਫਰੀਕੀ ਕਹਿੰਦੇ ਰਹਿੰਦੇ ਹਨ। ਫਰੀਕੀ ਨੂੰ ਚੁੱਕ ਲਿਆ ਹੈ। ਫਰੀਕੀ ਕੌਣ ਸੀ? ਇਹ ਇੱਕ ਲੜਕਾ ਸੀ ਜੋ ਕਿ ਮੇਰੇ ਲੜਕੇ ਦਾ ਦੋਸਤ ਹੁੰਦਾ ਸੀ। ਕਾਲਜ ਦੇ ਸਮੇਂ ਵਿਚ ਦੋਵੇਂ ਇਕੱਠੇ ਹੁੰਦੇ ਸਨ। ਉਸ ਦੇ ਮਾੜੇ ਸਮੇਂ ਆ ਗਏ। ਇਸ ਤੋਂ ਬਾਵਜੂਦ ਉਸ ਨੇ ਜੋ ਲਾਅ ਦਾ ਸਿਸਟਮ ਹੁੰਦਾ ਹੈ, ਜਿਵੇਂ ਕਿ ਆਪਣੇ ਨੋਟਰੀ ਵਗੈਰਾ ਹੁੰਦੇ ਹਨ, ਉਨ੍ਹਾਂ ਨੇ ਉਥੋਂ ਐਫੀਡੇਵਿਟ ਭਰੇ। ਉਹ ਐਫੀਡੇਵਿਟ ਇੰਡੀਅਨ ਹਾਈ ਕਮਿਸ਼ਨ ਤੋਂ ਦਸਤਖਤ ਕਰਵਾਏ। ਉਨ੍ਹਾਂ ਨੇ ਸਭ ਕੁਝ ਨਹਿਰਾ ਕਮਿਸ਼ਨ ਨੂੰ ਭੇਜਿਆ। ਇਹ ਕਹਿੰਦੇ ਹਨ ਕਿ ਫਰੀਕੀ ਨੂੰ ਆਉਣ ਨਹੀਂ ਦਿੱਤਾ। ਨਹਿਰਾ ਕਮਿਸ਼ਨ ਨੇ ਫਰੀਕੀ ਨੂੰ ਲਿਖਿਆ ਪਰ ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਉਹ ਕਹਿੰਦਾ ਕਿ ਮੈਨੂੰ ਫੌਜ ਦੀ ਪ੍ਰੋਟੈਕਸ਼ਨ ਦਿੱਤੀ ਜਾਵੇ ਤਾਂ ਕਿ ਮੈਂ ਪੰਜਾਬ ਵਿਚ ਆ ਸਕਾਂ। How Nehra Commission can agree to that? ਕਮਿਸ਼ਨ ਇਸ ਦੇ ਨਾਲ ਐਗਰੀ ਹੋ ਸਕਦਾ

[ਮੁੱਖ ਮੰਤਰੀ]

ਹੈ ? ਪੁਆਇੰਟ ਇਹ ਹੈ ਕਿ ਅੱਜ ਫਰੀਕੀ ਨੇ ਚੇਂਜ ਕਿਉਂ ਕੀਤਾ ? ਕਿਉਂਕਿ ਜਿਹੜੇ ਇਨ੍ਹਾਂ ਦੇ ਲਾਡਲਾ ਸਾਹਿਬ ਹਨ, ਇਹੋ ਜਿਹੇ ਲਾਡਲਾ ਸਾਹਿਬ ਨੂੰ ਸਾਰਿਆਂ ਨਾਲ ਕੰਪਰੋਮਾਈਜ਼ ਕਰਨ ਦਾ ਤਰੀਕਾ ਆਉਂਦਾ ਹੁੰਦਾ ਹੈ ਉਸ ਨੂੰ ਪੈਸੇ ਦੇ ਦਿੱਤੇ ਅਤੇ ਫਰੀਕੀ ਦੀ ਮਾੜੀ ਹਾਲਤ ਸੀ। ਨਵਾਂ ਨਵਾਂ ਵਿਆਹ ਹੋਇਆ ਸੀ ਅਤੇ ਬੱਚਾ ਹੋਇਆ ਸੀ। ਪੈਸੇ ਖਤਮ ਹੋ ਗਏ। ਬਿਜ਼ਨਸ ਕਲੈਪਸ ਕਰ ਗਿਆ। ਫਿਰ ਇਨ੍ਹਾਂ ਨੇ ਉਸ ਨੂੰ ਜਾ ਕੇ ਪੈਸਾ ਦੇ ਦਿੱਤਾ ਇਸੇ ਕਰਕੇ ਉਸ ਨੇ ਆਪਣੀ ਸਟੇਟਮੈਂਟ ਬਦਲ ਦਿੱਤੀ। ਸਟੇਟਮੈਂਟ ਬਦਲਣਾ ਠੀਕ ਨਹੀਂ ਹੈ। ਆ ਜਾਣ ਦਿਉ ਫਰੀਕੀ ਨੂੰ ਇੱਥੇ। ਉਹ ਹੁਣ ਇੱਥੇ ਆ ਰਿਹਾ ਹੈ। ਕਿਉਂਕਿ ਉਸ ਨੇ ਫੋਰਜਰੀ ਕੀਤੀ ਹੈ। ਉਹ ਪਕੜਿਆ ਜਾਵੇਗਾ। ਇਹ ਤਾਂ ਇੱਥੇ ਰੋਜ਼ ਹੀ ਫੋਰਜ਼ਰੀ ਕਰੀ ਜਾ ਰਹੇ ਹਨ। ਲੇਕਿਨ ਉਥੇ ਫੋਰਜ਼ਰੀ ਨੂੰ ਬਹੁਤ ਹੀ ਸੀਰੀਅਸ ਔਫੈਂਸ ਮੰਨਿਆ ਜਾਂਦਾ ਹੈ। ਜਿਵੇਂ ਕਿ ਇਹ ਚਾਹੁੰਦੇ ਹਨ, ਅਗਰ ਫਰੀਕੀ ਹਿੰਦੁਸਤਾਨ ਦੀ ਅਦਾਲਤ ਦੇ ਵਿਚ ਆ ਕੇ ਆਪਣੀ ਸਟੇਟਮੈਂਟ ਬਦਲੇਗਾ ਤਾਂ Otherwise he will be caught for perjury It is considered a very serious offence. He will go into prison in Holland. ਇਨ੍ਹਾਂ ਨੂੰ ਵੀ ਪਤਾ ਲੱਗ ਜਾਵੇਗਾ। ਇਹ ਸਾਰੀਆਂ ਚੇਂਜਿਜ਼ ਇਸ ਵਾਸਤੇ ਹੀ ਹੋਈਆਂ ਹਨ। ਤੁਸੀਂ ਡਿਬੇਟ ਕਿਉਂ ਨਹੀਂ ਮੰਗੀ ? ਮੈਂ ਤਾਂ ਪਹਿਲੇ ਦਿਨ ਹੀ ਤੁਹਾਨੂੰ ਟੇਬਲ ਕਰ ਦਿੱਤੀ ਸੀ। ਤੁਹਾਨੂੰ ਇਸ ਵਾਸਤੇ ਪੁੱਛਣਾ ਚਾਹੀਦਾ ਸੀ। ਤੁਸੀਂ ਡਿਬੇਟ ਕਰਦੇ। ਇਹ ਜਿਹੜਾ ਨਹਿਰਾ ਕਮਿਸ਼ਨ ਹੈ, ਮੈਂ ਇਹ ਰਿਪੋਰਟ ਭੇਜ ਦਿੱਤੀ ਹੈ, ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਭੇਜ ਦਿੱਤੀ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਅਸੀਂ ਦੋ ਤਿੰਨ ਗੱਲਾਂ ਵਾਸਤੇ ਟਾਈਮ ਮੰਗਦੇ ਹਾਂ.....

**ਮਾਨਯੋਗ ਸਪੀਕਰ** : ਉਨ੍ਹਾਂ ਨੇ ਇੱਕ ਘੰਟਾ ਇੰਟਰਪਟ ਨਹੀਂ ਕੀਤਾ ਸੀ। ਤੁਸੀਂ ਤਾਂ ਪੰਜ ਮਿੰਟ ਬਾਅਦ ਹੀ ਖੜ੍ਹੇ ਹੋ ਗਏ ਹੋ (ਵਿਘਨ) (ਸ਼ੋਰ)।

**ਸਥਾਨਕ ਸਰਕਾਰ ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ (ਬੈਠੇ-ਬੈਠੇ)** : ਤੁਸੀਂ ਸੁਣਨ ਦੀ ਸ਼ਕਤੀ ਰੱਖੋ।

**ਮੁੱਖ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੇਰੇ ਜੋ ਸਾਥੀ ਹਨ, ਉਹ ਚਾਹੁੰਦੇ ਹਨ ਕਿ ਗੌਰਮਿੰਟ ਦਾ ਜੋ ਰਿਪਲਾਈ ਹੈ, to the Governor's Address, ਉਹ ਮੈਂ ਦੇਵਾਂ ਤੇ ਸਾਰਾ ਹਾਊਸ ਮੈਨੂੰ ਸੁਣੇ। ਪਤਾਂ ਨਹੀਂ ਕਿੰਨਾ ਕੁ ਟਾਈਮ ਸਾਡੇ ਕੋਲ ਹੈ। The whole House is allowing me to speak.

**ਮਾਨਯੋਗ ਸਪੀਕਰ** : ਤੁਹਾਡੇ ਬੋਲਣ ਉਪਰੰਤ ਕਨਕਲੂਡ ਹੋ ਜਾਵੇਗਾ।

**ਮੁੱਖ ਮੰਤਰੀ** : ਠੀਕ ਹੈ, ਸਰ। ਫਿਰ ਇਨ੍ਹਾਂ ਨੇ ਇੱਕ ਬੀਹਮੀ ਅਕੈਡਮੀ ਦੀ ਗੱਲ ਕੀਤੀ ਹੈ। ਤੁਸੀਂ ਛੋਟੀਆਂ ਛੋਟੀਆਂ ਚੀਜ਼ਾਂ ਕਿਉਂ ਚੁੱਕਦੇ ਹੋ ? ਮੈਨੂੰ ਇਸ ਗੱਲ

ਦੀ ਹੈਰਾਨੀ ਹੁੰਦੀ ਹੈ । ਇਹ ਏਵੀਏਸ਼ਨ ਦੀਆਂ ਗੱਲਾਂ ਕਰਦੇ ਹਨ । ਮੈਨੂੰ ਏਵੀਏਸ਼ਨ ਬਾਰੇ ਪੂਰੀ ਨਾਲੇਜ ਹੈ । ਕਿਉਂਕਿ ਮੈਂ ਪਾਇਲਟ ਰਿਹਾ ਹਾਂ । ਮੈਨੂੰ ਫਲਾਈ ਕਰਨਾ ਆਉਂਦਾ ਹੈ । ਤੁਸੀਂ ਪਾਇਲਟ ਨਹੀਂ ਰਹੇ । ਤੁਸੀਂ ਤਾਂ ਸਿਰਫ ਗਰਾਊਂਡ ਤੇ ਹੀ ਫਲਾਈ ਕਰਦੇ ਹੋ । ਮੈਂ ਤਾਂ ਆਕਾਸ਼ ਵਿਚ ਫਲਾਈ ਕਰਦਾ ਰਿਹਾ ਹਾਂ । ਇਹ ਜਿਹੜਾ ਹੈ, ਮੈਨੂੰ ਮਜੀਠਾ ਸਾਹਿਬ ਨੇ ਆਪ ਕਿਹਾ ਹੈ ਕਿ ਮੈਂ ਅਕੈਡਮੀ ਬਣਾਉਣੀ ਚਾਹੁੰਦਾ ਹਾਂ । ਮੈਂ ਉਥੇ ਫਲਾਇੰਗ ਸਕੂਲ ਖੋਲ੍ਹਣਾ ਚਾਹੁੰਦਾ ਹਾਂ । ਪਰ ਇਨ੍ਹਾਂ ਨੇ ਉਸ ਸਮੇਂ ਫੈਸਲਾ ਹੀ ਨਹੀਂ ਲਿਆ । ਇਨ੍ਹਾਂ ਨੂੰ ਰੱਬ ਦੀ ਇਹੋ ਜਿਹੀ ਦੇਣ ਹੈ ਕਿ ਇਹ ਕੋਈ ਫੈਸਲਾ ਹੀ ਨਹੀਂ ਕਰਦੇ । ਇਹ ਤਾਂ ਵਾਫਲ ਵੂਫਲ ਹੀ ਕਰਦੇ ਰਹਿੰਦੇ ਹਨ । ਇਹੀ ਸਿਸਟਮ ਹੈ ਇਨ੍ਹਾਂ ਦਾ ਕਿ ਇਹ ਆਪਣੇ ਸਬੰਧੀ ਨੂੰ ਵੀ ਫਲਾਇੰਗ ਅਕੈਡਮੀ ਨਹੀਂ ਖੁਲਵਾ ਸਕੇ । ਫਲਾਇੰਗ ਇੱਕ ਇੰਪੋਰਟੈਂਟ ਸਿਸਟਮ ਹੈ । ਇਨ੍ਹਾਂ ਨੂੰ ਇਹੀ ਦੁਖ ਹੈ ਕਿ ਇਨ੍ਹਾਂ ਦੇ ਸਬੰਧੀ ਸਾਹਿਬ ਦੇ ਜਹਾਜ਼ ਹੁਣ ਉਥੇ ਨਹੀਂ ਖੜਦੇ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਹ ਫਿਰ ਚੰਗੀ ਗੱਲ ਹੋਈ ਹੈ ਕਿ ਮਾੜੀ ਗੱਲ ਹੈ । ਖੈਰ, ਇਨ੍ਹਾਂ ਦੇ ਸਬੰਧੀ ਸਾਹਿਬ ਤਾਂ ਮੇਰੇ ਮਿੱਤਰ ਹਨ । ਉਹ ਅੱਛੇ ਆਦਮੀ ਹਨ । ਇਹ ਤਾਂ ਚਲੋ, ਇਨ੍ਹਾਂ ਦੀ ਹੋ ਗਈ ਤਾਂ ਹੋ ਗਈ ਲੇਕਿਨ ਇਹ ਇੱਕ ਅਨਫੋਰਚੂਨੇਟ ਥਿੰਗ ਹੋਈ ਹੈ ।

**ਮੁੱਖ ਮੰਤਰੀ** : ਇਹ ਬੀਰਮੀ ਅਕਾਡਮੀ ਬੜੀ ਯੂਜ਼ਫੁੱਲ ਹੈ । ਇੰਡੀਅਨ ਐਵੀਏਸ਼ਨ ਵੀ ਗਰੋਅ ਕਰ ਰਹੀ ਹੈ । ਪਾਇਲਟ ਅੱਜ ਕਲ੍ਹ ਅਵੇਲੇਬਲ ਨਹੀਂ ਹਨ ਅਤੇ ਏਅਰ ਇੰਡੀਆ ਵਾਲੇ ਵਿਦੇਸ਼ਾਂ ਤੋਂ ਪਾਇਲਟ ਲੈ ਰਹੇ ਹਨ । ਜਿਸ ਕਰਕੇ ਪਾਇਲਟਾਂ ਦੀ ਕਦਰ ਵੱਧ ਗਈ ਹੈ ਅਤੇ ਉਨ੍ਹਾਂ ਦੀਆਂ ਤਨਖਾਹਾਂ ਕਾਫੀ ਵੱਧ ਗਈਆਂ ਹਨ । ਇਕ ਸਾਡੇ ਪਟਿਆਲਾ ਦਾ ਪਾਇਲਟ ਇੰਸਟ੍ਰਕਟਰ ਸਿੰਗਾਪੁਰ ਐਵੀਏਸ਼ਨ ਵਿਚ ਚਲਾ ਗਿਆ ਹੈ । ਉਸ ਨੂੰ ਉਹ 8 ਲੱਖ ਰੁਪਏ ਅਤੇ ਹੋਰ ਪਰਕ ਦੇ ਰਹੇ ਹਨ । ਪਰ ਅਸੀਂ ਤਾਂ 8 ਲੱਖ ਰੁਪਿਆ ਨਹੀਂ ਦੇ ਸਕਦੇ । ਇਹੀ ਕਾਰਣ ਹੈ ਕਿ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਬਠਿੰਡਾ ਫਲਾਈਂਗ ਕਲੱਬ ਬੰਦ ਹੋ ਗਏ ਹਨ । ਮੇਰੇ ਕੋਲ ਕੋਈ ਚੀਫ ਪਾਇਲਟ ਇੰਸਟਰਕਟਰ ਨਹੀਂ ਹੈ, ਨੈਸ਼ਨਲ ਲੈਵਲ ਤੇ ਹੈ ਅਤੇ ਪਾਇਲਟ ਇੰਸਟਰਕਟਰ ਦੀ ਕਮੀ ਹੋ ਗਈ ਹੈ । ਜਦੋਂ ਇਹ ਐਕਸਪੀਰੀਐਂਸ ਗੇਨਜ ਕਰ ਜਾਂਦੇ ਹਨ ਤਾਂ ਵਿਦੇਸ਼ਾਂ ਦੀਆਂ ਕੰਪਨੀਆਂ ਇਨ੍ਹਾਂ ਨੂੰ ਲੈ ਜਾਂਦੀਆਂ ਹਨ । ਜਿਸ ਤਰ੍ਹਾਂ ਸਹਾਰਾ ਏਅਰਵੇਜ਼ ਵਾਲੇ ਹਨ । ਸਾਡੇ ਇਥੇ ਕੋਈ ਪ੍ਰਾਈਵੇਟ ਅਕਾਡਮੀ ਨਹੀਂ ਹੈ ਜਿਹੜੀ ਪਾਇਲਟਾਂ ਨੂੰ ਟਰੇਨਿੰਗ ਦੇ ਸਕੇ । ਜੇਕਰ ਸਾਡਾ ਕੋਈ ਮੁੰਡਾ ਕੁੜੀ ਪਾਇਲਟ ਦੀ ਟਰੇਨਿੰਗ ਲੈ ਲਵੇ ਉਸ ਵਿਚ ਤੁਹਾਨੂੰ ਕੀ ਤਕਲੀਫ ਹੈ ? ਕਲੱਬ ਵਿਚ ਟਰੇਨਿੰਗ ਲੈਣਗੇ ਇਹ ਸਾਡੇ ਪੰਜਾਬੀ ਬੱਚੇ ਹਨ । ਇਸੇ ਤਰ੍ਹਾਂ ਗੌਰਮਿੰਟ ਆਫ ਇੰਡੀਆ ਨੇ ਫਲਾਇੰਗ ਕਲੱਬ ਨੈਸ਼ਨਲ ਲੈਵਲ ਤੇ ਚਾਲੂ ਕੀਤੀ ਹੈ । ਹੁਣੇ ਥੋੜੇ ਦਿਨ ਹੋਏ ਮੇਰੇ ਕੋਲ ਇਕ ਵਿੰਗ ਕਮਾਂਡਰ ਸੇਖੋਂ ਆਇਆ ਕਿ ਮੈਂ ਫਲਾਇੰਗ ਅਕਾਡਮੀ ਖੋਲ੍ਹਣਾ ਚਾਹੁੰਦਾ ਹਾਂ ਜਿਸ ਦੇ ਵਿਚ ਬੱਚਿਆਂ ਨੂੰ ਟਰੇਨਿੰਗ ਦਿੱਤੀ ਜਾਵੇਗੀ । ਇਸ ਵਿਚ ਪ੍ਰਾਈਵੇਟਾਈਜ਼ ਵਾਲੀ ਕਿਹੜੀ ਗੱਲ ਹੈ ? ਅਸੀਂ ਕਿਸੇ ਸਰਕਾਰੀ ਸਕੂਲ ਨੂੰ ਪ੍ਰਾਈਵੇਟਾਈਜ਼ ਨਹੀਂ ਹੋਣ ਦੇਣਾ ਅਤੇ ਨਾ ਹੀ ਕਿਸੇ ਹਸਪਤਾਲ ਨੂੰ

[ਮੁੱਖ ਮੰਤਰੀ]

ਪ੍ਰਾਈਵੇਟਾਈਜ਼ ਕਰ ਰਹੇ ਹਾਂ । ਸਾਡੀ ਕੋਈ ਹੋਰ ਸੋਚ ਹੈ, ਤੁਸੀਂ ਆਪਣੀ ਸੋਚ ਨੂੰ ਬਦਲੋ । ਅਸੀਂ ਜਿਹੜਾ ਸਿਸਟਮ ਅਡਾਪਟ ਕਰ ਰਹੇ ਹਾਂ ਉਸ ਦੀ ਸੋਚ ਕੁਝ ਹੋਰ ਹੈ ।

ਪਿਛੇ ਫਾਈਨੈਂਸ ਮਨਿਸਟਰ ਸਾਹਿਬ ਨੇ ਐਜੂਕੇਸ਼ਨ ਡਿਪਾਰਟਮੈਂਟ ਤੋਂ ਇਕ ਇਨਫਰ- ਮੇਸ਼ਨ ਮੰਗੀ ਸੀ ਕਿ ਕਿੰਨੇ ਸਰਕਾਰੀ ਸਕੂਲਾਂ ਦੀ ਪਰਫਾਰਮੈਂਸ ਮਾੜੀ ਹੈ । ਉਹ ਪਤਾ ਕਰਨ ਤੇ 1250 ਸਕੂਲਾਂ ਦੇ ਨਾਂ ਆਏ ਸਨ ਅਤੇ ਇਸ ਬਾਰੇ ਜ਼ਿਕਰ ਪਿਛਲੇ ਸਾਲ ਟੀ.ਵੀ. ਤੇ ਵੀ ਆਇਆ ਸੀ ਕਿ ਸਰਕਾਰੀ ਸਕੂਲਜ਼ ਦੇ ਵਿਚ ਪਰਫਾਰਮੈਂਸ ਮਾੜੀ ਆ ਰਹੀ ਹੈ । ਇਹ ਪਿਛਲੇ 4 ਸਾਲਾਂ ਦੀ ਰਿਪੋਰਟ ਮੰਗੀ ਸੀ ਇਹ 1250 ਸਕੂਲਜ਼ ਸਨ, ਇਨ੍ਹਾਂ ਨੂੰ ਪ੍ਰਾਈਵੇਟਾਈਜ਼ ਕਰਨ ਦਾ ਤਰੀਕਾ ਇਹ ਹੈ ਕਿ ਸਾਡੇ ਕੁਝ ਪ੍ਰਿਵਿਲੇਜ ਕਲਾਸ ਦੇ ਲੋਕ ਇੰਡਸਟਰੀਲਿਸਟ ਹਨ ਜੇਕਰ ਉਹ 2-4 ਸਕੂਲਾਂ ਨੂੰ ਅਡਾਪਟ ਕਰ ਲੈਣ ਅਤੇ ਉਥੇ ਟੀਚਰਜ਼ ਲਗਾ ਕੇ ਅੱਛਾ ਰਿਜ਼ਲਟ ਦੇ ਦੇਣ । ਜੇਕਰ ਉਹ ਨੀਚੇ ਤੋਂ ਉਨ੍ਹਾਂ ਸਕੂਲਾਂ ਨੂੰ ਉਪਰ ਚੁੱਕ ਲੈਣ ਅਤੇ ਫਰੀ ਐਜੂਕੇਸ਼ਨ ਦੇਣ ਫੇਰ ਇਨ੍ਹਾਂ ਨੂੰ ਕੀ ਤਕਲੀਫ ਹੈ ? ਇਸੇ ਤਰ੍ਹਾਂ ਹਾਲ ਹਸਪਤਾਲਾਂ ਦੇ ਵਿਚ ਹੈ । ਹੈਲਥ ਕਾਰਪੋਰੇਸ਼ਨ, ਜਿਸ ਨੂੰ ਸਰਦਾਰ ਹਰਚਰਨ ਸਿੰਘ ਬਰਾੜ ਨੇ ਵਰਲਡ ਬੈਂਕ ਦੀ ਮਦਦ ਨਾਲ ਸ਼ੁਰੂ ਕੀਤਾ ਸੀ । 157 ਹਸਪਤਾਲ ਤਾਂ ਇਨ੍ਹਾਂ ਨੇ ਬਣਾ ਕੇ ਖੋਲ੍ਹ ਦਿੱਤੇ ਪਰ ਇਨ੍ਹਾਂ ਕੋਲ ਡਾਕਟਰਜ਼ ਨਹੀਂ ਹਨ, ਨਾ ਹੀ ਡਾਕਟਰਜ਼ ਦਾ ਕੋਈ ਪ੍ਰਬੰਧ ਹੈ, ਕਿੰਨੀ ਮਾੜੀ ਗੱਲ ਹੈ । ਜੇਕਰ ਅਸੀਂ ਕਿਸੇ ਪ੍ਰਾਈਵੇਟ ਇੰਸਟੀਚਿਊਸ਼ਨ ਵਾਲੇ, ਜਿਸ ਤਰ੍ਹਾਂ ਐਸਕਾਰਟ, ਅਪੋਲੋ, ਫਾਰਟੀਜ਼ ਨਾਲ ਗੱਲ ਬਾਤ ਕਰਕੇ ਇਨ੍ਹਾਂ ਹਸਪਤਾਲਾਂ ਵਿਚ ਡਾਕਟਰਜ਼ ਦੀ ਪ੍ਰੋਵੀਜ਼ਨ ਕਰ ਲਈਏ ਅਤੇ ਇਨ੍ਹਾਂ ਬਿਲਡਿੰਗਜ਼ ਵਿਚ ਹਸਪਤਾਲ ਚਲਣ ਅਤੇ ਗਰੀਬ ਵਰਗ ਨੂੰ ਹਸਪਤਾਲ ਵਿਚ ਡਾਕਟਰੀ ਸਹੂਲਤਾਂ ਮਿਲ ਸਕਣ ਅਤੇ ਫਰੀ ਮੈਡੀਕਲ ਏਡ ਹੋ ਸਕੇ ਤਾਂ ਇਸ ਦੇ ਵਿਚ ਕਿਹੜੀ ਮਾੜੀ ਗੱਲ ਹੈ ? ਫਿਰ ਵੀ ਇਨ੍ਹਾਂ ਨੂੰ ਤਕਲੀਫ ਹੈ । ਐਜੂਕੇਸ਼ਨ ਸਬੰਧੀ ਮੈਂ ਇਕ ਹਾਈਪਾਵਰਡ ਕਮੇਟੀ ਡਿਪਟੀ ਚੀਫ ਮਨਿਸਟਰ ਸਾਹਿਬਾ ਦੀ ਲੀਡਰਸ਼ਿਪ ਵਿਚ ਬਣਾਈ ਹੈ, ਜਿਹੜੀ ਇਸ ਬਾਰੇ ਵਿਚਾਰ ਕਰ ਰਹੀ ਹੈ । ਐਜੂਕੇਸ਼ਨ ਮਨਿਸਟਰ ਵੀ ਇਸ ਦੇ ਮੈਂਬਰ ਹਨ । ਅਗਰ ਬਾਹਰੋਂ ਕੋਈ ਇੰਡਸਟਰੀਲਿਸਟ ਸਕੂਲਜ਼ ਅਡਾਪਟ ਕਰਕੇ 4-4 ਟੀਚਰਜ਼ ਲਗਾ ਦਿੰਦਾ ਹੈ ਇਨ੍ਹਾਂ 1250 ਸਕੂਲਜ਼ ਦੇ ਵਿਚ ਤਾਂ ਇਸ ਵਿਚ ਕੀ ਤਕਲੀਫ ਹੈ ? ਇਹ 4-5 ਹਜ਼ਾਰ ਟੀਚਰਜ਼ ਇਨ੍ਹਾਂ ਸਕੂਲਾਂ ਦੇ ਵਿਚ ਰੀਡਿਪਲਾਇ ਹੋ ਜਾਵੇ ਅਤੇ ਸਕੂਲਾਂ ਦੀ ਪਰਫਾਰਮੈਂਸ ਵੀ ਵੱਧ ਜਾਵੇ ਤਾਂ ਇਸ ਵਿਚ ਕਿਹੜੀ ਤਕਲੀਫ ਵਾਲੀ ਗੱਲ ਹੈ ? These are the things. Today, the world is growing. ਅੱਜ ਬੜੀ ਐਡਵਾਂਸਮੈਂਟ ਆ ਰਹੀ ਹੈ । ਪਿਛਲੇ ਸਮੇਂ ਵਿਚ ਬੰਬਈ ਤੋਂ ਲੰਡਨ ਪਹੁੰਚਣ ਲਈ 8 ਮਹੀਨੇ ਲਗਦੇ ਸੀ, ਹੁਣ ਤੁਸੀਂ 12-14 ਘੰਟੇ ਵਿਚ ਪਹੁੰਚ ਜਾਂਦੇ ਹੋ । ਇਕ ਸਮਾਂ ਐਸਾ ਆਵੇਗਾ ਜਦੋਂ ਤੁਸੀਂ 40 ਮਿੰਟ ਵਿਚ ਦਿੱਲੀ ਤੋਂ ਲੰਡਨ ਪਹੁੰਚ ਜਾਓਗੇ । 40 minutes is going to be the flying time from Delhi to London. We are to think big. Think big ਦੇ ਨਾਲ ਇਹ ਗੱਲਾਂ ਵੀ ਸੋਚਣੀਆਂ ਪੈਣਗੀਆਂ ਕਿ ਐਜੂਕੇਸ਼ਨ ਐਡਵਾਂਸ ਦਿੱਤੀ ਜਾਵੇ । It is our duty.

ਅਗਰ ਸਾਡੇ ਕੋਲ ਗੁੰਜਾਇਸ਼ ਨਹੀਂ, ਬੱਚਿਆਂ ਨੂੰ ਪਿੱਛੇ ਰੱਖਣ ਦਾ ਸਾਨੂੰ ਕੀ ਅਧਿਕਾਰ ਹੈ ? ਇਹ ਸਾਡੀ ਡਿਊਟੀ ਹੈ, ਸਰਕਾਰ ਦੀ ਡਿਊਟੀ ਹੈ ਪਰ ਮੈਂ 28000 ਟੀਚਰਜ਼ ਕਿਥੋਂ ਲਿਆਵਾਂ ? ਇਸੇ ਤਰ੍ਹਾਂ ਹੈਲਥ ਦੀ ਗੱਲ ਲੈ ਲਓ । From where will I get the doctors who are super speciality doctors ? So, this is one solution of getting the problem solved. ਸੁਪਰ ਸਪੈਸ਼ਲਿਟੀ ਡਾਕਟਰਜ਼ ਮੈਂ ਕਿਸ ਤਰ੍ਹਾਂ ਰੱਖ ਲਵਾਂ ? ਉਹ 8-8 ਲੱਖ 9-9 ਲੱਖ ਰੁਪਿਆ ਮਹੀਨੇ ਦਾ ਮੰਗਦੇ ਹਨ । ਇਹ ਜਿਹੜੀ ਕਮੇਟੀ ਬਣਾਈ ਹੈ, ਉਹ ਕਮੇਟੀ ਦੇਖੇਗੀ । They will give their opinion. They will take my views and finally the committee will give the report. This is the one way that we must think of.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** (ਬੈਠੇ ਬੈਠੇ) : ਅਸੀਂ ਅਕਾਲੀ ਐਮ.ਐਲ.ਏਜ਼ ਨੂੰ ਵੀ ਚਿੱਠੀ ਲਿਖੀ ਹੈ ।

**ਮੁੱਖ ਮੰਤਰੀ** : ਇਹ ਦੇ ਦੇਣ । ਫੇਰ ਇਨ੍ਹਾਂ ਨੇ ਕਿਹਾ ਕਿ ਐਗਰੀਕਲਚਰ ਗਰੋਥ ਰੇਟ ਨੈਗੇਟਿਵ ਹੋ ਗਿਆ । There is no agriculture growth. ਸਪੀਕਰ ਸਾਹਿਬ, ਇਨ੍ਹਾਂ ਨੂੰ ਵੀ ਪਤਾ ਹੈ ਕਿ ਪਿਛਲੇ 3 ਸਾਲਾਂ ਵਿਚ ਐਗਰੀਕਲਚਰ ਵਿਚ ਅਸੀਂ ਕਿਸ ਤਰ੍ਹਾਂ ਗਰੋਥ ਲਿਆਏ ਹਾਂ । ਹੁਣ ਮੈਂ ਆਂਕੜੇ ਦੱਸ ਦਿੰਦਾ ਹਾਂ । ਸਾਡੀ ਹਾੜੀ ਔਰ ਸਾਉਣੀ ਦੀ ਗਰੋਥ 22 ਮਿਲੀਅਨ ਟਨ ਸੀ । ਇਸ ਸਾਲ ਜਿਹੜੀ ਖਰੀਫ ਮੁੱਕੀ ਹੈ, ਉਸਦੀ ਗਰੋਥ 15.1 ਮਿਲੀਅਨ ਟਨ ਹੈ । ਇਹ ਜਿਹੜੀ ਹਾੜ੍ਹੀ ਹੈ, ਇਹ ਵੀ 15 ਮਿਲੀਅਨ ਤੋਂ ਜ਼ਿਆਦਾ ਹੋਵੇਗੀ । ਅਸੀਂ ਐਗਰੀਕਲਚਰ ਵਿਚ ਗਰੋਥ 8 ਮਿਲੀਅਨ ਟਨ ਵਧਾਇਆ ਹੈ, which means 5000 crore additional money into the rural economy, ਕਿਥੇ ਡਾਊਨ ਜਾ ਰਿਹਾ ਹੈ ? ਇਹ ਨੈਗੇਟਿਵ ਐਗਰੀਕਲਚਰ ਗਰੋਥ ਦੀ ਗੱਲ ਕਰਦੇ ਹਨ ! ਪਤਾ ਨਹੀਂ ਇਹ ਆਂਕੜੇ ਕਿਥੋਂ ਲੈ ਕੇ ਆਏ ਹਨ ।

ਅੱਗੇ ਇਨ੍ਹਾਂ ਨੇ ਐਗਰੀਕਲਚਰ ਰਿਸਰਚ ਦੀ ਗੱਲ ਕੀਤੀ ਹੈ । 98% of Punjab Agricultural University's Budget goes to salaries and wages. No money is available for research on diversification of crops. ਇਨ੍ਹਾਂ ਦੀ ਗੱਲ ਤਾਂ ਠੀਕ ਹੈ ਪਰ ਇਹ ਕਿਸ ਦੇ ਸਮੇਂ ਤੋਂ ਇਸ ਤਰ੍ਹਾਂ ਚਲ ਰਿਹਾ ਹੈ । ਇਹ ਇਨ੍ਹਾਂ ਦੇ ਸਮੇਂ ਤੋਂ ਹੀ ਚਲ ਰਿਹਾ ਹੈ । 98% ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਬਜਟ ਦਾ ਉਨ੍ਹਾਂ ਦੀਆਂ ਸੈਲਰੀਜ਼ ਤੇ ਖਰਚ ਹੋ ਰਿਹਾ ਹੈ । Apart from budgetary support, Rs. 100 crores have been kept for research and development. We will give them projects for research also. ਮੈਂ ਨਰਮੇ ਦੀ ਗੱਲ ਕਰਦਾ ਹਾਂ । ਇਹ ਨਰਮੇ ਵਾਲੀ ਥਾਂ ਤੋਂ ਆ ਰਹੇ ਹਨ । ਉਥੇ ਨਰਮਾ ਹੁੰਦਾ ਹੈ । ਜਿਹੜਾ ਨਰਮਾ 7 ਲੱਖ ਢੇਰੀ ਤੇ ਪਹੁੰਚ ਗਿਆ ਸੀ, ਉਸਨੂੰ ਅਸੀਂ 21 ਲੱਖ ਢੇਰੀ ਤੇ ਲਿਆਏ ਹਾਂ ਤੇ ਐਤਕੀਂ 28 ਲੱਖ ਨੂੰ ਕਰਾਸ ਕਰਾਂਗੇ । (ਥੰਪਿੰਗ)

ਤੁਸੀਂ (ਲੀਡਰ ਆਫ ਦਿ ਆਪੋਜ਼ੀਸ਼ਨ ਵੱਲ ਇਸ਼ਾਰਾ) ਇਹ ਜਿਹੜੀਆਂ ਗੱਲਾਂ ਕਹਿ ਰਹੇ ਹੋ, ਤੁਹਾਨੂੰ ਇੰਡਸਟਰੀ ਦੇ ਆਂਕੜੇ ਚਾਹੀਦੇ ਹਨ, ਮੈਂ ਦੱਸ ਦਿੰਦਾ ਹਾਂ । ਇਹ

[ਮੁੱਖ ਮੰਤਰੀ]

ਗੌਰਮਿੰਟ ਦੇ ਆਂਕੜੇ ਹਨ, ਤੁਹਾਡੇ ਨਹੀਂ । ਤੁਸੀਂ ਪਤਾ ਨਹੀਂ ਕਿਥੋਂ ਲਿਆਏ ਹੋ । ਇਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ apart from ਛੋਟੀ ਇੰਡਸਟਰੀ, 27 Mega projects have been approved with an investment of Rs. 7000 crores. ਹੁਣ ਇਹ ਜਿਹੜੀ ਗੱਲ ਇਨ੍ਹਾਂ ਨੂੰ ਸਮਝਣੀ ਚਾਹੀਦੀ ਹੈ ਕਿ after the Anandpur Sahib Resolution in 1973, ਉਸ ਤੋਂ ਬਾਅਦ ਪੰਜਾਬ ਦੇ ਹਾਲਾਤ ਵਿਗੜਨ ਲਗੇ, industry started going downhill, growth started going downhill, ਲੋਕ ਸਟੇਟ ਛੱਡਣ ਲੱਗ ਪਏ terrorism came to the top ਫੇਰ ਬਲੂ ਸਟਾਰ ਹੋ ਗਿਆ, ਟੈਰੋਰਿਜ਼ਮ ਹੋਰ ਵੱਧ ਗਿਆ ਤੇ ਪੀਕ ਤੇ ਪਹੁੰਚ ਗਿਆ । ਬਹੁਤ ਸਾਰੇ ਇੰਡਸਟਰੀਅਲ ਹਾਊਸਿਜ਼ ਕਲੋਜ਼ ਕਰਕੇ ਇਥੋਂ ਬਾਹਰ ਚਲੇ ਗਏ ਤੇ ਜਿਨ੍ਹਾਂ ਨੇ ਕਲੋਜ਼ ਨਹੀਂ ਕੀਤਾ, ਉਨ੍ਹਾਂ ਨੇ ਫਰਦਰ ਐਕਸਪੈਨਸ਼ਨ ਬਾਹਰ ਕੀਤਾ । And today, we are fortunate, ਉਨ੍ਹਾਂ ਸਾਰਿਆਂ ਵਿਚ ਅੱਜ ਅਸੀਂ ਕਾਨਫੀਡੈਂਸ ਲਿਆਏ ਹਾਂ । 27 ਤਾਂ ਮੈਗਾ ਪ੍ਰਾਜੈਕਟਸ ਪੰਜਾਬ ਵਿਚ ਲਿਆਏ ਹਾਂ, which is over 7000 crores investment. Industrial production of the State has increased by 25% during the last three years. Exports from Punjab have increased from 4400 crores to 11000 crores. The Govt. of India has approved SEZ at Amritsar and Mohali to further accentuate the growth.

ਹੁਣ ਮੈਂ ਬਠਿੰਡਾ ਰਿਫਾਈਨਰੀ ਵੱਲ ਆ ਰਿਹਾ ਹਾਂ । ਆਪਣੇ ਪੰਜ ਸਾਲਾਂ ਵਿਚ ਇਨ੍ਹਾਂ ਨੇ (ਲੀਡਰ ਆਫ ਦਿ ਆਪੋਜ਼ੀਸ਼ਨ ਵੱਲ ਇਸ਼ਾਰਾ) ਇਕੋ ਗੱਲ ਕੀਤੀ ਹੈ ਕਿ ਪੱਥਰ ਰੱਖ ਦਿਓ । ਬਠਿੰਡਾ ਰਿਫਾਈਨਰੀ ਬਾਰੇ ਫੈਸਲਾ ਪਹਿਲਾਂ ਦਾ ਹੈ, ਇਹ ਠੀਕ ਹੈ ਕਿ ਪੱਥਰ ਇਨ੍ਹਾਂ ਨੇ ਰਖਵਾਇਆ ਹੈ । ਵੈਸੇ ਵੀ ਇਨ੍ਹਾਂ ਦੇ ਰੱਖੇ ਕਈ ਪੱਥਰ ਪਏ ਹਨ, ਬਣਿਆ ਕੁਝ ਵੀ ਨਹੀਂ । ਇਹ ਜਿਹੜਾ ਪੱਥਰ ਇਨ੍ਹਾਂ ਨੇ ਰਖਵਾਇਆ ਹੈ, ਇਨ੍ਹਾਂ ਨੂੰ ਪਤਾ ਹੈ ਕਿ 15 ਸਾਲ ਵਾਸਤੇ ਟੈਕਸ ਰਿਬੇਟ ਉਨ੍ਹਾਂ ਨੂੰ ਮਿਲਣੀ ਸੀ । ਸਟੇਟ ਨੂੰ ਸੇਲਜ਼ ਟੈਕਸ ਨਹੀਂ ਮਿਲਣਾ ਸੀ ਤੇ ਸਟੇਟ ਨੂੰ ਬਹੁਤ ਵੱਡਾ ਨੁਕਸਾਨ ਹੋਣਾ ਸੀ । ਇਨ ਰਿਐਲਿਟੀ 15 ਹਜ਼ਾਰ ਕਰੋੜ ਰੁਪਏ ਦੀ ਕਨਸੈਸ਼ਨ ਇਨ੍ਹਾਂ ਨੇ ਦਿੱਤੀ । ਇਹੋ ਜਿਹੇ ਕੰਮ ਕਰਦੇ ਤਾਂ ਇਹ ਹਨ । ਇਨ੍ਹਾਂ ਦਾ ਸ਼ਹਿਜ਼ਾਦਾ ਵੀ ਵਿਚੇ ਹੀ ਹੈ । Why should Government of Punjab deal with Lramco ? ਇਹ ਸਾਊਦੀ ਅਰੇਬੀਆ ਦੀ ਪੈਟਰੋਲੀਅਮ ਕੰਪਨੀ ਹੈ । ਕੋਈ ਗੱਲ ਹੋਣੀ ਹੈ ਜਿਸ ਕਰਕੇ ਇਹ 15 ਹਜ਼ਾਰ ਕਰੋੜ ਰੁਪਏ ਦੀ ਕਨਸੈਸ਼ਨ ਦੇ ਰਹੇ ਸਨ । ਕੋਈ ਸੌਦਾ ਕੀਤਾ ਹੋਣਾ ਹੈ । 15 ਹਜ਼ਾਰ ਕਰੋੜ ਰੁਪਏ ਨਾਲ ਤਾਂ ਆਪਾਂ ਸਾਰਾ ਪੰਜਾਬ ਚਲਾ ਸਕਦੇ ਹਾਂ । ਸਾਨੂੰ ਤਾਂ ਅੱਜ ਇਕ ਇਕ ਪੈਸੇ ਦੀ ਲੋੜ ਹੈ । Can Punjab afford it ? No doubt this is a golden project ਲੇਕਿਨ ਇਨ੍ਹਾਂ ਵਾਲੀਆਂ ਟਰਮਜ਼ ਤੇ ਅਸੀਂ ਇਹ ਰਿਫਾਈਨਰੀ ਲਾਉਣ ਨੂੰ ਤਿਆਰ ਨਹੀਂ । H.P.C.L. ਨੇ ਕਿਹਾ, ਅਸੀਂ ਜਾਂਦੇ ਹਾਂ । ਮੈਂ ਕਿਹਾ, ਤੁਰ ਜਾਓ । I will not squander Punjab's money in this way. ਸਾਡੀ ਗੌਰਮਿੰਟ ਬਣੀ ਤੇ ਦੁਬਾਰਾ ਇਹ ਗੱਲਬਾਤ ਚੱਲੀ । ਸਾਡੇ ਪ੍ਰਾਈਮ ਮਨਿਸਟਰ ਨੇ ਵੀ

ਦਿਲਚਸਪੀ ਸ਼ੋਅ ਕੀਤੀ । ਐਚ.ਪੀ.ਸੀ.ਐਲ. ਨੂੰ ਦੁਬਾਰਾ ਬੁਲਾਇਆ ਗਿਆ ਅਤੇ ਬੁਲਾ ਕੇ ਫੈਸਲਾ ਕੀਤਾ ਗਿਆ ਕਿ we will give them 200 crores in a year. They will raise credit on our behalf. Re-garding servicing, I do not know what are the figures. I think it is about 1,200 Crores. ਅਸੀਂ ਸਰਵਿਸ ਕਰਾਂਗੇ 1200 ਕਰੋੜ ਰੁਪਿਆ 5 ਸਾਲਾਂ ਵਿਚ । 1200 ਕਰੋੜ ਰੁਪਿਆ ਟੋਟਲ । ਕਿਥੇ 15 ਹਜ਼ਾਰ ਕਰੋੜ ਰੁਪਿਆ ਅਤੇ ਕਿਥੇ 1200 ਕਰੋੜ ਰੁਪਿਆ । ਇਹ ਕਿਸ ਦਾ ਫਾਇਦਾ ਹੋਇਆ ਹੈ ? ਅੱਜ ਇਹ ਕਹਿੰਦੇ ਹਨ ਕਿ ਇਕ ਚਿੱਠੀ ਲਿਖ ਦਿੱਤੀ । ਚਿੱਠੀ ਲਿਖੀ ਹੈ । The Madhya Pradesh Government has agreed. ਉਨ੍ਹਾਂ ਨੇ ਲੈਟਰ ਸਾਨੂੰ ਲਿਖੀ ਹੈ । I am just quoting from my memory. We will keep 100 Crores a year forcess for a certain period of time. This is minimum. 15 ਸਾਲ ਪਤਾ ਨਹੀਂ ਕਿੰਨਾ ਹੈ । However, let me assure the Leader of the Opposition and his team that this Bathinda Refinery is coming to Punjab. This is the commitment of the Prime Minister and, this will happen. ਇਹ ਰਿਫਾਈਨਰੀ ਲੱਗੇਗੀ । ਇਥੇ ਇਨ੍ਹਾਂ ਨੇ ਕਹਿ ਦਿੱਤਾ ਕਿ ਇਕ ਚਿੱਠੀ ਆ ਗਈ ਹੈ । ਪਤਾ ਨਹੀਂ ਇਹ ਕਿਥੋਂ ਚਿੱਠੀਆਂ ਕੱਢ ਲਿਆਉਂਦੇ ਹਨ । ਇਹ holistic ਪਿਕਚਰ ਦੇਣ ਨੂੰ ਤਿਆਰ ਨਹੀਂ । ਐਵੇਂ ਕੋਈ ਐਧਰੋਂ ਕੱਢ ਲਿਆਉਂਦੇ ਹਨ ਅਤੇ ਕੋਈ ਉਧਰੋਂ ਕੱਢ ਲਿਆਉਂਦੇ ਹਨ । ਇਕ ਇਥੇ ਹੋਰ ਮਾੜੀ ਪ੍ਰੰਪਰਾ ਚੱਲੀ ਹੈ ਕਿ ਤੁਸੀਂ ਆਫੀਸਰਜ਼ ਦਾ ਨਾਂ ਲੈਂਦੇ ਹੋ । That should not be the case. This has not been the case in any House. Even in Parliament, this was never allowed and to quote out of context, ਜਿਹੜੀ ਪ੍ਰੰਪਰਾ ਸੈੱਟ-ਅਪ ਕਰ ਰਹੇ ਹੋ, this is very wrong. ਇਥੇ ਕਿਸੇ ਅਜਿਹੇ ਵਿਅਕਤੀ ਦਾ ਨਾਂ ਨਾ ਲਿਆ ਜਾਵੇ ਜਿਹੜਾ ਆਪਣੇ ਆਪ ਨੂੰ ਡਿਫੈਂਡ ਨਹੀਂ ਕਰ ਸਕਦਾ । ਇਥੇ ਕਿਹਾ ਗਿਆ ਕਿ ਕਿਸੇ ਅਫਸਰ ਦਾ ਐਨਾ ਟੀ.ਏ. ਬਣ ਗਿਆ ਸੀ । Do they know that 10 ਵਾਰ ਤਾਂ ਮੈਂ ਉਸ ਨੂੰ ਬਾਹਰ ਐਗਰੀਕਲਚਰਲ ਡਾਈਵਰਸੀਫਿਕੇਸ਼ਨ ਵਾਸਤੇ ਅਮਰੀਕਾ ਭੇਜਿਆ ਸੀ । ਮੈਂ ਉਸ ਨੂੰ ਬਾਹਰ ਭੇਜਿਆ ਸੀ । That is the part of the T.A,

ਫਿਰ ਇਨ੍ਹਾਂ ਨੇ ਕਿਹਾ ਹੈ ਕਿ ਸ਼ਡਿਊਲਡ ਕਾਸਟ ਲੋਕਾਂ ਵਾਸਤੇ ਇਸ ਸਰਕਾਰ ਨੇ ਕੁਝ ਕੀਤਾ ਹੀ ਨਹੀਂ । ਇਥੇ ਪੈਨਸ਼ਨਾਂ ਦੀ ਗੱਲ ਵੀ ਚੱਲੀ । ਇਹ ਵੀ ਕਿਹਾ ਕਿ ਸ਼ਗਨ ਸਕੀਮ ਨੂੰ ਅਸ਼ੀਰਵਾਦ ਸਕੀਮ ਬਣਾ ਦਿੱਤਾ । ਅਸੀਂ ਜੋ ਮਰਜ਼ੀ ਬਣਾਈਏ । ਸਾਡੀ ਉਨ੍ਹਾਂ ਲੋਕਾਂ ਨਾਲ ਕਮਿਟਮੈਂਟ ਹੈ । ਅਸੀਂ ਇਸ ਦੇ ਵਾਸਤੇ 450 ਕਰੋੜ ਰੁਪਏ ਦਾ ਫੰਡ ਕਰੀਏਟ ਕੀਤਾ ਹੈ । 350 ਕਰੋੜ ਰੁਪਏ ਪੈਨਸ਼ਨਾਂ ਵਾਸਤੇ ਅਤੇ 100 ਕਰੋੜ ਰੁਪਏ ਗਰੀਬ ਜਨਤਾ ਨੂੰ ਕਿਤਾਬਾਂ ਕਾਪੀਆਂ ਅਤੇ ਸਕਾਲਰਸ਼ਿਪ ਦੇਣ ਵਾਸਤੇ ਰੱਖੇ ਹਨ । That is already credited and I am happy to say that ਇਸ ਦੀ ਪਹਿਲੀ ਇੰਸਟਾਲਮੈਂਟ 30 ਕਰੋੜ ਰੁਪਏ ਦੀ ਡਿਪਾਰਟਮੈਂਟਸ ਕੋਲ ਚਲੀ ਗਈ ਹੈ ਅਤੇ in the first week of month ਇਹ ਉਨ੍ਹਾਂ ਲੋਕਾਂ ਕੋਲ ਪਹੁੰਚ ਜਾਵੇਗੀ । Let

[ਮੁੱਖ ਮੰਤਰੀ]

me also informed the Leader of the Opposition that we have provided Rs. 50 Crores out of the R.D.F. for Dharamshallas and Schools, dispensaries only, in addition to the Rs. 100 Crores provision which is already there.

ਇਹ ਕੁਆਰਕ ਦਾ ਨਾਂ ਲੈ ਰਹੇ ਹਨ । ਇਹ ਫਿਊਚਰਿਸਟਿਕ ਤਾਂ ਹੈ ਹੀ ਨਹੀਂ । ਫਿਊਚਰਿਸਟਿਕ ਚੀਜ਼ਾਂ ਬਾਰੇ ਤਾਂ ਇਨ੍ਹਾਂ ਨੂੰ ਪਤਾ ਹੀ ਨਹੀਂ । ਇਹ ਤਾਂ ਪਿਛਲੀਆਂ ਸਦੀਆਂ ਵਿਚ ਹੀ ਰਹੀ ਜਾ ਰਹੇ ਹਨ । ਜਿਹੜੀ ਸਾਇੰਸ ਸੀ, ਉਹ ਇਨ੍ਹਾਂ ਦੀ ਜ਼ਿੰਮੇ-ਵਾਰੀ ਸੀ । ਕੀ ਇਨ੍ਹਾਂ ਨੇ ਇਸ ਆਈ.ਟੀ. ਸੈਕਟਰ ਨੂੰ ਪੰਜਾਬ ਵਿੱਚ ਲਿਆਂਦਾ ? ਜਦੋਂ ਕਰਨਾਟਕ ਵਾਲੇ ਲੈ ਗਏ, ਇਹ ਸਾਡੇ ਸੀ.ਐਮ.ਸੀ, ਜਦੋਂ ਆਂਧਰਾ ਪ੍ਰਦੇਸ਼ ਵਿੱਚ ਲੱਗ ਗਿਆ What was his Govt. doing ? All the Akali Dal was sleeping. ਕੀ ਅਸੀਂ ਉਥੇ ਵੀ ਪਿੱਛੇ ਰਹਿ ਜਾਈਏ ? ਕੁਆਰਕ ਇਨ੍ਹਾਂ ਨਾਲ ਚਾਰ ਸਾਲ ਟਕਰਾਂ ਮਾਰਦਾ ਰਿਹਾ, ਇਹ ਕਿਉਂ ਨਹੀਂ ਮੰਨੇ ? ਇਹ ਦੱਸਣ, ਇਹ ਕੀ ਕਰਦੇ ਰਹੇ ? Anyway they should know. But the fact of the matter is that we have got Quark, Del, Wipro, Infosis, Micro-soft. We are bringing the entire information Technology centres for Mohali. ਸਾਹਿਬਜ਼ਾਦਾ ਸਾਹਿਬ ਕੀ ਕਰਦੇ ਰਹੇ ? ਇਹ ਕੀ ਬੋਲਣਗੇ ? ਆਪਣੇ ਕਮਰੇ ਵਿੱਚ ਤੁਹਾਨੂੰ ਦੱਸ ਦੇਣ ਕਿ ਕਿਉਂ ਨਹੀਂ ਕੀਤਾ ? ਅੱਜ ਅਸੀਂ ਵਿਪਰੋ ਨੂੰ ਲਿਆਏ ਹਾਂ । ਮਾਈਕਰੋ ਸੋਫਟ ਆ ਗਿਆ, ਮੁਹਾਲੀ ਵਿੱਚ ਅਸੀਂ ਲਿਆਏ ਹਾਂ । ਲੱਖਾਂ ਸਾਡੇ ਬੱਚੇ ਉਥੇ ਨੌਕਰ ਹੋਣਗੇ । ਦੱਸੋ ਜੀ, ਇਨ੍ਹਾਂ ਨੂੰ ਕੀ ਤਕਲੀਫ ਹੋ ਰਹੀ ਹੈ ? ਇਹ ਬਾਰ ਬਾਰ ਅੰਗਰੇਜ਼ੀ ਦੀ ਗੱਲ ਕਰਦੇ ਹਨ, ਇਹ ਵਾਕ ਆਊਟ ਕਰਦੇ ਹਨ । ਇਨ੍ਹਾਂ ਨੂੰ ਤਾਂ ਬਹਾਨਾ ਚਾਹੀਦਾ ਸੀ । ਜਦੋਂ ਫਾਈਨੈਂਸ ਮਨਿਸਟਰ ਸਾਹਿਬ ਅੰਗਰੇਜ਼ੀ ਵਿੱਚ ਬੋਲਣਗੇ, ਇਹ ਵਾਕ ਆਊਟ ਕਰਦੇ ਹਨ । The fact of the matter is why are they coming to Mohali ? ਇਸ ਲਈ ਕਿ ਇਹ ਸਮਝਦੇ ਹਨ ਕਿ ਇੰਗਲਿਸ਼ ਸਪੀਕਿੰਗ ਸਾਡੇ ਜਿਹੜੇ ਸਟੂਡੈਂਟਸ ਹਨ ਜੋ ਸਾਡੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਇਨ੍ਹਾਂ ਨੂੰ ਸੂਟ ਕਰ ਰਹੇ ਹਨ । Today, ਸਪੀਕਰ ਸਾਹਿਬ, ਵਰਲਡ ਬਹੁਤ ਛੋਟਾ ਹੁੰਦਾ ਜਾ ਰਿਹਾ ਹੈ with increasing transport etc. and today ਅਗਰ ਚਾਈਨਾ brings 2500 teachers, ਆਪਣੇ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਪੜ੍ਹਾਉਣ ਵਾਸਤੇ, ਬਾਹਰੋਂ ਟੀਚਰ ਲਿਆ ਸਕਦਾ ਹੈ ਅਤੇ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾ ਲਈਏ ਤਾਂ ਇਨ੍ਹਾਂ ਨੂੰ ਕੀ ਤਕਲੀਫ ਹੈ ? ਪੰਜਾਬੀ ਨੂੰ ਕੌਣ ਰੋਕਦਾ ਹੈ । ਪੰਜਾਬੀ ਬੋਲੀ ਦਾ ਵਾਧਾ We have brought the Punjabi. Even ਅਸੀਂ ਪਾਕਿਸਤਾਨ ਦੇ ਵਿੱਚ ਵੀ ਪੰਜਾਬੀ involve ਕਰ ਰਹੇ ਹਾਂ । (ਵਿਘਨ) ਅਸੀਂ ਆਪਣੇ ਬੱਚਿਆਂ ਨੂੰ ਦੁਨੀਆਂ ਵਾਸਤੇ ਤਿਆਰ ਕਰ ਰਹੇ ਹਾਂ (ਵਿਘਨ) (ਇਸ ਵੇਲੇ ਵਿਰੋਧੀ ਧਿਰਾਂ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ)

(ਇਕ ਆਵਾਜ਼ ; ਅਸੀਂ ਆਪਣੇ ਵੇਲੇ ਪਹਿਲੀ ਕਲਾਸ ਤੋਂ ਅੰਗਰੇਜ਼ੀ ਲਾਗੂ ਕੀਤੀ ਸੀ ।)

**MR. SPEAKER** : No. interruption please, ਤੁਸੀਂ ਬੈਠੋ ਪਲੀਜ਼ । Please take your seat.

**ਮੁੱਖ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੂੰ ਤਕਲੀਫ ਹੋਈ ਹੈ ਕਿ ਅਸੀਂ ਸ਼ਤਾਬਦੀਆਂ ਮਨਾ ਰਹੇ ਹਾਂ । ਇਹ ਮੈਨੂੰ ਕਹਿੰਦੇ ਹਨ ਕਿ ਕੀ ਮੈਂ ਅੰਮ੍ਰਿਤ ਛੱਕਿਆ ਹੈ ? ਮੈਂ ਦੱਸਣਾ ਚਾਹੁੰਦਾ ਹਾਂ ਕਿ ਬਚਪਨ ਵਿੱਚ ਛੱਕਿਆ ਹੋਣਾ ਹੈ । ਚਾਹੇ ਅਸੀਂ ਛੱਕਿਆ ਹੈ ਜਾਂ ਨਹੀਂ, ਅਸੀਂ ਦਿਲੋਂ ਪੰਜਾਬ ਦੀ ਸੇਵਾ ਕਰ ਰਹੇ ਹਾਂ । (ਥੰਪਿੰਗ) ਅਸੀਂ ਦਿਲ ਤੋਂ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਾਂ । ਇਹ ਅੰਮ੍ਰਿਤ ਛੱਕ ਕੇ ਵੀ ਪਤਾ ਨਹੀਂ ਕੀ ਕਰਦੇ ਹਨ । ਮੈਂ ਇਕ ਦਿਨ ਇਨ੍ਹਾਂ ਸਾਥੀਆਂ ਬਾਰੇ ਤੁਹਾਨੂੰ ਦੱਸਾਂਗਾ ਕਿ ਇਹ ਕੀ ਕੀ ਕਰਤੂਤਾਂ ਕਰਦੇ ਰਹੇ ਹਨ । (ਹਾਸਾ) ਚਲੋ ਹੁਣ ਤਾਂ ਇਸ ਹਾਊਸ ਵਿੱਚ ਕੀ ਕਹਿਣਾ I want to educate my friends here, ਬੀਬੀ ਜੀ ਨੂੰ ਇਨ੍ਹਾਂ ਨੂੰ ਕਾਬੂ ਕਰਨਾ ਚਾਹੀਦਾ ਹੈ । ਬੀਬੀ ਜੀ ਇਨ੍ਹਾਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ ।

**ਬੀਬੀ ਜਗੀਰ ਕੌਰ** : ਆਨ ਏ ਪੁਆਇੰਟ ਆਫ ਆਰਡਰ, ਮਾਨਯੋਗ ਸਪੀਕਰ ਸਾਹਿਬ ! ** ** **

**MR. SPEAKER** : This is no Point of Order.

**ਮੁੱਖ ਮੰਤਰੀ** : ਮੈਂ ਬੀਬੀ ਜੀ ਨੂੰ ਇਕ ਲਿਸਟ ਭੇਜਾਂਗਾ ਇਕੱਲੇ ਇਕੱਲੇ ਦੀ ਕਿਹੜੀਆਂ ਕਿਹੜੀਆਂ ਇਨ੍ਹਾਂ ਦੀਆਂ ਕਰਤੂਤਾਂ ਹਨ । (ਥੰਪਿੰਗ) ਉਸ ਦੇ ਬਾਰੇ ਵਿੱਚ ਇਨ੍ਹਾਂ ਨੂੰ ਪਤਾ ਲੱਗ ਜਾਵੇਗਾ । ਲੇਕਿਨ ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ ਸ਼ਤਾਬਦੀਆਂ, ਸਭ ਤੋਂ ਜ਼ਿਆਦਾ ਟਾਈਮ ਇਨ੍ਹਾਂ ਨੇ ਸ਼ਤਾਬਦੀਆਂ ਤੇ ਲਾਇਆ ਕਿਉਂਕਿ ਇਹ ਸਮਝਦੇ ਹਨ ਕਿ ਇਹ ਧਰਮ ਦੇ ਠੇਕੇਦਾਰ ਹਨ, ਹੋਰ ਕਿਸੇ ਨੂੰ ਕੋਈ ਹੱਕ ਹੀ ਨਹੀਂ । ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼ੁਰੂਆਤ ਹੋਈ ਸੀ ਜਦੋਂ ਖਾਲਸਾ ਹੈਰੀਟੇਜ ਸੈਂਟਰ ਸ਼ੁਰੂ ਕੀਤਾ ਸੀ, ਉਦੋਂ ਏਥੇ ਤੁਹਾਡੀ ਹਕੂਮਤ ਸੀ, ਸੈਂਟਰ ਵਿੱਚ ਉਦੋਂ ਢੀਂਡਸਾ ਸਾਹਿਬ ਬੈਠੇ ਸੀ, ਉਦੋਂ ਇਹ ਪੂਰਾ ਖਾਲਸਾ ਹੈਰੀਟੇਜ ਸੈਂਟਰ ਔਰ ਸ਼ਤਾਬਦੀਆਂ ਮਨਾਉਣ ਵਾਸਤੇ 50 ਕਰੋੜ ਰੁਪਏ ਲੈ ਕੇ ਆਏ । 46 ਕਰੋੜ ਆਏ; ਚਾਰ ਕਰੋੜ ਰੁਪਏ ਦਾ ਪਤਾ ਹੀ ਨਹੀਂ ਕਿੱਥੇ ਚਲਿਆ ਗਿਆ । 220 ਕਰੋੜ ਰੁਪਏ ਦਾ ਇਹ ਪ੍ਰਾਜੈਕਟ ਸੀ । 46 ਕਰੋੜ ਪਾ ਕੇ ਕਹਿੰਦੇ ਕਿ ਬਾਕੀ ਹੁਣ ਵਾਹਿਗੁਰੂ ਦਿਉ । ਇਸ ਤਰ੍ਹਾਂ ਕਿਵੇਂ ਕੰਮ ਚਲਦਾ ਹੈ ? ਇਹ ਕਿਸੇ ਕੰਮ ਦੀ ਰਿਸਪਾਂਸੇਬਿਲਟੀ ਸਮਝਦੇ ਹੀ ਨਹੀਂ । ਅੱਜ ਅਸੀਂ ਪੈਸੇ ਲੈ ਕੇ ਆਏ ਹਾਂ । ਸਾਡੇ ਪ੍ਰਾਈਮ ਮਨਿਸਟਰ ਸਾਹਿਬ

**Expunged as ordered by the Chair.

[ਮੁੱਖ ਮੰਤਰੀ]

ਨੇ ਅਨਾਊਂਸ ਕੀਤਾ ਹੈ (Thumping) We have covered the gap ਕੁਝ ਅਸੀਂ ਆਪਣੇ ਰੀਸੋਰਸਿਜ਼ ਤੋਂ, ਕੁਝ ਅਸੀਂ ਲੋਨ ਲਿਆ ਹੈ 100 ਕਰੋੜ ਰੁਪਏ ਦਾ, ਕੁਝ ਪ੍ਰਾਇਮ ਮਨਿਸਟਰ ਸਾਹਿਬ ਨੇ ਦਿੱਤਾ ਹੈ। ਹੁਣ ਅਸੀਂ ਖਾਲਸਾ ਹੈਰੀਟੇਜ ਸੈਂਟਰ ਨੂੰ ਪੂਰਾ ਕਰਾਂਗੇ। ਜੇਕਰ ਅਸੀਂ ਗੁਰੂ ਅੰਗਦ ਦੇਵ ਜੀ ਦੀ ਸ਼ਤਾਬਦੀ ਮਨਾ ਰਹੇ ਹਾਂ ਤਾਂ ਤੁਹਾਨੂੰ ਕੀ ਤਕਲੀਫ਼ ਹੈ ? ਅਸੀਂ ਕੋਈ ਮਾੜਾ ਕੰਮ ਕੀਤਾ ਹੈ ? ਜੇਕਰ ਅਸੀਂ ਗੁਰੂ ਗ੍ਰੰਥ ਸਾਹਿਬ ਦਾ 400 ਸਾਲਾ ਮਨਾਇਆ ਹੈ ਤਾਂ ਦੱਸੋ ਜੀ ਤੁਹਾਨੂੰ ਕੀ ਤਕਲੀਫ ਹੈ ? ਅਸੀਂ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ। ਇਹ ਵੀ ਮੰਨਦੇ ਹਨ, ਅਸੀਂ ਵੀ ਮੰਨਦੇ ਹਾਂ। ਜੇਕਰ ਚਾਰ ਸਾਹਿਬਜ਼ਾਦਿਆਂ ਦੀ ਸ਼ਤਾਬਦੀ ਮਨਾਈ ਹੈ ਤਾਂ ਉਸਦਾ ਵੀ ਤੁਹਾਨੂੰ ਦੁੱਖ ਹੈ। ਇਨ੍ਹਾਂ ਨੂੰ ਦੁੱਖ ਹੈ ਕਿ ਸਰਕਾਰ ਨੇ ਸ਼ਤਾਬਦੀਆਂ ਵਿੱਚ ਹਿੱਸਾ ਕਿਉਂ ਪਾਇਆ ? ਜੈਸੇ ਤੁਹਾਡੇ ਗੁਰੂ ਹਨ, ਉਸੇ ਤਰ੍ਹਾਂ ਹੀ ਸਾਡੇ ਗੁਰੂ ਹਨ। ਹੁਣ ਅਸੀਂ 4 ਮਈ ਨੂੰ 40 ਮੁਕਤਿਆਂ ਦਾ ਦਿਵਸ ਮਨਾ ਰਹੇ ਹਾਂ। ਉਥੇ ਵੀ ਇਨ੍ਹਾਂ ਨੂੰ ਤਕਲੀਫ ਹੈ। ਹੁਣ ਇਨ੍ਹਾਂ ਨੇ ਫਟਾਫਟ ਇਕ ਕਮੇਟੀ ਬਣਾ ਦਿੱਤੀ ਹੈ। ਕਹਿੰਦੇ ਹਨ ਕਿ ਅਸੀਂ ਆਹ ਕਰਾਂਗੇ, ਔਹ ਕਰਾਂਗੇ, ਫਲਾਣਾ-ਢਿਮਕਾ ਕਰਾਂਗੇ। ਪਹਿਲਾਂ ਤਾਂ ਇਹ ਕੁਝ ਕਰ ਨਹੀਂ ਸਕੇ।...

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ। ਇਨ੍ਹਾਂ ਦਾ ਸਿੱਖੀ ਦੇ ਮੁਤੱਲਕ ਅਤੇ ਗੁਰਦੁਆਰਿਆਂ ਨਾਲ ਇਹ ਪਿਆਰ ਹੈ। ਮੈਂ ਅਖਬਾਰ ਸਦਨ ਦੀ ਟੇਬਲ ਤੇ ਰੱਖਦਾ ਹਾਂ ਕਿ police enteres Golden Temple ਇਹ ਗੋਲਡਨ ਟੈਂਪਲ ਵਿਚ ਤਾਂ ਪੁਲਿਸ ਭੇਜਦੇ ਹਨ। ਬੜੇ ਗੁਰਸਿੱਖ ਬਣਦੇ ਹਨ ਮੈਂ ਸਦਨ ਦੀ ਟੇਬਲ ਤੇ ਰੱਖਦਾ ਹਾਂ, ਤੁਸੀਂ ਆਪ ਪੜ੍ਹ ਲਵੋ।

**ਮਾਨਯੋਗ ਸਪੀਕਰ** : ਮੇਜ਼ ਤੇ ਰੱਖਣ ਦੀ ਕੋਈ ਲੋੜ ਨਹੀਂ। Not accepted.

ਮੁੱਖ ਮੰਤਰੀ : ਇਹ ਜ਼ਿਕਰ ਕਰਦੇ ਹਨ। ਦਰਬਾਰ ਸਾਹਿਬ ਵਿਚ ਇਨ੍ਹਾਂ ਦੇ ਸਮੇਂ ਵਿਚ ਵੀ ਇਸ ਤਰ੍ਹਾਂ ਹੀ ਚਲਦਾ ਰਿਹਾ ਹੈ। ਜਦੋਂ ਇੰਗਲੈਂਡ ਦੀ ਕੁਈਨ ਦਰਬਾਰ ਸਾਹਿਬ ਵਿਚ ਆਈ ਸੀ ਤਾਂ ਉਦੋਂ ਕੀ ਇਨ੍ਹਾਂ ਨੇ ਪਲੇਨ ਕਪੜਿਆਂ ਵਿਚ ਪੁਲਿਸ ਨਹੀਂ ਸੀ ਲਗਾਈ ? ਇਹ ਹੁਣ ਝੂਠ ਕਿਉਂ ਬੋਲਦੇ ਹਨ ? ਇਨ੍ਹਾਂ ਦੋਹਾਂ ਅਕਾਲੀ ਦਲ ਵਾਲਿਆਂ ਨੇ ਤਾਂ ਆਪਸ ਵਿਚ ਟੱਕਰ ਮਾਰ ਲੈਣੀ ਸੀ। ਤੁਹਾਡੀ ਕੁਝ ਰੱਖਣ ਵਾਸਤੇ ਹੀ ਅਸੀਂ ਕੁਝ ਬੰਦੇ ਲਗਾਏ ਸਨ। ਇਹ ਤਾਂ ਦੋ ਸਕਿੰਟਾ ਵਿਚ ਵੀ ਆਪਸ ਵਿਚ ਤਲਵਾਰਾਂ ਕੱਢ ਲੈਂਦੇ ਹਨ। (ਥੰਪਿੰਗ) ਇਨ੍ਹਾਂ ਦੇ ਆਪਣੇ ਸਮੇਂ ਵਿਚ, ਪੰਜ ਸਾਲਾਂ ਵਿਚ ਪਲੇਨ ਕੱਪੜਿਆਂ ਵਿਚ ਪੁਲਿਸ ਲੱਗੀ ਰਹੀ ਹੈ। ਹੁਣ ਇਹ ਗਲਤ ਗੱਲਾਂ ਕਰਦੇ ਹਨ। ਮੇਰੇ ਕੋਲ ਤੁਹਾਡੀ ਹਰ ਗੱਲ ਦਾ ਜਵਾਬ ਹੈ। Don't worry ਮੈਂ ਤੁਹਾਡੇ ਕੋਲੋਂ ਹੀ ਸਿੱਖਿਆ ਹਾਂ। (ਹਾਸਾ) (ਥੰਪਿੰਗ) ਸਪੀਕਰ ਸਾਹਿਬ, ਬੜੀ ਹੈਰਾਨੀ ਦੀ ਗੱਲ ਹੋਈ ਹੈ, ਹੁਣ ਇਹ ਕਹਿੰਦੇ ਹਨ ਕਿ ਸਾਨੂੰ ਬੜਾ ਅਫਸੋਸ ਹੈ ਕਿ ਅਸੀਂ ਗਵਰਨਰ ਦਾ ਭਾਸ਼ਣ ਨਹੀਂ ਸੁਣ ਸਕੇ। ਬਈ, ਕਿਉਂ ਨਹੀਂ

ਸੁਣ ਸਕੇ ? ਫਿਰ ਬਾਅਦ ਵਿਚ ਪੜ੍ਹ ਕੇ ਸਪੋਰਟ ਵੀ ਕਰਦੇ ਹਨ । ਇਹ ਗਵੱਰਨਰ ਸਾਹਿਬ ਦੇ ਭਾਸ਼ਣ ਸਮੇਂ ਬਾਹਰ ਇਧਰ-ਉਧਰ ਕਾਲੇ ਚੋਗੇ ਪਾ ਕੇ ਬੈਠੇ ਰਹੇ । ਇਹ ਕਾਲੀਆਂ ਕਰਤੂਤਾਂ ਕਰਦੇ ਹਨ, ਇਨ੍ਹਾਂ ਦੀ ਸੋਚ ਵੀ ਕਾਲੀ ਹੈ, ਮਨ ਵੀ ਕਾਲਾ ਹੈ । ਇਨ੍ਹਾਂ ਨੂੰ ਥੋੜ੍ਹੀ ਜਿਹੀ ਤਾਂ ਸ਼ਰਮ ਕਰਨੀ ਚਾਹੀਦੀ ਹੈ । ਇਹ ਕਹਿੰਦੇ ਹਨ ਕਿ ਸਾਨੂੰ ਅਫਸੋਸ ਹੈ ਕਿ ਗਵਰਨਰ ਐਡਰੈਸ ਵਿਚ ਝੂਠ ਲਿਖਿਆ ਹੋਇਆ ਹੈ । ਕੀ ਝੂਠ ਲਿਖਿਆ ਹੋਇਆ ਹੈ ?

ਇਨ੍ਹਾਂ ਨੇ ਲਾਅ-ਐਂਡ ਆਰਡਰ ਬਾਰੇ ਬੜੀਆਂ ਗੱਲਾਂ ਕੀਤੀਆਂ ਹਨ । ਆਹ ਲਓ, ਮੈਂ ਤੁਹਾਨੂੰ ਲਾਅ ਐਂਡ ਆਰਡਰ ਦੇ ਬਾਰੇ ਦੱਸਦਾ ਹਾਂ । ਅਜੇ ਪਰਸੋਂ ਹੀ ਦਿੱਲੀ ਵਿਚ ਸਾਰੇ ਚੀਫ ਮਨਿਸਟਰਾਂ ਦੀ ਮੀਟਿੰਗ ਵਿਚ ਪ੍ਰਾਈਮ ਮਨਿਸਟਰ ਸਵੇਰ ਤੋਂ ਲੈ ਕੇ ਸ਼ਾਮ ਤੱਕ ਬੈਠੇ ਰਹੇ ਸਨ । ਕੇਵਲ ਇਕ ਚੀਜ਼ ਵਿਚ ਪੰਜਾਬ ਦਾ ਰੈਫਰੈਂਸ ਆਇਆ ਉਹ ਇਹ ਕਿ ਅਸੀਂ ਪੁਲਿਸ ਦੀ ਮਾਡਰਨਾਈਜ਼ੇਸ਼ਨ ਵਾਸਤੇ ਸਾਰੇ ਫੰਡ ਯੂਟੇਲਾਈਜ਼ ਨਹੀਂ ਕਰ ਸਕੇ । ਬਾਕੀ ਹੋਰ ਨਾਰਕੋਟਿਕਸ ਵਿਚ, ਮਰਡਰ, ਡਕੈਤੀਆਂ ਚੋਰੀਆਂ ਆਦਿ ਕਿਸੇ ਇਕ ਵਿਚ ਵੀ ਪੰਜਾਬ ਦਾ ਨਾਂ ਦੇਖਣ ਨੂੰ ਨਹੀਂ ਮਿਲਿਆ । ਜਿਥੇ ਮਰਜ਼ੀ ਵੇਖ ਲਵੋ । ਆਹ ਮੇਰੇ ਕੋਲ ਏਜੰਡਾ ਹੈ । (ਥੰਪਿੰਗ) ਕਿਤੇ ਇਕ ਵੀ ਵਿਖਾ ਦੇਣ । ਮੇਰੇ ਕੋਲ ਏਜੰਡਾ ਹੈ । ਜੇਕਰ ਆਪੋਜ਼ੀਸ਼ਨ ਦੇ ਲੀਡਰ ਚਾਹੁੰਦੇ ਹਨ ਤਾਂ ਮੈਂ ਉਨ੍ਹਾਂ ਨੂੰ ਏਜੰਡਾ ਭੇਜ ਦਿੰਦਾ ਹਾਂ । ਦੂਸਰਾ, ਇਨ੍ਹਾਂ ਨੇ ਠੇਕਿਆਂ ਦੇ ਬਾਰੇ ਸਟੇਟਮੈਂਟ ਦਿੱਤੀ ਹੈ । ਠੇਕਿਆਂ ਦਾ ਸਬਜੈਕਟ ਇਨ੍ਹਾਂ ਨੂੰ ਬੜਾ ਪਸੰਦ ਹੈ, ਪਤਾ ਨਹੀਂ ਕਿਉਂ ? ਕੋਈ ਮਾਲਟੇ ਉਗਾਉਂਦਾ ਹੈ ਅਤੇ ਕੋਈ ਸੰਤਰੇ ਸ਼ਰਾਬ ਦੀਆਂ ਬੋਤਲਾਂ ਵਿਚ ਰੱਖਦੇ ਹਨ । ਪਤਾ ਨਹੀਂ, ਇਹ ਕੀ ਕੁਝ ਕਰਦੇ ਹਨ । ਠੇਕਿਆਂ ਦੇ ਬਾਰੇ ਇਨ੍ਹਾਂ ਦੇ ਇੱਕ ਐਮ.ਐਲ.ਏ. ਇਥੇ ਹਾਊਸ ਵਿਚ ਹੀ ਬੋਲੀ ਦਿੰਦੇ ਰਹੇ । ਇਥੇ ਕੋਈ ਠੇਕਿਆਂ ਦੀ ਬੋਲੀ ਹੁੰਦੀ ਹੈ । ਇਹ ਤਾਂ ਵਿਧਾਨ ਸਭਾ ਹੈ । ਮੈਂ ਇਨ੍ਹਾਂ ਦੀ ਜਾਣਕਾਰੀ ਵਾਸਤੇ ਦੱਸਦਾ ਹਾਂ ਕਿ ਪਿਛਲੇ 10 ਸਾਲਾਂ ਵਿਚ ਠੇਕਿਆਂ ਦੇ ਅੰਕੜੇ ਵੇਖ ਲਵੋ । ਸਾਲ 1998 ਤੋਂ ਲੈ ਕੇ 2002 ਤੱਕ ਇਨ੍ਹਾਂ ਦੇ ਪੰਜਾਂ ਸਾਲਾਂ ਵਿਚ ਰੈਵਨਿਊ ਵਧਿਆ ਹੈ ਕੇਵਲ 158.65 ਕਰੋੜ ਰੁਪਏ ਜਦੋਂ ਕਿ ਸਾਡੇ ਤਿੰਨ ਸਾਲਾਂ ਵਿਚ ਰੈਵਨਿਊ 165.30 ਕਰੋੜ ਰੁਪਏ ਵਧਿਆ ਹੈ । (ਥੰਪਿੰਗ) ਇਨ੍ਹਾਂ ਨੂੰ ਪੁੱਛੋ, ਇਹ ਇਥੇ ਬੈਠੇ ਹੀ ਬੋਲੀ ਦੇਈ ਜਾਂਦੇ ਹਨ । ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਮੈਂ ਪੁੱਛਦਾ ਹਾਂ ਕਿ ਸਾਲ 2001-02 ਵਿਚ ਲੁਧਿਆਣੇ ਵਿਚ ਹਿਸਟਰੀ ਵਿਚ ਪਹਿਲੀ ਵਾਰ ਹੋਇਆ ਹੈ ਕਿ ਉਥੇ ਬੋਲੀ below zero minus negative ਗਈ ਸੀ । ਉਥੇ 23.86 ਕਰੋੜ ਰੁਪਿਆ ਕਿਥੇ ਚਲਾ ਗਿਆ ਸੀ ? ਇਨ੍ਹਾਂ ਨੂੰ ਅਫਸੋਸ ਹੈ ਕਿ ਇਨ੍ਹਾਂ ਦੇ ਬੰਦੇ ਉਥੇ ਬੋਲੀ ਦੇ ਨਹੀਂ ਸਕੇ । ਫਿਰ ਇਹ ਵਾਰ ਵਾਰ ਕਿਉਂ ਇਸ ਇਸ਼ੂ ਨੂੰ ਚੁੱਕਦੇ ਹਨ ?

**ਸਰਦਾਰ ਜਗਦੀਸ਼ ਸਿੰਘ ਗਰਚਾ** : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ ---

**ਮਾਨਯੋਗ ਸਪੀਕਰ** : ਤੁਸੀਂ ਇੰਟਰਪਟ ਨਾ ਕਰੋ । ਬੈਠ ਜਾਓ ।

**ਸਰਦਾਰ ਜਗਦੀਸ਼ ਸਿੰਘ ਗਰਚਾ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਮੇਰਾ ਨਾਮ ਲਿਆ ਹੈ ।

**Mr. Speaker : Please take your seat.** ਸਭ ਨੂੰ ਪਤਾ ਹੈ ਕਿ ਤੁਸੀਂ ਠੇਕੇਦਾਰ ਹੋ ।

**ਮੁੱਖ ਮੰਤਰੀ :** ਮੈਨੂੰ ਲੀਡਰ ਆਫ ਆਪੋਜ਼ੀਸ਼ਨ ਸਾਹਿਬ ਇਹ ਦੱਸ ਦੇਣ ਕਿ ਐਵਰੇਜ ਈਅਰ 2 ਟੂ 3% 1,2,3,4% ਜੋ ਵੀ ਹੈ, ਇਹ ਵਾਧਾ ਚਲ ਰਿਹਾ ਹੈ । 2000-01 ਵਿੱਚ 2.3% ਇਨਕਰੀਜ਼ ਸੀ, 2001-02 ਵਿੱਚ -1.6% ਅਗਲੇ ਸਾਲ ਇਸ ਵਿੱਚ ਕੁਝ ਗੈਪ ਪੈ ਗਿਆ ਸੀ 0.9% ਤੇ ਚਲਾ ਗਿਆ, ਉਸ ਤੋਂ ਸ਼ਾਇਦ ਫਿਰ ਅਸੀਂ ਉਸੇ ਰੇਟ ਤੇ 1.6%, 1.7% or 2.2, 2.3% ਫਿਰ ਇਸੇ ਰੇਟ ਤੇ ਚਲਦਾ ਰਹੇਗਾ । ਫਿਰ ਇਨ੍ਹਾਂ ਨੂੰ ਤਕਲੀਫ ਕੀ ਹੁੰਦੀ ਹੈ ? ਤਕਲੀਫ ਇੱਕੋ ਹੀ ਹੈ ਕਿ ਇਨ੍ਹਾਂ ਦੇ ਬੰਦੇ ਰਹਿ ਗਏ । ਇਨ੍ਹਾਂ ਦੇ ਬੰਦਿਆਂ ਦਾ ਦਿਲ ਨਹੀਂ ਸੀ, ਬੋਲੀ ਦੇ ਦਿੰਦੇ ਅਸੀਂ ਤਾਂ ਸਭ ਨੂੰ ਬੁਲਾਇਆ ਸੀ । ਪੌਂਟੀ ਚੱਢਾ ਦਾ ਨਾਮ ਇਹ ਲੈਂਦੇ ਹਨ । ਅਗਰ ਇਹ ਉਨ੍ਹਾਂ ਦਾ ਨਾਮ ਲੈਂਦੇ ਹਨ । It is only because of frustration ਕਿ ਕੋਈ ਹੋਰ ਬੋਲੀ ਦੇ ਗਿਆ । ਸ਼ਾਇਦ ਇੱਥੇ ਗਰਚਾ ਐਂਡ ਕੰਪਨੀ ਦਾ ਨਾਮ ਹੋਣਾ ਸੀ, ਸ਼ਾਇਦ ਗਰਚਾ ਅਤੇ ਉਨ੍ਹਾਂ ਦੇ ਬੰਦਿਆਂ ਦਾ ਨਾਮ ਹੋ ਜਾਂਦਾ ਲੇਕਿਨ ਇਨ੍ਹਾਂ ਦਾ ਡਰ ਇਹੀ ਹੈ ਤੇ ਇਹ ਵਾਰ ਵਾਰ ਇਸ ਇਸ਼ੂ ਨੂੰ ਹਰ ਸਟੇਜ਼ ਤੇ ਚੁੱਕ ਰਹੇ ਹਨ ।

**ਸਰਦਾਰ ਜਗਦੀਸ ਸਿੰਘ ਗਰਚਾ :** ** ** **

**ਮਾਨਯੋਗ ਸਪੀਕਰ :** ਜੋ ਬਿਨਾਂ ਪਰਮਿਸ਼ਨ ਗਰਚਾ ਜੀ ਵਲੋਂ ਬੋਲਿਆ ਜਾ ਰਿਹਾ ਹੈ, ਕੁਝ ਵੀ ਰਿਕਾਰਡ ਨਾ ਕੀਤਾ ਜਾਵੇ । ਗਰਚਾ ਜੀ ਬੈਠ ਜਾਓ, Please take your seat. No debate. ਬੈਠ ਜਾਓ ।

**ਸਰਦਾਰ ਜਗਦੀਸ਼ ਸਿੰਘ ਗਰਚਾ :** ਸਪੀਕਰ ਸਾਹਿਬ, ਮੇਰਾ ਨਾਮ ਲਿਆ ਗਿਆ ਹੈ, ਮੈਨੂੰ ਕਲੈਰੀਫੀਕੇਸ਼ਨ ਤਾਂ ਦੇ ਲੈਣ ਦਿਓ ।

**ਮਾਨਯੋਗ ਸਪੀਕਰ :** ਤੁਹਾਡਾ ਨਾਮ ਨਹੀਂ ਲਿਆ ਗਿਆ । ਗਰਚਾ ਐਂਡ ਕੰਪਨੀ ਤਾਂ ਹੋਰ ਵੀ ਹੋ ਸਕਦੀਆਂ ਹਨ । ਤੁਸੀਂ ਬੈਠ ਜਾਓ ।

**ਸਰਦਾਰ ਜਗਦੀਸ਼ ਸਿੰਘ ਗਰਚਾ :** ਮੈਂ ਐਮ.ਐਲ.ਏ. ਹਾਂ, ਹੋਰ ਕਿਹੜਾ ਗਰਚਾ ਹੈ ?

**Mr. Speaker :** Please sit down. ਸਾਰੇ ਜਾਣਦੇ ਹਨ, ਸ਼ਰਾਬ ਤੇ ਕਾਫੀ ਬਹਿਸ ਹੋ ਚੁੱਕੀ ਹੈ । ਸੀ.ਐਮ. ਸਾਹਿਬ ਨੂੰ ਕੰਨਕਲਿਊਡ ਕਰ ਲੈਣ ਦਿਓ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਹੁਣ ਤੱਕ ਤਾਂ ਇਨ੍ਹਾਂ ਦੇ ਜਵਾਬ ਦਿੱਤੇ ਹਨ । ਅਸੀਂ ਰੀਫਾਰਮ ਜੋ ਕਰ ਰਹੇ ਹਾਂ (ਵਿਘਨ)

---

** Not recorded as ordered by the Chair.

**ਸਰਦਾਰ ਜਗਦੀਸ਼ ਸਿੰਘ ਗਰਚਾ** : ** ** **

**ਮਾਨਯੋਗ ਸਪੀਕਰ** : ਜੋ ਗਰਚਾ ਜੀ ਬਿਨਾਂ ਆਗਿਆ ਤੋਂ ਬੋਲ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ ।

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਇਹ ਜ਼ਿਆਦਤੀ ਦੀ ਗੱਲ ਕਰਦੇ ਹਨ । ਇਨ੍ਹਾਂ ਨਾਲ ਤਾਂ ਉਦੋਂ ਵੀ ਜਿਆਦਤੀ ਹੋਈ ਸੀ ਜਦੋਂ ਇਨ੍ਹਾਂ ਦੀ ਸਰਕਾਰ ਨੇ ਹੀ ਇਨ੍ਹਾਂ ਨੂੰ ਠੇਕੇ ਨਹੀਂ ਸੀ ਦਿੱਤੇ । (ਵਿਘਨ)

(ਇਸ ਸਮੇਂ ਸਰਦਾਰ ਜਗਦੀਸ਼ ਸਿੰਘ ਗਰਚਾ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਮਾਇਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਦੇ ਰਿਹਾ ਸੀ ।)

**ਸ੍ਰੀ ਸਪੀਕਰ** : No interruption.

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਜੋ ਮਰਜੀ ਕਹੀ ਜਾਣ...

**ਬੀਬੀ ਜਗੀਰ ਕੌਰ** : ਸਪੀਕਰ ਸਾਹਿਬ, ਇਸ ਸਾਰੇ ਪੰਗੇ ਨਾਲੋਂ ਜੇ ਠੇਕੇ ਹੀ ਬੰਦ ਕਰ ਦਿਓ ਤਾਂ ਚੰਗਾ ਹੋਵੇਗਾ ।

**ਮਾਨਯੋਗ ਸਪੀਕਰ** : ਬੀਬੀ ਜਗੀਰ ਕੌਰ ਜੀ ਤੁਸੀਂ ਤਸਰੀਫ ਰੱਖੋ No interruption.

**ਬੀਬੀ ਜਗੀਰ ਕੌਰ** : ਮਾਨਯੋਗ ਸਪੀਕਰ ਸਾਹਿਬ, ਮੁਕਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਘੋਸ਼ਿਤ ਕੀਤਾ ਗਿਆ ਸੀ । ਹੁਣ ਮੁੱਖ ਮੰਤਰੀ ਸਾਹਿਬ ਉਥੇ ਤ੍ਰਿ-ਸ਼ਤਾਬਦੀ ਮਨਾਉਣ ਜਾ ਰਹੇ ਹਨ । ਇਸ ਵੇਲੇ ਸ਼ਹਿਰ ਵਿੱਚ ਬਹੁਤ ਸਾਰੇ ਠੇਕੇ ਖੁਲ੍ਹ ਗਏ ਹਨ । ਮੇਰੀ ਬੇਨਤੀ ਹੈ ਕਿ ਉਹ ਠੇਕੇ ਬੰਦ ਕਰਵਾ ਦਿਤੇ ਜਾਣ ਜੀ ।

**ਮੁੱਖ ਮੰਤਰੀ** : ਬੇਸ਼ੱਕ ਬੀਬੀ ਆਪਾਂ ਜੋ ਮਰਜ਼ੀ ਕਹੀਏ but the proof of the pudding is in the eating. which means ਕਿ ਆਪਾਂ ਲੋਕਾਂ ਦੀ ਕਚਹਿਰੀ ਵਿੱਚ ਜਾਣਾ ਹੈ ਅਤੇ ਲੋਕਾਂ ਦੀ ਕਚਹਿਰੀ ਵਿੱਚ ਆਪਾਂ ਜਿੱਤ ਗਏ । ਉਸ ਦਾ ਮਤਲਬ ਹੈ ਕਿ ਸਾਡੀਆਂ ਪਾਲਿਸੀਜ਼ ਦੀ ਇਨਡੋਰਸਮੈਂਟ ਹੋਈ ਹੈ । ਅੱਜ ਇਨ੍ਹਾਂ ਦੇ ਘਰ ਵਿੱਚ, ਮਲੋਟ ਵਿੱਚ, ਨੱਥੂ ਰਾਮ ਜੀ ਇਥੇ ਬੈਠੇ ਹਨ, ਉਥੋਂ ਇਨ੍ਹਾਂ ਦੀ ਮੰਡੀ ਦੋ ਕਿਲੋਮੀਟਰ ਪੈਂਦੀ ਹੈ, ਉਥੇ ਜਾ ਕੇ ਅਸੀਂ ਇਨ੍ਹਾਂ ਨੂੰ 8000 ਵੋਟਾਂ ਦੇ ਫਰਕ ਨਾਲ ਹਰਾਇਆ । ਫਿਰ ਅਸੀਂ ਕਪੂਰਥਲਾ 13000 ਨਾਲ, ਗੜ੍ਹਸ਼ੰਕਰ 18000 ਨਾਲ ਅਤੇ ਫਿਰ ਅਜਨਾਲਾ 19000 ਨਾਲ ਹਰਾਇਆ । (ਥੰਪਿੰਗ) ਇਸ ਦਾ ਮਤਲਬ ਕੀ ਹੁੰਦਾ ਹੈ ? ਇਸ ਦਾ ਮਤਲਬ ਇਹ ਜਾ ਰਿਹਾ ਹੈ ਕਿ ਲੋਕਾਂ ਦੀ ਸਾਡੇ ਨਾਲ ਸਪੋਰਟ ਵਧ ਰਹੀ ਹੈ ।

** Not recorded as ordered by the Chair.

[ਮੁੱਖ ਮੰਤਰੀ]

ਇਹ ਅੱਜ ਕਹਿ ਰਹੇ ਹਨ ਕਿ ਇਲੈਕਸ਼ਨਾਂ ਦਾ ਇੰਤਜ਼ਾਰ ਕਰ ਲਓ । ਮੈਂ ਵੀ ਬੇਚੈਨੀ ਨਾਲ ਇੰਤਜ਼ਾਰ ਕਰ ਰਿਹਾ ਹਾਂ । ਇਲੈਕਸ਼ਨਾਂ ਦਾ ਇਨ੍ਹਾਂ ਨੂੰ ਪਤਾ ਲੱਗੇਗਾ ਜਦੋਂ ਇਨ੍ਹਾਂ ਦਾ ਮਾਂਜਾ ਫਿਰੂ ਕਿ ਕਿਥੇ ਖੜ੍ਹੇ ਹਾਂ । ਕੋਈ ਏਜੰਡਾ ਨਹੀਂ ਇਨ੍ਹਾਂ ਦੇ ਕੋਲ । (ਵਿਘਨ)...(ਸ਼ੋਰ) ਆ ਜਾਓ ਮੈਦਾਨ ਦੇ ਵਿੱਚ ।

(ਇਸ ਸਮੇਂ ਹਾਊਸ ਵਿੱਚ ਕਾਫੀ ਸ਼ੋਰ ਸੀ ਅਤੇ ਮੈਂਬਰ ਉਚੀ ਉਚੀ ਬੋਲ ਰਹੇ ਸਨ ।)

**Mr. Speaker :** Order Please......(Interruption)...Order please... Order...Order.

**ਮੁੱਖ ਮੰਤਰੀ** : ਇਨ੍ਹਾਂ ਨੂੰ ਹੋਰ ਦੁਖ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**Mr. Speaker** No point of order. ਭੂੰਦੜ ਸਾਹਿਬ, ਤੁਸੀਂ ਤਾਂ ਸਿਆਣੇ ਹੋ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਤੁਸੀਂ ਮੇਰੀ ਸੁਣ ਲਓ । ਜੇ ਦਿਲ ਨੂੰ ਲੱਗੀ ਤਾਂ ਰੱਖ ਲਿਓ, ਨਾ ਲੱਗੀ ਤਾਂ ਕੱਟ ਦਿਓ ।

**ਮਾਨਯੋਗ ਸਪੀਕਰ** : ਚਲੋ ਦੱਸੋ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਤੇ ਗੱਲ ਕਹਿਣੀ ਚਾਹੁੰਦਾ ਹਾਂ ਕਿ ** ** **

**Mr. Speaker** : This is no Point of Order.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ ਖੜੇ ਹਨ, ਪਲੀਜ਼ ।

**ਮੁੱਖ ਮੰਤਰੀ** : ਇਨ੍ਹਾਂ ਦਾ ਤੇ ਸਾਡਾ ਫਰਕ ਇਹ ਹੈ ਕਿ ਇਹ ਹਰ ਵੇਲੇ ਇਲੈਕਸ਼ਨਾਂ ਦੀ ਗੱਲ ਕਰਦੇ ਹਨ । ਮੈਂ ਤੁਹਾਨੂੰ ਇੱਕ ਸੁਨਾਮ ਦੀ ਮਿਸਾਲ ਦਿੰਦਾ ਹਾਂ । ਸੁਨਾਮ ਬਾਇ-ਇਲੈਕਸ਼ਨ ਚੱਲ ਰਿਹਾ ਸੀ । ਇਹ ਤਿੰਨ-ਚਾਰ ਸਾਲ ਪਹਿਲਾਂ ਦੀ ਗੱਲ ਹੈ । ਇੱਕ ਕਿੱਕਰ ਦੇ ਥੱਲੇ ਇਨ੍ਹਾਂ ਦੇ ਵੈਲਫੇਅਰ ਮਨਿਸਟਰ, ਪਤਾ ਨਹੀਂ ਕੌਣ ਸੀ, ਹਾਂ ਟਿਥੇ ਬੈਠੇ ਹਨ । ਇਹ ਮੰਜਾ ਡਾਹ ਕੇ ਬੈਠੇ ਸਨ । ਉਨ੍ਹਾਂ ਨੇ ਥੱਬਾ ਕਾਗਜ਼ਾਂ ਦਾ ਰੱਖ

** Expunged as ordered by the Chair.

ਲਿਆ । ਜਿਹੜਾ ਆਵੇ, ਉਸ ਦੀ ਪੈਨਸ਼ਨ ਲਗਾ ਰਹੇ ਸਨ, ਪੈਨਸ਼ਨ, ਪੈਨਸ਼ਨ, ਪੈਨਸ਼ਨ । ਜਿਸ ਵੇਲੇ ਇਲੈਕਸ਼ਨ ਖਤਮ ਹੋਏ ਤਾਂ ਉਹ ਥੱਬਾ ਕਾਗਜ਼ ਟੋਕੇ ਵਿੱਚ ਸੁੱਟ ਦਿੱਤੇ । ਇਹ ਇਨ੍ਹਾਂ ਦਾ ਫਰਕ ਹੈ । ਲੋਕ ਇਨ੍ਹਾਂ ਦੀ ਨੇਚਰ ਜਾਣਦੇ ਹਨ । ਅੱਜ ਮੀਡੀਆ ਬੜਾ ਪਾਵਰਫੁੱਲ ਹੈ । ਸਾਡੀ ਇਕੱਲੀ ਇਕੱਲੀ ਚੀਜ਼ ਲੋਕਾਂ ਕੋਲ ਪਹੁੰਚਦੀ ਹੈ । ਅੱਜ ਜੇਕਰ ਅਸੀਂ ਜਿੱਤੇ ਹਾਂ ਤਾਂ ਇਹ ਜਿੱਤ ਸਾਡੇ ਪ੍ਰੋਗਰਾਮਾਂ ਦੀ ਜਿੱਤ ਹੈ, ਸਾਡੀਆਂ ਨੀਤੀਆਂ ਦੀ ਜਿੱਤ ਹੈ, ਸਾਡੀ ਲੀਡਰਸ਼ਿੱਪ ਦੀ ਜਿੱਤ ਹੈ । ਲੋਕਾਂ ਨੇ ਇਸ ਸਭ ਨੂੰ ਅਪਰੂਵਲ ਦਿੱਤੀ ਹੈ । ਇਨ੍ਹਾਂ ਨੂੰ ਦੁਖ ਹੋ ਰਿਹਾ ਹੈ ਕਿ ਮੈਂ ਪਾਕਿਸਤਾਨ ਕਿਉਂ ਗਿਆ । ਤੁਹਾਨੂੰ ਕੀ ਤਕਲੀਫ ਹੋ ਗਈ ? ਅਗਰ ਮੈਂ ਨਨਕਾਣਾ ਸਾਹਿਬ ਮੱਥਾ ਟੇਕਣ ਚਲਾ ਗਿਆ, ਅਗਰ ਪੰਜਾ ਸਾਹਿਬ ਚਲਾ ਗਿਆ, ਡੇਰਾ ਸਾਹਿਬ ਮੱਥਾ ਟੇਕਣ ਚਲਾ ਗਿਆ ਤਾਂ ਤੁਹਾਨੂੰ ਕੀ ਤਕਲੀਫ ਹੋ ਰਹੀ ਹੈ । ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਸਮਝਾਉਣਾ ਚਾਹੁੰਦਾ ਹਾਂ ਕਿ ਇਸ ਮੁਲਕ ਦੀ ਪਾਕਿਸਤਾਨ ਨਾਲ ਬਹੁਤ ਦੇਰ ਤੱਕ ਲੜਾਈ ਚਲਦੀ ਰਹੀ ਹੈ । ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੇ ਇੱਕ ਕੋਸ਼ਿਸ਼ ਕੀਤੀ ਕਿ ਕਿਸੇ ਨਾ ਕਿਸੇ ਤਰ੍ਹਾਂ ਇਹ ਫਰਕ ਘਟੇ ਅਤੇ ਪਿਆਰ ਵਧੇ ਔਰ ਉਸ ਕੋਸ਼ਿਸ਼ ਦੇ ਵਿੱਚ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਅਤੇ ਉਨ੍ਹਾਂ ਦੀ ਲੀਡਰਸ਼ਿੱਪ ਅਧੀਨ ਹੋਰ ਮੈਂਬਰ ਸਾਹਿਬਾਨ ਨੇ ਇਸ ਵਿੱਚ ਹਿੱਸਾ ਪਾਇਆ । ਅਗਰ ਅਸੀਂ ਆਪਣੇ ਤੌਰ ਤੇ ਹਿੱਸਾ ਪਾਈਏ ਤਾਂ ਪਿਆਰ ਵਧੇਗਾ । ਇਹ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਪੰਜਾਬੀਆਂ ਦੀ ਇਹ ਪਰੰਪਰਾ ਰਹੀ ਹੈ । ਸਾਡੀ ਹਿਸਟਰੀ ਇੱਕ ਹੈ । ਸਾਡੀਆਂ ਪਰੰਪਰਾਵਾਂ ਇੱਕ ਹਨ । ਸਾਡਾ ਵਿਰਸਾ ਇੱਕ ਹੈ । ਅਸੀਂ ਹਿੰਦੁਸਤਾਨ ਵਿੱਚ ਚਾਹੇ 2 ਪ੍ਰਤੀਸ਼ਤ ਤੋਂ ਘੱਟ ਹਾਂ ਅਤੇ ਸਾਡਾ ਰੋਲ ਇਥੇ ਉਨਾ ਨਹੀਂ ਪਰ ਉਨ੍ਹਾਂ ਦਾ ਰੋਲ ਬਹੁਤ ਹੈ । ਉਨ੍ਹਾਂ ਦਾ ਮਿਲਟਰੀ ਵਿੱਚ ਰੋਲ ਹੈ, ਐਡਮਨਿਸਟ੍ਰੇਸ਼ਨ ਵਿੱਚ ਹੈ, ਉਨ੍ਹਾਂ ਦਾ ਪੁਲੀਟੀਕਲ ਲੀਡਰਸ਼ਿੱਪ ਵਿੱਚ ਰੋਲ ਹੈ, ਸਭ ਕੁਝ ਹੈ । ਦੋਨਾਂ ਮੁਲਕਾਂ ਨੂੰ ਆਪਸ ਵਿੱਚ ਨਜ਼ਦੀਕ ਲਿਆਉਣ ਦੀ ਅਸੀਂ ਕੋਸ਼ਿਸ਼ ਕੀਤੀ ਹੈ । ਵਾਹਿਗੁਰੂ ਦੀ ਕਿਰਪਾ ਨਾਲ ਹੋਈ ਹੈ । ਇਨ੍ਹਾਂ ਨੂੰ ਕੀ ਤਕਲੀਫ ਹੋ ਰਹੀ ਹੈ, ਮੈਨੂੰ ਸਮਝ ਨਹੀਂ ਆਉਂਦੀ । ਅਸੀਂ ਉਥੇ ਗਏ । ਸ਼ਾਇਦ ਫਖਰ ਜਮਾਨ ਦੀ ਪੰਜਾਬੀ ਕਨਵੈਨਸ਼ਨ ਸੀ । ਮੈਂ ਸਾਡੇ ਉਥੋਂ ਦੇ ਸੀ.ਐਮ. ਸਾਹਿਬ ਪਰਵੇਜ਼ ਇਲਾਹੀ ਸਾਹਿਬ ਨੂੰ ਪਹਿਲਾਂ ਨਹੀਂ ਸੀ ਮਿਲਿਆ । ਉਨ੍ਹਾਂ ਨੇ ਸਾਨੂੰ ਬਹੁਤ ਪਿਆਰ ਦਿੱਤਾ । ਉਨ੍ਹਾਂ ਦੇ ਸਪੀਕਰ ਸਾਹਿਬ ਨੇ, ਉਨ੍ਹਾਂ ਦੇ ਗਵਰਨਰ ਸਾਹਿਬ ਨੇ, ਉਨ੍ਹਾਂ ਦੇ ਹੋਰ ਸਾਥੀਆਂ ਨੇ ਇੰਨਾ ਪਿਆਰ ਦਿੱਤਾ, ਮੈਂ ਦੋ ਦਿਨ ਉਥੇ ਰਿਹਾ ਔਰ ਦੋ ਦਿਨਾਂ ਦੇ ਵਿੱਚ ਇਕ ਇਹੋ ਜਿਹਾ ਸਾਡਾ ਮਹੌਲ ਬਣ ਗਿਆ ਕਿ ਮੈਂ ਉਨ੍ਹਾਂ ਨੂੰ ਕਿਹਾ ਕਿ ਚਲੋ ਤਿੰਨ ਗੱਲਾਂ ਅਸੀਂ ਸ਼ੁਰੂ ਕਰੀਏ—ਜਿਹੜੀਆਂ ਗੱਲਾਂ ਸ਼ੁਰੂ ਹੋਇਆਂ, ਇੱਕ ਸਭਿਆਚਾਰ ਤੇ ਉਤੇ, ਇੱਕ ਬੋਲੀ ਤੇ ਇੱਕ ਖੇਡਾਂ ਦੇ ਬਾਰੇ ਤਾਂ ਅਸੀਂ ਉਥੇ ਇੱਕ ਦਮ ਪ੍ਰੈਸ ਕਾਨਫਰੰਸ ਦੇ ਵਿੱਚ ਅਨਾਊਂਸ ਕਰ ਦਿੱਤਾ । ਇਸ ਤੋਂ ਬਾਅਦ ਇਥੇ ਪਟਿਆਲਾ ਦੇ ਵਿੱਚ ਵੀ ਖੇਡਾਂ ਹੋਈਆਂ ਔਰ ਬੜੇ ਵਧੀਆ ਮਾਹੌਲ ਦੇ ਵਿੱਚ ਹੋਈਆਂ । ਜਿਹੜਾ ਮਾਣ ਸਨਮਾਨ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਉਨ੍ਹਾਂ ਉਥੇ ਦਿੱਤਾ, ਉਹ ਸ਼ਾਇਦ ਮੈਂ ਜ਼ਿੰਦਗੀ ਵਿਚ ਵੀ ਵੇਖਿਆ ਨਹੀਂ ਹੋਵੇਗਾ । ਵਾਹਗਾ ਤੋਂ ਲੈ ਕੇ ਪੰਜਾ ਸਾਹਿਬ ਤੱਕ ਜਾਂ ਹੋਰ ਜਿਥੇ ਵੀ ਅਸੀਂ ਘੁੰਮੇ ਤਾਂ ਸਾਨੂੰ ਬਹੁਤ ਪਿਆਰ ਮਿਲਿਆ, ਉਨ੍ਹਾਂ ਦੇ ਪ੍ਰੈਜੀਡੈਂਟ ਸਾਹਿਬ

[ਮੁੱਖ ਮੰਤਰੀ]

ਨੇ ਸੱਦਿਆ, ਚੀਫ ਮਨਿਸਟਰ ਨੇ ਸੱਦਿਆ ਔਰ ਚੀਫ ਮਨਿਸਟਰ ਸਾਹਿਬ ਤਾਂ ਸਾਡੇ ਨਾਲ ਹੀ ਗਏ । ਉਸ ਦੇ ਅਧੀਨ ਅਸੀਂ ਜੋ ਕੁਝ ਪ੍ਰਾਪਤੀਆਂ ਕੀਤੀਆਂ ਹਨ ਉਹ ਆਪਣੇ ਮੁਲਕ ਔਰ ਆਪਣੇ ਪੰਜਾਬ ਦੇ ਵਾਸਤੇ ਕੀਤੀਆਂ ਹਨ ਪਰ ਇਨ੍ਹਾਂ ਨੂੰ ਦੁਖ ਹੈ ਕਿ ਮੈਂ ਉਥੋਂ ਮੁੰਡੇ ਕਿਸ ਤਰ੍ਹਾਂ ਛੁਡਵਾ ਲਿਆਇਆ । ਉਸ ਦੇ ਬਾਰੇ ਮੈਂ ਦਸਦਾ ਹਾਂ ਕਿ ਕਿਸ ਤਰ੍ਹਾਂ ਛੁਡਵਾ ਕੇ ਲਿਆਇਆ । ਇਨ੍ਹਾਂ ਦੇ ਸਾਹਿਬਜ਼ਾਦੇ ਨੇ ਪਾਰਲੀਮੈਂਟ ਦੇ ਵਿੱਚ ਕਿਹਾ ਕਿ ਅਮਰਿੰਦਰ ਸਿੰਘ ਝੂਠ ਬੋਲਦਾ ਹੈ, ਇਹ ਤਾਂ ਪਹਿਲਾਂ ਛੇ ਮਹੀਨੇ ਦੀਆਂ ਗੱਲਾਂ ਹੁੰਦੀਆਂ ਹਨ, ਜਿਹੜੀਆਂ ਇਨ੍ਹਾਂ ਨੇ ਹੁਣ ਦੁਹਰਾਈਆਂ ਹਨ । ਲੇਕਿਨ ਹੋਇਆ ਇਸ ਤਰ੍ਹਾਂ ਜਦੋਂ ਪਾਕਿਸਤਾਨ ਦੇ ਮੁੱਖ ਮੰਤਰੀ ਪਟਿਆਲਾ ਵਿਖੇ ਆਏ ਸਨ ਤਾਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਸਾਡੇ ਕਈ ਮੁੰਡੇ ਟਰੈਵਲ ਏਜੰਟਾਂ ਦੇ ਹੱਥਾਂ ਵਿੱਚ ਚੜ੍ਹ ਕੇ ਉਥੇ ਜੇਲ੍ਹਾਂ ਵਿੱਚ ਬੈਠੇ ਹਨ ਤਾਂ ਉਨ੍ਹਾਂ ਨੇ ਕਿਹਾ ਮੈਨੂੰ ਤਾਂ ਪਤਾ ਨਹੀਂ ਹੈ, ਪਰ ਮੈਂ ਪਤਾ ਕਰਵਾ ਲਵਾਂਗਾ । ਦੇਖ ਲਵੋ, ਜਦੋਂ ਮੈਂ ਉਥੇ ਪਹੁੰਚਿਆ ਤਾਂ ਉਨ੍ਹਾਂ ਨੇ ਇਸ ਦੇ ਬਾਰੇ ਪੜਤਾਲ ਕਰਵਾਈ ਕਿ ਕਿਹੜੀ ਕਿਹੜੀ ਜੇਲ੍ਹ ਵਿਚ ਕੌਣ ਕੌਣ ਬੈਠਾ ਹੈ ਔਰ ਇਨ੍ਹਾਂ ਨੇ ਇੱਕ ਅਫਸਰ ਦੀ ਡਿਊਟੀ ਲਗਾਈ ਕਿ ਉਹ ਇਸਲਾਮਾਬਾਦ ਦੇ ਵਿੱਚ ਜਾਵੇ ਔਰ ਫੈਡਰਲ ਗੌਰਮਿੰਟ ਦੇ ਵਿਚੋਂ ਇਨ੍ਹਾਂ ਦੀ ਅਪਰੂਵਲ ਲੈ ਕੇ ਆਵੇ ਤਾਂ ਉਨ੍ਹਾਂ ਨੇ ਦੱਸਿਆ ਕਿ ਮੈਨੂੰ ਪਤਾ ਲਗਾ ਹੈ ਕਿ ਏਨੇ ਤੁਹਾਡੇ ਕੈਦੀ ਹਨ ਇਹ ਤੁਹਾਡੇ ਨਾਲ ਹੀ ਭੇਜਣੇ ਹਨ । ਅਸੀਂ ਪ੍ਰੈਜ਼ੀਡੈਂਟ ਸਾਹਿਬ ਨੂੰ ਮਿਲਾਂਗੇ ਔਰ ਤੁਸੀਂ ਪ੍ਰੈਜ਼ੀਡੈਂਟ ਸਾਹਿਬ ਨੂੰ ਰਿਕੁਐਸਟ ਕਰ ਦੇਣਾ । (ਥੰਪਿੰਗ) ਫਿਰ ਅਸੀਂ ਉਥੇ ਪ੍ਰੈਜ਼ੀਡੈਂਟ ਸਾਹਿਬ ਨੂੰ ਮਿਲੇ ਤੇ ਕਿਹਾ ਕਿ ਸਾਡੇ ਬੰਦੇ ਤੁਹਾਡੀਆਂ ਜੇਲ੍ਹਾਂ ਦੇ ਵਿੱਚ ਬੈਠੇ ਹਨ ਉਨ੍ਹਾਂ ਨੂੰ ਛੱਡ ਦਿਓ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਅੱਜ ਹੀ ਆਰਡਰ ਕਰ ਦਿੰਦਾ ਹਾਂ ਔਰ ਇਹ ਤੁਹਾਡੇ ਨਾਲ ਹੀ ਜਾਣਗੇ । ਇਹ ਦੁਖ ਹੈ ਇਨ੍ਹਾਂ ਨੂੰ ਕਿ ਇਹ ਕਿਸ ਤਰ੍ਹਾਂ ਬੰਦਿਆਂ ਨੂੰ ਲੈ ਕੇ ਆਏ ਹਨ । ਤੁਹਾਡੇ ਸਮੇਂ ਉਥੇ ਛੇ ਮਹੀਨੇ ਪਹਿਲਾਂ ਇਨਕੁਆਰੀ ਹੁੰਦੀ ਹੋਵੇਗੀ ਲੇਕਿਨ ਸਾਡੇ ਸਮੇਂ ਵਿਚ ਤਾਂ ਇਸ ਤਰ੍ਹਾਂ ਨਹੀਂ ਹੋਈ । ਸਾਨੂੰ ਇੱਕ ਮਹੀਨਾ ਹੀ ਹੋਇਆ ਹੈ ਅਸੀਂ 23 ਬੰਦੇ ਭੇਜ ਦਿੱਤੇ ਹਨ । ਸਾਡੇ ਕੋਲ ਇਸ ਵੇਲੇ 93 ਪਾਕਿਸਤਾਨੀ ਲੋਕ ਜੇਲ੍ਹਾਂ ਵਿਚ ਹਨ ਔਰ ਉਨ੍ਹਾਂ ਦੇ ਵਿਚੋਂ 62 ਕੈਦੀ ਜਿਹੜੇ ਹਨ ਉਨ੍ਹਾਂ ਦੀ ਸਜ਼ਾ ਖਤਮ ਹੋ ਗਈ ਹੈ ਉਨ੍ਹਾਂ ਦੇ ਵਿਚੋਂ 22 ਚਲੇ ਗਏ ਹਨ ਔਰ 40 ਦੀ ਵੀ ਬੜੀ ਜਲਦੀ ਜਾਣ ਦੀ ਇਜਾਜ਼ਤ ਬਾਰੇ ਮੈਨੂੰ ਉਮੀਦ ਹੈ ਕਿ ਦਿੱਲੀ ਤੋਂ ਆ ਜਾਣੀ ਹੈ ਤਾਂ ਅਸੀਂ ਉਨ੍ਹਾਂ ਨੂੰ ਭੇਜ ਦੇਣਾ ਹੈ । ਜਿਹੜੇ 31 ਬਚ ਜਾਣਗੇ ਜਿਨ੍ਹਾਂ ਦੀ ਮਾਈਨਰ ਉਫਜ਼ਿਜ਼ ਹਨ ਜਿਵੇਂ ਪਾਸਪੋਰਟ ਜਾਂ ਇਮੀਗਰੇਸ਼ਨ ਦੇ, ਉਨ੍ਹਾਂ ਦੇ ਬਾਰੇ ਵੀ ਅਸੀਂ ਕੇਸ ਤਿਆਰ ਕਰ ਰਹੇ ਹਾਂ ਤਾਂਕਿ ਉਨ੍ਹਾਂ ਨੂੰ ਵੀ ਵਾਪਸ ਭੇਜ ਦਿੱਤਾ ਜਾਵੇ । ਮੈਂ ਉਥੇ ਵੀ ਉਨ੍ਹਾਂ ਨੂੰ ਦੱਸਿਆ ਕਿ 122 ਸਾਡੇ ਕੋਲ ਹਨ ਤੇ ਇਨ੍ਹਾਂ ਨੂੰ ਅਸੀਂ ਕੇਸ ਬਾਏ ਕੇਸ ਕਰਕੇ ਵਾਪਸ ਭੇਜ ਰਹੇ ਹਨ । ਸੋ, ਇਹ ਸਾਡੀਆਂ ਪ੍ਰਾਪਤੀਆਂ ਹਨ । ਸਾਡੇ ਬੱਚੇ ਆ ਗਏ, ਉਨ੍ਹਾਂ ਦੇ ਮਾਪੇ ਖੁਸ਼ ਹੋ ਗਏ, ਆਪਣੇ ਪਿੰਡਾਂ ਨੂੰ ਚਲੇ ਗਏ । ਇੱਕ ਮੁੰਡਾ 18 ਤੇ ਇੱਕ 17 ਸਾਲ ਬਾਅਦ ਵਾਪਸ ਆਇਆ ਹੈ, ਕੋਈ 9 ਸਾਲ ਤੋਂ ਬਾਅਦ, ਕੋਈ 10 ਸਾਲ ਤੋਂ ਬਾਅਦ ਵਾਪਸ ਆਇਆ । ਛੋਟੇ ਛੋਟੇ ਬੱਚੇ ਹਨ, ਕੋਈ 6 ਸਾਲ ਦਾ, ਕੋਈ 8 ਸਾਲ, ਕੋਈ 10 ਦਾ ਬੱਚਾ ਹੈ । ਇਸ ਤਰ੍ਹਾਂ ਮਾਹੌਲ ਬਣ ਗਿਆ

ਕਿ ਉਨ੍ਹਾਂ ਨੇ ਮਛਿਆਰੇ ਵੀ ਛੱਡ ਦਿੱਤੇ । ਅਸੀਂ ਵੀ ਛੱਡ ਦਿੱਤੇ । ਇਸ ਤੋਂ ਇਲਾਵਾ ਇਥੋਂ ਹੋਰ ਬੰਦੇ ਜਾਣਗੇ ਤਾਂ ਇਕ ਹੋਰ ਵੀ ਅੱਛਾ ਮਾਹੌਲ ਬਣੇਗਾ । ਸਪੀਕਰ ਸਾਹਿਬ, ਵਾਹਿਗੁਰੂ ਦੀ ਕਿਰਪਾ ਨਾਲ ਸਾਡੀ ਟਰੇਡ ਖੁਲ੍ਹ ਜਾਵੇ, ਵਾਹਗਾ ਖੁਲ੍ਹ ਜਾਵੇ, ਹੁਸੈਨੀ ਵਾਲਾ ਖੁਲ੍ਹ ਜਾਵੇ ਕਸੂਰੀ ਸਾਈਡ ਵਾਲਾ ਵੀ ਖੁਲ੍ਹ ਜਾਵੇਗਾ, ਖੇਮਕਰਨ ਸਾਈਡ ਵੀ ਖੁਲ੍ਹ ਜਾਵੇ, ਡੇਰਾ ਬਾਬਾ ਨਾਨਕ ਖੁਲ੍ਹ ਜਾਵੇ, ਅੱਜ ਦੇਖਿਆ ਜਾਵੇ ਤਾਂ ਗੁਰਦਾਸਪੁਰ ਆਰਥਿਕ ਪੱਖ ਤੋਂ ਖਤਮ ਹੋਇਆ ਪਿਆ ਹੈ, ਅੰਮ੍ਰਿਤਸਰ ਡਾਊਨ ਹੈ, ਫਿਰੋਜ਼ਪੁਰ ਕੁਝ ਨਹੀ ਹੈ । ਅਗਰ ਇਹ ਟਰੇਡ ਖੁਲ੍ਹ ਜਾਵੇ ਤਾਂ ਪੰਜਾਬ ਚਮਕਣ ਲਗ ਜਾਣਾ ਹੈ ਔਰ ਅਸੀਂ ਇਹੋ ਹੀ ਚਾਹੁੰਦੇ ਹਾਂ ਕਿ ਉਨ੍ਹਾਂ ਦਾ ਪੰਜਾਬ ਵੀ ਔਰ ਸਾਡਾ ਪੰਜਾਬ ਵੀ ਵਧੇ । ਮੈਂ ਉਨ੍ਹਾਂ ਦੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਦੀ ਹਿੰਮਤ ਕਰਕੇ ਅੱਜ ਅਸੀਂ ਇਸ ਸਟੇਜ ਦੇ ਉਤੇ ਪਹੁੰਚੇ ਹਾਂ । ਪ੍ਰਧਾਨ ਮੰਤਰੀ ਸਾਹਿਬ ਔਰ ਮੁਸ਼ਰਫ ਸਾਹਿਬ ਦੀ ਕੱਲ੍ਹ ਗੱਲਬਾਤ ਹੋਈ ਹੈ, ਅਸੀਂ ਅੱਜ ਅਖਬਾਰਾਂ ਦੇ ਵਿਚ ਵੇਖਿਆ ਹੈ ਤਾਂ ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਔਰ ਅਸੀਂ ਉਨ੍ਹਾਂ ਨੂੰ ਵਧਾਈ ਵੀ ਦੇਂਦੇ ਹਾਂ ਔਰ ਆਸ ਕਰਦੇ ਹਾਂ ਕਿ ਇਥੇ ਇਸ ਤਰ੍ਹਾਂ ਦਾ ਮਾਹੌਲ ਬਣੇ ਕਿ ਅਸੀਂ ਭਰਾਵਾਂ ਤੇ ਭੈਣਾਂ ਵਾਂਗ ਰਹੀਏ ।

ਇਸ ਤੋਂ ਅੱਗੇ ਐਗਰੀਕਲਚਰ ਦੇ ਬਾਰੇ ਵੀ ਮੈਂ ਕੁਝ ਜ਼ਿਕਰ ਕਰਨਾ ਚਾਹੁੰਦਾ ਹਾਂ ਕਿਉਂਕਿ ਇਹ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ । ਜਿਹੜਾ ਡਾਈਵਰਸੀਫਿਕੇਸ਼ਨ ਦਾ ਪ੍ਰੋਗਰਾਮ ਹੈ ਜਿਸ ਦੇ ਬਾਰੇ ਸਾਹਮਣੇ ਬੈਠੇ ਭਰਾ ਹੱਸਦੇ ਰਹਿੰਦੇ ਹਨ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਕਿਸੇ ਚੀਜ਼ ਦੇ ਵਿੱਚ ਤਬਦੀਲੀ ਲਿਆਉਂਦੇ ਹਾਂ ਤਾਂ ਉਸ ਦੇ ਵਿਚ ਸਮਾਂ ਲਗ ਜਾਂਦਾ ਹੈ । ਲੋਕ ਇਹ ਬਦਲਣਾ ਜ਼ਰੂਰ ਚਾਹੁੰਦੇ ਹਨ ਪਰ ਉਹ ਇਹ ਚਾਹੁੰਦੇ ਹਨ ਕਿ ਜੇਕਰ ਬਦਲ ਦਿੱਤਾ ਗਿਆ ਤਾਂ ਸਾਨੂੰ ਆਪਣੇ ਟੱਬਰ ਨੂੰ ਪਾਲਣ ਵਾਸਤੇ ਕੋਈ ਦਿੱਕਤ ਵੀ ਨਾ ਆਵੇ । ਅਸੀਂ ਵੀ ਵੇਖਣਾ ਚਾਹੁੰਦੇ ਹਾਂ ਕਿ ਜਿਹੜੀਆਂ ਨਵੀਆਂ ਫਸਲਾਂ ਆਈਆਂ ਹਨ ਉਹ ਕਿਤੇ ਹੁਸ਼ਿਆਰਪੁਰ ਸਾਈਡ ਚਲ ਜਾਣ, ਹੋ ਸਕੇ ਅਬੋਹਰ ਨਾ ਚਲਣ । ਇਹ ਟਰਾਇਲ ਹੁੰਦੀ ਹੈ ਔਰ ਇਸ ਤਰ੍ਹਾਂ ਇਹ ਚਲ ਰਿਹਾ ਹੈ । ਮਾਲਟਿਆਂ ਦਾ ਕੰਮ ਹੈ, ਕਈ ਚੀਜ਼ਾਂ ਅਸੀਂ ਕਰਨਾ ਚਾਹੁੰਦੇ ਹਾਂ । ਅਲਟੀਮੇਟ ਆਬਜੈਕਟਿਵ ਕੀ ਹੈ, ਅਲਟੀਮੇਟ ਆਬਜੈਕਟਿਵ ਇਹ ਹੈ ਕਿ ਅੱਜ ਡਬਲਯੂ.ਟੀ.ਓ. ਇੱਕ ਰਿਐਲਿਟੀ ਹੈ । ਸਾਰੇ ਮੁਲਕ, ਸਾਰੀ ਦੁਨੀਆਂ ਦੇ ਮੁਲਕ ਡਬਲਿਊ.ਟੀ.ਓ. ਦੀ ਛਤਰੀ ਹੇਠ ਆ ਗਏ ਹਨ । ਇਕ ਸਮਾਂ ਆਵੇਗਾ, ਵਾਹਿਗੁਰੂ ਕਰੇ ਨਾ ਆਵੇ ਪਰ ਆਵੇਗਾ ਜਿਸ ਵੇਲੇ ਸਾਰੇ ਮੁਲਕਾਂ ਦੀ ਆਪਸ ਵਿਚ ਪ੍ਰਾਈਸ ਸਟੇਬਿਲਟੀ ਆ ਜਾਣੀ ਹੈ । ਆਸਟ੍ਰੇਲੀਆ ਦੀ ਕਣਕ ਹਿੰਦੁਸਤਾਨ ਦੀ ਬੰਦਰਗਾਹ ਤੇ 460/- ਰੁਪਏ ਵਿਚ ਵੇਚੀ ਜਾਵੇਗੀ । ਮੈਂ ਨਹੀਂ ਚਾਹੁੰਦਾ ਕਿ ਉਹ ਦਿਨ ਆਵੇ ਕਿ 640/- ਰੁਪਏ ਵਿਚ ਅਸੀਂ ਆਪਣੇ ਲੋਕਾਂ ਦੀ ਕਣਕ ਨਾ ਵੇਚ ਸਕੀਏ । ਕੀਮਤਾਂ ਚੜ੍ਹਨ ਹਰ ਸਾਲ ਮੈਂ ਤਾਂ ਹੀ ਕਹਿੰਦਾ ਹਾਂ ਕਿ ਡਾਈਵਰਸੀਫਿਕੇਸ਼ਨ ਦਾ ਤਰੀਕਾ ਲਿਆਈਏ । ਨਵੀਆਂ ਫਸਲਾਂ, ਨਵੇਂ ਢੰਗ, ਨਵੀਂ ਖਰੀਦ ਦਾ ਪ੍ਰਬੰਧ ਹੋਵੇ । ਅੱਜ ਜਿਸ ਕੋਲ ਸੱਤ ਕਿੱਲੇ ਹਨ ਉਸ ਦੇ ਦੋ ਬੱਚਿਆਂ ਕੋਲ ਅੱਧੀ ਜ਼ਮੀਨ ਰਹਿ ਜਾਵੇਗੀ/ਫੇਰ

[ਮੁੱਖ ਮੰਤਰੀ]

ਅੱਗੇ ਜਾ ਕੇ ਕਿੱਲਾ ਕਿੱਲਾ ਰਹਿ ਜਾਵੇਗਾ । How will it carry on ? ਇਸ ਵਾਸਤੇ ਸੋਚਣਾ ਚਾਹੀਦਾ ਹੈ । ਮੇਰਾ ਖਿਆਲ ਹੈ ਇਸ ਵਿਚ ਆਪੋਜ਼ੀਸ਼ਨ ਨੂੰ ਸਾਨੂੰ ਕੋਆਰਡੀਨੇਟ ਕਰਨਾ ਚਾਹੀਦਾ ਹੈ ਕਿ ਇਹ ਗੱਲ ਪੰਜਾਬ ਦੀ ਬਿਹਤਰੀ ਵਾਸਤੇ ਹੈ । ਇਹ ਕੋਈ ਪੁਲੀਟੀਕਲ ਇਸ਼ੂ ਨਹੀਂ ਹੈ । ਇਹ ਪੰਜਾਬੀਆਂ ਦੇ ਫਿਊਚਰ ਦੀ ਗੱਲ ਹੈ । ਇਹ ਕਰਨੀ ਚਾਹੀਦੀ ਹੈ । ਅਗਰ ਅਸੀਂ ਮਾਹੌਲ ਠੀਕ ਰੱਖਾਂਗੇ ਤਾਂ ਇੰਡਸਟਰੀ ਆਵੇਗੀ । ਪੰਜਾਬੀਆਂ ਦੀ ਕੰਮ ਕਰਨ ਦੀ ਹਿੰਮਤ ਬਹੁਤ ਹੈ, ਲੋਕ ਇਥੇ ਆਉਣਾ ਚਾਹੁੰਦੇ ਹਨ । ਮੇਰੀ ਇਹ ਕੋਸ਼ਿਸ਼ ਹੈ, ਵਾਹਿਗੁਰੂ ਕਰੇ ਸ਼ਾਇਦ ਇਕ ਅੱਧੇ ਦਿਨ ਵਿਚ ਅਨਾਊਂਸ ਕਰਾਂਗੇ ਪੰਜਾਬ ਵਿਚ ਇਕ ਬਹੁਤ ਵੱਡਾ ਪ੍ਰਜੈਕਟ ਆਟੋਮੋਬਾਈਲ ਦਾ, ਕੰਪਲੀਟ ਜੀ.ਟੀ. ਰੋਡ ਐਂਸਿਲਰੀ ਇੰਡਸਟਰੀ ਸਥਾਪਿਤ ਹੋ ਸਕੇ । These are issues, ਜੋ ਕਰਨਾ ਚਾਹੀਦਾ ਹੈ । ਇਥੇ ਇਨਫ੍ਰਾਸਟ੍ਰਕਚਰ ਦੀ ਗੱਲ ਕਰਦੇ ਸੀ ਕਿ ਸੜਕਾਂ ਟੁੱਟ ਗਈਆਂ ਹਨ । ਵਾਰ ਵਾਰ ਮੈਨੂੰ ਇਥੇ ਇਹ ਸਵਾਲ ਸੁਨਣ ਨੂੰ ਮਿਲਿਆ । ਸਾਡੇ ਕੋਲ 4251 ਕਿਲੋਮੀਟਰ ਲਿੰਕ ਰੋਡਜ਼ ਹਨ ਜਿਨ੍ਹਾਂ ਦੀ 6 ਸਾਲ ਬਾਅਦ ਰਿਪੇਅਰ ਹੁੰਦੀ ਹੈ । ਅੱਜ ਅਗਰ ਉਨ੍ਹਾਂ ਦੀ ਹਾਲਤ ਮਾੜੀ ਹੈ ਤਾਂ ਉਹ ਬਣਾਈਆਂ ਕਿਸ ਨੇ ਸਨ । ਇਨ੍ਹਾਂ ਨੇ, Who is responsible ? ਸਾਨੂੰ ਤਾਂ ਹਾਲੇ ਤਿੰਨ ਸਾਲ ਹੀ ਹੋਏ ਹਨ । ਸੜਕਾਂ ਜੋ ਟੁੱਟ ਰਹੀਆਂ ਹਨ ਉਹ ਇਨ੍ਹਾਂ ਦੇ ਆਪਣੇ ਸਮੇਂ ਵਿਚ ਬਣੀਆਂ ਹਨ । ਅਸੀਂ ਉਨ੍ਹਾਂ ਨੂੰ ਬਣਾ ਰਹੇ ਹਾਂ । ਅਸੀਂ ਕੋਸ਼ਿਸ਼ ਕਰ ਰਹੇ ਹਾਂ । ਬਾਕੀ ਜੋ ਅੰਕੜੇ ਹਨ I can give you the figures. ਅਸੀਂ ਡਿਵੈਲਪਮੈਂਟ ਕਰ ਰਹੇ ਹਾਂ । On this infrastructure. ਅਸੀਂ 18 ਹਾਈ ਟ੍ਰੈਫਿਕ ਕੋਰੀਡੋਰਜ਼ ਬਣਾ ਰਹੇ ਹਾਂ ਪੰਜਾਬ ਵਿਚ ਜਿਸ ਵਿਚ 20 ਓਵਰ ਐਂਡ ਅੰਡਰ ਬ੍ਰਿਜਿਜ਼ ਲੱਗਣਗੇ । It is being done on the BOT system. ਇਸ ਸਿਸਟਮ ਵਿਚ ਚਾਰ ਟੈਂਡਰ ਆਊਟ ਹੋ ਚੁੱਕੇ ਹਨ ਬਾਕੀ ਨਾਲ ਦੇ ਨਾਲ ਕਰਾਂਗੇ । It will be on case to case basis. ਤਾਂ ਕਿ ਕੰਮ ਸ਼ੁਰੂ ਹੋ ਜਾਵੇ । 1755 district and state roads have been completed. ਜੋ ਅਸੀਂ ਕੀਤੀਆਂ ਹਨ । 4197 Km. roads and 99 bridges will be constructed during the next 2 years with an expenditure of Rs. 978 crores. 9000 Km. link roads have been repaired with an expenditure of Rs. 350 crores by 28th February. Additional 8235 Km. of roads with an expenditure of Rs. 320 crores will be finished by the end of this financial year. ਇਸ ਤੋਂ ਇਲਾਵਾ ਤਿੰਨ ਮੇਜਰ ਕਾਰਪੋਰੇਟ ਟਾਊਨਜ਼ ਜਿਵੇਂ ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ ਵਿਚ ਸੁਪਰ ਬਸ ਸਟੈਂਡ ਬਣਾਏ ਜਾਣਗੇ । ਇਹ ਇਸ ਸਾਲ ਵਿਚ ਕੰਪਲੀਟ ਹੋ ਜਾਣੇ ਹਨ So, these are the issues. And I think, the God willing ਜਿਸ ਤਰੀਕੇ ਨਾਲ ਮਾਹੌਲ ਬਣ ਰਿਹਾ ਹੈ ਇਹ ਕੋਈ ਹਾਸੇ ਦੀ ਗੱਲ ਨਹੀਂ ਇਹ ਹੱਸਣਗੇ ਜ਼ਰੂਰ, ਇਨ੍ਹਾਂ ਨੂੰ ਵੀ ਪਤਾ ਲੱਗ ਜਾਵੇਗਾ । ਜਦੋਂ ਇਲੈਕਸ਼ਨਾਂ ਆਉਣਗੀਆਂ ਕਿ ਅੱਜ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ । ਉਹ ਚਾਹੁੰਦੇ ਹਨ ਕੰਟੀਨਿਊਟੀ, ਉਹ ਚਾਹੁੰਦੇ ਹਨ ਸਟੇਬਿਲਟੀ ਉਹ ਚਾਹੁੰਦੇ ਹਨ ਉਹ ਗੌਰਮਿੰਟ ਜੋ ਕੰਮ ਕਰੇ । (ਥੰਪਿੰਗ) ਮੈਂ ਹੋਰ ਵੀ ਗੱਲਾਂ ਕਹਿਣੀਆਂ ਸਨ, ਦੋ ਤਿੰਨ ਗੱਲਾਂ ਰਹਿ

ਗਈਆਂ ਹਨ । ਇਕ ਐਗਰੀਕਲਚਰ ਤੇ ਵੈਟ ਦਾ ਜ਼ਿਕਰ ਕੀਤਾ ਗਿਆ ਹੈ । ਫਾਈਨਾਂਸ ਮਨਿਸਟਰ ਸਾਹਿਬ ਦੀ 26 ਤਰੀਕ ਨੂੰ ਇਮਪਾਵਰਡ ਕਮੇਟੀ ਦੀ ਮੀਟਿੰਗ ਹੈ । ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਐਗਰੀਕਲਚਰ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ । It is not possible. ਕਿ ਅਗਰ ਐਮ.ਐਸ.ਪੀ. ਇਥੇ ਸਟੈਗਨੈਂਟ ਰਹੇ, ਕਾਸਟਾਂ ਵਧਣ, ਅਸੀਂ ਲੋਕਾਂ ਤੇ ਲੋਡ ਨਾ ਪਾਈਏ ਡੀਜ਼ਲ ਬਹੁਤ ਘੱਟ ਹੈ ਕਿਉਂਕਿ international prices of crude ਵੱਧ ਰਹੀਆਂ ਹਨ । ਸਾਨੂੰ ਪਤਾ ਸੀ ਕਿ ਕਦੇ ਨਾ ਕਦੇ ਇਕ ਦਿਨ ਆਵੇਗਾ ਸੈਂਟਰ ਪੈਟਰੋਲ ਤੇ ਡੀਜ਼ਲ ਦੀਆਂ ਪ੍ਰਾਈਸਿਜ਼ ਚੁੱਕੇਗੀ Therefore, we had to take it back. ਅਸੀਂ ਡਬਲ ਲੋਡ ਨਹੀਂ ਪਾ ਸਕਦੇ । ਹੁਣ ਮੈਂ ਇਨ੍ਹਾਂ ਨੂੰ ਬੇਨਤੀ ਕੀਤੀ ਹੈ ਕਿ ਨੈਸ਼ਨਲ ਕੰਸੈਂਸਸ ਇਹ ਕਰਨ 26 ਤਰੀਕ ਨੂੰ, ਫਰਟੀਲਾਈਜ਼ਰ, ਪੈਸਟੀਸਾਈਡਜ਼ ਇਹ ਇਸ ਕੰਬੈਟ ਵਿਚੋਂ ਕੱਢੀਏ, ਵੈਟ ਵਿਚੋਂ ਤਾਂ ਕਿ ਸਾਡੇ ਲੋਕਾਂ ਨੂੰ ਤਕਲੀਫ ਨਾ ਹੋਵੇ । It is hoped that the national consensus will be reached on this. ਜੋ ਮੈਨੂੰ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਜਦੋਂ ਪਿਛਲੀ ਵਾਰੀ ਉਥੇ ਗਏ ਸੀ ਤਾਂ ਇਹ ਗੱਲ ਕਹੀ ਗਈ ਸੀ । ਬਹੁਤ ਸਾਰੀਆਂ ਸਟੇਟਾਂ ਦੀ ਇਹ ਸੋਚ ਹੈ । 26 ਤਾਰੀਖ ਤੋਂ ਬਾਅਦ ਅਸੀਂ ਇਸ ਬਾਰੇ ਦੱਸਾਂਗੇ ।

ਦੂਸਰਾ, ਮੈਂ ਡਿਫੈਂਸ ਸਰਵਿਸ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਆਰਮੀ ਹੈ । ਮੈਂ ਵੀ ਫੌਜੀ ਰਿਹਾ ਹਾਂ ਅਤੇ ਕੈਪਟਨ ਕੰਵਲਜੀਤ ਸਿੰਘ ਜੀ ਵੀ ਫੌਜ ਵਿਚ ਰਹੇ ਹਨ । ਉਹ ਵੀ ਐਗਰੀ ਕਰਦੇ ਹੋਣਗੇ । ਸਾਡੇ ਜਿਹੜੇ ਫੌਜੀ ਭਰਾ ਹਨ, ਉਹ 30 ਸਾਲ ਦੀ ਰੈਜੀਮੈਂਟ ਲਾਈਫ ਦੇ ਵਿਚੋਂ ਤਕਰੀਬਨ 20 ਸਾਲ ਫੀਲਡ ਏਰੀਆਜ਼ ਦੇ ਵਿਚ ਰਹਿੰਦੇ ਹਨ । ਉਹ ਬੜੇ ਮੁਸ਼ਕਲ ਏਰੀਆਜ ਹੁੰਦੇ ਹਨ । ਜਿਵੇਂ ਕਿ ਲਦਾਖ ਦੀਆਂ ਪਹਾੜੀਆਂ ਹਨ, ਆਨ ਗੋਇੰਗ ਕਨਫਲਿਕਟ ਹੈ ਕਸ਼ਮੀਰ ਦੇ ਵਿਚ, ਇਹ ਬੜੇ ਖਤਰੇ ਵਾਲੇ ਏਰੀਆਜ਼ ਹਨ । ਮਸਾਂ ਹੀ ਘਰਾਂ ਦੇ ਵਿਚ ਵਾਪਸ ਜਵਾਨ ਆਉਂਦੇ ਹਨ । ਉਥੇ ਉਨ੍ਹਾਂ ਨੂੰ ਕਦੇ ਫੈਮਲੀ ਕੁਆਰਟਰਜ਼ ਵੀ ਨਹੀਂ ਮਿਲੇ । ਬਹੁਤ ਹੀ ਘੱਟ ਲੋਕ ਹਨ, ਤਕਰੀਬਨ 20% ਲੋਕ ਹਨ ਜਿਹੜੇ ਕਿ ਆਪਣੀਆਂ ਫੈਮਲੀਜ਼ ਨੂੰ ਆਪਣੇ ਨਾਲ ਫੌਜ ਦੇ ਕੁਆਰਟਰਜ਼ ਵਿਚ ਲੈ ਕੇ ਜਾਂਦੇ ਹਨ । ਬਾਕੀ ਫੌਜੀ ਆਪਣੀਆਂ ਫੈਮਲੀਜ਼ ਨੂੰ ਆਰਮੀ ਕੁਆਰਟਰਜ਼ ਦੇ ਵਿਚ ਨਹੀਂ ਲਿਆਉਂਦੇ । ਬਹੁਤ ਥੋੜ੍ਹੀਆਂ ਜਿਹੀਆਂ ਸਹੂਲਤਾਂ ਹਨ ਜਿਹੜੀਆਂ ਕਿ ਆਪਾਂ ਉਨ੍ਹਾਂ ਨੂੰ ਦੇ ਕੇ ਕੰਪਨਸੇਟ ਕਰ ਸਕਦੇ ਹਾਂ । One of the privileegs ਇਹ ਹੈ ਕਿ ਉਨ੍ਹਾਂ ਨੂੰ ਕੰਟੀਨ ਸਟੋਰ ਡਿਪਾਰਟਮੈਂਟਸ ਦੀ ਸਹੂਲਤ ਮਿਲਦੀ ਹੈ । ਕੰਟੀਨ ਸਟੋਰ ਡਿਪਾਰਟਮੈਂਟਸ ਦੇ ਰਾਹੀਂ ਉਨ੍ਹਾਂ ਨੂੰ ਚੀਜ਼ਾਂ ਲੈਸ ਰੇਟ ਤੇ ਮਿਲਦੀਆਂ ਹਨ । ਇਸ ਬਾਰੇ ਵੀ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਨੈਸ਼ਨਲ ਕਨਸੈਂਸਿਜ਼ ਇਨਵਾਲਵ ਕਰਨ ਦੀ ਕੋਸ਼ਿਸ਼ ਕਰੋ ਇਹ ਇੱਕ ਕਿਸਮ ਦਾ ਪ੍ਰਿਵਲੇਜ ਮਿਲਦਾ ਹੈ । (ਥੰਪਿੰਗ) ਪੰਜਾਬ ਦੇ ਐਕਸ-ਸਰਵਿਸਮੈਨ ਦੀ ਦੇਸ਼ ਦੀ ਰਾਖੀ ਕਰਨ ਵਿਚ ਕੰਟਰੀਬਿਊਸ਼ਨ ਬਹੁਤ ਜ਼ਿਆਦਾ ਹੈ । ਐਕਸ-ਸਰਵਿਸਮੈਨ ਜੋ ਕਿ ਆਪਣੀਆਂ ਡਿਊਟੀਆਂ ਪੂਰੀਆਂ ਕਰਕੇ ਆਏ ਹਨ, ਉਹ ਆਪਣੇ ਘਰਾਂ ਦੇ ਵਿਚ ਬੈਠੇ ਹਨ । ਇਹ ਬਹੁਤ ਹੀ ਹਾਰਟ ਬਰਨਿੰਗ ਫੀਲਿੰਗ ਹੈ । We must recognise their efforts.

[ਮੁੱਖ ਮੰਤਰੀ]

ਅਸੀਂ ਵੀ ਐਤਕੀਂ ਡਿਫੈਂਸ ਦੇ ਵਿਚ ਪ੍ਰੋਵੀਜ਼ਨ ਕੀਤੀ ਹੈ ਕਿ ਜਿਹੜੇ ਸਾਡੇ ਬਹਾਦਰੀ ਦੇ ਤਮਗੇ ਹਨ ਜਿਵੇਂ, ਕਿ ਪਰਮਵੀਰ ਚੱਕਰ ਹੈ ਜਾਂ ਹੋਰ ਤਮਗੇ ਹਨ, ਜੋ ਵੀ ਬਹਾਦਰੀ ਦੇ ਤਮਗੇ ਪ੍ਰਾਪਤ ਕਰਦੇ ਹਨ, ਉਸ ਦੇ ਵਾਸਤੇ ਅਸੀਂ ਰਾਸ਼ੀ ਬਹੁਤ ਇਨਹਾਂਸ ਕੀਤੀ ਹੈ। ਉਹ ਇਸ ਕਰਕੇ ਕੀਤੀ ਹੈ ਕਿਉਂਕਿ ਪਹਿਲਾਂ ਇਨ੍ਹਾਂ ਤਮਗਿਆਂ ਜਿਵੇਂ ਕਿ ਪਰਮਵੀਰ ਚੱਕਰ, ਮਹਾਂਵੀਰ ਚੱਕਰ, ਵੀਰ ਚੱਕਰ, ਅਤੇ ਸੈਨਾ ਮੈਡਲਾਂ ਅਤੇ ਹੋਰ ਜੋ ਵੀ ਤਮਗੇ ਹਨ, ਉਨ੍ਹਾਂ ਵਾਸਤੇ ਰਾਸ਼ੀ ਘੱਟ ਰੱਖੀ ਗਈ ਸੀ। ਕਿਉਂਕਿ ਇਨ੍ਹਾਂ ਨੂੰ ਪਤਾ ਹੀ ਨਹੀਂ ਸੀ ਇਸ ਕਿਸਮ ਦੇ ਅਵਾਰਡ ਵਾਸਤੇ ਕਿਸ ਕਿਸਮ ਦੀ ਕਦਰ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਕਿਸ ਕਿਸਮ ਦੀ ਬਹਾਦਰੀ ਦੇ ਕਾਰਨ ਇਹ ਅਵਾਰਡ ਜਿੱਤਦੇ ਹਨ। ਅਵਾਰਡ ਪ੍ਰਾਪਤ ਕਰਨ ਵਾਲਿਆਂ ਨੇ ਬਹੁਤ ਜ਼ਿਆਦਾ ਬਹਾਦਰੀ ਦਿਖਾਈ ਹੁੰਦੀ ਹੈ ਤਾਂ ਹੀ ਇਹ ਅਵਾਰਡ ਮਿਲਦੇ ਹਨ। ਇਸੇ ਕਰਕੇ ਅਸੀਂ ਸਮਝਦੇ ਹਾਂ ਕਿ ਜਿਹੜੀ ਇਨਹਾਂਸਮੈਂਟ 12-12 ਗੁਣਾਂ ਦੇ ਕਰੀਬ ਕੀਤੀ ਹੈ, ਉਹ ਇਸ ਲਈ ਕੀਤੀ ਹੈ ਕਿ ਸਾਨੂੰ ਉਨ੍ਹਾਂ ਦੀਆਂ ਸਰਵਿਸਿਜ਼ ਨੂੰ ਜ਼ਰੂਰ ਰੈਕੋਗਨਾਈਜ਼ ਕਰਨਾ ਚਾਹੀਦਾ ਹੈ। ਅਗਰ ਕੋਈ ਪਰਮਵੀਰ ਚੱਕਰ ਜਿੱਤ ਕੇ ਵੀ ਬਚ ਗਿਆ ਹੈ ਤਾਂ ਇਹ ਉਸ ਦੀ ਸੈਕਿੰਡ ਲਾਈਫ ਹੁੰਦੀ ਹੈ। ਨੋਰਮਲੀ ਇਹੋ ਜਿਹੇ ਮਾਮਲਿਆਂ ਦੇ ਵਿਚ ਕੋਈ ਬਚਦਾ ਹੀ ਨਹੀਂ ਹੁੰਦਾ। ਇਸੇ ਕਾਰਨ ਅਸੀਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਫੈਮਲੀਜ਼ ਨੂੰ ਕਈ ਕਿਸਮ ਦੀਆਂ ਸਹੂਲਤਾ ਦੇਣੀਆਂ ਚਾਹੁੰਦੇ ਹਾਂ। ਸਾਲ 1947 ਤੋਂ ਪਹਿਲਾਂ ਦੇ ਵੀ ਬਹਾਦਰੀ ਦੇ ਤਮਗੇ ਹਨ। ਜੋ ਬਹਾਦਰੀ ਦੇ ਤਮਗੇ ਸਾਰਾਗੜ੍ਹੀ ਨਾਲ ਸਬੰਧਤ ਹਨ, ਅਸੀਂ ਉਨ੍ਹਾਂ ਦੀ ਰਾਸ਼ੀ ਨੂੰ ਵੀ ਇਨਕਰੀਜ਼ ਕੀਤਾ ਹੈ। ਮਾਲਾਬਾਰ ਕਰਾਸ ਵਗੈਰਾ ਅਸੀਂ ਇੰਡੀਅਨ ਅਵਾਰਡਜ਼ ਦੇ ਨਾਲ ਇਕੁਏਟ ਕੀਤੇ ਹਨ। ਸਾਰਾਗੜ੍ਹੀ ਦੇ ਬਾਰੇ ਮੈਨੂੰ ਯਾਦ ਹੈ। ਮੈਨੂੰ ਅਫਸੋਸ ਹੈ ਕਿ ਸਾਰਾਗੜ੍ਹੀ ਇੱਕ ਇਹੋ ਜਿਹੀ ਗੜ੍ਹੀ ਸੀ, ਇੱਕ ਇਹੋ ਜਿਹੀ ਜੰਗ ਸੀ, ਜਿਸ ਦੇ ਬਾਰੇ ਕਿ ਯੂਨੈਸਕੋ ਵਾਲੇ ਵੀ ਆਪਣੀਆਂ ਕਿਤਾਬਾਂ ਦੇ ਵਿਚ ਲਿਖਦੇ ਹਨ। ਉਥੇ ਹਵਾਲਦਾਰ ਈਸ਼ਰ ਸਿੰਘ ਦੇ ਨਾਲ 21 ਜਵਾਨ ਸਾਰਾਗੜ੍ਹੀ ਦੇ ਵਿਚ ਸ਼ਹੀਦ ਹੋਏ ਸਨ। ਇਹ ਜਗ੍ਹਾ ਸਾਰਾਗੜ੍ਹੀ ਦੇ ਵਿਚ ਖ਼ਾਈਬਰ ਪਾਸ ਤੋਂ ਇੱਕ ਘੰਟਾ ਇੱਧਰ ਗੁਲਿਸਤਾਨ ਰਿਜ਼ੋਰਟ ਹੈ। ਇਸ ਦੇ ਨੀਚੇ ਸਮਾਨਾ ਰਿਜ ਹੈ। ਉਸ ਰਿਜ ਤੇ ਲੜਾਈ ਹੋਈ ਸੀ। ਜਦੋਂ ਉਹ ਸਾਰੇ ਜਵਾਨ ਸ਼ਹੀਦ ਹੋ ਗਏ ਤਾਂ ਹਾਊਸ ਆਫ ਕਾਮਨਜ਼ ਨੇ ਯੂ.ਕੇ. ਦੇ ਵਿਚ ਸਾਰੇ 21 ਜਵਾਨਾਂ ਨੂੰ ਉਸ ਜ਼ਮਾਨੇ ਦਾ ਵਿਕਟੋਰੀਆ ਕਰਾਸ ਜੋ ਸੀ, ਉਹ ਇੰਡੀਅਨ ਆਰਡਰ ਆਫ ਮੈਰਿਟ, ਉਨ੍ਹਾਂ ਸਾਰੇ ਜਵਾਨਾਂ ਨੂੰ ਦਿੱਤਾ। ਮੈਨੂੰ ਅਫਸੋਸ ਹੈ ਕਿ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਦੇ ਇੱਕ ਬੰਦੇ ਨੇ, ਜੋ ਸਾਰਾਗੜ੍ਹੀ ਮੈਮੋਰੀਅਲ ਗੁਰਦੁਵਾਰਾ ਸਾਹਿਬ ਫਿਰੋਜ਼ਪੁਰ ਦੇ ਵਿਚ ਬਣਿਆ ਹੋਇਆ ਹੈ, ਉਸ ਦੇ ਵਿਚ ਕੁਝ ਕੁਆਰਟਰ ਬਣਾ ਦਿੱਤੇ। ਉਥੇ ਬਿਲਡਿੰਗਾਂ ਬਣਾ ਦਿੱਤੀਆਂ। ਬਹੁਤ ਹੀ ਗਲਤ ਗੱਲ ਹੋਈ। ਮੈਂ ਇਸ ਬਾਰੇ ਇੱਥੇ ਆ ਕੇ ਡੀ.ਸੀ. ਅਤੇ ਐਸ.ਐਸ.ਪੀ. ਨੂੰ ਕਿਹਾ ਕਿ ਜੋ ਵੀ ਉਥੇ ਗਲਤ ਤਰੀਕੇ ਨਾਲ ਬੈਠ ਗਏ ਹਨ, ਉਨ੍ਹਾਂ ਨੂੰ ਡੰਡਿਆਂ ਦੇ ਨਾਲ ਉਥੋਂ ਕੱਢੋ। ਕੀ ਇਨ੍ਹਾਂ ਨੇ ਕਿਸੇ ਵੀ ਚੀਜ਼ ਨੂੰ ਨਹੀਂ ਬਖਸ਼ਣਾ ? ਉਹ ਗੁਰਦੁਵਾਰਾ ਸਾਹਿਬ ਉਨ੍ਹਾਂ 21 ਸ਼ਹੀਦਾਂ ਦੀ ਯਾਦ ਦੇ ਵਿਚ ਬਣਿਆ ਹੋਇਆ ਹੈ। ਮੈਂ ਤੁਹਾਨੂੰ ਇਸ ਚੀਜ਼ ਵਾਸਤੇ ਜ਼ਿੰਮੇਵਾਰ ਸਮਝਦਾ ਹਾਂ। ਤੁਹਾਡਾ (ਆਪੋਜ਼ੀਸ਼ਨ ਵੱਲ ਇਸ਼ਾਰਾ) ਇੱਕ ਐਮ. ਐਲ. ਏ. ਸੀ, ਉਸ ਨੇ ਉਥੇ ਬਿਲਡਿੰਗ

ਬਣਾ ਲਈ । ਮੈਂ ਇਸ ਦੇ ਬਾਰੇ ਕਿਹਾ ਕਿ ਬਿਲਡਿੰਗ ਢਾਹ ਦਿਓ । ਇਨ੍ਹਾਂ ਨੂੰ ਬਾਹਰ ਕੱਢ ਦਿਓ । ਇਹ ਤਰੀਕਾ ਅਤੇ ਬਿਹੇਵ ਠੀਕ ਨਹੀਂ ਹੈ । ਤੁਸੀਂ ਤਾਂ ਬਹਾਦਰਾਂ ਦੀ ਕਦਰ ਵੀ ਨਹੀਂ ਕਰ ਸਕਦੇ । ਉਹ ਜ਼ਮੀਨ ਸਰਕਾਰ ਦੀ ਜ਼ਮੀਨ ਹੈ । ਉਸ ਦਾ ਕਸਟੋਡੀਅਨ ਡਿਪਟੀ ਕਮਿਸ਼ਨਰ, ਐਸ.ਡੀ.ਐਮ. ਵਗੈਰਾ ਹਨ । ਉਥੇ ਇਨ੍ਹਾਂ ਨੇ ਐਕਸ਼ਨ ਕਿਉਂ ਨਹੀਂ ਲਿਆ ? ਇਨ੍ਹਾਂ ਨੇ ਐਕਸ਼ਨ ਇਸ ਲਈ ਨਹੀਂ ਲਿਆ ਕਿਉਂਕਿ ਇਹ ਆਪਣੇ ਐਮ.ਐਲ.ਏ. ਨੂੰ ਪ੍ਰੋਟੈਕਟ ਕਰਦੇ ਹੋਣੇ ਹਨ । ਉਥੇ ਕਿਹੜਾ ਮਨਿਸਟਰ ਸੀ, ਸ਼ਾਇਦ ਜਨਮੇਜਾ ਸਿੰਘ ਸੇਖੋਂ ਸੀ......

**ਸਰਦਾਰ ਸੁਖਪਾਲ ਸਿੰਘ** : ਪੁਆਇੰਟ ਆਫ ਆਰਡਰ ਮਾਨਯੋਗ ਸਪੀਕਰ ਸਾਹਿਬ ** **

**MR. SPEAKER** : This is no Point of Order. Please take your seat. Let the Chief Minister conclude. Please resume your seat.

**ਮੁੱਖ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਹੁਣ ਸੁਨਾਮੀ ਪੈਕੇਜ ਤੇ ਆ ਰਿਹਾ ਹਾਂ । ਪੰਜਾਬ ਦੇ ਲੋਕਾਂ ਨੇ ਬੜਾ ਪਿਆਰ ਦਿੱਤਾ ਹੈ । ਮੇਰੇ ਕੋਲ ਫਿਗਰਜ਼ ਵੀ ਹਨ । ਉਸ ਦੇ ਵਿਚ ਜਦੋਂ ਮੈਂ ਇੱਕ ਅਪੀਲ ਕੀਤੀ ਕਿ ਸਾਨੂੰ ਤੁਸੀਂ ਸੁਨਾਮੀ ਵਾਸਤੇ ਪੈਸੇ ਭੇਜੋ । ਮੈਂ ਪੈਸਾ ਦੱਸਾਂ ਕਿ ਕਿੰਨਾ ਆਇਆ । ਇਹ ਅਸਲ ਵਿਚ ਅਮੇਜ਼ਿੰਗ ਥਿੰਗ ਹੈ ਕਿ ਜਿਸ ਤਰੀਕੇ ਨਾਲ ਲੋਕਾਂ ਨੇ ਪੈਸਾ ਦਿੱਤਾ । ਰਫਲੀ 16 ਕਰੋੜ ਰੁਪਿਆ ਤਾਂ ਪ੍ਰਾਈਮ ਮਨਿਸਟਰ ਰਲੀਫ ਫੰਡ ਦੇ ਥਰੂ ਅਸੀਂ ਭੇਜ ਚੁੱਕੇ ਹਾਂ । ਇਸ ਸਬੰਧੀ ਮੇਰੀ ਡਿਊਟੀ ਲੱਗੀ ਸੀ । ਉਹ ਲਾਸਟ ਆਇਲੈਂਡ ਹੈ, ਇਹ ਮਲੇਸ਼ੀਆ ਔਰ ਇੰਡੋਨੇਸ਼ੀਆ ਦੇ ਨਾਲ ਜਾ ਕੇ ਲੱਗਦਾ ਹੈ । ਉਥੇ ਤਕਰੀਬਨ 209 ਐਕਸ-ਸਰਵਿਸਮੈਨ ਨੂੰ ਸੈਟਲ ਕਰਨ ਸਬੰਧੀ ਮੇਰੀ ਡਿਊਟੀ ਲੱਗੀ ਸੀ । ਕੈਂਪਬੈਲਵੇਅ ਉਸ ਜਗ੍ਹਾ ਦਾ ਨਾਂ ਹੈ । ਅਸੀਂ ਉਥੇ 209 ਐਕਸ-ਸਰਵਿਸਮੈਨ ਦੇ ਪਰਿਵਾਰ ਸੈਟਲ ਕੀਤੇ । ਉਨ੍ਹਾਂ ਨੂੰ ਜਾ ਕੇ ਤੁਸੀਂ ਦੇਖੋ । ਜਿਹੜਾ ਪੈਸਾ ਰਹਿੰਦਾ ਸੀ, ਮੈਂ ਉਸ ਵਿਚੋਂ 1-1 ਲੱਖ ਰੁਪਿਆ ਉਨ੍ਹਾਂ ਦੇ ਪਰਿਵਾਰਾਂ ਨੂੰ ਦੇ ਕੇ ਆਇਆ ਹਾਂ । (ਥੰਪਿੰਗ) ਉਥੇ ਇੱਕ ਹੋਰ ਪ੍ਰਾਬਲਮ ਸੀ ਕਿ ਉਨ੍ਹਾਂ ਦੇ ਬੱਚੇ ਕੋਈ ਮਦਰਾਸ ਮੈਡੀਕਲ ਕਾਲਜ ਵਿਚ ਪੜ੍ਹਦਾ ਸੀ, ਕੋਈ ਕਿਤੇ ਪੜ੍ਹਦਾ ਸੀ, ਕੋਈ ਕਿਤੇ ਪੜ੍ਹਦਾ ਸੀ । ਉਨ੍ਹਾਂ ਦੇ ਕੋਲ ਕੋਈ ਰਿਸੋਰਸਿਜ਼ ਨਹੀਂ ਸਨ । ਉਥੇ ਜਾਂ ਤਾਂ ਸੁਪਾਰੀ ਹੁੰਦੀ ਹੈ ਜਾਂ ਕੋਕੋਨਟ ਖੋਪਾ ਜਿਸ ਨੂੰ ਕਿ ਨਾਰੀਅਲ ਕਹਿੰਦੇ ਹਨ, ਉਹ ਹੁੰਦਾ ਹੈ । ਪਰ ਇਹ ਹੋਇਆ ਕਿ ਉਥੇ ਦਰੱਖਤ ਵੀ ਉਡ ਗਏ । ਉਥੇ ਮੈਂ ਇੱਕ ਤਿੰਨ ਕਰੋੜ ਰੁਪਏ ਦਾ ਟਰੱਸਟ ਸਥਾਪਤ ਕੀਤਾ ਤਾਂ ਕਿ ਉਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਐਜੂਕੇਸ਼ਨ ਦਿਵਾ ਸਕੀਏ । ਉਥੇ ਤਾਂ ਇਹ ਹਾਲ ਹੋਇਆ ਸੀ ਕਿ ਸਕੂਲਾਂ ਦੀਆਂ ਬਿਲਡਿੰਗਾਂ ਵੀ ਉਡ ਗਈਆਂ । ਉਸ ਦੇ ਲਈ 1.5 ਕਰੋੜ ਰੁਪਏ ਅਸੀਂ ਭੇਜਿਆ ਹੋਇਆ ਹੈ । ਉਥੇ ਸੱਤ ਸਕੂਲ ਬਣਨੇ ਹਨ । ਅਸੀਂ 7 ਸਕੂਲਜ਼ ਇਨ੍ਹਾਂ ਆਇਲੈਂਡ

** Expunged as ordered by the Chair.

[ਮੁੱਖ ਮੰਤਰੀ]

ਤੇ ਬਣਾ ਰਹੇ ਹਾਂ ਜਿਸ ਤਰ੍ਹਾਂ ਕੈਂਪਬੈਲ ਅਤੇ ਹੋਰ ਹਨ । ਕਚੱਲਕਮੱਟਾ, ਕਾਰ ਨਿਕੋਬਾਰ, ਨਾਨਰੌੜੀ, ਟਰੇਸਾਬੇਗ ਆਇਲੈਂਡ ਹਨ । ਇਸੇ ਤਰ੍ਹਾਂ ਅਸੀਂ ਆਪਣੇ ਮੈਡੀਕਲ ਕਾਲਜਾਂ ਦੇ ਵਿਚ, ਇੰਜੀਨੀਅਰਿੰਗ ਕਾਲਜਾਂ ਦੇ ਵਿਚ ਇਨ੍ਹਾਂ ਦੇ ਬੱਚਿਆਂ ਲਈ 1% ਕੋਟਾ ਰਿਜ਼ਰਵ ਕੀਤਾ ਹੈ । ਜਿਹੜੇ ਪੈਸੇ ਮੇਰੇ ਕੋਲ ਬੱਚ ਗਏ ਹਨ ਇਹ ਤਕਰੀਬਨ 6 ਕਰੋੜ ਰੁਪਿਆ ਹੈ, ਇਸ ਦਾ ਟਰੱਸਟ ਕਰੀਏਟ ਕਰਨ ਤੋਂ ਬਾਦ ਇਹ ਬਾਕੀ ਦੇ ਪੈਸੇ ਮੈਂ ਪ੍ਰਾਈਮ ਮਨਿਸਟਰ ਰਿਲੀਫ ਫੰਡਜ਼ ਦੇ ਵਿਚ ਭੇਜ ਦੇਵਾਂਗਾ । ਆਖਿਰ ਵਿਚ ਮੈਂ ਐਲਾਨ ਕਰ ਚੁੱਕਾ ਹਾਂ ਅਤੇ ਤੁਹਾਡੇ ਨਾਲ ਵੀ ਸ਼ੇਅਰ ਕਰਨਾ ਚਾਹੁੰਦਾ ਹਾਂ ਕਿ ਜਿਹੜੀ 86 ਕਾਂਸਟੀਚਿਊਸ਼ਨਲ ਐਮੈਂਡਮੈਂਟ ਕਾਫੀ ਦੇਰ ਤੋਂ ਪੈਂਡਿੰਗ ਪਈ ਹੋਈ ਹੈ ਸੁਪਰੀਮ ਕੋਰਟ ਦੇ ਵਿਚ, I will come over, ਬਾਕੀ ਕਈ ਕਾਂਗਰਸ ਸਟੇਟਸ ਨੇ 85 ਐਮੈਂਡਮੈਂਟ ਨੂੰ ਲਾਗੂ ਵੀ ਕਰ ਦਿੱਤਾ ਹੈ ਅਤੇ ਇਸ ਨੂੰ ਪੰਜਾਬ ਵਿਚ ਵੀ ਲਾਗੂ ਕੀਤਾ ਜਾਵੇਗਾ । ਬਾਕੀ ਇਸ ਦੀ ਡੀਟੇਲਜ਼ ਵਰਕਆਊਟ ਹੋ ਰਹੀਆਂ ਹਨ । ਮੈਂ ਹਾਊਸ ਦੇ ਵਿਚ ਤੁਹਾਡੇ ਨਾਲ ਇਹ ਸ਼ੇਅਰ ਕਰਨਾ ਚਾਹੁੰਦਾ ਸੀ ।

ਲਾਸਟ ਇਸ਼ੂ ਜਹੜਾ ਰਹਿ ਗਿਆ ਹੈ ਕਿ ਮੈਂ ਪਾਕਿਸਤਾਨ ਪਿਛੇ ਗਿਆ ਸੀ ਅਤੇ ਕਈ ਲੋਕਾਂ ਨੂੰ ਉਸ ਸਰਕਾਰ ਨੇ ਛੱਡਿਆ ਸੀ ਉਹ ਮੇਰੇ ਨਾਲ ਆਏ ਸਨ ਅਤੇ ਪਿਛਲੇ 20 ਸਾਲਾਂ ਤੋਂ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਸਨ । ਇਹ 1971 ਤੋਂ 1995 ਦੇ ਕੇਸਿਜ਼ ਵਾਲੇ ਸਨ 1995 ਵਿਚ ਸਰਦਾਰ ਬੇਅੰਤ ਸਿੰਘ ਸ਼ਹੀਦ ਹੋਏ ਅਤੇ ਇਸ ਪਿਛੇ 21 ਸਾਲਾਂ ਵਿਚ ਪੰਜਾਬ ਨੇ ਆਂਤਕਵਾਦ ਦੇ ਪੀਰੀਅਡ ਵਿਚ ਬੜੀ ਔਖੀ ਘੜੀ ਕੱਢੀ ਸੀ । ਸਪੀਕਰ ਸਾਹਿਬ, ਤੁਸੀਂ ਵੀ ਆਤੰਕਵਾਦ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ ਅਤੇ ਇਥੇ ਮੇਰੇ ਸਾਥੀ ਦੇ ਪਿਤਾ ਸ਼ਹੀਦ ਹੋਏ ਅਤੇ ਕਈ ਪਰਿਵਾਰ ਦੇ ਪਰਿਵਾਰ ਸ਼ਹੀਦ ਹੋ ਗਏ ਸਨ । ਉਸ ਵਕਤ ਕੁਝ ਸਮਾਂ ਹੀ ਐਸਾ ਦੁਖ ਭਰਿਆ ਸੀ । ਹੁਣ ਹਾਲਾਤ ਬਦਲੇ ਹਨ । ਵਾਤਾਵਰਣ ਚੇਂਜ ਹੋਇਆ ਹੈ । ਪਿਛਲੇ ਹਾਲਾਤ ਨੂੰ ਬਦਲ ਕੇ ਪੰਜਾਬ ਨੂੰ ਅੱਗੇ ਤਰੱਕੀ ਦੇ ਰਾਹ ਤੇ ਲੈ ਕੇ ਚਲਿਆ ਜਾਵੇ; So I would like to make this statement that the State Government is also reviewing the cases of seventeen individuals out of fifty-one.

Let me assure this House that out of total 51 cases there are only 17 individuals relating to Punjab pertaining to that period who have been in jail for a long, whom we believe the Society one a debt. Likewise thirteen cases out of sixty-one cases involving police officials who are involved while discharging their official duties are also being reviewed. These steps are being taken to provide an opportunity to both to live useful lives leaving the past behind them. The State Government will fully provide for their rehabilitation if so required. Mr. Speaker, Sir, we feel that these measures would further strengthen peace and reconcilitation in the State and enable us to put behind us the

terrible 21 years from 1973 after the adoption of the Anandpur Sahib Resolution to 1995 when our Chief Minister, Sardar Beant Singh was assassinated. What has happened is now part of the history. We must now look ahead to a prosperous Punjab in which our future generations can build for their future generations.

ਸੋ, ਮੈਂ ਸੋਚਿਆ ਕਿ ਮੈਂ ਇਸ ਹਾਊਸ ਨੂੰ ਕਾਂਫੀਡੈਂਸ ਵਿਚ ਲੈ ਕੇ ਇਹ ਜਿਹੜਾ ਪਿਛੇ ਚੈਪਟਰ ਤਬਾਹੀ ਦਾ ਸੀ, ਆਤੰਕਵਾਦ ਦਾ ਸੀ ਉਹ ਖਤਮ ਹੋ ਗਿਆ, ਇਸ ਨੂੰ ਪਿਛੇ ਛੱਡ ਕੇ ਅਸੀਂ ਹੁਣ ਪੰਜਾਬ ਦੀ ਖੁਸ਼ਹਾਲੀ ਵੱਲ ਮੂਵ ਕਰੀਏ ਅਤੇ ਪੰਜਾਬ ਨੂੰ ਇਕ ਸਟੇਬਲ ਪੰਜਾਬ ਬਣਾ ਸਕੀਏ ਤਾਂਕਿ ਸਾਡੇ ਪੰਜਾਬ ਦੇ ਬੱਚਿਆਂ ਦਾ ਭਵਿੱਖ ਬਣ ਸਕੇ। ਇੰਡਸਟਰੀ ਆ ਸਕੇ, ਐਗਰੀਕਲਚਰ ਡਿਵੈਲਪ ਹੋ ਸਕੇ ਕਿਉਂਕਿ ਅੱਜ ਵੀ ਅਸੀਂ ਭੁਗਤ ਰਹੇ ਹਾਂ ਉਸੇ ਸਮੇਂ ਨੂੰ ਜਦੋਂ ਲੋਕ ਇਥੋਂ ਭੱਜ ਕੇ ਚਲੇ ਗਏ ਸੀ। I have today decided to review the cases of those people who are in jails. ਜੋ ਅੱਜ ਜੇਲ੍ਹਾਂ ਵਿਚ ਹਨ, ਉਨ੍ਹਾਂ ਵਿਚੋਂ 17 ਕੇਸਾਂ ਨੂੰ ਰਿਵਿਊ ਕਰ ਰਹੇ ਹਾਂ ਤੇ ਬਾਕੀ ਦੇ 22 ਕੇਸ ਰਿਵਿਊ ਕਰਾਂਗੇ। We also see that there are some double cases. ਕੁਝ ਰਾਜਸਥਾਨ ਦੇ ਹਨ ਤੇ ਕੁਝ ਯੂ.ਪੀ. ਦੇ ਹਨ। That may take long time. ਇਨ੍ਹਾਂ ਵਿਚੋਂ ਕੁਝ ਕੇਸਿਜ਼ ਪੁਲਿਸ ਆਫਿਸਰਜ਼ ਦੇ ਵੀ ਹਨ। ਅਸੀਂ ਉਨ੍ਹਾਂ ਨੂੰ ਵੀ ਰਿਵਿਊ ਕਰ ਰਹੇ ਹਾਂ। We are hopeful to announce something. We will also review the remainder cases so that this chapter is closed once for all and past is put behind so that Punjab can get moving. Thank you. Speaker sir.

**MR. SPEAKER** : First, I will have to put all the amendments given by Hon'ble Members, Sardar Manpreet Singh Badal, Sardar Jagdish Singh Garcha, Sardar Gulzar Singh Ranike, Sardar Sohan Singa Thandal, Shri Des Raj Dhugga, all from Opposition to the vote of the House.

**ਸੋਧਨਾ ਨੋਟਿਸ ਨੰਬਰ 1**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

> "ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਵਧਦੇ ਲੜਕੀਆਂ ਅਤੇ ਮਾਸੂਮ ਬੱਚਿਆਂ ਦੇ ਅਗਵਾਹਾਂ ਤੇ ਬਲਾਤਕਾਰਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰਬਰ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਕਾਨੂੰਨ ਤੇ ਵਿਵਸਥਾ ਦੀ ਸਰਕਾਰ ਹੱਥੋਂ ਨਿਕਲ ਚੁੱਕੀ ਹਾਲਤ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

**ਸੋਧਨਾ ਨੋਟਿਸ ਨੰਬਰ 3**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਠੇਕਿਆਂ ਦੀਆਂ ਨਿਲਾਮੀਆਂ ਵਿੱਚ ਹੋਈਆਂ ਭਾਰੀ ਧਾਂਦਲੀਆਂ ਨੂੰ ਪਹਿਲਾਂ ਰੋਕਣ ਬਾਰੇ ਕੀਤੇ ਪ੍ਰਬੰਧਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

**ਸੋਧਨਾ ਨੋਟਿਸ ਨੰਬਰ 4**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਵਿੱਚ ਗੜ੍ਹਿਆਂ ਤੇ ਭਾਰੀਆਂ ਬਾਰਸ਼ਾਂ ਨਾਲ ਰਾਜ ਦੀ ਖੇਤੀ ਦੇ ਨੁਕਸਾਨ ਅਤੇ ਕਿਸਾਨਾਂ ਨੂੰ ਮੁਆਵਜ਼ੇ ਦੀ ਕੋਈ ਅਦਾਇਗੀ ਨਾ ਕਰਨ ਦੇ ਕਾਰਣਾਂ ਬਾਰੇ ਇਸ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

**ਸੋਧਨਾ ਨੋਟਿਸ ਨੰਬਰ 5**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਰਾਜ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫਲ ਰਹੀ ਹੈ ਤੇ 2001 ਦੀ ਝੋਨੇ ਦੀ ਫਸਲ ਤੇ ਐਲਾਨੇ ਗਏ ਬੋਨਸ ਦੀ ਪੂਰੀ ਅਦਾਇਗੀ ਕਰਨ ਬਾਰੇ ਤੇ ਕਿਸਾਨਾਂ ਦੇ ਗੰਨੇ ਦੀ ਬਕਾਇਆ ਅਦਾਇਗੀ ਬਾਰੇ ਇਸ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ ।"

ਸੋਧਨਾ ਨੋਟਿਸ ਨੰਬਰ 6

ਮਾਨਯੋਗ ਸਪੀਕਰ : ਪ੍ਰਸ਼ਨ ਹੈ ਕਿ ਮਤੇ ਦੇ ਅੰਤ ਵਿਚ ਨਿਮਨ-ਲਿਖਤ ਅਨੁਸਾਰ ਜੋੜ ਦਿੱਤਾ ਜਾਵੇ—

"ਪਰ ਇਹ ਸਦਨ ਖੇਦ ਪ੍ਰਗਟ ਕਰਦਾ ਹੈ ਕਿ ਸੰਵਿਧਾਨ ਦੀ 85ਵੀਂ ਸੋਧ ਨੂੰ ਨਾ ਲਾਗੂ ਕਰਨ ਦੇ ਕਾਰਨਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

*The motion was lost.*

**MR. SPEAKER :** Now I put the Motion of Thanks moved by Rana Kanwarpal Singh, MLA and seconded by Sardar Randeep Singh Nabha, MLA to the vote of the House.

**MR. SPEAKER :** Question is—

'That an address be presented to the Governor in the following terms :—

"That the Members of this House assembled in this Session are deeply grateful to the Address which he has been pleased to deliver to the House on the 18th March, 2005'.

*The motion was carried.*

---

## SHORT ADJOURNMENT OF THE HOUSE

**MR. SPEAKER :** The House stands adjourned till 3.00 P.M. today, the 19th April, 2005.

| *1.53 P.M. | (The Sabha then* adjourned till 3,00 P.M. today. the 19th April, 2005). |
|---|---|

(The House re-assembled again at 3.00 P.M.)

(Mr. Speaker in the Chair)

---

## LEGISLATIVE BUSINESS

### 1. RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB ELECTRICITY (DUTY) ORDINANCE, 2005 (PUNJAB ORDINANCE NO. 3 OF 2005)

### AND

### THE PUNJAB ELECTRICITY (DUTY) BILL, 2005 (REPLACING PUNJAB ORDINANCE NO. 3 OF 2005)

**MR. SPEAKER :** Some Hon'ble Members have given notices to disapprove the Punjab Electricity (Duty) Ordinance, 2005 (Punjab Ordinance No. 3 of 2005), which shall be deemed to have been read and moved together.

1. Sardar Harbant Singh Datewas,
2. Shri Tikshan Sud,
3. Shri Des Raj Dhugga,
4. Jathedar Tota Singh,
5. Sardar Surjit Singh Rakhra,
6. Sardar Bhag Singh Malla,
7. Sardar Gaganjit Singh Barnala,
8. Sardar Sohan Singh Thandal,
9. Chaudhary Balbir Singh Miani.

> This House disapproves the Punjab Electricity (Duty) Ordinance, 2005 (Punjab Ordinance No. 3 of 2005).

If the House agrees, the motion disapproving the Punjab Electricity (Duty) Ordinance, 2005 and the consideration motion of the Punjab Electricity (Duty) Bill, 2005, be discussed togetherwith and voted upon separately.

(Voices : Yes, Yes)

**MR. SPEAKER :** Minister to move that the Punjab Electricity (Duty) Bill, 2005, be taken into consideration at once.

**Minister for Irrigation & Power & Rural Development & Panchayats (Sardar Lal Singh) :** Sir, I beg to move—

That the Punjab Electricity (Duty) Bill be taken into consideration at once.

**MR. SPEAKER :** Motion moved—

That the Punjab Electricity (Duty) Bill be taken into consideration at once.

Now, discussion.

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) :** ਮਾਨਯੋਗ ਸਪੀਕਰ ਸਾਹਿਬ, ਇਹ ਜੋ ਮਨਿਸਟਰ ਸਾਹਿਬ ਵੱਲੋਂ ਇਲੈਕਟ੍ਰੀਸਿਟੀ ਬਿਲ ਦੇ ਵਿਚ ਅਮੈਂਡਮੈਂਟ ਆ ਰਹੀ ਹੈ, ਇਸ ਦੇ ਵਾਸਤੇ ਮੈਂ ਸਿਰਫ ਇੰਨਾ ਹੀ ਕਹਾਂਗਾ ਕਿ ਅੱਜ ਜੋ ਪੰਜਾਬ ਦੇ ਹਾਲਾਤ ਹਨ, ਬਿਜਲੀ ਦੇ ਹਾਲਾਤ ਹਨ, ਉਨ੍ਹਾਂ ਹਾਲਾਤ ਦੇ ਮੁਤਾਬਿਕ ਭਾਵੇਂ ਕੋਈ ਡੋਮੈਸਟਿਕ ਕੁਨੈਕਸ਼ਨ ਹੈ, ਭਾਵੇਂ ਕਿਸੇ ਗਰੀਬ ਦਾ ਕੁਨੈਕਸ਼ਨ ਹੈ, ਕਿਸੇ ਕਿਸਾਨ ਦਾ ਹੈ, ਕਿਸੇ ਦੁਕਾਨਦਾਰ ਦਾ ਹੈ, ਭਾਵੇਂ ਉਹ ਕਮਰਸ਼ੀਅਲ ਕੁਨੈਕਸ਼ਨ ਹੈ ਅਤੇ ਭਾਵੇਂ ਉਹ ਖੇਤੀਬਾੜੀ ਦਾ ਕੁਨੈਕਸ਼ਨ ਹੈ ਜਾਂ ਇੰਡਸਟਰੀ ਦਾ ਕੁਨੈਕਸ਼ਨ ਹੈ, ਉਸ ਦੇ ਰੇਟ ਪਹਿਲਾਂ ਹੀ ਬਹੁਤ ਜ਼ਿਆਦਾ ਹਨ ਅਤੇ ਉਸ ਦੇ ਮੁਤਾਬਿਕ ਬਿਜਲੀ ਮਿਲਦੀ ਨਹੀਂ ਹੈ। ਜਿੰਨੇ ਵੀ ਟੈਕਸ ਹਨ, ਇਹ ਲੋਕਾਂ ਦੀ ਕਪੈਸਿਟੀ ਤੋਂ ਬਾਹਰ ਹਨ। ਯਤਨ ਸਾਨੂੰ ਇਹ ਕਰਨਾ ਚਾਹੀਦਾ ਹੈ ਕਿ ਅਸੀਂ ਬਿਜਲੀ ਬੋਰਡ ਦੇ ਪ੍ਰਬੰਧ ਵਿਚ ਸੁਧਾਰ ਕਰੀਏ। ਲਾਈਨਾਂ ਦੇ ਲਾੱਸਿਜ਼ ਘਟਾਈਏ ਅਤੇ ਥੈਫਟ ਨੂੰ ਰੋਕੀਏ। ਰੋਜ਼ ਅਖਬਾਰਾਂ ਵਿਚ ਆ ਰਿਹਾ ਹੈ ਕਿ ਐਨੇ ਕਰੋੜ ਰੁਪਿਆ ਫਲਾਣੇ ਮਹਿਕਮੇ ਵੱਲ ਬਕਾਇਆ ਪਿਆ ਹੈ ਅਤੇ ਐਨਾ ਫਲਾਣੇ ਮਹਿਕਮੇ ਵੱਲ ਪਿਆ ਹੈ। ਐਨੀ ਬਿਜਲੀ ਫਲਾਣੀ ਕਾਲੋਨੀ ਚੋਰੀ ਕਰੀ ਜਾ ਰਹੀ ਹੈ। ਕਿਸੇ ਦੀ ਜੁਰਅੱਤ ਨਹੀਂ ਉਨ੍ਹਾਂ ਦੀ ਬਿਜਲੀ ਕੱਟਣ ਦੀ। ਇਸ ਕਰਕੇ ਬਿਜਲੀ ਬੋਰਡ ਦੇ ਪ੍ਰਬੰਧ ਵਿਚ ਸੁਧਾਰ ਕਰੋ ਅਤੇ ਬਿਜਲੀ ਦੀ ਜੋ ਕਮੀ ਹੈ ਉਸ ਨੂੰ ਪੂਰਾ ਕਰੋ, ਨਾ ਕਿ ਬਾਰ ਬਾਰ ਕੰਜਿਊਮਰ ਤੇ ਭਾਰ ਪਾਈ ਜਾਓ। ਕੰਜਿਊਮਰ ਤੇ ਹੋਰ ਭਾਰ ਪਾਇਆ ਗਿਆ ਤਾਂ ਉਸ ਦਾ ਲੱਕ ਟੁੱਟ ਜਾਵੇਗਾ। ਉਹ ਹੋਰ ਭਾਰ ਸਹਿਣ ਦੇ ਕਾਬਲ ਨਹੀਂ। ਅੱਜ ਹਰ ਮਹਿਕਮੇ ਵਿਚ ਚੋਰੀ ਹੋ ਰਹੀ ਹੈ। ਚਾਹੇ ਸਟੈਂਪ ਡਿਊਟੀ ਦੀ ਚੋਰੀ ਹੈ, ਸੇਲਜ਼ ਟੈਕਸ ਦੀ ਚੋਰੀ ਹੈ ਜਾਂ ਐਕਸਾਈਜ਼ ਟੈਕਸ ਦੀ ਚੋਰੀ ਹੈ। ਇਸ ਚੋਰੀ ਨੂੰ ਰੋਕਣ ਦੀ ਲੋੜ ਹੈ। ਅੱਜ ਇਸ ਗੱਲ ਦੀ ਮੰਗ ਹੋ ਰਹੀ ਹੈ ਕਿ ਲੋਕ ਜਿੰਨਾ ਕੁ ਬਰਦਾਸ਼ਤ ਕਰ ਸਕਦੇ ਹਨ, ਉਂਨਾ ਕੁ ਹੀ ਉਨ੍ਹਾਂ ਤੇ ਟੈਕਸ ਹੋਣਾ ਚਾਹੀਦਾ ਹੈ। ਬਿਜਲੀ ਦੀ ਚੋਰੀ ਨਹੀਂ ਹੋਣੀ ਚਾਹੀਦੀ। ਜੇ ਇਸ ਵਾਧੇ ਦੇ ਖਿਲਾਫ ਮਨਿਸਟਰ ਨਾਲ ਗੱਲ ਕਰੀਏ ਤਾਂ ਉਹ ਕਹਿੰਦੇ ਹਨ ਕਿ ਜੇ ਡਿਊਟੀ ਨਾ ਵਧਾਈਏ ਤਾਂ ਮੇਰੇ ਘਾਟੇ ਕਿਥੋਂ ਪੂਰੇ ਹੋਣਗੇ। ਸਪੀਕਰ ਸਾਹਿਬ, ਇਹ ਜੋ ਵਾਧਾ ਕਰ ਰਹੇ ਹਨ, ਇਸ ਦੇ ਨਾਲ ਇਹ ਕਾਫੀ ਪਾਵਰਜ਼ ਲੈ ਰਹੇ ਹਨ। ਇਸ ਦੀ ਬਜਾਏ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਬਿਜਲੀ ਬੋਰਡ ਦੇ ਪ੍ਰਬੰਧ ਵਿਚ ਸੁਧਾਰ ਕਰੋ ਅਤੇ ਚੋਰੀ ਰੋਕੋ। ਸਰਕਾਰ ਨੇ ਸਾਨੂੰ ਇਨ੍ਹਾਂ ਬਿਲਾਂ ਤੇ ਬੋਲਣ ਵਾਸਤੇ ਟਾਈਮ ਦੀ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਪੂਰਾ ਨਹੀਂ ਦਿੱਤਾ ਹੈ । ਵਜ਼ੀਰ ਸਾਹਿਬ ਹੱਸ ਕੇ ਕਹਿ ਦਿੰਦੇ ਹਨ ਕਿ ਜਿੰਨਾ ਬੋਲਣਾ ਹੈ, ਬੋਲ ਲਓ ਪਰ ਐਨੇ ਥੋੜ੍ਹੇ ਟਾਈਮ ਵਿਚ ਕਿੰਨਾ ਕੁ ਬੋਲਿਆ ਜਾ ਸਕਦਾ ਹੈ । ਜੇ ਇਸ ਦੇ ਵਾਸਤੇ ਪੂਰੇ ਇਕ ਦਿਨ ਦਾ ਹੋਰ ਟਾਈਮ ਦੇ ਦਿੱਤਾ ਜਾਂਦਾ ਤਾਂ ਕੋਈ 10 ਮੈਂਬਰ ਸਾਡੇ ਵੱਲੋਂ ਬੋਲ ਲੈਂਦੇ ਅਤੇ ਕੋਈ 10 ਬੰਦੇ ਸਰਕਾਰ ਵੱਲੋਂ ਬੋਲ ਲੈਂਦੇ । ਇਸ ਤੋਂ ਇਲਾਵਾ, ਬਿਜਲੀ ਬੋਰਡ ਨੂੰ ਤੋੜਨ ਦੀਆਂ ਗੱਲਾਂ ਹੋ ਰਹੀਆਂ ਹਨ । ਮੈਂ ਤੁਹਾਡੀ ਇਜਾਜ਼ਤ ਲਵਾਂਗਾ ਅਤੇ ਕਹਾਂਗਾ ਕਿ ਅੱਜ ਜਿਸ ਤਰ੍ਹਾਂ ਦੇਸ਼ ਦੇ ਹਾਲਾਤ ਹਨ, ਜਿਥੇ ਜਿਥੇ ਬਿਜਲੀ ਬੋਰਡ ਨੂੰ ਤੋੜਿਆ ਗਿਆ ਹੈ, ਉਨਾਂ ਦੀਆਂ ਫਿਗਰਜ਼ ਲੈ ਕੇ ਵੇਖੋ । ਕਲ੍ਹ ਪਤਾ ਨਹੀਂ ਤੁਹਾਡੇ ਵੱਲੋਂ ਫਿਗਰਜ਼ ਆਈਆਂ ਹਨ ਜਾਂ ਕਿਤੋਂ ਹੋਰ ਆਈਆਂ ਹਨ, ਮੈਂ ਤੁਹਾਨੂੰ ਦੇਣੀਆਂ ਚਾਹਾਂਗਾ ਸਿਰਫ ਫਾਇਨਾਂਸਿਜ਼ ਦੀਆਂ, ਮੈਂ ਲੰਮੀ ਚੌੜੀ ਗੱਲ ਨਹੀਂ ਕਰਨੀ । ਆਹ ਮੇਰੇ ਕੋਲ ਸ਼ਾਇਦ ਇੰਜੀਨੀਅਰਜ਼ ਵੱਲੋਂ ਦਿੱਤੀਆਂ ਹੋਈਆਂ ਫਿਗਰਜ਼ ਹਨ । Effect of unbundling—ਇਸ ਵਿੱਚ ਦਿੱਤਾ ਹੈ ਕਿ ਆਂਧਰਾ ਪ੍ਰਦੇਸ਼, ਹਰਿਆਣਾ, ਕਰਨਾਟਕਾ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਮਧਿਆ ਪ੍ਰਦੇਸ਼ ਅਤੇ ਪੰਜਾਬ । ਕਿਸੇ ਸਟੇਟ ਦਾ ਲੈ ਲਓ, ਸਟੇਟਾਂ ਵਿੱਚੋਂ ਆਂਧਰਾ ਦੀ ਐਗਜ਼ਾਂਪਲ ਲੈ ਲਈਏ । ਪ੍ਰੀ ਅਨਬੰਡਲਿੰਗ—ਸਪੀਕਰ ਸਾਹਿਬ, ਪ੍ਰੀ ਬੰਡਲਿੰਗ 850,04 ਕਰੋੜ ਰੁਪਏ ਤੇ ਪੋਸਟ ਬੰਡਲਿੰਗ 1982 ਕਰੋੜ ਰੁਪਏ । ਏਨਾ ਘਾਟਾ ਪਿਆ, 1100 ਕਰੋੜ ਤੋ ਕੁਝ ਪੁਆਇੰਟ ਘਾਟਾ ਪੈਣ ਲੱਗ ਪਿਆ । ਪ੍ਰੀ ਬੰਡਲਿੰਗ ਪਰਾਫਿਟ (—) 88 ਕਰੋੜ ਰੁਪਏ ਦਾ ਘਾਟਾ ਸੀ ਤੇ ਆਫਟਰ ਪੋਸਟ ਬੰਡਲਿੰਗ 1194 ਕਰੋੜ ਰੁਪਏ ਦਾ ਘਾਟਾ । ਅੱਗੇ ਲੈ ਲਓ ਟੀ. ਐਂਡ ਡੀ. ਲਾਸਿਜ਼, ਉਨ੍ਹਾਂ ਦੀ ਪ੍ਰਸੈਂਟੇਜ ਇਹ ਏਥੇ 3% ਘਟੀ ਹੈ ਇਕੱਲੀ ਸਟੇਟ ਵਿੱਚ । ਲੇਕਿਨ ਐਵਰੇਜ ਟੈਰਿਫ, ਟੈਰਿਫ ਵੱਧ ਘਟਿਆ ਜਿਹੜਾ ਘਟਣਾ ਚਾਹੀਦਾ ਸੀ । ਪ੍ਰੀ ਬੰਡਲਿੰਗ 156 ਪੋਸਟ ਬੰਡਲਿੰਗ 222, ਕਿੰਨਾ ਵੱਧ ਗਿਆ । ਤੁਸੀਂ ਦੇਖ ਲਓ । ਹੁਣ ਮੈਂ ਤੁਹਾਨੂੰ ਬਾਕੀ ਸਟੇਟਾਂ ਦੇ ਬਾਰੇ ਦੱਸ ਦਿੰਦਾ ਹਾਂ । ਹਰਿਆਣੇ ਬਾਰੇ ਦੱਸਦਾ ਹਾਂ, ਮਨਿਸਟਰ ਸਾਹਿਬ ਚੈਕ ਕਰ ਲੈਣ । ਜੇ ਮੇਰੇ ਕੋਲ ਗਲਤ ਹੋਈਆਂ ਤਾਂ ਮੈਨੂੰ ਬਾਅਦ ਵਿੱਚ ਟੋਕ ਦੇਣ । ਪ੍ਰੀ ਬੰਡਲਿੰਗ 1063 ਕਰੋੜ ਰੁਪਏ ਸਬਸਿਡੀ ਹਰਿਆਣੇ ਵਿੱਚ ਹੈ । ਆਫਟਰ 1244 ਕਰੋੜ ਦੀ ਸਬਸਿਡੀ, ਕਿੰਨਾ ਘਾਟਾ ਪਹਿਲਾਂ ਸੀ, ਪਹਿਲਾਂ ਸੀ ਪਲੱਸ 6.69 ਕਰੋੜ ਰੁਪਏ, ਤਕਰੀਬਨ ਪੌਣੇ ਸੱਤ ਕਰੋੜ ਰੁਪਏ ਦਾ ਪਰਾਫਿਟ ਬਾਅਦ ਵਿੱਚ ਮਾਈਨਸ 1537 ਕਰੋੜ ਰੁਪਏ ਦਾ ਘਾਟਾ ਸਪੋਟ ਦੇ ਟੀ. ਐਂਡ ਡੀ. ਲਾਸਿਜ਼ ਪਹਿਲਾਂ 32.8%, ਬਾਅਦ ਵਿੱਚ 38.21% ਔਰ ਜਿਹੜੇ ਚਾਰਜਿਜ਼ ਸੀ ਉਹ ਪਹਿਲਾਂ 155 ਬਾਅਦ 226.73 ਇਹ ਗੁਆਂਢੀ ਸੂਬਾ ਹੈ । ਰਾਜਸਥਾਨ, ਕਰਨਾਟਕਾ, ਉਤਰ ਪ੍ਰਦੇਸ਼, ਮਧਿਆ ਪ੍ਰਦੇਸ਼ ਕਿਸੇ ਸਟੇਟ ਦੀਆਂ ਫਿਗਰਜ਼ ਵਿੱਚ ਕਮੀ ਨਹੀਂ ਆਈ । ਜਾਂ ਤਾਂ ਐਫੀਸ਼ੀਐਂਸੀ ਹੁੰਦੀ ਜਾਂ ਤਾਂ ਟੀ. ਐਂਡ ਡੀ. ਲਾਸਿਜ਼ ਘਟਦੇ, ਪਰਾਫਿਟ ਵਧਦੇ । ਹਰ ਜਗ੍ਹਾ ਸਰਕਾਰ ਨੂੰ ਸਬਸਿਡੀ ਵਧ ਵਧ ਦੇਣੀ ਪਈ ਤਾਂ ਕਿ ਕਿਤੇ ਘਾਟਾ ਆਊਟ ਆਫ ਰੀਚ ਨਾ ਹੋਵੇ ਤਾਂ ਕਿ ਕਿਤੇ ਆਮ ਲੋਕਾਂ ਤੋਂ ਬਿਜਲੀ ਦੇ ਪਰ ਯੂਨਿਟ ਦੀ ਕੀਮਤ 10/- ਰੁਪਏ ਨਾ ਚਲੀ ਜਾਵੇ । ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਤੁਹਾਡਾ ਆਪਣਾ ਬਿਆਨ ਆਇਆ ਹੈ ਕਿ ਨਹੀਂ ਕਰ ਰਹੇ ਲੇਕਿਨ ਮੈਂ ਸਵਾਗਤ ਕਰ ਦਿੰਦਾ ਪਰ ਤਾਂ ਹੀ ਕਰਦਾ ਜੇਕਰ ਬਿਆਨ ਵਿੱਚ ਸਚਾਈ ਹੁੰਦੀ । ਤੁਸੀਂ ਉਸ

ਮਹਿਕਮੇ ਦੇ ਵਜ਼ੀਰ ਹੋ, ਉਸ ਮਹਿਕਮੇ ਦੇ ਆਨਰੇਬਲ ਮਨਿਸਟਰ ਹੋ, ਫਾਇਨਾਂਸ ਮੰਤਰੀ ਆਪਣੇ ਮਹਿਕਮੇ ਦੇ ਵਜ਼ੀਰ ਨੇ, ਲੇਕਿਨ ਲੀਡਰ ਆਫ ਦਿ ਹਾਊਸ ਸੀ.ਐਮ. ਹਨ। ਤੁਸੀਂ ਬੋਲੇ ਹੋ 5.00 ਵਜੇ, ਉਹ 5.05 ਤੇ ਕਹਿੰਦੇ ਹਨ ਕਿ ਇਹ ਅਨਬੰਡਲਿੰਗ ਕਰਨੀ ਹੀ ਪਵੇਗੀ ਕਿਉਂਕਿ 2003 ਦਾ ਐਕਟ ਕਹਿੰਦਾ ਹੈ। ਜਦੋਂ ਕਿ ਉਸ ਵਿੱਚ ਇਹ ਕੋਈ ਜ਼ਰੂਰੀ ਨਹੀਂ। ਤੁਹਾਨੂੰ ਇਸ ਤਜਰਬੇ ਤੋਂ ਸਿਖਣਾ ਚਾਹੀਦਾ ਹੈ ਕਿ ਕੰਟਰੀ ਦੇ ਵਿੱਚ ਇਹ ਤਜਰਬਾ ਫੇਲ੍ਹ ਹੋ ਗਿਆ ਹੈ। ਇਸ ਦੇ ਫੇਲ੍ਹ ਹੋਣ ਦੇ ਕੀ ਕਾਰਨ ਸੀ ? ਅੱਜ ਵੀ ਸੋਚੋ ਵੈਟ ਦੀ ਤਰ੍ਹਾਂ। ਵੈਟ ਵਾਸਤੇ ਵੀ ਅਸੀਂ ਕਹਿੰਦੇ ਸੀ ਕਿ ਲੋਕਾਂ ਨੂੰ ਭਰੋਸੇ ਵਿੱਚ ਲਓ, ਕਿਤੇ ਇਹ ਡਿਊਲ ਸਿਸਟਮ ਨਾ ਹੋ ਜਾਵੇ। ਅੱਜ ਉਸੇ ਥਾਂ ਤੇ ਦੁਚਿੱਤੀ ਵਿੱਚ ਆ ਕੇ ਖੜ੍ਹ ਗਿਆ ਹੈ। ਇਹੀ ਅਸੀਂ ਡੀਜ਼ਲ ਤੇ ਕਿਹਾ ਸੀ, ਫਿਰ ਉਹੀ ਦੁਚਿੱਤੀ ਹੈ। ਨਾ ਸ਼ਰਾਬ ਵਾਲੇ ਝੱਲਦੇ ਸੀ, ਉਹ ਕਹਿੰਦੇ, ਆ ਜਾਉ, ਅਸੀਂ ਹਾਈ ਕੋਰਟ ਚਲਦੇ ਹਾਂ, ਨਾ ਦੂਸਰੇ ਪਾਸੇ ਲਾ ਸਕਦੇ ਹੋ। ਗਿਆ ਕਿਧਰੇ ਦੀ ਕਿਧਰੇ, ਹੁਣ ਕਿਸ ਤਰ੍ਹਾਂ ਰਿਜਰਚ ਨੂੰ ਮਿਲੇਗਾ। ਇਸ ਲਈ ਅਸੀਂ ਕਹਿੰਦੇ ਹਾਂ ਕਿ ਕਿਤੇ ਇਹ ਪਹਿਲਾ ਸਿਸਟਮ ਫੇਲ੍ਹ ਨਾ ਕਰ ਲਓ, ਨਵੇਂ ਨਾਲ ਬਰਬਾਦੀ ਨਾ ਹੋ ਜਾਵੇ। ਅਨਬੰਡਲਿੰਗ ਤੋਂ ਹੀ ਬਚੋ। ਮੈਂ ਦਲੀਲ ਨਾਲ ਕਹਿੰਦਾ ਹਾਂ। ਜੇਕਰ ਬੈਨੀਫਿਟ ਕਿਸੇ ਸਟੇਟ ਨੂੰ ਦਿਸੇ ਤਾਂ ਮੈਂ ਪਹਿਲਾ ਆਦਮੀ ਹੋਵਾਂਗਾ, ਆਪਣੀ ਪਾਰਟੀ ਦੇ ਲੀਡਰ ਨੂੰ ਨਾਲ ਲੈ ਕੇ ਕਹਾਂਗਾ ਕਿ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ। ਇਹ ਸਟੇਟ ਦੇ ਬੈਨੀਫਿਟ ਵਿੱਚ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਟੈਰਿਫ ਕ੍ਰਿਪਾ ਕਰੋ ਨਾ ਵਧਾਓ। ਪਹਿਲਾਂ ਹੀ ਬਹੁਤ ਵਧਾ ਦਿੱਤਾ ਹੈ। ਅੱਜ ਇਸ ਵਿੱਚ ਵਾਧੇ ਦੀ ਹੋਰ ਸਿਫਾਰਸ਼ ਕਰਨਾ ਠੀਕ ਨਹੀਂ। ਸਟੇਟ ਤਾਂ ਪਹਿਲਾਂ ਹੀ ਲਾਸਿਜ਼ ਦੇ ਵਿੱਚ ਜਾ ਰਹੀ ਹੈ। ਕਿਸਾਨ ਫੇਲ੍ਹ ਹੋ ਗਿਆ ਹੈ। ਇੰਡਸਟਰੀ ਫੇਲ੍ਹ ਹੋ ਗਈ ਹੈ। ਮੇਰੇ ਕੋਲ ਜੱਟ ਫਿਗਰਾਂ ਹਨ। ਤੁਹਾਡੇ ਕੋਲ ਕਿਤਾਬਾਂ ਦੀਆਂ ਫਿਗਰਾਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਸੀਂ ਏਨਾ ਪ੍ਰਸੈਂਟ ਅਨਾਜ ਵਧਾ ਦਿੱਤਾ ਹੈ। ਮੈਂ ਤੁਹਾਨੂੰ ਸਿੰਪਲ ਫਿਗਰ ਦੇਵਾਂ। ਨਰਮਾ ਪਹਿਲਾਂ ਹੁੰਦਾ ਸੀ 12 ਮਣ ਕਿੱਲਾ ਐਵਰੇਜ, ਹੁਣ ਹੋ ਗਿਆ 18 ਮਣ ਕਿੱਲਾ ਐਵਰੇਜ। ਕਿੰਨਾ ਵਧ ਗਿਆ 33%। ਹੁਣ ਫਿਗਰ ਲੈ ਲਓ ਅਗਲੀ, 2700/- ਰੁਪਏ ਪਿਛਲੇ ਸਾਲ ਵਿਕਦਾ ਸੀ, ਇਸ ਵਾਰ 1700/- ਰੁਪਏ। 1000/- ਰੁਪਏ ਡਾਊਨ ਪਰ ਕੁਇੰਟਲ। ਕੀ ਹੋਇਆ ਕਿਸਾਨ ਨਾਲ, ਜਿਹੜਾ ਵਧ ਹੋਇਆ ਉਸ ਦੀ ਵੱਧ ਮਜ਼ਦੂਰੀ ਦੇਣੀ ਪਈ ਕਿਸਾਨ ਨੂੰ। ਟਰੈਕਟਰ ਦਾ ਤੇਲ ਕਿੰਨਾ ਪ੍ਰਸੈਂਟ ਵਧਿਆ, ਖਾਦ ਦੇ ਰੇਟ ਵਧੇ, ਪਾਣੀ ਦੇ ਵਧੇ, ਡੀਜ਼ਲ ਨਾਲ ਤੇਲ ਬਾਲ ਕੇ ਕੰਮ ਕਰਦਾ ਸੀ ਉਸ ਦਾ ਕਿੰਨਾ ਰੇਟ ਵਧਿਆ।

ਵਜ਼ੀਰ ਸਾਹਿਬ, ਤੁਸੀਂ ਵੀ ਕਿਸਾਨੀ ਖਿੱਤੇ ਨਾਲ ਸਬੰਧਤ ਹੋ। ਮਾਲਵੇ ਦੇ ਵਿਚ ਇਕ ਕਿਲਾ ਨਰਮਾ ਬੀਜਣ ਵਾਸਤੇ, ਜਿਥੇ ਗੁਜਰਾਤ ਵਿਚ 500/- ਰੁਪਏ ਕਿੱਲੋ ਹਾਈ-ਬ੍ਰੀਡ ਸੀਡ, ਮਿਲਦਾ ਹੈ, ਉਹ ਕਹਿੰਦੇ ਹਨ ਕਿ ਸਾਨੂੰ ਰਾਇਲਟੀ ਦਾ ਨਹੀਂ ਪਤਾ, ਬੀਜ ਖੁੱਲ੍ਹਾ ਮਿਲਣਾ ਚਾਹੀਦਾ ਹੈ। ਪਰ ਇਥੇ ਪੰਜਾਬ ਵਿਚ 3500/- ਰੁਪਏ ਕਿੱਲੋ ਬੀਜ ਮਿਲ ਰਿਹਾ ਹੈ। ਫਿਰ ਬੀਜਣ ਤੋਂ ਬਾਅਦ ਜੇਕਰ ਚਾਰ ਕਣੀਆਂ ਪੈ ਜਾਣ ਤਾਂ ਉਹ ਬੀਜ ਨਹੀਂ ਉਗਦਾ। ਮੈਂ ਵੀ ਥੋੜ੍ਹਾ ਜਿਹਾ ਬੀਜ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਬੀਜਿਆ ਸੀ, ਮੈਂ ਜਿੰਨੀ ਦੇਰ ਉਹ ਉਗਿਆ ਨਹੀਂ, ਰੱਬ ਰੱਬ ਕਰਦਾ ਰਿਹਾ ਕਿ ਕਿਧਰੇ ਕਣੀਆਂ ਨਾ ਪੈ ਜਾਣ । ਜੇਕਰ ਕਣੀਆਂ ਪੈ ਗਈਆਂ ਤਾਂ ਸਮਝੋ ਕਿ 3500/- ਰੁਪਏ ਦਾ ਹੋਰ ਬੀਜ ਪਾਉਣਾ ਪੈ ਜਾਂਦਾ ਹੈ । ਇਸ ਤੋਂ ਇਲਾਵਾ ਪਾਣੀ ਦਾ ਖਰਚਾ ਅਲੱਗ ਪੈ ਜਾਂਦਾ । ਸਾਨੂੰ ਪਤਾ ਹੈ ਕਿ ਬਠਿੰਡੇ ਦੇ ਕਿਸਾਨ ਕਿਸ ਤਰ੍ਹਾਂ ਰੋਂਦੇ ਹਨ । ਮੈਂ ਵਜ਼ੀਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸੂਬੇ ਵਿਚ ਯੂ.ਪੀ. ਤੋਂ ਟਰੇਡਰ ਇਥੇ ਆਉਂਦੇ ਹਨ । ਉਥੇ ਉਨ੍ਹਾਂ ਨੂੰ ਰੇਟ ਠੀਕ ਨਹੀਂ ਮਿਲਦਾ ਕਿਉਂ ਜੋ ਉਥੇ ਮੰਡੀ ਸਿਸਟਮ ਠੀਕ ਨਹੀਂ ਹੈ । ਇਹ ਸਿਸਟਮ ਬੜਾ ਪੁਰਾਣਾ ਚਲਦਾ ਹੈ । ਸਾਡੇ ਪੰਜਾਬ ਅਤੇ ਹਰਿਆਣਾ ਵਿਚ ਮੰਡੀ ਸਿਸਟਮ ਠੀਕ ਹੈ । ਉਹ ਉਥੋਂ ਦੋ ਨੰਬਰ ਵਿਚ 100/- ਰੁਪਏ ਜਾਂ 150/- ਰੁਪਏ ਘੱਟ ਰੇਟ ਤੇ ਖਰੀਦ ਲੈਂਦੇ ਹਨ ਅਤੇ ਇਧਰ ਆ ਕੇ ਪੰਜਾਬ ਦੀਆਂ ਮੰਡੀਆਂ ਵਿਚ ਵੇਚਦੇ ਹਨ । ਇਸ ਨਾਲ ਫਿਗਰਾਂ ਵਧ ਜਾਂਦੀਆਂ ਹਨ ਅਤੇ ਇਹ ਕਹਿਣ ਲਗ ਜਾਂਦੇ ਹਨ ਕਿ ਇਤਨਾ ਅਨਾਜ ਵਧ ਗਿਆ ਹੈ । ਫਿਗਰਾਂ ਕੋਈ ਚੈਕ ਨਹੀਂ ਕਰਦਾ । ਇਸ ਲਈ ਮੈਂ ਦਲੀਲ ਨਾਲ ਵਜ਼ੀਰ ਸਾਹਿਬ ਨੂੰ ਕਹਿੰਦਾ ਹਾਂ ਕਿ ਸੁਧਾਰ ਕਰੋ, ਅਸੀਂ ਤੁਹਾਡੇ ਨਾਲ ਹਾਂ । ਚੋਰੀ ਫੜੋ, ਅਸੀਂ ਤੁਹਾਡੇ ਨਾਲ ਹਾਂ । ਕਮੀਆਂ ਨੂੰ ਦੂਰ ਕਰੋ, ਅਸੀਂ ਤੁਹਾਡੇ ਨਾਲ ਹਾਂ । ਪਰ ਇਸ ਗੱਲ ਨਾਲ ਤੁਹਾਡੇ ਨਾਲ ਨਹੀਂ ਹਾਂ ਕਿ ਡਿਊਟੀ ਨੂੰ ਵਧਾਉ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਟੇਟ ਦੇ ਇੰਟਰੈਸਟ ਵਾਸਤੇ ਇਨ੍ਹਾਂ ਨੂੰ ਇਹ ਸੁਝਾਓ ਦਿੰਦਾ ਹਾਂ, ਅੱਗੇ ਇਨ੍ਹਾਂ ਦੀ ਮਰਜ਼ੀ ਹੈ । ਮੈਂ ਇਸ ਬਿਲ ਨੂੰ ਅਪੋਜ਼ ਕਰਦਾ ਹਾਂ ।

**ਸ੍ਰੀ ਤੀਕਸ਼ਨ ਸੂਦ** (ਹੁਸ਼ਿਆਰਪੁਰ) : ਮਾਨਯੋਗ ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਸਾਥੀ ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਨੇ ਇਸ ਬਿਲ ਬਾਰੇ ਜੋ ਕਿਹਾ ਹੈ, ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹੋਇਆ ਕੁਝ ਕੁ ਗੱਲਾਂ ਹੋਰ ਕਹਿਣੀਆਂ ਚਾਹੁੰਦਾ ਹਾਂ । ਜਿਹੜੀ ਇਹ ਇਲੈਕਟ੍ਰੀਸਿਟੀ ਡਿਊਟੀ ਲਗਾਉਣ ਦੀ ਪ੍ਰਪੋਜ਼ਲ ਹੈ ਇਸ ਵਿਚ ਬੋਰਡ ਜਾਂ ਕਿਸੇ ਲਾਇਸੰਸੀ, ਬਿਜਲੀ ਇਲੈਕਟ੍ਰੀਸਿਟੀ ਟਰੇਡਰ ਜਾਂ ਜੇਨਰੇਟਿੰਗ ਕੰਪਨੀ ਦੁਆਰਾ ਖਪਤਕਾਰ ਨੂੰ, ਇਕ ਡਿਊਟੀ ਜਿਸ ਨੂੰ ਇਲੈਕਟ੍ਰੀਸਿਟੀ ਡਿਊਟੀ ਕਿਹਾ ਜਾਵੇ, ਅਜਿਹੇ ਰੇਟ ਤੇ ਜਿਹੜਾ ਕਿ 25% ਤੋਂ ਵੱਧ ਨਹੀਂ ਹੋਵੇਗਾ, ਜਿਵੇਂ ਕਿ ਸਟੇਟ ਗੌਰਮਿੰਟ ਸਮੇਂ ਸਮੇਂ ਤੇ ਨੋਟੀਫਿਕੇਸ਼ਨ ਕਰਕੇ, ਸਪੈਸੀਫਾਈ ਕਰੇਗੀ, ਲਗਾਇਆ ਜਾਵੇਗਾ । ਮੈਂ ਕਹਿੰਦਾ ਹਾਂ ਕਿ ਜੇਕਰ 25% ਸਰਕਾਰ ਨੂੰ ਪਾਵਰ ਦੇ ਦੇਣਾ, ਇਸ ਹਾਊਸ ਦਾ ਡੈਲੀਗੇਸ਼ਨ ਹੋਣਾ ਹੈ, ਜਦੋਂ ਸਰਕਾਰ ਨੂੰ ਡਿਸਕ੍ਰੀਸ਼ਨ ਦਿੱਤੀ ਜਾਂਦੀ ਹੈ ਅਤੇ ਆਮ ਤੌਰ ਤੇ ਲੈਜਿਸਲੇਸ਼ਨ ਵਿਚ, ਇਸ ਨਾਲ ਅਲਟੀਮੇਟਲੀ ਸਰਕਾਰ ਫਰੀ ਹੈ ਕਿ ਉਹ ਲੋਕਾਂ ਉਤੇ ਦਮਨਕਾਰੀ ਨੀਤੀਆਂ ਲਾਗੂ ਕਰ ਸਕੇ । 25% ਦੀ ਪਾਵਰ ਬਹੁਤ ਜ਼ਿਆਦਾ ਹੈ । ਇਹ ਰਾਜ ਦੇ ਲੋਕਾਂ ਦੇ ਹਿੱਤ ਵਿਚ ਨਹੀਂ ਹੋਵੇਗੀ । ਜੇਕਰ ਇਹ ਪਾਵਰ ਦੇਣੀ ਵੀ ਹੈ ਤਾਂ ਇਹ 5% ਜਾਂ 10% ਤੱਕ ਹੋਵੇ, ਫੇਰ ਤਾਂ ਇਹ ਗੱਲ ਸਮਝ ਆਉਂਦੀ ਹੈ । ਲੇਕਿਨ 25 % ਦੀ ਪਾਵਰ ਦੇਣਾ ਬਹੁਤ ਗਲਤ ਪਰੰਪਰਾ ਸ਼ੁਰੂ ਕਰਨ ਵਾਲੀ ਗੱਲ ਹੋਵੇਗੀ । ਬਾਕੀ ਸਪੀਕਰ ਸਾਹਿਬ, ਅਨ-ਬੰਡਲਿੰਗ ਬਾਰੇ ਜਿਵੇਂ ਭੂੰਦੜ ਸਾਹਿਬ ਨੇ ਕਾਫੀ ਇਲਸਟਰੇਸ਼ਨ ਨਾਲ ਦੱਸਿਆ ਹੈ । ਮੈਂ ਵੀ ਕਹਿਣਾ ਚਾਹਾਂਗਾ ਕਿ ਜੇਕਰ ਇਹ ਆਪਣੇ

ਤਜਰਬੇ ਤੋਂ ਨੁਕਸਾਨ ਨਹੀਂ ਉਠਾਉਣਾ ਚਾਹੁੰਦੇ ਤਾਂ ਲੋਕਾਂ ਦੇ ਤਜਰਬੇ ਤੋਂ ਕੁਝ ਹਾਸਲ ਕਰ ਸਕਦੇ ਹਨ । ਹੁਣ ਸਵਾਲ ਇਹ ਹੈ ਕਿ ਇਸ ਦੇ ਕੰਸੀਕਿਊਐਂਸਿਸ ਕੀ ਨਿਕਲਣਗੇ ? ਕੀ ਸਰਕਾਰ ਉਨ੍ਹਾਂ ਨੂੰ ਫੇਸ ਕਰਨ ਵਾਸਤੇ ਤਿਆਰ ਹੈ ਜਿਹੜਾ ਸਵਾਲ ਪੈਦਾ ਹੁੰਦਾ ਹੈ ਉਹ ਇਹ ਹੈ ਕਿ ਰੂਲਜ਼ ਬਣਨ ਜਾ ਰਹੇ ਹਨ । ਉਸ ਵਿਚ ਪਹਿਲਾਂ 5 ਕੰਪਨੀਆਂ ਬਣਨਗੀਆਂ । ਉਨ੍ਹਾਂ ਦੀਆਂ ਨੀਤੀਆਂ ਪ੍ਰਾਈਵੇਟ ਅਤੇ ਸਰਕਾਰ ਲਈ ਇਕੋ ਰਹਿਣਗੀਆਂ ? ਜੇਕਰ ਇਕ ਰਹਿਣੀਆਂ ਹਨ ਤਾਂ ਇਸ ਦਾ ਮਤਲਬ ਹੈ ਕਿ ਪੰਜ ਕੰਪਨੀਆ ਜਿਹੜੀਆਂ ਬਣਨਗੀਆਂ ਉਨ੍ਹਾਂ ਪੰਜਾਂ ਦੀ ਹੀ ਆਪਣੀ ਮੈਨੇਜਮੈਂਟ ਹੋਵੇਗੀ । ਹਰ ਇਕ ਨੂੰ ਹੀ ਆਪਣੀ ਅਲੱਗ ਇਸਟੈਬਲਿਸ਼ਮੈਂਟ ਤਿਆਰ ਕਰਨੀ ਪਵੇਗੀ । ਜਿਹੜੀ ਇਕ ਕਾਮਨ ਇਸਟੈਬਲਿਸ਼ਮੈਂਟ ਚਲ ਰਹੀ ਹੈ, ਪੰਜਾਬ ਰਾਜ ਬਿਜਲੀ ਬੋਰਡ ਵਿਚ, ਉਸ ਤੇ ਇਹ ਪੰਜ ਗੁਣਾਂ ਇਸਟੈਬਲਿਸ਼ਮੈਂਟ ਦਾ ਭਾਰ ਪੈ ਜਾਵੇਗਾ । ਇਸ ਬਾਰੇ ਸਰਕਾਰ ਨੇ ਕੀ ਕੋਈ ਹਿਸਾਬ-ਕਿਤਾਬ ਲਗਾਇਆ ਹੈ ?

ਦੂਸਰਾ, ਸਪੀਕਰ ਸਾਹਿਬ, ਪ੍ਰਾਈਵੇਟ ਕੰਪਨੀਆਂ ਅਤੇ ਪੀ.ਐਸ.ਈ.ਬੀ. ਕੀ ਇਕ ਰੂਲ ਨਾਲ ਚੱਲਣਗੀਆਂ ? ਇਸ ਬਾਰੇ ਸਰਕਾਰ ਨੂੰ ਸਪਸ਼ਟ ਕਰਨਾ ਚਾਹੀਦਾ ਹੈ । ਮੈਂ ਇਸ ਬਾਰੇ ਸਰਕਾਰ ਦਾ ਧਿਆਨ ਇਸ ਗੱਲ ਵੱਲ ਦਿਵਾਵਾਂਗਾ ਕਿ ਜਿਹੜਾ ਅੱਜ ਪੰਜਾਬ ਰਾਜ ਬਿਜਲੀ ਬੋਰਡ ਘਾਟੇ ਵਿੱਚ ਗਿਆ ਹੈ, ਉਸ ਘਾਟੇ ਨੂੰ ਪੂਰਾ ਕਰਨ ਲਈ ਅੱਜ ਤੱਕ ਸਰਕਾਰ ਨੇ ਕੀ ਕੀ ਪ੍ਰਬੰਧ ਕੀਤੇ ? ਜੇ ਉਹ ਘਾਟਾ ਦੂਰ ਕਰਨ ਦੇ ਪ੍ਰਬੰਧ ਨਹੀਂ ਹੋਏ ਤਾਂ ਇਸ ਦਾ ਮਤਲਬ ਹੈ ਕਿ ਬਹੁਤ ਜ਼ਿਆਦਾ ਭਾਰ,ਬਰਡਨ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਕਿਸਾਨ ਤੇ, ਪੰਜਾਬ ਦੀ ਸਨਅਤ ਤੇ, ਘਰੇਲੂ ਖਪਤਕਾਰਾਂ ਤੇ ਪੈਣ ਵਾਲਾ ਹੈ । ਇਸ ਕਰਕੇ ਇਹ ਜਿਹੜਾ ਇਲੈਕਟ੍ਰੀਸਿਟੀ ਡਿਊਟੀ ਲਗਾਉਣ ਦਾ ਬਿਲ ਲਿਆਂਦਾ ਹੈ, ਅਸੀਂ ਇਸਦਾ ਡੱਟ ਕੇ ਵਿਰੋਧ ਕਰਦੇ ਹਾਂ । ਇਹ ਲੋਕਮਾਰੂ ਬਿਲ ਹੈ । ਇਹ ਮਹਿੰਗਾਈ ਵਧਾਉਣ ਵਾਲਾ ਹੈ । ਸਪੀਕਰ ਸਾਹਿਬ, ਬਿਜਲੀ ਅਤੇ ਪੈਟਰੋਲ ਡੀਜ਼ਲ ਇਨ੍ਹਾਂ ਦਾ ਇਫੈਕਟ ਇਕੱਲਾ ਇਕ ਚੀਜ਼ ਤੇ ਨਹੀਂ ਹੁੰਦਾ ਕਿ ਇਕ ਬਿਜਲੀ ਦਾ ਬਿਲ ਵੱਧ ਗਿਆ, ਸਗੋਂ ਇਸਦਾ ਇਫੈਕਟ ਇੰਡਸਟਰੀ ਅਤੇ ਕਮਰਸ ਤੇ ਵੀ ਪੈਂਦਾ ਹੈ । ਇਹ ਬਿਜਲੀ, ਪੈਟਰੋਲ ਅਤੇ ਡੀਜ਼ਲ ਦੇ ਰੇਟ ਉਪਰੋਂ ਵੱਧ ਕੇ ਅਸਰ ਥੱਲੇ ਤੱਕ ਆਉਂਦਾ ਹੈ । ਕੀ ਸਰਕਾਰ ਪ੍ਰੋਪੋਸ਼ਨੇਟਲੀ ਬਾਕੀ ਕੰਮ ਕਰਨ ਵਾਲੇ ਜਿਵੇਂ ਖੇਤੀ ਕਰਨ ਵਾਲੇ ਲੋਕ ਜੋ ਹਨ ਜਾਂ ਮੁਲਾਜ਼ਮ ਹਨ, ਉਨ੍ਹਾਂ ਦੇ ਇਸਦੇ ਮੁਤਾਬਿਕ ਇਮਾਲੂਮੈਂਟਸ ਵਧਾ ਦੇਵੇਗੀ ? ਮੈਂ ਇਹ ਕਹਿੰਦਾ ਹਾਂ ਕਿ ਇਹ ਜੋ ਇਲੈਕਟ੍ਰੀਸਿਟੀ ਡਿਊਟੀ ਵਧਾਉਣ ਦਾ ਬਿਲ ਪੇਸ਼ ਕੀਤਾ ਹੈ, ਇਹ ਪਾਸ ਨਹੀਂ ਹੋਣਾ ਚਾਹੀਦਾ ਅਤੇ ਇਸ ਤੇ ਦੋਬਾਰਾ ਵਿਚਾਰ ਕਰਨੀ ਚਾਹੀਦੀ ਹੈ ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ (ਸਰਦਾਰ ਲਾਲ ਸਿੰਘ)** : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਇਹ ਲਿਆਉਣ ਦੀ ਕਿਉਂ ਲੋੜ ਪਈ ? ਪਹਿਲਾਂ ਸਰਕਾਰ ਨੇ ਆਰਡੀਨੈਂਸ ਕੀਤਾ ਉਸ ਨੂੰ ਬਿਲ ਵਿੱਚ ਕਨਵਰਟ ਕਰਨ ਵਾਸਤੇ ਵਿਧਾਨ ਸਭਾ ਵਿੱਚ ਇਹ ਬਿਲ ਲਿਆਂਦਾ ਗਿਆ ਹੈ । ਭਾਰਤ ਸਰਕਾਰ ਵਲੋਂ ਬਣਾਏ ਗਏ ਇਲੈਕਟ੍ਰੀਸਿਟੀ ਐਕਟ, 2003 ਦੇ

[ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ]

ਲਾਗੂ ਹੋ ਜਾਣ ਕਾਰਨ ਇੰਡੀਅਨ ਇਲੈਕਟਰੀਸਿਟੀ ਐਕਟ, 1910 ਅਤੇ ਇਲੈਕਟਰੀਸਿਟੀ ਸਪਲਾਈ ਐਕਟ, 1948 ਖਤਮ ਹੋ ਗਏ ਹਨ ਅਤੇ ਸੈਂਟਰਲ ਐਕਟ ਆ ਗਿਆ ਹੈ। ਇਸ ਕਰਕੇ ਇਹ ਜ਼ਰੂਰੀ ਸੀ ਕਿ ਇਹ ਬਿਲ ਲਿਆਂਦਾ ਜਾਵੇ ਔਰ ਜਿੱਥੋਂ ਤੱਕ ਡਿਊਟੀ ਵਧਾਉਣ ਦਾ ਸਵਾਲ ਹੈ, ਡਿਊਟੀ ਸਿਰਫ ਪਹਿਲਾਂ 5% ਲੱਗੀ ਹੋਈ ਹੈ ਅਤੇ 5% ਸਰਕਾਰ ਵਲੋਂ ਹੋਰ ਵਧਾਉਣ ਵਾਸਤੇ ਕੈਬਨਿਟ ਵਿੱਚ ਫੈਸਲਾ ਕੀਤਾ ਗਿਆ ਹੈ। ਇਹ ਜਿਹੜਾ 25% ਦਾ ਜ਼ਿਕਰ ਇਸਦੇ ਵਿੱਚ ਹੈ, ਇਸ ਦਾ ਮਕਸਦ ਇਹ ਹੈ ਕਿ ਵਾਰ ਵਾਰ ਵਿਧਾਨ ਸਭਾ ਵਿੱਚ ਬਿਲ ਨਾ ਲਿਆਂਦਾ ਜਾਵੇ, ਅਤੇ ਸਰਕਾਰ ਕੋਲ ਪਾਵਰ ਹੋਵੇ ਕਿ 25% ਤੱਕ ਉਹ ਚਾਹੇ ਤਾਂ ਇਸ ਡਿਊਟੀ ਨੂੰ ਇਨਕਰੀਜ਼ ਕਰ ਸਕਦੀ ਹੈ ਪਰ 25% ਲਾਗੂ ਨਹੀਂ ਕਰ ਰਹੇ। ਸਰਕਾਰ ਦੀ ਮਨਸ਼ਾ ਹੈ, ਸਿਰਫ ਫੈਸਲਾ ਜਿਹੜਾ ਹੋਇਆ ਹੈ ਉਹ 5% ਡਿਊਟੀ ਵਧਾਉਣ ਦਾ ਕੀਤਾ ਹੈ ਅਤੇ 5% ਪਹਿਲਾਂ ਹੈ ਅਤੇ ਜਿਹੜਾ ਪੈਸਾ ਇਸ ਡਿਊਟੀ ਤੋਂ ਆਉਣਾ ਹੈ, ਪਹਿਲੀ ਗੱਲ ਤਾਂ ਜਿਹੜਾ ਭੂੰਦੜ ਸਾਹਿਬ ਨੇ ਕਿਹਾ ਹੈ, ਖੇਤੀਬਾੜੀ ਤੇ ਇਹ ਡਿਊਟੀ ਲਾਗੂ ਨਹੀਂ ਹੋਵੇਗੀ ਤੇ ਘਰੇਲੂ ਖਪਤਕਾਰੀ ਤੇ ਜ਼ਰੂਰ ਲੱਗੇਗੀ ਅਤੇ ਇਸ ਤੋਂ ਜਿਹੜਾ ਪੈਸਾ ਆਉਣਾ ਹੈ, ਇਹ ਸਾਰਾ ਪੈਸਾ ਇਕ ਡੈਡੀਕੇਟਿਡ ਫੰਡ ਜੋ ਸੋਸ਼ਲ ਸਕਿਉਰਿਟੀ ਤੇ ਲਾਉਣ ਲਈ ਬਣਾਇਆ ਹੈ, ਉਸ ਵਿੱਚ ਜਮ੍ਹਾਂ ਹੋਵੇਗਾ ਜਿਸ ਦੇ ਨਾਲ ਪੈਨਸ਼ਨਜ਼, ਗਰੀਬ ਬੱਚਿਆਂ ਨੂੰ ਵਜ਼ੀਫੇ ਅਤੇ ਅਸ਼ੀਰਵਾਦ ਸਕੀਮ ਤੇ ਪੈਸਾ ਲੱਗੇਗਾ ਅਤੇ ਇਹ ਖਜ਼ਾਨੇ ਵਿੱਚ ਪੈਸਾ ਨਹੀਂ ਜਾਵੇਗਾ। ਇਕ ਡੈਡੀਕੇਟਿਡ ਫੰਡ ਸੋਸ਼ਲ ਸਕਿਉਰਿਟੀ ਦਾ ਬਣਿਆ ਹੈ ਤਾਂ ਕਿ ਲੋਕਾਂ ਦੀ ਜੋ ਬੜੇ ਲੰਮੇ ਸਮੇਂ ਤੋਂ ਡੀਮਾਂਡ ਲਮਕਦੀ ਆ ਰਹੀ ਸੀ ਕਿ ਜਿਹੜਾ ਪੈਸਾ ਇਸ ਮੰਤਵ ਲਈ ਰੱਖਿਆ ਜਾਂਦਾ ਹੈ, ਉਹ ਡਾਈਵਰਟ ਹੋ ਜਾਂਦਾ ਹੈ ਅਤੇ ਲੋਕਾਂ ਤੱਕ ਨਹੀਂ ਪਹੁੰਚਦਾ। ਹੁਣ ਇਹ ਪੈਸਾ ਪੱਕੇ ਤੌਰ ਤੇ ਜਮ੍ਹਾਂ ਹੋ ਜਾਣਾ ਹੈ ਅਤੇ ਇਸ ਕਰਕੇ ਇਸਦੀ ਜ਼ਰੂਰਤ ਪਈ ਹੈ। ਇਸ ਤੋਂ 250 ਕਰੋੜ ਰੁਪਏ ਆਉਣਾ ਹੈ ਅਤੇ 250 ਕਰੋੜ ਪਹਿਲਾਂ ਆਉਂਦਾ ਹੈ ਅਤੇ ਕੁੱਲ 500 ਕਰੋੜ ਰੁਪਏ ਹੋ ਜਾਵੇਗਾ। 250 ਕਰੋੜ ਤਾਂ ਪਹਿਲਾਂ ਹੀ ਆਉਂਦਾ ਹੈ, ਇਹ ਜੋ ਡੈਡੀਕੇਟਿਡ ਫੰਡ ਵਿੱਚ ਜਮ੍ਹਾਂ ਹੋ ਜਾਣਾ ਹੈ ਅਤੇ ਇਹ ਗਰੀਬਾਂ ਵਾਸਤੇ ਹੋਵੇਗਾ ਅਤੇ ਇਹ ਬੜਾ ਜ਼ਰੂਰੀ ਹੈ ਇਸੇ ਕਰਕੇ ਇਹ ਬਿਲ ਇੱਥੇ ਲਿਆਂਦਾ ਹੈ ਦੂਜੀ ਗੱਲ ਇਥੇ ਅਨ-ਬੰਡਲਿੰਗ ਦਾ ਜ਼ਿਕਰ ਹੋਇਆ ਹੈ ਔਰ ਬਿਜਲੀ ਬੋਰਡ ਵਿੱਚ ਸੁਧਾਰ ਹੋਵੇ, ਇਸਦਾ ਜ਼ਿਕਰ ਹੋਇਆ ਹੈ। ਸਪੀਕਰ ਸਾਹਿਬ, ਸੁਧਾਰ ਤਾਂ ਅਸੀਂ ਬਹੁਤ ਕੀਤਾ ਹੈ। ਸਾਰੇ ਹਿੰਦੁਸਤਾਨ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਨੰਬਰ : 1 ਤੇ ਹੈ। ਮੈਂ ਫਖਰ ਨਾਲ ਕਹਿ ਸਕਦਾ ਹਾਂ ਅਨ-ਬੰਡਲਿੰਗ ਦਾ ਇਹ ਵਾਰ ਵਾਰ ਮਤਲਬ ਕੱਢਿਆ ਜਾ ਰਿਹਾ ਹੈ ਕਿ ਸਰਕਾਰ ਇਸ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਜਾ ਰਹੀ ਹੈ। ਇਹ ਬਿਲਕੁੱਲ ਗਲਤ ਹੈ। ਸਰਕਾਰ ਦੀ ਇਸ ਨੂੰ ਪ੍ਰਾਈਵੇਟਾਈਜ਼ ਕਰਨ ਦੀ ਕੋਈ ਮਨਸ਼ਾ ਨਹੀਂ ਔਰ ਜਿੰਨੇ ਇੰਪਲਾਈਜ਼ ਹਨ, ਤਕਰੀਬਨ 80000 ਇੰਪਲਾਈਜ਼ ਹਨ, ਉਨ੍ਹਾਂ ਦੀਆਂ ਨੌਕਰੀਆਂ ਨੂੰ ਕੋਈ ਖਤਰਾ ਨਹੀਂ ਹੈ। ਉਨ੍ਹਾਂ ਵਿਚੋਂ ਕਿਸੇ ਨੂੰ ਕੱਢਿਆ ਨਹੀਂ ਜਾ ਰਿਹਾ। ਉਨ੍ਹਾਂ ਦਾ ਫਿਊਚਰ ਬਿਲਕੁੱਲ ਪ੍ਰੋਟੈਕਟ ਹੈ। ਇਸ ਦੇ ਨਾਲ ਹੀ ਦੂਸਰੇ ਸੂਬਿਆਂ ਦਾ ਜ਼ਿਕਰ ਕੀਤਾ ਹੈ ਕਿ ਫਲਾਣੇ ਸੂਬੇ ਵਿੱਚ ਇਹ ਹੈ ਅਤੇ ਫਲਾਣੇ ਸੂਬੇ ਵਿੱਚ ਇਹ ਫੇਲ੍ਹ ਹੋ ਗਿਆ ਹੈ।

ਇਹ ਸਾਰਾ ਕੁਝ ਅਸੀਂ ਵਾਚਿਆ ਹੈ, ਸਾਰਾ ਕੁਝ ਦੇਖਿਆ ਹੈ । ਜਿਹੜਾ ਸਿਸਟਮ ਉਨ੍ਹਾਂ ਨੇ ਅਪਨਾਇਆ ਸੀ ਔਰ ਉਨ੍ਹਾਂ ਦੇ ਵਿੱਚ ਜਿਹੜੀਆਂ ਕਮੀਆਂ ਸਨ, ਉਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ । ਉਨ੍ਹਾਂ ਨੂੰ ਸਾਹਮਣੇ ਰੱਖ ਕੇ ਅਜੇ ਇਹ ਪਰੋਪੋਜ਼ਲ ਹੈ, ਇਹ ਫੈਸਲਾ ਅਜੇ ਨਹੀਂ ਹੋਇਆ । ਫੈਸਲਾ ਕੈਬਨਿਟ ਨੇ ਕਰਨਾ ਹੈ । ਅੰਨਬੰਡਲਿੰਗ ਦੀ ਜੋ ਗੱਲ ਹੈ, ਜਦ ਤੱਕ ਕੈਬਨਿਟ ਫੈਸਲਾ ਨਹੀਂ ਕਰਦੀ, ਉਨਾਂ ਚਿਰ ਲਾਗੂ ਨਹੀਂ ਹੋ ਸਕਦਾ । ਇਹ ਫੈਸਲਾ ਨਾ ਮੈਂ ਇਕੱਲੇ ਤੌਰ ਤੇ ਕਰ ਸਕਦਾ ਹਾਂ ਔਰ ਨਾ ਕੋਈ ਹੋਰ ਵਜ਼ੀਰ ਇਕੱਲੇ ਤੌਰ ਤੇ ਇਸ ਦਾ ਕੋਈ ਫੈਸਲਾ ਕਰ ਸਕਦਾ ਹੈ । ਅਖਬਾਰਾਂ ਦੇ ਵਿੱਚ ਬਹੁਤ ਕੁਝ ਛਪਦਾ ਹੈ । ਅਖਬਾਰਾਂ ਕਦੇ ਕੁਝ ਛਾਪਦੀਆਂ ਹਨ, ਕਦੇ ਕੁਝ ਛਾਪਦੀਆਂ ਹਨ । ਮੈਂ ਉਨ੍ਹਾਂ ਦੇ ਵਿੱਚ ਨਹੀਂ ਜਾਣਾ ਚਾਹੁੰਦਾ । ਮੈਂ ਫਿਰ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ, ਇਸ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅੰਨਬੰਡਲਿੰਗ ਦਾ ਮਤਲਬ ਪ੍ਰਾਈਵੇਟਾਈਜ਼ੇਸ਼ਨ ਨਹੀਂ ਹੈ । ਮੈਂ ਪਹਿਲਾਂ ਹੀ ਕਿਹਾ ਸੀ ਕਿ ਇੰਪਲਾਈਜ਼ ਦੇ ਫਿਊਚਰ ਨੂੰ ਕੋਈ ਖਤਰਾ ਨਹੀਂ ਹੈ, ਇਹ ਗੱਲ ਬਿਲਕੁਲ ਸਪੱਸ਼ਟ ਕਰਨੀ ਚਾਹੁੰਦਾ ਹਾਂ । ਇੱਕ ਗੱਲ ਇਸ ਵਿੱਚ ਜ਼ਰੂਰ ਹੈ, ਸਪੀਕਰ ਸਾਹਿਬ, ਕਿ ਪਾਵਰ ਦੀ ਸ਼ਾਰਟੇਜ਼ ਆਲ ਓਵਰ ਇੰਡੀਆ ਹੈ ਔਰ ਸਾਡੇ ਵੀ ਪਾਵਰ ਦੀ ਬੜੀ ਘਾਟ ਹੈ । ਅੱਜ 2000 ਮੈਗਾਵਾਟ ਦੀ ਸਾਡੇ ਕੋਲ ਸ਼ਾਰਟਫਾਲ ਹੈ । ਸਰਕਾਰ ਕੋਲ ਸਾਧਨ ਨਹੀਂ ਹਨ । ਇਸ ਵਿੱਚ ਅਸੀਂ ਇਹ ਜ਼ਰੂਰ ਪ੍ਰੋਵੀਜ਼ਨ ਕੀਤੀ ਹੈ ਕਿ ਬਾਹਰਲੇ ਲੋਕ ਪੰਜਾਬ ਦੇ ਅੰਦਰ ਇਨਵੈਸਟਮੈਂਟ ਕਰਨ, ਪੰਜਾਬ ਦੇ ਅੰਦਰ ਪਾਵਰ ਜੈਨਰੇਟ ਕਰਨ ਪਰ ਉਹ ਆਪਣੀ ਮਰਜ਼ੀ ਨਾਲ ਸਾਰਾ ਕੁਝ ਨਹੀਂ ਕਰ ਸਕਦੇ । ਉਸ ਤੇ ਸਰਕਾਰ ਦਾ ਕੰਟਰੋਲ ਹੋਵੇਗਾ । ਸਰਕਾਰ ਨਾਲ ਐਗਰੀਮੈਂਟ ਹੋਵੇਗਾ । ਉਹ ਸਰਕਾਰ ਨੂੰ ਬਿਜਲੀ ਦੇਣਗੇ । ਸਰਕਾਰ ਦਾ ਸਾਰਾ ਕੰਟਰੋਲ ਹੋਵੇਗਾ, ਸਰਕਾਰ ਦਾ ਰੇਟ ਚੱਲੇਗਾ । ਇਸ ਗੱਲ ਨੂੰ ਲੈ ਕੇ ਕਿ ਪ੍ਰਾਈਵੇਟਾਈਜੇਸ਼ਨ ਹੋ ਜਾਵੇਗੀ, ਫਲਾਣੀ ਗੱਲ ਹੋ ਜਾਵੇਗੀ, ਬਾਰ ਬਾਰ ਇਹ ਗਲਤ ਫਹਿਮੀਆਂ ਫੈਲਾਈਆਂ ਜਾ ਰਹੀਆਂ ਹਨ । ਸਪੀਕਰ ਸਾਹਿਬ, ਜਿਥੋਂ ਤੱਕ ਸੁਧਾਰ ਦਾ ਸਵਾਲ ਹੈ, ਅਸੀਂ ਪੰਜਾਬ ਦੇ ਅੰਦਰ ਕੁੱਝ ਗੱਲਾਂ ਕੀਤੀਆਂ ਹਨ । ਜਿਸ ਤਰ੍ਹਾਂ ਚੋਰੀ ਦੀ ਗੱਲ ਹੈ, ਟੀ. ਐਂਡ ਡੀ. ਲਾਸਿਜ਼ ਦੀ ਗੱਲ ਹੈ, ਜੋ ਭੂੰਦੜ ਸਾਹਿਬ ਨੇ ਕਿਹਾ ਹੈ, ਸੁਧਾਰ ਅਸੀਂ ਕੀਤਾ ਹੈ । ਇਨ੍ਹਾਂ ਦੇ ਵੇਲੇ 1997-98 ਤੋਂ 2001-02 ਤੱਕ ਐਸਤਨ 59 ਕਰੋੜ ਰੁਪਏ ਦੀ ਚੋਰੀ ਐਵਰੇਜ਼ ਹਰ ਸਾਲ ਇਨ੍ਹਾਂ ਨੇ ਫੜੀ । ਅਸੀਂ 2002-03 ਤੋਂ ਲੈ ਕੇ ਅੱਜ ਤੱਕ ਜਿਹੜੀ ਚੋਰੀ ਫੜੀ ਹੈ, ਉਹ 170 ਕਰੋੜ ਰੁਪਏ ਐਵਰੇਜ਼ ਦੀ ਹਰ ਸਾਲ ਹੈ । ਇਸ ਤੋਂ ਤੁਸੀਂ ਅਨੁਭਵ ਕਰ ਸਕਦੇ ਹੋ ਕਿ ਅਸੀਂ ਕਿੰਨਾ ਸੁਧਾਰ ਇਸ ਵਿੱਚ ਲਿਆਂਦਾ ਹੈ । ਕਿੰਨੀ ਚੋਰੀ ਰੋਕਣ ਦੀ ਕੋਸ਼ਿਸ਼ ਕੀਤੀ ਹੈ । ਕਿੰਨੀ ਟੀ. ਐਂਡ ਡੀ. ਲਾਸਿਜ਼ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਹੈ । ਮਾਲੀਏ ਦਾ ਮੈਂ ਜ਼ਿਕਰ ਕਰਨ ਲੱਗਿਆ ਹਾਂ ਕਿ ਇਸ ਵਿੱਚ ਵੀ ਸੁਧਾਰ ਲਿਆਂਦਾ ਹੈ । 1997-98 ਤੋਂ 2001-02 ਤੱਕ ਪੀ.ਐਸ.ਈ.ਬੀ. ਦਾ ਕੁੱਲ ਮਾਲੀਆ 2861 ਤੋਂ ਲੈ ਕੇ 4585 ਤੱਕ ਇਨਕਰੀਜ਼ ਹੋਇਆ । ਸਾਡੇ ਵੇਲੇ 2002 ਤੋਂ ਲੈ ਕੇ ਹੁਣ ਤੱਕ ਜਿਹੜਾ ਵਧਿਆ ਹੈ, ਇਹ 5341 ਕਰੋੜ ਰੁਪਏ ਤੋਂ ਲੈ ਕੇ 6112 ਕਰੋੜ ਰੁਪਏ ਹੈ । ਇਹ

[ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ]

ਵਾਧਾ 33 ਪ੍ਰਤੀਸ਼ਤ ਬਣਦਾ ਹੈ। ਇਸ ਤੋਂ ਅਨੁਭਵ ਕੀਤਾ ਜਾ ਸਕਦਾ ਹੈ ਕਿ ਅਸੀਂ ਕਿੰਨਾ ਸੁਧਾਰ ਲਿਆਂਦਾ ਹੈ। ਜਿਥੋਂ ਤੱਕ ਪੀ.ਐਸ.ਈ.ਬੀ. ਦੀ ਵਿੱਤੀ ਸਥਿਤੀ ਦਾ ਸਵਾਲ ਹੈ, 2001-02 ਵਿੱਚ ਜਦੋਂ ਸਾਡੀ ਸਰਕਾਰ ਬਣੀ ਤਾਂ ਪੀ.ਐਸ.ਈ.ਬੀ. ਦਾ ਕਮਰਸ਼ੀਅਲ ਘਾਟਾ 2600 ਕਰੋੜ ਰੁਪਏ ਸੀ ਔਰ 2002-03 ਵਿੱਚ ਇਹ ਘਾਟਾ ਅਸੀਂ ਘਟਾ ਕੇ 435 ਕਰੋੜ ਰੁਪਏ ਤੇ ਲਿਆਂਦਾ। ਹੁਣ ਮੈਂ ਫਖਰ ਨਾਲ ਕਹਿ ਸਕਦਾ ਹਾਂ ਕਿ 2003-04 ਵਿੱਚ ਬਿਜਲੀ ਬੋਰਡ ਜਿਥੇ 2600 ਕਰੋੜ ਰੁਪਏ ਦੇ ਘਾਟੇ ਵਿੱਚ ਸੀ, ਹੁਣ ਉਹ 175 ਕਰੋੜ ਰੁਪਏ ਦੇ ਪਰਾਫਿਟ ਤੇ ਲੈ ਕੇ ਆਂਦਾ ਹੈ। ਇਹ ਕੋਈ ਛੋਟਾ ਸੁਧਾਰ ਨਹੀਂ ਹੈ। (ਥੰਪਿੰਗ) ਪਾਵਰ ਟੈਰਿਫ ਕਮਿਸ਼ਨ ਨੇ ਜਿਹੜਾ ਟੈਰਿਫ ਲਾਗੂ ਕੀਤਾ ਹੈ, ਉਸ ਦੇ ਨਾਲ ਸਾਨੂੰ ਸੱਟ ਲੱਗੀ ਹੈ। ਉਨ੍ਹਾਂ ਨੇ ਜਿਹੜਾ ਟੈਰਿਫ ਲਾਗੂ ਕੀਤਾ ਹੈ, ਉਸ ਨਾਲ ਪੀ.ਐਸ.ਈ.ਬੀ. ਨੂੰ 700 ਕਰੋੜ ਰੁਪਏ ਦਾ ਫਰਕ ਪਿਆ ਹੈ, ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੀ.ਐਸ.ਈ.ਬੀ. ਨੇ ਪਿਛਲੇ ਦਿਨਾਂ ਵਿੱਚ ਜਦੋਂ ਪੰਜਾਬ ਦੇ ਅੰਦਰ ਮੌਨਸੂਨ ਫੇਲ੍ਹ ਹੋ ਗਿਆ ਸੀ ਤਾਂ ਜਿਹੜਾ ਰੇਜ਼ਰਵਾਇਰ ਸੀ ਜਿਸ ਤਰ੍ਹਾਂ ਗੋਬਿੰਦ ਸਾਗਰ ਝੀਲ ਜਾਂ ਭਾਖੜਾ ਡੈਮ ਸੀ ਉਸ ਦਾ ਬਰਫ ਦੇ ਘੱਟ ਪਿਘਲਣ ਕਾਰਨ ਜਾਂ ਮੌਨਸੂਨ ਘੱਟ ਹੋਣ ਕਰਕੇ ਵਾਟਰ ਦਾ ਲੈਵਲ ਘੱਟ ਹੋ ਗਿਆ ਸੀ ਔਰ ਇਨ੍ਹਾਂ ਦਾ ਵਾਟਰ ਲੈਵਲ 90-95 ਫੁੱਟ ਨੀਚੇ ਚਲਿਆ ਗਿਆ ਸੀ। ਇਸ ਦੇ ਨਾਲ ਡਰ ਪੈਦਾ ਹੋ ਗਿਆ ਸੀ ਕਿ ਨਾ ਤਾਂ ਨਹਿਰਾਂ ਦਾ ਪਾਣੀ ਪੂਰਾ ਹੋਵੇਗਾ ਔਰ ਨਾ ਹੀ ਪਾਵਰ ਦੀ ਜੈਨਰੇਸ਼ਨ ਪੂਰੀ ਹੋ ਸਕੇਗੀ। ਉਸ ਵੇਲੇ ਇੰਨੀ ਘਬਰਾਹਟ ਸੀ ਕਿ ਜਿਹੜੀ ਝੋਨੇ ਦੀ ਫਸਲ ਲਗਾਈ ਹੋਈ ਸੀ ਉਸ ਦੇ ਬਾਰੇ ਡਰ ਪੈਦਾ ਹੋ ਗਿਆ ਸੀ ਕਿ ਕਿਸ ਤਰ੍ਹਾਂ ਕਿਸਾਨਾਂ ਦੀ ਫਸਲ ਨੂੰ ਸਿਰੇ ਚਾੜ੍ਹਨਾ ਹੈ। ਉਸ ਫਸਲ ਨੂੰ ਸਿਰੇ ਚਾੜ੍ਹਨ ਵਾਸਤੇ ਪੰਜਾਬ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਥੱਲੇ ਜਿੰਨੀ ਵੀ ਲੋੜ ਸੀ ਜਿਸ ਭਾਅ ਤੇ ਵੀ ਬਿਜਲੀ ਮਿਲੀ ਤਾਂ ਅਸੀਂ ਕਿਸਾਨਾਂ ਨੂੰ 8-10 ਘੰਟੇ ਬਿਜਲੀ ਦਿੱਤੀ ਔਰ 1600 ਕਰੋੜ ਰੁਪਏ ਦੀ ਬਿਜਲੀ ਖਰੀਦੀ। ਇਸ ਸਾਲ 31 ਮਾਰਚ ਤੱਕ 2300-2400 ਕਰੋੜ ਰੁਪਏ ਦੀ ਬਿਜਲੀ ਦੀ ਖਰੀਦ ਕੀਤੀ ਗਈ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜਿਥੇ ਝੋਨੇ ਦੀ ਫਸਲ ਦਾ ਮੌਨਸੂਨ ਫੇਲ੍ਹ ਹੋਣ ਕਾਰਨ ਇਹ ਡਰ ਪੈਦਾ ਹੋ ਗਿਆ ਸੀ ਕਿ ਝਾੜ ਘੱਟ ਜਾਵੇਗਾ ਅਤੇ ਫਸਲ ਤਬਾਹ ਹੋ ਜਾਵੇਗੀ ਪਰੰਤੂ ਪੀ.ਐਸ.ਈ.ਬੀ. ਦੀ ਮਿਹਨਤ ਸਦਕਾ, ਮੇਰੇ ਕੋਲ ਅੰਕੜੇ ਹਨ ਝੋਨੇ ਦੀ ਫਸਲ ਦੇ ਵਿਚ ਵਾਧਾ ਹੋਇਆ ਹੈ ਜਿਸ ਦੇ ਨਾਲ ਕਰੋੜਾਂ ਰੁਪਏ ਦਾ ਫਾਇਦਾ ਪੰਜਾਬ ਦੇ ਕਿਸਾਨਾਂ ਨੂੰ ਹੋਇਆ ਹੈ। ਇਸ ਦੇ ਵਿੱਚ ਪੰਜਾਬ ਸਰਕਾਰ, ਕੈਪਟਨ ਅਮਰਿੰਦਰ ਸਿੰਘ ਅਤੇ ਪੀ.ਐਸ.ਈ.ਬੀ. ਦਾ ਬਹੁਤ ਸ਼ਲਾਘਾਯੋਗ ਰੋਲ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪ੍ਰਮਾਤਮਾ ਦੀ ਮਿਹਰ ਦੇ ਸਦਕਾ ਰੇਜ਼ਰਵਾਇਰ ਦੇ ਵਿੱਚ ਪਾਣੀ ਦਾ ਲੈਵਲ ਪੂਰਾ ਹੋ ਗਿਆ ਹੈ ਔਰ ਇਹ ਵੀ ਆਸ ਕਰਦਾ ਹਾਂ ਕਿ ਮੌਨਸੂਨ ਵੀ ਅੱਛੀ ਹੋਵੇ। ਅਸੀਂ ਤਾਂ ਪ੍ਰਮਾਤਮਾ ਅੱਗੇ ਅਰਦਾਸ ਹੀ ਕਰ ਸਕਦੇ ਹਾਂ। ਉਸ ਦੀ ਕਰੋਪੀ ਦੇ ਸਾਹਮਣੇ ਵੱਡੀ ਤੋਂ ਵੱਡੀ ਸਰਕਾਰ, ਕੋਈ ਵੀ ਮੁਕਾਬਲਾ ਨਹੀਂ ਕਰ ਸਕਦਾ। ਮੈਂ ਹਾਊਸ ਦੇ ਵਿਚ ਵਿਸ਼ਵਾਸ਼ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਪੰਜਾਬ

ਦੇ ਕਿਸਾਨਾਂ ਨੂੰ ਹਰ ਹੀਲੇ 8-10 ਘੰਟੇ ਬਿਜਲੀ ਮੁਹੱਈਆ ਕਰਵਾਏਗੀ ਚਾਹੇ ਉਹ ਕਿਤੋਂ ਮਰਜ਼ੀ ਵੀ ਖਰੀਦ ਕਰਕੇ ਦੇਣੀ ਪਵੇ, ਜਿਸ ਮਰਜ਼ੀ ਭਾਅ ਦੇ ਉਤੇ ਖਰੀਦਣੀ ਪਵੇ। ਆਪੋਜ਼ੀਸ਼ਨ ਵਲੋਂ ਕਿਹਾ ਗਿਆ ਹੈ ਕਿ ਇਸ ਬਿਲ ਦੇ ਉਤੇ ਬਹਿਸ ਹੋਣੀ ਚਾਹੀਦੀ ਹੈ। ਅਸੀਂ, ਇਸ ਦੇ ਉਤੇ ਬਿਲਕੁਲ ਬਹਿਸ ਕਰਨ ਨੂੰ ਤਿਆਰ ਹਾਂ, ਅਸੀਂ ਇਸ ਦਾ ਜਵਾਬ ਦੇਣ ਵਾਸਤੇ ਤਿਆਰ ਹਾਂ। ਅੱਜ ਪੰਜਾਬ ਦੇ ਵਿਚ 9200 ਪਿੰਡਾਂ ਨੂੰ 24 ਘੰਟੇ ਬਿਜਲੀ ਸਪਲਾਈ ਕੀਤੀ ਜਾ ਚੁੱਕੀ ਹੈ। ਸਪੀਕਰ ਸਾਹਿਬ, ਇਨ੍ਹਾਂ ਦੇ ਵੇਲੇ ਤਾਂ ਸਿੰਗਲ ਫੇਜ਼ ਦੇ ਅਨੁਸਾਰ ਬਿਜਲੀ ਦਿੱਤੀ ਜਾਂਦੀ ਸੀ ਪਰੰਤੂ ਅਸੀਂ ਹਰੇਕ ਪਿੰਡ ਨੂੰ ਥਰੀ ਫੇਜ਼ ਬਿਜਲੀ ਸਪਲਾਈ ਕਰਵਾਵਾਂਗੇ ਕਿਉਂਕਿ ਟਿਊਬਵੈੱਲਾਂ ਨੂੰ ਅਸੀਂ 24 ਘੰਟੇ ਬਿਜਲੀ ਨਹੀਂ ਦੇ ਸਕਦੇ। ਇਸ ਲਈ ਪਿੰਡਾਂ ਦੀ ਬਿਜਲੀ ਨੂੰ ਅਲੱਗ ਕਰਾਂਗੇ ਤਾਂ ਕਿ ਜੇਕਰ ਟਿਊਬਵੈੱਲਾਂ ਦੇ ਉਤੇ ਬਿਜਲੀ ਨਹੀਂ ਹੈ ਤਾਂ ਪਿੰਡਾਂ ਦੇ ਵਿੱਚ ਸ਼ਹਿਰਾਂ ਵਾਂਗ ਹੀ 24 ਘੰਟੇ ਬਿਜਲੀ ਜਗਦੀ ਰਹੇ। ਇਸ ਲਈ ਅਸੀਂ ਪਿੰਡਾਂ ਦੇ ਵਿੱਚ ਥਰੀ ਫੇਜ਼ ਬਿਜਲੀ ਸਪਲਾਈ ਕਰਵਾਵਾਂਗੇ ਜਿਸ ਦੇ ਨਾਲ ਜਿਹੜੇ ਸਨਅਤਕਾਰੀ ਧੰਦੇ ਹਨ ਜਿਵੇਂ ਆਟਾ ਚੱਕੀਆਂ ਹਨ, ਸਮਾਲ ਸਕੇਲ ਇੰਡਸਟਰੀ ਹੈ ਉਨ੍ਹਾਂ ਨੂੰ ਇਸ ਦਾ ਫਾਇਦਾ ਹੋ ਸਕੇ। ਬਾਕੀ ਜਿਹੜੇ ਪਿੰਡ ਰਹਿੰਦੇ ਹਨ ਉਨ੍ਹਾਂ ਨੂੰ ਵੀ ਅਸੀਂ 30 ਸਤੰਬਰ ਤੱਕ 24 ਘੰਟੇ ਬਿਜਲੀ ਦੀ ਸਪਲਾਈ ਨਾਲ ਜੋੜ ਦੇਣਾ ਹੈ। ਪੀ.ਐਸ.ਈ.ਬੀ. ਵਲੋਂ ਇੱਕ ਵੀ.ਡੀ.ਐਸ. ਸਕੀਮ ਸ਼ੁਰੂ ਕੀਤੀ ਗਈ ਹੈ, ਕਿਉਂਕਿ ਅੱਜ ਕਲ੍ਹ ਟਿਊਬਵੈੱਲਾਂ ਦਾ ਪਾਣੀ ਡੂੰਘਾ ਜਾਣ ਕਰਕੇ ਕਿਸਾਨਾਂ ਨੂੰ ਆਪਣੀਆਂ ਮੋਟਰਾਂ ਦੇ ਕੁਨੈਕਸ਼ਨ ਲੋਡ ਨੂੰ ਵਧਾਉਣਾ ਪੈਂਦਾ ਹੈ। ਅਸੀਂ ਉਨ੍ਹਾਂ ਨੂੰ ਖੁਲ੍ਹ ਦਿੱਤੀ ਹੋਈ ਹੈ ਕਿ ਚਾਹੇ ਕੋਈ ਕਿਸਾਨ ਆਪਣੀ ਮੋਟਰ 10 ਹਾਰਸ ਪਾਵਰ ਤੋਂ ਵਧਾ ਕੇ 15 ਹਾਰਸ ਪਾਵਰ ਦੀ ਕਰਵਾ ਲਵੇ, ਪੰਜ ਹਾਰਸ ਪਾਵਰ ਵਾਲੀ ਨੂੰ ਸਾਢੇ ਸੱਤ ਹਾਰਸ ਪਾਵਰ ਵਾਲੀ ਕਰਵਾ ਲਵੇ। ਸਪੀਕਰ ਸਾਹਿਬ, ਇਨ੍ਹਾਂ ਦੇ ਵੇਲੇ ਜੇਕਰ ਕਿਸਾਨ ਨੂੰ ਆਪਣੀ ਮੋਟਰ ਦਾ ਲੋਡ ਵਧਾਉਣਾ ਹੁੰਦਾ ਸੀ ਤਾਂ ਉਸ ਨੂੰ ਪੰਜ ਹਜ਼ਾਰ ਪ੍ਰਤੀ ਹਾਰਸ ਪਾਵਰ ਦੇ ਨਾਲ ਪੈਸੇ ਭਰਨੇ ਪੈਂਦੇ ਸਨ ਪਰ ਅਸੀਂ ਇਸ ਨੂੰ ਘਟਾ ਕੇ 1 ਹਜ਼ਾਰ ਰੁਪਏ ਪ੍ਰਤੀ ਹਾਰਸ ਪਾਵਰ ਕੀਤਾ ਹੈ। ਇਸ ਸਕੀਮ ਦਾ ਫਾਇਦਾ ਕਿਸਾਨਾਂ ਨੇ ਬੜੀ ਖੁਸ਼ੀ ਨਾਲ ਉਠਾਇਆ ਹੈ ਜਿਸ ਦੇ ਨਾਲ ਸਾਨੂੰ 85 ਕਰੋੜ ਰੁਪਏ ਦਾ ਰੈਵੇਨਿਊ ਵੀ ਆਇਆ ਹੈ ਔਰ 15 ਕਰੋੜ ਰੁਪਿਆ ਇਸ ਦੇ ਨਾਲ ਪੀ.ਐਸ.ਈ.ਬੀ. ਨੂੰ ਹੋਰ ਰੈਵੇਨਿਊ ਵੀ ਆਇਆ ਕਰੇਗਾ। ਇਹ ਲੋਕਾਂ ਨੇ ਬੜੀ ਖੁਸ਼ੀ ਨਾਲ ਕੀਤਾ ਹੈ, ਲੋਕਾਂ ਨੇ ਆਪਣੀ ਮਰਜ਼ੀ ਨਾਲ ਕੀਤਾ ਹੈ। ਸਪੀਕਰ ਸਾਹਿਬ, ਅਸੀਂ ਲੋਕਾਂ ਨੂੰ ਇੱਕ ਹੋਰ ਸਹੂਲਤ ਦਿੱਤੀ ਹੈ ਕਿ ਟਿਊਬਵੈੱਲ ਜੇਕਰ ਇਕ ਥਾਂ ਤੋਂ ਦੂਜੀ ਥਾਂ ਲਿਜਾਉਣਾ ਹੈ, ਕਿੱਲੇ ਦੋ ਕਿੱਲੇ ਦੇ ਫਰਕ ਨਾਲ ਨਵਾਂ ਬੋਰ ਕਰਾਉਣਾ ਹੈ, ਪਹਿਲਾਂ ਸਿਸਟਮ ਹੁੰਦਾ ਸੀ ਕਿ ਅਪਲਾਈ ਕਰਕੇ ਐਸਟੀਮੇਟ ਅਪਰੂਵ ਕਰਾਓ। ਉਸ ਪ੍ਰੋਸੀਜ਼ਰ ਨੂੰ ਪਾਸੇ ਰੱਖ ਕੇ ਅਸੀਂ ਖੁੱਲ੍ਹ ਦੇ ਦਿਤੀ ਕਿ ਜਿਸ ਦਾ ਟਿਊਬਵੈੱਲ ਖਰਾਬ ਹੋ ਗਿਆ ਦੂਜੀ ਥਾਂ ਤੇ ਲੁਆ ਲਵੇ। ਦੋ ਹਜ਼ਾਰ ਰੁਪਿਆ ਜਮ੍ਹਾਂ ਕਰਾਵੇ ਕਿਸੇ ਐਸਟੀਮੇਟ ਦੇ ਚੱਕਰ ਵਿਚ ਪੈਣ ਦੀ ਲੋੜ ਨਹੀਂ। ਅਸੀਂ ਬਹੁਤ ਕੁਝ ਕੀਤਾ ਹੈ ਬਹੁਤ ਕੁਝ ਕਰਨ ਜਾ ਰਹੇ ਹਾਂ। ਤੁਹਾਨੂੰ ਘਬਰਾਹਟ ਨਹੀਂ ਹੋਣੀ ਚਾਹੀਦੀ। ਤੁਸੀਂ ਲੋਕਾਂ ਨੂੰ ਚੁੱਕਦੇ ਹੋ ਕਿ ਸਭ ਕੁਝ ਪ੍ਰਾਈਵੇਟ ਹੋ ਜਾਵੇਗਾ, ਪੰਜਾਬ ਦਾ ਭੱਠਾ ਬੈਠ ਜਾਵੇਗਾ। ਉਨ੍ਹਾਂ ਨੂੰ ਸਮਝਾਓ ਕਿ ਜੋ ਕੁਝ ਵੀ ਅਸੀਂ ਕਰਨਾ ਹੈ ਸਾਰਿਆਂ ਦੀ ਸਹਿਮਤੀ ਨਾਲ

[ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ]

ਕਰਨਾ ਹੈ, ਪੰਜਾਬ ਦੇ ਹਿਤ ਵਿਚ ਕਰਨਾ ਹੈ। ਸਾਡਾ ਇਕ ਹਿਤ ਹੈ ਪੰਜਾਬ ਦਾ ਹਿਤ ਸਾਹਮਣੇ ਰੱਖਣਾ ਹੈ, ਪੰਜਾਬ ਦੇ ਇੰਪਲਾਈਜ਼ ਨੂੰ ਸਾਹਮਣੇ ਰੱਖਣਾ ਹੈ। (ਵਿਘਨ) ਗੱਲ ਧਿਆਨ ਨਾਲ ਸੁਣੋ। ਪੀ.ਐਸ.ਈ.ਬੀ. ਦੇ ਹਿਤ ਨੂੰ ਸਾਹਮਣੇ ਰੱਖਣਾ ਹੈ, ਇੰਪਲਾਈਜ਼ ਦੇ ਹਿਤ ਨੂੰ ਸਾਹਮਣੇ ਰੱਖਣਾ ਹੈ, ਸਟੇਟ ਦੇ ਹਿਤ ਨੂੰ ਸਾਹਮਣੇ ਰੱਖਣਾ ਹੈ। ਇਨ੍ਹਾਂ ਸਾਰਿਆਂ ਦੇ ਹਿਤਾਂ ਦੀ ਰਾਖੀ ਅਸੀਂ ਜ਼ਰੂਰ ਕਰਾਂਗੇ। ਮੇਰੀ ਬੇਨਤੀ ਹੈ ਸਪੀਕਰ ਸਾਹਿਬ, ਕਿ ਅੱਛੇ ਮਕਸਦ ਵਾਸਤੇ ਇਹ ਬਿਲ ਲਿਆਂਦਾ ਹੈ ਤੇ ਇਸ ਨੂੰ ਪਾਸ ਕੀਤਾ ਜਾਵੇ।

**MR SPEAKER :** First, I will put the motion to disapprove the Ordinance to the Vote of the House.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, on a point of clarification. ਮੈਂ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਨੇ ਬੋਲਦਿਆਂ ਹੋਇਆਂ ਇਹ ਗੱਲ ਕਹੀ ਹੈ ਕਿ ਅਸੀਂ ਪ੍ਰਾਈਵੇਟ ਨਹੀਂ ਕਰ ਰਹੇ, ਇਹ ਲੋਕਾਂ ਨੂੰ ਉਕਸਾ ਰਹੇ ਹਨ। ਨਾ ਕਰੋ ਖੁਸ਼ੀ ਹੈ, ਮੁਲਾਜ਼ਮ ਸੁਰੱਖਿਅਤ ਹੈ। ਅਸੀਂ ਉਨ੍ਹਾਂ ਨੂੰ ਚੁੱਕਿਆ ਨਹੀਂ ਹੈ। ਮੈਂ ਹਾਊਸ ਦੀ ਫਲੋਰ ਤੇ ਵਾਅਦਾ ਚਾਹੁੰਦਾਂ ਹਾਂ ਕਿ ਤੁਸੀਂ ਇਸ ਨੂੰ ਕੰਪਨੀਜ਼ ਵਿਚ ਨਹੀਂ ਵੰਡੋਗੇ, ਇਸੇ ਪਵਿੱਤਰ ਹਾਊਸ ਵਿਚ ਕਹੋ (ਵਿਘਨ) ਇਕ ਸੈਕਿੰਡ ਮੈਨੂੰ ਪੂਰਾ ਕਹਿ ਲੈਣ ਦਿਓ। ਮੈਂ ਤੁਹਾਡੀ ਤਾਰੀਫ ਵੀ ਕਰਾਂਗਾ। ਇਕੋ ਇਕ ਤੁਸੀਂ ਇਹ ਲਫਜ਼ ਕਹਿ ਦਿਓ ਕਿ ਹੜਤਾਲ ਵਾਪਸ ਲੈ ਲਓ। ਸੀ.ਐਮ. ਸਾਹਿਬ ਕਲ ਸਟੇਟਮੈਂਟ ਦੇ ਗਏ ਸਨ ਕਿ ਪ੍ਰਾਈਵੇਟ ਕਰਨਾ ਪਵੇਗਾ। ਕੀ ਤੁਸੀਂ ਇਸ ਹਾਊਸ ਨੂੰ ਯਕੀਨ ਦਿਵਾਉਂਦੇ ਹੋ ਕਿ ਇਸ ਨੂੰ ਪ੍ਰਾਈਵੇਟ ਨਹੀਂ ਕਰੋਗੇ ? ਨੰਬਰ ਦੋ......

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕਲੈਰੀਫਿਕੇਸ਼ਨ ਮੰਗ ਰਿਹਾ ਹਾਂ ਜੀ। ਇਹ ਜਿਹੜਾ ਤੁਸੀਂ ਕਹਿ ਰਹੇ ਹੋ ਕਿ ਜੱਟ ਨੂੰ ਪੰਜ ਹਜ਼ਾਰ ਤੋਂ ਇਕ ਹਜ਼ਾਰ ਰੁਪਿਆ ਮੋਟਰ ਲੋਡ ਵਧਾਉਣ ਦਾ ਕਰ ਦਿਤਾ। ਵਾਹ। ਅਸੀਂ ਕਮਲੇ ਜੱਟ ਜਿਨ੍ਹਾਂ ਨੇ ਬਿਜਲੀ ਛੱਡ ਦਿਤੀ। ਤੁਸੀਂ ਤੇਜ਼ ਹੋ, ਦਿਮਾਗੀ ਹੋ। ਨਾਲੇ ਲੋਡ ਤੇ ਪੈਸੇ, ਫੇਰ ਅਗਲੇ ਪੈਸੇ, ਨਾਲੇ ਬਿਲ ਲੈ ਲਏ। ਜੱਟ ਨੂੰ ਤਾਂ ਤੁਸੀਂ ਠੋਕ ਦਿਤਾ। ਇਹ ਮੇਰਾ ਪੁਆਇੰਟ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਤੇ ਬਿਜਲੀ ਮੰਤਰੀ** : ਜਿਥੋਂ ਤੱਕ ਕੰਪਨੀਆਂ ਵਿਚ ਵੰਡਣ ਦੀ ਗੱਲ ਹੈ, ਇਹ ਪ੍ਰੋਪੋਜ਼ਲ ਹੈ। ਇਹ ਪ੍ਰਾਈਵੇਟ ਕੰਪਨੀਆਂ, ਸਰਕਾਰ ਦੀਆਂ ਜਿਸ ਤਰ੍ਹਾਂ ਕਾਰਪੋਰੇਸ਼ਨ ਹਨ, ਉਸ ਤਰ੍ਹਾਂ ਹਨ। ਪੀ.ਐਸ.ਈ.ਬੀ. ਨੂੰ ਪ੍ਰਾਈਵੇਟਾਈਜ਼ ਨਹੀਂ ਕਰਨਾ, ਇਹ ਕੰਮ ਦੀ ਵੰਡ ਹੈ। ਜਿਹੜਾ ਜੈਨਰੇਸ਼ਨ ਵਿਚ ਐਕਸਪਰਟ ਹੈ ਉਸ ਨੂੰ ਜੈਨਰੇਸ਼ਨ ਦਾ ਕੰਮ ਦੇਵਾਂਗੇ। ਜਿਹੜਾ ਟਰਾਂਸ ਮਿਸ਼ਨ ਵਿੱਚ ਐਕਸਪਰਟ ਹੈ ਉਸ ਨੂੰ ਟਰਾਂਸਮਿਸ਼ਨ ਦਾ ਕੰਮ ਦੇਵਾਂਗੇ। ਜਿਹੜਾ ਡਿਸਟ੍ਰਿਬੀਊਸ਼ਨ ਵਿਚ

ਚੰਗੀ ਸਮਝ ਰੱਖਣ ਵਾਲਾ ਹੈ ਉਸ ਨੂੰ ਡਿਸਟ੍ਰੀਬਿਊਸ਼ਨ ਦਾ ਕੰਮ ਦੇਵਾਂਗੇ । ਇਹ ਕੰਮ ਵੰਡਣ ਵਾਲੀ ਗੱਲ ਹੈ । ਉਨ੍ਹਾਂ ਤੋਂ ਠੀਕ ਕੰਮ ਲੈਣ ਵਾਲੀ ਗੱਲ ਹੈ । ਚੋਰੀ ਤੋਂ ਰੋਕਣ ਵਾਲੀ ਗੱਲ ਹੈ । ਇਸ ਨੂੰ ਠੀਕ ਢੰਗ ਨਾਲ ਚਲਾਉਣ ਵਾਲੀ ਗੱਲ ਹੈ, ਸਮੂਥ ਚਲਾਉਣ ਵਾਲੀ ਗੱਲ ਹੈ । ਇਹ ਪ੍ਰਾਈਵੇਟ ਵਾਲੀ ਗੱਲ ਨਹੀਂ ਹੈ । ਇਸ ਨੂੰ ਪੁੱਠੇ ਪਾਸੇ ਨਾ ਲੈ ਕੇ ਜਾਓ । ਜਿਹੜੇ ਪ੍ਰਾਈਵੇਟ ਲੋਕ ਜੈਨਰੇਟ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਖੁੱਲ੍ਹ ਦੇਵਾਂਗੇ । ਸਰਕਾਰ ਕੋਲ ਇੰਨਾ ਪੈਸਾ ਨਹੀਂ । ਵੀ.ਡੀ.ਐਸ. ਸਕੀਮ ਚਲਾ ਰਹੇ ਹਾਂ । ਇਹ ਉਨ੍ਹਾਂ ਦੀ ਆਪਣੀ ਮਰਜ਼ੀ ਨਾਲ ਹੈ । ਅਸੀਂ ਉਨ੍ਹਾਂ ਨਾਲ ਕੋਈ ਜਬਰਦਸਤੀ ਨਹੀਂ ਕੀਤੀ । ਉਨ੍ਹਾਂ ਨੂੰ ਜੁਰਮਾਨਾ ਨਾ ਹੋਵੇ, ਉਹ ਚੋਰ ਨਾ ਕਹਾਉਣ । ਆਪਣੀ ਇੱਜ਼ਤ ਨੂੰ ਮਹਿਫੂਜ਼ ਰੱਖਣ, ਸ਼ਾਨੋ ਸ਼ੌਕਤ ਨੂੰ ਕਾਇਮ ਰੱਖਣ ਵਾਸਤੇ ਇਹ ਕੀਤਾ ਹੈ । ਸਾਰੇ ਚੋਰ ਨਹੀਂ ਹਨ ਪਰ ਇਹ ਕਿ ਤੁਸੀਂ ਚੋਰੀ ਵਾਲੇ ਰਸਤੇ ਨਾ ਪਓ, ਉਨ੍ਹਾਂ ਨਾਲ ਜੋਰ ਜਬਰਦਸਤੀ ਨਹੀਂ ਹੈ । ਕੋਈ ਠੱਗੀ ਨਹੀਂ ਕੀਤੀ, ਫਰਾਡ ਨਹੀਂ ਕੀਤਾ, ਉਨ੍ਹਾਂ ਦੇ ਹਿਤ ਵਿਚ ਕੀਤਾ ਹੈ । ਪੰਜ ਹਜ਼ਾਰ ਦੀ ਬਜਾਏ ਇਕ ਹਜ਼ਾਰ ਤੇ ਲਿਆਂਦਾ ਹੈ । ਇਹ ਇਨ੍ਹਾਂ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ । ਸੋ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਕਿਸੇ ਦੀ ਨੌਕਰੀ ਨੂੰ ਕੋਈ ਖਤਰਾ ਨਹੀਂ । ਇਹ ਫੈਸਲਾ ਪੱਕੇ ਤੌਰ ਤੇ ਨਹੀਂ ਹੋਇਆ ਇਹ ਕੈਬਿਨਟ ਨੇ ਕਰਨਾ ਹੈ, ਮੈਂ ਇਕੱਲਾ ਨਹੀਂ ਕਰ ਸਕਦਾ । ਧੰਨਵਾਦ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਰ, ਧੰਨਵਾਦ । ਅਸੀਂ ਇਹੋ ਹੀ ਗੱਲ ਪੁੱਛਣੀ ਚਾਹੁੰਦੇ ਸੀ । ਉਹੀ ਗੱਲ ਆ ਗਈ ਹੈ । ਪੰਜਾਬ ਵਿਚ ਇੱਕ ਮੁਹਾਵਰਾ ਹੈ 'ਪੱਲਾ ਮਾਰ ਕੇ ਬੁਝਾ ਗਈ ਦੀਵਾ, ਅੱਖ ਨਾਲ ਗੱਲ ਕਰ ਗਈ ।' ਅਸੀਂ ਇਹੀ ਜਾਣਨਾ ਚਾਹੁੰਦੇ ਸੀ ਕਿ ਕੀ ਇਹ ਪ੍ਰਾਈਵੇਟਾਈਜੇਸ਼ਨ ਕਰ ਰਹੇ ਹਨ ਕਿ ਨਹੀਂ ? ਅਸੀਂ ਹੁਣ ਸਮਝ ਗਏ ਹਾਂ ਕਿ ਇਹ ਪ੍ਰਾਈਵੇਟਾਈਜੇਸ਼ਨ ਕਰਨ ਲੱਗੇ ਹਨ । ਇਹ ਗੱਲ ਕਲੀਅਰ ਹੋ ਗਈ ਹੈ ਕਿ ਪ੍ਰਾਈਵੇਟਾਈਜੇਸ਼ਨ ਹੋ ਰਹੀ ਹੈ । ਇਹ ਗੱਲ ਇਹ ਠੋਸ ਰਹੇ ਹਨ । ਕੋਈ ਵੀ ਸੁਰਖਿਅਤ ਨਹੀਂ ਹੈ । ਇਹ ਧੋਖਾ ਕਰ ਰਹੇ ਹਨ । ਇਹ ਸਾਡੀ ਵਾਰਨਿੰਗ ਹੈ ਕਿ ਇਹ ਗਲਤ ਕਰ ਰਹੇ ਹਨ, ਇਹ ਗਲਤ ਕਰ ਰਹੇ ਹਨ ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਿਵੇਂ ਕਿ ਦੱਸਿਆ ਗਿਆ ਹੈ ਕਿ 85 ਕਰੋੜ ਰੁਪਿਆ ਸਕਿਓਰਟੀ ਦਾ ਜਮ੍ਹਾਂ ਹੋ ਗਿਆ ਹੈ, ਜਿਹੜਾ ਕਿ ਪੰਜ ਹਜ਼ਾਰ ਤੋਂ ਘਟਾ ਕੇ ਇੱਕ ਹਜ਼ਾਰ ਕੀਤਾ ਸੀ । ਪਰ ਤੁਸੀਂ ਜੋ ਹੋਕੇ ਦਿੱਤੇ ਸਨ, ਇਹ ਗੱਲ ਰਿਕਾਰਡ ਦੇ ਵਿਚ ਹੈ, ਸਾਡੇ ਕੋਲ ਹੈ । ਇਹ ਰਿਕਾਰਡ ਦੇ ਵਿਚ ਹੈ ਕਿ ਜੇ ਕੋਈ ਬਿਜਲੀ ਵਧਾਊਗਾ ਤਾਂ ਪਰਿਵਾਰ ਦੇ ਅਕਾਰਡਿੰਗ ਬਿਜਲੀ ਦੀ ਵੰਡ ਕਰ ਦੇਵਾਂਗੇ ਭਾਵੇਂ ਕਿ ਜੇ ਦੋ ਭਰਾਵਾਂ ਕੋਲ 15 ਹਾਰਸ ਪਾਵਰ ਦੀ ਮੋਟਰ ਹੈ, ਤਾਂ ਉਸ ਨੂੰ ਸਾਢੇ ਸੱਤ ਹਾਰਸ ਪਾਵਰ ਦੀਆਂ ਦੋ ਮੋਟਰਾਂ ਵਿਚ ਬਦਲ ਦੇਵਾਂਗੇ ਜਾਂ ਕਿਸੇ ਦੇ ਜੇ ਤਿੰਨ ਬੱਚੇ ਹਨ ਤਾਂ 15 ਹਾਰਸ ਪਾਵਰ ਦੀ ਮੋਟਰ ਦੀ ਵੰਡ ਕਰਕੇ ਤਿੰਨ ਮੋਟਰਾਂ ਪੰਜ-ਪੰਜ ਹਾਰਸ ਪਾਵਰ ਦੀਆਂ ਕਰ ਦੇਵਾਂਗੇ । ਅੱਗੇ ਵੀ ਹਾਊਸ ਦੇ ਵਿਚ ਇਸ ਸਬੰਧੀ ਭਰੋਸਾ ਦਿੱਤਾ ਸੀ, ਪਰ ਮੇਰੇ ਕੋਲ ਬੋਰਡ ਦੀ ਆਹ ਚਿੱਠੀ ਹੈ ਜਿਸ ਦੇ ਵਿਚ ਦੱਸਿਆ ਗਿਆ ਹੈ ਕਿ ਜੋ ਕਿਸੇ ਨੇ ਅੱਜ ਤੋਂ ਤਿੰਨ ਸਾਲ ਪਹਿਲਾਂ ਸਕਿਓਰਟੀ ਦੇ ਕੇ ਲੋਡ ਵਧਾਇਆ, ਤਾਂ ਉਸੀ ਲੋਡ ਦੀ ਵੰਡ ਕਰਾਂਗੇ ਅਤੇ ਜਿਸ ਨੇ ਬਾਅਦ ਵਿਚ ਕਰਵਾਇਆ ਹੈ, ਉਸ ਦਾ ਨਹੀਂ ਕਰਾਂਗੇ ।

ਮਾਨਯੋਗ ਸਪੀਕਰ : ਤੁਹਾਡੀ ਗੱਲ ਆ ਗਈ ਹੈ । ਤੁਸੀਂ ਬੈਠ ਜਾਓ ।

ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਅਤ ਬਿਜਲੀ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਹੀ ਸਿਸਟਮ ਹੈ ਕਿ ਜੇ ਕਿਸੇ ਪਰਿਵਾਰ ਦੀ ਵੰਡ ਹੁੰਦੀ ਹੈ ਤਾਂ ਜੇ 15 ਹਾਰਸ ਪਾਵਰ ਦੀ ਮੋਟਰ ਹੈ, ਜੇ ਉਹ ਤਿੰਨ ਭਰਾ ਹਨ ਤਾਂ ਉਸ ਨੂੰ ਪੰਜ-ਪੰਜ ਹਾਰਸ ਪਾਵਰ ਦੀਆਂ ਤਿੰਨ ਮੋਟਰਾਂ ਦੇ ਵਿਚ ਵੰਡਿਆ ਜਾਵੇਗਾ ।

**MR. SPEAKER** : Question is :

"That this House disapproves the Punjab Electricity (Duty) Ordinance, 2005 (Punjab Ordinance No. 3 of 2005)

*The motion was lost.*

**MR. SPEAKER** : Question is—

That the Punjab Electricity (Duty) Bill be taken into consideration at once.

*The motion was carried.*

**MR. SPEAKER** : Now the House will proceed to consider the Bill Clause-by-Clause.

**Sub-Clause (2) of Clause 1**

**MR. SPEAKER** : Question is—

That Sub-Clause 2 of Clause 1 stand part of the Bill.

*The motion was carried.*

**Clauses 2 to 16**

**MR. SPEAKER** : As there is no amendment to Clauses 2 to 16, if the House agrees, these Clauses be put to the vote of the House together.

(Voices : Yes, yes)

**MR. SPEAKER** : Question is—

That Clauses 2 to 16 stand part of the Bill.

*The motion was carried.*

**Sub Clause (1) of Clause 1**

MR. SPEAKER : Question is—

That Sub-Clause (1) of Clause 1 stand part of the Bill.

*The motion was carried.*

**TITLE**

MR. SPEAKER : Question is—

That Title be the Title of the Bill.

*The motion was carried.*

MR. SPEAKER : Minister to move that the Bill be passed.

**Minister for Irrigation and Power and Rnral Development and Panchayats (Sardar Lal Singh)** : Sir, I beg to move—

That the Punjab Electricity (Duty) Bill be passed.

MR. SPEAKER : Motion moved—

That the Punjab Electricity (Duty) Bill be passed.

MR. SPEAKER : Question is—

That the Punjab Electricity (Duty) Bill be passed.

*The motion was carried.*

———

## 2. RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB GENERAL SALES TAX (AMENDMENT AND VALIDATION) ORDINANCE, 2005 (PUNJAB ORDINANCE NO. 4 OF 2005)

## AND

## THE PUNJAB GENERAL SALES TAX (AMENDMENT AND VALIDATION) BILL, 2005. (Replacing Punjab Ordinance No. 4 of 2005)

**MR. SPEAKER :** Some Hon'ble Members have given notices to disapprove the Punjab General Sales Tax (Amendment and Validation) Ordinance, 2005 (Punjab Ordinance No. 4 of 2005), which shall be deemed to have been read and moved together.

1. Shri Tikshan Sud.
2. Sardar Harbant Singh Datewas.
3. Shri Des Raj Dhugga.
4. Jathedar Tota Singh.
5. Sardar Surjit Singh Rakhra.
6. Sardar Bhag Singh Malla.
7. Sardar Gaganjit Singh Barnala.
8. Sardar Sohan Singh Thandal.
9. Chaudhary Balbir Singh Miani.

That this House disapproves the Punjab General Sales Tax (Amendment and Validation) Ordinance, 2005 (Punjab Ordinance No. 4 of 2005).

**MR. SPEAKER :** If the House agrees, the motion to disapprove the Punjab General Sales Tax (Amendment and Validation) Ordinance, 2005 (Punjab Ordinance No. 4 of 2005) and the Punjab

General Sales Tax (Amendment and Validation) Bill, 2005, be discussed together and voted upon separately.

(Voices: Yes, Yes)

**MR. SPEAKER :** Minister to introduce the Punjab General Sales Tax (Amendment and Validation) Bill and to move that the Bill be taken into consideration at once.

**Minister for Excise & Taxation & Printing and Stationery (Sardar Sardul Singh) :** Sir, I beg to introduce the Punjab General Sales Tax (Amendment and Validation) Bill.

Sir, I also beg to move—

That the Punjab General Sales Tax (Amendment and Validation) Bill be taken into consideration at once.

**MR. SPEAKER :** Motion moved—

That the Punjab General Sales Tax (Amendment and Validation) Bill be taken into consideration at once.

Now Discussion, if any, Shri Tikshan Sud Ji.

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਿਹੜਾ ਟੈਕਸ ਕੁਲੈਕਟ ਕੀਤਾ ਗਿਆ, ਸੁਪਰੀਮ ਕੋਰਟ ਦੀ ਜਜਮੈਂਟ ਆਉਣ ਤੋਂ ਬਾਦ, ਟੈਕਸ ਪੇਅਰਜ਼ ਤੋਂ, ਕੀ ਇਹ ਟੈਕਸ ਉਨ੍ਹਾਂ ਨੂੰ ਵਾਪਸ ਕੀਤਾ ਜਾਵੇਗਾ ? ਜੇਕਰ ਨਹੀਂ ਕਰਨਾ ਹੈ ਤੇ ਜੇਕਰ ਇਸ ਨੂੰ ਤੁਸੀਂ ਕਾਮਨ ਪੂਲ ਵਿਚ ਪਾਉਣਾ ਹੈ, ਫੇਰ ਅਸੀਂ ਇਸ ਦਾ ਵਿਰੋਧ ਕਰਦੇ ਹਾਂ ਅਤੇ ਜੇਕਰ ਇਸ ਨੂੰ ਜਿਸ਼ ਤਰ੍ਹਾਂ ਤੁਸੀਂ ਕੁਲੈਕਟ 'ਕੀਤਾ ਸੀ ਉਸੇ ਤਰ੍ਹਾਂ ਖਰਚ ਕਰਨਾ ਹੈ ਫੇਰ ਸਾਡੇ ਵਲੋਂ ਠੀਕ ਹੈ ।

**ਮਾਨਯੋਗ ਸਪੀਕਰ :** ਮਨਿਸਟਰ ਸਾਹਿਬ ਜੇਕਰ ਤੁਸੀਂ ਕੋਈ ਇਨਫਰਮੇਸ਼ਨ ਦੇਣੀ ਚਾਹੁੰਦੇ ਹੋ ਤਾਂ ਦੇ ਸਕਦੇ ਹੋ ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਬਿਲ ਜਿਸ ਪਰਪਜ਼ ਵਾਸਤੇ ਲਿਆਂਦਾ ਗਿਆ ਹੈ ਉਹ ਉਸ ਪਰਪਜ਼ ਨੂੰ ਪੂਰਾ ਕਰੇਗਾ ।

**MR. SPEAKER :** First I will put the motion to disapprove the Ordinance to the Vote of the House.

MR. SPEAKER : Question is--

"That this House disapproves the Punjab General Sales Tax (Amendment and Validation) Ordinance, 2005 (Punjab Ordinance No. 4 of 2005)

*The motion was lost.*

MR. SPEAKER : Question is—

That the Punjab General Sales Tax (Amendment and Validation) Bill be taken into consideration at once.

*The motion was carried.*

MR. SPEAKER : Now the House will proceed to consider the Bill Clause-by-Clause.

**Sub Clause (2) of Clause-1**

MR. SPEAKER : Question is—

That Sub-Clause (2) of Clause 1 stand part of the Bill.

*The motion was carried,*

**CLAUSES 2 to 5**

MR. SPEAKER : As there is no amendment to Clauses 2 to 5, if the House agrees, these Clauses be put to the vote of the House together.

(Voices : Yes, yes)

MR. SPEAKER : Question is—

That Clauses 2 to 5 stand part of the Bill.

*The motion was carried.*

**Sub Clause (1) of Clause-1**

MR. SPEAKER : Question is—

That Sub-Clause (1) of Clause 1 stand part of the Bill.

*The motion was carried.*

**Title**

**MR. SPEAKER** : Question is—

That Title be the Title of the Bill.

*The motion was carried.*

**MR. SPEAKER** : Minister to move that the Bill be passed.

**Minister for Excise & Taxation and Printing & Stationery (SARDAR SARDUL SINGH)** : Sir, I beg to move—

That the Punjab General Sales Tax (Amendment and Validation) Bill be passed.

**MR. SPEAKER** : Motion moved—

That the Punjab General Sales Tax (Amendment and Validation) Bill be passed.

**MR. SPEAKER** : Question is—

That the Punjab Genral Sales Tax (Amendment and Validation) Bill be passed.

*The motion was carried.*

———

## 3. RESOLUTION UNDER ARTICLE 213(2)(a) OF THE CONSTITUTION OF INDIA DISAPPROVING THE INDIAN STAMP (PUNJAB AMENDMENT) ORDINANCE, 2005 (PUNJAB ORDINANCE NO. 1 OF 2005) AND

## THE INDIAN STAMP (PUNJAB AMENDMENT) BILL, 2005.

(Replacing Punjab Ordinance No. 1 of 2005)

MR. SPEAKER : Shri Tikshan Sud, MLA, has given notice to disapprove the Indian Stamp (Punjab Amendment) Ordinance. 2005 (Punjab Ordinance No- 1 of 2005), which shall be deemed to have been read and moved.

> That this House disapproves the Indian Stamp (Punjab Amendment) Ordinance, 2005 (Punjab Ordinance No. 1 of 2005).

MR. SPEAKER : If the House agrees, the motion to disapprove the Indian Stamp (Punjab Amendment) Ordinance, 2005 (Punjab Ordinance No. 1 of 2005) and the Indian Stamp (Punjab Amendment) Bill, 2005, be discussed together and voted upon separately.

(Voices : Yes, Yes).

MR. SPEAKER : Minister to introduce the Indian Stamp (Punjab Amenement) Bill, 2005, and to move that the Bill be taken into consideration at once.

**Minister for Revenue & Rehablitation, Relief and Resettlement & NRIs (Sardar Amarjit Singh Samra) :** Sir, I beg to introduce the Indian Stamp (Punjab Amendment) Bill.

Sir, I also beg to move—

> That the Indian Stamp (Punjab Amendment) Bill be taken into consideration at once.

MR. SPEAKER : Motion moved—

> That the Indian Stamp (Punjab Amendment) Bill be taken into consideration at once.

Now, discussion if any, Shri Tikshan Sud ji.

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਸਪੀਕਰ ਸਾਹਿਬ, ਮੈਂ ਜੇ ਇਹ ਕਹਾਂ ਕਿ ਇਸ ਤੋਂ ਮੰਦਭਾਗਾ ਕੋਈ ਬਿੱਲ ਜਾਂ ਆਰਡੀਨੈਂਸ ਅੱਜ ਤੱਕ ਪੇਸ਼ ਨਹੀਂ ਹੋਇਆ ਹੋਵੇਗਾ ਤਾਂ ਕੋਈ ਗਲਤ ਗੱਲ ਨਹੀਂ ਹੋਵੇਗੀ । ਸਪੀਕਰ ਸਾਹਿਬ, ਰਜਿਸਟ੍ਰੇਸ਼ਨ ਸਟੈਂਪ ਡਿਊਟੀ ਦੀਆਂ ਜਿਹੜੀਆਂ ਦਰਾਂ ਸੀ, ਉਹ ਪਹਿਲਾਂ 12% ਸੀ ਔਰ ਜਿਸ ਵੇਲੇ ਦੇਖਿਆ ਗਿਆ ਕਿ ਲੋਕ ਜਿਆਦਾ ਟੈਰਿਫ ਹੋਣ ਕਰਕੇ ਚੋਰੀ ਕਰਨ ਦੇ ਤਰੀਕੇ ਲੱਭਦੇ ਹਨ ਤਾਂ ਪਿਛਲੀ ਸਰਕਾਰ ਨੇ, ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਸਟੈਂਪ ਡਿਊਟੀ 6% ਤੇ ਲੈ ਆਉਂਦੀ ।

*3.46 ਵਜੇ ਬਾਅਦ ਦੁਪਹਿਰ (ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਇਸ ਦੇ ਨਾਲ ਨਾਲ ਜਿਹੜੀ ਹੋਰ ਗੱਲ ਜੁੜੀ ਹੋਈ ਹੈ ਕਿ ਅੱਜ ਦੇ ਸਮੇਂ ਵਿਚ, ਡਿਪਟੀ ਸਪੀਕਰ ਸਾਹਿਬ, ਜਿਹੜਾ ਰੇਟ ਹੈ, ਉਹ ਵੇਚਣ ਵਾਲਾ ਤੇ ਖਰੀਦਣ ਵਾਲਾ ਆਪ ਤੈਅ ਨਹੀਂ ਕਰ ਸਕਦਾ । ਉਹ ਰੇਟ ਵੀ ਲੋਕਲ ਡਿਪਟੀ ਕਮਿਸ਼ਨਰ ਤੈਅ ਕਰਦੇ ਹਨ ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਸਟੈਂਪ ਡਿਊਟੀ ਸਰਦਾਰ ਬੇਅੰਤ ਸਿੰਘ ਜੀ ਦੇ ਟਾਈਮ ਤੇ ਘੱਟ ਹੋਈ ਸੀ ।

**ਮਾਨਯੋਗ ਡਿਪਟੀ ਸਪੀਕਰ** : ਸੂਦ ਸਾਹਿਬ, ਤੁਸੀਂ ਬੋਲੋ ।

**ਸ਼੍ਰੀ ਤਿਕਸ਼ਨ ਸੂਦ** : ਡੋਗਰਾ ਜੀ, ਤੁਹਾਨੂੰ ਨਹੀਂ ਪਤਾ । ਇਹ ਜਿਹੜਾ ਰੇਟ ਲੋਕਲ ਡਿਪਟੀ ਕਮਿਸ਼ਨਰ ਤੈਅ ਕਰਦੇ ਹਨ, ਮੈਂ ਜਨਰਲ ਗੱਲ ਨਹੀਂ ਕਰਦਾ, ਮੈਂ ਆਪ ਆਪਣੀ ਗੱਲ ਕਰ ਰਿਹਾ ਹਾਂ ਕਿ ਲੋਕਾਂ ਨੂੰ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ । ਮੈਂ ਇਕ ਜ਼ਮੀਨ ਦਾ ਟੁਕੜਾ ਵੇਚਣ ਦੀ ਕੋਸ਼ਿਸ਼ ਕੀਤੀ ਜਿਸਦਾ ਇਕ ਕਿੱਲੇ ਦਾ ਸਰਕਾਰੀ ਰੇਟ 3 ਲੱਖ 85 ਹਜ਼ਾਰ ਰੁਪਿਆ ਸੀ ਪਰ ਉਸ ਰੇਟ ਤੇ ਕੋਈ ਗ੍ਰਾਹਕ ਨਹੀਂ ਸੀ ਟਕਰਦਾ । ਜੇ ਕੋਈ ਟਕਰਿਆ ਤਾਂ ਇਸ ਕਰਕੇ ਚਲਾ ਗਿਆ ਕਿ ਸਟੈਂਪ ਡਿਊਟੀ ਨਹੀਂ ਲਗਾ ਸਕਦਾ, ਵ੍ਹਾਈਟ ਮਨੀ ਕਿਥੋਂ ਸ਼ੋਅ ਕਰਾਂਗੇ ਤੇ ਏਨਾ ਪੈਸਾ ਕਿਥੋਂ ਲਿਆਵਾਂਗੇ । ਡਿਪਟੀ ਸਪੀਕਰ ਸਾਹਿਬ, ਸਰਕਾਰ ਦੇ ਲੈਵਲ ਤੇ ਤਾਂ ਪਹਿਲਾਂ ਹੀ ਏਨੀ ਉਚੀ ਇਵੈਲਿਊਏਸ਼ਨ ਕੀਤੀ ਜਾਂਦੀ ਹੈ । ਫੇਰ ਜ਼ਮੀਨ ਵੇਚਣੀ ਤੇ ਉਸਤੇ ਸਟੈਂਪ ਡਿਊਟੀ ਲਗਾਉਣੀ ਹੋਰ ਵੀ ਮੁਸ਼ਕਲ ਹੋਈ ਪਈ ਹੈ । ਪਬਲਿਕ ਨੂੰ ਇਸ ਗੱਲ ਕਰਕੇ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆਂ ਹਨ । ਸ਼ਹਿਰਾਂ ਵਿਚ ਗਰੀਬ ਲੋਕ 2-4 ਮਰਲੇ ਦਾ ਪਲਾਟ ਲੈ ਕੇ ਮਕਾਨ ਬਣਾਉਂਦੇ ਹਨ ਉਥੇ ਛੋਟੇ ਛੋਟੇ ਪਲਾਟ ਹੁੰਦੇ ਹਨ । ਪਹਿਲਾ ਸਰਕਾਰੀ ਇਵੈਲਿਊਏਸ਼ਨ ਹੁੰਦੀ ਹੈ, ਫੇਰ ਸਟੈਂਪ ਡਿਊਟੀ ਵੱਧ ਜਾਂਦੀ ਹੈ ਤਾਂ ਆਮ ਆਦਮੀ ਤੇ ਬਹੁਤ ਬੋਝ ਪੈਂਦਾ ਹੈ ।

ਫੇਰ ਡਿਪਟੀ ਸਪੀਕਰ ਸਾਹਿਬ, ਇਹ ਆਮ ਕਾਮਨ ਨਾਲੇਜ ਦੀ ਚੀਜ਼ ਹੈ, ਅਸੀਂ ਤੁਸੀਂ ਸਾਰੇ ਇਸ ਗੱਲ ਨਾਲ ਰੂਬਰੂ ਵੀ ਹੁੰਦੇ ਹਾਂ ਕਿ ਰਜਿਸਟਰੀਆਂ ਕਿਸ ਢੰਗ ਨਾਲ

[ਸ੍ਰੀ ਤਿਕਸ਼ਨ ਸੂਦ]

ਹੋ ਰਹੀਆਂ ਹਨ । ਕੀ ਰਜਿਸਟਰੀਆਂ ਫੇਅਰਲੀ ਹੋ ਰਹੀਆਂ ਹਨ ? ਜੇ ਕਿਸੇ ਨੂੰ ਵੀ ਪੁੱਛ ਲਿਆ ਜਾਵੇ ਕਿ ਕੁਰੱਪਸ਼ਨ ਦੇ ਸਥਾਨ ਕੀ ਹਨ ਤਾਂ ਸਭ ਤੋਂ ਪਹਿਲਾਂ ਰਜਿਸਟਰੀ ਦਾ ਮਹਿਕਮਾ ਤੇ ਫੇਰ ਪੁਲਿਸ ਦਾ ਮਹਿਕਮਾ ਆਉਂਦਾ ਹੈ । 2% ਫੀਸ ਤਾਂ ਕਹਿੰਦੇ ਹਨ ਤਹਿਸੀਲਦਾਰਾਂ ਨਾਲ ਬੱਝੀ ਹੁੰਦੀ ਹੈ । 1% ਰਜਿਸਟਰੀ ਵੇਲੇ ਤੇ 1% ਇੰਤਕਾਲ ਵੇਲੇ ਦੀ ਤੇ ਫੇਰ ਰਜਿਸਟਰੀ ਹੋਵੇਗੀ, ਨਹੀਂ ਤਾਂ ਕੋਈ ਨਾ ਕੋਈ ਬਹਾਨਾ ਲਗਾ ਦਿੱਤਾ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਆਮ ਪਬਲਿਕ ਤਾਂ ਪਹਿਲਾਂ ਹੀ ਬਹੁਤ ਪਿਸ ਰਹੀ ਹੈ । ਇਕ ਤਾਂ ਸਰਕਾਰੀ ਰੇਟ ਬਹੁਤ ਜ਼ਿਆਦਾ ਹਨ । ਦੂਜਾ ਇਹ ਡਿਊਟੀ ਜਿਹੜੀ ਹੈ ਇਹ ਸ਼ਹਿਰ ਦੇ ਅੰਦਰ ਰਹਿਣ ਵਾਲੇ ਲੋਕਾਂ ਤੇ ਅਤੇ ਸ਼ਹਿਰ ਤੋਂ 5 ਕਿਲੋਮੀਟਰ ਬਾਹਰ ਰਹਿਣ ਵਾਲੇ ਲੋਕਾਂ ਤੇ ਲਗਾਈ ਗਈ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਤੋਂ ਅਦਬ ਨਾਲ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਸਟੈਂਪ ਡਿਊਟੀ ਅਮੈਂਡਮੈਂਟ ਬਿਲ ਬਣਾਇਆ ਗਿਆ, ਕੀ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਤੇ ਰੀਹੈਬਲੀਟੇਸ਼ਨ ਮਨਿਸਟਰ ਸਾਹਿਬ ਨੇ ਇਸ ਵੱਲ ਜ਼ਰਾ ਗੌਰ ਨਹੀਂ ਕੀਤਾ ਕਿ ਸਾਡੇ ਸਵਿਧਾਨ ਵਿਚ ਕਿਹਾ ਗਿਆ ਹੈ, ਆਰਟੀਕਲ 14 ਦੇ ਤਹਿਤ, ਕਿ ਜਿਹੜਾ ਵੀ ਕਾਨੂੰਨ ਬਣੇ, ਉਹ ਸਾਰੇ ਲੋਕਾਂ ਲਈ ਬਰਾਬਰ ਹੋਵੇ । ਉਸ ਦੇ ਵਿਚ ਐਨੀ ਗੱਲ ਤਾਂ ਜ਼ਰੂਰ ਕਹੀ ਗਈ ਕਿ ਵੀਕਰ ਸੈਕਸ਼ਨ ਦੇ ਹੱਕ ਵਿਚ ਕਾਨੂੰਨ ਬਣ ਸਕਦਾ ਹੈ ਪਰ ਸ਼ਹਿਰੀ ਵਰਗ ਵਾਸਤੇ ਤਾਂ ਸਰਕਾਰ ਨੇ ਠੇਕਾ ਹੀ ਲੈ ਲਿਆ ਲੱਗਦਾ ਹੈ ਕਿ ਉਨ੍ਹਾਂ ਨੂੰ ਮਾਰ ਹੀ ਦੇਣਾ ਹੈ । ਸ਼ਹਿਰੀ ਵਰਗ ਤਾਂ ਪਹਿਲਾਂ ਹੀ ਬਹੁਤ ਦੁਖੀ ਹੈ । ਪਹਿਲਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਚੁੰਗੀਆਂ ਹਟਾ ਦੇਵਾਂਗੇ । ਲੋਕਾਂ ਨੇ ਸਮਝਿਆ ਕਿ ਇਹ ਸਾਡੇ ਮਸੀਹਾ ਆ ਗਏ ਹਨ, ਇਨ੍ਹਾਂ ਨੂੰ ਵੋਟਾਂ ਪਾ ਦੇਈਏ । ਇਨ੍ਹਾਂ ਨੇ ਧੋਖਾ ਕਰਕੇ ਉਨ੍ਹਾਂ ਤੋਂ ਵੋਟਾਂ ਲਈਆਂ । ਅੱਜ ਉਹ ਚੁੰਗੀਆਂ ਠੇਕੇ ਤੇ ਦਿੱਤੀਆਂ ਜਾਂਦੀਆਂ ਹਨ ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ** : ਡਿਪਟੀ ਸਪੀਕਰ ਸਾਹਿਬ, ਕੀ ਇਹ ਬਿਲ ਤੇ ਬੋਲ ਰਹੇ ਹਨ ? ਇਨ੍ਹਾਂ ਨੂੰ ਕਹੋ ਕਿ ਇਹ ਬਿਲ ਤੇ ਹੀ ਬੋਲਣ ।

**ਸ੍ਰੀ ਤਿਕਸ਼ਨ ਸੂਦ** : ਮੈਂ ਬਿਲ ਤੇ ਹੀ ਬੋਲ ਰਿਹਾ ਹਾਂ ਜੀ । ਮੈਂ ਦੱਸ ਰਿਹਾ ਹਾਂ ਕਿ ਅੱਜ ਕਿਸ ਤਰ੍ਹਾਂ ਸ਼ਹਿਰੀ ਵਰਗ ਪੀਸਿਆ ਜਾ ਰਿਹਾ ਹੈ । ਚੁੰਗੀਆਂ ਸ਼ਹਿਰੀ ਵਰਗ ਨਾਲ ਰਿਲੇਟਿਡ ਹਨ । ਉਹ ਠੇਕੇ ਤੇ ਚਲੀਆਂ ਗਈਆਂ । ਜੇ ਚੁੰਗੀਆਂ ਨੂੰ ਹਟਾਉਣ ਵਾਸਤੇ ਕੋਈ ਹੋਰ ਬਿਲ ਲਿਆਇਆ ਜਾਂਦਾ ਤਾਂ ਫਿਰ ਤਾਂ ਸਮਝਿਆ ਜਾ ਸਕਦਾ ਸੀ ਕਿ ਇਹ ਸਰਕਾਰ ਸ਼ਹਿਰੀ ਵਰਗ ਨਾਲ ਹਮਦਰਦੀ ਰੱਖਦੀ ਹੈ । ਪਹਿਲਾਂ ਜਿਸ ਵੇਲੇ ਮੈਂ ਇਹ ਆਰਡੀਨੈਂਸ ਪੜ੍ਹਿਆ ਤਾਂ ਮੈਂ ਸੋਚਿਆ ਕਿ ਸ਼ਾਇਦ ਸ਼ਹਿਰਾਂ ਵਿਚ ਸਿਵਿਕ ਸਹੂਲਤਾਂ ਵਧਾਉਣ ਵਾਸਤੇ ਸਰਕਾਰ ਇਹ ਫੀਸ ਵਧਾਉਣ ਜਾ ਰਹੀ ਹੈ ਲੇਕਿਨ ਇਸ ਦੇ ਵਿਚ ਸ਼ਹਿਰਾਂ ਵਾਸਤੇ ਕੁਝ ਵੀ ਨਹੀਂ ਹੈ । ਇਸ ਦੇ ਜਿਹੜੇ ਆਬਜੈਕਟਸ ਦਿੱਤੇ ਹਨ, ਉਸ ਦੇ ਮੁਤਾਬਿਕ ਇਸ ਦੇ ਬੈਨੀਫਿਟ ਤਾਂ ਸਾਰੇ ਪੰਜਾਬ ਵਾਸੀਆਂ ਨੇ ਅਵੇਲ ਕਰਨੇ ਹਨ । ਸ਼ਹਿਰੀ ਵਰਗ ਤਾਂ ਉਸੇ ਤਰ੍ਹਾਂ ਹੀ ਪੀਸਿਆ ਜਾ ਰਿਹਾ ਹੈ । ਸਾਡੇ ਮਾਨਯੋਗ ਮੰਤਰੀ ਬੜੇ ਗੁੱਸੇ ਨਾਲ

ਉਠੇ ਸਨ ਲੇਕਿਨ ਉਨ੍ਹਾਂ ਨੂੰ ਪੁੱਛੋ ਕਿ ਸ਼ਹਿਰਾਂ ਵਿਚ ਬਿਜਲੀ ਪਾਣੀ ਦੇ ਰੇਟ 3 ਗੁਣਾ ਵਧੇ ਹਨ ਕਿ ਨਹੀਂ ?

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਸਿਰਫ ਸਟੈਂਪ ਡਿਊਟੀ ਤੇ ਕਨਸੈਂਟਰੇਟ ਕਰੋ। ਆਪਣੇ ਇਸ਼ੂ ਤੇ ਹੀ ਬੋਲੋ।

**ਸ੍ਰੀ ਤਿਕਸ਼ਨ ਸੂਦ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ 2 ਪੁਆਇੰਟਾਂ ਦੀ ਵਿਰੋਧਤਾ ਕਰਦਾ ਹਾਂ। ਇਸ ਦੇ ਵਿਚ ਜਿਹੜੇ ਬੈਨੀਫਿਟ ਹਨ, ਉਹ ਸਾਰੇ ਪੰਜਾਬ ਨੂੰ ਜਾਣੇ ਹਨ ਜਿਹੜਾ ਲੇਕਿਨ ਬੋਝ ਹੈ ਉਹ ਇਕੱਲੇ ਸ਼ਹਿਰੀ ਵਰਗ ਤੇ ਪੈਣਾ ਹੈ। ਇਹ ਅਨਫੇਅਰ ਹੈ ਅਤੇ ਅਨਕਾਂਸਟੀਚਿਊਸ਼ਨਲ ਹੈ। ਇਹ ਜਦੋਂ ਕੋਰਟ ਵਿਚ ਜਾਏਗਾ ਤਾਂ ਟੁੱਟ ਜਾਏਗਾ। ਇਸ ਤੋਂ ਇਲਾਵਾ, ਇਨ੍ਹਾਂ ਨੇ ਇਕ ਦਾਇਰਾ ਬਣਾ ਦਿੱਤਾ ਹੈ-- 5 ਕਿਲੋਮੀਟਰ ਦਾ। ਇਸ ਦੇ ਵਿਚ ਸ਼ਹਿਰ ਦਾ ਦਾਇਰਾ ਡਿਫਾਈਨ ਕੀਤਾ ਹੈ। ਸਵਾਲ ਇਹ ਹੈ ਕਿ ਇਹ 5 ਕਿਲੋਮੀਟਰ ਦਾ ਦਾਇਰਾ ਨਾਪਣਾ ਕਿਸ ਤਰ੍ਹਾਂ ਹੈ। ਇਸ ਗੱਲ ਦੀ ਕੋਈ ਡੀਮਾਰਕੇਸ਼ਨ ਨਹੀਂ ਕਿ ਕਿਹੜਾ ਏਰੀਆ 5 ਕਿਲੋਮੀਟਰ ਦੇ ਵਿਚ ਹੈ ਅਤੇ ਕਿਹੜਾ ਬਾਹਰ ਹੈ। ਫਰਜ਼ ਕਰੋ ਕਿਸੇ ਦੀ 2 ਕਨਾਲ ਜਗ੍ਹਾ ਹੈ। ਉਸ 2 ਕਨਾਲ ਵਿਚੋਂ ਜੇ 10 ਗਜ਼ 5 ਕਿਲੋਮੀਟਰ ਦੇ ਵਿਚ ਆਉਂਦੇ ਹੋਣ ਅਤੇ ਬਾਕੀ ਜਗ੍ਹਾ ਉਸ ਤੋਂ ਬਾਹਰ ਆਉਂਦੀ ਹੋਵੇ ਤਾਂ ਉਸ ਦਾ ਫੈਸਲਾ ਤੁਸੀਂ ਕਿਸ ਤਰ੍ਹਾਂ ਕਰੋਗੇ। ਫਿਰ, ਕੀ ਤੁਸੀਂ ਉਸ ਨੂੰ ਫੁੱਟਾਂ ਅਤੇ ਪ੍ਰਕਾਰਾਂ ਲੈ ਕੇ ਨਾਪੋਗੇ। ਇਸ ਨਾਲ ਲੋਕਾਂ ਨੂੰ ਤੰਗ ਕਰਨ ਵਾਸਤੇ ਅਫਸਰਾਂ ਨੂੰ ਹੋਰ ਲੀਵਰ ਮਿਲੇਗਾ। ਕੌਣ ਨਾਪਣ ਜਾਵੇਗਾ ਅਤੇ ਕੌਣ ਵੇਖਣ ਜਾਵੇਗਾ ? ਅਫਸਰਾਂ ਦੀਆਂ ਮਨਮਾਨੀਆਂ ਚੱਲਣਗੀਆਂ ਅਤੇ ਉਹ ਲੋਕਾਂ ਨੂੰ ਹੋਰ ਤੰਗ ਕਰਨਗੇ। ਇਸ ਕਰਕੇ ਇਹ 5 ਕਿਲੋਮੀਟਰ ਵਾਲੀ ਗੱਲ ਗਲਤ ਹੈ। ਇਹ ਨਹੀਂ ਹੋਣੀ ਚਾਹੀਦੀ। ਇਹ ਜਿਹੜਾ ਇਨ੍ਹਾਂ ਨੇ ਸਟੈਂਪ ਡਿਊਟੀ ਬਿਲ ਲਿਆਂਦਾ ਹੈ, ਅਸੀਂ ਇਸ ਦੀ ਪੂਰੀ ਤਰ੍ਹਾਂ ਵਿਰੋਧਤਾ ਕਰਦੇ ਹਾਂ। ਇਹ ਲੋਕ ਮਾਰੂ ਅਤੇ ਲੋਕਾਂ ਨੂੰ ਤੰਗ ਕਰਨ ਵਾਲਾ ਬਿਲ ਹੈ। ਇਹ ਅਫਸਰਾਂ ਨੂੰ ਜ਼ਿਆਦਾ ਪਾਵਰਾਂ ਦੇਣ ਵਾਲਾ ਬਿਲ ਹੈ। ਇਸ ਨਾਲ ਮਹਿੰਗਾਈ ਹੋਰ ਵਧੇਗੀ ਅਤੇ ਸ਼ਹਿਰੀ ਜਨਤਾ ਲਈ ਇਹ ਬਿਲ ਵਧੇਰੇ ਘਾਤਕ ਹੋਵੇਗਾ। ਇਸ ਕਰਕੇ ਮੈਂ ਇਸ ਦੀ ਖੁਲ੍ਹ ਕੇ ਵਿਰੋਧਤਾ ਕਰਦਾ ਹਾਂ ਅਤੇ ਅਪੀਲ ਕਰਦਾ ਹਾਂ ਕਿ ਇਹ ਬਿਲ ਪਾਸ ਨਾ ਕੀਤਾ ਜਾਵੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਸਟੈਂਪ ਡਿਊਟੀ ਵਿਚ 6% ਤੋਂ 9% ਦਾ ਵਾਧਾ ਕੀਤਾ ਜਾ ਰਿਹਾ ਹੈ, ਇਹ ਬੇਲੋੜਾ ਹੈ। ਔਰ ਇਸ ਦੇ ਨਾਲ ਜੋ ਜ਼ਮੀਨ ਤੇ ਪੈਦਾਵਾਰ ਕਰਨ ਵਾਲਾ ਕਿਸਾਨ, ਪਹਿਲਾਂ ਹੀ ਉਹਦੇ ਤੇ ਹਰ ਤਰ੍ਹਾਂ ਦਾ ਟੈਕਸ ਲੱਗਾ ਰਿਹਾ ਹੈ, ਇਹ ਨਵਾਂ ਟੈਕਸ ਉਹਦੇ ਉੱਤੇ ਲੱਗ ਗਿਆ ਹੈ। ਇਸ ਤੋਂ ਜਜਮੈਂਟ ਇਹ ਹੁੰਦੀ ਹੈ ਕਿ ਉਸ ਤੇ ਇਹ ਨਹੀਂ ਲੱਗੇਗਾ। ਜਜਮੈਂਟ ਹੈ, ਸ਼ਹਿਰ ਤੇ ਉਸਦੀ ਹੱਦ 5 ਕਿਲੋਮੀਟਰ। ਐਕਸਪਲੇਨੇਸ਼ਨ ਦੇ ਤੌਰ ਤੇ ਉਸ ਨੂੰ ਕਿਸ ਤਰ੍ਹਾਂ ਐਕਸਪ੍ਰੈਸ ਕਰੀਦਾ ਹੈ। ਕਈ ਵਾਰ ਪਤਾ ਨਹੀਂ ਲਗਦਾ ਜਿਵੇਂ ਕਣਕ ਵੇਚਣ ਕੋਈ ਜ਼ਿੰਮੀਦਾਰ ਜਾਂਦਾ ਹੈ ਜਿਵੇਂ ਨਰਮਾ ਜਾਂ ਸਰ੍ਹੋਂ ਵੇਚਣ ਜਾਂਦਾ ਹੈ ਉਸ ਤੋ. ਸਰਕਾਰ ਡਿਵੈਲਪਮੈਂਟ ਟੈਕਸ, ਮਾਰਕੀਟ ਫੀਸ, ਸੇਲਜ਼ ਟੈਕਸ ਲੈਂਦੀ ਹੈ,

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਲੇਕਿਨ ਲਗਦਾ ਨਹੀਂ ਕਿ ਉਹ ਜੱਟ ਤੇ ਹੈ ਪਰ ਹੈ ਉਹ ਸਾਰਾ ਜੱਟ ਤੇ। ਜੇਕਰ ਉਹ ਜਾਂਦਾ ਹੀ ਨਹੀਂ ਤਾਂ ਕੌਣ ਡਿਵੈਲਪਮੈਂਟ ਟੈਕਸ, ਮਾਰਕੀਟ ਫੀਸ ਅਤੇ ਸੇਲਜ਼ ਟੈਕਸ ਲਵੇਗਾ ? ਇਨਡਾਇਰੈਕਟਲੀ ਇਹ ਸਾਰਾ ਬੋਝ ਫਾਰਮਰ ਤੇ ਹੈ। ਬਾਕੀ ਮੈਂ ਲੰਮਾ ਨਹੀਂ ਕਰਦਾ। ਇਸ ਤਰ੍ਹਾਂ ਹੀ ਇਹ ਜਿਹੜਾ ਟੈਕਸ ਵਧ ਰਿਹਾ ਹੈ ਇਸ ਦਾ ਪਰਪਜ਼ ਤਾਂ ਚੰਗਾ ਹੈ। ਪਰਪਜ਼ ਇਹ ਹੈ ਕਿ ਅਸੀਂ ਵੈਲਫੇਅਰ ਵਾਸਤੇ ਲਾਇਆ ਹੈ ਮੈਨੂੰ ਕੋਈ ਇਤਰਾਜ਼ ਨਹੀਂ ਲੇਕਿਨ ਇਸ ਦੇ ਲਾਉਣ ਦਾ ਤਰੀਕਾ ਲੱਭਣਾ ਚਾਹੀਦਾ ਹੈ। ਕੀ ਕਿੱਥੋਂ ਲਈਏ ? ਕੀ ਇਕ ਨੂੰ ਹੀ ਮਾਰੀ ਜਾਣਾ ਹੈ। ਇਸ ਨਾਲ ਰਿਸਵਤ ਵਿੱਚ ਵਾਧਾ ਹੋਏਗਾ ਕਿਉਂਕਿ ਇਹ ਪਤਾ ਨਹੀਂ ਕਿ 5 ਕਿਲੋਮੀਟਰ ਦੀ ਹੱਦ ਕਿੱਥੇ ਹੈ। ਦੂਸਰਾ ਇਨਫਲੇਸ਼ਨ, ਜਿਵੇਂ ਮੰਨ ਲਓ ਆੜਤ ਹੁੰਦੀ ਸੀ ਇਕ ਰੁਪਏ ਸੈਂਕੜਾ ਤੇ ਉਦੋਂ ਕਣਕ ਦਾ ਭਾਅ ਸੀ 40/- ਰੁਪਏ ਕੁਇੰਟਲ, ਹੁਣ ਹੋ ਗਿਆ 600/- ਰੁਪਏ ਕੁਇੰਟਲ, ਆਟੋਮੈਟੀਕ ਇਨਫਲੇਸ਼ਨ ਨਾਲ ਆੜਤ ਮਿਲ ਗਈ। ਇਸ ਤਰ੍ਹਾਂ ਜਿਸ ਵੇਲੇ ਜ਼ਮੀਨ ਦਾ ਭਾਅ ਸੀ 1,000 ਰੁਪਏ ਪ੍ਰਤੀ ਕਿੱਲਾ ਅੱਜ ਭਾਅ ਹੈ ਕਿਲੇ ਦਾ 2,3 ਜਾਂ 5 ਲੱਖ ਰੁਪਏ। ਆਟੋਮੈਟਿਕ ਇਨਫਲੇਸ਼ਨ, ਸਰਕਾਰ ਨੂੰ ਟੈਕਸ ਵਧ ਮਿਲ ਗਿਆ। ਆਟੋਮੈਟੀਕਲੀ ਇਨਫਲੇਸ਼ਨ। ਇਸ ਕਰਕੇ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਸ ਕਰਕੇ ਇਹ ਸੋਚ ਠੀਕ ਨਹੀਂ। ਸਰਕਾਰ ਦਾ ਟੈਕਸ ਘਟੇਗਾ, ਵਧੇਗਾ ਨਹੀਂ ਕਿਉਂਕਿ ਚੋਰੀ ਵਧੇਗੀ। ਟੋਟਲ ਰੈਵਿਨਿਉ ਘਟੇਗਾ, ਚੋਰੀ ਵਧੇਗੀ, ਕੁਰੱਪਸ਼ਨ ਵਧੇਗੀ, ਕਿਸਾਨ ਤੇ ਟੈਕਸਾਂ ਦਾ ਹੋਰ ਬੋਝ ਲੱਗੇਗਾ। ਇਸ ਲਈ ਮੇਰੀ ਤੁਹਾਡੇ ਰਾਹੀਂ ਗੁਜ਼ਾਰਿਸ਼ ਹੈ ਕਿ ਇਸ ਤੇ ਦੁਬਾਰਾ ਵਿਚਾਰ ਕਰੋ। ਇਹ ਟੈਕਸ ਗਲਤ ਲੱਗੇਗਾ ਜਿਵੇਂ ਬਿਜਲੀ ਡਿਊਟੀ ਗਲਤ ਸੀ, ਉਵੇਂ ਹੀ ਇਹ ਵੀ ਗਲਤ ਹੈ। ਕਿਸਾਨ ਤੇ ਇਕ ਹੋਰ ਨਵਾਂ ਬੋਝ ਹੈ। ਇਸ ਲਈ ਇਸ ਦੀ ਅਸੀਂ ਪੂਰੀ ਤਰ੍ਹਾਂ ਵਿਰੋਧਤਾ ਕਰਦੇ ਹਾਂ।

**ਸਰਦਾਰ ਤੋਤਾ ਸਿੰਘ (ਮੋਗਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਟੈਂਪ ਡਿਊਟੀ ਜਿਹੜੀ 6% ਤੋਂ 9% ਲਾਈ ਹੈ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਵਾਪਸ ਲੈਣੀ ਚਾਹੀਦੀ ਹੈ। ਉਸਦਾ ਕੀ ਕਾਰਨ ਹੈ ? ਜੇਕਰ ਪਿਛਲਾ ਇਤਿਹਾਸ ਦੇਖਿਆ ਜਾਵੇ ਤਾਂ 1959-60 ਤੋਂ ਪਹਿਲਾਂ ਇਹ ਡਿਊਟੀ 2% ਹੁੰਦੀ ਸੀ। ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਇਸ ਨੂੰ ਵਧਾ ਕੇ 12% ਕਰ ਦਿੱਤਾ। ਮੈਨੂੰ ਯਾਦ ਹੈ, ਮੈਂ ਉਦੋਂ ਕਾਲਿਜ ਵਿੱਚ ਪੜ੍ਹਦਾ ਹੁੰਦਾ ਸੀ। ਅਸੀਂ 20 ਏਕੜ ਜ਼ਮੀਨ 20,000/- ਰੁਪਏ ਦੀ, 1,000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਖਰੀਦੀ ਸੀ ਅਤੇ ਉਸ ਤੇ ਅਸੀਂ ਕੇਵਲ 400/- ਰੁਪਏ ਸਟੈਂਪ ਡਿਊਟੀ ਲਗਾਈ ਸੀ, ਮੈਂ ਆਪ ਰਜਿਸਟਰੀ ਕਰਵਾ ਕੇ ਆਇਆ ਸੀ ਅਤੇ ਮੇਰੇ ਚਾਚੇ ਨੇ 15 ਏਕੜ ਜ਼ਮੀਨ ਲਈ ਸੀ। ਕੁਦਰਤੀ ਹਫਤੇ ਬਾਅਦ ਸਟੈਂਪ ਡਿਊਟੀ 12% ਹੋ ਗਈ। ਬਾਅਦ ਵਿੱਚ ਉਹ ਗਹਿਣੇ ਦੇ ਰੂਪ ਵਿੱਚ ਹੀ ਇਸ ਨੂੰ ਵਾਹੀ ਗਏ ਇਸ ਉਮੀਦ ਨਾਲ ਕਿ ਜਦੋਂ ਰੇਟ ਘਟੇਗਾ ਉਦੋਂ ਰਜਿਸਟਰੀ ਕਰਵਾ ਲਵਾਂਗੇ। ਜਦੋਂ ਰੇਟ ਘਟਿਆ ਮੇਰੇ ਚਾਚੇ ਨੇ ਉਦੋਂ ਰਜਿਸਟਰੀ ਕਰਵਾਈ। ਕੋਈ ਰਸਤਾ ਲੱਭ ਕੇ ਉਹ ਉਸ

ਨੂੰ ਵਹਾਉਂਦਾ ਰਿਹਾ, ਏਸੇ ਤਰ੍ਹਾਂ ਹੀ ਹੁਣ ਹੋਣਾ ਹੈ । ਜਦੋਂ ਰੇਟ ਵਧ ਗਿਆ ਫਿਰ ਲੋਕੀ ਰਜਿਸਟਰੀਆਂ ਕਰਾਉਣੀਆਂ ਬੰਦ ਕਰ ਦਿੰਦੇ ਹਨ । ਲੋਕੀ ਕੋਈ ਵਿੰਗਾ ਟੇਢਾ ਢੰਗ ਲੱਭ ਕੇ ਉਵੇਂ ਹੀ ਵਾਹੀ ਤੁਰੇ ਜਾਂਦੇ ਹਨ ਔਰ ਸਰਕਾਰ ਦੇ ਪੱਲੇ ਕੁਝ ਪੈਂਦਾ ਨਹੀਂ । ਤੁਸੀਂ ਕਹਿੰਦੇ ਹੋ ਕਿ ਅਸੀਂ 92 ਕਰੋੜ ਰੁਪਏ ਕਮਾਵਾਂਗੇ । ਤੁਸੀਂ ਦੇਖੋਗੇ ਕਿ ਰਜਿਸਟਰੀਆਂ ਹੋਣੀਆਂ ਘਟ ਜਾਣਗੀਆਂ, 92 ਕਰੋੜ ਕਮਾਇਆ ਨਹੀਂ ਜਾਣਾ । ਮੈਂ ਮੋਗੇ ਸ਼ਹਿਰ ਵਿੱਚ ਰਹਿੰਦਾ ਹਾਂ, ਮੋਗੇ ਸ਼ਹਿਰ ਵਿੱਚ ਕਿਹੜਾ ਤਰੀਕਾ ਲੱਭਿਆ ਗਿਆ ਕੀ ਕਿਹੜਾ ਪੰਜ ਕਿਲੋਮੀਟਰ ਵਿੱਚ ਪੈਂਦਾ ਹੈ । ਇਸ ਬਾਰੇ ਪਤਾ ਕਿਵੇਂ ਲਗੂ, ਦੱਸੋ । ਇਸ ਵਾਸਤੇ ਕਿੰਨਾ ਵੱਡਾ ਸਰਵੇ ਕਰਾਉਣਾ ਪਏਗਾ । ਸਰਵੇ ਕਿਸੇ ਨੇ ਕਰਾਉਣਾ ਹੀ ਨਹੀਂ । ਫਿਰ ਉਸ ਦੇ ਗਲਤ ਤਰੀਕੇ ਵਰਤੇ ਜਾਣਗੇ । ਇਨ੍ਹਾਂ ਸਾਰੀਆਂ ਗੱਲਾਂ ਨੂੰ ਸੋਚੋ, ਜਲਦਬਾਜੀ ਨਾ ਕਰੋ । ਮੈਂ ਭਰੋਸੇ ਨਾਲ ਕਹਿੰਦਾ ਹਾਂ ਕਿ ਤੁਹਾਨੂੰ ਅਸਟਾਮ ਡਿਊਟੀ ਆਈ ਜਾਊਗੀ । ਜੇਕਰ 9% ਕਰ ਦਿੱਤੀ ਤਾਂ ਕਿਸੇ ਨੇ ਰਜ਼ਿਸਟਰੀ ਕਰਾਉਣੀ ਨਹੀਂ, 92 ਕਰੋੜ ਰੁਪਏ ਦੀ ਆਮਦਨ ਹੋਣੀ ਨਹੀਂ । ਜਿਵੇਂ ਕਿਸੇ ਨੂੰ ਪਹਿਲਾਂ ਬੁਢਾਪਾ ਪੈਨਸ਼ਨ ਨਹੀਂ ਗਈ, ਵਜੀਫੇ ਬੱਚਿਆਂ ਨੂੰ ਨਹੀਂ ਮਿਲੇ, ਵੈਲਫੇਅਰ ਦੇ ਵਿੱਚ ਪੈਸਾ ਨਹੀਂ ਜਾਣਾ, ਉਸ ਨਾਲ ਲੋਕਾਂ ਦਾ ਬੜਾ ਨੁਕਸਾਨ ਹੋ ਗਿਆ । ਇਸ ਲਈ ਲੋਕਾਂ ਤੇ ਬੋਝ ਨਾ ਪਾਇਆ ਜਾਵੇ । ਪਹਿਲਾਂ ਹੀ ਮਿਉਂਸੀਪਲ ਕਮੇਟੀਆਂ ਦੇ ਵਿੱਚ ਪਾਣੀ ਦਾ, ਸਿਵਰੇਜ ਦਾ ਰੇਟ ਵਧ ਗਿਆ ਹੈ । ਅਸੀਂ ਤਾਂ ਆਪਣੇ ਵੇਲੇ ਵਧਣ ਨਹੀਂ ਸੀ ਦਿੱਤੇ । ਆਹ, ਹੁਣ ਚਿਠੀ ਤੁਸੀਂ ਭੇਜ ਦਿੱਤੀ ਹੈ, ਉਹ ਕਮੇਟੀਆਂ ਵਾਲੇ ਲਾਈ ਜਾਂਦੇ ਹਨ । ਅਸੀਂ ਵਿਰੋਧ ਵੀ ਕੀਤਾ ਹੈ, ਸਾਡੇ ਵਿਰੋਧੀ ਐਮ.ਸੀਜ਼ ਨੇ, ਉਸ ਦੇ ਬਾਵਜੂਦ ਵੀ ਪਾਣੀ ਦੇ, ਸੀਵਰੇਜ ਦੇ ਰੇਟ ਵਧ ਗਏ । ਹੋਰ ਬੜੇ ਸ਼ਹਿਰੀਆਂ ਤੇ ਬੋਝ ਪਾ ਦਿਤੇ ਹਨ । ਅਸੀਂ ਚੁੰਗੀ ਮੁਆਫ ਕੀਤੀ ਸੀ, ਅਸੀਂ ਤਾਂ ਚੁੰਗੀ ਹਟਾ ਦਿੱਤੀ ਸੀ । ਇਨ੍ਹਾਂ ਨੇ ਫਿਰ ਲੋਕਾਂ ਕੋਲੋਂ ਲੈਣੀ ਸ਼ੁਰੂ ਕਰ ਦਿੱਤੀ । ਠੇਕੇਦਾਰਾਂ ਨੂੰ ਦੇ ਦਿੱਤੀ । ਮੇਰੇ ਕਹਿਣ ਦਾ ਮਤਲਬ ਹੈ ਕਿ ਇਸ ਨਾਲ ਸਾਡੇ ਸ਼ਹਿਰੀ ਲੋਕਾਂ ਉਤੇ ਬਹੁਤ ਬੋਝ ਪਾਇਆ ਜਾ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਸਟੈਂਪ ਡਿਊਟੀ ਵਾਸਤੇ ਸ਼ਹਿਰਾਂ ਨੂੰ ਸਜ਼ਾ ਦੇ ਤੌਰ ਤੇ ਨਾ ਚੁਣਿਆ ਜਾਵੇ, ਇਹ ਸ਼ੋਭਾ ਨਹੀਂ ਦਿੰਦਾ ।

**ਮਾਲ ਤੇ ਮੁੜ ਵਸੇਬਾ, ਰਾਹਤ ਤੇ ਪੁਨਰਵਾਸ ਅਤੇ ਪਰਵਾਸੀ ਭਾਰਤੀ ਮਾਮਲੇ ਮੰਤਰੀ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮਿਤੀ 28.2.05 ਨੂੰ ਸਾਡੀ ਕੈਬਨਿਟ ਨੇ ਮੀਟਿੰਗ ਕਰਕੇ ਇਹ ਆਰਡੀਨੈਂਸ ਪਾਸ ਕੀਤਾ ਸੀ ਕਿ ਸੋਸ਼ਲ ਸਕਿਓਰਟੀ ਫੰਡ ਕਾਇਮ ਕੀਤਾ ਜਾਵੇ ਤਾਂ ਜੋ ਗਰੀਬਾਂ ਨੂੰ ਪੈਨਸ਼ਨਾਂ ਲਈ, ਵਿਡੋਅ ਭੈਣਾਂ ਨੂੰ ਪੈਨਸ਼ਨ ਵਗੈਰਾ ਦਿੱਤੀ ਜਾ ਸਕੇ । ਸੂਦ ਸਾਹਿਬ ਨੇ ਜੋ ਆਬਜੈਕਸ਼ਨ ਕੀਤਾ ਹੈ, ਮੈਂ ਇਸ ਬਾਰੇ ਥੋੜ੍ਹਾ ਜਿਹਾ ਹੀ ਬੋਲਣਾ ਹੈ । ਇਕ ਤਾਂ ਇਨ੍ਹਾਂ ਨੇ ਕਿਹਾ ਹੈ ਕਿ 12% ਤੋਂ ਘਟਾ ਕੇ 6% ਸਟੈਂਪ ਡਿਊਟੀ ਅਕਾਲੀ ਸਰਕਾਰ ਨੇ ਕੀਤਾ ਸੀ । ਇਹ ਗਲਤ ਹੈ । ਇਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵੇਲੇ ਹੋਇਆ ਸੀ । ਉਦੋਂ ਇਹ ਸਟੈਂਪ ਡਿਊਟੀ 12% ਤੋਂ ਘਟਾ ਕੇ 6% ਕੀਤੀ ਗਈ ਸੀ । ਇਹਨਾਂ ਦੇ ਤਿੰਨ ਸਾਲਾਂ ਦੇ ਸਮੇਂ ਵਿਚ ਸਟੈਂਪ ਡਿਊਟੀ ਤੋਂ ਕੇਵਲ 400–450 ਕਰੋੜ ਰੁਪਏ ਦੀ ਆਮਦਨ ਹੋ ਰਹੀ ਸੀ । ਅਸੀਂ

[ਮਾਲ ਤੇ ਮੁੜ ਵਸੇਬਾ, ਰਾਹਤ ਤੇ ਪੁਨਰਵਾਸ ਅਤੇ ਪਰਵਾਸੀ ਭਾਰਤੀ ਮਾਮਲੇ ਮੰਤਰੀ]

ਇਨ੍ਹਾਂ ਨੂੰ ਤਿੰਨ ਸਾਲਾਂ ਦੇ ਸਮੇਂ ਵਿਚ 400 ਕਰੋੜ ਰੁਪਏ ਹੋਰ ਅਰਨ ਕਰਕੇ ਦੇਣੇ ਹਨ । ਇਸ ਤਰ੍ਹਾਂ ਇਹ ਆਮਦਨ ਵਧ ਕੇ 800 ਕਰੋੜ ਰੁਪਏ ਹੋ ਜਾਵੇਗੀ । ਦੂਸਰਾ ਜਿਹੜਾ ਇਨ੍ਹਾਂ ਨੇ ਨੁਕਤਾ ਉਠਾਇਆ ਹੈ ਕਿ 5 ਕਿਲੋਮੀਟਰ ਦਾ ਘੇਰਾ ਕਿਸ ਤਰ੍ਹਾਂ ਮਈਯਰ ਕਰਨਾ ਹੈ । ਜਿਹੜਾ ਪਿੰਡ ਪੰਜ ਕਿਲੋਮੀਟਰ ਦੇ ਘੇਰੇ ਵਿਚ ਆ ਗਿਆ, ਉਸ ਉਤੇ ਹੀ ਲਾਗੂ ਹੋਣਾ ਹੈ । ਜੇਕਰ ਕਿਸੇ ਪਿੰਡ ਦੀ ਜ਼ਮੀਨ ਸ਼ਹਿਰ ਦੇ ਨਾਲ ਲਗਦੀ ਹੈ ਪਰ ਉਹ ਪਿੰਡ ਪੰਜ ਕਿਲੋਮੀਟਰ ਤੋਂ ਦੂਰ ਹੈ ਤਾਂ ਉਸ ਨੂੰ ਨਹੀਂ ਗਿਣਿਆ ਜਾਵੇਗਾ । ਇਹ ਬੜਾ ਹੀ ਕਲੀਅਰ ਕੀਤਾ ਹੋਇਆ ਹੈ । ਅਸੀਂ ਕੈਪਟਨ ਸਾਹਿਬ ਨਾਲ ਸਲਾਹ-ਮਸ਼ਵਰਾ ਕਰਕੇ ਅਤੇ ਬਾਕੀ ਸਾਥੀਆਂ ਨਾਲ ਗੱਲਬਾਤ ਕਰਕੇ ਕੇਵਲ ਮਿਉਂਸਿਪਲ ਕਾਰਪੋਰੇਸ਼ਨਾਂ ਅਤੇ ਕਲਾਸ-1 ਮਿਉਂਸਿਪਲ ਕਮੇਟੀਆਂ ਨੂੰ ਹੀ ਪੰਜ ਕਿਲੋਮੀਟਰ ਦੇ ਰੇਡੀਅਸ ਘੇਰੇ ਵਿਚ ਲਿਆ ਹੈ । ਬਾਕੀਆਂ ਦੀਆਂ ਜਿਹੜੀਆਂ ਮਿਉਂਸਿਪਲ ਕਮੇਟੀਆਂ ਹੋਣਗੀਆਂ, ਨਗਰ ਪੰਚਾਇਤਾਂ ਹੋਣਗੀਆਂ, ਉਨ੍ਹਾਂ ਦੀ ਆਪਣੀ ਲਿਮਟ ਨੂੰ ਹੀ ਲਿਆ ਜਾਵੇਗਾ । ਮੈਂ ਇਹ ਕਲੈਰੀਫ਼ਿਕੇਸ਼ਨ ਦੇਣੀ ਸੀ । ਧੰਨਵਾਦ ।

**ਕੈਪਟਨ ਕੰਵਲਜੀਤ ਸਿੰਘ (ਬਨੂੜ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਗਲਤ ਆਖਿਆ ਹੈ ਕਿ ਰਜਿਸਟਰੇਸ਼ਨ ਫੀਸ 12% ਤੋਂ ਘਟਾ ਕੇ 6% ਸਰਦਾਰ ਬੇਅੰਤ ਸਿੰਘ ਦੀ ਸਰਕਾਰ ਵੇਲੇ ਕੀਤੀ ਗਈ ਸੀ । ਜਦੋਂ 1997 ਵਿਚ ਸਾਡੀ ਸਰਕਾਰ ਆਈ ਸੀ ਤਾਂ ਉਸ ਵੇਲੇ ਇਹ ਰਜਿਸਟਰੇਸ਼ਨ ਫੀਸ 12% ਤੋਂ ਘਟਾ ਕੇ 6% ਕੀਤੀ ਸੀ । ਭਾਵੇਂ ਉਹ ਸ਼ਹਿਰ ਵਿਚ ਹੋਵੇ ਜਾਂ ਪਿੰਡ ਵਿਚ ਹੋਵੇ । ਡਿਪਟੀ ਸਪੀਕਰ ਸਾਹਿਬ, ਜਿਹੜੀ ਸਚਾਈ ਹੈ ਉਸ ਵਿਚ ਬੋਲਣ ਦਾ ਕੀ ਫ਼ਾਇਦਾ ਹੈ ।

**ਮਾਨਯੋਗ ਡਿਪਟੀ ਸਪੀਕਰ** : ਤੁਹਾਡਾ ਪੁਆਇੰਟ ਆ ਗਿਆ ਹੈ । Please take your seat.

**ਮਾਲ ਤੇ ਮੁੜ ਵਸੇਬਾ, ਰਾਹਤ ਤੇ ਪੁਨਰਵਾਸ ਅਤੇ ਪਰਵਾਸੀ ਭਾਰਤੀ ਮਾਮਲੇ ਮੰਤਰੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਰਿਕਾਰਡ ਕਢਵਾ ਕੇ ਦੇਖ ਲੈਣ । ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵੇਲੇ 12% ਤੋਂ ਘਟਾ ਕੇ 6% ਕੀਤਾ ਗਿਆ ਸੀ।

**ਕੈਪਟਨ ਕੰਵਲਜੀਤ ਸਿੰਘ (ਬੈਠੇ ਬੈਠੇ)** : ਮੰਤਰੀ ਸਾਹਿਬ ਨੂੰ ਆਪਣੇ ਮਹਿਕਮੇ ਦਾ ਹੀ ਨਹੀਂ ਪਤਾ । (ਹਾਸਾ)

**ਸ਼੍ਰੀ ਤਿਕਸ਼ਨ ਸੂਦ** : ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜੇ ਪਿੰਡਾਂ ਦੀ ਆਬਾਦੀ ਪੰਜ ਕਿਲੋਮੀਟਰ ਦੇ ਘੇਰੇ ਵਿਚ ਆਉਂਦੀ ਹੋਵੇਗੀ ਉਨ੍ਹਾਂ ਤੇ ਸਟੈਂਪ ਡਿਊਟੀ ਲੱਗੇਗੀ । ਜਿਹੜੇ ਨਹੀਂ ਆਉਂਦੇ, ਉਨ੍ਹਾਂ ਤੇ ਨਹੀਂ ਲੱਗੇਗੀ । ਪਰ ਡਿਪਟੀ ਸਪੀਕਰ ਸਾਹਿਬ, ਜਦੋਂ ਐਕਟ ਪੜ੍ਹੀਦਾ ਹੈ ਤਾਂ ਇਸ ਦੇ ਵਿੱਚ ਕੋਈ ਇਸ ਤਰ੍ਹਾਂ ਦੀ ਐਕਸਪਲੇਨੇਸ਼ਨ ਨਹੀਂ ਹੈ । ਮੈਂ ਬੇਨਤੀ ਕਰਨੀ ਚਾਹਾਂਗਾ ਕਿ ਤੁਸੀਂ ਜਦੋਂ ਬਿਲ ਪਾਸ ਕਰਾਉਣਾ ਹੈ ਤਾਂ ਵੱਖਰੀ ਕੋਈ ਐਕਸਪਲੇਨੇਸ਼ਨ ਦੀ ਅਮੈਂਡਮੈਂਟ ਲਿਆਉਣ ਦੀ ਵਜਾਏ, ਇਸਦੇ ਵਿੱਚ ਹੀ ਪ੍ਰੋਵੀਜ਼ਨ ਕਰਵਾ ਦੇਣਾ ਜੀ ।

MR. DEPUTY SPEAKER : First I will put the motion, given notice of by some Hon'ble Members to disapprove the Ordinance to the vote of the House.

MR. DEPUTY SPEAKER : Question is :

That this House disapproves the Indian Stamp (Punjab Amendment) Ordinance, 2005 (Punjab Ordinance No. 1 of 2005).

*The motion was lost.*

MR. DEPUTY SPEAKER : Question is—

That the Indian Stamp (Punjab Amendment) Bill be taken into consideration at once.

*The motion was carried.*

**Mr. Tikshan Sud** : Sir, Point of Order.

MR. DEPUTY SPEAKER : First let me finish.

MR. DEPUTY SPEAKER : Now the House will proceed to consider the Bill clause-by-clause.

**Sub-clause (2) of Clause 1**

MR. DEPUTY SPEAKER : Question is—

That Sub-clause (2) of Clause 1 stand part of the Bill.

*The motion was carried.*

**CLAUSE 2**

MR. DEPUTY SPEAKER : Question is—

That Clause 2 stand part of the Bill.

*The motion was carried.*

## CLAUSE 3

**MR. DEPUTY SPEAKER :** There is a notice of amendment to Clause 3 by the Minister of Revenue and Rehabilitation which shall be deemed to have been read and moved.

Minister for Revenue and Rehabilitation, Relief & Resettlement and NRIs (Sardar Amarjit Singh Samra).

## SECTION 3-C (1)

In Section 3-C (1) of the Bill, after the words "within the area of 5 KM from outer limit of the Municipality or Municipal Corporation, as the case may be, as may be specified by the Collector", the words "This shall be applicable only to Municipal Corporation and Class-I Municipalities", may be added.

**MR. DEPUTY SPEAKER :** Question is—

> That in Section 3 (c)(i) of the Bill, after the words "within the area of 5 kilometres from outer limit of the Municipality or the Municipal Corporation, as the case may be, as may be specified by the Collector", the words "This shall be applicable only to Municipal Corporation and Class-I Municipalities", may be added.

*The motion was carried.*

**MR. DEPUTY SPEAKER :** Now I will put Clause 3, as amended, to the vote of the House.

**MR. DEPUTY SPEAKER :** Question is—

> That Clause 3, as amended, stand part of the Bill.

*The motion was carried.*

## CLAUSES 4 & 5

**MR. DEPUTY SPEAKER :** As there is no amendment to Clauses 4 and 5, if the House agrees, these Clauses be put together to the vote of the House.

(Voices : Yes, yes)

**MR. DEPUTY SPEAKER :** Question is—

That Clauses 4 and 5 stand part of the Bill.

*The motion was carried.*

**Sub-clause (1) of Clause 1**

**MR. DEPUTY SPEAKER :** Question is—

That Sub-clause (1) of Clause 1 stand part of the Bill.

*The motion was carried.*

**TITLE**

**MR. DEPUTY SPEAKER :** Question is—

That Title be the Title of the Bill.

*The motion was carried.*

**MR. DEPUTY SPEAKER :** Minister to move that the Bill be passed.

**Minister for Revenue & Rehabilitation, Relief & Resettlement & NRIs (Sardar Amarjit Singh Samra) :** Sir, I beg to move—

That the Indian Stamp (Punjab Amendment) Bill, be passed.

**MR- DEPUTY SPEAKER :** Motion moved—

That the Indian Stamp (Punjab Amendment) Bill, be passed.

**MR. DEPUTY SPEAKER :** Question is—

That the Indian Stamp (Punjab Amendment) Bill, be passed.

*The motion was carried.*

4. RESOLUTION UNDER ARTICLE 213 (2) (a) OF THE CONSTITUTION OF INDIA DISAPPROVING THE PUNJAB AGRICULTURAL PRODUCE MARKETS (AMENDMENT) ORDINANCE 2005 (PUNJAB ORDINANCE NO. 2 OF 2005)

AND

THE PUNJAB AGRICULTURAL PRODUCE MARKETS (SECOND AMENDMENT) BILL, 2005.

(Replacing Punjab Ordinance No. 2 of 2005)

MR. DEPUTY SPEAKER : Some Hon'ble Members have given notices to disapprove the Punjab Agricultural Produce Markets (Amendment) Ordinance, 2005 (Punjab Ordinance No. 2 of 2005) which shall be deemed to have been read and moved.

i) Sardar Harbant Singh Datewas,

ii) Sardar Vir Singh Lopoke,

iii) Sardar Gaganjit Singh Barnala,

iv) Sardar Surjit Singh Rakhra,

v) Sardar Manpreet Singh Badal,

vi) Shri Nand Lal,

vii] Chaudhary Balbir Singh Miani.

That this House disapproves the Punjab Agricultural Produce Markets (Amendment) Ordinance, 2005 (Punjab Ordinance No. 2 of 2005).

MR. DEPUTY SPEAKER : If the House agrees, the motion to disapprove the Punjab Agricultural Produce Markets (Amendment) Ordinance, 2005, (Punjab Ordinance No. 2 of 2005) and the Punjab Agricultural Produce Markets (Second Amendment) Bill, 2005 be discussed together and voted upon separately.

(Voices: Yes, Yes)

MR. DEPUTY SPEAKER : Minister to introduce the Punjab Agricultural Produce Markets (Second Amendment) Bill and to move that the Bill be taken into consideration at once.

**Minister for Local Government, Labour & Employment, Parliamentary Affairs and Elections (Chaudhary Jagjit Singh) :** Sir, I beg to introduce the Punjab Agricultural Produce Markets (Second Amendment) Bill.

Sir, I also beg to move—

> That the Punjab Agricultural Produce Markets (Second Amendment) Bill be taken into consideration at once.

**MR. DEPUTY SPEAKER :** Any body who wishes to participate.

(No body rose to speak.)

**MR. DEPUTY SPEAKER :** First I will put the motion to disapprove the Ordinance to the vote of the House.

**MR. DEPUTY SPEAKER :** Question is—

> That the House disapproves the Punjab Agricultural Produce Markets (Amendment) Ordinance, 2005 Punjab Ordinance No. 2 of 2005).

*The motion was lost.*

**MR. DEPUTY SPEAKER :** Question is—

> That the Punjab Agriculture Produce Markets (Second Amendment) Bill be taken into consideration at once.

*The motion was carried.*

**MR. DEPUTY SPEAKER :** Now the House will proceed to consider the Bill Clause by Clause.

**Sub-Clause (2) of Clause 1**

**MR. DEPUTY SPEAKER :** Question is—

> That Sub-Clause (2) of Clause 1 stand part of the Bill.

*The motion was carried.*

**Clauses 2 and 3**

**MR. DEPUTY SPEAKER :** As there is no amendment to Clauses 2 and 3, if the House agrees, these Clauses be put to the vote of the House together.

(Voices : yes, yes.)

**MR. DEPUTY SPEAKER :** Question is—

That Clauses 2 and 3 stand part of the Bill.

*The motion was carried.*

**Sub Clause (1) of Clause 1**

**MR. DEPUTY SPEAKER :** Question is—

That sub clause (1) of Clause 1 stand part of the Bill.

*The motion was carried.*

**TITLE**

**MR. DEPUTY SPEAKER :** Question is—

That Title be the Title of the Bill.

*The motion was carried.*

**MR. DEPUTY SPEAKER :** Now the minister to move that the Bill be passed.

**Minister for Local Government, Labour & Employment, Parliamentary Affairs and Elections (Chaudhary Jagjit Singh) :** Sir, I beg to move—

That the Punjab Agricultural Produce Markets (Second Amendment) Bill be passed.

**MR. DEPUTY SPEAKER :** Motion moved—

That the Punjab Agricultural Produce Markets (Second Amendment) Bill be passed.

**MR. DEPUTY SPEAKER** : Question is—

That the Punjab Agricultural Produce Markets (Second Amendment) Bill be passed.

*The motion was carried.*

---

5. THE PUNJAB AGRICULTURAL PRODUCE MARKETS (AMENDMENT) BILL, 2005.

**Minister for Local Government, Labour & Employment Parliamentary Affairs and Elections (Chaudhary Jagjit Singh)** : Sir, I beg to introduce the Punjab Agricultural Produce Markets (Amendment) Bill.

Sir, I also beg to move—

That the Punjab Agricultural Produce Markets (Amendment) Bill be taken into consideration at once.

**MR. DEPUTY SPEAKER** : Motion moved—

That the Punjab Agricultural Produce Markets (Amendment) Bill be taken into consideration at once.

**MR. DEPUTY SPEAKER** : Anybody wishes to participate in the discussion..........Nobody ?

(Nobody rose to Speak.)

**MR. DEPUTY SPEAKER** : Question is—

That the Punjab Agricultural Produce Markets (Amendment) Bill be taken into consideration at once.

*The motion was carried.*

**MR. DEPUTY SPEAKER** : Now the House will proceed to consider the Bill Clause by Clause.

**Sub-clause (2) of Clause 1**

**MR. DEPUTY SPEAKER** : Question is—

That Sub-clause (2) of clause 1 stand part of the Bill.

*The motion was carried.*

**Clauses 2 to 4**

**MR. DEPUTY SPEAKER** : As there is no amendment to Clauses 2 to 4, if the House agrees, these Clauses, be put together to the vote of the House.

(Voices: Yes, yes.)

**MR. DEPUTY SPEAKER** : Question is—

That Clauses 2 to 4 stand part of the Bill.

*The motion was carried.*

**Sub-Clause (1) of clause 1**

**MR. DEPUTY SPEAKER** : Question is—

That Sub-Clause (1) of Clause 1 stand part of the Bill.

*The motion was carried.*

**TITLE**

**MR. DEPUTY SPEAKER** : Question is—

That Title be the Title of the Bill.

*The motion was carried.*

**MR. DEPUTY SPEAKER** : Now the Minister to move that the Bill be passed.

**Minister for Local Government, Parliamentary Affairs Labour & Employment and Elections (Chaudhary Jagjit Singh)** : Sir, I beg to move—

That the Punjab Agricultural Produce Markets (Amendment) Bill be passed.

**MR. DEPUTY SPEAKER** : Motion moved—

That the Punjab Agricultural Produce Markets (Amendment) Bill be passed.

**MR. DEPUTY SPEAKER** : Question is—

That the Punjab Agricultural Produce Markets (Amendment) Bill be passed.

*The motion was carried unanimously.*

---

## 6. THE PUNJAB LABOUR WELFARE FUND (AMENDMENT) BILL, 2005

**Minister for Local Government, Parliamentary Affairs, Labour & Employment and Elections (Chaudhary Jagjit Singh)** : Sir, I beg to introduce the Punjab Labour Welfare Fund (Amendment) Bill.

Sir, I also beg to move that—

The Punjab Labour Welfare Fund (Amendment) Bill be taken into consideration at once.

**MR. DEPUTY SPEAKER** : Motion moved—

That the Punjab Labour Welfare Fund (Amendment) Bill be taken into consideration at once.

**MR. DEPUTY SPEAKER** : Discussion, if any.

(Nobody rose to speak.)

**MR. DEPUTY SPEAKER** : Question is—

That the Punjab Labour Welfare Fund (Amendment) Bill be taken into consideration at once.

*The motion was carried.*

**MR. DEPUTY SPEAKER** : Now the House will proceed to consider the Bill clause by clause.

**Sub-clause (2) to Clause 1**

**MR. DEPUTY SPEAKER** : Question is—

That Sub-Clause (2) of clause 1 stand part of the bill.

*The motion was carried.*

**Clauses 2 and 3**

**MR. DEPUTY SPEAKER** : As there is no amendment to Clauses 2 and 3, if the House agrees, the Clauses be put together to the vote of the House.

(Voices : Yes, yes.)

**MR. DEPUTY SPEAKER** : Question is—

That Clauses 2 and 3 stand part of the Bill.

*The motion was carried.*

**Sub-clause (1) of Clause 1**

**MR. DEPUTY SPEAKER** : Question is—

That Sub-clause (1) of Clause 1 stand part of the Bill.

*The motion was carried.*

**Title**

**MR. DEPUTY SPEAKER** : Question is—

That Title be the Title of the Bill.

*The motion was carried.*

**MR. DEPUTY SPEAKER** : Now the Minister to move that the Bill be passed.

**Minister for Local Government, Parliamentary Affairs, Labour & Employment and Elections (Chaudhary Jagjit Singh)** : Sir, I beg to move—

That the Punjab Labour Welfare Fund (Amendment) Bill be passed.

**MR. DEPUTY SPEAKER** : Motion moved—

That the Punjab Labour Welfare Fund (Amendment) Bill be passed.

**MR. DEPUTY SPEAKER** : Question is—

That the Punjab Labour Welfare Fund (Amendment) Bill be passed.

*The motion was carried unanimously.*

———

## 7. THE GURU ANGAD DEV VETERINARY AND ANIMAL SCIENCES UNIVERSITY BILL, 2005.

**Minister for Animal Husbandary, Dairy Development, Fisheries and Tourism (Sardar Jagmohan Singh Kang)** : Sir, I beg to introduce the Guru Angad Dev Veterinary and Animal Sciences University Bill.

Sir, I also beg to move—

That the Guru Angad Dev Veterinary and Animal Seiences University Bill be taken into consideration at once.

**MR. DEPUTY SPEAKER** : Motion moved—

That The Guru Angad Dev Veterinary and Animal Sciences University Bill be taken into consideration at once.

Discussion, if any. Yes, Manpreet ji.

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਆਮ ਤੌਰ ਤੇ ਪੰਜਾਬ ਵਿਚ ਵੈਟਰਨਰੀ ਸਾਇੰਸਿਜ਼ ਦੀ ਯੂਨੀਵਰਸਿਟੀ ਦਾ ਕੋਈ ਬਿਲ ਆਇਆ ਹੋਵੇ ਤਾਂ ਸਾਨੂੰ ਇਸ ਦਾ ਖੈਰਮੱਦਮ ਕਰਨਾ ਚਾਹੀਦਾ ਹੈ। We would like to welcome it. ਕੁਝ ਖਦਸ਼ਾਤ ਹਨ, ਰਿਜ਼ਰਵੇਸ਼ਨਜ਼ ਹਨ ਸਾਡੇ ਬਿਲ ਵਿਚ, ਜੋ ਮੈਂ ਤੁਹਾਡੀ ਮਾਰਫਤ ਹਾਊਸ ਨਾਲ ਜਾਹਿਰ ਕਰਨਾ ਚਾਹੁੰਦਾ ਹਾਂ। ਜੋ ਮਨਿਸਟਰ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਸਾਹਿਬ ਇਸ ਵੇਲੇ ਸੈਪਰੇਟ ਵੈਟਰਨਰੀ ਸਾਇੰਸਿਜ਼ ਯੂਨੀਵਰਸਿਟੀ ਦਾ ਬਿਲ ਲੈ ਕੇ ਆਏ ਹਨ ਡਿਪਟੀ ਸਪੀਕਰ ਸਾਹਿਬ, ਮੇਰਾ ਆਪਣਾ ਦਿਲੋ ਦਿਮਾਗ ਕਹਿੰਦਾ ਹੈ ਕਿ it will be a University within a University. ਅੱਜ ਤੋਂ ਪਹਿਲਾਂ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਾਇਮ ਹੋਈ ਤੇ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਪੰਜਾਬ ਵਿਚ ਕਾਇਮ ਹੋਈ। ਸਵਾਲ ਇਹ ਨਹੀਂ ਸੀ ਕਿ ਯੂਨੀਵਰਸਿਟੀਆਂ ਖੋਲ੍ਹੀਆਂ ਗਈਆਂ ਹਨ ਪਰ ਸਵਾਲ ਉਨ੍ਹਾਂ ਦੀ ਫੰਡਿੰਗ ਦਾ ਹੈ। ਉਨ੍ਹਾਂ ਦੀ ਫੰਡਿੰਗ ਜੋ ਹੈ ਉਹ ਨਹੀਂ ਹੋ ਸਕੀ ਤੇ ਇਹੋ ਵਜ੍ਹਾ ਹੈ ਕਿ ਅੱਜ ਪੀ.ਏ.ਯੂ. ਵਿਚ ਪ੍ਰਾਬਲਮ ਉਸ ਦੀ ਇਹ ਨਹੀਂ ਕਿ ਵੈਟਰਨਰੀ ਸਾਇੰਸਿਜ਼ ਵਿਚ ਇਸ ਵੇਲੇ ਰਿਸਰਚ ਹੋ ਨਹੀਂ ਰਹੀ, ਕਿਉਂ ਨਹੀਂ ਹੋ ਰਹੀ, ਇਹ ਸੈਪਰੇਟ ਹੈ ਤੇ ਫੇਰ ਵੈਟਰਨਰੀ ਸਾਇੰਸਿਜ਼ ਨੂੰ ਕੀ ਅਚੀਵ ਹੋ ਜਾਵੇਗਾ। ਸਵਾਲ ਇਹ ਹੈ ਕਿ ਅੱਜ ਪੀ.ਏ.ਯੂ. ਦਾ 14 ਕਰੋੜ ਦਾ ਬਜਟ ਹੈ ਤੇ 14 ਦਾ 14 ਕਰੋੜ ਤਨਖਾਹਾਂ ਤੇ ਐਡਮਨਿਸਟ੍ਰੇਟਿਵ ਐਕਸਪੈਂਸਿਜ਼ ਵਿਚ ਜਾਂਦਾ ਹੈ। ਇਸ ਵਿਚ ਕੋਈ ਰੀਅਲ ਰਿਸਰਚ ਵਾਸਤੇ ਪੈਸਾ ਨਹੀਂ ਰੱਖਿਆ ਗਿਆ। ਐਤਕੀਂ ਪਹਿਲੀ ਵਾਰ ਇਹ ਕਹਿ ਰਹੇ ਹਨ ਕਿ 100 ਕਰੋੜ ਰੁਪਿਆ ਰੱਖਣਾ ਹੈ। ਡਿਪਟੀ ਸਪੀਕਰ ਸਾਹਿਬ, ਵੈਟਰਨਰੀ ਸਾਇੰਸਿਜ਼ ਤੇ ਵੈਟਰਨਰੀ ਐਜੂਕੇਸ਼ਨ ਦਾ ਕਾਲਜ ਪੰਜਾਬ ਵਿਚ ਇਸ ਵਾਸਤੇ ਇਕੋ ਹੀ ਹੈ। ਜਿਹੜੀਆਂ ਵੱਡੀਆਂ ਸਟੇਟਸ ਹਨ ਜਿਵੇਂ ਮੱਧ ਪ੍ਰਦੇਸ਼ ਜਾਂ ਯੂ.ਪੀ. ਜਿਥੇ 4-4, 5-5 ਕਾਲਜ ਹੁੰਦੇ ਹਨ ਉਹ ਰਲ ਕੇ ਯੂਨੀਵਰਸਿਟੀ ਬਣ ਜਾਵੇ ਇਹ ਗੱਲ ਸੋਚੀ ਜਾ ਸਕਦੀ ਹੈ ਪਰ ਇਥੇ ਇਕੋ ਕਾਲਜ ਹੈ ਉਸ ਨੂੰ ਹੀ ਡੀਮਡ ਯੂਨੀਵਰਸਿਟੀ ਦਾ ਨਾਂ ਦੇ ਦਿਓ, ਨਾਂ ਦੇਣ ਵਿਚ ਕੋਈ ਖਾਸ ਗੱਲ ਨਹੀਂ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਗੱਲ ਅਨਇੰਪਲਾਇਮੈਂਟ ਦੀ ਵੀ ਹੈ। ਜਿੱਥੇ ਇੱਕ ਪਾਸੇ ਆਪਾ ਕਹਿੰਦੇ ਹਾਂ ਕਿ ਵੈਟਰਨਰੀ ਸਾਇੰਸਿਜ਼ ਦੇ ਵਿਚ ਫਰਦਰ ਰਿਸਰਚਜ਼ ਆਦਿ ਹੋਣੀਆਂ ਚਾਹੀਦੀਆਂ ਹਨ, ਉਥੇ ਅੱਜ 600 ਬੱਚਾ ਵੈਟਰਨਰੀ ਕੋਰਸਿਜ਼ ਪਾਸ ਕਰ ਚੁੱਕਾ ਹੈ। But he is unemployed. ਅਨਇੰਪਲਾਇਮੈਂਟ ਇਸ ਕਰਕੇ ਵੀ ਹੋਵੇਗੀ ਕਿਉਂਕਿ ਪ੍ਰਾਈਵੇਟ ਪ੍ਰੈਕਟਿਸ ਵੀ ਵੈਟਰਨਰੀ ਸਰਵਿਸਿਜ਼ ਦੇ ਵਿਚ ਬੜੀ ਘੱਟ ਹੈ। ਜਿਹੜੇ ਸਰਕਾਰੀ ਮੁਲਾਜ਼ਮ ਹਨ, ਉਹ ਤਕਰੀਬਨ ਜ਼ਰੂਰਤਾਂ ਪੂਰੀਆਂ ਕਰ ਦਿੰਦੇ ਹਨ। ਕੁਝ ਥੋੜ੍ਹੀਆਂ ਬਹੁਤ ਵੈਕੇਂਸੀਜ਼ ਖਾਲੀ ਵੀ ਹੋ ਸਕਦੀਆਂ ਹਨ। ਮੇਰੀ ਸੁਜੈਸ਼ਨ ਸਮਝ ਕੇ ਵਜ਼ੀਰ ਸਾਹਿਬ ਇਹ ਕਰਨ ਕਿ ਜੇ ਇਸ ਨੂੰ ਐਸਟੇਬਲਿਸ਼ ਕਰਨਾ ਹੀ ਹੈ ਤਾਂ ਇਸ ਨੂੰ ਘੱਟੋ ਘੱਟ ਲੁਧਿਆਣਾ ਤੋਂ ਹੋਰ ਕਿਸੇ ਕੈਂਪਸ ਦੇ ਵਿਚ ਲੈ ਜਾਓ। ਨਾਭਾ ਜਿਹੜੀ ਓਪਨ ਜ਼ੇਲ੍ਹ ਹੈ, ਉਥੇ ਤਕਰੀਬਨ ਸਾਢੇ ਸੱਤ ਸੌ ਏਕੜ ਰਕਬਾ ਪਿਆ ਹੈ। ਹੋ ਸਕਦਾ ਹੈ ਕਿ 4-5 ਸੌ ਏਕੜ ਪੰਜਾਬ ਸਰਕਾਰ ਦੀ ਜ਼ਮੀਨ ਹੋਵੇ। ਵੈਟਰਨਰੀ ਯੂਨੀਵਰਸਿਟੀ ਉਥੇ ਐਸਟੈਬਲਿਸ਼ ਹੋ ਜਾਵੇ। ਡਿਪਟੀ ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਫੰਡ ਰੱਖਿਆ ਹੈ, ਇਹ 10 ਕਰੋੜ ਰੁਪਏ ਦਾ ਰੱਖਿਆ ਹੈ, ਇਸ ਵੈਟਰਨਰੀ ਯੂਨੀਵਰਸਿਟੀ ਵਾਸਤੇ। 10 ਕਰੋੜ ਰੁਪਏ ਦੇ ਵਿਚ ਇਹ ਯੂਨੀਵਰਸਿਟੀ ਕਿਸ ਤਰ੍ਹਾਂ ਚੱਲੇਗੀ ? ਮੇਰਾ ਆਪਣਾ ਖਦਸ਼ਾ ਹੈ ਕਿ this will not grow and it may impede the growth of PAU ਕਿਉਂਕਿ ਜਿਸ ਤਰ੍ਹਾਂ ਮੈਂ ਵਾਰ ਵਾਰ ਅਰਜ਼ ਕਰ ਰਿਹਾ ਹਾਂ ਕਿ ਜਿਹੜੀ ਪ੍ਰਾਬਲਮ ਹੈ, ਉਹ ਪ੍ਰਾਬਲਮ ਫੰਡਜ਼ ਦੀ ਹੈ ਕਿਉਂਕਿ ਫੰਡਜ਼ ਨਹੀਂ ਮਿਲਦੇ। ਪੀ.ਏ.ਯੂ.

ਦੇ ਵਿਚ ਵੀ ਜੇ ਰਿਸਰਚ ਚਲ ਨਹੀਂ ਰਹੀ ਤਾਂ ਉਸ ਦੀ ਵਜ੍ਹਾ ਵੀ ਇਹੀ ਹੈ ਕਿ it is the lack of funds. ਮੈਂ ਤੁਹਾਡੇ ਜ਼ਰੀਏ ਕਹਿਣਾ ਚਾਹੁੰਦਾ ਹਾਂ ਕਿ ਅੱਜ ਤੋਂ ਕਈ ਸਾਲ ਪਹਿਲਾਂ ਸਾਡੇ ਮਰਹੂਮ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਸ਼ਾਇਦ ਬਠਿੰਡਾ ਲਾਗੇ ਇਸ ਵੈਟਰਨਰੀ ਸਾਇੰਸਿਜ਼ ਯੂਨੀਵਰਸਿਟੀ ਦਾ ਨੀਂਹ ਪੱਥਰ ਵੀ ਰੱਖਿਆ ਸੀ ਪਰ ਸ਼ਾਇਦ ਉਹ ਵੀ ਕਿਸੇ ਵਜ੍ਹਾ ਕਰਕੇ ਨਹੀਂ ਚਲ ਸਕੀ। ਜੇ ਸੰਜੀਦਗੀ ਨਾਲ ਇਸ ਯੂਨੀਵਰਸਿਟੀ ਨੂੰ ਐਸਟੇਬਲਿਸ਼ ਕਰਨਾ ਚਾਹੁੰਦੇ ਹੋ ਜਾਂ ਇਸ ਨੂੰ ਇਨ੍ਹਾਂ ਨੇ ਅਨਾਊਂਸ ਕਰ ਦਿੱਤਾ ਹੈ ਤਾਂ ਇਸ ਦੀ ਫੰਡਿੰਗ ਵੀ ਵੱਡੇ ਪੈਮਾਨੇ ਦੀ ਅਤੇ ਵੱਡੇ ਪੱਧਰ ਤੇ ਹੋਵੇ। ਸਿੰਗਲਾ ਸਾਹਿਬ, ਜਿਥੇ ਸ਼ਰਾਬ ਤੇ 10/- ਰੁਪਏ ਲਗਾਏ ਹਨ, ਉਥੇ ਇਹ ਵਧਾ ਕੇ 20/- ਰੁਪਏ ਕਰ ਦਿਓ, ਪਰ ਇਸ ਯੂਨੀਵਰਸਿਟੀ ਨੂੰ ਜ਼ਰੂਰ ਸੌ ਕਰੋੜ ਰੁਪਏ ਦਿਓ। ਚਲੋ, ਮੈਂ ਇਸ ਡਿਸਕਸ਼ਨ ਵਿਚ ਨਹੀਂ ਪੈਣਾ ਚਾਹੁੰਦਾ। ਇਹ ਜਿਹੜੀ ਵੈਟਰਨਰੀ ਸਾਇੰਸ ਹੈ, ਮੈਂ ਕਹਿੰਦਾ ਹਾਂ ਕਿ ਜਿਹੜੀ ਆਮ ਪੇਂਡੂ ਜ਼ਿੰਦਗੀ ਹੈ, ਉਸ ਵਿਚ ਡੇਅਰਿੰਗ ਅਤੇ ਐਗਰੀਕਲਚਰ ਨੂੰ ਜ਼ਿਆਦਾ ਡਾਈਵੋਰਸ ਨਹੀਂ ਕਰ ਸਕਦੇ। ਐਗਰੀਕਲਚਰ ਅਤੇ ਡੇਅਰਿੰਗ ਤਾਂ ਇਕੋ ਹੀ ਹੱਥ ਦੀਆਂ ਦੋ ਉਂਗਲਾਂ ਹਨ। ਪਰ ਜੇ ਤੁਸੀਂ ਇਸ ਨੂੰ ਅੱਡ ਹੀ ਕਰਨਾ ਹੈ ਤਾਂ ਇਸ ਦਾ ਕੈਂਪਸ ਵੀ ਅੱਡ ਹੋਵੇ, ਚੰਗੀ ਫੰਡਿੰਗ ਵੀ ਹੋਵੇ। ਡਿਪਟੀ ਸਪੀਕਰ ਸਾਹਿਬ, ਇਹ ਤਾਂ ਹੀ ਕਾਮਯਾਬ ਹੋਵੇਗੀ ਵਰਨਾ ਜਿਸ ਤਰ੍ਹਾਂ ਮੈਡੀਕਲ ਸਾਇੰਸਿਜ਼ ਯੂਨੀਵਰਸਿਟੀ ਤੇ ਪੀ.ਟੀ.ਯੂ. ਵਿਚ ਤੁਸੀਂ ਕੀਤਾ ਹੈ it will meet the same thing. ਸਰਕਾਰੀ ਪੈਸਾ ਥੋੜ੍ਹਾ ਬਹੁਤ ਖਰਚ ਵੀ ਹੋ ਜਾਵੇਗਾ ਪਰ ਜਿਹੜਾ ਇਸ ਦਾ ਮਿਆਰ ਹੈ, ਉਹ ਨਹੀਂ ਬਣ ਸਕੇਗਾ ਅਤੇ ਸਟੈਂਡਰਡ ਵੀ ਨਹੀਂ ਬਣ ਸਕੇਗਾ। ਤੁਹਾਡਾ ਬਹੁਤ ਧੰਨਵਾਦ।

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ (ਸ਼੍ਰੀ ਅਸ਼ਵਨੀ ਸੇਖੜੀ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨਾਲ ਸਹਿਮਤ ਨਹੀਂ ਹਾਂ। ਇਹ ਯੂਨੀਵਰਸਿਟੀ ਜ਼ਰੂਰ ਬਣਨੀ ਚਾਹੀਦੀ ਹੈ ਕਿਉਂਕਿ ਅਗਰ ਇਨਸਾਨ ਨੂੰ ਬਚਾਉਣ ਲਈ ਅਤੇ ਇਨਸਾਨ ਦੀ ਕਾਬਲੀਅਤ ਵਧਾਉਣ ਲਈ ਯੂਨੀਵਰਸਿਟੀ ਬਣਾ ਰਹੇ ਹਾਂ ਤਾਂ ਜੋ ਸਾਡਾ ਪਸ਼ੂ ਧਨ ਹੈ, ਜੋ ਕਿ ਈਸ਼ਵਰ ਦਾ ਧਨ ਹੈ, ਉਨ੍ਹਾਂ ਦੀ ਬੇਹਤਰੀ ਲਈ ਵੈਟਰਨਰੀ ਯੂਨੀਵਰਸਿਟੀ ਪੰਜਾਬ ਸਰਕਾਰ ਵਲੋਂ ਬਣਾਉਣੀ ਬਹੁਤ ਹੀ ਅੱਛਾ ਕਦਮ ਹੈ। ਮੈਂ ਸਮਝਦਾ ਹਾਂ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਐਸਾ ਕਦਮ ਚੁੱਕਿਆ ਹੈ ਕਿ ਜਿਸ ਦੇ ਲਈ ਜਿਹੜੇ ਈਸ਼ਵਰ ਦੇ ਬਾਸ਼ਿੰਦੇ ਹਨ, ਜਿਨ੍ਹਾਂ ਦੀ ਕਿ ਜ਼ਬਾਨ ਨਹੀਂ ਹੈ, ਉਨ੍ਹਾਂ ਦੀਆਂ ਦੁਆਵਾਂ ਵੀ ਇਸ ਸਰਕਾਰ ਨੂੰ ਲੱਗਣਗੀਆਂ। ਮੈਂ ਸਮਝਦਾ ਹਾਂ ਕਿ ਇਹ ਯੂਨੀਵਰਸਿਟੀ ਪੰਜਾਬ ਦੀ ਹਿਸਟਰੀ ਵਿਚ ਇੱਕ ਮਾਈਲ ਸਟੋਨ ਹੋਵੇਗੀ ਪਰ ਮੈਂ ਇਹ ਸੁਜੇਸ਼ਨ ਦੇਣੀ ਚਾਹੁੰਦਾ ਹਾਂ ਕਿ ਸਾਡਾ ਜ਼ਿਲ੍ਹਾ ਗੁਰਦਾਸਪੁਰ ਜੋ ਕਿ ਮਾਝੇ ਦੇ ਵਿਚ ਹੈ, ਇਸ ਜ਼ਿਲ੍ਹੇ ਵਿਚ ਇਹ ਯੂਨੀਵਰਸਿਟੀ ਬਣਨੀ ਚਾਹੀਦੀ ਹੈ। ਇਨ੍ਹਾਂ ਨੇ ਇਹ ਪਰਪੋਜ਼ਲ ਲੁਧਿਆਣਾ ਬਾਰੇ ਜ਼ਰੂਰ ਦਿੱਤੀ ਹੈ ਪਰ ਮੈਂ ਕਹਿੰਦਾ ਹਾਂ ਕਿ ਜੇ ਨਵਾਂ ਕੈਂਪਸ ਬਣਨਾ ਹੀ ਹੈ ਤਾਂ ਇਹ ਗੁਰਦਾਸਪੁਰ ਦੇ ਵਿਚ ਬਣੇ ਕਿਉਂਕਿ ਇਹ ਬਹੁਤ ਹੀ ਪਛੜਿਆ ਹੋਇਆ ਜ਼ਿਲ੍ਹਾ ਹੈ। ਇਥੇ ਕੋਈ ਵੀ ਯੂਨੀਵਰਸਿਟੀ ਨਹੀਂ ਬਣਾਈ ਗਈ। ਮੇਰੀ ਇਸ ਸੁਜੇਸ਼ਨ ਤੇ ਮੰਤਰੀ ਸਾਹਿਬ ਗੌਰ ਕਰਨ। ਬਹੁਤ ਬਹੁਤ ਸ਼ੁਕਰੀਆ।

ਮਾਨਯੋਗ ਡਿਪਟੀ ਸਪੀਕਰ : ਮੰਤਰੀ ਸਾਹਿਬ, ਸੇਖੜੀ ਸਾਹਿਬ ਦੇ ਸੁਝਾਅ ਤੇ ਗੌਰ ਕਰਨਾ ।

ਸ੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਪੰਜਾਬ ਐਗਰੀਕਲਚਰਲ ਸਟੇਟ ਹੈ । ਐਗਰੀਕਲਚਰ ਦੇ ਵਿਚ ਜੇ ਕੋਈ ਐਵੇਨਿਊ ਹੈ ਤਾਂ ਮੈਂ ਸਮਝਦਾ ਹਾਂ ਕਿ ਉਹ ਪਸ਼ੂ ਧਨ ਹੈ । ਪਰ ਜਿਵੇਂ ਮੇਰੇ ਵੀਰ ਬਾਦਲ ਸਾਹਿਬ ਨੇ ਕਿਹਾ ਹੈ ਕਿ ਇਸ ਵੇਲੇ ਅਸੀਂ ਜਿਸ ਮੋੜ ਤੇ ਖੜ੍ਹੇ ਹਾਂ, ਅੱਜ ਜਿੰਨੀਆਂ ਯੂਨੀਵਰਸਿਟੀਆਂ ਖੁੱਲ੍ਹੀਆਂ ਹਨ ਅਤੇ ਜਿੰਨੇ ਵੀ ਹਸਪਤਾਲ ਖੁੱਲ੍ਹੇ ਹਨ, ਉਨ੍ਹਾਂ ਵਿਚ ਅਸੀਂ ਇੰਪਲਾਇਮੈਂਟ ਨਹੀਂ ਦੇ ਸਕੇ । ਇਹ ਖਾਲੀ ਪਈਆਂ ਹਨ । ਜੇ ਅਸੀਂ ਪ੍ਰਾਇਮਰੀ ਲੋੜਾਂ ਇਸ ਡਿਪਾਰਟਮੈਂਟ ਦੀਆਂ, ਇਸ ਸੈਕਸ਼ਨ ਆਫ ਐਗਰੀਕਲਚਰ ਦੀਆਂ ਪੂਰੀਆਂ ਨਹੀਂ ਕਰ ਸਕਦੇ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਹੋਰ ਵੱਡੀ ਫੌਜ ਖੜ੍ਹੀ ਕਰਨ ਜਾ ਰਹੇ ਹਾਂ । ਜਿਸ ਦਾ ਬੋਝ ਵੀ ਸਾਡੀ ਸਟੇਟ ਤੇ ਪਵੇਗਾ । ਇਸ ਤੋਂ ਬਾਅਦ ਕੁਆਲੀਫਾਈ ਹੋ ਕੇ ਅਨਇੰਪਲਾਇਡ ਫੌਜ ਵਧੇਗੀ । ਪਰ ਚੂੰਕਿ ਸਰਕਾਰ ਨੇ ਇਹ ਬਿਲ ਲਿਆਂਦਾ ਹੈ ਅਤੇ ਇਸ ਨੂੰ ਮੈਜਾਰਿਟੀ ਨਾਲ ਪਾਸ ਵੀ ਕਰਵਾ ਲੈਣਾ ਹੈ ਪਰ ਮੈਂ ਇਸ ਉਤੇ 3 ਪੁਆਇੰਟਸ ਤੇ ਗੱਲ ਕਰਨੀ ਚਾਹਾਂਗਾ । ਐਕਟ ਜਿਸ ਵੇਲੇ ਬਣ ਜਾਂਦਾ ਹੈ ਉਸ ਦੇ ਰੀਪਰਕਸ਼ਨ ਬਾਅਦ ਵਿਚ ਮਹਿਸੂਸ ਕੀਤੇ ਜਾਂਦੇ ਹਨ । ਪਹਿਲੇ ਸੈਕਸ਼ਨ-6 ਦੀ ਕਲਾਜ਼ (ਐਲ) 'To create, suspend or abolish administrative and other posts, and to appoint persons to such posts'. Section 9 : 'Such authorities as may be declared by the Statute of the University, ਫੇਰ ਸਬ ਸੈਕਸ਼ਨ ਅਫਸਰ ਆਫ ਦਾ ਯੂਨੀਵਰਸਿਟੀ ਇਸ ਦੇ ਵਿਚ ਜਿਹੜਾ ਚਾਂਸਲਰ ਬਣਾਇਆ ਗਿਆ ਉਹ ਗਵਰਨਰ ਸਾਹਿਬ ਨੂੰ ਬਾਈ ਡੈਜ਼ੀਗਨੇਸ਼ਨ ਕਰਕੇ ਕੀਤਾ ਗਿਆ ਅਤੇ ਰਜਿਸਟਰਾਰ ਲਈ ਕਿਹਾ ਗਿਆ ਹੈ ਉਸ ਦੀ ਕੁਆਲੀਫਿਕੇਸ਼ਨ ਪ੍ਰੋਫੈਸਰ ਆਫ ਯੂਨੀਵਰਸਿਟੀ ਹੋਵੇ ਪਰ ਵਾਈਸ ਚਾਂਸਲਰ ਦੀ ਪੋਸਟ ਲਈ ਡੀਨ ਆਫ ਕਾਲਜਿਜ਼ ਹੋਵੇ । ਐਕਸਟੈਂਸ਼ਨ ਆਫ Section 17 "Having status not below the rank of Professor of the University and who are academicians in the field of veterinary and animal sciences.

Vice-Chancellor : The incumbent shall be whole time officer of the University and shall be appointed by the Board from amongst distinguished veterinarians in the prescribed form.

ਇਹ ਬੇਮਕਬੂਲ ਗੱਲ ਹੈ । ਕੁਆਲੀਫੀਕੇਸ਼ਨ ਜ਼ਰੂਰ ਕਲੀਅਰ ਕਰਨੀ ਚਾਹੀਦੀ ਹੈ ਇਹ ਬੜੀ ਜ਼ਿੰਮੇਵਾਰੀ ਵਾਲੀ ਪੋਸਟ ਹੈ । ਇਸ ਦੀ ਕੁਆਲੀਫਿਕੇਸ਼ਨ ਜ਼ਰੂਰ ਪ੍ਰੈਸਕਰਾਈਬ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਦੇ ਬਹੁਤ ਚਾਂਸਿਜ਼ ਹੋਣਗੇ ਜਦੋਂ ਕੋਈ ਨਾ ਹੱਕਦਾਰ ਵਿਅਕਤੀ ਫੇਵਰਟਿਜ਼ਮ ਕਰਵਾ ਲਵੇਗਾ, ਯੂਨੀਵਰਸਿਟੀ ਵਿਚ ਘੁੱਸ ਜਾਵੇਗਾ ਅਤੇ ਪੱਖਪਾਤ ਸ਼ੁਰੂ ਹੋ ਜਾਵੇਗੀ । ਇਸੇ ਤਰ੍ਹਾਂ ਬੋਰਡ ਦੇ ਕਾਂਸਟੀਚਿਊਸ਼ਨ ਵਿਚ ਤੁਸੀਂ 9 ਮੈਂਬਰਜ਼ ਤਾਂ ਸਰਕਾਰੀ ਲਗਾ ਦਿੱਤੇ ਹਨ, ਇਸ ਵਿਚ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ 8 ਮੈਂਬਰਜ਼ ਜਿਹੜੇ ਤੁਸੀਂ ਹੋਰ ਲਗਾਉਣੇ ਹਨ ਉਸ ਦੇ ਵਿਚ ਸਰਕਾਰ ਨੂੰ ਡਿਸਕ੍ਰਿਸ਼ਨ

ਦਿੱਤੀ ਗਈ ਹੈ । ਇਸ ਵਿਚ ਐਨੀਮਲ ਸਾਇੰਟਿਸਟ ਅਤੇ ਨਾਲ ਹੀ ਪ੍ਰੋਗਰੈਸਿਵ ਫਾਰਮਰਜ਼, ਡਿਸਟਿੰਗੁਇਸ਼ਡ ਇੰਡਸਟਰੀਲਿਸਟ, ਐਨ.ਆਰ.ਆਈ., ਜਿਨ੍ਹਾਂ ਦੀ ਬੈਕਗਰਾਊਂਡ ਪੰਜਾਬ ਦੀ ਰਹੀ ਹੋਵੇ, ਵੀ ਰੱਖੇ ਗਏ ਹਨ ਅਤੇ ਇਕ ਲੇਡੀ ਮੈਂਬਰ ਵੀ ਰੱਖਿਆ ਗਿਆ ਹੈ । ਪੰਜਾਬ ਯੂਨੀਵਰਸਿਟੀ ਜਿਸ ਤਰ੍ਹਾਂ ਇਕ ਆਟੋਨੋਮਸ ਯੂਨੀਵਰਸਿਟੀ ਅਤੇ ਅਦਾਰਾ ਹੈ, ਇਸ ਦੇ ਵਿਚ ਚੁਣੇ ਹੋਏ ਪ੍ਰਤੀਨਿਧ ਹੁੰਦੇ ਹਨ । ਜਿਨ੍ਹਾਂ ਦਾ ਯੂਨੀਵਰਸਿਟੀ ਦੇ ਨਾਲ ਲਿੰਕ ਰਹਿੰਦਾ ਹੈ ਤਾਂ ਕਿ ਜਿਹੜੇ ਰਿਪ੍ਰਜ਼ੈਂਟੇਟਿਵ ਹੋਣ, ਉਨ੍ਹਾਂ ਦਾ ਯੂਨੀਵਰਸਿਟੀ ਦੇ ਨਾਲ ਲਿੰਕ ਹੋਵੇ ਅਤੇ ਉਹ ਯੂਨੀਵਰਸਿਟੀ ਵਿਚ ਐਸਟੈਬਿਲਿਸ਼ ਹੋ ਜਾਣ ਤਾਂਕਿ ਯੂਨੀਵਰਸਿਟੀ ਦੇ ਲੋਕਾਂ ਦੀ ਡਿਵੈਲਪਮੈਂਟ ਹੋ ਸਕੇ । ਉਸ ਲਾਇਨਜ਼ ਤੇ ਮੈਂ ਸਮਝਦਾ ਹਾਂ ਕਿ 2 ਪੰਜਾਬ ਵਿਧਾਨ ਸਭਾ ਦੇ ਇਲੈਕਟਿਡ ਮੈਂਬਰਜ਼ ਨੂੰ ਇਸ ਵਿਚ ਲਿਆ ਜਾਵੇ ਅਤੇ ਇਸ ਦੇ ਕਾਂਸਟੀਚਿਊਸ਼ਨ ਵਿਚ ਸ਼ਾਮਲ ਕੀਤਾ ਜਾਵੇ । ਸਰਕਾਰ ਵਲੋਂ ਜਿਹੜੇ ਮੈਂਬਰ ਨਾਮਜ਼ਦ ਹੋਣੇ ਹਨ, ਉਹ ਹੋ ਜਾਣੇ ਹਨ ਪਰ ਵਿਧਾਨ ਸਭਾ ਦੇ ਮੈਂਬਰਜ਼ ਵੀ ਜ਼ਰੂਰ ਹੋਣੇ ਚਾਹੀਦੇ ਹਨ । ਫੇਰ ਇਸ ਦੇ ਵਧੀਆ ਰਿਜ਼ਲਟ ਆਉਣਗੇ । ਇਤਨਾ ਕਹਿੰਦਾ ਹੋਇਆ ਮੈਂ ਸਮਝਦਾ ਹਾਂ ਕਿ ਇਹ ਬਿਲ ਬੇਲੋੜਾ ਹੈ । ਇਸ ਵੇਲੇ ਲੋੜ ਪ੍ਰਾਇਮਰੀ ਵੈਟਰਨਰੀ ਸਾਇੰਸ, ਐਗਰੀਕਲਚਰ ਨੂੰ ਹੋਰ ਸਟਰੈਂਥਨ ਕਰਨ ਦੀ ਹੈ । ਜਿਸ ਤਰ੍ਹਾਂ ਦਾ ਬਿਲ ਵਿਚ ਕਾਂਸਟੀਚਿਊਸ਼ਨ ਬਣਾਇਆ ਗਿਆ ਹੈ, ਇਸ ਤਰ੍ਹਾਂ ਫੇਵਰਟਿਜ਼ਮ ਵਾਲੇ ਲੋਕ ਇਸ ਯੂਨੀਵਰਸਿਟੀ ਵਿਚ ਘੁੱਸ ਆਉਣਗੇ । ਇਸ ਲਈ ਹਾਊਸ ਦੇ ਵੀ 1-2 ਮੈਂਬਰ ਜ਼ਰੂਰ ਇਸ ਦੇ ਬੋਰਡ ਦੇ ਵਿਚ ਪਾਏ ਜਾਣ ਤਾਂਕਿ link between public representative and the University ਬਣਿਆ ਰਹੇ ।

**ਮਾਨਯੋਗ ਡਿਪਟੀ ਸਪੀਕਰ** : ਭੂੰਦੜ ਸਾਹਿਬ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਜੋ ਸੈਪਰੇਟ ਯੂਨੀਵਰਸਿਟੀ ਬਣਾਉਣ ਦਾ ਬਿੱਲ ਲਿਆਂਦਾ ਜਾ ਰਿਹਾ ਹੈ, ਇਸ ਦਾ ਮੈਂ ਵਿਰੋਧ ਨਹੀਂ ਕਰਦਾ ਤੇ ਨਾ ਮੇਰੀ ਪਾਰਟੀ ਵਿਰੋਧ ਕਰਦੀ ਹੈ । ਲੇਕਿਨ ਇਹ ਜਿਸ ਤਰ੍ਹਾਂ ਲਿਆਂਦਾ ਜਾ ਰਿਹਾ ਹੈ, ਇਸ ਦਾ ਫ਼ਾਇਦਾ ਕੋਈ ਨਹੀਂ । ਮੇਰੇ ਤੋਂ ਪਹਿਲਾਂ ਸਾਡੇ ਕਾਬਲ ਐਮ.ਐਲ.ਏ. ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਤੇ ਸੂਦ ਸਾਹਿਬ ਨੇ ਟੈਕਨੀਕਲਜ ਬਾਰੇ ਦੱਸਿਆ ਹੈ । ਮੈਂ ਇਸ ਸਬੰਧੀ ਜਨਰਲ ਪੁਆਇੰਟਸ ਦੱਸਣਾ ਚਾਹੁੰਦਾ ਹਾਂ ਕਿ ਇਹ ਵਾਕਿਆ ਹੀ ਦਰੁੱਸਤ ਹੈ ਕਿ ਅੱਜ ਡਾਇਵਰਸੀਫਿਕੇਸ਼ਨ ਵਾਸਤੇ ਐਗਰੀਕਲਚਰ ਤੇ ਫੂਡ ਗਰੇਨਜ ਤੋਂ ਬਾਅਦ ਸੈਕਿੰਡ ਐਨੀਮਲ ਹਸਬੈਂਡਰੀ ਨੈਚੁਰਲ ਆਲਟਰ-ਨੇਟਿਵ ਹੈ । ਮੱਝਾਂ, ਗਾਵਾਂ ਕਿਸਾਨ ਦੇ ਘਰ ਕੁਦਰਤੀ ਤੌਰ ਤੇ ਹਨ ਤੇ ਉਹ ਜਾਇੰਟ ਕਾਰੋਬਾਰ ਕਰ ਸਕਦਾ ਹੈ । ਲੇਕਿਨ ਅੱਜ ਇਹ ਕਾਰੋਬਾਰ ਐਵੇਂ ਨਹੀਂ ਜਿਵੇਂ ਕਹਿੰਦੇ ਸੀ । ਅੱਜ ਡਬਲਿਊ.ਟੀ.ਓ. ਕਣਕ, ਨਰਮਾ, ਸਰ੍ਹੋਂ ਤੇ ਲਾਗੂ ਹਨ । ਇਸ ਨੇ ਤਾਂ ਪੰਜਾਬ ਨੂੰ ਹੀ ਨਹੀਂ, ਸਾਰੇ ਹਿੰਦੁਸਤਾਨ ਨੂੰ ਘਾਟੇ ਵਿਚ ਪਾ ਦਿੱਤਾ ਹੈ । ਇਹ ਚਾਹ, ਪਟਸਨ, ਕਾਫੀ ਤੇ ਵੀ ਲਾਗੂ ਹੈ । ਸਾਰਾ ਹਿੰਦੁਸਤਾਨ ਪਿੱਟੀ ਜਾ ਰਿਹਾ ਹੈ, ਜਿਹੜਾ ਘਿਉ ਆ ਰਿਹਾ ਹੈ, ਮੁਰਗੀਆਂ ਆ ਰਹੀਆਂ ਹਨ, ਫਿਸ਼ਰੀ ਆਏਗੀ, ਆਂਡੇ ਆਉਣਗੇ ਉਸ ਨਾਲ ਇਨ੍ਹਾਂ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਚੀਜ਼ਾਂ ਦੇ ਵੀ ਰੇਟ ਥੱਲੇ ਆ ਜਾਣਗੇ । ਅੱਜ ਦੁੱਧ ਜ਼ਿਮੀਦਾਰ ਦੇ ਘਰ ਵਿਚੋਂ 8-9 ਰੁਪਏ ਕਿਲੋ ਆ ਰਿਹਾ ਹੈ, ਗਰਮੀ ਦੀ ਰੁੱਤ ਵਿਚ ਤੇ ਮਾਰਕੀਟ ਵਿਚ 17/- ਰੁਪਏ ਜਾ ਰਿਹਾ ਹੈ ਲੇਕਿਨ 8 ਰੁਪਏ/- ਕਿਲੋ ਦੁੱਧ ਵੇਚ ਕੇ ਜੱਟ ਦੇ ਪੱਲੇ ਕੀ ਪੈਣਾ ਹੈ । ਜੱਟ ਕੋਈ ਕਾਸਟ ਨਹੀਂ । ਜੋ ਵੀ ਕਿਸਾਨੀ ਦਾ ਕਿੱਤਾ ਕਰਦਾ ਹੈ, ਉਸ ਨੂੰ, ਹਰੇਕ ਨੂੰ ਜੱਟ ਕਹਿ ਦਿੰਦੇ ਹਨ । ਮੈਂ ਕਲੈਰੀਫਾਈ ਕਰਨਾ ਚਾਹੁੰਦਾ ਹਾਂ ਕਿ ਜੱਟ ਕੋਈ ਕੌਮ ਨਹੀਂ । ਉਹ ਜੱਟ ਅੱਜ ਕਿਵੇਂ ਕੰਪੀਟ ਕਰੇਗਾ ? ਜਿਹੜਾ ਇਹ ਕਾਰੋਬਾਰ ਕਰਦਾ ਹੈ, ਏਨੀ ਮਹਿੰਗਾਈ ਹੈ, ਏਨੇ ਖਰਚੇ ਹਨ, ਉਹ ਕੀ ਕਰੇਗਾ ? ਇਸ ਯੂਨੀਵਰਸਿਟੀ ਨੇ ਆ ਕੇ ਰਿਸਰਚ ਕਰਨੀ ਹੈ ਤੇ ਦੱਸਣਾ ਹੈ ਕਿ ਪਸ਼ੂ ਦੀ ਕੁਆਲਟੀ ਕਿਵੇਂ ਬੇਟਰ ਹੋਵੇ, ਦੁੱਧ ਦੀ ਯੀਲਡ ਕਿਵੇਂ ਬੈਟਰ ਹੋਵੇ, ਦੁੱਧ ਦੀ ਕੁਆਲਟੀ ਕਿਵੇਂ ਬੈਟਰ ਹੋਵੇ ਤਾਂਕਿ ਵਰਲਡ ਮਾਰਕੀਟ ਵਿਚ ਕੰਪੀਟ ਕਰਕੇ ਅਸੀਂ ਪੰਜਾਬੀ ਲੋਕ ਐਗਰੀਕਲਚਰ ਦੇ ਆਲਟਰਨੇਟਿਵ ਵਿਚ ਅੱਗੇ ਵੱਧ ਸਕੀਏ ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੂੰ ਦੇਖ ਲਓ । 100 ਕਰੋੜ ਦਾ 100 ਕਰੋੜ ਤਨਖਾਹਾਂ ਤੇ ਜਾ ਰਿਹਾ ਹੈ । ਨਵੀਂ ਬਣਨ ਵਾਲੀ ਯੂਨੀਵਰਸਿਟੀ ਨੂੰ 14 ਕਰੋੜ ਦਿੱਤਾ ਹੈ ਤੇ ਇਕ ਰੁਪਿਆ ਵੀ ਵਾਧੂ ਨਹੀਂ ਦਿੱਤਾ ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਰਿਸਰਚ ਕਿਥੋਂ ਹੋਵੇਗੀ ? ਇਸ ਨਾਲ ਤਾਂ ਹੋਰ ਐਡਮਨਿਸਟ੍ਰੇਟਿਵ ਪ੍ਰਾਬਲਮਜ਼ ਕ੍ਰੀਏਟ ਹੋ ਜਾਣਗੀਆਂ । ਸੋ, ਮੇਰਾ ਸੁਝਾਓ ਹੈ ਕਿ ਯੂਨੀਵਰਸਿਟੀ ਜ਼ਰੂਰ ਬਣਨੀ ਚਾਹੀਦੀ ਹੈ । ਖਿੱਤੇ ਬਾਰੇ ਦੇਖੀਏ ਤਾਂ ਐਗਰੀਕਲਚਰ ਯੂਨੀਵਰਸਿਟੀ ਵਿਚ ਐਕਸਟੈਨਸ਼ਨ ਨੂੰ ਜਗ੍ਹਾ ਨਹੀਂ । ਮੈਂ ਖਿੱਤੇ ਦੀ ਗੱਲ ਨਹੀਂ ਕਰਦਾ, ਸੇਖੜੀ ਸਾਹਿਬ ਨੇ ਗੁਰਦਾਸਪੁਰ ਕਿਹਾ ਹੈ । ਅਸੀਂ ਵੈਲਕਮ ਕਰਦੇ ਹਾਂ ਪਰ ਇਸ ਲਈ ਅੱਜ ਤੋਂ 8 ਸਾਲ ਪਹਿਲਾਂ ਰਾਮਪੁਰਾਫੂਲ ਵਿਚ ਨੀਂਹ-ਪੱਥਰ ਰੱਖਿਆ ਗਿਆ ਸੀ ਪਰ ਉਦੋਂ ਪੈਸਾ ਨਹੀਂ ਸੀ ਤੇ ਅੱਜ ਵੀ ਨਹੀਂ ਹੈ । ਮੇਰੀ ਸਰਕਾਰ ਨੂੰ ਸਿਫਾਰਸ਼ ਹੈ ਕਿ ਜੇ ਇਨ੍ਹਾਂ ਨੇ ਵਾਇਦਾ ਕੀਤਾ ਹੈ ਤਾਂ ਵਾਇਦਾ ਜ਼ਰੂਰ ਪੂਰਾ ਕਰਨਾ ਚਾਹੀਦਾ ਹੈ, ਇਹ ਸਿਰਫ਼ ਜ਼ੁਬਾਨ ਵਿਚੋਂ ਹੀ ਨਾ ਕਹਿ ਦੇਣਾ, ਕਰ ਵੀ ਦੇਣਾ । ਦਿੱਲੀ ਜਾਓ, ਉਥੇ ਜੌਹਲ ਕਮੇਟੀ ਨੇ ਜੋ ਸਿਫਾਰਸ਼ਾਂ ਕੀਤੀਆਂ ਹਨ, ਉਹ 1200 ਕਰੋੜ ਰੁਪਿਆ ਨਾ ਮੰਗੋ । ਉਨ੍ਹਾਂ ਨੂੰ ਕਹੋ ਕਿ ਇਹ ਜੋ ਯੂਨੀਵਰਸਿਟੀ ਆ ਰਹੀ ਹੈ, ਇਸ ਲਈ ਡਾਇਵਰਸੀਫਿਕੇਸ਼ਨ ਦੇ ਸੈਂਟਰਲ ਫੰਡਜ਼ ਨੂੰ ਲਿੰਕ ਨਾ ਕਰੋ । ਇਹ ਫੰਡ ਸੈਂਟ ਪਰਸੈਂਟ ਪੰਜਾਬ ਨੂੰ ਫਰੀ ਦਿਓ, ਇਹ ਸਪੈਸ਼ਲ ਫੰਡ ਦਿਉ । ਉਨ੍ਹਾਂ ਨੂੰ ਕਹੋ ਕਿ ਤੁਸੀ ਸਾਨੂੰ 5 ਸਾਲਾਂ ਵਿਚ 500 ਕਰੋੜ ਰੁਪਿਆ ਦੇ ਦਿਓ, ਇਹ ਡਿਮਾਂਡ ਜਰੂਰ ਰੱਖੋ ਤਾਂਕਿ ਰਿਸਰਚ ਲਈ ਪੈਸਾ ਵੱਧ ਤੋਂ ਵੱਧ ਆਵੇ । ਇਸ ਯੂਨੀਵਰਸਿਟੀ ਦੀ ਫੰਕਸ਼ਨਿੰਗ ਲਈ ਟਾਪ ਦੇ ਵਰਲਡ ਲੈਵਲ ਦੇ 5-6 ਮਾਹਿਰ ਹੋ ਜਾਣ । ਜ਼ਿਆਦਾ ਐਡਮਨਿਸਟ੍ਰੇਸ਼ਨ ਵਿਚ ਵਾਧਾ ਨਾ ਕੀਤਾ ਜਾਵੇ । ਬਿਲਡਿੰਗ ਹੋਵੇ, ਸਾਰਾ ਸਿਸਟਮ ਹੋਵੇ ਪਰ ਕੋਈ ਫਾਲਤੂ ਖਰਚਾ ਨਾ ਹੋਵੇ । ਇਨ੍ਹਾਂ ਫਾਲਤੂ ਖਰਚਿਆਂ ਦਾ ਸਿੱਟਾ ਇਕੱਲਾ ਪੰਜਾਬ ਹੀ ਨਹੀਂ ਸਾਰਾ ਹਿੰਦੁਸਤਾਨ ਭੁਗਤ ਰਿਹਾ ਹੈ । ਅੱਜ ਹਿੰਦੁਸਤਾਨ ਦੀ ਕੋਈ ਵੀ ਸਟੇਟ ਮੁਨਾਫੇ ਵਿਚ ਨਹੀਂ ਅਤੇ ਸੈਂਟਰਲ ਗੌਰਮਿੰਟ ਖੁਦ ਲੱਖਾਂ ਕਰੋੜਾਂ ਰੁਪਏ ਦੇ ਘਾਟੇ ਵਿਚ ਜਾ

ਰਹੀ ਹੈ । ਕਾਗਜ਼ਾਂ ਵਿਚ ਹੀ ਦੇਸ਼ ਖੜ੍ਹਾ ਹੈ । ਇਹ ਤੁਹਾਨੂੰ ਵੀ ਪਤਾ ਹੈ ਅਤੇ ਮੈਨੂੰ ਵੀ ਪਤਾ ਹੈ । ਇਸ ਕਰਕੇ ਕਾਗਜ਼ਾਂ ਦੀ ਦੁਨੀਆਂ ਵਿਚੋਂ ਨਿਕਲ ਕੇ ਅਸੀਂ ਅਸਲੀਅਤ ਵਿਚ ਆਈਏ । ਅਸੀਂ ਅਸਲੀਅਤ ਵਿਚ ਜਾਣ ਦੀ ਤੁਹਾਨੂੰ ਸ਼ਾਬਾਸ਼ ਦੇਵਾਂਗੇ । ਹਾਲ ਦੀ ਘੜੀ ਇਸ ਯੂਨੀਵਰਸਿਟੀ ਦਾ ਕੋਈ ਫਾਇਦਾ ਨਹੀਂ । ਮੈਂ ਕਹਾਂਗਾ ਕਿ ਤੁਸੀਂ ਥੋੜ੍ਹੀ ਹੋਰ ਵੇਟ ਕਰ ਲਓ । 6 ਮਹੀਨੇ ਹੋਰ ਵੇਟ ਕਰ ਲਓ । ਤੁਸੀਂ ਸੈਂਟਰ ਨੂੰ ਇਸ ਦੇ ਵਾਸਤੇ ਪੈਸੇ ਦੇਣ ਲਈ ਕਹੋ । ਉਸ ਨੂੰ ਕਹੋ ਕਿ ਅਸੀਂ 4-5 ਸਾਲਾਂ ਵਿਚ ਆਪਣੇ ਪੈਰਾਂ ਤੇ ਖੜੇ ਹੋ ਜਾਵਾਂਗੇ । ਅਸੀਂ ਆਪਣੀ ਇਨਕਮ ਜੈਨਰੇਟ ਕਰਨ ਦਾ ਕੋਈ ਹਲ ਲੱਭ ਲਵਾਂਗੇ ਲੇਕਿਨ ਅੱਜ ਸਾਨੂੰ ਤੁਹਾਡੇ ਪੈਸੇ ਦੀ ਲੋੜ ਹੈ । ਸਾਡੇ ਤੋਂ ਪਹਿਲਾਂ ਕਰਨਾਲ ਵਿਚ ਗਾਈਆਂ ਅਤੇ ਮੱਝਾਂ ਦਾ ਡੇਅਰੀ ਫਾਰਮ ਸੀ । ਇਥੇ ਤਾਂ ਕੱਖ ਵੀ ਨਹੀਂ ਹੈ । ਨਾ ਹੀ ਇਥੇ ਕੋਈ ਫਿਸ਼ਰੀ ਫਾਰਮ ਹੈ । ਮੈਂ ਮੰਨਦਾ ਹਾਂ ਇਹ ਸਭ ਕੁਝ ਇਥੇ ਵੀ ਹੋਣਾ ਚਾਹੀਦਾ ਹੈ । ਇਕ ਹੋਰ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਸਰਕਾਰ ਸਾਡੀ ਗੱਲ ਨੂੰ ਜਾਣ ਕੇ ਅਖਬਾਰਾਂ ਵਿਚ ਗਲਤ ਕਹਿੰਦੀ ਹੈ । ਡਾਈ-ਵਰਸੀਫਿਕੇਸ਼ਨ ਦੀ ਗੱਲ ਸਭ ਤੋਂ ਪਹਿਲਾਂ ਅਕਾਲੀ ਦਲ ਨੇ ਕੀਤੀ ਸੀ । ਅਸੀਂ ਹੁਣ ਵੀ ਇਹ ਕਹਿੰਦੇ ਹਾਂ ਕਿ ਇਹ ਡਾਈਵਰਸੀਫਿਕੇਸ਼ਨ ਹੋਣੀ ਚਾਹੀਦੀ ਹੈ । ਅਸੀਂ ਇਸ ਦੇ ਅਗੇਨਸਟ ਨਹੀਂ । ਅਸੀਂ ਸਿਰਫ ਇਸ ਦੀਆਂ ਤਰੁੱਟੀਆਂ ਦੇ ਅਗੇਨਸਟ ਹਾਂ । ਜੇ ਇਹ ਡਾਈਵਰਸੀਫਿਕੇਸ਼ਨ ਕਰਨੀ ਹੈ ਤਾਂ ਬੜੇ ਸੌਖੇ ਤਰੀਕੇ ਨਾਲ ਕੀਤੀ ਜਾ ਸਕਦੀ ਹੈ । ਅੱਜ ਕਈ ਮਿੱਲਾਂ ਵਿਕ ਰਹੀਆਂ ਹਨ । ਕਿਉਂ ਵਿਕ ਰਹੀਆਂ ਹਨ ? ਇਸ ਕਰਕੇ ਵਿਕ ਰਹੀਆਂ ਹਨ ਕਿ ਉਹ ਬਹੁਤ ਘਾਟੇ ਵਿਚ ਜਾ ਰਹੀਆਂ ਹਨ । ਉਸ ਘਾਟੇ ਦੇ ਕਾਰਣਾਂ ਨੂੰ ਦੂਰ ਕਰੋ । ਜਿਹੜਾ ਐਡਮਨਿਸਟ੍ਰੇਟਿਵ ਘਾਟਾ ਹੈ, ਉਸ ਦੇ ਵਾਸਤੇ ਜ਼ਿਮੇਂਵਾਰੀ ਫਿਕਸ ਕਰੋ । ਜਿਹੜਾ ਘਾਟਾ ਫਾਰਮਰ ਨੂੰ ਪੈਂਦਾ ਹੈ, ਉਹ ਘਾਟਾ ਦੂਰ ਕਰੋ । ਅੱਜ ਕਤਾਈ ਮਿੱਲਾਂ ਵਿਕ ਰਹੀਆਂ ਹਨ । ਮਹਾਰਾਸ਼ਟਰ ਵਿਚ ਨਰਮਾ 2300/- ਰੁਪਿਆ ਪ੍ਰਤੀ ਕੁਇੰਟਲ ਵਿਕਿਆ ਹੈ ਜਿਹੜਾ ਇਥੇ ਸਿਰਫ 1750/- ਰੁਪਏ ਵਿਕਿਆ ਹੈ । ਜੇ ਕਿਸਾਨ ਨੂੰ ਉਸ ਦਾ ਭਾਅ 2000/- ਰੁਪਿਆ ਵੀ ਮਿਲ ਜਾਂਦਾ ਤਾਂ ਸਰਕਾਰ ਦੀ ਬੱਲੇ ਬੱਲੇ ਹੁੰਦੀ । ਅਗਲੇ ਸਾਲ ਨਰਮਾ ਦੁੱਗਣਾ ਮਿਲਦਾ । (ਵਿਘਨ) ਮੈਂ ਸਾਈਡਟਰੈਕ ਨਹੀ ਕਰ ਰਿਹਾ । ਇਹ ਆਲਟਰਨੇਟਿਵ ਕਰਾਪ ਦੀ ਇਕ ਐਗਜ਼ਾਂਪਲ ਹੈ । ਐਗਰੀਕਲਚਰ ਵਿਚ ਜੋ ਨੈਚੁਰਲ ਆਲਟਰਨੇਟਿਵ ਹਨ, ਉਹ ਅਸੀਂ ਅਡਾਪਟ ਨਹੀਂ ਕਰ ਰਹੇ । ਕਿਸਾਨ ਨੂੰ ਕਿਹਾ ਜਾ ਰਿਹਾ ਹੈ — ਜੌਂ ਲੈ ਆਓ, ਮਾਲਟਾ ਲੈ ਆਓ । ਅਸੀਂ ਡਾਈਵਰਸੀਫਿਕੇਸ਼ਨ ਤੋਂ ਇਨਕਾਰ ਨਹੀਂ ਕਰਦੇ । ਅਸੀਂ ਇਸ ਦੇ ਹੱਕ ਵਿਚ ਹਾਂ ਲੇਕਿਨ ਜਿਹੜੇ ਨੈਚੁਰਲ ਆਲਟਰਨੇਟਿਵ ਹਨ, ਉਨ੍ਹਾਂ ਨੂੰ ਛੱਡਕੇ ਨਾ ਭੱਜੋ । ਜਿਸ ਫਸਲ ਦਾ ਭਾਅ ਅੱਜ ਤੋਂ 8-9 ਸਾਲ ਪਹਿਲਾਂ 1700/- ਰੁਪਏ ਕੁਇੰਟਲ ਸੀ, ਅੱਜ ਵੀ ਉਸ ਦਾ ਉਹੀ ਭਾਅ ਹੈ । ਕਿਧਰ ਗਈ ਇਨਫਲੇਸ਼ਨ ? ਇਨਫਲੇਸ਼ਨ ਦਾ ਫਾਇਦਾ ਕਿਸਾਨ ਨੂੰ ਕਿਉਂ ਨਹੀਂ ਮਿਲਿਆ ? ਨਰਮੇ ਦਾ ਭਾਅ 9 ਸਾਲ ਪਹਿਲਾਂ 2200/- ਰੁਪਏ ਕੁਇੰਟਲ ਸੀ ਜਿਹੜਾ ਅੱਜ ਘਟ ਕੇ 1700/- ਰੁਪਏ ਰਹਿ ਗਿਆ ਹੈ ।

**ਮਾਨਯੋਗ ਡਿਪਟੀ ਸਪੀਕਰ ਸਾਹਿਬ** : ਤੁਸੀਂ ਆਪਣੇ ਸਪੇਸੈਫਿਕ ਇਸ਼ੂ ਤੇ ਬੋਲੋ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਨੂੰ ਬੋਲਣ ਤਾਂ ਦਿਓ। ਇਕ ਤਾਂ ਸਿਟਿੰਗਜ਼ ਬਹੁਤ ਘੱਟ ਹੋਈਆਂ ਅਤੇ ਜਿਹੜੀਆਂ ਹੋਈਆਂ ਵੀ, ਉਨ੍ਹਾਂ ਦੇ ਵਿਚ ਵੀ ਸਾਨੂੰ ਬੋਲਣ ਦਾ ਹੱਕ ਨਹੀਂ। ਮੈਂ ਕਿਸੇ ਨੂੰ ਕੋਈ ਗਾਲ੍ਹ ਨਹੀਂ ਕੱਢਦਾ। ਮੈਂ ਯੂਨੀਵਰਸਿਟੀ ਦੇ ਹੱਕ ਵਿਚ ਖੜ੍ਹਾ ਹਾਂ। ਮੈਂ ਸਿਰਫ ਆਪੋਜ਼ੀਸ਼ਨ ਵਾਲੀ ਵਿਰੋਧਤਾ ਨਹੀਂ ਕਰਦਾ ਹਾਂ। ਮੈਂ ਕਹਿੰਦਾ ਹਾਂ ਕਿ ਇਹ ਯੂਨੀਵਰ-ਸਿਟੀ ਬਣਾਉਣੀ ਠੀਕ ਹੈ ਲੇਕਿਨ as it is, wrong ਹੈ। ਜਿੰਨੇ ਅਫਸਰ ਇਥੇ ਬੈਠੇ ਹਨ, ਧੰਨਭਾਗ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਦਿੱਲੀ ਜਾਇਆ ਕਰੋ ਅਤੇ ਉਥੇ ਜਾ ਕੇ ਪੰਜਾਬ ਵਾਸਤੇ ਬੋਲਿਆ ਕਰੋ। ਪੰਜਾਬ ਅੱਜ ਬਰਬਾਦ ਹੋ ਗਿਆ ਹੈ। ਅੱਜ ਸਾਡਾ ਸਾਰਾ ਸਿਸਟਮ ਫੇਲ੍ਹ ਹੋ ਗਿਆ ਲੱਗਦਾ ਹੈ। ਅੱਜ ਹਿੰਦੁਸਤਾਨ ਦੇ 125 ਜ਼ਿਲ੍ਹੇ ਨਕਸਲੀਆਂ ਦੇ ਹੱਥ ਆ ਗਏ ਹਨ। ਪੰਜਾਬ ਸਾਰਾ ਆ ਗਿਆ ਲੱਗਦਾ ਹੈ ਜਿਹੜਾ ਕਿਸੇ ਵੇਲੇ ਸਭ ਤੋਂ ਅਮੀਰ ਹੁੰਦਾ ਸੀ। ਕਣਕ, ਦੁੱਧ, ਚੌਲ-ਘਾਟਾ ਹੀ ਘਾਟਾ ਹੈ। ਇਸ ਕਰਕੇ ਮੈਂ ਇਹ ਨਹੀਂ ਕਹਿੰਦਾ ਕਿ ਯੂਨੀਵਰਸਿਟੀ ਨਾ ਬਣਾਓ। ਯੂਨੀਵਰਸਿਟੀ ਬਣਾਉਣੀ ਚਾਹੀਦੀ ਹੈ ਲੇਕਿਨ ਐਜ ਇਟ ਇਜ ਨਹੀਂ। ਇਸ ਦੇ ਵਾਸਤੇ ਸੈਂਟਰ ਤੇ ਦਬਾਅ ਪਾ ਕੇ ਸਫੀਸ਼ੈਂਟ ਫੰਡ ਕਰੀਏਟ ਕਰੋ। ਰੋਜ਼ ਕਹਿੰਦੇ ਹਨ ਕਿ ਪ੍ਰਾਈਮ ਮਨਿਸਟਰ ਸਰਦਾਰ ਮਨਮੋਹਨ ਸਿੰਘ ਨੇ ਪੰਜਾਬ ਵਾਸਤੇ ਇਹ ਕਰ ਦਿੱਤਾ ਉਹ ਕਰ ਦਿਤਾ। ਮੈਂ ਕਹਿੰਦਾ ਹਾਂ ਕਿ ਜੇ ਉਹ ਪੰਜਾਬ ਵਾਸਤੇ ਕੁਝ ਕਰਦੇ ਹਨ ਤਾਂ ਸਾਡੇ ਧੰਨਭਾਗ। ਜੇ ਉਹ ਪੰਜਾਬ ਵਾਸਤੇ ਕੁਝ ਦਿੰਦੇ ਹਨ ਤਾਂ ਅਸੀਂ ਕਹਾਂਗੇ ਕਿ ਬਹੁਤ ਚੰਗਾ ਕੀਤਾ ਹੈ। ਪੰਜਾਬ ਵਾਸਤੇ ਕੁਝ ਲੈ ਕੇ ਆਉਗੇ ਤਾਂ ਅਸੀਂ ਤੁਹਾਨੂੰ ਸ਼ਾਬਾਸ਼ ਦਿਆਂਗੇ। ਅੱਜ ਪੰਜਾਬ ਉਜੜ ਰਿਹਾ ਹੈ। ਮੇਰੀ ਸੁਜੈਸ਼ਨ ਹੈ ਕਿ ਤੁਸੀਂ ਇਹ ਬਿਲ ਪੇਸ਼ ਕੀਤਾ ਹੈ, ਚੰਗੀ ਗੱਲ ਹੈ ਲੇਕਿਨ ਇਸ ਦਾ ਫਾਇਦਾ ਨਹੀਂ ਹੋਣਾ। ਯੂਨੀਵਰਸਿਟੀ ਜਰੂਰ ਬਣਾਓ ਲੇਕਿਨ ਲੋੜੀਂਦੇ ਫੰਡ ਰੇਜ਼ ਕਰਕੇ ਬਣਾਓ।

**ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਅਤੇ ਸੈਰ ਸਪਾਟਾ ਮੰਤਰੀ (ਸਰਦਾਰ ਜਗਮੋਹਨ ਸਿੰਘ ਕੰਗ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਮੈਨੂੰ ਬਹੁਤ ਖੁਸ਼ੀ ਅਤੇ ਮਾਣ ਪ੍ਰਾਪਤ ਹੋ ਰਿਹਾ ਹੈ ਕਿ ਸਾਡੇ ਸਤਿਕਾਰਯੋਗ ਪ੍ਰਾਇਮ ਮਨਿਸਟਰ ਅਤੇ ਚੀਫ ਮਨਿਸਟਰ ਕੈਪਟਨ ਅਮਰਿੰਦਰ ਸਿੰਘ ਜੀ ਨੇ ਸਾਡੇ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ 500 ਸਾਲਾਂ ਦੇ ਮੌਕੇ ਤੇ ਖਡੂਰ ਸਾਹਿਬ ਵਿਖੇ 18 ਅਪ੍ਰੈਲ ਨੂੰ ਗੁਰੂ ਅੰਗਦ ਦੇਵ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਕੀਤਾ, ਅਨਾਊਂਸਮੈਂਟ ਕੀਤੀ। ਪਰ ਮੈਂ ਇਹ ਗੱਲ ਬੜੇ ਫਖਰ ਨਾਲ ਕਹਿ ਸਕਦਾ ਹਾਂ ਕਿ ਕਾਂਗਰਸ ਪਾਰਟੀ ਦੀਆਂ ਜਿੰਨੀਆਂ ਵੀ ਸਰਕਾਰਾਂ ਆਈਆਂ ਹਨ, ਚਾਹੇ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਸੀ, ਚਾਹੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਸੀ, ਚਾਹੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸੀ ਅਤੇ ਚਾਹੇ ਅੱਜ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਹੈ, ਸਾਡੀ ਕਰਨੀ ਅਤੇ ਕਥਨੀ ਵਿੱਚ ਕਦੇ ਕੋਈ ਫਰਕ ਨਹੀਂ ਹੁੰਦਾ। ਇਸ ਗੱਲ ਨੂੰ ਸਾਰਾ ਜਹਾਨ ਜਾਣਦਾ ਹੈ। ਇਹ ਜਿਹੜੇ ਮੇਰੇ ਬੜੇ ਹੀ ਮਾਨਯੋਗ ਸਾਥੀ, ਮੇਰੇ ਸਾਹਮਣੇ ਬੈਠੇ ਵੀਰ ਹਨ, ਇਹ ਕਹਿੰਦੇ ਕੁਝ ਹੁੰਦੇ ਹਨ ਅਤੇ ਕਰਦੇ ਕੁਝ ਹੋਰ ਹਨ। ਮੈਂ ਥੋੜੀ ਦੇਰ ਬਾਅਦ ਉਸ ਪੁਆਇੰਟ ਤੇ ਆਵਾਂਗਾ, ਮੇਰੇ ਸਾਹਮਣੇ ਬੈਠੇ ਵੀਰ ਕਲੇਮ ਕਰਦੇ ਹਨ ਕਿ ਪੰਥ ਦੇ ਠੇਕੇਦਾਰ ਅਸੀਂ ਹਾਂ। ਮੈਂ ਤੁਹਾਡੇ

ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਗਿਆ ਤਾਂ ਉਹ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਬਣਾਇਆ, ਜੇ ਫਤਹਿਗੜ੍ਹ ਸਾਹਿਬ ਨੂੰ ਜ਼ਿਲ੍ਹਾ ਬਣਾਇਆ ਤਾਂ ਉਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਬਣਾਇਆ ਸਾਡੀ ਸਰਕਾਰ ਨੇ 40 ਮੁਕਤਿਆਂ ਨੂੰ ਸ਼ਰਧਾਂਜਲੀ ਦਿੱਤੀ,......

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਕੀ ਮੰਤਰੀ ਜੀ ਬਿਲ ਤੇ ਬੋਲ ਰਹੇ ਹਨ ?

**ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਅਤੇ ਸੈਰ ਸਪਾਟਾ ਮੰਤਰੀ** : ਅੱਜ ਜੇਕਰ ਗੁਰੂ ਸ਼ਤਾਬਦੀਆਂ ਮਨਾਈਆਂ ਹਨ, ਚਮਕੌਰ ਸਾਹਿਬ ਨੂੰ ਸਬ ਡਵੀਜ਼ਨ ਬਣਾਉਣ ਦੀ ਗੱਲ ਕੀਤੀ ਹੈ ਤਾਂ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੋ ਮੇਰੇ ਸਾਹਮਣੇ ਬੈਠੇ ਸਾਥੀ ਹਨ ਉਨ੍ਹਾਂ ਦੇ ਡਬਲ ਸਟੈਂਡਰਡ ਹਨ। ਮੇਰੇ ਤੋਂ ਪਹਿਲਾਂ ਜਿਹੜੇ 1988 ਬਾਰੇ ਬੋਲੇ ਹਨ ਉਹ ਕਹਿੰਦੇ ਹਨ ਤਾਂ ਮੇਰੇ ਚੈਂਬਰ ਵਿੱਚ ਆ ਜਾਣ। ਮੈਂ ਫਾਇਲ ਦਿਖਾ ਦਿਆਂਗਾ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 1988 ਵਿੱਚ ਪਰਪੋਜ਼ਲ ਬਣਾਉਣ ਦੀ ਮੂਵ ਰੱਖੀ ਲੇਕਿਨ ਇਹ ਸ਼ਾਇਦ ਕਿਸੇ ਕੰਮ ਪ੍ਰਤੀ ਗੰਭੀਰ ਨਹੀਂ ਹੁੰਦੇ ਜਾਂ ਇਲੈਕਸ਼ਨ ਆ ਗਈ ਜਾਂ ਫੰਡਜ਼ ਨਹੀਂ ਸਨ, ਕਈ ਤਰ੍ਹਾਂ ਦੀਆਂ ਗੱਲਾਂ ਹੋ ਗਈਆਂ (ਵਿਘਨ)...ਕੁਝ ਆਵਾਜ਼ਾਂ ਉਸ ਵੇਲੇ ਕਿਹੜੀ ਸਰਕਾਰ ਸੀ ?...ਕਿਹੜੀਆਂ ਚੋਣਾਂ ਸਨ .....(ਵਿਘਨ)

**MR. DEPUTY SPEAKER** : Please take your seat.

**ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਅਤੇ ਸੈਰ ਸਪਾਟਾ ਮੰਤਰੀ** : ਮੈਂ 1998 ਕਹਿ ਦਿੰਦਾ ਹਾਂ, ਕੁਰੈਕਟ ਕਰ ਦਿੰਦਾ ਹਾਂ। **I am sorry.** ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਸਮੇਂ ਦੀ ਪੁਕਾਰ ਦੇ ਮੁਤਾਬਿਕ ਇਸ ਯੂਨੀਵਰਸਿਟੀ ਦੀ ਜੋ ਹੋਂਦ ਹੋਣ ਜਾ ਰਹੀ ਹੈ; ਇਹ ਬ੍ਰੇਨ ਚਾਈਲਡ ਹੈ ਕੈਪਟਨ ਅਮਰਿੰਦਰ ਸਿੰਘ ਜੀ ਦਾ ਕਿਉਂਕਿ ਮੈਂ ਮਹਿਸੂਸ ਕਰਦਾ ਹਾਂ, ਦੇਖਦਾ ਹਾਂ ਕਿ ਮੀਟਿੰਗਾਂ ਦੇ ਵਿੱਚ ਚਾਹੇ ਇਕ ਚੰਗੇ ਐਨੀਮਲ ਸਾਇੰਸ ਦੇ ਪ੍ਰੋਫੈਸਰ ਹੋਣ, ਡਾਕਟਰ ਹੋਣ ਜਾਂ ਕੋਈ ਹੋਰ ਉਘਾ ਸਾਇੰਸਦਾਨ ਹੋਵੇ ਕੈਪਟਨ ਸਾਹਿਬ ਦੀ ਨਾਲਿਜ ਇਸ ਸਬਜੈਕਟ ਤੇ ਕਾਫੀ ਹਨ। ਉਹ ਹਮੇਸ਼ਾ ਪਾਰਟੀਸਿਪੇਟ ਕਰਦੇ ਹਨ, ਅੱਛੀ ਬਰੀਡ ਦੀ ਗੱਲ ਕਰਦੇ ਹਨ, ਐਮਬ੍ਰੀਓ ਟਰਾਂਸਪਲਾਂਟ ਦੀ ਗੱਲ ਕਰਦੇ ਹਨ, ਉਹ ਸਾਰਾ ਕੁਝ ਘੋਖ ਕੇ, ਨਾਪ ਕੇ ਪਾਕਿਸਤਾਨ ਵੀ ਜਾ ਕੇ ਦੇਖ ਕੇ ਆਏ ਹਨ ਸਾਡੇ ਨਾਲ ਦੇ ਦੇਸ਼ ਵਿੱਚ, ਉਨ੍ਹਾਂ ਨੇ ਵੀ ਐਨੀਮਲ ਹਸਬੈਂਡਰੀ ਵਿੱਚ ਕਾਫੀ ਤਰੱਕੀ ਕੀਤੀ ਹੈ। ਮੈਂ ਪੰਜਾਬ ਦੇ ਕਿਸਾਨ ਨੂੰ ਮੁਬਾਰਿਕਬਾਦ ਪੇਸ਼ ਕਰਦਾ ਹਾਂ, ਮੈਂ ਖੇਤੀਬਾੜੀ ਮੰਤਰੀ ਨੂੰ ਕੰਪਲੀਮੈਂਟ ਕਰਦਾ ਹਾਂ ਜਿਸ ਨੇ ਗ੍ਰੀਨ ਰੈਵੋਲਿਊਸ਼ਨ ਲਿਆ ਕੇ ਦੇਸ਼ ਨੂੰ ਅਨਾਜ ਦੇ ਖੇਤਰ ਵਿੱਚ ਸਵੈ ਨਿਰਭਰ ਬਣਾਇਆ ਅਤੇ ਜੋ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ ਸਲੋਗਨ ਸੀ ਉਸ ਨੂੰ ਕਾਮਯਾਬ ਕੀਤਾ। ਅੱਜ ਮੌਕਾ ਆ ਗਿਆ ਹੈ ਸਾਡੇ ਪੰਜਾਬ ਦੀ 80% ਆਬਾਦੀ ਪੰਜਾਬ ਵਿੱਚ ਖੇਤੀਬਾੜੀ ਨਾਲ ਜੁੜੀ ਹੋਈ ਹੈ। ਸਾਡੀ 17% ਪੰਜਾਬ ਦੀ ਇਕਾਨਮੀ ਨੂੰ ਲਾਈਵ ਸਟਾਕ ਕੰਟ੍ਰੀਬਿਊਟ ਕਰਦੀ ਹੈ। ਅੱਜ ਲੋੜ ਹੈ, ਸਾਨੂੰ ਇਸ ਨੂੰ

[ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਅਤੇ ਸੈਰ ਸਪਾਟਾ ਮੰਤਰੀ]

ਉੱਨਤ ਕਰਨ ਵਾਸਤੇ ਉਪਰਾਲਾ ਕਰਨਾ ਪੈਣਾ ਹੈ ਔਰ ਉਹ ਅਸੀਂ ਕਰ ਰਹੇ ਹਾਂ। ਅੱਜ ਜੋ ਬੂਟਾ ਲੱਗ ਰਿਹਾ ਹੈ, ਮੈਂ ਹਾਊਸ ਨੂੰ ਗੁਜ਼ਾਰਿਸ਼ ਕਰਾਂਗਾ ਕਿ ਅਸੀਂ ਸਰਬਸੰਮਤੀ ਨਾਲ ਇਸ ਬਿਲ ਨੂੰ ਪਾਸ ਕਰੀਏ ਅਤੇ ਗੁਰੂ ਸਾਹਿਬ ਦੇ ਨਾਂ ਤੇ ਇਹ ਵਰਲਡ ਕਲਾਸ ਯੂਨੀਵਰਸਿਟੀ ਬਣਾਈਏ। ਜਿੱਥੋਂ ਤੱਕ ਸਵਾਲ ਹੈ ਕੈਂਪਸ ਦਾ, ਟੈਂਪ੍ਰੇਰੀ ਤੌਰ ਤੇ ਅਸੀਂ ਸਰਕਾਰ ਦੀ ਮਾਲੀ ਹਾਲਤ ਦੇਖਦੇ ਹੋਏ ਸੋਚ ਵਿਚਾਰ ਕੇ ਪੀ.ਏ.ਯੂ. ਦੇ ਨਾਲ ਐਡਜੋਆਨਿੰਗ ਬਿਲਡਿੰਗ ਹੈ 7 ਏਕੜ ਦੀ ਸਾਰੀ ਬਿਲਡਿੰਗ ਹੈ, ਪਰਸੋਂ ਮੈਂ ਉਥੇ ਸਰਵੇ ਕਰਕੇ ਆਇਆ ਹਾਂ, ਉਥੇ ਇਹ ਯੂਨੀਵਰਸਿਟੀ ਖੋਲ੍ਹ ਰਹੇ ਹਾਂ। ਅਲਟੀਮੇਟਲੀ ਢੁਕਵੀਂ ਜਗ੍ਹਾ ਤੇ ਇਹ ਬਣਾਈ ਜਾਵੇਗੀ। ਪੀ. ਏ. ਯੂ. ਦੇ ਨਾਲ ਇਸ ਦੀ ਕੋਈ ਇੰਟਰਫੀਅਰੈਂਸ ਨਹੀਂ ਹੋਵੇਗੀ। ਪਿੱਛੇ ਜਿਹੇ ਭਾਰਤ ਸਰਕਾਰ ਨੇ ਵੀ ਇਸ ਦੇ ਬਾਰੇ ਹਦਾਇਤਾਂ ਦਿੱਤੀਆਂ ਹਨ ਕਿ ਹਰ ਸੂਬਾ ਆਪਣੇ ਖੇਤਰ ਵਿਚ ਯੂਨਵਿਰਸਿਟੀ ਬਣਾ ਸਕਦਾ ਹੈ। ਮੈ, ਉਨ੍ਹਾਂ ਦੀਆਂ ਹਦਾਇਤਾਂ ਪੜ੍ਹ ਵੀ ਦਿੰਦਾ ਹਾਂ।

"Government of India

Ministry of Agriculture

Department of Animal Husbandry & Dairying.

Dated the 6th August, 1999,

Krishi Bhawan, Delhi.

To

The Secretary, Animal Husbandry Department,

(All the States/UTs)

Sir,

Sub : Recommendations of the Parliamentary Standing Committee on Agriculture—University of Animal Sciences-regarding.

I would like to bring to your kind notice that while the Demand for Grants for the year 1999-2000 of this Department was being scrutinized, the Parliamentary Standing Committee on Agriculture recommended that there should be a separate University for Animal Sciences in every State.

2. As Animal Husbandry is a State subject, I request you to give due attention to the recommendation of the Standing Committee and take appropriate action on the subject."

ਡਿਪਟੀ ਸਪੀਕਰ ਸਾਹਿਬ, ਇਸ ਨੂੰ ਦੇਖ ਕੇ ਪੰਜ ਹੋਰ ਸੂਬਿਆਂ ਨੇ ਇਸ ਤਰ੍ਹਾਂ ਦੀਆਂ ਯੂਨੀਵਰਸਿਟੀਆਂ ਬਣਾ ਲਈਆਂ ਹਨ । ਪੂਰੇ ਨਾਰਦਰਨ ਇੰਡੀਆਂ ਵਿਚ ਸਾਡੇ ਸੂਬੇ ਨੇ ਲੀਡ ਲਈ ਹੈ ਅਤੇ ਇਹ ਯੂਨੀਵਰਸਿਟੀ ਬਣ ਰਹੀ ਹੈ । ਜਿਹੜੇ ਹੋਰ ਸੂਬਿਆਂ ਵਿਚ ਇਹ ਯੂਨੀਵਰਸਿਟੀਆਂ ਬਣੀਆਂ ਹਨ, ਉਨ੍ਹਾਂ ਵਿਚ Tamilnadu Veterinary and Animal Sciences University, Chennai (TANUVAS); West Bengal University of Animal and Fisheries Sciences, Kolkata, Maharashtra University of Animal Sciences, Nagpur, The Karnataka Veterinary, Animal and Fisheries Sciences, Bangalore & Din Dayal Upadhayaya University of Veterinary Sciences, Mathura is in pipe-line. ਜੇਕਰ ਇਸ ਦੇ ਮੈਂ ਆਬਜੈਕਟ ਅਤੇ ਰੀਜ਼ਨਜ਼ ਪੜ੍ਹਨ ਲਗ ਜਾਵਾਂ ਤਾਂ ਕਾਫੀ ਸਮਾਂ ਲਗ ਜਾਵੇਗਾ । ਜੋ ਮੇਰੇ ਸਾਥੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਖਦਸ਼ਾ ਜਾਹਿਰ ਕੀਤਾ ਹੈ, ਉਸ ਦਾ ਮੈਂ ਜਵਾਬ ਦੇ ਚੁੱਕਾ ਹਾਂ । ਸਾਡੇ ਮਾਨਯੋਗ ਵਿੱਤ ਮੰਤਰੀ ਜੀ ਨੇ ਮੈਨੂੰ ਹੁਣੇ ਹੁਣੇ ਖੁਸ਼ਖਬਰੀ ਦੱਸੀ ਹੈ ਕਿ ਸਟੇਟ ਦਾ ਕਿਸਾਨ ਜੋ ਆਪਣੀ ਕੰਟਰੀਬਿਊਸ਼ਨ ਇਸ ਵਿਚ ਪਾ ਰਿਹਾ ਹੈ ਉਸ ਨੂੰ ਦੇਖਦੇ ਹੋਏ ਉਹ ਇਸ ਯੂਨੀਵਰਸਿਟੀ ਵਾਸਤੇ 20 ਕਰੋੜ ਰੁਪਏ ਦੇਣਗੇ । (ਥੰਪਿੰਗ) ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਾਰੇ ਹਾਊਸ ਨੂੰ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ । ਇਹ ਯੂਨੀਵਰਸਿਟੀ ਕਿਸਾਨਾਂ ਵਾਸਤੇ ਇਕ ਮਾਈਲ-ਸਟੋਨ ਹੋਵੇਗੀ ਅਤੇ ਲਾਹੇਵੰਦ ਸਾਬਤ ਹੋਵੇਗੀ ।

**MR. DEPUTY SPEAKER** : Question is-

That the Guru Angad Dev Veterinary and Animal Sciences University Bill be taken into cosideration at once.

*The motion was carried.*

**MR. DEPUTY SPEAKER** : Now, the House will proceed to consider the Bill Clause by Clause.

**Sub-Clause (2) of Clause 1**

**MR. DEPUTY SPEAKER** : Question is-

That Sub-Clause (2) of Clause 1 stand part of the Bill.

*The motion was carried.*

**CLAUSES 2 TO 49**

**MR. DEPUTY SPEAKER** : As there is no amendment to

[Mr. Deputy Speaker]

Clauses 2 to 49, if the House agrees, these Clauses be put to the vote of the House together.

(Voices : Yes, Yes)

**MR. DEPUTY SPEAKER** : Question is-

That Clauses 2 to 49 stand part of the Bill.

*The motion was carried.*

**Sub-Clause (1) of Clause 1**

**MR. DEPUTY SPEAKER** : Question is-

That Sub-Clause (1) of Clause 1 stand part of the Bill.

*The motion was carried.*

**TITLE**

**MR. DEPUTY SPEAKER** : Question is-

That Title be the Tittle of the Bill.

*The motion was carried.*

**MR. DEPUTY SPEAKER** : Minister to move that the Bill be passed.

**Minister for Animal Husbandry, Dairy Development, Fisheries and Tourism (Sardar Jagmohan Singh Kang)** : Sir, I beg to move-

That the Guru Angad Dev Veterinary and Animal Sciences University Bill be passed.

**MR. DEPUTY SPEAKER** : Motion moved-

That the Guru Angad Dev Veterinary and Animal Sciences University Bill be passed.

**MR. DEPUTY SPEAKER** : Question is-

That the Guru Angad Dev Veterinary and Animal Sciences University Bill be passed.

*The motion was carried unanimously.*

---

## THE HARYANA AND PUNJAB AGRICULTURAL UNIVERSITIES (PUNJAB AMENDMENT) BILL, 2005.

**Minister for Local Government, Parliamentary Affairs, Labour & Employment and Elections (Chaudhary Jagjit Singh)** : Sir, I beg to introduce the Haryana and Punjab Agricultural Universities (Punjab Amendment) Bill.

Sir, I also beg to move-

> That the Haryana and Punjab Agricultural Universities (Punjab Amendment) Bill be taken into consideration at once.

**MR. DEPUTY SPEAKER** : Motion moved-

> That the Haryana and Punjab Agricultural Universities (Punjab Amendment) Bill be taken into consideration at once.

**ਸਰਦਾਰ ਮਨਪ੍ਰੀਤ ਸਿੰਘ ਬਾਦਲ** : Sir, ਇਕ ਕਲੇਰੀਫਿਕੇਸ਼ਨ ਮੈਂ ਮੰਤਰੀ ਜੀ ਤੋਂ ਤੁਹਾਡੀ ਮਾਰਫਤ ਲੈਣੀ ਚਾਹਾਂਗਾ ਕਿ ਪਿਛਲੇ 8-9 ਸਾਲਾਂ ਵਿੱਚ ਇਸ ਦਾ ਟਾਈਟਲ ਹਰਿਆਣਾ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀਜ਼ ਕਿਉਂ ਪਾਇਆ ਗਿਆ ਹੈ ਅਤੇ ਇਸਦੇ ਵਿੱਚ ਜਿਹੜਾ ਪੂਰਾ ਐਕਟ ਹੈ ਉਸਦੇ ਵਿੱਚ ਇਕ ਰੈਫਰ ਕੀਤਾ Amendment to the Principal Act. Is that Principal Act, the Act of Parliament or the Act of Punjab Government ? ਇਹ ਦੋ ਕਲੇਰੀਫਿਕੇਸ਼ਨਜ਼ ਚਾਹੀਦੀਆਂ ਸਨ ।

**MR. DEPUTY SPEAKER** : Nothing to worry. It is a combined Act already coming for the last many years and will continue.

**ਸਥਾਨਕ ਸਰਕਾਰ, ਸੰਸਦੀ ਮਾਮਲੇ ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ)** : ਮਾਨਯੋਗ ਡਿਪਟੀ ਸਪੀਕਰ ਸਾਹਿਬ ਨੇ ਦੱਸ ਹੀ ਦਿਤਾ ਹੈ । ਉਹ ਠੀਕ ਹੈ ।

**MR. DEPUTY SPEAKER** : Chaudhary Sahib, please take your seat.

**MR. DEPUTY SPEAKER** : Question is-

> That the Haryana and Punjab Agricultural Universities (Punjab Amendment) Bill be taken into consideration at once.

*The motion was carried.*

**MR. DEPUTY SPEAKER** : Now, the House will proceed to cosnsider the Bill Clause by Clause.

**Sub-Clause (2) of Clause 1**

**MR. DEPUTY SPEAKER** : Question is-

> That Sub-Clause (2) of Clause 1 stand part of the Bill.

*The motion was carried.*

**Clauses 2 to 6**

**MR. DEPUTY SPEAKER** : As there is no amendment to Clauses 2 to 6, if the House agrees, these Clauses be put together to the vote of the House.

(Voices : Yes, Yes)

**MR. DEPUTY SPEAKER** : Question is-

> That Clauses 2 to 6 stand part of the Bill.

*The motion was carried.*

**Sub-Clause (1) of Clause 1**

**MR. DEPUTY SPEAKER** : Question is-

> That Sub-Clause (1) of Clause 1 stand part of the Bill,

*The motion was carried.*

**Title**

**MR. DEPUTY SPEAKER** : Question is-

That Title be the Title of the Bill.

*The motion was carried.*

**MR. DEPUTY SPEAKER** : Minister to move that the Bill be passed.

**Sardar Manpreet Singh Badal** : Deputy Speaker Sahib, the Bill under consideration is an amendment to the Act of Parliament. Punjab Vidhan Sabha has no right to legislate or amend it. But you are going to pass it. Pass it, if you want.

**Minister for Local Government, Parliamentary Affairs, Labour & Employment and Elections (Chaudhary Jagjit Singh)** : Sir, I beg to move-

That the Haryana and Punjab Agricultural Universities (Punjab Amendment) Bill be passed.

**MR. DEPUTY SPEAKER** : Motion moved-

That the Haryana and Punjab Agricultural Universities (Punjab Amendment) Bill be passed.

**MR. DEPUTY SPEAKER** : Question is-

That the Haryana and Punjab Agricultural Universities (Punjab Amendment) Bill be passed.

*The motion was carried uanimously.*

———

THE PUNJAB AGRICULTURAL PRODUCE MARKETS (THIRD AMENDMENT) BILL, 2005.

**Minister for Local Government, Parliamentary Affairs, Labour & Employment and Elections (Chaudhary Jagjit Singh) :** Sir, I beg to introduce the Punjab Agricultural Produce Markets (Third Amendment) Bill.

Sir, I also beg to move-

That the Punjab Agricultural Produce Markets (Third Amendment) Bill be taken into consideration at once.

**MR. DEPUTY SPEAKER** : Motion moved-

That the Punjab Agricultural Produce Markets (Third Amendment) Bill be taken into consideration at once.

**MR. DEPUTY SPEAKER** : Discussion, if any.

(At this stage, no Hon'ble Member rose to speak).

**MR. DEPUTY SPEAKER** : Question is-

That the Punjab Agricultural Produce Markets (Third Amendment) Bill be taken into consideration at once.

*The motion was carried.*

**MR. DEPUTY SPEAKER** : Now the House will proceed to consider the Bill Clause-by-Clause.

**Sub-Clause (2) of Clause 1**

**MR. DEPUTY SPEAKER** : Question is-

That Sub-Clause (2) of Clause 1 stand part of the Bill.

*The motion was carried.*

**Clause 2**

**MR. DEPUTY SPEAKER** : Question is-

That Clause 2 stand part of the Bill.

*The motion was carried.*

**Sub-Clause (1) of Clause 1**

**MR. DEPUTY SPEAKER** : Question is-

That Sub-Clause (1) of Clause 1 stand part of the Bill.

*The motion was carried.*

**Title**

**MR. DEPUTY SPEAKER** : Question is-

That Title be the Title of the Bill.

*The motion was carried.*

**MR. DEPUTY SPEAKER** : Minister to move that the Bill be passed.

**Minister for Local Government, Parliamentary Affairs, Labour and Employment and Elections (Chaudhary Jagjit Singh)** : Sir, I beg to move-

That the Punjab Agricultural Produce Markets (Third Amendment) Bill be passed.

**MR. DEPUTY SPEAKER** : Motion moved-

That Punjab Agricultural Produce Markets (Third Amendment) Bill be passed.

**MR. DEPUTY SPEAKER** : Question is-

